# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

6

ਵਣਜਾਰਾ ਬੇਦੀ

# ਪੰਜਾਬੀ ਲੋਕਧਾਰਾ ਵਿਸ਼ਵਕੋਸ਼

**ਏਸੇ ਕਲਮ ਤੋਂ :**

- ਲੋਕਧਾਰਾ ਵਿਸ਼ਵਕੋਸ਼ (ਅੱਠ ਜਿਲਦਾਂ—ਸੰਪੂਰਨ ਸੈੱਟ)
- ਪੰਜਾਬ ਦੀਆਂ ਲੋਕ ਕਹਾਣੀਆਂ
- ਲੋਕ ਧਰਮ
- ਬਾਤਾਂ ਮੁੱਢ ਕਦੀਮ ਦੀਆਂ (ਸੰਪੂਰਨ)
- ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ-ਰੂੜੀਆਂ
- ਪੰਜਾਬ ਦੀਆਂ ਜਨੌਰ ਕਹਾਣੀਆਂ

# ਪੰਜਾਬੀ ਲੋਕਧਾਰਾ ਵਿਸ਼ਵਕੋਸ਼

ਜਿਲਦ ਛੇਵੀਂ

('ਚਸ਼ਮਾ' ਤੋਂ 'ਨੌਲਖਾ ਹਾਰ' ਤਕ)

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਐੱਮ.ਏ., ਪੀਐੱਚ.ਡੀ.

ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110006

## ਪਾਠਕ ਤੇ ਪੁਸਤਕ ਵਿਕ੍ਰੇਤਾ ਲਈ ਜ਼ਰੂਰੀ ਜਾਣਕਾਰੀ

ਪਹਿਲੇ ਤੇ ਦੂਜੇ ਭਾਗ ਦੀ ਦੂਜੀ ਛਾਪ (2001) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 560 ਤੋਂ ਘਟ ਕੇ 308 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਪਾਠਕਾਂ ਲਈ ਪੰਨਾ 308 ਤੋਂ 560 ਪੰਨਾ ਤੀਕ ਦਾ ਮੈਟਰ ਚਲਦਾ ਹੈ।

ਤੀਜੇ ਭਾਗ ਦੀ ਦੂਜੀ ਛਾਪ (2002) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 808 ਤੋਂ ਘਟ ਕੇ 480 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਚੌਥੇ ਭਾਗ ਦੀ ਦੂਜੀ ਛਾਪ (2004) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 1048 ਤੋਂ ਘਟ ਕੇ 580 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਭਾਗ ਪੰਜਵਾਂ ਪੰਨਾ ਨੰ. 581 ਤੋਂ 824 ਤੇ ਖਤਮ ਹੈ। ਛੇਵਾਂ ਭਾਗ 825 ਤੋਂ ਸ਼ੁਰੂ ਹੁੰਦਾ ਹੈ, ਪਰ ਅੱਖਰ ਕ੍ਰਮ ਠੀਕ ਚਲ ਰਿਹਾ ਹੈ। ਪਾਠਕ ਨੋਟ ਕਰ ਲੈਣ। ਅਗੇ ਆਉਣ ਵਾਲੇ ਐਡੀਸ਼ਨ ਵਿਚ ਪੰਨਿਆਂ ਦੀ ਸੁਧਾਈ ਹੋ ਜਾਵੇਗੀ।

ਪੂਰੇ ਸੈਟ ਦੀ ਕੀਮਤ ਵਿਚ ਕੋਈ ਵਾਧਾ ਨਾ ਹੋਵੇ ਇਸ ਲਈ ਹੀ ਇਸ ਤਰ੍ਹਾਂ ਕੀਤਾ ਗਿਆ ਹੈ।

© ਡਾ. ਸੋਹਿੰਦਰ ਸਿੰਘ ਬੇਦੀ/ਕੁੰਦਨ ਕੌਰ ਬੇਦੀ, ਨਵੀਂ ਦਿੱਲੀ

ਐਡੀਸ਼ਨ : 1992, 2010 2018

ਮੁੱਲ : 450.00

ISBN 81-7116-114-4 (Set)
ISBN 81-7116-128-6

ਪ੍ਰਕਾਸ਼ਕ
**ਨੈਸ਼ਨਲ ਬੁਕ ਸ਼ਾਪ**
ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006

ਛਾਪਕ :
**ਐੱਚ.ਐੱਸ. ਆਫ਼ਸੈੱਟ ਪ੍ਰਿੰਟਰਜ਼**
ਦਰਿਆ ਗੰਜ, ਨਵੀਂ ਦਿੱਲੀ-110002

---

**Panjabi Lokedhara Vishav Kosh, Vol. 6**
*By*
**Dr. Sohinder Singh Wanjara Bedi**
(Panjabi Folklore Encyclopaedia, Vol.5)
J-11/80, Rajouri Garden, New Delhi-110027

*Published by*
**National Book Shop**
Pleasure Garden Market, Chandni Chowk, Delhi-110006
Ph. : 23264342

# ਪੰਜਾਬੀ ਲੋਕਧਾਰਾ ਵਿਸ਼ਵ ਕੋਸ਼

## ਜਿਲਦ 6

## ਚ

### (ਚ-1) ਚਸ਼ਮਾ :

ਪੰਜਾਬ ਵਿਚ ਕਈ ਚਸ਼ਮੇ ਅਜਿਹੇ ਮਿਲਦੇ ਹਨ, ਜੋ ਕਿਸੇ ਵਲੀ, ਪੀਰ, ਸੰਤ ਜਾਂ ਗੁਰੂ ਮਹਾਰਾਜ ਦੇ ਚਮਤਕਾਰ ਕਰਕੇ ਹੋਂਦ ਵਿਚ ਆਏ ਮੰਨੇ ਜਾਂਦੇ ਹਨ। ਧਾਰਨਾ ਹੈ ਕਿ ਕਰਨੀ ਵਾਲੇ ਵਿਅਕਤੀ, ਧਰਤੀ ਵਿਚ ਕੋਈ ਡੰਡਾ, ਨੇਜ਼ਾ ਜਾਂ ਪੱਥਰ ਮਾਰ ਕੇ ਪਾਣੀ ਕਢ ਲੈਂਦੇ ਹਨ। ਅਜਿਹੇ ਚਸ਼ਮੇ ਤੀਰਥਾਂ/ਗੁਰਧਾਮਾਂ ਵਾਂਗ ਹੀ ਪੂਜੇ ਜਾਂਦੇ ਹਨ।

ਸਖੀ ਸਰਵਰ ਨਾਲ ਸਬੰਧਿਤ ਇਕ ਚਸ਼ਮਾ ਧੌਂਕਲ (ਵਜ਼ੀਰਾਬਾਦ) ਵਿਚ ਹੈ, ਜਿਸ ਬਾਰੇ ਰਵਾਇਤ ਹੈ ਕਿ ਸਖੀ ਸਰਵਰ ਨੂੰ ਧੌਂਕਲ ਵਿਚੋਂ ਲੰਘਦਿਆਂ ਸਖਤ ਪਿਆਸ ਲਗੀ ਅਤੇ ਉਨ੍ਹਾਂ ਨੇ ਆਪਣਾ ਡੰਡਾ ਧਰਤੀ ਵਿਚ ਖੋਭਿਆ। ਉਥੋਂ ਪਾਣੀ ਦੀ ਧਾਰ ਫੁਟ ਨਿਕਲੀ, ਜੋ ਹੁਣ ਤਕ ਨਿਰੰਤਰ ਵਗ ਰਹੀ ਹੈ। ਇਹ ਪਾਣੀ ਬੜਾ ਨਰੋਆ ਤੇ ਚਮਤਕਾਰੀ ਦਸਿਆ ਗਿਆ ਹੈ ਤੇ ਇਸ ਦੇ ਛੱਟਿਆਂ ਨਾਲ ਕੋਹੜੀਆਂ ਦੇ ਕੋਹੜ ਦੂਰ ਹੋ ਜਾਂਦੇ ਹਨ। ਇਸ ਚਸ਼ਮੇ ਉਤੇ ਹਾੜ ਦੇ ਮਹੀਨੇ ਸਰਵਰੀਆਂ ਦਾ ਇਕ ਭਾਰੀ ਮੇਲਾ ਲਗਦਾ ਹੈ।

ਰੋਹਤਾਸ (ਜ਼ਿਲਾ ਜਿਹਲਮ, ਪਾਕਿਸਤਾਨੀ ਪੰਜਾਬ) ਵਿਚ ਪਹਾੜੀ ਦੇ ਹੇਠ ਇਕ ਗੁਰਦਵਾਰਾ ਚੋਹਾ ਸਾਹਿਬ ਹੈ। ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਕ ਸਿੱਖ ਦੀ ਪਿਆਸ ਬੁਝਾਣ ਲਈ, ਪੱਥਰ ਚੁਕ ਕੇ ਜਲ ਦਾ ਪ੍ਰਵਾਹ ਜਾਰੀ ਕੀਤਾ। ਇਲਾਕੇ ਦੇ ਲੋਕ ਇਸ ਚਸ਼ਮੇ ਦੇ ਪਾਣੀ ਨੂੰ, ਅੰਮ੍ਰਿਤ ਦੇ ਤੁਲ ਸਮਝਦੇ ਹਨ। ਧਾਰਨਾ ਹੈ ਕਿ ਇਸ ਦੇ ਪੀਣ ਨਾਲ ਕਈ ਰੋਗ ਦੂਰ ਹੋ ਜਾਂਦੇ ਹਨ। ਦੇਸ਼ ਵੰਡ ਤੋਂ ਪਹਿਲਾਂ ਇਥੇ ਕੱਤਕ ਦੀ ਪੂਰਨਮਾਸ਼ੀ ਨੂੰ ਭਾਰੀ ਮੇਲਾ ਲਗਿਆ ਕਰਦਾ ਸੀ।

ਖੈਰਾਮੂਰਤੀ ਵਿਚ ਇਕ ਚਸ਼ਮਾ ਹੈ, ਜਿਸ ਦਾ ਸਬੰਧ ਰਾਜੇ ਰਸਾਲੂ ਨਾਲ ਜੋੜਿਆ ਜਾਂਦਾ ਹੈ। ਰਵਾਇਤ ਹੈ ਕਿ ਰਾਜਾ ਰਸਾਲੂ, ਢਲਦੀ ਜਵਾਨੀ ਦੇ ਦਿਨੀਂ, ਇਸ ਚਸ਼ਮੇ ਦੇ ਮੁੱਢ ਬਹਿ ਕੇ, ਤੱਪ ਕੀਤਾ ਕਰਦਾ ਸੀ। ਪਹਿਲਾਂ ਇਥੇ ਦੂਰ ਦੂਰ ਤਕ ਪਾਣੀ ਨਹੀਂ ਸੀ ਮਿਲਦਾ। ਪਰ ਰਾਜੇ ਰਸਾਲੂ ਦੇ ਲੰਮੇ ਤਪ ਸਦਕਾ, ਅੱਟਕ ਦਰਿਆ ਦਾ ਪਾਣੀ, ਅੰਦਰੋਂ ਅੰਦਰੀਂ ਵਹਿੰਦੀ ਕਿਸੇ ਗੁਪਤ ਰੌਅ ਨਾਲ ਇਥੋਂ ਆ ਫੁਟਿਆ। ਭਾਰਤੀ ਪੰਜਾਬ ਵਿਚ ਸ਼ਾਹਪੁਰ ਦੇ ਇਲਾਕੇ ਵਿਚ ਕਈ ਚਸ਼ਮੇ ਮਿਲਦੇ ਹਨ।

### (ਚ-2) ਚਸ਼ਮਾ ਬਾਬਾ ਸ੍ਰੀ ਚੰਦ :

ਇਹ ਚਸ਼ਮਾ ਪਠਾਨਕੋਟ ਤੋਂ ਤਿੰਨ ਕੁ ਮੀਲ ਦੂਰ ਮਮੂੰਨ ਪਿੰਡ ਦੇ ਨੇੜੇ ਹੈ। ਰਵਾਇਤ ਹੈ ਕਿ ਇਕ ਵਾਰ ਬਾਬਾ ਸ੍ਰੀ ਚੰਦ ਚੰਬੇ ਨੂੰ ਜਾਂਦੇ ਹੋਏ, ਪਠਾਨਕੋਟ ਤੋਂ ਤਿੰਨ ਮੀਲ ਅਗੇ ਵਲ ਮਮੂੰਨ ਨਾਉਂ ਦੇ ਪਿੰਡ ਵਿਚ ਠਹਿਰੇ। ਪਾਣੀ ਦੀ ਬੜੀ ਕਿੱਲਤ ਸੀ। ਇਕ ਖੂਹੀ ਉੱਚੀ ਪਹਾੜੀ ਉਤੇ ਸੀ, ਜਿਸ ਵਿਚੋਂ ਪਾਣੀ ਭਰਨ ਲਈ ਇਤਨੀ ਵਡੀ ਲੱਜ ਦੀ ਲੋੜ ਪੈਂਦੀ ਸੀ ਕਿ ਪਿੰਡ ਦੇ ਲੋਕ ਲੱਜ ਨੂੰ ਬਲਦ ਉਤੇ ਲਦ ਕੇ ਲਿਆਇਆ ਕਰਦੇ। ਜਦੋਂ ਬਾਬਾ ਜੀ ਪਿਪਲ ਹੇਠ ਆਰਾਮ ਕਰ ਰਹੇ ਸਨ ਤਾਂ ਕੁਝ ਤੀਵੀਆਂ ਪਾਣੀ ਦੇ ਘੜੇ ਚੁਕੀ ਉਥੇ ਆਈਆਂ। ਬਾਬਾ ਜੀ ਨੇ ਉਨ੍ਹਾਂ ਤੋਂ ਪੀਣ ਲਈ ਪਾਣੀ ਮੰਗਿਆ, ਪਰ ਤੀਵੀਆਂ ਨੇ ਅਗੋਂ ਗੱਲ ਗੌਖੀ ਹੀ ਨਾ। ਇਕ ਬਜ਼ੁਰਗ ਜੋ ਕੋਲੋਂ ਦੀ ਲੰਘ ਰਿਹਾ ਸੀ, ਨੇ ਬਾਬਾ ਜੀ ਨੂੰ ਦਸਿਆ ਕਿ ਇਸ ਇਲਾਕੇ ਵਿਚ ਪਾਣੀ ਤਾਂ ਨਿਆਮਤ ਏ। ਦੁੱਧ ਮੰਗੋ ਤਾਂ ਲੋਕੀਂ ਦੇ ਦੇਂਦੇ ਹਨ ਪਰ ਪਾਣੀ ਨਹੀਂ। ਸੋ, ਬਾਬਾ ਜੀ ਨੇ ਲੋਕਾਂ ਦਾ ਕਸ਼ਟ ਨਿਵਾਰਨ ਲਈ, ਸਤਿਨਾਮ ਦਾ ਉਚਾਰਨ ਕਰਦਿਆਂ, ਆਪਣਾ ਚਿਮਟਾ ਧਰਤੀ ਦੀ ਹਿਕ ਵਿਚ ਗੱਡ ਦਿਤਾ। ਉਥੋਂ ਪਾਣੀ ਬੁੰਬ ਦੇ ਕੇ ਫੁਟਣ ਲਗਾ। ਹੁਣ ਤਕ ਇਹ ਅਲੌਕਿਕ ਚਸ਼ਮਾ ਮੌਜੂਦ ਹੈ।

### (ਚ-3) ਚਹੁੰ-ਘੜੀਆ ਮਹੂਰਤ :

ਹਰ ਵਾਰ ਵਿਚ ਕੁਝ ਖਾਸ ਦਿਨ ਤੇ ਘੜੀਆਂ ਸ਼ੁਭ ਮੰਨੀਆਂ ਜਾਂਦੀਆਂ ਹਨ। ਧਾਰਨਾ ਅਨੁਸਾਰ ਇਨ੍ਹਾਂ ਘੜੀਆਂ ਵਿਚ ਸ਼ੁਰੂ ਕੀਤਾ ਕੰਮ ਸਫਲਤਾ ਨਾਲ ਸਿਰੇ ਚੜ੍ਹਦਾ ਹੈ।

ਮੁਸਲਮਾਨ ਇਨ੍ਹਾਂ ਸੁਭ ਘੜੀਆਂ ਨੂੰ 'ਜ਼ਕੀ' ਤੇ ਹਿੰਦੂ 'ਚਹੁੰ-ਘੜੀਆ' ਮਹੂਰਤ ਕਹਿੰਦੇ ਹਨ। ਮੁਸਲਮਾਨੀ ਧਾਰਨਾ ਅਨੁਸਾਰ ਸੁਭ ਘੜੀਆਂ ਇਹ ਹਨ :

ਜ਼ਕੀ ਐਤ, ਜੁਮਾ, ਖਮਿਸ (ਜੁਮੇਰਾਤ),
ਪਹਿਰ ਢਾਈਆਂ ਪਿਛੇ,
ਅੱਧੇ ਪਹਿਰ ਥੀਂ ਪਿਛੇ,
ਛਣਛਣ ਜੋ ਕੋਈ ਜ਼ਕੀ ਪੁਛੇ।
ਡੇਢ ਪਹਿਰ ਥੀਂ ਪਿਛੇ, ਜ਼ਕੀ ਮੰਗਲ, ਬੁੱਧ, ਸੋਮਵਾਰ।
ਅਵਲ ਸਾਰਾ, ਆਖਰ ਅੱਧਾ, ਜ਼ਕੀ ਹੈ ਬੁੱਧਵਾਰ।

ਭਾਵ, ਐਤਵਾਰ, ਵੀਰਵਾਰ ਤੇ ਸੁਕਰਵਾਰ ਨੂੰ ਸੂਰਜ ਚੜ੍ਹਨ ਮਗਰੋਂ ਦੋ ਢਾਈ ਪਹਿਰ ਸੁਭ ਹਨ; ਸਨਿਚਰਵਾਰ ਨੂੰ ਸੂਰਜ ਚੜ੍ਹਨ ਮਗਰੋਂ ਦਾ ਅੱਧਾ ਪਹਿਰ ਸੁਭ ਹੈ, ਮੰਗਲ ਤੇ ਸੋਮਵਾਰ ਨੂੰ, ਸੂਰਜ ਚੜ੍ਹਨ ਮਗਰੋਂ ਦੇ ਡੇਢ ਪਹਿਰ; ਬੁਧਵਾਰ ਨੂੰ ਪਹਿਲਾ ਸਾਰਾ ਪਹਿਰ ਤੇ ਅਖੀਰਲਾ ਅੱਧਾ ਪਹਿਰ ਸੁਭ ਹਨ ਅਤੇ ਬਾਕੀ ਸਭ ਪਹਿਰ ਅਸੁਭ। ਇਕ ਪਹਿਰ ਤਿੰਨ ਘੰਟਿਆਂ ਦਾ ਹੁੰਦਾ ਹੈ।

### (ਚ-4) **ਚਹੁੰ-ਧਾਮੀ** :

ਚਾਰ ਪ੍ਰਸਿੱਧ ਧਾਮ, ਜੋ ਭਾਰਤ ਦੇ ਚੁਹਾਂ ਦਿਸ਼ਾਂ ਵਲ ਹਨ : ਅਮਰਨਾਥ, ਜਗਨਨਾਥ, ਦਵਾਰਕਾ ਤੇ ਰਾਮੇਸ਼ਵਰਮ। ਜਿਸ ਜਗਿਆਸੂ ਨੇ, ਇਨ੍ਹਾਂ ਪ੍ਰਸਿਧ ਧਾਮਾਂ ਦੀ ਯਾਤ੍ਰਾ ਕੀਤੀ ਹੋਵੇ, ਉਹ ਚਹੁੰ-ਧਾਮੀ ਅਖਵਾਉਂਦਾ ਹੈ। ਹਿੰਦੂ ਧਾਰਨਾ ਅਨੁਸਾਰ ਇਨ੍ਹਾਂ ਚੌਹਾਂ ਧਾਮਾਂ ਦੀ ਯਾਤ੍ਰਾ ਕਰਨ ਵਾਲੇ ਨੂੰ ਚਹੁੰ ਵੇਦਾਂ ਦੇ ਪਾਠ ਦੇ ਬਰਾਬਰ ਦਾ ਫਲ ਮਿਲਦਾ ਹੈ। ਇਹ ਚਾਰੇ ਧਾਮ ਮੁਕਤੀ ਦੇ ਚਾਰ ਦਰ ਮੰਨੇ ਗਏ ਸਨ ਤੇ ਚਹੁੰ-ਧਾਮੀ ਦਾ ਦਰਜਾ ਚਤੁਰਵੇਦੀ ਦੇ ਬਰਾਬਰ ਸੀ।

### (ਚ-5) **ਚੱਕ** :

(1) ਘੁਮਿਆਰ ਦੇ ਚੱਕ ਨਾਲ ਕਈ ਤਰ੍ਹਾਂ ਦੀਆਂ ਰੀਤਾਂ, ਮਨੌਤਾਂ ਤੇ ਵਿਚਾਰ ਪ੍ਰਚਲਤ ਹਨ। ਧਾਰਨਾ ਹੈ ਕਿ ਵਿਸ਼ਵਕਰਮਾ ਨੇ, ਘੁਮਿਆਰ ਨੂੰ ਭਾਂਡੇ ਘੜਨ ਲਈ ਚੱਕ ਅਤੇ ਜੁਲਾਹੇ ਨੂੰ ਕਪੜੇ ਬੁਣਨ ਲਈ ਕਰਘਾ ਦਿਤਾ। ਚੱਕ ਤੋਂ ਸਭ ਤੋਂ ਪਹਿਲਾ ਭਾਂਡਾ, ਜੋ ਘੜਿਆ ਗਿਆ, ਉਹ ਛੋਟੇ ਆਕਾਰ ਦਾ ਕੁੰਭ ਸੀ, ਜਿਸ ਵਿਚ ਵਿਸ਼ਵਕਰਮਾ ਨੇ ਨਿਰਮਲ ਜਲ ਭਰ ਕੇ ਪੀਤਾ। ਕੁੰਭ (ਘੜੇ) ਨੂੰ ਇਸੇ ਲਈ ਸਭ ਭਾਂਡਿਆਂ ਤੋਂ ਪਵਿਤ੍ਰ ਮੰਨਿਆ ਗਿਆ ਹੈ ਅਤੇ ਸੰਸਕਾਰਾਂ ਤੇ ਰੀਤਾਂ ਵੇਲੇ, ਕੁੰਭ ਵਿਚ ਜਲ ਭਰ ਕੇ, ਇਸ ਨੂੰ ਕੋਲ ਰਖਿਆ ਜਾਂਦਾ ਹੈ।

ਕਾਂਗੜੇ ਦੀਆਂ ਮਿੱਥਕ ਕਥਾਵਾਂ ਅਨੁਸਾਰ ਗੋਰਖਨਾਥ ਨੇ, ਆਪਣੇ ਇਕ ਸੇਵਕ ਨੂੰ ਖੁਸ਼ ਹੋ ਕੇ, ਕੰਨ ਦੀ ਇਕ ਮੁੰਦਰਾ ਬਖਸ਼ੀ, ਜੋ ਚੱਕ ਦੇ ਰੂਪ ਵਿਚ ਬਦਲ ਗਈ।

ਘੁਮਿਆਰ ਦੀਵਾਲੀ ਵਾਲੇ ਦਿਨ ਚੱਕ ਉਤੇ ਕੰਮ ਨਹੀਂ ਕਰਦੇ। ਉਹ ਚੱਕ ਉਤੇ ਜੋਤ ਬਾਲ ਕੇ, ਪੂਜਾ ਕਰਦੇ ਹਨ ਅਤੇ ਕੁਝ ਮਠਿਆਈ ਚੱਕ ਦੀ ਭੇਟ ਕਰਦੇ ਹਨ।

ਘੁਮਿਆਰ ਜਦੋਂ ਨਵੇਂ ਚੱਕ ਦੀ ਚੱਠ ਕਰਦਾ ਹੈ ਤਾਂ ਦੁੱਧ ਵਿਚ ਚਾਵਲ ਰਿੰਨ੍ਹਕੇ ਚੱਕ ਨੂੰ ਪੂਜ ਕੇ, ਭੋਗ ਲਗਾਉਂਦਾ ਤੇ ਬਰਾਦਰੀ ਵਿਚ ਵੰਡਦਾ ਹੈ। ਪਹਿਲਿਆਂ ਵਿਚ ਬਕਰੇ ਦੀ ਬਲੀ ਦੇ ਕੇ, ਚੱਕ ਨੂੰ ਲਹੂ ਦਾ ਛੱਟਾ ਦਿਤਾ ਜਾਂਦਾ ਸੀ।

ਜੇ ਕਿਸੇ ਘੁਮਿਆਰ ਦੇ ਘਰ ਔਲਾਦ ਨਾ ਹੁੰਦੀ ਹੋਵੇ, ਜਾਂ ਬਚਦੀ ਨਾ ਹੋਵੇ ਤਾਂ ਉਹ ਇਕ ਰੀਤ ਕਰਦਾ ਹੈ। ਉਹ ਚੱਕ ਉਤੇ ਜੋਤ ਜਗਾ ਕੇ ਪੂਜਦਾ ਤੇ ਸੁੱਖਣਾ ਸੁੱਖਦਾ ਹੈ ਕਿ ਉਹ ਆਪਣਾ ਬੱਚਾ ਚੱਕ ਦਿਉਤੇ ਨੂੰ ਭੇਟ ਕਰੇਗਾ। ਜਦੋਂ ਉਸਦੀ ਭਾਵਨਾ ਪੂਰੀ ਹੋ ਜਾਂਦੀ ਹੈ ਤਾਂ ਉਸ ਬੱਚੇ ਨੂੰ ਚੱਕ ਉਤੇ ਲਿਟਾ ਦਿਤਾ ਜਾਂਦਾ ਹੈ ਤੇ ਫਿਰ ਚੱਕ ਨੂੰ ਚੜ੍ਹਾਵਾ ਚਾੜ੍ਹ ਕੇ ਬੱਚਾ ਮੁੜ ਚੱਕ ਤੋਂ ਚੁੱਕ ਕੇ ਝੋਲੀ ਵਿਚ ਪਾਇਆ ਜਾਂਦਾ ਹੈ।

(2) ਖੂਹ ਦਾ ਗੋਲ ਚੱਕਾ, ਜਿਸ ਤੇ ਖੂਹ ਦੀਆਂ ਮਣਾਂ (ਕੰਧਾਂ) ਦੀ ਚਿਣਾਈ ਕੀਤੀ ਜਾਂਦੀ ਹੈ। ਚੱਕ ਨੂੰ, ਖੂਹ ਵਿਚ ਉਤਾਰਨ ਤੋਂ ਪਹਿਲਾਂ, ਇਸ ਦੇ ਨਾਲ ਮੌਲਸਰੀ ਦੇ ਧਾਗੇ, ਇਕ ਨਾਰੀਅਲ, ਗੁੜ ਦੀਆਂ ਰੋੜੀਆਂ ਤੇ ਕੁਝ ਛੁਹਾਰੇ ਬੰਨ੍ਹੇ ਜਾਂਦੇ ਹਨ। ਫਿਰ ਇਸ ਉਪਰ ਸੰਧੂਰ ਦਾ ਛੱਟਾ ਧੂੜਿਆ ਜਾਂਦਾ ਹੈ। ਖੂਹ ਵਿਚ ਚੱਕ ਨੂੰ ਟਿਕਾਅ ਕੇ ਉਤੇ ਦੀਵਾ ਬਾਲ ਕੇ ਧਰਿਆ ਜਾਂਦਾ ਤੇ ਗੁੜ ਜਾਂ ਬੂੰਦੀ ਵੰਡ ਕੇ ਫਿਰ ਮਣ ਦੀ ਚਿਣਾਈ ਸ਼ੁਰੂ ਕੀਤੀ ਜਾਂਦੀ ਹੈ। ਇਸ ਮੌਕੇ ਤੇ ਖਵਾਜਾ ਖਿਜ਼ਰ ਨੂੰ ਵੀ ਪੂਜਦੇ ਹਨ। ਹਿੰਦੂ ਪਾਂਧੇ ਨੂੰ ਸਦ ਲੈਂਦੇ ਹਨ ਤੇ ਸਿੱਖ ਭਾਈ ਨੂੰ। ਪਾਂਧਾ ਕੁਝ ਮੰਤਰਾਂ ਦਾ ਪਾਠ ਕਰਦਾ ਹੈ ਤੇ ਭਾਈ ਅਨੰਦ ਸਾਹਿਬ ਦਾ ਪਾਠ ਕਰਕੇ ਬਖਸ਼ਿਸ਼ ਲਈ ਅਰਦਾਸ ਕਰਦਾ ਹੈ।

### (ਚ-6) **ਚੱਕ ਪੂਜਣਾ** :

ਹਰਿਆਣੇ ਵਿਚ ਵਸਦੇ 'ਮਿਓ' ਅਤੇ ਕਈ ਹੋਰ ਜਾਤੀਆਂ ਵਿਚ ਪ੍ਰਚਲਤ, ਵਿਆਹ ਨਾਲ ਸੰਬੰਧਿਤ ਇਕ ਰਸਮ। ਲਗਨ ਤੋਂ ਹਫਤਾ ਕੁ ਮਗਰੋਂ ਚਕ ਪੂਜਣ ਦੀ ਰਸਮ ਕੀਤੀ ਜਾਂਦੀ ਹੈ। ਵਰ ਤੇ ਕੰਨਿਆਂ ਦੀਆਂ ਮਾਵਾਂ ਆਪੋ ਆਪਣੇ ਪਿੰਡਾਂ ਵਿਚੋਂ, ਕੁਝ ਤੀਵੀਆਂ ਨੂੰ ਨਾਲ ਲੈ ਕੇ, ਘੁਮਿਆਰ ਦੇ ਘਰ ਚੱਕ ਪੂਜਣ ਲਈ ਜਾਂਦੀਆਂ ਹਨ। ਜੇ ਪਿੰਡ ਵਿਚ ਕੋਈ ਘੁਮਿਆਰ ਨਾ ਹੋਵੇ ਤਾਂ ਨੇੜੇ ਦੇ ਕਿਸੇ ਪਿੰਡ ਦੇ ਘੁਮਿਆਰ ਦੇ ਘਰ ਜਾ ਕੇ ਰਸਮ ਕੀਤੀ ਜਾਂਦੀ ਹੈ। ਚੱਕ ਨੂੰ ਪੂਜਿਆ ਜਾਂਦਾ ਤੇ ਉਸ ਉਤੇ ਸੰਧੂਰ ਨਾਲ ਸਵਾਸਤਿਕ ਦਾ ਚਿੰਨ੍ਹ ਉਲੀਕਿਆ ਜਾਂਦਾ ਹੈ। ਇਸ

ਮਗਰੋਂ ਘੁਮਿਆਰ ਨੂੰ ਵਿਆਹ ਦੀਆਂ ਤਿਥਾਂ ਦਸ ਕੇ, ਵਿਆਹ ਉਤੇ ਲੋੜੀਂਦੇ ਭਾਂਡਿਆਂ ਦਾ ਵੇਰਵਾ ਦਿਤਾ ਜਾਂਦਾ ਹੈ। ਵਾਪਸ ਆਉਣ ਲਗਿਆਂ ਪੰਜ ਭਾਂਡੇ ਨਾਲ ਲਿਆਏ ਜਾਂਦੇ ਹਨ। ਇਸ ਰੀਤ ਨੂੰ 'ਚੱਕ ਨੋਤਣਾ' ਵੀ ਕਹਿੰਦੇ ਹਨ।

(ਚ-7) **ਚਕਮਕ** :

ਇਕ ਖ਼ਾਸ ਤਰ੍ਹਾਂ ਦਾ ਸਖ਼ਤ ਪੱਥਰ, ਜਿਸ ਦੇ ਦੋ ਟੁਕੜਿਆਂ ਨੂੰ ਰਗੜਨ ਨਾਲ ਅੱਗ ਦੇ ਚਿੰਗਿਆੜੇ ਨਿਕਲਦੇ ਹਨ। ਪੁਰਾਣੇ ਜ਼ਮਾਨੇ ਵਿਚ ਇਸ ਪੱਥਰ ਦੀ ਵਰਤੋਂ, ਅੱਗ ਬਾਲਣ ਲਈ ਕੀਤੀ ਜਾਂਦੀ ਸੀ। ਕਈ ਹਿੰਦੂ ਇਸ ਪੱਥਰ ਨੂੰ ਅਗਨੀ ਦੇਵਤੇ ਦਾ ਰੂਪ ਮੰਨ ਕੇ ਪੂਜਾ-ਅਰਚਾ ਲਈ ਘਰ ਵਿਚ ਵੀ ਰਖਦੇ ਹਨ। ਪਹਿਲਿਆਂ ਵਿਚ ਬੰਦੂਕ ਦੇ ਪਲੀਤੇ ਨੂੰ ਅੱਗ ਦੇਣ ਲਈ, ਚਕਮਕ ਦੇ ਟੁਕੜੇ ਵਰਤੇ ਜਾਂਦੇ ਸਨ।

(ਚ-8) **ਚੱਕਰ** :

(1) ਲਕੀਰ ਮਾਰ ਕੇ ਜ਼ਿਮੀਂ ਉਤੇ ਬਣਾਇਆ ਦਾਇਰਾ, ਜਿਸ ਦੀ ਜਾਦੂ ਟੂਣੇ ਵਿਚ ਰਹੱਸਮਈ ਮਹੱਤਾ ਹੈ। ਓਝੇ ਤੇ ਸਿਆਣੇ, ਜਦੋਂ ਕਿਸੇ ਸਾਏ ਵਾਲੇ ਸ਼ਖ਼ਸ ਦੇ ਸਰੀਰ ਵਿਚੋਂ, ਭੂਤ-ਪ੍ਰੇਤ ਕਢਦੇ ਹਨ ਤਾਂ ਪਹਿਲਾਂ ਲੋਹੇ ਦੀ ਸੋਟੀ ਨਾਲ ਇਕ ਗੋਲ ਜਿਹਾ ਚਕਰ, ਜਿਸ ਨੂੰ ਮੰਤ੍ਰ-ਚੱਕਰ ਵੀ ਕਿਹਾ ਜਾਂਦਾ ਹੈ, ਜ਼ਿਮੀਂ ਉਤੇ ਵਾਹ ਲੈਂਦੇ ਹਨ। ਚਕਰ ਦੀਆਂ ਲਕੀਰਾਂ ਵਾਹੁਣ ਵੇਲੇ, ਮੰਤ੍ਰਾਂ ਦਾ ਉੱਚਾਰਨ ਕੀਤਾ ਜਾਂਦਾ ਹੈ। ਵਿਸ਼ਵਾਸ ਹੈ ਕਿ ਚਕਰ ਦੇ ਅੰਦਰ ਕੋਈ ਪ੍ਰੇਤ ਜਾਂ ਦੂਜੀ ਸ਼ਕਤੀ ਨਹੀਂ ਆ ਸਕਦੀ ਤੇ ਚਕਰ ਦੇ ਅੰਦਰ ਉਨ੍ਹਾਂ ਦਾ ਆਪਣਾ ਵਸੀਕਾਰ ਹੁੰਦਾ ਹੈ। ਇਸੇ ਚਕਰ ਵਿਚ ਹੀ ਰੋਗੀ ਨੂੰ ਬਿਠਾ ਕੇ ਪ੍ਰੇਤ ਕਢਿਆ ਜਾਂਦਾ ਹੈ।

(2) ਵਾਮ ਮਾਰਗੀ ਪੂਜਾ ਸਮੇਂ ਧਰਤੀ ਉਤੇ ਇਕ ਚਕਰ ਜਿਹਾ ਬਣਾਉਂਦੇ ਹਨ, ਜਿਸ ਨੂੰ ਭੈਰਵ-ਚਕਰ ਜਾਂ ਕਾਲੀ-ਚਕਰ ਕਿਹਾ ਜਾਂਦਾ ਹੈ।

(3) ਵਿਸ਼ਨੂੰ ਦਾ ਚੱਕਰ, ਜਿਸ ਨੂੰ ਸੁਦਰਸ਼ਨ ਜਾਂ ਵਜ੍ਰਨਾਭ ਕਿਹਾ ਜਾਂਦਾ ਹੈ। ਵਿਸ਼ਨੂੰ ਦੇ ਚੂਹਾਂ ਹੱਥਾਂ ਵਿਚੋਂ ਇਕ ਵਿਚ ਇਕ ਚੱਕਰ ਰਹਿੰਦਾ ਹੈ।

(4) ਵਿਸ਼ਨੂੰ ਦੇ ਪੈਰੋਕਾਰ ਪੂਜਾ ਕਰਨ ਸਮੇਂ, ਆਪਣੇ ਮੱਥੇ ਉਤੇ ਚੰਦਨ ਨਾਲ ਵਿਸ਼ਨੂੰ ਦੇ ਚਕ੍ਰ ਦਾ ਚਿੰਨ੍ਹ ਬਣਾਉਂਦੇ ਹਨ।

(5) ਜੋਤਿਸ਼ ਅਨੁਸਾਰ ਗ੍ਰਹਿਆਂ ਦੀ ਗਤੀ ਦਾ, ਮਨੁੱਖ ਦੀ ਜ਼ਿੰਦਗੀ ਉਤੇ ਚੰਗਾ-ਮੰਦਾ ਅਸਰ ਹੁੰਦਾ ਹੈ। ਜਦੋਂ ਗ੍ਰਹਿਆਂ ਦਾ ਅਸਰ ਚੰਗਾ ਨਾ ਹੋਵੇ ਤਾਂ ਇਸਨੂੰ ਗ੍ਰਹਿਚੱਕਰ ਕਹਿੰਦੇ ਹਨ।

(6) ਸਾਮੁਦ੍ਰਕ ਵਿਦਿਆ ਅਨੁਸਾਰ ਸਰੀਰ ਦੇ ਅੰਗ, ਖ਼ਾਸ ਕਰਕੇ ਅੰਗੂਠੇ ਤੇ ਉਂਗਲੀਆਂ ਤੇ ਮੁਦ੍ਰਿਕ ਚਿੰਨ੍ਹ ਤੇ ਚੱਕਰ। ਇਨ੍ਹਾਂ ਦਾ ਸ਼ੁਭ ਅਸ਼ੁਭ ਫਲ ਮੰਨਿਆ ਜਾਂਦਾ ਹੈ (ਵੇਖੋ : ਸਾਮੁਦ੍ਰਕ)।

(7) ਗੋਲ ਆਕਾਰ ਦਾ ਇਕ ਸ਼ਸਤ੍ਰ, ਜੋ ਅਕਾਲੀ ਸਿੱਖ ਆਪਣੀ ਦਸਤਾਰ ਵਿਚ ਸਜਾਂਦੇ ਹਨ। ਮਹਾਨ ਕੋਸ਼ ਅਨੁਸਾਰ ਪੁਰਾਣੇ ਚਕ੍ਰਾਂ ਦੀ ਧਾਰ ਦੰਦੇਦਾਰ ਹੁੰਦੀ ਸੀ, ਪਰ ਅੱਜ ਕਲ੍ਹ ਨਹੀਂ। ਚਕ੍ਰ ਕੜੇ ਵਾਂਗ ਵਿਚੋਂ ਖ਼ਾਲੀ ਹੁੰਦਾ ਹੈ ਪਰ ਇਸ ਦੀ ਧਾਰ ਬੜੀ ਤੇਜ਼ ਹੁੰਦੀ ਹੈ। ਵਰਤੋਂ ਕਰਨ ਵੇਲੇ ਸੂਰਮਾ ਪਹਿਲਾਂ ਇਸ ਨੂੰ ਬੜੀ ਤੇਜ਼ੀ ਨਾਲ ਆਪਣੇ ਅੰਗੂਠੇ ਦੇ ਨਾਲ ਦੀ ਉਂਗਲੀ ਦੇ ਲਾਗੇ ਘੁਮਾਂਦਾ ਤੇ ਫਿਰ ਭੁਆਂ ਕੇ ਦੁਸ਼ਮਨਾਂ ਉਤੇ ਸੁਟਦਾ ਸੀ। ਚੱਕਰ ਦੁਸ਼ਮਨਾਂ ਦੇ ਆਹੂ ਉਤਾਰਦਾ ਜਾਂਦਾ ਸੀ। ਨਿਪੁੰਨ ਸ਼ਸਤ੍ਰਧਾਰੀ ਦੇ ਹਥੋਂ ਛੁਟਿਆ ਚੱਕਰ ਦੂਰ ਤਕ ਮਾਰ ਕਰਦਾ ਅਤੇ ਇਕ ਵਾਰ ਨਾਲ ਕਈ ਸੂਰਮੇ ਵੱਢ ਸੁਟਦਾ ਸੀ।

(ਚ-9) **ਚੱਕਰਚੂੰਡਾ** :

(1) ਬੱਚਿਆਂ ਦਾ ਇਕ ਖਿਡੌਣਾ, ਜਿਸ ਨੂੰ ਹੱਥੀ ਤੋਂ ਫੜ ਕੇ ਘੁਮਾਉਣ ਨਾਲ, ਘਰਰ ਘਰਰ ਦੀ ਆਵਾਜ਼ ਨਿਕਲਦੀ ਹੈ। ਇਹ ਖਿਡੌਣਾ 'ਘੁਗੂ ਘੋੜੇ' ਵਾਲੀਆਂ ਵੇਚਦੀਆਂ ਹਨ।

(2) ਬੱਚਿਆਂ ਦੇ ਮਨ-ਪਰਚਾਵੇ ਲਈ ਇਕ ਖ਼ਾਸ ਤਰ੍ਹਾਂ ਦਾ ਝੂਲਾ। ਧਰਤੀ ਵਿਚ ਇਕ ਭਾਰੀ ਥੂਲ ਗੱਡ ਕੇ ਉਸ ਉਪਰ ਫੱਟਾ ਜਿਹਾ ਟਿਕਾਇਆ ਹੁੰਦਾ ਹੈ। ਜਿਸ ਦੇ ਦੋਹਾਂ ਸਿਰਿਆਂ ਉਤੇ ਬੱਚੇ ਬੈਠ ਕੇ ਝੂਟੇ ਲੈਂਦੇ ਹਨ।

(ਚ-10) **ਚੱਕਰ-ਤੀਰਥ** :

ਉਹ ਪਵਿਤ੍ਰ ਧਾਮ, ਜਿਨ੍ਹਾਂ ਦਾ ਸਬੰਧ ਵਿਸ਼ਨੂੰ ਦੇਵਤੇ ਦੇ ਸੁਦਰਸ਼ਨ ਜਾਂ ਵਜ੍ਰਨਾਭ ਚੱਕਰ ਨਾਲ ਹੈ। ਜਿਨ੍ਹਾਂ ਜਿਨ੍ਹਾਂ ਥਾਵਾਂ ਉਤੇ ਵਿਸ਼ਨੂੰ ਜਾਂ ਕੋਈ ਹੋਰ ਦੇਵਤਾ ਆਪਣੇ ਵੈਰੀਆਂ ਜਾਂ ਦੈਂਤਾਂ ਨੂੰ ਮਾਰ ਕੇ ਲਹੂ ਨਾਲ ਭਰੇ ਚੱਕਰ ਨੂੰ ਧੋਂਦੇ ਰਹੇ, ਉਹ ਸਭ ਧਾਮ ਚੱਕਰ-ਤੀਰਥ ਨਾਂ ਨਾਲ ਪ੍ਰਸਿਧ ਹੋ ਗਏ। ਜਿਵੇਂ ਗੁਜਰਾਤ ਵਿਚ ਪ੍ਰਭਾਸਖੇਤ੍ਰ ਅਤੇ ਹਰਿਆਣੇ ਵਿਚ ਕੁਰਖੇਤ੍ਰ।

(ਚ-11) **ਚੱਕਰਧਾਰੀ** :

ਵਿਸ਼ਨੂੰ ਦੀ ਇਕ ਉਪਾਧੀ; ਹੱਥ ਵਿਚ ਹਮੇਸ਼ਾ ਸੁਦਰਸ਼ਨ ਜਾਂ ਵਜ੍ਰਨਾਭ ਫੜਿਆ ਹੋਣ ਕਰਕੇ ਇਹ ਉਪਾਧੀ ਪ੍ਰਚਲਤ ਹੋ ਗਈ।

(ਚ-12) **ਚਕਰਵਰਤੀ** :

ਵਿਸ਼ਨੂੰ ਪੁਰਾਣ ਅਨੁਸਾਰ ਜਿਸ ਸ਼ਖਸ ਦੇ ਹੱਥ ਉੱਤੇ ਜਨਮ ਤੋਂ ਹੀ ਵਿਸ਼ਨੂੰ ਦੇ ਚੱਕਰ ਦਾ ਚਿੰਨ੍ਹ ਵਿਖਾਈ ਦੇਵੇ, ਉਹ ਚਕਰਵਰਤੀ ਰਾਜਾ ਬਣਦਾ ਹੈ। ਭਾਵ ਉਸਦਾ ਰਾਜ ਸਾਰੇ ਵਿਸ਼ਵ ਉੱਤੇ ਹੁੰਦਾ ਹੈ।

(ਚ-13) **ਚਕਰਾਂਕਿਤ** :

ਵੈਸ਼ਨਵਾਂ ਦਾ ਇਕ ਫਿਰਕਾ; ਇਸ ਮਤ ਵਾਲੇ ਜੋ ਵਿਸ਼ਨੂੰ ਦੇ ਸੰਖ ਤੇ ਚੱਕਰ ਦੇ ਚਿੰਨ੍ਹ ਆਪਣੇ ਸਰੀਰ ਉੱਤੇ ਅੰਕਿਤ ਕਰਦੇ ਹਨ। ਧਾਤ ਦੀ ਮੋਹਰ ਉੱਤੇ ਵਿਸ਼ਨੂੰ ਦਾ ਚੱਕਰ ਤੇ ਸੰਖ ਖੋਦ ਲਿਆ ਜਾਂਦਾ ਹੈ। ਫਿਰ ਅੱਗ ਉੱਤੇ ਮੋਹਰ ਨੂੰ ਤਪਾ ਕੇ, ਜਿਸਮ ਦੇ ਅੰਗਾਂ ਉੱਤੇ ਛਾਪ ਲਗਾ ਲਈ ਜਾਂਦੀ ਹੈ।

ਧਾਰਨਾ ਹੈ ਕਿ ਜਿਸ ਪੁਰਸ਼ ਦੇ ਅੰਗਾਂ ਉੱਤੇ ਵਿਸ਼ਨੂੰ ਦੇ ਸੰਖ ਤੇ ਚੱਕਰ ਦੇ ਇਕ ਜਾਂ ਇਕ ਚਿੰਨ੍ਹ ਅੰਕੇ ਹੋਣ, ਉਹ ਮਰਨ ਉਪ੍ਰੰਤ ਸਿੱਧਾ ਬੈਕੁੰਠ ਨੂੰ ਜਾਂਦਾ ਹੈ।

(ਚ-14) **ਚਕਰੀ** :

ਬੱਚਿਆਂ ਦੇ ਖੇਡਣ ਦੀ ਇਕ ਚਕਰ ਵਰਗੀ ਵਸਤੂ ਜੋ ਲਾਟੂ ਦੀ ਸ਼ਕਲ ਦੀ ਹੁੰਦੀ ਹੈ। ਇਸ ਉੱਤੇ ਡੋਰੀ ਲਪੇਟ ਕੇ ਹਵਾ ਵਿਚ ਛੱਡੀ ਜਾਂਦੀ ਹੈ। ਜੋ ਚੱਕਰ ਖਾ ਕੇ ਮੁੜ ਹੱਥ ਵਿਚ ਆ ਜਾਂਦੀ ਹੈ।

(ਚ-15) **ਚੱਕਲੱਠੀ** :

ਲੱਠ ਜਿਸ ਨਾਲ ਘੁਮਿਆਰ ਚੱਕ ਨੂੰ ਘੁਮਾਉਂਦਾ ਹੈ। ਇਸ ਲੱਠ ਵਿਚ ਬੜੀ ਬਰਕਤ ਮੰਨੀ ਜਾਂਦੀ ਹੈ। ਜੇ ਕਿਸੇ ਦੇ ਘਰ ਔਲਾਦ ਨਾ ਹੁੰਦੀ ਹੋਵੇ ਤਾਂ ਉਹ ਚੱਕਲੱਠੀ ਨੂੰ, ਕਿਸੇ ਅੰਬਾਂ ਦੇ ਦਰਖਤ ਨੂੰ ਮਾਰੇ, ਜੋ ਅੰਬ ਹੇਠਾਂ ਡਿਗੇ ਉਸਨੂੰ ਖਾ ਲੈਣ ਨਾਲ ਬੱਚਾ ਪੈਦਾ ਹੁੰਦਾ ਮੰਨਿਆ ਜਾਂਦਾ ਹੈ।

(ਚ-16) **ਚੱਕਲੀ** :

ਬੱਚਿਆਂ ਦੀ ਇਕ ਖੇਡ; ਕਿਸੇ ਗੋਲ ਲਕੜੀ ਵਿਚ ਦੋ ਸੁਰਾਖ ਕਰ ਕੇ ਤੇ ਉਨ੍ਹਾਂ ਵਿਚੋਂ ਡੋਰੀ ਲੰਘਾ ਕੇ, ਗੰਢ ਮਾਰ ਲਈ ਜਾਂਦੀ ਹੈ। ਫਿਰ ਇਕ ਸਿਰਾ ਇਕ ਹੱਥ ਦੇ ਅੰਗੂਠੇ ਅਤੇ ਦੂਜਾ ਸਿਰਾ ਦੂਜੇ ਹੱਥ ਦੇ ਅੰਗੂਠੇ ਵਿਚ ਪਾ ਕੇ, ਉਸਨੂੰ ਘੁੰਮਾ ਕੇ ਵਲਿਅਸ ਚਾੜ੍ਹ ਲਏ ਜਾਂਦੇ ਹਨ। ਇਸ ਪਿਛੋਂ ਦੋਹਾਂ ਹੱਥਾਂ ਨੂੰ ਕਦੇ ਇਕ ਦੂਜੇ ਦੇ ਨੇੜੇ, ਅੰਦਰ ਵਲ ਲਿਆਂਦਾ ਜਾਂਦਾ ਹੈ ਤੇ ਕਦੇ ਬਾਹਰ ਵਲ ਖਿਚਿਆ ਜਾਂਦਾ ਹੈ। ਇਸ ਤਰ੍ਹਾਂ ਵਲਿਅਸ ਚੜ੍ਹਦੇ ਉਤਰਦੇ ਰਹਿੰਦੇ ਹਨ ਤੇ ਚੱਕਲੀ ਘੁੰਮਦੀ ਹੋਈ ਘੂਕਰ ਪੈਦਾ ਕਰਦੀ ਹੈ।

(ਚ-17) **ਚਕਵਾ** :

ਇਕ ਪੰਛੀ, ਜਿਸ ਦਾ ਕਾਵਿ-ਗ੍ਰੰਥਾਂ ਵਿਚ, ਪ੍ਰੇਮ ਦੇ ਪ੍ਰਸੰਗਾਂ ਵਿਚ ਵਰਨਣ ਮਿਲਦਾ ਹੈ। ਚਕਵੇ ਦਾ ਚਕਵੀ ਨਾਲ ਪ੍ਰੇਮ ਰਵਾਇਤ ਬਣ ਗਿਆ ਹੈ। ਧਾਰਨਾ ਹੈ ਕਿ ਸੂਰਜ ਡੁਬਦੇ ਹੀ ਚਕਵਾ ਤੇ ਚਕਵੀ ਇਕ ਦੂਜੇ ਤੋਂ ਵਿਛੜ ਜਾਂਦੇ ਹਨ ਤੇ ਇਕ ਦੂਜੇ ਲਈ ਭਟਕਦੇ ਫਿਰਦੇ ਹਨ। ਨਦੀ ਦੇ ਇਕ ਤੱਟ ਉੱਤੇ ਚਕਵਾ ਚਕਵੀ ਨੂੰ ਢੂੰਡਦਾ ਫਿਰਦਾ ਹੈ, ਪਰ ਚਕਵੀ ਦੂਜੇ ਤੱਟ ਤੇ ਉਸਨੂੰ ਢੂੰਡ ਰਹੀ ਹੁੰਦੀ ਹੈ। ਜਦੋਂ ਚਕਵਾ ਚਕਵੀ ਨੂੰ ਦੂਜੇ ਤੱਟ ਉੱਤੇ ਢੂੰਡਣ ਲਈ ਜਾਂਦਾ ਹੈ ਤਾਂ ਚਕਵੀ ਚਕਵੇ ਦੀ ਭਾਲ ਵਿਚ ਪਹਿਲੇ ਤੱਟ ਉੱਤੇ ਆ ਕੇ, ਉਸਨੂੰ ਢੂੰਡਣ ਲੱਗ ਪੈਂਦੀ ਹੈ। ਜਦੋਂ ਦੋਵੇਂ ਜੀਅ ਥੱਕ ਜਾਂਦੇ ਹਨ ਤੇ ਪੂਰਬ ਵਲ ਟਿਕਟਿਕੀ ਲਗਾ ਕੇ ਸੂਰਜ ਲਈ ਤਾਂਘਣ ਲਗਦੇ ਹਨ। ਕਦੋਂ ਸੂਰਜ ਚੜ੍ਹੇ ਤੇ ਦੁਹਾਂ ਦਾ ਮੇਲ ਹੋਵੇ। ਇਸੇ ਪ੍ਰਸੰਗ ਵਿਚ ਚਕਵੀ ਦਾ ਸੂਰਜ ਨਾਲ ਪ੍ਰੇਮ ਦਾ ਵੀ ਜ਼ਿਕਰ ਆਉਂਦਾ ਹੈ :

ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਚਕਵੀ ਸੂਰ। (ਸ੍ਰੀ ਰਾਗ ਮ: ੧)

ਇਸ ਪੰਛੀ ਨੂੰ ਚਕ੍ਰਵਾਕ ਤੇ ਸੁਰਖਾਬ ਵੀ ਕਹਿੰਦੇ ਹਨ।

(ਚ-18) **ਚੱਕੀ ਚੁੰਗ** :

ਵਿਆਹ ਨਾਲ ਸਬੰਧਿਤ ਇਕ ਰੀਤ, ਜੋ ਕੰਨਿਆ ਦੇ ਘਰ ਕੀਤੀ ਜਾਂਦੀ ਹੈ। ਵਿਆਹ ਤੋਂ ਮਹੀਨਾ ਕੁ ਪਹਿਲਾਂ ਕਿਸੇ ਸ਼ੁਭ ਦਿਵਸ ਨੂੰ, ਕੰਨਿਆ ਦੀਆਂ ਸਖੀਆਂ, ਭੈਣਾਂ ਤੇ ਭਰਜਾਈਆਂ ਆਦਿ ਇਕੱਠੀਆਂ ਹੁੰਦੀਆਂ ਹਨ। ਕੰਨਿਆ ਬਾਹਰੋਂ ਪਾਣੀ ਦਾ ਘੜਾ ਭਰ ਕੇ ਲਿਆਂਦੀ ਹੈ। ਕੁੜੀ ਦੀ ਭਰਜਾਈ/ਮਾਂ/ਕੋਈ ਸਖੀ ਸਹੇਲੀ ਉਸ ਤੋਂ ਘੜਾ ਖੋਹ ਲੈਂਦੀ ਹੈ ਤੇ ਸਾਰੀਆਂ ਕੁੜੀਆਂ ਰਲ ਕੇ ਗਾਂਦੀਆਂ ਹਨ :

ਘੜੇ ਵਿਚ ਘੁਟ ਪਾਣੀ ਕੁੜੇ,
ਕੰਮ ਕਰਨ ਤੇਰੀਆਂ ਭਰਜਾਈਆਂ।
ਕੰਮ ਕਰਨ ਨਿਕੜੀਆਂ ਜਾਈਆਂ,
ਹੁਣ ਤਾਂ ਚਾਰ ਦਿਹਾੜੇ ਮਹਿਮਾਨੀ ਕੁੜੇ।

ਇਸ ਰਸਮ ਨੂੰ 'ਘੜਾ ਲੁਹਾਈ' ਵੀ ਕਹਿੰਦੇ ਹਨ। ਝਟ ਕੁ ਪਿਛੋਂ ਕੁੜੀ ਚੱਕੀ ਪੀਸਣ ਲਈ ਬੈਠ ਜਾਂਦੀ ਹੈ। ਸਾਰੀਆਂ ਕੁੜੀਆਂ ਵਾਰੋ ਵਾਰੀ, ਇਕ ਇਕ ਦੋ ਦੋ ਚੁੰਗਾਂ, ਗਾਲੇ ਵਿਚ ਪਾਂਦੀਆਂ ਹਨ ਤੇ ਇਕ ਕੁੜੀ ਉਸ ਤੋਂ ਚੱਕੀ ਦਾ ਹੱਥਾ ਖੋਹ ਕੇ ਉਸ ਨੂੰ ਉਠਾਂਦੀ ਹੋਈ ਕਹਿੰਦੀ ਹੈ— "ਹੁਣ ਤੂੰ ਚੱਕੀ ਨਹੀਂ ਪੀਹਣੀ।" ਬਾਕੀ ਕੁੜੀਆਂ ਟੱਪਾ ਗਾਂਦੀਆਂ ਹਨ :

ਚੱਕੀ ਵਿਚ ਲਪ ਚੂੰਗ ਕੂੜੇ,
ਕੰਮ ਕਰਨ ਤੇਰੀਆਂ ਭਰਜਾਈਆਂ ।
ਕੰਮ ਕਰਨ ਨਿਕੜੀਆਂ ਜਾਈਆਂ,
ਰਿੜੀਆਂ ਚੱਕਾ ਚੂੰਗ ਕੂੜੇ ।

ਇਹ ਰਸਮ ਵਿਆਹ ਦੀ ਆਰੰਭਕ ਰਸਮ ਹੁੰਦੀ ਹੈ । ਇਸ ਮੌਕੇ ਤੇ ਸ਼ੱਕਰ ਤੇ ਤਿਲਚੌਲੀ ਵੰਡੀ ਜਾਂਦੀ ਹੈ ।

(2) ਵਿਆਹ ਸਮੇਂ ਦੀ ਇਕ ਰੀਤ; ਵਿਆਹ ਤੋਂ ਕੁਝ ਕੁ ਦਿਨ ਪਹਿਲਾਂ ਵਰ ਤੇ ਕੰਨਿਆਂ ਦੋਹਾਂ ਦੇ ਘਰਾਂ ਵਿਚ ਇਹ ਰੀਤ ਕੀਤੀ ਜਾਂਦੀ ਹੈ । ਸੱਤ ਸੁਖੀ ਵਸਦੇ ਘਰਾਂ ਵਿਚੋਂ ਚੱਕੀਆਂ ਮੰਗਵਾਈਆਂ ਜਾਂਦੀਆਂ ਹਨ । ਫਿਰ ਕੰਨਿਆ ਨੂੰ ਚੱਕੀਆਂ ਦੇ ਕੋਲ ਬਿਠਾ ਕੇ ਸੱਤ ਸੁਹਾਗਣਾਂ ਇਕਠੀਆਂ ਹੀ ਸੱਤ ਮੁੱਠਾਂ ਅੰਨ, ਸੱਤਾਂ ਗਾਲਿਆਂ ਵਿਚ ਪੀਹਦੀਆਂ ਹਨ । ਪਹਿਲਾਂ ਮਾਂਹ ਦੀ ਦਾਲ ਦਲੀ ਜਾਂਦੀ ਹੈ । ਫਿਰ ਵੜੀਆਂ ਟੁੱਕੀਆਂ ਜਾਂਦੀਆਂ ਹਨ । ਪਹਿਲੀ ਵੜੀ ਵਿਚ ਦੁੱਭ ਦੇ ਪਵਿਤ੍ਰ ਘਾਹ ਦੀਆਂ ਪੱਤੀਆ ਤੇ ਮੌਲੀ ਦਾ ਧਾਗਾ, ਸ਼ਗਨ ਵਜੋਂ ਲਗਾ ਦਿਤਾ ਜਾਂਦਾ ਹੈ । ਚੱਕੀ ਪੀਹਣ ਲਗਿਆਂ ਤੀਵੀਆਂ ਰਲ ਕੇ ਗੀਤ ਗਾਂਦੀਆਂ ਹਨ :

ਸਤ ਸੁਹਾਗਣਾਂ, ਸਤ ਗਾਲੇ,
ਚੱਕੀ ਹੱਥ ਲੁਆ ।
ਕਿਥੋਂ ਲਿਆਂਦੀ ਚੱਕੀ ਨੀ ਰਾਣੀਏ,
ਕਿਥੋਂ ਲਿਆਂਦਾ ਹੱਥਾ ।
ਧੁਰ ਲਾਹੌਰੋਂ ਚੱਕੀ ਲਿਆਂਦੀ,
ਪਟਿਆਲਿਓਂ ਲਿਆਂਦਾ ਹੱਥਾ ।

ਇਸ ਮੌਕੇ ਉਤੇ, ਉਬਲੀ ਹੋਈ ਕਣਕ ਵਿਚ ਸ਼ਕਰ ਰਲਾ ਕੇ ਵੰਡੀ ਜਾਂਦੀ ਹੈ, ਜਿਸਨੂੰ ਘੁੰਗਣੀਆਂ ਜਾਂ ਬੱਕਲੀਆਂ ਕਹਿੰਦੇ ਹਨ ।

ਇਹ ਸਿਲਸਿਲਾ ਕਈ ਦਿਨ ਚਲਦਾ ਰਹਿੰਦਾ ਹੈ ਅਤੇ ਵਿਆਹ ਦੇ ਦਿਨਾਂ ਲਈ ਜਿਤਨਾ ਆਟਾ ਤੇ ਵੇਸਨ ਆਦਿ ਚਾਹੀਦਾ ਹੋਵੇ ਪੀਹ ਲਿਆ ਜਾਂਦਾ ਹੈ । ਇਹ ਸ਼ਗਨਾਂ ਦਾ ਆਟਾ ਜਿਥੇ ਰਖਿਆ ਜਾਂਦਾ ਹੈ, ਉਸਨੂੰ 'ਕੋਠੀ ਆਟਾ' ਕਹਿੰਦੇ ਹਨ ।

ਗੁਰਦਾਸਪੁਰ ਵਿਚ 'ਚੱਕੀ ਚੂੰਗ' ਦੀ ਰੀਤ ਵੇਲੇ ਸਵਾ ਪੰਜ ਸੇਰ ਆਟਾ ਪੀਸਿਆ ਜਾਂਦਾ ਹੈ । ਆਟਾ ਪੀਸਣ ਤੋਂ ਪਹਿਲਾਂ, ਚੱਕੀ ਨਾਲ, ਮੌਲੀ ਦਾ ਧਾਗਾ ਬੰਨ੍ਹਿਆ ਜਾਂਦਾ ਹੈ । ਜਿਸ ਭਾਂਡੇ ਵਿਚ ਆਟਾ ਪਾਇਆ ਜਾਂਦਾ ਹੈ, ਉਸਨੂੰ ਵੀ ਮੌਲੀ ਦਾ ਧਾਗਾ ਬੰਨ੍ਹਿਆ ਹੁੰਦਾ ਹੈ । ਸ਼ਗਨ ਨਾਲ ਪੀਸੇ ਹੋਏ ਇਸ ਆਟੇ ਵਿਚ, ਹੋਰ ਆਟਾ ਮਿਲਾ ਕੇ ਵਿਆਹ ਉਤੇ ਵਰਤਿਆ ਜਾਂਦਾ ਹੈ ।

ਕਈ ਲੋਕ ਇਸ ਰਸਮ ਵੇਲੇ ਕੰਨਿਆ ਦੀ ਝੋਲੀ ਵਿਚ ਪਿੰਨੀਆਂ ਤੇ ਮਠਿਆਈਆਂ ਪਾਉਂਦੇ ਹਨ ।

ਚੱਕੀ ਝੋਤਣ ਵੇਲੇ ਜੋ ਗੀਤ ਗਾਏ ਜਾਂਦੇ ਹਨ, ਉਹ ਚੱਕੀ ਦੇ ਗੀਤ ਅਖਵਾਉਂਦੇ ਹਨ ।

(ਚ-19) **ਚੱਕੀ ਰਾਹਾ** :

ਇਕ ਪੰਛੀ, ਜਿਸ ਦੀ ਚੱਕੀ ਦੇ ਹੱਥੇ ਵਰਗੀ ਲੰਮੀ ਚੁੰਝ ਹੁੰਦੀ ਹੈ । ਇਸ ਨੂੰ ਕਠਫੋੜਾ ਵੀ ਕਹਿੰਦੇ ਹਨ । ਮਿਥਕ ਕਥਾ ਅਨੁਸਾਰ ਇਹ ਵਿਸ਼ਵਕਰਮਾ ਦਾ ਕਾਮਾ ਸੀ । ਜਦੋਂ ਵਿਸ਼ਵਕਰਮਾ ਕਿਸੇ ਚੀਜ਼ ਦਾ ਨਿਰਮਾਣ ਕਰਦਾ ਤਾਂ ਚੱਕੀ ਰਾਹਾ ਕੰਮ ਵਿਚ ਉਸਦੀ ਮਦਦ ਕੀਤਾ ਕਰਦਾ । ਵਿਸ਼ਵਕਰਮਾ ਨੇ ਖੁਸ਼ ਹੋ ਕੇ ਇਸ ਨੂੰ ਪੰਛੀ ਬਣਨ ਦਾ ਵਰ ਦਿਤਾ ।

(ਚ-20) **ਚਕੇਰੀ** :

ਚੂਹਾ ਖੁੱਡ ਕਢਣ ਵੇਲੇ ਜੋ ਮਿੱਟੀ ਆਪਣੇ ਪੰਜਿਆਂ ਨਾਲ ਖੋਦ ਕੇ ਬਾਹਰ ਸੁਟਦਾ ਹੈ, ਉਸਨੂੰ ਚਕੇਰੀ ਕਹਿੰਦੇ ਹਨ । ਚੂਹਾ ਗਣੇਸ਼ ਦਾ ਵਾਹਣ ਮੰਨਿਆ ਜਾਂਦਾ ਹੈ । ਗਣੇਸ਼ ਦੇ ਉਪਾਸ਼ਕ ਇਸ ਮਿੱਟੀ ਨੂੰ ਬੜਾ ਪਾਵਨ ਮੰਨਦੇ ਹਨ ।

(ਚ-21) **ਚਕੋਰ** :

ਇਕ ਪੰਛੀ ਜੋ ਤਿੱਤਰ ਦੀ ਸ਼ਕਲ ਦਾ ਹੁੰਦਾ ਹੈ । ਇਸਦੀ ਚੁੰਝ ਤੇ ਅੱਖਾਂ ਲਾਲ ਹੁੰਦੀਆਂ ਹਨ । ਰਵਾਇਤ ਹੈ ਕਿ ਚਕੋਰ ਦਾ ਪ੍ਰੇਮ ਚੰਨ ਨਾਲ ਹੈ ਤੇ ਇਹ ਸਾਰੀ ਰਾਤ ਚੰਨ ਵਲ ਧਿਆਨ ਜਮਾ ਕੇ ਵੇਖਦਾ ਰਹਿੰਦਾ ਹੈ । ਭਗਤੀ ਕਾਵਿ ਵਿਚ ਚੰਨ-ਚਕੋਰ ਦੇ ਰੂਪਕ ਨੂੰ ਆਤਮਾ ਦੀ ਪਰਮਾਤਮਾ ਪ੍ਰਤੀ ਖਿਚ ਨੂੰ ਪ੍ਰਗਟ ਕਰਨ ਲਈ ਆਮ ਵਰਤਿਆ ਗਿਆ ਹੈ ।

ਚਕੋਰ ਬਾਰੇ ਕਈ ਤਰ੍ਹਾਂ ਦੀਆਂ ਮਨੌਤਾਂ ਪ੍ਰਚਲਤ ਹਨ । ਧਾਰਨਾ ਹੈ ਕਿ ਜੇ ਚਕੋਰ ਅਗੇ ਜ਼ਹਿਰ ਮਿਲਿਆ ਭੋਜਨ ਰਖਿਆ ਜਾਵੇ ਤਾਂ ਅਜਿਹੇ ਭੋਜਨ ਨੂੰ ਵੇਖਦੇ ਸਾਰ ਹੀ ਚਕੋਰ ਦੀਆਂ ਅੱਖਾਂ ਖ਼ੂਨੀ ਲਾਲ ਹੋ ਜਾਂਦੀਆਂ ਹਨ ਤੇ ਉਹ ਤੜ੍ਹਪਣ ਲਗਦਾ ਹੈ । 'ਮਹਾਨ ਕੋਸ਼' ਅਨੁਸਾਰ ਪੁਰਾਣੇ ਵੇਲਿਆਂ ਵਿਚ, ਰਾਜੇ ਭੋਜਨ ਖਾਣ ਤੋਂ ਪਹਿਲਾਂ ਚਕੋਰ ਅਗੇ ਰਖਦੇ ਸਨ । ਜੇ ਚਕੋਰ ਉਤੇ ਕਿਸੇ ਤਰ੍ਹਾਂ ਦਾ ਕੋਈ ਬੁਰਾ ਅਸਰ ਨਾ ਪਏ ਤਾਂ ਭੋਜਨ ਖਾਂਦੇ ਸਨ ।

ਇਕ ਹੋਰ ਧਾਰਨਾ ਹੈ ਕਿ ਚਕੋਰ ਅੰਗਾਰੇ ਖਾਂਦਾ ਹੈ । ਮਹਾਨ ਕੋਸ਼ ਅਨੁਸਾਰ ਇਸਦਾ ਮੂਲ ਇਹ ਹੈ ਕਿ ਚਕੋਰ ਰਿੰਗਣ ਜੋਤਿ (ਜੁਗਨੂੰ) ਖਾਇਆ ਕਰਦਾ ਹੈ ਤੇ ਉਸਦੇ ਭੁਲੇਖੇਂ ਵਿਚ ਕਈ ਵਾਰ ਅੰਗਾਰਿਆਂ ਨੂੰ ਵੀ ਚੁਗਣ ਲਗ ਜਾਂਦਾ ਹੈ ।

**(ਚ-22) ਚੱਚਾਲੀ :**

ਸ਼ਾਹਪੁਰ ਦੇ ਉੱਤਰ ਪੱਛਮ ਵਲ ਇਕ ਪਹਾੜੀ। ਜੇ ਇਸ ਦਿਸ਼ਾ ਵਲੋਂ ਬੱਦਲ ਗੱਜੇ ਤਾਂ ਅੱਖ ਪਲਕਾਰੇ ਵਿਚ ਹੀ ਮੀਂਹ ਵਸਣ ਲਗ ਪੈਂਦਾ ਹੈ।

ਕਹਾਵਤ ਹੈ :

ਚੱਚਾਲੀ ਬੱਦਲ ਗੱਜੇ,
ਗਊ ਚੁੰਏਦਾ ਭੱਜੇ।

ਇਹ ਪਹਾੜੀ ਕਾਲਾ ਬਾਗ਼ ਦੇ ਨੇੜੇ ਸਥਿਤ ਹੈ। ਇਥੇ ਕਦੇ ਚੱਚਾਲੀ ਨਾਉਂ ਦਾ ਇਕ ਸਰਪ ਰਿਹਾ ਕਰਦਾ ਸੀ, ਜਿਸ ਬਾਰੇ ਕਈ ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ।

**(ਚ-23) ਚਚੂੰਧਰ (ਛਛੂੰਦਰ) :**

ਚੂਹੇ ਦੀ ਜ਼ਾਤ ਦਾ ਇਕ ਜੀਵ; ਧਾਰਨਾ ਹੈ ਕਿ ਚਚੂੰਧਰ ਸੱਪ ਨੂੰ ਵੇਖਦਿਆਂ ਸਾਰ ਹੀ ਉਸ ਦੀਆਂ ਅੱਖਾਂ ਉਤੇ ਝਪਟ ਕੇ ਉਸਨੂੰ ਅੰਨ੍ਹਾ ਕਰ ਦੇਂਦੀ ਹੈ। ਸੱਪ ਚਚੂੰਧਰ ਨੂੰ ਫੜ ਤਾਂ ਲੈਂਦਾ ਹੈ, ਪਰ ਇਸ ਵਿਚੋਂ ਇਤਨੀ ਦੁਰਗੰਧ ਆਉਂਦੀ ਹੈ ਕਿ ਉਸਨੂੰ ਖਾ ਨਹੀਂ ਸਕਦਾ, ਜੇ ਖਾ ਲਏ ਤਾਂ ਕੋੜ੍ਹੀ ਹੋ ਜਾਂਦਾ ਹੈ। ਕਹਾਵਤ ਵੀ ਹੈ :

ਸੱਪ ਦੇ ਮੂੰਹ ਛਛੂੰਦਰ,
ਖਾਏ ਤਾਂ ਕੋੜ੍ਹੀ, ਛੱਡੇ ਤਾਂ ਅੰਨ੍ਹਾ।

**(ਚ-24) ਚੱਟੂ-ਮੋਹਲਾ ਦੀ ਕਥਾ :**

ਇਸਤਰੀ ਦੇ ਸੱਤ ਨਾਲ ਸੰਬੰਧਿਤ ਇਕ ਪ੍ਰਸਿਧ ਕਥਾ, ਜਿਸ ਵਿਚ ਇਕ ਪਤਵੰਤੀ ਇਸਤ੍ਰੀ ਦੀ ਸੱਤ ਦੀ ਸ਼ਕਤੀ ਨਾਲ, ਮੋਹਲਾ ਹਵਾ ਵਿਚ ਖੜਾ ਹੋ ਗਿਆ ਸੀ। ਪਤਵੰਤੀ ਮੋਹਲੇ ਨਾਲ ਚੱਟੂ ਵਿਚ, ਧਾਨ ਕੁਟ ਰਹੀ ਸੀ। ਅਚਾਨਕ ਸੁਤੇ ਪਏ ਪਤੀ ਦੀ ਅੱਖ ਖੁਲ੍ਹੀ ਤੇ ਉਸ ਨੇ ਪਾਣੀ ਮੰਗਿਆ। ਪਤਵੰਤੀ ਨੇ ਮੋਹਲਾ ਉਥੇ ਹੀ ਛਡ ਦਿਤਾ ਤੇ ਰਸੋਈ ਵਿਚੋਂ ਪਾਣੀ ਲੈਣ ਚਲੀ ਗਈ। ਮੋਹਲਾ ਹਵਾ ਵਿਚ, ਜਿਥੇ ਪਤਵੰਤੀ ਛਡ ਕੇ ਗਈ ਸੀ, ਉਥੇ ਹੀ ਟਿਕਿਆ ਰਿਹਾ। ਇਕ ਗੁਆਂਢਣ, ਜੋ ਆਪਣੇ ਪਤੀ ਨਾਲ ਹਮੇਸ਼ਾ ਲੜਦੀ ਖਹਿਬੜਦੀ ਰਹਿੰਦੀ ਸੀ, ਨੇ ਇਹ ਅਲੌਕਿਕ ਦ੍ਰਿਸ਼ ਵੇਖਿਆ। ਉਸਨੇ ਵੀ ਪਤਵੰਤੀ ਦੀ ਰੀਸ ਕਰਨੀ ਚਾਹੀ। ਉਸ ਪਤੀ ਨੂੰ ਪਰੌਂਠੇ ਖਵਾ ਕੇ ਸੰਵਾ ਦਿਤਾ ਤੇ ਆਪ ਚੱਟੂ ਮੋਹਲਾ ਲੈ ਕੇ ਧਾਨ ਕੁੱਟਣ ਬਹਿ ਗਈ। ਪਤੀ ਦੀ ਨੀਂਦਰ ਹੀ ਨਾ ਖੁਲ੍ਹੀ ਤੇ ਉਸ ਪਾਣੀ ਹੀ ਨਾ ਮੰਗਿਆ। ਤੀਵੀਂ ਨੇ ਕਰੋਧ ਵਿਚ ਆ ਕੇ ਮੋਹਲਾ ਪਤੀ ਦੇ ਸਿਰ 'ਤੇ ਮਾਰਿਆ ਤੇ ਕਿਹਾ, "ਮੁਸ਼ਟੰਡਾ! ਪਰੌਂਠੇ ਖਾ ਕੇ ਸੌਂ ਮਰ ਰਿਹੈ, ਪਾਣੀ ਹੀ ਨਹੀਂ ਮੰਗਿਆ, ਮੈਂ ਮੋਹਲਾ ਕਿੰਜ ਖੜਾ ਕਰਦੀ" (ਵੇਖੋ : ਪਤੀਬ੍ਰਤਾ ਧਰਮ)।

**(ਚ-25) ਚੱਠ :**

ਇਕ ਰਸਮ, ਜੋ ਨਵੇਂ ਘਰ ਵਿਚ ਪ੍ਰਵੇਸ਼ ਕਰਨ ਵੇਲੇ ਕੀਤੀ ਜਾਂਦੀ ਹੈ; ਪੋਠੋਹਾਰ ਵਿਚ ਇਸਨੂੰ 'ਢੱਠਣੀ' ਵੀ ਕਹਿੰਦੇ ਹਨ। ਪਹਿਲਿਆਂ ਵਿਚ ਖੂਹ ਜਾਂ ਸਰੋਵਰ ਦੀ ਉਸਾਰੀ ਵੇਲੇ ਵੀ ਚੱਠ ਕੀਤੀ ਜਾਂਦੀ ਸੀ। ਇਸ ਮੌਕੇ ਉਤੇ ਭਾਈਚਾਰੇ ਨੂੰ ਨਿਉਤਾ ਦਿਤਾ ਜਾਂਦਾ ਅਤੇ ਸਾਧ ਸੰਤਾਂ, ਫ਼ਕੀਰਾਂ ਤੇ ਗ਼ਰੀਬਾਂ ਨੂੰ ਵੀ ਭੋਜ ਖਵਾਇਆ ਜਾਂਦਾ। ਸਿੱਖਾਂ ਵਿਚ ਇਸ ਮੌਕੇ ਉਤੇ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਤੇ ਕੀਰਤਨ ਕਰਵਾਣ ਦਾ ਵਿਧਾਨ ਹੈ ਅਤੇ ਲੰਗਰ ਵਰਤਾਇਆ ਜਾਂਦਾ ਹੈ। ਹਿੰਦੂ ਹਵਨ ਕਰਦੇ ਹਨ ਤੇ ਗ੍ਰਿਹਿ ਪੂਜਣ ਮਗਰੋਂ ਬ੍ਰਾਹਮਣਾਂ ਨੂੰ ਭੋਜ ਦੇਂਦੇ ਹਨ।

ਚੱਠ ਦੇ ਮੌਕੇ 'ਤੇ ਸ਼ਗਨ ਵਜੋਂ ਧੀਆਂ-ਧਿਆਣੀਆਂ ਨੂੰ ਤ੍ਰੇਵਰ ਦਿਤੇ ਜਾਂਦੇ ਹਨ; ਤੀਵੀਂ ਦੇ ਪੇਕਾ ਪਰਿਵਾਰ ਵਾਲੇ ਇਸ ਮੌਕੇ ਉਤੇ ਉਸਨੂੰ ਤ੍ਰੇਵਰ ਆਦਿ ਦੇਂਦੇ ਹਨ। ਭਾਈਚਾਰੇ ਦੇ ਲੋਕ ਵੀ ਸ਼ਗਨ ਵਜੋਂ ਨਕਦ ਰੁਪਏ ਜਾਂ ਕਪੜੇ ਦੇਂਦੇ ਹਨ।

ਚੱਠ ਦੀ ਰਸਮ ਪੁਰਾਣੇ ਵੇਲਿਆਂ ਤੋਂ ਹੀ ਚਲੀ ਆ ਰਹੀ ਹੈ। ਚੱਠ ਕਰਨ ਪਿਛੇ ਇਹ ਉਦੇਸ਼ ਦਸਿਆ ਜਾਂਦਾ ਹੈ ਕਿ ਮਕਾਨ, ਖੂਹ, ਸਰੋਵਰ ਆਦਿ ਦੀ ਉਸਾਰੀ ਸਮੇਂ ਧਰਤੀ ਦੇ ਕਈ ਕੀੜੇ-ਮਕੌੜੇ ਤੇ ਜੀਵ-ਜੰਤੂਆਂ ਦੀ ਹੱਤਿਆ ਹੋ ਜਾਂਦੀ ਹੈ। ਚੱਠ ਦੁਆਰਾ ਇਹ ਪਾਪ ਮਾਫ਼ ਹੋ ਜਾਂਦੇ ਹਨ। ਚੱਠ ਵਾਲੇ ਦਿਨ, ਇਸੇ ਲਈ, ਅੰਡਾ ਜਾਂ ਮਾਸ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਇਹ ਵੀ ਧਾਰਨਾ ਹੈ ਕਿ ਚੱਠ ਕਰਨ ਨਾਲ, ਉਸ ਜਗ੍ਹਾ, ਜੇ ਕਿਸੇ ਚੰਦਰੀ ਰੂਹ ਦਾ ਨਿਵਾਸ ਹੋਵੇ, ਤਾਂ ਉਹ ਨਸ ਜਾਂਦੀ ਹੈ।

ਕਿਸੇ ਸਮੇਂ ਚੱਠ ਵੇਲੇ ਧਰਤੀ ਮਾਤਾ ਦੀ ਪੂਜਾ ਦੀ ਪ੍ਰਥਾ ਵੀ ਸੀ।

**(ਚ-26) ਚੱਠਾ :**

ਜੱਟਾਂ ਦੀ ਇਕ ਗੋਤ, ਜੋ ਧਰਮ ਵਲੋਂ ਮੁਸਲਮਾਨ ਹਨ। ਇਨ੍ਹਾਂ ਦੀ ਬਹੁਤੀ ਵਸੋਂ ਗੁਜਰਾਂਵਾਲਾ ਜ਼ਿਲੇ ਦੇ ਹਾਫ਼ਿਜ਼ਾਬਾਦ ਅਤੇ ਵਜ਼ੀਰਾਬਾਦ ਪਰਗਣਿਆਂ ਵਿਚ ਹੈ। ਇਸ ਜ਼ਿਲੇ ਵਿਚ ਇਨ੍ਹਾਂ ਦੇ ਇਕਾਸੀ ਪਿੰਡ ਹਨ ਪਰ ਸੀਤਾ ਰਾਮ ਕੋਹਲੀ ਅਨੁਸਾਰ ਅਠੱਤਰ ਪਿੰਡ।

ਚੱਠੇ ਆਪਣਾ ਪਿੱਛਾ ਦਿੱਲੀ ਦੇ ਚੌਹਾਨ ਰਾਜਪੂਤਾਂ ਨਾਲ ਜੋੜਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਵਡਿਕਾ 'ਚੱਟਾ' ਦਿੱਲੀ ਦੇ ਚੌਹਾਨ ਰਾਜੇ ਪ੍ਰਿਥਵੀ ਰਾਏ ਦਾ ਪੋਤਰਾ ਅਤੇ ਚੀਮਿਆਂ ਦੇ ਵਡਿਕੇ ਦਾ ਭਰਾ ਸੀ। ਦਾਹੜੂ,

ਜੋ ਚੱਠੇ ਦੀ ਦਸਵੀਂ ਪੀੜ੍ਹੀ ਵਿਚੋਂ ਸੀ, ਚੌਧਵੀਂ ਸਦੀ ਦੇ ਨੇੜੇ ਤੇੜੇ ਸੰਭਲ (ਮੁਰਾਦਾਬਾਦ) ਤੋਂ ਝਨਾਂ ਦੇ ਕੰਢੇ ਆ ਕੇ ਵਸਿਆ। ਪਿਛੋਂ ਇਹ ਲੋਕ ਝਨਾਂ ਦੇ ਕੰਢੇ ਦੇ ਨਾਲ ਨਾਲ ਫੈਲਦੇ ਗਏ, ਜਿਥੇ ਇਨ੍ਹਾਂ ਨੇ ਅਨੇਕਾਂ ਪਿੰਡ ਵਸਾਏ। ਚੱਠਿਆਂ ਦੇ ਕਥਨ ਅਨੁਸਾਰ ਇਨ੍ਹਾਂ ਦੇ ਵਡਿਕੇ ਨੇ 1600 ਈ: ਦੇ ਨੇੜੇ ਤੇੜੇ ਇਸਲਾਮ ਮਤ ਧਾਰਨ ਕੀਤਾ। ਚੱਠਿਆਂ ਨੇ ਗੁਜਰਾਂਵਾਲਾ ਵਿਚ ਕਈ ਨਵੇਂ ਪਿੰਡ ਵਸਾਏ। ਕੁਝ ਪਿੰਡਾਂ ਦਾ ਨਾਉਂ ਚੱਠਾ ਹੀ ਰਖਿਆ, ਪਰ ਕਈਆਂ ਦੇ ਹੋਰ ਨਾਉਂ ਵੀ ਧਰੇ ਗਏ। ਇਨ੍ਹਾਂ ਦੇ ਇਕ ਮੁਖੀਏ ਨੂਰ ਮੁਹੰਮਦ (1704 ਈ:) ਨੇ ਅਹਿਮਦ ਨਗਰ ਤੇ ਰਸੂਲ ਨਗਰ ਵਸਾਏ।

ਸ਼ੁਕਰਚਕੀਆ ਮਿਸਲ ਦੇ ਵੇਲੇ ਇਹ ਕਬੀਲਾ ਕਾਫ਼ੀ ਸ਼ਕਤੀਸ਼ਾਲੀ ਸੀ। ਮਿਸਲ ਨੂੰ ਕਈ ਵਾਰ ਇਸ ਕਬੀਲੇ ਨਾਲ ਲੋਹਾ ਲੈਣਾ ਪਿਆ। ਅਖ਼ੀਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਕਬੀਲੇ ਉਤੇ ਵਿਜੈ ਪਾਈ। ਮਹਾਰਾਜਾ ਰਣਜੀਤ ਸਿੰਘ ਨਾਲ ਚੱਠਿਆਂ ਦੇ ਯੁੱਧ ਦਾ ਵਰਨਣ 'ਚੱਠਿਆਂ ਦੀ ਵਾਰ' ਵਿਚ ਮਿਲਦਾ ਹੈ।

(ਚ-27) **ਚੰਡ** :

ਇਕ ਅਸੁਰ, ਜੋ ਸੁੰਭ ਨਾਉਂ ਦੇ ਦੈਂਤ ਦਾ ਸੈਨਾਪਤੀ ਸੀ। ਇਹ ਆਪਣੇ ਆਪ ਨੂੰ ਵਡਾ ਯੋਧਾ ਸਮਝਦਾ ਸੀ। ਦੁਰਗਾ ਨਾਲ ਲੜਦਿਆਂ ਇਹ ਰਣ-ਖੇਤਰ ਵਿਚ ਹੀ ਮਾਰਿਆ ਗਿਆ। ਇਸ ਮਹਾਬਲੀ ਅਸੁਰ ਨੂੰ ਮਾਰਨ ਕਰਕੇ ਦੁਰਗਾ ਦੇਵੀ ਚੰਡਿਕਾ ਜਾਂ ਚੰਡੀ ਅਖਵਾਈ।

ਮੁੰਡ ਇਸੇ ਅਸੁਰ ਦਾ ਵਡਾ ਭਰਾ ਸੀ, ਜਿਸ ਨੂੰ ਵੀ ਦੁਰਗਾ ਦੇਵੀ ਨੇ ਮਾਰ ਦਿਤਾ ਸੀ।

ਕਿਨੀ ਦਸਤ ਉਠਾਏ ਰਹੇ ਨ ਜੀਵਦੇ
ਚੰਡ ਅਰੁ ਮੁੰਡ ਖਪਾਏ ਦੋਨੋਂ ਦੇਵਤਾ। (ਚੰਡੀ ਦੀ ਵਾਰ)

(ਚ-28) **ਚੰਡਕਾ** :

ਦੁਰਗਾ ਦੇਵੀ ਦੀ ਇਕ ਉਪਾਧੀ। ਚੰਡ ਨਾਉਂ ਦੇ ਅਸੁਰ ਨੂੰ ਮਾਰਨ ਕਰਕੇ, ਦੁਰਗਾ ਦਾ ਨਾਉਂ ਚੰਡਕਾ ਅਥਵਾ ਚੰਡੀ ਪੈ ਗਿਆ।

ਪੰਜਾਬ ਵਿਚ ਲੜਾਕੀ ਤੀਵੀਂ ਨੂੰ ਅਪਮਾਨਿਤ ਕਰਨ ਲਈ 'ਚੰਡੀ' ਅਥਵਾ 'ਚੰਡਿਕਾ' ਸ਼ਬਦ ਵਰਤਿਆ ਜਾਂਦਾ ਹੈ।

(ਚ-29) **ਚੰਡਾਲ** :

ਮਰਘਟ ਵਿਚ ਮੁਰਦੇ ਫੂਕਣ ਦਾ ਕੰਮ ਕਰਨ ਵਾਲਾ ਸ਼ੂਦਰ। ਔਸ਼ਨਸੀ ਸਿਮ੍ਰਿਤੀ ਅਨੁਸਾਰ ਬ੍ਰਾਹਮਣੀ ਦੇ ਪੇਟ ਤੋਂ ਸ਼ੂਦਰ ਦੀ ਔਲਾਦ ਚੰਡਾਲ ਅਖਵਾਉਂਦੀ ਹੈ।

ਚੰਡਾਲ ਸ਼ਬਦ ਉਸ ਸ਼ਖ਼ਸ ਲਈ ਵੀ ਵਰਤਿਆ ਜਾਂਦਾ ਹੈ, ਜਿਸ ਨੂੰ ਜਾਤ-ਬਰਾਦਰੀ ਨੇ ਛੇਕ ਦਿਤਾ ਹੋਵੇ। ਚੰਡਾਲ ਸ਼ਬਦ ਗਾਲ੍ਹ ਵਜੋਂ ਵੀ ਵਰਤਿਆ ਜਾਂਦਾ ਹੈ ਤੇ ਇਸਦਾ ਭਾਵ ਦੁਸ਼ਟ ਤੇ ਹਤਿਆਰਾ ਹੁੰਦਾ ਹੈ।

ਖਤ੍ਰੀਆਂ ਦੀ ਇਕ ਗੋਤ ਚੰਡਾਲੀਆ ਹੈ।

(ਚ-30) **ਚੰਡੀ ਦੇਵੀ** :

ਦੁਰਗਾ ਦੇਵੀ ਦਾ ਇਕ ਰੂਪ (ਵੇਖੋ : ਦੁਰਗਾ ਦੇਵੀ)।

(ਚ-31) **ਚੰਡੀ ਪਾਠ** :

ਮਾਰਕੰਡੇ ਪੁਰਾਣ ਵਿਚ ਦਿਤੀ ਦੁਰਗਾ ਦੇਵੀ ਦੀ ਇਕ ਮਿਥਕ ਕਥਾ, ਜਿਸ ਵਿਚ ਦੁਰਗਾ ਦੇਵੀ ਦੀਆਂ ਅਸੁਰਾਂ ਨਾਲ ਹੋਏ ਯੁੱਧਾਂ ਦਾ ਵਰਨਣ ਹੈ। ਇਸ ਕਥਾ ਵਿਚ ਸੱਤ ਸੌ ਸਲੋਕ ਹਨ। ਅੰਤ ਵਿਚ ਕਥਾ ਦਾ ਮਹਾਤਮ ਦਿਤਾ ਹੋਇਆ ਹੈ। ਦੇਵੀ ਦੇ ਉਪਾਸ਼ਕ, ਮੁਕਤੀ ਦੀ ਭਾਵਨਾ ਨਾਲ, ਇਸ ਕਥਾ ਦਾ ਪਾਠ ਕਰਦੇ ਹਨ।

ਚੰਡੀ ਦੀ ਵਾਰ ਵਿਚ, ਇਸ ਨੂੰ 'ਦੁਰਗਾ ਪਾਠ' ਕਿਹਾ ਗਿਆ ਹੈ ਤੇ ਇਸ ਦਾ ਮਹਾਤਮ ਅੰਤਲੀ ਸਤਰ ਵਿਚ ਇਉਂ ਦਸਿਆ ਹੈ :

ਦੁਰਗਾ ਪਾਠ ਬਣਾਇਆ, ਸਭੇ ਪਉੜੀਆਂ।
ਫੇਰ ਨਾ ਜੂਨੀ ਆਇਆ, ਜਿਨ ਇਹ ਗਾਇਆ।

(ਚ-32) **ਚੰਡੋਲ** :

ਇਕ ਛੋਟਾ ਜਿਹਾ ਪੰਛੀ, ਜੋ ਸਰਘੀ ਵੇਲੇ ਭਾਂਤ ਭਾਂਤ ਦੀਆਂ ਬੋਲੀਆਂ ਬੋਲਦਾ ਹੈ। ਇਸ ਦੀ ਆਵਾਜ਼ ਬੜੀ ਮਿੱਠੀ ਤੇ ਮਧੁਰ ਹੁੰਦੀ ਹੈ। ਧਾਰਨਾ ਹੈ ਕਿ ਇਸ ਪੰਛੀ ਨੂੰ ਸ਼ਿਵ ਤੋਂ ਵਰ ਮਿਲਿਆ ਸੀ ਕਿ ਉਹ ਜਿਸ ਪੰਛੀ ਦੀ ਵੀ ਚਾਹੇ, ਉਸੇ ਦੀ ਬੋਲੀ ਦੀ ਸਹਿਜੇ ਹੀ ਨਕਲ ਉਤਾਰ ਲਏਗਾ। ਇਕ ਵਾਰ ਸ਼ਿਵ ਜੀ ਤੇ ਪਾਰਬਤੀ ਸਵੇਰੇ ਸਵੇਰੇ ਕਿਸੇ ਜੰਗਲ ਵਿਚੋਂ ਦੀ ਲੰਘ ਰਹੇ ਸਨ। ਦੋਹਾਂ ਦਾ ਮਨ ਉਖੜਿਆ ਉਖੜਿਆ ਤੇ ਬੇਚੈਨ ਸੀ। ਚੰਡੋਲ ਇਕ ਰੁੱਖ ਉਤੇ ਬੈਠਾ ਮਿੱਠੀ-ਧੁਨੀ ਵਿਚ ਗਾ ਰਿਹਾ ਸੀ। ਸ਼ਿਵ ਦਾ ਮਨ ਪ੍ਰਸੰਨ ਹੋ ਗਿਆ ਤੇ ਉਹ ਉਸ ਦਰਖ਼ਤ ਹੇਠਾਂ ਬੈਠ ਕੇ ਕਾਫ਼ੀ ਚਿਰ ਤਕ, ਚੰਡੋਲ ਦਾ ਗੀਤ ਸੁਣਦੇ ਰਹੇ। ਫਿਰ ਪਾਰਬਤੀ ਦੀ ਸਿਫ਼ਾਰਸ਼ ਉਤੇ, ਉਨ੍ਹਾਂ ਚੰਡੋਲ ਨੂੰ ਵਰ ਬਖ਼ਸ਼ਿਆ। ਉਦੋਂ ਤੋਂ ਚੰਡੋਲ ਸੰਸਾਰ ਦੇ ਸਭ ਪੰਛੀਆਂ ਦੀ ਆਵਾਜ਼ ਕਢ ਲੈਂਦਾ ਹੈ। ਭਾਂਤ ਭਾਂਤ ਦੀਆਂ ਬੋਲੀਆਂ ਬੋਲਣ ਕਰਕੇ ਉਰਦੂ ਤੇ ਫ਼ਾਰਸੀ ਵਾਲੇ ਇਸ ਪੰਛੀ ਨੂੰ 'ਹਜ਼ਾਰ ਦਾਸਤਾਂ' ਵੀ ਕਹਿੰਦੇ ਹਨ।

ਬਹਾਵਲਪੁਰ ਦੇ ਇਲਾਕੇ ਦੇ ਲੋਕਾਂ ਦੀ ਧਾਰਨਾ ਹੈ

ਕਿ ਇਹ ਪੰਛੀ, ਗਾਉਂਦਾ ਹੋਇਆ, ਕਈ ਵਾਰ ਬੇਸੁਰਤ ਹੋ ਕੇ ਜ਼ਿਮੀਂ ਤੇ ਡਿਗ ਪੈਂਦਾ ਹੈ। ਜੇ ਕੋਈ ਕੁੱਤਾ/ਗਿੱਦੜ ਇਸ ਨੂੰ ਬੇਸੁਰਤੀ ਵਿਚ ਖਾ ਜਾਵੇ, ਤਾਂ ਉਹ ਪਾਗਲ ਹੋ ਜਾਂਦਾ ਹੈ।

(ਚ-33) **ਚੰਡੋਲਾ** :

ਇਕ ਖ਼ਾਸ ਤਰ੍ਹਾਂ ਦਾ ਝੂਲਾ, ਜਿਸ ਵਿਚ ਕ੍ਰਿਸ਼ਨ ਜੀ ਬਾਲ ਅਵਸਥਾ ਵਿਚ ਝੂਲਦੇ ਸਨ। ਜਨਮ ਅਸ਼ਟਮੀ ਵਾਲੇ ਦਿਨ, ਮੰਦਰਾਂ ਵਿਚ, ਕ੍ਰਿਸ਼ਨ ਦੀ ਬਾਲ-ਮੂਰਤੀ ਨੂੰ ਚੰਡੋਲੇ ਵਿਚ ਲਿਟਾ ਕੇ ਝੂਟੇ ਦਿਤੇ ਜਾਂਦੇ ਤੇ ਆਰਤੀ ਉਤਾਰੀ ਜਾਂਦੀ ਹੈ। ਪਹਿਲਿਆਂ ਵਿਚ ਜਦੋਂ ਸਤੀ ਦੀ ਰਸਮ ਦਾ ਰਵਾਜ ਸੀ, ਜਿਸ ਪਾਲਕੀ ਵਿਚ, ਸਤੀ ਹੋਣ ਵਾਲੀ ਇਸਤ੍ਰੀ ਨੂੰ ਸਮਸ਼ਾਨ ਘਾਟ ਲਿਜਾਇਆ ਜਾਂਦਾ ਸੀ, ਉਸ ਨੂੰ ਵੀ ਚੰਡੋਲਾ ਕਿਹਾ ਜਾਂਦਾ ਸੀ।

ਚੰਡੋਲੇ ਨੂੰ, ਪਹਿਲਿਆਂ ਵਿਚ, ਅਮੀਰ ਲੋਕ ਸਫ਼ਰ ਲਈ ਵੀ ਵਰਤਦੇ ਸਨ। ਇਹ ਪਾਲਕੀ ਚਾਰੇ ਪਾਸੇ ਤੋਂ ਬੰਦ ਹੁੰਦੀ ਸੀ। ਇਸ ਵਿਚ ਖਿੜਕੀਆਂ ਲੱਗੀਆਂ ਹੁੰਦੀਆਂ, ਜਿਨ੍ਹਾਂ ਉਤੇ ਰੇਸ਼ਮੀ ਪਰਦੇ ਸਜਾਏ ਹੁੰਦੇ। ਅੰਦਰ ਰੇਸ਼ਮ ਦੇ ਵਿਛੌਣੇ ਤੇ ਗੱਦੇ ਝਮਝਮ ਕਰਦੇ ਸਨ। ਚੰਡੋਲਾ ਦੇ ਦੋਹੀਂ ਪਾਸੀਂ ਦੋ ਵੰਝ ਲੱਗੇ ਹੁੰਦੇ, ਜੋ ਅਗੇ ਪਿਛੇ ਵਲ ਵਧੇ ਹੁੰਦੇ, ਵੰਝ ਨੂੰ ਤਿੰਨ ਸ਼ਖ਼ਸ ਅਗਿਓਂ ਤੇ ਤਿੰਨ ਪਿਛਿਓਂ ਚੁਕਦੇ।

(ਚ-34) **ਚੱਢਾ** :

(1) ਖਤ੍ਰੀਆਂ ਦੀ ਇਕ ਗੋਤ, ਜੋ ਖੁਖਰੈਣ ਬਿਰਾਦਰੀ ਵਿਚੋਂ ਹੈ। ਇਸ ਗੋਤ ਵਾਲੇ ਆਪਣੀਆਂ ਧੀਆਂ ਖੁਖਰੈਣ ਬਰਾਦਰੀ ਤੋਂ ਬਾਹਰ ਨਹੀਂ ਵਿਆਹੁੰਦੇ।

(2) ਜੱਟਾਂ ਦੀ ਇਕ ਗੋਤ ਦਾ ਨਾਉਂ ਵੀ ਚੱਢਾ ਹੈ।

(ਚ-35) **ਚਤੁਰਥੀ** :

ਚੰਦਰ-ਮਾਸ ਦੇ ਚਾਨਣੇ ਜਾਂ ਹਨੇਰੇ ਪੱਖ ਦੀ ਚੌਥੀ ਤਿਥੀ। ਧਾਰਨਾ ਹੈ ਕਿ ਨਵਾਂ ਚੰਨ ਦੂਜੀ ਜਾਂ ਤੀਜੀ ਤਿੱਥ ਨੂੰ ਚੜ੍ਹਦਾ ਵੇਖਣਾ ਸ਼ੁਭ ਹੁੰਦਾ ਹੈ, ਚੌਥੀ ਤਿੱਥ ਨੂੰ ਨਹੀਂ। ਜੇ ਨਵਾਂ ਚੰਨ ਚਤੁੱਰਥ ਨੂੰ ਚੜ੍ਹਿਆ ਵੇਖਿਆ ਜਾਵੇ ਤਾਂ ਜ਼ਰੂਰ ਕੋਈ ਝੂਠੀ ਊਜ ਜਾਂ ਤੋਹਮਤ ਮੱਥੇ ਲਗਦੀ ਹੈ। ਜੇ ਗ਼ਲਤੀ ਨਾਲ ਚਤੁਰਥੀ ਦੇ ਚੰਨ ਉਤੇ ਨਜ਼ਰ ਪੈ ਜਾਵੇ ਤਾਂ ਹੇਠਲਾ ਟੱਪਾ ਤਿੰਨ ਵਾਰ ਪੜ੍ਹਨ ਨਾਲ, ਚੰਦਰਮਾ ਦਾ ਮੰਦਾ ਪ੍ਰਭਾਵ ਨਹੀਂ ਰਹਿੰਦਾ :

ਚਤੁਰਥ ਦਾ ਚੰਨ, ਰਾਜੇ ਦਾ ਡੰਨ।
ਰਾਣੀ ਦਾ ਚੂੜਾ, ਕਦੇ ਨਾ ਲਗੇ ਤੁਹਮਤ ਕੂੜਾ।

ਇਹ ਟੱਪਾ ਕਿਸੇ ਮੰਤ੍ਰ ਦਾ ਅੰਸ਼ ਜਾਪਦਾ ਹੈ(ਵੇਖੋ:ਗਣੇਸ਼ ਚੌਥ)।

(ਚ-36) **ਚੰਦ ਕੋਛਾ** :

ਤੀਵੀਆਂ ਦਾ ਇਕ ਗਹਿਣਾ, ਜੋ ਸਿਰ ਤੇ ਪਹਿਨਿਆ ਜਾਂਦਾ ਹੈ। ਇਸ ਗਹਿਣੇ ਦਾ ਰਵਾਜ ਵਧੇਰੇ ਕਰਕੇ ਪੁਆਧ ਖੇਤਰ ਵਿਚ ਹੈ।

(ਚ-37) **ਚੰਦਨ** :

ਇਸ ਦਰਖ਼ਤ ਦੀ ਲਕੜੀ ਬੜੀ ਖ਼ੁਸ਼ਬੂਦਾਰ ਹੁੰਦੀ ਹੈ। ਚੰਦਨ ਨੂੰ ਹਿੰਦੂ ਬੜੀ ਪਵਿਤ੍ਰ ਲਕੜੀ ਮੰਨਦੇ ਹਨ ਅਤੇ ਇਸੇ ਨੂੰ ਘਿਸਾ ਕੇ ਮੱਥੇ ਉਤੇ ਤਿਲਕ ਲਗਾਉਂਦੇ ਹਨ। ਚੰਦਨ ਦੀ ਲਕੜੀ ਦੇਵਤਿਆਂ ਨੂੰ ਵੀ ਅਰਪਨ ਕੀਤੀ ਜਾਂਦੀ ਹੈ ਅਤੇ ਇਸ ਦੀ ਧੂਪ ਧੁਖਾ ਕੇ ਠਾਕਰਾਂ ਦੀ ਆਰਤੀ ਉਤਾਰੀ ਜਾਂਦੀ ਹੈ।

ਹਿੰਦੂਆਂ ਵਿਚ ਦੇਹ ਦਾ ਸਸਕਾਰ ਕਰਨ ਲਗਿਆਂ, ਪ੍ਰਾਣੀ ਦੇ ਮੂੰਹ ਉਤੇ, ਚੰਦਨ ਦਾ ਬੂਰਾ ਧੂੜਿਆ ਜਾਂਦਾ ਹੈ। ਧਾਰਨਾ ਹੈ ਕਿ ਅਗਲੇ ਲੋਕ ਵਿਚ, ਉਸ ਪ੍ਰਾਣੀ ਦੀ ਰੂਹ ਵਿਚੋਂ ਚੰਦਨ ਦੀ ਮਹਿਕ ਆਉਂਦੀ ਰਹਿੰਦੀ ਹੈ ਤੇ ਦੇਵਤੇ ਉਸ ਤੇ ਪ੍ਰਸੰਨ ਹੁੰਦੇ ਹਨ।

ਚੰਦਨ ਦੀ ਲਕੜੀ ਉਤੇ ਨਿਕਾਸ਼ੀ ਦਾ ਕੰਮ ਵੀ ਕੀਤਾ ਜਾਂਦਾ ਹੈ।

(ਚ-38) **ਚੰਦਨ ਸ਼ਹਿਜ਼ਾਦੀ** :

ਝੰਗ ਦੇ ਇਲਾਕੇ ਦੀ ਇਕ ਸ਼ਹਿਜ਼ਾਦੀ, ਜਿਸ ਦੇ ਹੁਸਨ ਤੇ ਬੀਰਤਾ ਦੀ ਧਾਂਕ ਚਹੁ-ਚਕੀ ਫੈਲੀ ਹੋਈ ਸੀ। ਝਨਾਂ ਦੇ ਖੱਬੇ ਕੰਢੇ ਚਨਿਓਟ ਨਾਂ ਦਾ ਜੋ ਨਗਰ ਵਸਿਆ ਹੈ, ਉਸ ਨੂੰ ਚੰਦਨ ਨੇ ਹੀ ਵਸਾਇਆ ਸੀ। ਇਸ ਸ਼ਹਿਜ਼ਾਦੀ ਦੇ ਨਾਂ ਉਤੇ ਨਗਰ ਦਾ ਨਾਂ ਵੀ ਚੰਦਨ ਓਟ ਰਖਿਆ ਗਿਆ, ਬਾਅਦ ਵਿਚ ਜੋ ਵਿਗੜ ਕੇ ਚਨਿਓਟ ਪੈ ਗਿਆ।

ਚੰਦਨ ਘੋੜੇ ਦੀ ਸ਼ਾਹਸਵਾਰ ਸੀ ਅਤੇ ਸ਼ਿਕਾਰ ਵਿਚ ਬੜੀ ਦਿਲਚਸਪੀ ਰਖਦੀ ਸੀ। ਝੰਗ ਦੇ ਬੇਲੇ ਵਿਚ, ਇਹ ਮਰਦਾਵੇਂ ਭੇਸ ਵਿਚ, ਸ਼ਿਕਾਰ ਖੇਡਿਆ ਕਰਦੀ ਸੀ ਤੇ ਕੋਈ ਸ਼ਿਕਾਰ ਇਸ ਦੀ ਨਜ਼ਰ ਤੋਂ ਬਚ ਕੇ ਨਹੀਂ ਸੀ ਨਿਕਲਿਆ ਕਰਦਾ। ਕਈ ਵਡੇ ਵਡੇ ਰਾਜੇ, ਸ਼ਹਿਜ਼ਾਦੇ ਚੰਦਨ ਨਾਲ ਵਿਆਹ ਕਰਨ ਲਈ ਤਰਲੋਮੱਛੀ ਹੋਏ ਪਏ ਸਨ, ਪਰ ਇਸ ਨੇ ਸਭ ਨੂੰ ਠੁਕਰਾ ਦਿਤਾ। ਚੰਦਨ ਦੀ ਇਕੋ ਸ਼ਰਤ ਸੀ ਕਿ ਜਿਹੜਾ ਰਾਜਕੁਮਾਰ ਉਸਦੇ ਸਾਹਮਣੇ ਢਾਲ-ਤਲਵਾਰ ਨਾਲ ਸ਼ੇਰ ਦਾ ਸ਼ਿਕਾਰ ਕਰੇਗਾ, ਉਸ ਨਾਲ ਉਹ ਵਿਆਹ ਰਚਾਵੇਗੀ। ਚਨਿਓਟ ਦੇ ਲੋਕ ਦਸਦੇ ਹਨ ਕਿ ਪੁਰਾਣੇ ਭੱਟ ਚੰਦਨ ਦੇ ਬੀਰ-ਰਸੀ ਕਾਰਨਾਮਿਆਂ ਬਾਰੇ, ਇਕ 'ਵਾਰ' ਪਿੰਡ ਦੇ ਪਰ੍ਹੇ ਵਿਚ ਕਦੇ ਗਾਇਆ ਕਰਦੇ ਸਨ। ਚੰਦਨ

ਸਬੰਧੀ ਇਕ ਪੁਰਾਣੀ ਕਾਵਿ ਟੁਕੜੀ ਇਉਂ ਪ੍ਰਚਲਤ ਹੈ :

ਧੌਲੇ ਨੇ ਧਰਤੀ ਥੰਮੀ, ਚੰਦਨ ਨੇ ਚਨਿਓਟ ।
ਸੀਂਹ ਦੀ ਛਾਤੀ ਬੈਠਸੀ, ਸੰਹੀਓ ਉਸ ਦਾ ਗੋਟ ।

(ਚ-39) **ਚੰਦਨਹਾਰ** :

ਗਲ ਵਿਚ ਪਹਿਨਣ ਵਾਲਾ ਇਕ ਜੜਾਊ ਹਾਰ, ਜਿਸ ਵਿਚ ਸੋਨੇ ਚਾਂਦੀ ਜਾਂ ਕੀਮਤੀ ਪਥਰਾਂ ਦੀਆਂ ਟੁਕੜੀਆਂ ਲਗੀਆਂ ਹੁੰਦੀਆਂ ਹਨ । ਇਹ ਹਾਰ ਅਮੀਰ ਘਰਾਂ ਤੇ ਸ਼ਾਹੀ ਘਰਾਣਿਆਂ ਦੀਆਂ ਤੀਵੀਆਂ ਪਹਿਨਿਆ ਕਰਦੀਆਂ ਸਨ । ਹਾਰ ਦਾ ਨਾਉਂ ਚੰਦਨਹਾਰ, ਇਸ ਲਈ ਪਿਆ ਕਿ ਇਸ ਵਿਚ, ਚੰਨ ਦੀ ਸ਼ਕਲ ਦੀਆਂ ਗੋਲ ਟੁਕੜੀਆਂ ਸਜਾਈਆਂ ਹੁੰਦੀਆਂ ਸਨ । ਹਿੰਦੂ ਘਰਾਣਿਆਂ ਵਿਚ ਇਹ ਹਾਰ ਅਮੀਰੀ ਦਾ ਪ੍ਰਤੀਕ ਸੀ ।

ਮੁਲਤਾਨ ਵਿਚ, ਓੜ ਵਿਆਹ ਸਮੇਂ, ਇਕ ਖ਼ਾਸ ਤਰ੍ਹਾਂ ਦੇ ਚੰਦਨ ਹਾਰ ਦੁਆਰਾ ਇਕ ਰੀਤ ਕੀਤਾ ਕਰਦੇ ਸਨ । ਵਿਆਹ ਪਿਛੋਂ, ਜਦੋਂ ਲਾੜ੍ਹਾ ਜੰਡੀ ਦੀਆਂ ਟਹਿਣਾਂ ਕਟਦਾ ਤਾਂ ਲਾੜ੍ਹੀ ਉਸਦੇ ਨਾਲ ਹੁੰਦੀ । ਜੰਡੀ ਕਟਣ ਲਗਿਆਂ ਲਾੜ੍ਹਾ ਲਾੜ੍ਹੀ ਦੇ ਗੱਡੇ ਨਾਲ ਆਪਣਾ ਗੱਡਾ ਛੁਹਾਂਦਾ । ਉਦੋਂ ਦੋਹਾਂ ਦੇ ਗਿੱਟਿਆਂ ਦੁਆਲੇ ਚੰਦਨਹਾਰ ਬੰਨ੍ਹ ਦਿਤਾ ਜਾਂਦਾ ਤੇ ਫਿਰ ਇਕ ਛੱਟੀ ਨਾਲ ਦੋਹਾਂ ਦੇ ਗਿੱਟੇ ਛੂਹੇ ਜਾਂਦੇ । ਇਹ ਚੰਦਨਹਾਰ ਆਮ ਤੌਰ ਤੇ ਚਾਂਦੀ ਦਾ ਬਣਿਆ ਹੁੰਦਾ ਸੀ । ਇਸ ਰੀਤ ਨੂੰ 'ਚੰਦਨਹਾਰੀ' ਕਹਿੰਦੇ ਹਨ ।

(ਚ-40) **ਚੰਦਨਹਾਰੀ** :

ਵਿਆਹ ਦੀ ਇਕ ਰੀਤ, ਜੋ ਮੁਲਤਾਨ ਦੇ ਓੜਾਂ ਵਿਚ ਕਦੇ ਪ੍ਰਚਲਤ ਸੀ । ਵਿਆਹ ਪਿਛੋਂ ਲਾੜ੍ਹਾ ਜੰਡੀ ਦੀਆਂ ਟਹਿਣਾਂ ਕੱਟਣ ਲਗਿਆਂ ਲਾੜ੍ਹੀ ਦੇ ਗੱਡੇ ਨਾਲ ਆਪਣਾ ਗੱਡਾ ਛੁਹਾਂਦਾ ਤੇ ਦੋਹਾਂ ਦੇ ਗਿੱਟਿਆਂ ਦੁਆਲੇ ਚੰਦਨਹਾਰ ਬੰਨ੍ਹਿਆ ਹੁੰਦਾ ਸੀ । ਫਿਰ ਛੱਟੀ ਨਾਲ ਦੂਹਾਂ ਦੇ ਗਿੱਟੇ ਛੂਹੇ ਜਾਂਦੇ ਸਨ ।

(ਚ-41) **ਚੰਦਰਹਾਸ** :

(1) ਰਾਵਣ ਦੀ ਇਕ ਖ਼ਾਸ ਤਲਵਾਰ, ਜਿਸ ਦਾ ਪ੍ਰਕਾਸ਼, ਚੰਨ ਦੀ ਚਾਨਣੀ ਵਾਂਗ ਦੂਰ ਦੂਰ ਤਕ ਫੈਲ ਜਾਂਦਾ ਸੀ । ਪੁਰਾਣਾਂ ਅਨੁਸਾਰ, ਇਹ ਤਲਵਾਰ ਰਾਵਣ ਨੂੰ ਸ਼ਿਵ ਤੋਂ ਪ੍ਰਾਪਤ ਹੋਈ ਸੀ । ਰਾਵਣ ਦੀ ਕਰੜੀ ਅਰਾਧਨਾ ਤੇ ਪ੍ਰਸੰਨ ਹੋ ਕੇ, ਸ਼ਿਵ ਨੇ ਇਹ ਵਡਮੁਲੀ ਤਲਵਾਰ ਉਸਨੂੰ ਬਖ਼ਸ਼ੀ ।

(2) ਦੱਖਣ ਦਾ ਇਕ ਰਾਜਕੁਮਾਰ, ਜਿਸ ਦੀ ਕਥਾ ਮਹਾਂਭਾਰਤ ਵਿਚ ਦਰਜ ਮਿਲਦੀ ਹੈ । ਚੰਦਰਹਾਸ ਦੇ ਮਾਤਾ ਪਿਤਾ ਛੋਟੀ ਉਮਰ ਵਿਚ ਹੀ ਮਰ ਗਏ ਸਨ । ਗੱਦੀ ਰਾਜ ਮੰਤ੍ਰੀ ਧ੍ਰਿਸਟਬੁੱਧੀ ਨੇ ਸੰਭਾਲ ਲਈ । ਜਦੋਂ ਚੰਦਰਹਾਸ ਵਡਾ ਹੋਇਆ ਤਾਂ ਇਕ ਜੋਤਿਸ਼ੀ ਨੇ ਉਸਦੇ ਹੱਥ ਦੀਆਂ ਰੇਖਾਵਾਂ ਵੇਖ ਕੇ ਕਿਹਾ ਕਿ ਉਹ ਵਡਾ ਹੋ ਕੇ ਚੱਕਰਵਰਤੀ ਰਾਜਾ ਬਣੇਗਾ । ਧ੍ਰਿਸਟਬੁੱਧੀ ਨੇ ਉਸਨੂੰ ਮਾਰਨ ਦੇ ਕਈ ਮਨਸੂਬੇ ਘੜੇ, ਪਰ ਸਫਲ ਨਾ ਹੋ ਸਕਿਆ । ਅਖੀਰ ਧ੍ਰਿਸਟਬੁੱਧੀ ਨੇ ਚੰਦਰਹਾਸ ਨੂੰ ਇਕ ਪਰਵਾਨਾ ਦੇ ਕੇ ਆਪਣੇ ਲੜਕੇ ਮਦਨ ਕੋਲ ਭੇਜਿਆ । ਇਸ ਪਰਵਾਨੇ ਵਿਚ ਉਸਨੇ ਲਿਖਿਆ ਸੀ ਕਿ ਇਸਨੂੰ ਵਿਸ਼ ਦੇ ਦਿਓ ਅਥਵਾ ਜ਼ਹਿਰ ਨਾਲ ਮਾਰ ਦਿਓ । ਚੰਦਰਹਾਸ ਮਦਨ ਦੇ ਬਾਗ਼ ਵਿਚ ਜਾ ਕੇ ਲੇਟ ਗਿਆ ਤੇ ਥਕਿਆ ਹੋਣ ਕਰ ਕੇ ਸੌਂ ਗਿਆ । ਧ੍ਰਿਸਟਬੁੱਧੀ ਦੀ ਲੜਕੀ ਬਾਗ਼ ਵਿਚ ਘੁੰਮ ਰਹੀ ਸੀ । ਉਹ ਚੰਦਰਹਾਸ ਨੂੰ ਵੇਖਦੇ ਸਾਰ ਮੋਹਿਤ ਹੋ ਗਈ । ਇਹ ਜਾਣਨ ਲਈ ਕਿ ਇਹ ਯੁਵਕ ਕੌਣ ਹੈ, ਉਸਨੇ ਉਸਦੇ ਸਮਾਨ ਦੀ ਫੋਲਾ ਫਾਲੀ ਕੀਤੀ । ਪਿਉ ਦਾ ਪਰਵਾਨਾ ਵੇਖ ਕੇ ਦੁਖੀ ਹੋਈ । ਉਸਨੂੰ ਫੋਰਨ ਕੁਝ ਸੁਝਿਆ ਤੇ ਉਸਨੇ ਅੱਖਾਂ ਦੇ ਕਜਲੇ ਨਾਲ ਵਿਸ਼ ਦੀ ਥਾਂ ਵਿਸ਼ਯਾ ਕਰ ਦਿਤਾ । ਜਦੋਂ ਚੰਦਰਹਾਸ ਮਦਨ ਕੋਲ ਪੁਜਾ ਤਾਂ ਪਿਉ ਦਾ ਪਰਵਾਨਾ ਪੜ੍ਹ ਕੇ, ਮਦਨ ਨੇ ਚੰਦਰਹਾਸ ਦਾ ਵਿਆਹ ਵਿਸ਼ਯਾ ਨਾਲ ਕਰ ਦਿਤਾ । ਇਸ ਗੱਲ ਦੀ ਖ਼ਬਰ ਧ੍ਰਿਸਟਬੁੱਧੀ ਨੂੰ ਮਿਲੀ ਤਾਂ ਉਹ ਬੜਾ ਕਲਪਿਆ । ਧ੍ਰਿਸਟਬੁੱਧੀ ਨੇ ਚੰਦਰਹਾਸ ਨੂੰ ਕਤਲ ਕਰਵਾਉਣ ਦਾ ਇਕ ਹੋਰ ਮਨਸੂਬਾ ਵੀ ਘੜਿਆ, ਪਰ ਰੱਬ ਦੀ ਕਰਨੀ, ਚੰਡਾਲਾਂ ਨੇ, ਗ਼ਲਤੀ ਨਾਲ, ਚੰਦਰਹਾਸ ਦੀ ਥਾਂ ਧ੍ਰਿਸਟਬੁੱਧੀ ਦੇ ਪੁੱਤਰ ਮਦਨ ਨੂੰ ਕਤਲ ਕਰ ਦਿਤਾ । ਆਦਿ ਗ੍ਰੰਥ ਵਿਚ ਇਸ ਕਥਾ ਵਲ ਸੰਕੇਤ ਮਿਲਦਾ ਹੈ :

ਜਿਉ ਜਨ ਚੰਦ੍ਰਹਾਸੁ ਦੁਖਿਆ,
ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ।

(ਨਟ ਅਸਟਪਦੀਆਂ ਮ: ੪)

(ਚ-42) **ਚੰਦਰ ਕਲਾ** :

ਚੰਨ ਦੀਆਂ ਸੋਲਾਂ ਕਲਾਂ ਹਨ, ਜੋ ਪੂਰਨਮਾਸ਼ੀ ਨੂੰ ਸੰਪੂਰਨ ਹੁੰਦੀਆਂ ਹਨ । ਏਕਮ ਤੋਂ ਪੂਰਨਮਾਸ਼ੀ ਤਕ ਚੰਦਰਮਾ ਦੀ ਇਕ ਕਲ ਹਰ ਤਿੱਥ ਨੂੰ ਵਧਦੀ ਜਾਂਦੀ ਹੈ ਫਿਰ ਪੂਰਨਮਾਸ਼ੀ ਤੋਂ ਅਮਾਵਸ ਤਕ ਇਕ ਇਕ ਕਲ ਹਰ ਤਿੱਥ ਨੂੰ ਘਟਦੀ ਜਾਂਦੀ ਹੈ । ਵਿਸ਼ਨੂੰ ਪੁਰਾਣ ਅਨੁਸਾਰ ਚੰਦਰਮਾ ਦੀ ਕਲਾ ਦੇ ਵਧਣ ਘਟਣ ਦਾ ਕਾਰਨ ਦਕਸ਼ ਰਿਸ਼ੀ ਦਾ ਸਰਾਪ ਹੈ । ਚੰਦਰਮਾ ਦਾ ਵਿਆਹ ਦਕਸ਼ ਰਿਸ਼ੀ ਦੀਆਂ ਸਤਾਈ ਧੀਆਂ ਨਾਲ ਹੋਇਆ । ਚੰਦਰਮਾ ਰੋਹਿਣੀ

ਨੂੰ ਸਭਨਾਂ ਨਾਲੋਂ ਵਧੇਰੇ ਪਿਆਰ ਕਰਦਾ ਸੀ। ਫਲਸਰੂਪ ਦਕਸ਼ ਦੀਆਂ ਬਾਕੀ ਧੀਆਂ ਨੇ, ਈਰਖਾ ਵਸ ਹੋ ਕੇ ਪਿਓ ਅਗੇ ਫ਼ਰਿਆਦ ਕੀਤੀ। ਦਕਸ਼ ਨੇ ਚੰਦਰਮਾ ਨੂੰ ਬੜਾ ਸਮਝਾਇਆ, ਪਰ ਉਸਦੇ ਵਤੀਰੇ ਵਿਚ ਕੋਈ ਫ਼ਰਕ ਨਾ ਪਿਆ। ਅਖ਼ੀਰ ਦਕਸ਼ ਨੇ ਕਰੋਧ ਵਿਚ ਆ ਕੇ ਚੰਦਰਮਾ ਨੂੰ ਘੁਲ ਘੁਲ ਕੇ ਮਰਨ ਦਾ ਸਰਾਪ ਦੇ ਦਿਤਾ। ਜਦੋਂ ਚੰਦਰਮਾ ਮਰਨ ਦੇ ਕਿਨਾਰੇ ਪੁਜਾ ਤਾਂ ਦਕਸ਼ ਦੀਆਂ ਧੀਆਂ ਨੇ ਦੁਖੀ ਹੋ ਕੇ, ਆਪਣੇ ਪਿਤਾ ਨੂੰ ਸਰਾਪ ਵਾਪਸ ਲੈਣ ਲਈ ਕਿਹਾ। ਰਿਸ਼ੀ ਨੇ ਸਰਾਪ ਤਾਂ ਵਾਪਸ ਨਾ ਲਿਆ, ਪਰ ਉਸ ਵਿਚ ਪ੍ਰੀਵਰਤਨ ਕਰ ਦਿਤਾ ਕਿ ਚੰਦਰਮਾ ਦਾ ਹਮੇਸ਼ਾ ਲਈ ਵਿਨਾਸ਼ ਨਹੀਂ ਹੋਵੇਗਾ ਤੇ ਅੰਤਮ ਸੀਮਾ ਤੇ ਪਹੁੰਚ ਕੇ ਉਹ ਫਿਰ ਵਧਣਾ ਸ਼ੁਰੂ ਹੋ ਜਾਵੇਗਾ। ਇਸ ਤਰ੍ਹਾਂ ਚੰਦਰਮੇ ਦੀ ਚੜ੍ਹਤ ਇਕ ਸਾਰ ਨਹੀਂ ਰਹਿੰਦੀ।

ਸ਼ਾਸਤ੍ਰਾਂ ਵਿਚ ਚੰਦਰਮਾ ਦੀਆਂ ਸੋਲਾਂ ਕਲਾਂ ਦੇ ਨਾਂ ਦਰਜ ਹਨ :

ਅਮ੍ਰਿਤਾ, ਮਾਨਦਾ, ਪੂਸ਼ਾ, ਪੁਸ਼ਠੀ, ਤਸ਼ਠੀ, ਰਤੀ, ਧ੍ਰਿਤ, ਸ਼ਸ਼ਿਨੀ, ਚੰਦ੍ਰਿਕਾ, ਕਾਂਤਿ, ਜਯੋਤਸਨਾ, ਸ੍ਰੀ, ਪ੍ਰੀਤਿ, ਅੰਗਦਾ, ਪ੍ਰਸੂਣਾ ਅਤੇ ਪੂਰਣਾ।

ਕਾਮ ਸ਼ਾਸਤ੍ਰ ਵਿਚ ਸੋਲਾਂ ਕਲਾਂ ਦੇ ਜੋ ਨਾਉਂ ਦਿਤੇ ਹਨ ਉਹ ਇਸ ਤੋਂ ਰਤਾ ਭਿੰਨ ਹਨ।

(ਚ-43) **ਚੰਦ੍ਰਕਾ** :

(1) ਇਕ ਗਹਿਣਾ ਜੋ ਅੱਧੇ ਚੰਨ ਦੀ ਸ਼ਕਲ ਦਾ ਹੁੰਦਾ ਹੈ ਅਤੇ ਮੱਥੇ ਉਤੇ ਲਟਕਾਇਆ ਜਾਂਦਾ ਹੈ। ਚੰਦ੍ਰਕਾ ਚਾਂਦੀ ਦੀ ਧਾਤ ਦਾ ਵੀ ਬਣਦਾ ਹੈ ਤੇ ਸੋਨੇ ਦਾ ਵੀ। ਇਸ ਨਾਲ ਇਕ ਜੰਜੀਰੀ ਲਗੀ ਹੁੰਦੀ ਹੈ, ਜੋ ਮਾਂਗ ਉਤੇ ਲਟਕਾ ਦਿਤੀ ਜਾਂਦੀ ਹੈ।

(2) ਸ਼ਾਸਤਰਾਂ ਅਨੁਸਾਰ ਚੰਦਰਮਾ ਦੀ ਨਾਵੀਂ ਕਲਾ 'ਚੰਦ੍ਰਿਕਾ' ਅਖਵਾਉਂਦੀ ਹੈ।

(3) ਮੋਰ ਦੇ ਖੰਭਾਂ ਉਤੇ ਚੰਨ ਦੀ ਸ਼ਕਲ ਦੇ ਬਣੇ ਫੁੰਦਰ; ਅਜਿਹੇ ਖੰਭ ਨੂੰ ਕੋਲ ਰਖਣ ਨਾਲ ਸਰਸਵਤੀ ਦੇਵੀ ਦੀ ਬਖ਼ਸ਼ਿਸ਼ ਰਹਿੰਦੀ ਹੈ ਅਤੇ ਬੁੱਧੀ ਤੀਖਣ ਹੁੰਦੀ ਹੈ। ਛੋਟੇ ਪੜ੍ਹਦੇ ਬੱਚੇ ਆਪਣੀਆਂ ਕਿਤਾਬਾਂ ਕਾਪੀਆਂ ਵਿਚ, ਚੰਦਰਮਾ ਦੀ ਟਿੱਕੀ ਵਾਲੇ ਮੋਰ-ਖੰਭ ਇਸੇ ਭਾਵ ਨਾਲ ਚਿਪਕਾਂਦੇ ਹਨ।

(ਚ-44) **ਚੰਦ੍ਰ ਕਾਂਤ** :

ਇਕ ਖ਼ਾਸ ਤਰ੍ਹਾਂ ਦੀ ਮਣੀ ਜਿਸ ਬਾਰੇ ਕਈ ਤਰ੍ਹਾਂ ਦੀਆਂ ਮਨੌਤਾਂ ਹਨ। ਧਾਰਨਾ ਹੈ ਕਿ ਇਹ ਮਣੀ ਸੂਰਜ ਦੀਆਂ ਪਹਿਲੀਆਂ ਕਿਰਨਾਂ ਦੇ ਜੰਮ ਕੇ ਪੱਥਰ ਹੋ ਜਾਣ ਨਾਲ ਬਣਦੀ ਹੈ। ਰਾਤ ਵੇਲੇ ਜਦੋਂ ਚੰਨ ਦੀਆਂ ਕਿਰਨਾਂ ਇਸ ਉਤੇ ਪੈਂਦੀਆਂ ਹਨ ਤਾਂ ਇਹ ਪੰਘਰ ਕੇ ਚਾਨਣੀ ਵਿਚ ਅਲੋਪ ਹੋ ਜਾਂਦੀ ਹੈ। ਬਦਲਵੇਂ ਰੰਗ ਦੀ ਇਸ ਮਣੀ ਵਿਚ ਚੰਨ ਦਾ ਬਿੰਬ ਵਿਖਾਈ ਦੇਂਦਾ ਹੈ। ਇਕ ਧਾਰਨਾ ਅਨੁਸਾਰ ਇਹ ਚੰਨ ਦੀਆਂ ਰਿਸ਼ਮਾਂ ਦਾ ਪੱਥਰ ਹੋ ਜਾਣ ਨਾਲ ਹੋਂਦ ਵਿਚ ਆਉਂਦੀ ਹੈ।

ਇਕ ਹੋਰ ਧਾਰਨਾ ਅਨੁਸਾਰ ਕੱਤਕ ਦੀ ਪੂਰਨਮਾਸ਼ੀ ਵਾਲੀ ਰਾਤ ਚੰਨ ਦੀਆਂ ਕਿਰਨਾਂ ਜੰਮ ਕੇ, ਮਣੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਸ ਦੀ ਆਭਾ ਚੰਨ ਦੇ ਵਧਣ ਨਾਲ ਵਧਦੀ ਤੇ ਘਟਣ ਨਾਲ ਘਟਦੀ ਰਹਿੰਦੀ ਹੈ। ਇਹ ਸ਼ੁਭ ਮਣੀ ਜਿਸ ਸ਼ਖ਼ਸ ਦੇ ਕੋਲ ਹੋਵੇ, ਉਸਦੇ ਸਭ ਕਾਰਜ ਰਾਸ ਹੁੰਦੇ ਹਨ ਤੇ ਮਾਨਸਿਕ ਰੋਗ ਉਸਦੇ ਨੇੜੇ ਨਹੀਂ ਢੁਕਦੇ।

(ਚ-45) **ਚੰਦਰ ਗ੍ਰਹਿਣ** :

(ਵੇਖੋ : ਚੰਨ ਗ੍ਰਹਿਣ)।

(ਚ-46) **ਚੰਦਰਧਰ** :

ਸ਼ਿਵ ਜਿਸ ਨੇ ਚੰਦਰਮਾ ਨੂੰ ਮੁਕਟ ਦੇ ਰੂਪ ਵਿਚ ਸੀਸ ਉਤੇ ਧਾਰਨ ਕੀਤਾ ਹੋਇਆ ਹੈ। ਇਸੇ ਪ੍ਰਸੰਗ ਵਿਚ ਸ਼ਿਵ ਨੂੰ 'ਚੰਦ੍ਰਚੂੜ' ਵੀ ਕਿਹਾ ਜਾਂਦਾ ਹੈ ਅਥਵਾ ਜਿਸ ਨੇ ਆਪਣੇ ਜੂੜੇ ਵਿਚ ਚੰਦ੍ਰ ਧਾਰਨ ਕੀਤਾ ਹੋਵੇ।

(ਚ-47) **ਚੰਦਰ ਬ੍ਰਤ (ਵਰਤ)** :

ਉਹ ਵਰਤ ਜਿਸ ਵਿਚ ਚੰਦ੍ਰਮਾ ਦੇ ਵਧਣ ਘਟਣ ਨਾਲ ਭੋਜਨ ਦੀਆਂ ਗਰਾਹੀਆਂ ਵੀ ਵਧਦੀਆਂ ਘਟਦੀਆਂ ਰਹਿੰਦੀਆਂ ਹਨ (ਵੇਖੋ : ਚੰਦ੍ਰਾਇਣ)।

(ਚ-48) **ਚੰਦਰ ਬਦਨ** :

ਅਜਾਤੀ ਇਸ਼ਕ ਦੇ ਇਕ ਪ੍ਰਸਿਧ ਕਿੱਸੇ ਦੀ ਨਾਇਕਾ; ਪੰਜਾਬੀ ਵਿਚ ਇਹ ਕਿੱਸਾ ਮੀਆਂ ਅਮਾਮ ਬਖ਼ਸ਼ ਨੇ ਲਿਖਿਆ, ਜੋ ਸਿੱਖਾਂ ਦੇ ਰਾਜ ਦੇ ਅੰਤਲੇ ਸਮੇਂ ਹੋਇਆ।

ਚੰਦਰਬਦਨ ਪਟਨਾ ਨਗਰ ਦੇ ਇਕ ਰਾਜੇ ਰੰਗਪਤੀ ਦੀ ਲੜਕੀ ਸੀ। ਬੀਜਾਪੁਰ ਦੇ ਇਕ ਸੌਦਾਗਰ ਮਿਯਾਰ ਦਾ, ਚੰਦਰਬਦਨ ਨਾਲ ਇਸ਼ਕ ਹੋ ਗਿਆ। ਮਿਯਾਰ ਨੇ ਚੰਦਰਬਦਨ ਦੇ ਪ੍ਰੇਮ ਵਿਚ ਵਿਆਕੁਲ ਹੋ ਕੇ ਘਰ ਬਾਹਰ ਸਭੋ ਤਿਆਗ ਦਿਤਾ ਤੇ ਫ਼ਕੀਰਾਂ ਵਾਂਗ ਰਹਿਣ ਲਗਾ। ਪਰ ਇਹ ਇਸ਼ਕ ਇਕ-ਤਰਫ਼ਾ ਸੀ। ਚੰਦਰਬਦਨ ਨੇ ਕਦੇ ਮਿਯਾਰ ਵਲ ਧਿਆਨ ਨਹੀਂ ਸੀ ਦਿਤਾ। ਬੀਜਾਪੁਰ ਦੇ ਰਾਜੇ ਨੂੰ ਮਿਯਾਰ ਦੀ ਵੇਦਨਾ ਬਾਰੇ ਜਦੋਂ ਸੂਹ ਲਗੀ ਤਾਂ

ਉਹ ਉਸ ਨੂੰ ਨਾਲ ਲੈ ਕੇ ਵਜ਼ੀਰ ਸਮੇਤ ਪਟਨੇ ਪਹੁੰਚਿਆ। ਮਿਯਾਰ ਇਕ ਮੇਲੇ ਵਿਚੋਂ ਚੰਦਰਬਦਨ ਨੂੰ ਮਿਲਿਆ ਤੇ ਆਪਣਾ ਪ੍ਰੇਮ ਜਤਲਾ ਕੇ, ਉਸ ਅਗੇ ਵਿਆਹ ਦਾ ਪ੍ਰਸਤਾਵ ਰਖਿਆ। ਚੰਦਰਬਦਨ ਨੇ ਮਿਯਾਰ ਤੋਂ ਖਹਿੜਾ ਛੁਡਾਉਣ ਲਈ ਕਿਹਾ ਕਿ ਹਿੰਦੂ ਕੰਨਿਆਂ ਦਾ ਵਿਆਹ ਮੁਸਲਮਾਨ ਨਾਲ ਹੋਣਾ ਅਸੰਭਵ ਹੈ।

ਅਗਲੇ ਦਿਨ, ਮਿਯਾਰ ਚੰਦਰਬਦਨ ਨੂੰ ਫਿਰ ਮੇਲੇ ਵਿਚ ਮਿਲਿਆ। ਚੰਦਰਬਦਨ ਨੇ ਖਿਝ ਕੇ ਤਾਹਨਾ ਮਾਰਦਿਆਂ ਕਿਹਾ "ਐਵੇਂ ਝੂਠਾ ਆਸ਼ਕ ਬਣਿਆ ਫਿਰਦੈਂ, ਸੱਚਾ ਆਸ਼ਕ ਹੈਂ ਤਾਂ ਮਰ ਕੇ ਵਿਖਾ।" ਮਿਯਾਰ ਨੇ ਉਸੇ ਛਿਣ ਲੰਮਾ ਹਉਕਾ ਭਰਦਿਆਂ, ਚੰਦਰਬਦਨ ਦੇ ਪੈਰਾਂ ਵਿਚ ਡਿਗ ਕੇ ਪ੍ਰਾਣ ਤਿਆਗ ਦਿਤੇ।

ਇਹ ਦ੍ਰਿਸ਼ ਵੇਖ ਕੇ ਚੰਦਰਬਦਨ ਦੇ ਅੰਦਰ ਵੀ ਮਿਯਾਰ ਲਈ ਪ੍ਰੇਮ ਜਾਗ ਉਠਿਆ ਤੇ ਉਹ ਬ੍ਰਿਹੋਂ ਵਿਚ ਵਿਆਕੁਲ ਹੋਣ ਲਗੀ। ਮਿਯਾਰ ਦਾ ਜਨਾਜ਼ਾ ਚੰਦਰਬਦਨ ਦੇ ਮਹਿਲਾਂ ਅਗੋਂ ਲੰਘਾਇਆ ਜਾਣਾ ਸੀ। ਜਨਾਜ਼ਾ ਮਹਿਲ ਅਗੇ ਜਾ ਕੇ ਰੁਕ ਗਿਆ ਤੇ ਕਈ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਗੇ ਨਹੀਂ ਤੁਰਿਆ। ਬੀਜਾਪੁਰ ਦੇ ਰਾਜੇ ਚੰਗਾਪਤੀ ਅਗੇ ਬੇਨਤੀ ਕੀਤੀ ਕਿ ਉਹ ਚੰਦਰਬਦਨ ਨੂੰ ਕਹੇ ਕਿ ਉਹ ਜਨਾਜ਼ੇ ਉਤੇ ਇਕ ਨਜ਼ਰ ਮਾਰੇ, ਸ਼ਾਇਦ ਜਨਾਜ਼ਾ ਚਲ ਪਏ। ਚੰਦਰਬਦਨ ਨੇ ਕਾਜ਼ੀ ਨੂੰ ਸਦ ਕੇ ਪਹਿਲਾਂ ਮੁਸਲਮਾਨੀ ਮਤ ਗ੍ਰਹਿਣ ਕੀਤਾ ਤੇ ਫਿਰ ਜਨਾਜ਼ੇ ਉਤੇ ਡਿਗ ਕੇ ਪ੍ਰਾਣ ਤਿਆਗ ਦਿਤੇ।

ਇਸ ਕਿੱਸੇ ਦੀਆਂ ਕਈ ਘਟਨਾਵਾਂ ਬੜੀਆਂ ਅਸੰਭਵ ਹਨ। ਬੀਜਾਪੁਰ ਦੇ ਬਾਦਸ਼ਾਹ ਦਾ ਪਟਨਾ ਵਿਚ ਆ ਕੇ ਰਹਿਣਾ ਤੇ ਮਿਯਾਰ ਵਿਚ ਦਿਲਚਸਪੀ ਲੈਣਾ ਅਨਹੋਣੀ ਗੱਲ ਜਾਪਦੀ ਹੈ। ਬੀਜਾਪੁਰ ਦੱਖਣ ਵਿਚ ਹੈ ਤੇ ਪਟਨਾ ਬਿਹਾਰ ਵਿਚ। ਦੋਹਾਂ ਨਗਰਾਂ ਵਿਚ ਹਜ਼ਾਰਾਂ ਮੀਲਾਂ ਦੀ ਵਿੱਥ ਹੈ। ਇਹ ਕਥਾ ਨਿਰੋਲ ਕਲਪਨਾ ਉਤੇ ਆਧਾਰਤ ਲੋਕ-ਕਹਾਣੀ ਜਾਪਦੀ ਹੈ।

(ਚ-49) **ਚੰਦਰ ਬਦਰ** :

ਪੂਰਨਮਾਸ਼ੀ ਦਾ ਚੰਨ, ਜੋ ਸੋਲਾਂ ਕਲਾਂ ਨਾਲ ਸੰਪੂਰਨ ਹੁੰਦਾ ਹੈ। ਇਸਨੂੰ ਬੜਾ ਸ਼ੁਭ ਮੰਨਿਆ ਜਾਂਦਾ ਹੈ।

(ਚ-50) **ਚੰਦਰ ਭਾਗਾ** :

ਝਨਾਂ ਦਾ ਪੁਰਾਣਾ ਨਾਉਂ; ਹਿਮਾਲਿਆ ਪਰਬਤ ਵਿਚੋਂ, ਚੰਦਰ ਭਾਗਾ ਨਾਉਂ ਦੀ ਥਾਉਂ ਤੋਂ ਨਿਕਲਣ ਕਰਕੇ ਇਸ ਦਰਿਆ ਨੂੰ ਚੰਦਰ ਭਾਗਾ ਕਿਹਾ ਜਾਣ ਲਗਾ। ਰਿਗਵੇਦ ਵਿਚ ਇਸ ਨਦੀ ਦਾ ਨਾਉਂ ਅਸਿਕਨੀ ਹੈ। ਮੁਗ਼ਲਾਂ ਦੇ ਰਾਜ ਸਮੇਂ ਇਸ ਦਾ ਨਾਉਂ ਚੰਦਰਭਾਗਾ ਤੋਂ ਵਿਗੜ ਕੇ ਚਨਾਬ ਪੈ ਗਿਆ। ਇਸ ਦਾ ਸਥਾਨਕ ਨਾਉਂ ਝਨਾਂ ਹੈ ਅਤੇ ਪੰਜਾਬੀ ਲੋਕਧਾਰਾ ਵਿਚ ਇਹ ਨਦੀ 'ਇਸ਼ਕ' ਦੀ ਬੋਧਿਕ ਹੈ (ਵੇਖੋ : ਝਨਾਂ)।

(ਚ-51) **ਚੰਦਰਭਾਨ** :

ਮੱਸਿਆ ਦੀ ਤਿੱਥ ਨੂੰ ਜੰਮੇ ਬਾਲਕ ਨੂੰ, ਵਿਅੰਗ ਨਾਲ ਚੰਦਰਭਾਨ ਅਥਵਾ ਚੰਦਰਮਾ ਦਾ ਪ੍ਰਕਾਸ਼ ਕਿਹਾ ਜਾਂਦਾ ਹੈ। ਜੋਤਿਸ਼ ਅਨੁਸਾਰ ਮੱਸਿਆ ਨੂੰ ਜੰਮਿਆ ਸ਼ਖ਼ਸ ਬੜਾ ਆਲਸੀ, ਦਰਿਦ੍ਰੀ ਤੇ ਤਾਮਸੀ ਸੁਭਾਅ ਦਾ ਹੁੰਦਾ ਹੈ।

(ਚ-52) **ਚੰਦਰਮਾ** :

ਸੱਤਾਂ ਗ੍ਰਹਿਆਂ ਵਿਚੋਂ ਇਕ ਗ੍ਰਹਿ, ਜਿਸ ਨੂੰ ਹਿੰਦੂ ਦੇਵਤਾ ਮੰਨ ਕੇ ਪੂਜਦੇ ਹਨ। ਗ੍ਰਹਿਆਂ ਵਿਚੋਂ ਸਭ ਤੋਂ ਵਧ ਲੋਕਧਾਰਾ ਚੰਦਰਮਾ ਨਾਲ ਜੁੜੀ ਹੋਈ ਹੈ।

ਚੰਦਰਮਾ ਦੀ ਉਤਪਤੀ ਬਾਰੇ ਕਈ ਮਿਥਕ ਕਥਾਵਾਂ ਪ੍ਰਚਲਤ ਹਨ। ਇਕ ਕਥਾ ਅਨੁਸਾਰ ਜਦੋਂ ਦੇਵਤਿਆਂ ਨੇ ਖੀਰ ਸਾਗਰ ਨੂੰ ਰਿੜਕਿਆ ਤਾਂ ਸਮੁੰਦਰ ਵਿਚੋਂ, ਜੋ ਚੌਦਾਂ ਰਤਨ ਨਿਕਲੇ, ਉਨ੍ਹਾਂ ਵਿਚੋਂ ਇਕ ਰਤਨ 'ਚੰਦਰਮਾ' ਸੀ। ਸਾਗਰ ਵਿਚੋਂ ਨਿਕਲਣ ਕਰਕੇ, ਚੰਦਰਮਾ ਨੂੰ ਵਰੁਣ ਦੇਵਤੇ ਦਾ ਪੁੱਤਰ ਸਮਝਿਆ ਜਾਣ ਲਗਾ।

ਇਕ ਪੌਰਾਣਿਕ ਕਥਾ ਅਨੁਸਾਰ ਚੰਦਰਮਾ (ਸੋਮ) ਅੱਤਰੀ ਰਿਸ਼ੀ ਦਾ ਪੁੱਤਰ ਸੀ ਜੋ ਅਨਸੂਯਾ ਦੀ ਕੁਖੋਂ ਪੈਦਾ ਹੋਇਆ। ਇਕ ਹੋਰ ਕਥਾ ਵਿਚ ਚੰਦਰਮਾ ਨੂੰ ਸੂਰਜ ਦਾ ਪੁੱਤਰ ਮੰਨਿਆ ਗਿਆ।

ਵਿਸ਼ਨੂੰ ਪੁਰਾਣ ਅਨੁਸਾਰ ਚੰਦਰ ਦਾ ਵਿਆਹ ਦਕਸ਼ ਰਿਸ਼ੀ ਦੀਆਂ 27 ਧੀਆਂ ਨਾਲ ਹੋਇਆ। ਆਕਾਸ਼ ਵਿਚ ਚੰਦਰਮਾ ਦੇ ਮਾਰਗ 'ਤੇ 27 ਨਛੱਤਰ, ਇਨ੍ਹਾਂ 27 ਧੀਆਂ ਦਾ ਹੀ ਮਾਨਵੀਕਰਣ ਹਨ।

ਬ੍ਰਿਹਦ ਆਰਣਯਕ ਵਿਚ ਚੰਦਰ ਨੂੰ ਜ਼ਾਤ ਦਾ ਕਸ਼ਤਰੀ ਮੰਨਿਆ ਗਿਆ ਹੈ। ਖੱਤਰੀਆਂ ਦੀ ਚੰਦਰ-ਵੰਸ਼, ਇਸੇ ਦੀ ਔਲਾਦ ਮੰਨੀ ਜਾਂਦੀ ਹੈ।

ਇਕ ਪੁਰਾਣਿਕ ਕਥਾ ਅਨੁਸਾਰ ਚੰਦਰ ਦੇ ਦਿਲ ਵਿਚ, ਤਾਰਾ ਨਾਂ ਦੀ ਇਕ ਸੁੰਦਰੀ ਲਈ ਕਾਮ-ਚੇਸ਼ਟਾ ਜਾਗ ਉਠੀ। ਤਾਰਾ ਦੇਵਤਿਆਂ ਦੇ ਗੁਰੂ, ਬ੍ਰਿਹਸਪਤੀ ਦੀ ਪਤਨੀ ਸੀ। ਗੁਰੂ ਦੀ ਪਤਨੀ ਨਾਲ ਵਾਸ਼ਨਾ-ਪੂਰਤੀ ਇਕ ਵਡਾ ਅਪਰਾਧ ਮੰਨਿਆ ਜਾਂਦਾ ਹੈ। ਤਾਰਾ ਨੂੰ ਪ੍ਰਾਪਤ ਕਰਨ ਦੀ ਇੱਛਾ ਨਾਲ, ਚੰਦਰ ਨੇ ਰਾਜਸੂਯ ਯੱਗ ਕੀਤਾ, ਜਿਸ ਦੀ ਸ਼ਕਤੀ ਨਾਲ ਉਸਨੇ ਆਪਣੇ ਆਪ ਨੂੰ ਸਭ ਖੱਤਰੀਆਂ ਤੋਂ ਮਹਿਫ਼ੂਜ਼ ਕਰ ਲਿਆ। ਫਿਰ ਉਹ ਅਭਿਮਾਨ ਵਿਚ ਆ ਕੇ

ਬ੍ਰਿਹਸਪਤੀ ਦੀ ਪਤਨੀ ਤਾਰਾ ਨੂੰ ਚੁਕ ਕੇ ਲੈ ਗਿਆ। ਦੇਵਤਿਆਂ ਤੇ ਰਿਸ਼ੀਆਂ ਨੇ ਚੰਦਰ ਨੂੰ ਬੜਾ ਸਮਝਾਇਆ ਪਰ ਉਸ ਕਿਸੇ ਦੀ ਗੱਲ ਨਾ ਸੁਣੀ। ਬ੍ਰਿਹਸਪਤੀ ਨੇ ਖ਼ੁਦ ਚੰਦਰ ਦੇ ਤਰਲੇ ਕੀਤੇ। ਮਜਬੂਰ ਹੋ ਕੇ ਬ੍ਰਿਹਸਪਤੀ ਨੇ ਇੰਦਰ ਤੋਂ ਸਹਾਇਤਾ ਮੰਗੀ। ਚੰਦਰਮਾ ਨੇ ਦੇਵਤਿਆਂ ਦਾ ਮੁਕਾਬਲਾ ਕਰਨ ਲਈ, ਅਸੁਰਾਂ ਨੂੰ ਮਦਦ ਲਈ ਬੇਨਤੀ ਕੀਤੀ, ਦੋਹਾਂ ਧਿਰਾਂ ਵਿਚ ਘੋਰ ਯੁੱਧ ਹੋਇਆ। ਪਰ ਫ਼ੈਸਲਾ ਨਾ ਹੋ ਸਕਿਆ। ਇਸ ਯੁੱਧ ਵਿਚ, ਸ਼ਿਵ ਦਾ ਤ੍ਰਿਸੂਲ ਲਗਣ ਨਾਲ ਚੰਦਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਅਖ਼ੀਰ, ਬ੍ਰਹਮਾ ਨੇ ਵਿਚ ਪੈ ਕੇ ਫ਼ੈਸਲਾ ਕਰਵਾਣਾ ਚਾਹਿਆ। ਉਦੋਂ ਤਕ ਚੰਦਰ ਦਾ ਦਿਲ ਤਾਰਾ ਤੋਂ ਭਰ ਚੁਕਾ ਸੀ। ਸੋ ਚੰਦਰ ਤਾਰਾ ਨੂੰ ਵਾਪਸ ਕਰਨ ਲਈ ਰਜ਼ਾਮੰਦ ਹੋ ਗਿਆ। ਤਾਰਾ ਗਰਭਵਤੀ ਸੀ ਤੇ ਬ੍ਰਿਹਸਪਤੀ ਨੇ ਉਦੋਂ ਤਕ ਤਾਰਾ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿਤਾ, ਜਦੋਂ ਤਕ ਉਹ ਪੁੱਤਰ ਨਾ ਜੰਮ ਲਏ। ਬ੍ਰਹਮਾ ਦੀ ਸ਼ਕਤੀ ਨਾਲ, ਤਾਰਾ ਨੇ ਉਸੇ ਪਲ ਬੱਚੇ ਨੂੰ ਜਨਮ ਦਿਤਾ। ਜਦੋਂ ਬੱਚਾ ਜੰਮਿਆ ਤਾਂ ਉਸਦਾ ਤੇਜ ਜਲਾਲ ਵੇਖ ਕੇ, ਚੰਦਰ ਤੇ ਬ੍ਰਿਹਸਪਤੀ ਦੋਵੇਂ ਹੀ ਉਸ ਬੱਚੇ ਉਤੇ ਆਪਣਾ ਹੱਕ ਜਿਤਾਣ ਲਗੇ। ਪਰ ਤਾਰਾ ਨੇ ਦਸਿਆ ਕਿ ਉਹ ਬੱਚਾ ਚੰਦਰ ਤੋਂ ਜੰਮਿਆ ਹੈ। ਇਸ ਬੱਚੇ ਦਾ ਨਾਂ ਬੁੱਧ ਰਖਿਆ ਗਿਆ ਤੇ ਉਸੇ ਤੋਂ ਚੰਦਰਵੰਸ਼ੀ ਰਾਜਿਆਂ ਦੀ ਕੁੱਲ ਚਲੀ। ਬ੍ਰਿਹਸਪਤੀ ਨੂੰ ਤਾਰਾ ਉਤੇ ਬੜਾ ਕਰੋਧ ਆਇਆ ਤੇ ਉਸਨੇ ਤਾਰਾ ਨੂੰ ਸਰਾਪ ਦੇ ਦਿਤਾ। ਤਾਰਾ ਉਥੇ ਹੀ ਭਸਮ ਹੋ ਗਈ। ਬ੍ਰਹਮਾ ਨੇ ਤਾਰਾ ਉਤੇ ਅੰਮ੍ਰਿਤ ਦੇ ਛੱਟੇ ਮਾਰ ਕੇ, ਉਸਨੂੰ ਮੁੜ ਸੁਰਜੀਤ ਕਰ ਦਿਤਾ। ਬ੍ਰਿਹਸਪਤੀ ਨੇ ਤਾਰਾ ਦੀ ਸੁਧੀ ਹਰਕੇ ਮੁੜ ਵਸਾ ਲਿਆ।

ਪਰ ਗੱਲ ਇਥੇ ਮੁਕਦੀ ਨਹੀਂ। ਚੰਦਰ ਦੇ ਪਿਤਾ ਵਰੁਣ ਦੇਵਤੇ ਨੂੰ, ਆਪਣੇ ਪੁੱਤਰ ਦੀ ਇਸ ਨੀਚਤਾ ਉਤੇ ਇਤਨਾ ਕਰੋਧ ਆਇਆ ਕਿ ਉਸਨੇ ਚੰਦਰ ਨੂੰ ਪਾਰਬਤੀ ਦੇ ਦਿਤੀ। ਚੰਦਰ ਦੀ ਭੈਣ ਲਕਸ਼ਮੀ, ਜੋ ਉਸ ਦੇ ਨਾਲ ਹੀ ਸਮੁੰਦਰ ਵਿਚੋਂ ਨਿਕਲੀ ਸੀ, ਤੇ ਚੌਦਾਂ ਰਤਨਾਂ ਵਿਚੋਂ ਇਕ ਸੀ, ਨੇ ਪਾਰਬਤੀ ਨੂੰ ਬਿਨੈ ਕੀਤੀ ਕਿ ਉਸਦੇ ਭਰਾ ਦਾ ਆਦਰ ਕਾਇਮ ਰਖਣ ਲਈ ਉਸਦੀ ਮਦਦ ਕਰੇ। ਪਾਰਬਤੀ ਨੇ ਸ਼ਿਵ ਨੂੰ ਬੇਨਤੀ ਕੀਤੀ ਕਿ ਉਹ ਕਿਸੇ ਤਰ੍ਹਾਂ ਚੰਦਰ ਦਾ ਮਾਣ ਵਧਾਵੇ। ਸੋ ਸ਼ਿਵ ਨੇ ਚੰਦਰ ਨੂੰ ਆਪਣੇ ਮੱਥੇ ਉਤੇ ਧਾਰਨ ਕਰ ਲਿਆ। ਬ੍ਰਿਹਸਪਤੀ ਨੇ ਇਸਦੀ ਵਿਰੋਧਤਾ ਕੀਤੀ। ਦੋਹਾਂ ਵਿਚ ਬਹਿਸ ਛਿੜ ਗਈ। ਬ੍ਰਹਮਾ ਨੇ ਵਿਚ ਪੈ ਕੇ ਗੱਲ ਮੁਕਾਈ ਤੇ ਬ੍ਰਹਮਾ ਨੇ ਬ੍ਰਿਹਸਪਤੀ ਦੇ ਹੱਕ ਵਿਚ ਫ਼ੈਸਲਾ ਦਿਤਾ ਅਤੇ ਚੰਦਰ ਨੂੰ ਸਵਰਗ ਵਿਚੋਂ ਦੇਸ ਨਿਕਾਲਾ ਮਿਲ ਗਿਆ। ਚੰਦਰ ਸਿਰਫ਼ ਅਕਾਸ਼ ਮੰਡਲ ਵਿਚ ਹੀ ਵਿਚਰਣ ਲਗਾ।

ਚੰਦਰ ਦੇ ਕਈ ਹੋਰ ਨਾਉਂ ਵੀ ਹਨ, ਜਿਨ੍ਹਾਂ ਵਿਚੋਂ ਇਕ ਪ੍ਰਸਿਧ ਨਾਉਂ ਸੋਮ ਹੈ। ਵੈਦਿਕ ਕਾਲ ਵਿਚ ਸੋਮ ਉਸ ਪੌਦੇ ਨੂੰ ਵੀ ਕਹਿੰਦੇ ਸਨ, ਜਿਸ ਦਾ ਰਸ ਦੇਵਤੇ ਨਸ਼ੇ ਵਜੋਂ ਪੀਤਾ ਕਰਦੇ ਸਨ। ਚੰਦਰ ਦੇ ਕੁਝ ਨਾਉਂ/ਉਪਾਧੀਆਂ ਗੁਣ-ਵਾਚਕ ਹਨ, ਜਿਵੇਂ ਸ਼ਸ਼ੀ ਜਿਸ ਦੇ ਪਿੰਡੇ ਤੇ ਖਰਗੋਸ਼ ਦਾ ਨਿਸ਼ਾਨ ਹੈ, ਮ੍ਰਿਗਾਂਕ—ਜਿਸ ਦੇ ਪਿੰਡੇ ਤੇ ਹਿਰਨ ਦਾ ਨਿਸ਼ਾਨ ਹੈ, ਨਕਸ਼ਤ੍ਰਨਾਥ-ਜੋ ਨਛੱਤਰ ਮੰਡਲ ਦਾ ਸੁਆਮੀ ਹੈ, ਆਦਿ।

ਪੁਰਾਣਾਂ ਅਨੁਸਾਰ ਚੰਦਰ ਚਿੱਟੇ ਰੰਗ ਦੇ ਤਿੰਨ ਪਹੀਏ ਵਾਲੇ ਰੱਥ ਉਤੇ ਸਵਾਰ ਹੋ ਕੇ ਆਕਾਸ਼ ਵਿਚ ਵਿਚਰਦਾ ਹੈ, ਜਿਸ ਨੂੰ ਦਸ ਘੋੜੇ ਖਿਚਦੇ ਹਨ। ਪੰਜ ਘੋੜੇ ਰੱਥ ਦੇ ਸੱਜੇ ਪਾਸੇ ਅਤੇ ਪੰਜ ਘੋੜੇ ਖੱਬੇ ਪਾਸੇ ਬੀੜੇ ਹੋਏ ਹਨ।

ਵਿਸ਼ਨੂੰ ਪੁਰਾਣ ਅਨੁਸਾਰ ਚੰਦਰ ਸੂਰਜ ਤੋਂ ਅੰਮ੍ਰਿਤ ਲੈ ਕੇ, ਦੇਵਤਿਆਂ, ਧਰਤੀ ਦੇ ਜੀਵਾਂ-ਜੰਤਾਂ ਤੇ ਪੌਦਿਆਂ ਵਿਚ ਵੰਡਦਾ ਹੈ। ਚੰਦਰ, ਚਾਨਣ ਪੱਖ ਵਿਚ ਦੇਵਤਿਆਂ ਨੂੰ, ਆਪਣੀਆਂ ਕਿਰਨਾਂ ਰੂਪੀ ਅੰਮ੍ਰਿਤ ਨਾਲ ਪਾਲਦਾ ਹੈ, ਤੇ ਹਨੇਰੇ ਪੱਖ ਵਿਚ ਉਹ ਪਿੱਤਰਾਂ, ਧਰਤੀ ਦੇ ਜੀਵ ਜੰਤਾਂ ਤੇ ਫੁੱਲਾਂ ਫਲਾਂ ਅਥਵਾ ਬਨਸਪਤੀ ਵਿਚ, ਅੰਮ੍ਰਿਤ ਰਸ ਦੇ ਛੱਟੇ ਦੇਂਦਾ ਹੈ।

ਚੰਦਰਮਾ ਬਾਰੇ ਪੰਜਾਬ ਵਿਚ ਜੋ ਮਿਥਕ-ਕਥਾ ਪ੍ਰਚਲਤ ਹੈ, ਉਹ ਬੜੀ ਦਿਲਚਸਪ ਤੇ ਨਵੇਕਲੀ ਹੈ। ਭਾਵਪੂਰਤ ਕਥਾ ਦਾ ਆਧਾਰ ਵੀ ਵਿਗਿਆਨਕ ਹੈ। ਚੰਦਰਮਾ ਦੇ ਉਦੈ ਹੋਣ ਤੋਂ ਪਹਿਲਾਂ ਸੰਸਾਰ ਵਿਚ ਰਸ ਨਹੀਂ ਸੀ। ਨਾ ਤਾਂ ਮਨੁੱਖ ਦੇ ਸੰਬੰਧਾਂ ਵਿਚ, ਕੋਈ ਖਿਚ ਸੀ ਤੇ ਨਾ ਹੀ ਖਾਣ ਪੀਣ ਦੀਆਂ ਚੀਜ਼ਾਂ ਦਾ ਕੋਈ ਜ਼ਾਇਕਾ ਸੀ। ਇਸਤ੍ਰੀ ਮਰਦ ਇਕ ਦੂਜੇ ਪ੍ਰਤੀ ਕੋਈ ਖਿਚ ਨਹੀਂ ਸਨ ਰਖਦੇ।

ਫਿਰ ਪ੍ਰਭੂ ਨੇ ਸੰਸਾਰ ਵਿਚ ਰਸ ਪੈਦਾ ਕਰਨ ਲਈ ਚੰਦਰਮਾ ਦੀ ਸਿਰਜਣਾ ਕੀਤੀ। ਸੂਰਜ ਤੋਂ ਰੌਸ਼ਨੀ, ਹਵਾਵਾਂ ਤੋਂ ਸੀਤਲਤਾ, ਧਰਤੀ ਤੋਂ ਉਪਜਾਇਕਤਾ ਤੇ ਆਪਣੇ ਅੰਦਰੋਂ ਮਹੱਬਤ ਦਾ ਨੂਰ ਗੁੰਨ੍ਹਿਆ। ਬਸ ਚੰਨ ਦੇ ਉਦੈ ਹੋਣ ਦੀ ਢਿਲ ਸੀ ਕਿ ਬਨਸਪਤੀ ਵਿਚ ਰਸ ਘੁਲ ਗਿਆ ਤੇ ਮਰਦ ਤ੍ਰੀਮਤ ਵਿਚ ਮੁਹੱਬਤ ਜਾਗ ਪਈ। ਧਰਤੀ ਜੀਣ ਜੋਗੀ ਹੋ ਗਈ।

ਪੰਜਾਬ ਵਿਚ ਚੰਨ ਬਾਰੇ ਕਈ ਮੁੱਢੀਆਂ ਪ੍ਰਚਲਤ ਹਨ। ਜਿਨ੍ਹਾਂ ਵਿਚ ਪੰਜਾਬੀਆਂ ਦੇ ਸੁਭਾਅ ਦੇ ਕੁਝ ਪੱਖਾਂ ਦੀ ਲੋਕ-ਮਨ ਦੇ ਪ੍ਰਸੰਗ ਵਿਚ ਵਿਆਖਿਆ ਹੈ।

(ਚ-53) **ਚੰਦਰਮੁਖੀ** :

ਪੰਜਾਬ ਦੀ ਇਕ ਲੋਕ-ਕਹਾਣੀ ਦੀ ਨਾਇਕਾ।

ਇਹ ਸੁੰਦਰੀ ਚੰਦਰਮੁਖੀ ਫੁੱਲ ਵਿਚੋਂ ਉਪਜੀ ਸੀ। ਕਈ ਰਾਜੇ ਇਸ ਨੂੰ ਪ੍ਰਾਪਤ ਕਰਨ ਲਈ ਆਪਣੀਆਂ ਜਾਨਾਂ ਗੰਵਾ ਬੈਠੇ। ਜਿਹੜਾ ਰਾਜਾ ਇਸ ਨਾਲ ਵਿਆਹ ਕਰਨ ਲਈ ਆਉਂਦਾ, ਉਹ ਉਸਨੂੰ ਚੰਦਰਮਾ ਦਾ ਮੂੰਹ ਵੇਖ ਕੇ ਇਕ ਬੁਝਾਰਤ ਪਾਉਂਦੀ, ਜੇ ਉਹ ਅਗਲੇ ਦਿਨ ਚੰਨ ਚੜ੍ਹਨ ਤਕ ਉਸਦਾ ਉੱਤਰ ਦੇ ਦੇਂਦਾ ਤਾਂ ਅਗਲੀ ਬੁਝਾਰਤ ਪਾਉਂਦੀ। ਜੇ ਠੀਕ ਉੱਤਰ ਨਾ ਦੇ ਸਕਦਾ ਤਾਂ ਉਸਨੂੰ ਇਕ ਅੰਨ੍ਹੇ ਖੂਹ ਵਿਚ ਸੁਟ ਦਿਤਾ ਜਾਂਦਾ। ਇਸ ਤਰ੍ਹਾਂ ਏਕਮ ਤੋਂ ਲੈ ਕੇ ਪੂਰਨਮਾਸ਼ੀ ਤਕ, ਜਿਹੜਾ ਆਦਮੀ ਉਸ ਦੀਆਂ ਬੁਝਾਰਤਾਂ ਬੁਝ ਲਏ, ਉਸ ਦੇ ਨਾਲ ਚੰਦਰਮੁਖੀ ਨੇ ਵਿਆਹ ਕਰਨ ਦਾ ਨਿਸਚਾ ਕੀਤਾ ਹੋਇਆ ਸੀ।

(ਚ-54) **ਚੰਦਰਲੇਖਾ** :

ਇੰਦਰ ਦੇ ਦਰਬਾਰ ਦੀ ਇਕ ਪ੍ਰਸਿਧ ਅਪੱਛਰਾ।

(ਚ-55) **ਚੰਦਰ ਲੋਕ** :

ਇਕ ਸਵਰਗ ਜੋ ਚੰਦਰਮਾ ਵਿਚ ਸਥਿਤ ਮੰਨਿਆ ਜਾਂਦਾ ਹੈ। ਧਾਰਨਾ ਹੈ ਕਿ ਚੰਦਰਾਇਣ ਦੇ 30 ਵਰਤ ਰਖਣ ਨਾਲ ਪ੍ਰਾਣੀ ਮਰਨ ਉਪ੍ਰੰਤ ਚੰਦਰ-ਲੋਕ ਵਿਚ ਜਾਂਦਾ ਹੈ ਅਤੇ ਉਥੋਂ ਦੇ ਸੁਖ ਅਨੰਦ ਭੋਗਦਾ ਹੈ।

(ਚ-56) **ਚੰਦਰ ਵੰਸ਼** :

ਭਾਰਤ ਵਿਚ ਖਤ੍ਰੀਆਂ ਦੀਆਂ ਦੋ ਸ਼ਾਹੀ ਵੰਸ਼ਾਂ ਪ੍ਰਸਿਧ ਹਨ - ਸੂਰਜ ਵੰਸ ਤੇ ਚੰਦਰ ਵੰਸ। ਸੂਰਜਵੰਸ਼ੀ ਆਪਣੀ ਕੁਲ ਦਾ ਉਦਭਵ ਸੂਰਜ ਤੋਂ ਮੰਨਦੇ ਹਨ। ਰਾਮ ਚੰਦਰ ਇਸੇ ਵੰਸ ਵਿਚੋਂ ਸਨ। ਚੰਦਰਵੰਸੀ ਆਪਣੇ ਆਪ ਨੂੰ ਚੰਦਰਮਾ ਦੀ ਔਲਾਦ ਸਮਝਦੇ ਹਨ। ਦੁਆਪੁਰ ਵਿਚ ਕ੍ਰਿਸ਼ਨ ਨੇ ਇਸੇ ਵੰਸ਼ ਵਿਚ ਅਵਤਾਰ ਧਾਰਨ ਕੀਤਾ ਸੀ।

ਚੰਦਰ ਵੰਸ ਦਾ ਮੋਢੀ ਅਤ੍ਰੀ ਰਿਸ਼ੀ ਹੈ। ਪੌਰਾਣਿਕ ਕਥਾਵਾਂ ਅਨੁਸਾਰ ਚੰਦਰਮਾ ਅਨਸੂਯਾ ਦੀ ਕੁਖੋਂ ਅਤ੍ਰੀ ਦੀ ਔਲਾਦ ਸੀ। ਚੰਦਰਮਾ ਆਪਣੇ ਗੁਰੂ-ਬ੍ਰਿਹਸਪਤੀ ਦੀ ਪਤਨੀ ਤਾਰਾ ਨੂੰ ਉਧਾਲ ਕੇ ਲੈ ਆਇਆ ਤੇ ਤਾਰਾ ਦੀ ਕੁਖੋਂ ਚੰਦਰਮਾ ਦਾ ਜੋ ਪੁੱਤਰ ਜੰਮਿਆ, ਉਹ ਬੁੱਧ ਅਖਵਾਇਆ।

ਚੰਦਰ ਵੰਸ ਦੀਆਂ ਦੋ ਵਡੀਆਂ ਸਾਖਾ - ਯਾਦਵ ਤੇ ਪੌਰਵ ਹਨ, ਜੋ ਕ੍ਰਮ ਅਨੁਸਾਰ ਯਦੂ ਤੇ ਪੁਰੂ ਦੀਆਂ ਵੰਸ਼ਾਂ ਹਨ। ਇਹ ਦੋਵੇਂ ਵੰਸ਼ਾਂ ਚੰਦਰਮੇ ਦੀ ਚੌਥੀ ਪੀੜ੍ਹੀ ਵਿਚੋਂ ਚਲੀਆਂ ਜਾਂਦੀਆਂ ਹਨ। ਕ੍ਰਿਸ਼ਨ ਯਦੂ ਵੰਸ ਵਿਚੋਂ ਸਨ ਅਤੇ ਕੁਰੂ ਤੇ ਪਾਂਡਵ ਪੁਰੂ ਵੰਸ ਨਾਲ ਸਬੰਧਿਤ ਸਨ। ਜੋ ਯਾਦਵ, ਕੌਰਵ, ਪਾਂਡਵ ਆਦਿ ਖਤ੍ਰੀ ਸਭ ਚੰਦਰਵੰਸੀ ਸਨ।

ਵਿਸ਼ਨੂੰ ਪੁਰਾਣ ਵਿਚ ਚੰਦਰ ਵੰਸ ਕੁੱਲ ਦਾ ਸਜਰਾ ਦਿਤਾ ਮਿਲਦਾ ਹੈ।

(ਚ-57) **ਚੰਦਰ ਵਰਸ਼** :

ਪੰਜਾਬ ਵਿਚ, ਭਾਰਤ ਦੇ ਹੋਰ ਇਲਾਕਿਆਂ ਵਾਂਗ, ਧਾਰਮਿਕ ਰਹੁ-ਰੀਤਾਂ, ਪੁਰਬਾਂ ਤੇ ਮੇਲਿਆਂ ਲਈ ਚੰਦਰ ਵਰਸ਼ ਨੂੰ ਪਰਮਾਣੀਕ ਮੰਨਿਆ ਗਿਆ ਹੈ। ਵਿਆਹ ਸ਼ਾਦੀ ਜਾਂ ਮੰਗਲ ਕਾਰਜਾਂ ਵੇਲੇ ਜਿਤਨੇ ਸਾਹੇ ਕਢੇ ਜਾਂਦੇ ਹਨ ਅਥਵਾ ਕਿਸੇ ਕੰਮ ਦਾ ਸ਼ੁਰੂ ਆਦਿ ਕਰਨ ਲਈ, ਜੋ ਮਹੂਰਤ ਕਢੇ ਜਾਂਦੇ ਹਨ, ਉਨ੍ਹਾਂ ਵਿਚ ਚੰਦਰ ਵਰਸ਼ ਨੂੰ ਹੀ ਮੁਖ ਰਖਿਆ ਜਾਂਦਾ ਹੈ।

ਸੂਰਜ-ਵਰਸ ਵਾਂਗ ਚੰਦਰ-ਵਰਸ ਦੇ ਵੀ ਬਾਰਾਂ ਮਹੀਨੇ ਹੁੰਦੇ ਹਨ। ਹਰ ਮਹੀਨਾ ਸੁਦੀ ਏਕਮ ਤੋਂ ਸ਼ੁਰੂ ਹੁੰਦਾ ਹੈ ਤੇ ਅਮਾਵਸ ਤਕ ਰਹਿੰਦਾ ਹੈ। ਇਸ ਦੀਆਂ 30 ਤਿੱਥਾਂ ਹੁੰਦੀਆਂ ਹਨ। ਚੰਦਰਮਾਸ ਦੇ ਨਾਂਉਂ ਨਖਸ਼ਤਰਾਂ ਤੋਂ ਲਏ ਗਏ ਹਨ। ਜਿਨ੍ਹਾਂ ਨਖਸ਼ਤਰਾਂ ਵਿਚੋਂ ਚੰਦਰਮਾ ਲੰਘਦਾ ਹੋਇਆ ਪੂਰਨ ਹੋਂਦਾ ਹੈ, ਉਸ ਮਹੀਨੇ ਦਾ ਨਾਂਉਂ, ਉਸੇ ਨਖਸ਼ਤਰ ਉੱਤੇ ਰਖ ਲਿਆ ਗਿਆ ਹੈ ਜਿਵੇਂ ਵਿਸਾਖਾ ਨਖਸ਼ਤਰ ਵਿਚ, ਜਿਸ ਮਹੀਨੇ ਪੂਰਨਮਾਸ਼ੀ ਆਉਂਦੀ ਹੈ, ਉਸ ਮਹੀਨੇ ਨੂੰ ਵਿਸਾਖ ਕਹਿੰਦੇ ਹਨ। ਜਯੇਸ਼ਠਾ ਨਖਸ਼ਤਰ ਵਾਲੀ ਪੂਰਨਮਾਸ਼ੀ ਦੇ ਮਹੀਨੇ ਦਾ ਨਾਂ ਜੇਠ ਹੈ। ਜਦੋਂ ਚੈਤ੍ਰੀਯ ਨਖਸ਼ਤਰ ਵਿਚ ਚੰਦਰਮਾ ਪੂਰਨ ਹੋਵੇ ਤਾਂ ਉਸ ਚੰਦਰਮਾਸ ਨੂੰ ਚੇਤਰ ਆਖਦੇ ਹਨ।

ਚੰਦਰ ਵਰਸ਼ ਦੋ ਪਰਕਾਰ ਦੇ ਹਨ। ਇਕ ਚੇਤ੍ਰ ਦੇ ਮਹੀਨੇ ਅਰੰਭ ਹੁੰਦਾ ਅਤੇ ਦੂਜਾ, ਕੱਤਕ ਦੇ ਮਹੀਨੇ। ਪਹਿਲੇ ਨੂੰ ਚੇਤ੍ਰਾਦਿਵਰਸ਼ ਤੇ ਦੂਜੇ ਨੂੰ ਕਾਰਤਿਕਾਦਿ ਵਰਸ਼ ਕਹਿੰਦੇ ਹਨ। ਜਿਸ ਦਿਨ ਸੂਰਜ ਮੀਨ ਰਾਸ਼ੀ ਵਿਚ, ਪਰਵੇਸ਼ ਕਰਦਾ ਹੈ ਅਤੇ ਨਵਾਂ ਚੰਦਰਮਾ ਚੜ੍ਹਦਾ ਹੈ, ਉਹ ਤਿੱਥ 'ਚੇਤ੍ਰਾਦਿ-ਚੰਦਰ-ਵਰਸ਼' ਦਾ ਪਹਿਲਾ ਦਿਨ ਹੈ। ਇਹ ਸੰਧੀ 13 ਮਾਰਚ ਤੋਂ 11 ਅਪਰੈਲ ਦੇ ਵਿਚਕਾਰ ਹੁੰਦੀ ਹੈ। ਕਾਰਤਿਕ ਚੰਦਰ ਵਰਸ਼ ਦੀ ਪਹਿਲੀ ਤਿਥ ਉਦੋਂ ਪੈਂਦੀ ਹੈ, ਜਦੋਂ ਨਵਾਂ ਚੰਦਰਮਾ ਸੂਰਜ ਦੇ ਤੁਲਾ ਰਾਸ਼ੀ ਵਿਚ ਪ੍ਰਵੇਸ਼ ਨਾਲ ਸੰਧੀ ਖਾਵੇ। ਇਹ ਸੰਧੀ 17 ਅਕਤੂਬਰ ਤੋਂ 15 ਨਵੰਬਰ ਵਿਚਕਾਰ ਹੁੰਦੀ ਹੈ।

ਚੰਦਰ ਮਾਸ ਦੋ ਤਰ੍ਹਾਂ ਨਾਲ ਸਮਾਪਤ ਹੁੰਦੇ ਹਨ। ਇਕ ਅਮਾਵਸ ਵਾਲੇ ਦਿਨ, ਦੂਜੇ ਪੂਰਨਮਾਸ਼ੀ ਨੂੰ। ਪਹਿਲੀ ਪ੍ਰਕਾਰ ਦੇ ਚੰਦਰ ਮਾਸ ਨੂੰ ਸੁਕਲਾਦਿ ਤੇ ਦੂਜੀ ਨੂੰ ਕ੍ਰਿਸ਼ਨਾਦਿ ਆਖਦੇ ਹਨ। ਪੰਜਾਬ ਤੇ ਉੱਤਰੀ ਭਾਰਤ ਵਿਚ ਕ੍ਰਿਸ਼ਨਾਦਿ ਚੰਦਰ ਮਾਸ ਪ੍ਰਚਲਤ ਹੈ, ਪਰ ਦੱਖਣੀ ਭਾਰਤ ਵਿਚ ਸੁਕਲਾਦਿ ਚੰਦਰ ਮਾਸ।

(ਚ-58) **ਚੰਦਰਾਇਣ ਵਰਤ** :

ਇਕ ਖ਼ਾਸ ਵਰਤ, ਜਿਸ ਵਿਚ ਚੰਦਰਮਾ ਦੇ ਵਧਣ ਘਟਣ ਦੇ ਨਾਲ ਨਾਲ ਹਰ ਰੋਜ਼ ਖਾਣ ਵਾਲੇ ਭੋਜਨ ਦੀਆਂ ਗਰਾਹੀਆਂ ਦੀ ਗਿਣਤੀ ਵੀ ਵਧਦੀ ਘਟਦੀ ਰਹਿੰਦੀ ਹੈ। ਇਹ ਵਰਤ ਸਭ ਵਰਤਾਂ ਤੋਂ ਵਧ ਕਰੜਾ ਹੈ ਅਤੇ ਇਹ ਵਰਤ ਸਰੀਰਕ ਤੇ ਮਾਨਸਿਕ ਪਾਪਾਂ ਦੇ ਪ੍ਰਾਸ਼ਚਿਤ ਵਜੋਂ ਰਖਿਆ ਜਾਂਦਾ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਪਾਪਾਂ ਦਾ ਨਾਸ਼ ਹੁੰਦਾ ਤੇ ਚੰਦਰਲੋਕ ਦੀ ਪ੍ਰਾਪਤੀ ਹੁੰਦੀ ਹੈ।

ਚੰਦਰਾਇਣ ਵਰਤ ਰਖਣ ਦੀ ਵਿਧੀ ਸ਼ਾਸਤ੍ਰਾਂ ਅਨੁਸਾਰ ਇਸ ਪ੍ਰਕਾਰ ਹੈ :

ਜਿਸ ਦਿਨ ਚੰਦਰਾਇਣ ਵਰਤ ਰਖਣਾ ਹੋਵੇ, ਉਸ ਤੋਂ ਪਹਿਲੇ ਦਿਨ ਇਸ਼ਨਾਨ ਕੀਤਾ ਜਾਂਦਾ ਹੈ। ਜੇ ਕੋਈ ਮਹਾਨ ਤੀਰਥ, ਪਵਿਤ੍ਰ ਨਦੀ ਜਾਂ ਸਰੋਵਰ ਨੇੜੇ ਹੋਵੇ ਤਾਂ ਉਸ ਵਿਚ ਇਸ਼ਨਾਨ ਕਰਨਾ ਲਾਜ਼ਮੀ ਹੈ। ਕਈ ਹਿੰਦੂ ਇਹ ਵਰਤ ਰਖਣ ਤੋਂ ਪਹਿਲਾਂ ਜਾਂ ਮਗਰੋਂ ਮੁੰਡਣ ਵੀ ਕਰਵਾਂਦੇ ਹਨ। ਅਗਲੇ ਦਿਨ ਆਪਣੇ ਸਰੀਰਕ ਜਾਂ ਮਾਨਸਿਕ ਪਾਪਾਂ ਨੂੰ, ਜਿਸ ਦਾ ਪ੍ਰਾਸ਼ਚਿਤ ਕਰਨਾ ਹੈ, ਧਿਆਨ ਵਿਚ ਰਖ ਕੇ ਦੇਵਤਿਆਂ ਤੇ ਪਿੱਤਰਾਂ ਨੂੰ ਪੂਜਿਆ ਜਾਂਦਾ ਹੈ। ਸੰਝ ਨੂੰ ਜੋ ਭੋਜਨ ਛਕਿਆ ਜਾਂਦਾ ਹੈ ਉਹ ਏਕਮ ਨੂੰ ਇਕ ਗਰਾਹੀ ਤੋਂ ਸ਼ੁਰੂ ਹੁੰਦਾ ਹੈ, ਦੂਜ ਨੂੰ ਦੋ ਗਰਾਹੀਆਂ। ਇਸ ਤਰ੍ਹਾਂ ਹਰ ਰੋਜ਼ ਤਰਤੀਬਵਾਰ ਇਕ ਗਰਾਹੀ ਵਧਦੀ ਜਾਂਦੀ ਹੈ ਤੇ ਅਖੀਰ ਪੂਰਨਮਾਸ਼ੀ ਨੂੰ ਪੰਦਰਾਂ ਗਰਾਹੀਆਂ ਖਾਧੀਆਂ ਜਾਂਦੀਆਂ ਹਨ। ਫੇਰ ਹਨੇਰੇ ਪੱਖ ਵਿਚ ਗਰਾਹੀਆਂ ਘਟਦੀਆਂ ਜਾਂਦੀਆਂ ਹਨ। ਏਕਮ ਨੂੰ ਚੌਦਾਂ, ਦੂਜ ਨੂੰ ਤੇਰਾਂ ਤੇ ਹਨੇਰੀ ਚੌਦਸ ਨੂੰ ਇਕੋ ਗਰਾਹੀ ਰਹਿ ਜਾਂਦੀ ਹੈ। ਅਮਾਵਸ ਵਾਲੇ ਦਿਨ ਅੰਨ ਮੂੰਹ ਨਹੀਂ ਲਾਇਆ ਜਾਂਦਾ। ਇੰਜ ਇਹ ਵਰਤ ਇਕ ਚੰਦਰਮਾਸ ਵਿਚ ਮੁਕਦਾ ਹੈ ਅਤੇ ਇਸ ਦੌਰਾਨ ਵਰਤ ਰਖਣ ਵਾਲਾ ਕੁਲ ਦੋ ਸੌ ਚਾਲੀ ਗਰਾਹੀਆਂ ਦਾ ਭੋਜਨ ਕਰਦਾ ਹੈ। ਹਰ ਰੋਜ਼ ਜੋ ਗਰਾਹੀਆਂ ਖਾਧੀਆਂ ਜਾਂਦੀਆਂ ਹਨ, ਉਹ ਆਮ ਗਰਾਹੀ ਨਾਲੋਂ ਵਡੀ ਨਹੀਂ ਹੋਣੀ ਚਾਹੀਦੀ। ਇਸ ਗਰਾਹੀ ਨੂੰ ਭੋਜ ਪਤ੍ਰ ਉਤੇ ਰਖ ਕੇ ਖਾਧਾ ਜਾਂਦਾ ਹੈ। ਕਈ ਸ਼ਾਸਤ੍ਰਾਂ ਵਿਚ ਭੋਜਨ ਦੇ ਨਾਲ ਨਾਲ ਫਲ ਖਾਣ ਦੀ ਵੀ ਆਗਿਆ ਹੈ, ਪਰ ਭੋਜਨ ਦੀਆਂ ਗਰਾਹੀਆਂ ਦੀ ਗਿਣਤੀ ਪੂਰੀ ਹੋਣੀ ਚਾਹੀਦੀ ਹੈ।

ਇਹ ਵਰਤ ਦੋ ਪ੍ਰਕਾਰ ਦੇ ਹਨ। ਇਕ ਉਹ ਜਿਸ ਦਾ ਅਰੰਭ ਚਾਨਣ ਪੱਖ ਦੀ ਏਕਮ ਤੋਂ ਸ਼ੁਰੂ ਹੋ ਕੇ ਹਨੇਰੇ-ਪੱਖ ਦੀ ਅਮਾਵਸ ਨੂੰ ਸਮਾਪਤ ਹੁੰਦਾ ਹੈ, ਇਸ ਨੂੰ ਮੱਧ ਚੰਦਰਾਇਣ ਵਰਤ ਆਖਦੇ ਹਨ। ਦੂਜੇ ਵਿਚ ਹਨੇਰੇ ਪੱਖ ਤੋਂ ਆਰੰਭ ਹੋ ਕੇ ਅਮਾਵਸ ਤਕ ਗਰਾਹੀਆਂ ਦੀ ਗਿਣਤੀ ਘਟਾਈ ਜਾਂਦੀ ਤੇ ਅਮਾਵਸ ਨੂੰ ਉਪਵਾਸ ਕਰਨ ਮਗਰੋਂ ਫਿਰ ਏਕਮ ਤੋਂ ਗਰਾਹੀਆਂ ਦੀ ਗਿਣਤੀ ਕਰਮ ਅਨੁਸਾਰ ਹਰ ਰੋਜ਼ ਵਧਦੀ ਜਾਂਦੀ ਹੈ ਅਤੇ ਪੂਰਨਮਾਸ਼ੀ ਵਾਲੇ ਦਿਨ ਸ਼ਾਮ ਵੇਲੇ ਚੰਨ ਵੇਖ ਕੇ ਵਰਤ ਸਮਾਪਤ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਇਸ ਵਰਤ ਦੀ ਨਿਖੇਧੀ ਕੀਤੀ ਗਈ ਹੈ :

'ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ'

(ਵਾਰ ਮਾਰੂ ੨, ਮ. ੫)

(ਚ-59) **ਚੰਦ੍ਰਾਵਲ** :

ਇਕ ਪ੍ਰਸਿਧ ਗੋਪੀ, ਚੰਦ੍ਰਭਾਨੁ ਦੀ ਲੜਕੀ, ਜੋ ਵਿੰਦਮਤੀ ਦੀ ਕੁਖੋਂ ਪੈਦਾ ਹੋਈ। ਇਸ ਦਾ ਵਿਆਹ ਗੋਵਰਧਨ ਮਲ ਨਾਲ ਹੋਇਆ। ਕ੍ਰਿਸ਼ਨ ਇਸ ਗੋਪੀ ਉਤੇ ਮੋਹਿਤ ਸਨ ਤੇ ਇਸ ਨਾਲ ਕਾਮ-ਚੇਸ਼ਟਾ ਪੂਰੀ ਕਰਨ ਲਈ, ਉਨ੍ਹਾਂ ਨੇ ਛਲ ਤੋਂ ਕੰਮ ਲਿਆ।

ਇਕ ਵਾਰ ਚੰਦ੍ਰਾਵਲ ਆਪਣੇ ਪਿੰਡ ਕਰੋਲਾ ਵਿਚ ਦੁੱਧ ਲੈ ਕੇ ਜਾ ਰਹੀ ਸੀ ਕਿ ਕ੍ਰਿਸ਼ਨ ਨੇ ਉਸ ਦਾ ਰਾਹ ਰੋਕ ਲਿਆ ਤੇ ਉਸ ਨੂੰ ਆਪਣੇ ਮਹਿਲਾਂ ਵਿਚ ਲਿਜਾਣਾ ਚਾਹਿਆ। ਪਰ ਗੋਪੀ ਨੂੰ ਕ੍ਰਿਸ਼ਨ ਦੀ ਨੀਤ ਤੇ ਸ਼ਕ ਹੋ ਗਿਆ ਤੇ ਉਹ ਟਾਲ ਮਟੋਲ ਕਰ ਗਈ ਕਿ ਉਹ ਰਾਤ ਵੇਲੇ ਜ਼ਰੂਰ ਉਸਨੂੰ ਮਿਲੇਗੀ। ਕ੍ਰਿਸ਼ਨ ਸਾਰੀ ਰਾਤ ਉਡੀਕਦਾ ਰਿਹਾ, ਪਰ ਚੰਦ੍ਰਾਵਲ ਨਾ ਆਈ।

ਅਗਲੇ ਦਿਨ ਕ੍ਰਿਸ਼ਨ ਗੋਪੀ ਦਾ ਭੇਸ ਧਾਰਨ ਕਰਕੇ ਚੰਦ੍ਰਾਵਲ ਦੇ ਘਰ ਗਿਆ ਤੇ ਉਸਨੂੰ ਆਪਣੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਿਚ ਅਜਿਹਾ ਰੁਝਾਇਆ ਕਿ ਚੰਦ੍ਰਾਵਲ ਉਸਦੀ ਸਹੇਲੀ ਬਣ ਗਈ। ਚੰਦ੍ਰਾਵਲ ਬੜੀ ਸੁਘੜ ਤੇ ਨੇਕ ਦਿਲ ਵਾਲੀ ਗੋਪੀ ਸੀ, ਤੇ ਉਸਨੇ ਕ੍ਰਿਸ਼ਨ ਨੂੰ ਜਨਾਨੇ ਰੂਪ ਵਿਚ ਗੋਪੀ ਹੀ ਸਮਝਿਆ। ਜਦੋਂ ਦੋਵੇਂ ਰੋਟੀ ਖਾਣ ਲਗੇ ਤਾਂ ਚੰਦ੍ਰਾਵਲ ਨੇ ਵੇਖਿਆ ਕਿ ਕ੍ਰਿਸ਼ਨ ਮਰਦਾਂ ਵਾਂਗ ਵਡੇ ਵਡੇ ਗਰਾਹ ਭੰਨ ਕੇ ਖਾ ਰਿਹਾ ਹੈ ਤਾਂ ਉਸਨੇ ਮਖੌਲ ਨਾਲ ਕਿਹਾ, "ਤੂੰ ਮਰਦਾਂ ਵਾਂਗ ਵਡੇ ਗਰਾਹ ਭੰਨ ਕੇ ਖਾਂਦੀ ਹੈਂ, ਔਰਤਾਂ ਤਾਂ ਠਰੰਮੇ ਨਾਲ ਭੋਜਨ ਛਕਦੀਆਂ ਨੇ।" ਕ੍ਰਿਸ਼ਨ ਪਹਿਲਾਂ ਤਾਂ ਘਬਰਾ ਗਿਆ ਪਰ ਫਿਰ ਉਸਨੂੰ ਗੱਲ ਸੁਝ ਗਈ, "ਮੇਰੀ ਸੱਸ ਮੈਨੂੰ ਖਾਣ ਲਈ ਕੇਵਲ ਦੋ ਰੋਟੀਆਂ ਦੇਂਦੀ ਹੈ, ਮੈਨੂੰ ਚੋਰੀ ਛਿਪੀ ਰੋਟੀ ਖਾਣੀ ਪੈਂਦੀ ਹੈ, ਇਸ ਲਈ ਵਡੇ ਗਰਾਹ ਮਾਰਨ ਦੀ ਆਦਤ ਪੈ ਗਈ ਹੈ।"

ਤ੍ਰਿਕਾਲਾਂ ਵੇਲੇ ਉਹ ਦੋਵੇਂ ਖੂਹ ਤੇ ਇਕੱਠੇ ਪਾਣੀ ਭਰਨ ਲਈ ਗਏ ਤਾਂ ਕ੍ਰਿਸ਼ਨ ਦੀ ਮਰਦਾਵੀਂ ਚਾਲ ਵੇਖ ਕੇ ਚੰਦ੍ਰਾਵਲ ਨੇ ਫਿਰ ਮਖੌਲ ਕੀਤਾ, "ਤੂੰ ਮਰਦਾਂ ਵਾਂਗ ਲੰਬੇ ਲੰਬੇ ਡਗ ਭਰਦੀ ਏਂ, ਇਹ ਕਿਉਂ ?" ਕ੍ਰਿਸ਼ਨ ਨੇ ਅਗੋਂ ਜਵਾਬ ਦਿਤਾ, "ਨਿੱਕਿਆਂ ਹੁੰਦਿਆਂ ਤੋਂ ਮੈਂ

ਗਾਵਾਂ ਚਾਰਦੀ ਰਹੀ ਹਾਂ। ਡੰਗਰਾਂ ਪਿਛੇ ਨਸਣ ਦੌੜਨ ਕਰਕੇ ਮੇਰੀ ਚਾਲ ਵਿਗੜ ਗਈ ਏ।"

ਇਸ ਤਰ੍ਹਾਂ ਚੰਦ੍ਰਾਵਲ ਦੀ ਹਰ ਪੁੱਛ ਦਾ ਕ੍ਰਿਸ਼ਨ ਤਸੱਲੀਬਖ਼ਸ਼ ਉੱਤਰ ਦਿੰਦਾ ਰਿਹਾ। ਦੋਵੇਂ ਇਤਨੀਆਂ ਪੱਕੀਆਂ ਸਹੇਲੀਆਂ ਬਣ ਗਈਆਂ ਕਿ ਰਾਤ ਨੂੰ ਉਹ ਦੋਵੇਂ ਇਕ ਮੰਜੇ ਉੱਤੇ ਲੇਟ ਗਈਆਂ। ਕ੍ਰਿਸ਼ਨ ਨੇ ਸੁੱਤੀ ਪਈ ਚੰਦ੍ਰਾਵਲ ਨਾਲ ਆਪਣੀ ਕਾਮ-ਲੋਚਾ ਪੂਰੀ ਕੀਤੀ। ਪੁਰਾਣਾਂ ਅਨੁਸਾਰ ਚੰਦ੍ਰਾਵਲ ਦੀ ਜਵਾਨੀ ਦਾ ਭਰਪੂਰ ਆਨੰਦ ਮਾਣਨ ਲਈ ਕ੍ਰਿਸ਼ਨ ਨੇ ਆਪਣੀ ਸ਼ਕਤੀ ਨਾਲ ਸਮੇਂ ਨੂੰ ਬੰਨ੍ਹ ਲਿਆ ਤੇ ਰਾਤ ਪੂਰੇ ਛੇ ਮਹੀਨੇ ਜਿਤਨੀ ਲੰਮੀ ਹੋ ਗਈ। ਆਦਿ ਗ੍ਰੰਥ ਵਿਚ ਕ੍ਰਿਸ਼ਨ ਦੇ, ਚੰਦ੍ਰਾਵਲ ਨੂੰ ਛੱਲਣ ਦੀ ਘਟਨਾ ਵਲ ਸੰਕੇਤ ਮਿਲਦਾ ਹੈ:

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ
ਕਾਨ ਕ੍ਰਿਸਨ ਜਾਦਮੁ ਭਇਆ (ਵਾਰ ਆਸਾ)

ਮਰਦ ਦਾ ਜਨਾਨੇ ਤੇ ਜਨਾਨੀ ਦਾ ਮਰਦਾਵੇਂ ਭੇਸ ਵਿਚ ਵਿਚਰਨਾ ਕਈ ਲੋਕ-ਕਹਾਣੀਆਂ ਵਿਚ ਮਿਲਦਾ ਹੈ।

(ਚ-60) **ਚੰਦਾਨੀ** :

ਤੀਵੀਆਂ ਦਾ ਇਕ ਗਹਿਣਾ, ਜੋ ਕੰਨਾਂ ਵਿਚ ਪਾਇਆ ਜਾਂਦਾ ਹੈ। ਇਸ ਦੀ ਸ਼ਕਲ ਚੰਦ ਦੀ ਟਿੱਕੀ ਵਰਗੀ ਹੁੰਦੀ ਹੈ।

(ਚ-61) **ਚੰਦੀ** :

ਤੀਵੀਆਂ ਦਾ ਇਕ ਗਹਿਣਾ, ਜੋ ਨੱਕ ਵਿਚ ਪਹਿਨਿਆ ਜਾਂਦਾ ਹੈ। ਇਹ ਇਕ ਪ੍ਰਕਾਰ ਦੀ ਨੱਥ ਹੈ, ਜਿਸ ਉੱਪਰ ਚੰਨ ਦੀ ਸ਼ਕਲ ਦੀ ਟਿੱਕੀ ਜੜੀ ਹੁੰਦੀ ਹੈ, ਜੋ ਧੁੱਪ ਵਿਚ ਲਿਸ਼ਕਾਰੇ ਮਾਰਦੀ ਹੈ।

(ਚ-62) **ਚੰਦੇਲ** :

(1) ਖਤ੍ਰੀਆਂ ਦੀ ਇਕ ਗੋਤ; ਇਨ੍ਹਾਂ ਦੀ ਉਤਪਤੀ ਬਾਰੇ ਮਹਾਨ ਕੋਸ਼ ਵਿਚ ਇਕ ਕਥਾ ਇਉਂ ਦਿਤੀ ਹੋਈ ਹੈ: ਕਾਸ਼ੀ ਦੇ ਰਾਜਾ ਇੰਦ੍ਰਜਿਤ ਦਾ ਪੁਰੋਹਿਤ ਹੇਮਰਾਜ ਸੀ। ਉਸ ਦੀ ਪੁਤ੍ਰੀ ਹੇਮਵਤੀ ਬੜੀ ਸੁੰਦਰ ਸੀ। ਇਕ ਦਿਨ ਗੰਗਾ ਇਸ਼ਨਾਨ ਕਰਦਿਆਂ ਚੰਦਰਮਾ ਦੀ ਦ੍ਰਿਸ਼ਟੀ ਹੇਮਵਤੀ ਉੱਤੇ ਪੈ ਗਈ ਤੇ ਉਹ ਇਸ ਉੱਤੇ ਮੋਹਿਤ ਹੋ ਗਿਆ ਤੇ ਉਸ ਨਾਲ ਆਪਣੀ ਕਾਮ-ਚੇਸ਼ਟਾ ਪੂਰੀ ਕੀਤੀ। ਹੇਮਵਤੀ ਤੋਂ ਚੰਦਰਮੇ ਦੇ ਸੰਭੋਗ ਨਾਲ ਜੋ ਪੁੱਤਰ ਜੰਮਿਆ ਉਸ ਦਾ ਨਾਉਂ ਚੰਦੇਲ ਰਖਿਆ ਗਿਆ। ਜੋ ਚੰਦੇਲ ਗੋਤ ਦਾ ਮੋਢੀ ਬਣਿਆ।

ਇਕ ਹੋਰ ਧਾਰਨਾ ਅਨੁਸਾਰ ਮਰੀਚੀ ਦੇ ਪੁੱਤਰ ਚੰਦ੍ਰਬ੍ਰਹਮ ਤੋਂ ਚੰਦੇਲ ਦੀ ਵੰਸ ਚਲੀ।

(2) ਰਾਜਪੂਤਾਂ ਦੀ ਇਕ ਜਾਤੀ ਜੋ ਰਾਜਪੂਤਾਂ ਦੀਆਂ 36 ਸ਼ਾਹੀ ਗੋਤਾਂ ਵਿਚੋਂ ਇਕ ਹੈ। ਚੰਦੇਲ ਸ਼ਿਮਲਾ ਤੇ ਬਿਲਾਸਪੁਰ ਦੇ ਇਲਾਕੇ ਵਿਚ ਆਮ ਮਿਲਦੇ ਹਨ। ਮਹਾਨ ਕੋਸ਼ ਅਨੁਸਾਰ ਬਿਲਾਸਪੁਰ ਦੇ ਰਾਜੇ ਇਸੇ ਗੋਤ ਦੇ ਸਨ।

(ਚ-63) **ਚੰਦੋਆ** :

ਇਕ ਖ਼ਾਸ ਤਰ੍ਹਾਂ ਦੀ ਚੌਰਸ ਚਾਦਰ, ਜਿਸ ਦੇ ਚਾਰੇ ਪਾਸੇ ਝਾਲਰ ਲਗੀ ਹੁੰਦੀ ਹੈ ਅਤੇ ਵਿਚਕਾਰ ਚੰਨ ਦੀ ਸ਼ਕਲ ਦਾ ਛੱਬਾ ਲਟਕਦਾ ਹੈ। ਦੂਰੋਂ ਇਉਂ ਲਗਦਾ ਹੈ ਜਿਵੇਂ ਚੰਨ ਅਕਾਸ਼ ਉੱਤੇ ਚੜ੍ਹਿਆ ਹੋਵੇ। ਪਹਿਲਿਆਂ ਵਿਚ ਚਾਦਰ ਦਾ ਰੰਗ ਨੀਲਾ ਹੁੰਦਾ ਸੀ। ਚੰਦੋਆ ਆਦਰ ਤੇ ਸਤਿਕਾਰ ਦਾ ਬੋਧਿਕ ਹੈ। ਸਾਮੰਤ ਸ਼ਾਹੀ ਸਮੇਂ ਰਾਜੇ, ਨਵਾਬ ਤੇ ਹੋਰ ਵੱਡੇ ਅਧਿਕਾਰੀ ਚੰਦੋਆ/ਛੱਤਰ ਤਾਣ ਕੇ ਹੇਠਾਂ ਬੈਠਿਆ ਕਰਦੇ ਸਨ:

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਹੋਵੇ ਤਾਂ ਪਹਿਲਾਂ ਉੱਪਰ ਚੰਦੋਆ ਤਾਣ ਲਿਆ ਜਾਂਦਾ ਹੈ। ਚੰਦੋਏ ਬਿਨਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਵਰਜਿਤ ਹੈ।

ਵਿਆਹ ਦੀਆਂ ਰਸਮਾਂ ਵੇਲੇ ਵੀ ਚੰਦੋਆ ਤਾਣਿਆ ਜਾਂਦਾ ਹੈ। ਜਦੋਂ ਲਾੜੇ ਤੇ ਲਾੜੀ ਨੂੰ ਵੱਟਣਾ ਮਲਿਆ ਜਾਂਦਾ ਹੈ ਤਾਂ ਉਸ ਦੇ ਸਿਰ ਉੱਤੇ ਪੀਲੇ ਰੰਗ ਦੀ ਚਾਦਰ, ਜਿਸ ਨੂੰ ਚੰਦੋਆ ਕਹਿੰਦੇ ਹਨ, ਤਾਣੀ ਹੁੰਦੀ ਹੈ।

(ਚ-64) **ਚੰਦੋਰੀ** :

ਇਕ ਮਾਇਆ ਜਾਲ, ਜੋ ਰੇਤਲੇ ਇਲਾਕੇ ਦੀ ਫ਼ਜ਼ਾ ਵਿਚ, ਵਿਖਾਈ ਦੇਂਦਾ ਹੈ। ਫ਼ਜ਼ਾ ਵਿਚ ਦੂਰ ਰੌਸ਼ਨੀ ਦਾ ਇਕ ਮਹਿਲ ਜਿਹਾ ਉਸਰਿਆ ਪ੍ਰਤੀਤ ਹੁੰਦਾ ਹੈ। ਰੌਸ਼ਨੀ ਜਗਮਗਾਂਦੀ ਹੈ ਤੇ ਕਈ ਤਰ੍ਹਾਂ ਦੇ ਰੂਪ ਜਾਲ ਬਣਦੇ ਤੇ ਬਿਨਸਦੇ ਹਨ, ਪਰ ਕੁਝ ਵੀ ਸਥਿਰ ਨਹੀਂ ਹੁੰਦਾ।

(ਚ-65) **ਚੰਨ (ਕਾਵਿ ਰੂਪ)** :

ਪੂਠਫ ਦੇ ਇਲਾਕੇ ਦਾ ਇਕ ਪੰਜਾਬੀ ਲੋਕ-ਕਾਵਿ ਰੂਪ; 'ਚੰਨ' ਗੀਤ ਮਾਹੀਏ ਤੇ ਢੋਲੇ ਵਾਂਗ ਆਕਾਰ ਵਿਚ ਛੋਟੇ ਹੁੰਦੇ ਹਨ, ਪਰ ਭਾਵਾਂ ਨਾਲ ਛਲਕਦੇ ਹੋਣ ਕਰ ਕੇ ਸਿਧੇ ਦਿਲ ਵਿਚ ਉਤਰ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਬ੍ਰਿਹੋਂ ਕੁੱਠੀ ਪ੍ਰੇਮਕਾ ਦੀ ਵੇਦਨਾ ਹੁੰਦੀ ਹੈ। ਇਕ ਵਿਆਕੁਲਤਾ, ਜੋ ਪਥਰਾਂ ਨੂੰ ਵੀ ਪਿਘਲਾ ਦੇਂਦੀ ਹੈ। ਇਨ੍ਹਾਂ ਗੀਤਾਂ ਨੂੰ 'ਚੰਨ' ਦਾ ਨਾਉਂ ਇਸ ਲਈ ਦਿਤਾ ਗਿਆ, ਕਿਉਂਕਿ ਇਨ੍ਹਾਂ ਵਿਚ ਪ੍ਰੇਮਕਾ ਆਪਣੇ ਪ੍ਰੇਮੀ ਨੂੰ

'ਚੰਨ' ਸ਼ਬਦ ਨਾਲ ਸੰਬੋਧਨ ਕਰਦੀ ਹੈ। ਹਰ ਗੀਤ ਵਿਚ ਚੰਨ ਮਾਹੀ ਦੇ ਮੁੜ ਆਵਣ ਦੀ ਯਾਚਨਾ ਹੈ। ਜਿਵੇਂ :

(ੳ) ਚੰਨਾਂ ਮਾਹੜਿਆ ਬਣਾਂ ਵਿਚ ਬੋਲਦੀ ਏ ਟੱਟਰ
ਨਿਕਾ ਜਿਹਾ ਚੰਨ ਮਾਹੜੇ ਘਰੇ ਵਿਚ ਨੌਕਰ
ਗਏ ਪ੍ਰਦੇਸੀਆ ਚੰਨਾਂ ਕਿਹੜੇ ਦੇਸ ਏਂ।

(ਅ) ਚੰਨਾਂ ਮਾਹੜਿਆ ਬਣਾਂ ਵਿਚ ਬੋਲ ਦੀਆਂ ਕਾਗਣੀ,
ਸੁਖਾਂ ਵਾਲੀ ਸੁਤੀ ਏ ਤੇ ਦੁਖਾਂ ਵਾਲੀ ਜਾਗਣੀ,
ਗਏ ਪ੍ਰਦੇਸੀਆ, ਚੰਨਾ ਰੱਬ ਮੇਲੇ।

(ੲ) ਚੰਨ ਮਾਹੜਿਆ ਪਰਦੇਸੀਆ ਦੀ ਕੈ ਵੇ ਨਿਸ਼ਾਣੀ,
ਮੈਲੇ ਮੈਲੇ ਕਪੜੇ ਤੇ ਟੋਰ ਨਿਮਾਣੀ।
ਗਏ ਪ੍ਰਦੇਸੀਆ ਚੰਨਾਂ ਰੱਬ ਮੇਲੇ।

ਇਸ ਕਾਵਿ ਰੂਪ ਦੇ ਮੁੱਢ ਬਾਰੇ ਇਕ ਦੰਦ-ਕਥਾ ਪ੍ਰਚਲਤ ਹੈ। ਪੁਣਛ ਦੇ ਨੇੜੇ ਮੁਜ਼ਫਰਾਬਾਦ ਵਲ ਜਾਂਦਿਆਂ, ਰਾਹ ਵਿਚ ਇਕ ਪਹਾੜ ਪੈਂਦਾ ਹੈ, ਜਿਸ ਨੂੰ 'ਟੰਗਾ ਚੋਟੀ' ਕਹਿੰਦੇ ਹਨ। ਇਥੇ ਇਕ ਮੁਟਿਆਰ ਭੇਡਾਂ ਬਕਰੀਆਂ ਚਰਾਉਂਦੀ ਸੀ। ਉਸਦਾ ਇਸ਼ਕ ਇਸ ਇਲਾਕੇ ਦੇ ਇਕ ਆਜੜੀ ਗਭਰੂ ਨਾਲ ਹੋ ਗਿਆ। ਪਹਿਲੀ ਵਿਸ਼ਵ-ਯੁਧ ਵਿਚ ਉਹ ਗਭਰੂ ਭਰਤੀ ਹੋ ਕੇ ਜੰਗ ਵਿਚ ਮਾਰਿਆ ਗਿਆ। ਇਸ ਗੱਲ ਦੀ ਖ਼ਬਰ ਜਦੋਂ ਆਜੜਨ ਨੂੰ ਮਿਲੀ ਤਾਂ ਉਹ ਪਾਗਲ ਹੋ ਗਈ। ਇਸ ਦੁਖਦਾਈ ਅਵਸਥਾ ਵਿਚ, ਜੋ ਕੀਰਨੇ ਤੇ ਵੈਣ ਉਸਨੇ ਪਾਏ ਉਹ 'ਚੰਨ' ਦੇ ਨਾਂ ਨਾਲ ਪ੍ਰਸਿਧ ਹੋਏ। ਇਹ ਕਾਵਿ-ਰੂਪ ਦਾ ਨਾਉਂ 'ਚੰਨ' ਪੈਣ ਦਾ ਇਕ ਕਾਰਨ ਇਹ ਵੀ ਸੀ ਕਿ ਆਜੜਨ ਹਰ ਗੀਤ ਵਿਚ ਆਪਣੇ ਪ੍ਰੇਮੀ ਨੂੰ 'ਚੰਨ' ਸ਼ਬਦ ਨਾਲ ਸੰਬੋਧਨ ਕਰਦੀ ਹੋਈ, ਉਸਨੂੰ ਮਿਲਣ ਲਈ ਤਾਂਘ ਪ੍ਰਗਟ ਕਰਦੀ ਸੀ।

## (ਚ-66) ਚੰਨ (ਚੰਦ੍ਰਮਾ) :

ਚੰਨ ਤੇ ਸੂਰਜ ਬਾਰੇ ਸਭ ਤੋਂ ਵਧ ਮਨੌਤਾਂ, ਭਰਮ ਵਹਿਮ ਤੇ ਮਿਥਕ-ਕਥਾਵਾਂ ਪ੍ਰਚਲਤ ਹਨ। ਜਿਸ ਦਾ ਇਕ ਵਡਾ ਕਾਰਨ ਇਹ ਹੈ ਕਿ ਦੋਵੇਂ ਗ੍ਰਹਿ ਸਾਡੇ ਨਿਤ ਦੇ ਵਾਤਾਵਰਨ ਤੇ ਵਰਤਾਰੇ ਦਾ ਹਿੱਸਾ ਹਨ। ਪੰਜਾਬੀ ਲੋਕਧਾਰਾ ਵਿਚ ਸੂਰਜ ਤੇ ਚੰਨ ਨੂੰ ਸਕੇ ਸਬੰਧੀ ਮੰਨਿਆ ਗਿਆ ਹੈ, ਆਮ ਤੌਰ 'ਤੇ ਸਕੇ ਭਰਾ।

ਚੰਨ ਨਾਲ ਸਾਡਾ ਸਾਰਾ ਧਾਰਮਿਕ ਜੀਵਨ ਸੰਬੰਧਿਤ ਹੈ। ਮੱਸਿਆ ਤੋਂ ਪੂਰਨਮਾਸੀ ਤਕ ਦੀਆਂ ਚੜ੍ਹਦੀਆਂ ਤੇ ਫਿਰ ਲਹਿੰਦੀਆਂ ਤਿੱਥਾਂ ਨਾਲ ਸਾਡੇ ਸਾਰੇ ਧਾਰਮਿਕ ਤਿਉਹਾਰ ਤੇ ਮੇਲੇ ਜੁੜੇ ਹੋਏ ਹਨ ਜਿਵੇਂ ਦੀਵਾਲੀ, ਹੋਲੀ, ਬਸੰਤ ਪੰਚਮੀ। ਹਿੰਦੂ ਦੇਵੀ ਦੇਵਤਿਆਂ, ਅਵਤਾਰਾਂ ਤੇ ਸਿੱਖ ਗੁਰੂਆਂ, ਸੰਤਾਂ ਤੇ ਮਹਾਤਮਾਵਾਂ ਦੇ ਤਿਉਹਾਰ ਵੀ ... ਤਿਥਾਂ ਅਨੁਸਾਰ ਹਨ। ਵਿਆਹ ਸ਼ਾਦੀ ਦੇ ਲਗਨ ਤੇ ਮਹੂਰਤ ਵੀ ਚੰਨ ਦੀਆਂ ਤਿਥਾਂ ਅਨੁਕੂਲ ਕਢੇ ਜਾਂਦੇ ਹਨ।

ਚੰਨ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਵੀ ਪ੍ਰਚਲਤ ਹਨ। ਨਵਾਂ ਚੰਨ ਵੇਖਣਾ ਸ਼ੁਭ ਹੈ। ਨਵੀਂ ਵਿਆਹੀ ਔਰਤ, ਜੇ ਨਵੇਂ ਚੰਨ ਦੇ ਮੂੰਹ ਲਗੇ ਤਾਂ ਉਸਦੀ ਕੁਖੋਂ ਚੰਨ ਵਰਗਾ ਸੁਹਣਾ ਬਾਲ ਜਨਮ ਲੈਂਦਾ ਹੈ।

ਨਵੇਂ ਚੰਨ ਨੂੰ ਪ੍ਰਨਾਮ ਕਰਨ ਨਾਲ ਸਾਰਾ ਮਹੀਨਾ ਖੁਸ਼ੀਆਂ ਤੇ ਮੁਬਾਰਕਾਂ ਭਰਿਆ ਬੀਤਦਾ ਹੈ। ਇਸ ਲਈ ਨਵੇਂ ਚੰਨ ਦੇ ਮੱਥੇ ਲਗਣ ਵੇਲੇ ਚੰਨ ਪੂਜਿਆ ਜਾਂਦਾ ਹੈ।

ਮੁਲਤਾਨੀ ਹਿੰਦੂ ਨਵੇਂ ਚੰਨ ਨੂੰ ਵੇਖਦੇ ਸਾਰ ਉਸ ਵਲ ਧਾਗੇ ਸੁਟਦੇ ਹਨ। ਧਾਰਨਾ ਹੈ ਕਿ ਚੰਨ ਬਦਲੇ ਵਿਚ ਚਾਂਦੀ ਦੇਵੇਗਾ। ਕਈ ਹਿੰਦੂ ਆਪਣੀ ਪੱਗ ਦੇ ਲੜ ਨਾਲੋਂ ਕੁਝ ਧਾਗੇ ਤੋੜ ਕੇ ਚੰਨ ਨੂੰ ਭੇਟ ਕਰਦੇ ਹਨ। ਵਿਸ਼ਵਾਸ ਹੈ ਕਿ ਚੰਨ ਬਦਲੇ ਵਿਚ ਚਾਂਦੀ ਦੀਆਂ ਤਾਰਾਂ, ਰਜਵਾਂ ਅੰਨ ਤੇ ਧਨ ਦੇਵੇਗਾ।

ਭਾਦਰੋਂ ਦੀ ਚੌਥ ਦਾ ਚੰਨ ਮੱਥੇ ਲਗਣਾ ਸ਼ੁਭ ਨਹੀਂ ਮੰਨਿਆ ਜਾਂਦਾ। ਕੋਈ ਨਾ ਕੋਈ ਬਦਨਾਮੀ ਮੱਥੇ ਲਗਦੀ ਹੈ। ਭਾਦਰੋਂ ਦੇ ਮਹੀਨੇ ਨਵੇਂ ਚੰਨ ਨੂੰ ਵੇਖਣਾ ਠੀਕ ਨਹੀਂ ਸਮਝਿਆ ਜਾਂਦਾ। ਭਾਦਰੋਂ ਦੀ ਚੌਥ ਦਾ ਨਵਾਂ ਚੰਨ ਵੇਖਣ ਵਾਲੇ ਉਤੇ ਝੂਠੀ ਤੁਹਮਤ ਲਗਦੀ ਹੈ। ਇਸ ਤੋਂ ਬਚਣ ਦਾ ਇਕੋ ਇਕ ਢੰਗ ਇਹ ਹੈ ਕਿ ਕਿਸੇ ਗਵਾਂਢੀ ਨੂੰ ਆਪਣੇ ਮਕਾਨ ਉਤੇ ਇੱਟਾਂ ਵੱਟੇ ਸੁਟਣ ਲਈ ਕਿਹਾ ਜਾਵੇ। ਇਸ ਤਰ੍ਹਾਂ ਤੁਹਾਡਾ ਦਿਲ ਦੁਖੇਗਾ ਤੇ ਸਰਾਪ ਵੀ ਪੂਰਾ ਹੋ ਜਾਵੇਗਾ।

ਤੁਹਮਤ ਤੋਂ ਬਚਣ ਦਾ ਇਕ ਹੋਰ ਉਪਾਅ ਇਹ ਵੀ ਹੈ ਕਿ ਤੁਸੀਂ ਗੁਆਂਢੀਆਂ ਦੇ ਘਰ ਇੱਟਾਂ ਵੱਟੇ, ਮੈਲਾ ਤੇ ਗੰਦ ਸੁਟੋ। ਜੇ ਉਹ ਅਗੋਂ ਲੜਨ ਨੂੰ ਪੈਣ ਤਾਂ ਇਸ ਅਪਸ਼ਗਨ ਦਾ ਮੰਦਾ ਅਸਰ ਉਨ੍ਹਾਂ ਉਤੇ ਪਏਗਾ।

ਚੰਨ ਬਾਰੇ ਕਈ ਵਿਸ਼ਵਾਸ ਵੀ ਪ੍ਰਚਲਤ ਹਨ। ਧਾਰਨਾ ਹੈ ਕਿ ਚੰਨ ਤੀਵੀਆਂ ਨੂੰ ਗਰਭਿਤ ਕਰ ਦੇਂਦਾ ਹੈ। ਪਹਿਲੇ ਜ਼ਮਾਨੇ ਵਿਚ ਤੀਵੀਆਂ, ਚਾਂਦਨੀ ਰਾਤ ਵਿਚ, ਇਸ ਲਈ ਖੁਲ੍ਹੇ ਅਸਮਾਨ ਹੇਠ ਨਹੀਂ ਸਨ ਸੌਂਦੀਆਂ ਕਿ ਕਿਧਰੇ ਚੰਨ ਰਿਸ਼ਮਾਂ ਦੁਆਰਾ ਉਨ੍ਹਾਂ ਨੂੰ ਭੋਗ ਕੇ, ਗਰਭ ਨਾ ਠਹਿਰਾ ਦੇਵੇ। ਚੰਨ ਦੇ ਸਾਹਮਣੇ ਜੇ ਕੋਈ ਕੰਨਿਆ ਨੰਗੀ ਖੜੀ ਹੋ ਜਾਵੇ ਤਾਂ ਉਸਦੇ ਗਰਭਵਤੀ ਹੋਣ ਦੀ ਸੰਭਾਵਨਾ ਮੰਨੀ ਜਾਂਦੀ ਹੈ।

ਚੰਨ ਵਿਚ ਜੋ ਕਾਲੇ ਧੱਬੇ ਵਿਖਾਈ ਦੇਂਦੇ ਹਨ, ਇਹ ਬੁੱਢੀ ਮਾਈ ਤੇ ਉਸਦੇ ਚਰਖੇ ਦੇ ਨਿਸ਼ਾਨ ਹਨ। ਮੁਢ ਕਦੀਮ ਤੋਂ ਹੀ ਇਕ ਬੁੱਢੀ ਮਾਈ, ਚੰਨ ਵਿਚ ਬੈਠੀ ਚਰਖਾ ਕੱਤ ਰਹੀ ਹੈ। ਜਦੋਂ ਉਹ ਮੁੱਢ ਕੱਤ ਲੈਂਦੀ ਹੈ ਤਾਂ ਉਨ੍ਹਾਂ ਨੂੰ

ਉਹ ਧਰਤੀ ਉੱਤੇ ਵਗਾਹ ਸੁਟਦੀ ਹੈ। ਮੁੱਢੇ ਦੇ ਧਾਗੇ ਉਧੜ ਕੇ ਦੁੱਧ-ਚਿੱਟੀਆਂ ਕਿਰਨਾਂ ਦਾ ਰੂਪ ਧਾਰ, ਸਾਰੇ ਸੰਸਾਰ ਵਿਚ ਖਿਲਰ ਜਾਂਦੇ ਹਨ ਤੇ ਨਵਾਂ ਚੰਨ ਚੜ੍ਹ ਆਉਂਦਾ ਹੈ (ਵੇਖੋ : ਸੂਰਜ)।

ਬੋਧੀ ਕਥਾਵਾਂ ਅਨੁਸਾਰ, ਮਹਾਤਮਾ ਬੁਧ ਨੇ, ਆਪਣੇ ਕਿਸੇ ਪਹਿਲੇ ਜਨਮ ਵਿਚ, ਆਪਣੇ ਆਪ ਨੂੰ, ਖ਼ਰਗੋਸ਼ ਦੇ ਰੂਪ ਵਿਚ, ਦੇਵਤਿਆਂ ਦੇ ਮੁਖੀ ਸਾਕਾ ਨੂੰ ਭੇਟ ਕੀਤਾ ਸੀ। ਸਾਕਾ ਨੇ ਚੰਨ ਉਤੇ, ਖ਼ਰਗੋਸ਼ ਦਾ ਚਿਤ੍ਰ ਉਲੀਕ ਦਿਤਾ ਤਾਂ ਜੋ ਇਹ ਘਟਨਾ ਰਹਿੰਦੀ ਦੁਨੀਆਂ ਤਕ ਲੋਕਾਂ ਨੂੰ ਯਾਦ ਰਹੇ। ਇਸੇ ਲਈ ਚੰਨ ਨੂੰ ਸਸਾਨਕਾ (ਖ਼ਰਗੋਸ਼ ਦੇ ਨਿਸ਼ਾਨ ਵਾਲਾ) ਵੀ ਕਿਹਾ ਜਾਂਦਾ ਹੈ।

ਚੰਨ ਬਾਰੇ ਪੰਜਾਬ ਵਿਚ ਜੋ ਮਿਥਕ ਕਥਾ ਪ੍ਰਚਲਤ ਹੈ, ਉਹ ਬੜੀ ਦਿਲਚਸਪ ਤੇ ਭਾਵਪੂਰਤ ਹੈ। ਉਸਦਾ ਆਧਾਰ ਵੀ ਵਿਗਿਆਨਕ ਹੈ। ਚੰਨ ਦੇ ਉਦੇ ਹੋਣ ਤੋਂ ਪਹਿਲਾਂ, ਰਸ ਨਾਂ ਦੀ ਕੋਈ ਚੀਜ਼, ਸੰਸਾਰ ਵਿਚ ਨਹੀਂ ਸੀ। ਨਾ ਤਾਂ ਮਰਦ ਔਰਤ ਦੇ ਸਬੰਧਾਂ ਵਿਚ ਕੋਈ ਖਿੱਚ-ਸੀ ਤੇ ਨਾ ਹੀ ਖਾਣ ਪੀਣ ਦੀਆਂ ਚੀਜ਼ਾਂ ਦਾ ਕੋਈ ਜ਼ਾਇਕਾ।

ਪ੍ਰਭੂ ਨੇ ਸੰਸਾਰ ਵਿਚ ਰਸ ਪੈਦਾ ਕਰਨ ਲਈ, ਚੰਨ ਦੀ ਸਿਰਜਨਾ ਕੀਤੀ। ਸੂਰਜ ਤੋਂ ਰੌਸ਼ਨੀ, ਹਵਾਵਾਂ ਤੋਂ ਸ਼ੀਤਲਤਾ, ਧਰਤੀ ਤੋਂ ਉਪਜਾਇਕਤਾ ਆਦਿ ਤੇ ਫਿਰ ਆਪਣੇ ਅੰਦਰੋਂ ਮੁਹੱਬਤ ਦਾ ਨੂਰ ਰਲਾਇਆ। ਚੰਨ ਦੇ ਉਦੇ ਹੋਣ ਦੀ ਢਿੱਲ ਸੀ ਕਿ ਬਨਸਪਤੀ ਵਿਚ ਰਸ ਘੁਲ ਗਿਆ ਤੇ ਮਰਦ ਤ੍ਰੀਮਤ ਵਿਚ ਮੁਹੱਬਤ ਜਾਗ ਪਈ। ਧਰਤੀ ਜੀਣ ਜੋਗੀ ਥਾਂ ਹੋ ਗਈ।

ਚੰਨ ਦੇ ਉਤਾਰ-ਚੜ੍ਹਾਅ ਨਾਲ ਵੀ ਕਈ ਕਥਾਵਾਂ ਪ੍ਰਚਲਤ ਹਨ। ਪੰਜਾਬ ਵਿਚ ਇਸ ਬਾਰੇ ਪੁਰਾਣਿਕ ਕਥਾ ਹੈ, ਜਿਸ ਅਨੁਸਾਰ ਰਿਸ਼ੀ ਦਕਸ਼ ਦੀਆਂ 27 ਧੀਆਂ ਚੰਨ ਨਾਲ ਵਿਆਹੀਆਂ ਗਈਆਂ, ਪਰ ਚੰਨ ਕੇਵਲ ਰੋਹਿਣੀ ਨਾਲ ਪਿਆਰ ਕਰਦਾ ਸੀ। ਬਾਕੀ ਧੀਆਂ ਨੂੰ ਦੁਖੀ ਵੇਖ ਕੇ, ਰਿਸ਼ੀ ਨੇ ਸਰਾਪ ਦੇ ਦਿਤਾ। ਚੰਨ ਘਟਦਾ ਘਟਦਾ ਛਿੱਲੜ ਰਹਿ ਗਿਆ ਤਾਂ ਧੀਆਂ ਦੇ ਕਹਿਣ ਉਤੇ ਦਕਸ਼ ਰਿਸ਼ੀ ਨੇ ਸਰਾਪ ਬਦਲਿਆ।

ਚੰਨ ਦੇ ਗ੍ਰਹਿਣ ਬਾਰੇ ਵੀ ਕਈ ਕਥਾਵਾਂ ਪ੍ਰਚਲਤ ਹਨ।

(ਚ-67) **ਚੰਨ-ਪੂਜਾ** :

ਪੰਜਾਬ ਵਿਚ ਪੂਰਵ-ਇਤਿਹਾਸਕ ਕਾਲ ਤੋਂ ਹੀ ਪ੍ਰਾਕ੍ਰਿਤਕ ਸ਼ਕਤੀਆਂ ਦੀ ਪੂਜਾ ਚਲੀ ਆ ਰਹੀ ਹੈ। ਗ੍ਰਹਿਆਂ ਵਿਚ ਸੂਰਜ ਤੋਂ ਮਗਰੋਂ ਚੰਦਰਮੇ ਨੂੰ ਹੀ ਸਭ ਤੋਂ ਵਧ ਮਾਨਤਾ ਪ੍ਰਾਪਤ ਹੈ। ਪ੍ਰਾਚੀਨ ਕਾਲ ਵਿਚ ਚੰਨ-ਪੂਜਾ ਦਾ ਕੀ ਸਰੂਪ ਸੀ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਰਿਗਵੇਦ ਵਿਚ, ਚੰਦਰਮੇ ਦਾ ਸੋਮ ਨਾਲ ਏਕੀਕਰਣ ਕੀਤਾ ਗਿਆ ਸੀ। ਰਿਗਵੇਦ ਦੇ ਇਕ ਸਲੋਕ ਵਿਚ, ਚੰਦਰਮੇ ਦੇ ਘੱਟਣ ਦਾ ਕਾਰਨ ਦੇਵਤਿਆਂ ਦਾ ਅੰਮ੍ਰਿਤ ਪੀਣਾ ਦਸਿਆ ਗਿਆ ਹੈ। ਇੰਦਰ ਤੇ ਅਗਨੀ ਦੇਵ ਦਾ ਚੰਨ ਦੇ ਪੱਖਾਂ ਨਾਲ ਏਕੀਕਰਣ ਵੀ ਕੀਤਾ ਗਿਆ ਹੈ। ਇੰਦਰ ਦਾ ਨਵੇਂ ਚੰਨ ਨਾਲ ਅਤੇ ਅਗਨੀ ਦਾ ਪੂਰਨਮਾਸ਼ੀ ਨਾਲ। ਇਸੇ ਤਰ੍ਹਾਂ ਵਰੁਣ ਅਤੇ ਮਿੱਤਰ ਦੇਵਤੇ ਦਾ ਚੰਨ ਦੇ ਵਧਣ ਘਟਣ ਦੀ ਕਿਰਿਆ ਨਾਲ ਏਕੀਕਰਣ ਹੈ।

ਚੰਨ ਨੌਂ ਗ੍ਰਹਿਆਂ ਵਿਚੋਂ ਇਕ ਹੈ, ਜਿਨ੍ਹਾਂ ਦੀ ਪੂਜਾ ਪ੍ਰਾਚੀਨ ਕਾਲ ਤੋਂ ਪ੍ਰਚਲਤ ਹੈ। ਚੰਨ ਦੀ ਵੱਖਰੀ ਸੁਤੰਤਰ ਪੂਜਾ ਦੀ ਪਰੰਪਰਾ ਵੀ ਰਹੀ ਹੈ। ਹੋ ਸਕਦਾ ਹੈ ਕਿ ਚੰਨ-ਪੂਜਾ ਪਿੱਤਰ-ਪੂਜਾ ਨਾਲ ਸਬੰਧਿਤ ਹੋਵੇ, ਕਿਉਂ ਜੋ ਪੁਰਾਣਾਂ ਅਨੁਸਾਰ ਚੰਨ ਵਿਚ ਪਿੱਤਰ ਵਸਦੇ ਹਨ ਤੇ ਮਰਨ ਮਗਰੋਂ ਪ੍ਰਾਣੀ ਚੰਨ ਵਿਚ ਹੀ ਬਿਸਰਾਮ ਕਰਦੇ ਹਨ। ਦਾਹ-ਸੰਸਕਾਰ ਵੇਲੇ ਧੂੰਆਂ ਪ੍ਰਾਣੀ ਨੂੰ ਉਡਾ ਕੇ ਚੰਨ ਵਿਚ ਲੈ ਜਾਂਦਾ ਮੰਨਿਆ ਗਿਆ ਹੈ।

ਚੰਨ ਨੂੰ ਓਸਾਧਪਤੀ ਜਾਂ ਉਸਾੜੀਧਰ ਵੀ ਕਹਿੰਦੇ ਹਨ, ਜਿਸ ਦਾ ਅਰਥ ਹੈ 'ਪੌਦਿਆਂ ਦਾ ਸਵਾਮੀ'। ਭੋਇੰ ਵਿਚੋਂ ਉਗਦਾ ਹਰ ਪੌਦਾ, ਉਸਦੀ ਰਾਖੀ ਤੇ ਨਜ਼ਰ ਵਿਚ ਹੈ ਅਤੇ ਉਸ ਉਤੇ ਚੰਨ ਦਾ ਪ੍ਰਭਾਵ ਹੁੰਦਾ ਹੈ। ਪਿੰਡਾਂ ਵਿਚ ਫ਼ਸਲ ਦੀ ਬੀਜਾਈ, ਵਾਢੀ ਤੇ ਗਾਹੀ ਵੇਲੇ, ਚੰਦਰਮੇ ਦੀਆਂ ਵਧਦੀਆਂ ਤਿੱਥਾਂ ਨੂੰ ਹਮੇਸ਼ਾ ਧਿਆਨ ਵਿਚ ਰਖਿਆ ਜਾਂਦਾ ਰਿਹਾ ਹੈ। ਚੰਨ ਦਾ ਸਬੰਧ ਉਤਪਾਦਨ ਸ਼ਕਤੀ ਨਾਲ ਵੀ ਮੰਨਿਆ ਗਿਆ ਹੈ ਤੇ ਚੰਨ ਦੀ ਪੂਜਾ ਦਾ ਇਕ ਕਾਰਨ ਉਤਪਾਦਨ ਨੂੰ ਵਧਾਣਾ ਹੈ।

ਪੰਜਾਬ ਵਿਚ ਚੰਦਰਮੇ ਦਾ ਸਬੰਧ ਜਣਨ-ਸ਼ਕਤੀ ਨਾਲ ਵੀ ਜੋੜਿਆ ਜਾਂਦਾ ਹੈ। ਇਸ ਵਾਸਤੇ ਇਸ ਦੀ ਪੂਜਾ ਆਮ ਤੌਰ ਤੇ ਇਸਤ੍ਰੀ ਦੀ ਜਣਨ ਸ਼ਕਤੀ ਅਤੇ ਧਰਤੀ ਦੀ ਉਤਪਾਦਨ ਸ਼ਕਤੀ ਨੂੰ ਵਧਾਣ ਲਈ ਕੀਤੀ ਜਾਂਦੀ ਹੈ। ਪੰਜਾਬ ਵਿਚ ਪ੍ਰਚਲਤ ਇਕ ਮਿੱਥ ਅਨੁਸਾਰ (ਚੌਬੀਸ ਅਵਤਾਰ, ਦਸਮ ਗ੍ਰੰਥ) ਪਹਿਲਾਂ ਚੰਨ ਗ੍ਰਹਿ ਨਹੀਂ ਸੀ ਹੁੰਦਾ, ਜਿਸ ਕਰਕੇ ਧਰਤੀ ਬਹੁਤੀ ਦਿਲਖਿੱਚਵੀ ਨਹੀਂ ਸੀ। ਮਰਦ ਇਸਤ੍ਰੀ ਪਸ਼ੂ ਪੰਛੀ ਤਾਂ ਸਭ ਹੈ ਸਨ, ਪਰ ਉਹ ਇਕ ਦੂਜੇ ਲਈ ਖਿੱਚ ਨਹੀਂ ਸਨ ਰਖਦੇ। ਧਰਤੀ ਵਿਚੋਂ ਫਲ ਅਤੇ ਅੰਨ ਪੈਦਾ ਹੁੰਦਾ ਸੀ, ਪਰ ਉਨ੍ਹਾਂ ਵਿਚ ਰਸ ਨਹੀਂ ਸੀ। ਘਾਹ ਵਰਗਾ ਫਿੱਕਾ ਅਤੇ ਬਕਬਕਾ ਸਵਾਦ ਸਭਨਾਂ ਫਲਾਂ ਫੁੱਲਾਂ ਦਾ ਸੀ। ਤਾਂ ਪ੍ਰਭੂ ਨੇ ਚੰਦਰਮੇ ਨੂੰ ਉਤਪੰਨ ਕੀਤਾ। ਚੰਦਰਮੇ ਦੇ ਉਦੇ ਹੁੰਦੇ ਸਾਰ, ਧਰਤੀ ਵਿਚ ਰਸ ਦਾ ਸੰਚਾਰ ਹੋ ਗਿਆ। ਜੀਆਂ ਜੰਤੂਆਂ ਵਿਚ ਇਸ਼ਕ ਜਾਗ ਪਿਆ। ਨਰ ਪਸ਼ੂ ਪੰਛੀ ਆਪਣੀ ਮਾਦਾ ਨਾਲ

ਕਲੋਲਾਂ ਕਰਨ ਲਗੇ ਤੇ ਧਰਤੀ ਵਿਚ ਜੋ ਫਲ ਤੇ ਅੰਨ ਉਗਦਾ, ਉਹ ਰਸੀਲਾ ਹੋ ਗਿਆ। ਸੋ ਇਸ ਮਿੱਥ ਅਨੁਸਾਰ ਚੰਦਰਮਾ ਨਾਲ ਉਤਪਾਦਨ ਸ਼ਕਤੀ ਸਬੰਧਿਤ ਹੈ। ਸ਼ਾਇਦ ਇਸੇ ਕਰਕੇ ਪੰਜਾਬ ਦੇ ਪਿੰਡਾਂ ਵਿਚ ਅੱਜ ਵੀ ਕਈ ਤੀਵੀਆਂ, ਚੰਨ ਦੇ ਸਾਹਮਣੇ ਨੰਗਿਆਂ ਹੋਣ ਤੋਂ ਭਰਮ ਕਰਦੀਆਂ ਹਨ। ਧਾਰਨਾ ਹੈ ਕਿ ਚੰਦਰਮੇ ਦੇ ਸਾਹਮਣੇ ਨੰਗੇ ਖੜੇ ਹੋਣ ਨਾਲ, ਗਰਭ ਠਹਿਰ ਜਾਂਦਾ ਹੈ। ਕਿਉਂ ਜੋ ਚੰਨ ਆਪਣੀਆਂ ਕਿਰਨਾਂ ਦੁਆਰਾ ਨੰਗੀ ਇਸਤਰੀ ਨੂੰ ਭੋਗ ਕੇ ਗਰਭਵਤੀ ਕਰ ਦਿੰਦਾ ਹੈ। ਇਕ ਵਿਚਾਰ ਹੈ ਕਿ ਚੰਦਰਮਾ ਇਸਤ੍ਰੀ ਨੂੰ ਭੋਗਣ ਵੇਲੇ ਉਸਦੇ ਪਤੀ ਦਾ ਰੂਪ ਧਾਰ ਲੈਂਦਾ ਹੈ। ਇਸ ਵਿਚਾਰ ਦਾ ਆਧਾਰ ਗੌਤਮ-ਅਹਿੱਲਿਆ ਦੀ ਮਿੱਥ ਜਾਪਦੀ ਹੈ, ਜਿਸ ਅਨੁਸਾਰ ਇੰਦਰ ਨੇ ਅਹਿੱਲਿਆ ਨੂੰ ਉਸਦੇ ਪਤੀ ਗੌਤਮ ਦਾ ਰੂਪ ਧਾਰ ਕੇ ਭੋਗਿਆ ਸੀ ਤੇ ਚੰਦਰਮੇ ਨੇ ਉਸਦੀ ਮਦਦ ਕੀਤੀ ਸੀ। ਜਦੋਂ ਰਿਸ਼ੀ ਗੌਤਮ ਅਗੋ ਭੇਤ ਖੁਲ੍ਹਿਆ ਤਾਂ ਉਸ ਨੇ ਅਹਿੱਲਿਆ ਨੂੰ ਪੱਥਰ ਬਣਨ ਅਤੇ ਚੰਦਰਮੇ ਨੂੰ ਦਾਗ਼ੀ ਹੋਣ ਦਾ ਸਰਾਪ ਦਿਤਾ। ਭਾਵੇਂ ਇਹ ਮਿੱਥ ਪੁਰਾਣਾਂ ਵਿਚ ਇੰਦਰ ਨਾਲ ਜੁੜੀ ਹੋਈ ਹੈ, ਪਰ ਪੰਜਾਬ ਵਿਚ ਇਹ ਚੰਦਰਮੇ ਨਾਲ ਹੀ ਸਬੰਧਿਤ ਹੈ।

ਉਪਰੋਕਤ ਸਭ ਧਾਰਨਾਵਾਂ ਕਰਕੇ, ਚੰਨ ਦੀ ਪੂਜਾ ਜ਼ਿਆਦਾਤਰ ਉਤਪਾਦਨ ਸ਼ਕਤੀ ਲਈ ਕੀਤੀ ਜਾਂਦੀ ਹੈ। ਚੰਨ ਦੀ ਪੂਜਾ ਨਵੇਂ ਚੰਨ ਵਾਲੇ ਦਿਨ ਕੀਤੀ ਜਾਂਦੀ ਹੈ। ਜਦੋਂ ਨਵਾਂ ਚੰਨ ਚੜ੍ਹਦਾ ਹੈ ਤਾਂ ਲੋਕ ਉਸ ਨੂੰ ਵੇਖ ਕੇ ਪ੍ਰਨਾਮ ਕਰਦੇ ਹੋਏ ਇਹ ਤੁਕਾਂ ਪੜ੍ਹਦੇ ਹਨ :

ਸੁਖ ਦਾ ਚੜ੍ਹੀਂ, ਭਾਗੀ ਭਰਿਆ ਚੜ੍ਹੀਂ,
ਅੰਦਰ ਭਰੀਂ, ਬਾਹਰ ਵੀ ਭਰੀਂ।

ਹਿੰਦੂ ਖੱਤਰੀ (ਪੱਛਮੀ ਪੰਜਾਬ, ਪਾਕਿਸਤਾਨ) ਖ਼ਾਸ ਤੌਰ ਤੇ ਹਿੰਦੂ ਲਾਲੇ ਨਵਾਂ ਚੰਨ ਵੇਖ ਕੇ ਸਾਫ਼ੇ/ਪਗੜੀ ਦੇ ਅਖ਼ੀਰਲੇ ਲੜ ਨੂੰ ਆਪਣੇ ਗਲ ਦੁਆਲੇ ਲਪੇਟਦੇ ਹੋਏ ਕਹਿੰਦੇ ਹਨ :

ਚੰਨਾ ! ਭਾਗੀਂ ਭਰਿਆ ਚੜ੍ਹੀਂ, ਠੰਢ ਵਰਤਾਈਂ,
ਰੋਟੀ ਕਪੜਾ ਖ਼ੂਬ ਦਿਵਾਈਂ।

ਪਰ ਮੁਸਲਮਾਨ ਸਾਫ਼ੇ ਦੇ ਸੱਤ ਧਾਗੇ ਖਿੱਚ ਕੇ, ਲੜ ਨੂੰ ਸੱਜੇ ਪਾਸੇ ਸੁਟਦੇ ਹੋਏ ਉਪਰੋਕਤ ਤੁਕਾਂ ਪੜ੍ਹਦੇ ਹਨ।

ਕਈ ਲੋਕ ਨਵਾਂ ਚੰਨ ਵੇਖ ਕੇ ਉਸ ਵਲ ਚਾਂਦੀ ਦਾ ਕੋਈ ਸਿੱਕਾ ਸੁਟਦੇ ਹੋਏ 'ਸੇਰ.ਖ਼ਤ' ਮਲਦੇ ਹਨ। ਜੇ ਠੀਕ ਨਿਕਲ ਆਵੇ ਤਾਂ ਸਾਰਾ ਮਹੀਨਾ ਮੁਰਾਦਾਂ ਪੂਰੀਆਂ ਹੁੰਦੀਆਂ ਹਨ।

ਜੇ ਨਵੀਂ ਵਿਆਹੀ ਕੁੜੀ, ਹਰ ਮਹੀਨੇ ਨਵਾਂ ਚੰਨ ਵੇਖੇ ਤਾਂ ਉਸ ਨੂੰ ਪੁੱਤਰ ਦੀ ਦਾਤ ਮਿਲਦੀ ਹੈ। ਨਵੀਂ ਵਿਆਹੀ ਕੁੜੀ ਨਵਾਂ ਚੰਨ ਵੇਖਣ ਮਗਰੋਂ, ਸੱਸ ਸਹੁਰੇ ਦੇ ਚਰਨ ਛੂੰਹਦੀ ਹੈ ਤੇ ਉਸ ਤੋਂ ਸੱਤ-ਪੁੱਤਰੀ ਹੋਣ ਦੀ ਅਸੀਸ ਮੰਗਦੀ ਹੈ। ਇਸ ਰੀਤ ਤੋਂ ਵੀ ਇਸ ਗੱਲ ਨੂੰ ਹੁੰਗਾਰਾ ਮਿਲਦਾ ਹੈ ਕਿ ਚੰਨ ਦਾ ਸਬੰਧ ਉਤਪਾਦਨ ਸ਼ਕਤੀ ਨਾਲ ਹੈ।

ਚੰਨ ਦੀ ਪੂਜਾ-ਅਰਚਾ ਚੌਥ, ਅਸ਼ਟਮੀ, ਇਕਾਦਸ਼ੀ, ਪੂਰਨਮਾਸ਼ੀ ਆਦਿ ਤੇ ਹੋਰ ਵਰਤਾਂ ਵੇਲੇ ਕੀਤੀ ਜਾਂਦੀ ਹੈ। ਜਿਵੇਂ ਕਿ ਕਰਵਾ ਚੌਥ ਨੂੰ, ਜੋ ਅਸੂ ਦੀ ਹਨੇਰੀ ਚੌਥ ਨੂੰ ਪੈਂਦੀ ਹੈ, ਪਤੀ ਦੀ ਦੀਰਘ ਆਯੂ ਲਈ ਵਰਤ ਰਖਦੀ ਹੈ। ਸੁਹਾਗਣਾਂ ਸ਼ਾਮੀਂ ਚੰਦਰਮਾ ਚੜ੍ਹਨ ਵੇਲੇ, ਛਾਣਨੀ ਵਿਚ ਦੀਵਾ ਬਾਲ ਕੇ ਚੰਦਰਮਾ ਨੂੰ ਵੇਖ ਕੇ, ਅਰਘਾ ਦੇਂਦੀਆਂ ਹਨ। ਇਸੇ ਤਰ੍ਹਾਂ ਦੀ ਪੂਜਾ ਹੋਰ ਵਰਤਾਂ ਵੇਲੇ ਵੀ ਕੀਤੀ ਜਾਂਦੀ ਹੈ। ਚੰਨ ਦੀਆਂ ਕੁਝ ਤਿੱਥਾਂ—ਅਮਾਵਸ ਤੇ ਪੂਰਨਮਾਸ਼ੀ ਉਤੇ ਇਸ਼ਨਾਨ ਦਾ ਮਹਾਤਮ ਹੈ। ਖ਼ਾਸ ਕਰਕੇ ਸੋਮਵਾਰੀ ਅਮਾਵਸ ਨੂੰ (ਵੇਖੋ : ਸੋਮਵਾਰੀ ਅਮਾਵਸ)।

ਕੱਤਕ ਦੀ ਚਾਨਣੀ ਚੌਦਸ ਨੂੰ, ਕੱਖਾਂ ਕਾਨਿਆਂ ਦੀ ਬੇੜੀ (ਪਟੜਾ) ਬਣਾ ਕੇ, ਉਸ ਵਿਚ ਸੱਤ ਦੀਵੇ ਬਾਲ ਕੇ, ਦਰਿਆ ਵਿਚ ਤਾਰ ਦਿਤੀ ਜਾਂਦੀ ਹੈ। ਨਾਲ ਹੀ ਇਹ ਟੱਪਾ ਗਾਇਆ ਜਾਂਦਾ ਹੈ :

ਅਗੇ ਅਗੇ ਦੀਵੜਾ ਪਿਛੇ ਪਿਛੇ ਸੰਸਾਰ,
ਅਗੇ ਬਲੇ ਦੀਵੜਾ, ਰਾਮ ਲੰਘਾਏ ਪਾਰ।

ਫਿਰ ਦਰਿਆ ਦੇ ਨੇੜੇ ਖੁਲ੍ਹੀ ਥਾਏਂ ਜਾਂ ਕਿਸੇ ਖੇਤ ਵਿਚ ਮਿੱਟੀ ਦੇ ਢੇਲਿਆਂ ਦੀ ਢੂਗੀ ਬਣਾ ਕੇ, ਤੇ ਉਸ ਵਿਚ ਦੀਵਾ ਬਾਲ ਕੇ ਪੂਜਿਆ ਜਾਂਦਾ ਹੈ। ਧਾਰਨਾ ਹੈ ਕਿ ਇਸ ਕਰਮ-ਕਾਂਡ ਦੁਆਰਾ, ਇਤਨਾ ਕੁ ਟੁਕੜਾ ਮਰਨ ਮਗਰੋਂ ਸਵਰਗ ਵਿਚ ਪ੍ਰਾਣੀ ਨੂੰ ਰਹਿਣ ਲਈ, ਪ੍ਰਾਪਤ ਹੁੰਦਾ ਹੈ।

ਇਤਿਹਾਸਕ ਕਾਲ ਵਿਚ ਪੰਜਾਬ ਵਿਚ ਚੰਦਰ ਦੇਵਤੇ ਦੇ ਕਈ ਮੰਦਰ ਸਨ, ਜਿਨ੍ਹਾਂ ਵਿਚੋਂ ਇਕ ਮੰਦਰ 'ਸੱਸੀ ਦਾ ਧੌਲਰ' ਦੇ ਨਾਂ ਨਾਲ ਹੁਣ ਵੀ ਲੋਣੀ ਨਦੀ (ਪਾਕਿਸਤਾਨ) ਦੇ ਕੰਢੇ ਮੌਜੂਦ ਹੈ। ਇਥੇ ਕਦੇ ਚੰਨ ਦੀ ਪੂਜਾ ਕੀਤੀ ਜਾਂਦੀ ਸੀ।

## (ਚ-68) ਚੰਨ-ਮਿੱਥ :

ਕੁਝ ਵਿਦਵਾਨਾਂ ਦੀ ਇਹ ਧਾਰਨਾ ਰਹੀ ਹੈ ਕਿ ਚੰਦਰਮੇ ਦੀ ਵਧਦੀ ਘਟਦੀ ਦੇ ਪ੍ਰਾਕ੍ਰਿਤਕ ਦ੍ਰਿਸ਼ਟਮਾਨ ਨੂੰ ਆਧਾਰ ਬਣਾ ਕੇ ਕੁਝ ਸਮਾਨਾਂਤਰ ਮਿਥਕ ਕਥਾਵਾਂ ਸਿਰਜ ਲਈਆਂ ਗਈਆਂ ਹਨ। ਜਾਂ ਫਿਰ ਚੰਦਰਮੇ ਬਾਰੇ ਪੂਰਵ ਇਤਿਹਾਸਕ ਕਾਲ ਵਿਚ ਜੋ ਮਿੱਥਕ ਕਥਾਵਾਂ ਰਚੀਆਂ ਗਈਆਂ, ਉਨ੍ਹਾਂ ਨੂੰ ਵਿਗਾੜ ਕੇ ਨਵੇਂ ਨਾਇਕ ਸਿਰਜ ਲਏ ਗਏ। 1906 ਈ: ਵਿਚ ਬਰਲਨ ਵਿਚ "ਮਿਥਕ ਕਥਾਵਾਂ ਦੇ ਤੁਲਨਾਤਮਕ ਅਧਿਐਨ" ਨਾਲ ਸਬੰਧਿਤ ਇਕ ਬੈਠਕ ਹੋਈ, ਜਿਸ ਵਿਚ ਚਰਚਾ ਕਰਨ ਲਈ ਅਨੇਕਾਂ ਪ੍ਰਸਿਧ

ਵਿਦਵਾਨ ਸ਼ਾਮਲ ਹੋਏ। ਇਨ੍ਹਾਂ ਵਿਦਵਾਨਾਂ ਨੇ ਮਿਥਕ ਕਥਾਵਾਂ ਦੀ ਵਿਆਖਿਆ ਲਈ ਸੂਰਜ ਨਾਲੋਂ ਚੰਦਰਮੇ ਨੂੰ ਪ੍ਰਾਥਮਿਕਤਾ ਦਿਤੀ। ਇਨ੍ਹਾਂ ਦੀ ਧਾਰਨਾ ਸੀ ਕਿ ਚੰਦਰਮੇ ਨੂੰ ਵੱਧਣ ਘੱਟਣ ਦੀ ਗਤੀਵਿਧੀ ਨੂੰ ਆਧਾਰ ਬਣਾ ਕੇ ਕੁਝ ਘਟਨਾਵਾਂ, ਕਿਸੇ ਨਾਇਕ ਨਾਲ ਸੰਬੰਧਿਤ ਹੋ ਗਈਆਂ। ਚੰਦਰਮੇ ਦੀ ਹੋਣੀ ਭੋਗਣ ਵਾਲੇ ਨਾਇਕ ਨੂੰ 'ਚੰਦਰਮੀ ਨਾਇਕਾ' ਆਖਿਆ ਜਾਂਦਾ ਹੈ। ਪੰਜਾਬੀ ਵਿਚ ਇਸ ਕਿਸਮ ਦੀ ਨਾਇਕਾ ਦੀ ਵਿਆਖਿਆ ਲਈ ਸਭ ਤੋਂ ਵਧੀਆ ਉਦਾਹਰਣ ਸੱਸੀ ਦੀ ਹੈ। 'ਸੱਸੀ-ਪੁੰਨੂੰ' ਦੀ ਦੰਦ-ਕਥਾ ਚੰਦਰ-ਮਿੱਥ ਦੀ ਹੀ ਵਿਗਾੜ ਹੈ। ਇਸ ਬਾਰੇ ਲੰਮੀ ਚਰਚਾ (ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ 2, ਪੰਨਾ 386) ਕੀਤੀ ਗਈ ਹੈ, ਜਿਸ ਵਿਚ ਸੱਸੀ ਪੁੰਨੂੰ ਦੀ ਕਥਾ ਨੂੰ ਪ੍ਰਾਚੀਨ ਕਾਲ ਵਿਚ ਪ੍ਰਚਲਤ ਕਿਸੇ ਚੰਨ-ਮਿੱਥ ਦਾ ਹੀ ਵਿਗਾੜ ਦਸਦਿਆਂ ਕਿਹਾ ਗਿਆ ਹੈ :

"ਸੱਸੀ ਪੁੰਨੂੰ ਦੀ ਕਥਾ ਬੁਨਿਆਦੀ ਤੌਰ ਤੇ ਇਕ ਚੰਨ-ਮਿੱਥ ਹੈ। ਚੰਨ ਦੇ ਇਕ ਦ੍ਰਿਸ਼ਟਮਾਨ ਦੀ ਲੋਕ-ਕਲਪਨਾ ਵਿਚੋਂ ਉਪਜੀ ਬ੍ਰਿਤਾਂਤਕ ਨਕਲ, ਜਿਸ ਦੁਆਰਾ ਚੰਨ ਦੇ ਵੱਧਣ ਘੱਟਣ ਦੀ ਕਿਰਿਆ ਦੇ ਰਹੱਸਾਂ ਦਾ ਮਨੁੱਖੀ ਰਿਸ਼ਤਿਆਂ ਵਿਚ ਸਪਸ਼ਟੀਕਰਨ ਕੀਤਾ ਗਿਆ ਹੈ ਅਤੇ ਇਹ ਕਥਾ ਪੂਰਵ-ਇਤਿਹਾਸਕ ਕਾਲ ਵਿਚ ਦੇਵ-ਕਥਾ ਦੇ ਰੂਪ ਵਿਚ, ਚੰਨ ਦੇ ਉਪਾਸਕਾਂ ਵਿਚ ਪ੍ਰਚਲਤ ਸੀ...ਆਦਿਮ ਪੰਜਾਬੀਆਂ ਵਿਚ ਚੰਨ ਦੀ ਅਮਾਵਸ ਤੋਂ ਪੁੰਨਿਆਂ ਵਲ ਚੜ੍ਹਤ ਤੇ ਫਿਰ ਪਤਨ ਦੇ ਪ੍ਰਾਕ੍ਰਿਤਕ ਨਜ਼ਾਰੇ ਬਾਰੇ, ਜੋ ਮਿੱਥ ਪ੍ਰਚਲਤ ਸੀ, ਉਹੋ ਹੀ ਸੱਸੀ ਪੁੰਨੂੰ ਦੀ ਦੰਦ-ਕਥਾ ਦੀ ਜੇਠੀ ਸੀ। ਸੱਸੀ ਦੇ ਪੁੰਨੂੰ ਲਈ ਪਲ ਪਲ ਵਧਦੇ ਪ੍ਰੇਮ, ਵੇਗ, ਸੰਜੋਗ ਸਿਖਰ ਤੇ ਫਿਰ ਵਿਜੋਗ ਵਲ ਦੀ ਹੋਂਦ—ਭੰਗਰੀ ਦਸ਼ਾ ਦਾ ਏਕੀਕਰਨ, ਚੰਨ (ਸੱਸੀ) ਦੀ ਮੱਸਿਆ ਤੋਂ ਪੂਰਨਮਾਸ਼ੀ (ਪੁੰਨੂੰ) ਵਲ ਦੀ ਚੜ੍ਹਦੀ ਗਤੀ ਅਤੇ ਪੂਰਨਮਾਸ਼ੀ ਤੇ ਮੱਸਿਆ ਵਲ ਦੇ ਪਤਨ ਦੇ ਦ੍ਰਿਸ਼ਟਮਾਨ ਨਾਲ ਕੀਤਾ ਜਾ ਸਕਦਾ ਹੈ। ਇਕ ਦ੍ਰਿਸ਼ਟਮਾਨ ਹੈ, ਦੂਜਾ ਉਸਦਾ ਬ੍ਰਿਤਾਂਤਕ ਰੂਪ। ਇਸ ਦੰਦ-ਕਥਾ ਦਾ ਚੰਨ ਦੇ ਵੱਧਣ ਘੱਟਣ ਦੀ ਅਵਸਥਾ ਨਾਲ ਤੁਲਨਾ ਕਰੀਏ ਤਾਂ ਰਹੱਸ ਸਹਿਜੇ ਹੀ ਖੁਲ੍ਹ ਜਾਂਦਾ ਹੈ। ਚੰਨ ਦਾ ਮੁਢਲਾ ਰੂਪ, ਅਮਾਵਸ ਹਨੇਰੇ ਵਿਚ ਗਵਾਚਿਆ ਹੁੰਦਾ ਹੈ। 'ਸੱਸੀ ਪੁੰਨੂੰ' ਦੀ ਕਥਾ ਵਿਚ ਇਹ ਸਥਿਤੀ ਸੱਸੀ ਦੇ ਜੰਮਣ ਤੋਂ ਪਹਿਲਾਂ ਦੀ ਉਹ ਅਵਸਥਾ ਹੈ, ਜਿਸ ਵਿਚ ਆਦਿਮ ਜਾਮ ਔਲਾਦ ਦੀ ਖ਼ਾਤਰ ਹਰਲੇ ਕਰਦਾ ਤੇ ਸੁੱਖਣਾ ਸੁੱਖਦਾ ਫਿਰਦਾ ਹੈ। ਚੰਨ ਏਕਮ ਨੂੰ ਚੜ੍ਹਦਾ ਹੈ, ਪਰ ਉਹ ਨਜ਼ਰ ਨਹੀਂ ਆਉਂਦਾ। ਚੌਥ ਨੂੰ ਨਵਾਂ ਚੰਨ ਵੇਖਣ ਨਾਲ ਮੱਥੇ ਬਦਨਾਮੀ ਲਗਦੀ ਹੈ। ਇਸ ਮਨੌਤ ਬਾਰੇ ਇਕ ਕਹਾਣੀ ਮਿੱਥ ਵੀ ਪ੍ਰਚਲਤ ਹੈ। ਬ੍ਰਿਤਾਂਤ ਅਨੁਸਾਰ ਸੱਸੀ ਜੰਮੀ, ਪਰ ਜੋਤਸ਼ੀਆਂ ਦੇ ਕਹਿਣ ਉੱਤੇ ਕਿ ਉਹ ਮਾਪਿਆਂ ਨੂੰ ਬਦਨਾਮ ਕਰੇਗੀ, ਮਾਪੇ ਉਹਦੇ ਮੂੰਹ ਨਾ ਲਗੇ। ਸੱਸੀ ਨੂੰ ਜੰਮਦੇ ਸਾਰ ਦਰਿਆ ਵਿਚ ਰੋੜ੍ਹ ਦੇਣਾ ਅਤੇ ਚੰਦਰਮਾ ਦਾ ਏਕਮ ਨੂੰ ਅਸਮਾਨ ਵਿਚ ਠਿੱਲਣਾ, ਇਕੋ ਦਸ਼ਾ ਦੇ ਬੋਧ ਹਨ। ਦੂਜ ਜਾਂ ਤੀਜ ਨੂੰ ਚੰਨ ਅਕਾਸ਼ ਵਿਚ ਪ੍ਰਤੱਖ ਰੂਪ ਵਿਚ ਵਿਖਾਈ ਦੇਂਦਾ ਹੈ। ਦਰਿਆ ਵਿਚ ਰੁੜ੍ਹਦੀ ਸੱਸੀ ਉੱਤੇ ਧੋਬੀ ਦੀ ਨਜ਼ਰ ਪੈਣੀ, ਇਸੇ ਦ੍ਰਿਸ਼ਟਮਾਨ ਦੀ ਸੂਚਕ ਹੈ। ਸੱਸੀ ਦਾ ਪੁੰਨੂੰ ਨੂੰ ਸੁਪਨੇ ਵਿਚ ਵੇਖ ਕੇ ਮੋਹਿਤ ਹੋਣਾ, ਚੰਨ ਦਾ ਪੂਰਨਤਾ (ਪੁੰਨਿਆਂ) ਲਈ ਜਾਗਰਰੂਪ ਹੋਣਾ ਹੈ। ਇਹ ਚੰਨ ਦਾ ਸੰਪੂਰਣ ਹੋਣ ਲਈ ਆਤਮ-ਵਿਸਥਾਰ ਹੈ, ਆਪਣੀ ਹੋਂਦ ਨੂੰ ਇਕਸੁਰ ਕਰਨਾ ਹੈ। ਇਸ਼ਕ ਦੀ ਵੀ ਇਹੋ ਪ੍ਰਕ੍ਰਿਤੀ ਹੈ, ਉਹ ਵੀ ਆਤਮ-ਵਿਸਥਾਰ ਹੈ, ਤੇ ਕਿਸੇ ਦੂਜੀ ਜਿੰਦ ਵਿਚ ਵਲੀਨ ਹੋ ਕੇ, ਵਿਸ਼ਵ ਨਾਲ ਇਕਸੁਰ ਹੋਣਾ ਲੋਚਦਾ ਹੈ। ਸੱਸੀ ਦਾ ਪੁੰਨੂੰ ਨਾਲ ਸੰਜੋਗ ਤਕ ਦਾ ਇਸ਼ਕ ਦਾ ਸਫ਼ਰ, ਚੰਨ ਦੀ ਪੂਰਨਮਾ ਤਕ ਦੀ ਪ੍ਰਾਪਤੀ ਹੈ। ਪੂਰਨਮਾ ਸੰਜੋਗ ਦੀ ਸਿਖਰ ਹੈ। ਚੰਨ ਕਿਸੇ ਘੜੀ ਵੀ ਸਥਿਰ ਨਹੀਂ ਰਹਿੰਦਾ, ਪੂਰਨ ਹੋ ਕੇ ਵੀ ਚੰਨ ਦੀ ਇਹੋ ਹੋਣੀ ਹੈ। ਚੰਨ ਪੂਰਨਮਾ ਵਿਚ ਕੁਝ ਘੜੀਆਂ ਹੀ ਟਿਕਦਾ ਹੈ, ਹਮੇਸ਼ਾਂ ਲਈ ਨਹੀਂ। ਸੋ ਸੱਸੀ ਪੁੰਨੂੰ ਦਾ ਸੰਜੋਗ ਵੀ ਸਥਿਰ ਨਹੀਂ ਰਿਹਾ। ਸੰਜੋਗ ਸਿਖਰ ਉੱਤੇ ਪਹੁੰਚਣ ਮਗਰੋਂ ਵਿਜੋਗ ਬਣ ਗਿਆ। ਸੱਸੀ ਦਾ ਥਲਾਂ ਵਿਚ ਪੁੰਨੂੰ ਨੂੰ ਖੋਜਣਾ ਤੇ ਬ੍ਰਿਹੋਂ ਵਿਚ ਭਟਕਣਾ, ਘਟਦੇ ਚੰਨ ਦਾ ਆਕਾਸ਼ ਵਿਚ ਹੋਣੀ ਨਾਲ ਘੁਲਦਿਆਂ, ਦਿਨ ਪ੍ਰਤੀ ਦਿਨ ਤਿਲ ਤਿਲ ਨਿਘਰਨਾ ਤੇ ਆਪਣੀ ਹੋਂਦ ਨੂੰ ਵਿਛੁੰਨਣ ਦਾ ਰੂਪਕ ਹੈ। ਚੰਨ ਅਖ਼ੀਰ ਹੋਣੀ ਨਾਲ ਘੁਲਦਾ, ਆਕਾਸ਼ ਦੇ ਵਿਸ਼ਾਲ ਥਲ ਵਿਚ ਵਲੀਨ ਹੋ ਜਾਂਦਾ ਹੈ। ਇਸੇ ਤਰ੍ਹਾਂ ਵਿਆਕੁਲ ਸੱਸੀ ਥਲਾਂ ਵਿਚ ਹੋਣੀ ਨਾਲ ਟਕਰਾਂਦੀ, ਗੁਆਚੇ ਪੁੰਨੂੰ ਨੂੰ ਭਾਲਦੀ ਪ੍ਰਾਣ ਤਿਆਗ ਦਿੰਦੀ ਹੈ। ਪੂਰਨਮਾ ਦੀ ਹੋਂਦ ਚੰਨ ਵਿਚ ਹੈ। ਦੋਵੇਂ ਇਕ ਦੂਜੇ ਤੋਂ ਵੱਖਰੇ ਨਹੀਂ। ਇਕ ਦੂਜੇ ਦਾ ਵਿਸਥਾਰ ਹਨ। ਇਸੇ ਤਰ੍ਹਾਂ ਦੰਦ-ਕਥਾ ਵਿਚ ਵੀ ਪੁੰਨੂੰ ਸੱਸੀ ਦੀ ਕਬਰ ਵਿਚ ਸਮਾ ਜਾਂਦਾ ਹੈ। ਕੋਈ ਵੱਖਰੀ ਹੋਂਦ ਨਹੀਂ ਭੋਗਦਾ। ਸੱਸੀ ਪੁੰਨੂੰ ਦਾ ਮਰਨ ਮਗਰੋਂ ਮੁੜ ਚੰਨ ਦੇ ਪ੍ਰਗਟ ਹੋਣ ਦੇ ਬਰਾਬਰ ਹੈ। ਪ੍ਰਤੱਖ ਹੈ ਕਿ ਚੰਨ ਦਾ ਹੀ ਦ੍ਰਿਸ਼ਟਮਾਨ ਪੁੰਨੂੰ ਦੀ ਦੰਦ-ਕਥਾ ਵਿਚ ਇਕਾਗਰ ਹੈ।...

ਚੰਨ ਦੇ ਦ੍ਰਿਸ਼ਟਮਾਨ ਅਤੇ ਸੱਸੀ ਪੁੰਨੂੰ ਦੀ ਦੰਦ-ਕਥਾ ਦੋਹਾਂ ਵਿਚ ਘਟਨਾਵਾਂ ਦੀ ਸ਼ਿਲਪ ਤੇ ਉਨ੍ਹਾਂ ਦਾ ਬੁਨਿਆਦੀ ਚਰਿਤ੍ਰ ਹੀ ਸਮਾਨ ਨਹੀਂ, ਸਗੋਂ ਦੋਹਾਂ ਦੀ ਸੰਵੇਦਨਾ ਵੀ ਇਕੋ ਜਿਹੀ ਹੈ। ਦੋਹਾਂ ਦੇ ਸੰਕਟ ਦਾ ਮੂਲ ਹੋਣੀ ਹੈ, ਚੰਨ ਅਮਿਟ ਹੋਣੀ ਦਾ ਸ਼ਿਕਾਰ ਹੈ, ਜੋ ਪੂਰੇਂ ਉਹਦੇ

ਕਰਮਾਂ ਵਿਚ ਲਿਖੀ ਗਈ। ਚੰਨ ਲੱਖ ਯਤਨ ਕਰੇ ਤਾਂ ਵੀ
ਉਸ ਨੇ ਇਸ ਹੋਣੀ ਨੂੰ ਭੋਗਣਾ ਹੀ ਹੈ, ਜੋ ਸੱਸੀ ਨੂੰ ਜੰਮਦੇ
ਸਾਰ ਗ੍ਰਸ ਲੈਂਦੀ ਹੈ ਤੇ ਉਦੋਂ ਤਕ ਉਸਦਾ ਖਹਿੜਾ ਨਹੀਂ
ਛਡਦੀ, ਜਦੋਂ ਤਕ ਉਹ ਥਲਾਂ ਵਿਚ ਲੀਨ ਨਹੀਂ ਹੋ
ਜਾਂਦੀ। ਇਸ ਅਟੱਲ ਹੋਣੀ ਨੂੰ ਚੰਦਰਮਾ ਆਕਾਸ਼ ਮੰਡਲ
ਵਿਚ ਭਰਮਣ ਕਰਦਿਆਂ ਭੋਗਦਾ ਹੈ। ਸੱਸੀ ਇਸੇ ਹੋਣੀ ਨੂੰ
ਮਾਤ-ਲੋਕ ਵਿਚ ਭੋਗਦੀ ਹੈ। ਸੋ ਸੱਸੀ ਦਾ ਜੀਵਨ-ਚਰਿਤ੍ਰ
ਚੰਦਰਮਾ ਦੇ ਪ੍ਰਾਕ੍ਰਿਤਕ ਚਰਿਤ੍ਰ ਦਾ ਮੁਜੱਸਮਾ ਹੈ।''

ਸਾਰੰਸ਼ ਇਹ ਹੈ ਕਿ ਸੱਸੀ ਪੁੰਨੂੰ ਦੀ ਮਿਥਕ-ਕਥਾ
ਚੰਦਰ-ਮਿੱਥ ਦਾ ਹੀ ਪ੍ਰਤਿਰੂਪ ਕਹੀ ਜਾ ਸਕਦੀ ਹੈ (ਵੇਖੋ :
ਸੱਸੀ ਪੁੰਨੂੰ)।

(ਚ-69) **ਚਨਾਰ ਪੀਰ** :

ਬਹਾਵਲਪੁਰ ਦਾ ਇਕ ਪ੍ਰਸਿਧ ਪੀਰ, ਜਿਸ ਦੀ ਮਾਨਤਾ
ਦੇਸ਼ ਵੰਡ ਤੋਂ ਪਹਿਲਾਂ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ
ਸੰਪ੍ਰਦਾਵਾਂ ਵਿਚ ਸੀ। ਇਸ ਪੀਰ ਦੀ ਮਜ਼ਾਰ, ਇਕ ਥੇਹ
ਉਤੇ ਸਥਿਤ ਹੈ, ਜੋ ਬਹਾਵਲਪੁਰ ਵਿਚ ਕਿਲੇ ਦੇ ਪੂਰਬ
ਵਲ, ਚਾਰ ਕੁ ਮੀਲ ਦੂਰ ਹੈ। ਇਸ ਥੇਹ ਤੋਂ ਤਿੰਨ ਕੁ
ਮੀਲਾਂ ਦੀ ਵਿਥ ਉਤੇ ਇਕ ਹੋਰ ਥੇਹ ਹੈ। ਰਵਾਇਤ ਹੈ,
ਇਥੇ ਪਹਿਲਾਂ ਇਕ ਨਗਰ ਹੁੰਦਾ ਸੀ ਜੋ ਰਾਜਾ ਸੰਧੀਲਾ
ਦੀ ਰਾਜਧਾਨੀ ਸੀ। ਚਨਾਰ ਪੀਰ ਇਸੇ ਰਾਜੇ ਸੰਧੀਲਾ
ਦਾ ਪੁੱਤਰ ਸੀ।

'ਬਹਾਵਲਪੁਰ ਗਜ਼ਟੀਅਰ' ਅਨੁਸਾਰ ਰਵਾਇਤ ਹੈ ਕਿ
ਇਕ ਵਾਰ ਸੱਯਦ ਸ਼ੇਰ ਸ਼ਾਹ, ਇਸ ਨਗਰ ਵਿਚ ਆਇਆ
ਤੇ ਰਾਜੇ ਤੋਂ ਉਸ ਨੇ ਪੁਛਿਆ ਕਿ ਇਥੇ ਕੋਈ ਮੁਸਲਮਾਨ
ਰਹਿੰਦਾ ਹੈ। ਰਾਜੇ ਦਾ ਨਾਂਹ ਵਿਚ ਜਵਾਬ ਸੁਣ ਕੇ, ਪੁੱਛਣ
ਲਗਾ ਕਿ ਇਥੇ ਕੋਈ ਮੁਸਲਮਾਣੀ ਹੈ। ਉਤਰ ਫਿਰ ਨਾਂਹ
ਵਿਚ ਮਿਲਿਆ। ਸੱਯਦ ਨੇ ਫਿਰ ਪੁਛਿਆ ਕਿ ਇਸ ਨਗਰ 'ਚ
ਕੋਈ ਤੀਵੀਂ ਗਰਭਵਤੀ ਹੈ। ਰਾਜੇ ਸੰਧੀਲੇ ਨੇ ਦਸਿਆ
ਕਿ ਉਸਦੀ ਰਾਣੀ ਗਰਭਵਤੀ ਹੈ। ਤਾਂ ਸੱਯਦ ਨੇ ਗੰਭੀਰ
ਹੋ ਕੇ ਕਿਹਾ,''ਇਸ ਦਾ ਬੱਚਾ ਬੜਾ ਕਰਣੀ ਵਾਲਾ ਹੋਵੇਗਾ ਤੇ
ਵਡਾ ਪੀਰ ਗੱਜੇਗਾ। ਇਸ ਲਈ ਮੁਸਲਮਾਨ ਦਾਈ
ਰਖਣੀ।'' ਰਾਜੇ ਨੂੰ ਬੜਾ ਕਰੋਧ ਆਇਆ, ਪਰ ਉਹ ਗੁੱਸਾ
ਅੰਦਰੋਂ ਅੰਦਰੀਂ ਪੀ ਗਿਆ। ਜਦੋਂ ਬਾਲਕ ਜੰਮਿਆ ਤਾਂ
ਰਾਜੇ ਨੇ ਉਸ ਨੂੰ ਥੇਹ ਉਤੇ ਸੁਟ ਦਿਤਾ, ਤਾਂ ਜੋ ਉਹ
ਮਰ ਜਾਏ। ਹੁਣ ਉਥੇ ਚਨਾਰ ਪੀਰ ਦੀ ਮਜ਼ਾਰ ਹੈ। ਪਰ
ਅਸਮਾਨ ਵਿਚੋਂ ਚੰਦਨ ਦਾ ਪਲਨਾ ਉਤਰਿਆ ਤੇ ਉਸ
ਵਿਚ ਬੱਚਾ ਆਪਣੇ ਆਪ ਪਲਣ ਲਗਾ। ਇਹ ਮੋਅਜਜ਼ਾ
ਵੇਖ ਕੇ, ਸੰਧੀਲੇ ਨੇ ਬੱਚੇ ਨੂੰ ਪਲਨੇ ਵਿਚੋਂ ਕਢ ਕੇ, ਘਰ
ਲਿਆਣਾ ਚਾਹਿਆ, ਪਰ ਉਹ ਜਦੋਂ ਵੀ ਪਲਨੇ ਦੇ ਨੇੜੇ
ਜਾਂਦਾ, ਪਲਨਾ ਉਪਰ ਅਸਮਾਨ ਵਲ ਉਠ ਜਾਂਦਾ। ਬੱਚਾ
ਜਦੋਂ ਵੱਡਾ ਹੋਇਆ ਤਾਂ ਮਖਦੂਮ ਜਹਾਨੀਆਂ ਦਾ ਮੁਰੀਦ
ਬਣਿਆ। ਚਨਾਰ ਪੀਰ ਸਾਰੀ ਉਮਰ ਬ੍ਰਹਮਚਾਰੀ
ਰਿਹਾ।

ਹਿੰਦੂ ਮੁਸਲਮਾਨ ਦੋਵੇਂ ਇਸ ਪੀਰ ਉਤੇ ਇਕੋ ਜਿਹਾ
ਵਿਸ਼ਵਾਸ਼ ਰਖਦੇ ਸਨ। ਦੇਸ਼ ਵੰਡ ਤੋਂ ਪਹਿਲਾਂ ਜਿਹੜੇ
ਹਿੰਦੂ ਮੁਸਲਮਾਨ ਇਥੇ ਜ਼ਿਆਰਤ ਲਈ ਆਉਂਦੇ, ਉਹ
ਇਕ ਦੂਜੇ ਨੂੰ ਭਰਾ ਸਮਝਦੇ ਅਤੇ ਇਕ ਦੂਜੇ ਦੇ ਹੱਥਾਂ ਦਾ
ਖਾ ਪੀ ਲੈਂਦੇ ਸਨ। ਬੱਚੇ ਦੀ ਪਹਿਲੀ ਝੰਡ ਸਮੇਂ ਸ਼ਰਧਾਲੂ
ਇਥੇ 'ਅੱਟਾ ਘਟਾ' ਭੇਟਾ ਕਰਦੇ ਹਨ (ਵੇਖੋ : ਅੱਟਾ ਘਟਾ)।
ਇਹ ਮਜ਼ਾਰ ਬੱਚਿਆਂ ਦੀ 'ਸੁਖ' ਲਈ ਚੰਗੀ ਸਮਝੀ
ਜਾਂਦੀ ਹੈ।

(ਚ-70) **ਚਨਿਓਟ** :

ਪੱਛਮੀ ਪੰਜਾਬ (ਪਾਕਿਸਤਾਨ) ਦੇ ਝੰਗ ਜ਼ਿਲੇ ਦਾ
ਇਕ ਪ੍ਰਸਿਧ ਨਗਰ, ਜੋ ਝਨਾਂ ਦੇ ਖੱਬੇ ਕੰਢੇ ਤੋਂ ਦੋ ਕੁ
ਮੀਲਾਂ ਦੀ ਵਿਥ ਉਤੇ ਇਕ ਪੱਥਰੀਲੀ ਪਹਾੜੀ ਦੀਆਂ ਢਲਾਨਾਂ
ਉਤੇ ਸਥਿਤ ਹੈ। ਇਹ ਨਗਰ ਬੜਾ ਪ੍ਰਾਚੀਨ ਹੈ।
ਦੰਦ-ਕਥਾਵਾਂ ਅਨੁਸਾਰ ਇਹ ਨਗਰ ਚੰਦਨ ਨਾਂ ਦੀ ਇਕ
ਸ਼ਹਿਜ਼ਾਦੀ ਨੇ ਵਸਾਇਆ (ਵੇਖੋ : ਚੰਦਨ ਸ਼ਹਿਜ਼ਾਦੀ)।
ਇਸ ਸ਼ਹਿਜ਼ਾਦੀ ਨੂੰ ਸ਼ਿਕਾਰ ਖੇਡਣ ਦਾ ਬੜਾ ਸ਼ੌਕ ਸੀ ਤੇ
ਮਰਦਾਵੇਂ ਕਪੜੇ ਪਹਿਨ ਕੇ ਸ਼ਿਕਾਰ ਵਾਸਤੇ ਨਿਕਲਿਆ
ਕਰਦੀ ਸੀ। ਇਕ ਵਾਰ ਸ਼ਿਕਾਰ ਖੇਡਦਿਆਂ ਉਹ ਝਨਾਂ
ਦੇ ਖੱਬੇ ਕੰਢੇ ਉਤੇ, ਉਸ ਥਾਂ ਆ ਪਹੁੰਚੀ, ਜਿਥੇ ਹੁਣ
ਚਨਿਓਟ ਵਸਿਆ ਹੋਇਆ ਹੈ। ਇਸ ਥਾਂ ਦੀ ਪ੍ਰਾਕ੍ਰਿਤਕ
ਸੁੰਦਰਤਾ ਨੇ ਉਸਦਾ ਮਨ ਮੋਹ ਲਿਆ ਤੇ ਉਸਨੇ ਕੁਝ
ਦਿਨ ਆਪਣਾ ਡੇਰਾ ਇਥੇ ਹੀ ਰਖਿਆ ਤੇ ਇਥੇ ਇਕ
ਨਗਰ ਵਸਾਣ ਦਾ ਹੁਕਮ ਦਿਤਾ। ਸ਼ਹਿਜ਼ਾਦੀ ਦੇ ਨਾਂ ਉਤੇ
ਇਸ ਨਗਰ ਦਾ ਨਾਂ ਚੰਦਨ ਰਖਿਆ ਗਿਆ। ਇਹ ਨਗਰ
ਪਹਾੜੀ ਦੀ ਓਟ ਵਿਚ ਹੋਣ ਕਰਕੇ, ਪਿਛੋਂ ਚੰਦਨ-ਓਟ
ਅਥਵਾ ਚੰਦਨਿਓਟ ਪ੍ਰਸਿਧ ਹੋ ਗਿਆ। ਝੰਗ ਦੇ ਪੁਰਾਣੇ
ਕਾਗ਼ਜ਼ਾਂ ਵਿਚ ਇਸ ਨਗਰ ਦਾ ਇਹੋ ਨਾਂ ਮਿਲਦਾ ਹੈ
(ਝੰਗ ਗਜ਼ਟੀਅਰ, ਪੰਨਾ 160)। ਮਗਰੋਂ ਇਹ ਨਾਂ
ਵਿਗੜ ਕੇ ਚਨਿਓਟ ਬਣ ਗਿਆ।

ਚਨਿਓਟ ਲਕੜੀ ਦੀ ਮੀਨਾਕਾਰੀ, ਪੱਚੀਕਾਰੀ ਤੇ
ਰਾਜਗੀਰੀ ਅਥਵਾ ਪੱਥਰਾਂ ਦੀ ਚਿਣਾਈ ਲਈ ਬੜਾ
ਪ੍ਰਸਿਧ ਹੈ। ਤਾਜ ਮਹਲ ਦੀ ਉਸਾਰੀ ਸਮੇਂ ਚਨਿਓਟ ਤੋਂ
ਕਈ ਸ਼ਿਲਪੀ ਆਗਰੇ ਗਏ ਸਨ। ਹਰਿਮੰਦਰ ਸਾਹਿਬ
ਅੰਮ੍ਰਿਤਸਰ ਦਾ ਮੁਖੀ ਸ਼ਿਲਪੀ ਚਨਿਓਟ ਦਾ ਹੀ ਵਾਸੀ
ਸੀ।

(ਚ-71) **ਚੰਨਿਆਂ** :

ਧਨੀ-ਪੋਠੋਹਾਰ ਦਾ ਇਕ ਪ੍ਰਸਿੱਧ ਲੋਕ-ਕਾਵਿ; ਜਿਵੇਂ ਮਾਹੀਏ ਵਿਚ ਪ੍ਰੀਤਮ ਨੂੰ 'ਮਾਹੀ' ਕਰਕੇ ਸੰਬੋਧਨ ਕੀਤਾ ਜਾਂਦਾ ਹੈ ਅਤੇ ਢੋਲਿਆਂ ਵਿਚ 'ਢੋਲ' ਕਹਿ ਕੇ, ਇਸੇ ਤਰ੍ਹਾਂ 'ਚੰਨਿਆਂ' ਵਿਚ ਪ੍ਰੀਤਮ ਨੂੰ 'ਚੰਨ' ਕਰਕੇ ਸੰਬੋਧਨ ਕੀਤਾ ਗਿਆ ਹੈ।

'ਚੰਨਾਂ', 'ਮਾਹੀਏ' ਨਾਲ ਮਿਲਦਾ ਜੁਲਦਾ ਕਾਵਿ-ਰੂਪ ਹੈ। ਕਈ 'ਚੰਨੇ' ਤਾਂ 'ਮਾਹੀਏ' ਦੇ ਹੀ ਬਦਲੇ ਹੋਏ ਰੂਪ ਹਨ :

ਕਟੋਰਾ ਕਾਂਸੀ ਦਾ,
ਤੇਰੀ ਵੇ ਜੁਦਾਈ ਚੰਨਾਂ, ਜਿਵੇਂ ਝੂਟਾ ਫਾਂਸੀ ਦਾ।

(ਚ-72) **ਚੱਪਣੀ** :

ਘੜੇ ਦਾ ਮੂੰਹ ਢੱਕਣ ਦੀ ਢੂਣੀ, ਜੋ ਕਈ ਰਸਮਾਂ ਰੀਤਾਂ ਵੇਲੇ ਵਰਤੀ ਜਾਂਦੀ ਹੈ। ਬੱਚੇ ਦੇ ਜਨਮ ਸਮੇਂ, ਘੜੇ ਦੀ ਚੱਪਣੀ 'ਤੇ ਦੀਵਾ ਬਾਲ ਕੇ ਰਖਿਆ ਜਾਂਦਾ ਹੈ। ਇਸ ਤਰ੍ਹਾਂ ਬੱਚੇ ਦੀ ਜੀਵਨ-ਜੋਤ ਨੂੰ ਸ਼ਕਤੀ ਮਿਲਦੀ ਹੈ।

ਵਿਆਹ ਨਾਲ ਸਬੰਧਿਤ ਇਕ ਰੀਤ 'ਚੱਪਣੀਆਂ ਭੰਨਣਾ' ਹੈ। ਜਦੋਂ ਲਾੜ੍ਹੇ ਨੂੰ ਖਾਰੇ ਉੱਤੇ ਬਿਠਾ ਕੇ ਤੇ ਵਟਣਾ ਮਲ ਕੇ ਇਸ਼ਨਾਨ ਕਰਵਾਇਆ ਜਾਂਦਾ ਹੈ ਤਾਂ ਮਗਰੋਂ ਚੌਂਕੀ ਤੋਂ ਉਤਰਨ ਲਗਿਆਂ, ਉਨ੍ਹਾਂ ਸੱਤ ਚੱਪਣੀਆਂ ਨੂੰ, ਜੋ ਪਹਿਲਾਂ ਤੋਂ ਹੀ ਇਸੇ ਮੰਤਵ ਨਾਲ, ਚੌਂਕੀ ਦੇ ਕੋਲ ਧਰੀਆਂ ਹੁੰਦੀਆਂ ਹਨ, ਲਾੜ੍ਹਾ ਪੈਰ ਮਾਰ ਕੇ ਭੰਨਦਾ ਹੋਇਆ ਲੰਘਦਾ ਹੈ। ਇਨ੍ਹਾਂ ਢੂਣੀਆਂ ਦਾ ਭੰਨਣਾ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ ਕਿ ਹੁਣ ਉਸ ਦੇ ਬ੍ਰਹਮਚਾਰੀ ਜੀਵਨ ਦਾ ਅੰਤ ਹੋ ਗਿਆ ਹੈ ਅਤੇ ਹੁਣ ਉਸਦਾ ਪਿਛਲੇ ਜੀਵਨ ਨਾਲ ਨਾਤਾ ਟੁਟ ਗਿਆ ਹੈ, ਉਹ ਹੁਣ ਮੁੰਡਾ ਖੁੰਡਾ ਨਹੀਂ ਰਿਹਾ।

ਹਿੰਦੂਆਂ ਵਿਚ ਜਨੇਊ ਦੀ ਰਸਮ ਸਮੇਂ ਵੀ ਯੁਵਕ ਚੱਪਣੀਆਂ ਭੰਨਦਾ ਹੈ, ਜਿਸ ਦਾ ਇਹ ਭਾਵ ਹੈ ਕਿ ਹੁਣ ਉਸਦਾ ਬਾਲਪਨ ਖ਼ਤਮ ਹੋ ਗਿਆ ਹੈ ਤੇ ਬ੍ਰਹਮਚਾਰੀ ਜੀਵਨ ਸ਼ੁਰੂ ਹੋ ਰਿਹਾ ਹੈ।

(ਚ-73) **ਚੰਪਾਕਲੀ** :

ਤੀਵੀਆਂ ਦਾ ਇਕ ਗਹਿਣਾ, ਜੋ ਗਲ ਵਿਚ ਪਹਿਨਿਆ ਜਾਂਦਾ ਹੈ।

"ਚੰਪਾਕਲੀ ਨਾ ਤੋੜ ਵੀਰ ਮੇਰਾ ਮਾਰੂਗਾ"

(ਚ-74) **ਚੰਬਾ** :

(1) ਚੰਬੇ ਦੀਆਂ ਕਲੀਆਂ ਦੀ ਮਹਿਕ ਬੜੀ ਲੁਭਾਵਣੀ ਹੁੰਦੀ ਹੈ। ਇਨ੍ਹਾਂ ਨੂੰ ਬੜਾ ਪਵਿਤਰ ਮੰਨਿਆ ਗਿਆ ਹੈ। ਸੁਹਾਗਣ ਇਸਤ੍ਰੀਆਂ ਚੰਬੇ ਦੀਆਂ ਕਲੀਆਂ ਦੇ ਗਜਰੇ ਜੂੜੇ ਵਿਚ ਸਜਾਂਦੀਆਂ ਤੇ ਚੰਬੇ ਦੀ ਮਾਲਾ ਗਲ ਵਿਚ ਪਹਿਨਦੀਆਂ ਹਨ। ਇਸ ਲਈ ਚੰਬੇ ਦੀ ਕਲੀ ਸੁਹਾਗਣ ਇਸਤ੍ਰੀ ਦੀ ਪ੍ਰਤੀਕ ਹੈ।

ਸ਼ਾਸਤ੍ਰਾਂ ਅਨੁਸਾਰ ਚੰਬਾ ਬੜਾ ਪਵਿਤ੍ਰ ਫੁੱਲ ਹੈ। ਹਿੰਦੂ ਚੰਬੇ ਦੀਆਂ ਕਲੀਆਂ ਨੂੰ ਦੇਵਤਿਆਂ ਤੇ ਠਾਕੁਰਾਂ ਨੂੰ ਚੜ੍ਹਾਂਦੇ ਹਨ।

(2) ਹਿਮਾਚਲ ਪ੍ਰਦੇਸ਼ ਦਾ ਇਕ ਖੇਤਰ। ਇਹ ਇਲਾਕਾ ਪ੍ਰਾਕ੍ਰਿਤਕ ਸੁੰਦਰਤਾ ਨਾਲ ਭਰਪੂਰ ਹੈ। ਇਸ ਬਾਰੇ ਕਹਾਵਤ ਹੈ :

ਚੰਬਾ—ਅਚੰਭਾ।

ਚੰਬਾ ਕਈ ਸਦੀਆਂ ਤਕ ਪੰਜਾਬ ਦਾ ਇਕ ਹਿੱਸਾ ਰਿਹਾ, ਪਰ ਹੁਣ ਉਸ ਨੂੰ ਹਿਮਾਚਲ ਪ੍ਰਦੇਸ ਵਿਚ ਸ਼ਾਮਿਲ ਕਰ ਦਿਤਾ ਗਿਆ ਹੈ। ਇਥੋਂ ਦੀ ਸਥਾਨਿਕ ਭਾਸ਼ਾ ਚੰਬਿਆਲੀ, ਪੰਜਾਬੀ ਦੀ ਹੀ ਇਕ ਉਪ-ਭਾਸ਼ਾ ਹੈ (ਵੇਖੋ : ਹਿਮਾਚਲ ਪ੍ਰਦੇਸ)।

(ਚ-75) **ਚੰਬਾਵਤੀ** :

ਕੁਲੂ ਵਾਦੀ ਦੀ ਇਕ ਸਥਾਨਿਕ ਦੇਵੀ; ਇਹ ਕੁਲੂ ਦੇ ਇਕ ਪਿੰਡ ਚੁੰਗ ਦੀ ਦੇਵੀ ਹੈ ਤੇ ਇਸ ਨੂੰ ਚੁੰਗਾਸਨ ਵੀ ਕਹਿੰਦੇ ਹਨ। ਚੰਬੇ ਤੋਂ ਆ ਕੇ ਇਥੇ ਵਸੀ ਹੋਣ ਕਰਕੇ, ਇਸ ਦੇਵੀ ਦਾ ਨਾਂ ਚੰਬਾਵਤੀ ਪੈ ਗਿਆ। ਇਸ ਦੇ ਪ੍ਰਗਟ ਹੋਣ ਬਾਰੇ ਇਕ ਦਿਲਚਸਪ ਦੰਦ-ਕਥਾ ਪ੍ਰਚਲਤ ਹੈ। ਇਹ ਦੇਵੀ ਸਭ ਤੋਂ ਪਹਿਲਾਂ ਕੋਟੀ ਚੁੰਗ ਦੇ ਦਾਰਨੀ ਪਿੰਡ ਦੇ, ਇਕ ਬਾਗ਼ ਵਿਚ ਇਕ ਸਿਲ ਦੇ ਰੂਪ ਵਿਚ ਪ੍ਰਗਟ ਹੋਈ ਸੀ। ਫੁਲਾਹਰੀ ਪਰਵਾਰ ਦੇ ਦੋ ਭਰਾਵਾਂ ਦੀ ਨਜ਼ਰ ਇਕ ਸਿਲ 'ਤੇ ਪਈ। ਉਨ੍ਹਾਂ ਨੇ ਇਸ ਨੂੰ ਧੋ ਕੇ ਸਾਫ਼ ਕੀਤਾ। ਇਸ ਸਿਲ 'ਤੇ ਉਹ ਦੋ ਸੇਰ ਭੁੱਜੇ ਜਵਾਂ ਦਾ ਆਟਾ ਗੁੰਨਣ ਲਗੇ। ਉਹ ਆਟਾ ਗੁੰਨ ਰਹੇ ਸਨ ਤੇ ਆਟਾ ਵਧਦਾ ਜਾ ਰਿਹਾ ਸੀ। ਵਧਦਾ ਵਧਦਾ ਆਟਾ ਕਈ ਮਣ ਬਣ ਗਿਆ। ਫੁਲਾਹਾਰੀ ਭਰਾਵਾਂ ਨੂੰ ਇਸ ਸਿਲ ਦੀ ਦਿਵਯਤਾ ਦਾ ਪਤਾ ਲਗ ਗਿਆ। ਉਹ ਆਦਰ ਸਤਿਕਾਰ ਨਾਲ ਇਸ ਨੂੰ ਸੰਭਾਲ ਕੇ ਘਰ ਮੁੜੇ। ਰਾਹ ਵਿਚ ਉਹ ਰੂਪਾ ਪਿੰਡ ਵਿਚ ਠਹਿਰੇ। ਇਥੇ ਜਦੋਂ ਉਨ੍ਹਾਂ ਨੇ ਸਿਲ ਚੁਕਣ ਦਾ ਯਤਨ ਕੀਤਾ ਤਾਂ ਉਹ ਚੁਕ ਨਾ ਸਕੇ। ਇਹ ਸਥਾਨ ਰੂਪਾ ਦੇ ਪਰਵਾਰ ਦੀ ਮਾਲਕੀ ਹੇਠ ਸੀ। ਦੇਵੀ ਮਾਲਕ ਅਗੇ ਪ੍ਰਗਟ ਹੋਈ ਤੇ ਉਸ ਤੋਂ ਇਸ ਜ਼ਮੀਨ ਦੀ ਮੰਗ ਕੀਤੀ। ਮਾਲਕ ਨੇ ਨਾਂਹ ਕਰ ਦਿਤੀ ਤੇ ਕਿਹਾ ਕਿ ਜੇ ਕਲ੍ਹ ਦੁਪਹਿਰ ਤਕ ਮੇਰੇ ਚਾਰ ਪੁੱਤਰਾਂ 'ਚੋਂ ਇਕ ਮਰ ਜਾਵੇਗਾ ਤਾਂ ਮੈਂ ਤੇਰੀ ਸ਼ਕਤੀ ਅਗੇ ਸਿਰ ਝੁਕਾ

ਦਿਆਂਗਾ। ਅਗਲੇ ਦਿਨ ਉਹਦਾ ਇਕ ਪੁੱਤਰ ਕਾਲ ਵਸ ਹੋ ਗਿਆ, ਤੇ ਉਹ ਜ਼ਮੀਨ ਦੇਵੀ ਨੂੰ ਮਿਲ ਗਈ। ਇਕ ਤਰਖਾਣ ਦੀ ਧੀ ਨੇ ਦੇਵੀ ਦੀ ਸੋਨੇ ਦੀ ਮੂਰਤੀ ਬਨਾਣ ਦਾ ਯਤਨ ਕੀਤਾ, ਪਰ ਸਫਲ ਨਾ ਹੋਈ। ਦੇਵੀ ਉਸ ਦੇ ਸਾਹਮਣੇ ਪ੍ਰਗਟ ਹੋਈ ਤੇ ਸਮਝਾਇਆ ਕਿ ਜੇ ਤੂੰ ਆਪਣੀ ਚੀਚੀ ਦਾ ਨਹੁੰ ਇਸ ਸਿਲ ਤੇ ਰਖੇਂ ਤਾਂ ਮੇਰੀ ਮੂਰਤੀ ਆਪਣੇ ਆਪ ਬਣ ਜਾਵੇਗੀ। ਰਵਾਇਤ ਹੈ ਕਿ ਸਭ ਕੁਝ ਇਵੇਂ ਹੀ ਹੋਇਆ (ਕੁਲੂ ਦੇ ਲੋਕ-ਗੀਤ, ਪੰਨਾ 387)।

ਚੰਬਾਵਤੀ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ। ਚੰਬਾਵਤੀ ਨੇ ਇਕ ਸ਼ਕਤੀਸ਼ਾਲੀ ਦੈਂਤ ਦਾ ਵੀ ਨਾਸ਼ ਕੀਤਾ। ਰਵਾਇਤ ਹੈ ਕਿ ਥਾਣਾ ਕੋਠੀ ਵਿਚ ਇਕ ਤਾਕਤਵਰ ਦੈਂਤ ਰਹਿੰਦਾ ਸੀ, ਜਿਹੜਾ ਇਕ ਅਜਦੇਹ ਦੀ ਸ਼ਕਲ ਵਿਚ ਪ੍ਰਗਟ ਹੋ ਕੇ, ਮਨੁੱਖਾਂ ਨੂੰ ਖਾ ਜਾਂਦਾ ਸੀ। ਕੁਲੂ ਦਾ ਰਾਜਾ ਉਸਨੂੰ ਇਸ ਮਤਲਬ ਲਈ ਮਨੁੱਖ ਮੁਹੱਈਆ ਕਰਦਾ ਸੀ। ਜਦੋਂ ਚੁੰਗਾਸਨ (ਚੰਬਾਵਤੀ) ਦੀ ਵਾਰੀ ਆਈ ਤੇ ਉਹਨੇ ਆਪਣਾ ਪੁਜਾਰੀ ਆਪਣੀ ਥਾਵੇਂ ਭੇਜਿਆ। ਉਸ ਦਿਨ ਨਗਰ ਤੋਂ ਇਕ ਗਭਰੂ ਦੀ ਦੈਂਤ ਨੂੰ ਭੇਟਾ ਹੋਣੀ ਸੀ। ਜਦੋਂ ਅੱਧੀ ਰਾਤ ਵੇਲੇ ਦੈਂਤ ਪ੍ਰਗਟ ਹੋਇਆ ਤਾਂ ਚੁੰਗਾਸਨ ਦੇਵੀ ਦੇ ਪੁਜਾਰੀ ਨੇ ਦੇਵੀ ਦੀ ਬਖਸ਼ੀ ਤਲਵਾਰ ਨਾਲ, ਉਸਦੇ ਟੋਟੇ ਟੋਟੇ ਕਰ ਦਿਤੇ। ਪਰ ਉਹ ਟੁਕੜੇ ਜਿਉਂਦੇ ਰਹੇ ਤੇ ਇਧਰ ਉਧਰ ਘਿਸੜਦੇ ਰਹੇ। ਚੁੰਗਾਸਨ ਦੇਵੀ ਨੇ ਪੁਜਾਰੀ ਸਾਹਮਣੇ ਪ੍ਰਗਟ ਹੋ ਕੇ ਆਖਿਆ ਕਿ ਉਹ ਸੱਪ ਦੇ ਸਰੀਰ ਤੇ ਉਠ ਰਹੇ ਗਬਰੈਲ ਨੂੰ ਮਾਰ ਦੇਵੇ। ਇਸ ਕੀੜੇ ਦੇ ਮਰਦੇ ਸਾਰ ਅਜਦਹਾ ਵੀ ਨਿਰਜਿੰਦ ਹੋ ਕੇ ਡਿਗ ਪਿਆ। ਕਹਿੰਦੇ ਹਨ ਅਜਦਹੇ ਦਾ ਭਾਰ ਅਠਾਰਾਂ ਮਣ ਸੀ (ਕੁਲੂ ਦੇ ਲੋਕ ਗੀਤ, ਪੰਨਾ 387)।

ਉਹ ਤਲਵਾਰ ਜਿਸ ਨਾਲ ਅਜਦਹਾ ਮਾਰਿਆ ਗਿਆ ਸੀ, ਅਜੇ ਤਕ ਚੁੰਗਾਸਨ ਦੇਵੀ ਦੇ ਮੰਦਰ ਵਿਚ ਪਈ ਹੋਈ ਹੈ।

(ਚ-76) **ਚਮਗਿੱਦੜ** :

ਚਮਗਿਦੜ ਨੂੰ ਦਿਨੇਂ ਵਿਖਾਈ ਨਹੀਂ ਦੇਂਦਾ, ਇਸ ਲਈ ਨਹਿਸ਼ ਮੰਨਿਆ ਜਾਂਦਾ ਹੈ। ਦਿਨ ਵੇਲੇ ਚਮਗਿਦੜ ਪੁਰਾਣੇ ਘਰਾਂ ਦੀਆਂ ਛੱਤਾਂ ਤੇ ਦਰਖਤਾਂ ਦੀਆਂ ਟਹਿਣਾਂ ਨਾਲ ਲਟਕੇ ਰਹਿੰਦੇ ਹਨ। ਰਾਤ ਵੇਲੇ ਇਹ ਪੁਰਾਣੇ ਖੋਲਿਆਂ ਦੁਆਲੇ ਘੁੰਮਦੇ ਵਿਖਾਈ ਦੇਂਦੇ ਹਨ। ਚਮਗਿਦੜ ਦੇ ਦਿਨ ਵੇਲੇ ਛੁਪੇ ਰਹਿਣ ਬਾਰੇ ਇਕ ਕਥਾ ਪ੍ਰਚਲਤ ਹੈ— ਪੁਰਾਣੇ ਜ਼ਮਾਨੇ ਵਿਚ ਜਦੋਂ ਸੰਸਾਰ ਦੇ ਪੰਖੇਰੂਆਂ ਤੇ ਪਸ਼ੂਆਂ ਵਿਚ ਯੁੱਧ ਚਲ ਰਿਹਾ ਸੀ ਤਾਂ ਕਦੇ ਪੰਖੇਰੂ ਪਸ਼ੂਆਂ ਉਤੇ ਜਿੱਤ ਪਾ ਲੈਂਦੇ ਤੇ ਕਦੇ ਪਸ਼ੂ ਪੰਖੇਰੂਆਂ ਉਤੇ। ਜਿਹੜੀ ਧਿਰ ਫ਼ਤਹਿ ਦੇ ਜਸ਼ਨ ਮਨਾ ਰਹੀ ਹੁੰਦੀ, ਚਮਗਿਦੜ ਉਸੇ ਧਿਰ ਵਿਚ ਸ਼ਾਮਲ ਹੋ ਜਾਂਦੇ ਤੇ ਕਹਿੰਦੇ ਕਿ ਅਸੀਂ ਤੁਹਾਡੇ ਵਿਚੋਂ ਹੀ ਇਕ ਹਾਂ। ਸਮਾਂ ਪਾ ਕੇ ਪੰਖੇਰੂਆਂ ਤੇ ਪਸ਼ੂਆਂ ਵਿਚ ਸੁਲਹ ਹੋ ਗਈ ਤੇ ਜਸ਼ਨ ਵਿਚ ਜਦੋਂ ਚਮਗਿਦੜ ਆਏ ਤਾਂ ਦੋਹਾਂ ਧਿਰਾਂ ਨੇ ਚਮਗਿਦੜ ਨੂੰ ਧ੍ਰਿਤਕਾਰ ਦਿਤਾ। ਉਦੋਂ ਤੋਂ ਚਮਗਿਦੜ ਮੂੰਹ ਛੁਪਾਈ ਫਿਰਦਾ ਹੈ ਤੇ ਕੇਵਲ ਰਾਤ ਨੂੰ ਹੀ ਪ੍ਰਗਟ ਹੁੰਦਾ ਹੈ।

ਚਮਗਿਦੜ ਨੂੰ ਅਸ਼ੁਭ ਸਮਝਿਆ ਜਾਂਦਾ ਹੈ। ਜੇ ਕਿਸੇ ਘਰ ਵਿਚ ਵੜ ਆਏ, ਤਾਂ ਫੌਰਨ ਬਾਹਰ ਕਢ ਦਿਤਾ ਜਾਂਦਾ ਹੈ। ਇਹ ਦਲਿਦਰੀ ਤੇ ਨਹਿਸ਼ ਸਮਝਿਆ ਜਾਂਦਾ ਹੈ ਤੇ ਜਿਥੇ ਨਿਵਾਸ ਕਰੇ ਉਥੇ ਕਾਲ, ਬੀਮਾਰੀ ਤੇ ਸੰਕਟ ਫੈਲਦਾ ਹੈ।

(ਚ-77) **ਚਰਖ-ਪੂਜਾ** :

ਕਿਸੇ ਪਹਾੜ ਦੀ ਉੱਚੀ ਟੀਸੀ ਤੋਂ ਰੱਸੀ ਨਾਲ ਲਮਕ ਕੇ, ਕਿਸੇ ਦੇਵੀ ਦੇਵਤੇ ਨਮਿਤ ਆਪਣੀ ਕੁਰਬਾਨੀ ਦੇਣੀ। ਹਿਮਾਲੀਆ ਦੀਆਂ ਚੋਟੀਆਂ ਤੋਂ ਲਮਕ ਕੇ ਕਈ ਹਠੀ ਸਾਧੂ ਇਸ ਤਰ੍ਹਾਂ ਜਾਨ ਦੇ ਦੇਂਦੇ ਰਹੇ। ਧਾਰਨਾ ਹੈ ਕਿ ਇਸ ਤਰ੍ਹਾਂ ਆਪਣੀ ਬਲੀ ਦੇਣ ਵਾਲਾ ਸਿੱਧਾ ਸਵਰਗ ਲੋਕ ਨੂੰ ਜਾਂਦਾ ਹੈ।

(ਚ-78) **ਚਰਖਾ** :

ਚਰਖੇ ਦਾ ਪੰਜਾਬੀ ਸਭਿਆਚਾਰ, ਕਲਾ, ਸਾਹਿਤ, ਤੇ ਜੀਵਨ ਵਰਤਾਰੇ ਵਿਚ ਬੜੀ ਮਹੱਤਾ ਰਹੀ ਹੈ। ਇਹ ਘਰੇਲੂ ਵਸਤੂ ਪੰਜਾਬੀ ਘਰਾਂ ਦੇ ਵਿਹੜਿਆਂ ਦਾ ਸ਼ਿੰਗਾਰ ਰਿਹਾ ਹੈ। ਲੋਕ ਧਾਰਨਾ ਅਨੁਸਾਰ ਵਿਸ਼ਵਕਰਮਾ ਨੇ ਚਰਖੇ ਨੂੰ ਆਪਣੇ ਹੱਥਾਂ ਨਾਲ ਬਣਾਇਆ। ਇਕ ਪੁਰਾਤਨ ਪੰਜਾਬੀ ਲੋਕ-ਗੀਤ ਅਨੁਸਾਰ ਚਰਖਾ ਰੱਬ ਨੇ ਖੁਦ ਸਿਰਜਿਆ :

ਪਹਿਲਾਂ ਚਰਖਾ ਰੱਬ ਬਣਾਇਆ,
ਮਾਂ ਮੇਰੀ ਨੇ ਵਿਹੜੇ ਡਾਹਿਆ,
ਵਿਹੜਾ ਸਾਡਾ ਹਰਿਆ ਭਰਿਆ ਕੁੜੀਏ।

ਚਰਖੇ ਬਾਰੇ ਅਨੇਕਾਂ ਅਖਾਣ, ਬੁਝਾਰਤਾਂ ਤੇ ਗੀਤ ਮਿਲਦੇ ਹਨ। ਇਕ ਬੁਝਾਰਤ ਹੈ :

ਤੀਵੀਆਂ ਦੇ ਸੰਗ ਰਹੇ,
ਫਿਰ ਭੀ ਜਤੀ ਕਹਾਵੇ।
ਵਾਊਂ ਨਾਲੋਂ ਤੇਜ਼ ਚਲੇ,
ਕਦਮ ਇਕ ਨਾ ਪਾਵੇ।
ਸਭ ਲੋਕਾਂ ਨੂੰ ਕਪੜੇ ਵੰਡੇ,
ਆਪੂੰ ਨੰਗਾ ਤੱਗਦਾ,
ਪੰਜਾਂ ਸਿਰਾਂ ਨਾਲ ਸੇਭਾ ਦੇਵੇ,
ਇਕ ਹੱਥ ਨਾਲ ਵਗਦਾ।

ਪੰਜਾਬੀ ਮੁਟਿਆਰਾਂ, ਰਾਂਗਲੇ ਤੇ ਸ਼ੀਸ਼ਿਆਂ ਜੜ੍ਹੇ ਚਰਖੇ ਦੀਆਂ ਬੜੀਆਂ ਸ਼ੌਕੀਨ ਸਨ। ਆਮ ਘਰਾਂ ਵਿਚ ਕਿੱਕਰ ਦੇ ਚਰਖੇ ਹੁੰਦੇ ਸਨ। ਸਰਦੇ ਪੁਜਦੇ ਲੋਕ ਸ਼ੀਸ਼ਮ ਦੀ ਲਕੜੀ ਦਾ ਚਰਖਾ ਵਰਤਦੇ ਤੇ ਧਨੀ ਲੋਕ ਚੰਦਨ ਦੀ ਖੁਸ਼ਬੂਦਾਰ ਲਕੜੀ ਦੇ ਚਰਖੇ ਉਚੇਚੇ ਬਣਵਾ ਕੇ ਵਰਤਦੇ ਸਨ।

ਚਰਖੇ ਨਾਲ ਪੰਜਾਬਣਾਂ ਦੀਆਂ ਕਈ ਜੀਵਨ ਤੰਦਾਂ ਸਾਂਝੀਆਂ ਹਨ। ਗੋਹੜਿਆਂ ਵਿਚ ਉਸਦੇ ਕਈ ਸੁਪਨੇ ਵਲੇਟੇ ਪਏ ਹਨ। ਚਰਖੀ ਦੀ ਘੂਕਰ ਉਸ ਦੇ ਜੀਵਨ ਦਾ ਇਕ ਅਜਿਹਾ ਸਾਜ਼ ਹੈ, ਜੋ ਉਸ ਦੀਆਂ ਰੁੱਖੀਆਂ ਘੜੀਆਂ ਉੱਤੇ ਜਾਦੂ ਧੂੜ ਦੇਂਦਾ ਹੈ। ਚਰਖੇ ਦੀ ਘੂੰ ਘੂੰ ਪੰਜਾਬਣਾਂ ਦੇ ਦਿਲਾਂ ਦੀ ਧੜਕਣ ਨਾਲ ਇਕਸੁਰ ਹੋ ਕੇ, ਉਨ੍ਹਾਂ ਅੰਦਰੋਂ ਅਨੇਕਾਂ ਗੀਤ ਉਤਪੰਨ ਕਰਦੀ ਹੈ। ਮਨ ਦੀਆਂ ਅੰਦਰੀਆਂ ਗੱਲਾਂ ਉਹ ਚਰਖੇ ਨਾਲ ਕਰ ਲੈਂਦੀ ਹੈ ਤੇ ਬਾਕੀ ਅੰਦਰੀਆਂ ਤ੍ਰਿੰਞਣ ਵਿਚ ਬੈਠੀਆਂ ਕੁੜੀਆਂ ਨਾਲ :

ਬਜ਼ਾਰ ਵਿਕੇਂਦੀ ਬਰਫੀ<br>
ਮੈਨੂੰ ਲੈ ਦੇ ਨਿੱਕੀ ਜਿਹੀ ਚਰਖੀ<br>
ਦੁੱਖਾਂ ਦੀਆਂ ਪੂਣੀਆਂ ਕੱਤਾਂ।

ਚਰਖਾ ਮਨੁੱਖੀ ਸਰੀਰ ਦਾ ਪ੍ਰਤੀਕ ਰਿਹਾ ਹੈ। ਖ਼ਾਸ ਤੌਰ ਤੇ ਸੂਫ਼ੀ-ਕਾਵਿ ਵਿਚ। ਬੁੱਲ੍ਹੇ ਸ਼ਾਹ ਦੀ ਇਕ ਕਾਫ਼ੀ ਵਿਚ ਇਹ ਪ੍ਰਤੀਕ ਬਹੁਤ ਦੂਰ ਤਕ ਫੈਲਿਆ ਹੋਇਆ ਹੈ :

ਹਥੋਂ ਢਿਲਕ ਗਈ ਮੇਰੇ ਚਰਖੇ ਦੀ,<br>
ਮੈਥੋਂ ਕਤਿਆ ਨਾ ਜਾਏ।

ਚਰਖੇ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਵੀ ਜੁੜੇ ਹੋਏ ਹਨ। ਜੇ ਚਰਖੇ ਦਾ ਲੱਠ ਛੂਟ ਛੂਟ ਜਾਵੇ ਤਾਂ ਘਰ ਵਿਚ ਕੋਈ ਮਹਿਮਾਨ ਜ਼ਰੂਰ ਆਉਂਦਾ ਹੈ।

(ਚ-79) **ਚਰਖੇ ਮਰੋੜੀ** :

ਜਦੋਂ ਕੋਈ ਨਵੀਂ ਵਿਆਹੀ ਦੁਲ੍ਹਨ, ਪਹਿਲੀ ਵਾਰ ਚਰਖਾ ਕੱਤਣ ਬੈਠਦੀ ਹੈ ਤਾਂ ਉਸਦੇ ਅੱਗੇ ਦਾਜ ਵਿਚ ਆਇਆ ਰਾਂਗਲਾ ਚਰਖਾ ਡਾਹਿਆ ਜਾਂਦਾ ਹੈ। ਕੁੜੀਆਂ ਕੱਚੇ ਸੂਤਰ ਦੀ ਇਕ ਗੰਢ ਚਰਖੇ ਨਾਲ ਪਾ ਕੇ ਮਖ਼ੌਲ ਨਾਲ ਕਹਿੰਦੀਆਂ ਹਨ :

ਜੇ ਵੀਰ ਪਿਆਰਾ ਖੋਲ੍ਹ ਦੇ,<br>
ਜੇ ਖਸਮ ਪਿਆਰਾ ਤੋੜ ਦੇ।

ਇਸ ਗੰਢ ਨੂੰ 'ਚਰਖੇ ਗੰਢ' ਜਾਂ 'ਮਰੋੜੀ' ਕਹਿੰਦੇ ਹਨ। ਇਸ ਨੂੰ ਖੋਲ੍ਹਣਾ ਕਠਨ ਹੁੰਦਾ ਹੈ ਕਿਉਂ ਜੋ ਕੱਚਾ ਸੂਤ ਖੋਲ੍ਹਣ ਲੱਗਿਆਂ ਝੱਟ ਟੁੱਟ ਜਾਂਦਾ ਹੈ। ਕਈ ਕੁੜੀਆਂ ਗੰਢ ਖੋਲ੍ਹਣ ਵਿਚ ਸਫਲ ਹੋ ਜਾਂਦੀਆਂ ਹਨ। ਪਰ ਬਹੁਤਿਆਂ ਕੋਲੋਂ ਧਾਗਾ ਟੁੱਟ ਜਾਂਦਾ ਹੈ। ਕੋਲ ਖਲੋਤੀਆਂ ਕੁੜੀਆਂ ਉਸਨੂੰ ਮਖ਼ੌਲ ਨਾਲ ਛੇੜਦੀਆਂ ਹਨ ਕਿ ਤੈਨੂੰ ਵੀਰ ਭੁੱਲ ਗਏ ਹਨ ਤੇ ਖਸਮ ਪਿਆਰਾ ਲਗਣ ਲਗ ਪਿਆ ਹੈ।

(ਚ-80) **ਚਰਣਾਮ੍ਰਿਤ** :

(1) ਉਹ ਜਲ, ਜੋ ਕਿਸੇ ਗੁਰ-ਪੀਰ ਤੇ ਸੰਤ ਆਦਿ ਮਹਾਂਪੁਰਸ਼ਾਂ ਦੇ ਚਰਨਾਂ ਦਾ ਧੋਣ ਹੁੰਦਾ ਹੈ। ਇਸ ਨੂੰ ਸ਼ਰਧਾਲੂ ਅੰਮ੍ਰਿਤ ਸਮਝ ਕੇ ਪੀਂਦੇ ਹਨ। ਦੇਵੀ ਦੇਵਤੇ ਦੀ ਮੂਰਤੀ ਦਾ ਇਸ਼ਨਾਨ ਕਰਵਾਣ ਲਗਿਆਂ, ਜੋ ਜਲ ਮੂਰਤੀ ਦੇ ਚਰਨਾਂ ਨੂੰ ਛੂਹੰਦਾ ਹੈ, ਉਸ ਨੂੰ ਵੀ 'ਚਰਣਾਮ੍ਰਿਤ' ਕਿਹਾ ਜਾਂਦਾ ਹੈ। ਸਿੱਖਾਂ ਵਿਚ ਕਿਸੇ ਗੁਰੂ-ਪੀਰ ਜਾਂ ਸੰਤ ਦੇ ਚਰਨਾਂ ਦਾ ਧੋਣ ਪੀਣਾ ਵਿਵਰਜਤ ਹੈ। ਸਿੱਖ ਉਸ ਜਲ ਨੂੰ ਵੀ ਚਰਣਾਮ੍ਰਿਤ ਕਹਿੰਦੇ ਹਨ, ਜੋ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰਖਿਆ ਹੁੰਦਾ ਹੈ।

(2) ਸਾਧ ਸੰਗਤ ਦੇ ਜੋੜੇ ਝਾੜਣ ਮਗਰੋਂ, ਸੇਵਕ ਦੇ ਹੱਥਾਂ ਵਿਚ ਜੋ ਧੂੜ ਰਹਿ ਜਾਂਦੀ ਹੈ, ਉਸਨੂੰ ਵੀ ਚਰਣਾਮ੍ਰਿਤ ਕਿਹਾ ਜਾਂਦਾ ਹੈ। ਸ਼ਰਧਾਲੂ ਇਸਨੂੰ ਮੱਥੇ 'ਤੇ ਲਗਾਂਦੇ ਅਤੇ ਪਿੰਡੇ ਤੇ ਮਲਦੇ ਹਨ।

(3) ਕਿਸੇ ਪਵਿੱਤ੍ਰ ਤੀਰਥ, ਸਰੋਵਰ, ਬਾਉਲੀ ਜਾਂ ਨਦੀ ਦੇ ਪਾਣੀ ਨੂੰ ਚਰਣਾਮ੍ਰਿਤ ਕਿਹਾ ਜਾਂਦਾ ਹੈ। ਜਿਸ ਵਿਚ ਕਿਸੇ ਮਹਾਂਪੁਰਸ਼ ਨੇ ਚਰਨ ਪਾਏ ਹੋਣ। ਤੇ ਸ਼ਰਧਾਲੂ ਲੋਕ ਬੋਤਲ ਭਰ ਕੇ ਇਹ ਅੰਮ੍ਰਿਤ ਜਲ ਘਰ ਰਖਦੇ ਹਨ।

ਲੋਕਾਂ ਦਾ ਵਿਸ਼ਵਾਸ ਹੈ ਕਿ ਮਹਾਂਪੁਰਖ ਦੇ ਚਰਨ ਨਾਲ ਛੂਹ ਕੇ ਕੋਈ ਚੀਜ਼ ਅੰਮ੍ਰਿਤ ਦਾ ਸਰੂਪ ਗ੍ਰਹਿਣ ਕਰ ਜਾਂਦੀ ਹੈ। ਦੇਵੀ ਸ਼ਕਤੀ ਮਹਾਂਪੁਰਖਾਂ ਦੇ ਚਰਨਾਂ ਵਿਚੋਂ ਨਿਕਲਦੀ ਹੈ ਤੇ ਜਿਹੜੀ ਚੀਜ਼ ਮਹਾਂਪੁਰਖਾਂ ਦੇ ਚਰਨਾਂ ਨੂੰ ਛੂਹੰਦੀ ਹੈ, ਉਸ ਵਿਚ ਦੇਵੀ ਕਣੀ ਆ ਜਾਂਦੀ ਹੈ। ਇਸ ਦੇਵੀ ਕਣੀ ਵਾਲੇ ਜਲ ਨੂੰ ਪੀਣ ਨਾਲ, ਪੀਣ ਵਾਲੇ ਦੇ ਅੰਦਰ, ਦੇਵੀ ਕਣੀ ਪ੍ਰਵੇਸ਼ ਕਰ ਜਾਂਦੀ ਹੈ। ਇਹ ਸਿਧਾਂਤ ਲਾਗਵੇਂ ਟੂਣੇ ਉਤੇ ਅਧਾਰਤ ਹੈ, ਜਿਸ ਅਨੁਸਾਰ 'ਅੰਸ਼ ਤੋਂ ਅੰਸ਼ੀ' ਤਕ ਪਹੁੰਚਿਆ ਜਾ ਸਕਦਾ ਹੈ।

(ਚ-81) **ਚਰਨ ਚੌਂਕ** :

ਤੀਵੀਆਂ ਦੇ ਪੈਰਾਂ ਦਾ ਇਕ ਗਹਿਣਾ :—<br>
ਚਰਨ ਚੌਂਕ ਵਿਚ ਬਰਕਤ ਭਾਰੀ,<br>
ਸਾਰਾ ਘਰ ਭਰਿਆ ਰਹੇ।

(ਚ-82) **ਚਰਨ ਧੂੜ** :

(1) ਕਿਸੇ ਸਾਧ ਸੰਤ ਤੇ ਗੁਰੂ ਪੀਰ ਦੇ ਚਰਨਾਂ ਦੀ ਧੂੜੀ, ਜੋ ਬੜੀ ਪਾਵਨ ਮੰਨੀ ਗਈ ਹੈ। ਸ਼ਰਧਾਲੂ ਇਸ ਧੂੜੀ ਨੂੰ ਮਥੇ ਤੇ ਲਗਾਂਦੇ ਤੇ ਪਿੰਡੇ ਉਤੇ ਧੂੜਦੇ ਹਨ।

ਲੋਕਾਂ ਦਾ ਨਿਸਚਾ ਹੈ ਕਿ ਚਰਨ ਧੂੜ ਨੂੰ ਕੁਝ ਦਿਨ ਰੋਜ਼ ਕਿਸੇ ਰੋਗੀ ਅੰਗ ਤੇ ਮਲਿਆ ਜਾਵੇ ਤਾਂ ਉਹ ਅੰਗ ਅਰੋਗ ਹੋ ਜਾਂਦਾ ਹੈ।

(2) ਸਾਧ ਸੰਗਤ ਦੇ ਜੋੜਿਆਂ ਨਾਲ ਲਗੀ ਧੂੜ ਨੂੰ ਵੀ ਚਰਨ-ਧੂੜੀ ਕਿਹਾ ਜਾਂਦਾ ਹੈ। ਗੁਰਦਵਾਰੇ ਵਿਚ ਸ਼ਰਧਾਲੂ ਸਾਧ ਸੰਗਤ ਦੇ ਜੋੜੇ ਝਾੜ ਕੇ ਇਹ ਧੂੜੀ ਮੱਥੇ ਤੇ ਲਗਾਂਦੇ ਹਨ। ਜਿਥੇ ਆਦਿ-ਗ੍ਰੰਥ ਦਾ ਪ੍ਰਕਾਸ਼ ਹੋ ਰਿਹਾ ਹੋਵੇ, ਉਥੋਂ ਦੀ ਧੂੜੀ ਨੂੰ ਵੀ ਚਰਨ-ਧੂੜੀ ਕਿਹਾ ਜਾਂਦਾ ਹੈ।

ਲੋਕ ਨਿਸਚੇ ਅਨੁਸਾਰ ਸੰਤਾਂ ਮਹਾਤਮਾਂ ਤੇ ਬ੍ਰਹਮ ਗਿਆਨੀਆਂ ਅੰਦਰ, ਜੋ ਦੈਵੀ ਕਣੀ ਹੁੰਦੀ ਹੈ, ਉਹ ਚਰਨਾਂ ਰਾਹੀਂ ਬਾਹਰ ਨਿਕਲਦੀ ਹੈ। ਇਸ ਲਈ ਜਿਹੜੀ ਮਿੱਟੀ ਉਨ੍ਹਾਂ ਦੇ ਚਰਨਾਂ ਨੂੰ ਛੂਹ ਜਾਂਦੀ ਹੈ, ਉਸ ਵਿਚ ਉਹ ਕਣੀ ਵਸ ਜਾਂਦੀ ਹੈ। ਇਸ ਕਣੀ ਵਾਲੀ ਮਿੱਟੀ ਨੂੰ ਜਦੋਂ ਸ਼ਰਧਾਲੂ ਮੱਥੇ ਉਤੇ ਲਗਾਂਦਾ ਹੈ, ਤਾਂ ਇਹ ਦੈਵੀ ਕਣੀ ਮਸਤਕ ਦੁਆਰਾ ਉਸਦੇ ਅੰਦਰ ਪ੍ਰਵੇਸ਼ ਹੁੰਦੀ ਹੈ ਤੇ ਉਸਦੇ ਹਨੇਰੇ ਮਨ ਨੂੰ ਗਿਆਨ ਦਾ ਚਾਨਣ ਬਖ਼ਸ਼ਦੀ ਹੈ। ਇਸ ਸਿਧਾਂਤ ਦਾ ਆਧਾਰ 'ਲਾਗਵਾਂ ਟੂਣਾ' ਹੈ, ਜਿਸ ਅਨੁਸਾਰ 'ਅੰਸ਼ ਤੋਂ ਅੰਸ਼ੀ' ਤਕ ਸਹਿਜੇ ਪਹੁੰਚਿਆ ਜਾ ਸਕਦਾ ਹੈ।

ਗੁਰਬਾਣੀ ਵਿਚ ਚਰਨ-ਧੂੜੀ ਦੀ ਬਹੁਤ ਮਹਿਮਾ ਮਿਲਦੀ ਹੈ। ਉਚੀ ਅਧਿਆਤਮਕ ਅਵਸਥਾ ਤਕ ਪਹੁੰਚੇ ਹੋਏ ਸਾਧ-ਸੰਤ ਜਾਂ ਬ੍ਰਹਮ ਗਿਆਨੀ ਦੀ ਚਰਨ ਧੂੜ ਨੂੰ ਛੂਹਣ ਨਾਲ, ਮਨ ਦੇ ਨਿਰਮਲ ਹੋਣ, ਭਗਤੀ ਭਾਵਨਾ ਵਿਚ ਰੰਗੇ ਜਾਣ ਤੇ ਮੁਕਤੀ ਪ੍ਰਾਪਤ ਹੋਣ ਦੇ ਸੰਕਲਪਾਂ ਦਾ ਬੀਜ ਆਦਿਮ-ਮਾਨਸ ਵਿਚੋਂ ਉਭਰਿਆ ਹੈ, ਜਿਸ ਦਾ ਆਧਾਰ ਲਾਗਵਾਂ-ਟੂਣਾ ਹੈ। ਜਾਦੂ ਦੀ ਧਾਰਨਾ, ਜੋ ਧਰਮ ਦੀ ਜਣਨੀ ਸਮਝੀ ਜਾਂਦੀ ਹੈ, ਦੇ ਅਨੁਸਾਰ ਕਿਸੇ ਅੰਸ਼ ਤੋਂ ਅੰਸ਼ੀ ਦੇ ਮੂਲ ਗੁਣਾਂ ਨੂੰ ਗ੍ਰਹਿ ਣ ਕਰਨਾ ਸੰਭਵ ਹੁੰਦਾ ਹੈ ਮਹਾਂਪੁਰਸ਼ ਦੇ ਅੰਦਰ ਇਕ ਮਹਾਨ ਅਧਿਆਤਮਕ ਸੂਹਜ ਤੇ ਦੈਵੀ ਸ਼ਕਤੀ ਅਥਵਾ ਕਣੀ ਹੁੰਦੀ ਹੈ। ਇਸ ਸੂਹਜ ਜਾਂ ਮਹਾਨ ਸ਼ਕਤੀ ਦਾ ਨਿਕਾਸ ਚਰਨਾਂ ਰਾਹੀਂ ਹੀ ਬਾਹਰ ਵਲ ਹੁੰਦਾ ਮੰਨਿਆ ਹੈ ਤੇ ਪ੍ਰਵੇਸ਼ ਮਸਤਕ ਦੁਆਰਾ। ਕੋਈ ਮਨੁੱਖ ਇਸ ਸ਼ਕਤੀ ਨੂੰ ਮਸਤਕ ਰਾਹੀਂ ਹੀ, ਆਪਣੇ ਅੰਦਰ ਗ੍ਰਹਿਣ ਕਰ ਸਕਦਾ ਹੈ। ਜਦੋਂ ਕੋਈ ਸ਼ਖ਼ਸ ਕਿਸੇ ਮਹਾਂਪੁਰਸ਼ ਦੇ ਚਰਨ ਛੂੰਹਦਾ ਹੈ, ਅਥਵਾ ਮੱਥਾ ਟੇਕਦਾ ਹੈ ਤਾਂ ਇਸ ਸ਼ਕਤੀ ਦਾ ਕੁਝ ਅੰਸ਼ ਉਸ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਮਹਾਂਪੁਰਸ਼ਾਂ ਦੀ ਚਰਨਾਂ ਨਾਲ ਛੂੰਹਦੀ ਧੂੜੀ ਵਿਚ ਵੀ, ਉਨ੍ਹਾਂ ਦੀ ਦੈਵੀ ਸ਼ਕਤੀ ਦੇ ਸਦਗੁਣੀ ਸੁਭਾਵ ਤੇ ਕਲਾਵਾਨ ਪ੍ਰਤਿਭਾ ਦਾ ਕੁਝ ਅੰਸ਼-ਮਾਤਰ ਸਮਾ ਜਾਂਦਾ ਹੈ ਤੇ ਸਾਧਕ ਇਸ ਧੂੜੀ ਨੂੰ ਮੱਥੇ 'ਤੇ ਲਗਾ ਕੇ, ਅਪਰੋਖੇ ਹੀ ਕੁਝ ਅੰਸ਼ ਅੰਦਰ ਗ੍ਰਹਿਣ ਕਰ ਲੈਂਦਾ ਹੈ।

ਇਹ ਲੋਕ-ਤੱਤ ਭਗਤੀ ਮਾਰਗ ਤੋਂ ਗੁਰਮਤਿ ਵਿਚ ਆਇਆ ਹੈ। ਭਗਤੀ ਮਾਰਗ ਵਿਚ ਸਾਧਕ ਦਾ ਆਦਰਸ਼ ਸਾਧਯ ਵਿਚ ਲੀਨ ਹੋਣਾ ਹੁੰਦਾ ਹੈ। ਚਰਨ-ਧੂੜੀ ਦਾ ਲੋਕ-ਸੰਕਲਪ ਭਗਤੀ ਮਾਰਗ ਦੀ ਭਾਵਨਾ ਅਰਥਾਤ ਸਾਧਕ ਦਾ ਸਾਧਯ ਦੇ ਕਿਸੇ ਅੰਸ਼ ਰਾਹੀਂ ਉਸ ਤਕ ਪਹੁੰਚਣ ਦੇ ਅਨੁਕੂਲ ਹੈ। ਭਗਤੀ ਮਾਰਗ ਵਿਚ ਇਹੋ ਸੰਕਲਪ ਅਪਣਾ ਲਿਆ ਗਿਆ। ਇਸ ਵਿਸ਼ਵਾਸ਼ ਦਾ ਆਧਾਰ ਇਹ ਹੈ ਕਿ ਜਿਹੜੀ ਚੀਜ਼ ਇਕ ਵਾਰ ਕਿਸੇ ਸਰੀਰ ਨੂੰ ਛੂਹ ਜਾਏ, ਉਸ ਵਿਚ ਮੂਲ ਵਿਅਕਤੀ, ਅੰਸ਼ ਮਾਤਰ, ਕਿਸੇ ਨਾ ਕਿਸੇ ਰੂਪ ਵਿਚ ਸਮਾਇਆ ਰਹਿੰਦਾ ਹੈ। ਸਾਡੀਆਂ ਅਨੇਕਾਂ ਰਹੁ-ਰੀਤੀਆਂ ਇਸ ਸੰਕਲਪ ਉਤੇ ਆਧਾਰਿਤ ਹਨ (ਵੇਖੋ : ਜਾਦੂ ਟੂਣਾ)।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਕਮਲ ਚਰਨਾਂ ਵਿਚ ਧਿਆਨ ਜੋੜਨਾ ਤੇ ਚਰਨ ਧੂੜ ਨੂੰ ਮਸਤਕ ਲਗਾਉਣਾ ਪ੍ਰੇਮਾ-ਭਗਤੀ ਦਾ ਸਾਧਨ ਮਾਤਰ ਮੰਨਿਆ ਗਿਆ ਹੈ। ਅਨੇਕਾਂ ਤੁਕਾਂ 'ਮੋਕਉ ਕਰਿ ਸੰਤਨ ਕੀ ਧੂਰੇ', 'ਸੰਤ ਜਨਾ ਕੀ ਬਾਛਉ ਧੂਰਿ', 'ਧੂਰਿ ਸੰਤਨ ਕੀ ਨਾਨਕ ਦੀਜੈ', ਵਿਚ 'ਚਰਨ ਧੂੜੀ' ਦੀ ਖ਼ੈਰ ਮੰਗੀ ਗਈ ਹੈ। ਗੁਰੂ ਦੇ ਚਰਨਾਂ ਦੀ ਧੂੜੀ, ਜਿਸ ਵਿਚ ਗੁਰੂ ਖ਼ੁਦ ਅੰਸ਼ ਰੂਪ ਵਿਚ ਸਮਾਇਆ ਹੁੰਦਾ ਹੈ, ਮਨ ਕੀ ਸਾਰੀ ਮੈਲ ਧੋ ਕੇ ਪੁਨੀਤ ਕਰ ਦੇਂਦਾ ਹੈ :

ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ<br>
ਸਭ ਪਤਿਤ ਪੁਨੀਤਾ ਰਾਮ। (ਬਿਹਾਗੜਾ ਮਹਲਾ ੫)

ਇਕ ਹੋਰ ਤੁੱਕ ਵਿਚ ਮਾਘੀ ਵਾਲੇ ਦਿਨ, ਜੋ ਇਸ਼ਨਾਨ ਲਈ ਸਭ ਤੋਂ ਵਧ ਪਵਿਤਰ ਮੰਨਿਆ ਜਾਂਦਾ ਹੈ, ਸਾਧਾਂ ਦੀ ਧੂੜੀ ਵਿਚ ਨਹਾਉਣ ਦਾ ਉਪਦੇਸ਼ ਦਿਤਾ ਹੈ :

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ

ਗਉੜੀ 'ਬਾਵਨ ਅੱਖਰੀ' ਬਾਣੀ ਵਿਚ, ਗੁਰੂ ਅਰਜਨਦੇਵ 'ਰਹਾਉ' ਦੀ ਤੁਕ ਵਿਚ ਪ੍ਰਭੂ ਤੋਂ ਇਹੋ ਮੰਗ ਕਰਦੇ ਹਨ ਕਿ ਮਨ ਸੰਤਾਂ ਦੀ ਚਰਨ ਧੂੜੀ ਬਣਿਆ ਰਹੇ :

ਕਰਿ ਕਿਰਪਾ ਪ੍ਰਭ ਦੀਨ ਦਇਆਲਾ<br>
ਤੇਰੇ ਸੰਤਨ ਕੀ ਮਨੁ ਹੋਇ ਰਵਾਲਾ।

ਪ੍ਰੋ: ਸਾਹਿਬ ਸਿੰਘ ਅਨੁਸਾਰ 'ਰਹਾਉ' ਦੀਆਂ ਤੁਕਾਂ ਵਿਚ ਹੀ, ਲੰਮੀਆਂ ਬਾਣੀਆਂ ਦਾ ਕੇਂਦਰੀ ਖ਼ਿਆਲ ਜਾਂ ਸਾਰ ਹੁੰਦਾ ਹੈ। ਉਪਰੋਕਤ ਤੁਕ ਨੂੰ ਜੇ 'ਬਾਵਨ ਅੱਖਰੀ' ਦਾ ਮੂਲ ਭਾਵ ਮੰਨ ਲਿਆ ਜਾਵੇ ਤਾਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਚਰਨ-ਧੂੜ ਦਾ ਸੰਕਲਪ ਗੁਰਮਤਿ ਵਿਚ ਕਿਤਨਾ ਮਹਤਵਪੂਰਨ ਥਾਉਂ ਰਖਦਾ ਹੈ।

ਗੁਰਮਤਿ ਵਿਚ ਗੁਰੂ ਤੇ ਸਾਧ ਸੰਗਤ ਨੂੰ ਬੜਾ ਪਵਿਤਰ ਸਥਾਨ ਪ੍ਰਾਪਤ ਹੈ। ਚਰਨ-ਧੂੜ ਵਾਂਗ ਗੁਰੂ ਅਤੇ ਸਾਧ-ਸੰਗਤ ਦੀ ਛੂਹ ਨਾਲ ਮਨ ਨਿਰਮਲ ਹੁੰਦਾ ਤੇ

ਪ੍ਰਮਾਰਥਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਪਿਛੇ ਵੀ ਉਪਰੋਕਤ ਸੰਕਲਪ ਹੈ। ਗੁਰਮਤਿ ਅਨੁਸਾਰ ਸਾਧ ਦੀ ਸੰਗਤ ਪਾਪਾਂ ਦੀ ਮੈਲ ਕਟ ਕੇ ਮਨ ਨੂੰ ਨਿਰਮਲ ਕਰ ਦੇਂਦੀ ਹੈ :

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥
(ਬਿਲਾਵਲ ਮਹਲਾ ੫)

(3) ਜੇ ਕਿਸੇ ਸ਼ਖ਼ਸ ਨੂੰ ਨਜ਼ਰ ਲਗ ਜਾਵੇ ਤਾਂ ਨਜ਼ਰ ਉਤਾਰਨ ਵਾਲੇ ਦੇ ਪੈਰਾਂ ਦੀ ਮਿੱਟੀ (ਚਰਨ ਧੂੜ) ਨਜ਼ਰ ਲੱਗਣ ਵਾਲੇ ਦੇ ਸਿਰ ਤੋਂ ਵਾਰ ਕੇ ਅੱਗ ਵਿਚ ਸੁਟੀ ਜਾਵੇ ਤਾਂ ਨਜ਼ਰ ਉਤਰ ਜਾਂਦੀ ਹੈ। ਲਾਗਵੇਂ ਟੂਣੇ ਦੇ ਸਿਧਾਂਤ ਅਨੁਸਾਰ ਪੈਰਾਂ ਦੀ ਮਿੱਟੀ ਉਤੇ ਕਈ ਤਰ੍ਹਾਂ ਦੇ ਟੂਣੇ ਕੀਤੇ ਜਾ ਸਕਦੇ ਹਨ।

(ਚ-83) **ਚਰਨ-ਪਾਹੁਲ** :

ਚਰਨਾਂ ਦੀ ਪਾਹੁਲ (ਵੇਖੋ : ਚਰਣਾਮ੍ਰਿਤ)। ਸਿੱਖਾਂ ਵਿਚ ਚਰਨ ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਪੀਣ ਦੀ ਪ੍ਰਥਾ ਹੈ।

(ਚ-84) **ਚਰਿਤ੍ਰ, ਚਲਿਤ੍ਰ** :

ਲੋਕਧਾਰਈ ਕਥਾ ਸਾਹਿਤ ਦਾ ਇਕ ਅਹਿਮ ਤੇ ਲੋਕ-ਪ੍ਰਿਯ ਰੂਪ 'ਚਰਿਤ੍ਰ' ਜਾਂ 'ਚਲਿਤ੍ਰ' ਹੈ। ਚਲਿਤ੍ਰ ਭਾਵੇਂ ਚਰਿਤ੍ਰ ਦਾ ਹੀ ਵਿਕ੍ਰਤ ਹੈ, ਪਰ ਇਸ ਨੇ ਚਰਿਤ੍ਰ ਨਾਲੋਂ ਵੱਖਰੇ ਅਰਥ ਗ੍ਰਹਿਣ ਕਰ ਲਏ ਹਨ। ਚਲਿਤ੍ਰ ਤੋਂ ਭਾਵ ਔਰਤਾਂ ਤੇ ਮਰਦਾਂ ਦੇ ਮਕਰ ਫ਼ਰੇਬ ਤੇ ਛਲ ਹੈ। ਇਸਤ੍ਰੀਆਂ ਦੇ ਚਲਿਤ੍ਰਾਂ ਨੂੰ 'ਤ੍ਰਿਯਾ ਚਲਿਤ੍ਰ' ਵੀ ਕਹਿੰਦੇ ਹਨ।

ਚਰਿਤ੍ਰ ਕਿਸੇ ਪ੍ਰਾਣੀ ਦੇ ਆਚਰਣ, ਚਾਲ ਢਾਲ, ਕਰਨੀ ਜੀਵਨ ਨਾਲ ਸੰਬੰਧਿਤ ਬ੍ਰਿਤਾਂਤ ਹੈ ਜੋ ਪਾਠਕਾਂ/ਸਰੋਤਿਆਂ ਵਿਚ ਨੈਤਿਕ ਕੀਮਤਾਂ ਕਦਰਾਂ ਉਭਾਰਨ ਲਈ ਰਚਿਆ ਗਿਆ ਹੁੰਦਾ ਹੈ। ਪਾਠਕ/ਸਰੋਤੇ ਉਸ ਚਰਿਤ੍ਰਕ ਪਾਤਰ ਦੇ ਅਨੁਰੂਪ ਆਪਣਾ ਜੀਵਨ ਢਾਲਣ ਦੀ ਚੇਸ਼ਟਾ ਕਰਦੇ ਹਨ। ਇਸ ਦੇ ਉਲਟ ਚਲਿਤ੍ਰ ਵਿਚ ਤੀਵੀਂ ਦੇ ਮਕਰ-ਫ਼ਰੇਬ ਤੇ ਵਲ ਛਲ ਦਾ ਬ੍ਰਿਤਾਂਤਕ ਬਿੰਬ ਹੁੰਦਾ ਹੈ। ਤੀਵੀਂ ਆਪਣੇ ਪਤੀ ਨੂੰ ਉੱਲੂ ਬਣਾ ਕੇ ਪਰਾਏ ਮਰਦ ਨੂੰ ਲੋਚਦੀ ਹੈ। ਪਾਠਕ/ਸਰੋਤੇ ਚਲਿਤ੍ਰਾਂ ਦੇ ਅਨੁਰੂਪ ਕਰਮ ਕਰਨ ਦੀ ਰੌਂਅ ਨਾਲ, ਉਨ੍ਹਾਂ ਨੂੰ ਨਹੀਂ ਪੜ੍ਹਦੇ, ਸਗੋਂ ਜੀਵਨ ਵਿਚ ਸਾਵਧਾਨ ਰਹਿਣ ਲਈ, ਇਕ ਅਨੁਭਵ ਨੂੰ ਗ੍ਰਹਿਣ ਕਰਨ ਦੀ ਇੱਛਾ ਰਖਦੇ ਹਨ। ਇਸ ਤਰ੍ਹਾਂ ਦੋਹਾਂ ਰੂਪਾਂ ਦਾ ਸੁਭਾਅ ਹੀ ਇਕ ਦੂਜੇ ਦੇ ਵਿਰੁਧ ਨਹੀਂ ਸਗੋਂ ਦੋਹਾਂ ਦਾ ਬਲ ਅਤੇ ਜੀਵਨ-ਪ੍ਰਤੀ ਦ੍ਰਿਸ਼ਟੀ ਵੀ ਵੱਖਰੀ ਹੈ। ਚਰਿਤ੍ਰ ਵਿਚ ਹਾਂ-ਪਖੀ-ਕਰਮ ਹੁੰਦੇ ਹਨ ਤੇ ਚਲਿਤ੍ਰ ਵਿਚ ਨਾ-ਪਖੀ ਕਰਮ।

ਚਰਿਤ੍ਰ ਦੀ ਪਰੰਪਰਾ ਭਾਰਤ ਵਿਚ ਬੜੀ ਹੀ ਪ੍ਰਾਚੀਨ ਹੈ। ਜੈਨ-ਸਾਹਿਤ ਵਿਚ ਅਨੇਕਾਂ ਚਰਿਤ੍ਰ ਗ੍ਰੰਥ ਮਿਲਦੇ ਹਨ, ਜਿਨ੍ਹਾਂ ਵਿਚ ਕਿਸੇ ਮਹਾਂਪੁਰਸ਼ ਜਾਂ ਤੀਰਥੰਕਰ ਦੇ ਚਰਿਤ੍ਰ ਦਾ ਸ਼ਰਧਾਵੀ ਵਰਣਨ ਹੁੰਦਾ ਹੈ। ਜੈਨ ਅਚਾਰੀਆ ਨੇ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੋਹਾਂ ਭਾਸ਼ਾਵਾਂ ਵਿਚ, ਪਦਮ ਚਰਿਤ੍ਰ ਜਾਂ ਰਾਮ ਚਰਿਤ੍ਰ ਰਚੇ। ਅਪਭ੍ਰੰਸ਼ ਵਿਚ ਪਓਮ ਚਰਿਤ੍ਰ (ਪਦਮ ਚਰਿਤ੍ਰ) ਰਿਟਠਣੇਮ ਚਰਿਤ੍ਰ (ਹਰੀ ਵੰਸ਼) ਅਤੇ ਣਾਯ ਕੁਮਾਰ ਚਰਿਤ੍ਰ (ਨਾਗ ਕੁਮਾਰ ਚਰਿਤ੍ਰ) ਪ੍ਰਾਚੀਨ ਜੈਨ ਪਰੰਪਰਾ ਨੂੰ ਹੀ ਅਗੇ ਤੋਰਦੇ ਹਨ ਅਤੇ ਇਨ੍ਹਾਂ ਵਿਚ ਕਿਸੇ ਜੈਨ ਮਹਾਂਪੁਰਸ਼ ਦੇ ਚਰਿਤ੍ਰ ਦਾ ਵਰਨਣ, ਪੂਰਬ ਜਨਮ ਸਬੰਧੀ ਕਥਾਵਾਂ ਅਤੇ ਅਲੌਕਿਕ ਘਟਨਾਵਾਂ ਦਾ ਮਿਸ਼ਰਣ ਮਿਲਦਾ ਹੈ। ਚਰਿਤ੍ਰ ਕਾਵਿ ਵਿਚ ਪ੍ਰੇਮ, ਵੀਰਤਾ ਅਤੇ ਧਰਮ ਭਾਵਨਾ ਸ਼ਮਿਲਤ ਹੁੰਦੀ ਹੈ। ਹਿੰਦੀ ਸਾਹਿਤ ਵਿਚ 'ਰਾਮ ਚਰਿਤ ਮਾਨਸ' 'ਵੀਰ ਸਿੰਹ ਦੇਵ ਚਰਿਤ', 'ਸੁਦਾਮ ਚਰਿਤ', 'ਸੁਜਾਨ ਚਰਿਤ', ਅਤੇ 'ਬੁੱਧ ਚਰਿਤ' ਆਦਿ ਕਾਵਿ-ਚਰਿਤ ਇਸੇ ਪਰੰਪਰਾ ਦੇ ਧਾਰਨੀ ਹਨ। ਪੰਜਾਬੀ ਵਿਚ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਪਰੰਪਰਾ ਨੂੰ, "ਚੰਡੀ ਚਰਿਤ੍ਰ ਉਕਤਿ ਬਿਲਾਸ' ਤੇ 'ਚੰਡੀ ਚਰਿਤ੍ਰ' ਦੂਜਾ, ਆਦਿ ਵਿਚ ਸੁਰਜੀਤ ਰਖਿਆ ਗਿਆ। ਇਨ੍ਹਾਂ ਰਚਨਾਵਾਂ ਵਿਚ ਚਰਿਤ੍ਰ ਕਾਵਿ ਦੇ ਕਈ ਉਘੜਵੇਂ ਲੱਛਣ ਵਿਦਮਾਨ ਹਨ, ਜਿਵੇਂ ਕਿ ਚਰਿਤ੍ਰ ਕਥਾਤਮਕ ਵਧੇਰੇ ਅਤੇ ਵਰਣਾਤਮਿਕ ਘਟ ਹੁੰਦੇ ਹਨ। ਇਨ੍ਹਾਂ ਵਿਚ ਅਲੌਕਿਕ ਤੇ ਅਧਦੈਵਿਕ ਸ਼ਕਤੀਆਂ ਦਾ ਰੌਚਕ ਵਰਣਨ ਹੁੰਦਾ ਹੈ, ਜੋ ਕਥਾਨਿਕ ਵਿਚ ਫੈਲੀਆਂ ਹੁੰਦੀਆਂ ਹਨ। ਇਨ੍ਹਾਂ ਦੀ ਰਚਨਾ ਉਦੇਸ਼ ਪ੍ਰਧਾਨ ਹੁੰਦੀ ਹੈ, ਨਿਰਾ ਮਨੋਰੰਜਨ ਮਨੋਰਥ ਨਹੀਂ ਹੁੰਦਾ। ਇਹੋ ਪਰੰਪਰਾ ਅੰਸ਼ ਮਾਤਰ ਦਸਮ ਗ੍ਰੰਥ ਦੇ 'ਪਾਖਯਾਨ ਚਰਿਤ੍ਰ' ਵਿਚ ਵੀ ਵਿਦਮਾਨ ਹੈ।

ਪਰ ਪੰਜਾਬੀਆਂ ਨੇ ਮੂਲ ਚਰਿਤ੍ਰ ਪਰੰਪਰਾ ਤੋਂ ਨਿਖੇੜ ਕੇ, ਇਕ ਨਵੀਂ ਪਰੰਪਰਾ 'ਚਲਿਤ੍ਰ ਕਥਾ' ਦੀ ਤੋਰੀ, ਜੋ ਉਪ੍ਰੋਕਤ ਭਾਂਤ ਦੇ ਚਰਿਤ੍ਰਾਂ ਨਾਲੋਂ ਵਿਸ਼ੇ-ਵਸਤੂ ਅਤੇ ਦ੍ਰਿਸ਼ਟੀ ਵਿਚ ਭਿੰਨ ਸੀ। 'ਚਲਿਤ੍ਰਾਂ' ਵਿਚ ਇਸਤ੍ਰੀ ਦੇ ਮਕਰ-ਫ਼ਰੇਬ ਦਾ ਬ੍ਰਿਤਾਂਤ ਹੁੰਦਾ ਹੈ। ਜੋ ਇਸਤ੍ਰੀ ਮਰਦ ਨੂੰ ਭੰਗਣ ਲਈ ਆਪਣੇ ਮਰਦ ਨੂੰ, ਉੱਲੂ ਬਨਾਉਣ ਲਈ ਰਚਦੀ ਹੈ, ਚਲਿਤ੍ਰ ਵਿਚ ਪ੍ਰਧਾਨ ਇਸਤ੍ਰੀ ਹੈ ਪੁਰਸ਼ ਨਹੀਂ, ਮਰਦ ਇਸਤ੍ਰੀ ਦੇ ਮਕਰ ਫ਼ਰੇਬ ਵਿਚ ਫਸਦਾ ਹੈ,

ਇਸਤ੍ਰੀ ਨਹੀਂ। ਇਸੇ ਲਈ ਇਨ੍ਹਾਂ ਨੂੰ 'ਤ੍ਰੀਆ ਚਰਿਤ੍ਰ' ਵੀ ਕਿਹਾ ਜਾਂਦਾ ਹੈ।

ਚਲਿਤ੍ਰ ਸਿਰਫ਼ ਇਸਤ੍ਰੀਆਂ ਦੇ ਹੀ ਨਹੀਂ, ਮਰਦਾਂ ਦੇ ਵੀ ਲਿਖੇ ਮਿਲਦੇ ਹਨ, ਜਿਨ੍ਹਾਂ ਵਿਚ ਚਾਤਰ ਮਰਦ ਕਿਸੇ ਭੋਲੇ ਭਾਲੇ ਸ਼ਖਸ ਨੂੰ ਬੁੱਧੂ ਬਣਾ ਕੇ ਠਗਦੇ ਹਨ। ਜਿਵੇਂ ਮੂਰਖ ਪੰਡਤ ਅਤੇ ਠੱਗਾਂ ਦਾ ਚਲਿਤ੍ਰ। ਮੂਰਖ ਪੰਡਤ ਠੱਗਾਂ ਦੇ ਝਾਂਸੇ ਵਿਚ ਆ ਕੇ ਬਲੀ ਦੀ ਖ਼ਾਤਰ ਲਿਜਾ ਰਹੇ ਬਕਰੇ ਨੂੰ ਇਸ ਲਈ ਤਿਆਗ ਦੇਂਦਾ ਹੈ ਕਿ ਚਾਰ ਠੱਗਾਂ ਨੇ ਵਾਰੋ ਵਾਰ ਰਾਹ ਵਿਚ ਉਸਨੂੰ ਮਿਲ ਕੇ ਇਹ ਪ੍ਰਭਾਵ ਦਿਤਾ ਸੀ ਕਿ ਉਹ ਪੰਡਤ ਹੋ ਕੇ ਕੁੱਤੇ, ਖੋਤੇ ਤੇ ਵਛਤੇ ਆਦਿ ਨੂੰ ਚੁੱਕੀ ਫਿਰਦਾ ਹੈ। ਪੰਡਤ ਨੂੰ ਨਿਸਚਾ ਹੋ ਗਿਆ ਕਿ ਇਹ ਬਕਰਾ ਕੋਈ ਛਲੇਡਾ ਹੈ ਜੋ ਲੋਕਾਂ ਨੂੰ ਵਖੋ ਵਖਰੇ ਰੂਪਾਂ ਵਿਚ ਵਿਖਾਈ ਦੇਂਦਾ ਹੈ ਅਤੇ ਉਸਦੇ ਧੱਗ ਨੂੰ ਨਸ਼ਟ ਕਰਨਾ ਚਾਹੁੰਦਾ ਹੈ।

ਮੱਧਕਾਲ ਵਿਚ ਚਲਿਤ੍ਰ-ਕਥਾਵਾਂ ਦੀ ਕਾਫ਼ੀ ਮਾਤਰਾ ਵਿਚ ਸਿਰਜਨਾ ਦਾ ਸੰਕੇਤ ਕਈ ਕਥਾਵਾਂ ਵਿਚੋਂ ਵੀ ਮਿਲਦਾ ਹੈ। ਇਕ ਚਲਿਤ੍ਰ ਕਥਾ ਅਨੁਸਾਰ ਇਕ ਪੰਡਤ ਚਲਿਤ੍ਰਾਂ ਦਾ ਮਹਾਨ ਗ੍ਰੰਥ ਲਿਖ ਕੇ ਉਸਨੂੰ ਖੋਤੇ ਉਪਰ ਲੱਦੀ ਰਾਜੇ ਕੋਲ ਲਿਜਾ ਰਿਹਾ ਸੀ। ਪੰਡਤ ਨੂੰ ਆਪਣੀ ਵਿਦਵਤਾ ਉਤੇ ਅਭਿਮਾਨ ਸੀ ਕਿ ਉਸਨੇ ਇਸਤ੍ਰੀਆਂ ਦੇ ਸਾਰੇ ਮਕਰ ਫ਼ਰੇਬ ਇਸ ਗ੍ਰੰਥ ਵਿਚ ਦਰਜ ਕਰ ਦਿਤੇ ਹਨ। ਪਰ ਰਾਹ ਵਿਚ ਇਕ ਤ੍ਰੀਮਤ ਨੇ ਪੰਡਤ ਨੂੰ ਆਪਣਾ ਜੋ ਚਲਿਤ੍ਰ ਵਿਖਾਇਆ, ਉਸਦਾ ਤਾਂ ਪੰਡਤ ਨੂੰ ਕਦੇ ਚਿੱਤ ਚੇਤਾ ਵੀ ਨਹੀਂ ਸੀ। ਸੋ ਉਸਦਾ ਮਾਣ ਟੁਟ ਗਿਆ। ਦਸਮ ਗ੍ਰੰਥ ਵਿਚ ਚਾਰ ਸੌ ਪੰਜ ਚਰਿਤ੍ਰਾਂ (ਪਾਖਯਾਨ ਚਰਿਤ੍ਰ) ਦਾ ਹੋਣਾ ਅਤੇ ਇਨ੍ਹਾਂ ਦਾ ਦਸਮ ਗ੍ਰੰਥ ਦੇ ਵਡੇਰੇ ਭਾਗ ਤੇ ਫੈਲਿਆ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਕਥਾ ਦਾ ਇਹ ਰੂਪ ਉਦੋਂ ਇਕ ਪ੍ਰਤਿਨਿਧੀ ਕਥਾ-ਰੂਪ ਬਣ ਚੁਕਾ ਸੀ। ਚਰਿਤ੍ਰਾਂ ਦੀਆਂ ਕਥਾਵਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਕਥਾਵਾਂ ਦਾ ਘੇਰਾ ਬੜਾ ਵਿਸ਼ਾਲ ਅਤੇ ਸਮਗਰੀ ਬਹੁ-ਪੱਖੀ ਹੈ। ਇਨ੍ਹਾਂ ਚਰਿਤ੍ਰਾਂ ਵਿਚ ਧਾਰਮਿਕ ਭਾਵਨਾ ਵਾਲੀਆਂ ਉਪਦੇਸ਼ਾਤਮਕ ਕਥਾਵਾਂ ਤੋਂ ਲੈ ਕੇ ਕਿੱਸਾ, ਨੀਤੀ-ਕਥਾ, ਪੌਰਾਣਿਕ-ਕਥਾ, ਹਸਾਉਣੀ, ਦੰਦ-ਕਥਾ ਆਦਿ ਅਨੇਕ ਕਿਸਮ ਦੀਆਂ ਕਥਾ-ਵੰਨਗੀਆਂ ਆ ਗਈਆਂ ਹਨ। ਇਹ ਕਥਾਵਾਂ ਕਈ ਸੋਮਿਆਂ- ਪੰਜ ਤੰਤਰ, ਹਿਤ-ਉਪਦੇਸ਼, ਕਥਾ ਸਰਿਤ ਸਾਗਰ, ਅਲਫ਼ ਲੈਲਾ, ਪੁਰਾਣਾਂ ਆਦਿ ਵਿਚੋਂ ਆਈਆਂ ਹਨ। ਪਰ ਇਨ੍ਹਾਂ ਦੇ ਕਥਾਨਿਕਾਂ ਵਿਚ ਮੂਲ ਗ੍ਰੰਥਾਂ ਨਾਲੋਂ ਕੁਝ ਪ੍ਰੀਵਰਤਨ ਹਨ, ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਇਨ੍ਹਾਂ ਕਥਾਵਾਂ ਦਾ ਜੋ ਰੂਪ ਲੋਕਾਂ ਵਿਚ ਪ੍ਰਚਲਤ ਸੀ, ਉਸੇ ਨੂੰ ਹੀ ਕਾਵਿ-ਰੂਪ ਦਿਤਾ ਗਿਆ ਹੈ। ਦਸਮ ਗ੍ਰੰਥ ਦੇ ਚਰਿਤ੍ਰਾਂ ਵਿਚ ਚਰਿਤ੍ਰ ਅਤੇ ਚਲਿਤ੍ਰ ਦੋਹਾਂ ਵੰਨਗੀਆਂ ਦੀਆਂ ਕਥਾਵਾਂ ਉਪਲਬਧ ਹਨ।

(ਚ-85) **ਚਲ੍ਹੀਹਾ** :

ਬੱਚੇ ਦੇ ਜਨਮ ਤੋਂ ਬਾਅਦ ਚਾਲੀ ਦਿਨਾਂ ਦਾ ਸਮਾਂ; ਧਾਰਨਾ ਹੈ ਕਿ ਇਸ ਦੌਰਾਨ ਮਾਂ ਤੇ ਬੱਚੇ ਦੋਹਾਂ ਦੀ ਜਾਨ ਕੱਚੀ ਹੁੰਦੀ ਹੈ, ਅਤੇ ਚੰਦਰੀਆਂ ਰੂਹਾਂ ਤੇ ਬਦ-ਨਜ਼ਰ ਦਾ ਛੇਤੀ ਅਸਰ ਹੋਣ ਦਾ ਅੰਦੇਸ਼ਾ ਰਹਿੰਦਾ ਹੈ। ਇਸ ਲਈ ਮੰਦ-ਪ੍ਰਭਾਵ ਤੋਂ ਬਚਣ ਲਈ ਕਈ ਤਰ੍ਹਾਂ ਦੇ ਉਪਾ ਕੀਤੇ ਜਾਂਦੇ ਹਨ। ਚਿਲ੍ਹਾ ਜਾਂ ਛਿਲਾ ਜਿਥੇ ਜੱਚਾ ਰਹਿੰਦੀ ਹੈ, ਘਰ ਦੇ ਅੰਦਰਵਾਰ ਬਣਾਇਆ ਜਾਂਦਾ ਹੈ। ਚਿਲ੍ਹੇ ਦਾ ਦਰਵਾਜ਼ਾ ਜੇ ਪੂਰਬ ਦਿਸ਼ਾ ਵਲ ਖੁਲ੍ਹੇ ਤਾਂ ਵਧੇਰੇ ਸ਼ੁਭ ਹੈ। ਚਿਲ੍ਹੇ ਵਿਚ ਅੰਨ ਦੇ ਕੁਝ ਦਾਣੇ, ਜਲ ਦਾ ਭਰਿਆ ਘੜਾ ਤੇ ਇਕ ਦੀਵਾ ਬਾਲ ਕੇ ਧਰਿਆ ਜਾਂਦਾ ਹੈ। ਕੱਚੇ ਅੰਨ ਸਦਕਾ ਚਿਲ੍ਹੇ ਵਿਚ ਚੰਦਰੀਆਂ ਰੂਹਾਂ ਨਹੀਂ ਆਉਂਦੀਆਂ। ਇਸੇ ਭਾਵ ਨਾਲ ਜੱਚਾ ਦੀ ਮੰਜੀ ਹੇਠ ਲੋਹੇ ਦੀ ਛੁਰੀ ਜਾਂ ਦਾਤ੍ਰੀ ਅਤੇ ਕਣਕ, ਸਰ੍ਹੋਂ ਤੇ ਚਾਵਲਾਂ ਦੇ ਕੁਝ ਦਾਣੇ, ਕਿਸੇ ਪੋਟਲੀ ਵਿਚ ਬੰਨ੍ਹ ਕੇ ਰਖ ਦਿਤੇ ਜਾਂਦੇ ਹਨ।

ਚਿਲ੍ਹੇ ਵਾਲੇ ਕਮਰੇ ਵਿਚ, ਬੱਚੇ ਦੇ ਜਨਮ ਤੋਂ ਪਿਛੋਂ ਪੰਜ, ਸੱਤ, ਗਿਆਰਾਂ ਜਾਂ ਤੇਰਾਂ ਦਿਨਾਂ ਤਕ ਦੀਵੇ ਦੀ ਜੋਤ ਨਿਰੰਤਰ ਬਲਦੀ ਰਹਿੰਦੀ ਹੈ। ਜੋਤ ਬੱਚੇ ਦੇ ਅੰਦਰ ਦੀ ਜੀਵਨ-ਕਣੀ ਨੂੰ ਭਖਦਾ ਰਖਣ ਲਈ ਬਾਲੀ ਜਾਂਦੀ ਹੈ।

ਜੇ ਮੁੰਡਾ ਜੰਮਿਆ ਹੋਵੇ ਤਾਂ ਘਰ ਦੀ ਡਿਉਢੀ ਦੇ ਬੂਹੇ ਉਤੇ ਸਰੀਂਹ ਜਾਂ ਨਿੰਮ ਦੇ ਪੱਤੇ, ਮੌਲੀ ਦੇ ਧਾਗੇ ਵਿਚ ਪਰੋ ਕੇ, ਸਿਹਰੇ ਵਾਂਗ ਬੰਨ੍ਹ ਦਿਤੇ ਜਾਂਦੇ ਹਨ, ਜਿਸ ਸਦਕਾ ਚੰਦਰੀਆਂ ਰੂਹਾਂ ਘਰ ਦੇ ਦੁਆਰ ਅੰਦਰ ਪੈਰ ਨਹੀਂ ਪਾਉਂਦੀਆਂ।

ਚਲੀਹੇ ਦੇ ਦਿਨਾਂ ਵਿਚ ਜੱਚਾ ਦੇ ਕੰਨਾਂ ਵਿਚ, ਕਿਸੇ ਚੰਦਰੀ ਤੀਵੀਂ ਦੇ ਬੋਲ ਵੀ ਨਹੀਂ ਪੈਣੇ ਚਾਹੀਦੇ। ਜੇ ਦੋ ਤੀਵੀਆਂ ਦਾ ਚਲ੍ਹੀਹਾ ਸਾਂਝਾ ਹੋਵੇ ਅਤੇ ਚਲ੍ਹੀਹੇ ਦੇ ਦਿਨਾਂ ਵਿਚ ਜੇ ਇਕ ਤੀਵੀਂ ਦੂਜੇ ਦਾ ਬੋਲ ਸੁਣ ਲਏ ਤਾਂ ਧਾਰਨਾ ਹੈ ਕਿ ਸੁਣਨ ਵਾਲੇ ਦਾ ਦੁੱਧ ਸੁੱਕ ਜਾਂਦਾ ਹੈ ਤੇ ਬੱਚਾ ਰੋਗੀ ਰਹਿੰਦਾ ਹੈ। ਇਸ ਲਈ ਸਾਂਝੇ ਚਲ੍ਹੀਹੇ ਵਾਲੀਆਂ ਤੀਵੀਆਂ, ਜੇ ਅਚਨਚੇਤੀ, ਮੰਦਰ ਧਰਮਸਾਲ ਆਦਿ ਵਿਚ ਆਹਮੋ ਸਾਹਮਣੇ ਹੋ ਜਾਣ ਤਾਂ ਇਕ ਦੂਜੇ ਦੇ ਬੱਚੇ ਦੀ ਖ਼ੈਰ ਮੰਗਦਿਆਂ, ਦੋਹਾਂ ਨੂੰ ਚੁਪ ਰਹਿਣਾ ਚਾਹੀਦਾ ਹੈ। ਕਈ ਘਰਾਂ ਵਿਚ ਬੱਚੇ ਦੇ ਜੰਮਦੇ ਸਾਰ, ਕੰਨਿਆਂ ਨੂੰ ਗਿੱਲੀ ਮਿੱਟੀ ਦਾ ਥੋਪਾ ਚਮੇੜ ਦਿਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਕਹਿੰਦੇ ਹਨ, ਕਿਸੇ ਦੂਜੇ ਦੇ ਬੋਲ ਅਸਰ ਨਹੀਂ ਕਰਦੇ।

ਜੋ ਗਲੀ ਮਹੱਲੇ ਜਾਂ ਅੰਗ-ਸਾਕਾਂ ਵਿਚ, ਦੋ ਤੀਵੀਆਂ ਦਾ ਚਲ੍ਹੀਹਾ ਸਾਂਝਾ ਹੋਵੇ ਤਾਂ ਉਹ ਆਪੱ ਵਿਚ ਖੰਡ ਵਟਾਂਦੀਆਂ ਤੇ ਉਸਦਾ ਸੀਰਾ ਬਣਾ ਕੇ ਖਾ ਲੈਂਦੀਆਂ ਹਨ। ਇਸ ਮਿੱਠੀ ਰੀਤ ਨਾਲ, ਜੋ ਨਵੀਂ ਸਾਂਝ ਬਣਦੀ ਹੈ, ਉਸ ਵਿਚ ਬੋਲ ਦਾ ਚੰਦਰਾ ਅਸਰ ਨਹੀਂ ਪੈਂਦਾ।

(2) ਕਈ ਸਾਧੂ ਪੀਰ ਫ਼ਕੀਰ ਚਾਲ੍ਹੀ ਦਿਨ, ਕਿਸੇ ਇਕਲਵਾਂਝੀ ਥਾਂ ਬੈਠ ਕੇ ਤੱਪ ਕਰਦੇ ਅਥਵਾ ਕਿਸੇ ਮੰਤਰ ਦਾ ਪਾਠ ਕਰਦੇ ਹਨ। ਇਨ੍ਹਾਂ ਚਾਲ੍ਹੀ ਦਿਨਾਂ ਵਿਚ ਉਹ ਕਿਸੇ ਨਾਲ ਨਹੀਂ ਬੋਲਦੇ ਤੇ ਨਾ ਹੀ ਉਹ ਅੰਨ ਦਾ ਦਾਣਾ ਮੂੰਹ ਲਗਾਂਦੇ ਹਨ। ਕਈ ਸਾਧੂ ਥੋੜਾ ਬਹੁਤ ਅੰਨ ਮੂੰਹ ਲਗਾ ਲੈਂਦੇ ਹਨ, ਪਰ ਮੋਨ ਧਾਰਨ ਰਖਦੇ ਹਨ। ਇਸ ਨੂੰ 'ਚਿਲ੍ਹਾ' ਕਿਹਾ ਜਾਂਦਾ ਹੈ (ਵੇਖੋ : ਚਿਲ੍ਹਾ)।

## (ਚ-86) ਚਲ੍ਹੀਹਾ ਦੇਣਾ :

ਚਾਲੀ ਦਿਨ ਕਿਸੇ ਪੂਜ ਅਸਥਾਨ ਦੀ ਰੋਜ ਜ਼ਿਆਰਤ ਕਰਨ ਦੀ ਸੁੱਖਣਾ ਦੇਣੀ। ਕਈ ਹਿੰਦੂ, ਸਿੱਖ ਤੇ ਮੁਸਲਮਾਨ, ਆਪਣੀ ਕਿਸੇ ਮਨੋ-ਕਾਮਨਾ ਦੀ ਪੂਰਤੀ ਲਈ ਚਲੀਹਾ ਸੁੱਖਦੇ ਹਨ। ਭਾਵ ਕਿਸੇ ਤੀਰਥ/ਮੰਦਰ/ਮਸਜਿਦ/ਗੁਰਦਵਾਰੇ ਚਾਲੀ ਦਿਨਾਂ ਤਕ ਰੋਜ਼ ਯਾਤ੍ਰਾ ਕਰਨ ਦਾ ਸੰਕਲਪ ਕਰਦੇ ਹਨ। ਫਿਰ ਮੀਂਹ ਆਵੇ ਅਨੇਰੀ ਆਵੇ, ਉਹ ਚਾਲੀ ਦਿਨ ਸੁੱਖੀ ਹੋਈ ਥਾਂ ਦੀ ਯਾਤ੍ਰਾ ਅਵਸ਼ ਕਰਦੇ ਹਨ। ਜੇ ਕਿਸੇ ਬੀਮਾਰੀ ਜਾਂ ਹੋਰ ਮਜਬੂਰੀ ਕਾਰਨ ਕਿਸੇ ਦਿਨ ਯਾਤ੍ਰਾ ਨਾ ਕੀਤੀ ਜਾ ਸਕੇ ਤਾਂ ਚਲੀਹਾ ਖੰਡਨ ਹੋ ਜਾਂਦਾ ਹੈ ਤੇ ਫਿਰ ਨਵੇਂ ਸਿਰਿਓਂ ਫੜਿਆ ਜਾਂਦਾ ਹੈ। ਚਲੀਹੇ ਦਾ ਖੰਡਨ ਹੋਣਾ ਅਸ਼ੁਭ ਸਮਝਿਆ ਜਾਂਦਾ ਹੈ। ਮਜਬੂਰੀ ਦੀ ਹਾਲਤ ਵਿਚ, ਪਰਵਾਰ ਦੇ ਕਿਸੇ ਦੂਜੇ ਬੰਦੇ ਨੂੰ, ਉਸ ਯਾਤ੍ਰਾ ਲਈ ਭੇਜ ਦਿਤਾ ਜਾਂਦਾ ਹੈ।

## (ਚ-87) ਚਵਰ (ਚੋਰ) :

ਮੋਰ ਦੇ ਖੰਭਾਂ, ਸੁਰਾ ਗਊ ਜਾਂ ਸ਼ੇਰ ਦੀ ਪੂਛਲ ਦੇ ਵਾਲਾਂ ਦਾ ਗੁੱਛਾ, ਜੋ ਲਕੜੀ ਜਾਂ ਪਿਤਲ ਦੀ ਡੰਡੀ ਵਿਚ ਜੜ੍ਹਿਆ ਹੁੰਦਾ ਹੈ। ਕਈ ਚਵਰ ਚਾਂਦੀ ਤੇ ਸੋਨੇ ਦੇ ਡੰਡੇ ਵਿਚ ਵੀ ਜੜੇ ਹੁੰਦੇ ਹਨ। ਹਿੰਦੂਆਂ ਵਿਚ ਮੂਰਤੀਆਂ ਉਤੇ ਚੋਰ ਝੁਲਾਣ ਦੀ ਪ੍ਰਥਾ ਹੈ ਤੇ ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਉਤੇ। ਪੁਰਾਣੇ ਵੇਲਿਆ ਵਿਚ ਮਹਾਰਾਜਿਆਂ ਦੇ ਸੇਵਕ (ਚੋਰੀਦਾਰ) ਮਹਾਰਾਜੇ ਉਤੇ ਚੋਰ ਝੁਲਾਂਦੇ ਸਨ। ਸਾਧਾਂ

ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ
ਵੇਲੇ ਅਥਵਾ ਵਾਕ ਲੈਣ ਲਗਿਆਂ ਚਵਰ ਝੁਲਾਈ ਜਾਂਦੀ
ਹੈ। ਜਦੋਂ ਪਾਠ ਹੋ ਰਿਹਾ ਹੁੰਦਾ ਹੈ ਤਾਂ ਸ਼ਰਧਾਲੂ ਦਰਬਾਰ
ਸਾਹਿਬ ਦੇ ਪਿਛੇ ਖਲੋ ਕੇ ਚਵਰ ਝੁਲਾਂਦੇ ਹਨ। ਚਵਰ
ਝੁਲਾਣਾ ਆਦਰ ਤੇ ਮਾਨ ਪ੍ਰਤਿਸ਼ਠਾ ਦੇਣ ਦਾ ਬੋਧਿਕ ਹੈ।
ਪਹਿਲਿਆਂ ਵਿਚ ਰਾਜੇ ਮਹਾਰਾਜੇ ਜਦੋਂ ਤਖਤ ਉਤੇ
ਬਿਰਾਜਮਾਨ ਹੁੰਦੇ ਤਾਂ ਉਨ੍ਹਾਂ ਉਤੇ ਛੱਤਰ ਜਾਂ ਚਵਰ ਝੁਲਾਏ
ਜਾਂਦੇ। ਸਿੱਖਾਂ ਵਿਚ ਸਖਸ਼ੀ ਗੁਰੂ ਦਾ ਕੋਈ ਸਥਾਨ ਨਹੀਂ
ਅਤੇ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰ ਗੱਦੀ ਪ੍ਰਾਪਤ ਹੈ।
ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਰੂਪ ਮੰਨ ਕੇ ਆਦਰ
ਵਜੋਂ ਚਵਰ ਝੁਲਾਂਦੇ ਹਨ।

ਜਦੋਂ ਪਰਿਵਾਰ ਦਾ ਕੋਈ ਵਡਿਕਾ ਮਰ ਜਾਂਦਾ ਹੈ ਤਾਂ
ਉਸ ਦੇ ਪੋਤਰੇ ਤੇ ਦੋਹਤਰੇ ਉਸ ਦੀ ਅਰਥੀ ਨਾਲ ਚਵਰ
ਝੁਲਾਂਦੇ ਹੋਏ ਜਾਂਦੇ ਹਨ। ਇਹ ਮੋਏ ਪ੍ਰਾਣੀ ਦੀ ਬਜ਼ੁਰਗੀ ਨੂੰ
ਆਦਰ ਦੇਣਾ ਹੈ।

## (ਚ-88) ਚਾਹਲੀਆ :

ਪੰਜਾਬ ਦਾ ਇਕ ਭਿਆਨਕ ਕਾਲ, ਜੋ 1840 ਸੰਮਤ
ਵਿਚ ਵਾਪਰਨ ਕਰਕੇ ਚਾਹਲੀਆ ਪ੍ਰਸਿਧ ਹੋਇਆ। ਇਸ
ਬਾਰੇ ਅਖਾਣ ਹੈ :

ਚਾਹਲੀਏ ਦਾ ਸਿੰਙ ਭਿਜਾ
ਚੁਲ੍ਹੇ ਅੰਨ ਨਾ ਰਿਧਾ।

1839 ਸੰਮਤ ਤੋਂ 1842 ਤਕ ਮੀਂਹ ਨਾ ਪੈਣ ਕਰਕੇ,
ਫਸਲਾਂ ਨਾ ਹੋ ਸਕੀਆਂ ਤੇ ਲੋਕਾਂ ਨੂੰ ਉਦਰ ਪੂਰਤੀ ਲਈ
ਦਰਖਤਾਂ ਦੇ ਪੱਤੇ ਤੇ ਛਿਲਣ ਖਾਣੇ ਪਏ। ਉਦੋਂ ਵਕਤ
ਅਨੁਸਾਰ ਕਣਕ ਬੜੀ ਮਹਿੰਗੀ ਵਿਕੀ, ਰੁਪਏ ਦੀਆਂ ਸੱਤ
ਪੜੋਪੀਆਂ ਅਥਵਾ ਸਾਢੇ ਤਿੰਨ ਸੇਰ। ਇਸੇ ਲਈ ਇਸ
ਕਾਲ ਨੂੰ 'ਸੱਤ ਪੜੋਪੀਆ ਕਾਲ' ਵੀ ਕਹਿੰਦੇ ਹਨ। ਇਸ
ਕਾਲ ਦੇ ਖ਼ਾਤਮੇ ਤੇ ਸੰਮਤ 1842 ਵਿਚ ਮੂਸਲਾਧਾਰ
ਮੀਂਹ ਵਸਿਆ ਤੇ ਅਨੇਕਾਂ ਬੀਮਾਰੀਆਂ ਫੈਲੀਆਂ। ਜੋ
ਲੋਕ ਕਾਲ ਦੇ ਗ੍ਰਾਸ ਤੋਂ ਬਚ ਗਏ ਸਨ, ਉਨ੍ਹਾਂ ਨੂੰ ਵਬਾ ਤੇ
ਬੀਮਾਰੀਆਂ ਨੇ ਘੇਰ ਲਿਆ।

ਪੰਜਾਬ ਵਿਚ ਚਾਹਲੀਏ ਮਗਰੋਂ ਤਿੰਨ ਹੋਰ ਕਾਲ ਪਏ
ਦੂਜਾ ਕਾਲ ਸੰਮਤ 1869 ਵਿਚ ਪਿਆ ਤੇ 1870
ਅਖ਼ੀਰ ਤਕ ਰਿਹਾ। ਇਸ ਕਾਲ ਨੂੰ 'ਪਾਈ ਵਾਲਾ' ਕਾਲ
ਕਿਹਾ ਜਾਂਦਾ ਹੈ ਕਿਉਂ ਜੋ ਉਦੋਂ ਕਣਕ ਰੁਪਏ ਦੀ ਚਾ

ਘਾਸ ਭਾਰੀ ਮਾਤਰਾ ਵਿਚ ਉਗਿਆ, ਜਿਸ ਨੂੰ ਪਸ਼ੂ ਪੇਟ ਭਰਨ ਲਈ ਚਰਦੇ ਤੇ ਆਦਮੀ ਕਣਕ ਵਿਚ ਮਿਲਾ ਕੇ ਖਾਂਦੇ। ਇਸ ਲਈ ਇਸ ਕਾਲ ਨੂੰ 'ਮੁਰਕਾਂ ਵਾਲਾ ਕਾਲ' ਕਿਹਾ ਜਾਂਦਾ ਹੈ।

ਦੂਜਾ ਕਾਲ ਸੰਮਤ 1917 ਵਿਚ ਪਿਆ। ਜਦੋਂ ਕਣਕ ਰੁਪਏ ਦੀ 6-7 ਟੋਪੇ (12-14 ਸੇਰ) ਵਿਕੀ। ਇਹ ਕਾਲ ਘਾਲ ਕਰ ਗਿਆ ਤੇ ਇਸ ਨੂੰ 'ਸਤਾਰਾਂ ਵਾਲਾ ਕਾਲ' ਕਹਿੰਦੇ ਹਨ।

(ਚ-89) **ਚਾਹਿਲ** :

ਜੱਟਾਂ ਦਾ ਇਕ ਕਬੀਲਾ, ਜੋ ਪਟਿਆਲੇ, ਅੰਬਾਲੇ, ਲੁਧਿਆਣੇ, ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆਂ ਵਿਚ ਆਬਾਦ ਮਿਲਦਾ ਹੈ। ਰਵਾਇਤ ਹੈ ਕਿ ਸੂਰਜਬੰਸੀ ਰਾਜਾ ਅਜਾਰ ਸੈਨ ਦੇ ਚਾਰ ਪੁੱਤਰ—ਚਾਹਿਲ, ਛੀਨਾ, ਚੀਮਾ ਤੇ ਸਾਹੀ ਸਨ। ਇਨ੍ਹਾਂ ਚੌਹਾਂ ਦੀ ਵੰਸ਼ ਤਰਤੀਬਵਾਰ ਚਾਰ ਨਾਵਾਂ ਨਾਲ ਪ੍ਰਸਿਧ ਹੋਈ। ਇਨ੍ਹਾਂ ਚੌਹਾਂ ਵਿਚ, ਅੰਤਰ-ਗੋਤੀ ਵਿਆਹ ਪ੍ਰਚਲਤ ਹਨ।

ਚਾਹਿਲਾਂ ਦਾ ਮੂਲ ਅਸਥਾਨ ਮਾਲਵਾ ਸੀ, ਜਿਥੋਂ ਇਹ ਸਾਰੇ ਪੰਜਾਬ ਵਿਚ ਫੈਲ ਗਏ। ਰਵਾਇਤਾਂ ਅਨੁਸਾਰ ਇਨ੍ਹਾਂ ਦਾ ਮੂਲ ਟਿਕਾਣਾ 'ਜੋਗਾ ਰਲਾ' ਹੈ। ਗਲਾਸਰੀ (2,146) ਵਿਚ ਇਨ੍ਹਾਂ ਦੇ ਮੁੱਢ ਬਾਰੇ ਕੁਝ ਰਵਾਇਤਾਂ ਦਿਤੀਆਂ ਹੋਈਆਂ ਹਨ। ਇਕ ਰਵਾਇਤ ਅਨੁਸਾਰ ਇਨ੍ਹਾਂ ਦਾ ਵਡਿਕਾ ਰਾਜਾ ਰਿਖੀ, ਜੋ ਪੰਵਾਰ ਰਾਜਪੂਤ ਸੀ, ਦੱਖਣ ਵਲੋਂ ਕਹਿਲੂਰ ਆ ਕੇ ਵਸਿਆ। ਇਸ ਦੇ ਪੁੱਤਰ ਬੀਰ ਸੈਨ ਨੇ ਇਕ ਜੱਟੀ ਨਾਲ ਵਿਆਹ ਕਰਵਾ ਲਿਆ ਅਤੇ ਅਕਬਰ ਦੇ ਰਾਜ ਸਮੇਂ ਬਠਿੰਡੇ ਇਕ ਮਸੀਤ ਵਿਚ ਵੱਸਣ ਲਗਾ। ਇਸ ਦੀ ਵੰਸ਼ ਚਾਹਿਲ ਦੇ ਨਾਂ ਨਾਲ ਪ੍ਰਸਿਧ ਹੋਈ।

ਅੰਮ੍ਰਿਤਸਰ ਵਿਚ ਵਸਦੇ ਚਾਹਿਲਾਂ ਅਨੁਸਾਰ ਚਾਹਿਲ ਰਾਜਾ ਖਖ ਦਾ ਲੜਕਾ ਸੀ, ਜਿਸ ਨੇ ਇਕ ਤਲਾਬ ਵਿਚ ਪਰੀਆਂ ਨੂੰ ਇਸ਼ਨਾਨ ਕਰਦਿਆਂ ਵੇਖ ਕੇ ਉਨ੍ਹਾਂ ਦੇ ਕਪੜੇ ਚੁਕ ਲਏ ਤੇ ਇਸ ਸ਼ਰਤ ਤੇ ਮੋੜੇ ਕਿ ਉਨ੍ਹਾਂ ਪਰੀਆਂ ਵਿਚੋਂ ਇਕ ਉਸ ਦੇ ਨਾਲ ਵਿਆਹ ਕਰਵਾਏਗੀ। ਇੰਦਰਾ ਨਾਂ ਦੀ ਪਰੀ ਨਾਲ ਉਸਦਾ ਵਿਆਹ, ਇਸ ਸ਼ਰਤ ਉਤੇ ਹੋਇਆ ਕਿ ਉਹ ਕਦੇ ਉਸ ਨੂੰ ਫਿਟਕਾਰੇਗਾ ਨਹੀਂ। ਇੰਦਰਾ ਦੀ ਕੁਖੋਂ ਇਕ ਪੁੱਤਰ ਜੰਮਿਆ, ਪਰ ਮਗਰੋਂ ਵਿਚ ਮਾਪੇ ਨਹੀਂ ਜੰਮਦੇ। ਇਸ ਤੋਂ ਇਲਾਵਾ ਚਾਹਿਲ ਆਪਣੀ ਧੀ ਨੂੰ ਕਦੇ ਫਿਟਕਾਰਦੇ ਨਹੀਂ।

ਚਾਹਿਲਾਂ ਦਾ ਜਠੇਰਾ 'ਜੋਗਾ ਪੀਰ' ਰਾਜਪਾਲ ਦਾ ਪੁੱਤਰ ਸੀ। ਉਹ ਇਕ ਸਿਰਲੱਥ ਸੂਰਮਾ ਸੀ। ਮੁਗ਼ਲਾਂ ਨਾਲ ਹੋਏ ਇਕ ਯੁੱਧ ਵਿਚ ਉਹ ਮਾਰਿਆ ਗਿਆ, ਪਰ ਸਿਰ ਕੱਟੇ ਜਾਣ ਮਗਰੋਂ ਵੀ, ਉਹ ਮੁਗ਼ਲਾਂ ਦੇ ਆਹੂ ਲਾਹੁੰਦਾ ਰਿਹਾ। ਉਸ ਦੇ ਸਨਮਾਨ ਵਿਚ ਅਸੂ ਦੇ ਚੌਥੇ ਨਰਾਤੇ ਪਿੰਡ ਜੋਗਾ ਪੀਰ ਵਿਚ ਇਹ ਮੇਲਾ ਲਗਦਾ ਹੈ।

'ਗਲਾਸਰੀ' ਅਨੁਸਾਰ ਜੀਂਦ ਵਿਚ ਰਹਿੰਦੇ ਚਾਹਿਲ 'ਖੇੜਾ ਭੂਮੀਆ' ਦੀ ਉਪਾਸਨਾ ਕਰਦੇ ਹਨ। ਉਹ ਆਪਣਾ ਵਡਿਕਾ 'ਬਾਲਾ' ਦਸਦੇ ਹਨ, ਜੋ ਚੌਹਾਨ ਰਾਜਪੂਤ ਸੀ ਤੇ ਜਿਸ ਨੇ ਇਕ ਜੱਟੀ ਨਾਲ ਵਿਆਹ ਕਰਵਾਇਆ। ਜਾਤ-ਬਰਾਦਰੀ ਨੇ, ਉਸ ਨੂੰ ਛੇਕ ਦਿਤਾ। ਪਰ ਉਸਨੇ ਗੁੱਗੇ ਨੂੰ ਦਿਤੀਆਂ ਜਾਂਦੀਆਂ ਭੇਟਾਂ ਕਬੂਲ ਕਰਕੇ ਆਪਣਾ ਪ੍ਰਭਾਵ ਕਾਇਮ ਕਰ ਲਿਆ। ਜੀਂਦ ਵਿਚ ਚਾਹਿਲ ਹੁਣ ਤਕ ਗੁੱਗੇ ਦੀ ਭੇਟਾ ਲੈਂਦੇ ਰਹੇ ਹਨ।

ਮਿਸਟਰ ਫਾਗਨ ਅਨੁਸਾਰ ਚਾਹਿਲ ਬੀਕਾਨੇਰ ਦੇ ਮੂਲ ਵਸਨੀਕ ਬਾਗੜੀਆਂ ਵਿਚੋਂ ਹਨ।

(ਚ-90) **ਚਾਕ** :

ਮੱਝਾਂ ਚਾਰਨ ਵਾਲਾ ਕਾਮਾ; ਇਹ ਸਬਦ ਹੀਰ ਦੇ ਪ੍ਰੇਮੀ ਰਾਂਝੇ ਦਾ ਬੋਧਿਕ ਹੈ। ਰਾਂਝੇ ਨੇ ਹੀਰ ਦੀ ਖ਼ਾਤਰ 12 ਸਾਲ ਬੇਲੇ ਵਿਚ ਚੂਚਕ ਦੇ ਮੰਗੂ ਚਾਰੇ ਸਨ। ਦੋਵੇਂ ਚੋਰੀ ਮਿਲਦੇ ਤੇ ਹੀਰ, ਰਾਂਝੇ ਨੂੰ ਚੂਰੀ ਖਵਾਂਦੀ ਸੀ। ਪੰਜਾਬੀ ਸਭਿਆਚਾਰ ਵਿਚ ਚਾਕ ਸਬਦ 'ਪ੍ਰੀਤਮ' ਦਾ ਪ੍ਰਤੀਕ ਬਣ ਗਿਆ ਹੈ ਤੇ ਬੜਾ ਆਦਰ ਬੋਧਿਕ ਹੈ।

(ਚ-91) **ਚਾਕੂ** :

ਚਾਕੂ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਚਾਕੂ ਦਾ ਫਲ ਲੋਹੇ ਦਾ ਹੋਣ ਕਰਕੇ, ਇਸਦਾ ਉਹ ਪ੍ਰਭਾਵ ਮੰਨਿਆ ਗਿਆ ਹੈ ਜੋ ਲੋਹੇ ਦਾ ਹੈ। ਲੋਹੇ ਤੋਂ ਓਪਰੀਆਂ ਰੂਹਾਂ ਤੇ ਪ੍ਰੇਤ ਸ਼ਕਤੀਆਂ ਡਰਦੀਆਂ ਹਨ। ਜਦੋਂ ਪੱਥਰ ਯੁਗ ਮਗਰੋਂ ਲੋਹੇ ਦਾ ਯੁਗ ਸ਼ੁਰੂ ਹੋਇਆ ਤਾਂ ਪੱਥਰ ਦੇ ਹਥਿਆਰ ਵਰਤਣ ਵਾਲੀਆਂ ਜਾਤੀਆਂ ਲੋਹੇ ਦੇ ਹਥਿਆਰ ਵਰਤਣ ਵਾਲੀਆਂ ਜਾਤੀਆਂ ਤੋਂ ਡਰਨ ਲਗੀਆਂ ਤੇ ਲੋਹਾ ਬਲ ਤੇ ਸ਼ਕਤੀ

ਮੁੱਠੇ ਕਾਠ ਵਿਚ ਦੇਵਤੇ ਦਾ ਨਿਵਾਸ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਚਾਕੂ ਮੁੱਠੀ ਲੱਕੜ ਤੇ ਲੋਹੇ ਦੇ ਫਲ ਦਾ ਜੋੜ ਹੋਣ ਕਰਕੇ, ਬਦਰੂਹਾਂ ਤੇ ਚੰਦਰੀ ਨਜ਼ਰ ਨੂੰ ਦੂਰ ਰਖਣ ਵਾਲੀ ਵਸਤੂ ਸਮਝਿਆ ਜਾਣ ਲਗਾ।

ਗਰਭ ਦੇ ਦਿਨਾਂ ਵਿਚ ਗਰਭਵਤੀ ਦੇ ਸਿਰਹਾਣੇ ਹੇਠ ਚਾਕੂ ਰਖਿਆ ਜਾਂਦਾ ਹੈ, ਤਾਂ ਜੋ ਪ੍ਰੇਤ ਸ਼ਕਤੀਆਂ ਦੂਰ ਰਹਿਣ। ਇਸੇ ਤਰ੍ਹਾਂ ਜਦੋਂ ਗਰਭਵਤੀ ਬੱਚੇ ਨੂੰ ਜਨਮ ਦੇਂਦੀ ਹੈ ਤਾਂ ਨਵੇਂ ਜੰਮੇ ਬੱਚੇ ਦੇ-ਸਿਰ੍ਹਾਂਦੀ ਚਾਕੂ ਰੱਖਣ ਦੀ ਪ੍ਰਥਾ ਹੈ।

ਚੇਲੇ ਜਾਂ ਗੁਰੂ ਜਾਦੂ ਮੰਤ੍ਰ ਪੜ੍ਹਨ ਵੇਲੇ ਚਾਕੂ ਨਾਲ ਇਕ ਕਾਰ ਜਾਂ ਚੱਕਰ ਬਣਾਉਂਦੇ ਹਨ ਤੇ ਫਿਰ ਕਾਰ/ਚੱਕਰ ਦੇ ਸਿਰੇ ਤੇ ਚਾਕੂ ਗੱਡ ਦੇਂਦੇ ਹਨ। ਧਾਰਨਾ ਹੈ ਕਿ ਕੋਈ ਬਦਰੂਹ ਕਾਰ/ਚੱਕਰ ਦੇ ਅੰਦਰ ਦਾਖ਼ਲ ਹੋ ਕੇ ਚੇਲੇ ਉੱਤੇ ਅਸਰ ਨਹੀਂ ਕਰ ਸਕਦੀ।

ਮੁਜ਼ਫ਼ਰਗੜ੍ਹ ਜ਼ਿਲੇ ਦੇ ਮੁਸਲਮਾਨਾਂ ਵਿਚ ਰਵਾਜ ਹੈ ਕਿ ਬੱਚਾ ਜੰਮਣ ਵੇਲੇ ਗਰਭਵਤੀ ਨੂੰ ਚਟਾਈ ਵਿਛਾ ਕੇ ਧਰਤੀ ਉਤੇ ਲਿਟਾ ਦਿਤਾ ਜਾਂਦਾ ਹੈ। ਜੇ ਲੜਕਾ ਜੰਮੇ, ਤਾਂ ਮਾਂ ਦੇ ਸਿਰ ਵਾਲੇ ਪਾਸੇ, ਚਟਾਈ ਦੇ ਸਿਰੇ ਉਤੇ,ਧਰਤੀ ਵਿਚ ਇਕ ਚਾਕੂ ਇਉਂ ਗਡ ਦਿਤਾ ਜਾਂਦਾ ਹੈ ਕਿ ਲੋਹੇ ਦੇ ਫਲ ਵਾਲਾ ਸਿਰਾ ਉਪਰ ਵਲ ਆਵੇ। ਇਸ ਰੀਤ ਨੂੰ 'ਚਾਕੂ ਗੱਡਣਾ' ਕਹਿੰਦੇ ਹਨ। ਲੋਕ ਧਾਰਨਾ ਹੈ ਕਿ ਇਸ ਤਰ੍ਹਾਂ ਪ੍ਰੇਤ ਸ਼ਕਤੀਆਂ ਦੂਰ ਰਹਿੰਦੀਆਂ ਹਨ।

(ਚ-92) **ਚਾਚਰ** :

ਇਕ ਕਿਸਾਨੀ ਕਬੀਲਾ, ਜੋ ਵਧੇਰੇ ਕਰਕੇ ਸ਼ਾਹਪੁਰ ਤੇ ਮੁਲਤਾਨ ਵਿਚ ਮਿਲਦਾ ਹੈ। ਮੁਲਤਾਨ ਵਿਚ ਇਸ ਕਬੀਲੇ ਦੇ ਲੋਕ ਜੱਟ ਸਮਝੇ ਜਾਂਦੇ ਹਨ। ਬਹਾਵਲਪੁਰ ਦੇ ਚਾਚਰ ਮੁਗ਼ਲ ਹੋਣ ਦਾ ਦਾਅਵਾ ਕਰਦੇ ਹਨ ਅਤੇ ਆਪਣਾ ਪਿੱਛਾ ਤਿਮੂਰ ਨਾਲ ਜਾ ਜੋੜਦੇ ਹਨ। ਰਵਾਇਤ ਅਨੁਸਾਰ ਸੁਰਾੜ, ਸੁਭਾਗੋ, ਸਿਲੜੇ ਤੇ ਚਾਚਰ ਕਬੀਲੇ ਕਦੇ ਰਾਜਾ ਖੁੰਗਾ ਦੇ ਅਧੀਨ ਸਨ ਅਤੇ ਜਾਮ ਭਾਖੜ ਨੇ ਇਨ੍ਹਾਂ ਨੂੰ ਆਜ਼ਾਦ ਕਰਵਾਇਆ। ਇਸ ਸਬੰਧੀ ਇਕ ਕਹਾਵਤ ਹੈ :

ਸੁਰਾੜ, ਸੁਭਾਗੋ, ਸਿਲੜੇ, ਚੌਥੀ ਚਾਚਰੀਆ
ਆਂਦਾ ਹਾ ਜਾਮ ਭਖੜੇ ਹਾ ਬਾਹਨਾਂ ਖੁੰਗਾਰਾ।

(ਚ-93) **ਚਾਤ੍ਰਿਕ** :

ਰਣੀਆਂ ਵਰ੍ਹਦੀਆਂ ਹਨ, ਉਸ ਨੂੰ 'ਸਵਾਂਤੀ ਬੂੰਦਾਂ' ਕਹਿੰਦੇ ਹਨ। ਇਨ੍ਹਾਂ ਬੂੰਦਾਂ ਦੀ ਪ੍ਰਾਪਤੀ ਲਈ ਚਾਤ੍ਰਿਕ ਮੂੰਹ ਅੱਡੀ ਅਸਮਾਨ ਵਲ ਤੱਕਦਾ ਰਹਿੰਦਾ ਹੈ।

ਇਹੋ ਸਵਾਂਤੀ ਬੂੰਦ ਜਦੋਂ ਸਮੁੰਦਰ ਵਿਚ, ਤੈਰਦੀ ਹੋਈ ਕਿਸੇ ਸਿੱਪੀ ਵਿਚ ਡਿਗਦੀ ਹੈ ਤਾਂ ਮੋਤੀ ਬਣ ਜਾਂਦੀ ਹੈ।

ਅਧਿਆਤਮਕ ਖੇਤਰ ਵਿਚ ਚਾਤ੍ਰਿਕ ਦੀ ਸਵਾਂਤੀ ਬੂੰਦ ਲਈ ਚੇਸ਼ਟਾ, ਉਸ ਜਗਿਆਸੂ ਦਾ ਪ੍ਰਤੀਕ ਬਣ ਗਈ ਹੈ ਜੋ ਪ੍ਰਭੂ ਤੋਂ ਬਿਨਾਂ ਦੂਜੇ ਪਾਸੇ ਧਿਆਨ ਨਹੀਂ ਦੇਂਦਾ। ਗੁਰਬਾਣੀ ਵਿਚ ਚਾਤ੍ਰਿਕ ਇਸੇ ਪ੍ਰਤੀਕ ਵਿਚ ਵਰਤਿਆ ਗਿਆ ਹੈ।

(ਚ-94) **ਚਾਦਰ ਅੰਦਾਜ਼ੀ** :

ਵਿਆਹ ਦੀ ਇਕ ਵਿਧੀ, ਜਿਸ ਵਿਚ ਵਿਆਹ ਦੇ ਬੰਧਨ ਵਿਚ ਬੱਝਣ ਵਾਲੇ ਜੋੜੇ ਨੂੰ ਕੋਲ ਕੋਲ ਬਿਠਾ ਕੇ, ਉਪਰ ਚਾਦਰ ਪਾ ਦਿਤੀ ਜਾਂਦੀ ਹੈ। ਵਿਧਵਾ ਇਸਤ੍ਰੀ ਦਾ ਪੁਨਰ-ਵਿਆਹ ਇਸੇ ਵਿਧੀ ਦੁਆਰਾ ਕੀਤਾ ਜਾਂਦਾ ਹੈ। ਸਿੱਖਾਂ ਵਿਚ, ਜੋੜੀ ਉਤੇ ਚਾਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪਾਈ ਜਾਂਦੀ ਹੈ। ਪਰ ਹਿੰਦੂਆਂ ਵਿਚ ਚਾਦਰ ਕੁੱਲ ਦਾ ਕੋਈ ਵਡਿਕਾ ਜਾਂ ਕੁਲ-ਪ੍ਰੋਹਿਤ ਹੀ ਪਾ ਦੇਂਦਾ ਹੈ।

ਚਾਦਰ ਅੰਦਾਜ਼ੀ ਵਿਆਹ ਦੀ ਵਿਧੀ ਵਜੋਂ ਸਵੀਕ੍ਰਿਤ ਹੈ। ਕਈ ਲੋਕ ਜਦੋਂ ਟਕੇ ਭਰ ਕੇ ਨੀਵੀਂ ਜ਼ਾਤ ਦੀ ਕੋਈ ਕੁੜੀ ਖ਼ਰੀਦ ਕੇ, ਵਿਆਹ ਕਰਦੇ ਹਨ ਤਾਂ ਉਸ ਨਾਲ ਲਾਵਾਂ ਫੇਰੇ ਦੀ ਥਾਂ ਚਾਦਰ ਅੰਦਾਜ਼ੀ ਕਰਦੇ ਹਨ। ਇਸ ਵਿਆਹ ਉਤੇ ਹੋਰ ਰਸਮਾਂ ਰੀਤਾਂ ਨਹੀਂ ਕੀਤੀਆਂ ਜਾਂਦੀਆਂ।

(ਚ-95) **ਚਾਦਰ ਚਾੜ੍ਹਨਾ** :

ਮੁਸਲਮਾਨਾਂ ਵਿਚ ਪੀਰਾਂ ਫ਼ਕੀਰਾਂ ਦੀਆਂ ਮਜ਼ਾਰਾਂ ਉਤੇ ਜਾ ਕੇ ਸੁੱਖਣਾਂ ਸੁਖੀਆਂ ਜਾਂਦੀਆਂ ਹਨ। ਜਦੋਂ ਸੁੱਖ ਪੂਰੀ ਹੋ ਜਾਂਦੀ ਹੈ ਤਾਂ ਮਜ਼ਾਰ 'ਤੇ ਚਾਦਰ ਚਾੜ੍ਹੀ ਜਾਂਦੀ ਹੈ। ਕਈ ਵੈਸੇ ਵੀ ਪੀਰ-ਫ਼ਕੀਰ ਦੀ ਬਖ਼ਸ਼ਸ਼ ਪ੍ਰਾਪਤ ਕਰਨ ਲਈ, ਉਹਦੀ ਮਜ਼ਾਰ ਉਪਰ ਚਾਦਰ ਚਾੜ੍ਹਦੇ ਹਨ। ਇਹ ਚਾਦਰ ਕਪੜੇ ਦੀ ਵੀ ਹੁੰਦੀ ਹੈ, ਫੁੱਲਾਂ ਦੀ ਵੀ ਤੇ ਸੋਨੇ/ਚਾਂਦੀ ਦੀਆਂ ਤਾਰਾਂ ਦੀ ਵੀ।

(ਚ-96) **ਚਾਨਣ ਪੱਖ** :

ਹੈ ਤੇ ਚੜ੍ਹਦੀ ਕਲਾ ਦਾ ਬੋਧਿਕ ਹੈ । ਇਨ੍ਹਾਂ ਦਿਨਾਂ ਵਿਚ ਮੰਗਲ ਕਾਰਜ—ਵਿਆਹ, ਮੁੰਡਣ ਆਦਿ ਕੰਮਾਂ ਦਾ ਮਹੂਰਤ ਕਰਨੇ ਸ਼ੁਭ ਹਨ । ਧਾਰਨਾ ਹੈ ਕਿ ਚਾਨਣ ਪੱਖ ਵਿਚ ਅਰੰਭ ਕੀਤਾ ਕੰਮ ਵੱਧਦਾ ਫੁੱਲਦਾ ਤੇ ਪ੍ਰਫੁਲਤ ਹੁੰਦਾ ਹੈ । ਇਹ ਵਿਚਾਰ ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ । ਜਦੋਂ ਚੰਨ ਵੱਧ ਰਿਹਾ ਹੋਵੇ, ਉਨ੍ਹਾਂ ਦਿਨਾਂ ਵਿਚ ਆਰੰਭ ਕੀਤਾ ਹਰ ਕੰਮ, ਚੰਨ ਦੀ ਚੜ੍ਹਦੀ ਕਲਾ ਦੀ ਸ਼ਕਤੀ ਦੇ ਸੁਤੇ ਸਿਧ ਪ੍ਰਭਾਵ ਕਾਰਨ, ਵਾਧੇ ਤੇ ਹੋਵੇਗਾ ।

(ਚ-97) **ਚਾਬ** :

ਮੁਸਲਮਾਨਾਂ ਵਿਚ, ਜਦੋਂ ਬਰਾਤ, ਦੁਲ੍ਹਨ ਦੇ ਪਿੰਡ ਵਲ ਜਾ ਰਹੀ ਹੁੰਦੀ ਹੈ, ਤਾਂ ਰਾਹ ਵਿਚ ਜੋ ਸੀਰਨੀ ਵੰਡਦੇ ਹਨ, ਉਸਨੂੰ 'ਚਾਬ' ਆਖਦੇ ਹਨ । ਵਿਆਹ ਵਾਲੇ ਘਰ, ਰਾਤ ਨੂੰ ਗੀਤ ਗਾਣ ਆਈਆਂ ਤੀਵੀਆਂ ਵਿਚ, ਜੋ ਮਠਿਆਈ ਤੇ ਫਲ ਆਦਿ ਵੰਡੇ ਜਾਂਦੇ ਹਨ, ਉਹ ਵੀ 'ਚਾਬ' ਅਖਵਾਉਂਦੇ ਹਨ ।

ਪੁਰਾਣੇ ਵੇਲਿਆਂ ਵਿਚ ਸਫ਼ਰ ਪੈਦਲ ਕੀਤੇ ਜਾਣ ਕਰ ਕੇ, ਕਠਨ ਤੇ ਜੋਖੋਂ ਵਾਲੇ ਹੁੰਦੇ ਸਨ । ਜਦੋਂ ਕੋਈ ਸ਼ਖ਼ਸ ਸਫ਼ਰ ਤੋਂ ਮੁੜ ਕੇ ਆਉਂਦਾ ਤਾਂ ਉਸ ਦੇ ਆਉਣ ਦੀ ਖ਼ੁਸ਼ੀ ਵਿਚ ਅੰਗ-ਸਾਕਾ ਤੇ ਭਾਈਚਾਰੇ ਵਿਚ ਜੋ ਤਿਲਚੌਲੀ ਤੇ ਸ਼ਕਰ ਵੰਡੀ ਜਾਂਦੀ, ਉਸ ਨੂੰ ਵੀ ਚਾਬ ਆਖਦੇ ਸਨ ।

(ਚ-98) **ਚਾਰ** :

ਅਰਬੀ ਫ਼ਾਰਸੀ ਭਾਸ਼ਾ ਵਿਚ ਸੁੰਦਰਤਾ ਨੂੰ ਚਾਰ ਦੀ ਇਕਾਈ ਨਾਲ ਮਾਪਦੇ ਹਨ ਜਿਸ ਤੋਂ ਚਾਰ ਸ਼ਬਦ ਸੁੰਦਰਤਾ ਦੇ ਅਰਥ ਵਿਚ ਪ੍ਰਚਲਤ ਹੋ ਗਿਆ । ਪੰਜਾਬ ਵਿਚ ਵੀ ਚਾਰ ਸ਼ਬਦ ਸੁੰਦਰਤਾ ਲਈ ਵਰਤਿਆ ਜਾਂਦਾ ਹੈ । ਅਰਬੀ ਕਵੀਆਂ ਅਨੁਸਾਰ ਚਾਰ ਚੀਜ਼ਾਂ ਇਕ ਤੀਵੀਂ ਵਿਚ ਕਾਲੀਆਂ ਹੋਣੀਆਂ ਚਾਹੀਦਆਂ ਹਨ : ਜੁਲਫ਼ਾਂ, ਭਰਵੱਟੇ, ਪਲਕਾਂ ਤੇ ਅੱਖਾਂ ਦੀ ਧੀਰੀ । ਚਾਰ ਚੀਜ਼ਾਂ ਚਿੱਟੀਆਂ ਹੋਣੀਆਂ ਚਾਹੀਦੀਆਂ ਹਨ : ਚਮੜੀ ਦਾ ਰੰਗ, ਅੱਖਾਂ ਦੀ ਚਿਟਿਆਈ, ਦੰਦ ਤੇ ਲੱਤਾਂ । ਚਾਰ ਚੀਜ਼ਾਂ ਗੁਲਾਬੀ ਹੋਣੀਆਂ ਚਾਹੀਦੀਆਂ ਹਨ : ਜੀਭ, ਹੋਂਠ, ਮਸੂੜੇ ਤੇ ਗੱਲ੍ਹਾਂ । ਚਾਰ ਗੋਲ ਹੋਣੀਆਂ ਚਾਹੀਦੀਆਂ ਹਨ ਜਿਵੇਂ : ਸਿਰ, ਗਰਦਨ, ਵੀਣੀ ਤੇ ਗਿੱਟੇ । ਚਾਰ ਚੀਜ਼ਾਂ ਲੰਮੀਆਂ ਹੋਣੀਆਂ ਚਾਹੀਦੀਆਂ ਹਨ : ਪਿਠ, [illegible] ਪਟ, ਪਿੰਨੀਆਂ, ਪਿੱਠ ਦਾ ਹੇਠਲਾ ਹਿੱਸਾ ਤੇ ਡੌਲੇ । ਚਾਰ ਛੋਟੀਆਂ ਹੋਣੀਆਂ ਚਾਹੀਦੀਆਂ ਹਨ : ਕੰਨ, ਛਾਤੀਆਂ, ਹੱਥ ਤੇ ਪੈਰ ।

ਪੰਜਾਬੀ ਕਿੱਸਾਕਾਰਾਂ ਨੇ, ਸੁੰਦਰਤਾ ਦਾ ਵਰਨਣ ਕਰਨ ਲਗਿਆਂ ਅਰਬੀ ਫ਼ਾਰਸੀ ਦੇ ਕਵੀਆਂ ਦੇ ਮਾਪ ਹੀ ਵਰਤੇ ਹਨ ।

(ਚ-99) **ਚਾਰ (ਸੰਖਿਆ)** :

ਇਕ ਸੰਖਿਆ ਰੂੜ੍ਹੀ ਜੋ ਚਾਰ ਦਿਸ਼ਾਵਾਂ ਤੋਂ ਉਪਜੀ ਹੈ ਤੇ ਬਹੁਤ ਹੀ ਮਕਬੂਲ ਹੋਈ ਹੈ :

1. ਵੇਦਾਂ ਦੀ ਗਿਣਤੀ ਚਾਰ ਹੈ : ਰਿਗ, ਯਜੁਰ, ਸਾਮ ਤੇ ਅਥਰਵਨ ।
2. ਚਾਰ ਯੁਗ ਹਨ : ਸਤਿਜੁਗ, ਤ੍ਰੇਤਾ, ਦੁਵਾਪਰ, ਕਲਜੁਗ ।
3. ਚਾਰ ਹੀ ਵਰਣ ਹਨ : ਬ੍ਰਾਹਮਣ, ਖੱਤਰੀ, ਵੈਸ਼ਯ, ਸ਼ੂਦਰ ।
4. ਜੀਵਾਂ ਦੀ ਉਤਪਤੀ ਦੀਆਂ ਚਾਰ ਖਾਣੀਆਂ ਮੰਨੀਆਂ ਜਾਂਦੀਆਂ ਹਨ : ਅੰਡਜ, ਜੇਰਜ, ਸੇਤਜ, ਤੇ ਉਤਭੁਜ ।
5. ਚਾਰ ਉਪਵੇਦ ਹਨ : ਆਯੁਰਵੇਦ, ਗਾਂਧਰਵ ਵੇਦ, ਧਨੁਰ ਵੇਦ, ਸਥਾਪਤਯ ਵੇਦ ।
6. ਆਤਮਾ ਦੀਆਂ ਚਾਰ ਅਵਸਥਾਵਾਂ ਹਨ : ਜਾਗ੍ਰਤ, ਸਵਪਨ, ਸੁਖੋਪਤ, ਤੁਰੀਆ ।
7. ਆਸ਼ਰਮ ਚਾਰ ਹਨ : ਬ੍ਰਹਮਚਰਜ, ਗ੍ਰਹਿਸਤ, ਬਾਣਪ੍ਰਸਤ, ਸੰਨਿਆਸ ।
8. ਸ਼ਰਾਧ ਚਾਰ ਪ੍ਰਕਾਰ ਦੇ ਹਨ : ਨਿਤ ਸ਼ਰਾਧ (ਹਰ ਰੋਜ਼ ਪਿੱਤਰ ਨੂੰ ਜਲ ਆਦਿ ਦੇਣਾ), ਪਾਰਵਣ (ਮਸਿਆ ਆਦਿਕ ਪੁਰਬਾਂ ਤੇ ਕੀਤੇ ਸਰਾਧ), ਖਿਆਹ (ਪਿੱਤਰਾਂ ਦੇ ਦੇਹਾਂਤ ਵਾਲੇ ਦਿਨ ਜੋ ਸਰਾਧ ਕੀਤੇ ਜਾਣ), ਮਹਾਲਯ (ਜੋ ਅੱਸੂ ਦੇ ਪਹਿਲੇ ਪੱਖ ਵਿਚ ਕੀਤੇ ਜਾਣ) ।
9. ਕਿਲਵਿਖ (ਮਹਾਨ ਪਾਪ) ਚਾਰ ਮੰਨੇ ਗਏ ਹਨ : ਛਾਂਦੋਗਯ ਉਪਨਿਸ਼ਦ ਤੇ ਮਨੂੰ-ਸਿਮਰਤੀ ਅਨੁਸਾਰ ਚਾਰ ਕਿਲਵਿਖ ਇਹ ਹਨ : ਬ੍ਰਹਮ-ਹੱਤਿਆ, ਸੁਰਾਪਾਨ, ਚੋਰੀ ਤੇ ਗੁਰ-ਇਸਤ੍ਰੀ ਗਮਨ ।
10. ਚਾਰ ਕੁੰਭ ਅਸਥਾਨ ਹਨ : ਹਰਦੁਆਰ, ਪ੍ਰਯਾਗ, ਗੁਦਾਵਰੀ, ਉਜੈਨ ।

13. ਉਦਾਸੀ ਸੰਪਰਦਾਇ ਦੇ ਚਾਰ ਧੂਏਂ ਹਨ : ਧੂਆਂ ਬਾਬਾ ਬਾਲੂ ਹਸਨਾ, ਧੂਆਂ ਬਾਬਾ ਅਲਮਸਤ ਜੀ, ਧੂਆਂ ਬਾਵਾ ਫੂਲ ਸਾਹ, ਧੂਆਂ ਬਾਵਾ ਗੋਵਿੰਦਾ ।
14. ਕਾਮਸ਼ਾਸਤ੍ਰ ਵਿਚ ਇਸਤ੍ਰੀ ਦੇ ਚਾਰ ਭੇਦ ਹਨ : ਪਦਮਿਨੀ, ਚਿਤ੍ਰਣੀ, ਸੰਖਨੀ ਤੇ ਹਸਤਨੀ ।
15 ਸਿੱਖਾਂ ਦੀਆਂ ਚਾਰ ਮੁਖ ਕੁਰਹਿਤਾਂ ਹਨ : ਰੋਮਾਂ ਦੀ ਬੇ-ਅਦਬੀ ਕਰਨਾ, ਕੁਠਾ ਖਾਣਾ, ਤਮਾਕੂ ਵਰਤਣਾ, ਪਰ-ਇਸਤ੍ਰੀ ਗਮਨ ।

ਮੁਸਲਮਾਨਾਂ ਵਿਚ ਵੀ ਚਾਰ ਦੀ ਸੰਖਿਆ ਕਾਫ਼ੀ ਮਹੱਤਵਪੂਰਨ ਮੰਨੀ ਜਾਂਦੀ ਹੈ ।

1. ਕੁਰਾਨ ਵਿਚ ਵੀ ਚਾਰ ਮੁਖੀ ਫ਼ਰਿਸ਼ਤੇ ਮੰਨੇ ਗਏ ਹਨ : ਜਬਰਾਈਲ, ਮੇਕਾਈਲ, ਇਸਰਾਈਲ, ਇਜ਼ਰਾਈਲ ।
2. ਖ਼ਲੀਫ਼ੇ ਚਾਰ ਹਨ : ਅੱਬੂ ਬਕਰ, ਉਮਰ ਫ਼ਾਰੂਕ, ਉਸਮਾਨ ਤੇ ਅਲੀ ।
3. ਕਤੇਬਾਂ ਚਾਰ ਹਨ : ਤੌਰੇਤ, ਜ਼ਬੂਰ, ਇੰਜੀਲ, ਕੁਰਾਨ ।

## (ਚ-100) **ਚਾਰ ਜ਼ਾਤੀ** :

ਖਤ੍ਰੀਆਂ ਦੀ ਇਕ ਉਪ ਵੰਡ, ਜਿਸ ਵਿਚ ਚਾਰ ਜ਼ਾਤਾਂ ਸ਼ਾਮਲ ਹਨ : ਸੇਠ, ਮੇਹਰਾ, ਕਪੂਰ, ਖੰਨਾ । ਇਹ ਆਪਣੀਆਂ ਧੀਆਂ 'ਚਾਰ ਜ਼ਾਤੀ' ਬਰਾਦਰੀ ਤੋਂ ਬਾਹਰ ਨਹੀਂ ਦੇਂਦੇ । ਪਰ ਇਹ 'ਛੇ ਜ਼ਾਤੀ' ਤੇ 'ਬੁੰਜਾਹੀਆਂ' ਤੋਂ ਧੀਆਂ ਲੈ ਲੈਂਦੇ ਹਨ ।

## (ਚ-101) **ਚਾਰ ਯਾਰ** :

ਮੁਹੰਮਦ ਸਾਹਿਬ ਦੇ ਚਾਰ ਸਾਥੀਆਂ ਨੂੰ 'ਚਾਰ ਯਾਰ' ਕਿਹਾ ਜਾਂਦਾ ਹੈ । ਇਨ੍ਹਾਂ ਦੇ ਨਾਉਂ ਹਨ : ਅੱਬੂ ਬਕਰ, ਉਮਰ, ਉਸਮਾਨ ਤੇ ਅਲੀ । ਇਹ ਚਾਰੋਂ ਖ਼ਲੀਫ਼ੇ ਵੀ ਸਨ । ਹਜ਼ਰਤ ਅੱਬੂ ਬਕਰ ਇਸਲਾਮ ਦੇ ਪਹਿਲੇ ਖ਼ਲੀਫ਼ਾ ਸਨ । ਤੇ ਇਨ੍ਹਾਂ ਦਾ ਦੇਹਾਂਤ 63 ਵਰ੍ਹੇ ਦੀ ਉਮਰ ਵਿਚ ਮਦੀਨੇ ਵਿਚ ਹੋਇਆ । ਹਜ਼ਰਤ ਉਮਰ ਦੂਜੇ ਖ਼ਲੀਫ਼ਾ ਸਨ । ਉਨ੍ਹਾਂ ਨੇ ਇਸਲਾਮ ਦਾ ਪ੍ਰਚਾਰ ਇਰਾਕ, ਸ਼ਾਮ ਤੇ ਈਰਾਨ ਆਦਿ ਦੇਸ਼ਾਂ ਵਿਚ ਕੀਤਾ । ਤੀਜੇ ਖ਼ਲੀਫ਼ਾ ਹਜ਼ਰਤ ਉਸਮਾਨ, ਹਜ਼ਰਤ ਮੁਹੰਮਦ ਸਾਹਿਬ ਦੇ ਜਵਾਈ ਸਨ ਤੇ ਇਨ੍ਹਾਂ ਨੇ ਮੁਹੰਮਦ ਸਾਹਿਬ ਦੀਆਂ ਦੋ ਧੀਆਂ ਨਾਲ ਵਿਆਹ ਕੀਤਾ ਹੋਇਆ ਸੀ । ਇਨ੍ਹਾਂ ਨੇ ਹੀ ਸਭ ਤੋਂ ਪਹਿਲਾ ਕੁਰਾਨ ਦੀਆਂ ਹੋਇਆ, ਉਹ ਆਪਣੇ ਇਕ ਗੁਲਾਮ ਦੇ ਹੱਥੋਂ ਕਤਲ ਹੋਏ ।

## (ਚ-102) **ਚਾਲੀ ਅਬਦਾਲ** :

ਅਬਦਾਲਾਂ ਦਾ ਸਬੰਧ ਦਿਸ਼ਾਵਾਂ ਨਾਲ ਹੈ । ਇਨ੍ਹਾਂ ਦੀ ਗਿਣਤੀ ਹਮੇਸ਼ਾ ਚਾਲੀ ਹੀ ਰਹਿੰਦੀ ਹੈ, ਜੇ ਇਨ੍ਹਾਂ ਵਿਚੋਂ ਕੋਈ ਇਕ ਅਬਦਾਲ ਮਰ ਜਾਵੇ ਤਾਂ ਉਸਦੀ ਥਾਂ ਨਵਾਂ ਅਬਦਾਲ ਲੈ ਲੈਂਦਾ ਹੈ । ਅਬਦਾਲ ਭਿੰਨ ਭਿੰਨ ਮਿਤੀਆਂ ਨੂੰ ਭਿੰਨ ਭਿੰਨ ਦਿਸ਼ਾਵਾਂ ਵਿਚ ਨਿਵਾਸ ਕਰਦੇ ਹਨ । ਜਿਸ ਦਿਸ਼ਾ ਵਲ ਅਬਦਾਲ ਹੋਣ, ਉਸ ਦਿਸ਼ਾ ਵਲ ਉਸ ਮਿਤੀ ਨੂੰ ਸਫ਼ਰ ਕਰਨਾ ਅਸ਼ੁਭ ਹੈ । ਇਸੇ ਤਰ੍ਹਾਂ ਕਿਸਾਨ ਵਾਢੀ ਕਰਨ ਲਗਿਆਂ ਉਸ ਦਿਸ਼ਾ ਵਲ ਮੂੰਹ ਨਹੀਂ ਰਖਦੇ, ਜਿਧਰ ਅਬਦਾਲ ਹੋਣ ।

ਇਸ ਸਬੰਧ ਵਿਚ ਇਕ ਕਹਾਵਤ ਪ੍ਰਚਲਤ ਹੈ—ਜਿਸ ਵਿਚ ਦਸਿਆ ਹੈ ਕਿ ਭਿੰਨ ਭਿੰਨ ਤਾਰੀਖਾਂ ਨੂੰ ਅਬਦਾਲ ਕਿਸ ਤਰਫ਼ ਹੁੰਦੇ ਹਨ :

ਪਹਿਲੀ, ਨਾਵੀਂ, ਸੋਲਾਂ, ਚਵੀ ਕਕਨੀ ਵਿਚ ਪਹਿਚਾਨ ।
ਦੋ, ਦਾਹ, ਸਤਾਰਾਂ, ਪੰਜੀ ਨੈਅਰਤ ਸਕ ਨਾ ਮਾਨ ।
ਤਰੱਈ, ਛੱਬੀ, ਅਠਾਰਾਂ, ਯਾਰਾਂ, ਵਿਚ ਜਨੂਬੇ ਜਾਨ ।
ਚਾਰ, ਬਾਰਾਂ, ਸਤਾਈ, ਉਨੀ, ਮਗ਼ਰਬ ਸ਼ਕ ਨਾ ਜਾਨ ।
ਪੰਜ, ਤੇਰਾ, ਵੀਹ, ਤਰੱਈ, ਇਹਾਤੇ, ਥੈਅਬ ਦੇ ਵਿਚ ਜਾਨ ।
ਛੇ, ਇਕੀ, ਅਠਾਈ, ਸਚਮੁਚ ਵਿਚ ਇਸਾਨ ਪੈਚਾਨ ।
ਸਤ, ਚੌਦਾਂ, ਉਨਤਰੀ, ਬਾਈ ਮਸ਼ਰਕ ਗੈਬ ਰਿਜਾਲ ।
ਅਠ, ਪੰਦਰਾਂ, ਤੀਹ ਤਰੇਵੀ ਰਹਿੰਦੇ ਵਿਚ ਸ਼ਮਾਲ ।

ਮੁਸਲਮਾਨਾਂ ਵਿਚ ਜੋ ਸਥਾਨ ਅਬਦਾਲਾਂ ਦਾ ਹੈ, ਉਹਾ ਹੀ ਹਿੰਦੂਆਂ ਵਿਚ ਜੋਗਨੀਆਂ ਦਾ ਹੈ (ਵੇਖੋ : ਜੋਗਨੀਆਂ) ।

## (ਚ-103) **ਚਾਵਲ** :

ਚਾਵਲ ਨਾਲ ਕਈ ਤਰ੍ਹਾਂ ਦੇ ਵਿਚਾਰ ਤੇ ਮਨੌਤਾਂ ਜੁੜੀਆਂ ਹੋਈਆਂ ਹਨ । ਚਾਵਲ ਅੰਨ ਦੇਵਤਾ ਹੈ । ਜਿਥੇ ਚਾਵਲ ਹੋਣ, ਉਥੇ ਚੰਦਰੀਆਂ ਰੂਹਾਂ ਤੇ ਪ੍ਰੇਤ ਨੇੜੇ ਨਹੀਂ ਢੁਕਦੇ । ਇਸੇ ਲਈ ਗਰਭਵਤੀ ਦੇ ਪੱਲੇ ਨਾਲ ਚਾਵਲਾਂ ਦੇ ਕੁਝ ਦਾਣੇ ਬੰਨ੍ਹ ਦਿਤੇ ਜਾਂਦੇ ਹਨ । ਚਾਵਲ ਉਪਜਾਇਕਤਾ ਦਾ ਵੀ ਪ੍ਰਤੀਕ ਹਨ । ਸਾਧੂ ਸੰਤ, ਨਿਰਸੰਤਾਨ ਤੀਵੀਆਂ ਨੂੰ, ਔਲਾਦ ਲਈ, ਸ਼ਗਨ ਵਜੋਂ, ਚਾਵਲਾਂ ਦੇ ਦਾਣੇ ਮੰਤਰ ਕੇ ਦੇਂਦੇ ਹਨ । ਬੱਚੇ ਦੇ ਜਨਮ, ਸਗਾਈ ਤੇ ਵਿਆਹ ਵੇਲੇ

ਪਦਾਰਥ ਪਹੁੰਚਣ । ਛੰਦਲੀਆਂ ਉਤੇ ਬੈਠ ਕੇ ਕੰਨਿਆਂ ਕੱਚੇ ਚਾਵਲ, ਗਿਰੀ ਤੇ ਮਿਸਰੀ ਚਬਦੀ ਤੇ ਫੜ੍ਹਕਦੀ ਹੈ। ਇਸ ਤਰ੍ਹਾਂ ਦੇ ਟੂਣੇ ਟਾਮਣ ਨਾਲ ਪਤੀ ਵਸ ਵਿਚ ਆਉਂਦਾ ਹੈ, ਤੇ ਉਪਜਾਇਕਤਾ ਸ਼ਕਤੀ ਵਿਚ ਵਾਧਾ ਹੁੰਦਾ ਹੈ ।

ਭਾਰਤ ਵਿਚ ਪ੍ਰਾਚੀਨ ਕਾਲ ਤੋਂ ਹੀ ਚਾਵਲਾਂ ਦੀ ਕਾਸ਼ਤ ਹੋ ਰਹੀ ਹੈ। ਵੈਦਿਕ ਸਾਹਿਤ ਵਿਚ, ਚਾਵਲ ਤੇ ਜੌਂ ਹੀ ਸਭ ਤੋਂ ਪਾਵਨ ਅੰਨ ਮੰਨੇ ਗਏ ਹਨ ਤੇ ਇਨ੍ਹਾਂ ਦੋਹਾਂ ਦਾ ਹੀ ਵੇਦਾਂ ਵਿਚ ਜ਼ਿਕਰ ਹੈ। ਮਨੂੰ ਦੇ ਸਮੇਂ ਤਕ ਜੋ ਮਹੱਤਾ ਚਾਵਲਾਂ ਨੂੰ ਪ੍ਰਾਪਤ ਸੀ, ਉਹ ਕਿਸੇ ਦੂਜੇ ਅੰਨ ਨੂੰ ਨਹੀਂ ਸੀ । ਹਿੰਦੂ ਗ੍ਰੰਥਾਂ ਵਿਚ ਕਣਕ ਦੀ ਕੋਈ ਮਹੱਤਾ ਨਹੀਂ ਦਸੀ ਗਈ, ਜਿਸ ਤੋਂ ਅਨੁਮਾਨ ਲਗਾਇਆ ਜਾਂਦਾ ਹੈ ਕਿ ਕਣਕ ਬਾਹਰੋਂ ਆਇਆ ਅੰਨ ਹੈ ।

ਪੰਜਾਬੀ ਲੋਕਧਾਰਾ ਵਿਚ ਚਾਵਲਾਂ ਦਾ ਦਾਣਾ ਉਪਜਾਇਕਤਾ ਦਾ ਬੋਧਿਕ ਹੈ। ਕਈ ਕਥਾ-ਕਹਾਣੀਆਂ ਵਿਚ ਨਿਰਸੰਤਾਨ ਇਸਤ੍ਰੀ ਨੂੰ ਕੋਈ ਜੋਗੀ, ਸਾਧ ਤੇ ਫ਼ਕੀਰ ਚਾਵਲਾਂ ਦਾ ਦਾਣਾ ਖਾਣ ਨੂੰ ਦੇਂਦਾ ਹੈ ਤੇ ਉਸ ਤੀਵੀਂ ਨੂੰ ਗਰਭ ਠਹਿਰ ਜਾਂਦਾ ਹੈ। ਕਾਦਰਯਾਰ ਰਚਿਤ ਕਿੱਸੇ 'ਪੂਰਨ ਭਗਤ' ਵਿਚ, ਪੂਰਨ ਜਦੋਂ ਬਾਗ਼ ਵਿਚ ਠਹਿਰਦਾ ਹੈ ਅਤੇ ਰਾਜਾ ਸਲਵਾਨ ਲੂਣਾਂ ਨੂੰ ਨਾਲ ਲੈ ਕੇ ਸੰਤਾਨ ਦੀ ਇੱਛਾ ਨਾਲ ਉਸ ਕੋਲ ਆਉਂਦਾ ਹੈ ਤਾਂ ਪੂਰਨ ਰਾਣੀ ਲੂਣਾਂ ਨੂੰ ਚਾਵਲ ਦਾ ਦਾਣਾ ਦੇਂਦਾ ਹੈ :

ਦਿਤਾ ਇਕ ਚਾਵਲ ਇਹ ਚੱਖ ਮਾਤਾ
ਜੋਧਾ ਪੁੱਤਰ ਤੁਸਾਂ ਘਰ ਹੋਗ ਰਾਜਾ

## (ਚ-104) ਚਿੱਕੜ ਬਰਾਦਰੀ :

ਅਰੋੜਿਆਂ ਦੀ ਇਕ ਉਪ-ਜਾਤੀ, ਜੋ ਸਰਦਿਉ ਅਰੋੜਿਆਂ ਦੀ ਹੀ ਇਕ ਸ਼ਾਖ਼ ਦੱਸੀ ਜਾਂਦੀ ਹੈ। ਸਰਦਿਉਂ ਦੇ ਇਕ ਵਿਆਹ ਉਤੇ ਖਾਣ ਲਈ ਮਠਿਆਈ ਇਤਨੀ ਮਾਤਰਾ ਵਿਚ ਦਿਤੀ ਗਈ ਕਿ ਬਚੀ ਖੁਚੀ ਮਠਿਆਈ ਚਿੱਕੜ ਵਾਂਗ ਪੈਰਾਂ ਹੇਠ ਰੁਲਣ ਲੱਗੀ। ਉਦੋਂ ਤੋਂ ਇਨ੍ਹਾਂ ਦੀ ਬਰਾਦਰੀ ਚਿੱਕੜ ਦੇ ਨਾਂ ਨਾਲ ਪ੍ਰਸਿੱਧ ਹੋਈ ।

## (ਚ-105) ਚਿਕਾੜਾ :

ਇਕ ਸਾਜ਼ ਜੋ ਦੁੱਤਾਰੇ ਦੀ ਸ਼ਕਲ ਦਾ ਹੁੰਦਾ ਹੈ; ਇਸ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ। ਕਈ ਗਾਇਕ ਇਸ ਸਾਜ਼ ਨਾਲ ਢੋਲੇ ਗਾਉਂਦੇ ਹਨ ।

ਤੇ ਲਾਲ ਰੰਗ ਹੀ । ਚਿੱਟੇ ਰੰਗ ਦੀ ਬੂਟੀ ਬਾਰੇ ਵਿਸ਼ਵਾਸ ਹੈ ਕਿ ਇਹ ਜਿਸ ਸ਼ਖ਼ਸ ਕੋਲ ਹੋਵੇ, ਉਸ ਦੇ ਨੇੜੇ ਅਨ੍ਹਆ ਨਹੀਂ ਢੁਕਦਾ। ਜੇ ਕਿਸੇ ਨੂੰ ਅਨ੍ਹਆ ਲੜ ਵੀ ਜਾਵੇ ਤਾਂ ਜ਼ਖ਼ਮ 'ਤੇ ਚਿੱਟਾ ਚਿੱਚਰਾ ਮਲ ਦੇਣ ਨਾਲ ਆਰਾਮ ਆ ਜਾਂਦਾ ਹੈ ।

## (ਚ-107) ਚਿੱਟਾ ਬਾਜ਼ :

ਚਿੱਟਾ ਬਾਜ ਸਿੱਖਾਂ ਵਿਚ ਪਵਿਤ੍ਰਤਾ, ਦ੍ਰਿੜ੍ਹਤਾ ਤੇ ਰਹਿਮਤ ਦਾ ਚਿੰਨ੍ਹ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋ ਸਰੂਪ ਸਿੱਖ-ਮਨ ਵਿਚ ਬੈਠੇ ਹੋਏ ਹਨ, ਉਨ੍ਹਾਂ ਵਿਚੋਂ ਇਕ ਸਰੂਪ, ਗੁਰੂ ਗੋਬਿੰਦ ਸਿੰਘ ਜੀ ਦਾ ਨੀਲੇ ਘੋੜੇ ਉਤੇ ਬੈਠ ਕੇ, ਹੱਥ ਵਿਚ ਚਿੱਟਾ ਬਾਜ ਫੜਨ ਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਅਨੇਕਾਂ ਮੁੱਢਲੀਆਂ ਤਸਵੀਰਾਂ ਇਸੇ ਸਰੂਪ ਨੂੰ ਸਚਿਤਰ ਕਰਦੀਆਂ ਹਨ ।

ਚਿੱਟਾ ਬਾਜ ਗੁਰੂ ਗੋਬਿੰਦ ਸਿੰਘ ਜੀ ਦੀ ਅਥਾਹ ਆਤਮਿਕ ਤੇ ਸਰੀਰਕ ਬਲ ਦਾ ਵੀ ਬੋਧਿਕ ਹੋਣ ਕਰਕੇ, ਸਿੱਖਾਂ ਦੇ ਮਨ ਨੂੰ ਟੁੰਬਦਾ ਰਿਹਾ ਹੈ। ਚਿੱਟਾ ਰੰਗ ਭਾਰਤੀ ਫ਼ਲਸਫ਼ੇ ਵਿਚ ਆਤਮਕ ਸਵੱਛਤਾ ਅਥਵਾ ਪਵਿਤ੍ਰਤਾ ਦਾ ਬੋਧਿਕ ਹੈ ਅਤੇ ਬਾਜ ਬਲ ਤੇ ਸ਼ਕਤੀ ਦਾ ਅਥਵਾ ਚੜ੍ਹਦੀ ਕਲਾ ਦਾ। ਪੰਛੀਆਂ ਵਿਚੋਂ ਬਾਜ ਸਭ ਤੋਂ ਵਧ ਬਲਵਾਨ, ਆਜ਼ਾਦ ਸੁਭਾ ਤੇ ਉੱਚੀ ਉਡਾਰੀ ਭਰਨ ਵਾਲਾ ਮੰਨਿਆ ਜਾਂਦਾ ਹੈ। ਉਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਤੇ ਸਿੱਖੀ ਦੇ ਆਦਰਸ਼ ਪੂਰੀ ਤਰ੍ਹਾਂ ਵਿਦਮਾਨ ਹੈ।

ਸਿੱਖਾਂ ਦਾ ਵਿਸ਼ਵਾਸ ਹੈ ਕਿ ਜਦੋਂ ਵੀ ਕੌਮ ਉਤੇ ਕੋਈ ਭੀੜਾ ਬਣਦੀ ਅਥਵਾ ਉਸ ਨੂੰ ਕਿਸੇ ਪ੍ਰੀਖਿਆ ਵਿਚੋਂ ਲੰਘਣਾ ਪੈਂਦਾ ਹੈ, ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਬਾਜ਼ ਉਨ੍ਹਾਂ ਦੇ ਸਾਹਸ ਤੇ ਬਲ ਨੂੰ ਉਤੇਜਨਾ ਦੇਣ ਲਈ, ਉਨ੍ਹਾਂ ਦੇ ਸਿਰਾਂ ਉਤੇ ਮੰਡਲਾਂਦਾ ਹੈ। ਗੁਰੂ ਜੀ ਦੇ ਬਾਗ਼ ਦੇ ਮੋਰਚੇ ਵੇਲੇ ਚਿੱਟਾ ਬਾਜ਼ ਜੱਥਿਆਂ ਦੇ ਸਿਰਾਂ ਉਤੇ ਮੰਡਲਾਂਦਾ ਵੇਖਿਆ ਗਿਆ ਤੇ ਗੁਰਸਿੱਖਾਂ ਵਿਚ ਇਤਨਾ ਆਤਮਕ ਬਲ ਉਭਰ ਆਇਆ ਕਿ ਉਹ ਬਿਨਾਂ ਉਫ਼ ਕੀਤੇ ਅਡੋਲ ਡਾਂਗਾਂ ਖਾਂਦੇ ਰਹੇ। ਦੇਸ਼ ਦੀ ਵੰਡ ਪਿਛੋਂ, ਜਦੋਂ ਸਿੱਖਾਂ ਦੀ ਅਧਿਉਂ ਵਧ ਗਿਣਤੀ ਬੇਘਰ ਹੋ ਗਈ ਤਾਂ ਪਹਿਲਾਂ ਦੁਖ ਨਿਵਾਰਨ ਪਟਿਆਲਾ ਤੇ ਪਿਛੋਂ ਸੀਸ ਗੰਜ ਦਿੱਲੀ ਉਤੇ ਚਿੱਟਾ ਬਾਜ਼ ਵਿਖਾਈ ਦਿਤਾ ਜਿਸ ਨੇ ਸਿੱਖਾਂ ਅੰਦਰ ਨਵਾਂ ਸਾਹਸ ਤੇ ਉਦਮ ਭਰਿਆ ਹੈ। ਚਿੱਟਾ ਬਾਜ਼

ਵਿਧੀ; ਮੁਜ਼ਫਰਗੜ੍ਹ ਦੇ ਜ਼ਿਲੇ ਵਿਚ ਲਗਪਗ ਹਰ ਮੁਸਲਮਾਨ ਕੋਈ ਨਾ ਕੋਈ ਪੀਰ ਧਾਰਨ ਕਰਦਾ ਹੈ। ਪੀਰ ਚੁਣਨ ਲਈ ਇਕ ਅਲੌਕਿਕ ਵਿਧੀ ਵਰਤੀ ਜਾਂਦੀ ਹੈ। ਆਸ ਪਾਸ ਦੇ ਇਲਾਕੇ ਦੇ ਸਭ ਪੀਰਾਂ ਦੇ ਨਾਂ, ਵੱਖ ਵੱਖ ਪਰਚੀਆਂ ਉੱਤੇ ਲਿਖ ਲਏ ਜਾਂਦੇ ਹਨ, ਫਿਰ ਇਨ੍ਹਾਂ ਟੁਕੜਿਆਂ ਨੂੰ ਪਾਣੀ ਵਿਚ ਸੁਟ ਦਿਤਾ ਜਾਂਦਾ ਹੈ। ਜਿਸ ਪੀਰ ਦੇ ਨਾਂ ਦੀ ਪਰਚੀ ਸਭ ਤੋਂ ਪਹਿਲਾਂ ਡੁਬਦੀ ਹੈ, ਉਸੇ ਨੂੰ ਪੀਰ ਧਾਰਨ ਕਰ ਲਿਆ ਜਾਂਦਾ ਹੈ (ਮੁਜ਼ਫਰਗੜ੍ਹ ਗਜ਼ਟੀਅਰ, ਪੰਨਾ 70)।

(ਚ-109) **ਚਿੰਤਪੂਰਨੀ** :

ਹਿੰਦੂਆਂ ਦੀ ਇਕ ਦੇਵੀ, ਜੋ ਦੁਰਗਾ ਦਾ ਹੀ ਇਕ ਰੂਪ ਹੈ। ਇਹ ਦੇਵੀ ਮਨ ਦੀਆਂ ਚਿਤਵੀਆਂ ਇੱਛਾਵਾਂ ਪੂਰੀਆਂ ਕਰਦੀ ਹੈ, ਜਿਸ ਤੋਂ ਇਸ ਦਾ ਨਾਂ ਚਿੰਤਪੂਰਨੀ ਪੈ ਗਿਆ। ਚਿੰਤਪੂਰਨੀ (ਹਿਮਾਚਲ ਪ੍ਰਦੇਸ਼) ਵਿਚ ਇਸ ਦੇਵੀ ਦਾ ਮੰਦਰ ਹੈ, ਜਿਥੇ ਸਾਲ ਵਿਚ ਇਕ ਵਾਰ ਭਾਰੀ ਮੇਲਾ ਲੱਗਦਾ ਹੈ (ਵੇਖੋ : ਦੇਵੀਆਂ)।

(ਚ-110) **ਚਿਤਰਨੀ** :

ਕਾਮ ਸਾਸਤ੍ਰ ਅਨੁਸਾਰ ਇਸਤ੍ਰੀਆਂ ਦੇ ਚਾਰ ਭੇਦਾਂ ਵਿਚੋਂ ਇਕ; ਬਾਕੀ ਤਿੰਨ ਭੇਦ ਹਨ : ਪਦਮਨੀ, ਸੰਖਣੀ, ਹਸਤਨੀ। ਚਿਤਰਨੀ ਦੂਜੇ ਨੰਬਰ ਤੇ ਆਉਂਦੀ ਹੈ।

(ਚ-111) **ਚਿੱਪੀ** :

ਲਕੜੀ ਜਾਂ ਨਾਰੀਅਲ ਦੇ ਛਿਲਕੇ ਦਾ ਬਣਾਇਆ ਇਕ ਭਾਂਡਾ, ਜਿਸ ਵਿਚ ਸਾਧੂ-ਫਕੀਰ ਭਿਛਿਆ ਮੰਗਦੇ ਹਨ। ਚਿੱਪੀ ਫ਼ਕੀਰੀ ਦਾ ਚਿੰਨ੍ਹ ਹੈ। ਪੋਠੋਹਾਰ ਵਿਚ ਸਹਿਕ-ਸਕੀਮੀਂ ਦੇ ਜੰਮੇ ਬੱਚੇ ਦੇ ਸਿਰਹਾਣੇ, ਫ਼ਕੀਰ ਤੋਂ ਚਿੱਪੀ ਲਿਆ ਕੇ ਰਖ ਦੇਂਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਬਦਨਜ਼ਰ ਨਹੀਂ ਲਗਦੀ।

(ਚ-112) **ਚਿੱਬਰੀ** :

ਇਕ ਡਬਖੜੱਬੇ ਰੰਗ ਦਾ ਉੱਲੂ, ਜਿਸ ਨੂੰ ਵੇਖਣਾ ਬੜਾ ਮਨਹੂਸ ਸਮਝਿਆ ਜਾਂਦਾ ਹੈ (ਵੇਖੋ : ਉੱਲੂ)। ਚਿੱਬਰੀ ਬੜਾ ਬਦਸ਼ਕਲ ਹੁੰਦਾ ਹੈ, ਅਖਾਣ ਹੈ :

ਚਿੱਬਰੀ ਦਾ ਮੱਥਾ

ਜਿਸ ਵਿਚ ਪਿੱਤਲ ਦੇ ਗੋਲ ਪਤਰੇ ਜੜੇ ਹੁੰਦੇ ਹਨ, ਜੋ ਵਜਾਉਣ ਨਾਲ ਛਣਕਦੇ ਹਨ। ਕਈ ਵਾਰ ਕੀਰਤਨ ਸਮੇਂ ਚਿਮਟਾ ਵਜਾਇਆ ਜਾਂਦਾ ਹੈ।

(ਚ-114) **ਚਿਰਚਿਟਾ** :

ਇਕ ਪੌਦਾ ਜਿਸ ਨਾਲ ਕੰਗਣੀ ਵਰਗੀਆਂ ਬਲੀਆਂ ਲਗਦੀਆਂ ਹਨ, ਜਿਨ੍ਹਾਂ ਵਿਚੋਂ ਜੌਂ ਵਰਗੇ ਦਾਣੇ ਨਿਕਲਦੇ ਹਨ। ਇਹ ਪੌਦਾ ਰਹੱਸਮਈ ਸ਼ਕਤੀ ਰਖਦਾ ਹੈ। ਵਿਸ਼ਵਾਸ਼ ਹੈ ਕਿ ਇਕ ਛਟਾਂਕ ਚਿਰਚਿਟਾ ਦੇ ਦਾਣੇ ਖਾਣ ਨਾਲ, ਇੱਕੀ ਦਿਨ ਤਕ ਭੁਖ ਨਹੀਂ ਲੱਗਦੀ। ਪਰ ਇਸ ਦੇ ਇਕ ਛਟਾਂਕ ਦਾਣੇ ਖਾਣੇ ਬੜੇ ਕਠਨ ਹਨ, ਕਿਉਂ ਜੋ ਇਸ ਦਾ ਸਵਾਦ ਬਕਬਕਾ ਹੁੰਦਾ ਹੈ ਤੇ ਇਸ ਵਿਚੋਂ ਦੁਰਗੰਧ ਆਉਂਦੀ ਹੈ।

(ਚ-115) **ਚਿਰਾਗੀ** :

ਕਿਸੇ ਬਜ਼ੁਰਗ ਜਾਂ ਪੀਰ ਫ਼ਕੀਰ ਦੀ ਕਬਰ ਉੱਤੇ ਚਿਰਾਗ਼ (ਦੀਵਾ) ਜਗਾਉਣ ਲਈ ਮਜੌਰ ਨੂੰ ਦਿਤੀ ਗਈ ਭੇਟਾ; ਮੁਸਲਮਾਨਾਂ ਵਿਚ ਕਬਰਾਂ ਉੱਤੇ ਦੀਵਾ ਜਗਾਣਾ ਬੜੇ ਸੁਆਬ ਦਾ ਕੰਮ ਸਮਝਿਆ ਜਾਂਦਾ ਹੈ।

ਕਈ ਵਾਰ ਮੁਸਲਮਾਨ, ਕਿਸੇ ਮਜ਼ਾਰ ਉੱਤੇ ਫ਼ਾਤਿਹਾ ਪੜ੍ਹਨ ਸਮੇਂ, ਕੁਝ ਪੈਸੇ ਦੀਵੇ ਦੇ ਥੱਲੇ, ਦੀਵਾ ਜਲਾਣ ਦੇ ਖ਼ਰਚ ਵਜੋਂ ਰਖ ਆਉਂਦੇ ਹਨ, ਇਸ ਨੂੰ ਵੀ ਚਿਰਾਗੀ ਕਿਹਾ ਜਾਂਦਾ ਹੈ।

(ਚ-116) **ਚਿਲਾ** :

(1) ਉਹ ਥਾਂ, ਜਿਥੇ ਕਿਸੇ ਸਾਧ ਜਾਂ ਫ਼ਕੀਰ ਨੇ ਬੈਠ ਕੇ ਚਾਲੀ ਦਿਨ ਤਪੱਸਿਆ ਕੀਤੀ ਹੋਵੇ, ਨੂੰ ਚਿਲਾ ਕਹਿੰਦੇ ਹਨ। ਇਹ ਥਾਂ ਬੜੀ ਪਾਵਨ ਮੰਨੀ ਜਾਂਦੀ ਹੈ। ਧਾਰਨਾ ਹੈ ਕਿ ਇਥੋਂ ਦੀ ਮਿੱਟੀ ਸਰੀਰ ਤੇ ਲਗਾਣ ਨਾਲ ਰੋਗਾਂ ਦਾ ਨਾਸ ਹੁੰਦਾ ਹੈ।

(2) ਚਾਲੀ ਦਿਨਾਂ ਤਕ ਇਕਾਂਤ ਵਾਸ ਕਰਕੇ ਉਪਾਸਨਾ ਕਰਨੀ। ਕਈ ਸੰਤ ਫ਼ਕੀਰ ਆਪਣੀ ਆਤਮਾ ਦੀ ਸੁਧੀ ਲਈ ਕਿਸੇ ਇਕਾਂਤ ਥਾਂ ਚਾਲੀ ਦਿਨ ਬੈਠ ਕੇ ਆਪਣੇ ਇਸ਼ਟ ਦੀ ਅਰਾਧਨਾ ਕਰਦੇ ਹਨ। ਸਿੱਖ ਸੰਤ ਵਾਹਿਗੁਰੂ ਦੇ ਨਾਮ ਵਲ ਧਿਆਨ ਕਰਦੇ ਤੇ ਗੁਰਬਾਣੀ ਵਿਚ ਲਿਵ ਜੋੜਦੇ ਹਨ। ਹਿੰਦੂ ਵੇਦ-ਮੰਤ੍ਰਾਂ ਦਾ ਉੱਚਾਰਨ ਕਰਦੇ ਤੇ

ਚਿਲਾ ਇਕ ਤਰ੍ਹਾਂ ਨਾਲ ਚਾਲੀ ਦਿਨਾਂ ਦਾ ਤੱਪ ਹੈ, ਜਿਸ ਨਾਲ ਅਧਿਆਤਮਕ ਸ਼ਕਤੀ ਪ੍ਰਾਪਤ ਹੁੰਦੀ ਹੈ ।

'ਸਿਆਣੇ', 'ਓਝੇ' ਤੇ 'ਝਾੜਾ' ਕਰਨ ਵਾਲੇ ਪੀਰ ਫ਼ਕੀਰ ਕਬਰਸਤਾਨ/ਮਰਘਟ ਵਿਚ ਚਿਲਾ ਕਟ ਕੇ ਕਰੂਰ ਸ਼ਕਤੀਆਂ ਨੂੰ ਆਪਣੇ ਵਸ ਵਿਚ ਕਰਦੇ ਤੇ ਉਨ੍ਹਾਂ ਦੁਆਰਾ ਟੂਣੇ ਤੇ ਝਾੜਾ ਕਰਦੇ ਮੰਨੇ ਜਾਂਦੇ ਹਨ ।

(3) ਪਹਿਲਿਆਂ ਵਿਚ ਤੀਵੀਂ ਵਿਅਮ ਦੇ ਚਾਲੀ ਦਿਨ, ਵਿਅਮ ਵਾਲੇ ਕਮਰੇ ਤੋਂ ਬਾਹਰ ਨਹੀਂ ਸੀ ਨਿਕਲਦੀ, ਚਾਲੀ ਦਿਨ ਦੇ ਇਸ ਬੰਧੇਜ ਨੂੰ ਚਿਲਾ ਜਾਂ ਛਿਲਾ ਕਿਹਾ ਜਾਂਦਾ ਹੈ (ਵੇਖੋ : ਛਿਲਾ) ।

(ਚ-117) **ਚਿੜਵੇ** :

ਭੱਠੀ ਵਿਚ ਉਬਾਲ ਕੇ ਭੁੰਨੇ ਹੋਏ ਚਾਉਲ, ਜੋ ਲੋਹੜੀ ਦੇ ਦਿਨਾਂ ਵਿਚ ਸੁਭ ਜਾਣ ਕੇ ਤੇ ਰਿਉੜੀਆਂ ਨਾਲ ਮਿਲਾ ਕੇ, ਵੰਡੇ ਜਾਂਦੇ ਹਨ । ਲੋਹੜੀ ਦੀ ਅੱਗ ਵਿਚ ਵੀ ਸ਼ਗਨ ਵਜੋਂ ਕੁਝ ਚਿੜਵੇ ਸੁਟੇ ਜਾਂਦੇ ਹਨ । ਧਾਰਨਾ ਹੈ ਕਿ ਲੋਹੜੀ ਦੇ ਦਿਨ ਚਿੜਵੇ ਚੱਬਣ ਨਾਲ ਉਮਰ ਲੰਮੀ ਹੁੰਦੀ ਹੈ ਤੇ ਘਰ ਵਿਚ ਅਮੀਰੀ ਆਉਂਦੀ ਹੈ । ਅਖਾਣ ਹੈ :

ਚਿੜਵੇ ਝੋਲੀ ਪਾ, ਰੱਜ ਕੇ ਖਾ ਹੰਢਾ ।

(ਚ-118) **ਚਿੜੀ** :

ਨਿੱਕੀ ਜਿਹੀ ਚਿੜੀ ਨੇ ਪੰਜਾਬੀ ਲੋਕਧਾਰਾ ਵਿਚ ਬੜੀ ਵਡੀ ਭੂਮਿਕਾ ਨਿਭਾਈ ਹੈ । ਮਾਸੂਮ ਜਿਹੀ ਚਿੜੀ ਘਰਾਂ ਦੇ ਵਿਹੜਿਆਂ ਤੇ ਬਨੇਰਿਆਂ ਉਤੇ ਉਛਲਦੀ ਕੁਦਦੀ ਆਮ ਵਿਖਾਈ ਦੇਂਦੀ ਹੈ ਤੇ ਇਸ ਦਾ ਸਥਾਨ ਬਾਕੀਆਂ ਜਾਨਵਰਾਂ ਨਾਲੋਂ ਵਿਲੱਖਣ ਹੈ ।

ਚਿੜੀ ਨੂੰ ਬ੍ਰਾਹਮਣੀ ਮੰਨਿਆ ਗਿਆ ਹੈ—ਪਿਛਲੇ ਜਨਮ ਦੀ ਮਿਸਰਾਣੀ, ਜੋ ਘਰ ਘਰ ਤੋਂ ਹੰਦੇ 'ਕੱਠੇ ਕਰਦੀ ਹੈ । ਇਸ ਦਾ ਪਿਛੋਕੜ ਵੀ ਹੈ—ਇਸ ਦਾ ਸੁੱਚਮ । ਚਿੜੀ ਦੇ ਆਂਡਿਆਂ/ਨਵਜੰਮੇ ਬੱਚਿਆਂ ਨੂੰ ਜੇ ਹੱਥ ਲਗਾ ਦਿਓ, ਇਹ ਭਿੱਟ ਜਾਂਦੇ ਹਨ ਤੇ ਫਿਰ ਚਿੜੀ ਇਨ੍ਹਾਂ ਦੇ ਨੇੜੇ ਨਹੀਂ ਢੁਕਦੀ । ਦੂਜਾ, ਸਾਰਾ ਦਿਨ ਇਹ ਪਾਣੀ ਨਾਲ ਖੇਡਦੀ ਤੇ ਉਸ ਦੀਆਂ ਛਿੱਟਾਂ ਆਪਣੇ ਪਿੰਡੇ ਉਤੇ ਸੁਟਦੀ ਰਹਿੰਦੀ ਹੈ, ਜਿਵੇਂ 'ਸੁੱਚੀ ਬ੍ਰਾਹਮਣੀ' ਕਰਦੀ ਹੈ ।

ਚਿੜੀ ਦੀ ਚਹਿਕ ਸਵੇਰੇ ਸਭ ਤੋਂ ਪਹਿਲਾਂ ਸੁਣਾਈ ਦੇਂਦੀ ਹੈ, ਤੇ ਇਸ ਦੀ ਆਵਾਜ਼ ਸਵੇਰੇ ਸੁਣਨਾ ਚੰਗਾ ਸ਼ਗਨ

ਹਨ । ਇਉਂ ਲਗਦਾ ਹੈ ਜਿਵੇਂ ਕਿਸੇ ਸੁਰਮਾ ਪਾਇਆ ਹੋਵੇ । ਚਿੜੇ ਬਾਰੇ ਇਕ ਬੁਝਾਰਤ ਵੀ ਪ੍ਰਚਲਤ ਹੈ :

ਕੁੜੀ ਸੰਵਾਰੀ ਸਿਕਰੀ, ਮੁੰਡੇ ਨੇ ਸੁਰਮਾ ਪਾਇਆ ।

ਪੰਜਾਬੀ ਵਿਚ ਕੁੜੀ-ਚਿੜੀ ਮੁਹਾਵਰਾ ਆਮ ਵਰਤਿਆ ਜਾਂਦਾ ਹੈ । ਕੁੜੀ ਚਿੜੀ ਵਾਂਗ ਬੇਲੋਸ ਹੈ, ਮਾਸੂਮ ਹੈ, ਜਿਸ ਨੇ ਕੁਝ ਦਿਨ ਪੇਕੇ ਘਰ ਰਹਿ ਕੇ ਸਹੁਰੇ ਚਲੇ ਜਾਣਾ ਹੈ । 'ਚਿੜੀਆਂ ਦਾ ਚੰਬਾ' ਗੀਤ ਕੁੜੀਆਂ ਬਾਰੇ ਸਭ ਤੋਂ ਪ੍ਰਭਾਵਸ਼ਾਲੀ ਗੀਤ ਹੈ, ਜੋ ਪੰਜਾਬਣਾਂ ਦੇ ਦਿਲਾਂ ਨੂੰ ਨੰਗਾ ਕਰਦਾ, ਉਨ੍ਹਾਂ ਦੇ ਅਹਿਸਾਸਾਂ ਨੂੰ ਮੂਰਤੀਮਾਨ ਕਰਦਾ ਹੈ ।

ਲੋਕ-ਕਹਾਣੀਆਂ ਵਿਚ ਵੀ ਚਿੜੀ ਮਾਸੂਮ ਹੈ । ਹੁਸ਼ਿਆਰ ਕਾਂ ਚਿੜੀ ਨਾਲ ਸਾਂਝ ਪਾ ਕੇ ਇਕ ਤਾਂ ਕੰਮ ਵਿਚ ਹੱਥ ਨਹੀਂ ਵਟਾਂਦਾ । ਦੂਜਾ, ਉਹ 'ਗਲੋਲਾਂ' ਚੁਕ ਕੇ ਨਠ ਜਾਂਦਾ ਹੈ ਤੇ ਚਿੜੀ ਥਾਂ-ਥਾਂ ਫ਼ਰਿਆਦ ਕਰਦੀ ਹੈ, ਕੋਈ ਸੁਣਦਾ ਨਹੀਂ । ਬੱਚਿਆਂ ਨੂੰ ਪਹਿਲੀ ਕਹਾਣੀ ਚਿੜੀ ਤੇ ਕਾਂ ਦੀ ਹੀ ਸੁਣਾਈ ਜਾਂਦੀ ਹੈ । ਚਿੜੀਆਂ ਨਾਲ ਕੁਝ ਕਿਸਾਨੀ ਸ਼ਗਨ ਵੀ ਜੁੜੇ ਹੋਏ ਹਨ । ਜੇ ਚਿੜੀਆਂ ਖੰਭ ਖਿਲੇਰਨ ਤਾਂ ਮੀਂਹ ਕਾਫ਼ੀ ਵਸਦਾ ਹੈ :

ਚਿੜੀਆਂ ਖੰਭ ਖਿਲੇਰੇ, ਵੱਸਣ ਮੀਂਹ ਬਹੁਤੇਰੇ ।

(ਚ-119) **ਚਿੜੀ ਚੜੂੰਗਾ** :

(1) ਸਰਦੀਆਂ ਦੇ ਦਿਨੀਂ ਜੁੜੇ ਤ੍ਰਿੰਞਣ; ਤ੍ਰਿੰਞਣ ਵਿਚ ਹਿੱਸਾ ਲੈਣ ਵਾਲੀਆਂ ਕੁੜੀਆਂ ਆਪੋ ਆਪਣੇ ਚਰਖਿਆਂ ਤੇ ਰੂੰ ਦੀਆਂ ਪੂਣੀਆਂ ਸਮੇਤ, ਕਿਸੇ ਮਿਥੇ ਹੋਏ ਘਰ ਵਿਚ, ਇਕੱਠੀਆਂ ਹੋ ਕੇ ਸਾਰਾ ਦਿਨ ਚਰਖਾ ਕੱਤਦੀਆਂ ਹਨ । ਦੁਪਹਿਰ ਦਾ ਖਾਣਾ ਉਹ ਨਾਲ ਹੀ ਲੈ ਆਉਂਦੀਆਂ ਹਨ । ਜਿਹੜੀਆਂ ਨਹੀਂ ਲਿਆ ਸਕਦੀਆਂ, ਉਨ੍ਹਾਂ ਦੀ 'ਦੁਪਹਿਰੀ' ਘਰੋਂ ਪਹੁੰਚ ਜਾਂਦੀ ਹੈ ।

ਇਸ ਤ੍ਰਿੰਞਣ ਦਾ ਨਾਂ 'ਚਿੜੀ-ਚੜੂੰਗਾ' ਪੈਣ ਦੇ ਕਈ ਕਾਰਨ ਹਨ । ਇਕ ਇਹ ਕਿ ਸਰਦੀਆਂ ਦੇ ਦਿਨ ਛੋਟੇ ਹੁੰਦੇ ਹਨ ਤੇ ਕੱਤਣ ਵਾਲੀਆਂ ਕੁੜੀਆਂ ਕੰਮ ਵਿਚ ਇਤਨੀਆਂ ਰੁਝੀਆਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਚਿੜੀਆਂ ਤੇ ਚੜੂੰਗੜਿਆਂ ਨੂੰ ਵੀ ਉਡਾਣ ਦੀ ਵਿਹਲ ਨਹੀਂ ਹੁੰਦੀ । ਇਹ ਵੀ ਵਿਚਾਰ ਹੈ ਕਿ ਦਿਨ ਛੋਟੇ ਹੋਣ ਕਰਕੇ ਇਹ ਤ੍ਰਿੰਞਣ ਥੋੜੇ ਸਮੇਂ ਲਈ ਮੇਲੇ ਜਾਂਦੇ ਹਨ ਤੇ ਕੁੜੀਆਂ ਦੀ ਚਰਖਾ ਕੱਤਣ ਦੀ ਡੰਝ ਪੂਰੀ ਨਹੀਂ ਹੁੰਦੀ । ਸੋ, ਇਹਦਾ 'ਚਿੜੀ-ਚੜੂੰਗਾ' ਨਾਂ ਪੈ ਗਿਆ । ਜਾਪਦਾ ਇਹ ਹੈ ਕਿ ਇਸ ਤ੍ਰਿੰਞਣ ਵਿਚ

ਵਿਚ ਘਟ ਹੀ ਸ਼ਾਮਲ ਹੁੰਦੀਆਂ ਹਨ। ਇਸੇ ਤੋਂ ਇਸ ਤ੍ਰਿੰਞਣ ਦਾ ਨਾਂ ਚਿੜੀ ਚੜੂੰਗਾ ਪੈ ਗਿਆ। ਹੇਠਲਾ ਗੀਤ ਵੀ ਇਸੇ ਭਾਵ ਵਲ ਸੰਕੇਤ ਕਰਦਾ ਹੈ :

ਚਿੜੀ ਚੜੂੰਗਾ ਕਤ ਕੁੜੇ
ਇਥੇ ਨਾ ਆਣਾ ਵਤ ਕੁੜੇ
ਜਿਸ ਦੀ ਪੱਛੀ ਭਰੀ ਕੁੜੇ
ਕੰਤ ਲਈ ਉਹ ਖਰੀ ਕੁੜੇ।

(2) ਪੰਜਾਬ ਵਿਚ, ਕਿਸਾਨ, ਬੀਜ ਬੀਜਣ ਵੇਲੇ ਪਹਿਲੀ ਮੁੱਠ ਖੇਤ ਵਿਚ ਸੁਟਦੇ ਹਨ ਤਾਂ ਕਹਿੰਦੇ ਹਨ : ਰੱਬ ਦੇ ਨਾਂ ਦੀ। ਦੂਜੀ ਮੁੱਠ ਸੁਟਦੇ ਹਨ ਤਾਂ ਕਹਿੰਦੇ ਹਨ : ਚਿੜੀ ਦੀ, ਚੜੂੰਗੜੇ ਦੀ, ਰਾਹੀ ਦੀ, ਮੁਸਾਫ਼ਰ ਦੀ। ਇਨ੍ਹਾਂ ਮੁੱਠਾਂ ਨੂੰ 'ਚਿੜੀ ਚੜੂੰਗੀ' ਕਹਿੰਦੇ ਹਨ। ਜਦੋਂ ਖੇਤ ਦੀ ਵਾਢੀ ਕੀਤੀ ਜਾਂਦੀ ਹੈ ਤਾਂ ਖੇਤ ਵਿਚ ਫ਼ਸਲ ਦਾ ਕੁਝ ਅੰਸ਼ ਛਡ ਦਿਤਾ ਜਾਂਦਾ ਹੈ, ਜਿਸ ਨੂੰ ਸਿਲੇਹਾਰਾਂ ਅਥਵਾ ਪਛੜੀਆਂ ਜਾਤੀਆਂ ਦੇ ਲੋਕ ਚੁਗਦੇ ਹਨ।

(ਚ-120) **ਚਿੜੀ ਪੋਂਚਾ** :

ਛੋਟੇ ਬੱਚਿਆਂ ਦੀ ਇਕ ਖੇਡ; ਧਾਗੇ ਵਿਚ ਗੋਲ ਫਿਰਕੀ ਵਰਗੀ ਕੋਈ ਚੀਜ਼ ਪਰੋ ਕੇ ਵਲਿਅੱਸ ਚਾੜ੍ਹੇ ਜਾਂਦੇ ਹਨ ਤੇ ਫਿਰ ਢਿੱਲਾ ਛੱਡਣ ਨਾਲ ਵਲਿਅੱਸ ਖੁਲ੍ਹਦੇ ਤੇ ਫਿਰਕੀ ਜ਼ੋਰ ਦੀ ਘੁੰਮਦੀ ਹੈ। ਧਾਗੇ ਨੂੰ ਦੋਹਾਂ ਸਿਰਿਆਂ ਤੋਂ, ਗੰਢ ਮਾਰ ਕੇ ਉਸ ਵਿਚ ਕੋਈ ਦੋ ਛੇਕਾਂ ਵਾਲਾ ਬਟਨ ਜਾਂ ਕੋਈ ਹੋਰ ਗੋਲ ਚੀਜ਼ ਪਰੋ ਲਈ ਜਾਂਦੀ ਹੈ। ਧਾਗੇ ਨੂੰ ਘੁੰਮਾ ਕੇ ਵਲਿਅੱਸ ਚਾੜ੍ਹੇ ਜਾਂਦੇ ਹਨ ਤੇ ਫਿਰ ਦੋਹਾਂ ਸਿਰਿਆਂ ਨੂੰ ਉਂਗਲ ਨਾਲ ਫੜ ਕੇ ਕਦੇ ਬਾਹਰ ਵਲ ਖਿਚਿਆ ਜਾਂਦਾ ਹੈ ਤੇ ਕਦੇ ਅੰਦਰ ਵਲ ਢੀਲ ਦਿਤੀ ਜਾਂਦੀ ਹੈ, ਜਿਸ ਨਾਲ ਵਲਿਅੱਸ ਚੜ੍ਹਦੇ ਤੇ ਉਤਰਦੇ ਹਨ ਤੇ ਫਿਰਕੀ ਘੁੰਮਦੀ ਰਹਿੰਦੀ ਹੈ।

(ਚ-121) **ਚੀਕਾ** :

ਇਕ ਸਾਜ਼, ਜੋ ਦੋਤਾਰੇ ਦੀ ਸ਼ਕਲ ਦਾ ਹੁੰਦਾ ਹੈ ਤੇ ਜਿਸ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ।

(ਚ-122) **ਚੀਕੂ** :

ਇਕ ਤਰ੍ਹਾਂ ਦਾ ਵੱਟਣਾ, ਜੋ ਜੌਆਂ ਦੇ ਆਟੇ ਤੇ ਹਲਦੀ ਨੂੰ ਤੇਲ ਵਿਚ ਗੁੰਨ ਕੇ ਬਣਾਇਆ ਜਾਂਦਾ ਹੈ। ਵਿਆਹ ਤੋਂ

ਇਲਾਕੇ ਵਿਚ, ਇਹ ਭਰਮ ਪ੍ਰਚਲਤ ਹੈ ਕਿ ਜੇ ਕੋਈ ਦੁਸ਼ਮਣ, ਲਾੜੇ/ਲਾੜੀ ਨੂੰ ਮਲੇ ਜਾ ਰਹੇ ਚੀਕੂ ਵਿਚੋਂ, ਥੋੜਾ ਜਿਹਾ ਚੀਕੂ, ਅੰਸ਼ ਮਾਤਰ ਕਿਸੇ ਤਰ੍ਹਾਂ ਪ੍ਰਾਪਤ ਕਰਕੇ ਅੱਗ ਵਿਚ ਸੁਟ ਦੇਵੇ ਤਾਂ ਨਵੇਂ ਵਿਆਹੇ ਜੋੜੇ ਵਿਚ ਸਦਾ ਅਣਬਣ ਰਹੇਗੀ, ਅਖਾਣ ਵੀ ਹੈ :

ਚੀਕੂ ਅੱਗ ਸੁਟਿਆ, ਜੋੜੇ ਦਾ ਘਰ ਟੁਟਿਆ

(ਚ-123) **ਚੀਚ ਛੱਲਾ**।

ਚੀਚੀ ਅਥਵਾ ਸਭ ਤੋਂ ਛੋਟੀ ਉਂਗਲ ਵਿਚ ਪਹਿਨਣ ਵਾਲਾ ਇਕ ਛੱਲਾ; ਵਿਆਹ ਸਮੇਂ ਲਾੜਾ ਆਪਣੀਆਂ ਸਾਲੀਆਂ ਲਈ ਚਾਂਦੀ ਜਾਂ ਸੋਨੇ ਦੇ ਛੱਲੇ ਲਿਆਉਂਦੇ ਹਨ, ਇਨ੍ਹਾਂ ਨੂੰ 'ਚੀਚ ਛੱਲਾ' ਕਿਹਾ ਜਾਂਦਾ ਹੈ।

(ਚ-124) **ਚੀਚ ਵਹੁਟੀ** :

ਲਾਲ ਮਖ਼ਮਲ ਦੇ ਰੰਗ ਦਾ ਇਕ ਕੀੜਾ, ਜੋ ਮੀਂਹ ਦੀ ਰੁਤ ਵਿਚ ਵਿਖਾਈ ਦੇਂਦਾ ਹੈ। ਸਿਰਫ਼ ਮੀਂਹ ਦੀ ਰੁਤ ਵਿਚ ਪ੍ਰਗਟ ਹੋਣ ਕਰਕੇ, ਇਸ ਕਿਰਮ ਨੂੰ 'ਇੰਦਰ ਦੀ ਸਖੀ', ਅਥਵਾ 'ਇੰਦਰ ਦੀ ਵਹੁਟੀ' ਵੀ ਕਿਹਾ ਜਾਂਦਾ ਹੈ। ਇਕ ਧਾਰਨਾ ਹੈ ਕਿ ਇੰਦਰ ਦੀਆਂ ਜੋ ਅਪੱਛਰਾਂ ਧਰਤੀ ਉਤੇ ਪਤਿਤ ਅਥਵਾ ਭ੍ਰਿਸ਼ਟ ਹੋ ਜਾਂਦੀਆਂ ਹਨ, ਉਹ ਬਰਖਾ ਦੀ ਰੁਤ ਵਿਚ ਚੀਚ ਵਹੁਟੀ ਦੇ ਰੂਪ ਵਿਚ, ਮੁੜ ਜਨਮ ਲੈਂਦੀਆਂ ਹਨ।

(ਚ-125) **ਚੀਚੋ ਚੀਚ ਘੰਦੋਲੀਆਂ** :

ਛੋਟੇ ਬੱਚਿਆਂ ਦੀ ਇਕ ਖੇਡ; ਖੇਡਣ ਵਾਲੇ ਬੱਚੇ ਦੋ ਟੋਲੀਆਂ ਬਣਾ ਲੈਂਦੇ ਹਨ ਤੇ ਫਿਰ ਦੋਵੇਂ ਟੋਲੀਆਂ ਵਖੋ ਵਖ ਦਿਸ਼ਾਵਾਂ ਵਲ ਜਾ ਕੇ, ਉਹਲੇ ਵਿਚ ਹੋ ਕੇ, ਪੱਥਰਾਂ, ਦਰਖਤਾਂ, ਦੀਵਾਰਾਂ ਜਾਂ ਕਿਸੇ ਵੀ ਚੀਜ਼ ਉਤੇ, ਨਿੱਕੀਆਂ ਨਿੱਕੀਆਂ ਲਕੀਰਾਂ ਉਲੀਕਦੇ ਹਨ। ਥਾਂ ਚੁਣਨ ਲਗਿਆਂ ਖਿਆਲ ਰਖਿਆ ਜਾਂਦਾ ਹੈ ਕਿ ਦੂਜੀ ਟੋਲੀ ਇਨ੍ਹਾਂ ਨੂੰ ਲੱਭ ਨਾ ਸਕੇ। ਕੁਝ ਮਿਥੇ ਸਮੇਂ ਮਗਰੋਂ, ਦੋਵੇਂ ਟੋਲੀਆਂ ਇਕ ਦੂਜੇ ਦੇ ਖੇਤਰ ਵਿਚ ਇਹ ਕਹਿੰਦੀਆਂ ਹੋਈਆਂ ਜਾ ਵੜਦੀਆਂ ਹਨ :

ਚੀਚੋ ਚੀਚ ਘੰਦੋਲੀਆਂ, ਦੋ ਤੇਰੀਆਂ ਦੋ ਮੇਰੀਆਂ।

ਇਕ ਧਿਰ ਦੂਜੀ ਧਿਰ ਦੀਆਂ ਲਕੀਰਾਂ ਲਭਦੀ, ਉਨ੍ਹਾਂ ਉਤੇ ਕਾਟੇ ਫੇਰਦੀ ਜਾਂਦੀ ਹੈ। ਜੋ ਲਕੀਰਾਂ ਨਹੀਂ ਲੱਭੀਆਂ

ਅਜਿਹੀਆਂ ਥਾਂ ਉਕਰਨੀਆਂ ਕਿ ਦੂਜੀ ਧਿਰ ਨਾ ਲੱਭ ਸਕੇ ਤੇ ਦੂਜੀ ਧਿਰ ਦੀਆਂ ਲਕੀਰਾਂ ਲੱਭਣ ਵਿਚ ਅਕਲ ਵਰਤਣੀ ।

ਇਨ੍ਹਾਂ ਲਕੀਰਾਂ ਨੂੰ ਤੰਦੋਲੇ ਵੀ ਕਿਹਾ ਜਾਂਦਾ ਹੈ, ਜਿਸ ਤੋਂ ਇਸ ਖੇਡ ਦਾ ਨਾਂ 'ਚੀਚੋਂ ਚੀਚ ਘੰਦੋਲੀਆਂ' ਪੈ ਗਿਆ । ਧਨੀ ਤੇ ਪੋਠੋਹਾਰ ਦੇ ਇਲਾਕੇ ਵਿਚ ਇਸ ਖੇਡ ਨੂੰ 'ਚੀਚੋਂ ਚੀਚ ਗਨੇਰੀਆਂ' ਵੀ ਕਹਿੰਦੇ ਹਨ । ਇਸ ਦਾ ਇਕ ਹੋਰ ਨਾਂ 'ਘੁਗੂ ਘਾਂਗੜੇ' ਵੀ ਹੈ ।

### (ਚ-126) **ਚੀਂਜੋ ਤਰਪ** :

ਸਟਾਪੂ ਨਾਲ ਮਿਲਦੀ ਜੁਲਦੀ ਇਕ ਖੇਡ; ਧਨੀ-ਪੋਠੋਹਾਰ ਵਿਚ ਇਸ ਖੇਡ ਨੂੰ ਚੀਂਜੋ ਵੀ ਕਹਿੰਦੇ ਹਨ । ਇਸ ਨੂੰ ਆਮ ਤੌਰ ਤੇ ਛੋਟੀ ਉਮਰ ਦੇ ਬੱਚੇ ਖੇਡਦੇ ਹਨ । ਪਹਿਲਾਂ ਸਾਫ ਭੋਇੰ ਉਪਰ ਲੀਕਾਂ ਵਾਹ ਕੇ ਖ਼ਾਨੇ ਬਣਾ ਲਏ ਜਾਂਦੇ ਹਨ । ਫਿਰ ਖਿਡਾਰੀ ਠੀਕਰੀ ਪਹਿਲੇ ਖ਼ਾਨੇ ਵਿਚ ਸੁਟਦਾ ਹੈ ਤੇ ਖੱਬੀ ਲੱਤ ਦੇ ਭਾਰ, ਪੈਰ ਦੇ ਪੰਜੇ ਨਾਲ, ਉਸ ਠੀਕਰ ਨੂੰ ਖ਼ਾਨੇ ਵਿਚੋਂ ਬਾਹਰ ਕਢਦਾ ਹੈ, ਫਿਰ ਦੂਜੇ ਖ਼ਾਨੇ ਵਿਚੋਂ । ਇਸ ਤਰ੍ਹਾਂ ਸਾਰਿਆਂ ਖ਼ਾਨਿਆਂ ਵਿਚੋਂ, ਵਾਰੀ ਵਾਰੀ ਠੀਕਰੀ ਸੁਟਦਾ ਤੇ ਬਾਹਰ ਕਢਦਾ ਜਾਂਦਾ ਹੈ । ਜੇ ਠੀਕਰੀ ਸੁਟਣ ਜਾਂ ਕਢਣ ਲਗਿਆਂ ਕਿਸੇ ਲਕੀਰ ਉਤੇ ਜਾ ਟਿਕੇ ਤਾਂ ਵਾਰੀ ਖ਼ਤਮ ਹੋ ਜਾਂਦੀ ਹੈ । ਇਸੇ ਤਰ੍ਹਾਂ ਜੇ ਠੀਕਰੀ ਕਢਣ ਲਗਿਆਂ ਪੈਰ ਲਕੀਰ ਨਾਲ ਛੋਹ ਜਾਵੇ ਤਾਂ ਵੀ ਉਲੰਘਣਾ ਹੋ ਜਾਂਦੀ ਹੈ ।

ਜਦੋਂ ਸਾਰੇ ਖ਼ਾਨਿਆਂ ਵਿਚੋਂ, ਵਾਰੋ ਵਾਰੀ, ਵਿਧੀ ਅਨੁਸਾਰ ਠੀਕਰੀ ਬਾਹਰ ਕਢ ਲਈ ਜਾਵੇ ਤਾਂ ਖਿਡਾਰੀ ਸਾਰੀ ਚੀਂਜੋ ਤਰਪ (ਟੱਪ) ਕੇ ਛੇ ਖ਼ਾਨਿਆਂ ਤੋਂ ਬਾਹਰ ਖੜਾ ਹੋ ਕੇ, ਚੀਂਜੋ ਵਲ ਪਿਠ ਕਰਕੇ, ਠੀਕਰੀ ਚੀਂਜੋ ਵਿਚ ਸੁਟਦਾ ਹੈ । ਜਿਸ ਖ਼ਾਨੇ ਵਿਚ ਠੀਕਰੀ ਜਾ ਪਏ, ਉਸ ਖ਼ਾਨੇ ਉਤੇ ਸੁਟਣ ਵਾਲੇ ਦਾ ਕਬਜ਼ਾ ਹੋ ਜਾਂਦਾ ਹੈ । ਕਬਜ਼ੇ ਵਜੋਂ ਉਹ ਖ਼ਾਨੇ ਵਿਚ ਕਾਟਾ ਮਾਰ ਦੇਂਦਾ ਹੈ । ਦੂਜਾ ਖਿਡਾਰੀ ਉਸ ਖ਼ਾਨੇ ਵਿਚ ਪੈਰ ਨਹੀਂ ਪਾ ਸਕਦਾ ਤੇ ਉਸ ਖ਼ਾਨੇ ਨੂੰ ਟੱਪ ਕੇ ਅਗੇ ਲੰਘਣਾ ਪੈਂਦਾ ਹੈ । ਜਿਸ ਖਿਡਾਰੀ ਦਾ ਖ਼ਾਨੇ ਉਤੇ ਕਬਜ਼ਾ ਹੁੰਦਾ ਹੈ ਉਹ ਉਥੋਂ ਲੰਘਦਾ ਹੋਇਆ, ਦੋਵੇਂ ਪੈਰ ਟਿਕਾ ਕੇ ਬਿਸਰਾਮ ਕਰ ਸਕਦਾ ਹੈ । ਖੇਡ ਉਦੋਂ ਤਕ ਜਾਰੀ ਰਹਿੰਦੀ ਹੈ, ਜਦੋਂ ਤਕ ਸਾਰਿਆਂ ਖ਼ਾਨਿਆਂ ਉਤੇ ਕਿਸੇ ਇਕ ਜਾਂ ਦੂਜੀ ਧਿਰ ਦਾ ਕਬਜ਼ਾ ਨਹੀਂ ਹੋ ਜਾਂਦਾ ।

ਅਨਾਜ, ਜੋ ਆਮ ਤੌਰ ਤੇ ਖੂਹਾਂ ਉਤੇ ਬੀਜਿਆ ਜਾਂਦਾ ਹੈ । ਇਸ ਦੀਆਂ ਦੋ ਫਸਲਾਂ ਹੁੰਦੀਆਂ ਹਨ—ਇਕ ਜੇਠ ਵਿਚ ਤੇ ਦੂਜੀ ਮੱਘਰ ਵਿਚ । ਬਾਰ ਦੇ ਇਲਾਕੇ ਵਿਚ, ਇਸ ਦੀ ਫ਼ਸਲ ਕਾਫ਼ੀ ਭਰਵੀਂ ਹੁੰਦੀ ਹੈ । ਚੀਣੇ ਨੂੰ ਗਾਹਣ ਲਗਿਆਂ ਇਸ ਨੂੰ ਛੰਬਿਆ ਜਾਂਦਾ ਹੈ ਤੇ ਫਿਰ ਇਸ ਨਾਲੋਂ ਧਾਈਆਂ ਵੱਖ ਕਰਨ ਲਈ ਮੋਹਲੇ ਨਾਲ ਕੁਟਿਆ ਜਾਂਦਾ ਹੈ । ਇਸ ਦਾ ਵਰਨਣ ਬਾਰ ਦੇ ਲੋਕ-ਗੀਤਾਂ ਵਿਚ ਆਮ ਮਿਲਦਾ ਹੈ :

ਚੀਣਾ ਇੰਜ ਛਣੀਂਦਾ ਹੋ
ਮੋਹਲਾ ਇੰਜ ਮਰੀਂਦਾ ਹੋ ।

(2) ਝੂੰਮਰ ਦਾ ਇਕ ਨਾਚ ਦਾ ਤਾਲ । ਇਸ ਤਾਲ ਸਮੇਂ ਡੱਗੇ ਤੇ ਛਮਕ ਦੀਆਂ ਚੋਟਾਂ ਤੇਜ਼ ਕਰ ਦਿਤੀਆਂ ਜਾਂਦੀਆਂ ਹਨ ਤੇ ਨੱਚਣ ਵਾਲੇ ਗਭਰੂ ਨੀਵੇਂ ਹੋ ਹੋ ਕੇ ਤਾੜੀ ਮਾਰਦੇ ਤੇ ਅੱਡੀ ਧਮਕਾਉਂਦੇ ਹਨ ਤੇ ਨਾਲ ਉਹ ਇਕਸੁਰ ਹੋ ਕੇ ਇਹ ਬੋਲ ਅਲਾਪਦੇ ਹਨ :

ਚੀਣਾ ਅਈਂ ਛਣੀਂਦਾ ਹੋ
ਚੀਣਾ ਅਈਂ ਛਣੀਂਦਾ ਹੋ ।
ਮੋਹਲਾ ਅਈਂ ਮਰੀਂਦਾ ਹੋ
ਮੋਹਲਾ ਅਈਂ ਮਰੀਂਦਾ ਹੋ ।

### (ਚ-128) **ਚੀਮਾ :**

ਜੱਟਾਂ ਦੀ ਇਕ ਗੋਤ; ਚੀਮਿਆਂ ਤੇ ਚੱਠਿਆਂ ਦਾ ਮੁਸੀਬਤ ਵੇਲੇ ਬੜਾ ਮੇਲ ਹੁੰਦਾ ਹੈ । ਇਕ ਅਖਾਣ ਵੀ ਹੈ :

ਚੀਮੇ ਚੱਠੇ—ਖਾਣ ਪੀਣ ਨੂੰ ਅੱਡੋ ਅੱਡ,
ਲੜਾਈ ਵੇਲੇ 'ਕੱਠੇ ।

### (ਚ-129) **ਚੀਰ, ਚੀਰਾ** :

ਪੁਰਾਣੇ ਵੇਲਿਆਂ ਵਿਚ ਚੀਰ ਸ਼ਬਦ ਉਸ ਵਸਤ੍ਰ ਲਈ ਵਰਤਿਆ ਜਾਂਦਾ ਸੀ, ਜੋ ਚੌੜਾ ਘਟ ਤੇ ਲੰਮਾ ਜ਼ਿਆਦਾ ਹੋਵੇ ਅਤੇ ਜਿਸ ਨੂੰ ਕਿਧਰੋਂ ਸੀਤਾ ਨਾ ਗਿਆ ਹੋਵੇ । ਜਿਵੇਂ ਸਿਰ ਤੇ ਲੈਣ ਦਾ ਪੱਲਾ ਜਾਂ ਸਾੜ੍ਹੀ ਆਦਿ । ਗਭਰੂਆਂ ਦੇ ਸਿਰ ਉਤੇ ਬੰਨ੍ਹੇ ਪਟਕੇ ਨੂੰ ਵੀ ਚੀਰਾ ਕਿਹਾ ਜਾਣ ਲੱਗਾ । ਪ੍ਰਾਚੀਨ ਕਾਲ ਵਿਚ ਜਦੋਂ ਵਰ ਘੋੜੀ ਚੜ੍ਹਦਾ ਸੀ ਤਾਂ ਉਹ ਲਾਲ ਰੰਗ ਦਾ ਪੱਲਾ, ਜਿਸ ਨੂੰ ਚੀਰਾ ਕਹਿੰਦੇ ਸਨ, ਸਿਰ ਉਤੇ ਬੰਨ੍ਹਿਆ ਕਰਦਾ ਸੀ । ਇਕ ਲੋਕ-ਗੀਤ ਵੀ ਹੈ :

ਲਾਲ ਰੰਗ ਦੀ ਪਗੜੀ ਜੋ ਲਾੜੇ ਦੇ ਸਿਰ 'ਤੇ ਸ਼ਗਨ ਵਜੋਂ ਬੰਨ੍ਹੀ ਜਾਂਦੀ ਹੈ। ਲੋਕ-ਗੀਤਾਂ ਵਿਚ ਪ੍ਰੇਮੀ ਦੀ ਪੱਗ ਲਈ ਪ੍ਰੇਮਕਾ 'ਚੀਰਾ' ਸ਼ਬਦ ਆਮ ਵਰਤਦੀ ਹੈ, ਜੋ ਪੱਗ ਨਾਲੋਂ ਵਧੇਰੇ ਮਿੱਠਾ ਤੇ ਭਾਵੁਕ ਹੈ :

**ਚੀਰੇ ਵਾਲਾ ਛੋਕਰਾ ਬੀਬੋ ਅੰਦਰ ਕੌਣ ਖੜਾ**
**ਮਿਰਜਾ ਫੁੱਲ ਗੁਲਾਬ ਦਾ ਮੇਰੀ ਝੋਲੀ ਟੁਟ ਪਿਆ।** (ਪੀਲੂ)

### (ਚ-130) **ਚੀਰ ਸੰਸਕਾਰ :**

ਮਾਂਗ ਨਾਲ ਸਬੰਧਿਤ ਇਕ ਸੰਸਕਾਰ, ਜਿਸ ਨੂੰ ਸੀਮੰਤੋਨਯਨ ਸੰਸਕਾਰ ਵੀ ਕਹਿੰਦੇ ਹਨ। ਗਰਭ ਦੇ ਦਿਨੀਂ ਚੌਥੇ, ਛੇਵੇਂ ਤੇ ਅਠਵੇਂ ਮਹੀਨੇ, ਪਤੀ ਆਪਣੀ ਇਸਤ੍ਰੀ ਦੇ ਕੇਸਾਂ ਵਿਚ ਚੀਰ ਬਣਾਉਂਦਾ ਹੈ। ਇਹ ਕਿਰਿਆ, ਗਰਭ ਵਿਚਲੇ ਬੱਚੇ ਲਈ, ਸ਼ੁਭ ਮੰਨੀ ਜਾਂਦੀ ਹੈ।

### (ਚ-131) **ਚੀਰ ਪੜ :**

ਫਤਹਜੰਗ ਤਹਿਸੀਲ (ਪਾਕਿਸਤਾਨ) ਵਿਚ ਇਕ ਛੋਟੀ ਜਿਹੀ ਪਹਾੜੀ; ਇਸ ਦਾ ਸਬੰਧ ਰਾਜੇ ਰਸਾਲੂ ਨਾਲ ਜੋੜਿਆ ਜਾਂਦਾ ਹੈ। ਰਾਵਲਪਿੰਡੀ ਤੋਂ ਰਾਜਤ ਪਿੰਡ ਵਲ ਜਾਂਦਿਆਂ, ਸੂਆਂ ਦੇ ਇਲਾਕੇ ਵਿਚ ਚੀਰ-ਪੜ ਪਹਾੜੀ, ਦੋ ਕੁ ਮੀਲ ਲੰਬੀ, ਕਾਲੇ ਸਿਆਹ ਪੱਥਰਾਂ ਦੀ, ਇਕ ਕਾਤਰ ਵਾਂਗ ਪਸਰੀ ਹੋਈ ਹੈ। ਇਹ ਪਹਾੜੀ ਇਕ ਮੋਟੀ ਬਾਹੀ ਵਾਂਗ ਖਲੋਤੀ ਹੈ। ਇਸ ਪਹਾੜੀ ਵਿਚ ਦੋ ਤਿੰਨ ਗਜ਼ ਲੰਮਾ ਤੇ ਦੋ ਤਿੰਨ ਇੰਚ ਚੌੜਾ ਇਕ ਚੀਰ ਪਿਆ ਹੋਇਆ ਹੈ, ਜੋ ਆਰ ਪਾਰ ਵਿਖਾਈ ਦੇਂਦਾ ਹੈ।

ਰਵਾਇਤ ਹੈ ਕਿ ਇਹ ਚੀਰ ਰਾਜਾ ਰਸਾਲੂ ਦੀ ਤਲਵਾਰ ਦਾ ਨਿਸ਼ਾਨ ਹੈ। ਜੋ ਉਸ ਨੇ ਇਕ ਡੈਣ ਨੂੰ ਮਾਰਨ ਲਈ ਚਲਾਈ ਸੀ। ਚੀਰ ਪੜ ਦੇ ਕੋਲ ਹੀ ਇਕ ਪੱਥਰ ਦੇ ਪੜ ਉਤੇ ਘੋੜੇ ਦੇ ਸੁੰਮਾਂ ਦੇ ਨਿਸ਼ਾਨ ਹਨ। ਪੜ ਦੇ ਪਿਛੇ ਪਹਾੜੀ ਉਤੇ ਅਨੇਕਾਂ ਗੋਲ ਮੋਲ ਪੱਥਰ ਹਨ। ਜੋ ਦੂਰੋਂ ਇੰਜ ਲਗਦੇ ਹਨ ਜਿਵੇਂ ਚੌੜੀਆਂ ਹਿੱਕਾਂ ਤੇ ਗੋਲ ਮੋਲ ਸਿਰਾਂ ਵਾਲੇ ਠਿਗਣੇ ਮਨੁੱਖ ਅਹਿਲ ਹੋ ਗਏ ਹੋਣ। ਤ੍ਰੁੰਘੀਆਂ ਤ੍ਰਿਕਾਲਾਂ ਵੇਲੇ ਤਾਂ ਚੰਗਾ ਸਿਆਣਾ ਮੁਸਾਫਰ, ਜੋ ਪਹਿਲੀ ਵਾਰ ਇਧਰੋਂ ਲੰਘਿਆ ਹੋਵੇ, ਭੁਲੇਖਾ ਖਾ ਜਾਂਦਾ ਹੈ। ਪਹਾੜੀ ਦੇ ਤਿੰਨ ਟਿੱਬੇ ਹਨ ਜੋ ਚੂਲ੍ਹ ਦੇ ਤਿੰਨ ਮੁੰਨਿਆਂ ਵਾਂਗ ਲਗਦੇ ਹਨ। ਇਨ੍ਹਾਂ ਤਿੰਨ ਮੁੰਨਿਆਂ ਨੂੰ ਦਰਵੇਸ਼ ਦਾ 'ਕਲਾ' ਕਿਹਾ ਜਾਂਦਾ ਹੈ ਅਤੇ ਗੋਲ ਗੋਲ ਪੱਥਰਾਂ ਇਹ ਘੋੜਾ ਤੇ ਸਵਾਰ ਸਮੇਂ ਦੇ ਝੱਖੜਾਂ-ਝੋਲਿਆਂ ਨੇ ਨਸ਼ਟ ਕਰ ਦਿਤੇ।

ਇਸ ਇਲਾਕੇ ਦੇ ਲੋਕਾਂ ਵਿਚ, ਇਸ ਅਲੌਕਿਕ ਪ੍ਰਾਕ੍ਰਿਤਕ ਦ੍ਰਿਸ਼ ਬਾਰੇ ਇਕ ਦੰਦ-ਕਥਾ ਪ੍ਰਚਲਤ ਹੈ। ਲੋਕ ਦਸਦੇ ਹਨ ਕਿ ਇਥੇ ਪੁਰਾਣੇ ਵਕਤਾਂ ਵਿਚ ਇਕ ਡੈਣ ਰਹਿੰਦੀ ਸੀ, ਜੋ ਹਰ ਦੂਜੇ ਤੀਜੇ ਮਹੀਨੇ ਕਿਸੇ ਇਕੱਲੇ ਦੁਕੱਲੇ ਮੁਸਾਫਰ ਨੂੰ ਮਾਰ ਕੇ ਖਾ ਜਾਂਦੀ ਸੀ। ਪਿਛੋਂ ਇਸ ਇਲਾਕੇ ਦੇ ਲੋਕਾਂ ਨੇ ਡੈਣ ਨਾਲ ਇਕ ਸਮਝੌਤਾ ਕਰ ਲਿਆ ਕਿ ਹਰ ਰੋਜ਼ ਇਲਾਕੇ ਦੇ ਲੋਕ ਇਕ ਸ਼ਖਸ ਨੂੰ, ਉਸਦੇ ਖਾਣ ਵਾਸਤੇ ਭੇਜ ਦਿਤਾ ਕਰਨਗੇ ਤੇ ਉਹ ਕਿਸੇ ਲੰਘਦੇ ਰਾਹੀ ਨੂੰ ਕੁਝ ਨਹੀਂ ਕਹੇਗੀ। ਫਿਰ ਜਦੋਂ ਇਸ ਇਲਾਕੇ ਵਿਚ ਰਾਜੇ ਰਸਾਲੂ ਦਾ ਸਿੱਕਾ ਬੈਠ ਗਿਆ ਤਾਂ ਰਾਜੇ ਰਸਾਲੂ ਦੇ ਹੁਕਮ ਨਾਲ, ਮਨੁੱਖ ਦੀ ਕੁਰਬਾਨੀ ਦੇਣੀ ਬੰਦ ਕਰ ਦਿਤੀ ਗਈ। ਡੈਣ ਨੇ ਰਾਜੇ ਰਸਾਲੂ ਤੋਂ ਬਦਲਾ ਲੈਣਾ ਚਾਹਿਆ ਪਰ ਉਹ ਰਾਜੇ ਰਸਾਲੂ ਦਾ ਕੁਝ ਵਿਗਾੜ ਨਾ ਸਕੀ। ਇਕ ਵਾਰ ਰਾਜਾ ਰਸਾਲੂ ਆਪਣੇ ਸਿਪਾਹੀਆਂ ਸਮੇਤ ਚੀਰ ਪੜ ਦੇ ਨੇੜਿਉਂ ਦੀ ਲੰਘ ਰਿਹਾ ਸੀ ਕਿ ਡੈਣ ਨੇ ਬਦਲਾ ਲੈਣ ਲਈ ਮੰਤਰਾਂ ਦਾ ਆਸਰਾ ਲਿਆ। ਪਹਿਲਾਂ ਉਹ ਚਿੰਘਾੜੀ, ਜਿਵੇਂ ਬੱਦਲ ਗੱਜਦੇ ਹਨ, ਫਿਰ ਡੈਣ ਨੇ ਕੋਈ ਮੰਤ੍ਰ ਪੜ੍ਹਿਆ ਤੇ ਚੁਲ੍ਹਿਆਂ ਵਿਚੋਂ ਇਕ ਧੂੰਆਂ ਉਠ ਕੇ ਸਾਰੇ ਪਾਸੇ ਖਿੰਡ ਗਿਆ। ਫਿਰ ਜੋਰ ਦੀ ਹਨੇਰੀ ਝੁਲੀ, ਬਿਜਲੀ ਕੜਕੀ ਤੇ ਇਸ ਦੇ ਨਾਲ ਹੀ ਪਹਾੜੀ ਦੇ ਉਪਰ ਡੈਣ ਭਿਅੰਕਰ ਰੂਪ ਧਾਰ ਕੇ ਬੈਠੀ ਵਿਖਾਈ ਦਿਤੀ। ਰਾਜਾ ਰਸਾਲੂ ਨੇ ਤਲਵਾਰ ਨਾਲ ਡੈਣ ਦਾ ਸਿਰ ਵੱਢਣਾ ਚਾਹਿਆ। ਤਲਵਾਰ ਪੜ ਨੂੰ ਚੀਰਦੀ ਹੋਈ ਆਰ ਪਾਰ ਤਰੇੜ ਪਾ ਗਈ, ਪਰ ਡੈਣ ਮੰਤ੍ਰ ਮਾਰ ਕੇ ਛਾਈਂ ਮਾਈਂ ਹੋ ਗਈ। ਰਵਾਇਤ ਹੈ ਕਿ ਡੈਣ ਦੇ ਮੰਤ੍ਰ ਨਾਲ ਰਾਜਾ ਰਸਾਲੂ ਆਪਣੇ ਘੋੜੇ ਤੇ ਸਾਥੀਆਂ ਸਮੇਤ ਪੱਥਰ ਹੋ ਗਿਆ।

ਹੁਣ ਚੀਰ-ਪੜ ਨੂੰ ਕੱਟ ਕੇ ਪਾਕਿਸਤਾਨ ਸਰਕਾਰ ਨੇ ਉਥੋਂ ਇਕ ਸੜਕ ਕਢ ਲਈ ਹੈ।

### (ਚ-132) **ਚੀਰੀ :**

ਚਿੱਠੀ, ਪਾਟੀ ਚਿੱਠੀ ਮੌਤ ਦੇ ਸੁਨੇਹੇ ਦੀ ਬੋਧਿਕ ਹੈ। ਰਵਾਜ ਪ੍ਰਚਲਤ ਹੈ ਕਿ ਜਿਸ ਚਿੱਠੀ ਦੁਆਰਾ, ਕਿਸੇ ਸਬੰਧੀ ਦੇ ਮਰਨ ਦੀ ਖ਼ਬਰ ਦਿਤੀ ਜਾਵੇ, ਉਸ ਨੂੰ ਕਿਨਾਰੇ ਤੋਂ

ਕੰਨਾਂ ਵਿਚ ਪਹਿਨਦੀਆਂ ਹਨ ।

(ਚ-134) **ਚੁੱਕ** :

ਕਮਰ ਵਿਚ ਵਲ ਪੈ ਜਾਣ ਨਾਲ ਉਠਿਆ ਦਰਦ, ਜੋ ਬੜਾ ਦੁਖਦਾਈ ਹੁੰਦਾ ਹੈ । ਇਸ ਦਰਦ ਨੂੰ ਦੂਰ ਕਰਨ ਲਈ ਇਕ ਟੂਣਾ ਵਰਤਿਆ ਜਾਂਦਾ ਹੈ । ਜੇ ਕੋਈ ਪੁੱਠਾ ਜੰਮਿਆ ਸ਼ਖ਼ਸ ਚੌਰਾਹੇ ਵਿਚ ਖਲੋ ਕੇ, ਚੁੱਕ ਵਾਲੇ ਦੀ ਪਿੱਠ ਉਤੇ ਲੱਤ ਮਾਰੇ ਤਾਂ ਦਰਦ ਦੂਰ ਹੋ ਜਾਂਦਾ ਹੈ (ਵੇਖੋ : ਚੁੱਗ)।

(ਚ-135) **ਚੁੱਗ** :

ਅਰੋੜਿਆਂ ਦੀ ਇਕ ਗੋਤ; ਇਹ ਨਾਉਂ ਇਸ ਲਈ ਪਿਆ ਕਿ ਇਸ ਕੁੱਲ ਦੇ ਲੋਕ ਚੁੱਕ ਦੇ ਰੋਗੀ ਨੂੰ ਪਿੱਠ ਤੇ ਪੈਰ ਨਾਲ ਠੋਕਰ ਮਾਰ ਕੇ ਨਰੋਆ ਕਰ ਦੇਂਦੇ ਸਨ । ਧਾਰਨਾ ਹੈ ਕਿ ਜੇ ਕੋਈ ਚੁੱਗ ਘਰ ਨਾ ਹੋਵੇ ਤਾਂ ਉਸ ਦੇ ਘਰ ਦੀ, ਕਿਸੇ ਕੰਧ ਨਾਲ, ਪਿੱਠ ਰਗੜਨ ਨਾਲ, ਚੁੱਕ ਦੂਰ ਹੋ ਜਾਂਦੀ ਹੈ । ਚੁੱਕ ਨੂੰ ਠੀਕ ਕਰਨ ਸਦਕਾ ਇਸ ਜ਼ਾਤ ਦਾ ਨਾਂ 'ਚੁੱਕ' ਪੈ ਗਿਆ, ਜੋ ਵਿਗੜਦਾ ਵਿਗੜਦਾ 'ਚੁੱਗ' ਬਣ ਗਿਆ ।

(ਚ-136) **ਚੁੱਗਲ** :

ਉੱਲੂ ਵਰਗਾ ਇਕ ਪੰਛੀ, ਜਿਸ ਨੂੰ ਸੂਰਜ ਦੀ ਰੋਸ਼ਨੀ ਵਿਚ ਕੁਝ ਦਿਖਾਈ ਨਹੀਂ ਦੇਂਦਾ ਤੇ ਘੁਰਨਿਆਂ, ਖੋਲਿਆਂ ਜਾਂ ਦਰਖ਼ਤਾਂ ਦੇ ਖੋੜਾਂ ਵਿਚ ਛੁਪਿਆ ਰਹਿੰਦਾ ਹੈ। ਰਾਤ ਵੇਲੇ ਚੁੱਗਲ ਉਡਦਾ ਹੈ ਤੇ ਜੀਅ ਜੰਤੂ ਮਾਰ ਕੇ ਖਾਂਦਾ ਹੈ । ਇਸ ਜੀਵ ਨੂੰ ਬਿਲ-ਬਤੌਰੀ ਵੀ ਕਹਿੰਦੇ ਹਨ । ਨਿਸਚਾ ਹੈ ਕਿ ਚੁੱਗਲ ਉੱਲੂ ਵਾਂਗ ਹੀ ਨਹਿਸ ਹੁੰਦਾ ਹੈ ਤੇ ਜਿਥੇ ਟਿਕਾਣਾ ਕਰ ਲਏ, ਉਹ ਘਰ ਬਰਬਾਦ ਹੋ ਜਾਂਦਾ ਹੈ (ਵੇਖੋ : ਉੱਲੂ) ।

(ਚ-137) **ਚੁੰਗਾ** ।

(1) ਮੁਲਤਾਨ ਦੇ ਇਲਾਕੇ ਵਿਚ ਪ੍ਰਚਲਤ ਵਿਆਹ ਨਾਲ ਸਬੰਧਿਤ ਇਕ ਰਸਮ । ਵਿਆਹ ਤੋਂ ਕੁਝ ਦਿਨ ਪਹਿਲਾਂ, ਦੋਹਾਂ ਘਰਾਂ ਦੀਆਂ ਤੀਵੀਆਂ ਆਪੋ ਆਪਣੇ ਘਰ, ਚੱਕੀ ਉਤੇ ਕਣਕ ਦੇ ਕੁਝ ਦਾਣੇ, ਰਸਮੀ ਤੌਰ ਤੇ ਪੀਂਹਦੀਆਂ ਹਨ । ਚੱਕੀ ਨੂੰ ਪਹਿਲਾਂ ਸਾਫ਼ ਕਰ ਕੇ ਧੂਪ-ਦੀਪ ਦਿਤੀ ਜਾਂਦੀ ਹੈ । ਫਿਰ ਘਰ ਦੀ ਕੋਈ ਸੁਹਾਗਣ ਵਡਿਕੀ ਚੱਕੀ ਉਤੇ ਹੱਥ ਆਪਣੇ ਰਖਦੀ ਹੈ । ਇਸ ਰਸਮ ਨੂੰ 'ਚੱਗਾ ਰਖਾਵਣਾ'

(2) ਫ਼ਸਲ ਦਾ ਉਹ ਹਿੱਸਾ ਜੋ ਕਿਸੇ ਧਾਰਮਕ ਅਸਥਾਨ ਦੇ ਪੁਜਾਰੀ ਨੂੰ ਭੇਟਾ ਵਜੋਂ ਦਿਤਾ ਜਾਂਦਾ ਹੈ ।

(ਚ-138) **ਚੁਟਕਲਾ** :

ਕੋਈ ਹਸਾਉਣੀ ਗੱਲ, ਲਤੀਫ਼ਾ (ਵੇਖੋ : ਟੋਟਕਾ) ।

(ਚ-139) **ਚੁਟਕੀ ਮਾਰਨਾ** :

ਅੰਗੂਠੇ ਤੇ ਵਿਚਕਾਰਲੀ ਉਂਗਲੀ ਦੀ ਰਗੜ ਦੁਆਰਾ ਪੈਦਾ ਕੀਤੀ ਗਈ ਆਵਾਜ਼ । ਪੰਜਾਬੀ ਚੁਟਕੀਆਂ ਮਾਰਨ ਦੇ ਬੜੇ ਸ਼ੁਕੀਨ ਹਨ । ਗਿੱਧਾ, ਲੁੱਡੀ ਤੇ ਝੁੰਮਰ ਆਦਿ ਲੋਕ-ਨਾਚ ਪਾਉਣ ਲਗਿਆਂ, ਸਮੇਂ ਸਮੇਂ, ਇਕ ਤਾਲ ਵਿਚ ਚੁਟਕੀਆਂ ਮਾਰੀਆਂ ਜਾਂਦੀਆਂ ਹਨ, ਜੋ ਬੜਾ ਰੰਗ ਬੰਨ੍ਹਦੀਆਂ ਹਨ । ਲੋਕ-ਗੀਤ ਗਾਉਣ ਲਗਿਆਂ, ਜੇ ਕੋਈ ਸਾਜ਼ ਨਾ ਹੋਵੇ ਤਾਂ ਚੁਟਕੀ ਤੇ ਤਾੜੀ ਦੇ ਤਾਲ ਤੋਂ ਕੰਮ ਲੈ ਲਿਆ ਜਾਂਦਾ ਹੈ ।

(ਚ-140) **ਚੁਟਾਹਲਾ** :

ਚਾਨਣੀਆਂ ਰਾਤਾਂ ਵਿਚ ਕੁੜੀਆਂ ਹੱਥਾਂ ਵਿਚ ਹੱਥ ਪਾ ਕੇ ਘੇਰਾ ਬਣਾ ਲੈਂਦੀਆਂ ਹਨ । ਫਿਰ ਉਹ ਬੋਲੀਆਂ ਪਾਉਂਦੀਆਂ ਤੇ ਟੱਪੇ ਅਲਾਪਦੀਆਂ ਨਾਲੋ ਨਾਲ ਘੁੰਮਦੀਆਂ ਜਾਂਦੀਆਂ ਹਨ । ਗੀਤਾਂ ਨੂੰ ਤਾਲ ਦੇਣ ਲਈ ਹੱਥਾਂ ਨਾਲ ਤਾੜੀਆਂ ਮਾਰੀਆਂ ਜਾਂਦੀਆਂ ਤੇ ਪੈਰਾਂ ਨਾਲ ਧਮਕ ਦਿਤੀ ਜਾਂਦੀ ਹੈ । ਇਸ ਖੇਡ ਨੂੰ ਚੁਟਾਹਲਾ ਕਹਿੰਦੇ ਹਨ । ਜ਼ਰੂਰੀ ਨਹੀਂ ਕਿ ਚੁਟਾਹਲਾ ਚਾਨਣੀਆਂ ਰਾਤਾਂ ਵਿਚ ਹੀ ਪਾਇਆ ਜਾਵੇ । ਕਿਸੇ ਵੇਲੇ ਵੀ ਚਾਰ ਛੇ ਕੁੜੀਆਂ ਜੁੜ ਕੇ ਚੁਟਾਹਲਾ ਪਾ ਲੈਂਦੀਆਂ ਹਨ ।

(ਚ-141) **ਚੁੰਨੀ** :

ਸਿਰ ਉਤੇ ਲੈਣ ਵਾਲਾ ਕਪੜਾ । ਪਹਿਲਾਂ ਚੁੰਨੀ ਉਸ ਪੱਲੇ ਨੂੰ ਕਹਿੰਦੇ ਸਨ, ਜਿਸ ਨੂੰ ਡੋਰੀ ਨਾਲ ਗੰਢਾਂ ਮਾਰ ਕੇ, ਕਈ ਰੰਗਾਂ ਵਿਚ ਰੰਗਿਆ ਜਾਂਦਾ ਸੀ । ਗੰਢਾਂ ਮਾਰਨ ਲਗਿਆਂ ਪੱਲੇ ਨੂੰ ਨਿੱਕੀ ਚੋਣ ਚੁਣਨਾ ਪੈਂਦਾ ਸੀ, ਜਿਸ ਤੋਂ ਇਸ ਦਾ ਨਾਂ ਚੁੰਨੀ ਪੈ ਗਿਆ, ਪਰ ਪਿਛੋਂ ਸਿਰ ਤੇ ਕਰਨ ਵਾਲੇ ਹਰ ਤਰ੍ਹਾਂ ਦੇ ਪਤਲੇ ਤੇ ਰੰਗਦਾਰ ਪੱਲੇ ਲਈ ਚੁੰਨੀ ਸ਼ਬਦ ਵਰਤਿਆ ਜਾਣ ਲਗਾ ।

(ਚ-142) **ਚੁੰਨੀ ਸ਼ਾਬਨਾ** :

ਰੁਪਏ ਧਰਦੇ ਹਨ। ਖਤ੍ਰੀਆਂ ਵਿਚ ਦੁੱਧ ਪਿਲਾਣ ਦੀ ਰਸਮ ਕੀਤੀ ਜਾਂਦੀ ਹੈ, ਜਿਸ ਨੂੰ 'ਠਾਕਾ' ਵੀ ਕਹਿੰਦੇ ਹਨ। ਠਾਕੇ ਤੋਂ ਅਗਲੇ ਦਿਨ ਵਰ ਪੱਖ ਵਾਲੇ, ਕੰਨਿਆਂ ਨੂੰ ਚੁੰਨੀ ਚੜ੍ਹਾਨ ਲਈ ਆਉਂਦੇ ਹਨ। ਇਸ ਮੌਕੇ ਤੇ ਕੰਨਿਆਂ ਨੂੰ ਕਪੜੇ ਜਾਂ ਸਾੜ੍ਹੀ ਅਤੇ ਕੁਝ ਗਹਿਣੇ ਭੇਂਟ ਕੀਤੇ ਜਾਂਦੇ ਹਨ।

(2) ਹਰਿਆਣਾ ਵਿਚ ਜਦੋਂ ਜੰਞ ਦਾ ਢੁਕਾਓ ਹੋ ਚੁਕਦਾ ਹੈ ਤਾਂ ਵਰ ਪੱਖ ਵਾਲੇ ਕੰਨਿਆਂ ਨੂੰ ਕੁਝ ਗਹਿਣੇ, ਬੇਂਦੀ, ਚੁੰਨੀ (ਓੜ੍ਹਨੀ), ਕੁਝ ਮਹਿੰਦੀ ਤੇ ਮਿਸ਼ਰੀ ਅਤੇ ਚਾਰ ਮੇਖਾਂ ਜੋ ਫੇਰਿਆਂ ਦੀ ਰੀਤ ਵੇਲੇ ਵਰਤੀਆਂ ਜਾਂਦੀਆਂ ਹਨ, ਦੇਂਦੇ ਹਨ। ਇਹ ਸਭ ਵਸਤੂਆਂ, ਰਸਮੀ ਢੰਗ ਨਾਲ, ਪਿੱਤਲ ਦੇ ਥਾਲ ਵਿਚ ਪਾ ਕੇ ਦਿਤੀਆਂ ਜਾਂਦੀਆਂ ਹਨ। ਇਸ ਨੂੰ 'ਚੁੰਨੜੀ' ਕਿਹਾ ਜਾਂਦਾ ਹੈ।

### (ਚ-143) **ਚੁਪੀਤੀ** :

ਇਕ ਲੋਕ-ਕਹਾਣੀ ਦੀ ਨਾਇਕਾ, ਜੋ ਆਪਣੀ ਮਤ੍ਰੇਈ ਮਾਂ ਦੇ ਜ਼ੁਲਮ ਤੇ ਬੇ-ਇਨਸਾਫ਼ੀਆਂ ਸਹਾਰ ਕੇ,ਇਤਨੀ ਸਹਿਮ ਗਈ ਸੀ ਕਿ ਹਮੇਸ਼ਾ ਚੁਪ ਰਹਿਣ ਲੱਗ ਪਈ, ਜਿਸ ਤੋਂ ਉਸ ਦਾ ਨਾਉਂ ਚੁਪੀਤੀ ਪੈ ਗਿਆ। ਮਤ੍ਰੇਈ ਮਾਂ ਆਪਣੀ ਸਕੀ ਧੀ ਲਈ ਸੁਖ ਆਰਾਮ ਲੋਚਦੀ ਰਹਿੰਦੀ, ਪਰ ਚੁਪੀਤੀ ਨੂੰ ਘਰ ਤੋਂ ਬਾਹਰ ਦਾ ਸਾਰਾ ਕੰਮ ਕਰਨਾ ਪੈਂਦਾ ਸੀ। ਮਤ੍ਰੇਈ ਮਾਂ ਦਾ ਯਤਨ ਸੀ ਕਿ ਉਸ ਦੀ ਸਕੀ ਧੀ ਕਿਸੇ ਅਮੀਰ ਘਰ ਜਾਵੇ ਤੇ ਚੁਪੀਤੀ ਦਾ ਵਿਆਹ ਕਿਸੇ ਕੰਮੀ-ਕਮੀਣ ਨਾਲ ਹੋਵੇ। ਮਤ੍ਰੇਈ ਮਾਂ ਚੁਪੀਤੀ ਨੂੰ ਆਪਣੀਆਂ ਗਾਵਾਂ ਮੱਝਾਂ ਚਾਰਨ ਲਈ ਜੰਗਲ ਭੇਜ ਦੇਂਦੀ।

ਇਕ ਵਾਰ ਇਕ ਰਾਜਾ ਸ਼ਿਕਾਰ ਖੇਡਦਾ ਭਟਕ ਗਿਆ ਤੇ ਪਿਆਸ ਅਤੇ ਭੁੱਖ ਹੱਥੋਂ, ਨਿਢਾਲ ਹੋ ਕੇ ਚੁਪੀਤੀ ਕੋਲ ਆਇਆ। ਚੁਪੀਤੀ ਨੇ ਮੱਝ ਚੋ ਕੇ ਉਸ ਨੂੰ ਦੁੱਧ ਪਿਲਾਇਆ। ਰਾਜਾ ਚੁਪੀਤੀ ਦੀ ਸੇਵਾ ਭਾਵਨਾ, ਹੁਸਨ ਤੇ ਸ਼ਰਮੀਲੇ ਸੁਭਾਅ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਚੁਪੀਤੀ ਨਾਲ ਵਿਆਹ ਕਰਨ ਦਾ ਫ਼ੈਸਲਾ ਕੀਤਾ। ਮਤ੍ਰੇਈ ਮਾਂ ਨੂੰ ਪਤਾ ਲੱਗਾ ਤਾਂ ਉਹ ਬੜੀ ਦੁਖੀ ਹੋਈ। ਉਸ ਨੇ ਆਪਣੀ ਧੀ ਰਾਜੇ ਨੂੰ ਦੇਣੀ ਚਾਹੀ, ਪਰ ਰਾਜੇ ਨੇ ਚੁਪੀਤੀ ਨੂੰ ਹੀ, ਉਸ ਦੇ ਗੁਣਾਂ ਸਦਕਾ, ਪਸੰਦ ਕੀਤਾ। ਮਤ੍ਰੇਈ ਮਾਂ ਦੇ ਤਸੀਹੇ ਸਾਡੀਆਂ ਕਈ ਲੋਕ-ਕਹਾਣੀਆਂ ਦਾ ਵਿਸ਼ਾ ਹਨ।

ਰਕਮ 'ਲਾਗ' ਵਜੋਂ ਭੇਟ ਕਰਦੇ ਹਨ। ਇਸ ਲਾਗ ਨੂੰ 'ਚੁੱਲ੍ਹ' ਕਿਹਾ ਜਾਂਦਾ ਹੈ। ਪੱਛਮੀ ਪੰਜਾਬ (ਪਾਕਿਸਤਾਨ) ਦੇ ਮੁਸਲਮਾਨਾਂ ਵਿਚ ਇਸ ਰੀਤ ਦੀ ਅਜੇ ਵੀ ਪ੍ਰਥਾ ਹੈ।

ਲਾੜ੍ਹਾ ਜਾਂ ਲਾੜ੍ਹੀ ਨੂੰ ਜਦੋਂ ਮਾਈਏ ਪਾਇਆ ਜਾਂਦਾ ਹੈ ਅਥਵਾ ਖਾਰੇ ਉਤੇ ਬਿਠਾਇਆ ਜਾਂਦਾ ਹੈ, ਉਸ ਵੇਲੇ ਬਿਰਾਦਰੀ ਦੇ ਹਾਜ਼ਰ ਲੋਕ, ਕਮੀਆਂ ਅਥਵਾ ਨਾਇਣ ਨੂੰ ਕੁਝ ਲਾਗ ਦੇਂਦੇ ਹਨ, ਉਹ ਵੀ ਚੁੱਲ੍ਹ ਅਖਵਾਉਂਦੀ ਹੈ।

ਚੁੱਲ੍ਹ ਨਿਉਂਦਾ : ਨਿਉਂਦਾ ਜੋ ਇਕ ਚੁੱਲ੍ਹੇ ਉਤੇ ਖਾਣ ਵਾਲੇ ਸਾਰੇ ਜੀਵਾਂ ਨੂੰ ਦਿਤਾ ਜਾਂਦਾ ਹੈ।

### (ਚ-145) **ਚੁੱਲ੍ਹਾ** :

ਚੁੱਲ੍ਹਾ, ਪੰਜਾਬੀ ਸਭਿਆਚਾਰ ਵਿਚ ਖ਼ਾਸ ਮਹੱਤਾ ਰਖਦਾ ਹੈ। ਪਿੰਡਾਂ ਵਿਚ ਅਜ ਵੀ ਚੁੱਲ੍ਹੇ ਦਾ ਆਮ ਰਵਾਜ ਹੈ। ਇਹ ਅਰਧ ਗੋਲੇ ਦੀ ਸ਼ਕਲ ਦਾ ਹੁੰਦਾ ਹੈ। ਉਤੇ ਭਾਂਡਾ ਰੱਖਣ ਲਈ ਤਿੰਨ ਮੁੰਨੇ ਹੁੰਦੇ ਹਨ, ਜੋ ਤ੍ਰੈਮੂਰਤੀ ਦੇ ਪ੍ਰਤੀਕ ਹਨ।

ਚੁੱਲ੍ਹੇ 'ਤੇ ਅੰਨ ਦਿਉਤਾ ਪੱਕਣ ਕਰਕੇ, ਇਹ ਦੇਵ-ਅਸਥਾਨ ਮੰਨਿਆ ਜਾਣ ਲੱਗਾ। ਚੁੱਲ੍ਹਾ ਅਗਨੀ ਦਾ ਵੀ ਨਿਵਾਸ ਅਸਥਾਨ ਹੈ। ਇਸ ਲਈ ਪਹਿਲਿਆਂ ਵਿਚ ਚੁੱਲ੍ਹੇ ਨੂੰ ਹਮੇਸ਼ਾ ਪਵਿਤ੍ਰ ਰਖਿਆ ਜਾਂਦਾ ਅਤੇ ਹਰ ਰੋਜ਼ ਤੀਵੀਆਂ ਸਵੇਰੇ ਉਠ ਕੇ, ਇਸ 'ਤੇ ਗੋਹੇ ਵਿਚ ਮਿੱਟੀ ਰਲਾ ਕੇ ਪੋਚਾ ਦੇਂਦੀਆਂ। ਚੁੱਲ੍ਹੇ ਉਤੇ ਕਦੇ ਕੋਈ ਜੂਠੀ ਵਸਤੂ ਨਹੀਂ ਸੀ ਰੱਖੀ ਜਾਂਦੀ ਤੇ ਨਾ ਹੀ ਚੁੱਲ੍ਹੇ ਦੀ ਅੱਗ ਬੁਝਾਣ ਲਈ ਜੂਠਾ ਪਾਣੀ ਵਰਤਿਆ ਜਾਂਦਾ। ਚੁੱਲ੍ਹੇ ਦੇ ਨੇੜੇ ਕਦੇ ਵੀ ਕੋਈ ਜੁੱਤੀ ਨਾ ਲਿਜਾਂਦਾ। ਇਸ ਤਰ੍ਹਾਂ ਚੁੱਲ੍ਹੇ ਦੇ ਭ੍ਰਿਸ਼ਟ ਜਾਣ ਦਾ ਡਰ ਹੁੰਦਾ ਹੈ।

ਪਹਿਲਿਆਂ ਵਿਚ, ਲੋਕੀਂ ਰਾਤ ਨੂੰ, ਚੁੱਲ੍ਹੇ ਦੀ ਸਵਾਹ ਵਿਚ, ਅੱਗ ਦੱਬ ਦੇਂਦੇ ਸਨ ਤੇ ਸਵੇਰੇ ਉਸ ਅੱਗ ਤੋਂ ਸਵਾਹ ਝਾੜ ਕੇ ਮੁੜ ਭਖਾ ਲੈਂਦੇ ਸਨ। ਲੋਹੜੀ ਦੀ ਅੱਗ ਨੂੰ, ਚੁੱਲ੍ਹੇ ਵਿਚ ਰੱਖਣ ਨਾਲ ਘਰ ਵਿਚ ਬਰਕਤ ਰਹਿੰਦੀ ਮੰਨੀ ਜਾਂਦੀ ਹੈ ਤੇ ਚੁੱਲ੍ਹੇ ਵਿਚ ਹਮੇਸ਼ਾ ਅੱਗ ਭਖਦੀ ਰਹਿੰਦੀ ਹੈ, ਅਥਵਾ ਅੰਨ ਦਾ ਕਦੇ ਤੋਟਾ ਨਹੀਂ ਪੈਂਦਾ। ਇਸ ਲਈ ਲੋਹੜੀ ਦੀ ਰਾਤ ਨੂੰ ਤੀਵੀਆਂ, ਲੋਹੜੀ ਦੀ ਅੱਗ ਆਪਣੇ ਚੁੱਲ੍ਹੇ ਵਿਚ ਦੱਬ ਦਿਤਾ ਕਰਦੀਆਂ।

ਚੁੱਲ੍ਹਾ ਘਰ ਵਿਚ ਸਭ ਤੋਂ ਸੁਰੱਖਿਅਤ ਥਾਂ ਹੋਣ ਕਰ ਕੇ, ਪਹਿਲਿਆਂ ਵਿਚ, ਕਈ ਲੋਕ ਆਪਣਾ ਸੋਨਾ-ਚਾਂਦੀ

ਵੱਖਰਾ ਹੋ ਜਾਂਦਾ, ਤਾਂ ਉਸ ਦਾ ਚੁੱਲ੍ਹਾ-ਚੌਕਾ ਵੀ ਵੱਖਰਾ ਕਰ ਦਿਤਾ ਜਾਂਦਾ। ਜਿਸ ਵਿਹੜੇ ਵਿਚ ਜਿਤਨੇ ਟੱਬਰ ਰਹਿੰਦੇ, ਉਤਨੀਆਂ ਚੁੱਲ੍ਹਾਂ ਹੁੰਦੀਆਂ। ਚੁੱਲ੍ਹਾ ਵੱਖ ਹੋਣ ਨਾਲ, ਜ਼ਰੂਰੀ ਨਹੀਂ, ਕੰਮ ਕਾਰ ਵੀ ਵੱਖਰੇ ਹੋਣ। ਕਈ ਵਾਰ ਚੁੱਲ੍ਹਾਂ ਭਾਵੇਂ ਵੱਖਰੀਆਂ ਹੁੰਦੀਆਂ, ਪਰ ਭਰਾਵਾਂ ਦੇ ਕੰਮ/ਖੇਤ ਸਾਂਝੇ ਹੁੰਦੇ ਸਨ।

ਮਹੱਲੇ ਵਿਚ ਜੇ ਕਿਸੇ ਦੀ ਮ੍ਰਿਤੂ ਹੋ ਜਾਵੇ ਤਾਂ ਉਦੋਂ ਤਕ ਚੁੱਲ੍ਹੇ ਵਿਚ ਅੱਗ ਨਹੀਂ ਬਾਲੀ ਜਾਂਦੀ, ਜਦੋਂ ਤਕ ਕਿ ਉਸ ਪ੍ਰਾਣੀ ਦਾ ਸੰਸਕਾਰ ਨਾ ਹੋ ਜਾਵੇ।

(ਚ-146) **ਚੂੱਲੀ :**

ਮੂੰਹ ਸਾਫ਼ ਕਰਨ ਲਈ ਪਾਣੀ ਦਾ ਘੁਟ ਭਰ ਕੇ ਮਥਣਾ ਤੇ ਫਿਰ ਬਾਹਰ ਸੁਟਣਾ। ਪਾਠ/ਮੰਤਰਾਂ ਦਾ ਉਚਾਰਨ ਕਰਨ ਲਗਿਆਂ ਪਹਿਲਾਂ ਚੁੱਲੀ ਕਰ ਕੇ ਮੂੰਹ ਸਾਫ਼ ਕਰ ਲਿਆ ਜਾਂਦਾ ਹੈ। ਚੂੱਲੀ ਦਾ ਮਹਾਤਮ, ਇਸ਼ਨਾਨ ਦੇ ਬਰਾਬਰ ਹੀ ਮੰਨਿਆ ਗਿਆ ਹੈ। ਚੂੱਲੀ ਕਰੇ ਬਿਨਾ ਕੀਤਾ ਪੂਜਾ ਪਾਠ ਲੇਖੇ ਨਹੀਂ ਲਗਦਾ। ਸੰਸਕਾਰਾਂ ਸਮੇਂ ਵੀ ਹਿੰਦੂਆਂ ਵਿਚ ਚੂੱਲੀ ਭਰਨ ਦਾ ਰਿਵਾਜ ਹੈ।

(ਚ-147) **ਚੂੱਲੀ ਦੇਣਾ :**

ਕਿਸੇ ਪਵਿਤ੍ਰ ਤੀਰਥ ਉਤੇ ਜਦੋਂ ਹਿੰਦੂ ਇਸ਼ਨਾਨ ਕਰਦੇ ਹਨ ਤਾਂ ਚੂੱਲੀ ਦਾਨ ਦੇਣਾ ਆਪਣਾ ਕਰਤੱਵ ਸਮਝਦੇ ਹਨ। ਭਾਵ ਇਹ ਹੈ ਕਿ ਮੂੰਹ ਵਿਚ ਚੂੱਲੀ ਭਰ ਕੇ ਕਿਸੇ ਚੀਜ਼ ਨੂੰ ਹਮੇਸ਼ਾਂ ਲਈ ਤਿਆਗ ਦੇਣ ਦਾ ਸੰਕਲਪ ਕਰਨਾ। ਫਿਰ ਜੀਵਨ ਭਰ ਉਸ ਵਸਤੂ ਨੂੰ ਵਰਤਣਾ ਅਧਰਮ ਸਮਝਿਆ ਜਾਂਦਾ। ਕਈ ਹਿੰਦੂ ਹਰਦੁਆਰ ਜਾ ਕੇ ਪਿਆਜ਼, ਥੋਮ, ਕੋਈ ਦਾਲ, ਟਮਾਟਰ ਜਾਂ ਕੋਈ ਹੋਰ ਸਬਜ਼ੀ, ਫਲ ਆਦਿ ਹਮੇਸ਼ਾ ਲਈ ਤਿਆਗਣ ਦਾ ਸੰਕਲਪ ਕਰ ਆਉਂਦੇ ਹਨ। ਇਹ ਸੰਕਲਪ ਚੂੱਲੀ ਭਰ ਕੇ ਕੀਤਾ ਜਾਂਦਾ ਹੈ, ਇਸ ਲਈ ਇਸ ਨੂੰ 'ਚੂੱਲੀ ਦੇਣਾ' ਕਹਿੰਦੇ ਹਨ। ਇਹ ਵੀ ਗੁਪਤ ਦਾਨ ਦੇ ਤੁਲ ਹੈ।

(ਚ-148) **ਚੁੱਲੀਆਂ ਲੈਣੀਆਂ :**

ਕਿਸੇ ਨੂੰ ਧਰਮ ਦੀ ਭੈਣ/ਭਰਾ ਬਨਾਉਣ ਦੀ ਪ੍ਰਤਿਗਿਆ ਸਮੇਂ, ਗੰਗਾ ਮਾਈ ਨੂੰ ਸਾਮਰਤੱਖ ਜਾਣ ਕੇ, ਗੰਗਾ ਦੇ ਜਲ ਦੀ ਚੂੱਲੀ ਭਰੀ ਜਾਂਦੀ ਹੈ। ਧਾਰਨਾ ਹੈ ਕਿ ਇਸ ਤਰ੍ਹਾਂ

ਗੰਗਾ ਜਲ ਦੀ ਚੂੱਲੀ ਭਰ ਕੇ, ਦੂਜੀ ਕੁੜੀ ਦੀ ਬੁਕ ਵਿਚ ਪਾ ਦੇਂਦੀ ਹੈ ਤੇ ਉਹ ਕੁੜੀ ਉਸ ਨੂੰ ਪੀ ਜਾਂਦੀ ਹੈ। ਇਸੇ ਤਰ੍ਹਾਂ ਫਿਰ ਦੂਜੀ ਕੁੜੀ ਚੂੱਲੀ ਭਰਦੀ ਹੈ ਤੇ ਪਹਿਲੀ ਨੂੰ ਪੀਣ ਲਈ ਦੇਂਦੀ ਹੈ। ਇਹ ਰਵਾਜ ਬਹੁਤਾ ਕੁੜੀਆਂ ਵਿਚ ਹੀ ਪ੍ਰਚਲਤ ਹੈ।

ਕਈ ਵਾਰ ਗੰਗਾ ਮਾਈ ਨਾਲ, ਰਿਸ਼ਤਾ ਜੋੜਨ ਲਈ ਵੀ ਚੁੱਲੀਆਂ ਲੈਂਦੀਆਂ ਹਨ। ਪਹਿਲਾਂ ਇਕ ਚੁੱਲੀ ਪਾਣੀ ਦੀ ਗੰਗਾ ਮਾਈ ਤੋਂ ਲੈ ਕੇ ਪੀਤੀ ਜਾਂਦੀ ਹੈ। ਫਿਰ ਇਕ ਚੁੱਲੀ ਭਰ ਕੇ ਦਰਿਆ ਵਿਚ ਸੁਟ ਦਿਤੀ ਜਾਂਦੀ ਹੈ। ਧਾਰਨਾ ਹੈ ਕਿ ਇੰਜ ਕਰਨ ਨਾਲ ਗੰਗਾ ਮਾਈ ਉਨ੍ਹਾਂ ਦੀ ਧਰਮ-ਭੈਣ ਬਣ ਜਾਂਦੀ ਹੈ। ਫਿਰ ਗੰਗਾ ਛੇਤੀ ਛੇਤੀ ਉਨ੍ਹਾਂ ਨੂੰ ਇਸ਼ਨਾਨ ਕਰਾਉਣ ਲਈ ਸਦਦੀ ਰਹਿੰਦੀ ਹੈ ਅਤੇ ਹਮੇਸ਼ਾ ਬਖਸ਼ਿਸ਼ ਭਰਿਆ ਹੱਥ ਸਿਰ 'ਤੇ ਰਖਦੀ ਹੈ।

(ਚ-149) **ਚੁਵਰ੍ਹੀ :**

ਮੋਏ ਪ੍ਰਾਣੀ ਦਾ ਚੌਥੇ ਵਰ੍ਹੇ ਕੀਤਾ ਸਰਾਧ (ਵੇਖੋ : ਸਰਾਧ)।

(ਚ-150) **ਚੁੜੇਲ :**

ਕਿਸੇ ਤੀਵੀਂ ਦਾ ਪ੍ਰੇਤ। ਚੁੜੇਲਾਂ ਪੁਰਾਣਿਆਂ ਖੋਲਿਆਂ, ਉਜੜੀਆਂ ਥਾਵਾਂ ਤੇ ਬ੍ਰਿਛਾਂ ਉਤੇ ਨਿਵਾਸ ਕਰਦੀਆਂ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਡਾਇਣ ਵੀ ਕਿਹਾ ਜਾਂਦਾ ਹੈ। ਚੁੜੇਲਾਂ ਬਾਰੇ ਪੰਜਾਬ ਵਿਚ ਵੰਨ-ਸਵੰਨੀ ਲੋਕਧਾਰਾ ਪ੍ਰਚਲਤ ਹੈ।

ਲੋਕਾਂ ਦਾ ਨਿਸਚਾ ਹੈ ਕਿ ਜੇ ਕੋਈ ਤੀਵੀਂ ਗਰਭ ਦੇ ਦਿਨਾਂ ਵਿਚ, ਜਾਂ ਫਿਰ ਬੱਚੇ ਨੂੰ ਜਣਨ ਮਗਰੋਂ, ਪ੍ਰਸੂਤ ਦੇ ਦਿਨਾਂ ਵਿਚ ਮਰ ਜਾਵੇ, ਤਾਂ ਉਹ ਚੁੜੇਲ ਦੀ ਜੂਨ ਵਿਚ ਪੈਂਦੀ ਹੈ। ਇਕ ਹੋਰ ਧਾਰਨਾ ਅਨੁਸਾਰ ਜੇ ਮਰਨ ਵੇਲੇ ਜਿਸ ਤੀਵੀਂ ਦੇ ਆਪਣੇ ਛੋਟਿਆਂ ਬੱਚਿਆਂ ਵਲ ਵਧੇਰੇ ਧਿਆਨ ਹੋਵੇ, ਜਾਂ ਕੋਈ ਤੀਵੀਂ ਕਿਸੇ ਦੁਰਘਟਨਾ ਕਾਰਨ ਅਚਾਨਕ ਮਰ ਗਈ ਹੋਵੇ, ਜਾਂ ਫਿਰ ਬਾਂਝ ਇਸਤ੍ਰੀ, ਜਿਸ ਦੀਆਂ ਸੰਤਾਨ ਦੀਆਂ ਇਛਾਵਾਂ ਜੀਵਨ ਕਾਲ ਵਿਚ ਅਪੂਰਣ ਰਹੀਆਂ ਹੋਣ, ਉਹ ਮਰਨ ਮਗਰੋਂ ਚੁੜੇਲ ਬਣਦੀ ਹੈ। ਵਿਚਾਰ ਹੈ ਜਿਹੜੀ ਤੀਵੀਂ ਮੰਜੇ ਉਤੇ ਪਰਾਣ ਤਿਆਗੇ, ਉਹ ਵੀ ਚੁੜੇਲ ਦੀ ਜੂਨ ਵਿਚ ਪੈਂਦੀ ਹੈ।

ਚੁੜੇਲਾਂ ਨਿਰਾਕਾਰ ਵੀ ਹੁੰਦੀਆਂ ਹਨ ਤੇ ਸਾਕਾਰ ਵੀ।

ਉਜੜੀਆਂ ਥੇਹਾਂ ਵਿਚ ਵਸਦੀਆਂ ਹਨ ਅਤੇ ਮਨ ਇੱਛਤ ਰੂਪ ਧਾਰ ਕੇ ਲੰਘਦੇ ਰਾਹੀਆਂ ਨੂੰ ਭਟਕਾਂਦੀਆਂ ਹਨ। ਕਈ ਵਾਰ ਨਿਰਾਕਾਰ ਚੁੜੇਲ ਕਿਸੇ ਯੁਵਕ ਦੇ ਸਰੀਰ ਵਿਚ ਵਸ ਕੇ, ਉਸ ਨੂੰ ਕਈ ਤਰ੍ਹਾਂ ਦੇ ਤਸੀਹੇ ਤੇ ਦੁਖ ਦੇਂਦੀ ਹੈ।

ਚੁੜੇਲਾਂ ਸਾਕਾਰ ਰੂਪ ਵਿਚ ਵੀ ਵਿਚਰਦੀਆਂ ਹਨ। ਇਨ੍ਹਾਂ ਦੇ ਕੁਝ ਪਛਾਣ ਚਿੰਨ੍ਹ ਹਨ। ਲੋਕਾਂ ਦਾ ਨਿਸਚਾ ਹੈ ਕਿ ਚੁੜੇਲ ਦੇ ਪੈਰ ਵਿੰਗੇ ਹੁੰਦੇ ਹਨ ਜਾਂ ਪੈਰ ਦਾ ਪੰਜਾ ਪਿਛੇ ਵਲ ਹੁੰਦਾ ਹੈ ਤੇ ਅੱਡੀ ਅਗੇ ਵਲ। ਚੁੜੇਲ ਅੱਖਾਂ ਨਹੀਂ ਝਪਕਾਂਦੀ। ਇਸ ਦਾ ਪਰਛਾਵਾਂ ਵੀ ਨਹੀਂ ਹੁੰਦਾ।

ਪੰਜਾਬ ਦੇ ਚੂਹੜੇ, ਜਦੋਂ ਕਿਸੇ ਗਰਭਵਤੀ ਦੀ ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਕਰਦੇ ਹਨ ਤਾਂ ਉਸ ਦੇ ਹੱਥਾਂ ਤੇ ਪੈਰਾਂ ਵਿਚ ਕਿਲਾਂ ਠੋਕ ਦੇਂਦੇ ਹਨ ਤਾਂ ਜੋ ਉਹ ਚੁੜੇਲ ਬਣ ਕੇ ਤੁਰ ਫਿਰ ਨਾ ਸਕੇ। ਕਈ ਵਾਰ ਮ੍ਰਿਤਕ ਗਰਭਵਤੀ ਦੀਆਂ ਅੱਖਾਂ ਵਿਚ ਲਾਲ ਮਿਰਚਾਂ ਪਾ ਦੇਂਦੇ ਹਨ ਤੇ ਉਸ ਦੇ ਪੈਰਾਂ ਦੁਆਲੇ ਇਕ ਜ਼ੰਜੀਰੀ ਬੰਨ੍ਹ ਦੇਂਦੇ ਹਨ। ਮਰਘਟ ਵਲ ਅਰਥੀ ਲਿਜਾਂਦੇ ਹੋਏ, ਰਾਹ ਵਿਚ ਸਰਹੋਂ ਦੇ ਬੀਜ ਬਿਖੇਰਦੇ ਜਾਂਦੇ ਹਨ ਤਾਂ ਜੋ ਗਰਭਵਤੀ ਦਾ ਪ੍ਰੇਤ ਜੇ ਆਪਣੇ ਘਰ ਵਾਪਸ ਆਉਣਾ ਚਾਹੇ ਤਾਂ ਰਾਹ ਵਿਚੋਂ ਬੀਜ ਚੁਣਦੇ ਚੁਣਦੇ ਥਕ ਜਾਵੇ। ਪ੍ਰੇਤ ਨੂੰ ਦੂਰ ਰਖਣ ਲਈ ਕਈ ਤਰ੍ਹਾਂ ਦੇ ਟੂਣੇ ਵੀ ਕੀਤੇ ਜਾਂਦੇ ਹਨ।

ਕੁਲੂ ਵਿਚ ਜਦੋਂ ਕੋਈ ਤੀਵੀਂ ਗਰਭ ਦੇ ਦਿਨਾਂ ਵਿਚ ਮਰ ਜਾਵੇ ਤਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਦੇ ਪਤੀ ਨੇ ਘੋਰ ਪਾਪ ਕੀਤਾ ਹੈ ਤੇ ਲੋਕੀ ਉਸ ਨੂੰ ਅਪਵਿਤਰ ਸਮਝ ਕੇ ਉਦੋਂ ਤਕ ਉਸਦੇ ਨੇੜੇ ਨਹੀਂ ਢੁਕਦੇ ਜਦੋਂ ਤਕ ਉਹ ਆਪਣੇ ਪਾਪ ਦੇ ਪ੍ਰਾਸਚਿਤ ਲਈ ਫ਼ਕੀਰ ਦੇ ਭੇਸ ਵਿਚ ਤੀਰਥਾਂ ਦੀ ਯਾਤ੍ਰਾ ਨਹੀਂ ਕਰਦਾ। ਪਹਿਲਿਆਂ ਵਿਚ ਕਈ ਵਾਰ ਦਾਹ-ਸੰਸਕਾਰ ਤੋਂ ਪਹਿਲਾਂ, ਗਰਭਵਤੀ ਦੀ ਮ੍ਰਿਤਕ ਦੇਹ ਵਿਚੋਂ, ਬੱਚਾ ਕੱਢ ਲਿਆ ਜਾਂਦਾ ਸੀ। ਕੁਝ ਅਜਿਹੇ ਹੋਰ ਕਰਮ ਕਾਂਡ ਵੀ ਕੀਤੇ ਜਾਂਦੇ ਸਨ ਤਾਂ ਜੋ ਗਰਭਵਤੀ ਦਾ ਪ੍ਰੇਤ ਚੁੜੇਲ ਨਾ ਬਣ ਸਕੇ।

ਪੰਜਾਬ ਵਿਚ ਵੀ, ਗਰਭਵਤੀ ਜਾਂ ਨਿਰਸੰਤਾਨ ਤੀਵੀਂ ਨੂੰ ਚੁੜੇਲ ਦੀ ਜੂਨ ਵਿਚ ਪੈਣ ਤੋਂ ਰੋਕਣ ਲਈ, ਕੁਝ ਉਪਾ ਕੀਤੇ ਜਾਂਦੇ ਹਨ। ਕਈ ਵਾਰ ਮ੍ਰਿਤਕ ਦੀਆਂ ਉਂਗਲਾਂ ਦੇ ਨਹੁੰਆਂ ਵਿਚ ਗੋਲ ਸਿਰੇ ਵਾਲੀਆਂ ਛੋਟੀਆਂ ਕਿਲਾਂ ਗੱਡ ਦੇਂਦੇ ਹਨ ਜਾਂ ਲੋਹੇ ਦੇ ਛੱਲੇ ਮ੍ਰਿਤਕ ਦੇ ਹੱਥਾਂ ਤੇ ਪੈਰਾਂ

ਦਿਵਾਲੀ ਦੇ ਦਿਨਾਂ ਵਿਚ ਜੇ ਕੋਈ ਗਰਭਵਤੀ ਮਰ ਜਾਵੇ ਤਾਂ ਉਹ ਬੜੀ ਖ਼ਤਰਨਾਕ ਚੁੜੇਲ ਬਣਦੀ ਹੈ ਤੇ ਆਪਣੀ ਕੁੱਲ ਦੇ ਲੋਕਾਂ ਨੂੰ ਬੜੇ ਦੁਖ ਤਸੀਹੇ ਦੇਂਦੀ ਹੈ। ਅਜਿਹੀ ਗਰਭਵਤੀ ਤੋਂ ਬਚਣ ਲਈ ਮਰਘਟ ਨੂੰ ਜਾਂਦਿਆਂ ਰਾਹ ਵਿਚ ਸਰਹੋਂ ਬੀਜਣ ਦਾ ਉਪਾ ਕੀਤਾ ਜਾਂਦਾ ਹੈ।

ਕੁਝ ਉਪਰਲੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਨਿਸਚਾ ਹੈ ਕਿ ਅਖੌਤੀ ਪਛੜੀਆਂ ਸ਼੍ਰੇਣੀਆਂ ਦੀਆਂ ਤੀਵੀਆਂ ਮਰਨ ਮਗਰੋਂ ਚੁੜੇਲਾਂ ਬਣਦੀਆਂ ਹਨ। ਇਸੇ ਲਈ ਕਈ ਨੀਵੀਆਂ ਜਾਤੀਆਂ ਵਿਚ, ਤੀਵੀਆਂ ਨੂੰ ਹੇਠਾਂ ਵਲ ਮੂੰਹ ਕਰ ਕੇ, ਦਬਿਆ ਜਾਂ ਸਾੜਿਆ ਜਾਂਦਾ ਹੈ ਤਾਂ ਜੋ ਉਨ੍ਹਾਂ ਦਾ ਪ੍ਰੇਤ ਬਚ ਕੇ ਨਾ ਜਾਵੇ ਜਾਂ ਭੁਲਾਵੇ ਵਿਚ ਪਿਆ ਰਹੇ। ਇਹ ਪ੍ਰਥਾ ਉਪਰਲੀਆਂ ਜਾਤੀਆਂ ਦੀ ਪ੍ਰੇਰਨਾ ਉਤੇ ਹੀ, ਨੀਵੀਆਂ ਜਾਤੀਆਂ ਵਿਚ ਪ੍ਰਚਲਤ ਹੋਈ ਜਾਪਦੀ ਹੈ।

ਇਕ ਵਿਚਾਰ ਅਨੁਸਾਰ, ਚੁੜੇਲ ਦੇ ਸੰਕਲਪ ਦਾ ਉਦਭਵ, ਪਛੜੀਆਂ ਜਾਤੀਆਂ ਦੀਆਂ ਉਨ੍ਹਾਂ ਤੀਵੀਆਂ ਤੋਂ ਹੋਇਆ, ਜੋ ਟੂਣੇ-ਟੱਪੇ ਤੇ ਗੰਡ-ਤਵੀਤ ਨਾਲ ਉੱਚੀਆਂ ਸ਼੍ਰੇਣੀਆਂ ਦੀਆਂ ਤੀਵੀਆਂ ਤੇ ਬੱਚਿਆਂ ਨੂੰ ਹਾਨੀ ਪਹੁੰਚਾਂਦੀਆਂ ਸਨ।

ਪਛੜੀਆਂ ਜਾਤੀਆਂ ਦੀਆਂ ਤੀਵੀਆਂ ਅਨਪੜ੍ਹ ਤੇ ਭਰਮਾਂ ਵਹਿਮਾਂ ਵਿਚ ਗ੍ਰਸੀਆਂ ਹੋਣ ਕਰ ਕੇ ਜਾਦੂ ਟੂਣੇ ਉਤੇ ਵਧੇਰੇ ਵਿਸ਼ਵਾਸ਼ ਰਖਦੀਆਂ ਸਨ ਤੇ ਜਾਦੂ-ਕਲਾ ਵਿਚ ਨਿਪੁੰਨ ਤੀਵੀਆਂ ਨੂੰ ਚੁੜੇਲਾਂ ਕਹਿ ਕੇ ਦੁਰਕਾਰਿਆ ਜਾਣ ਲਗਾ। ਪਛੜੀਆਂ ਜਾਤੀਆਂ ਦੀਆਂ ਤੀਵੀਆਂ ਆਮ ਕਰਕੇ ਮੈਲੀਆਂ ਕੁਚੈਲੀਆਂ ਰਹਿੰਦੀਆਂ ਸਨ। ਉਨ੍ਹਾਂ ਦੇ ਖੁਸ਼ਕ ਵਾਲ ਹਮੇਸ਼ਾ ਖਿੰਡ ਕੇ ਮੂੰਹ ਤੇ ਪਏ ਰਹਿੰਦੇ ਤੇ ਉਪਰਲੀਆਂ ਜਾਤੀਆਂ ਵਾਲੇ ਉਹਨਾਂ ਦੀ ਬਦਨਜ਼ਰ ਤੇ ਪਰਛਾਵੇਂ ਤੋਂ ਆਪਣੇ ਬੱਚਿਆਂ ਨੂੰ ਉਹਲੇ ਰਖਦੇ।

ਪੰਜਾਬ ਵਿਚ ਕਈ ਨਿਰਸੰਤਾਨ ਤੀਵੀਆਂ, ਆਲ ਔਲਾਦ ਲਈ, ਟੂਣੇ ਟੱਪਿਆਂ ਤੇ ਗੰਢ-ਤਵੀਤਾਂ ਦਾ ਆਸਰਾ ਲੈਂਦੀਆਂ ਹਨ। ਹੌਲੇ ਹੌਲੇ ਉਨ੍ਹਾਂ ਦੀ ਮਾਨਸਿਕ ਅਵਸਥਾ ਇਤਨੀ ਨਿਘਰ ਜਾਂਦੀ ਹੈ ਕਿ ਉਹ ਅੰਗ-ਸਾਕਾਂ ਜਾਂ ਗਲੀ ਗੁਆਂਢ ਦੇ ਕਿਸੇ ਬੱਚੇ ਨੂੰ ਮਾਰ ਕੇ ਟੂਣੇ ਦੁਆਰਾ, ਉਸਨੂੰ ਆਪਣੇ ਗਰਭ ਵਿਚ ਪਰਵੇਸ ਕਰਨ ਦਾ ਯਤਨ ਕਰਦੀਆਂ ਹਨ। ਜਿਨ੍ਹਾਂ ਜਾਤਾਂ ਕਬੀਲਿਆਂ ਵਿਚ ਟੂਣੇ ਦਾ ਰਵਾਜ ਹੈ, ਉਥੇ ਔਂਤਰੀਆਂ ਤੀਵੀਆਂ ਉਤੇ ਵਿਸ਼ਵਾਸ ਨਹੀਂ

(ਚ-151) **ਚੂਹਾ** :

ਚੂਹੇ ਨਾਲ ਕਈ ਤਰ੍ਹਾਂ ਦੀਆਂ ਮਨੌਤਾਂ, ਅਖਾਣ ਤੇ ਨੀਤੀ ਕਥਾਵਾਂ ਸੰਬੰਧਿਤ ਹਨ। ਚੂਹਾ ਗਣੇਸ਼ ਦੇਵਤੇ ਦਾ ਵਾਹਣ ਹੋਣ ਕਰ ਕੇ, ਗਣੇਸ਼ ਭਗਤ ਇਸ ਦਾ ਆਦਰ ਕਰਦੇ ਹਨ। ਜੇ ਕਿਸੇ ਕੰਮ ਨੂੰ ਸ਼ੁਰੂ ਕਰਨ ਲਗਿਆਂ ਚੂਹੀ-ਚੂਹਾ ਨਜ਼ਰ ਆ ਜਾਣ ਤਾਂ ਸ਼ੁਭ ਹੈ, ਕੰਮ ਵਿਚ ਬਰਕਤ ਪਏਗੀ। ਕਿਉਂ ਜੋ ਚੂਹੇ ਬੜੀ ਛੇਤੀ ਵਧਦੇ ਫੁਲਦੇ ਹਨ। ਜੇ ਕੋਈ ਚੂਹਾ ਬਹੁਤ ਉੱਚੀ ਛਾਲ ਮਾਰੇ ਤਾਂ ਉਸਦੀ ਖੁੱਡ ਹੇਠਾਂ ਧਨ ਦਬਿਆ ਮੰਨਿਆ ਜਾਂਦਾ ਹੈ। 'ਪੰਚ-ਤੰਤਰ' ਦੀ ਇਕ ਕਥਾ ਵਿਚ ਇਸ ਮਨੌਤ ਵਲ ਸੰਕੇਤ ਹੈ।

ਚੂਹਿਆਂ ਬਾਰੇ ਕਈ ਨੀਤੀ-ਕਥਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ 'ਬਿੱਲੀ ਦੇ ਗਲ ਟੱਲੀ' ਅਤੇ 'ਸ਼ੇਰ ਤੇ ਚੂਹੇ' ਦੀ ਕਥਾ ਬਹੁਤ ਪ੍ਰਸਿਧ ਹੈ। ਪਹਿਲੀ ਕਥਾ ਵਿਚ ਬਿੱਲੀ ਤੋਂ ਤੰਗ ਆਏ ਚੂਹੇ, ਇਕ ਇਕੱਠ ਵਿਚ ਇਹ ਫੈਸਲਾ ਕਰਦੇ ਹਨ ਕਿ ਬਿੱਲੀ ਦੇ ਗਲੇ ਵਿਚ ਟੱਲੀ ਬੰਨ੍ਹ ਦਿਤੀ ਜਾਵੇ ਤਾਂ ਜੋ ਉਸ ਦੇ ਆਉਣ ਦਾ ਪਹਿਲੇ ਤੋਂ ਹੀ ਚੂਹਿਆਂ ਨੂੰ ਪਤਾ ਲਗ ਜਾਵੇ ਤੇ ਉਹ ਖੁੱਡਾਂ ਵਿਚ ਵੜ ਜਾਣ। ਇਕ ਬਿਰਧ ਚੂਹੇ ਨੇ ਕਿਹਾ ਕਿ ਇਹ ਮਤਾ ਤਾਂ ਬੜਾ ਚੰਗਾ ਹੈ, ਪਰ ਬਿੱਲੀ ਦੇ ਗਲ ਟੱਲੀ ਬੰਨ੍ਹੇਗਾ ਕੌਣ ?

ਦੂਜੀ ਕਥਾ ਵਿਚ ਚੂਹਾ ਸਹਾਇਕ ਪਸ਼ੂ ਹੈ। ਚੂਹਾ ਸੁੱਤੇ ਪਏ ਸ਼ੇਰ ਦੀ ਨੀਂਦ ਖ਼ਰਾਬ ਕਰ ਦੇਂਦਾ ਹੈ। ਸ਼ੇਰ ਚੂਹੇ ਨੂੰ ਫੜ ਲੈਂਦਾ ਹੈ ਪਰ ਮਾਰਦਾ ਨਹੀਂ। ਮਗਰੋਂ ਜਦੋਂ ਸ਼ੇਰ ਸ਼ਿਕਾਰੀ ਦੇ ਜਾਲ ਵਿਚ ਫਸ ਜਾਂਦਾ ਹੈ, ਤਾਂ ਚੂਹਾ ਜਾਲ ਨੂੰ ਕੁਤਰ ਕੇ ਉਸ ਨੂੰ ਮੁਕਤ ਕਰ ਦਿੰਦਾ ਹੈ।

ਇਕ ਹੋਰ ਕਥਾ ਅਨੁਸਾਰ ਇਕ ਚੂਹੀ ਉਤੇ ਇਕ ਰਿਸ਼ੀ ਨੇ ਪ੍ਰਸੰਨ ਹੋ ਕੇ ਉਸ ਨੂੰ ਸੁੰਦਰ ਕੰਨਿਆ ਦੇ ਰੂਪ ਵਿਚ ਬਦਲ ਦੇਂਦਾ ਹੈ। ਜਦੋਂ ਕੰਨਿਆਂ ਮੁਟਿਆਰ ਹੋ ਜਾਂਦੀ ਹੈ ਤੇ ਰਿਸ਼ੀ ਉਸ ਲਈ ਕੋਈ ਚੰਗਾ ਜਿਹਾ ਵਰ ਢੂੰਡਦਾ ਹੈ। ਪਰ ਕੰਨਿਆਂ ਸਭ ਵਰ ਰੱਦ ਕਰ ਦੇਂਦੀ ਹੈ ਤੇ ਚੂਹੇ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟ ਕਰਦੀ ਹੈ। ਇਸ ਤੇ ਰਿਸ਼ੀ ਉਸ ਨੂੰ ਮੁੜ ਚੂਹੀ ਬਣਾ ਦੇਂਦਾ ਹੈ। ਇਹ ਕਥਾ ਉਨ੍ਹਾਂ ਮਾਨਸਿਕ ਭਾਵਨਾਵਾਂ ਤੇ ਪਰੰਪਰਾਵਾਂ ਜੀਵਨਧਾਰਾ ਦਾ ਇਉਂ ਸੰਗ ਕਰਦੀਆਂ ਹਨ ਕਿ ਮੁੜ ਉਨ੍ਹਾਂ ਤੋਂ ਟੁਟਣਾ ਸਹਿਜ ਨਹੀਂ ਹੁੰਦਾ।

(ਚ-152) **ਚੂਚਕ** :

ਹੀਰ ਦਾ ਪਿਉ, ਜੋ ਝੰਗ ਸਿਆਲ ਦਾ ਰਹਿਣ ਵਾਲਾ ਸਿਆਲਾਂ ਦੇ ਇਕ ਮੁਖੀਏ ਚੂਚਕ ਦਾ ਜ਼ਿਕਰ ਆਉਂਦਾ ਹੈ। ਮਲ ਖਾਨ ਸਿਆਲਾਂ ਤੋਂ ਨਾਵੀਂ ਪੀੜ੍ਹੀ ਉਤੇ ਸੀ ਅਤੇ 'ਝੰਗ ਗਜ਼ਟੀਅਰ' ਅਨੁਸਾਰ ਉਸ ਨੇ 1462 ਈ: ਵਿਚ ਝਨਾਂ ਦੇ ਕੰਢੇ ਝੰਗ ਵਸਾਇਆ।

(ਚ-153) **ਚੂੜਕਰਣ ਸੰਸਕਾਰ** :

ਹਿੰਦੂਆਂ ਦੇ ਸੋਲਾਂ ਪ੍ਰਸਿਧ ਸੰਸਕਾਰਾਂ ਵਿਚੋਂ ਇਕ; ਇਸ ਦਾ ਮੰਤਵ ਦੀਰਘ ਆਯੂ ਦੀ ਪ੍ਰਾਪਤੀ ਲਈ ਸਿਰ-ਮੁੰਡਾਣਾ ਹੈ। ਵਿਸ਼ਿਸ਼ਟ ਅਨੁਸਾਰ ਸਿਰ ਮੁੰਡਣ ਦੇ ਸੰਸਕਾਰ ਨਾਲ ਆਯੂ ਦੀਰਘ ਹੋ ਜਾਂਦੀ ਹੈ (ਸੰਸਕਾਰ ਪ੍ਰਕਾਸ਼, 296)। ਇਸ ਸੰਸਕਾਰ ਦਾ ਅਸਲ ਮੰਤਵ ਆਪਣੇ ਇਸ਼ਟ ਨੂੰ ਕੇਸਾਂ ਦੀ ਭੇਟਾ ਦੇਣਾ ਸੀ। ਕੇਸ ਮਨੁੱਖੀ ਸਰੀਰ ਦਾ ਸਭ ਤੋਂ ਉਤਮ ਅੰਸ਼ ਮੰਨੇ ਜਾਂਦੇ ਹਨ ਤੇ ਇਨ੍ਹਾਂ ਦੀ ਭੇਟਾ ਬਲੀ ਦੇ ਤੁਲ ਸਮਝੀ ਜਾਂਦੀ ਸੀ। ਆਰੰਭ ਵਿਚ ਇਹ ਰਸਮ ਮੰਦਰਾਂ ਵਿਚ ਕੀਤੀ ਜਾਂਦੀ ਸੀ।

ਚੂੜਕਰਣ ਸੰਸਕਾਰ ਸਮੇਂ ਪੜ੍ਹੇ ਜਾਣ ਵਾਲੇ, ਜੋ ਸ਼ਲੋਕ, ਗ੍ਰਿਹ-ਸੂਤਰਾਂ ਵਿਚ ਮਿਲਦੇ ਹਨ, ਉਹ ਸਾਰੇ ਵੇਦਾਂ ਵਿਚੋਂ ਲਏ ਗਏ ਹਨ। ਵੇਦਾਂ ਵਿਚ ਇਸ ਸੰਸਕਾਰ ਬਾਰੇ ਅਨੇਕਾਂ ਸੰਕੇਤ ਤੇ ਵਰਨਣ ਮਿਲਦੇ ਹਨ, ਜਿਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਚੂੜਕਰਣ ਵੈਦਿਕ ਕਾਲ ਸਮੇਂ ਹੀ ਧਾਰਮਿਕ ਰਹੁ-ਰੀਤ ਬਣ ਚੁਕੀ ਸੀ।

ਗ੍ਰਿਹ ਸੂਤਰਾਂ ਅਨੁਸਾਰ ਇਹ ਰਸਮ ਪਹਿਲੇ ਵਰ੍ਹੇ ਦੇ ਅਖੀਰ ਵਿਚ ਜਾਂ ਤੀਜੇ ਵਰ੍ਹੇ ਦੇ ਮੁੱਕਣ ਤੋਂ ਪਹਿਲਾਂ ਕਰਨੀ ਚਾਹੀਦੀ ਹੈ। ਮਨੂ-ਸਿਮਰਤੀ ਵਿਚ ਵੀ ਇਹੋ ਸਮਾਂ ਯੋਗ ਮੰਨਿਆ ਗਿਆ ਹੈ। ਪਰ ਮਗਰੋਂ ਇਹ ਰਸਮ ਪੰਜਵੇਂ ਜਾਂ ਸਤਵੇਂ ਸਾਲ ਕੀਤੀ ਜਾਣ ਲਗੀ, ਪਰ ਇਹ ਰੀਤ ਜਿਸਤ ਸਾਲਾਂ ਅਥਵਾ ਦੂਜੇ, ਚੌਥੇ, ਅਠਵੇਂ, ਦਸਵੇਂ ਸਾਲ ਵਿਚ ਕਰਨੀ ਵਿਵਰਜਤ ਹੈ। ਇਹ ਰੀਤ ਸਾਲ ਦੇ ਉਸ ਖੰਡ ਵਿਚ ਕਰਨੀ ਜ਼ਿਆਦਾ ਸ਼ੁਭ ਹੈ, ਜਦੋਂ ਸੂਰਜ ਉਤਰਾਇਣ ਵਿਚ ਹੁੰਦਾ ਹੈ। 'ਰਾਜ ਮਾਰਤੰਡ' ਅਨੁਸਾਰ ਚੇਤਰ ਤੇ ਪੋਹ ਵਿਚ, ਅਤੇ 'ਸਾਰ ਸੰਗ੍ਰਹਿ' ਅਨੁਸਾਰ ਜੇਠ ਤੇ ਮੱਘਰ ਵਿਚ, ਇਸ ਸੰਸਕਾਰ ਦੀ ਮਨਾਹੀ ਹੈ। ਜੇ ਬੱਚੇ ਦੀ ਮਾਂ ਮਾਹਵਾਰੀ ਵਿਚ ਹੋਵੇ ਜਾਂ ਗਰਭਵਤੀ ਹੋਵੇ ਤਾਂ ਵੀ ਇਹ ਰੀਤ ਪਿਛੇ ਪਾ ਦੇਣੀ ਚਾਹੀਦੀ ਹੈ ਕਿਉਂ ਜੋ ਅਜਿਹੀ ਹਾਲਤ ਵਿਚ ਮਾਂ ਪੂਰੀ ਸ਼ੁਧਤਾ ਨਾਲ, ਇਸ ਰੀਤ ਵਿਚ ਸ਼ਾਮਲ ਨਹੀਂ ਹੋ ਸਕਦੀ।

ਚੂੜਕਰਣ ਸੰਸਕਾਰ ਸਮੇਂ ਸਿਰ ਦੀ ਚੋਟੀ ਉਤੇ ਬੋਦੀ

ਤੇ ਕਸ਼ਪ ਵਾਲੇ ਦੋ । ਭ੍ਰਿਗੂ ਦੀ ਵੰਸ਼ ਬੋਦੀ ਨਹੀਂ ਸੀ ਰਖਦੀ, ਪਰ ਮਗਰੋਂ ਸਾਰੇ ਉੱਤਰੀ ਭਾਰਤ ਵਿਚ ਇਕੋ ਬੋਦੀ ਰੱਖਣ ਦਾ ਰਿਵਾਜ ਪੈ ਗਿਆ । ਦੱਖਣ ਵਿਚ ਪੁਰਾਣੀ ਪਰੰਪਰਾ ਅਜੇ ਵੀ ਪ੍ਰਚਲਤ ਹੈ ।

ਚੂੰਡਕਰਣ ਸੰਸਕਾਰ ਵਾਲੇ ਦਿਨ ਪਹਿਲਾ ਸੰਕਲਪ ਕੀਤਾ ਜਾਂਦਾ ਹੈ, ਫਿਰ ਗਣੇਸ਼ ਦੀ ਪੂਜਾ ਤੇ ਮੰਗਲ ਸਰਾਧ । ਬ੍ਰਾਹਮਣਾਂ ਨੂੰ ਭੋਜ ਦਿਤਾ ਜਾਂਦਾ ਹੈ । ਬੱਚੇ ਦੀ ਮਾਂ ਬੱਚੇ ਨੂੰ ਪਹਿਲਾਂ ਨਵ੍ਹਾਂਦੀ ਤੇ ਨਵੇਂ ਕਪੜੇ ਪਹਿਨਾਂਦੀ ਹੈ । ਫਿਰ ਉਹਨੂੰ ਗੋਦ ਵਿਚ ਲੈ ਕੇ, ਹਵਨ ਦੇ ਕੋਲ ਪੱਛਮ ਵਲ ਬੈਠ ਜਾਂਦੀ ਹੈ । ਬੱਚੇ ਦਾ ਪਿਉ ਨਾਈ ਨੂੰ ਸੱਦਦਾ ਹੈ । ਜੋ ਕੁੱਸਾ ਘਾਹ ਦੇ ਨਾਲ ਵਾਲਾਂ ਦਾ ਗੁੱਛਾ ਰਲਾ ਕੇ ਕੱਟਦਾ ਤੇ ਗੋਹੇ ਵਿਚ ਰਖਦਾ ਜਾਂਦਾ ਹੈ । ਬ੍ਰਾਹਮਣ ਸ਼ਲੋਕ ਪੜ੍ਹਦਾ ਹੈ ਤੇ ਨਾਈ ਸਿਰ ਨੂੰ ਤਿੰਨ ਵਾਰ ਖੱਬੇ ਤੋਂ ਸੱਜੇ ਪਾਸੇ ਵਲ ਮੁੰਨਦਾ ਹੈ । ਮਗਰੋਂ ਚੋਟੀ ਫੜ ਕੇ ਸਾਰੇ ਵਾਲ ਮੁੰਨ ਦਿਤੇ ਜਾਂਦੇ ਹਨ । ਗੋਹੇ ਨੂੰ ਜ਼ਿਮੀਂ ਵਿਚ ਦੱਬ ਦਿਤਾ ਜਾਂਦਾ ਜਾਂ ਜਲ-ਪ੍ਰਵਾਹ ਦਿਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਵਾਲਾਂ ਉਤੇ ਕੋਈ ਟੂਣਾ ਨਾ ਹੋ ਸਕੇ । ਨਾਈ ਨੂੰ ਲਾਗ ਵਜੋਂ ਭੇਟਾ ਦਿਤੀਆਂ ਜਾਂਦੀਆਂ ਹਨ ।

(ਚ-154) **ਚੂੰਡਾ** :

ਸਿਰ ਗੁੰਦਣ ਦੀ ਇਕ ਸ਼ੈਲੀ, ਜਿਸ ਵਿਚ ਤਿੰਨ ਮੇਢੀਆਂ ਬਣਾ ਕੇ ਸਿਰ ਗੁੰਦਿਆ ਜਾਂਦਾ ਹੈ ।

(ਚ-155) **ਚੂੰਡਾ ਵੰਡ** :

ਮਰਦ ਦੀ ਜਾਇਦਾਦ ਦੀ ਵੰਡ, ਜੋ ਉਤਰਾਧਿਕਾਰੀਆਂ ਵਿਚ ਪੁੱਤਰਾਂ ਨੂੰ ਨਹੀਂ ਸਗੋਂ ਪਤਨੀਆਂ ਨੂੰ ਮੁਖ ਰਖ ਕੇ ਹੁੰਦੀ ਹੈ । ਜੇ ਕਿਸੇ ਆਦਮੀ ਦੀਆਂ ਦੋ ਤੀਵੀਆਂ ਹਨ, ਅਤੇ ਉਸ ਦੀ ਜਾਇਦਾਦ ਦੋ ਹਿੱਸਿਆਂ ਵਿਚ ਵੰਡੀ ਜਾਵੇ ਤੇ ਦੋ ਪੁੱਤਰਾਂ ਵਾਲੀ ਤੀਵੀਂ ਨੂੰ ਵੀ ਉਤਨਾ ਹੀ ਹਿੱਸਾ ਮਿਲੇਗਾ, ਜਿਤਨਾ ਕਿ ਤਿੰਨ ਪੁੱਤਰਾਂ ਵਾਲੀ ਨੂੰ । ਪੰਜਾਬ ਵਿਚ ਹੁਣ ਇਸ ਵੰਡ ਦਾ ਰਵਾਜ ਨਹੀਂ ਰਿਹਾ । ਮੁਸਲਮਾਨਾਂ ਵਿਚ ਇਸ ਤਰ੍ਹਾਂ ਦੀ ਵੰਡ ਦਾ ਰਵਾਜ ਆਮ ਸੀ, ਜੋ ਦੇਸ਼ ਵੰਡ ਮਗਰੋਂ ਪਾਕਿਸਤਾਨ ਚਲੇ ਗਏ ਹਨ ।

(ਚ-156) **ਚੂਰਮਾ** :

ਇਕ ਮਠਿਆਈ, ਜੋ ਮੈਦੇ ਜਾਂ ਆਟੇ ਨੂੰ ਘਿਓ ਵਿਚ

ਚੂਰਮੇ ਦਾ ਪ੍ਰਸ਼ਾਦ ਕਈ ਰਸਮਾਂ ਰੀਤਾਂ ਸਮੇਂ ਵੰਡਿਆ ਜਾਂਦਾ ਹੈ । ਇਸ ਨੂੰ ਦੇਵੀ ਨੂੰ ਭੇਟਾ ਵੀ ਕੀਤਾ ਜਾਂਦਾ ਹੈ । ਚੂਹੜੇ ਬਾਲਾ ਸ਼ਾਹ ਨੂੰ ਚੂਰਮੇ ਦਾ ਪ੍ਰਸ਼ਾਦਿ ਹੀ ਭੇਟ ਚਾੜ੍ਹਦੇ ਹਨ ।

ਗੁਰਦੁਆਰਿਆਂ ਵਿਚ ਵੀ ਚੂਰਮਾ ਪ੍ਰਸ਼ਾਦਿ ਦੀ ਮਹਿਮਾ ਹੈ । ਹਜ਼ੂਰ ਸਾਹਿਬ, ਜੋ ਸ਼ਰਧਾਲੂ ਯਾਤਰਾ ਲਈ ਜਾਂਦੇ ਹਨ, ਉਹ ਆਪਣੇ ਨਾਲ ਚੂਰੀ ਪ੍ਰਸ਼ਾਦਿ ਲਿਆਂਦੇ ਹਨ ਜੋ ਵਾਪਸ ਆ ਕੇ ਪ੍ਰਵਾਰ ਵਿਚ ਵੰਡਿਆ ਜਾਂਦਾ ਹੈ ।

(ਚ-157) **ਚੂਰਾ** :

ਧਨੀ-ਪੋਠੋਹਾਰ ਦੇ ਇਲਾਕੇ ਵਿਚ, ਇਹ ਪਰੰਪਰਾ ਚਲੀ ਆ ਰਹੀ ਹੈ ਕਿ ਜਿਸ ਥਾਂ ਕੋਈ ਆਦਮੀ ਕਤਲ ਹੋ ਜਾਵੇ, ਉਥੇ ਪੱਥਰਾਂ ਦੀ ਢੇਰੀ ਬਣਾ ਦਿਤੀ ਜਾਂਦੀ ਹੈ, ਜਿਸ ਨੂੰ 'ਚੂਰਾ' ਕਿਹਾ ਜਾਂਦਾ ਹੈ । ਲੰਘਦੇ ਹੋਏ ਰਾਹੀ ਚੂਰੇ 'ਤੇ ਆਦਰ ਵਜੋਂ ਕੋਈ ਗੀਟੀ ਜਾਂ ਪੱਥਰ ਰਖ ਜਾਂਦੇ ਹਨ, ਜਿਸ ਨਾਲ ਉਹ ਢੇਰ ਸਹਿਜੇ ਸਹਿਜੇ ਵਡਾ ਹੁੰਦਾ ਜਾਂਦਾ ਹੈ । ਲੋਕੀਂ ਚੂਰਿਆਂ ਉਤੇ ਮੰਨਤਾਂ ਵੀ ਮੰਨਦੇ ਹਨ । ਜਿਨ੍ਹਾਂ ਦੀ ਮੁਰਾਦ ਪੂਰੀ ਹੋ ਜਾਂਦੀ ਹੈ, ਉਹ ਚੂਰੇ ਉਤੇ ਚਿਰਾਗ਼ ਜਲਾਉਂਦੇ ਹਨ ।

(ਚ-158) **ਚੂਰੀ** :

ਘਿਓ ਖੰਡ ਰਲਾ ਕੇ ਗੁੰਨੀ ਹੋਈ ਰੋਟੀ; ਚੂਰੀ ਸਭ ਤੋਂ ਵਧੀਆ, ਖਾਣ ਦਾ ਪਦਾਰਥ ਮੰਨਿਆ ਜਾਂਦਾ ਹੈ, ਕਿਉਂ ਜੋ ਇਹ ਬੜੀ ਸਵਾਦਲੀ ਤੇ ਪੌਸ਼ਟ ਹੁੰਦੀ ਹੈ । ਹੀਰ ਰਾਂਝੇ ਨੂੰ ਬੇਲੇ ਵਿਚ ਚੋਰੀ-ਛਿਪੀ ਚੂਰੀ ਖਵਾਇਆ ਕਰਦੀ ਸੀ । ਕੈਦੋ ਨੇ ਭੇਸ ਬਦਲ ਕੇ, ਚੂਰੀ ਦਾ ਲੱਪ ਲੈ ਕੇ ਪਿੰਡ ਦੇ ਪਰ੍ਹੇ ਵਿਚ ਹੀਰ ਦੀ ਭੰਡੀ ਪਾਈ ਸੀ :

ਸੁਣੋ ਸਿਆਲੋ ਧੀਆਂ ਵਾਲਿਓ,
ਧੀਆਂ ਮੂਲ ਨਾ ਰਖੋ
ਹਿਕ ਹਿਕ ਵੰਡੀ ਆਉਂਦੀ ਨਹੀਂ ਜੇ,
ਉਂਗਲ ਭਰ ਭਰ ਚਖੋ
ਤੁਸੀਂ ਖਾਂਦੇ ਹੋ ਢੋਡੀ ਥਾਪੀ
ਚਾਕ ਖਾਂਦਾ ਏ ਵੱਥੋ ।

ਚੂਰੀ ਪ੍ਰੀਤ-ਭੋਜਨ ਦਾ ਪ੍ਰਤੀਕ ਬਣ ਗਈ ਹੈ । ਜਦੋਂ ਢੋਲ ਦੇ ਆਉਣ ਬਾਰੇ ਸ਼ਗਨ ਕਰਨੇ ਜਾਂ ਔਸੀਆਂ ਪਾਉਣੀਆਂ ਹੁੰਦੀਆਂ ਹਨ, ਤਾਂ ਮੁਟਿਆਰ ਕਾਂ ਨੂੰ ਚੂਰੀ ਕੁਟ ਕੇ

**(ਚ-159) ਚੂਰੀ ਦੇਣੀ :**

ਵਿਆਹ ਨਾਲ ਸਬੰਧਿਤ ਇਕ ਰਸਮ; ਵਿਆਹ ਤੋਂ ਮਗਰੋਂ ਲਾੜ੍ਹੀ ਦੇ ਪੇਕੇ ਘਰ ਦੀਆਂ ਤੀਵੀਆਂ, ਜਿਨ੍ਹਾਂ ਵਿਚ ਵਧੇਰੇ ਕਰਕੇ ਲਾੜ੍ਹੀ ਦੀ ਮਾਂ, ਮਾਸੀਆ, ਮਾਮੀਆਂ ਤੇ ਚਾਚੀਆਂ ਆਦਿ ਸ਼ਾਮਲ ਹੁੰਦੀਆਂ ਹਨ, ਲਾੜ੍ਹੀ ਦੇ ਸਹੁਰੇ ਘਰ ਉਸ ਨੂੰ ਮਿਲਣ ਜਾਂਦੀਆਂ ਹਨ। ਉਹ ਆਪਣੇ ਨਾਲ ਪੰਜੀਰੀ ਦਾ ਥਾਲ ਤੇ ਕੁੜੀ ਲਈ ਤ੍ਰੇਵਰ ਵੀ ਲੈ ਜਾਂਦੀਆਂ ਹਨ। ਜੇ ਨਾਨਕੇ ਸਰਦੇ ਪੁਜਦੇ ਹੋਣ ਤਾਂ ਮਾਸੀਆਂ ਮਾਮੀਆਂ ਆਪਣੇ ਵਲੋਂ ਇਕ ਇਕ ਤ੍ਰੇਵਰ ਲੇ ਜਾਂਦੀਆਂ ਹਨ। ਲਾੜ੍ਹੀ ਦੇ ਸਹੁਰੇ ਘਰ ਜਾ ਕੇ ਉਸ ਨੂੰ ਪੰਜੀਰੀ ਤੇ ਤ੍ਰੇਵਰ ਦਿਤੇ ਜਾਂਦੇ ਹਨ। ਨਾਲ ਆਏ ਅੰਗ-ਸਾਕ ਲਾੜ੍ਹੀ ਦੀ ਤਲੀ ਉਤੇ ਸ਼ਗਨ ਵਜੋਂ, ਕੁਝ ਰੁਪਏ ਧਰਦੇ ਹਨ। ਵਾਪਸੀ ਉਤੇ ਉਹ ਲਾੜ੍ਹੀ ਨੂੰ ਫੇਰਾ ਪਾਉਣ ਲਈ ਨਾਲ ਹੀ ਲੈ ਜਾਂਦੀਆਂ ਹਨ।

ਜੇ ਕਿਧਰੇ ਕੁੜੀ ਦੂਰ ਵਿਆਹੀ ਹੋਵੇ ਤਾਂ ਇਹ ਰਸਮ ਵਿਆਹ ਤੋਂ ਮਗਰੋਂ ਸਾਲ ਦੇ ਅੰਦਰ ਅੰਦਰ, ਕਿਸੇ ਵੇਲੇ ਵੀ ਕਰ ਲਈ ਜਾਂਦੀ ਹੈ।

**(ਚ-160) ਚੂੜਾ :**

ਵਿਆਹ ਦੇ ਮੌਕੇ ਤੇ ਲਾੜ੍ਹੀ ਦੀ ਬਾਂਹ ਵਿਚ ਸ਼ਗਨ ਵਜੋਂ ਦੰਦ-ਖੰਡ ਦਾ ਲਾਲ ਚੂੜਾ ਪਹਿਨਾਇਆ ਜਾਂਦਾ ਹੈ। ਇਸ ਚੂੜੇ ਨੂੰ ਮਾਮਾ ਚਾੜ੍ਹਦਾ ਹੈ। ਚੂੜਾ ਸੁਹਾਗ ਦੀ ਨਿਸ਼ਾਨੀ ਹੈ। ਚੂੜਾ ਚਾੜ੍ਹਨ ਵੇਲੇ, ਜੇ ਕੋਈ ਚੂੜੀ ਠਿਲ (ਟੁੱਟ) ਜਾਏ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ। ਚੂੜਾ ਚਾੜ੍ਹਨ ਵੇਲੇ ਸੁਹਾਗ ਦੇ ਗੀਤ ਗਾਏ ਜਾਂਦੇ ਤੇ ਚਾਵਲ ਤੇ ਕੜਾਹ ਦਾ ਮਿੱਸਾ ਪ੍ਰਸ਼ਾਦਿ ਵੰਡਿਆ ਜਾਂਦਾ ਹੈ।

ਜਦੋਂ ਕਿਸੇ ਤੀਵੀਂ ਦਾ ਪਤੀ ਮਰ ਜਾਏ ਤਾਂ ਉਸ ਦੀ ਬਾਂਹ ਦੀਆਂ ਕੱਚ/ਦੰਦ-ਖੰਡ ਦੀਆਂ ਚੂੜੀਆਂ ਤੋੜ ਦਿਤੀਆਂ ਜਾਂਦੀਆਂ ਹਨ।

**(ਚ-161) ਚੂੜੀਆਂ :**

ਹਿੰਦੂਆਂ ਵਿਚ ਸੁਹਾਗ ਭਾਗ ਵਾਲੀਆਂ ਤੀਵੀਆਂ, ਬਾਹਵਾਂ ਵਿਚ ਕੱਚ ਦੀਆਂ ਚੂੜੀਆਂ ਪਹਿਨਦੀਆਂ ਹਨ। ਜੇ ਕਿਸੇ ਤੀਵੀਂ ਦਾ ਪਤੀ ਮਰ ਜਾਵੇ ਤਾਂ ਬਾਹਾਂ ਦੀਆਂ ਚੂੜੀਆਂ ਤੋੜ ਕੇ ਟੁਕੜੇ ਟੁਕੜੇ ਕਰ ਦਿਤੀਆਂ ਜਾਂਦੀਆਂ ਹਨ। ਬਾਂਹ ਵਿਚ ਪਈ ਚੂੜੀ ਟੁਟ ਜਾਵੇ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ। ਉਸ ਕੁੜੀ ਦਾ ਉਸ ਦੇ ਨਾਲ ਪ੍ਰੇਮ ਹੋਵੇਗਾ। ਜੇ ਮੋਟੇ ਟੁਕੜੇ ਡਿਗਣ ਤਾਂ ਪ੍ਰੇਮ ਘਟ ਹੋਵੇਗਾ।

ਚੂੜੀ ਪਹਿਨਾਣਾ ਇਕ ਰਸਮ ਵੀ ਹੈ, ਜੋ ਵਿਆਹ ਨਾਲ ਸਬੰਧਤ ਹੈ। ਵਿਆਹ ਸਮੇਂ ਲਾੜ੍ਹਾ ਆਪਣੀ ਹੋਣ ਵਾਲੀ ਪਤਨੀ ਦੀਆਂ ਬਾਹਵਾਂ ਵਿਚ ਚੂੜੀ ਪਹਿਨਾਂਦਾ ਹੈ। ਪੁਨਰ ਵਿਆਹ ਸਮੇਂ ਕੁਝ ਜਾਤੀਆਂ ਵਿਚ ਚੂੜੀ ਪਹਿਨਾਣਾ ਹੀ ਬੰਧਨ ਦੀ ਰਸਮ ਮੰਨੀ ਜਾਂਦੀ ਹੈ। ਮਰਦ, ਤੀਵੀਂ ਦੀ ਬਾਂਹ ਵਿਚ, ਬਰਾਦਰੀ ਸਾਹਮਣੇ ਚੂੜੀ ਪਹਿਨਾਂਦਾ ਹੈ। ਉਹ ਦੋਵੇਂ ਇਕ ਦੂਜੇ ਦੇ ਵਿਆਹ-ਬੰਧਨ ਵਿਚ ਬੱਝੇ ਮੰਨੇ ਜਾਂਦੇ ਹਨ।

**(ਚ-162) ਚੂੜੇ ਦੇ ਗੀਤ :**

ਸੁਹਾਗ ਦੇ ਗੀਤ ਹਨ, ਜੋ ਕੰਨਿਆਂ ਨੂੰ ਚੂੜਾ ਪਹਿਨਾਣ ਵੇਲੇ ਤੀਵੀਆਂ ਗਾਂਦੀਆਂ ਹਨ, ਇਨ੍ਹਾਂ ਵਿਚ ਕੰਤ ਦੀ ਲੰਮੀ ਉਮਰ ਲਈ ਤੇ ਜੀਵਨ ਭਰ ਸੁਹਾਗ ਕਾਇਮ ਰਹਿਣ ਦੀ ਪ੍ਰਾਰਥਨਾ ਹੁੰਦੀ ਹੈ।

ਨੀ ਤੇਰਾ ਤਾਰਿਆ ਜੋੜ ਸੁਹਾਗ ਚੂੜਾ ਚੜ੍ਹਾਂਦੀਏ।
ਨੀ ਹਰਿਆ ਰਹੇ ਤੇਰਾ ਬਾਗ ਚੂੜਾ ਚੜ੍ਹਾਂਦੀਏ।

**(ਚ-163) ਚੇਤਰ :**

ਦੇਸੀ ਸੰਮਤ ਦਾ ਪਹਿਲਾ ਮਹੀਨਾ। ਇਸ ਮਹੀਨੇ ਦਾ ਨਾਉਂ ਚਿੱਤਰਾ ਨਛੱਤਰ ਤੋਂ ਚੇਤਰ ਪਿਆ। ਇਹ ਮਹੀਨਾ ਵਿਆਹ ਸ਼ਾਦੀ ਲਈ ਸ਼ੁਭ ਨਹੀਂ ਮੰਨਿਆ ਜਾਂਦਾ। ਨਾ ਹੀ ਕੁੜਮਾਈ ਲਈ। ਇਸ ਮਹੀਨੇ ਚੇਤਰ ਸੁਦੀ ਪਹਿਲੀ ਨੂੰ ਬਿਕਰਮੀ ਸੰਮਤ ਸ਼ੁਰੂ ਹੁੰਦਾ ਹੈ। ਸਾਕਾ ਸੰਮਤ ਦਾ ਅਰੰਭ ਵੀ, ਚੇਤਰ ਦੀ ਨਵੀਂ ਰੁਤ ਦੇ ਆਗਮਨ ਵਿਚ ਹੁੰਦਾ ਹੈ। ਚੇਤਰ ਵਿਦੀ ਪਹਿਲੀ ਨੂੰ ਹੋਲੇ ਮਹਲੇ ਦਾ ਤਿਉਹਾਰ ਮਨਾਇਆ ਜਾਂਦਾ ਹੈ ਤੇ ਅਨੰਦਪੁਰ ਵਿਚ ਭਾਰੀ ਮੇਲਾ ਲਗਦਾ ਹੈ (ਵੇਖੋ : ਹੋਲਾ ਮਹਲਾ)। ਚੇਤਰ ਸੁਦੀ ਨੌਵੀਂ ਨੂੰ ਰਾਮ ਨੌਮੀ ਦਾ ਪੁਰਬ ਪੈਂਦਾ ਹੈ। ਚੇਤਰ ਦੀ ਪੂਰਨਮਾਸ਼ੀ ਜੇ ਸੋਮ, ਬੁੱਧ ਜਾਂ ਵੀਰਵਾਰ ਪਏ ਤਾਂ ਘਰ ਘਰ ਵਿਚ ਮੰਗਲ ਹੁੰਦਾ ਹੈ। ਚੇਤਰ ਨਵੀਂ ਰੁਤ ਦਾ ਪ੍ਰਤੀਕ ਹੈ।

**(ਚ-164) ਚੋਲ :**

ਅਟਕ ਤਹਿਸੀਲ ਵਿਚ ਇਕ ਇਲਾਕਾ, ਜਿਸ ਬਾਰੇ ਹੇਠ ਲਿਖਿਆ ਅਖਾਣ ਪ੍ਰਚਲਤ ਹੈ :

ਮੁਲਕ ਵੇਰਾਨ, ਚੋਲ ਅਬਾਦ;

ਕਾਫ਼ੀ ਮੀਂਹ ਵਸਦਾ ਹੈ ਤਾਂ ਇਸ ਇਲਾਕੇ ਵਿਚ ਹੜ੍ਹ ਆ ਜਾਂਦੇ ਹਨ ਤੇ ਇਹ ਇਲਾਕਾ ਬਰਬਾਦ ਹੋ ਜਾਂਦਾ ਹੈ।

ਇਹ ਇਲਾਕਾ ਚੇਲ ਨਦੀ ਦੇ ਕੰਢੇ ਤੇ ਸਥਿਤ ਹੈ। ਅਟਕ ਗਜ਼ਟੀਅਰ ਅਨੁਸਾਰ ਛੱਛ ਦੇ ਮੈਦਾਨ ਵਿਚ ਚੇਲ ਇਕੋ ਇਕ ਨਦੀ ਹੈ।

(ਚ-165) **ਚੇਲਕੀ** :

ਇਕ ਗਹਿਣਾ, ਜੋ ਮੁਲਤਾਨ ਵਿਚ ਤੀਵੀਆਂ ਲੱਕ ਦੁਆਲੇ ਪਹਿਨਦੀਆਂ ਹਨ। ਇਸ ਦੀ ਪੱਟੀ ਜੰਜੀਰੀ ਵਾਂਗ ਬਣੀ ਹੁੰਦੀ ਹੈ।

(ਚ-166) **ਚੇਲੜੀ** :

ਜਿਸ ਤੀਵੀਂ ਨੂੰ ਕੋਈ ਬਦਰੂਹ, ਜਿੰਨ ਭੂਤ, ਚੁੜੇਲ ਚੰਬੜੀ ਹੋਵੇ, ਉਸ ਨੂੰ 'ਚੇਲੜੀ' ਕਿਹਾ ਜਾਂਦਾ ਹੈ। ਪਿੰਡਾਂ ਵਿਚ ਕਈ ਸਾਧ-ਫ਼ਕੀਰ ਤੇ ਜੋਗੀ ਅਜਿਹੇ ਹੁੰਦੇ ਹਨ ਜੋ ਇਸ ਬਦਰੂਹ ਨੂੰ ਬਾਹਰ ਕਢਣ ਦੇ ਦਾਅਵੇ ਕਰਦੇ ਹਨ। ਕਈ ਧਾਰਮਿਕ ਅਸਥਾਨਾਂ ਉਤੇ ਵੀ, ਜਿੰਨਾਂ ਭੂਤਾਂ ਨੂੰ ਸਰੀਰ ਵਿਚੋਂ ਕਢਿਆ ਜਾਂਦਾ ਹੈ। ਮੁਲਤਾਨ ਵਿਚ ਜਲਾਲਪੁਰ, ਮੁਜ਼ਫ਼ਰਗੜ੍ਹ ਵਿਚ ਸਰਹਿ ਸੁਲਤਾਨ ਤੇ ਬਹਾਵਲਪੁਰ ਵਿਚ ਉਚ, ਡੇਹਰਾ ਗ਼ਾਜ਼ੀ ਖ਼ਾਨ ਵਿਚ ਪੀਰ ਕਟਾਲ ਬੜੀਆਂ ਪ੍ਰਸਿਧ ਥਾਵਾਂ ਹਨ। ਇਨ੍ਹਾਂ ਥਾਵਾਂ ਉਤੇ ਰੋਗੀ ਦੂਰੋਂ ਦੂਰੋਂ ਆਉਂਦੇ ਹਨ। ਸਭਨਾਂ ਨੂੰ ਇਕ ਥਾਂ ਬੈਠਾ ਦਿਤਾ ਜਾਂਦਾ ਹੈ, ਉਹ ਸਿਰੋਂ ਪੱਲੇ ਲਾਹ ਦੇਂਦੀਆਂ ਹਨ। ਫਿਰ ਢੋਲ ਵਜਾਇਆ ਜਾਂਦਾ ਹੈ। ਤੇ ਪਕੜ ਵਾਲੀਆਂ ਰੋਗੀ ਇਸਤ੍ਰੀਆਂ ਢੋਲ ਦੇ ਤਾਲ ਉਤੇ ਆਪਣੇ ਹਥ ਪੈਰ ਤੇ ਸਰੀਰ ਇੰਜ ਘੁਮਾਂਦੀਆਂ ਹਨ ਜਿਵੇਂ ਘੁਮਾਟਣੀਆਂ ਲੈ ਕੇ ਨਚ ਰਹੀਆਂ ਹੋਣ। ਕੁਝ ਮੁਜਾਵਰ ਉਨ੍ਹਾਂ ਤੀਵੀਆਂ ਨੂੰ ਸਿਰ ਉਤੇ ਛਿੜਕਣ ਲਈ ਤੇ ਪੀਣ ਲਈ ਅਤਰ-ਫੁਲੇਲ ਦੇਂਦੇ ਹਨ ਤੇ ਇਕ ਮੁਜਾਵਰ ਹੱਥ ਵਿਚ ਫਾਂਟਾ ਲਈ, ਤੀਵੀਆਂ ਨੂੰ ਮਾਰਦਾ, ਇਧਰੋਂ ਉਧਰ ਲੰਘਦਾ ਜਾਂਦਾ ਹੈ। ਜਦੋਂ ਤੀਵੀਂ ਹੱਫ ਕੇ ਤੇ ਮਾਰ ਖਾ ਕੇ ਢਹਿ ਪੈਂਦੀ ਹੈ ਤਾਂ ਉਸ ਦੇ ਸਾਕ ਸਬੰਧੀ ਉਸ ਨੂੰ ਧੂਹ ਕੇ ਲੈ ਜਾਂਦੇ ਹਨ। ਇੰਜ ਖ਼ਿਆਲ ਕੀਤਾ ਜਾਂਦਾ ਹੈ ਕਿ ਉਹ ਬਦਰੂਹ ਉਸ ਦੇ ਸਰੀਰ ਵਿਚੋਂ ਨਿਕਲ ਗਈ ਹੁੰਦੀ ਹੈ। ਇਸ ਸਮੇਂ ਤੀਵੀਆਂ ਨੂੰ ਫਾਂਟੇ ਨਾਲ ਜੋ ਮਾਰ ਪੈਂਦੀ ਹੈ, ਉਸ ਸਬੰਧੀ ਵਿਸ਼ਵਾਸ ਹੈ ਕਿ ਉਹ ਸੱਟ

(ਚ-167) **ਚੇਲਾ** :

(1) ਕਿਸੇ ਗੁਰੂ ਪੀਰ ਤੇ ਸੰਤ ਦਾ ਮੁਰੀਦ।

(2) ਉਹ ਸ਼ਖ਼ਸ ਜੋ ਮੰਤਰਾਂ ਦੁਆਰਾ ਆਪਣੇ ਅੰਦਰ ਦੇਵਤਾ ਦਾ ਆਵੇਸ਼ ਪ੍ਰਗਟ ਕਰਦਾ ਹੈ ਤੇ ਲੋਕਾਂ ਦੇ ਪੁਛੇ ਸਵਾਲਾਂ ਦੇ ਉਤਰ ਦੇਵਤੇ ਵਲੋਂ ਖ਼ੁਦ ਦੇਂਦਾ ਹੈ। ਬੋਲ ਉਹ ਆਪ ਹੀ ਰਿਹਾ ਹੈ ਪਰ ਲੋਕ-ਨਿਸ਼ਚੇ ਅਨੁਸਾਰ ਚੇਲੇ ਦੇ ਮਾਧਿਅਮ ਦੁਆਰਾ ਉਹ ਦੇਵਤਾ ਬੋਲ ਰਿਹਾ ਹੁੰਦਾ ਹੈ ਜਿਸ ਦਾ ਆਵੇਸ਼ ਚੇਲੇ ਅੰਦਰ ਹੋਇਆ ਹੁੰਦਾ ਹੈ। ਲੋਕੀਂ ਇਨ੍ਹਾਂ ਉਤਰਾਂ ਵਿਚ ਪੂਰਾ ਵਿਸ਼ਵਾਸ਼ ਕਰਦੇ ਹਨ ਤੇ ਚੇਲੇ ਨੂੰ ਦੇਵਤੇ ਵਾਂਗ ਹੀ ਭੇਟਾ ਚਾੜ੍ਹਦੇ ਹਨ।

(3) ਉਹ ਸ਼ਖ਼ਸ, ਜੋ ਪਕੜ ਵਾਲੇ ਰੋਗੀਆਂ, ਜਿਨ੍ਹਾਂ ਨੂੰ ਭੂਤ ਪ੍ਰੇਤ ਚੰਬੜੇ ਹੋਣ, ਦਾ ਇਲਾਜ ਕਰਦਾ ਹੈ। ਚੇਲਾ ਰੋਗੀ ਨੂੰ ਆਪਣੇ ਸਾਹਮਣੇ ਇਕ ਧੂਣੀ ਕੋਲ ਬਿਠਾ ਲੈਂਦਾ ਹੈ ਤੇ ਫਿਰ ਮੰਤਰਾਂ ਦੁਆਰਾ ਉਸ ਰੂਹ ਨੂੰ ਬੁਲਾਂਦਾ ਹੈ, ਜੋ ਰੋਗੀ ਨੂੰ ਚੰਬੜੀ ਹੁੰਦੀ ਹੈ। ਰੂਹ ਪ੍ਰਗਟ ਹੋ ਕੇ ਰੋਗੀ ਦੀ ਜ਼ਬਾਨ ਦੁਆਰਾ ਬੋਲਦੀ ਹੈ। ਚੇਲਾ ਕਈ ਵਾਰ ਰੂਹ ਨੂੰ ਤੰਗ ਕਰਨ ਲਈ ਰੋਗੀ ਦੇ ਸਰੀਰ ਤੇ ਕੋਰੜੇ ਮਾਰਦਾ ਹੈ ਤੇ ਸੀਖਾਂ ਗਰਮ ਕਰ ਕੇ ਲਗਾਂਦਾ ਹੈ। ਨਿਸਚਾ ਹੈ ਕਿ ਇਸ ਤਰ੍ਹਾਂ ਦਿਤੇ ਸਭ ਤਸੀਹੇ ਰੋਗੀ ਦੀ ਥਾਂ ਉਸ ਪ੍ਰੇਤ ਨੂੰ ਪਹੁੰਚਦੇ ਹਨ, ਜੋ ਉਸ ਦੇ ਅੰਦਰ ਬੈਠਾ ਹੁੰਦਾ ਹੈ। ਮਾਰ ਤੇ ਕਸ਼ਟਾਂ ਤੋਂ ਘਬਰਾ ਕੇ ਅਤੇ ਮੰਤਰਾਂ ਦੇ ਅਸਰ ਹੇਠਾਂ ਪ੍ਰੇਤ ਰੋਗੀ ਦੇ ਸਰੀਰ ਨੂੰ ਛਡ ਦੇਂਦਾ ਹੈ।

(ਚ-168) **ਚੋਆ** :

ਅਗਰ ਦੀ ਲਕੜੀ ਤੋਂ ਨਿਕਲੇ ਤੇਲ ਦੇ ਤ੍ਰੁਪਕੇ; ਇਸ ਨੂੰ ਪ੍ਰਾਚੀਨ ਕਾਲ ਤੋਂ ਹੀ ਪਵਿੱਤਰ ਮੰਨ ਕੇ, ਧਾਰਮਿਕ ਰੀਤਾਂ ਰਸਮਾਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਚੋਆ ਦੇ ਮਣਕਿਆਂ ਦੀ ਮਾਲਾ ਪੂਰਵ-ਇਤਿਹਾਸਕ ਕਾਲ ਵਿਚ ਪਹਿਨਣ ਦੇ ਸਬੂਤ ਮਿਲਦੇ ਹਨ। ਪੁਰਾਣੇ ਜ਼ਮਾਨੇ ਵਿਚ ਇਸ ਦਾ ਵਿਉਪਾਰ ਬੜਾ ਆਮ ਸੀ। ਹੋਮਰ ਅਨੁਸਾਰ ਫ਼ੂਨੀਸ਼ੀਅਨ ਵਪਾਰੀ ਚੋਆ ਦਾ ਵਿਪਾਰ ਕਰਨ ਲਈ ਪਰਦੇਸਾਂ ਵਿਚ ਜਾਂਦੇ ਸਨ।

ਯੂਨਾਨੀਆਂ ਦੀ ਇਕ ਮਿਥਕ ਕਥਾ ਅਨੁਸਾਰ ਚੋਆ ਉਨ੍ਹਾਂ ਅਥਰੂਆਂ ਦੇ ਸਥੂਲ ਹੋਣ ਤੋਂ ਉਤਪੰਨ ਹੋਇਆ ਜਿਹੜਾ ਜਿਹੜੇ ਮਲੀਗਰ ਦੀ ਮ੍ਰਿਤੂ 'ਤੇ ਉਸ ਦੀਆਂ ਭੈਣਾਂ

ਬੋਧੀਆਂ ਦੇ ਵਿਸ਼ਵਾਸ ਅਨੁਸਾਰ, ਮਰਨ ਮਗਰੋਂ, ਪਵਿੱਤਰ ਪ੍ਰਾਣੀਆਂ ਦੇ ਸ਼ੁਭ ਗੁਣ ਹੀਰੇ, ਫੁੱਲਾਂ ਤੇ ਚੋਆ ਦੇ ਰੂਪ ਵਿਚ ਵਿਗਸਦੇ ਹਨ। ਮੁਸਲਮਾਨ ਫਕੀਰ ਚੋਆ ਦੇ ਮਣਕੇ ਦੀ ਮਾਲਾ ਵਿਚ ਤਵੀਤ ਬੰਨ੍ਹ ਕੇ ਦੇਂਦੇ ਹਨ। ਮੁਸਲਮਾਨਾਂ ਅਨੁਸਾਰ ਚੋਆ ਪੀਲੀਏ ਦੇ ਰੋਗੀ ਲਈ ਨਰੋਆ ਹੈ ਅਤੇ ਇਸ ਦਾ ਸਤ ਖਾਣ ਨਾਲ ਦਿਲ ਮਜ਼ਬੂਤ ਹੁੰਦਾ ਹੈ।

(ਚ-169) **ਚੋਟ** :

(1) ਇਕ ਗਹਿਣਾ ਜੋ, ਬੱਚੇ ਦੇ ਸਿਰ 'ਤੇ ਪਹਿਨਾਇਆ ਜਾਂਦਾ ਹੈ।

(2) ਜਾਦੂ ਟੂਣੇ ਦਾ ਅਸਰ; ਜਦੋਂ ਕਿਸੇ ਨੂੰ ਚੋਟ ਦੀ ਕਸਰ ਹੋ ਜਾਂਦੀ ਹੈ ਤਾਂ ਲੋਕੀਂ ਉਸ ਨੂੰ ਓਝੇ/ਚੇਲੇ ਕੋਲ ਲੈ ਜਾਂਦੇ ਹਨ, ਜੋ ਉਸ ਦੀ ਚੋਟ ਉਤਾਰਦਾ ਹੈ। ਚੋਟ ਉਤਾਰਨ ਲਈ ਮੰਤਰਾਂ, ਤਵੀਤਾਂ, ਜਾਂ ਰੱਖਾਂ ਦੀ ਵਰਤੋਂ ਕੀਤੀ ਜਾਂਦੀ ਹੈ।

(ਚ-170) **ਚੋਪ** :

ਫੁਲਕਾਰੀ ਦੀ ਇਕ ਕਿਸਮ, ਜਿਸ ਵਿਚ ਲਾਲ ਕਪੜੇ ਦੀ ਕਿਸੇ ਨੁੱਕਰ ਜਾਂ ਸਿਰੇ ਤੇ ਕਸੀਦਾਕਾਰੀ ਕੀਤੀ ਹੁੰਦੀ ਹੈ। ਵਿਆਹ ਦੇ ਮੌਕੇ ਤੇ ਦੁਲਹਨ ਚੋਪ ਨੂੰ ਸ਼ਗਨ ਵਜੋਂ, ਉਪਰ ਓੜ੍ਹਦੀ ਹੈ (ਵੇਖੋ : ਫੁਲਕਾਰੀ)।

(ਚ-171) **ਚੋਪੜਾ** :

ਖਤ੍ਰੀਆਂ ਦੀ ਇਕ ਗੋਤ; ਇਸ ਕੁੱਲ ਦਾ ਵਡਿਕਾ ਚੋਪੜ ਖੇਡਣ ਦੀ ਕਲਾ ਵਿਚ, ਇਤਨਾ ਮਾਹਿਰ ਸੀ ਕਿ ਲੋਕੀਂ ਉਸ ਨੂੰ ਰਾਜੇ ਨਲ ਦਾ ਅਵਤਾਰ ਮੰਨਣ ਲਗ ਪਏ ਤੇ ਆਦਰ ਨਾਲ ਚੋਪੜਾ ਕਹਿਣ ਲਗੇ। ਰਵਾਇਤ ਹੈ ਕਿ ਮਲਕ ਜਾਅਫ਼ਰ ਦੇ ਦਰਬਾਰ ਵਿਚ ਇਕ ਪਰਦੇਸੀ ਆਇਆ, ਜੋ ਚੋਪੜ ਖੇਡਣ ਵਿਚ ਬੜਾ ਤਾਕ ਸੀ। ਮਲਕ ਨੇ, ਚੋਪੜੇ ਨੂੰ, ਉਸ ਨਾਲ ਖੇਡਣ ਲਈ ਕਿਹਾ। ਚੋਪੜੇ ਨੇ ਆਪਣੀ ਕਲਾ ਨਾਲ, ਨਾ ਸਿਰਫ਼ ਉਸ ਦਾ ਸਾਰਾ ਧਨ ਅਤੇ ਹੀਰੇ ਮੋਤੀ ਜਿਤ ਲਏ, ਸਗੋਂ ਉਸ ਦੀ ਸੁੰਦਰ ਲੜਕੀ ਨੂੰ ਮਲਕ ਜਾਅਫ਼ਰ ਲਈ ਜਿਤ ਲਿਆ। ਮਲਕ ਨੇ ਖ਼ੁਸ਼ ਹੋ ਕੇ, ਉਸ ਨੂੰ ਚੋਪੜੇ ਦੀ ਉਪਾਧੀ ਬਖ਼ਸ਼ੀ, ਤੇ ਉਸ ਦੀ ਵੰਸ਼ 'ਚੋਪੜਾ' ਅਖਵਾਈ।

(ਚ-172) **ਚੋਭਾ ਝਾੜਨਾ** :

ਅੱਖ ਵਿਚ ਚੋਭ ਜਾਂ ਜ਼ਖ਼ਮ ਹੋ ਜਾਵੇ ਤਾਂ ਇਲਾਜ ਵਜੋਂ ਇਕ ਟੂਣਾ ਵਰਤਿਆ ਜਾਂਦਾ ਹੈ। ਰੋਗੀ ਪਾਣੀ ਨਾਲ ਭਰੇ ਬਰਤਨ ਵਿਚ, ਸਰਹੋਂ ਦੇ ਤੇਲ ਦੀਆਂ ਕੁਝ ਬੂੰਦਾਂ ਸੁਟ ਕੇ, ਪਾਣੀ ਵਿਚ ਬਣੇ ਨਕਸ਼ (ਖ਼ਾਕੇ) ਵੇਖੇ। ਇਸ ਨਾਲ ਚੋਭ ਝੜ ਜਾਂਦੀ ਹੈ।

(ਚ-173) **ਚੋਰ ਛਾਲ** :

ਪੀਰ ਸਖੀ ਸਰਵਰ ਦੇ ਸਥਾਨ ਨੇੜੇ ਨਿਗਾਹੀਆ ਵਿਚ, ਇਕ 80 ਫੁਟ ਉੱਚਾ ਢਲਵਾਂ ਟਿੱਲਾ ਹੈ। ਜਿਸ ਨੂੰ ਚੋਰ ਛਾਲ ਆਖਦੇ ਹਨ। ਆਖਿਆ ਜਾਂਦਾ ਹੈ ਕਿ ਜਦੋਂ ਕੋਈ ਚੋਰ, ਜਿਸ ਦਾ ਪਿੱਛਾ ਕੀਤਾ ਜਾ ਰਿਹਾ ਹੋਵੇ, ਇਸ ਟਿੱਲੇ ਤੋਂ ਛਾਲ ਮਾਰੇ ਤੇ ਨਾਲ ਹੀ ਇਹ ਸੁੱਖਣਾ ਸੁੱਖੇ ਕਿ ਜੇ ਉਹ ਪਕੜੇ ਜਾਣ ਤੋਂ ਬਚ ਜਾਵੇਗਾ ਤਾਂ ਉਹ ਕਾਲੀ ਵੱਛੀ ਦੀ ਕੁਰਬਾਨੀ ਦੇਵੇਗਾ ਤਾਂ ਇਸ ਤਰ੍ਹਾਂ ਕਰਨ ਨਾਲ ਚੋਰ ਬਿਨਾਂ ਖੇਦ ਪਹੁੰਚੇ ਦੇ ਬਚ ਨਿਕਲਦਾ ਹੈ।

(ਚ-174) **ਚੋਰ ਦੀ ਦਾਹੜੀ ਵਿਚ ਤਿਨਕਾ** :

ਚੋਰ ਨੂੰ ਅੰਦਰੋਂ ਹੀ ਖਟਕਾ ਲਗਾ ਰਹਿੰਦਾ ਹੈ। ਉਸ ਦੀ ਮਾਨਸਿਕ ਸਥਿਤੀ ਉਸ ਦੇ ਚਿਹਰੇ ਤੋਂ ਹੀ ਪ੍ਰਗਟ ਹੋ ਜਾਂਦੀ ਹੈ। ਇਕ ਲਘੂ ਕਥਾ ਅਨੁਸਾਰ ਕਿਸੇ ਦਾ ਛੱਲਾ ਗਵਾਚ ਗਿਆ। ਜਿਨ੍ਹਾਂ ਉਤੇ ਸ਼ਕ ਸੀ, ਉਨ੍ਹਾਂ ਨੂੰ ਹਾਕਮ ਕੋਲ ਫੜ ਕੇ ਲਿਆਂਦਾ ਗਿਆ। ਹਾਕਮ ਨੇ ਕਿਹਾ ਕਿ ਜਿਸ ਨੇ ਚੋਰੀ ਕੀਤੀ ਹੈ, ਉਸ ਦੀ ਦਾਹੜੀ ਵਿਚ ਤੀਲਾ ਉਗ ਆਵੇਗਾ। ਚੋਰ ਆਪਣੀ ਦਾਹੜੀ ਫੋਲਣ ਲਗਾ ਕਿ ਜੇ ਤੀਲਾ ਉਗ ਆਇਆ ਹੋਵੇ ਤਾਂ ਉਹ ਹੇਠਾਂ ਸੁਟ ਦੇਵੇ। ਗੱਲ ਸਾਫ਼ ਸੀ, ਉਸੇ ਨੂੰ ਫੜ ਲਿਆ ਗਿਆ।

(ਚ-175) **ਚੋਰ ਭੁਲਾਈ** :

ਅਰਥੀ ਨਾਲ ਸਬੰਧਿਤ ਇਕ ਰੀਤ; ਅਰਥੀ ਨੂੰ ਜਦੋਂ ਸ਼ਮਸ਼ਾਨ ਵਲ ਲਿਜਾਇਆ ਜਾਂਦਾ ਹੈ ਤਾਂ ਰਾਹ ਵਿਚ ਅੱਧ-ਮਾਰਗ ਉਤੇ, ਅਰਥੀ ਕੁਝ ਚਿਰ ਲਈ ਜ਼ਿਮੀਂ ਉਤੇ ਰਖੀ ਜਾਂਦੀ ਹੈ। ਇਥੇ ਕੁਝ ਪਿੰਡ ਦਾਨ ਦਿਤੇ ਜਾਂਦੇ ਤੇ ਘੜਾ ਫੋੜਿਆ ਜਾਂਦਾ ਹੈ। ਘਰੋਂ ਨਿਕਲਣ ਵੇਲੇ ਮ੍ਰਿਤਕ ਦੇ ਪੈਰ ਘਰ ਵਲ ਹੁੰਦੇ ਹਨ, ਪਰ ਇਥੇ ਪੈਰ ਸ਼ਮਸ਼ਾਨ ਵਲ ਤੇ ਸਿਰ ਘਰ ਵਲ ਕਰ ਦਿਤਾ ਜਾਂਦਾ ਹੈ। ਸਿਰ ਵਲ ਦੇ 'ਕਾਨੀ' ਪੈਰਾਂ ਵਲ ਤੇ ਪੈਰਾਂ ਦੇ ਸਿਰ ਵਲ ਆ ਜਾਂਦੇ ਹਨ।

**(ਚ-176) ਚੋਲ :**

ਵਿਆਹ ਨਾਲ ਸਬੰਧਿਤ ਇਕ ਰੀਤ; ਵਰ/ਕੰਨਿਆਂ ਨੂੰ ਜਦੋਂ ਮਾਈਏਂ ਪਾਇਆ ਜਾਂਦਾ ਹੈ ਜਾਂ ਫਿਰ ਖਾਰੇ ਉਤੇ ਬਿਠਾਇਆ ਜਾਂਦਾ ਹੈ ਤਾਂ ਬਿਰਾਦਰੀ ਦੇ ਲੋਕ ਵਰ ਅਥਵਾ ਕੰਨਿਆਂ ਦੇ ਸਿਰ ਤੋਂ ਕੋਈ ਸਿੱਕਾ—ਆਨਾ, ਦੁਆਨੀ,ਰੁਪਿਆ ਆਦਿ ਵਾਰ ਕੇ ਉਸ ਦੇ ਨੇੜੇ ਹੀ ਕਿਸੇ ਭਾਂਡੇ ਵਿਚ ਧਰਦੇ ਜਾਂਦੇ ਹਨ। ਇਸ ਰਕਮ ਨੂੰ 'ਚੋਲ' ਕਿਹਾ ਜਾਂਦਾ ਹੈ। ਇਹ ਪੈਸੇ ਨਾਇਣ ਨੂੰ ਦਿਤੇ ਜਾਂਦੇ ਹਨ। ਇਸੇ ਤਰ੍ਹਾਂ ਵਰ ਅਥਵਾ ਕੰਨਿਆਂ ਨੂੰ ਮਹਿੰਦੀ ਦੀ ਰਾਤ ਨੂੰ ਮਹਿੰਦੀ ਲਗਾਣ ਵੇਲੇ ਵੀ, ਬਿਰਾਦਰੀ ਵਾਲੇ ਵਰ/ਕੰਨਿਆਂ ਦੇ ਸਿਰ ਤੋਂ ਵਾਰ ਕੇ ਕੁਝ ਰਕਮ ਮਹਿੰਦੀ ਵਾਲੇ ਭਾਂਡੇ ਵਿਚ ਹੀ ਰਖਦੇ ਜਾਂਦੇ ਹਨ। ਇਹ ਰਕਮ ਵੀ ਪਿਛੋਂ ਨਾਇਣ ਜਾਂ ਕਮੀ-ਕਮੀਣਾਂ ਨੂੰ ਵੰਡ ਦਿਤੀ ਜਾਂਦੀ ਹੈ। ਇਸ ਰਕਮ ਨੂੰ ਵੀ 'ਚੋਲ' ਕਿਹਾ ਜਾਂਦਾ ਹੈ। ਚੋਲ ਵਰ/ਕੰਨਿਆਂ ਦੀਆਂ ਬਲਾਵਾਂ ਰੱਦਣ ਲਈ ਇਕ ਤਰ੍ਹਾਂ ਦਾ ਅੰਨ-ਦਾਨ ਹੁੰਦਾ ਹੈ।

**(ਚ-177) ਚੋਲਾ ਸਾਹਿਬ :**

ਉਹ ਪਵਿਤਰ ਜਾਮਾ ਜਿਸ ਨੂੰ ਕਿਸੇ ਗੁਰੂ ਨੇ ਆਪਣੇ ਜੀਵਨ ਕਾਲ ਵਿਚ ਪਹਿਨਿਆ ਹੋਵੇ। ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਚੋਲੇ, ਪ੍ਰਾਪਤ ਕਰ ਕੇ ਸਿੱਖਾਂ ਨੇ ਸੰਭਾਲੇ ਹੋਏ ਹਨ ਅਤੇ ਗੁਰੂ ਸਾਹਿਬਾਨ ਦੇ ਸਰੀਰ ਦਾ ਸਪਰਸ਼ ਪ੍ਰਾਪਤ ਹੋਣ ਕਰ ਕੇ, ਬੜੇ ਮੁਕੱਦਸ ਮੰਨੇ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਚੋਲਾ ਡੇਹਰਾ ਸਾਹਿਬ ਵਿਖੇ ਗੁਰਦਵਾਰਾ ਚੋਲਾ ਸਾਹਿਬ ਵਿਚ ਪਿਆ ਹੈ, ਜਿਥੇ ਹਰ ਸਾਲ 20 ਫੱਗਣ ਤੋਂ ਲੈ ਕੇ 26 ਫੱਗਣ ਤਕ ਮੇਲਾ ਲਗਦਾ ਹੈ ਅਤੇ ਸੰਗਤਾਂ ਨੂੰ ਚੋਲੇ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਸ ਚੋਲੇ ਨੂੰ ਬਾਬਾ ਕਾਬਲੀ ਮਲ ਨੇ, ਜੋ ਗੁਰੂ ਨਾਨਕ ਦੇਵ ਜੀ ਦੀ ਵੰਸ਼ ਵਿਚੋਂ ਨਾਵੀਂ ਪੀੜ੍ਹੀ ਵਿਚ ਸਨ, ਈਰਾਨ ਤੋਂ ਲਿਆਂਦਾ ਸੀ। ਉਨ੍ਹਾਂ ਨੇ ਹੀ ਡੇਹਰਾ ਬਾਬਾ ਨਾਨਕ ਵਿਚ ਇਸ ਪਾਵਨ ਵਸਤੂ ਦੇ ਪ੍ਰਕਾਸ਼ ਲਈ ਗੁਰਦਵਾਰਾ ਉਸਾਰਿਆ।

ਇਸ ਚੋਲੇ ਉਤੇ ਕੁਰਾਨ ਦੀਆਂ ਆਇਤਾਂ, ਕਸੀਦੇ ਵਾਂਗ ਕਢੀਆਂ ਹੋਈਆਂ ਹਨ। ਸਿੱਖ ਰਵਾਇਤਾਂ (ਸਾਖੀਆਂ) ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਮੱਕੇ-ਮਦੀਨੇ ਤੇ ਬਗਦਾਦ ਗਏ ਤਾਂ ਉਥੋਂ ਦੇ ਹਾਕਮ ਨੇ ਇਹ ਚੋਲਾ ਉਨ੍ਹਾਂ ਨੂੰ ਭੇਟ ਕੀਤਾ ਸੀ। ਮਹਾਨ ਕੋਸ਼ (35) ਅਨੁਸਾਰ "ਇਹ [illegible] ਚੋਲਾ ਅੰਗੀਕਾਰ ਕੀਤਾ ਸੀ।"

ਚੋਲਾ ਸਾਹਿਬ ਕਿਵੇਂ ਪ੍ਰਾਪਤ ਹੋਇਆ ? ਇਸ ਸਬੰਧੀ ਕਈ ਰਵਾਇਤਾਂ ਪ੍ਰਚਲਤ ਹਨ। ਬਾਬਾ ਭਗਵਾਨ ਸਿੰਘ ਰਚਿਤ 'ਸਾਖੀ ਸ੍ਰੀ ਚੋਲਾ ਸਾਹਿਬ' ਅਨੁਸਾਰ ਇਹ ਚੋਲਾ ਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਦੇ ਦਰਬਾਰ ਵਿਚੋਂ, ਉਦੋਂ ਪ੍ਰਾਪਤ ਹੋਇਆ, ਜਦੋਂ ਉਨ੍ਹਾਂ ਸੁਲਤਾਨਪੁਰ ਵਿਚ ਵੇਈਂ ਨਦੀ ਵਿਚ ਅਲੋਪ ਹੋ ਕੇ ਨਿਰੰਕਾਰ ਨਾਲ ਭੇਟ ਕੀਤੀ ਸੀ। ਇਹੋ ਚੋਲਾ ਉਨ੍ਹਾਂ ਨੇ ਉਦਾਸੀਆਂ ਸਮੇਂ ਪਹਿਨ ਰਖਿਆ ਸੀ ਅਤੇ ਜਦੋਂ ਉਹ ਸੰਸਾਰ ਦਾ ਕਲਿਆਣ ਕਰ ਕੇ ਕਰਤਾਰਪੁਰ ਆ ਵਸੇ ਤਾਂ ਇਸ ਪਾਵਨ ਚੋਲੇ ਨੂੰ ਉਤਾਰਿਆ। ਚੋਲੇ ਨਾਲ ਉਨ੍ਹਾਂ ਦੀ ਸੇਲੀ ਟੋਪੀ, ਪਊਏ, ਮਾਲਾ ਤੇ ਪੋਥੀ ਸਾਹਿਬ, ਪੰਜ ਹੋਰ ਚੀਜ਼ਾਂ ਵੀ ਸਨ। ਜੋ ਪਹਿਲੇ ਗੁਰੂ ਸਾਹਿਬਾਨ ਤੋਂ ਦੂਜੇ, ਤੀਜੇ, ਚੌਥੇ ਤੋਂ ਹੁੰਦੀਆਂ ਹੋਈਆਂ ਗੁਰੂ ਅਰਜਨ ਦੇਵ ਜੀ ਤਕ ਪਹੁੰਚੀਆਂ। ਹਰਮੰਦਰ ਸਾਹਿਬ ਦੀ ਉਸਾਰੀ ਦੇ ਸਮੇਂ, ਇਹ ਛੇ ਚੀਜ਼ਾਂ ਦੂਰੋਂ ਦੂਰੋਂ ਆਈਆਂ ਸੰਗਤਾਂ ਵਿਚ ਵੰਡ ਦਿਤੀਆਂ ਗਈਆਂ। ਸੇਲੀ ਟੋਪੀ ਅਨੰਦਪੁਰ ਸਾਹਿਬ; ਪਊਏ, ਮਾਲਾ ਤੇ ਪੋਥੀ ਗੁਰੂ ਹਰਿ ਸਹਾਇ (ਜ਼ਿਲਾ ਫ਼ਿਰੋਜ਼ਪੁਰ) ਦੇ ਸਿੱਖਾਂ ਵਿਚ ਤੇ ਚੋਲਾ ਸਾਹਿਬ ਈਰਾਨੀ ਨਿਵਾਸੀ ਤੋਤਾ ਰਾਮ ਨੂੰ ਦਿਤਾ ਗਿਆ, ਜੋ ਇਸ ਨੂੰ ਸੁਹਾਨ ਲੈ ਗਏ। ਗੁਰੂ ਨਾਨਕ ਦੇਵ ਜੀ ਦੀ ਨੌਵੀਂ ਪੁਸ਼ਤ ਵਿਚ ਕਾਬਲੀ ਮਲ ਹੋਏ, ਜਿਨ੍ਹਾਂ ਨੂੰ ਸੁਪਨੇ ਵਿਚ ਗੁਰੂ ਨਾਨਕ ਦੇਵ ਜੀ ਨੇ ਦਰਸ਼ਨ ਦੇ ਕੇ ਇਹ ਚੋਲਾ ਸਾਹਿਬ ਸੁਹਾਨ ਤੋਂ ਡੇਹਰਾ ਬਾਬਾ ਨਾਨਕ ਲਿਆਉਣ ਦੀ ਆਗਿਆ ਦਿਤੀ। ਕਾਬਲੀ ਮਲ ਜੀ ਸੁਹਾਨ ਗਏ ਤੇ ਉਥੋਂ ਚੋਲਾ ਸਾਹਿਬ ਲੈ ਕੇ ਫੱਗਣ 1817 ਨੂੰ ਡੇਹਰਾ ਬਾਬਾ ਨਾਨਕ ਵਾਪਸ ਪਹੁੰਚੇ।

ਪਰ ਦਲਜੀਤ ਸਿੰਘ ਬੇਦੀ ਨੇ 'ਸ੍ਰੀ ਚੋਲਾ ਸਾਹਿਬ' ਨਾਂ ਦੀ ਪੁਸਤਕ ਵਿਚ ਇਕ ਹੋਰ ਕਥਾ ਦਿਤੀ ਹੈ ਜਿਸ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਨੇ ਮੱਕਾ ਫੇਰ ਕੇ, ਜੀਵਨ ਨਾਂ ਦੇ ਮੁੱਲਾਂ ਨੂੰ ਹੈਰਾਨ ਕਰ ਦਿਤਾ, ਤਾਂ ਉਸ ਨੇ ਗੁਰੂ ਜੀ ਨੂੰ ਇਕ ਖਿਅਲਤ ਭੇਟ ਕੀਤੀ, ਜੋ ਉਸ ਕੋਲ ਪੀੜ੍ਹੀ ਦਰ ਪੀੜ੍ਹੀ, ਹਜ਼ਰਤ ਮੁਹੰਮਦ ਸਾਹਿਬ ਤੋਂ ਚਲੀ ਆ ਰਹੀ ਸੀ। ਇਹੋ ਉਹ ਚੋਲਾ ਹੈ। ਇਹ ਚੋਲਾ ਗੁਰੂ ਅਰਜਨ ਦੇਵ ਜੀ ਨੇ, ਅਫ਼ਗਾਨ ਦੇ ਸਿੱਖ ਤੋਤਾ ਰਾਮ ਨੂੰ ਦਿਤਾ, ਜਿਨ੍ਹਾਂ ਨੇ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾ, ਇਸ ਚੋਲੇ ਨੂੰ, ਰੇਸ਼ਮੀ ਰੁਮਾਲ ਵਿਚ ਲਪੇਟ ਕੇ, ਇਕ ਗੜ੍ਹਾ ਵਿਚ ਬੰਦ ਕਰ ਦਿਤਾ। ਜਿਥੋਂ ਕਾਬਲੀ ਮਲ ਨੇ

(2) ਗੁਰੂ ਗੋਬਿੰਦ ਸਿੰਘ ਜੀ ਦੇ ਦੋ ਚੋਲੇ ਮਿਲਦੇ ਹਨ। ਇਕ ਅੰਮ੍ਰਿਤਸਰ ਵਿਚ ਕਿਲਾ ਭੰਗੀਆਂ, ਗਲੀ ਠਾਕੁਰਦਵਾਰੇ ਵਾਲੀ ਵਿਚ, ਭਾਈ ਰਾਮਸਰਨ ਅਤੇ ਭਾਈ ਗਯਾਨ ਚੰਦ ਜੀ ਬ੍ਰਾਹਮਣ ਦੇ ਘਰ। ਇਹ ਚੋਲਾ ਭਾਈ ਹਰਾ ਦੇ ਪੁੱਤਰ ਭਾਈ ਨੱਥੂ ਨੂੰ ਦਸ਼ਮੇਸ਼ ਪਿਤਾ ਨੇ ਅਨੰਦਪੁਰ ਵਿਚ ਬਖ਼ਸ਼ਿਆ (ਮਹਾਨ ਕੋਸ਼, 58)। ਦੂਜਾ ਚੋਲਾ ਰਿਆਸਤ ਨਾਭੇ ਦੇ ਰਾਜਭਵਨ ਦੇ ਗੁਰਦਵਾਰੇ 'ਸਿਰਪਾਓ' ਸਾਹਿਬ ਵਿਚ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਤ੍ਰਿਲੋਕ ਸਿੰਘ ਤੇ ਰਾਮ ਸਿੰਘ ਨੂੰ ਹੁਕਮਨਾਮੇ ਦੇ ਨਾਲ ਬਖ਼ਸ਼ਿਆ ਸੀ (ਮਹਾਨ ਕੋਸ਼, 350)।

(ਚ-178) **ਚੋਲਾ ਪਹਿਨਾਣਾ** :

ਨਵੇਂ ਜੰਮੇ ਬੱਚੇ ਨੂੰ, ਪਹਿਲਾ ਚੋਲਾ ਰਸਮੀ ਢੰਗ ਨਾਲ ਪਹਿਨਾਇਆ ਜਾਂਦਾ ਹੈ। ਕੁਝ ਜਾਤਾਂ ਗੋਤਾਂ ਵਿਚ, ਬੱਚੇ ਨੂੰ ਜੰਮਣ ਮਗਰੋਂ, ਇਕ ਸਾਲ ਤਕ ਘਰੋਂ ਕਪੜੇ ਨਹੀਂ ਪਾਏ ਜਾਂਦੇ। ਆਪਣੀ ਗੋਤ ਤੋਂ ਬਾਹਰ ਦੇ ਸਾਕਾਂ ਮਿੱਤਰਾਂ ਤੋਂ ਮੰਗ ਕੇ ਪਾਏ ਜਾਂਦੇ ਹਨ। ਸਾਲ (ਕਈਆਂ ਵਿਚ ਤਿੰਨ ਸਾਲ) ਮਗਰੋਂ ਬੱਚੇ ਨੂੰ ਘਰ ਦਾ ਪਹਿਲਾ ਚੋਲਾ ਰਸਮੀ ਢੰਗ ਨਾਲ ਪਹਿਨਾਇਆ ਜਾਂਦਾ ਹੈ। ਬੱਚੇ ਨੂੰ ਕਿਸੇ ਜੰਡੀ ਹੇਠ ਬਿਠਾ ਕੇ, ਜੰਡ ਦੀ ਇਕ ਟਹਿਣੀ ਕਟ ਕੇ, ਬਾਲ ਦੇ ਪੈਰਾਂ ਵਿਚ ਗੱਡੀ ਜਾਂਦੀ ਹੈ। ਫਿਰ ਜੰਡੀ ਦੀ ਟਹਿਣ ਅੱਗੇ ਚਾਵਲਾਂ ਦੇ ਆਟੇ ਦਾ ਸਵਾਸਤਿਕ ਬਣਾਇਆ ਜਾਂਦਾ ਹੈ ਅਤੇ ਗੁੜ ਭੇਟ ਕੀਤਾ ਜਾਂਦਾ ਹੈ। ਫਿਰ ਸੂਤ ਜਾਂ ਮੌਲੀ ਦੇ ਨੌਂ ਬਰਾਬਰ ਆਕਾਰ ਦੇ ਧਾਗੇ ਕਟੇ ਜਾਂਦੇ ਹਨ। ਇਕ ਧਾਗਾ ਜੰਡ ਦੀ ਟਹਿਣੀ ਨਾਲ ਵਲ੍ਹੇਟ ਦਿਤਾ ਜਾਂਦਾ ਹੈ। ਇਸ ਮਗਰੋਂ ਪਰੋਹਤ ਯਜੁਰਵੇਦ ਦੇ ਮੰਤਰਾਂ ਦਾ ਉੱਚਾਰਨ ਕਰਦਾ ਹੈ। ਇਸ ਮੌਕੇ ਉਤੇ ਤੀਵੀਆਂ ਤੇ ਬੱਚੇ ਹੀ ਇਕੱਤਰ ਹੁੰਦੇ ਹਨ, ਜਿਨ੍ਹਾਂ ਵਿਚ ਗੁੜ ਤੇ ਚਾਵਲ ਵੰਡੇ ਜਾਂਦੇ ਹਨ। ਫਿਰ ਪਰੋਹਤ ਬਾਲਕ ਨੂੰ ਪਹਿਲਾ ਚੋਲਾ ਪਹਿਨਾਂਦਾ ਹੈ। ਪਹਿਨਾਣ ਤੋਂ ਪਹਿਲਾਂ ਚੋਲੇ 'ਤੇ ਕੇਸਰ ਦਾ ਛਟਾ ਮਾਰ ਲਿਆ ਜਾਂਦਾ ਹੈ। ਕਈ ਵਾਰ ਚੋਲੇ ਨੂੰ ਲਾਲ ਸਾਲੂ ਦੀ ਕਾਤਰ ਬੰਨ੍ਹ ਦਿਤੀ ਜਾਂਦੀ ਹੈ ਤਾਂ ਜੋ ਬਾਲ ਨੂੰ ਨਜ਼ਰ ਨਾ ਲਗੇ। ਪਰੋਹਤ ਨੂੰ ਦਖਸ਼ਣਾ ਤੇ ਦਾਨ ਦਿਤਾ ਜਾਂਦਾ ਹੈ। 'ਵਿਜ' ਖਤ੍ਰੀਆਂ ਵਿਚ ਸਾਲ ਮਗਰੋਂ ਘਰ ਦਾ ਚੋਲਾ ਪਾਉਣ ਦੀ ਰੀਤ ਕੀਤੀ ਜਾਂਦੀ ਹੈ।

ਕਈ ਜਾਤਾਂ ਵਿਚ ਇਸ ਵੇਲੇ ਨਵਾਂ ਝੱਗਾ ਪਹਿਨਾਂਦੇ ਹਨ ਤੇ ਕਈਆਂ ਵਿਚ ਪੁਰਾਣੇ ਉਤਾਰੇ ਕਪੜਿਆਂ ਵਿਚੋਂ,

ਖਤ੍ਰੀਆਂ ਵਿਚ ਪਹਿਲਾਂ ਬੱਚੇ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ, ਫਿਰ ਕਿਸੇ ਬਿਰਧ ਦੇ ਉਤਾਰੇ ਕਪੜਿਆਂ ਵਿਚੋਂ ਟੁਕੜਾ ਕਢ ਕੇ ਬੱਚੇ ਲਈ ਸਿਲਵਾਇਆ ਝੱਗਾ ਪਹਿਨਾਇਆ ਜਾਂਦਾ ਹੈ। ਝੱਗੇ ਨੂੰ ਪਹਿਲਾਂ ਗੁਰੂ ਗ੍ਰੰਥ ਸਾਹਿਬ ਨਾਲ ਛੁਹਾ ਲਿਆ ਜਾਂਦਾ ਹੈ।

ਮੁਲਤਾਨ ਦੇ ਹਿੰਦੂ ਬ੍ਰਾਹਮਣ ਨੂੰ ਸੱਦਦੇ ਹਨ, ਜੋ ਗਣੇਸ਼ ਦੀ ਪੂਜਾ ਕਰਨ ਉਪਰੰਤ ਬੱਚੇ ਨੂੰ ਚੋਲਾ ਪਹਿਨਾਂਦਾ ਹੈ। ਇਸ ਮਗਰੋਂ ਮਠਿਆਈ ਜਾਂ ਗੁੜ ਵੰਡਿਆ ਜਾਂਦਾ ਹੈ।

ਕਈ ਲੋਕ ਪਹਿਲਾ ਚੋਲਾ ਕਿਸੇ ਪੀਰ ਦੀ ਖ਼ਾਨਗਾਹ/ਦੇਵੀ ਦੇ ਮੰਦਰ ਵਿਚ ਪਹਿਨਾਂਦੇ ਹਨ, ਜਿਵੇਂ ਦੇਸ਼ ਵੰਡ ਤੋਂ ਪਹਿਲਾਂ ਬਹਾਵਲਪੁਰ ਦੇ ਹਿੰਦੂ ਕਹਿਰੌਤ ਵਿਖੇ ਮਾਤਾ ਰਾਣੀ ਦੇ ਮੰਦਰ ਵਿਚ, ਆਦਮਵਾਹਨ (ਜ਼ਿਲਾ ਮੁਲਤਾਨ) ਤੇ ਖ਼ਾਨਪੁਰ ਵਿਚ 'ਜਜਾਂ' ਵਿਖੇ ਨਾਰੀਅਲ ਤੇ ਚੂਰੀ ਦੀ ਭੇਟਾ ਚਾੜ੍ਹ ਕੇ, ਬ੍ਰਾਹਮਣ ਤੋਂ ਚੋਲਾ ਲੈ ਕੇ, ਬੱਚੇ ਨੂੰ ਪਹਿਨਾਂਦੇ ਸਨ। ਚੋਲੇ ਦੀ ਰਸਮ ਤੋਂ ਪਹਿਲਾਂ, ਉਹ ਬੱਚੇ ਨੂੰ ਹਿੰਦੂ ਨਹੀਂ ਸਮਝਦੇ। ਇਸ ਰਸਮ ਦੁਆਰਾ ਉਹ ਹਿੰਦੂਮਤ ਗ੍ਰਹਿਣ ਕਰਦਾ ਹੈ (ਬਹਾਵਲਪੁਰ ਗਜ਼ਟੀਅਰ, ਪੰਨਾ 100)।

(ਚ-179) **ਚੋਲੀ ਪੰਥ** :

ਵਾਮ ਮਾਰਗੀਆਂ ਦਾ ਇਕ ਫ਼ਿਰਕਾ; ਪੰਜਾਬੀ ਕੋਸ਼ (ਜਿਲਦ 2, 417) ਅਨੁਸਾਰ ਇਸ ਫ਼ਿਰਕੇ ਦੇ ਅਨੁਯਾਈ ਪੂਜਨ-ਚੱਕਰ ਵਿਚ ਬੈਠ ਕੇ ਸ਼ਰਾਬ-ਮਾਸ ਆਦਿ ਵਰਤਦੇ ਹਨ। ਪੂਜਣ ਸਮੇਂ ਇਕੱਤਰ ਹੋਈਆਂ ਇਸਤ੍ਰੀਆਂ ਦੀਆਂ ਚੋਲੀਆਂ ਉਤਾਰ ਕੇ ਇਕ ਮਟਕੀ ਵਿਚ ਪਾਈਆਂ ਜਾਂਦੀਆਂ ਹਨ। ਮਹੰਤ ਦੀ ਆਗਿਆ ਨਾਲ ਮੁਖੀ ਚੇਲਾ ਮਟਕੀ ਵਿਚੋਂ ਸਭ ਤੋਂ ਪਹਿਲਾਂ ਚੋਲੀ ਕਢਦਾ ਹੈ ਤੇ ਉਸੇ ਦੇ ਮਗਰੋਂ ਹੋਰ ਲੋਕ ਵਾਰੋ ਵਾਰੀ ਚੋਲੀਆਂ ਕਢਦੇ ਹਨ। ਜਿਸ ਇਸਤ੍ਰੀ ਦੀ ਚੋਲੀ ਜਿਸ ਮਰਦ ਦੇ ਹੱਥ ਆਉਂਦੀ ਹੈ, ਉਹ ਉਸ ਸਮੇਂ ਉਸ ਦੀ ਔਰਤ ਮੰਨੀ ਜਾਂਦੀ ਹੈ।

(ਚ-180) **ਚੌਸਠ** :

ਪੰਜਾਬੀ ਲੋਕਧਾਰਾ ਦੀ ਇਕ ਅੰਕ ਰੂੜ੍ਹੀ; ਦਿਨ ਰਾਤ ਨੂੰ 64 ਘੜੀਆਂ ਵਿਚ ਵੰਡਿਆ ਗਿਆ ਹੈ। ਇਕ ਘੜੀ ਸਾਢੇ ਬਾਈ ਮਿੰਟ ਦੀ ਹੁੰਦੀ ਹੈ। 'ਕਲਾ ਵਿਲਾਸ' ਤੇ 'ਮਹਾਂਭਾਰਤ' ਅਨੁਸਾਰ ਕਲਾ ਦੇ ਚੌਸਠ ਰੂਪ ਹਨ। ਕਾਲਕਾ

**(ਚ-181) ਚੌਸਰ :**

ਸ਼ਤਰੰਜ ਵਰਗੀ ਇਕ ਖੇਡ, ਜਿਸ ਵਿਚ ਪਾਸਾ ਸੁਟ ਕੇ ਗੀਟੀਆਂ ਚਲਾਈਆਂ ਜਾਂਦੀਆਂ ਹਨ । ਚੌਸਰ ਦੇ ਚਾਰ ਪੱਲੇ ਚਹੁੰ ਦਿਸ਼ਾਵਾਂ ਵਲ ਬਣੇ ਹੁੰਦੇ ਹਨ ਤੇ ਹਰ ਪੱਲੇ ਉੱਤੇ ਤਿੰਨ ਤਿੰਨ ਖਾਨਿਆਂ ਦੀਆਂ ਅੱਠ ਪਾਲਾਂ ਹੁੰਦੀਆਂ ਹਨ (ਵੇਖੋ : ਚੌਪੜ) ।

**(ਚ-182) ਚੌਕ :**

(1) ਜਿਥੇ ਚਾਰ ਰਸਤੇ ਮਿਲਦੇ ਹੋਣ; ਚੌਰਾਹਿਆਂ ਤੇ ਚੌਕ ਉੱਤੇ ਟੂਣਾ ਟੱਪਾ ਬੜਾ ਫਲਦਾ ਮੰਨਿਆ ਗਿਆ ਹੈ । ਇਸ ਲਈ ਕਈ ਵਾਰ ਚੌਰਾਹੇ ਉੱਤੇ ਜਾਦੂ-ਟੂਣੇ ਲਈ ਵਰਤੀ ਸਾਮਗ੍ਰੀ ਬਿਖਰੀ ਨਜ਼ਰ ਆਉਂਦੀ ਹੈ । ਜਿਸ ਤੀਵੀਂ ਦੇ ਸੰਤਾਨ ਨਹੀਂ ਹੁੰਦੀ, ਉਹ ਤੀਵੀਂ ਚੌਕ ਵਿਚ ਸੱਤਾਂ ਖੂਹਾਂ ਦੇ ਪਾਣੀ ਨਾਲ ਇਸ਼ਨਾਨ ਕਰਕੇ ਜਾਂ ਸਤਨਾਜਾ ਤੇ ਬਕਰੇ ਦੀ ਸਿਰੀ ਮੰਤਰ ਪੜ੍ਹ ਕੇ ਰਖੇ ਤਾਂ ਉਸਦੇ ਗਰਭ ਠਹਿਰ ਗਿਆ ਮੰਨਦੇ ਹਨ । ਜਿਹੜਾ ਸ਼ਖ਼ਸ ਇਸ ਟੂਣੇ ਤੋਂ ਪਹਿਲਾਂ ਟਪਦਾ ਹੈ, ਉਸ ਉੱਤੇ ਟੂਣੇ ਦਾ ਅਸਰ ਹੁੰਦਾ ਹੈ ।

(2) ਹਿੰਦੂਆਂ ਵਿਚ, ਮੰਗਲ ਕਾਰਜਾਂ ਸਮੇਂ, ਆਟੇ ਦਾ ਚੌਕ ਬਣਾ ਕੇ ਪੂਰਿਆ ਜਾਂਦਾ ਹੈ । ਇਸ ਵਿਚ ਆਟੇ ਨਾਲ ਗ੍ਰਹਿ ਤੇ ਸਵਾਸਤਿਕ ਦੇ ਚਿੰਨ੍ਹ ਬਣਾਏ ਜਾਂਦੇ ਤੇ 'ਓਮ' ਅੱਖਰ ਰਚਿਆ ਜਾਂਦਾ ਹੈ । ਮੰਗਲ ਕਾਰਜ ਸਮੇਂ ਚੌਕ ਨੂੰ ਪੂਜਿਆ ਜਾਂਦਾ ਹੈ ।

(3) ਮੁੰਡਣ ਸਮੇਂ ਆਟੇ ਦਾ ਚੌਕ ਬਣਾ ਕੇ, ਉਪਰ ਚੌਕੀ ਵਿਛਾ ਕੇ, ਮੁੰਡੇ ਨੂੰ ਬਿਠਾਇਆ ਜਾਂਦਾ ਹੈ । ਫਿਰ ਉਸ ਦਾ ਮੁੰਡਣ ਕੀਤਾ ਜਾਂਦਾ ਹੈ । ਵਿਆਹ ਸਮੇਂ ਵੀ ਹਿੰਦੂਆਂ ਵਿਚ ਦੂਲ੍ਹੇ ਤੇ ਦੂਲ੍ਹਨ ਨੂੰ ਚੌਕ ਉੱਤੇ ਬਿਠਾਇਆ ਜਾਂਦਾ ਹੈ ।

(4) ਤੀਵੀਆਂ ਦਾ ਇਕ ਗਹਿਣਾ, ਜੋ ਸਿਰ ਦੇ ਵਾਲਾਂ ਉੱਤੇ ਪਹਿਨਿਆ ਜਾਂਦਾ ਹੈ ।

**(ਚ-183) ਚੌਕ ਉਲੰਘਣਾ :**

ਵਿਆਹ ਨਾਲ ਸਬੰਧਿਤ ਇਕ ਰੀਤ; ਲਾੜ੍ਹੇ ਦੀ ਮਾਂ ਇਸ਼ਨਾਨ ਕਰਨ ਮਗਰੋਂ ਨਵੇਂ ਕਪੜੇ ਪਹਿਨਦੀ ਹੈ ਤੇ ਉਸ ਚੌਕ ਉੱਤੋਂ ਲੰਘਦੀ ਹੈ, ਜਿਥੇ ਲਾੜ੍ਹੇ ਦੀਆਂ, ਵਿਆਹ ਨਾਲ ਸਬੰਧਿਤ ਰੀਤਾਂ ਕੀਤੀਆਂ ਹੁੰਦੀਆਂ ਹਨ । ਫਿਰ ਮਾਂ ਹੱਥਾਂ ਨਾਲ, ਆਟੇ ਦੇ ਚੌਕ ਨੂੰ ਮਿਟਾ ਦੇਂਦੀ ਹੈ, ਜਿਸ ਨੂੰ 'ਚੌਕ

ਜਿਉਂਦੀ ਨਾ ਹੋਵੇ ਤਾਂ ਕੋਈ ਹੋਰ ਨਜ਼ਦੀਕੀ ਰਿਸ਼ਤੇਦਾਰ ਇਹ ਰੀਤ ਪੂਰੀ ਕਰਦੀ ਹੈ ।

**(ਚ-184) ਚੌਕਡ :**

ਵਿਆਹ ਦੀ ਇਕ ਰੀਤ, ਜੋ ਹੁਣ ਅਪ੍ਰਚਲਤ ਹੋ ਗਈ ਹੈ । ਪਹਿਲਿਆਂ ਵਿਚ ਜਦੋਂ ਜੰਞ ਕੰਨਿਆਂ ਦੇ ਦੁਵਾਰੇ ਉੱਤੇ ਪਹੁੰਚਦੀ ਤਾਂ ਵਰ ਪੱਖ ਵਾਲੇ ਕੰਨਿਆਂ ਪੱਖ ਦੇ ਲਾਗੀਆਂ ਨੂੰ ਚਾਰ ਚਾਰ ਕੌਡਾਂ ਦਾਨ ਵਜੋਂ ਦਿਤਾ ਕਰਦੇ ਸਨ ।

**(ਚ-185) ਚੌਕ ਪੂਰਨਾ :**

ਹਿੰਦੂਆਂ ਵਿਚ ਵਿਆਹ ਤੇ ਹੋਰ ਮੰਗਲ ਕਾਰਜਾਂ ਵੇਲੇ ਆਟੇ ਦਾ ਚੌਕ ਪੂਰਿਆ ਜਾਂਦਾ ਹੈ । ਥਾਂ ਨੂੰ ਸਾਫ਼ ਕਰ ਕੈ ਉਸ ਉੱਤੇ ਗੋਬਰ ਨਾਲ ਪੋਚਾ ਫੇਰ ਲਿਆ ਜਾਂਦਾ ਹੈ ਤੇ ਫਿਰ ਉਸ ਉੱਤੇ ਆਟੇ ਨਾਲ ਕੁਝ ਹੋਰ ਲਕੀਰਾਂ ਵਾਹ ਕੇ, ਘਰ ਬਣਾ ਲਏ ਜਾਂਦੇ ਹਨ । ਇਨ੍ਹਾਂ ਘਰਾਂ ਵਿਚ ਨੌਂ ਗ੍ਰਹਿਆਂ ਦੇ ਚਿੰਨ੍ਹ ਤੇ ਸਵਾਸਤਿਕ ਦਾ ਚਿੰਨ੍ਹ ਉਲੀਕਿਆ ਜਾਂਦਾ ਹੈ ਤੇ ਇਕ ਖਾਨੇ ਵਿਚ ਵਡਾ ਸਾਰਾ 'ਓਮ' ਲਿਖਿਆ ਜਾਂਦਾ ਹੈ । ਚੌਕ ਉੱਤੇ ਚੰਦਨ ਦਾ ਛੱਟਾ ਦੇ ਕੇ ਪੂਜਾ ਕੀਤੀ ਜਾਂਦੀ ਹੈ ਅਤੇ ਇਸ ਦਾ ਮਤਲਬ ਅਗੰਮੀ ਸ਼ਕਤੀਆਂ ਅਥਵਾ ਦੇਵੀ ਦੇਵਤਿਆਂ ਤੋਂ ਸਹਾਇਤਾ ਮੰਗਣੀ ਹੁੰਦਾ ਹੈ ।

'ਚੌਕ ਪੂਰਨਾ' ਬੜਾ ਸ਼ੁਭ ਸ਼ਗਨ ਗਿਣਿਆ ਜਾਂਦਾ ਹੈ ।

**(ਚ-186) ਚੌਕ ਫੁੱਲ :**

ਤੀਵੀਆਂ ਦੇ ਸਿਰ 'ਤੇ ਪਹਿਨਣ ਵਾਲੇ ਦੋ ਗਹਿਣੇ ਚੌਕ (ਸੱਗੀ) ਤੇ ਫੁੱਲ ।

**(ਚ-187) ਚੌਕ ਵਧਾਣਾ :**

ਵਿਆਹ ਸ਼ਾਦੀ ਤੇ ਮੰਗਲ ਕਾਰਜਾਂ ਉੱਤੇ, ਜੋ ਚੌਕ ਪੂਰਿਆ ਜਾਂਦਾ ਹੈ, ਉਸ ਨੂੰ ਬਾਅਦ ਵਿਚ ਮਿਟਾ ਦਿਤਾ ਜਾਂਦਾ ਹੈ ਤਾਂ ਜੋ ਇਸ ਨੂੰ ਕੋਈ ਉਲੰਘ ਨਾ ਜਾਵੇ । ਇਸ ਕਿਰਿਆ ਨੂੰ ਮੰਗਲ ਭਾਸ਼ਾ ਵਿਚ 'ਚੌਕ ਵਧਾਣਾ' ਕਹਿੰਦੇ ਹਨ ।

**(ਚ-188) ਚੌਕੜ :**

ਮੰਤ੍ਰਿਆ ਹੋਇਆ ਧਾਗਾ, ਜਿਸ ਨਾਲ ਚਾਰ ਕੌਡੀਆਂ ਬੰਨ੍ਹੀਆਂ ਹੁੰਦੀਆਂ ਹਨ । ਇਹ ਗੰਢਾਂ ਦਾ ਧਾਗਾ ਦੁਖ ਪੀੜਾ

(ਚ-189) **ਚੌਕਾ** :

ਘਰ ਵਿਚ ਰੋਟੀ ਪਕਾਉਣ ਤੇ ਖਾਣ ਦੀ ਥਾਂ। ਘਰ ਵਿਚ ਭੋਜਨ ਬਨਾਉਣ ਲਈ ਵਖਰੀ ਰਸੋਈ ਤੋਂ ਇਲਾਵਾ ਇਕ ਚੌਕਾ ਵੀ ਹੁੰਦਾ ਹੈ। ਵਿਹੜੇ ਦੀ ਕਿਸੇ ਗੁਠੇ ਚਾਰ ਕਾਰਾਂ ਵਾਹ ਲਈਆਂ ਜਾਂਦੀਆਂ ਸਨ ਤੇ ਉਸ ਥਾਂ ਨੂੰ ਗਊ ਦੇ ਗੋਬਰ ਨਾਲ ਲਿੰਬ-ਪੋਚ ਕੇ ਪਵਿਤ੍ਰ ਬਣਾ ਲਿਆ ਜਾਂਦਾ ਸੀ। ਇਸ ਥਾਂ ਨੂੰ ਚੌਕਾ ਕਿਹਾ ਜਾਣ ਲਗਾ।

ਚੌਕੇ ਦੇ ਅੰਦਰ ਅਗਨੀ ਦੇਵਤੇ, ਜਲ ਦੇਵਤੇ ਤੇ ਅੰਨ ਦੇਵਤੇ ਦਾ ਨਿਵਾਸ ਮੰਨਿਆ ਗਿਆ ਹੈ ਜਿਸ ਕਰਕੇ ਚੌਕੇ ਨੂੰ ਹਮੇਸ਼ਾ ਪਵਿਤ੍ਰ ਰਖਿਆ ਜਾਂਦਾ ਹੈ। ਮਾਹਵਾਰੀ ਤੇ ਜਣੇਪੇ ਦੇ ਦਿਨਾਂ ਵਿਚ, ਤੀਵੀਂ ਚੌਕੇ ਅੰਦਰ ਪੈਰ ਨਹੀਂ ਪਾਂਦੀ। ਚੌਕੇ ਵਿਚ ਚੰਮੜੇ ਦੀ ਜੁੱਤੀ ਨਹੀਂ ਲਿਆਈ ਜਾਂਦੀ। ਜੇ ਜੁੱਤੀ ਗਲਤੀ ਨਾਲ ਚਲੀ ਜਾਵੇ ਤਾਂ ਸਾਰੇ ਚੌਕੇ ਨੂੰ ਗੋਹੇ ਦਾ ਲੇਪਣ ਦੇ ਕੇ ਪਵਿਤ੍ਰ ਕੀਤਾ ਜਾਂਦਾ ਅਤੇ ਰਸੋਈ ਦੇ ਸਾਰੇ ਭਾਂਡੇ ਮਾਂਜੇ ਜਾਂਦੇ ਹਨ।

ਪਿੰਡਾਂ ਵਿਚ ਅਜੇ ਵੀ ਚੌਕੇ ਦੀ ਪੁਰਾਣੀ ਮਹੱਤਾ ਤੇ ਪਵਿਤਰਤਾ ਕਾਇਮ ਹੈ। ਚੌਕੇ ਵਿਚ ਹੀ ਬੈਠ ਕੇ ਭੋਜਨ ਖਾਧਾ ਜਾਂਦਾ ਹੈ, ਪਰ ਸ਼ਹਿਰਾਂ ਵਿਚ ਅਜਿਹੀ ਬੰਦਸ਼ ਨਹੀਂ। ਚੌਕੇ ਅਥਵਾ ਰਸੋਈ ਵਿਚ ਲੋਕ ਜੁੱਤੀਆਂ ਸਮੇਤ ਵੀ ਚਲੇ ਜਾਂਦੇ ਹਨ।

(ਚ-190) **ਚੌਕਾ ਨਵਾਂ ਕਰਨਾ** :

ਇਕ ਰੀਤ; ਵਿਆਹ ਤੋਂ ਮਗਰੋਂ, ਨਵੀਂ ਵਿਆਹੀ ਵਹੁਟੀ ਜਦੋਂ ਸਹੁਰੇ ਘਰ ਪਹਿਲੀ ਵਾਰ ਚੌਕੇ ਚੜ੍ਹਦੀ ਅਥਵਾ ਰਿੰਨ੍ਹਣ ਪਕਾਣ ਦਾ ਕੰਮ ਸ਼ੁਰੂ ਕਰਦੀ ਹੈ। ਇਸ ਰੀਤ ਨੂੰ 'ਚੌਕਾ ਨਵਾਂ ਕਰਨਾ' ਕਹਿੰਦੇ ਹਨ। ਨਵੀਂ ਵਿਆਹੀ ਵਹੁਟੀ ਮਿੱਠੇ ਚਾਵਲ ਜਾਂ ਖਿੱਚੜੀ ਰਿੰਨ੍ਹਦੀ ਹੈ ਤੇ ਇਸ ਨੂੰ ਬਰਾਦਰੀ ਵਿਚ ਵੰਡਿਆ ਜਾਂਦਾ ਹੈ।

(ਚ-191) **ਚੌਕੀ** :

(1) ਲਕੜੀ ਦੀ ਬਣੀ ਪੱਟੜੀ, ਜੋ ਉਪਰੋਂ ਚੌਰਸ ਸ਼ਕਲ ਦੀ ਹੁੰਦੀ ਹੈ ਤੇ ਹੇਠਾਂ ਚਾਰ ਪੈਰ ਲਗੇ ਹੁੰਦੇ ਹਨ। ਵਿਆਹ ਜਾਂ ਮੰਗਲ ਕਾਰਜਾਂ ਵੇਲੇ ਵਰ/ਕੰਨਿਆਂ ਨੂੰ ਚੌਕੀ ਉੱਤੇ ਬਿਠਾਇਆ ਜਾਂਦਾ ਹੈ। ਪਹਿਲਿਆਂ ਵਿਚ ਮੰਗਲ ਕਾਰਜਾਂ ਸਮੇਂ ਚੌਕ ਪੂਰਿਆ ਜਾਂਦਾ ਸੀ ਤੇ ਉਸ ਉਪਰ ਪੱਟੜਾ ਵਿਛਾ ਕੇ ਵਰ/ਕੰਨਿਆਂ ਨੂੰ ਬਿਠਾ ਦਿਤਾ ਜਾਂਦਾ ਸੀ ਮਾਰ ਕੇ ਬੈਠੇ ਲੋਕ, ਧਨੀ ਪੁਰਸ਼ ਦੇ ਸੇਵਕ ਅਥਵਾ ਸੰਤ, ਗੁਰੂ ਦੇ ਸ਼ਰਧਾਲੂ ਹੁੰਦੇ ਸਨ। ਭੋਇੰ ਉਤੇ ਬੈਠਣ ਵਾਲੀ ਸੰਗਤ ਚੌਕੀ ਉਪਰ ਬੈਠਣ ਵਾਲੇ ਪੁਰਸ਼ ਦੀ ਚੌਕੀ ਭਰਦੀ ਸੀ, ਜਿਸ ਤੋਂ ਭੋਇੰ ਤੇ ਬੈਠ ਕੇ ਗੁਰੂ ਮੰਤਰ ਦੀ ਉਪਾਸ਼ਨਾ ਨੂੰ 'ਚੌਕੀ ਭਰਨਾ' ਕਿਹਾ ਜਾਣ ਲਗਾ। ਸੁਲਤਾਨੀਆਂ ਤੇ ਦੇਵੀ ਦੇ ਉਪਾਸ਼ਕਾਂ ਵਿਚ ਸੁਲਤਾਨੀ ਪੀਰ ਅਥਵਾ 'ਦੇਵੀ ਦੀ ਚੌਕੀ' ਭਰਨ ਦਾ ਰਵਾਜ ਅਜੇ ਵੀ ਹੈ।

(2) ਮੰਤ੍ਰ ਪੜ੍ਹ ਕੇ ਚਾਰੇ ਦਿਸ਼ਾਵਾਂ ਵਲ ਵਾਹੀਆਂ ਚਾਰ ਲੀਕਾਂ। ਵਿਸ਼ਵਾਸ਼ ਹੈ ਕਿ ਇਨ੍ਹਾਂ ਲੀਕਾਂ ਦੇ ਅੰਦਰ ਕੋਈ ਚੰਦਰੀ ਰੂਹ ਜਾਂ ਪ੍ਰੇਤ-ਆਤਮਾ ਦਾਖ਼ਲ ਨਹੀਂ ਹੋ ਸਕਦੀ।

(ਚ-192) **ਚੌਕੀ ਚੜ੍ਹਨਾ** :

ਗੁੜਗਾਵਾਂ ਦੇ ਮਿਉ ਜਾਤੀ ਵਿਚ ਜਦੋਂ ਦੁਲ੍ਹਨ ਤੇ ਦੁਲ੍ਹਾ ਘਰ ਪੈਰ ਪਾਉਣ ਲਗਦੇ ਹਨ ਤਾਂ ਸਹਿਵਾਸਨੀ ਮੁਹਾਠ ਦੇ ਉਤੇ, ਲਕੜੀ ਦੀ ਇਕ ਚੌਕੀ ਰਖਦੀ ਹੈ। ਦੁਲ੍ਹਾ ਆਪਣਾ ਖੱਬਾ ਪੈਰ ਚੌਕੀ ਉਤੇ ਧਰਦਾ ਹੈ ਅਤੇ ਦੁਲ੍ਹਨ ਉਸ ਦੇ, ਪੈਰ ਉਤੇ ਪੈਰ ਧਰਦੀ ਹੈ। ਦੁਲ੍ਹਾ ਸਹਿਵਾਸਨੀ ਨੂੰ ਕੁਝ ਰੁਪਏ ਦੇਂਦਾ ਹੈ, ਜੋ ਇਸ ਮਗਰੋਂ ਇਕ ਪਿੱਤਲ ਦੇ ਥਾਲ ਵਿਚ ਦੋ ਬਲਦੇ ਦੀਵੇ, ਕੁਝ ਚਾਵਲ, ਖੰਡ ਤੇ ਪਾਣੀ ਨਾਲ ਭਰਿਆ ਇਕ ਛੋਟਾ ਕੁੰਭ ਰਖ ਕੇ, ਆਰਤੀ ਉਤਾਰਦੀ ਹੈ। ਆਰਤੀ ਦੇ ਮਗਰੋਂ ਸਹਿਵਾਸਨੀ ਇਕ ਹੱਥ ਵਿਚ ਝਾੜੂ ਪਕੜਦੀ ਹੈ ਤੇ ਦੂਜੇ ਵਿਚ ਮੋਹਲਾ। ਇਹ ਇਸ ਗੱਲ ਦਾ ਬੋਧਿਕ ਹੈ ਕਿ ਨਵੀਂ ਦੁਲ੍ਹਨ ਨੂੰ ਇਸ ਘਰ ਦੇ ਕੰਮ ਕਾਜ ਦੀ ਜ਼ਿੰਮੇਵਾਰੀ ਸੰਭਾਲਣੀ ਪਏਗੀ। ਇਸ ਸਾਰੀ ਰੀਤ ਨੂੰ 'ਚੌਕੀ ਚੜ੍ਹਨਾ' ਕਿਹਾ ਜਾਂਦਾ ਹੈ। ਦੁਲ੍ਹਾ ਸਹਿਵਾਸਨੀ ਨੂੰ ਇਸ ਰੀਤ ਲਈ ਲਾਗ ਦੇਂਦਾ ਹੈ। ਇਸ ਪਿਛੋਂ ਨਵੀਂ ਜੋੜੀ ਘਰ ਵਿਚ ਦਾਖ਼ਿਲ ਹੁੰਦੀ ਹੈ ਤੇ ਫ਼ਰਸ਼ ਉਤੇ ਵਿਛਾਈ ਗਈ ਚਟਾਈ ਉਤੇ ਬੈਠਦੀ ਹੈ। ਦੁਲ੍ਹੇ ਦਾ ਛੋਟਾ ਭਾਈ ਦੁਲ੍ਹਨ ਦੀ ਗੋਦ ਵਿਚ ਬੈਠਦਾ ਤੇ ਉਸ ਤੋਂ ਗੁੜ ਮੰਗਦਾ ਹੈ—"ਭਾਈ ਭਾਈ ਗੁੜ ਮੇਰੋ, ਔਰ ਛੋਰੋ ਤੇਰੋ।" ਫਿਰ ਉਹ ਭਰਜਾਈ ਦੀ ਗੋਦ ਵਿਚ ਬੈਠ ਕੇ ਇਹ ਤੁਕ ਦੁਹਰਾਂਦਾ ਹੈ, "ਭਰਜਾਈ, ਭਰਜਾਈ ਗੁੜ ਮੇਰੋ ਔਰ ਛੋਰੋ ਤੇਰੋ।" ਦੁਲ੍ਹੇ ਦੀ ਮਾਂ ਇਕ ਥਾਲ ਵਿਚ ਸੱਤ ਮੁੱਠਾਂ ਉਬਲੇ ਹੋਏ ਚਾਵਲ ਪਾਉਂਦੀ ਹੈ। ਹਰ ਮੁੱਠ ਮਗਰੋਂ ਉਸ ਉਤੇ ਕੁਝ ਘਿਓ ਤੇ ਸ਼ਕਰ ਬਰਰਦੀ ਹੈ। ਦੁਲ੍ਹਨ ਦੇ

ਤੇ ਦੁਲ੍ਹਨ ਦਾ 'ਮੂੰਹ ਦੇਖਣ' ਦੀ ਰਸਮ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾਂ ਦੁਲ੍ਹੇ ਦੀ ਮਾਂ ਦੁਲ੍ਹਨ ਦੇ ਮੂੰਹ ਤੋਂ ਘੁੰਡ ਚੁਕ ਕੇ, ਉਸ ਦਾ ਮੂੰਹ ਵੇਖਦੀ ਹੈ ਤੇ ਉਸ ਨੂੰ ਮੂੰਹ ਲਗਣ ਦੇ ਕੁਝ ਨਕਦ ਰੁਪਏ ਜਾਂ ਕੋਈ ਗਹਿਣਾ ਦੇਂਦੀ ਹੈ। ਫਿਰ ਕੁਲ ਦੀਆਂ ਹੋਰ ਤੀਵੀਆਂ ਦੁਲ੍ਹਨ ਦਾ ਮੂੰਹ ਵੇਖਦੀਆਂ ਹਨ ਤੇ ਉਸ ਨੂੰ ਸ਼ਗਨ ਵਜੋਂ ਰੁਪਏ ਦੇਂਦੀਆਂ ਹਨ।

(ਚ-193) **ਚੌਕੇ ਚੜ੍ਹਨਾ** :

ਜਣੇਪੇ ਮਗਰੋਂ ਦੀ ਇਕ ਰੀਤ; ਜਣੇਪੇ ਦੇ ਦਿਨਾਂ ਵਿਚ ਜੱਚਾ ਸੂਤਕ ਵਾਲੀ ਹੋਣ ਕਰਕੇ, ਚੌਕੇ ਵਿਚ ਪੈਰ ਨਹੀਂ ਪਾਂਦੀ। ਜੇ ਗ਼ਲਤੀ ਨਾਲ ਪੈਰ ਪਾ ਲਏ ਤਾਂ ਚੌਕਾ ਭ੍ਰਿਸ਼ਟ ਜਾਂਦਾ ਮੰਨਦੇ ਹਨ। ਜਣੇਪੇ ਦੇ ਤੇਰਾਂ ਦਿਨਾਂ ਮਗਰੋਂ ਜੱਚਾ ਕੇਸੀਂ ਨਹਾਉਂਦੀ ਹੈ ਤੇ ਪਵਿਤ੍ਰ ਹੋ ਕੇ ਚੌਕੇ ਵਿਚ ਪੈਰ ਪਾਂਦੀ ਹੈ ਤੇ ਚਾਵਲਾਂ ਦੀ ਖਿਚੜੀ ਰਿੰਨ੍ਹਦੀ ਹੈ, ਜੋ ਭਾਈਚਾਰੇ ਵਿਚ ਵੰਡੀ ਜਾਂਦੀ ਹੈ। ਇਸ ਰੀਤ ਨੂੰ 'ਚੌਕੇ ਚੜ੍ਹਨਾ' ਕਹਿੰਦੇ ਹਨ। ਕਈ ਲੋਕ ਇਹ ਰਸਮ 'ਧਮਾਣ' ਮਗਰੋਂ ਕਰਦੇ ਹਨ, ਪਰ ਕਈ ਧਮਾਣ ਵਾਲੇ ਦਿਨ ਹੀ।

(ਚ-194) **ਚੌਕੇ ਪਾਉਣਾ** :

ਝਾੜਾ ਕਰਨ ਵੇਲੇ ਜੋਗੀ ਤੇ ਚੇਲੇ ਜ਼ਮੀਨ ਉਤੇ ਲਕੀਰਾਂ ਨਾਲ ਇਕ ਵਡਾ ਸਾਰਾ ਮੁਰੱਬਾ (ਚੌਕ) ਬਣਾਉਂਦੇ ਹਨ ਤੇ ਫਿਰ ਇਸ ਵਿਚ ਹੋਰ ਲਕੀਰਾਂ ਖਿਚ ਕੇ, ਕਈ ਨਿੱਕੇ ਨਿੱਕੇ ਮੁਰੱਬੇ ਬਣਾਉਂਦੇ ਹਨ। ਇਨ੍ਹਾਂ ਮੁਰੱਬਿਆਂ ਨੂੰ 'ਚੌਕੇ ਪਾਉਣਾ' ਕਿਹਾ ਜਾਂਦਾ ਹੈ। ਇਨ੍ਹਾਂ ਚੌਕਿਆਂ ਵਿਚ ਸਾਮਗ੍ਰੀ ਰਖ ਕੇ ਮੰਤ੍ਰ ਪੜ੍ਹੇ ਜਾਂਦੇ ਹਨ। ਕਈ ਚੇਲੇ ਇਨ੍ਹਾਂ ਚੌਕਿਆਂ ਵਿਚ ਛੁਰੀ ਖੋਭ ਕੇ ਮੰਤ੍ਰ ਪੜ੍ਹਦੇ ਹਨ। "ਜੋਗੀ ਲੀਕ ਕੱਢੀ, ਪਿੜੀ ਵਿਚ ਚੌਕ, ਛੁਰੀ ਉਸ ਦੇ ਵਿਚ ਖੁਭਾਇਆ ਸੂ"।

(ਚ-195) **ਚੌਖੰਡੂ** :

ਗੱਦੀਆਂ ਵਿਚ, ਜੇ ਕੋਈ ਵਿਧਵਾ ਤੀਵੀਂ, ਆਪਣੇ ਪਤੀ ਦੀ ਮੌਤ ਮਗਰੋਂ ਚਾਰ ਸਾਲ ਦੇ ਅੰਦਰ ਅੰਦਰ ਕੋਈ ਬੱਚਾ ਜੰਮੇ ਤਾਂ ਉਸਨੂੰ 'ਚੌਖੰਡੂ' ਜਾਂ 'ਚੌਕੰਸ' ਕਿਹਾ ਜਾਂਦਾ ਹੈ। ਇਹ ਬੱਚਾ ਆਪਣੇ ਪਿਓ ਦੀ ਜਾਇਦਾਦ ਦਾ ਹਕਦਾਰ ਹੁੰਦਾ ਹੈ, ਪਰ ਸ਼ਰਤ ਇਹ ਹੈ ਕਿ ਵਿਧਵਾ ਤੀਵੀਂ ਆਪਣੇ ਪਤੀ ਦੇ ਘਰ ਵਿਚ ਹੀ ਰਹੇ। ਦਾਖ਼ਿਲ ਹੁੰਦਾ ਹੈ। ਗੱਦੀਆਂ ਤੋਂ ਬਿਨਾਂ ਸਥਾਨਿਕ ਲਬਾਣਿਆਂ ਵਿਚ ਵੀ ਇਹੋ ਪ੍ਰਥਾ ਹੈ।

(ਚ-196) **ਚੌਤਾਰਾ** :

ਰਬਾਬ ਦੀ ਸ਼ਕਲ ਦਾ ਇਕ ਸਾਜ਼, ਜਿਸ ਦੀਆਂ ਚਾਰ ਤਾਰਾਂ ਹੁੰਦੀਆਂ ਹਨ।

(ਚ-197) **ਚੌਥਾ** :

ਪ੍ਰਾਣੀ ਦੀ ਮੌਤ ਦਾ ਚੌਥਾ ਦਿਨ; ਇਸ ਦਿਨ ਹਿੰਦੂਆਂ-ਸਿੱਖਾਂ ਵਿਚ ਮ੍ਰਿਤਕ ਦੇ ਫੁੱਲ (ਹੱਡੀਆਂ) ਚੁਣੇ ਜਾਂਦੇ ਹਨ। ਪਰਵਾਰ ਦੇ ਲੋਕ ਇਕੱਠੇ ਹੋ ਕੇ ਸ਼ਮਸਾਨ ਘਾਟ ਨੂੰ ਜਾਂਦੇ ਹਨ ਤੇ ਉਥੇ ਮ੍ਰਿਤਕ ਦੇ ਠੰਢੇ ਹੋ ਗਏ ਸਿਵੇ ਵਿਚੋਂ, ਫੁੱਲ ਚੁਗਦੇ ਹਨ (ਵੇਖੋ : ਫੁੱਲ ਚੁੱਗਣੇ)। ਫੁੱਲ ਅਥਵਾ ਮੰਗਲ ਕਿਸੇ ਗੁੱਥੀ ਵਿਚ ਵਖਰੇ ਬੰਨ੍ਹ ਦਿਤੇ ਜਾਂਦੇ ਹਨ ਤੇ ਬਿਭੂਤੀ ਵਖਰੀ ਕਰ ਲਈ ਜਾਂਦੀ ਹੈ। ਬਿਭੂਤੀ ਨੂੰ ਮਗਰੋਂ ਕਿਸੇ ਨਦੀ ਨਾਲੇ ਵਿਚ ਪ੍ਰਵਾਹ ਦਿਤਾ ਜਾਂਦਾ ਹੈ। ਫੁੱਲਾਂ ਨੂੰ ਹਰਦੁਆਰ ਜਾਂ ਕਿਸੀ ਪਵਿਤਰ ਨਦੀ ਵਿਚ ਪ੍ਰਵਾਹ ਦਿਤਾ ਜਾਂਦਾ ਹੈ। ਸਿੱਖਾਂ ਵਿਚ ਕੀਰਤਪੁਰ ਵਿਚ ਫੁੱਲ ਪ੍ਰਵਾਹ ਕਰਨ ਦੀ ਪ੍ਰਥਾ ਹੈ।

(ਚ-198) **ਚੌਥਾ ਵਰ੍ਹਾ (ਸੁੱਖ ਦਾ ਵਰ੍ਹਾ)** :

ਕਈ ਥਾਈਂ ਚੌਥਾ (ਵਰ੍ਹਾ) ਸ਼ਬਦ ਅਸ਼ੁਭ ਮੰਨਿਆ ਜਾਂਦਾ ਹੈ, ਕਿਉਂ ਜੋ ਇਹ ਸ਼ਬਦ ਆਮ ਤੌਰ ਤੇ ਕਿਸੇ ਮ੍ਰਿਤਕ ਦੀ ਚੌਥੇ ਦਿਨ ਦੀ ਰੀਤ ਲਈ ਵਰਤਿਆ ਜਾਂਦਾ ਹੈ। ਇਸ ਲਈ ਜਦੋਂ ਬੱਚਾ ਚਾਰ ਸਾਲ ਦਾ ਹੋਵੇ ਤਾਂ ਇਹ ਕਹਿਣ ਦੀ ਥਾਂ ਕਿ ਚੌਥਾ (ਵਰ੍ਹਾ) ਚੜ੍ਹਿਆ ਹੈ, ਮੰਗਲ ਭਾਸ਼ਾ ਵਿਚ 'ਸੁੱਖ ਦਾ ਵਰ੍ਹਾ' ਚੜ੍ਹਿਆ ਕਿਹਾ ਜਾਂਦਾ ਹੈ।

(ਚ-199) **ਚੌਦਸ** :

ਚੰਦਰਮਾਸ ਦੇ ਚਾਨਣੇ ਤੇ ਹਨੇਰੇ ਪੱਖ ਦੀ ਚੌਦਵੀਂ ਤਿੱਥ ਨੂੰ ਚੌਦਸ ਕਿਹਾ ਜਾਂਦਾ ਹੈ।

(ਚ-200) **ਚੌਧਰਾਣੀ** :

ਪਿੰਡ ਦੇ ਚੌਧਰੀ ਦੀ ਪਤਨੀ; ਇਹ ਆਦਰ ਵਾਚਕ ਸ਼ਬਦ ਹੈ ਜੋ ਆਮ ਤੌਰ ਤੇ ਵਡੇ ਘਰਾਂ ਦੀਆਂ ਤੀਵੀਆਂ ਨੂੰ ਸੰਬੋਧਨ ਕਰਨ ਲਗਿਆਂ ਵਰਤਿਆ ਜਾਂਦਾ ਹੈ। ਚੌਧਰੀ

ਤੇ ਦੁਲ੍ਹਨ ਦਾ 'ਮੂੰਹ ਦੇਖਣ' ਦੀ ਰਸਮ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾ ਦੁਲ੍ਹੇ ਦੀ ਮਾਂ ਦੁਲ੍ਹਨ ਦੇ ਮੂੰਹ ਤੋਂ ਘੁੰਡ ਚੁਕ ਕੇ, ਉਸ ਦਾ ਮੂੰਹ ਦੇਖਦੀ ਹੈ ਤੇ ਉਸ ਨੂੰ ਮੂੰਹ ਲਗਣ ਦੇ ਕੁਝ ਨਕਦ ਰੁਪਏ ਜਾਂ ਕੋਈ ਗਹਿਣਾ ਦੇਂਦੀ ਹੈ। ਫਿਰ ਕੁਲ ਦੀਆਂ ਹੋਰ ਤੀਵੀਆਂ ਦੁਲ੍ਹਨ ਦਾ ਮੂੰਹ ਵੇਖਦੀਆਂ ਹਨ ਤੇ ਉਸ ਨੂੰ ਸ਼ਗਨ ਵਜੋਂ ਰੁਪਏ ਦੇਂਦੀਆਂ ਹਨ।

(ਚ-193) **ਚੌਂਕੇ ਚੜ੍ਹਨਾ** :

ਜਣੇਪੇ ਮਗਰੋਂ ਦੀ ਇਕ ਰੀਤ; ਜਣੇਪੇ ਦੇ ਦਿਨਾਂ ਵਿਚ ਜੱਚਾ ਸੂਤਕ ਵਾਲੀ ਹੋਣ ਕਰਕੇ, ਚੌਂਕੇ ਵਿਚ ਪੈਰ ਨਹੀਂ ਪਾਂਦੀ। ਜੇ ਗਲਤੀ ਨਾਲ ਪੈਰ ਪਾ ਲਏ ਤਾਂ ਚੌਂਕਾ ਭ੍ਰਿਸ਼ਟ ਜਾਂਦਾ ਮੰਨਦੇ ਹਨ। ਜਣੇਪੇ ਦੇ ਤੇਰਾਂ ਦਿਨਾਂ ਮਗਰੋਂ ਜੱਚਾ ਕੇਸੀਂ ਨਹਾਉਂਦੀ ਹੈ ਤੇ ਪਵਿਤ੍ਰ ਹੋ ਕੇ ਚੌਂਕੇ ਵਿਚ ਪੈਰ ਪਾਂਦੀ ਹੈ ਤੇ ਚਾਵਲਾਂ ਦੀ ਖਿਚੜੀ ਰਿੰਨ੍ਹਦੀ ਹੈ, ਜੋ ਭਾਈਚਾਰੇ ਵਿਚ ਵੰਡੀ ਜਾਂਦੀ ਹੈ। ਇਸ ਰੀਤ ਨੂੰ 'ਚੌਂਕੇ ਚੜ੍ਹਨਾ' ਕਹਿੰਦੇ ਹਨ। ਕਈ ਲੋਕ ਇਹ ਰਸਮ 'ਧਮਾਣ' ਮਗਰੋਂ ਕਰਦੇ ਹਨ, ਪਰ ਕਈ ਧਮਾਣ ਵਾਲੇ ਦਿਨ ਹੀ।

(ਚ-194) **ਚੌਂਕੇ ਪਾਉਣਾ** :

ਝਾੜਾ ਕਰਨ ਵੇਲੇ ਜੋਗੀ ਤੇ ਚੇਲੇ ਜ਼ਮੀਨ ਉਤੇ ਲਕੀਰਾਂ ਨਾਲ ਇਕ ਵਡਾ ਸਾਰਾ ਮੁਰੱਬਾ (ਚੌਂਕ) ਬਣਾਉਂਦੇ ਹਨ ਤੇ ਫਿਰ ਇਸ ਵਿਚ ਹੋਰ ਲਕੀਰਾਂ ਖਿਚ ਕੇ, ਕਈ ਨਿੱਕੇ ਨਿੱਕੇ ਮੁਰੱਬੇ ਬਣਾਉਂਦੇ ਹਨ। ਇਨ੍ਹਾਂ ਮੁਰੱਬਿਆਂ ਨੂੰ 'ਚੌਂਕੇ ਪਾਉਣਾ' ਕਿਹਾ ਜਾਂਦਾ ਹੈ। ਇਨ੍ਹਾਂ ਚੌਂਕਿਆਂ ਵਿਚ ਸਾਮਗ੍ਰੀ ਰਖ ਕੇ ਮੰਤ੍ਰ ਪੜ੍ਹੇ ਜਾਂਦੇ ਹਨ। ਕਈ ਚੇਲੇ ਇਨ੍ਹਾਂ ਚੌਂਕਿਆਂ ਵਿਚ ਛੁਰੀ ਖੋਭ ਕੇ ਮੰਤ੍ਰ ਪੜ੍ਹਦੇ ਹਨ। "ਜੋਗੀ ਲੀਕ ਕੱਢੀ, ਪਿੜੀ ਵਿਚ ਚੌਂਕ, ਛੁਰੀ ਉਸ ਦੇ ਵਿਚ ਖੁਭਾਇਆ ਸੂ"।

(ਚ-195) **ਚੌਖੰਡੂ** :

ਗੱਦੀਆਂ ਵਿਚ, ਜੇ ਕੋਈ ਵਿਧਵਾ ਤੀਵੀਂ, ਆਪਣੇ ਪਤੀ ਦੀ ਮੌਤ ਮਗਰੋਂ ਚਾਰ ਸਾਲ ਦੇ ਅੰਦਰ ਅੰਦਰ ਕੋਈ ਬੱਚਾ ਜੰਮੇ ਤਾਂ ਉਸਨੂੰ 'ਚੌਖੰਡੂ' ਜਾਂ 'ਚੌਕੰਸ' ਕਿਹਾ ਜਾਂਦਾ ਹੈ। ਇਹ ਬੱਚਾ ਆਪਣੇ ਪਿਓ ਦੀ ਜਾਇਦਾਦ ਦਾ ਹਕਦਾਰ [illegible]

ਵਾਰਿਸ ਹੁੰਦਾ ਹੈ। ਗੱਦੀਆਂ ਤੋਂ ਬਿਨਾਂ ਸਥਾਨਿਕ ਲਬਾਣਿਆਂ ਵਿਚ ਵੀ ਇਹੋ ਪ੍ਰਥਾ ਹੈ।

(ਚ-196) **ਚੌਤਾਰਾ** :

ਰਬਾਬ ਦੀ ਸ਼ਕਲ ਦਾ ਇਕ ਸਾਜ਼, ਜਿਸ ਦੀਆਂ ਚਾਰ ਤਾਰਾਂ ਹੁੰਦੀਆਂ ਹਨ।

(ਚ-197) **ਚੌਥਾ** :

ਪ੍ਰਾਣੀ ਦੀ ਮੌਤ ਦਾ ਚੌਥਾ ਦਿਨ; ਇਸ ਦਿਨ ਹਿੰਦੂਆਂ-ਸਿੱਖਾਂ ਵਿਚ ਮ੍ਰਿਤਕ ਦੇ ਫੁੱਲ (ਹੱਡੀਆਂ) ਚੁਣੇ ਜਾਂਦੇ ਹਨ। ਪਰਵਾਰ ਦੇ ਲੋਕ ਇਕੱਠੇ ਹੋ ਕੇ ਸਮਸਾਨ ਘਾਟ ਨੂੰ ਜਾਂਦੇ ਹਨ ਤੇ ਉਥੇ ਮ੍ਰਿਤਕ ਦੇ ਠੰਢੇ ਹੋ ਗਏ ਸਿਵੇ ਵਿਚੋਂ, ਫੁੱਲ ਚੁਗਦੇ ਹਨ (ਵੇਖੋ : **ਫੁੱਲ ਚੌਂਗਣੇ**)। ਫੁੱਲ ਅਥਵਾ ਮੰਗਲ […] ਕਿਸੇ ਗੁੱਥੀ ਵਿਚ ਵਖਰੇ ਬੰਨ੍ਹ ਦਿਤੇ ਜਾਂਦੇ ਹਨ ਤੇ ਬਿਭੂਤੀ ਵਖਰੀ ਕਰ ਲਈ ਜਾਂਦੀ ਹੈ। ਬਿਭੂਤੀ ਨੂੰ ਮਗਰੋਂ ਕਿਸੇ ਨਦੀ ਨਾਲੇ ਵਿਚ ਪ੍ਰਵਾਹ ਦਿਤਾ ਜਾਂਦਾ ਹੈ। ਫੁੱਲਾਂ ਨੂੰ ਹਰਦੁਆਰ ਜਾਂ ਕਿਸੀ ਪਵਿਤਰ ਨਦੀ ਵਿਚ ਪ੍ਰਵਾਹ ਦਿਤਾ ਜਾਂਦਾ ਹੈ। ਸਿੱਖਾਂ ਵਿਚ ਕੀਰਤਪੁਰ ਵਿਚ ਫੁੱਲ ਪ੍ਰਵਾਹ ਕਰਨ ਦੀ ਪ੍ਰਥਾ ਹੈ।

(ਚ-198) **ਚੌਥਾ ਵਰ੍ਹਾ (ਸੁੱਖ ਦਾ ਵਰ੍ਹਾ)** :

ਕਈ ਥਾਈਂ ਚੌਥਾ (ਵਰ੍ਹਾ) ਸ਼ਬਦ ਅਸ਼ੁਭ ਮੰਨਿਆ ਜਾਂਦਾ ਹੈ, ਕਿਉਂ ਜੋ ਇਹ ਸ਼ਬਦ ਆਮ ਤੌਰ ਤੇ ਕਿ[…] ਮ੍ਰਿਤਕ ਦੀ ਚੌਥੇ ਦਿਨ ਦੀ ਰੀਤ ਲਈ ਵਰਤਿਆ ਜਾਂਦਾ ਹੈ। ਇਸ ਲਈ ਜਦੋਂ ਬੱਚਾ ਚਾਰ ਸਾਲ ਦਾ ਹੋਵੇ ਤ[…] ਇਹ ਕਹਿਣ ਦੀ ਥਾਂ ਕਿ ਚੌਥਾ (ਵਰ੍ਹਾ) ਚੜ੍ਹਿਆ ਹੈ, ਮੰਗਲ[…] ਭਾਸ਼ਾ ਵਿਚ 'ਸੁੱਖ ਦਾ ਵਰ੍ਹਾ' ਚੜ੍ਹਿਆ ਕਿਹਾ ਜਾਂਦਾ ਹੈ।

(ਚ-199) **ਚੌਦਸ** :

ਚੰਦਰਮਾਸ ਦੇ ਚਾਨਣੇ ਤੇ ਹਨੇਰੇ ਪੱਖ ਦੀ ਚੌਦਵੀਂ ਤਿੱਥ ਨੂੰ ਚੌਦਸ ਕਿਹਾ ਜਾਂਦਾ ਹੈ।

(ਚ-200) **ਚੌਧਰਾਣੀ** :

ਪਿੰਡ ਦੇ ਚੌਧਰੀ ਦੀ ਪਤਨੀ; ਇਹ ਆਦਰ ਵਾਚ[…] ਜਾਂਦਾ ਹੈ ਤੇ ਆਮ ਤੌਰ ਤੇ ਵਡੇ ਘਰਾਂ ਦੀਆਂ ਤੀਵੀਆਂ […]

ਹਨ । ਚੌਧਰਾਣੀ ਦੇ ਘਰੋਂ ਪਿੰਡ ਦੇ ਕੰਮੀ ਨਿਤ ਲੱਸੀ ਪੀਣ ਲਈ ਲੈ ਜਾਂਦੇ ਹਨ । ਜਦੋਂ ਕਿਸੇ ਕੰਮੀ ਦੇ ਘਰ ਬਾਲ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਨੂੰ ਆਸ ਹੁੰਦੀ ਹੈ ਕਿ ਚੌਧਰਾਣੀ ਦੇ ਘਰੋਂ ਉਸ ਦੇ ਪਹਿਨਣ ਲਈ ਪਹਿਲਾ ਝੱਗਾ ਆਵੇਗਾ । ਕੰਮੀਂ ਇਸ ਝੱਗੇ ਨੂੰ ਬੜਾ ਬਰਕਤ ਵਾਲਾ ਮੰਨਦੇ ਹਨ । ਪਿੰਡ ਵਿਚ ਵਿਆਹ ਸ਼ਾਦੀ ਦੇ ਮੌਕਿਆਂ ਉਤੇ ਚੌਧਰਾਣੀ ਵਧਾਈਆਂ ਦੇਂਦੀ ਹੈ । ਗ਼ਮ ਦੇ ਮੌਕਿਆਂ ਉਤੇ ਉਹ ਦੁਖ ਸਾਂਝਾ ਕਰਦੀ ਹੈ ।

(ਚ-201) **ਚੌਧਰੀ** :

(1) ਪਿੰਡ ਦਾ ਮੁਖੀਆ; ਪਿੰਡ ਦੇ ਸਭ ਤੋਂ ਵਡੇ ਜ਼ਿਮੀਂਦਾਰ ਦੀ ਉਪਾਧੀ; ਪਿੰਡ ਵਿਚ ਇਕ ਚੌਧਰੀ ਹੁੰਦਾ ਹੈ ਜੋ 'ਭੋਇੰ ਨੇਈਂ' ਦਾ ਮਾਲਕ ਹੁੰਦਾ ਹੈ । ਉਂਜ ਤਾਂ ਹਰ ਵਡੇ ਜ਼ਿਮੀਂਦਾਰ ਨੂੰ ਚੌਧਰੀ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ ਤੇ ਇਹ ਆਦਰ ਵਾਚਕ ਸ਼ਬਦ ਬਣ ਗਿਆ, ਪਰ ਪਿੰਡ ਦੇ ਮੁਖੀਆ ਚੌਧਰੀ ਨੂੰ ਦੂਜੇ ਚੌਧਰੀਆਂ ਨਾਲੋਂ ਵਧੇਰੇ ਆਦਰਯੋਗ ਸਥਾਨ ਪ੍ਰਾਪਤ ਹੈ ।

ਆਮ ਤੌਰ ਤੇ ਚੌਧਰੀ ਦੀ ਪਦਵੀ ਜੱਦੀ ਚਲੀ ਆਉਂਦੀ ਹੈ ਅਤੇ ਪਿਓ ਤੋਂ ਪੁੱਤਰ ਨੂੰ ਵਿਰਸੇ ਵਿਚ ਮਿਲਦੀ ਹੈ ਤੇ ਉਸ ਕੁੱਲ ਦੇ ਅਧਿਕਾਰ ਵਿਚ ਹੁੰਦੀ ਹੈ, ਜਿਸ ਦੇ ਵਡਿਕੇ ਨੇ ਪਿੰਡ ਨੂੰ ਵਸਾਇਆ ਹੁੰਦਾ ਹੈ । ਉਸ ਦੀ ਬਾਕੀ ਜ਼ਿਮੀਂਦਾਰਾਂ ਨਾਲੋਂ ਜ਼ਿਆਦਾ ਭੋਇੰ ਹੁੰਦੀ ਹੈ ਤੇ ਪਿੰਡ ਵਿਚ ਉਸ ਦਾ ਆਦਰ ਮਾਣ ਵੀ ਦੂਜਿਆਂ ਨਾਲੋਂ ਵੱਧ ਹੁੰਦਾ ਹੈ ।

ਚੌਧਰੀ ਪਿੰਡ ਦਾ ਮੁਖੀਆ ਹੁੰਦਾ ਹੈ; ਉਸ ਦੀ ਪਿੱਠ ਉਤੇ ਸਾਰਾ ਪਿੰਡ ਤੇ ਖ਼ਾਸ ਤੌਰ ਤੇ ਉਸ ਦੀ ਆਪਣੀ ਸਾਰੀ ਬਰਾਦਰੀ ਹੁੰਦੀ ਹੈ । ਭਾਈਚਾਰੇ ਵਿਚ ਉਹ ਆਪਣਾ ਸਤਿਕਾਰ ਬਣਾਈ ਰਖਦਾ ਹੈ । ਔਖੇ ਵੇਲੇ ਉਹ ਪਿੰਡ ਦੇ ਲੋਕਾਂ ਦੀ ਸਦਾਚਾਰਕ ਤੇ ਮਾਲੀ ਸਹਾਇਤਾ ਕਰਦਾ ਹੈ । ਜੇ ਪਿੰਡ ਵਿਚ ਝਗੜਾ ਹੋ ਜਾਵੇ ਤਾਂ ਉਹ ਪਿੰਡ ਦੀ ਪੰਚਾਇਤ ਨਾਲ ਵਿਚਾਰ ਵਟਾਂਦਰਾ ਕਰ ਕੇ ਫ਼ੈਸਲਾ ਕਰਵਾਂਦਾ ਹੈ, ਉਸ ਦਾ ਫ਼ੈਸਲਾ ਅੰਤਮ ਹੁੰਦਾ ਹੈ, ਭਾਵੇਂ ਪੰਚਾਇਤ ਉਸ ਨਾਲ ਸਹਿਮਤ ਹੋਵੇ ਜਾਂ ਨਾ ।

ਕਈ ਵਡੇ ਪਿੰਡ ਵਿਚ ਇਕ ਤੋਂ ਵਧੀਕ ਚੌਧਰੀ ਹੁੰਦੇ ਹਨ ਤੇ ਹਰ ਚੌਧਰੀ ਦਾ ਆਪਣੇ ਘੇਰੇ ਵਿਚ ਰਸੂਖ਼ ਹੁੰਦਾ ਹੈ । ਕਈ ਵਾਰ ਦੋ ਚੌਧਰੀਆਂ ਵਿਚ ਜੱਦੀ ਵੈਰ ਚਲੇ

ਲਗਦੀ ਹੈ । ਪਿੰਡ ਵਿਚ ਆਏ ਸਰਕਾਰੀ ਅਧਿਕਾਰੀ ਪਹਿਲਾਂ ਉਥੇ ਹੀ ਆਉਂਦੇ ਹਨ । ਚੌਧਰੀ ਦੀ ਵਡੀ ਹਵੇਲੀ ਹੁੰਦੀ ਹੈ, ਜਿਥੇ ਇਕ ਕਮਰਾ ਆਏ ਗਏ ਲਈ ਰਾਖਵਾਂ ਹੁੰਦਾ ਹੈ । ਹਿੰਦੂ ਤੇ ਮੁਸਲਮਾਨ ਚੌਧਰੀਆਂ ਦੇ ਘਰ ਹੁੱਕਾ ਸਦਾ ਤਾਜ਼ਾ ਰਹਿੰਦਾ ਹੈ । ਕੁਝ ਕੰਮੀਂ ਆਏ ਗਏ ਦੀ ਸੇਵਾ ਲਈ ਹਮੇਸ਼ਾਂ ਹਾਜ਼ਰ ਰਹਿੰਦੇ ਹਨ ।

(2) ਤੁਗ਼ਲਕ ਘਰਾਣੇ ਦੇ ਰਾਜ ਸਮੇਂ ਸੌ ਪਿੰਡਾਂ ਦੇ ਸਮੂਹ ਨੂੰ 'ਸਦੀ' ਕਹਿੰਦੇ ਸਨ ਅਤੇ ਹਰ ਸਦੀ ਦੇ ਮੁਖੀਏ ਨੂੰ ਚੌਧਰੀ ਕਿਹਾ ਜਾਂਦਾ ਸੀ ।

(3) ਹਿੰਦੂਆਂ ਵਿਚ 'ਚੌਧਰੀ' ਨਾਂ ਦੀ ਗੋਤ ਵੀ ਮਿਲਦੀ ਹੈ ।

(ਚ-202) **ਚੌਧਵੀਂ ਦਾ ਚੰਨ** :

ਚੰਦਰ ਮਾਸ ਦੇ ਚਾਨਣੇ ਪੱਖ ਦੀ ਚੌਦਵੀਂ ਤਿੱਥ ਦਾ ਚੰਨ । ਇਸ ਚੰਨ ਨੂੰ ਮੁਸਲਮਾਨ ਬੜਾ ਪਵਿਤਰ ਮੰਨਦੇ ਹਨ ।

(ਚ-203) **ਚੌਪੜ** :

ਪੰਜਾਬੀਆਂ ਵਿਚ ਚੌਪੜ ਖੇਡਣ ਦਾ ਰਵਾਜ ਬੜਾ ਪੁਰਾਣਾ ਹੈ । ਜਾਪਦਾ ਹੈ ਕਿ ਇਸ ਖੇਡ ਦਾ ਮੁੱਢ ਪੰਜਾਂ ਦਰਿਆਵਾਂ ਦੀ ਧਰਤੀ ਉਤੇ ਹੀ ਬਝਿਆ । ਇਥੋਂ ਹੀ ਇਹ ਖੇਡ ਸਾਰੇ ਸੰਸਾਰ ਵਿਚ ਫੈਲੀ । ਇਸ ਖੇਡ ਦਾ ਮੁੱਢਲਾ ਨਾਉਂ ਚਤੁਰੰਗ ਸੀ, ਜਿਸ ਦੇ ਸ਼ਬਦੀ ਅਰਥ ਹਨ— ਚਾਰ ਅੰਗਾਂ ਵਾਲਾ । ਮਹਾ ਕਾਵਿ ਵਿਚ ਚਤਰੰਗ ਸ਼ਬਦ ਸੈਨਾ ਲਈ ਵੀ ਵਰਤਿਆ ਜਾਂਦਾ ਰਿਹਾ, ਕਿਉਂ ਜੋ ਸੈਨਾ ਚਾਰ ਅੰਗਾਂ—ਹਾਥੀ, ਰੱਥ, ਘੋੜੇ ਤੇ ਪੈਦਲ ਵਿਚ ਵੰਡੀ ਹੁੰਦੀ ਸੀ । ਚਤਰੰਗ ਦੇ ਖ਼ਾਨਿਆਂ ਦਾ ਪੁਰਾਣਾ ਨਾਂ 'ਅਸ਼ਟਪਦ' ਹੈ, ਕਿਉਂ ਜੋ ਇਸ ਦੀਆਂ ਅੱਠ ਪਾਲਾਂ ਵਿਚ ਅੱਠ ਅੱਠ ਖ਼ਾਨੇ ਬਣੇ ਹੁੰਦੇ ਸਨ ।

ਸਾਹਿਤਕ ਲਿਖਤਾਂ ਤੋਂ ਪਤਾ ਚਲਦਾ ਹੈ ਕਿ ਭਾਰਤ ਵਿਚ, ਛੇਵੀਂ ਸਦੀ ਈਸਵੀ ਵਿਚ, ਚੌਪੜ ਖੇਡਣ ਦਾ ਆਮ ਰਵਾਜ ਸੀ । ਇਥੋਂ ਹੀ ਇਹ ਖੇਡ ਸੌਦਾਗਰਾਂ ਤੇ ਸਿਪਾਹੀਆਂ ਦੁਆਰਾ, ਪੱਛਮ ਵਲ ਈਰਾਨ ਤੇ ਅਰਬ ਦੇਸ਼ਾਂ ਵਿਚ ਫੈਲੀ । ਈਰਾਨ ਵਿਚ ਤਾਂ ਭਾਰਤੀ ਨਾਂ ਚਤਰੰਗ ਹੀ ਤੱਤਸਮ ਦੇ ਰੂਪ ਵਿਚ ਅਪਣਾ ਲਿਆ ਗਿਆ, ਪਰ ਅਰਬ ਵਿਚ ਇਸ ਨਾਉਂ ਨੂੰ, ਤਦਭਵ ਰੂਪ ਦੇ ਕੇ, ਸ਼ਤਰੰਜ ਕਿਹਾ ਜਾਣ ਲੱਗਾ ।

ਸਦੀਆਂ ਬੀਤਣ ਮਗਰੋਂ ਵੀ ਇਸ ਖੇਡ ਵਿਚ ਬਹੁਤੀ ਤਬਦੀਲੀ ਨਹੀਂ ਆਈ। ਜਿਸ ਤਰ੍ਹਾਂ ਇਹ ਖੇਡ ਸਦੀਆਂ ਪਹਿਲਾਂ ਖੇਡੀ ਜਾਂਦੀ ਸੀ, ਉਸੇ ਤਰ੍ਹਾਂ ਅੱਜ ਵੀ ਖੇਡੀ ਜਾਂਦੀ ਹੈ। ਪਹਿਲੀ ਕਤਾਰ ਦੇ ਦਰਮਿਆਨ ਵਿਚ, ਬਾਦਸ਼ਾਹ ਤੇ ਮਲਕਾ ਦੀ ਨਰਦ ਹੁੰਦੀ ਹੈ ਤੇ ਉਸ ਦੇ ਦੋਵੇਂ ਪਾਸੇ ਇਕ ਇਕ ਹਾਥੀ, ਘੋੜਾ ਤੇ ਰੱਥ ਟਿਕਾਏ ਜਾਂਦੇ ਹਨ। ਰੱਥ ਦੋਹਾਂ ਨੁੱਕਰਾਂ ਤੇ ਹੁੰਦੇ ਹਨ। ਅੱਠ ਪੈਦਲ ਸਿਪਾਹੀਆਂ ਦੀਆਂ ਨਰਦਾਂ, ਦੂਜੀ ਕਤਾਰ ਵਿਚ ਹੁੰਦੀਆਂ ਹਨ। ਘੋੜਾ ਢਾਈ ਘਰ ਚਲਦਾ ਹੈ, ਬਾਦਸ਼ਾਹ ਇਕ ਘਰ, ਹਾਥੀ ਸਿਧਾ ਚਲਦਾ ਹੈ ਤੇ ਰੱਥ ਤਿਰਛਾ। ਮਲਕਾ ਸਭ ਪਾਸੇ ਚਲਦੀ ਹੈ ਸਿਧੀ ਵੀ ਤੇ ਤਿਰਛੀ ਵੀ, ਜਿਤਨੇ ਘਰ ਚਾਹੇ ਚਲ ਲਓ।

ਅਲਬਰੂਨੀ ਨੇ ਆਪਣੀ ਲਿਖਤਾਂ ਵਿਚ ਚੋਪੜ ਦਾ ਜਿਕਰ ਕੀਤਾ ਹੈ। ਉਸ ਵੇਲੇ ਭਾਰਤ ਵਿਚ ਦੋ ਤਰੀਕੇ ਨਾਲ ਇਹ ਖੇਡ ਖੇਡੀ ਜਾਂਦੀ ਸੀ। ਇਕ ਨਰਦਾਂ ਦੀ ਮਿਥੀ ਚਾਲ ਅਨੁਸਾਰ ਚਲਣਾ ਤੇ ਦੂਜਾ ਕੌਡੀਆਂ ਸੁਟ ਕੇ ਉਨ੍ਹਾਂ ਦੀ ਗਿਣਤੀ ਅਨੁਸਾਰ ਨਰਦਾਂ ਚਲਣੀਆਂ।

### (ਚ-204) ਚੌਮਾਸਾ :

ਸ਼ਾਸਤਰਾਂ ਅਨੁਸਾਰ ਭਾਰਤ ਵਿਚ ਛੇ ਰੁੱਤਾਂ ਹਨ ਅਤੇ ਹਰੇਕ ਰੁੱਤ ਦੋ ਦੋ ਮਹੀਨਿਆਂ ਦੀ, ਪਰ ਪੰਜਾਬ ਵਿਚ ਤਿੰਨ ਮੁਖੀ ਰੁੱਤਾਂ ਮੰਨੀਆਂ ਗਈਆਂ ਹਨ ਤੇ ਹਰੇਕ ਰੁੱਤ ਚਾਰ ਮਹੀਨੇ ਰਹਿੰਦੀ ਹੈ। ਇਹ ਤਿੰਨ ਰੁੱਤਾਂ ਹਨ : ਸਿਆਲ, ਹੁਨਾਲ ਤੇ ਚੌਮਾਸਾ। ਚੌਮਾਸਾ ਦੇ ਚਾਰ ਮਹੀਨੇ ਹਨ : ਹਾੜ, ਸਾਵਨ, ਭਾਦੋਂ, ਅੱਸੂ। ਕੱਤਕ ਤੋਂ ਸਰਦੀ ਦਾ ਮੌਸਮ ਸ਼ੁਰੂ ਹੁੰਦਾ ਹੈ ਅਤੇ ਕੱਤਕ, ਮੱਘਰ, ਪੋਹ, ਮਾਹ ਦੇ ਚਾਰ ਮਹੀਨੇ ਸਰਦੀ ਰਹਿੰਦੀ ਹੈ। ਫੱਗਣ, ਚੇਤਰ, ਵਿਸਾਖ ਤੇ ਜੇਠ ਗਰਮੀਆਂ ਦੀ ਰੁੱਤ ਗਿਣੀ ਜਾਂਦੀ ਹੈ।

ਚੌਮਾਸਾ ਬਾਰਸ਼ਾਂ ਦਾ ਮੌਸਮ ਹੈ। ਜੇ ਬਾਰਸ਼ਾਂ ਨਾ ਹੋਣ ਤਾਂ ਅਗਲੇ ਸਾਲ ਫ਼ਸਲ ਦੀ ਉਮੀਦ ਨਹੀਂ ਰਹਿੰਦੀ। ਇਸ ਲਈ ਚੌਮਾਸਾ ਸਾਡੇ ਆਰਥਕ ਤੇ ਸਭਿਆਚਾਰਕ ਜੀਵਨ ਵਿਚ ਵਿਸ਼ੇਸ਼ ਸਥਾਨ ਰਖਦਾ ਹੈ। ਚੌਮਾਸੇ ਦੇ ਦਿਨਾਂ ਵਿਚ ਹੀ ਕੁੜੀਆਂ ਗਿੱਧਾ ਪਾਉਂਦੀਆਂ, ਪਿਪਲਾਂ ਉਤੇ ਪੀਂਘਾਂ ਝੂਟਦੀਆਂ ਤੇ ਤੀਹਾਂ ਦਾ ਮੇਲਾ ਮਨਾਂਦੀਆਂ ਹਨ।

ਪੰਜਾਬ ਦੇ ਅਨੇਕਾਂ ਗੀਤਾਂ ਵਿਚ ਚੌਮਾਸੇ ਦਾ ਵਰਨਣ ਮਿਲਦਾ ਹੈ। ਇਨ੍ਹਾਂ ਗੀਤਾਂ ਵਿਚ ਪੰਜਾਬਣਾਂ ਦੀਆਂ ਸੱਧਰਾਂ

### (ਚ-205) ਚੌਮਾਸੀ (ਚੌਤਰਮਾਸੀ) ਵਰਤ :

ਪੁਰਾਣਾਂ ਅਨੁਸਾਰ ਵਿਸ਼ਨੂੰ ਦੇਵਤਾ, ਹਾੜ ਮਹੀਨੇ ਦੀ ਚਾਨਣ ਪੱਖ ਦੀ ਇਕਾਦਸ਼ੀ ਨੂੰ, ਚਾਰ ਮਹੀਨਿਆਂ ਲਈ ਨਿੰਦਰਾ ਅਵਸਥਾ ਗ੍ਰਹਿਣ ਕਰਦੇ ਹਨ ਅਤੇ ਕੱਤਕ ਮਹੀਨੇ ਦੀ ਚਾਨਣ ਪੱਖ ਦੀ ਇਕਾਦਸ਼ੀ ਨੂੰ ਮੁੜ ਜਾਗ੍ਰਿਤ ਅਵਸਥਾ ਵਿਚ ਆਉਂਦੇ ਹਨ। ਜਿਸ ਇਕਾਦਸ਼ੀ ਨੂੰ ਨਿੰਦਰਾ ਅਵਸਥਾ ਵਿਚ ਜਾਂਦੇ ਹਨ ਉਸ ਨੂੰ ਹਰਿਸ਼ਯਨੀ ਇਕਾਦਸ਼ੀ ਕਿਹਾ ਜਾਂਦਾ ਹੈ ਅਤੇ ਜਿਸ ਇਕਾਦਸ਼ੀ ਨੂੰ ਜਾਗਦੇ ਹਨ, ਉਸ ਨੂੰ 'ਦੇਵ-ਉਠਾਨ' ਇਕਾਦਸ਼ੀ। ਇਨ੍ਹਾਂ ਚਾਰ ਮਹੀਨਿਆਂ ਦੇ ਵਰਤ ਨੂੰ ਚੌਮਾਸੀ ਕਿਹਾ ਜਾਂਦਾ ਹੈ।

ਵਿਸ਼ਨੂੰ ਸੰਸਾਰ ਦੇ ਪਾਲਕ ਤੇ ਰੱਖਿਅਕ ਹਨ। ਇਸ ਲਈ ਉਨ੍ਹਾਂ ਦੇ ਨਿੰਦਰਾ ਗ੍ਰਹਿਣ ਕਰਨ ਨਾਲ, ਸਾਰਾ ਦੇਵ-ਜਗਤ ਹੀ ਨਿੰਦਰਾ ਅਵਸਥਾ ਵਿਚ ਹੁੰਦਾ ਮੰਨਿਆ ਜਾਂਦਾ ਹੈ। ਵਿਸ਼ਨੂੰ ਭਗਤ ਇਨ੍ਹਾਂ ਚਾਰ ਮਹੀਨਿਆਂ ਵਿਚ ਵਰਤ ਰਖਦੇ ਹਨ। ਹਾੜ ਦੀ ਇਕਾਦਸ਼ੀ (ਹਾੜੀ 'ਕਾਸ਼ਤੀ) ਨੂੰ ਪਹਿਲਾਂ ਵਰਤ ਰਖਿਆ ਜਾਂਦਾ ਹੈ। ਸਵੇਰੇ ਇਸ਼ਨਾਨ ਕਰ ਕੇ ਫਿਰ ਵਿਸ਼ਨੂੰ ਦੀ ਮੂਰਤੀ ਦੀ ਸਥਾਪਨਾ ਕੀਤੀ ਜਾਂਦੀ ਹੈ। ਵਿਸ਼ਨੂੰ ਦੀ ਮੂਰਤੀ ਨੂੰ ਸੁੰਦਰ ਵਸਤ੍ਰਾਂ ਵਿਚ ਲਪੇਟ ਕੇ ਸੌਂਵਾ ਦਿਤਾ ਜਾਂਦਾ ਹੈ। ਫਿਰ ਵਰਤ ਦਾ ਸੰਕਲਪ ਕੀਤਾ ਜਾਂਦਾ ਹੈ।

ਚੌਮਾਸੀ ਵਰਤ ਵਿਚ ਕਈ ਵਸਤੂਆਂ ਦੇ ਸੇਵਨ ਦੀ ਮਨਾਹੀ ਹੈ। ਧਾਰਨਾ ਹੈ ਕਿ ਇਸ ਵਰਤ ਵਿਚ ਗੁੜ ਨਾ ਖਾਣ ਨਾਲ ਮਧੁਰ ਸਵਰ, ਤੇਲ ਦੀ ਵਰਤੋਂ ਨਾ ਕਰਨ ਨਾਲ ਸੁੰਦਰਤਾ ਤੇ ਦੁੱਧ ਦਹੀਂ ਤਿਆਗਣ ਨਾਲ ਬੈਕੁੰਠ ਲੋਕ ਦੀ ਪ੍ਰਾਪਤੀ ਹੁੰਦੀ ਹੈ।

ਕਈ ਸਨਾਤਨੀ ਲੋਕ ਇਨ੍ਹਾਂ ਮਹੀਨਿਆਂ ਵਿਚ ਜਿਮੀਂ ਉਤੇ, ਕੁੱਸਾ ਘਾਹ ਵਿਛਾ ਕੇ ਸੌਂਦੇ ਹਨ।

### (ਚ-206) ਚੌਮੁਖੀਆ ਦੀਵਾ :

ਇਕ ਦੀਵਾ, ਜਿਸ ਦੇ ਚਾਰੇ ਪਾਸੇ ਦੀਵਟ ਰਖਣ ਲਈ ਥਾਂ ਬਣੀ ਹੁੰਦੀ ਹੈ। ਦੀਵੇ ਦੀਆਂ ਚਾਰ ਜੋਤਾਂ ਚਾਰੇ ਪਾਸੇ ਜਗਦੀਆਂ ਹਨ। ਇਹ ਦੀਵਾ ਵਿਆਹ ਵਿਚ ਮਾਈਏਂ ਪਈ ਕੰਨਿਆਂ ਕੋਲ ਰਖਿਆ ਜਾਂਦਾ ਹੈ। ਧਾਰਨਾ ਹੈ ਕਿ ਜਿਵੇਂ ਜਿਵੇਂ ਕੰਨਿਆਂ ਇਸ ਦੀਵੇ ਦੀ ਜੋਤ ਵਲ ਵੇਖਦੀ ਹੈ ਤਿਵੇਂ ਤਿਵੇਂ ਉਸ ਦੇ ਰੂਪ 'ਤੇ ਨਿਖਾਰ ਆਉਂਦਾ ਹੈ। ਮੰਦਰਾਂ ਵਿਚ ਪੂਜਾ ਸਮੇਂ ਵੀ ਚੌਮੁਖੀਏ ਦੀਵੇ ਬਾਲੇ

ਜਾਂਦਾ ਹੈ, ਵੈਸੇ ਨਹੀਂ । ਚਾਰ ਜੋਤਾਂ ਜਗਣ ਕਰਕੇ ਇਹ ਦੀਵਾ ਤੇਲ ਕਾਫ਼ੀ ਫੂਕਦਾ ਹੈ ।

(ਚ-207) **ਚੌਮੁੰਡਾ ਦੇਵੀ** :

ਇਕ ਦੇਵੀ, ਜਿਸ ਦੇ ਚਾਰ ਸਿਰ ਤੇ ਅੱਠ ਬਾਹਵਾਂ ਹਨ । ਚੌਮੁੰਡਾ ਦੇਵੀ ਦੁਰਗਾ ਦਾ ਹੀ ਇਕ ਭਿਅੰਕਰ ਰੂਪ ਹੈ । ਇਸ ਦੇਵੀ ਦਾ ਇਕ ਮੰਦਰ ਪਠਾਨਕੋਟ ਦੇ ਨੇੜੇ ਧੌਲਾ ਕੋਂਪ ਨੂੰ ਜਾਂਦੀ ਸੜਕ ਉਤੇ ਹੈ ਅਤੇ ਇਥੇ ਚੌਮੁੰਡਾ ਦੇਵੀ ਦੀ ਮੂਰਤੀ ਸਥਾਪਿਤ ਹੈ ।

(ਚ-208) **ਚੌਰਾਸੀ** :

ਚੌਰਾਸੀ ਦੀ ਸੰਖਿਆ ਰੂੜ੍ਹੀ ਬੜੀ ਮਹੱਤਵਪੂਰਨ ਹੈ ਅਤੇ ਇਸ ਦੀ ਵਰਤੋਂ ਕਾਫ਼ੀ ਕੀਤੀ ਮਿਲਦੀ ਹੈ । ਇਹ ਰੂੜ੍ਹੀ ਤਿੰਨ, ਚਾਰ ਤੇ ਸੱਤ ਦੀ ਗੁਣਾਂ ਤੋਂ ਬਣੀ ਹੈ । ਤਿੰਨ ਤ੍ਰੈਮੂਰਤੀ ਦਾ ਪ੍ਰਤੀਕ ਹੈ, ਚਾਰ ਦਿਸ਼ਾਵਾਂ ਦਾ ਤੇ ਸੱਤ ਪਾਤਾਲ-ਲੋਕ ਤੇ ਸੱਤ ਹੀ ਸਾਗਰ ਮੰਨੇ ਜਾਂਦੇ ਹਨ । ਇਸ ਤਰ੍ਹਾਂ ਇਸ ਰੂੜ੍ਹੀ ਵਿਚ ਤਿੰਨ, ਚਾਰ ਤੇ ਸੱਤ ਸੰਖਿਆ ਦੀ ਸ਼ਕਤੀ ਗੁਣਾ-ਰੂਪ ਵਿਚ ਕੇਂਦ੍ਰਿਤ ਹੈ । ਜਿਸ ਲਈ ਇਹ ਰੂੜ੍ਹੀ ਬੜੀ ਪਵਿਤ੍ਰ ਹੋ ਗਈ ਹੈ ।

(ੳ) ਜੂਨੀਆਂ 84 ਲਖ ਮੰਨੀਆਂ ਜਾਂਦੀਆਂ ਹਨ :— ਅੰਡਜ, ਜੇਰਜ, ਸੇਤਜ ਤੇ ਉਤਭੁਜ । ਹਰ ਖਾਣੀ ਦੀਆਂ 21-21 ਲਖ ਜੂਨਾਂ ਹਨ । ਇਨ੍ਹਾਂ ਜੂਨਾਂ ਨੂੰ ਚੌਰਾਸੀ ਦਾ ਗੇੜ ਵੀ ਕਿਹਾ ਜਾਂਦਾ ਹੈ । ਕਈ ਗ੍ਰੰਥ ਸਮੁੱਚੀ ਗਿਣਤੀ ਤਾਂ 84 ਲਖ ਹੀ ਮੰਨਦੇ ਹਨ, ਪਰ ਖਾਣੀਆਂ ਦੀ ਗਿਣਤੀ ਵੱਖ ਵੱਖ ਦਸਦੇ ਹਨ :

ਨੌ ਲਖ ਜੀਵ ਜਲ ਮੈ ਬਸੈ, ਦਸ ਪੰਛੀ ਪਰਿਵਾਰਾ
ਗਿਆਰਾਂ ਲਖ ਕੀਟ ਕਿਰਮ, ਵੀਹ ਲਖ ਵਿਸਤਾਰਾ
ਤੀਸ ਲਾਖ ਪਸੂ ਜੀਵ ਚਾਰ ਲਾਖ ਨਰ ਨਾਰੀ

(ਅ) ਪੁਰਾਣਾਂ ਵਿਚ 84 ਨਰਕ ਮੰਨੇ ਜਾਂਦੇ ਹਨ :

ਚਉਰਾਸੀਹ ਨਰਕ ਸਾਕਤ ਭੋਗਾਈਐ
(ਮਾਰੂ ਸੋਲਹੇ ਮਹਲਾ ੧)

(ੲ) ਸਿਧਾਂ ਦੀ ਗਿਣਤੀ 84 ਮੰਨੀ ਜਾਂਦੀ ਹੈ ।

(ਸ) ਜੋਗੀਆਂ ਦੇ 84 ਆਸਨ ਹਨ ।

(ਹ) ਹਿੰਦੂਆਂ ਦੇ ਪ੍ਰਸਿਧ ਤੀਰਥ ਅਸਥਾਨ 84 ਮੰਨੇ ਜਾਂਦੇ ਹਨ, ਮਗਰੋਂ ਅਠਾਹਠ ਤੀਰਥ ਅਸਥਾਨ ਵਧੇਰੇ ਪ੍ਰਸਿਧ ਹੋਏ ।

(ਕ) ਗੁਜਰ ਅਹੀਰਾਂ ਦੀਆਂ ਜਾਤਾਂ ਗੋਤਾਂ 84 ਹਨ, ਗੌੜ ਬ੍ਰਾਹਮਣਾਂ ਦੀਆਂ ਗੋਤਾਂ ਵੀ 84 ਹਨ ।

(ਖ) ਕਿਸੇ ਸਮੇਂ 84 ਪਿੰਡਾਂ ਦੇ ਸਮੂਹ ਨੂੰ ਚੌਰਾਸੀ ਕਿਹਾ ਜਾਂਦਾ ਸੀ । ਜ਼ਰੂਰੀ ਨਹੀਂ ਕਿ ਚੌਰਾਸੀ ਵਿਚ ਪੂਰੇ ਚੌਰਾਸੀ ਹੀ ਪਿੰਡ ਹੋਣ, ਗਿਣਤੀ ਵਧ ਘਟ ਵੀ ਹੋ ਸਕਦੀ ਸੀ । ਹਰਿਆਣੇ ਵਿਚ ਜੱਟਾਂ ਦੀ ਚੌਰਾਸੀ ਬੜੀ ਪ੍ਰਸਿੱਧ ਹੈ । ਭਟਿਆਨਾ ਦੇ ਮਲੌਟ ਤੇ ਭੰਗੀ ਪਰਗਨੇ ਵਿਚ, ਇਕ ਇਕ 'ਚੌਰਾਸੀ' ਮਿਲਦੀ ਹੈ । ਪੰਜਾਬ ਵਿਚ ਮੁਗਲਾਂ ਦੇ ਰਾਜ ਸਮੇਂ ਕਈ 'ਚੌਰਾਸੀਆਂ' ਸਨ ।

(ਗ) ਸੁਮੇਰ ਪਰਬਤ ਧਰਤੀ ਤੋਂ 84,000 ਯੋਜਨ ਉੱਚਾ ਸਮਝਿਆ ਜਾਂਦਾ ਹੈ । ਇਸੇ ਨੂੰ ਮਧਾਣਾ ਬਣਾ ਕੇ ਸਮੁੰਦਰ ਨੂੰ ਰਿੜਕ ਕੇ ਵਿਚੋਂ ਅੰਮ੍ਰਿਤ ਕਢਿਆ ਗਿਆ ਸੀ ।

(ਚ-209) **ਚੌਰਾਸੀ ਅੰਕ** :

74 ॥ = ਚੌਰਾਸੀ ਅੰਕ ਦਾ ਬੋਧਿਕ ਹੈ । ਖੜੀ ਰੇਖਾ ਚਾਰ ਦੀ ਸੂਚਕ ਹੈ ਤੇ ਲੇਟਵੀਂ ਦੋ ਦੀ । ਇਹ ਅੰਕੜੇ ਚਿੱਠੀ ਦੇ ਉਪਰ ਲਿਖੇ ਜਾਂਦੇ ਹਨ ਤੇ ਇਨ੍ਹਾਂ ਦਾ ਭਾਵ ਹੈ ਕਿ ਇਸ ਚਿੱਠੀ ਨੂੰ ਕੇਵਲ ਉਹ ਸ਼ਖਸ ਪੜ੍ਹੇ, ਜਿਸ ਨੂੰ ਇਹ ਸੰਬੋਧਨ ਕੀਤੀ ਗਈ ਹੈ । ਜੇ ਕੋਈ ਦੂਜਾ ਸ਼ਖਸ, ਅਜਿਹੀ ਚਿੱਠੀ ਨੂੰ, ਚੋਰੀ ਛੁਪੀ ਪੜ੍ਹਨ ਦੀ ਕੋਸ਼ਿਸ਼ ਕਰੇਗਾ, ਤਾਂ ਦੇਵਤਿਆਂ ਦੀ ਕਰੋਪੀ ਦਾ ਸ਼ਿਕਾਰ ਬਣੇਗਾ । ਇਹ ਇਕ ਵਿਸ਼ਵਾਸ ਦਾ ਚਿੰਨ੍ਹ ਹੈ, ਜੋ ਉਲੰਘਿਆ ਨਹੀਂ ਜਾਂਦਾ । ਕਈ ਤਾਂ ਕਹਿੰਦੇ ਹਨ ਕਿ ਇਹ ਚੌਰਾਸੀ ਦਾ ਅੰਕੜਾ ਚੌਰਾਸੀ ਲਖ ਜੂਨੀਆਂ ਦਾ ਬੋਧਿਕ ਹੈ ਤੇ ਇਹ ਦ੍ਰਿੜ ਕਰਾਉਂਦਾ ਹੈ ਕਿ ਵਿਸ਼ਵਾਸ਼ਘਾਤ ਕਰਨ ਵਾਲਾ ਚੌਰਾਸੀ ਲਖ ਜੂਨੀਆਂ ਵਿਚ ਪਏਗਾ ।

ਇਹ ਅੰਕ ਚਿੱਠੀ ਉਤੇ ਲਿਖਣ ਦਾ ਰਵਾਜ ਪਹਿਲਾਂ ਹਿੰਦੂਆਂ ਵਿਚ ਸੀ, ਪਿਛੋਂ ਮੁਸਲਮਾਨਾਂ ਵਿਚ ਵੀ ਪ੍ਰਚਲਤ ਹੋ ਗਿਆ । ਪਰ ਮੁਸਲਮਾਨ ਇਸ ਨੂੰ ਵੱਖਰੀ ਤਰ੍ਹਾਂ ਲਿਖਦੇ ਹਨ । ॥ 74 ॥ = ਕਈ ਵਾਰ ਤਾਂ ਸਿਰਫ 74 ਦਾ ਅੰਕ ਹੀ ਲਿਖ ਕੇ ਕੰਮ ਸਾਰ ਲਿਆ ਜਾਂਦਾ ਹੈ ।

# ਛ

## (ਛ-1) ਛਈ :

ਪੰਜਾਬੀ ਦਾ ਇਕ ਪ੍ਰਸਿਧ ਲੋਕ-ਕਾਵਿ; ਅਸਥਾਈ ਤੁਕ ਵਿਚ 'ਛਈ' ਸ਼ਬਦ ਦਾ ਪ੍ਰਯੋਗ ਹੋਣ ਕਰ ਕੇ, ਇਸ ਕਾਵਿ ਦਾ ਨਾਉਂ 'ਛਈ' ਪੈ ਗਿਆ । 'ਛਈ' ਦੇ ਸ਼ਾਬਦਿਕ ਅਰਥ ਹਨ, 'ਪਲ ਛਿਨ ਵਿਚ', 'ਘਾਤ ਲਾ ਕੇ ਬੈਠਣਾ', ਪਰ ਇਥੇ ਇਹ ਸ਼ਬਦ ਅੰਦਰ ਦੀਆਂ ਗੁੜ੍ਹੀਆਂ ਭਾਵਨਾਵਾਂ ਦਾ ਬੋਧਿਕ ਹੈ, ਜੋ ਪਲ ਛਿਨ ਲਈ ਸਾਡੇ ਸੁਚੇਤਨ ਵਿਚ ਪਸਰ ਕੇ, ਹਲਚਲ ਮਚਾ ਦੇਂਦੀਆਂ ਹਨ । ਇਹ ਕਾਵਿ-ਰੂਪ ਕਿਸੇ ਸਮੇਂ ਬੜਾ ਹਰਮਨ ਪਿਆਰਾ ਰਿਹਾ ਅਤੇ ਅਨੇਕ ਤਰ੍ਹਾਂ ਦੇ ਭਾਵਾਂ ਤੇ ਕਈ ਪ੍ਰਕਾਰ ਦੇ ਵਿਸ਼ਿਆਂ ਨੂੰ, ਇਸ ਨੇ ਆਪਣੇ ਅੰਦਰ ਸਮਾਇਆ ਹੋਇਆ ਸੀ । ਛਈ ਦਾ ਇਕ ਬੰਦ ਹੈ :

ਛਈ, ਰੰਨ ਗਈ ਬਸਰੇ
ਕਿ ਤੇਰੀਆਂ ਭੁੱਵਾਵਾਂ ਗੁੱਡੀਆਂ
ਕਿ ਬਾਬਾ ਡਾਂਗ ਵਾਲਿਆ
ਤੇਰੀਆਂ ਭੁੱਵਾਵਾਂ ਗੁੱਡੀਆਂ ।
ਓ ਅੰਦਰ ਲੁਕ ਕੇ ਲਾਈਆਂ ਪ੍ਰੀਤਾਂ
ਜਗ ਸਾਰੇ 'ਚ ਹੁੱਘੀਆਂ ।
ਛਈ, ਛਈ, ਛਈ,
ਗੱਲ ਚਲਦੀ ਚਲਦੀ ਬਸ ਹੋ ਗਈ ।

ਹੋ ਸਕਦਾ ਹੈ ਕਿ 'ਛਈ' ਸ਼ਬਦ ਛਹਿਰੀ (ਛੋਹਰੀ) ਤੋਂ ਹੀ ਵਿਗੜ ਕੇ ਬਣਿਆ ਹੋਵੇ, ਤੇ ਛਈ ਛੈਲ-ਛਬੀਲੀ ਰੰਨ ਦਾ ਬੋਧਿਕ ਹੋਵੇ । ਛਈ ਦੇ ਗੀਤਾਂ ਵਿਚ ਵਧੇਰੇ ਤੀਵੀਂ ਵਲ ਸੰਕੇਤ ਹੁੰਦੇ ਹਨ। 'ਛਈ' ਦੇ ਗੀਤ ਜ਼ਿਆਦਾਤਰ ਪੰਜਾਬ (ਪਾਕਿਸਤਾਨ) ਵਿਚ ਪ੍ਰਚਲਤ ਹਨ ।

## (ਛ-2) ਛੱਕ :

ਕੰਨਿਆਂ ਦੇ ਵਿਆਹ ਵੇਲੇ, ਉਸ ਦੇ ਨਾਨਕੇ ਪਰਿਵਾਰ ਵਾਲੇ ਕੁਝ ਕਪੜੇ, ਗਹਿਣੇ, ਭਾਂਡੇ ਤੇ ਪੀੜ੍ਹਾ ਪਲੰਘ ਆਦਿ ਆਪਣੀ ਦੋਹਤਰੀ ਨੂੰ ਭੇਟ ਕਰਦੇ ਹਨ । ਇਹ ਇਕ ਤਰ੍ਹਾਂ ਨਾਲ, ਦਾਜ ਵਿਚ ਨਾਨਕਿਆਂ ਵਲੋਂ ਪਾਇਆ ਹਿੱਸਾ ਹੁੰਦਾ ਹੈ । ਇਸ ਨੂੰ 'ਨਾਨਕੀ ਛੱਕ' ਵੀ ਕਿਹਾ ਜਾਂਦਾ ਹੈ । ਇਹ ਸਭ ਚੀਜ਼ਾਂ, ਵਿਆਹ ਤੋਂ ਕੁਝ ਦਿਨ ਪਹਿਲਾਂ, ਜਾਂ ਤਾਂ ਲਾਗੀ ਹੱਥ ਘਲ ਦਿਤੀਆਂ ਜਾਂਦੀਆਂ ਹਨ ਜਾ ਨਾਨਕਾ ਪਰਿਵਾਰ ਖ਼ੁਦ ਲੈ ਕੇ ਹਾਜ਼ਿਰ ਹੁੰਦਾ ਹੈ। ਇਨ੍ਹਾਂ ਸਭ ਚੀਜ਼ਾਂ ਨੂੰ ਕਿਸੇ ਪਲੰਘ ਉਤੇ ਸੰਵਾਰ ਸਜਾ ਕੇ ਰਖ ਦਿਤਾ ਜਾਂਦਾ ਹੈ ਤੇ ਸਾਰੀ ਬਰਾਦਰੀ ਨੂੰ ਵਿਖਾਇਆ ਜਾਂਦਾ ਹੈ, ਇਸ ਰਸਮ ਨੂੰ 'ਛੱਕ ਪੂਰਨਾ' ਕਹਿੰਦੇ ਹਨ ।

'ਛੱਕ' ਸ਼ਬਦ 'ਖੱਟ' ਦਾ ਹੀ ਇਕ ਵਿਗਾੜ ਹੈ । ਨਾਨਕੇ ਘਰੋਂ ਆਏ ਕਪੜੇ, ਗਹਿਣੇ ਤੇ ਭਾਂਡੇ ਆਦਿ ਕਿਸੇ 'ਖੱਟ' ਉਤੇ ਰਖ ਕੇ ਵਿਖਾਏ ਜਾਂਦੇ ਸਨ । ਜਿਸ ਕਰ ਕੇ ਦਿਤ-ਦੇਣ ਦੀਆਂ ਵਸਤੂਆਂ ਨੂੰ 'ਖੱਟ' ਕਿਹਾ ਜਾਣ ਲਗਾ । ਸਮੇਂ ਨਾਲ 'ਖੱਟ' ਸ਼ਬਦ 'ਛੱਕ' ਵਿਚ ਬਦਲ ਗਿਆ । ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਛੱਕ' ਸ਼ਬਦ ਦੇ ਅਰਥ 'ਸ਼ੋਭਾ' ਹਨ। ਇਸ ਅਰਥ ਨੂੰ ਮੁਖ ਰਖਦੇ ਹੋਇਆਂ ਛੱਕ ਉਹ ਵਸਤੂ ਹੋਈ, ਜੋ ਦੁਲ੍ਹਨ ਦੀ ਸ਼ੋਭਾ ਵਿਚ ਵਾਧਾ ਕਰੇ ।

## (ਛ-3) ਛੱਕਵਾਰੀ :

ਉਹ ਵਰਤ ਜਿਸ ਵਿਚ ਜਲ ਤੋਂ ਇਲਾਵਾ ਹੋਰ ਕੋਈ ਚੀਜ਼ ਖਾਧੀ ਪੀਤੀ ਨਾ ਜਾਵੇ । ਹਿੰਦੂਆਂ ਵਿਚ, ਛੱਕ ਦੇਣ ਵਾਲੇ ਦਿਨ, ਜੋ ਵਰਤ ਰਖਿਆ ਜਾਂਦਾ ਹੈ, ਉਸ ਨੂੰ ਵੀ ਛੱਕਵਾਰੀ ਕਹਿੰਦੇ ਹਨ ।

## (ਛ-4) ਛੱਕਾ :

1. ਚੋਪੜ ਜਾਂ ਇਸੇ ਤਰ੍ਹਾਂ ਦੀ ਹੋਰ ਖੇਡ ਵਿਚ, 'ਕੌਡੀਆਂ ਸੁਟਣ' ਤੇ ਜੇ ਛੇ ਕੌਡੀਆਂ ਚਿਤ ਪੈਣ ਤਾਂ ਛੱਕਾ ਕਿਹਾ ਜਾਂਦਾ ਹੈ । ਛੱਕਾ ਪੈਣ ਉਤੇ ਹੀ ਨਵੀਂ ਗੋਟ ਆਪਣੇ ਘਰ ਵਿਚੋਂ ਬਾਹਰ ਨਿਕਲਦੀ ਹੈ। ਕਈ ਵਾਰ ਕੌਡੀਆਂ ਦੀ ਥਾਂ ਪਾਸੇ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੇ ਛੇਆਂ ਪਾਸਿਆਂ ਉਤੇ ਤਰਤੀਬਵਾਰ ਇਕ ਤੋਂ ਛੇ ਤਕ ਟਿਪਣੀਆਂ ਹੋਈਆਂ ਹਨ । [illegible]

ਵਲ ਆਉਣ ਤਾਂ ਇਸ ਨੂੰ ਵੀ 'ਛੱਕਾ' ਕਿਹਾ ਜਾਂਦਾ ਹੈ ।

2. ਅਧਿਆਤਮਿਕ ਖੇਤਰ ਵਿਚ ਛੱਕਾ ਪੰਜ ਗਿਆਨ ਇੰਦ੍ਰਿਆਂ ਤੇ ਛੇਵਾਂ ਅੰਤਹਕਰਣ ਦਾ, ਬੋਧ ਕਰਵਾਉਂਦਾ ਹੈ ।

**(ਛ-5) ਛੱਛ :**

(ੳ) ਸਿੰਧ ਸਾਗਰ ਦੁਆਬ ਦਾ ਇਕ ਉਪਜਾਊ ਖੇਤਰ **ਛੱਛ ਹੈ ।** ਜਿਸ ਦਾ ਜਿਕਰ ਧਨੀ ਤੇ ਪੋਠੋਹਾਰੀ ਲੋਕ-ਗੀਤਾਂ ਵਿਚ ਆਮ ਆਉਂਦਾ ਹੈ । ਇਹ ਇਲਾਕਾ ਅਟਕ ਤਹਿਸੀਲ ਵਿਚ ਸਥਿਤ ਹੈ ਅਤੇ ਇਸ ਦੇ ਉਤਰ-ਪੱਛਮ ਵਲ ਅਟਕ ਦਰਿਆ, ਪੂਰਬ ਵਲ ਗੰਡਾਗੜ੍ਹ ਪਹਾੜੀਆਂ ਤੇ ਦੱਖਣ ਵਲ ਵਡੀ ਢਲਵਾਨ ਹੈ । ਇਹ ਮੈਦਾਨੀ ਇਲਾਕਾ ਹੱਥ ਦੀ ਤਲੀ ਵਾਂਗ ਫੈਲਿਆ ਹੋਇਆ ਹੈ । ਰਵਾਇਤ ਹੈ ਕਿ ਕਿਸੇ ਸਮੇਂ ਇਹ ਸਾਰਾ ਇਲਾਕਾ ਇਕ ਵਡੀ ਝੀਲ ਸੀ । ਛੱਛ ਨਾਉਂ ਮੂਲ ਵਿਚ 'ਛੱਬ' ਜਾਂ 'ਛੰਭ' ਦਾ ਹੀ ਵਿਗੜਿਆ ਰੂਪ ਹੈ । ਇਸ ਦੇ ਅਰਥ ਪਾਣੀ ਦੇ ਸਮੂਹ ਦੇ ਹਨ । ਇਤਿਹਾਸਕਾਰਾਂ ਅਨੁਸਾਰ ਛੱਛ ਦਾ ਪੁਰਾਣਾ ਨਾਮ 'ਚੁਕਸ਼' ਸੀ ਤੇ ਇਹ ਕਦੇ ਤਕਸ਼ਿਲਾ ਰਾਜ ਦਾ ਇਕ ਭਾਗ ਸੀ ।

ਚੀਲ ਨਦੀ ਦੇ ਉੱਤਰ ਵਲ ਦਾ, ਛੱਛ ਦਾ ਖੇਤਰ, ਸਾਰੇ ਜ਼ਿਲੇ ਵਿਚੋਂ ਜ਼ਰਖੇਜ਼ ਹੈ । ਇਸ ਨੂੰ ਇਲਾਕੇ ਦੇ ਲੋਕ 'ਛੱਛ ਦਾ ਦਿਲ' ਕਹਿੰਦੇ ਹਨ । ਇਸ ਖਿੱਤੇ ਦੀ ਭੋਇੰ ਵਿਚ ਕੁਦਰਤੀ ਨਮੀ ਹੈ ਤੇ ਮੀਂਹ ਘਟ ਪੈਣ, ਤਾਂ ਵੀ ਇਥੇ ਫ਼ਸਲ ਅੱਛੀ ਹੁੰਦੀ ਹੈ । ਇਸੇ ਲਈ ਕਹਾਵਤ ਹੈ :

'ਛੱਛ ਅਬਾਦ ਤੇ ਮੁਲਕ ਗ਼ੈਰ-ਅਬਾਦ'

ਭਾਵ ਸਾਰਾ ਮੁਲਕ ਵੀਰਾਨ ਹੋ ਜਾਵੇ ਤਾਂ ਵੀ ਛੱਛ ਅਬਾਦ ਰਹਿੰਦਾ ਹੈ ।

(ਅ) ਜਿਹਲਮ ਤੇ ਚਨਾਬ ਦਰਿਆ ਦੇ ਵਿਚਕਾਰ ਉਹ ਇਲਾਕੇ, ਜੋ ਵਧੇਰੇ ਕਰ ਕੇ ਬੰਜਰ ਹੈ ਅਤੇ ਜਿਥੇ ਕਾਨੇ, ਸਰਕੰਡੇ ਤੇ ਜੰਗਲੀ ਬੂਟੀਆਂ ਤੋਂ ਇਲਾਵਾ ਕੁਝ ਨਹੀਂ ਉਗਦਾ । ਦੁਆਬੇ ਦਾ ਨਾਂਉਂ ਦੋਹਾਂ ਦਰਿਆਵਾਂ ਦਾ ਪਹਿਲਾ ਅੱਖਰ ਮਿਲਾ ਕੇ ਰਖੇ ਗਏ ਹਨ, ਜਿਸ ਤੋਂ ਇਹ ਇਲਾਕਾ ਚੱਜ-ਦੁਆਬ ਅਖਵਾਉਂਦਾ ਹੈ, ਇਹੋ ਚੱਜ ਮਗਰੋਂ 'ਛੱਛ' ਬਣ ਗਿਆ ਜਾਪਦਾ ਹੈ ।

ਅਟਕ ਦੇ ਜ਼ਿਲੇ ਵਿਚ ਵੀ 'ਛੱਛ' ਨਾਮ ਦਾ ਇਕ ਇਲਾਕਾ ਹੈ, ਜੋ ਵਧੇਰੇ ਕਰਕੇ ਛੱਛ ਹਜ਼ਾਰਾ ਦੇ ਨਾਂ ਨਾਲ ਪ੍ਰਸਿਧ ਹੈ । ਇਹ ਇਲਾਕਾ ਸਿੰਧ ਦਰਿਆ ਦੇ ਕੰਢੇ ਦੇ ਨਾਲ ਨਾਲ ਪਸਰਿਆ ਹੋਇਆ ਹੈ । ਇਥੋਂ ਦੇ ਇਲਾਕੇ ਦੇ ਵਸਨੀਕ ਜਿਸ ਦਾ ਪਾਸਾਰ ਅਗੋਂ ਖੁਲ੍ਹਾ ਹੁੰਦਾ ਹੈ । ਨਿਤ ਵਰਤੋਂ ਦੀ ਚੀਜ਼ ਹੋਣ ਕਰ ਕੇ, ਪਿੰਡਾਂ ਵਿਚ ਇਹ ਘਰੇਲੂ ਸਾਮਾਨ ਦਾ ਜ਼ਰੂਰੀ ਅੰਗ ਹੈ ।

ਛੱਜ ਦੁਆਰਾ ਕਈ ਰੀਤਾਂ ਵੀ ਕੀਤੀਆਂ ਜਾਂਦੀਆਂ ਹਨ । ਲੋਕ-ਵਿਸ਼ਵਾਸ ਅਨੁਸਾਰ ਤ੍ਰਿੱਖਲ (ਤਿੰਨ ਕੁੜੀਆਂ ਤੋਂ ਬਾਅਦ ਜੰਮਿਆ ਮੁੰਡਾ ਜਾਂ ਤਿੰਨ ਮੁੰਡਿਆਂ ਤੋਂ ਜੰਮੀ ਕੁੜੀ) ਬੱਚਾ, ਮਾਂ-ਪਿਓ ਵਿਚੋਂ ਕਿਸੇ ਇਕ ਉਤੇ ਭਾਰੀ ਹੁੰਦਾ ਹੈ । ਅਜਿਹੇ ਬੱਚੇ ਨੂੰ ਛੱਜ ਪਾੜ ਕੇ ਉਸ ਵਿਚੋਂ ਲੰਘਾਣ ਨਾਲ, ਉਸ ਦੀ ਅਸ਼ੁਭਤਾ ਦੂਰ ਹੋ ਜਾਂਦੀ ਹੈ ।

ਵਿਆਹ ਦੀਆਂ ਕਈ ਰਸਮਾਂ ਵੀ ਛੱਜ ਨਾਲ ਸਬੰਧਿਤ ਹਨ (ਵੇਖੋ : ਛੱਜ ਕੁੱਟਣਾ) ।

ਪੋਠੋਹਾਰ ਵਿਚ, ਜੇ ਕਦੇ ਦੋ ਧਿਰਾਂ ਆਪੋ ਵਿਚ ਲੜਾਈ ਬੰਦ ਨਾ ਕਰਨ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਦੋਵੇਂ ਇਕੋ ਜਿਹੀਆਂ ਕਸੂਰਵਾਰ ਹੋਣ ਤਾਂ ਦੋਹਾਂ ਨੂੰ ਲਾਅਨਤਾਂ ਪਾਉਣ ਲਈ, ਗਲੀ ਮਹੱਲੇ ਵਾਲੇ, 'ਤੋਹਾਂ' ਦੇ ਛੱਜ ਭਰ ਕੇ ਦੋਹਾਂ ਘਰਾਂ ਅਗੇ ਸੁਟ ਆਇਆ ਕਰਦੇ ਸਨ । ਤੇ ਨਾਲ ਹੀ ਇਹ ਟੱਪਾ ਬੋਲਿਆ ਕਰਦੇ ਸਨ ਜੋ ਹੁਣ ਅਖਾਣ ਬਣ ਗਈ ਹੈ—

ਛੱਜ ਭਰਿਆ ਛੋਹਾਂ ਦਾ,
ਫਿੱਟੇ ਮੂੰਹ ਦੋਹਾਂ ਦਾ ।

ਕਈ ਕਹਾਵਤਾਂ ਵਿਚ ਛੱਜ ਦਾ ਰੂਪਕ ਬੰਨ੍ਹਿਆ ਮਿਲਦਾ ਹੈ—'ਛੱਜ ਕੀ ਮਿਹਣਾ ਦੇਵੇ ਛਾਨਣੀ ਨੂੰ, ਜਿਸ ਦੇ ਨੌ ਸੋ ਵੇਧ ।'

**(ਛ-7) ਛੱਜਕਰਣ :**

ਇਕ ਰਾਖਸ਼, ਜਿਸ ਦਾ ਜ਼ਿਕਰ ਲੋਕ-ਕਹਾਣੀਆਂ ਵਿਚ ਆਉਂਦਾ ਹੈ । ਇਸ ਦੇ ਕੰਨ ਛੱਜ ਨਾਲੋਂ ਵਡੇ ਹੋਣ ਕਰ ਕੇ ਇਸ ਦਾ ਨਾਂਉਂ 'ਛੱਜ ਕਰਣ' ਪੈ ਗਿਆ । ਇਹ ਮਰਦਾਂ ਨੂੰ ਤਾਂ ਖਾ ਜਾਇਆ ਕਰਦਾ ਸੀ, ਪਰ ਤੀਵੀਆਂ ਨੂੰ ਆਪਣੇ ਕੰਨਾਂ ਵਿਚ ਛੁਪਾ ਲਿਆ ਕਰਦਾ । ਇਸ ਨੂੰ 'ਛੱਜ-ਕੰਨਾ' ਵੀ ਕਿਹਾ ਜਾਂਦਾ ਹੈ ।

**(ਛ-8) ਛੱਜ ਕੁਟਣਾ :**

1. ਵਿਆਹ ਨਾਲ ਸਬੰਧਿਤ ਇਕ ਰਸਮ, ਜੋ ਪੁਆਧ ਦੇ ਇਲਾਕੇ ਵਿਚ ਪ੍ਰਚਲਤ ਹੈ । ਬਰਾਤ ਦੇ ਵਿਦਾ ਹੋ ਜਾਣ ਪਿਛੋਂ, ਦੂਲੇ ਦੇ ਘਰ ਨਾਰ ਨੂੰ ਨਾਨਕੀਆਂ ਅੰਦਰਾਂ

ਛੱਜ ਵਿਚ ਧਾਨ ਪਾਕੇ ਉਪਰ ਵਲ ਉਲਦਦੇ ਤੇ ਵਰਖਾ ਕਰਦੇ ਹਨ,ਇਸਤਰ੍ਹਾਂ ਬੱਚਾ ਰਜਾ-ਪੁੱਜਾ ਤੇ ਘਰ ਭਰਿਆ ਰਹਿੰਦਾ ਹੈ।

(ਛ-9) **ਛੱਜਲੀ** :

**ਲੋਕ-ਧਾਰਨਾ ਹੈ** ਕਿ ਸੱਪ ਦੀ ਪਹਿਲਾਂ ਛੱਜਲੀ ਨਹੀਂ ਸੀ ਹੁੰਦੀ। ਇਕ ਵਾਰ ਕੋਈ ਫਕੀਰ ਕਿਸੇ ਬੋਹੜ ਹੇਠ ਸੁੱਤਾ ਪਿਆ ਸੀ ਤੇ ਬਿਛ ਦੇ ਪੱਤਿਆਂ ਵਿਚੋਂ ਧੁੱਪ ਛਣ ਕੇ ਉਸ ਦੇ ਮੂੰਹ ਉਤੇ ਪੈ ਰਹੀ ਸੀ। ਉਸੇ ਦਰਖ਼ਤ ਦੀ ਇਕ ਬਿਲ ਵਿਚ ਸੱਪ ਰਹਿੰਦਾ ਸੀ। ਉਸ ਨੇ ਫਕੀਰ ਦੇ ਮੂੰਹ ਉਤੇ ਧੁੱਪ ਪਈ ਵੇਖ, ਬੋਹੜ ਦੇ ਵਡੇ ਵਡੇ ਪੱਤੇ ਮੂੰਹ ਵਿਚ ਲੈ ਕੇ ਇਸ ਤਰ੍ਹਾਂ ਖੜਾ ਹੋ ਗਿਆ ਕਿ ਉਸ ਦਾ ਸਾਇਆ ਫਕੀਰ ਦੇ ਮੂੰਹ ਉਤੇ ਜਾ ਪਿਆ। ਸਬੱਬ ਨਾਲ ਸ਼ਿਵ ਜੀ ਤੇ ਪਾਰਬਤੀ ਉਧਰੋਂ ਦੀ ਲੰਘ ਰਹੇ ਸਨ। ਦੋਵੇਂ ਸੱਪ ਦੀ ਦਇਆ ਭਾਵਨਾ ਤੋਂ ਬੜੇ ਪ੍ਰਸੰਨ ਹੋਏ ਤੇ ਪਾਰਬਤੀ ਦੇ ਕਹਿਣ ਉਤੇ ਸ਼ਿਵ ਨੇ ਸੱਪ ਨੂੰ ਛੱਜਲੀ ਦਾ ਵਰਦਾਨ ਦਿਤਾ, ਉਹ ਪੱਤੇ ਉਸੇ ਪਲ ਛੱਜਲੀ ਦਾ ਰੂਪ ਧਾਰ ਗਏ। ਕਹਿੰਦੇ ਹਨ, ਛੱਜਲੀ ਵਾਲਾ ਸੱਪ ਕਦੇ ਕਿਸੇ ਫਕੀਰ ਜਾਂ ਸਾਧ ਨੂੰ ਨਹੀਂ ਡੰਗਦਾ। ਸਾਖੀ ਹੈ ਕਿ ਇਕ ਵਾਰ, ਗੁਰੂ ਨਾਨਕ ਦੇਵ ਜੀ ਉਤੇ, ਖੇਤ ਵਿਚ ਸੁਤੇ ਪਿਆਂ, ਧੁੱਪ ਆ ਗਈ ਤਾਂ ਇਕ ਸੱਪ ਨੇ ਛਾਂ ਕੀਤੀ ਸੀ।

(ਛ-10) **ਛੱਜੂ ਭਗਤ** :

(ੳ) ਇਕ ਭਗਤ ਜਿਸ ਦੇ ਪੈਰੋਕਾਰ ਛੱਜੂ ਪੰਥੀ ਅਖਵਾਉਂਦੇ ਹਨ। ਛੱਜੂ ਭਗਤ, ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ ਅਤੇ ਇਹ ਲਾਹੌਰ ਵਿਚ ਸ਼ਾਹੂਕਾਰਾ ਕੀਤਾ ਕਰਦਾ ਸੀ। ਇਸ ਦੇ ਜੀਵਨ ਦੀਆਂ ਕਈ ਸਾਖੀਆਂ ਛੱਜੂ-ਪੰਥੀਆਂ ਵਿਚ ਪ੍ਰਚਲਤ ਹਨ। ਇਨ੍ਹਾਂ ਦਾ ਦੇਹਾਂਤ 1639 ਈ: ਵਿਚ ਹੋਇਆ। ਭਾਈ ਕਾਹਨ ਸਿੰਘ ਨਾਭੇ ਅਨੁਸਾਰ ਛੱਜੂ ਸਰਾਫ਼ ਦੀ ਕਿਰਤ ਕਰਦਾ ਸੀ। ਅਤੇ ਮਗਰੋਂ ਇਸ ਦੀ ਦੁਕਾਨ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਨੇ ਇਕ ਸੁੰਦਰ ਮੰਦਰ ਬਣਾ ਦਿਤਾ, ਜੋ ਹੁਣ ਮਿਉ ਹਸਪਤਾਲ ਪਾਸ ਰਤਨ ਚੰਦ ਦੀ ਸਰਾਂ ਦੇ ਦੱਖਣ ਵਲ ਸਥਿਤ ਹੈ। ਇਥੇ ਹੀ ਛੱਜੂ ਦੀ ਸਮਾਧ ਹੈ, ਜੋ ਸੰਗਮਰਮਰ ਦੀ ਬਣੀ ਹੋਈ ਹੈ।

(ਅ) ਛੱਜੂ ਭਗਤ ਦਾ ਚੌਬਾਰਾ ਲਾਹੌਰ ਦੇ ਇਕ ਮਹੱਲੇ ਵਿਚ ਹੈ। ਇਥੇ ਛੱਜੂ ਬੈਠ ਕੇ ਭਜਨ-ਬੰਦਗੀ ਕੀਤਾ ਕਰਦਾ ਸੀ। ਕਹਿੰਦੇ ਹਨ ਇਹ ਚੌਬਾਰਾ ਬੜਾ ਸੁੰਦਰ ਤੇ ਮੋਕਲਾ ਸੀ ਅਤੇ ਇਥੇ ਚਹੁੰ-ਪਾਸਿਆਂ ਤੋਂ ਹਵਾ ਪੈਂਦੀ ਸੀ।

(ਛ-11) **ਛੱਟਤਿਲਾ ਇਕਾਦਸ਼ੀ** :

ਮਾਹ ਦੇ ਮਹੀਨੇ ਦੇ ਹਨੇਰੇ ਪੱਖ ਦੀ ਇਕਾਦਸ਼ੀ; ਇਸ ਇਕਾਦਸ਼ੀ ਨੂੰ ਛੇ ਵਿਧੀਆਂ ਨਾਲ, ਤਿਲਾਂ ਦੀ ਵਰਤੋਂ ਕਰਨ ਕਰ ਕੇ, ਛੱਟਤਿਲਾ ਕਿਹਾ ਜਾਂਦਾ ਹੈ। ਇਹ ਛੇ ਵਿਧੀਆਂ ਹਨ : ਜਲ ਵਿਚ ਤਿਲ ਮਿਲਾ ਕੇ ਇਸ਼ਨਾਨ ਕਰਨਾ, ਤਿਲਾਂ ਦਾ ਵੱਟਣਾ ਬਣਾ ਕੇ ਸਰੀਰ ਤੇ ਮੱਲਣਾ, ਤਿਲਾਂ ਦਾ ਹਵਨ ਕਰਨਾ, ਜਲ ਵਿਚ ਤਿਲ ਮਿਲਾ ਕੇ ਪੀਣਾ, ਤਿਲਾਂ ਦੇ ਬਣੇ ਪਦਾਰਥ ਖਾਣੇ, ਤਿਲਾਂ ਦਾ ਦਾਨ ਕਰਨਾ। ਇਨ੍ਹਾਂ ਛੇਆਂ ਕਿਰਿਆਵਾਂ ਦਾ ਬੜਾ ਸੰਕਲਪ ਮੰਨਿਆ ਗਿਆ ਹੈ। ਧਾਰਨਾ ਹੈ ਕਿ ਇਸ ਇਕਾਦਸ਼ੀ ਨੂੰ ਵਰਤ ਰੱਖਣ ਤੇ ਉਪ੍ਰੋਕਤ ਛੇ ਵਿਧੀਆਂ ਨਾਲ ਤਿਲਾਂ ਦੀ ਵਰਤੋਂ ਕਰਨ ਵਾਲੇ ਨੂੰ ਦੋਹਾਂ ਜਹਾਨਾਂ ਵਿਚ ਸੁਖ ਤੇ ਸ਼ਾਂਤੀ ਮਿਲਦੀ ਹੈ ਅਤੇ ਉਸ ਦੇ ਸਾਰੇ ਸਰੀਰਕ, ਵਾਚਕ ਤੇ ਮਾਨਸਿਕ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

ਇਸ ਇਕਾਦਸ਼ੀ ਦੇ ਸੰਕਲਪ ਬਾਰੇ ਇਕ ਕਥਾ ਪ੍ਰਚਲਤ ਹੈ :—

ਪੌਰਾਣਿਕ ਕਾਲ ਵਿਚ ਇਕ ਬ੍ਰਾਹਮਣੀ ਦਿਨ ਰਾਤ ਵਿਸ਼ਨੂੰ ਦੇਵਤੇ ਦੀ ਪੂਜਾ-ਅਰਚਾ ਕੀਤਾ ਕਰਦੀ ਸੀ। ਉਸਨੇ ਵਿਸ਼ਨੂੰ ਦੀ ਪ੍ਰਸੰਨਤਾ ਲਈ ਕਈ ਵਰਤ, ਵਿਧੀ ਪੂਰਵਕ ਰਖੇ, ਪਰ ਉਸ ਨੇ ਕਦੇ ਕੁਝ ਦਾਨ ਨਹੀਂ ਸੀ ਕੀਤਾ। ਇਕ ਦਿਨ ਵਿਸ਼ਨੂੰ ਮਹਾਰਾਜ ਭਿਖਾਰੀ ਦੇ ਵੇਸ ਵਿਚ, ਉਸ ਦੇ ਬੂਹੇ ਅਗੇ ਖ਼ੈਰ ਮੰਗਣ ਲਈ ਆਏ। ਬ੍ਰਾਹਮਣੀ ਪੂਜਾ ਪਾਠ ਵਿਚ ਲੱਗੀ ਹੋਈ ਸੀ। ਉਹ ਵਿਘਨ ਕਾਰਨ ਦੁਖੀ ਹੋ ਕੇ ਉਠੀ ਤੇ ਤਾਂਬੇ ਦੇ ਭਾਂਡੇ ਵਿਚ, ਮਿੱਟੀ ਦਾ ਇਕ ਢੇਲਾ ਰਖ ਕੇ, ਭਿਖਾਰੀ ਨੂੰ ਦਾਨ ਵਜੋਂ ਦਿਤਾ। ਵਿਸ਼ਨੂੰ ਨੇ ਉਸ ਢੇਲੇ ਨੂੰ ਧਰਤੀ ਉਤੇ ਸੁਟ ਦਿਤਾ ਤੇ ਉਹ ਆਪ ਵਿਸ਼ਨੂੰ ਲੋਕ ਵਾਪਸ ਚਲੇ ਗਏ।

ਜਦੋਂ ਬ੍ਰਾਹਮਣੀ ਕਾਲਵਸ ਹੋਈ ਤਾਂ ਉਸ ਨੂੰ ਵਿਸ਼ਨੂੰ ਭਗਤੀ ਕਾਰਨ ਬੈਕੁੰਠ ਵਿਚ ਥਾਂ ਪ੍ਰਾਪਤ ਹੋਈ। ਸਵਰਗ ਵਿਚ ਹੋਰ ਸਭ ਸੁਖ ਤਾਂ ਸਨ, ਪਰ ਖਾਣ ਲਈ ਉਸ ਨੂੰ ਕੁਝ ਨਹੀਂ ਸੀ ਮਿਲਦਾ। ਪੁੱਛਣ ਉਤੇ ਉਸ ਨੂੰ ਦਸਿਆ ਗਿਆ ਕਿ ਉਸ ਕਦੇ ਅੰਨ ਦਾਨ ਨਹੀਂ ਸੀ ਕੀਤਾ। ਵਿਸ਼ਨੂੰ ਨੇ ਬ੍ਰਾਹਮਣੀ ਨੂੰ ਦਸਿਆ ਕਿ ਜੇ ਛੱਟਤਿਲਾ ਇਕਾਦਸ਼ੀ ਨੂੰ, ਵਰਤ ਰਖ ਕੇ ਵਿਧੀ ਅਨੁਸਾਰ ਤਿਲਾਂ ਦਾ ਦਾਨ ਦਿਤਾ ਜਾਵੇ, ਤਾਂ ਅਗਲੇ ਲੋਕ ਵਿਚ ਸਭ ਸੁਖ ਮਿਲਦੇ ਹਨ।

ਛੱਟਤਿਲਾ ਇਕਾਦਸ਼ੀ ਤੋਂ ਮਗਰੋਂ ਦਿਨ ਤਿਲ ਤਿਲ

**(ਛ-12) ਛੱਟਾ ਮਾਰਨਾ :**

ਪਾਣੀ ਦੇ ਛੱਟੇ ਮਾਰ ਕੇ ਕਿਸੇ ਥਾਂ, ਵਸਤੂ ਜਾਂ ਸ਼ਖ਼ਸ ਨੂੰ ਪਵਿਤਰ ਕਰਨ ਦੀ ਕਿਰਿਆ; ਜਲ ਸਭ ਵਸਤੂਆਂ ਵਿਚੋਂ ਪਵਿਤਰ ਹੈ। ਜਿਸ ਵਸਤੂ ਉਤੇ ਇਸ ਦਾ ਛੱਟਾ ਪੈ ਜਾਵੇ, ਉਹ ਵੀ ਪਵਿਤ੍ਰ ਹੋ ਗਈ ਮੰਨੀ ਜਾਂਦੀ ਹੈ।

ਜਿਸ ਥਾਂ ਕੋਈ ਸੰਸਕਾਰ ਜਾਂ ਰੀਤ ਕਰਨੀ ਹੋਵੇ, ਉਥੇ ਪਹਿਲਾਂ ਕਿਸੇ ਪਵਿਤ੍ਰ ਸਰੋਵਰ, ਜਾਂ ਨਦੀ ਦੇ ਜਲ ਨਾਲ ਛੱਟੇ ਮਾਰ ਲਏ ਜਾਂਦੇ ਹਨ, ਤਾਂ ਜੋ ਉਹ ਥਾਂ ਪਵਿਤ੍ਰ ਹੋ ਜਾਵੇ।

ਪਵਿੱਤਰ ਜਲ ਦੇ ਛੱਟੇ ਸਰੀਰ, ਅੱਖਾਂ ਜਾਂ ਸਿਰ ਉਤੇ ਮਾਰਨ ਨਾਲ, ਨਿਸਚਾ ਹੈ ਕਿ ਸਰੀਰ ਦੇ ਸਾਰੇ ਸੰਤਾਪ, ਮਾਨਸਿਕ ਤੇ ਵਾਦਕ ਪਾਪ ਦੂਰ ਹੋ ਜਾਂਦੇ ਹਨ। ਪਹਿਲਿਆਂ ਵਿਚ, ਜਦੋਂ ਕੋਈ ਤੀਵੀਂ ਸੂਤਕ ਵਾਲੇ ਘਰੋਂ ਵਾਪਸ ਆਉਂਦੀ ਤਾਂ ਉਹ ਆਪਣੇ ਮੁੱਖ ਦਵਾਰ ਉਤੇ ਖੜੀ ਹੋ ਜਾਇਆ ਕਰਦੀ ਅਤੇ ਘਰ ਦਾ ਕੋਈ ਜੀਅ ਉਸ ਉਤੇ ਗੰਗਾ ਜਾਂ ਫਿਰ ਨਿਰਮਲ ਜਲ ਦੇ ਛੱਟੇ ਮਾਰਦਾ ਤਾਂ ਉਹ ਘਰ ਦੇ ਅੰਦਰ ਪੈਰ ਪਾਉਂਦੀ। ਇਸੇ ਤਰ੍ਹਾਂ ਪ੍ਰਾਣੀ ਦਾ ਦੇਹ-ਸੰਸਕਾਰ ਕਰ ਕੇ ਵਾਪਿਸ ਘਰ ਆਏ ਆਦਮੀ ਨੂੰ ਉਦੋਂ ਤਕ ਘਰ ਦੇ ਅੰਦਰ ਪੈਰ ਪਾਉਣ ਦੀ ਆਗਿਆ ਨਹੀਂ ਸੀ ਹੁੰਦੀ, ਜਦੋਂ ਤਕ ਉਸ ਉਤੇ ਨਿਰਮਲ ਜਲ ਦੇ ਛੱਟਿਆਂ ਦੀ ਵਰਖਾ ਨਾ ਕਰ ਲਈ ਜਾਂਦੀ।

ਸਿੱਖਾਂ ਵਿਚ ਅੰਮ੍ਰਿਤ ਛਕਾਣ ਵੇਲੇ, ਪੰਜ ਪਿਆਰੇ ਅੰਮ੍ਰਿਤ ਦੇ ਬਾਟੇ ਵਿਚੋਂ, ਕੁਝ ਅੰਮ੍ਰਿਤ ਲੈ ਕੇ, ਅੰਮ੍ਰਿਤ ਛਕਣ ਵਾਲੇ ਸਿੱਖ ਦੇ ਸਰੀਰ, ਕੇਸਾਂ ਤੇ ਮੂੰਹ ਉਤੇ ਛੱਟੇ ਮਾਰਦੇ ਹਨ ਤਾਂ ਜੋ ਉਸ ਦੇ ਅੰਦਰੋਂ ਦੇਵੀ-ਸ਼ਕਤੀਆਂ ਜਾਗ ਪੈਣ।

**(ਛ-13) ਛੱਟੀ :**

ਬੱਚੇ ਦੇ ਜਨਮ ਤੋਂ ਛੇਵੇਂ ਦਿਨ ਕੀਤੀਆਂ ਰੀਤਾਂ ਰਸਮਾਂ। ਹਰ ਜਾਤ-ਗੋਤ ਵਿਚ ਇਸ ਦਿਨ ਲਈ ਆਪਣੀਆਂ 'ਕੁਲ-ਰੀਤਾਂ' ਹਨ। ਆਮ ਤੌਰ ਉਤੇ ਛੱਟੀ ਦੇ ਦਿਨ, ਬੱਚੇ ਦੀ ਮਾਂ ਨੂੰ, ਜਣੇਪੇ ਮਗਰੋਂ ਪਹਿਲਾਂ ਇਸ਼ਨਾਨ ਕਰਵਾਇਆ ਜਾਂਦਾ ਹੈ। ਨਿਰਮਲ ਜਲ ਵਿਚ ਇਸ਼ਨਾਨ ਵੇਲੇ ਚਾਵਲਾਂ ਦੇ ਕੁਝ ਦਾਣੇ ਤੇ ਮੇਥੀ ਦੇ ਪੱਤੇ ਸ਼ਗਨ ਵਜੋਂ ਪਾ ਲਏ ਜਾਂਦੇ ਹਨ। ਇਸ਼ਨਾਨ ਕਰਵਾਣ ਵੇਲੇ, ਮਾਂ ਨੂੰ ਜਿਸ ਪਟੜੇ ਉਤੇ ਬੈਠਾਇਆ ਜਾਂਦਾ ਹੈ, ਉਸ ਦੇ ਹੇਠਾਂ ਪਹਿਲਾਂ ਆਟੇ ਦਾ ਚੌਕ ਪੂਰ ਲਿਆ ਜਾਂਦਾ ਹੈ। 'ਛੱਟੀ ਦੇਵੀ' ਦੀ ਪੂਜਾ ਵੀ ਕੀਤੀ ਜਾਂਦੀ ਹੈ। ਪਹਾੜਗੀ ਦੇ ਲੋਕ ਬੱਚੇ ਨੂੰ ਸ਼ਗਨ ਵਜੋਂ ਸੁਗਾਤਾਂ ਭੇਟ ਕਰਦੇ ਹਨ ਜਾਂ ਨਕਦ ਰੁਪਏ ਦੇਂਦੇ ਹਨ। ਛੱਟੀ ਦੇ ਦਿਨ ਬੱਚੇ ਦੇ ਨਾਨਕੇ, ਬੱਚੇ ਲਈ ਕਪੜੇ ਤੇ ਸੁਗਾਤਾਂ ਲਿਆਂਦੇ ਹਨ, ਜਿਨ੍ਹਾਂ ਨੂੰ 'ਰੀਤ' ਜਾਂ 'ਸੂਸ਼ਨ' ਕਹਿੰਦੇ ਹਨ। ਕਈ ਜਾਤਾਂ-ਗੋਤਾਂ ਵਿਚ ਛੱਟੀ ਵਾਲੇ ਦਿਨ ਹੀ ਬੱਚੇ ਦੇ ਨਾਮ ਸੰਸਕਾਰ ਦੀ ਰਸਮ ਵੀ ਕਰ ਲਈ ਜਾਂਦੀ ਹੈ।

ਫ਼ਿਰੋਜ਼ਪੁਰ ਜਿਲੇ ਵਿਚ ਰਹਿੰਦੇ ਬਾਗੜੀ ਘੁੰਮਿਆਰਾਂ ਵਿਚ ਛੱਟੀ ਵਾਲੇ ਦਿਨ, ਨਵ-ਜੰਮੇ ਬਾਲ, ਲੜਕਾ ਹੋਵੇ ਜਾਂ ਲੜਕੀ ਦੀਆਂ ਕਲਾਈਆਂ, ਕਮਰ ਤੇ ਗਿੱਟਿਆਂ ਦੁਆਲੇ, ਨੀਲੇ ਰੰਗ ਦੇ ਨਿੱਕੇ ਨਿੱਕੇ ਧਾਗੇ ਬੰਨ੍ਹ ਦਿਤੇ ਜਾਂਦੇ ਹਨ। ਬੱਚੇ ਦੀ ਮਾਂ ਤੇ ਹੋਰ ਅੰਗ-ਸਾਕ ਹੱਥਾਂ ਵਿਚ ਮਹਿੰਦੀ ਰਚਾਂਦੇ ਹਨ। ਸਾਕਾਂ ਰਿਸ਼ਤੇਦਾਰਾਂ ਵਿਚ ਚੂਰੀ ਵੰਡੀ ਜਾਂਦੀ ਹੈ (ਫ਼ਿਰੋਜ਼ਪੁਰ ਗਜ਼ਟੀਅਰ, 58)।

ਬਹਾਵਲਪੁਰ ਦੇ ਹਿੰਦੂਆਂ ਵਿਚ, ਛੱਟੀ ਦੇ ਦਿਨ ਇਕ ਵਚਿਤ੍ਰ ਰੀਤ ਕੀਤੀ ਜਾਂਦੀ ਹੈ (ਬਹਾਵਲਪੁਰ ਗਜ਼ਟੀਅਰ, ਪੰਨਾ 99)। ਬੱਚੇ ਦੀ ਮਾਂ ਨੂੰ ਕਾਨਿਆਂ ਦੀ ਬਣੀ ਹੋਈ ਕਿੜੀ (ਛੂਹੜ) ਉਤੇ ਬਿਠਾ ਦਿਤਾ ਜਾਂਦਾ ਹੈ ਅਤੇ ਸਰਕੜੇ ਦੇ ਛੇ ਕਾਨਿਆਂ ਨਾਲ, ਲੋਹੇ ਦੀਆਂ ਤਿਖੀਆਂ ਨੋਕਾਂ ਜੜ ਕੇ ਤੀਰ ਬਣਾ ਲਏ ਜਾਂਦੇ ਹਨ। ਇਨ੍ਹਾਂ ਤੀਰਾਂ ਨੂੰ ਮਾਂ ਦੇ ਕੋਲ ਇਸ ਤਰ੍ਹਾਂ ਰਖ ਦਿਤਾ ਜਾਂਦਾ ਹੈ ਕਿ ਨੋਕਾਂ ਦਾ ਰੁਖ਼ ਸਿਰ੍ਹਾਣੇ ਵਲ ਹੋਵੇ। ਲੋਹੇ ਦੀਆਂ ਨੋਕਾਂ ਤੇ ਕਾਨੇ ਆਮ ਤੋਰ ਉਤੇ ਆਂਢ-ਗੁਆਂਢ ਤੋਂ ਮੰਗ ਕੇ ਲਾਏ ਜਾਂਦੇ ਹਨ। ਫਿਰ ਬੱਚੇ ਦੇ ਕੋਲ ਇਕ ਵਹੀ ਤੇ ਕਲਮ ਦੁਆਤ ਰਖ ਦਿਤੀ ਜਾਂਦੀ ਹੈ। ਕਈ ਤਾਂ ਵਹੀ ਨੂੰ ਟੋਪੇ (ਇਕ ਵਜ਼ਨ ਨਾਪਣ ਵਾਲੀ ਟੋਕਰੀ) ਵਿਚ ਰਖ ਦੇਂਦੇ ਹਨ। ਵਹੀ ਦਾ ਉਹ ਸਫ਼ਾ ਖੋਲ੍ਹ ਦਿਤਾ ਜਾਂਦਾ ਹੈ, ਜਿਸ ਵਿਚ ਕਿਸੇ ਦੇਣਦਾਰ ਦੇ ਲੇਖੇ, ਵਡੀ ਰਕਮ ਨਿਕਲਦੀ ਹੋਵੇ। ਇਹ ਸ਼ਗਨ ਇਸ ਵਿਚਾਰ ਨਾਲ ਕੀਤਾ ਜਾਂਦਾ ਹੈ ਕਿ ਬੱਚਾ ਵਡਾ ਹੋ ਕੇ ਸ਼ਾਹੂਕਾਰੇ ਦਾ ਕਿੱਤਾ ਅਪਣਾਏ। ਲੋਕ-ਧਾਰਨਾ ਹੈ ਕਿ ਇਸ ਮੌਕੇ ਉਤੇ ਅਜਿਹਾ ਕਰਨ ਨਾਲ ਬਿਧਮਾਤਾ ਬੱਚੇ ਦੀ ਜੀਵਨ-ਵਹੀ ਵਿਚ ਖ਼ੁਸ਼ਹਾਲੀ ਤੇ ਅਮੀਰੀ ਲਿਖ ਜਾਂਦੀ ਹੈ।

ਮੁਸਲਮਾਨਾਂ ਵਿਚ ਛੱਟੀ ਵਾਲੇ ਦਿਨ ਮਠਿਆਈ ਵੰਡੀ ਜਾਂਦੀ ਹੈ। ਦਾਅਵਤਾਂ ਦਿਤੀਆਂ ਜਾਂਦੀਆਂ ਹਨ ਤੇ ਘਰ ਵਿਚ ਅਤੇ ਪੀਰ ਫ਼ਕੀਰ ਦੀ ਖ਼ਾਨਗਾਹ ਉਤੇ, ਚਰਾਗ਼ ਜਲਾਏ ਜਾਂਦੇ ਹਨ। ਕਈ ਅਮੀਰ ਘਰਾਂ ਵਿਚ ਆਤਸ਼ਬਾਜ਼ੀ ਚਲਾਣ ਦੀ ਵੀ ਪ੍ਰਥਾ ਹੈ।

ਹੁੰਦਾ ਹੈ। ਅਕਬਰ ਬਾਦਸ਼ਾਹ ਦੇ ਜਨਮ ਸਮੇਂ ਜੋ ਕਪੜੇ ਉਸ ਨੂੰ ਪਹਿਨਾਏ ਗਏ ਸਨ, ਉਹ ਸੱਯਦ ਅਲੀ ਸੀਰਾਜ਼ੀ ਦੇ ਉਤਾਰ ਤੋਂ ਬਣੇ ਸਨ (ਵੇਖੋ : ਉਤਾਰ)।

(ਛ-14) **ਛੱਟੀਆਂ ਖੇਡਣਾ** :

ਵਿਆਹ ਨਾਲ ਸਬੰਧਿਤ ਇਕ ਰੀਤ, ਜਿਸ ਵਿਚ ਦੂਲ੍ਹਾ, ਦੂਲ੍ਹਨ ਤੇ ਹੋਰ ਅੰਗ ਸਾਕ ਹੱਥਾਂ ਵਿਚ ਛੱਟੀਆਂ ਫੜ ਕੇ ਇਕ ਦੂਜੇ ਨੂੰ ਮਾਰਦੇ ਤੇ ਖੇਡਦੇ ਹਨ। ਇਹ ਰੀਤ ਆਮ ਤੌਰ ਤੇ ਡੋਲੀ ਆਉਣ ਤੋਂ ਅਗਲੇ ਦਿਨ ਕੀਤੀ ਜਾਂਦੀ ਹੈ। ਦੂਲ੍ਹੇ ਦੇ ਦੁਪੱਟੇ ਤੇ ਦੂਲ੍ਹਨ ਦੀ ਚੁੰਨੀ ਦੇ ਪੱਲੇ ਨੂੰ ਗੰਢ ਮਾਰ ਕੇ ਅਥਵਾ ਅਗੇ ਦੂਲ੍ਹਾ ਤੇ ਪਿਛੇ ਦੂਲ੍ਹਨ ਨੂੰ ਲੈ ਕੇ, ਜਠੇਰਿਆਂ ਤੇ ਸਤੀਆਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਪਿਛੋਂ ਦੂਲ੍ਹਾ ਤੇ ਦੂਲ੍ਹਨ ਦੋਵੇਂ ਹੱਥਾਂ ਵਿਚ ਛੱਟੀਆਂ ਲੈ ਕੇ ਇਕ ਦੂਜੇ ਨੂੰ ਸੱਤ ਵਾਰ ਮਾਰਦੇ ਹਨ। ਵਿਸ਼ਵਾਸ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਚੰਦਰੀ ਰੂਹ/ਬਦਨਜ਼ਰ ਉਤਰ ਜਾਂਦੀ ਹੈ।

(ਛ-15) **ਛੱਟੀਆਂ ਝੋਲਣਾ** :

ਵਿਆਹ ਸਮੇਂ ਦੀ ਇਕ ਰੀਤ, ਜਿਸ ਵਿਚ ਕਾਨਿਆਂ ਨਾਲ ਫੁੱਲਾਂ ਦੀਆਂ ਲੜੀਆਂ ਬੰਨ੍ਹ ਕੇ, ਲਾੜ੍ਹੇ ਦੇ ਸਿਰ ਉਤੇ ਚਵਰ ਵਾਂਙ ਝੁਲਾਈਆਂ ਜਾਂਦੀਆਂ ਹਨ। ਇਹ ਰੀਤ ਪੱਠੋਹਾਰ ਵਿਚ ਪ੍ਰਚਲਤ ਹੈ।

(ਛ-16) **ਛੱਟੀ ਦੇਵੀ** :

ਇਕ ਦੇਵੀ, ਜਿਸ ਦੀ ਪੂਜਾ ਬੱਚੇ ਦੇ ਜੰਮਣ ਦੇ ਛੇਵੇਂ ਦਿਨ ਕੀਤੀ ਜਾਂਦੀ ਹੈ। ਇਹ ਬਿਧਮਾਤਾ ਦੇਵੀ ਦਾ ਹੀ ਇਕ ਰੂਪ ਹੈ (ਵੇਖੋ : ਛੱਟੀ)।

(ਛ-17) **ਛਣਕੰਗਣ** :

ਗੁੱਟ ਦਾ ਇਕ ਕੰਗਣ, ਜਿਸ ਨਾਲ ਛੋਟੀਆਂ ਛੋਟੀਆਂ ਟੱਲੀਆਂ ਲੱਗੀਆਂ ਹੁੰਦੀਆਂ ਹਨ। ਬਾਹਵਾਂ ਦੇ ਹਿਲਣ ਨਾਲ ਇਨ੍ਹਾਂ ਵਿਚੋਂ **ਛਣ ਛਣ** ਦੀ ਧੁਨੀ ਪੈਦਾ ਹੁੰਦੀ ਹੈ, ਜਿਸ ਲਈ ਇਸ ਗਹਿਣੇ ਦਾ ਨਾਂ ਛਣ-ਕੰਗਣ ਪੈ ਗਿਆ।

(ਛ-18) **ਛਣਛਣ** :

ਸ਼ਨੀ ਦੇਵਤੇ ਨਮਿਤ ਥਬੀ ਜਾਂ ਟਿੱਲੀ, ਜਿਸ ਉਤੇ ਲੋਕੀ

(ਛ-19) **ਛੱਤ–ਮਕਾਨ ਪਿੰਡ** :

ਰਾਜਪੂਤਾਂ ਨੇ ਆਪਣੇ ਪਿੰਡਾਂ ਦੀ ਦਰਜਾ ਬੰਦੀ ਕੀਤੀ ਹੋਈ ਸੀ, ਜਿਸ ਦਾ ਆਧਾਰ ਪਿੰਡ ਵਿਚ ਵਸਦੇ ਰਾਜਪੂਤਾਂ ਦੀ ਸਮਾਜਕ ਪ੍ਰਤਿਸ਼ਠਾ ਸੀ। ਉਨ੍ਹਾਂ ਦੇ ਪਿੰਡ ਤਿੰਨ ਦਰਜਿਆਂ ਵਿਚ ਵੰਡੇ ਹੋਏ ਹਨ। ਟਿਕਾ, ਛੱਤ-ਮਕਾਨ ਤੇ ਮਕਾਨ। ਇਸ ਵੰਡ ਦਾ ਬੰਸਾਵਲੀ ਨਾਲ ਕੋਈ ਸਬੰਧ ਨਹੀਂ; ਵੰਸ਼ ਨਾਲ ਸਬੰਧਿਤ ਵੰਡ 'ਮੂਹੀ' ਅਖਵਾਂਦੀ ਹੈ।

ਟਿਕਾ ਰਾਜਪੂਤਾਂ ਦੇ ਉਨ੍ਹਾਂ ਪਿੰਡਾਂ ਨੂੰ ਕਿਹਾ ਜਾਂਦਾ ਸੀ ਜਿਥੇ ਰਾਜ-ਘਰਾਣੇ ਦਾ ਕੋਈ ਯੁਵਕ ਜਾਂ ਯੁਵਰਾਜ ਰਹਿੰਦਾ ਸੀ। 'ਛੱਤ' ਸ਼ਬਦ ਛੱਤਰ ਦਾ ਹੀ ਸੰਖੇਪ ਹੈ ਅਤੇ ਰਾਜਪੂਤਾਂ ਵਿਚ ਇਹ ਸ਼ਬਦ ਪ੍ਰਭੁਤਾ ਦਾ ਬੋਧਿਕ ਰਿਹਾ ਹੈ। ਇਨ੍ਹਾਂ ਪਿੰਡਾਂ ਵਿਚ ਸ਼ਾਹੀ ਘਰਾਣੇ ਦੇ ਰਾਜਪੂਤ ਵਸਦੇ ਸਨ ਅਤੇ ਰਾਜਪੂਤਾਂ ਦੀ ਬਾਕੀ ਬਰਾਦਰੀ ਅਜਿਹੇ ਪਿੰਡਾਂ ਵਿਚ ਵਸਦੇ ਰਾਜਪੂਤਾਂ ਨੂੰ ਉਚੇਚੇ ਸਤਿਕਾਰ ਦੇਂਦੀ ਸੀ। ਬਾਕੀ ਪਿੰਡਾਂ ਨਾਲ ਇਨ੍ਹਾਂ ਦੀ ਮਾਨਤਾ ਵਧੇਰੇ ਸੀ। ਇਨ੍ਹਾਂ ਪਿੰਡਾਂ ਨੂੰ ਸਿਰਫ਼ 'ਛੱਤ' ਹੀ ਕਿਹਾ ਜਾਂਦਾ ਸੀ, (ਗਲਾਸਰੀ 3,294)

'ਮਕਾਨ ਪਿੰਡ' ਛੱਤ ਨਾਲੋਂ ਹੇਠਲੇ ਦਰਜੇ ਦੇ ਹਨ। ਇਹ ਉਪਾਧੀ ਉਨ੍ਹਾਂ ਰਾਜਪੂਤੀ ਪਿੰਡਾਂ ਲਈ ਵਰਤੀ ਜਾਂਦੀ ਹੈ, ਜਿਨ੍ਹਾਂ ਵਿਚ ਕਿਸੇ ਰਾਜਪੂਤ ਨੇ ਵਿਆਹ ਜਾਂ ਕਿਸੇ ਵਡਿਕੇ ਦੀ ਮ੍ਰਿਤੂ ਉਤੇ, ਸ਼ਾਹਾਂ ਵਾਂਗ ਦਿਲ ਖੋਲ੍ਹ ਕੇ ਖ਼ਰਚ ਕੀਤਾ ਤੇ ਦਾਨ ਦਿਤਾ ਹੋਵੇ।

'ਛੱਤ ਮਕਾਨ' ਵਿਚ ਵਸਦੇ ਰਾਜਪੂਤ ਵਿਆਹ ਜਾਂ ਮੰਗਲ ਕਾਰਜਾਂ ਉਤੇ ਸਮਾਜਕ ਪ੍ਰਤਿਸ਼ਠਾ ਤੇ ਕੀਰਤੀ ਨੂੰ ਕਾਇਮ ਰਖਣ ਲਈ, ਵਡਾ ਭੋਜ ਦਿੰਦੇ ਤੇ ਕੰਮੀ ਕਮੀਣਾਂ, ਭੱਟਾਂ, ਮਿਰਾਸੀਆਂ, ਨਾਈਆਂ ਨੂੰ ਲਾਗ ਦਿੰਦੇ ਹਨ। ਇਸੇ ਤਰ੍ਹਾਂ ਕਿਸੇ ਵਡਿਕੇ ਦੇ ਦੇਹਾਂਤ ਉਤੇ ਦਸ ਦਿਨ ਅਫ਼ਸੋਸ ਲਈ ਆਏ ਲੋਕਾਂ ਨੂੰ ਖਾਣਾ ਖਵਾਇਆ ਜਾਂਦਾ ਹੈ।

ਹੁਸ਼ਿਆਰਪੁਰ ਵਿਚ ਘੋੜੇਵਾਹ ਰਾਜਪੂਤਾਂ ਦੇ 9 ਛੱਤ ਪਿੰਡ ਤੇ 12 ਮਕਾਨ ਪਿੰਡ ਹਨ।

(ਛ-20) **ਛੱਤਰ** :

ਛੱਤਰ ਪ੍ਰਭੁਤਾ ਤੇ ਸਾਮਾਜਿਕ ਪ੍ਰਤਿਸ਼ਠਾ ਦਾ ਪ੍ਰਤੀਕ ਹੈ। ਮੱਧ-ਕਾਲ ਵਿਚ ਬਾਦਸ਼ਾਹਾਂ ਤੇ ਰਾਜਿਆਂ ਮਹਾਰਾਜਿਆਂ ਦੇ ਸਿਰਾਂ ਉਪਰ ਛੱਤਰ ਝੁਲਾਏ ਜਾਂਦੇ ਸਨ, ਜਿਸ ਕਰ ਕੇ ਇਹ ਰਾਜ-ਚਿੰਨ੍ਹ ਬਣ ਗਿਆ।

ਸੰਸਾਰ ਵਿਚ ਸੂਰਜ ਨੂੰ ਅਥਾਹ ਸ਼ਕਤੀ ਦਾ ਸਵਾਮੀ

ਗਿਆ। ਇਕ ਖਿਆਲ ਅਨੁਸਾਰ ਛੱਤਰ ਦਾ ਮੁੱਢ ਉਸ ਗੋਲ ਚੱਕਰ (ਹਾਲਾ) ਤੋਂ ਬਝਿਆ, ਜੋ ਮਹਾਤਮਾ ਬੁੱਧ ਦੇ ਸੀਸ ਦੁਆਲੇ ਵਿਖਾਇਆ ਜਾਂਦਾ ਸੀ। ਛੱਤਰ ਬੁੱਧ ਦੇ ਅੱਠ ਪ੍ਰਤੀਕਾਂ ਵਿਚੋਂ ਇਕ ਹੈ।

ਹਿੰਦੂ ਸੰਤਾਂ ਤੇ ਸਿੱਖ ਗੁਰੂਆਂ ਦੇ ਸਿਰ ਉਤੇ, ਉਨ੍ਹਾਂ ਦੇ ਆਦਰ ਮਾਣ ਵਜੋਂ, ਛੱਤਰ ਝੁਲਾਇਆ ਜਾਂਦਾ ਰਿਹਾ। ਇਹ ਪ੍ਰਥਾ ਅੱਜ ਵੀ ਪ੍ਰਚਲਤ ਹੈ ਅਤੇ ਛੱਤਰ ਅਧਿਆਤਮਕ ਪ੍ਰਤਿਸ਼ਠਾ ਦਾ ਬੋਧ ਵੀ ਕਰਾਉਂਦਾ ਰਿਹਾ ਹੈ।

ਵਿਆਹ ਸਮੇਂ ਲਾੜ੍ਹਾ ਜਦੋਂ ਘੋੜੀ ਚੜ੍ਹਦਾ ਹੈ ਤਾਂ ਹਿੰਦੂਆਂ ਵਿਚ, ਉਸ ਦੇ ਸਿਰ ਉਤੇ ਛੱਤਰ ਝੁਲਾਇਆ ਜਾਂਦਾ ਹੈ। ਮੁਲਤਾਨੀਆਂ ਵਿਚ ਛੱਤਰ ਲਾੜ੍ਹੇ ਲਈ ਉਤਨਾ ਹੀ ਜ਼ਰੂਰੀ ਹੈ, ਜਿਤਨੀ ਕਿ ਘੋੜੀ।

ਸਿੱਖ ਗੁਰਦਵਾਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਉਪਰ ਜੋ ਚੰਦੋਆ ਤਾਣਿਆ ਜਾਂਦਾ ਹੈ, ਉਹ ਛੱਤਰ ਦਾ ਹੀ ਇਕ ਸਥਿਰ ਰੂਪ ਹੈ ਤੇ ਇਹ ਉਸੇ ਉਦੇਸ਼ ਦੀ ਪੂਰਤੀ ਕਰਦਾ ਹੈ।

### (ਛ-21) ਛੱਤਰੀ :

(ੳ) ਰਾਜਪੂਤਾਂ ਵਿਚ ਸ਼ਾਹ ਘਰਾਣਿਆਂ ਤੇ ਪ੍ਰਤਿਸ਼ਠ ਵਿਅਕਤੀਆਂ ਦੀਆਂ ਸਮਾਧੀਆਂ ਉਪਰ ਗੁੰਬਦ ਜਾਂ ਛੱਤਰ ਜਿਹਾ ਬਣਿਆ ਹੁੰਦਾ ਹੈ। ਛੱਤਰ ਨਾਲ ਮਿਲਦਾ ਹੋਣ ਕਰਕੇ ਇਨ੍ਹਾਂ ਨੂੰ 'ਛੱਤਰੀ' ਕਹਿੰਦੇ ਹਨ।

ਫਿਰੋਜ਼ਪੁਰ ਜ਼ਿਲੇ ਵਿਚ, ਬਾਗੜੀਆਂ ਦੇ ਪਿੰਡਾਂ ਦੇ ਬਾਹਰਵਾਰ, ਅਜਿਹੀਆਂ ਸਮਾਧੀਆਂ ਮਿਲਦੀਆਂ ਹਨ, ਜਿਨ੍ਹਾਂ ਉਤੇ ਛੱਤਰ ਬਣਿਆ ਹੁੰਦਾ ਹੈ, ਇਹ ਇਲਾਕੇ ਦੇ ਧਨੀ ਜ਼ਿਮੀਂਦਾਰਾਂ ਦੀ ਵੰਸ਼ ਨੇ ਸਿਮਰਤੀ ਵਜੋਂ ਉਸਾਰਿਆ (ਫ਼ਿਰੋਜ਼ਪੁਰ ਗਜ਼ਟੀਅਰ, ਪੰਨਾ 51)।

(ਅ) ਪੰਜਾਬ ਦੇ ਰਾਜਪੂਤਾਂ ਤੇ ਹਰਿਆਣੇ ਦੇ ਇਲਾਕੇ ਦੇ ਜੱਟਾਂ ਤੇ ਰਾਜਪੂਤਾਂ ਵਿਚ, ਪਿੱਤਰਾਂ ਦੀ ਸਿਮਰਤੀ ਵਿਚ ਇਕ ਸਮਾਰਕ ਬਣਾਇਆ ਜਾਂਦਾ ਹੈ, ਜਿਸ ਨੂੰ ਉਹ ਛੱਤਰੀ ਕਹਿੰਦੇ ਹਨ। ਇਸ ਦੀ ਪ੍ਰਥਾ ਕੇਵਲ ਅਮੀਰ ਲੋਕਾਂ ਵਿਚ ਹੈ, ਕਿਉਂ ਜੋ ਇਹ ਛੱਤਰੀਆਂ ਕਾਫ਼ੀ ਉੱਚੀਆਂ ਹੁੰਦੀਆਂ ਹਨ ਤੇ ਇਨ੍ਹਾਂ ਉਤੇ ਚੋਖੀ ਰਕਮ ਖ਼ਰਚ ਹੁੰਦੀ ਹੈ। ਛੱਤਰੀ ਦੇ ਛੱਤ 'ਤੇ ਮਰਨ ਵਾਲੇ ਪਿੱਤਰ ਦੇ ਪੈਰ ਦਾ ਪੰਜਾ ਲਗਾਉਂਦੇ ਹਨ। ਇਹ ਛੱਤਰੀਆਂ ਮੀਂਹ ਝੱਖੜ ਵੇਲੇ ਰਾਹੀਆਂ ਦੀ ਰੱਖਿਆ ਕਰਦੀਆਂ ਹਨ।

ਖ਼ਬਰ ਨਾਈ ਜਾਂ ਡੂਮ ਹੱਥ ਭੇਜੀ ਜਾਂਦੀ ਹੈ। ਨਾਲ ਹੀ ਨਾਈ ਜਾਂ ਡੂਮ ਨੂੰ ਲਾਲ ਕਪੜੇ ਦੀਆਂ ਟਾਕੀਆਂ ਦਿਤੀਆਂ ਜਾਂਦੀਆਂ ਹਨ, ਜੋ ਉਹ ਖ਼ਬਰ ਦੇਣ ਲਗਿਆਂ ਪੁਸ਼ਟੀ ਵਜੋਂ ਸਾਕ-ਸਬੰਧੀਆਂ ਨੂੰ ਦੇਂਦਾ ਜਾਂਦਾ ਹੈ।

### (ਛ-23) ਛੱਤੀ ਜੁੱਗ :

ਪੁਰਾਣਾਂ ਅਨੁਸਾਰ ਬ੍ਰਹਿਮੰਡ ਵਿਚ ਹਰ ਪਰਲੋ ਤੋਂ ਪਿਛੋਂ, 36 ਯੁਗਾਂ ਤਕ ਸੁੰਨ-ਦਸ਼ਾ ਰਹਿੰਦੀ ਹੈ ਅਤੇ ਸਾਰੇ ਪਾਸੇ ਧੁੰਦ-ਗ਼ੁਬਾਰ ਫੈਲੀ ਰਹਿੰਦੀ ਹੈ। ਗੁਰਬਾਣੀ ਵਿਚ ਵੀ ਇਸ ਦਸ਼ਾ ਵਲ ਸੰਕੇਤ ਮਿਲਦਾ ਹੈ :

ਛਤੀਹ ਜੁਗ ਗੁਬਾਰ ਸਾ
ਆਪੇ ਗਣਤ ਕੀਨੀ (ਵਾਰ ਰਾਮਕਲੀ ੧, ਮਹਲਾ ੩)

ਛੱਤੀ ਜੁਗਾਂ ਪਿਛੋਂ ਫਿਰ ਨਵੇਂ ਸੰਸਾਰ ਦੀ ਉਤਪਤੀ ਹੁੰਦੀ ਹੈ। ਪੁਰਾਣਾਂ ਅਨੁਸਾਰ ਚਾਰ ਜੁਗਾਂ ਦੀ ਇਕ ਇਕਾਈ ਹੁੰਦੀ ਹੈ, ਜਿਸ ਨੂੰ ਮਹਾਯੁਗ ਕਹਿੰਦੇ ਹਨ ਤੇ ਇਹ ਸਮਾਂ ਧਰਤੀ ਦੇ 4,320,000 ਸਾਲਾਂ ਦੇ ਬਰਾਬਰ ਹੁੰਦਾ ਹੈ। ਇਸ ਕਾਲ-ਪ੍ਰਮਾਣ ਅਨੁਸਾਰ ਛੱਤੀ ਜੁਗ, ਜੋ 9 ਮਹਾਂਜੁਗਾਂ ਦੇ ਬਰਾਬਰ ਹੁੰਦੇ ਹਨ, ਦਾ ਸਮਾਂ 38,880,000 ਸਾਲ ਬਣਦਾ ਹੈ।

### (ਛ-24) ਛੱਤੀ ਟੱਕੇ :

ਪਹਿਲਿਆਂ ਵੇਲਿਆਂ ਵਿਚ, ਕਈ ਜਾਤੀਆਂ ਵਿਚ, ਵਿਆਹ ਸ਼ਾਦੀ ਉਤੇ ਧੇਤਿਆਂ ਤੇ ਪੜੋਤਿਆਂ ਤੋਂ ਛੱਤੀ ਟੱਕੇ ਲੈ ਕੇ ਲਾਗੀਆਂ ਨੂੰ ਦਿਤੇ ਜਾਂਦੇ ਸਨ। ਛੱਤੀ ਦਾ ਅੰਕ 'ਛੱਤਰ' ਨਾਲ ਮੇਲ ਖਾਂਦਾ ਹੋਣ ਕਾਰਨ, ਪ੍ਰਭੁਤਾ ਦਾ ਪ੍ਰਤੀਕ ਬਣ ਗਿਆ ਸੀ।

### (ਛ-25) ਛੱਤੀ ਪਖੰਡ :

ਛੱਤੀ ਪ੍ਰਕਾਰ ਦੇ ਪਖੰਡ ਮੰਨੇ ਗਏ ਹਨ। ਇਨ੍ਹਾਂ ਦਾ ਪੂਰਾ ਵੇਰਵਾ ਕਿਸੇ ਇਕ ਗ੍ਰੰਥ ਵਿਚ ਨਹੀਂ ਮਿਲਦਾ, ਜਿਸ ਕਰ ਕੇ ਇਨ੍ਹਾਂ ਦੀ ਮੁਕੰਮਲ ਸੂਚੀ ਕਿਧਰੇ ਵੀ ਦਰਜ ਨਹੀਂ। 'ਸੰਖਿਆ ਕੋਸ਼' ਅਨੁਸਾਰ ਮੁਹਾਵਰੇ ਵਿਚ 'ਛੱਤੀ' ਦੀ ਸੰਖਿਆ ਅਨੇਕਤਾ ਦੀ ਵਰਤੋਂ ਵਿਚ ਆਇਆ ਕਰਦੀ ਹੈ, ਇਸ ਲਈ ਛੱਤੀ ਪਖੰਡ ਤੋਂ ਭਾਵ ਅਨੇਕ ਪ੍ਰਕਾਰ ਦੇ ਪਖੰਡ ਹਨ ਨਾ ਕਿ ਛੱਤੀ ਪ੍ਰਕਾਰ ਦੇ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਛੱਤੀ ਪਖੰਡ ਵਲ ਸੰਕੇਤ ਹੈ :

'ਫਾਹਿਯਾਨ' ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਇਸ ਦੇ ਆਪਣੇ ਸਫ਼ਰਨਾਮੇ ਵਿਚ ਦਰਜ ਹੈ ਕਿ ਮੱਧਯ ਦੇਸ਼ ਵਿਚ ਛੱਤੀ ਪਾਖੰਡਾਂ ਦਾ ਪ੍ਰਚਾਰ ਹੈ। ਇਸ ਦਾ ਭਾਵ ਉਹ ਅਨੇਕ ਪ੍ਰਕਾਰ ਦੇ ਪਾਖੰਡਾਂ ਤੋਂ ਲੈਂਦੇ ਹਨ।

### (ਛ-26) ਛੱਤੀ ਭੋਜਨ :

ਛੱਤੀ ਪ੍ਰਕਾਰ ਦੇ ਖਾਣ ਯੋਗ ਪਦਾਰਥ ਜੋ ਅੰਮ੍ਰਿਤ ਦੇ ਤੁਲ ਮੰਨੇ ਗਏ ਹਨ। ਇਸੇ ਲਈ ਇਨ੍ਹਾਂ ਨੂੰ 'ਛੱਤੀ ਅੰਮ੍ਰਿਤ' ਵੀ ਕਿਹਾ ਜਾਂਦਾ ਹੈ। 'ਸੰਖਿਆ ਕੋਸ਼' ਅਨੁਸਾਰ 36 ਪ੍ਰਕਾਰ ਦੇ ਭੋਜਨ ਇਸ ਤਰ੍ਹਾਂ ਹਨ : 1. ਸਭ ਤਰ੍ਹਾਂ ਦੀ ਰੋਟੀ, 2. ਹਰ ਤਰ੍ਹਾਂ ਦੀ ਪੂੜੀ, 3. ਕਚੌਰੀ, 4. ਪੂੜੇ, 5. ਹਰ ਪ੍ਰਕਾਰ ਦੇ ਚਾਵਲ, 6. ਦਾਲਾਂ, 7. ਸਾਗ, ਤਰਕਾਰੀ, ਭੁਰਜੀਆਂ, 8. ਕੜ੍ਹੀਆਂ, 9. ਵੜੀਆਂ, 10. ਸੇਵੀਆਂ, 11. ਖਿਚੜੀ, 12. ਸਭ ਤਰ੍ਹਾਂ ਦੀਆਂ ਸਲੂਣੀਆਂ ਚੀਜ਼ਾਂ, ਪਕੌੜੇ ਆਦਿ, 13. ਚਟਨੀਆਂ, 14. ਅਚਾਰ, 15. ਮੁਰੱਬੇ, 16. ਬੂੰਦੀ, ਭੱਲੇ, ਦਹੀਂ, 17. ਰਾਇਤੇ, 18. ਪਾਪੜ, 19. ਕੜਾਹ, 20. ਖੀਰਾਂ, 21. ਸੱਤੂ, ਪੰਜੀਰੀ, ਅਤੇ ਚੂਰਮਾ, 22. ਲੱਡੂ, ਜਲੇਬੀ, ਅੰਮ੍ਰਤੀ, ਪੇੜਾ ਆਦਿ ਸ਼ੀਰਨੀਆਂ, 23. ਲਾਪਸੀ, 24. ਰੱਬੜੀ, 25. ਮਲਾਈ, 26. ਮਿਸ਼ਰੀ, 27. ਸਿਖਰਣੀ, 28. ਬੁਧ ਮਿਸ਼ਰਤ ਆਂਬਰਸਾ, 29. ਦਧਿ ਤਕਰ, 30. ਕਾਂਜੀ, 31. ਫਲ, 32. ਮੇਵੇ, 33. ਮਠੀ ਮਠੇ, 34. ਫੇਣੀਆਂ, 35. ਘੇਵਰ, 36. ਚੂਰਣ ਸਵਾਦ।

### (ਛ-27) ਛੱਤੇ :

ਪੱਛਮੀ ਪੰਜਾਬ (ਪਾਕਿਸਤਾਨ) ਦੇ ਕਈ ਇਲਾਕਿਆਂ ਅਥਵਾ ਬਾਰ ਵਿਚ ਸਿਰ ਦੇ ਵਾਲਾਂ ਨੂੰ ਛੱਤੇ ਕਹਿੰਦੇ ਹਨ। ਮੁਜ਼ਫ਼ਰਗੜ੍ਹ ਦੇ ਜ਼ਿਲੇ ਵਿਚ ਕੁਆਰੀ ਕੁੜੀ ਦੇ ਵਾਲਾਂ ਨੂੰ ਛੱਤੇ ਕਿਹਾ ਜਾਂਦਾ ਹੈ (ਮੁਜ਼ਫ਼ਰਗੜ੍ਹ ਗਜ਼ਟੀਅਰ, ਪੰਨਾ 82)। ਤੀਵੀਆਂ ਉਮਰ ਦੇ ਲਿਹਾਜ਼ ਨਾਲ ਵਾਲਾਂ ਨੂੰ ਵਖੋ ਵਖਰੀ ਸ਼ੈਲੀ ਤੇ ਬਣਤਰ ਵਿਚ ਢਾਲਦੀਆਂ ਤੇ ਸੰਵਾਰਦੀਆਂ ਹਨ। ਬਾਲ ਅਵਸਥਾ ਵਿਚ ਕੁੜੀਆਂ ਦੇ ਮੂਹਰਲੇ ਮੱਥੇ ਦੇ ਵਾਲ ਝਾਲਰ ਵਾਂਗ ਕੱਟੇ ਹੁੰਦੇ ਹਨ ਤੇ ਸਿਰ ਦੇ ਪਿਛਲੇ ਹਿੱਸੇ ਦੇ ਵਾਲ ਖੁਲ੍ਹੇ। ਇਨ੍ਹਾਂ ਵਾਲਾਂ ਨੂੰ ਵੀ 'ਛੱਤੇ' ਕਹਿੰਦੇ ਹਨ। ਜਦੋਂ ਕੁੜੀ ਯੁਵਾ ਅਵਸਥਾ ਵਿਚ ਪੈਰ ਧਰਦੀ ਹੈ ਤਾਂ ਉਸਦੇ ਵਾਲ ਸਿਰ ਦੇ ਸੱਜੇ ਖੱਬੇ ਦੋਵਲੀਂ ਮੇਢੀਆਂ ਵਿਚ ਗੁੰਦੇ ਜਾਂਦੇ ਹਨ। ਵਿਆਹ ਤਕ ਇਹੋ ਸ਼ੈਲੀ ਵਰਤੀ ਜਾਂਦੀ ਹੈ ਅਤੇ ਲੋਕ-ਗੀਤਾਂ ਵਿਚ ਛੱਤੇ ਤੇ 'ਧਾਈਆਂ' ਦਾ ਵਰਨਣ ਆਉਂਦਾ ਹੈ :

ਕੰਨਾਂ ਨੂੰ ਸੋਹਣੇ ਬੁੰਦੇ,
ਸਿਰ ਤੇ ਛੱਤਿਆਂ ਦੀਆਂ ਧਾਈਆਂ,
ਸੁੱਕ ਕੇ ਅਬਤਰ ਹੋਇਆ ਏਂ,
ਨਾਰੀ ਵੇਖ ਪਰਾਈਆਂ।
ਮੈਂ ਹਿੱਕਾਂ ਤੇਰੀਆਂ,
ਦੂਦੀਆਂ ਸ਼ੌਕ ਆਪਣੇ ਨੂੰ ਖੇਡਣ ਆਈਆ,
ਨਾ ਪਟ ਬੂਟੀਆਂ,
ਅਸਾਂ ਨਾਲ ਦੁਖਾਂ ਦੇ ਲਾਈਆਂ।

(ਨੌਂਭਨਾਂ, ਪੰਨਾ 44)

ਨੌਂਭਨਾਂ (ਪੰਨਾ 28) ਅਨੁਸਾਰ ਜਾਂਗਲੀ ਸਵਾਣੀਆਂ ਆਪਣੇ ਵਾਲਾਂ ਨੂੰ ਛੱਤੇ ਆਖਦੀਆਂ ਹਨ, ਜਿਨ੍ਹਾਂ ਨੂੰ ਉਹ ਇਕ ਆਮ ਪੰਜਾਬੀ ਤੀਵੀਂ ਵਾਂਗ ਗੁੱਤ ਵਿਚ ਗੁੰਦ ਲੈਂਦੀਆਂ ਹਨ। ਨਿੱਕੀਆਂ ਕੁੜੀਆਂ ਦੇ ਵਾਲ ਚਾਰ ਸਾਲ ਦੀ ਉਮਰ ਤੀਕ ਸਾਰੇ ਕਟ ਦਿਤੇ ਜਾਂਦੇ ਹਨ। ਇਸ ਤੋਂ ਪਿਛੋਂ ਉਨ੍ਹਾਂ ਦੇ ਵਾਲ ਕੇਵਲ ਮੱਥੇ ਦੇ ਨਾਲ ਨਾਲ ਝਾਲਰ ਵਾਂਗ ਕਟਾਏ ਜਾਂਦੇ ਹਨ ਅਤੇ ਮਗਰ ਦੇ ਅੱਧੇ ਵਾਲ ਗਿੱਚੀ ਵਲ ਗੁੰਦ ਦਿਤੇ ਜਾਂਦੇ ਹਨ। ਕੁੜੀਆਂ ਦੀ ਇਸ ਅਵਸਥਾ ਦੇ ਵਾਲਾਂ ਨੂੰ 'ਬੋਦੀਆਂ' ਆਖਦੇ ਹਨ। ਕੋਈ ਤੇਰ੍ਹਾਂ ਕੁ ਸਾਲ ਦੀ ਉਮਰ ਹੋਣ ਉਤੇ, ਕੁੜੀਆਂ ਤੀਵੀਆਂ ਵਾਂਗ ਹੀ ਸਾਰੇ ਵਾਲ ਰਖ ਲੈਂਦੀਆਂ ਹਨ।

### (ਛ-28) ਛੰਦ :

(ਵੇਖੋ : ਲੋਕ-ਛੰਦ)।

### (ਛ-29) ਛੰਨਾ ਖੇਡਣਾ :

ਵਿਆਹ ਨਾਲ ਸਬੰਧਿਤ ਇਕ ਰੀਤ, ਜੋ ਲਹਿੰਦੇ ਵਿਚ ਵਧੇਰੇ ਪ੍ਰਚਲਤ ਹੈ। ਲਾਵਾਂ ਫੇਰਿਆਂ ਪਿਛੋਂ ਦੁਲਹਨ ਦੀਆਂ ਭੈਣਾਂ ਤੇ ਸਹੇਲੀਆਂ, ਦੂਲ੍ਹੇ ਨੂੰ ਘੇਰ ਕੇ ਉਸ ਥਾਂ ਲੈ ਆਉਂਦੀਆਂ ਹਨ, ਜਿਥੇ ਦੁਲਹਨ ਬੈਠੀ ਹੁੰਦੀ ਹੈ। ਇਥੇ ਨੈਣ ਜਾਂ ਦੂਲ੍ਹੇ ਦੀ ਸਭ ਤੋਂ ਵਡੀ ਸਾਲੀ, ਕਾਂਸੀ ਦੀ ਕਿਸੇ ਥਾਲੀ ਵਿਚ, ਸਰ੍ਹੋਂ ਦੇ ਤੇਲ ਨਾਲ ਭਿਜਿਆ ਛੰਨਾ ਰਖ ਦੇਂਦੀ ਹੈ। ਦੂਲ੍ਹੇ ਨੂੰ ਛੰਨਾ ਸਿਧਾ ਕਰਨ ਲਈ ਕਿਹਾ ਜਾਂਦਾ ਹੈ। ਛੰਨਾ ਥਿੰਦਾ ਹੋਣ ਕਰ ਕੇ ਹਥੋਂ ਤਿਲਕ ਤਿਲਕ

(ਛ-30) **ਛਨਿਛਰ :**

ਇਕ ਦੇਵਤਾ, ਜਿਸ ਦਾ ਛਨਿਛਰ ਗ੍ਰਹਿ ਉਤੇ ਅਧਿਕਾਰ ਹੈ। ਪੁਰਾਣਾਂ ਅਨੁਸਾਰ ਛਨਿਛਰ ਸੂਰਜ ਦਾ ਪੁੱਤਰ ਹੈ, ਜੋ ਛਾਇਆ ਦੇ ਕੁਖੋਂ ਜੰਮਿਆ। ਜਦੋਂ ਸੂਰਜ ਦੀ ਪਤਨੀ ਸੰਜਨਾ (ਸੰਗਿਆ) ਤੋਂ ਸੂਰਜ ਦਾ ਤੇਜ ਸਹਾਰਨ ਨਾ ਹੋਇਆ ਤਾਂ ਉਸ ਨੇ ਆਪਣੀ ਗੋਲੀ ਛਾਇਆ ਨੂੰ, ਆਪਣਾ ਰੂਪ ਦੇ ਕੇ ਆਪਣੀ ਥਾਂ ਬਿਠਾ ਦਿਤਾ। ਸੂਰਜ ਨੇ ਛਾਇਆ ਨੂੰ ਹੀ ਸੰਜਨਾ ਸਮਝਿਆ ਅਤੇ ਉਸ ਤੋਂ ਦੋ ਪੁੱਤਰ ਸ਼ਨੀ ਤੇ ਮਨੂ ਸਾਵਰਣੀ ਅਤੇ ਇਕ ਧੀ ਉਤਪੰਨ ਕੀਤੇ।

ਇਕ ਕਥਾ ਅਨੁਸਾਰ ਛਨਿਛਰ ਜੰਮਦਿਆਂ ਹੀ ਮਾਂ ਪਿਓ ਉਤੇ ਭਾਰਾ ਸਿਧ ਹੋਇਆ। ਛਨਿਛਰ ਦੀ ਜੰਮਣ ਮਗਰੋਂ ਪਹਿਲੀ ਨਜ਼ਰ ਆਪਣੇ ਪਿਓ 'ਤੇ ਪਈ ਅਤੇ ਉਹ ਕੋਹੜੀ ਹੋ ਗਿਆ। ਕੋਲ ਹੀ ਪਿਓ ਦਾ ਰਥਵਾਨ ਖੜਾ ਸੀ, ਬੱਚੇ ਨੇ ਉਸ ਵਲ ਵੇਖਿਆ ਤਾਂ ਉਹ ਲੰਙੜਾ ਹੋ ਗਿਆ। ਜਦੋਂ ਛਨਿਛਰ ਨੇ ਮਾਂ ਵਲ ਧਿਆਨ ਨਾਲ ਵੇਖਿਆ ਤਾਂ ਉਹ ਅੰਨ੍ਹੀ ਹੋ ਗਈ।

ਛਨਿਛਰ ਖੁਦ ਦੋਹਾਂ ਲੱਤਾਂ ਤੋਂ ਲੰਙੜਾ ਹੋਣ ਕਰਕੇ ਪਿੰਘਲਾ ਅਖਵਾਉਂਦਾ ਹੈ। ਇਹ ਸਭ ਗ੍ਰਹਿਆਂ ਵਿਚੋਂ ਮੱਧਮ ਚਾਲ ਚਲਦਾ ਹੈ ਅਤੇ ਹਰੇਕ ਗ੍ਰਹਿ ਵਿਚ ਢਾਈ ਵਰ੍ਹੇ ਰਹਿੰਦਾ ਹੈ। ਹੌਲੀ ਹੌਲੀ ਚਲਣ ਕਰ ਕੇ ਹੀ ਇਸ ਦਾ ਨਾਉਂ 'ਸਨੈਸ਼ਚਰ' (ਸ਼ਨੈ ਤੋਂ ਭਾਵ ਹੌਲੀ ਅਤੇ ਚਰ ਤੋਂ ਚਲਣਾ) ਪਿਆ ਤੇ ਇਹੋ ਸਮੇਂ ਨਾਲ ਛਨਿਛਰ ਵਿਚ ਵਿਗੜਤ ਹੋ ਗਿਆ। ਛਨਿਛਰ ਦੇ ਪਿੰਘਲਾ ਹੋਣ ਬਾਰੇ ਇਕ ਕਥਾ ਪ੍ਰਚਲਤ ਹੈ। ਇਕ ਵਾਰ ਛਨਿਛਰ ਨੂੰ ਆਪਣੀ ਮਤ੍ਰੇਈ ਮਾਂ ਸੰਜਨਾ 'ਤੇ ਇਸ ਗੱਲ 'ਤੇ ਕਰੋਧ ਆ ਗਿਆ ਕਿ ਉਹ ਆਪਣੇ ਸਕੇ ਤੇ ਮਤ੍ਰੇਏ ਬੱਚਿਆਂ ਵਿਚ ਫ਼ਰਕ ਰਖਦੀ ਹੈ। ਛਨਿਛਰ ਨੇ ਸੰਜਨਾ ਨੂੰ ਲਤ ਕਢ ਮਾਰੀ। ਸੰਜਨਾ ਨੇ ਸਰਾਪ ਦਿਤਾ, ਜਿਸ ਕਰ ਕੇ ਉਸ ਦੀਆਂ ਦੋਵੇਂ ਲੱਤਾਂ ਗਲ ਗਈਆਂ ਤੇ ਉਹ ਪਿੰਘਲਾ ਹੋ ਗਿਆ।

ਪੰਜਾਬ ਵਿਚ ਛਨਿਛਰ ਨੂੰ ਜ਼ਾਤ ਦਾ ਤੇਲੀ ਮੰਨਿਆ ਜਾਂਦਾ ਹੈ। ਛਨਿਛਰ ਕਾਲ-ਭੈਰਵ ਦਾ ਉਪਾਸ਼ਕ ਹੈ ਅਤੇ ਇਹ ਲੋਕਾਂ ਨੂੰ ਹਮੇਸ਼ਾ ਦੁਖ ਦੇਂਦਾ ਤੇ ਉਨ੍ਹਾਂ ਉਤੇ ਸੰਕਟ ਲਿਆਉਂਦਾ ਹੈ। ਪਰ ਜੇ ਕਿਸੇ ਉਤੇ ਛਨਿਛਰ ਪ੍ਰਸੰਨ ਹੋ ਜਾਵੇ ਤਾਂ ਉਸ ਦੇ ਭਾਗਾਂ ਨੂੰ ਚਾਰ ਚੰਨ ਲਾ ਦੇਂਦਾ ਹੈ।

ਛਨਿਛਰ ਗ੍ਰਹਿ ਰੋਗ, ਲੜਾਈ, ਦਲਿਦ੍ਰ ਤੇ ਸੰਕਟ ਦਾ ਗ੍ਰਹਿ ਮੰਨਿਆ ਜਾਂਦਾ ਹੈ। ਇਹ ਜਿਸ ਪ੍ਰਾਣੀ ਉਤੇ ਭਾਰਾ ਤੇਲ ਡੋਲ੍ਹਦੇ ਜਾਂ ਦੀਵੇ ਜਗਾਉਂਦੇ ਹਨ। ਇਨ੍ਹਾਂ ਢੇਰੀਆਂ ਨੂੰ 'ਛੰਛਨ' ਕਿਹਾ ਜਾਂਦਾ ਹੈ।

ਛਨਿਛਰਵਾਰ ਵਾਲੇ ਦਿਨ ਸਰਹੋਂ ਦੇ ਤੇਲ ਵਿਚ, ਆਪਣੀ ਛਾਇਆ ਵੇਖ ਕੇ, ਦਾਨ ਕਰਨ ਨਾਲ ਵੀ ਛਨਿਛਰ ਦਿਉਤਾ ਪ੍ਰਸੰਨ ਹੋ ਜਾਂਦਾ ਹੈ। ਪੰਜਾਬ ਵਿਚ, ਛਨਿਛਰਵਾਰ ਵਾਲੇ ਦਿਨ, ਭਾਟੜਿਆਂ ਦੇ ਛੋਟੇ ਛੋਟੇ ਮੁੰਡੇ, ਕਿਸੇ ਛੰਨੇ ਵਿਚ ਸਰਹੋਂ ਦਾ ਤੇਲ ਪਾ ਕੇ ਤੇ ਉਸ ਵਿਚ ਛਨਿਛਰ ਦੀ ਮੂਰਤੀ ਰਖ ਕੇ, ਗਲੀਆਂ-ਮਹੱਲਿਆਂ ਵਿਚ, ਇਹ ਹੋਕਰਾ ਦੇਂਦੇ ਫਿਰਦੇ ਹਨ : "ਛਨ ਛਨ ਬਲੀ, ਕੁਲ ਬਲਾ ਟਲੀ।" ਲੋਕੀ ਛਨਿਛਰ ਦੀ ਬਲਾ ਟਾਲਣ ਲਈ, ਛੰਨੇ ਵਿਚ ਪਹਿਲਾਂ ਤਾਂਬੇ ਦਾ ਪੈਸਾ ਪਾਉਂਦੇ ਹਨ ਤੇ ਫਿਰ ਆਪਣੀ ਛਾਇਆ ਵੇਖਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਉਨ੍ਹਾਂ ਦੀਆਂ ਸਭ ਬਲਾਵਾਂ ਦੂਰ ਹੋ ਜਾਂਦੀਆਂ ਹਨ।

ਛਨਿਛਰ ਦੇਵਤੇ ਦਾ ਦਾਨ ਕੇਵਲ ਡਕੌਤ ਬ੍ਰਾਹਮਣੇ ਤੇ ਭਾਟੜੇ ਲੈਂਦੇ ਹਨ (ਵੇਖੋ : ਡਕੌਤ)।

(ਛ-31) **ਛਨਿਛਰਵਾਰ :**

ਸੱਤਾਂ ਵਾਰਾਂ ਵਿਚੋਂ ਇਕ ਵਾਰ ਜਿਸ ਦਾ ਨਾਉਂ ਸ਼ਨੀ (ਸਨੈਸ਼ਚਰ) ਗ੍ਰਹਿ ਦੇ ਨਾਂ ਉਤੇ ਰਖਿਆ ਗਿਆ ਹੈ। ਛਨਿਛਰ ਦਾ ਦਿਨ ਆਮ ਤੌਰ ਤੇ ਅਸ਼ੁਭ ਸਮਝਿਆ ਜਾਂਦਾ ਹੈ ਅਤੇ ਇਸ ਦਿਨ ਖ਼ਾਸ ਹਾਲਤਾਂ ਨੂੰ ਛਡ ਕੇ, ਕਦੇ ਕੋਈ ਨਵਾਂ ਕੰਮ ਜਾਂ ਮੰਗਲ ਕਾਰਜ ਨਹੀਂ ਕੀਤਾ ਜਾਂਦਾ। ਜੇ ਛਨਿਛਰ ਨੂੰ ਸੰਗਰਾਂਦ, ਪੂਰਨਮਾਸ਼ੀ ਜਾਂ ਇਕਾਦਸ਼ੀ ਪੈ ਜਾਵੇ ਤਾਂ ਛਨਿਛਰ ਦਾ ਮੰਦਾ ਪ੍ਰਭਾਵ, ਖੀਣ ਹੋ ਜਾਣ ਕਰ ਕੇ, ਇਹ ਵਾਰ ਵੀ ਸ਼ੁਭ ਹੋ ਜਾਂਦਾ ਹੈ।

ਛਨਿਛਰਵਾਰ ਨੂੰ ਨਵਾਂ ਕਪੜਾ ਪਹਿਨਣਾ ਚੰਗਾ ਹੁੰਦਾ ਹੈ—

ਬੁੱਧ-ਛਨਿਛਰ ਕਪੜਾ, ਗਹਿਣਾ ਐਤਵਾਰ।

ਇਸ ਮਨੌਤ ਦਾ ਆਧਾਰ ਇਹ ਜਾਪਦਾ ਹੈ ਕਿ ਛਨਿਛਰ ਗ੍ਰਹਿ ਦੀ ਚਾਲ ਬਾਕੀ ਗ੍ਰਹਿਆਂ ਨਾਲੋਂ ਸੁਸਤ ਤੇ ਧੀਮੀ ਹੈ ਅਤੇ ਇਸ ਦਿਨ ਪਾਇਆ ਗਿਆ ਕਪੜਾ ਕਾਫ਼ੀ ਚਿਰ ਹੰਢਦਾ ਹੈ, ਇਹ ਸਿਧਾਂਤ ਲਾਗਵੇਂ ਟੂਣੇ ਉਤੇ ਅਧਾਰਤ ਹੈ।

(ਛ-32) **ਛੰਨੀਆਂ :**

ਉਸ ਦੀ ਵਹੁਟੀ ਪਾਣੀ ਭਰਨ ਨਹੀਂ ਦੇਂਦੀ । ਫਿਰ ਜੇ ਪਤੀ ਉਸ ਦੀ ਕੋਈ ਮਨੋਕਾਮਨਾ ਪੂਰੀ ਕਰਨ ਦਾ ਵਾਇਦਾ ਕਰਦਾ ਹੈ ਤਾਂ ਉਹ ਪਾਣੀ ਭਰਨ ਦੇਂਦੀ ਹੈ (ਵੇਖੋ : ਘੜੋਲੀ) ।

## (ਛ-33) ਛਪਣ ਛੋਤ :

ਬੱਚਿਆਂ ਦੀ ਇਕ ਖੇਡ; ਲੁੱਕਣ ਮੀਟੀ ਨੂੰ ਪੋਠੋਹਾਰ ਵਿਚ ਛਪਣ ਛੋਤ ਆਖਦੇ ਹਨ (ਵੇਖੋ : ਲੁੱਕਣ ਮੀਟੀ) ।

## (ਛ-34) ਛੱਪੜ :

ਪੰਜਾਬ ਦੇ ਸਭਿਆਚਾਰਕ ਜੀਵਨ ਵਿਚ ਛੱਪੜਾਂ ਤੇ ਟੋਭਿਆਂ ਦਾ ਆਪਣਾ ਨਵੇਕਲਾ ਸਥਾਨ ਹੈ । ਛੱਪੜਾਂ ਵਿਚ ਬਰਸਾਤ ਦਾ ਪਾਣੀ ਇਕੱਠਾ ਹੁੰਦਾ ਹੈ ਅਤੇ ਉਨ੍ਹਾਂ ਵਿਚ ਪਿੰਡ ਦੇ ਲੋਕ ਨਹਾਉਂਦੇ, ਤੀਵੀਆਂ ਕਪੜੇ ਧੋਂਦੀਆਂ ਅਤੇ ਪਸ਼ੂ ਪਾਣੀ ਪੀਂਦੇ ਹਨ । ਹਰੇਕ ਪਿੰਡ ਵਿਚ ਇਕ ਛੱਪੜ ਤਾਂ ਜ਼ਰੂਰ ਹੀ ਹੁੰਦਾ ਹੈ । ਜਿਥੇ ਛੱਪੜ ਜ਼ਿਆਦਾ ਹੋਣ, ਉਥੇ ਪਸ਼ੂਆਂ ਦੇ ਨਹਾਣ ਤੇ ਪਾਣੀ ਪੀਣ ਲਈ ਵਖਰੇ ਛੱਪੜ ਮਿਥੇ ਹੋਏ ਹੁੰਦੇ ਹਨ ।

ਪਿੰਡ ਦੇ ਮੇਲੇ ਆਮ ਤੌਰ ਤੇ ਛੱਪੜਾਂ ਦੁਆਲੇ ਹੀ ਲੱਗਦੇ ਹਨ । ਕਈ ਪਿੰਡਾਂ ਵਿਚ ਜਠੇਰਿਆਂ ਜਾਂ ਸਤੀਆਂ ਦੇ ਸਮਾਰਕ ਛੱਪੜ ਦੇ ਕੰਢੇ ਹੀ ਬਣੇ ਹੁੰਦੇ ਹਨ । ਛੱਪੜਾਂ ਦਾ ਪਿੰਡ ਦੇ ਲੋਕ-ਜੀਵਨ ਵਿਚ ਇਤਨਾ ਭਰਪੂਰ ਹਿੱਸਾ ਹੁੰਦਾ ਹੈ ਕਿ ਪੰਜਾਬ ਦੇ ਅਨੇਕਾਂ ਲੋਕ-ਗੀਤਾਂ, ਅਖਾਣਾਂ ਤੇ ਲੋਕ-ਕਹਾਣੀਆਂ ਵਿਚ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ । ਕਈ ਛੱਪੜਾਂ ਬਾਰੇ ਤਾਂ ਸਥਾਨਕ ਦੰਦ-ਕਥਾਵਾਂ ਵੀ ਮਿਲਦੀਆਂ ਹਨ ।

## (ਛ-35) ਛੱਬਾ :

(ੳ) ਤੀਵੀਆਂ ਦੇ ਸਿਰ ਦਾ ਇਕ ਗਹਿਣਾ, ਜਿਸ ਨੂੰ ਲੂਲ੍ਹ ਵੀ ਕਿਹਾ ਜਾਂਦਾ ਹੈ ।

(ਅ) ਗੁਰਦਵਾਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਉਪਰ, ਜੋ ਚੰਦੋਆ ਤਾਣਿਆ ਜਾਂਦਾ ਹੈ, ਉਸ ਦੇ ਵਿਚਕਾਰ, ਸਜਾਵਟ ਲਈ, ਛੱਬਾ ਲਗਾਇਆ ਜਾਂਦਾ ਹੈ । ਇਹ ਛੱਬਾ ਕਈ ਰੰਗਾਂ ਦਾ ਹੁੰਦਾ ਹੈ ਅਤੇ ਸੋਨੇ ਚਾਂਦੀ ਤੇ ਮੋਤੀਆਂ ਆਦਿ ਦਾ ਬਣਾਇਆ ਜਾਂਦਾ ਹੈ ।

ਪ੍ਰਸਿੱਧ ਲੋਕ ਗੀਤ ਹੈ :

ਛੱਬੀ ਦੀ ਚੁੰਨੀ ਆ ਮੈਂ ਮਲ ਮਲ ਧੋਨੀ ਆਂ ।
ਮਾਹੀ ਗਿਆ ਪਰਦੇਸ ਮੈਂ ਛਮ ਛਮ ਰੋਨੀ ਆਂ ।

## (ਛ-37) ਛਬੀਲ :

(ਅਰਬੀ : ਸਬੀਲ) ਪਿਆਉ : ਮੁਸਲਮਾਨਾਂ ਵਿਚ ਪਿਆਸਿਆਂ ਨੂੰ ਜਲ ਪਿਲਾਣ ਲਈ ਜੋ ਪਿਆਉ ਲਗਾਏ ਜਾਂਦੇ ਹਨ, ਉਨ੍ਹਾਂ ਨੂੰ ਛਬੀਲ ਕਹਿੰਦੇ ਹਨ । ਬਾਅਦ ਵਿਚ ਇਹ ਸ਼ਬਦ ਹਰ ਤਰ੍ਹਾਂ ਦੇ ਪਿਆਉ ਲਈ ਵਰਤਿਆ ਜਾਣ ਲੱਗਾ । ਹਿੰਦੂਆਂ ਵਿਚ ਹਾੜੀ 'ਰਾਸਤੀ' ਤੇ ਸਿੱਖਾਂ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ 'ਤੇ, ਜੋ ਮਿੱਠੇ ਪਾਣੀ ਤੇ ਕੱਚੀ ਲਸੀ ਦੇ ਪਿਆਉ ਲਗਦੇ ਹਨ, ਉਹ ਵੀ ਛਬੀਲ ਅਖਵਾਉਂਦੇ ਹਨ ।

ਹਿੰਦੂਆਂ ਵਿਚ ਜਲ-ਦਾਨ ਦਾ ਬੜਾ ਸੰਕਲਪ ਮੰਨਿਆ ਗਿਆ ਹੈ । ਕਈ ਦਾਨੀ ਲੋਕ, ਕਿਸੇ ਅਜਿਹੇ ਥਾਈਂ, ਜਿਥੇ ਲੋਕਾਂ ਦਾ ਆਮ ਲਾਂਘਾ ਹੋਵੇ, ਪਰ ਜਲ ਦਾ ਕੋਈ ਪ੍ਰਬੰਧ ਨਾ ਹੋਵੇ, ਛਬੀਲਾਂ ਅਥਵਾ ਪਿਆਉ ਲਗਾਂਦੇ ਹਨ । ਧਾਰਨਾ ਹੈ ਕਿ ਅਗਲੇ ਲੋਕ ਵਿਚ ਇਹ ਜਲ ਅੰਮ੍ਰਿਤ ਦੇ ਰੂਪ ਵਿਚ ਮਿਲਦਾ ਹੈ, ਜਿਸ ਨੂੰ ਪੀ ਕੇ ਆਤਮਾ ਤ੍ਰਿਪਤ ਹੋ ਜਾਂਦੀ ਹੈ ।

## (ਛ-38) ਛਬੇਲ ਦਾਸ :

ਇਕ ਸਾਧ, ਜਿਸ ਨੇ ਛਬੇਲ ਪੰਥੀ ਫ਼ਿਰਕੇ ਦੀ ਨੀਂਹ ਰਖੀ । ਇਨ੍ਹਾਂ ਦਾ ਸਥਾਨ ਡੇਰਾ ਗਾਜ਼ੀ ਖਾਨ ਦੀ ਸੰਘਰ ਤਹਿਸੀਲ ਵਿਚ, ਮਾਖੋਵਾਲ ਕਲਾਂ ਵਿਚ ਹੈ । ਇਹ ਜਾਤ ਦਾ ਅਰੋੜਾ ਸੀ ਤੇ ਸ਼ਾਮ ਜੀ ਦਾ ਮੁਰੀਦ ਸੀ ।

## (ਛ-39) ਛਬੇਲ ਪੰਥ :

ਇਹ ਫ਼ਿਰਕਾ ਜਿਸ ਦੇ ਮੋਢੀ ਛਬੇਲ ਦਾਸ ਮੰਨੇ ਜਾਂਦੇ ਹਨ । ਛਬੇਲ ਦਾਸ ਸ਼ਾਮ ਜੀ ਦਾ ਮੁਰੀਦ ਸੀ, ਇਸ ਲਈ ਛਬੇਲ ਪੰਥ ਦੀਆਂ ਬਹੁਤੀਆਂ ਧਰਮ-ਰੀਤੀਆਂ ਸ਼ਾਮ ਜੀ ਦੇ ਮਤ ਵਾਲੀਆਂ ਹਨ । ਦੇਸ਼ ਵੰਡ ਤੋਂ ਪਹਿਲਾਂ ਡੇਹਰਾ ਗਾਜ਼ੀ ਖ਼ਾਨ ਵਿਚ ਕਾਫ਼ੀ ਸਾਰੇ ਛਬੇਲ ਪੰਥੀ ਹਿੰਦੂ ਵਸਦੇ ਸਨ ।

## (ਛ-40) ਛੰਭ :

ਪੰਜਾਬ ਵਿਚ ਅਨੇਕਾਂ ਥਾਈਂ ਅਜਿਹੀਆਂ ਜਿਲ੍ਹਣ

ਦੀ ਸਤਹ ਧਰਤੀ ਦੇ ਉਪਰਲੇ ਤਲ ਤੋਂ ਕਾਫ਼ੀ ਦੂਰ ਹੈ, ਅਤੇ ਖੂਹ ਨਹੀਂ ਹਨ, ਛੰਭ ਦਾ ਪਾਣੀ ਹੀ ਨਿਤ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਕੁਝ ਛੰਭ ਤਾਂ ਕਈ ਕਈ ਮੀਲਾਂ ਵਿਚ ਫੈਲੇ ਹੋਏ ਹਨ। 'ਸਿਆਲਕੋਟ ਗਜ਼ਟੀਅਰ' (ਪੰਨਾ 7) ਅਨੁਸਾਰ ਇਸ ਇਲਾਕੇ ਵਿਚ ਇਕ ਸੌ ਤੋਂ ਵਧੀਕ ਛੰਭ ਹਨ ਅਤੇ ਇਨ੍ਹਾਂ ਵਿਚੋਂ ਸਭ ਤੋਂ ਵੱਡਾ ਤੇ ਮਹੱਤਵਪੂਰਨ ਛੰਭ 'ਸਤਰਾਹ' ਹੈ, ਜੋ ਮੁਗ਼ਲਾਂ ਦੇ ਸਮੇਂ ਤੋਂ ਵੀ ਪਹਿਲਾਂ ਦਾ ਦਸਿਆ ਜਾਂਦਾ ਹੈ ਅਤੇ ਕਈ ਮੀਲਾਂ ਵਿਚ ਫੈਲਿਆ ਹੈ। ਇਸ ਛੰਭ ਬਾਰੇ ਕਈ ਤਰ੍ਹਾਂ ਦੀਆਂ ਦੰਦ-ਕਥਾਵਾਂ ਪ੍ਰਚਲਤ ਹਨ।

(ਛ-41) **ਛੱਮਕ** :

ਸ਼ਾਹਪੁਰ ਦੇ ਇਲਾਕੇ ਵਿਚ ਇਹ ਪ੍ਰਥਾ ਚਲੀ ਆ ਰਹੀ ਹੈ ਕਿ ਖੇਤਾਂ ਵਿਚ ਕੰਮ ਕਰਨ ਵਾਲੇ ਕਾਮੇ ਨੂੰ, ਕੰਮ ਲਗਾਣ ਵੇਲੇ ਕੁਝ ਰਕਮ ਪੇਸ਼ਗੀ ਦਿਤੀ ਜਾਂਦੀ ਹੈ। ਇਹ ਰਕਮ ਉਸ ਦੇ ਹਿਸਾਬ ਵਿਚੋਂ ਉਦੋਂ ਕਟ ਲਈ ਜਾਂਦੀ ਹੈ ਜਾਂ ਵਾਪਸ ਲੈ ਲਈ ਜਾਂਦੀ ਹੈ, ਜਦੋਂ ਉਸ ਨੂੰ ਕੰਮ ਤੋਂ ਛੁੱਟੀ ਮਿਲਦੀ ਹੈ। ਇਸ ਰਕਮ ਨੂੰ ਛੱਮਕ ਕਿਹਾ ਜਾਂਦਾ ਹੈ।

(ਛ-42) **ਛਮਕਣ ਮੌਲੀ** :

ਇਕ ਕੰਡੇਦਾਰ ਵੇਲ, ਜੋ ਜ਼ਮੀਨ ਉਤੇ ਹੀ ਵਿਛੀ ਰਹਿੰਦੀ ਹੈ। ਇਸ ਨੂੰ ਛੋਟੇ ਬੇਰਾਂ ਜਿਤਨਾ ਫਲ ਪੈਂਦਾ ਹੈ। ਕਹਿੰਦੇ ਹਨ ਜੇ ਇਸ ਦੇ ਫਲ ਉਤੇ ਮੰਤਰ ਮਾਰ ਕੇ, ਅਤੇ ਪਾਣੀ ਵਿਚ ਘੋਲ ਕੇ ਪਿਲਾ ਦਿਤਾ ਜਾਵੇ, ਤਾਂ ਪੀਣ ਵਾਲਾ, ਪਿਆਣ ਵਾਲੇ ਦਾ ਹੱਥ-ਬੱਧਾ ਗ਼ੁਲਾਮ ਬਣ ਜਾਂਦਾ ਹੈ ਤੇ ਉਸ ਅਗੇ ਇੰਜ ਵਿਛਿਆ ਰਹਿੰਦਾ ਹੈ ਜਿਵੇਂ ਇਹ ਵੇਲ ਧਰਤੀ ਉਤੇ।

(ਛ-43) **ਛਮਕਾਂ ਖੇਡਣੀਆਂ** :

ਵਿਆਹ ਦੀ ਇਕ ਰੀਤ (ਵੇਖੋ : ਛਟੀਆਂ ਖੇਡਣਾ)।

(ਛ-44) **ਛੱਮਛਰੀ** :

ਜੈਨੀਆਂ ਦਾ ਇਕ ਪ੍ਰਸਿਧ ਤਿਉਹਾਰ, ਜਿਸ ਨੂੰ ਸੰਵਤਸਰੀ ਵੀ ਕਹਿੰਦੇ ਹਨ। ਇਹ ਉਤਸਵ ਭਾਦਰੋਂ ਵਦੀ 12 ਤੋਂ ਭਾਦਰੋਂ ਸੁਦੀ 4 ਤਕ ਰਹਿੰਦਾ ਹੈ ਅਤੇ ਅਖੀਰਲੇ ਦਿਨ ਅਥਵਾ ਭਾਦਰੋਂ ਸੁਦੀ 4 ਨੂੰ ਜੋ ਉਤਸਵ ਮਨਾਂਦੇ

(ਛ-45) **ਛੱਮਾਸ** :

ਇਕ ਖ਼ਾਸ ਪ੍ਰਕਾਰ ਦੀ ਫੁੱਲਕਾਰੀ, ਜਿਸ ਵਿਚ ਧਾਗਿਆਂ ਨਾਲ ਸ਼ੀਸ਼ੇ ਦੇ ਗੋਲ ਟੁਕੜਿਆਂ ਨੂੰ ਕਪੜੇ ਦੇ ਤਣ ਉਤੇ ਜੜ ਦਿਤਾ ਜਾਂਦਾ ਹੈ। ਇਹ ਕਪੜਾ ਲਾਲ, ਸਲੇਟੀ ਜਾਂ ਪੀਲੇ ਰੰਗ ਦੇ ਖੱਦਰ ਦਾ ਹੁੰਦਾ ਹੈ। ਉਸ ਦੇ ਉਪਰ ਰੰਗ ਦੇ ਚੁਕਾਓ ਅਨੁਸਾਰ ਨੀਲੇ, ਪੀਲੇ, ਸਲੇਟੀ ਜਾਂ ਲਾਲ ਰੰਗ ਦੇ ਧਾਗੇ ਨਾਲ ਕਢਾਈ ਕੀਤੀ ਹੁੰਦੀ ਹੈ। ਇਹ ਫੁੱਲਕਾਰੀ ਬੜੀ ਸੁੰਦਰ ਤੇ ਮਨ ਮੋਹਣੀ ਹੁੰਦੀ ਹੈ ਤੇ ਇੰਜ ਜਾਪਦਾ ਹੈ ਤਾਰਿਆਂ ਦੀ ਬਰਾਤ ਆਣ ਲੱਥੀ ਹੋਵੇ। ਇਹ ਫੁੱਲਕਾਰੀ ਪੰਜਾਬ ਦੇ ਦੱਖਣ ਪੂਰਬੀ ਹਿੱਸੇ—ਗੁੜਗਾਵਾਂ, ਹਿਸਾਰ, ਰੋਹਤਕ, ਜਿਸ ਨੂੰ ਅੱਜ ਕਲ੍ਹ 'ਹਰਿਆਣਾ' ਕਿਹਾ ਜਾਂਦਾ ਹੈ, ਬੜੀ ਪ੍ਰਚਲਤ ਹੈ।

(ਛ-46) **ਛਮਾਹਾ ਬੱਚਾ** :

ਕੇਵਲ ਛੇ ਮਹੀਨੇ ਗਰਭ ਵਿਚ ਰਹਿਣ ਪਿਛੋਂ ਜੰਮਿਆ ਬੱਚਾ, ਜੋ ਆਮ ਤੌਰ ਉਤੇ ਬਚਦਾ ਨਹੀਂ। ਜੇ ਬੱਚਾ ਮਰ ਜਾਵੇ ਤਾਂ ਉਸ ਦੀ ਮਾਂ ਨੂੰ ਪਰਛਾਵਾਂ ਹੋ ਜਾਂਦਾ ਹੈ ਅਤੇ ਜਦੋਂ ਤਕ ਉਸ ਮਾਂ ਦਾ ਦੁੱਧ ਸੁੱਕ ਨਹੀਂ ਜਾਂਦਾ, ਉਦੋਂ ਤਕ ਸੁਹਾਗਣਾਂ ਉਸ ਤੋਂ ਬਚ ਕੇ ਰਹਿੰਦੀਆਂ ਹਨ। ਜੇ ਕਿਸੇ ਸੁਹਾਗਣ ਉਤੇ ਉਸ ਦਾ ਪਰਛਾਵਾਂ ਪੈ ਜਾਵੇ ਤਾਂ ਉਸ ਦੀ ਕੁਖ ਮੁਰਝਾ ਜਾਂਦੀ ਹੈ। ਜੇ ਕਿਸੇ ਦੁੱਧ ਚੁੰਘਦੇ ਬੱਚੇ 'ਤੇ ਨਜ਼ਰ ਪੈ ਜਾਵੇ ਤਾਂ ਬੱਚਾ ਸੁਕ ਜਾਂਦਾ ਹੈ। ਜੇ ਕਿਸੇ ਮਾਂ 'ਤੇ ਪੈ ਜਾਵੇ ਤਾਂ ਉਸ ਦਾ ਦੁੱਧ ਸੁਕ ਜਾਂਦਾ ਹੈ (ਵੇਖੋ : ਪਰਛਾਵਾਂ)।

(ਛ-47) **ਛਮਾਹੀ** :

ਮੁਸਲਮਾਨਾਂ ਵਿਚ ਇਕ ਰਸਮ, ਜੋ ਕਿਸੇ ਪ੍ਰਾਣੀ ਦੇ ਮਰਨ ਤੋਂ ਛੇ ਮਹੀਨੇ ਪਿਛੋਂ, ਕੀਤੀ ਜਾਂਦੀ ਹੈ। ਛਮਾਹੀ ਵਿਚ ਮੁੱਲਾ, ਫ਼ਕੀਰਾਂ ਤੇ ਗ਼ਰੀਬਾਂ ਨੂੰ ਰੋਟੀ ਖਵਾਈ ਜਾਂਦੀ ਤੇ ਦਾਨ ਕੀਤਾ ਜਾਂਦਾ ਹੈ।

(ਛ-48) **ਛੱਲਾ** :

(ੳ) ਉਂਗਲ ਵਿਚ ਪਾਉਣ ਵਾਲੀ ਮੁੰਦਰੀ; ਇਹ ਦੋ ਸੂਤ ਚੌੜੇ ਪਤਰੇ ਦਾ ਬਣਿਆ ਹੁੰਦਾ ਹੈ। ਇਸ ਵਿਚ ਸਜਾਵਟ ਲਈ ਕੋਈ ਬੇਵਾ, ਨੱਗ ਜਾਂ ਮੋਤੀ ਨਹੀਂ ਜੜਿਆ ਹੁੰਦਾ। ਛੱਲਾ ਆਮ ਤੌਰ ਉਤੇ ਚੀਚੀ ਦੇ ਨਾਲ ਵਾਲੀ

ਤੇ ਅੰਗ-ਸਹੇਲੀਆਂ ਨੂੰ ਦਿੰਦਾ ਤੇ ਟਿਚਕਰਾ ਕਰਦਾ ਹੈ। ਜੇ ਉਹ ਛੱਲੇ ਨਾ ਲਿਆਵੇ ਜਾਂ ਘਟ ਜਾਣ ਤਾਂ ਕੁੜੀਆਂ ਸਿਠਣੀਆਂ ਦੇਂਦੀਆਂ ਹਨ।

ਜੇ ਛੱਲਾ ਝੂੰਧ ਨਹੀਂ ਲਿਆਂਦਾ
ਮਾਂ ਨੇ ਗਹਿਣੇ ਧਰ ਜਾ ਵੇ,
ਭੈਣ ਨੂੰ ਗਹਿਣੇ ਧਰ ਜਾ ਵੇ।

(ਅ) **ਛੱਲਾ ਕਾਵਿ :** ਛੱਲਿਆਂ ਨਾਲ ਸੰਬੰਧਿਤ ਬਹੁਤ ਸਾਰੇ ਲੋਕ-ਗੀਤ ਮਿਲਦੇ ਹਨ।

ਲੋਕ-ਗੀਤਾਂ ਦਾ ਇਕ ਰੂਪ, ਜਿਸ ਵਿਚ ਛੱਲਾ ਪ੍ਰਧਾਨ ਹੁੰਦਾ ਹੈ। ਛੱਲਾ ਪੰਜਾਬੀ ਲੋਕ-ਗੀਤਾਂ ਵਿਚ ਇਸ਼ਕ ਤੇ ਮੁਹੱਬਤ ਦਾ ਪ੍ਰਤੀਕ ਹੈ ਅਤੇ 'ਛੱਲੇ' ਨਾਲ ਪੰਜਾਬਣਾਂ ਦੇ ਅਨੇਕਾਂ ਭਾਵ, ਸੱਧਰਾਂ ਤੇ ਯਾਦਾਂ ਜੁੜੀਆਂ ਹੁੰਦੀਆਂ ਹਨ। ਗਹਿਣਿਆਂ ਨਾਲ ਪੰਜਾਬਣਾਂ ਦੀ ਬਹੁਤ ਹਿਰਸ ਹੈ। ਛੱਲਾ ਹਲਕਾ-ਜਿਹਾ ਗਹਿਣਾ ਹੈ, ਜੋ ਉਂਗਲ ਵਿਚ ਸਜਾਇਆ ਜਾਂਦਾ ਹੈ।

ਛੱਲਾ ਮੇਰਾ ਕਿਸ ਘੜਿਆ,
ਉਂਗਲ ਕਰੇਂਦੀ ਡਾਢੀ ਪੀੜ ਵੇ
ਏਸ ਛੱਲੇ ਦੀਆਂ ਧੁੰਮਾਂ ਪਈਆਂ,
ਕਾਬਲ ਤੇ ਕਸ਼ਮੀਰ ਵੇ
ਏਸ ਛੱਲੇ ਦੇ ਆਏ ਵਪਾਰੀ,
ਮੁੱਲ ਕਰੇਂਦੀ ਹੀਰ ਵੇ।
ਏਸ ਛੱਲੇ ਦੀ ਯਾਦ ਜੇ ਆਵੇ,
ਵਿੰਨ੍ਹ ਦਏ ਜਿਉਂ ਤੀਰ ਵੇ
ਖ਼ਬਰ ਤੇਰੀ ਸੁਣ ਆਵਾਂ ਕਿਉਂ ਨਾ,
ਝਲ-ਝਨਾਵਾਂ ਚੀਰ ਵੇ
ਛੱਲਾ ਮੇਰਾ ਕਿਸ ਘੜਿਆ,
ਮੇਰੀ ਉਂਗਲ ਕਰੇਂਦੀ ਪੀੜ ਵੇ।

'ਛੱਲਾ' ਦਾ ਹੇਠਲਾ ਗੀਤ ਬਹੁਤ ਪ੍ਰਸਿਧ ਹੈ। ਇਸ ਦੀ ਅਸਥਾਈ ਨਾਲ, ਇਸੇ ਬਹਿਰ ਵਿਚ, ਨਵੇਂ ਅੰਤਰੇ ਰਚ ਕੇ, ਜੋੜ ਲਏ ਜਾਂਦੇ ਹਨ :

ਵੱਸ ਨਹੀਂ ਉ ਮੇਰੇ
ਕਾਹਨੂੰ ਪਾਨੈਂ ਫੇਰੇ
ਵਸ ਮੇਰੀ ਮਾਂ ਦੇ
ਘਲੇ ਗੀ ਤਾਂ ਜਾਂ ਗੇ
ਸਾਬਾ ਮੇਰੇ ਛਲਿਆ
ਦਾਣਾ ਪਾਣੀ ਹਲਿਆ।
ਵਸ ਮੇਰੀ ਮਾਂ ਦੇ
ਘਲੇ ਗੀ ਤਾਂ ਜਾਂ ਗੇ। ਸਾਬਾ ...
ਛੱਲਾ ਚਿੱਟੀ ਚਾਂਦੀ
ਸੌਂਕਣ ਪੈ ਗਈ ਮਾਂਦੀ
ਜੁੱਤੀ ਪੱਛਣ ਜਾਂਦੀ
ਵਸ ਨਹੀਂ ਉ ਮੇਰੇ
ਕਾਹਨੂੰ ਪਾਨੈਂ ਫੇਰੇ ....

## (ਛ-49) ਛੱਲਾ ਬਵਾਸੀਰ

ਇਕ ਖ਼ਾਸ ਤਰ੍ਹਾਂ ਦਾ ਛੱਲਾ, ਜਿਸ ਨੂੰ ਉਂਗਲ ਵਿਚ ਪਹਿਨਣ ਨਾਲ ਬਵਾਸੀਰ ਦਾ ਰੋਗ ਦੂਰ ਹੋ ਜਾਂਦਾ ਮੰਨਿਆ ਜਾਂਦਾ ਹੈ। ਇਹ ਛੱਲਾ, ਪਹਿਲਾ ਪਹਿਲ, ਕਿਸੇ ਕਰਣੀ ਵਾਲੇ ਸੰਤ ਮਹਾਤਮਾ ਨੇ, ਮੰਤਰ ਕੇ, ਕਿਸੇ ਰੋਗੀ ਨੂੰ ਪਹਿਨਣ ਲਈ ਦਿਤਾ ਤੇ ਉਸ ਦਾ ਰੋਗ ਦੂਰ ਹੋ ਗਿਆ। ਉਸ ਛੱਲੇ ਦੇ ਕੁਝ ਅੰਸ਼ ਲੈ ਕੇ ਨਵੇਂ ਛੱਲੇ ਬਣਾ ਲਏ ਗਏ ਹਨ। ਲਾਗਵੇਂ ਟੂਣੇ ਦੇ ਸਿਧਾਂਤ ਅਨੁਸਾਰ ਕਿਸੇ ਛੱਲੇ ਵਿਚ ਵੀ ਮੂਲ ਛੱਲੇ ਦੀ ਲਾਗ ਅੰਸ਼-ਮਾਤਰ ਹੋਵੇਗੀ, ਉਸ ਵਿਚ ਰੋਗ ਦੂਰ ਕਰਨ ਦੀ ਸ਼ਕਤੀ ਸਮਾਈ ਰਹੇਗੀ।

## (ਛ-50) ਛਲਾਵਾ :

ਭੂਤ ਪ੍ਰੇਤ ਜੋ ਕਈ ਰੂਪ ਧਾਰ ਕੇ ਲੋਕਾਂ ਨਾਲ ਛੱਲ ਖੇਡਦਾ ਹੈ (ਵੇਖੋ : ਛਲੇਡਾ)।

## (ਛ-51) ਛੱਲੀ

ਤੀਵੀਆਂ ਦਾ ਇਕ ਗਹਿਣਾ, ਜੋ ਛੱਲੀ ਦੀ ਸ਼ਕਲ ਦਾ ਹੁੰਦਾ ਹੈ।

ਮੱਕੀ ਦੀ ਛੱਲੀ ਬਾਰੇ, ਹੇਠਲੀ ਪਹੇਲੀ, ਲੋਕਾਂ ਵਿਚ ਬੜੀ ਪ੍ਰਚਲਤ ਹੈ, ਇਸ ਵਿਚ ਇਕ ਪੰਜਾਬਣ ਦੀ ਸੁੰਦਰਤਾ ਤੇ ਸੰਪੀ ਦਾ ਮਿੱਸਾ ਵਰਨਣ ਹੈ

ਹਰੀ ਸੀ ਮਨ ਭਰੀ ਸੀ
ਨਾਲ ਮੋਤੀਆਂ ਜੜੀ ਸੀ
ਲਾਲਾ ਜੀ ਦੇ ਬਾਗ ਵਿਚ
ਦੁਸਾਲਾ ਲੈ ਕੇ ਖੜੀ ਸੀ।

## (ਛ-52) ਛਲੇਡਾ :

ਇਕ ਕਲਪਿਤ ਪ੍ਰੇਤ ਜੋ ਅੱਖ ਪਲਕਾਰੇ ਵਿਚ ...

ਹੈ। ਜਦੋਂ ਮੁਸਾਫ਼ਰ ਰੁਪਿਆ ਚੁਕ ਕੇ ਜੇਬ ਵਿਚ ਪਾ ਲੈਂਦਾ ਹੈ, ਤਾਂ ਛਲੇਡਾ ਮੈਲੇ ਦਾ ਰੂਪ ਧਾਰਨ ਕਰ ਲੈਂਦਾ ਹੈ। ਮੁਸਾਫ਼ਰ ਆਪਣੇ ਜੇਬੇ ਵਿਚ, ਰੁਪਏ ਦੀ ਥਾਂ ਮੈਲਾ ਵੇਖ ਕੇ, ਬੜੀ ਸ਼ਰਮ ਮਹਿਸੂਸ ਕਰਦਾ ਹੈ। ਕਦੇ ਇਹ ਘੋੜਾ, ਊਠ, ਬਕਰਾ, ਭੇਡ ਜਾਂ ਕੁੱਕੜ ਆਦਿ ਬਣ ਕੇ, ਕਿਸੇ ਰਾਹੀ ਦੇ ਅਗੇ ਪਿਛੇ ਤੁਰਨ ਲਗਦਾ ਹੈ। ਰਾਹੀ ਉਸ ਨੂੰ ਪਕੜਨ ਦੀ ਕੋਸ਼ਿਸ਼ ਕਰਦਾ ਹੈ; ਪਰ ਉਹ ਪਕੜਾਈ ਨਹੀਂ ਦੇਂਦਾ। ਕਦੇ ਕਦੇ ਜਾਣ ਬੁਝ ਕੇ ਉਹ ਰਾਹੀ ਦੇ ਇਤਨੇ ਨੇੜੇ ਹੋ ਜਾਂਦਾ ਹੈ ਕਿ ਰਾਹੀ ਸਮਝਦਾ ਹੈ ਕਿ ਹੁਣ ਉਹ ਹਥੋਂ ਨਹੀਂ ਨਿਕਲ ਸਕਦਾ ਤੇ ਤੇਜ਼ੀ ਨਾਲ ਪਿਛੇ ਪਿਛੇ ਦੌੜਦਾ ਹੈ। ਇਸ ਤਰ੍ਹਾਂ ਇਹ ਰਾਹੀਆਂ ਨੂੰ ਥਕਾ-ਹਫਾ ਕੇ ਨਿਤਾਣਾ ਕਰ ਦੇਂਦਾ ਹੈ। ਕਦੇ ਮੁਟਿਆਰ ਦਾ ਰੂਪ ਧਾਰ ਕੇ, ਰਾਹੀਆਂ ਦੇ ਮਨ ਨੂੰ ਭਰਮਾਂਦਾ ਅਤੇ ਉਨ੍ਹਾਂ ਵਿਚ ਕਾਮ ਦੀ ਰੁਚੀ ਉਤੇਜਿਤ ਕਰਦਾ ਹੈ। ਜੇ ਅਜਿਹੀ ਤੀਵੀਂ ਨਾਲ ਕੋਈ ਕਾਮ-ਲੋਚਾ ਪੂਰੀ ਕਰਨ ਵਿਚ ਸਫਲ ਹੋ ਜਾਵੇ ਤਾਂ ਉਹ ਨਪੁੰਸਕ ਹੋ ਜਾਂਦਾ ਹੈ ਜਾਂ ਫਿਰ ਕਿਸੇ ਅਸਾਧ ਰੋਗ ਦਾ ਸ਼ਿਕਾਰ ਹੋ ਕੇ ਛੇਤੀ ਮਰ ਜਾਂਦਾ ਹੈ।

ਛਲੇਡਾ ਕੌਣ ਹੁੰਦਾ ਹੈ? ਇਸ ਬਾਰੇ ਵੀ ਕਈ ਮਤ ਲੋਕਾਂ ਵਿਚ ਪ੍ਰਚਲਤ ਹਨ। ਇਕ ਧਾਰਨਾ ਅਨੁਸਾਰ ਜਿਹੜੇ ਫਨੀਅਰ ਸੱਪ ਨੇ ਆਪਣੀ ਹਯਾਤੀ ਵਿਚ ਕਦੇ ਕਿਸੇ ਨੂੰ, ਡਸਿਆ ਨਹੀਂ ਹੁੰਦਾ ਉਹ ਸੌ ਸਾਲ ਦੀ ਉਮਰ ਭੋਗ ਕੇ 'ਛਲੇਡਾ' ਬਣ ਜਾਂਦਾ ਹੈ। ਇਕ ਹੋਰ ਧਾਰਨਾ ਅਨੁਸਾਰ ਜਿਹੜਾ ਜਿੰਨ ਭੂਤ, ਸੌ ਸਾਲ ਤਕ ਕਿਸੇ ਪ੍ਰਾਣੀ ਨੂੰ ਦੁਖ ਤਕਲੀਫ਼ ਨਹੀਂ ਦੇਂਦਾ, ਉਹ ਛਲੇਡਾ ਬਣ ਕੇ ਬਾਕੀ ਜ਼ਿੰਦਗੀ ਅਨੰਦ ਲੈਂਦਾ ਹੈ।

**(ਛ-53) ਛਲੌਟੀ ਉਤਾਰਨਾ :**

ਸਿਰ ਦੀ ਚਾਦਰ ਜਾਂ ਚੌਂਣਟੀ ਸਿਰੋਂ ਉਤਾਰਨ ਦੀ ਇਕ ਰੀਤ। ਸਿਰ ਦੀ ਚਾਦਰ ਸੁਹਾਗ ਦੀ ਪ੍ਰਤੀਕ ਹੈ। ਜਦੋਂ ਹਿੰਦੂਆਂ ਵਿਚ ਕੋਈ ਤੀਵੀਂ ਵਿਧਵਾ ਹੋ ਜਾਂਦੀ ਹੈ ਤਾਂ ਉਹ ਕਿਸੇ ਤੀਰਥ ਉਤੇ ਜਾ ਕੇ ਸਿਰ ਦੀ ਚਾਦਰ ਦਾਨ ਕਰਦੀ ਹੈ। ਕਈ ਹਿੰਦੂ ਇਹ ਰੀਤ ਪਹੋਏ ਤੀਰਥ 'ਤੇ ਜਾ ਕੇ ਕਰਦੇ ਹਨ।

**(ਛ-54) ਛੜੱਪਾ :**

ਬੱਚਿਆਂ ਦੀ ਇਕ ਖੇਡ, ਜਿਸ ਨੂੰ ਅੱਡੀ-ਛੜੱਪਾ ਵੀ ਕਹਿੰਦੇ ਹਨ। ਇਸ ਖੇਡ ਵਿਚ ਸ਼ਰਤ ਇਹ ਹੈ ਕਿ ਦਾਈ

**(ਛ-55) ਛੜਾ :**

ਛੜੇ ਲੋਕ-ਜੀਵਨ ਦਾ ਅੰਗ ਹਨ। ਇਹ ਲੰਘਦੇ ਜਾਂਦੇ ਕੁੜੀਆਂ ਚਿੜੀਆਂ ਨਾਲ ਟਕੌਰ ਕਰ ਜਾਂਦੇ ਹਨ। ਪੰਜਾਬ ਵਿਚ ਅਨੇਕਾਂ ਬੋਲੀਆਂ ਦਾ ਪ੍ਰਧਾਨ ਪਾਤਰ ਛੜਾ ਹੈ। ਇਨ੍ਹਾਂ ਬੋਲੀਆਂ ਵਿਚ ਛੜਿਆਂ ਦੇ ਰੁੱਖੇ ਤੇ ਰਸਹੀਨ ਜੀਵਨ 'ਤੇ ਟਕੋਰਾਂ ਕੀਤੀਆਂ ਮਿਲਦੀਆਂ ਹਨ :

ਚੁਲ੍ਹੇ ਅੱਗ ਨਾ ਘੜੇ ਵਿਚ ਪਾਣੀ
ਛੜਿਆਂ ਨੂੰ ਵਖਤ ਪਿਆ।
ਕੋਈ ਭਰਦੀ ਪੀਹਣ ਨਾ ਜਾਵੇ,
ਛੜਿਆਂ ਦੇ ਦੋ ਚੱਕੀਆਂ।
ਛਿੱਟ ਦੇ ਗਈ ਝਾਂਜਰਾਂ ਵਾਲੀ,
ਛੜਿਆਂ ਦਾ ਦੁੱਧ ਉਬਲੇ।

ਕੁਝ ਬੋਲੀਆਂ ਵਿਚ ਛੜਿਆਂ ਪ੍ਰਤੀ ਸਹਾਨੁਭੂਤੀ ਵੀ ਹੈ

ਐਵੇਂ ਭਰਮ ਰੰਨਾਂ ਨੂੰ ਮਾਰੇ ਹਲਕੇ ਨਾ ਛੜੇ ਫਿਰਦੇ।

**(ਛ-56) ਛੜੀ :**

ਗੁੱਗੇ ਪੀਰ ਦਾ ਝੰਡਾ ਜੋ ਬਾਂਸ ਦੁਆਲੇ ਮੋਰ-ਪੰਖ, ਨਰੇਲਾਂ, ਕੌਡੀਆਂ ਤੇ ਟਾਕੀਆਂ ਆਦਿ ਜੋੜ ਕੇ ਬਣਾਇਆ ਜਾਂਦਾ ਹੈ। ਗੁੱਗੇ ਦੇ ਭਗਤ ਇਸ ਨੂੰ ਆਦਰ ਨਾਲ 'ਗੁੱਗੇ ਦੀ ਛੜੀ' ਕਹਿੰਦੇ ਹਨ (ਵੇਖੋ : ਗੁੱਗੇ ਦੀ ਛੜੀ)।

ਕੁਲੂ ਦੇ ਲੋਕ ਮਨਮਹੇਸ਼ ਦਿਓਤੇ ਦੀ ਧੂਜਾ ਨੂੰ ਵੀ 'ਛੜੀ' ਆਖਦੇ ਹਨ। ਮਨਮਹੇਸ਼ ਯਾਤਰਾ ਸਮੇਂ ਯਾਤਰੀ ਇਸੇ ਧੂਜਾ ਦੇ ਪਿਛੇ ਪਿਛੇ ਤੁਰਦੇ ਹਨ। ਅਮਰਨਾਥ ਦੀ ਯਾਤਰਾ ਸਮੇਂ ਵੀ, ਸਭ ਤੋਂ ਅੱਗੇ ਛੜੀ ਧੂਜਾ ਵਜੋਂ ਛੜੀ ਹੁੰਦੀ ਹੈ।

**(ਛ-57) ਛਾਉਂ ਛੁਡਾਵਣੀ :**

ਸਰਦੀਆਂ ਦੇ ਦਿਨਾਂ ਵਿਚ, ਜਦੋਂ ਕੋਈ ਬੱਚਾ ਕਿਸੇ ਦੂਜੇ ਬੱਚੇ ਦੇ ਅਗੇ ਖੜਾ ਹੋ ਕੇ ਉਸ ਦੀ ਧੁੱਪ ਰੋਕ ਲਏ ਤਾਂ ਉਹ ਬੱਚਾ ਛਾਉਂ ਉਤੇ ਹੱਥ ਮਾਰ ਕੇ ਛਾਉਂ ਰੋਕਣ ਵਾਲੇ ਬੱਚੇ ਨੂੰ ਕਹਿੰਦਾ ਹੈ :

ਛਾਉਂ ਛਾਉਂ ਲੱਤੀ, ਮਾਂ ਪਿਉ ਕੋਹਤੀ।

ਜੇ ਬੱਚਾ ਫਿਰ ਵੀ ਧੁੱਪ ਰੋਕ ਕੇ ਖੜਾ ਰਹੇ ਤਾਂ ਇਕ ਹੋਰ ਟੱਪਾ ਬੋਲਿਆ ਜਾਂਦਾ ਹੈ :

ਅਧੀ ਛਾਉਂ ਵੱਢਾਂਗੇ
ਵੱਢ ਕੜਾਹੇ ਪਾਵਾਂਗੇ,

**(ਛ-58) ਛਾਇਆ :**

(ੳ) ਪਹਿਲਾਂ ਸੰਸਾਰ ਵਿਚ ਛਾਉਂ ਨਹੀਂ ਸੀ ਹੁੰਦੀ ਅਤੇ ਸੂਰਜ ਦੀ ਰੌਸ਼ਨੀ ਸਭ ਥਾਂਈਂ ਇਕ ਰਸ ਪੈਂਦੀ ਸੀ। ਸੂਰਜ ਦੀ ਪਤਨੀ, ਸੰਜਨਾ ਤੋਂ, ਜਦੋਂ ਸੂਰਜ ਦਾ ਤੇਜ ਸਹਾਰਿਆ ਨਾ ਗਿਆ ਤਾਂ ਉਸ ਨੇ ਕਠਨ ਤਪਸਿਆ ਕਰਕੇ ਆਪਣੇ ਆਤਮਕ ਬਲ ਨਾਲ, ਆਪਣੇ ਵਰਗਾ ਹੀ ਇਕ ਸਰੀਰ, ਜੋ ਮੂਲ ਵਿਚ ਉਸ ਦੀ ਛਾਇਆ ਸੀ, ਹੋਂਦ ਵਿਚ ਲਿਆਂਦਾ ਤੇ ਇਸ ਨੂੰ ਸੂਰਜ ਕੋਲ ਛੱਡ ਆਪ ਉਥੋਂ ਚਲੀ ਗਈ। ਸੂਰਜ ਇਸੇ ਛਾਇਆ ਨੂੰ ਹੀ ਆਪਣੀ ਪਤਨੀ ਸਮਝ ਕੇ, ਉਸ ਨਾਲ ਵਸਦਾ ਰਿਹਾ। ਪਿਛੋਂ ਜਦੋਂ ਸੂਰਜ ਉਤੇ ਇਹ ਭੇਦ ਖੁਲ੍ਹਿਆ ਕਿ ਜਿਸ ਔਰਤ ਨੂੰ ਉਹ ਆਪਣੀ ਪਤਨੀ ਸਮਝਦਾ ਰਿਹਾ ਸੀ, ਉਹ ਉਸ ਦੀ ਪਤਨੀ ਦੀ ਛਾਇਆ ਸੀ ਤਾਂ ਉਹ ਬੜਾ ਸ਼ਰਮਸਾਰ ਹੋਇਆ। ਉਸ ਨੇ ਆਪਣੀ ਤੇਜ ਸ਼ਕਤੀ ਦੁਆਰਾ ਛਾਇਆ ਦਾ ਰੰਗ ਬਦਲ ਕੇ ਸਫ਼ੈਦ ਤੋਂ ਕਾਲਾ ਕਰ ਦਿਤਾ ਤਾਂ ਜੋ ਅਸਲ ਤੇ ਨਕਲ ਵਿਚ ਫ਼ਰਕ ਪ੍ਰਤੱਖ ਰਹੇ।

ਪੁਰਾਣਾਂ ਅਨੁਸਾਰ ਸੰਜਨਾ ਦੀ ਇਕ ਦਾਸੀ; ਸੂਰਜ ਦੀ ਪਤਨੀ ਸੰਜਨਾ ਤੋਂ ਜਦੋਂ ਸੂਰਜ ਦਾ ਤੇਜ ਸਹਾਰਿਆ ਨਾ ਗਿਆ ਤਾਂ ਉਹ ਆਪਣੀ ਦਾਸੀ ਛਾਇਆ ਨੂੰ ਆਪਣਾ ਰੂਪ ਤੇ ਨੁਹਾਰ ਦੇ ਕੇ ਖ਼ੁਦ ਘੋੜੀ ਦਾ ਸਰੀਰ ਧਾਰ ਕੇ, ਵਣ ਵਿਚ ਜਾ ਰਹੀ। ਸੂਰਜ ਛਾਇਆ ਨੂੰ ਹੀ ਆਪਣੀ ਪਤਨੀ ਸਮਝਦਾ ਰਿਹਾ ਤੇ ਉਸ ਤੋਂ ਉਸ ਨੇ ਤਿੰਨ ਬੱਚੇ ਪੈਦਾ ਕੀਤੇ—ਦੋ ਲੜਕੇ ਸ਼ਨੀ ਤੇ ਮਨੂ ਸਾਵਰਣੀ ਅਤੇ ਇਕ ਧੀ ਤ੍ਰਿਪਤੀ। ਇਹ ਕਥਾ ਮਹਾਂਭਾਰਤ ਵਿਚ ਵਿਸਥਾਰ ਨਾਲ ਮਿਲਦੀ ਹੈ। ਇਕ ਹੋਰ ਕਥਾ ਅਨੁਸਾਰ 'ਛਾਇਆ' ਵਿਸ਼ਵਕਰਮਾ ਦੀ ਧੀ ਤੇ ਸੰਜਨਾ ਦੀ ਛੋਟੀ ਭੈਣ ਸੀ।

(ਅ) ਕਿਸੇ ਚੰਦਰੀ ਰੂਹ ਅਥਵਾ ਭੂਤ ਪ੍ਰੇਤ ਦਾ ਆਵੇਸ਼; ਪਕੜ। ਨਿਸਚਾ ਹੈ ਕਿ ਕਿਸੇ ਅਜਿਹੀ ਥਾਉਂ ਤੋਂ ਜਿਥੇ ਭੂਤ-ਪ੍ਰੇਤ ਦਾ ਵਾਸਾ ਹੋਵੇ, ਹਨੇਰੇ ਸਵੇਰੇ ਲੰਘਣ, ਪਿਸ਼ਾਬ ਕਰਨ, ਜਾਂ ਖਲਿਲ ਪਾਉਣ ਨਾਲ, ਉਥੇ ਵਸਦਾ ਪ੍ਰੇਤ ਕਰੋਧ ਵਿਚ ਆ ਕੇ, ਬਦਲੇ ਦੀ ਭਾਵਨਾ ਨਾਲ, ਉਸ ਸ਼ਖ਼ਸ ਦੀ ਦੇਹ ਵਿਚ ਦਾਖ਼ਿਲ ਹੋ ਜਾਂਦਾ ਹੈ। ਇਸ ਨੂੰ 'ਛਾਇਆ' ਜਾਂ ਪਕੜ ਕਹਿੰਦੇ ਹਨ।

ਇਕ ਵਿਚਾਰ ਇਹ ਵੀ ਹੈ ਕਿ ਭੂਤ ਪ੍ਰੇਤ ਸਰੀਰ ਤੋਂ ਰਹਿਤ ਹੋਣ ਕਰ ਕੇ, ਸੰਸਾਰ ਨੂੰ ਭੋਗ ਨਹੀਂ ਸਕਦੇ ਅਤੇ ਆਪਣੀਆਂ ਅਪੂਰਵ ਖ਼ਵਾਹਿਸ਼ਾਂ ਤੇ ਕਾਮਨਾਵਾਂ ਨੂੰ ਭੋਗਣ ਸਰੀਰਕ ਤੇ ਮਾਨਸਿਕ ਤੌਰ ਤੇ ਕਾਬੂ ਨਹੀਂ ਰਹਿੰਦਾ।

ਇਕ ਹੋਰ ਨਿਸਚੇ ਅਨੁਸਾਰ ਭੂਤ ਪ੍ਰੇਤ ਦਾ ਪਰਛਾਵਾਂ ਪੈ ਜਾਣ ਨਾਲ ਵੀ ਪਕੜ ਹੋ ਜਾਂਦੀ ਹੈ।

ਛਾਇਆ ਵਾਲਾ ਪ੍ਰਾਣੀ ਬੜੀਆਂ ਅਜੀਬ ਅਜੀਬ ਤੇ ਅਬੋਧ ਗੱਲਾਂ ਕਰਦਾ ਹੈ। ਜਾਗਰੂਪ ਵਿਚ ਅਚੇਤ ਜਿਹਾ ਹੋ ਕੇ, ਇੰਜ ਬੁੜਬੁੜਾਂਦਾ ਤੇ ਵਾ-ਵੇਲੀਆਂ ਕਰਦਾ ਹੈ, ਜਿਵੇਂ ਸੁੱਤੇ ਪਿਆਂ ਕੋਈ ਸੁਪਨਾ ਵੇਖ ਰਿਹਾ ਹੋਵੇ। ਉਸਨੂੰ ਪੂਰੀ ਸੁਧ ਬੁਧ ਨਹੀਂ ਰਹਿੰਦੀ ਤੇ ਕਈ ਵਾਰ ਬੇਹੋਸ਼ ਹੋ ਕੇ ਡਿਗ ਪੈਂਦਾ ਹੈ।

ਸਰੀਰ ਵਿਚ ਛਾਇਆ ਦੂਰ ਕਰਨ ਵਾਲੇ ਨੂੰ 'ਸਿਆਣੇ', 'ਓਝੇ', ਤੇ 'ਚੇਲੇ' ਕਿਹਾ ਜਾਂਦਾ ਹੈ ਤੇ ਛਾਇਆ ਦਾ ਅਸਰ ਖ਼ਤਮ ਕਰਨ ਦੀ ਕਿਰਿਆ ਨੂੰ 'ਛਾਇਆ ਉਤਾਰਨਾ'।

ਜਦੋਂ ਕਿਸੇ ਤੀਵੀਂ ਦਾ ਗਰਭਪਾਤ ਹੋ ਜਾਵੇ ਜਾਂ ਦੁੱਧ ਚੁੰਘਦੇ ਬੱਚੇ ਦੀ ਮੌਤ ਹੋ ਜਾਵੇ, ਤਾਂ ਉਸ ਤੀਵੀਂ ਦੀ ਛਾਇਆ ਵੀ, ਛੋਟੇ ਬੱਚਿਆਂ ਤੇ ਸੁਹਾਗਣਾਂ ਲਈ ਚੰਗੀ ਨਹੀਂ ਸਮਝੀ ਜਾਂਦੀ। ਜੇ ਇਹ ਛਾਇਆ ਬੱਚਿਆਂ ਉਤੇ ਪੈ ਜਾਵੇ ਤਾਂ ਉਹ ਸੁਕ ਜਾਂਦੇ ਹਨ। ਜੇ ਸੁਹਾਗਣਾਂ ਉਤੇ ਪੈ ਜਾਵੇ ਤਾਂ ਅਗੋਂ ਉਨ੍ਹਾਂ ਦੇ ਬੱਚੇ ਜਮਤੋਲ ਤੇ ਸੁਕੇ ਹੋਏ ਜੰਮਦੇ ਹਨ, ਹਮੇਸ਼ਾ ਰੋਗੀ ਰਹਿੰਦੇ ਤੇ ਤੋੜ ਨਹੀਂ ਚੜ੍ਹਦੇ। ਦੁੱਧ ਵਾਲੀ ਤੀਵੀਂ ਦਾ ਪਰਛਾਵਾਂ ਉਦੋਂ ਤਕ ਨੁਕਸਾਨ ਪਹੁੰਚਾਂਦਾ ਹੈ, ਜਦੋਂ ਤਕ ਉਸ ਦਾ ਦੁੱਧ ਨਹੀਂ ਸੁਕਦਾ।

ਪਛੜੇ ਵਰਗ ਵਿਚ ਜੇ ਕਿਸੇ ਨੂੰ ਕੋਈ ਅਜਿਹਾ ਮਾਨਸਿਕ ਰੋਗ ਲਗ ਜਾਵੇ, ਜਿਸ ਦੀ ਸਮਝ ਕਿਸੇ ਵੈਦ-ਹਕੀਮ ਨੂੰ ਨਹੀਂ ਪੈਂਦੀ ਤੇ ਇਲਾਜ ਪਿਛੋਂ ਵੀ ਰੋਗੀ ਨਰੋਆ ਨਹੀਂ ਹੁੰਦਾ ਤਾਂ ਲੋਕੀਂ ਸਮਝਣ ਲਗ ਪੈਂਦੇ ਹਨ ਕਿ ਇਸ ਨੂੰ ਛਾਇਆ ਜਾਂ ਪਕੜ ਹੋ ਗਈ ਹੈ।

**(ਛ-59) ਛਾਇਆ ਉਤਾਰਨੀ :**

ਕਿਸੇ ਸ਼ਖ਼ਸ ਨੂੰ ਚੰਦਰੀ ਰੂਹ ਅਥਵਾ ਭੂਤ ਪ੍ਰੇਤ ਦੇ ਪਰਛਾਵੇਂ ਜਾਂ ਅਸਰ ਤੋਂ ਮੁਕਤ ਕਰਨਾ। ਇਹ ਕੰਮ ਜੋਗੀ, ਚੇਲੇ, ਸਿਆਣੇ ਅਥਵਾ ਓਝੇ ਕਰਦੇ ਹਨ। ਇਹ ਲੋਕ ਝਾੜ-ਫੂਕ ਤੇ ਕਰਮ ਕਾਂਡ-ਦੁਆਰਾ ਰੋਗੀ ਨੂੰ ਪ੍ਰੇਤ ਦੇ ਸਰੀਰ ਵਿਚੋਂ ਬਾਹਰ ਕਢਦੇ ਹਨ। ਪਹਿਲਾਂ ਕਿਸੇ ਥਾਂ ਨੂੰ ਝਾੜ ਪੂੰਜ ਕੇ ਧੂਣੀ ਰਮਾਈ ਜਾਂਦੀ ਹੈ। ਧੂਪ ਤੇ ਕਈ ਹੋਰ ਸੁਗੰਧੀਆਂ ਧੁਖਾਈਆਂ ਜਾਂਦੀਆਂ ਹਨ ਤੇ ਫਿਰ ਚੇਲਾ ਰੋਗੀ ਨੂੰ ਆਪਣੇ ਸਾਹਮਣੇ ਬਿਠਾ ਕੇ ਮੰਤਰਾਂ ਤੇ ਗੁਪਤ ਸਾਧਨਾ

ਤੋਂ ਬੜੇ ਡਰਦੇ ਹਨ ਅਤੇ ਪਕੜ ਵਾਲੇ ਰੋਗੀ ਨੂੰ, ਜੋ ਤਸੀਹੇ ਦਿਤੇ ਜਾਂਦੇ ਹਨ, ਉਨ੍ਹਾਂ ਸਭਨਾਂ ਦੀ ਪੀੜ ਰੋਗੀ ਦੀ ਥਾਂ ਉਸ ਵਿਚ ਵਸਦੇ ਪ੍ਰੇਤ ਨੂੰ ਭੋਗਣੀ ਪੈਂਦੀ ਹੈ। ਰੋਗੀ ਤਾਂ ਕੇਵਲ ਇਕ ਮਾਧਿਅਮ ਹੈ ਤੇ ਉਸ ਦਾ ਵਾਲ ਤਕ ਵਿੰਗਾ ਨਹੀਂ ਹੁੰਦਾ। ਮਾਰ ਤੋਂ ਡਰਦਾ ਪ੍ਰੇਤ, ਰੋਗੀ ਦਾ ਸਰੀਰ ਛਡ ਕੇ ਨੱਸ ਜਾਂਦਾ ਹੈ। ਰੋਗੀ ਦਾ ਸਰੀਰ ਛੱਡਣ ਲਗਿਆਂ ਪ੍ਰੇਤ ਆਪਣੇ ਜਾਣ ਦਾ ਪਤਾ, ਉਥੇ ਪਈਆਂ ਚੀਜ਼ਾਂ ਵਿਚੋਂ ਕੋਈ ਇਕ ਚੀਜ਼ ਭੰਨ ਕੇ ਜਾਂ ਦਰ ਖਟਖਟਾ ਕੇ ਦੇ ਜਾਂਦਾ ਹੈ।

ਚੇਲੇ ਪ੍ਰੇਤ ਨੂੰ ਡਰਾਣ ਲਈ ਰੋਗੀਆਂ ਨੂੰ ਜੁੱਤੀਆਂ ਮਾਰਦੇ, ਲੋਹੇ ਦੀਆਂ ਸਲਾਖ਼ਾਂ ਅੱਗ ਵਿਚ ਗਰਮ ਕਰ ਕੇ, ਰੋਗੀ ਦੇ ਜਿਸਮ ਨਾਲ ਲਗਾਂਦੇ ਤੇ ਉਸ ਦੀਆਂ ਨਾਸਾਂ ਵਿਚ ਧੂੰ ਦੇਂਦੇ ਹਨ। ਕਈ ਵਾਰ ਰੋਗੀ ਇਹ ਤਸੀਹੇ ਜਰ ਨਹੀਂ ਸਕਦਾ ਤੇ ਸਵਾਸ ਤਿਆਗ ਦੇਂਦਾ ਹੈ।

## (ਛ-60) ਛਾਇਆ ਸ਼ਾਸਤ੍ਰੀ .

ਉਹ ਜੋਤਸ਼ੀ ਜੋ ਕਿਸੇ ਦੇ ਪਰਛਾਵੇਂ ਦੀ ਲੰਮਾਈ-ਚੁੜਾਈ ਤੋਂ ਉਸ ਦੇ ਭਵਿਖਤ ਬਾਰੇ ਅਨੁਮਾਨ ਲਗਾਂਦਾ ਹੈ। ਪੰਜਾਬ ਵਿਚ ਕਈ ਪਾਂਧੇ ਅਜਿਹੇ ਮਿਲਦੇ ਹਨ ਜੋ ਕਿਸੇ ਸ਼ਖ਼ਸ ਨੂੰ ਦਿਨ ਦੇ ਕਿਸੇ ਖ਼ਾਸ ਵੇਲੇ ਧੁਪ ਵਿਚ ਖੜਾ ਕਰ ਕੇ, ਉਸ ਦੇ ਪਰਛਾਵੇਂ ਨੂੰ ਜਾਂਚਦੇ ਤੇ ਉਸ ਤੋਂ ਭਵਿਖਬਾਣੀ ਕਰਦੇ ਹਨ। ਛਾਇਆ ਸ਼ਾਸਤ੍ਰੀ ਜ਼ਿਆਦਾਤਰ ਸਰਦੀਆਂ ਵਿਚ ਪਰਛਾਵੇਂ ਜਾਂਚਦੇ ਹਨ।

## (ਛ-61) ਛਾਇਆ ਦਾਨ :

ਹਿੰਦੂਆਂ ਵਿਚ ਇਕ ਖ਼ਾਸ ਤਰ੍ਹਾਂ ਦਾ ਦਾਨ, ਜਿਸ ਦਾ ਬੜਾ ਮਹੱਤਵ ਹੈ। ਇਸ ਦਾਨ ਨੂੰ ਕਰਨ ਦੀ ਵਿਧੀ ਇਹ ਹੈ : ਕਾਂਸ਼ੀ ਦੇ ਕਟੋਰੇ ਵਿਚ ਸਰ੍ਹੋਂ ਦਾ ਤੇਲ/ਗਊ ਕਾ ਘਿਉ ਪਾ ਕੇ ਉਸ ਵਿਚ ਦਾਨ ਕਰਨ ਵਾਲਾ ਆਪਣੀ ਛਾਇਆ ਵੇਖਦਾ ਹੈ ਤੇ ਫਿਰ ਜੋ ਵਸਤੂ ਸੋਨਾ ਚਾਂਦੀ, ਰੁਪਏ ਆਦਿ ਉਸ ਦਾਨ ਕਰਨੇ ਹੁੰਦੇ ਹਨ, ਉਹ ਇਸ ਛੰਨੇ ਵਿਚ ਸੁਟ ਦੇਂਦਾ ਹੈ। ਜੇ ਸਾਮਗਰੀ ਧਾਤ ਤੋਂ ਇਲਾਵਾ ਅੰਨ, ਕਪੜੇ ਆਦਿ ਹੋਣ ਤਾਂ ਚਿੰਨ੍ਹ ਵਜੋਂ ਥੋੜੇ ਜਿਹੇ ਅੰਨ ਦੇ ਦਾਣੇ ਜਾਂ ਵਸਤਰਾਂ ਦੀ ਕੋਈ ਕਾਤਰ, ਕੋਈ ਭਾਂਡਾ ਉਸ ਵਿਚ ਸੁਟ ਦਿਤਾ ਜਾਂਦਾ ਹੈ। ਪਿਛੋਂ ਇਹ ਸਭ ਵਸਤੂਆਂ ਬ੍ਰਾਹਮਣਾਂ/ਭਾਟੜਿਆਂ ਨੂੰ ਦਾਨ ਕਰ ਦਿਤੀਆਂ ਜਾਂਦੀਆਂ ਹਨ। ਇਸ ਦਾਨ ਨਾਲ ਸਨਿਚਰ ਤੇ ਹੋਰ ਗ੍ਰਹਿਆਂ ਦੀ ਗਲੀਆਂ ਵਿਚ ਚੱਕਰ ਕਟਦੇ ਫਿਰਦੇ ਹਨ। ਲੋਕੀ ਤੇਲ ਵਿਚ ਆਪਣੀ ਛਾਇਆ ਵੇਖ ਕੇ ਭਾਂਡੇ ਵਿਚ ਤਾਂਬੇ ਦਾ ਪੈਸਾ/ਸਿੱਕਾ ਪਾ ਦੇਂਦੇ ਹਨ। ਇਸ ਤਰ੍ਹਾਂ ਸਨਿਚਰ ਦੀ 'ਖੋਟੀ ਦਸ਼ਾ' ਦੂਰ ਹੋ ਜਾਂਦੀ ਮੰਨੀ ਗਈ ਹੈ। ਇਸ ਨੂੰ ਛਾਇਆ-ਦਾਨ ਜਾਂ ਗ੍ਰਹਿ ਉਤਾਰਨਾ ਕਹਿੰਦੇ ਹਨ।

ਸੂਰਜ ਤੇ ਚੰਨ-ਗ੍ਰਹਿਣ ਵੇਲੇ, ਛਾਇਆ ਦਾਨ ਕਰਨ ਨਾਲ ਗ੍ਰਹਿਣ ਦੇ ਮੰਦੇ ਪ੍ਰਭਾਵ ਤੋਂ ਕਾਇਆ ਤੇ ਕਿਸਮਤ ਦੀ ਰੱਖਿਆ ਰਹਿੰਦੀ ਹੈ।

## (ਛ-62) ਛਾਇਆ ਪਾਤਰ :

ਕਈ ਹਿੰਦੂ ਘਰਾਂ ਵਿਚ, ਡਿਉਢੀ ਦੇ ਆਲੇ ਵਿਚ ਲੋਹੇ/ਕਹਿੰ ਦਾ ਭਾਂਡਾ ਧਰਿਆ ਹੁੰਦਾ ਹੈ, ਜਿਸ ਵਿਚ ਉਹ ਕਿਸੇ ਦਿਨ ਦਿਹਾਰ, ਸ਼ਨਿਚਰਵਾਰ ਜਾਂ ਸੰਕਟ ਦੇ ਮੌਕੇ 'ਤੇ, ਸਰ੍ਹੋਂ ਦਾ ਤੇਲ ਜਾਂ ਘਿਓ ਪਾ ਕੇ ਆਪਣਾ ਮੂੰਹ ਵੇਖਦੇ ਹਨ, ਤੇ ਇਸ ਤੇਲ/ਘਿਓ ਨੂੰ ਮਗਰੋਂ ਭਾਟੜਿਆਂ/ਫ਼ਕੀਰਾਂ ਨੂੰ ਦਾਨ ਕਰ ਦੇਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਸੌਂਤ ਉਤਰ ਜਾਂਦੀ ਅਥਵਾ ਸੰਕਟ ਦੂਰ ਹੋ ਜਾਂਦਾ ਹੈ। ਇਸ ਭਾਂਡੇ ਨੂੰ 'ਛਾਇਆ ਪਾਤਰ', ਕਿਹਾ ਜਾਂਦਾ ਹੈ।

## (ਛ-63) ਛਾਇਆ ਪੁਰਸ਼ :

ਆਪਣਾ ਸਰੂਪ ਆਕਾਸ਼ ਮੰਡਲ ਵਿਚ ਵੇਖਣਾ। ਯੋਗਪ੍ਰਦੀਪਕਾ ਅਨੁਸਾਰ ਜੇ ਕੋਈ ਸ਼ਿਵ ਭਗਤ ਆਪਣੇ ਪਰਛਾਵੇਂ ਨੂੰ ਧਰਤੀ ਉਤੇ ਇਕਾਗਰ ਮਨ ਨਾਲ ਇਕ ਟਕ ਵੇਖੇ ਤਾਂ ਫਿਰ ਜਦੋਂ ਉਹ ਆਕਾਸ਼ ਮੰਡਲ ਵਲ ਤੱਕੇਗਾ ਤਾਂ ਉਸ ਨੂੰ ਸਭ ਪਾਸੇ ਆਪਣਾ ਸਰੂਪ ਤੇ ਨੁਹਾਰ ਨਜ਼ਰ ਪਏਗੀ। ਇਸ ਸਰੂਪ ਨੂੰ 'ਛਾਇਆ-ਪੁਰਸ਼' ਕਿਹਾ ਜਾਂਦਾ ਹੈ।

ਧਾਰਨਾ ਹੈ ਕਿ ਜੇ ਕਿਸੇ ਸ਼ਖ਼ਸ ਨੂੰ, ਆਪਣੇ ਛਾਇਆ-ਪੁਰਸ਼ ਦਾ ਸਰੂਪ ਪੂਰਨ ਨਾ ਵਿਖਾਈ ਦੇਵੇ ਤਾਂ ਅਸ਼ੁਭ ਹੁੰਦਾ ਹੈ। ਜੇ ਉਂਕਾ ਨਾ ਵਿਖਾਈ ਦੇਵੇ ਤਾਂ ਉਸ ਪ੍ਰਾਣੀ ਦੀ ਛੇ ਮਹੀਨਿਆਂ ਦੇ ਅੰਦਰ ਮੌਤ ਹੋ ਜਾਂਦੀ ਹੈ, ਜੇ ਪੈਰ ਨਾ ਵਿਖਾਈ ਦੇਣ ਤਾਂ ਇਸਤ੍ਰੀ ਦੀ ਅਤੇ ਜੇ ਹੱਥ ਵਿਖਾਈ ਨਾ ਦੇਣ ਤਾਂ ਭਰਾ ਦੀ ਮੌਤ ਹੁੰਦੀ ਹੈ। ਜੇ ਨੁਹਾਰ ਧੁੰਦਲੀ ਦਿਸੇ ਤਾਂ ਪ੍ਰਾਣੀ ਨੂੰ ਕਈ ਰੋਗ ਗ੍ਰਸ ਲੈਂਦੇ ਹਨ।

## (ਛ-64) ਛਾਈ :

ਚਿਹਰੇ ਤੇ ਪਏ ਕਾਲੇ ਰੰਗ ਦੇ ਦਾਗ਼; ਛਾਈ ਦੇ ਦਾਗ਼

ਤੀਵੀਂ ਆਪਣਾ ਬਿੰਬ ਚੰਦਰਮੇ ਦੇ ਬਿੰਬ ਨਾਲ ਰਲਾ ਕੇ ਵੇਖਦੀ ਹੈ ਤੇ ਨਾਲ ਹੀ ਇਹ ਮੰਤਰ ਤਿੰਨ ਵਾਰ ਉਚਾਰਦੀ ਹੈ :

ਬੱਘਿਆ ਪੰਖੇਰੂਆ, ਤੂੰ ਆਇਓਂ ਸਾਡੀ ਜੂਹ,
ਮੇਰੀ ਛਾਈ ਤੇਰੇ ਮੂੰਹ।

ਹਰ ਵਾਰ ਉਹ ਤੀਵੀਂ ਮੂੰਹ ਉੱਤੇ ਹੱਥ ਫੇਰਦੀ ਹੋਈ ਉਪਰ ਚੰਨ ਵਲ ਹੱਥ ਉਲਾਰਦੀ ਹੈ। ਇਸ ਤਰ੍ਹਾਂ ਛਾਈ ਨਹੀਂ ਰਹਿੰਦੀ।

**(ਛ-65) ਛਾਹ ਵੇਲਾ :**

ਸੂਰਜ ਚੜ੍ਹਨ ਤੋਂ ਡੇਢ-ਦੋ ਘੰਟੇ ਬਾਅਦ ਦਾ ਸਮਾਂ ਜਦੋਂ ਖੇਤਾਂ ਵਿਚ ਹਲ ਵਾਹੁਣ ਤੇ ਹੋਰ ਕੰਮ ਕਰਨ ਵਾਲੇ ਸਵੇਰ ਦਾ ਨਾਸ਼ਤਾ ਕਰਦੇ ਹਨ। ਪਹਿਲਿਆਂ ਵਿਚ ਇਸ ਵੇਲੇ ਰੋਟੀ ਹਮੇਸ਼ਾ ਲੱਸੀ ਨਾਲ ਖਾਧੀ ਜਾਂਦੀ ਸੀ, ਇਸ ਲਈ ਇਸ ਦਾ ਨਾਂ 'ਛਾਹ ਵੇਲਾ' ਪੈ ਗਿਆ। ਹਾਲੀਆਂ ਤੇ ਕਾਮਿਆਂ ਨੂੰ ਛਾਹ ਵੇਲਾ, ਉਨ੍ਹਾਂ ਦੀਆਂ ਤੀਵੀਆਂ ਜਾਂ ਬੱਚੇ ਖੇਤਾਂ ਵਿਚ ਪਹੁੰਚਾ ਕੇ ਆਉਂਦੇ ਹਨ। ਜਿਹੜੇ ਜੀਅ ਘਰ ਹੀ ਹੁੰਦੇ ਹਨ, ਉਹ ਘਰ ਵਿਚ ਹੀ ਲੱਸੀ ਦੇ ਛੰਨੇ ਨਾਲ, ਰਾਤ ਦੀ ਬੇਹੀ ਰੋਟੀ ਖਾ ਕੇ ਨਾਸ਼ਤਾ ਕਰ ਲੈਂਦੇ ਹਨ। ਹੁਣ ਪਿੰਡਾਂ ਵਿਚ ਸਵੇਰੇ ਲੱਸੀ ਪੀਣ ਦਾ ਰਵਾਜ ਘਟ ਰਿਹਾ ਹੈ। ਲੱਸੀ ਦੀ ਥਾਂ ਚਾਹ ਨੇ ਲੈ ਲਈ ਹੈ।

**(ਛ-66) ਛਾਂਗਾ :**

ਉਹ ਬੱਚਾ ਜਿਸ ਦੇ ਪੰਜੇ ਵਿਚ ਛੇ ਉਂਗਲਾਂ ਹੋਣ। ਅਜਿਹਾ ਬੱਚਾ ਆਪਣੇ ਆਪ ਉੱਤੇ ਭਾਰਾ ਹੁੰਦਾ ਹੈ ਜਾਂ ਫਿਰ ਮਾਂ ਪਿਓ ਵਿਚੋਂ ਕਿਸੇ ਇਕ 'ਤੇ। ਅਜਿਹਾ ਬੱਚਾ ਜੇ ਫਲ ਜਾਵੇ ਤਾਂ ਬੜਾ ਖ਼ੁਸ਼ਕਿਸਮਤ ਰਹਿੰਦਾ ਹੈ। ਲਛਮੀ ਉਸ ਦੇ ਦਰ ਅਗੇ ਬਹੁਕਰ ਦੇਂਦੀ ਹੈ ਅਤੇ ਘਰ ਵਿਚ ਦੁੱਧ-ਘਿਉ ਦੀਆਂ ਨਦੀਆਂ ਵਗਦੀਆਂ ਰਹਿੰਦੀਆਂ ਹਨ।

**(ਛ-67) ਛਾਛ-ਕਾਮਨੀ :**

ਸੀਤਲਾ ਦੇਵੀ ਦੀ ਇਕ ਉਪਾਧੀ; ਵਿਸ਼ਵਾਸ਼ ਹੈ ਕਿ ਸੀਤਲਾ ਦੇਵੀ ਖੱਟੀ ਲੱਸੀ ਨਾਲ ਖ਼ਾਸ ਹਿਤ ਰਖਦੀ ਹੈ ਕਿਉਂ ਜੋ ਚੇਚਕ ਦੇ ਦਾਣਿਆਂ ਵਿਚੋਂ ਜੋ ਮੁਵਾਦ ਨਿਕਲਦਾ ਹੈ ਉਹ ਖੱਟੀ ਲੱਸੀ ਦੇ ਰੰਗ ਦਾ ਹੁੰਦਾ ਹੈ। ਇਸੇ ਲਈ ਮੰਗਲ ਭਾਸ਼ਾ ਵਿਚ ਸੀਤਲਾ ਦੇਵੀ ਨੂੰ ਛਾਛ-ਕਾਮਨੀ ਕਿਹਾ

ਘਰ ਦੇ ਮੁੱਖ ਦਰਵਾਜ਼ੇ ਅਗੇ ਰੱਸੀ ਨਾਲ ਬੰਨ੍ਹ ਕੇ ਲਟਕਾ ਦਿਤਾ ਜਾਂਦਾ ਹੈ। ਜੰਞ ਢੁੱਕਣ ਮਗਰੋਂ ਜਦੋਂ ਦੂਲ੍ਹਾ ਸਹੁਰਿਆਂ ਦੇ ਘਰ ਦਾਖ਼ਲ ਹੋਣ ਲਗਦਾ ਹੈ ਤਾਂ ਉਹ ਆਪਣੀ ਤਲਵਾਰ ਦੀ ਨੋਕ ਨਾਲ ਇਸ ਛਾਣਨੀ ਨੂੰ ਉਤਾਰਦਾ ਹੈ। ਉਤਾਰਦਿਆਂ ਜੇ ਦੀਵਾ ਜਗਦਾ ਰਹੇ ਤਾਂ ਸ਼ੁਭ, ਜੇ ਬੁਝ ਜਾਵੇ ਤਾਂ ਅਸ਼ੁਭ ਸ਼ਗਨ ਹੈ। ਇਹ ਸ਼ਗਨ ਦੂਲ੍ਹੇ ਦੀ ਪ੍ਰੀਖਿਆ ਲਈ ਕੀਤਾ ਜਾਂਦਾ ਹੈ ਤਾਂ ਜੋ ਵੇਖਿਆ ਜਾਵੇ ਕਿ ਉਹ ਚੰਗਾ ਨਿਸ਼ਾਨੇ-ਮਾਰ ਹੈ ਜਾਂ ਨਹੀਂ।

**(ਛ-69) ਛਾਣਨੀ ਭਰਨਾ :**

ਵਿਆਹ ਸਮੇਂ ਦੂਲ੍ਹਨ ਦੇ ਭਰਾ ਤੇ ਭਰਜਾਈ ਵਲੋਂ ਕੀਤੀ ਇਕ ਰੀਤ; ਜੇ ਭਰਾ ਭਰਜਾਈ ਨਾ ਹੋਣ ਤਾਂ ਇਸੇ ਰੁਤਬੇ ਦਾ ਕੋਈ ਹੋਰ ਰਿਸ਼ਤੇਦਾਰ ਇਹ ਰੀਤ ਪੂਰੀ ਕਰਦਾ ਹੈ। ਪਿੰਡ ਤੋਂ ਬਾਹਰ ਜਿਥੇ ਜੰਞ ਉਤਰੀ ਹੁੰਦੀ ਹੈ, ਉਥੇ ਦੂਲ੍ਹਨ ਦਾ ਭਰਾ ਤੇ ਭਰਜਾਈ ਕੁਝ ਹੋਰ ਤੀਵੀਆਂ ਨਾਲ ਜਾਂਦੇ ਹਨ। ਫਿਰ ਉਹ ਨੇੜੇ ਦੇ ਕਿਸੇ ਖੂਹ 'ਤੇ ਜਾਂਦੇ ਹਨ। ਭਰਾ ਖੂਹ ਵਿਚੋਂ ਪਾਣੀ ਭਰਦਾ ਹੈ ਤੇ ਭਰਜਾਈ ਭਾਂਡਾ ਉਪਰ ਆਉਣ ਤੋਂ ਪਹਿਲਾਂ ਹੀ ਲੱਜ ਨੂੰ ਹਿਲਾ ਕੇ ਪਾਣੀ ਡੋਲ੍ਹ ਦੇਂਦੀ ਹੈ।

**(ਛ-70) ਛਾਤੀਆਂ :**

ਜੇ ਇਹ ਜਾਣਨਾ ਹੋਵੇ ਕਿ ਗਰਭਵਤੀ ਦੀ ਕੁਖ ਵਿਚ ਮੁੰਡਾ ਹੈ ਜਾਂ ਕੁੜੀ ਤਾਂ ਗਰਭ ਦੇ ਦਿਨੀਂ ਉਸ ਦੀਆਂ ਦੋਹਾਂ ਛਾਤੀਆਂ ਨੂੰ ਨਪੀੜ ਕੇ ਦੁੱਧ ਦੀ ਧਾਰ ਕੱਢੀ ਜਾਵੇ, ਜੇ ਸੱਜੀ ਵਿਚੋਂ ਦੁੱਧ ਦੀ ਬੂੰਦ ਸਿੰਮੇ ਤਾਂ ਮੁੰਡਾ ਜੇ ਖੱਬੀ ਵਿਚੋਂ ਸਿੰਮੇ ਤਾਂ ਕੁੜੀ।

ਛਾਤੀਆਂ ਪੰਜਾਬੀ ਸਭਿਆਚਾਰ ਵਿਚ ਮਮਤਾ ਦਾ ਪ੍ਰਤੀਕ ਹਨ, ਵਾਸ਼ਨਾ ਦਾ ਨਹੀਂ।

**(ਛ-71) ਛਾਤੀ 'ਤੇ ਬੋਝ :**

ਸੁੱਤਿਆਂ ਇੰਜ ਮਹਿਸੂਸ ਕਰਨਾ ਕਿ ਕੋਈ ਉਹਦੀ ਛਾਤੀ ਉੱਤੇ ਬੈਠਾ ਹੈ। ਨਿਸਚਾ ਹੈ ਕਿ ਪ੍ਰੇਤ ਸੁੱਤੇ ਪਏ ਦੀ ਛਾਤੀ ਉੱਤੇ ਚੜ੍ਹ ਬੈਠਦੇ ਹਨ ਤੇ ਉਸ ਨੂੰ ਕਈ ਤਰ੍ਹਾਂ ਦੇ ਕਸ਼ਟ ਦੇਂਦੇ ਹਨ। ਸੁੱਤਾ ਪਿਆ ਬੰਦਾ ਚਿਚਲਾਣ ਲਗ ਪੈਂਦਾ ਹੈ। ਜੇ ਗਲ ਵਿਚ ਲੋਹੇ ਦੀ ਕੋਈ ਚੀਜ਼ ਹੋਵੇ ਤਾਂ ਪ੍ਰੇਤ ਰੂਹ ਨੇੜੇ ਨਹੀਂ ਢੁਕਦੀ। ਕਈ ਲੋਕ ਉਪਾਅ ਵਜੋਂ,

ਮਰਦਊਪੁਣੇ ਦੀ ਨਿਸ਼ਾਨੀ ਹਨ ਤੇ ਛਾਤੀ ਹੌਂਸਲੇ ਦੀ। ਇਸ ਲਈ ਛਾਤੀ ਉਤੇ ਵਾਲ ਦਰਿਆਮਗੀ ਦਾ ਚਿੰਨ੍ਹ ਬਣ ਗਏ ਹਨ।

(ਛ-72) **ਛਾਪ** :

ਉਂਗਲ ਵਿਚ ਪਹਿਨਣ ਵਾਲਾ ਇਕ ਗਹਿਣਾ; ਉਹ ਮੁੰਦਰੀ ਜਿਸ ਦੇ ਥੇਵੇ 'ਤੇ ਕਿਸੇ ਦੇਵੀ-ਦਿਉਤੇ ਦੀ ਮੂਰਤੀ, ਚਿੰਨ੍ਹ, ਅੱਖਰ, ਓਮ ਅਤੇ ਓਂਕਾਰ ਦੀ ਛਾਪ ਲੱਗੀ ਹੋਵੇ, ਭਾਵ ਉਕਰਿਆ ਹੋਵੇ।

(ਛ-73) **ਛਾਪੇ** :

(ੳ) ਪਹਿਲਿਆਂ ਵਿਚ ਸ਼ਿਵ, ਵਿਸ਼ਨੂੰ ਤੇ ਬ੍ਰਹਮਾ ਦੇ ਕਈ ਉਪਾਸ਼ਕ, ਆਪੋ ਆਪਣੇ ਦੇਵਤਿਆਂ ਦੇ ਚਿੰਨ੍ਹਾਂ ਨੂੰ, ਕਿਸੇ ਧਾਤ ਦੀ ਚਕਲੀ ਉਤੇ ਉਕਰ ਕੇ ਤੇ ਅੱਗ ਵਿਚ ਤਪਾ ਕੇ, ਆਪਣੇ ਸਰੀਰ ਉਤੇ ਲਗਾਂਦੇ ਸਨ ਤਾਂ ਜੋ ਉਹ ਚਿੰਨ੍ਹ ਸਦੀਵੀ ਤੌਰ ਉਤੇ ਉਨ੍ਹਾਂ ਦੇ ਸਰੀਰ ਉਤੇ ਉਕਰੇ ਜਾਣ ਅਤੇ ਉਨ੍ਹਾਂ ਤੇ ਦੇਵਤੇ ਦੀ ਬਖਸ਼ਿਸ਼ ਰਹੇ। ਇਨ੍ਹਾਂ ਚਿੰਨ੍ਹਾਂ ਨੂੰ 'ਛਾਪੇ' ਕਹਿੰਦੇ ਹਨ। ਆਮ ਤੌਰ ਤੇ ਸੰਖ, ਚੱਕਰ ਜਾਂ ਸਵਾਸਤਿਕ ਆਦਿ ਦੀਆਂ ਸ਼ੁਭ ਵਸਤੂਆਂ ਦੇ ਛਾਪੇ ਲਗਾਏ ਜਾਂਦੇ ਹਨ।

(ਅ) ਵਿਆਹ ਵਿਚ ਸਰਘੀ ਦੀ ਰਾਤ ਨੂੰ ਦੁਲ੍ਹਨ ਤੇ ਦੁਲ੍ਹਾ ਦੇ ਹੱਥਾਂ ਨੂੰ ਰਸਮੀ ਢੰਗ ਨਾਲ ਮਹਿੰਦੀ ਲਗਾਈ ਜਾਂਦੀ ਹੈ ਤੇ ਫਿਰ ਪੂਰਬ ਦਿਸ਼ਾ ਵਲ ਮੂੰਹ ਕਰਕੇ, ਉਸ ਨੂੰ ਇਕ ਪੀੜ੍ਹੀ ਉਤੇ ਬਿਠਾ ਕੇ, ਪਿਛੇ ਕੰਧ ਉਤੇ ਹੱਥ ਦਾ ਛਾਪਾ ਲਗਵਾਇਆ ਜਾਂਦਾ ਹੈ। ਇਸ ਛਾਪੇ (ਥਾਪੇ) ਸਦਕਾ ਚੰਦਰੀਆਂ ਰੂਹਾਂ ਵਿਘਨ ਨਹੀਂ ਪਾਉਂਦੀਆਂ।

(ੲ) ਹੋਲੀ ਦੇ ਦਿਨਾਂ ਵਿਚ ਬੱਚੇ ਸ਼ਲਗਮ/ਆਲੂ ਉਤੇ ਫੁੱਲ ਦਾ ਚਿੰਨ੍ਹ ਉਕਰ ਕੇ, ਉਸ ਉਤੇ ਰੰਗ ਲਗਾ ਕੇ, ਲੋਕਾਂ ਦੇ ਕਪੜਿਆਂ ਉਤੇ ਛਾਪੇ ਲਗਾਂਦੇ ਫਿਰਦੇ ਹਨ।

(ਛ-74) **ਛਿਹਰਟਾ** :

ਜ਼ਿਲਾ ਅੰਮ੍ਰਿਤਸਰ ਦਾ ਇਕ ਨਗਰ, ਜੋ ਗੁਰੂ ਅਰਜਨ ਦੇਵ ਜੀ ਨੇ 1597 ਈ. ਵਿਚ ਵਸਾਇਆ। ਇਹ ਅੰਮ੍ਰਿਤਸਰ ਤੋਂ ਪੱਛਮ ਵਲ ਛੇ ਕੁ ਮੀਲਾਂ ਉਤੇ ਸਥਿਤ ਹੈ। ਗੁਰੂ ਅਰਜਨ ਦੇਵ ਜੀ ਨੇ ਇਥੇ ਇਕ ਖੂਹ ਲਗਵਾਇਆ ਸੀ, ਜਿਸ ਤੇ ਛੇ ਹਰਟ ਚਲ ਸਕਦੇ ਸਨ। ਸੋ, ਇਸ ਥਾਉਂ ਦਾ ਨਾਂ ਛਿਹਰਟਾ ਪੈ ਗਿਆ ਤੇ ਪਿਛੋਂ ਇਸ ਦੇ ਆਲੇ ਦੁਆਲੇ, ਜੋ ਕਸਬਾ ਵਸਿਆ, ਉਹ ਵੀ ਇਸੇ ਨਾਉਂ

ਮਾਘ ਸੁਦੀ ਪੰਚਮੀ ਨੂੰ ਇਕ ਵੱਡਾ ਮੇਲਾ ਭਰਦਾ ਹੈ, ਜਿਸ ਵਿਚ ਆਸ ਪਾਸ ਦੇ ਇਲਾਕੇ ਤੋਂ ਸੰਗਤਾਂ ਹੁੰਮ ਹੁਮਾ ਕੇ ਆਉਂਦੀਆਂ ਹਨ।

(ਛ-75) **ਛਿੱਕ** :

ਛਿੱਕਾਂ ਬਾਰੇ ਕਈ ਤਰ੍ਹਾਂ ਦੇ ਵਿਸ਼ਵਾਸ, ਭਰਮ ਵਹਿਮ ਅਤੇ ਸ਼ੁਭ ਅਸ਼ੁਭ ਫਲ ਲੋਕਾਂ ਵਿਚ ਪ੍ਰਚਲਤ ਹਨ (ਵੇਖੋ : ਨਿੱਛ)।

(ਛ-76) **ਛਿੰਗ (ਛਿੰਘ) ਤਵੀਤ** :

ਇਕ ਤਵੀਤ ਜੋ ਛਿੰਗ ਨੂੰ ਕੜਛੀ ਨਾਲ ਬੰਨ੍ਹ ਕੇ, ਗਲ ਵਿਚ ਲਟਕਾਇਆ ਜਾਂਦਾ ਹੈ। ਛਿੰਗ ਪਿੱਤਲ/ਤਾਂਬੇ ਦੀ ਨਿਕੀ ਜਿਹੀ ਕਾਤਰ ਹੁੰਦੀ ਹੈ, ਜਿਸ ਨਾਲ ਦੰਦ ਖੁਰਚੇ ਜਾਂਦੇ ਹਨ, ਅਤੇ ਕੜਛੀ ਨਾਲ ਕੰਨਾਂ ਵਿਚੋਂ ਮੈਲ ਕਢੀ ਜਾਂਦੀ ਹੈ। ਇਨ੍ਹਾਂ ਦੋਹਾਂ ਨੂੰ ਧਾਗੇ ਵਿਚ ਪਰੋ ਕੇ ਗਲ ਵਿਚ ਪਹਿਨਣ ਨਾਲ ਭੂਤ ਪ੍ਰੇਤ ਨੇੜੇ ਨਹੀਂ ਢੁੱਕਦਾ। ਪੁਆਧ ਵਿਚ ਇਸ ਤਵੀਤ ਦੀ ਵਰਤੋਂ ਆਮ ਹੈ।

(ਛ-77) **ਛਿੱਛਲੀ ਤਾਰਨੀ** :

ਬੱਚਿਆਂ ਦੀ ਇਕ ਖੇਡ। ਘੜੇ ਦੀ ਪਤਲੀ ਠੀਕਰ ਜਾਂ ਚੱਪਰ ਨੂੰ ਕਿਸੇ ਛੱਪੜ ਟੋਭੇ ਜਾਂ ਨਦੀ-ਨਾਲੇ ਦੇ ਜਲ ਉਪਰ ਅਜਿਹੀ ਕਲਾ ਵਿਧੀ ਨਾਲ ਸੁਟਿਆ ਜਾਂਦਾ ਹੈ ਕਿ ਉਹ ਪਾਣੀ ਉਤੇ ਚਲਦੀ ਹੋਈ ਪਾਰਲੇ ਕੰਢੇ ਜਾ ਪਹੁੰਚਦੀ ਹੈ।

(ਛ-78) **ਛਿੰਜ** :

ਪਹਿਲਵਾਨਾਂ ਦੇ ਘੋਲ; ਪੰਜਾਬ ਦੇ ਪਿੰਡਾਂ ਵਿਚ ਕੁਸ਼ਤੀਆਂ ਦਾ ਆਮ ਰਿਵਾਜ ਹੈ। ਇਹ ਕੁਸ਼ਤੀਆਂ ਕਈ ਵਾਰ, ਇਕੋ ਪਿੰਡ ਦੇ ਪਹਿਲਵਾਨਾਂ ਵਿਚ ਹੁੰਦੀਆਂ ਹਨ ਅਤੇ ਕਈ ਵਾਰ ਭਿੰਨ ਭਿੰਨ ਪਿੰਡਾਂ ਦੇ ਪਹਿਲਵਾਨਾਂ ਵਿਚ ਵੀ। ਕਈ ਵਾਰ ਪੇਸ਼ਾਵਰ ਪਹਿਲਵਾਨ ਵੀ ਹਿੱਸਾ ਲੈ ਲੈਂਦੇ ਹਨ ਤੇ ਕਈ ਵਾਰ ਯੁਵਕ ਜੇਤੂਆਂ ਨੂੰ ਵੀ ਇਨਾਮ ਦਿਤੇ ਜਾਂਦੇ ਹਨ।

ਪੰਜਾਬ ਦੇ ਹਰ ਮੇਲੇ ਵਿਚ ਛਿੰਜਾਂ ਲਗਦੀਆਂ ਹਨ। ਪੀਰਾਂ ਦੀਆਂ ਖ਼ਾਨਗਾਹਾਂ ਉਤੇ ਲਗਦੇ ਮੇਲਿਆਂ ਦੀਆਂ ਛਿੰਜਾਂ ਵਿਚ ਇਲਾਕੇ ਦੇ ਪਹਿਲਵਾਨਾਂ ਦੇ ਘੋਲ ਹੁੰਦੇ ਹਨ ਤੇ ਜੇਤੂਆਂ ਨੂੰ ਮੁਜਾਵਰਾਂ ਵਲੋਂ ਇਨਾਮ ਦਿਤੇ ਜਾਂਦੇ ਹਨ।

ਪੰਜਾਬ ਪਰਾਕਰਮੀ ਤੇ ਸਾਹਸੀ ਗਭਰੂਆਂ ਦਾ ਦੇਸ ਹੈ ਅਤੇ ਛਿੰਜਾਂ ਵਿਚ

(ਛ-79) **ਛਿੱਤਰਾਂ ਦੀ ਮਾਲਾ :**

ਪਹਿਲਿਆਂ ਵਿਚ ਕਿਸੇ ਅਪਰਾਧੀ ਨੂੰ ਨਸ਼ਰ ਕਰਨ ਲਈ, ਉਸ ਨੂੰ ਖੋਤੇ ਉਤੇ ਬਿਠਾ ਕੇ ਉਸ ਦੇ ਗਲ ਵਿਚ, ਪੁਰਾਣੀਆਂ ਤੇ ਘਸੀਆਂ ਹੋਈਆਂ ਜੁੱਤੀਆਂ (ਛਿੱਤਰਾਂ) ਦਾ ਹਾਰ ਪਹਿਨਾਇਆ ਜਾਂਦਾ ਸੀ। ਇਹ ਸਭ ਤੋਂ ਵਡਾ ਅਪਮਾਨ ਮੰਨਿਆ ਗਿਆ ਹੈ।

(ਛ-80) **ਛਿੱਬੀਆਂ ਦੇਣਾ :**

ਕਿਸੇ ਨੂੰ ਠਿੱਠ ਕਰਨ ਲਈ, ਉਸ ਦੇ ਮੂੰਹ ਵਲ ਪੰਜਾ ਸਿੱਧਾ ਕਰ ਕੇ, ਇਸ ਤਰ੍ਹਾਂ ਸੰਕੇਤ ਕਰਨਾ ਜਿਵੇਂ ਉਸ ਦੇ ਮੂੰਹ ਉਤੇ ਕੋਈ ਚੀਜ਼ ਮਾਰ ਰਿਹਾ ਹੋਵੇ। ਮੁਲਤਾਨ ਵਿਚ ਇਸ ਸੰਕੇਤ ਨੂੰ 'ਖਲ੍ਹਾ ਦੇਣਾ' ਕਹਿੰਦੇ ਹਨ (ਵੇਖੋ : ਖਲ੍ਹਾ ਦੇਣਾ)।

(ਛ-81) **ਛਿੱਲਾ (ਚਿਲਾ) :**

1. ਬੱਚੇ ਦੇ ਜਨਮ ਲੈਣ ਸਮੇਂ ਗਰਭਵਤੀ ਨੂੰ ਜਿਸ ਕੋਠੇ ਜਾਂ ਕਮਰੇ ਵਿਚ ਰਖਿਆ ਜਾਂਦਾ ਹੈ, ਉਸ ਨੂੰ ਛਿੱਲਾ ਕਹਿੰਦੇ ਹਨ। ਆਮ ਤੌਰ ਤੇ ਪ੍ਰਸੂਤ ਲਈ ਉਹ ਕਮਰਾ ਚੁਣਿਆ ਜਾਂਦਾ ਹੈ, ਜਿਸ ਦਾ ਦਵਾਰ ਪੂਰਬ ਦਿਸ਼ਾ ਵਲ ਹੋਵੇ। ਛਿੱਲੇ ਦਾ ਕਮਰਾ ਘਰ ਦੇ ਅੰਦਰਵਾਰ ਹੁੰਦਾ ਹੈ, ਜਿਥੇ ਬਾਹਰ ਦੀ ਕੋਈ ਆਵਾਜ਼ ਅੰਦਰ ਨਾ ਪਹੁੰਚ ਸਕੇ। ਜੇ ਕਮਰੇ ਵਿਚ ਬਾਹਰ ਦੀਆਂ ਅਵਾਜ਼ਾਂ ਪਹੁੰਚਦੀਆਂ ਹੋਣ ਤਾਂ ਉਸ ਕੋਠੇ ਦੀਆਂ ਕੰਧਾਂ ਉਤੇ ਗਿੱਲੀ ਮਿੱਟੀ ਦਾ ਮੋਟਾ ਲੇਪ ਦੇ ਦਿਤਾ ਜਾਂਦਾ ਹੈ। ਛਿੱਲੇ ਦੇ ਕਮਰੇ ਵਿਚ 'ਮੰਦਾ ਬੋਲ' ਪੈਣਾ ਬਦਸ਼ਗਨੀ ਸਮਝੀ ਜਾਂਦੀ ਹੈ। ਇਸ ਕਮਰੇ ਦੇ ਨੇੜੇ ਕੁੱਤੇ ਬਿੱਲੀ ਨੂੰ ਵੀ ਨਹੀਂ ਜਾਣ ਦਿਤਾ ਜਾਂਦਾ ਅਤੇ ਛਿੱਲੇ ਦੀ ਛੱਤ ਉਤੇ ਕੰਡੇਦਾਰ ਝਾੜੀਆਂ ਰਖ ਦਿਤੀਆਂ ਜਾਂਦੀਆਂ ਹਨ, ਤਾਂ ਜੋ ਛੱਤ ਉਪਰੋਂ ਕੁੱਤਾ ਬਿੱਲੀ ਨਾ ਟੱਪ ਸਕਣ।

2. ਕਈ ਸਾਧੂ ਫ਼ਕੀਰ, ਜੋਗੀ ਤੇ ਚੇਲੇ ਆਦਿ ਕਿਸੇ ਗੁਫਾ/ਔਝੜ/ਮਸਾਣ ਵਿਚ ਲਗਾਤਾਰ ਚਾਲੀ ਦਿਨ, ਵਰਤ ਰਖ ਕੇ, ਕਿਸੇ ਮੰਤਰ ਦਾ ਜਾਪ ਕਰਦੇ ਜਾਂ ਜੋਹਦ ਕਮਾਂਦੇ ਹਨ, ਇਸ ਨੂੰ ਚਿਲ੍ਹਾ ਜਾਂ ਛਿਲਾ ਕੱਟਣਾ ਕਿਹਾ ਜਾਂਦਾ ਹੈ। ਨਿਸ਼ਚਾ ਹੈ ਕਿ ਚਿਲ੍ਹਾ ਕੱਟਣ ਨਾਲ ਅਲੌਕਿਕ ਤੇ ਪਰਾਸਰੀਰਕ ਸ਼ਕਤੀਆਂ ਦੀ ਪ੍ਰਾਪਤੀ ਹੁੰਦੀ ਹੈ। ਫ਼ਰੀਦਕੋਟ ਵਿਚ ਬਾਬਾ ਫ਼ਰੀਦ [illegible]

(ਛ-82) **ਛੁਹਣ-ਛੁਹਾਈ :**

ਬੱਚਿਆਂ ਦੀ ਇਕ ਖੇਡ। ਜਿਸ ਬੱਚੇ ਸਿਰ ਮੀਟੀ ਹੁੰਦੀ ਹੈ ਉਹ ਦੂਜਿਆਂ ਬੱਚਿਆਂ ਪਿਛੇ ਦੌੜ ਕੇ ਉਨ੍ਹਾਂ ਵਿਚੋਂ ਕਿਸੇ ਨੂੰ ਛੁਹਣ ਦਾ ਜਤਨ ਕਰਦਾ ਹੈ। ਬੱਚੇ ਉਸ ਤੋਂ ਦੂਰ ਨਸਦੇ ਹਨ ਤਾਂ ਜੋ 'ਮੀਟੀ' ਵਾਲਾ ਬੱਚਾ, ਉਨ੍ਹਾਂ ਨੂੰ ਛੁਹ ਨਾ ਸਕੇ। ਜਿਹੜਾ ਬੱਚਾ ਛੁਹਤਾ ਜਾਵੇ, ਉਸ ਸਿਰ ਮੀਟੀ ਪੈਂਦੀ ਹੈ। ਕਈ ਵਾਰ, ਇਸ ਖੇਡ ਵਿਚ ਇਕ ਦਾਈ, ਨਿਸ਼ਚਤ ਕਰ ਲਈ ਜਾਂਦੀ ਹੈ। ਜਿਹੜਾ ਬੱਚਾ, ਉਸ ਦਾਈ ਨੂੰ ਹੱਥ ਲਾ ਲਏ, ਉਸ ਨੂੰ ਮੀਟੀ ਵਾਲਾ ਬੱਚਾ ਫਿਰ ਉਸ ਵਾਰੀ ਦੇ ਦੌਰਾਨ ਛੁਹੰਦਾ ਨਹੀਂ।

(ਛ-83) **ਛੁਹਾਣੀ :**

ਘਿਉ, ਜਵੈਣ ਤੇ ਸੁੰਢ ਵਿਚ ਗੁੜ ਮਿਲਾ ਕੇ ਬਣਾਈ ਪੰਜੀਰੀ, ਜੋ ਬੱਚੇ ਦੇ ਜੰਮਣ ਤੇ ਜੱਚਾ ਨੂੰ ਖਾਣ ਲਈ ਦਿਤੀ ਜਾਂਦੀ ਹੈ। ਸਰਦੇ ਪੁਜਦੇ ਘਰਾਂ ਵਿਚ, ਇਸ ਪੰਜੀਰੀ ਵਿਚ ਬਦਾਮ ਤੇ ਚਾਰ ਮਗਜ਼ ਵੀ ਕੁੱਟ ਕੇ ਪਾ ਲਏ ਜਾਂਦੇ ਹਨ।

(ਛ-84) **ਛੁਹਾਰਾ :**

ਖਜੂਰ ਦਾ ਸੁਕਾ ਹੋਇਆ ਫਲ, ਜੋ ਕਈ ਰਸਮਾਂ ਰੀਤਾਂ ਸਮੇਂ ਸ਼ਗਨ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਜਦੋਂ ਕੰਨਿਆਂ ਲਈ ਕੋਈ ਵਰ ਢੂੰਡ ਲਿਆ ਜਾਂਦਾ ਹੈ ਤਾਂ ਕੰਨਿਆਂ ਦੇ ਮਾਪੇ ਵਰ ਲਈ ਛੁਹਾਰਾ ਭੇਜਦੇ ਹਨ। ਕੁੜਮਾਈ ਦੀ ਰੀਤ ਵੇਲੇ, ਵਰ ਦੇ ਮੂੰਹ ਛੁਹਾਰਾ ਲਗਾਇਆ ਜਾਂਦਾ ਹੈ। ਇਸੇ ਲਈ ਛੁਹਾਰਾ ਪਿਆਰ ਮੁਹੱਬਤ ਤੇ ਸ਼ੁਭ ਸ਼ਗਨ ਦਾ ਪ੍ਰਤੀਕ ਬਣ ਗਿਆ।

ਛੁਹਾਰਾ ਮੂੰਹ ਲਗਾਉਣਾ ਸ਼ੁਭ ਸ਼ਗਨ ਹੈ। ਲੋਕ-ਨਿਸ਼ਚੇ ਅਨੁਸਾਰ ਛੁਹਾਰਾ ਮੂੰਹ ਲਗਾ ਕੇ ਬਣਾਏ ਗਏ ਸਬੰਧ ਸਥਿਰ ਰਹਿੰਦੇ ਹਨ। ਸਿਆਲਕੋਟ ਵਿਚ ਕੰਨਿਆਂ ਦਾ ਪਿਓ ਨਾਈ/ਮਿਰਾਸੀ ਦੇ ਹੱਥ ਲੜਕੇ ਦੇ ਘਰ ਛੁਹਾਰੇ ਤੇ ਮਠਿਆਈ ਭੇਜਦਾ ਹੈ (ਸਿਆਲਕੋਟ ਗਜ਼ਟੀਅਰ, ਪੰਨਾ 25)।

(ਛ-85) **ਛੁੱਟੜ :**

ਉਹ ਤ੍ਰੀਮਤ, ਜਿਸ ਨੂੰ ਖ਼ਾਵੰਦ ਨੇ ਛੱਡ ਦਿਤਾ ਹੋਵੇ, ਪੰਜਾਬੀ ਸਮਾਜ ਵਿਚ ਛੁੱਟੜ ਹੋਣੋਂ [illegible]

**(ਛ-86) ਛੁਰੀ :**

ਲੋਹੇ ਦਾ ਚਾਕੂ, ਜਿਸ ਬਾਰੇ ਕਈ ਵਿਸ਼ਵਾਸ ਤੇ ਮਨੌਤਾਂ ਲੋਕਾਂ ਵਿਚ ਪ੍ਰਚਲਤ ਹਨ। ਲੋਹੇ ਦੀ ਛੁਰੀ ਚੰਦਰੀਆਂ ਰੂਹਾਂ ਤੋਂ ਰੱਖਿਆ ਕਰਦੀ ਹੈ। ਜੇ ਇਹ ਕੋਲ ਹੋਵੇ ਤਾਂ ਟੂਣਾਟੱਪਾ ਨਹੀਂ ਚਲਦਾ। ਇਸੇ ਲਈ ਬੱਚੇ ਦੇ ਜੰਮਣ ਵੇਲੇ ਜੱਚਾ ਦੇ ਸਿਰਹਾਣੇ ਹੇਠ ਛੁਰੀ ਰਖ ਦਿਤੀ ਜਾਂਦੀ ਹੈ। ਵਿਆਹ ਦੀਆਂ ਰਸਮਾਂ ਵੇਲੇ, ਕਈ ਹਿੰਦੂ ਆਪਣੇ ਕੋਲ ਛੁਰੀ ਰਖਦੇ ਹਨ, ਤਾਂ ਜੋ ਚੰਦਰੀਆਂ ਰੂਹਾਂ ਦੂਰ ਰਹਿਣ।

ਚਾਕੂ ਉਤੇ ਚਾਕੂ ਮਾਰਨ ਨਾਲ ਘਰ ਵਿਚ ਝਗੜਾ ਤੇ ਲੜਾਈ ਰਹਿੰਦੀ ਹੈ (ਵੇਖੋ : ਲੋਹਾ ਖੜਕਾਣਾ)। ਚੇਲੇ, ਜੋਗੀ ਤੇ ਜਾਦੂਗਰ, ਮੰਤ੍ਰ ਪੜ੍ਹਨ ਲਗਿਆਂ ਜਾਂ ਜਾਦੂ ਕਰਨ ਵੇਲੇ, ਚਾਕੂ ਨਾਲ ਇਕ ਕਾਰ/ਦਾਇਰਾ ਵਾਹ ਲੈਂਦੇ ਹਨ। ਇਸ ਤਰ੍ਹਾਂ ਕਰਨ ਨਾਲ ਬਦ-ਰੂਹਾਂ ਕਾਰ/ਦਾਇਰੇ ਅੰਦਰ ਨਹੀਂ ਆਉਂਦੀਆਂ ਤੇ ਜਾਦੂ ਵਿਫਲ ਨਹੀਂ ਹੁੰਦਾ।

ਲੋਕ-ਕਹਾਣੀਆਂ ਵਿਚ ਚਾਕੂ ਜੀਵਨ-ਪਟ ਵਜੋਂ ਵੀ ਵਰਤਿਆ ਮਿਲਦਾ ਹੈ। ਨਾਇਕ ਕਿਸੇ ਸਫ਼ਰ ਵਿਚ ਜਾਂ ਮੁਹਿੰਮ ਉਤੇ ਜਾਣ ਲਗਿਆਂ, ਇਕ ਚਾਕੂ ਲੈ ਜਾਂਦਾ ਹੈ। ਜਦੋਂ ਨਾਇਕ ਉਤੇ ਕੋਈ ਸੰਕਟ ਪੈਂਦਾ ਹੈ, ਜਾਂ ਉਹ ਕਾਲਵਸ ਹੋ ਜਾਂਦਾ ਹੈ, ਤਾਂ ਚਾਕੂ ਉਤੇ ਲਹੂ ਦੇ ਤੁੱਬਕੇ ਉਭਰ ਆਉਂਦੇ ਹਨ।

ਅਖਾਣਾਂ ਵਿਚ ਛੁਰੀ ਜ਼ੁਲਮ ਤੇ ਅਨਿਆਂ ਦਾ ਬੋਧ ਕਰਵਾਂਦੀ ਹੈ :

ਬਗਲ ਵਿਚ ਛੁਰੀ ਮੂੰਹ ਵਿਚ ਰਾਮ ਰਾਮ।

**(ਛ-87) ਛੁਰੀਮਾਰ :**

ਇਕ ਖ਼ਾਸ ਕਿਸਮ ਦੇ ਮਦਾਰੀ/ਜਾਦੂਗਰ, ਜੋ ਜਮੂਰੇ ਦੇ ਸਰੀਰ ਉਤੇ ਕਪੜਾ ਪਾ ਕੇ ਉਸ ਦੀ, ਛੁਰੀ ਨਾਲ ਜੀਭ ਜਾਂ ਗਰਦਨ ਕੱਟਣ ਦਾ ਭੁਲਾਵਾ ਸਿਰਜਦੇ ਹਨ। ਲੋਕਾਂ ਨੂੰ ਲਹੂ ਨਾਲ ਲਿਬੜੀ ਛੁਰੀ ਵਿਖਾਉਂਦੇ ਹਨ। ਜਮੂਰਾ ਕਪੜੇ ਦੇ ਹੇਠਾਂ ਤੜਪ ਕੇ ਇੰਜ ਬੇਜਾਨ ਹੋ ਜਾਂਦਾ ਹੈ ਜਿਵੇਂ ਮਰ ਗਿਆ ਹੋਵੇ। ਝਟ ਕੁ ਪਿਛੋਂ ਉਹ ਜਮੂਰੇ ਨੂੰ ਮੁੜ ਸੁਰਜੀਤ ਕਰ ਦੇਂਦੇ ਹਨ।

**(ਛ-88) ਛੂ :**

ਮੰਤਰ ਪੜ੍ਹਨ ਪਿਛੋਂ ਮੰਤਰ ਦਾ ਅਸਰ ਸਾਮਗਰੀ ਜਾਂ ਪ੍ਰਾਣੀ ਤਕ ਪਹੁੰਚਾਣ ਲਈ ਫੂਕਾਂ ਮਾਰਦੇ ਹੋਏ 'ਛੂ ਛੂ' ਕਰਦਾ ਹੈ। ਚੇਲੇ ਤਵੀਤ, ਗੰਢਾ, ਧਾਗੇ ਜਾਂ ਸੁਆਹ ਦੀ ਚੁਟਕੀ ਨੂੰ, ਕਿਸੇ ਮੰਤਵ-ਸਿਧੀ ਜਾਂ ਰੱਖਿਆ-ਸਿਧੀ ਲਈ ਦੇਣ ਤੋਂ ਪਹਿਲੇ, ਚੇਲੇ ਉਸ ਨੂੰ ਮੰਤ੍ਰਦੇ ਹੋਏ ਫੂਕਾਂ ਮਾਰਦੇ ਹਨ। ਧਾਰਨਾ ਅਨੁਸਾਰ ਬਿਨਾਂ ਫੂਕਾਂ ਮਾਰੇ ਮੰਤ੍ਰ ਦਾ ਅਸਰ ਨਹੀਂ ਹੁੰਦਾ।

ਇਹ ਸਿਧਾਂਤ ਲਾਗਵੇਂ ਟੂਣੇ ਉਤੇ ਅਧਾਰਤ ਹੈ, ਮੰਤ੍ਰ ਦੇ ਸ਼ਬਦਾਂ ਦੀ ਲਾਗ, ਫੂਕਾਂ ਦੁਆਰਾ ਸਾਮਗਰੀ ਜਾਂ ਪ੍ਰਾਣੀ ਤਕ ਪਹੁੰਚ ਕੇ ਆਪਣਾ ਅਸਰ ਵਿਖਾਂਦੀ ਹੈ।

**(ਛ-89) ਛੂਈ ਮੂਈ :**

ਇਕ ਪੌਦਾ, ਜਿਸ ਦੀਆਂ ਕਲੀਆਂ ਹੱਥ ਲਗਾਣ ਨਾਲ ਝੁੰ ਜਾਂਦੀਆਂ ਹਨ ਪਰ ਝਟ ਕੁ ਪਿਛੋਂ ਫਿਰ ਖਿੜ ਪੈਂਦੀਆਂ ਹਨ। ਇਸ ਬਾਰੇ ਇਕ 'ਮਿੱਥ' ਇਉਂ ਪ੍ਰਚਲਤ ਹੈ:

ਛੂਈ ਮੂਈ ਇਕ ਖ਼ੂਬਸੂਰਤ ਮੁਟਿਆਰ ਸੀ, ਇਕ ਦਿਨ ਉਹ ਜੰਗਲਾਂ ਵਿਚ ਲਕੜਾਂ ਚੁਣ ਰਹੀ ਸੀ ਕਿ ਇਕ ਸ਼ਿਕਾਰੀ ਨੇ ਉਸ ਦੀ ਕਾਇਆ ਨੂੰ ਭੋਗਣਾ ਚਾਹਿਆ। ਸ਼ਿਕਾਰੀ ਨੇ ਉਸ ਨੂੰ ਫੜਨਾ ਚਾਹਿਆ ਤਾਂ ਉਹ ਫੁੱਲ ਬਣ ਕੇ ਬੂਟੇ ਉਤੇ ਜਾ ਬੈਠੀ।

**(ਛ-90) ਛੂਛੱਕ :**

ਛੂਛੱਕ ਸ਼ਬਦ ਸੂਤਕ ਦਾ ਵਿਗਾੜ ਹੈ। ਪੰਜਾਬ ਵਿਚ ਅਨੇਕਾਂ ਜਾਤਾਂ ਵਿਚ ਤ੍ਰੀਮਤ ਪਹਿਲਾ ਜਣੇਪਾ ਪੇਕੇ ਕਟਦੀ ਹੈ। ਬੱਚਾ ਜੰਮਣ ਪਿਛੋਂ ਜਦੋਂ ਜੱਚਾ ਪੇਕੇ ਘਰੋਂ ਵਿਦਾ ਹੁੰਦੀ ਹੈ ਤਾਂ ਉਸ ਦੇ ਮਾਪੇ ਸ਼ਗਨ ਵਜੋਂ ਕੁਝ ਕਪੜੇ, ਗਹਿਣੇ ਤੇ ਹੋਰ ਵਸਤੂਆਂ ਦੇਂਦੇ ਹਨ, ਇਨ੍ਹਾਂ ਨੂੰ ਛੂਛੱਕ ਕਿਹਾ ਜਾਂਦਾ ਹੈ।

ਬੱਚੇ ਦੇ ਜੰਮਣ ਤੋਂ ਛੇਵੇਂ ਦਿਨ ਅਥਵਾ ਛੱਟੀ ਨੂੰ, ਜੋ ਰੀਤਾਂ ਰਸਮਾਂ ਤੇ ਲੈਣ ਦੇਣ ਕੀਤਾ ਜਾਂਦਾ ਹੈ। ਉਸ ਨੂੰ ਵੀ 'ਛੂਛੱਕ' ਕਿਹਾ ਜਾਂਦਾ ਹੈ (ਵੇਖੋ : ਛੱਟੀ, ਰੀਤਾਂ, ਧਮਾਣ)।

**(ਛ-91) ਛੂਣੀ :**

ਕੁਝ ਰਸਮਾਂ ਰੀਤਾਂ ਵਿਚ, ਘੜੇ ਉਤੇ ਰਖਣ ਵਾਲੀ ਛੂਣੀ ਜਾਂ ਚੱਪਣੀ ਵਰਤੀ ਜਾਂਦੀ ਹੈ। ਬੱਚੇ ਦੇ ਜਨਮ ਸਮੇਂ ਚਿਲ੍ਹੇ ਦੇ ਕਮਰੇ ਵਿਚ ਪਾਣੀ ਦੇ ਭਰੇ ਕੁੰਭ ਉਤੇ ਛੂਣੀ ਰਖ ਕੇ ਜੋਤ ਬਾਲੀ ਜਾਂਦੀ ਹੈ। ਲਾੜਾ ਜਦੋਂ ਖਾਰੇ ਤੋਂ

'ਚੱਪਣੀ (ਛੂਣੀ) ਠੇਹਲਣਾ' ਕਿਹਾ ਜਾਂਦਾ ਹੈ। ਕੰਨਿਆ ਦੇ ਘਰ ਦੀਆਂ ਬਰੂਹਾਂ ਉੱਤੇ ਛੂਣੀ ਭੰਨਣ ਦੀ ਵੀ ਇਕ ਰਸਮ ਕੀਤੀ ਜਾਂਦੀ ਹੈ (ਵੇਖੋ : ਛੂਣੀ ਭੰਨਣੀ)।

(ਛ-92) **ਛੂਣੀ ਭੰਨਣੀ** :

ਵਿਆਹ ਦੀ ਇਕ ਰੀਤ, ਦਕਾਊ ਦੀ ਰਸਮ ਪਿਛੋਂ ਜਦੋਂ ਵਰ ਕੰਨਿਆਂ ਦੇ ਘਰ ਜਾਣ ਲਗਦਾ ਹੈ ਤਾਂ ਘਰ ਦੀਆਂ ਬਰੂਹਾਂ ਕੋਲ ਘੜੇ ਦੀ ਛੂਣੀ ਮੂਧੀ ਮਾਰ ਕੇ ਰੱਖ ਦਿਤੀ ਜਾਂਦੀ ਹੈ। ਇਸ ਛੂਣੀ ਹੇਠ ਪੰਜ ਪੈਸੇ ਜਾਂ ਕੋਈ ਚਾਂਦੀ ਦਾ ਸਿੱਕਾ ਰਖਿਆ ਹੁੰਦਾ ਹੈ। ਬਰੂਹਾਂ ਟੱਪਣ ਤੋਂ ਪਹਿਲਾਂ, ਵਰ ਛੂਣੀ ਨੂੰ ਪੈਰ ਮਾਰ ਕੇ ਭੰਨਦਾ ਹੈ। ਜੇ ਛੂਣੀ ਇਕੋ ਵਾਰ ਪੈਰ ਮਾਰਨ ਨਾਲ ਟੁੱਟ ਜਾਵੇ ਤਾਂ ਚੰਗਾ ਸਗਨ ਹੈ। ਛੂਣੀ ਹੇਠ ਪਏ ਪੈਸੇ, ਘੁਮਿਆਰ ਦੀ ਲਾਗ ਹੁੰਦੇ ਹਨ। 'ਛੂਣੀ ਭੰਨਣ' ਦਾ ਮੰਤਵ ਇਹ ਲਿਆ ਜਾਂਦਾ ਹੈ ਕਿ ਕੰਨਿਆਂ ਨੂੰ ਪ੍ਰਾਪਤ ਕਰਨ ਲਈ, ਵਰ ਨੇ, ਕੰਨਿਆ ਦੇ ਘਿਰ ਦੀ ਆਖਰੀ ਬੰਦਸ਼ ਵੀ ਤੋੜ ਦਿਤੀ ਹੈ।

ਮੁਜ਼ਫਰਗੜ੍ਹ ਜ਼ਿਲੇ ਦੇ ਮੁਸਲਮਾਨਾਂ ਵਿਚ ਨਿਕਾਹ ਤੋਂ ਬਾਅਦ, ਦੂਲ੍ਹਾ ਸਬਾਲੇ ਨਾਲ, ਆਪਣੀ ਕੱਛ ਹੇਠ ਸਿਰਹਾਣਾ ਲੈ ਕੇ ਦੁਲ੍ਹਨ ਦੇ ਘਰ ਜਾਂਦਾ ਹੈ। ਦੁਲ੍ਹਨ ਦੇ ਘਰ ਦੀ ਦਲ੍ਹੀਜ਼ ਉੱਤੇ ਘੜੇ ਦੀ ਛੂਣੀ ਮੂਧੀ ਪਈ ਹੁੰਦੀ ਹੈ। ਛੂਣੀ ਦੇ ਹੇਠਾਂ ਚਾਂਦੀ ਦਾ ਕੋਈ ਸਿੱਕਾ—ਚਵਾਨੀ, ਅਠਾਨੀ ਜਾਂ ਰੁਪਿਆ ਰਖਿਆ ਹੁੰਦਾ ਹੈ। ਦੂਲ੍ਹਾ ਦਲੀਜ਼ ਟੱਪਣ ਤੋਂ ਪਹਿਲਾਂ ਛੂਣੀ ਉੱਤੇ ਪੈਰ ਮਾਰ ਕੇ, ਉਸ ਨੂੰ ਭੰਨਦਾ ਹੈ। ਜੇ ਪਹਿਲੀ ਵਾਰੀ ਹੀ ਛੂਣੀ ਨਾ ਭਜੇ ਤਾਂ ਆਲੇ ਦੁਆਲੇ ਖਲੋਤੀਆਂ ਤੀਵੀਆਂ, ਦੂਲ੍ਹੇ ਦਾ ਮੌਜੂ ਉਡਾਂਦੀਆਂ ਤੇ ਸਿੱਠਣੀਆਂ ਦੇਂਦੀਆਂ ਹਨ। ਲਾਗੀਆਂ ਨੂੰ, ਖ਼ਾਸ ਤੌਰ ਤੇ ਘੁਮਿਆਰ ਨੂੰ, ਸ਼ਗਨ ਵਜੋਂ ਕੋਈ ਸਿੱਕਾ ਦਿਤਾ ਜਾਂਦਾ ਹੈ। ਇਸ ਰੀਤ ਨੂੰ ਛੂਹਣੀ ਠੇਹਲਣਾ ਵੀ ਕਹਿੰਦੇ ਹਨ।

(ਛ-93) **ਛੇਜ** :

ਲਹਿੰਦੇ ਦੇ ਇਲਾਕੇ ਦਾ ਇਕ ਲੋਕ-ਨਾਚ; ਮੁਜ਼ਫਰਗੜ੍ਹ ਦੇ ਜ਼ਿਲੇ ਵਿਚ ਇਹ ਨਾਚ ਬੜਾ ਪ੍ਰਸਿਧ ਹੈ। ਦੇਸ਼ ਵੰਡ ਤੋਂ ਪਹਿਲਾਂ ਇਸ ਇਲਾਕੇ ਵਿਚ ਵਸਦੇ ਹਿੰਦੂ, ਇਸ ਨਾਚ ਨੂੰ ਵਿਆਹ ਸ਼ਾਦੀਆਂ ਉੱਤੇ ਖ਼ੂਬ ਨਚਾਂਦੇ ਸਨ। ਨੱਚਣ ਵਾਲੇ ਦੋਹਾਂ ਹੱਥਾਂ ਵਿਚ ਦੋ ਡੰਡਕੜੇ, ਜਿਨ੍ਹਾਂ ਨਾਲ ਨਿਕੀਆਂ ਟੱਲੀਆਂ ਲਗੀਆਂ ਹੁੰਦੀਆਂ, ਹੱਥਾਂ ਵਿਚ ਫੜ ਲੈਂਦੇ ਤੇ ...

ਨਾਲ ਧਮਕ ਦੇਂਦੇ ਹਨ। ਹਰ ਨੱਚਣ ਵਾਲੇ ਨੇ ਗਿਟਿਆਂ ਨਾਲ ਝਾਂਜਰਾਂ ਬੰਨ੍ਹੀਆਂ ਹੁੰਦੀਆਂ। ਢੋਲ ਦੇ ਤਾਲ ਉੱਤੇ ਨੱਚਣ ਵਾਲੇ ਇਕ ਚੱਕਰ ਵਿਚ ਘੁੰਮਦੇ ਜਾਂਦੇ ਅਤੇ ਆਪਣੇ ਨਾਲ ਦੇ ਡੰਡੇ ਨਾਲ ਆਪਣਾ ਡੰਡਾ ਠਕੋਰਦੇ; ਪੈਰਾਂ ਨਾਲ ਧਮਕ ਪੈਦਾ ਕਰਦੇ ਹੋਏ ਅਨੋਖਾ ਸਮਾਂ ਬੰਨ੍ਹ ਦੇਂਦੇ ਹਨ। ਇਹ ਨਾਚ ਵਿਆਹ ਸ਼ਾਦੀਆਂ ਉੱਤੇ, ਮੁਜ਼ਫਰਗੜ੍ਹ ਤੇ ਸ਼ਾਹਪੁਰ ਤੋਂ ਇਧਰ ਆਏ ਪੰਜਾਬੀ ਅਜੇ ਵੀ ਨਚਦੇ ਹਨ।

(ਛ-94) **ਛੇ-ਜਾਤੀ** :

ਖਤ੍ਰੀਆਂ ਦੀ ਇਕ ਉਪਵੰਡ (ਵੇਖੋ : ਖਤ੍ਰੀ)। ਇਸ ਵਰਗ ਵਿਚ ਹੇਠ ਦਿਤੀਆਂ ਛੇ ਜਾਤੀਆਂ ਸ਼ਾਮਲ ਹਨ : ਬਹਿਲ, ਧਵਨ, ਚੋਪੜਾ, ਸਹਿਗਲ, ਤਲਵਾੜ ਤੇ ਪੁਰੀ। ਪਹਿਲਾਂ ਇਸ ਵਰਗ ਦੇ ਖੱਤ੍ਰੀ ਆਪਣੀਆਂ ਧੀਆਂ-ਪੁੱਤਰਾਂ ਦੇ ਰਿਸ਼ਤੇ ਨਾਤੇ ਆਪਣੀ ਛੇ-ਜਾਤੀ ਬਰਾਦਰੀ ਤੋਂ ਬਾਹਰ ਨਹੀਂ ਸਨ ਕਰਦੇ। ਪਰ ਹੁਣ ਇਸ ਨੇਮ ਦੀ ਪਾਲਣਾ ਕਰੜਾਈ ਨਾਲ ਨਹੀਂ ਕੀਤੀ ਜਾਂਦੀ। ਇਹ ਜਾਤਾਂ ਬੁੰਜਾਈਆਂ ਤੋਂ ਧੀਆਂ ਲੈ ਤਾਂ ਲੈਂਦੀਆਂ ਹਨ ਪਰ ਦੇਂਦੀਆਂ ਨਹੀਂ।

(ਛ-95) **ਛੇਮੁਖਾ** :

ਛੇ ਮੂੰਹਾਂ ਵਾਲਾ ਸ਼ਿਵ ਦਾ ਪੁੱਤਰ, ਕਾਰਤਿਕਯਾ। (ਵੇਖੋ : ਕਾਰਤਿਕਯਾ)।

(ਛ-96) **ਛੈਣੇ** :

ਕਾਂਸ਼ੀ ਦੀਆਂ ਦੋ ਤਾਸੀਆਂ ਦਾ ਬਣਿਆ ਇਕ ਸਾਜ਼, ਜਿਸ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਵਜਾਇਆ ਜਾਂਦਾ ਹੈ। ਦੋਵੇਂ ਤਾਸੀਆਂ ਜਦੋਂ ਇਕ ਦੂਜੇ ਨਾਲ ਠਕੋਰੀਆਂ ਜਾਂਦੀਆਂ ਹਨ ਤਾਂ ਧੁਨੀ ਨਿਕਲਦੀ ਹੈ। ਗੁਰਦਵਾਰੇ ਵਿਚ ਕੀਰਤਨ ਸਮੇਂ ਤੇ ਮੰਦਰਾਂ ਵਿਚ ਆਰਤੀ ਉਤਾਰਨ ਵੇਲੇ, ਛੈਣੇ ਵਜਾਏ ਜਾਂਦੇ ਹਨ। ਭਜਨ ਮੰਡਲੀਆਂ ਵਿਚ ਵੀ ਛੈਣੇ ਵਜਾਏ ਜਾਣ ਦੀ ਪਰੰਪਰਾ ਹੈ। ਆਰੰਭ ਵਿਚ ਲੋਹੇ ਦੇ ਛੈਣੇ ਵਜਾਣ ਦੀ ਪਰੰਪਰਾ ਸੀ ਤੇ ਧਾਰਨਾ ਸੀ ਕਿ ਪੂਜਾ ਪਾਠ ਜਾਂ ਕੀਰਤਨ ਵੇਲੇ ਛੈਣੇ ਵਜਾਉਣ ਨਾਲ ਪ੍ਰੇਤ ਰੂਹਾਂ ਡਰਦੀਆਂ ਨੇੜੇ ਨਹੀਂ ਢੁਕਦੀਆਂ (ਵੇਖੋ : ਲੋਹਾ)।

(ਛ-97) **ਛੋਟੀ ਗਊ** :

ਹਿੰਦੂ, ਛੋਟੇ ਕੱਦ ਦੀ ਗਊ ਨੂੰ ਪਵਿਤ੍ਰ ਮੰਨ ਕੇ, ਪੂਜਦੇ ਹਨ। ਇਸ ਗਊ ਦੀ ਉਤਪੱਤੀ ਬਾਰੇ ਇਕ ਕਥਾ ਪ੍ਰਚਲਤ ...

ਇਤਨਾ ਮੀਂਹ ਵਰਸਿਆ ਕਿ ਕ੍ਰਿਸ਼ਨ ਵਾਪਸ ਬਿੰਦਰਾਬਨ ਨਾ ਆ ਸਕੇ ਤੇ ਉਨ੍ਹਾਂ ਜੰਗਲ ਵਿਚ ਹੀ ਰਾਤ ਕੱਟੀ। ਵੱਛੀ ਨੂੰ ਸਰਦੀ ਤੋਂ ਬਚਾਣ ਲਈ, ਕ੍ਰਿਸ਼ਨ ਨੇ ਜੰਗਲ ਵਿਚ ਹੀ ਅੱਗ ਬਾਲੀ। ਵੱਛੀ ਦੇ ਪ੍ਰੇਮ ਤੇ ਪ੍ਰਸੰਨ ਹੋ ਕੇ, ਕ੍ਰਿਸ਼ਨ ਨੇ ਇਸ ਵੱਛੀ ਨੂੰ ਹਮੇਸ਼ਾ ਆਪਣੇ ਕੋਲ ਰਖਿਆ। ਰਾਧਾ ਨੇ ਜਦੋਂ ਵੇਖਿਆ ਕਿ ਕ੍ਰਿਸ਼ਨ, ਉਸ ਦੀ ਗਊ ਨਾਲ ਪ੍ਰੇਮ ਨਹੀਂ ਕਰਦੇ ਤੇ ਵੱਛੀ ਨੂੰ ਬਹੁਤਾ ਪਿਆਰ ਦੇਂਦੇ ਹਨ ਤਾਂ ਉਸ ਵੱਛੀ ਨੂੰ ਸਰਾਪ ਦੇ ਦਿਤਾ ਕਿ ਉਸ ਦਾ ਕਦ ਕਦੇ ਵੀ ਗਊ ਦੇ ਬਰਾਬਰ ਨਾ ਹੋਵੇ ਅਤੇ ਨਾ ਹੀ ਉਹ ਕਦੇ ਦੁੱਧ ਦੇਵੇ। ਕ੍ਰਿਸਨ ਬੜੇ ਦੁਖੀ ਹੋਏ ਤੇ ਉਨ੍ਹਾਂ ਗਊ ਨੂੰ ਵਰ ਦਿਤਾ ਕਿ ਛੋਟੇ ਕਦ ਦੀ ਗਊ ਹਮੇਸ਼ਾ ਪੂਜੀ ਜਾਵੇਗੀ।

ਗਊ-ਪੂਜਕਾਂ ਦਾ ਨਿਸਚਾ ਹੈ ਕਿ ਇਸ ਗਊ ਦੇ ਗੋਹੇ ਦੀ ਸਵਾਹ ਸਭ ਰੋਗਾਂ ਦਾ ਦਾਰੂ ਹੈ। ਇਸ ਗਊ ਨੂੰ ਪੇੜਾ ਦੇਣ ਨਾਲ ਮਨੋਕਾਮਨਾ ਪੂਰੀਆਂ ਹੁੰਦੀਆਂ ਹਨ।

## (ਛ-98) ਛੋਟੀ ਦਿਵਾਲੀ :

ਹਾੜ ਦੇ ਮਹੀਨੇ, ਨਵੇਂ ਚੰਨ ਵਾਲੇ ਦਿਨ, ਛੋਟੀ ਦਿਵਾਲੀ ਮਨਾਈ ਜਾਂਦੀ ਹੈ। ਘਰਾਂ ਵਿਚ ਦੀਵੇ ਬਾਲੇ ਜਾਂਦੇ ਹਨ ਅਤੇ ਲਖਸ਼ਮੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਛੋਟੀ ਦਿਵਾਲੀ ਦੀ ਮਹੱਤਤਾ ਬਾਰੇ ਇਕ ਕਥਾ ਪ੍ਰਚਲਤ ਹੈ: ਇਕ ਰਾਜੇ ਦੀ ਕੀਮਤੀ ਮੁੰਦਰੀ ਗੁੰਮ ਹੋ ਗਈ। ਉਸ ਨੂੰ ਲਭਣ ਲਈ ਸਾਰੇ ਯਤਨ ਅਸਫਲ ਹੋ ਗਏ। ਇਹ ਮੁੰਦਰੀ ਇਕ ਕੰਨਿਆਂ ਨੂੰ ਘਾਹ ਖੋਤਰਦਿਆਂ ਲਭੀ। ਉਸ ਨੇ ਉਹ ਮੁੰਦਰੀ ਰਾਜੇ ਨੂੰ ਦੇ ਦਿਤੀ। ਰਾਜਾ ਬੜਾ ਪ੍ਰਸੰਨ ਹੋਇਆ ਤੇ ਕੰਨਿਆ ਨੂੰ ਮਾਣ ਦੇਣ ਲਈ, ਉਸ ਨੇ ਹੁਕਮ ਕੀਤਾ ਕਿ ਉਸ ਰਾਤ ਉਸ ਦੀ ਸਾਰੀ ਪਾਤਸ਼ਾਹੀ ਵਿਚ, ਸਿਵਾਏ ਉਸ ਕੰਨਿਆਂ ਦੇ ਕੋਈ ਹੋਰ ਦੀਵਾ ਨਾ ਬਾਲੇ। ਕੰਨਿਆਂ ਨੇ ਉਸ ਰਾਤ ਦੀਵਿਆਂ ਦੀਆਂ ਜੋਤਾਂ ਨਾਲ ਆਪਣਾ ਸਾਰਾ ਘਰ ਜਗਮਗਾ ਦਿਤਾ। ਸਬੱਬ ਨਾਲ ਉਸ ਰਾਤ ਲਖਸ਼ਮੀ ਦੇਵੀ ਭਟਕਦੀ ਹੋਈ, ਇਸ ਨਗਰ ਕੋਲੋਂ ਦੀ ਲੰਘੀ। ਉਹ ਥੱਕ ਗਈ ਸੀ ਤੇ ਕਿਧਰੇ ਅਰਾਮ ਕਰਨਾ ਚਾਹੁੰਦੀ ਸੀ। ਸਾਰੇ ਪਿੰਡ ਵਿਚ ਘੋਰ ਹਨੇਰਾ ਸੀ ਪਰ ਉਸ ਕੰਨਿਆਂ ਦਾ ਘਰ ਹੀ ਜਗਮਗਾ ਰਿਹਾ ਸੀ। ਸੋ, ਦੇਵੀ ਸਿਧੀ ਉਸ ਘਰ ਦੇ ਅੰਦਰ ਲੰਘ ਗਈ, ਜਿਥੇ ਉਸ ਦਾ ਨਿਘਾ ਸਵਾਗਤ ਕੀਤਾ ਗਿਆ। ਦੇਵੀ ਨੇ ਆਪਣੀ ਰਹਿਮਤ ਨਾਲ ਉਸ ਘਰ ਵਿਚ ਵਲਾਂ ਫਲਾਂ ਕਰ ਦਿਤੀਆਂ। ਉਦੋਂ ਤੋਂ ਲੋਕਾਂ ਨੇ ਇਸ ਤਿਥ ਨੂੰ ਸ਼ੁਭ ਜਾਣ ਕੇ 'ਛੋਟੀ ਦੀਵਾਲੀ' ਮਨਾਣੀ ਸ਼ੁਰੂ ਕਰ ਦਿਤੀ।

## (ਛ-99) ਛੋਤ :

1. ਜੇ ਕੋਈ ਬੱਚਾ ਚੂਹੜੀ ਨਾਲ ਛੂਹ ਜਾਵੇ ਅਥਵਾ ਮੈਲੇ ਜਾਂ ਗੰਦੀ ਨਾਲੀ ਵਿਚੋਂ ਡਿਗੀ ਕੋਈ ਚੀਜ਼ ਕਢੇ ਤਾਂ ਬਾਕੀ ਬੱਚੇ ਉਸ ਨੂੰ 'ਭਿੱਟ ਗਿਆ' ਮੰਨ ਕੇ, ਉਸ ਤੋਂ ਦੂਰ ਨਸਦੇ ਹਨ। ਇਸ ਮੌਕੇ ਤੇ ਕਈ ਬੱਚੇ ਆਪਣੇ ਹੱਥ ਦੀਆਂ, ਅੰਗੂਠੇ ਦੇ ਨਾਲ ਵਾਲੀਆਂ ਦੋਹਾਂ ਉਂਗਲਾਂ ਦੀ, ਪਟੰਗਲੀ ਬਣਾ ਕੇ, ਇਹ ਟੱਪਾ ਪੜ੍ਹਦੇ ਹਨ :

ਅੰਗਲੀ ਪਟੰਗਲੀ
ਪਰਾਈ ਭਿਟ ਕੋਈ ਨਾ

ਛੋਤ ਵਾਲਾ ਬੱਚਾ ਜਦੋਂ ਤਕ ਹੱਥ ਨਹੀਂ ਧੋ ਲੈਂਦਾ ਜਾਂ ਜਲ ਦੇ ਛੱਟੇ ਆਪਣੇ ਉਤੇ ਨਹੀਂ ਮਾਰ ਲੈਂਦਾ ਤਦੋਂ ਤਕ ਭਿਟਿਆ ਸਮਝਿਆ ਜਾਂਦਾ ਹੈ। ਇਨ੍ਹਾਂ ਸਭ ਖੇਡਾਂ ਦਾ ਆਧਾਰ ਛੂਤਛਾਤ ਤੇ ਮੁਹਿੰਮਾਂ ਹਨ (ਵੇਖੋ : ਲੁਕਣ ਮੀਟੀ)।

2 ਲੁਕਣ ਮੀਟੀ (ਛੱਪਣ ਛੋਤ) ਵਿਚ ਜਿਸ ਬੱਚੇ ਦੇ ਸਿਰ ਮੀਟੀ ਹੋਵੇ, ਉਸ ਨੂੰ 'ਛੋਤ' ਮੰਨੀ ਜਾਂਦੀ ਹੈ। ਬਾਕੀ ਖਿਡਾਰੀ ਛੂਹੇ ਜਾਣ ਤੋਂ ਡਰਦੇ, ਉਸ ਤੋਂ ਦੂਰ ਰਹਿੰਦੇ ਹਨ।

## (ਛ-100) ਛੋਪੇ :

ਤ੍ਰਿੰਞਣ ਵਿਚ ਬੈਠੀਆਂ ਕੁੜੀਆਂ ਦੇ ਕੱਤਣ ਦੇ ਆਪੋ ਵਿਚ ਮੁਕਾਬਲੇ; ਕੁੜੀਆਂ ਰੂੰ ਦੀਆਂ ਚਾਰ ਚਾਰ ਪੂਣੀਆਂ, ਜਿਨ੍ਹਾਂ ਨੂੰ 'ਛੋਪ' ਕਿਹਾ ਜਾਂਦਾ ਹੈ, ਇਕੋ ਵਕਤ ਆਪੋ ਆਪਣੇ ਚਰਖੇ ਉਤੇ ਕਤਦੀਆਂ ਹਨ। ਜਿਹੜੀ ਕੁੜੀ ਕੱਤਣ ਵਿਚ ਮੋਰੀ ਰਹਿੰਦੀ ਹੈ, ਉਸ ਦਾ ਤ੍ਰਿੰਞਣ ਵਿਚ ਮਾਣ ਵਧ ਜਾਂਦਾ ਹੈ (ਵੇਖੋ : ਤ੍ਰਿੰਞਣ)।

## (ਛ-101) ਛੋਲੀ :

'ਕੋਟਲਾ ਛਪਾਕੀ' ਖੇਡਣ ਲਗਿਆਂ, ਕਪੜੇ ਨੂੰ ਵਟ ਕੇ, ਜੋ ਕੋਰੜਾ ਬਣਾਇਆ ਜਾਂਦਾ ਹੈ, ਉਸ ਨੂੰ ਸ਼ਾਹਪੁਰ ਦੇ ਇਲਾਕੇ ਵਿਚ 'ਛੋਲੀ' ਕਹਿੰਦੇ ਹਨ।

# ਜ

**(ਜ-1) ਜਈ :**

ਜੌਂ ਦੀਆਂ ਉਹ ਕੋਂਪਲਾਂ ਜੋ ਨੁਰਾਤਿਆਂ ਦੇ ਦਿਨਾਂ ਵਿਚ, ਬ੍ਰਾਹਮਣ ਤੇ ਕੰਵਾਰੀ ਕੰਨਿਆਵਾਂ ਆਪਣੇ ਘਰਾਂ ਵਿਚ ਬੀਜਦੀਆਂ ਹਨ। ਅਗਲੇ ਨੌਂ ਦਿਨ ਉਹ ਜੌਆਂ ਨੂੰ ਪਾਣੀ ਦੇ ਕੇ ਪਾਲਦੀਆਂ ਤੇ ਪੂਜਦੀਆਂ ਹਨ ਤੇ ਦੁਸਹਿਰੇ ਵਾਲੇ ਦਿਨ ਘਰ ਦੇ ਮਰਦਾਂ ਦੀਆਂ ਪੱਗਾਂ ਵਿਚ ਟੁੰਗਦੀਆਂ ਹਨ। ਇਹ ਜੌਂ ਦੀ ਛੋਟੀ ਖੇਤੀ ਹੋਣ ਕਰ ਕੇ, ਇਸ ਨੂੰ ਜਈ ਕਿਹਾ ਜਾਂਦਾ ਹੈ। ਹੋ ਸਕਦਾ ਹੈ ਜਈ ਜੇਤੂ ਤੋਂ ਵਿਗੜ ਕੇ ਬਣਿਆ ਹੋਵੇ, ਕਿਉਂ ਜੋ ਜਈ ਉਸ ਵਿਜੇ ਦੀ ਪ੍ਰਤੀਕ ਹੈ, ਜੋ ਨੇਕੀ ਦੀ, ਰਾਮ ਦੇ ਰੂਪ ਵਿਚ ਬਦੀ ਅਥਵਾ ਰਾਵਨ ਉਤੇ ਹੋਈ।

**(ਜ-2) ਜੱਸ :**

ਭੱਟ ਮਿਰਾਸੀ ਕਿਸੇ ਰਾਜੇ, ਹਾਕਮ ਜਾਂ ਜਗੀਰਦਾਰ ਦੀ ਵਡਿਆਈ ਵਿਚ, ਜੋ ਸ਼ੇਅਰ ਗੋਇਆ ਕਰਦੇ ਸਨ, ਉਨ੍ਹਾਂ ਨੂੰ 'ਜੱਸ' ਕਿਹਾ ਜਾਂਦਾ ਸੀ। 'ਵਾਰਾਂ' ਵਿਚ ਯੁੱਧ ਵਿਚ ਵਿਖਾਈ ਵੀਰਤਾ ਦਾ ਵਰਨਣ ਹੁੰਦਾ ਹੈ, ਪਰ ਜੱਸਾਂ ਵਿਚ ਰਾਜੇ ਦੇ ਨੇਕ ਕੰਮਾਂ ਦੀ ਅਜ਼ਮਤ ਤੇ ਪ੍ਰਤਾਪ ਦਾ।

ਵਿਆਹ ਸ਼ਾਦੀਆਂ ਉਤੇ ਭੰਡ-ਮਿਰਾਸੀ ਦੂਲ੍ਹੇ ਤੇ ਉਸ ਦੇ ਸਕੇ-ਸਬੰਧੀਆਂ ਬਾਰੇ ਜੋ ਸ਼ੇਅਰ ਵਡਿਆਈ ਵਜੋਂ ਪੜ੍ਹਦੇ ਹਨ, ਉਨ੍ਹਾਂ ਨੂੰ ਵੀ 'ਜੱਸ' ਕਿਹਾ ਜਾਂਦਾ ਹੈ। ਧਨੀ-ਪੋਠੋਹਾਰ ਦੇ ਪਿੰਡਾਂ ਵਿਚ, ਵਿਆਹ ਉਤੇ ਆਮ ਭੰਡ ਤੇ ਮਿਰਾਸੀ, ਦੂਲ੍ਹੇ ਤੇ ਉਸ ਦੇ ਪਿਓ-ਦਾਦੇ ਦੀਆਂ ਜੱਸਾਂ ਪੜ੍ਹਦੇ ਸਨ, ਜੋ ਮੌਕੇ ਉਤੇ ਹੀ ਘੜ ਲਈਆਂ ਜਾਂਦੀਆਂ। ਜਾਂ ਪੁਰਾਣੀਆਂ ਜੱਸਾਂ ਵਿਚ ਨਵੇਂ ਨਾਂ ਜੋੜ ਦਿਤੇ ਜਾਂਦੇ ਸਨ। ਹੁਣ 'ਜੱਸਾਂ' ਬੀਤੇ ਸਮੇਂ ਦੀ ਯਾਦ ਬਣ ਕੇ ਰਹਿ ਗਈਆਂ ਹਨ।

ਗੁੜਗਾਵਾਂ ਦੀ ਮਿਓ ਜਾਤੀ ਵਿਚ, ਜਦੋਂ ਬਰਾਤ, ਇਸ ਦੇ ਨਾਲ ਨਾਲ ਹੀ ਆਪਣੇ ਜਜਮਾਨਾਂ ਦੀ ਕੀਰਤੀ ਵਿਚ 'ਜੱਸ' ਦੇ ਦੋਹੇ ਗਾਉਂਦਾ ਹੈ। ਦੂਲ੍ਹੇ ਦਾ ਪਿਓ, ਮਿਰਾਸੀ ਤੇ ਹੋਰ ਕਮੀਆਂ ਨੂੰ ਲਾਗ ਦੇਂਦਾ ਹੈ।

**(ਜ-3) ਜੱਸੀ :**

ਬਠਿੰਡੇ ਦੇ ਨੇੜੇ ਇਕ ਪਿੰਡ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਮਰਤੀ ਵਿਚ ਗੁਰਦਵਾਰਾ ਬਣਿਆ ਹੋਇਆ ਹੈ। ਇਸ ਗੁਰਦਵਾਰੇ ਦੇ ਨਾਲ ਇਕ ਸਰੋਵਰ ਹੈ, ਜਿਸ ਬਾਰੇ ਸਾਖੀ ਹੈ ਕਿ ਇਸ ਤਾਲ ਵਿਚੋਂ ਗੁਰੂ ਗੋਬਿੰਦ ਸਿੰਘ, ਨੀਲਾ ਬਾਣਾ ਪਹਿਨੀ, ਘੋੜੇ ਤੇ ਸਵਾਰ ਹੋ ਕੇ ਲੰਘੇ ਸਨ। ਰਵਾਇਤ ਹੈ ਕਿ ਪਾਣੀ ਵਿਚ ਲੰਘਦਿਆਂ ਗੁਰੂ ਦੀ ਨੀਲੀ ਪੁਸ਼ਾਕ ਸਫੈਦ ਹੋ ਗਈ। ਇਸੇ ਘਟਨਾ ਤੋਂ ਇਸ ਤਾਲ ਦਾ ਨਾਂ 'ਬਾਗ ਸਰ' ਪੈ ਗਿਆ।

**(ਜ-4) ਜਹੰਨਮ :**

(ਵੇਖੋ : ਦੋਜ਼ਖ)।

**(ਜ-5) ਜਹਾਦ :**

ਧਰਮ ਯੁੱਧ; ਮੁਸਲਮਾਨੀ ਧਾਰਨਾ ਅਨੁਸਾਰ ਕਾਫ਼ਰਾਂ ਨਾਲ ਧਰਮ ਦੀ ਖ਼ਾਤਰ ਕੀਤੀ ਲੜਾਈ। ਕੁਰਾਨ ਵਿਚ ਅਜਿਹੀ ਯੁੱਧ ਦੀ ਵਡਿਆਈ ਕੀਤੀ ਗਈ ਹੈ। ਧਾਰਨਾ ਹੈ ਕਿ ਜਹਾਦ ਵਿਚ ਸ਼ਹੀਦ ਹੋਣ ਵਾਲਿਆਂ ਨੂੰ ਬਹਿਸ਼ਤ ਵਿਚ ਹੂਰਾਂ ਮਿਲਦੀਆਂ ਹਨ। ਜਹਾਦ ਵਿਚ ਲੜਣ ਵਾਲੇ ਯੋਧਿਆਂ ਨੂੰ 'ਗਾਜ਼ੀ' ਕਿਹਾ ਜਾਂਦਾ ਹੈ (ਵੇਖੋ : ਗ਼ਾਜ਼ੀ)।

**(ਜ-6) ਜਹਾਨੀਆਂ ਪੀਰ :**

ਮੁਸਲਮਾਨਾਂ ਦੇ ਪੰਜਾਂ ਪੀਰਾਂ ਵਿਚੋਂ ਇਕ ਪੀਰ, ਇਸ ਦਾ

[illegible]

[illegible]

[illegible]

[illegible]

[illegible]

[illegible]

[illegible]

[illegible]

'ਜ਼ਰਤੀਆਂ ਸੁਣਾਉਣੀਆਂ' ਕਹਿੰਦੇ ਹਨ।

(ਜ-11) ਜ਼ਕਾਤ :

ਆਮਦਨੀ ਤੇ ਧਨ ਦੌਲਤ ਦਾ ਉਹ ਹਿੱਸਾ, ਜੋ ਮੁਸਲਮਾਨ ਧਰਮ ਅਰਥ ਕਢਦੇ ਹਨ। ਜ਼ਕਾਤ ਦੇ ਸ਼ਾਬਦਿਕ ਅਰਥ ਸੁਧੀ ਜਾਂ ਪਵਿੱਤਰਤਾ ਦੇ ਹਨ। ਨਿਸਚਾ ਹੈ ਕਿ 'ਜ਼ਕਾਤ' ਕਢਣ ਨਾਲ, ਬਾਕੀ ਧਨ-ਦੌਲਤ ਪਵਿਤ੍ਰ ਹੋ ਜਾਂਦੀ ਹੈ। ਮੁਸਲਮਾਨਾਂ ਵਿਚ ਜ਼ਕਾਤ ਦੇਣਾ, ਸ਼ਰ੍ਹਾ ਦੇ ਅੰਤਰਗਤ ਹੈ।

ਜ਼ਕਾਤ ਬਾਰੇ ਹਦੀਸਾਂ ਵਿਚ ਵਿਸਥਾਰ ਨਾਲ ਲਿਖਿਆ ਮਿਲਦਾ ਹੈ। ਹਰੇਕ ਤਰ੍ਹਾਂ ਦੇ ਮਾਲ-ਧਨ, 'ਪਸ਼ੂ' ਉੱਤੇ ਵੱਖ-ਵੱਖਰੀ ਜ਼ਕਾਤ ਹੈ। ਜਿਹੜੀ ਸ਼ੈਅ ਇਕ ਸਾਲ ਕਬਜ਼ੇ ਵਿਚ ਰਹੇ, ਉਸ 'ਤੇ ਜ਼ਕਾਤ ਦੇਣੀ ਜ਼ਰੂਰੀ ਮਿਥੀ ਗਈ ਹੈ। ਹਦੀਸਾਂ ਅਨੁਸਾਰ, ਚਾਰ ਊਠ ਜਿਸ ਸ਼ਖਸ ਪਾਸ ਹੋਣ ਉਸ ਉਪਰ ਜ਼ਕਾਤ ਨਹੀਂ, ਪਰ ਪੰਜ ਊਠਾਂ ਦੇ ਮਾਲਕ ਨੂੰ ਇਕ ਭੇਡ ਜਾਂ ਬਕਰਾ ਹਰ ਸਾਲ ਜ਼ਕਾਤ ਵਜੋਂ ਦੇਣਾ ਜ਼ਰੂਰੀ ਹੈ; ਦਸ ਊਠ ਵਾਲੇ ਨੂੰ ਦੋ, ਅਤੇ ਚਾਲੀ ਵਾਲੇ ਨੂੰ ਚਾਰ ਬਕਰੇ ਦੇਣੇ ਚਾਹੀਦੇ ਹਨ। ਤੀਹਾਂ ਤੋਂ ਘੱਟ ਗਊਆਂ-ਭੈਂਸਾਂ ਉਤੇ ਜ਼ਕਾਤ ਨਹੀਂ, ਤੀਹਾਂ ਦੇ ਮਾਲਕ ਨੂੰ ਹਰ ਸਾਲ ਇਕ ਵਰ੍ਹੇ ਦੀ ਉਮਰ ਦਾ ਵੱਛਾ, ਜ਼ਕਾਤ ਵਜੋਂ ਦੇਣਾ ਚਾਹੀਦੇ। ਚਾਲੀ ਪਸ਼ੂਆਂ ਉਪਰ ਦੋ ਵਰ੍ਹੇ ਦੀ ਉਮਰ ਦਾ ਵੱਛਾ ਜ਼ਕਾਤ ਵਿਚ ਦੇਣਾ ਚਾਹੀਦੇ। ਚਾਲੀ ਪਸ਼ੂਆਂ ਤੋਂ ਉਪਰ ਹੋਣ ਤਾਂ ਦੋ ਵਰ੍ਹੇ ਦੀ ਉਮਰ ਦਾ ਵੱਛਾ ਦੇਣਾ ਚਾਹੀਦਾ ਹੈ। ਘੋੜਿਆਂ ਦੀ ਕੀਮਤ ਲਾ ਕੇ ਪੰਜ ਫ਼ੀਸਦੀ ਜ਼ਕਾਤ ਹੈ, ਪਰ ਜੋ ਘੋੜੇ ਜੰਗ ਦੇ ਕੰਮ ਆਉਣ ਜਾਂ ਗੱਡੀਆਂ ਵਿਚ ਜੋਤੇ ਜਾਣ, ਉਨ੍ਹਾਂ ਉਤੇ ਜ਼ਕਾਤ ਨਹੀਂ। ਦੋ ਸੌ ਦਿਰਹਮ (ਇਕ ਚਾਂਦੀ ਦਾ ਸਿਕਾ) ਤੋਂ ਘਟ ਚਾਂਦੀ ਉਪਰ ਜ਼ਕਾਤ ਨਹੀਂ, ਇਸ ਤੋਂ ਵਧ ਹੋਵੇ ਤਦ ਪੰਜ ਫ਼ੀਸਦੀ ਜ਼ਕਾਤ ਹੈ, ਬੀਸ ਮਿਸ਼ਕਾਲ (ਇਕ ਸਾਢੇ ਚਾਰ ਮਾਸੇ ਤੋਲ ਦਾ ਸਿਕਾ) ਤੋਂ ਘਟ ਸੋਨੇ ਤੇ ਜ਼ਕਾਤ ਨਹੀਂ, ਇਸ ਤੋਂ ਵਧ ਹੋਵੇ ਤਾਂ ਫ਼ੀ ਮਿਸ਼ਕਾਲ ਦੋ ਕੀਰਾਤ (ਦੋ ਰਤੀ ਦੇ ਬਰਾਬਰ ਤੋਲ) ਜ਼ਕਾਤ ਹੈ। ਘਰ ਦੇ ਮਾਲ ਅਸਬਾਬ ਉਤੇ, ਜੋ ਵਰਤੋਂ ਵਿਚ ਨਹੀਂ ਆਉਂਦਾ, ਪਰ ਦੋ ਸੌ ਦਿਰਹਮ ਤੋਂ ਵਧੀਕ ਮੁਲ ਦਾ ਹੋਵੇ ਤਾਂ ਢਾਈ ਫ਼ੀਸਦੀ ਜ਼ਕਾਤ ਹੈ (ਮਹਾਨ ਕੋਸ਼, ਪੰਨਾ 374)।

ਜ਼ਕਾਤ ਦਾ ਮਾਲ ਹਦੀਸਾਂ ਅਨੁਸਾਰ ਸਤ ਥਾਈਂ ਵੰਡਣਾ ਚਾਹੀਦਾ ਹੈ–1. ਫ਼ਕੀਰਾਂ ਵਿਚ, 2. ਅਨਾਥਾਂ ਵਿਚ

ਜਿਹੜਾ ਮੁਸਲਮਾਨ ਜ਼ਕਾਤ ਨਹੀਂ ਕਢਦਾ, ਉਸ ਦੀ ਆਮਦਨੀ ਪਵਿੱਤਰ ਨਹੀਂ ਮੰਨੀ ਜਾਂਦੀ। ਸਿੱਖਾਂ ਵਿਚ ਵੀ ਦਸਵੰਦ (ਆਮਦਨੀ ਦਾ ਦਸਵਾਂ ਹਿੱਸਾ) ਧਰਮ ਅਰਥ ਵਜੋਂ ਦੇਣਾ ਜ਼ਰੂਰੀ ਹੈ।

(ਜ-12) ਜਖ :

1. ਦੇਵਤਿਆਂ ਦੀ ਇਕ ਜਾਤੀ, ਜਿਸ ਦੀ ਪੂਜਾ ਕਿਸੇ ਵੇਲੇ ਆਮ ਪ੍ਰਚਲਤ ਸੀ। ਅਜ ਵੀ ਕਈ ਪਹਾੜੀ ਖੇਤਰਾਂ ਵਿਚ ਜਖ ਪੂਜੇ ਜਾਂਦੇ ਹਨ। ਜੱਖ ਸੰਸਕ੍ਰਿਤ ਦੇ ਸ਼ਬਦ ਯਕਸ਼ ਦਾ ਵਿਗਾੜ ਹੈ। ਪਾਲੀ ਵਿਚ ਯਕਸ਼ ਨੂੰ ਯੱਖ ਤੇ ਪ੍ਰਾਕ੍ਰਿਤ ਵਿਚ ਜੱਖ ਕਿਹਾ ਜਾਂਦਾ ਸੀ। ਪੰਜਾਬੀ ਵਿਚ ਪ੍ਰਾਕ੍ਰਿਤ ਰੂਪ ਜੱਖ ਹੀ ਪ੍ਰਚਲਤ ਹੈ। ਕੋਸ਼ ਜੱਖ ਦਾ ਮੂਲ ਧਾਤੂ ਯੱਜ ਮੰਨਦਾ ਹੈ, ਜਿਸ ਦੇ ਅਰਥ ਹਨ ਕਿਸੇ ਦੇਵਤੇ ਦੀ ਉਪਾਸਨਾ ਕਰਨਾ। ਸੋ ਯਕਸ਼ ਤੋਂ ਭਾਵ ਜੋ ਉਪਾਸਨਾ ਦੇ ਯੋਗ ਹੋਵੇ। ਕਈ ਵਿਦਵਾਨ ਯਕਸ਼ ਸ਼ਬਦ ਨੂੰ ਆਸਟ੍ਰਿਕ ਮੂਲ ਦਾ ਮੰਨਦੇ ਹਨ (ਵੇਖੋ : ਜੱਖ ਪੂਜਾ)।

2. ਸ਼ਾਹਪੁਰ ਦੇ ਇਲਾਕੇ ਵਿਚ, ਪਿੰਡ ਦੇ ਮਰਾਸੀ ਨੂੰ ਦਿਤੀ ਲਾਗ ਦੀ ਰਕਮ ਨੂੰ 'ਜੱਖ' ਕਿਹਾ ਜਾਂਦਾ ਹੈ। ਇਸ ਪ੍ਰਸੰਗ ਵਿਚ ਜੱਖ, ਦੱਖਣਾ ਦਾ ਵਿਕਰਤ ਰੂਪ ਜਾਪਦਾ ਹੈ।

3. ਮੁਲਤਾਨ ਦੇ ਜਿਲੇ ਵਿਚ ਪਿੰਡ ਦੇ ਪੀਰ ਜਾਂ ਮੁੱਲਾ ਨੂੰ ਜੋ ਝਾੜ ਫੂਕ ਕਰਦੇ ਤੇ ਗੰਢਾਂ ਤਵੀਤ ਦੇਂਦੇ ਹਨ ਅਥਵਾ ਸੰਸਕਾਰਾਂ ਨਾਲ ਸਬੰਧਿਤ ਕੋਈ ਕਰਮ-ਕਾਂਡ ਕਰਨ ਵਿਚ ਮਦਦ ਕਰਦੇ ਹਨ, ਉਨ੍ਹਾਂ ਨੂੰ ਸੇਵਾ ਦੇ ਬਦਲੇ ਫ਼ਸਲਾਂ ਦੀ ਕਟਾਈ ਤੇ ਗਾਹ ਮਗਰੋਂ ਕੁਝ ਹਿੱਸਾ ਦੱਖਣਾ ਵਜੋਂ ਦਿਤਾ ਜਾਂਦਾ ਹੈ, ਜਿਸਨੂੰ 'ਜੱਖ' ਜਾਂ 'ਰਸੂਲ ਅਰਵਾਹੀ' ਕਹਿੰਦੇ ਹਨ। ਇਹ ਕੁਝ ਕੁ ਸੇਰ ਹੀ ਅੰਨ ਹੁੰਦਾ ਹੈ।

(ਜ-13) ਜੱਖ ਪੂਜਾ :

ਜੱਖ ਦਿਓਤਿਆਂ ਦੀ ਇਕ ਖ਼ਾਸ ਜਾਤੀ ਹੈ, ਜਿਨਾਂ ਦੀ ਪੂਜਾ ਪੰਜਾਬ ਦੇ ਪਹਾੜੀ ਇਲਾਕੇ, ਖ਼ਾਸ ਤੌਰ 'ਤੇ ਚੰਬਾ ਤੇ ਕਾਂਗੜੇ ਵਿਚ ਅਜ ਵੀ ਆਮ ਪ੍ਰਚਲਤ ਹੈ। ਚੰਬਾ ਵਿਚ, ਜੱਖ ਦਿਓਤੇ ਦਾ ਗਊ ਦੇ ਦੁੱਧ ਉਤੇ ਅਧਿਕਾਰ ਮੰਨਿਆ ਗਿਆ ਹੈ। ਹਰੇਕ ਗਊ ਦਾ ਵਖਰਾ ਜੱਖ ਹੁੰਦਾ ਹੈ ਤੇ ਜਦ ਗਊ ਖ਼ਰੀਦੀ ਜਾਂਦੀ ਹੈ ਤਾਂ ਉਸ ਦੇ ਮਾਲਕ ਤੋਂ ਜੱਖ ਦਾ ਨਾਂ ਪੁਛ ਲਿਆ ਜਾਂਦਾ ਹੈ ਤਾਂ ਜੋ ਜੱਖ ਦੀਆਂ ਮੰਗਾਂ ਯੋਗ ਢੰਗ ਨਾਲ ਪੂਰੀਆਂ ਕੀਤੀਆਂ ਜਾ ਸਕਣ ਜੱਖ ਦੀ ਭੇਟਾ ਚਾੜ੍ਹਿਆ ਜਾਂਦਾ ਹੈ। ਪਰ ਜੇ ਵੱਛੀ ਜੰਮੇ ਤਾਂ ਬਕਰਾ ਭੇਟ ਕੀਤਾ ਜਾਂਦਾ ਹੈ। ਸਿਬੀ ਦੇ ਲੋਕ ਘਿਉ ਨੂੰ ਵੇਚਣ ਤੋਂ ਪਹਿਲਾਂ ਕੁਝ ਘਿਉ, ਦੁੱਧ ਤੇ ਦਹੀਂ ਜੱਖ ਨੂੰ ਭੇਟ ਕਰਦੇ ਹਨ (ਗਲਾਸਰੀ, 1,233)।

ਜੱਖ ਪੂਜਾ ਪ੍ਰਾਚੀਨ ਕਾਲ ਵਿਚ ਭਾਰਤ ਵਿਚ ਕਾਫ਼ੀ ਪ੍ਰਚਲਤ ਸੀ। ਜੱਖ ਪੂਜਾ ਦਾ ਵਰਣਨ ਰਿਗਵੇਦ, ਯੁਜਰਵੇਦ, ਅਥਰਵੇਦ, ਬ੍ਰਾਹਮਣਾਂ, ਉਪਨਿਸ਼ਦਾਂ, ਗ੍ਰਹਿ ਸੂਤਰਾਂ, ਜਾਤਕਾਂ ਤੇ ਪੁਰਾਣਾਂ ਵਿਚ ਮਿਲਦਾ ਹੈ। ਜੱਖ ਪ੍ਰਾਚੀਨ ਕਾਲ ਵਿਚ ਦੇਵੀ ਦੇਵਤਿਆਂ ਦੀ ਬਰਾਦਰੀ ਵਿਚ ਬਰਾਬਰ ਦਾ ਦਰਜਾ ਰਖਦੇ ਸਨ। ਦੇਵਤਿਆਂ ਦੇ ਨਾਲ ਇਨ੍ਹਾਂ ਦੀ ਵੀ ਮਾਨਤਾ ਸੀ। ਪ੍ਰਾਚੀਨ ਕਾਲ ਵਿਚ ਕਿਸੇ ਵੇਲੇ ਜੱਖਾਂ ਦਾ ਆਦਰ ਮਾਣ ਦੇਵਤਿਆਂ ਤੋਂ ਵੀ ਵੱਧ ਹੁੰਦਾ ਸੀ। ਮਗਰੋਂ ਆਰਿਆਈ ਦੇਵਤੇ ਇੰਦਰ, ਮਿੱਤ੍ਰ, ਵਰੁਣ ਤੇ ਸੂਰਜ ਦੀ ਮਾਣ ਪ੍ਰਤਿਸ਼ਠਾ ਵਧਣ ਨਾਲ ਜੱਖਾਂ ਨੂੰ ਹੇਠਲਾ ਦਰਜਾ ਮਿਲਿਆ। ਡਾ. ਵਾਸੁਦੇਵ ਐਸ. ਅਗਰਵਾਲ ਜੱਖ ਬਾਰੇ ਲਿਖਦੇ ਹਨ : ਇਨ੍ਹਾਂ ਆਰੀਅਨ ਦਿਉਤਿਆਂ ਵਿਚ ਬਹੁਤਿਆਂ ਦੀ ਕਿਸੇ ਨਾ ਕਿਸੇ ਵੇਲੇ ਯਕਸ਼ ਨਾਲ ਤੁਲਨਾ ਦਿਤੀ ਜਾਂਦੀ ਸੀ। ਇਸ ਤਰ੍ਹਾਂ ਤੁਲਨਾ ਦੇਣ ਨਾਲ ਇਹ ਸਮਝਿਆ ਜਾਂਦਾ ਸੀ ਕਿ ਉਸ ਦਿਉਤੇ ਨੂੰ ਆਦਰ ਮਾਣ ਦਿਤਾ ਜਾ ਰਿਹਾ ਹੈ। ਸਮੇਂ ਦੇ ਲੰਘਣ ਨਾਲ ਆਰਿਆਈ ਦੇਵਤਿਆਂ ਦਾ ਗੌਰਵ ਵਧਿਆ ਅਤੇ ਉਨ੍ਹਾਂ ਦੇ ਮੁਕਾਬਲੇ ਵਿਚ ਯਕਸ਼ ਆਪਣਾ ਉੱਚਾ ਰੁਤਬਾ ਗੰਵਾ ਬੈਠੇ।

ਪਰ ਹੌਲੇ ਹੌਲੇ, ਜੱਖ ਵੀ ਭੂਤ ਪ੍ਰੇਤ ਤੇ ਰਾਖਸ਼ ਦੀ ਸ਼੍ਰੇਣੀ ਵਿਚੋਂ ਹੀ ਇਕ ਸਮਝੇ ਜਾਣ ਲਗੇ। ਕਈ ਜੱਖਾਂ ਬਾਰੇ ਪ੍ਰਸਿਧ ਹੋ ਗਿਆ ਕਿ ਉਹ ਮਨੁਖ ਦੇ ਮਾਸ ਤੇ ਪਲਦੇ ਹਨ ਤੇ ਬਲੀ ਦੇਣ ਨਾਲ ਪਤਿਆਏ ਜਾਂਦੇ ਹਨ।

ਕਈ ਸਥਾਨਿਕ ਜੱਖ ਤੇ ਜੱਖੀ ਤੋਂ, ਉਨ੍ਹਾਂ ਦੇ ਕਰੋਧਵਾਨ ਸੁਭਾਵ ਕਾਰਨ, ਲੋਕੀ ਡਰਿਆ ਕਰਦੇ ਸਨ, ਮਿਸਾਲ ਵਜੋਂ 'ਜ਼ੂਰਾ' ਜੋ ਰਾਜਗੜ੍ਹ ਦੀ ਜੱਖੀ ਸੀ ਤੇ ਬੱਚਿਆਂ ਦਾ ਲਹੂ ਪੀਤਾ ਕਰਦੀ ਸੀ, ਤੋਂ ਲੋਕ ਬੜਾ ਭੈਅ ਖਾਂਦੇ। ਪਹਿਲਾਂ ਇਸ ਨੂੰ ਕ੍ਰਿਸ਼ਨ ਨੇ ਤੇ ਫਿਰ ਮਹਾਤਮਾ ਬੁੱਧ ਨੇ ਸੋਧਿਆ ਤੇ ਮਗਰੋਂ ਇਹ ਬੱਚਿਆਂ ਲਈ ਕਲਿਆਨਕਾਰੀ ਦੇਵੀ ਮੰਨੀ ਜਾਣ ਲਗੀ। ਇਸ ਦੇ ਚਿਤ੍ਰ ਰਾਜਗੜ੍ਹ ਨਗਰ ਦੇ ਹਰੇਕ ਘਰ ਵਿਚ ਉਲੀਕੇ ਜਾਣ ਲਗੇ।

ਇਸੇ ਤਰ੍ਹਾਂ ਦੀ ਇਕ ਹੋਰ ਜੱਖੀ 'ਉਲੂਖਲ ਮੇਖਲਾ' ਸੀ ਜਿਸ ਤੋਂ ਲੋਕੀ ਕਦੇ ਬੜਾ ਭੈਅ ਖਾਂਦੇ ਸਨ ਪਰ ਹੁਣ

ਜੈਨ ਤੇ ਬੁੱਧ ਧਰਮ ਦਾ ਯੱਖਾਂ ਨਾਲ ਗਹਿਰਾ ਸਬੰਧ ਰਿਹਾ ਹੈ। ਜੈਨ ਮਤ ਵਿਚ ਹਰ ਤੀਰਥੰਕਰ ਦੀ ਕੋਈ ਨਾ ਕੋਈ ਜੱਖ ਜਾਂ ਜੱਖੀ ਸੇਵਕਾ ਹੈ। ਬੋਧ-ਸਾਹਿਤ ਵਿਚ ਜੱਖ ਦੇਉਤਿਆਂ ਦੀ ਲੰਮੀ ਸੂਚੀ ਮਿਲਦੀ ਹੈ। ਬੁੱਧ-ਧਰਮ ਦੇ ਮਥੁਰਾ ਕਾਲ ਵਿਚ ਜੱਖਾਂ ਤੇ ਜੱਖੀਆਂ ਦੇ ਅਨੇਕਾਂ ਬੁਤ, ਬੋਧ ਸਰੂਪਾਂ ਵਿਚ ਸਥਾਪਿਤ ਕੀਤੇ ਗਏ ਤੇ ਉਦੋਂ ਲਗਦਾ ਸੀ ਜੱਖ ਮਤ ਬੋਧ ਮਤ ਦਾ ਇਕ ਸੁਭਾਵਿਕ ਅੰਗ ਹੈ।

ਜੱਖ ਅਦਭੁਤ ਤੇ ਅਪੂਰਵ ਸੁੰਦਰਤਾ ਦੇ ਸਵਾਮੀ ਸਨ। ਸੰਸਕ੍ਰਿਤ ਸਾਹਿਤ ਵਿਚ ਇਨ੍ਹਾਂ ਦੀ ਛਬੀਲੀ ਸੁੰਦਰਤਾ ਵਲ ਸੰਕੇਤ ਮਿਲਦੇ ਹਨ। ਰਿਗਵੇਦ ਵਿਚ ਯਕਸ਼ਾਂ ਦੇ ਸੁੰਦਰ ਸਰੂਪ ਦਾ ਵਰਨਣ ਹੈ। ਇਸੇ ਲਈ ਯੱਖਾਂ ਨੂੰ 'ਮਹਾਂ ਅਦਭੁਤ' ਵੀ ਕਿਹਾ ਜਾਂਦਾ ਸੀ। ਯੱਖਾਂ ਨੂੰ 'ਰਾਜਾ' ਵੀ ਕਿਹਾ ਜਾਂਦਾ ਤੇ ਕੁਬੇਰ ਨੂੰ, ਜੋ ਯੱਖਾਂ ਦਾ ਰਾਜਾ ਹੋਣ ਦੇ ਨਾਤੇ ਰਾਜਿਆਂ ਦਾ ਰਾਜਾ ਕਿਹਾ ਜਾਂਦਾ। ਰਾਜਾ ਸ਼ਬਦ ਦਾ ਧਾਤੂ ਰਾਜ ਹੈ ਜਿਸ ਦਾ ਭਾਵ ਹੈ ਚਮਕਣਾ। ਜੱਖ ਚਾਨਣ ਵਾਂਗ ਲਸਦੀ ਸੁੰਦਰਤਾ ਕਾਰਨ ਰਾਜੇ ਅਖਵਾਉਂਦੇ ਸਨ।

ਯਕਸ਼ ਲਈ ਕਈ ਥਾਈਂ ਬ੍ਰਹਮ ਦਾ ਸ਼ਬਦ ਵੀ ਵਰਤਿਆ ਗਿਆ ਹੈ। ਮਹਾਂਭਾਰਤ ਵਿਚ 'ਯਕਸ਼ ਮਾਹਾ' ਨੂੰ 'ਬ੍ਰਹਮ ਮਾਹਾ' ਦਾ ਨਾਂ ਵੀ ਦਿਤਾ ਗਿਆ ਹੈ। ਅਥਰਵੇਦ ਵਿਚ ਇਕ ਬ੍ਰਹਮਪੁਰੀ ਦਾ ਵਰਨਣ ਆਉਂਦਾ ਹੈ, ਜਿਥੇ ਯਕਸ਼ ਰਹਿੰਦੇ ਮੰਨੇ ਗਏ ਹਨ। ਅੰਮ੍ਰਿਤ ਦਾ ਕੁੰਭ ਜੱਖਾਂ ਦੇ ਅਧਿਕਾਰ ਵਿਚ ਹੀ ਹੈ।

ਮਹਾਂਭਾਰਤ ਵਿਚ ਯਕਸ਼ ਤੇ ਯੁਧਿਸ਼ਟਰ ਦੀ ਜੋ ਗੱਲਬਾਤ ਮਿਲਦੀ ਹੈ, ਉਸ ਅਨੁਸਾਰ ਯਕਸ਼ ਕਦ-ਕਾਠ ਦੇ ਲੰਮੇ, ਪਰਬਤ ਵਾਂਗ ਵਡੇ, ਮਹਾਂਬਲੀ, ਅਦ੍ਰਿਸ਼ਟ, ਅਜਿਤ ਤੇ ਸੂਰਜ ਦੀ ਜਲੌ ਵਾਲੇ ਹੁੰਦੇ ਹਨ। ਜਿਹੜਾ ਸ਼ਖ਼ਸ ਜੱਖ ਦੀ ਉਪਾਸਨਾ ਕਰਦਾ ਹੈ, ਜੱਖ ਉਸ ਨੂੰ ਅੰਮ੍ਰਿਤ ਬਖ਼ਸ਼ਦਾ ਹੈ।

ਰਾਮਾਇਣ ਅਨੁਸਾਰ ਬ੍ਰਹਮਾ ਨੇ ਤਿੰਨ ਵਰ ਕੁਬੇਰ ਨੂੰ ਦਿਤੇ : ਅਮਰਤਵ, ਸਨੇਸ਼ਤਵ, ਲੋਕਪਾਲਤਵ। ਅੰਮ੍ਰਿਤ ਕੁਬੇਰ ਦੇ ਮਹਿਲਾਂ ਵਿਚ, ਇਕ ਖ਼ਾਸ ਥਾਂ, ਇਕ ਕਲਸ਼ ਵਿਚ ਸੁਰਖਿਅਤ ਹੈ, ਜਿਥੇ ਸਰਪ ਇਸ ਦੀ ਰਾਖੀ ਕਰਦੇ ਹਨ। ਇਸ ਅੰਮ੍ਰਿਤ ਦਾ ਰੰਗ ਮਾਖਿਓਂ ਨਾਲ ਮਿਲਦਾ ਹੈ। ਯਕਸ਼ਾਂ ਦੀਆਂ ਮੂਰਤੀਆਂ ਵਿਚ ਕਈ ਵਾਰ ਉਨ੍ਹਾਂ ਦੇ ਖੱਬੇ ਹੱਥ ਵਿਚ ਅੰਮ੍ਰਿਤ ਦਾ ਘੜਾ ਵਿਖਾਇਆ ਜਾਂਦਾ ਹੈ। ਇਸੇ ਅੰਮ੍ਰਿਤ ਦੀ ਪ੍ਰਾਪਤੀ ਲਈ ਯੱਖ ਦੀ ਪੂਜਾ ਸ਼ੁਰੂ ਹੋਈ। ਤੇ ਇਸੇ ਅੰਮ੍ਰਿਤ ਸਦਕਾ ਯੱਖ ਨੂੰ ਅਪਰਾਜਿਤ ਕਿਹਾ ਜਾਂਦਾ ਹੈ। ਬੋਧ ਗ੍ਰੰਥ 'ਰਖਸ਼ਾ ਮੰਤਰ' ਦਾ ਜ਼ਿਕਰ ਕਰਦਾ ਹੈ, ਜਿਨ੍ਹਾਂ ਦਾ ਉਚਾਰਨ ਕਰਨ ਨਾਲ ਜੱਖ ਦੁੱਖ ਨਹੀਂ ਦੇਂਦੇ ਤੇ ਦੂਰ ਰਹਿੰਦੇ ਹਨ।

ਕਿਸੇ ਸਮੇਂ ਪੰਜਾਬ ਵਿਚ ਵੀ ਜੱਖਾਂ ਦੀ ਪੂਜਾ ਆਮ ਪ੍ਰਚਲਤ ਸੀ। ਮਹਾ ਮਾਯੂਰੀ ਗ੍ਰੰਥ, ਜੋ ਤੀਜੀ ਸਦੀ ਈਸਵੀ ਵਿਚ ਰਚਿਆ ਗਿਆ, ਵਿਚ ਸਥਾਨਕ ਯੱਖਾਂ ਦੀ ਇਕ ਸੂਚੀ ਉਨ੍ਹਾਂ ਦੇ ਨਾਵਾਂ ਤੇ ਥਾਵਾਂ ਸਮੇਤ, ਤੇ ਜਿਥੇ ਜਿਥੇ ਉਹ ਪੂਜੇ ਜਾਂਦੇ ਹਨ, ਦਰਜ ਹੈ। ਇਸ ਸੂਚੀ ਅਨੁਸਾਰ ਮਾਲਧਾਰ ਜੱਖ ਦੀ ਪੂਜਾ ਅਗਰੋਦਕ (ਵਰਤਮਾਨ ਅਗਰੋਹਾ) ਵਿਚ ਹੁੰਦੀ ਸੀ। ਸਰਵਭਦਰਾ ਦੀ ਸਾਕਲ (ਸਿਆਲਕੋਟ) ਵਿਚ, ਪ੍ਰਭੰਜਨਾ ਦੀ ਤਖਸ਼ਿਲਾ ਵਿਚ, ਪੁਸ਼ਪਦੰਤਾ ਦੀ ਚੰਦਾ ਵਿਚ, ਤਰਾਕਰਾ ਤੇ ਕੁਤਰਾਰਕਾ ਦੀ ਕੁਰਖੇਤਰ ਵਿਚ। ਕੁਰਖੇਤਰ ਵਿਚ ਤਾਂ ਜੱਖ ਪੂਜਾ ਨੂੰ ਮਾਨਤਾ ਪ੍ਰਾਪਤ ਸੀ।

ਜੱਖਾਂ ਦੇ ਨਾਵਾਂ ਦੀ ਸੂਚੀ ਵਿਚ ਕੁਝ ਨਾਉਂ ਦੁਰਯੋਧਨ, ਅਰਜਨ, ਵਿਸ਼ਨੂੰ, ਸ਼ੰਕਰ, ਇੰਦਰ, ਬ੍ਰਹਸਪਤੀ ਤੇ ਮਹਾਕਾਲ ਆਦਿ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ ਦਾ ਸਬੰਧ ਬ੍ਰਾਹਮਣੀ, ਜੈਨੀ ਤੇ ਬੋਧੀ ਧਰਮ ਨਾਲ ਹੈ ਤੇ ਜੋ ਇਸ ਗੱਲ ਦੇ ਬੋਧਕ ਹਨ ਕਿ ਲੋਕ-ਧਰਮ ਵਿਚ ਕਈ ਸੰਕਲਪ ਇਕ ਦੂਜੇ ਵਿਚ ਰਲ ਮਿਲ ਜਾਂਦੇ ਹਨ। ਤੇ ਇਹ ਇਕਹਿਰਾ ਨਹੀਂ ਸੰਜੁਗਤ ਹੁੰਦਾ ਹੈ।

ਜੱਖ ਪੂਜਾ ਨਾਲ ਸਬੰਧਿਤ ਮੰਦਰ ਯਕਸ਼ ਭਵਨ ਅਖਵਾਉਂਦੇ ਸਨ। ਪੰਜਾਬ ਵਿਚ ਇਨ੍ਹਾਂ ਨੂੰ ਸਥਾਨ ਜਾਂ ਭੌਣ (ਭਵਨ) ਕਿਹਾ ਜਾਂਦਾ ਸੀ। ਇਹ ਖੁਲ੍ਹੇ ਆਕਾਸ਼ ਹੇਠ ਮਿੱਟੀ ਜਾਂ ਇੱਟਾਂ ਦੇ ਬਣੇ ਥੜੇ ਦੀ ਸ਼ਕਲ ਦੇ ਹੁੰਦੇ ਸਨ, ਜਿਨ੍ਹਾਂ ਉਤੇ, ਮੱਧ ਵਿਚ, ਨੋਕਦਾਰ ਆਲੇ ਦੀ ਸ਼ਕਲ ਦਾ ਛੱਜਾ ਖੜਾ ਹੁੰਦਾ। ਕਈ ਥਾਈਂ ਜੱਖ ਦੀ ਮਨੁਖੀ ਅਕਾਰ ਦੀ ਮੂਰਤੀ ਵੀ ਸਥਾਪਿਤ ਕੀਤੀ ਜਾਂਦੀ ਰਹੀ।

ਜੱਖ ਪੂਜਾ ਦੇ ਕੁਝ ਖ਼ਾਸ ਲੱਛਣ ਸਨ। ਪੂਜਾ ਸਮੇਂ ਫੁੱਲ, ਫੁਲਾਂ ਦੇ ਹਾਰ, ਧੂਪ ਦਾ ਚੜ੍ਹਾਵਾ ਚੜ੍ਹਿਆ ਜਾਂਦਾ ਤੇ ਸੰਗੀਤ ਦੀ ਖ਼ਾਸ ਵਰਤੋਂ ਕੀਤੀ ਜਾਂਦੀ। ਬਾਅਦ ਵਿਚ ਇਹੋ ਲੱਛਣ ਬ੍ਰਾਹਮਣੀ ਧਰਮ ਨੇ ਅਪਣਾ ਲਏ। ਗੀਤਾਂ ਵਿਚ ਜੱਖਾਂ ਦੀ ਪੂਜਾ ਵਿਧੀ ਵਲ ਸੰਕੇਤ ਇਉਂ ਪ੍ਰਗਟ ਹਨ : 'ਪਤਰਮ, ਪੁਸ਼ਪਮ, ਫਲਮ, ਤੋਯਮ।' ਇਹ ਪੂਜਾ ਇਤਨੀ ਲੋਕ ਪ੍ਰਚਲਤ ਹੋਈ ਕਿ ਇਸ ਨੇ ਵੈਦਿਕ ਯਜਨਾਂ ਦੀ ਥਾਂ ਲੈ ਲਈ।

ਸਮੇਂ ਨਾਲ 'ਜੱਖ ਪੂਜਾ' 'ਬੀਰ ਪੂਜਾ' ਦਾ ਰੂਪ ਧਾਰਨ

ਜਨਮ ਦਿਵਸ ਮੰਨ ਕੇ, ਮਹਾਂਬੀਰ ਦੀ ਪੂਜਾ ਕੀਤੀ ਜਾਂਦੀ ਹੈ ਤੇ ਚੂਰਮੇ ਦੀ ਭੇਟਾ ਚਾੜ੍ਹੀ ਜਾਂਦੀ ਹੈ।

ਕਾਮਸੂਤਰ ਅਨੁਸਾਰ, ਪ੍ਰਾਚੀਨ ਕਾਲ ਵਿਚ ਦਿਵਾਲੀ ਯਕਸ਼-ਰਾਤ੍ਰੀ ਦੇ ਤੌਰ ਉਤੇ ਪ੍ਰਸਿਧ ਸੀ। ਜਾਤਕਾਂ ਅਨੁਸਾਰ ਇਸ ਪੁਰਬ ਤੇ ਰਾਤ ਨੂੰ ਇਕ ਭਾਰੀ ਮੇਲਾ ਲਗਦਾ। ਰਾਤ ਨੂੰ ਚੌਪੜ ਤੇ ਜੂਆ ਖੇਡਿਆ ਜਾਂਦਾ ਤੇ ਲੋਕੀ ਸਾਰੀ ਰਾਤ ਜਾਗਦੇ ਰਹਿੰਦੇ।

ਮਗਰੋਂ ਯੱਖ ਪੂਜਾ ਦੀਆਂ ਕਈ ਵਿਧੀਆਂ ਹਿੰਦੂ ਧਰਮ ਨੇ ਗ੍ਰਹਿਣ ਕਰ ਲਈਆਂ।

(ਜ-14) **ਜੱਗ** :

ਦੇਵਤਿਆਂ ਦੀ ਪ੍ਰਸੰਨਤਾ ਲਈ ਕੀਤਾ ਗਿਆ ਹਵਨ, ਜਿਸ ਵਿਚ ਸਾਧਾਂ, ਸੰਤਾਂ ਬ੍ਰਾਹਮਣਾਂ ਤੇ ਫ਼ਕੀਰਾਂ ਆਦਿ ਨੂੰ ਅੰਨ ਛਕਾਇਆ ਜਾਂਦਾ ਹੈ (ਵੇਖੋ : ਯੱਗ)।

(ਜ-15) **ਜਗਦੰਬਾ** :

ਅੰਬਾ ਦੇਵੀ ਜੋ ਜਗਤ ਦੀ ਮਾਤਾ ਹੈ; ਜਗਤ-ਅੰਬਾ; ਜਗਤ ਦੀ ਮਾਂ; ਇਹ ਦੁਰਗਾ ਦੇਵੀ ਦੀ ਹੀ ਇਕ ਉਪਾਧੀ ਹੈ।

(ਜ-16) **ਜਗਨ ਨਾਥ** :

ਹਿੰਦੂਆਂ ਦੇ ਅਠਾਹਠ ਪਾਵਨ ਤੀਰਥਾਂ ਵਿਚੋਂ ਇਕ; ਜੋ ਉੜੀਸਾ ਵਿਚ ਸਥਿਤ ਹੈ। ਜਗਨ ਨਾਥ ਵਿਸ਼ਨੂੰ ਤੇ ਕ੍ਰਿਸ਼ਨ ਅਵਤਾਰ ਦੀ ਹੀ ਇਕ ਉਪਾਧੀ ਹੈ। ਇਕ ਧਾਰਨਾ ਅਨੁਸਾਰ ਜਗਨ ਨਾਥ ਕਿਸੇ ਅਗਿਆਤ ਕਬੀਲੇ ਦਾ ਸਥਾਨਕ ਦੇਵਤਾ ਸੀ, ਜਿਸ ਨੂੰ ਵਿਸ਼ਨੂੰ ਦਾ ਹੀ ਅਵਤਾਰ ਮੰਨ ਕੇ ਹਿੰਦੂ-ਦੇਵਮਾਲਾ ਵਿਚ ਪਰੋ ਲਿਆ ਗਿਆ।

''ਰਵਾਇਤਾਂ ਜਗਨ ਨਾਥ ਨੂੰ, ਵਿਸ਼ਨੂੰ ਦਾ ਹੀ ਇਕ ਪ੍ਰਕਾਸ਼ ਮੰਨਦੀਆਂ ਹਨ ਨਾ ਕਿ ਉਨ੍ਹਾਂ ਦੀ ਕਲਾ ਦਾ ਅਵਤਾਰ। ਆਮ ਲੋਕਾਂ ਦੀ ਵੀ ਇਹੋ ਧਾਰਨਾ ਹੈ। ਪਰੰਤੂ ਇਸ ਗੱਲ ਉਤੇ ਸੰਦੇਹ ਪ੍ਰਗਟ ਕੀਤਾ ਜਾਂਦਾ ਹੈ ਕਿ ਵਾਸਤਵ ਵਿਚ ਜਗਨ ਨਾਥ ਦਾ ਵਿਸ਼ਨੂੰ ਨਾਲ ਕੋਈ ਵਾਸਤਾ ਹੈ ਵੀ ਕਿ ਨਹੀਂ। ਸੰਭਵ ਹੈ ਕਿ ਉਹ ਕਿਸੇ ਅਗਿਆਤ ਕਬੀਲੇ ਦਾ ਸਥਾਨਿਕ ਦਿਉਤਾ ਹੋਵੇ, ਜਿਸ ਦੀ ਪੂਜਾ-ਅਰਚਾ, ਮਗਰੋਂ ਹਿੰਦੂਮਤ ਵਿਚ ਅੰਗੀਕਾਰ ਕਰ ਲਈ ਗਈ। ਇਹ ਨਵਾਂ ਦਿਉਤਾ ਜਦੋਂ ਦੇਵਮਾਲਾ

ਬੋਧੀ ਸਿਮਸ੍ਰ ਜਾਂ ਲੋਕਨਾਥ ਦਾ ਸਰੂਪ ਹੋਵੇ, ਜਿਸ ਵਿਚ ਉਸ ਦੇ ਫੁੱਲ (ਹੱਡੀਆਂ) ਰਖੀਆਂ ਗਈਆਂ ਹੋਣ ਅਤੇ ਬੁੱਧਮਤ ਦੇ ਪਤਨ ਤੇ ਹਿੰਦੂਮਤ ਦੀ ਚੜ੍ਹਤ ਕਾਲ ਵਿਚ ਇਸ ਮੰਦਰ ਨੂੰ ਹਿੰਦੂ ਮੰਦਰ ਵਿਚ ਬਦਲ ਦਿਤਾ ਗਿਆ ਹੋਵੇ।

ਜਗਨ ਨਾਥ ਦਾ ਵਰਤਮਾਨ ਮੰਦਰ 1100 ਈਸਵੀ ਵਿਚ ਅਨੰਤ ਚੋੜ ਗੰਗਾ (1076-1147) ਨੇ ਬਣਾਇਆ। ਇਹ ਮੰਦਰ ਇਕ 652 ਫੁਟ ਮੁਰੱਬਾ ਅਹਾਤੇ ਉਤੇ ਖੜਾ ਹੈ ਤੇ 630 ਫੁਟ ਲੰਮਾ ਹੈ। ਇਸ ਦੀ ਵਲਗਣ ਵਿਚ 120 ਮੰਦਰ ਹਨ, ਜਿਨ੍ਹਾਂ ਵਿਚੋਂ 13 ਸ਼ਿਵ ਦੇ ਹਨ। ਬਾਕੀਆਂ ਵਿਚੋਂ ਬਹੁਤੇ ਵਿਸ਼ਨੂੰ ਦੇ ਹਨ। ਇਸ ਵਿਚ ਜੋ ਮੂਰਤੀ ਸਥਾਪਿਤ ਹੈ, ਉਹ ਤਿੰਨ ਪੱਖੀ ਹੈ। ਵਿਚਕਾਰ ਜਗਨ ਨਾਥ ਦੀ ਮੂਰਤੀ ਹੈ, ਇਕ ਪਾਸੇ ਬਲਭੱਦਰ ਅਥਵਾ ਬਲਰਾਮ ਦੀ ਤੇ ਦੂਜੇ ਪਾਸੇ ਸੁਭਦਰਾ ਦੀ। ਇਹ ਦੋਵੇਂ ਕ੍ਰਿਸ਼ਨ ਦੇ ਭੈਣ ਭਰਾ ਸਨ। ਜਗਨ ਨਾਥ ਦੀ ਮੂਰਤੀ ਸੰਪੂਰਨ ਨਹੀਂ, ਇਸ ਦੀਆਂ ਦੋਵੇਂ ਬਾਹਵਾਂ ਨਹੀਂ। ਇਸ ਮੂਰਤੀ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ। ਇਕ ਰਾਜੇ ਇੰਦਰਦਮਨ ਨੇ, ਵਿਸ਼ਵਕਰਮਾ ਨੂੰ, ਜਗਨ ਨਾਥ ਦੀ ਮੂਰਤੀ ਘੜਨ ਦੀ ਬੇਨਤੀ ਕੀਤੀ। ਵਿਸ਼ਵਕਰਮਾ ਨੇ ਸ਼ਰਤ ਰਖੀ ਕਿ ਉਸਨੂੰ ਮੂਰਤੀ ਘੜਦਿਆਂ ਵੇਖਣ ਦਾ ਯਤਨ ਨਾ ਕੀਤਾ ਜਾਵੇ। ਕਿਉਂ ਜੋ ਇਸ ਤਰ੍ਹਾਂ ਉਸਦੀ ਬਿਰਤੀ ਉਖੜ ਜਾਵੇਗੀ ਤੇ ਮੂਰਤੀ ਮੁਕੰਮਲ ਨਹੀਂ ਹੋ ਸਕੇਗੀ। ਜਦੋਂ ਵਿਸ਼ਵਕਰਮਾ ਨੂੰ ਕੰਮ ਕਰਦਿਆਂ ਪੰਦਰਾਂ ਦਿਨ ਬੀਤ ਗਏ ਤਾਂ ਰਾਜਾ ਆਪਣੀ ਉਤਸੁਕਤਾ ਉਤੇ ਕਾਬੂ ਨਾ ਪਾ ਸਕਿਆ ਤੇ ਉਹ ਮੂਰਤੀ ਘੜੀਂਦੀ ਵੇਖਣ ਲਈ ਆ ਧਮਕਿਆ। ਵਿਸ਼ਵਕਰਮਾ ਨੇ ਮੂਰਤੀ ਨੂੰ ਅਧੂਰਾ ਹੀ ਛਡ ਦਿਤਾ। ਜਿਸ ਕਰਕੇ ਮੂਰਤੀ ਮੁਕੰਮਲ ਨਾ ਹੋ ਸਕੀ। ਰਾਜੇ ਨੇ ਇਸੇ ਮੂਰਤੀ ਨੂੰ ਸਥਾਪਿਤ ਕਰਨ ਲਈ ਦੇਵਤਿਆਂ ਨੂੰ ਨਿਉਤਾ ਦਿਤਾ। ਅਨੇਕਾਂ ਦੇਵਤੇ ਇਥੇ ਹੁੰਮ ਹੁੰਮਾ ਕੇ ਆਏ। ਬ੍ਰਹਮਾ ਨੇ ਖ਼ੁਦ ਪਰੋਹਿਤ ਦਾ ਕੰਮ ਕੀਤਾ। ਇਸ ਤਰ੍ਹਾਂ ਜਗਨ ਨਾਥ ਨੂੰ ਬੜੀ ਮਾਨਤਾ ਮਿਲੀ।

ਇਕ ਹੋਰ ਕਥਾ ਅਨੁਸਾਰ ਜਦੋਂ ਕ੍ਰਿਸ਼ਨ ਨੂੰ ਇਕ ਸ਼ਿਕਾਰੀ ਨੇ ਹਿਰਨ ਸਮਝ ਕੇ ਤੀਰ ਨਾਲ ਵਿੰਨ੍ਹ ਸੁਟਿਆ, ਦਾਹ ਸੰਸਕਾਰ ਮਗਰੋਂ, ਉਸ ਦੀਆਂ ਹੱਡੀਆਂ ਨੂੰ ਸੰਦੂਕ ਵਿਚ ਬੰਦ ਕਰ ਕੇ, ਗੰਗਾ ਵਿਚ ਜਲ-ਪ੍ਰਵਾਹ ਕਰਨ ਲਈ ਰਖਿਆ ਗਿਆ। ਵਿਸ਼ਨੂੰ ਨੇ ਰਾਜੇ ਇੰਦਰਦਮਨ ਨੂੰ

ਦਿਨ ਕੰਮ ਕਰਨ ਮਗਰੋਂ ਵਿਸ਼ਵਕਰਮਾ ਮੂਰਤੀ ਨੂੰ ਅਧੂਰੀ ਛਡ ਕੇ ਹੀ ਚਲਾ ਗਿਆ। ਫਲਸਰੂਪ ਜਗਨ ਨਾਥ ਦੀ ਮੂਰਤੀ ਦੇ ਹੱਥ ਪੈਰ ਨਹੀਂ ਬਣ ਸਕੇ।

ਇਕ ਹੋਰ ਦੰਦ-ਕਥਾ ਅਨੁਸਾਰ ਸ਼ਿਕਾਰੀ ਬਾਸੂ ਜੋ ਜਗਨ ਨਾਥ ਦਾ ਸੇਵਕ ਸੀ, ਨੂੰ ਇਹ ਮੂਰਤੀ ਬੋਹੜ ਦੇ ਇਕ ਦਰਖਤ ਹੇਠ ਮਿਲੀ। ਇਹ ਮੂਰਤੀ ਉਦੋਂ ਨੀਲੇ ਪੱਥਰ ਦੀ ਬਣੀ ਹੋਈ ਸੀ।

ਜਗਨ ਨਾਥ ਵਿਚ 24 ਸਥਾਨਿਕ ਪੁਰਬ ਹਰ ਸਾਲ ਮਨਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਰਥ-ਯਾਤ੍ਰਾ ਸਭ ਤੋਂ ਵਧ ਪ੍ਰਸਿਧ ਹੈ। ਇਹ ਪੁਰਬ ਹਾੜ ਵਿਚ ਮਨਾਇਆ ਜਾਂਦਾ ਹੈ। ਇਸ ਪੁਰਬ 'ਤੇ ਕੁਝ ਮੂਰਤੀਆਂ ਨੂੰ ਰਥ ਵਿਚ ਸਥਾਪਿਤ ਕਰ ਕੇ ਯਾਤ੍ਰਾ ਕਰਾਈ ਜਾਂਦੀ ਹੈ। ਕਿਸੇ ਸਮੇਂ ਇਸ ਰਥ ਦੇ ਪਹੀਏ ਹੇਠ ਆ ਕੇ ਕਈ ਭਗਤ ਇਸ ਧਾਰਨਾ ਨਾਲ ਆਤਮਘਾਤ ਕਰ ਲੈਂਦੇ ਸਨ ਕਿ ਯਾਤਰਾ ਦੇ, ਰੱਥ ਦੇ ਪਹੀਏ ਹੇਠ ਮਰਨ ਨਾਲ, ਉਹ ਸਿਧੇ ਸਵਰਗ ਲੋਕ ਵਿਚ ਜਾਣਗੇ। ਇਹ ਆਤਮਘਾਤ ਸਵੈ-ਬਲੀ ਦਾ ਦਰਜਾ ਰਖਦਾ ਸੀ।

ਇਸ ਮੰਦਰ ਵਿਚ ਜਾਤ ਪਾਤ ਦਾ ਕੋਈ ਭੇਦ ਨਹੀਂ। ਜਦੋਂ ਯਾਤਰੂ ਇਥੋਂ ਯਾਤ੍ਰਾ ਪੂਰੀ ਕਰ ਕੇ ਨਿਕਲਦਾ ਹੈ ਤਾਂ ਇਕ ਚੂਹੜਾ, ਉਸ ਦੀ ਪਿਠ ਨੂੰ ਬੁਹਾਰੀ ਨਾਲ ਠਕੋਰਦਾ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਉਹ ਯਾਤਰੂ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

ਮੁਸਲਮਾਨ ਹਾਕਮਾਂ ਨੇ ਜਦੋਂ ਉੜੀਸਾ ਦੇ ਕਈ ਮੰਦਰ ਤੋੜੇ ਤਾਂ ਜਗਨ ਨਾਥ ਨੂੰ ਛਡ ਦਿਤਾ। ਜਿਸ ਦਾ ਇਕ ਕਾਰਨ ਤਾਂ ਇਹ ਸੀ ਕਿ ਇਥੋਂ ਚੋਖਾ ਜਜ਼ੀਆ ਇਕਠਾ ਹੋ ਜਾਂਦਾ ਸੀ, ਦੂਜਾ ਇਥੇ ਹਿੰਦੂ ਧਰਮ ਕੱਟੜ ਰੂਪ ਵਿਚ ਪ੍ਰਚਲਿਤ ਨਹੀਂ ਸੀ।

ਜਗਨ ਨਾਥ ਭਾਵੇਂ ਵੈਸ਼ਨਵ ਮੰਦਰ ਹੈ, ਪਰ ਇਥੇ 13 ਸ਼ਿਵ ਦੇ ਮੰਦਰ ਵੀ ਹਨ ਤੇ ਕੁਝ ਹੋਰ ਉਸ ਦੀ ਪਤਨੀ ਦੁਰਗਾ ਦੇ।

## (ਜ-17) ਜੰਗਮ :

ਸੰਨਿਆਸੀਆਂ ਦੀ ਇਕ ਸੰਪ੍ਰਦਾਇ, ਜੋ ਸ਼ੈਵਮਤ ਨਾਲ ਸਬੰਧਿਤ ਹੈ। ਪ੍ਰਾਚੀਨ ਕਾਲ ਵਿਚ ਸ਼ੈਵ ਸੰਨਿਆਸੀਆਂ ਦੀ ਇਕ ਸੰਪ੍ਰਦਾਇ 'ਭਾਰਸ਼ਿਵ' ਅਖਵਾਉਂਦੀ ਸੀ। ਇਸ ਮਤ ਦੇ ਅਨੁਯਾਈ ਸ਼ਿਵਲਿੰਗ ਨੂੰ ਆਦਰ ਨਾਲ

ਦੂਜੀ ਸਦੀ ਈਸਵੀ ਵਿਚ ਹੋਂਦ ਵਿਚ ਸੀ। ਇਸ ਸੰਪ੍ਰਦਾਇ ਦੇ ਸਾਧੂ ਜਟਾਂ ਰਖਦੇ ਹਨ। ਪੈਰਾਂ ਵਿਚ ਪਤਲੀਆਂ ਜ਼ੰਜੀਰਾਂ ਪਹਿਨਦੇ ਹਨ ਤੇ ਹੱਥ ਵਿਚ ਘੰਟੀ ਰਖਦੇ ਹਨ, ਘੰਟੀ ਨੂੰ ਇਹ ਖ਼ੈਰ ਮੰਗਣ ਸਮੇਂ ਹਰ ਵਕਤ ਵਜਾਉਂਦੇ ਰਹਿੰਦੇ ਹਨ ਅਤੇ ਨਾਲ ਨਾਲ ਸ਼ਿਵ ਦੀ ਮਹਿਮਾ ਵਿਚ ਗੀਤ ਵੀ ਗਾਉਂਦੇ ਜਾਂਦੇ ਹਨ।

ਦਿੱਖ ਦੇ ਪਖੋਂ ਸ਼ਿਵ ਜੀ ਦੇ ਭਗਤ ਜੰਗਮ ਬੜਾ ਪ੍ਰਭਾਵਤ ਕਰਦੇ ਹਨ। ਦੋ-ਦੋ ਤਿੰਨ-ਤਿੰਨ ਦੇ ਜੋਟੇ। ਇਹ ਕਦੇ ਇਕੱਲੇ ਨਹੀਂ ਵਿਚਰਦੇ। ਨਿਕੀ ਜਿਹੀ ਟੱਲੀ ਖੜਕਾਂਦੇ ਤੇ ਸ਼ਿਵ ਜੀ ਦੀ ਮਹਿਮਾ ਵਿਚ ਗਾਉਂਦੇ, ਝਟ ਧਿਆਨ ਖਿਚ ਲੈਂਦੇ ਹਨ :—

ਧਨ ਸ਼ਿਵ ਸੰਭੂ<br>
ਧਨ ਸ਼ਿਵ ਸੰਭੂ<br>
ਬਮ ਬਮ ਭੋਲੇ ਨਾਥ।

ਕੰਨਾ ਵਿਚ ਪਿੱਤਲ ਦੇ ਫੁੱਲ (ਜੋਗੀਆਂ ਵਾਂਗ ਮੁੰਦਰਾਂ ਨਹੀਂ) ਤੇ ਸਿਰ ਉਪਰ ਸੱਪ ਦੀ ਸ਼ਕਲ ਦੀ ਰੱਸੀ ਵਲੇਟੀ ਹੋਈ। ਉਸ ਉਪਰ ਧਾਤ ਦਾ ਚੰਦਰਮਾ ਗ੍ਰਹਿਣ ਕੀਤਾ ਹੋਇਆ। ਮੋਰ-ਪੰਖਾਂ ਨਾਲ ਸੱਜੇ ਸ਼ਿੰਗਾਰੇ। ਚੰਦਰਮਾ ਸ਼ਿਵ ਦੀ ਘਾਲਨਾ ਤੇ ਮੁਰੱਵਤ ਦਾ ਪ੍ਰਤੀਕ ਹੈ। ਇਕ ਪੌਰਾਣਿਕ ਕਥਾ ਅਨੁਸਾਰ ਸਮੁੰਦਰ-ਮੰਥਨ ਵੇਲੇ, ਮੰਦਾਰਾ ਪਰਬਤ ਨੂੰ ਮਧਾਣੀ ਤੇ ਸ਼ੇਸ਼ ਨਾਗ ਨੂੰ, ਨੇਤਰਾ ਬਣਾ ਕੇ ਰਿੜਕਿਆ ਜਾ ਰਿਹਾ ਸੀ ਤਾਂ ਇਕ ਤਾਂ ਸ਼ੇਸ਼ ਨਾਗ ਰੋਹ ਵਿਚ ਆ ਕੇ ਜ਼ਹਿਰ ਉਗਲਣ ਲਗਾ। ਦੂਜਾ, ਬੇਸ਼ੁਮਾਰ ਵਿਹੁਲੀਆਂ ਜੜ੍ਹੀਆਂ-ਬੂਟੀਆਂ ਦੇ ਸੰਗਮ ਨਾਲ ਸਮੁੰਦਰ ਦੀ ਸਤਹਿ ਉਤੇ ਜ਼ਹਿਰੀਲੀ ਝੱਗ ਉਭਰ ਆਈ। ਜਿਸ ਦੇ ਅਸਰ ਨਾਲ ਅਨੇਕਾਂ ਸੁਰ ਤੇ ਅਸੁਰ ਮਰਨ ਲਗੇ। ਸ਼ਿਵ ਨੇ ਦੇਵਤਿਆਂ ਤੇ ਅਸੁਰਾਂ ਦੀ ਰੱਖਿਆ ਹਿਤ, ਸਮੁੰਦਰ ਉਪਰ ਤਰਦੀ ਸਾਰੀ ਜ਼ਹਿਰੀਲੀ ਝੱਗ ਪੀ ਲਈ। ਸ਼ਿਵ ਜੀ ਨੂੰ, ਇਸ ਪੁੰਨ ਕਾਰਜ ਬਦਲੇ, ਸਮੁੰਦਰ ਵਿਚੋਂ ਨਿਕਲੇ ਚੌਦਾਂ ਰਤਨਾਂ ਵਿਚੋਂ ਇਕ ਰਤਨ 'ਚੰਦਰਮਾ' ਭੇਟ ਕੀਤਾ ਗਿਆ, ਜੋ ਉਨ੍ਹਾਂ ਨੇ ਸਿਰ ਉਤੇ ਗ੍ਰਹਿਣ ਕਰ ਲਿਆ।

ਜੰਗਮ ਦੀ ਉਤਪਤੀ ਬਾਰੇ ਵੀ ਇਕ ਮਿੱਥਕ ਕਥਾ ਪ੍ਰਚਲਤ ਹੈ—ਜਦੋਂ ਸ਼ਿਵ ਦਾ ਵਿਆਹ ਪਾਰਬਤੀ ਨਾਲ ਹੋਇਆ ਤਾਂ ਸ਼ਿਵ ਨੇ ਕੁਝ ਦਾਨ-ਪੁੰਨ ਕਰਨਾ ਚਾਹਿਆ। ਪਰ ਸ਼ਿਵ ਦੇ ਹੱਥੋਂ ਕੋਈ ਦਾਨ ਕਬੂਲਣ ਲਈ ਤਿਆਰ

"ਮਹਾਰਾਜ ! ਮੈਨੂੰ ਦਾਨ ਨਹੀਂ, ਮੁਕਤੀ ਬਖਸ਼ੋ । ਮੈਂ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਣਾ ਚਾਹੁੰਦਾ ।"

"ਪਰ ਤੈਨੂੰ ਦਰ ਦਰ ਤੋਂ ਮੇਰੇ ਨਾਮ 'ਤੇ ਭਿਛਿਆ ਮੰਗਣੀ ਪਏਗੀ ।"

ਜੰਗਮ ਨੇ ਇਹ ਗੱਲ ਮੰਨ ਲਈ । ਧਾਰਨਾ ਹੈ ਕਿ ਜੰਗਮ ਸਾਧ ਦਾ ਇਹ ਅਖੀਰਲਾ ਜਨਮ ਹੁੰਦਾ ਹੈ । ਇਸ ਜਨਮ ਮਗਰੋਂ ਉਸਨੂੰ ਮੁਕਤੀ ਮਿਲ ਜਾਂਦੀ ਹੈ ।

ਇਕ ਹੋਰ ਮਿਥਕ ਕਥਾ ਅਨੁਸਾਰ ਸ਼ਿਵ ਜੀ ਨੇ, ਆਪਣੇ ਵਿਆਹ ਦੇ ਮੌਕੇ ਉਤੇ ਦਾਨ ਦੇਣ ਲਈ, ਦੋ ਵਿਅਕਤੀ ਸਿਰਜੇ—ਇਕ ਜੰਗਮ ਅਤੇ ਦੂਜੇ ਲਿੰਗਮ । ਜੰਗਮ ਮਥੇ ਦੇ ਪਸੀਨੇ ਵਿਚੋਂ ਪ੍ਰਗਟ ਹੋਇਆ ਅਤੇ ਲਿੰਗਮ ਪੱਟ ਵਿਚੋਂ । ਇਕ ਵਿਚਾਰ ਅਨੁਸਾਰ ਜੰਗਮ ਨਾਉਂ ਇਸ ਲਈ ਪਿਆ ਕਿ ਇਹ ਸਾਧ ਕਿਧਰੇ ਆਪਣਾ ਟਿਕਾਣਾ ਨਹੀਂ ਬਣਾਉਂਦੇ, ਹਮੇਸ਼ਾ ਯਾਤਰਾ ਕਰਦੇ ਰਹਿਣ ਕਰਕੇ, ਇਨ੍ਹਾਂ ਦਾ ਨਾਉਂ ਜੰਗਮ ਪੈ ਗਿਆ । ਇਕ ਹੋਰ ਰਵਾਇਤ ਅਨੁਸਾਰ ਇਹ ਸਾਧ, ਲਿੰਗ ਦੀ ਪੂਜਾ ਕਰਨ ਕਰਕੇ, ਲਿੰਗਮ ਦੇ ਨਾਂ ਨਾਲ ਜਾਣੇ ਜਾਣ ਲਗੇ । ਇਹੋ ਲਿੰਗਮ ਸ਼ਬਦ ਵਿਗੜ ਕੇ ਜੰਗਮ ਬਣ ਗਿਆ । ਜੰਗਮ ਫ਼ਕੀਰ ਅਜ ਵੀ ਸ਼ਿਵ ਦੇ ਵਿਆਹ ਦੀ ਕਾਵਿ-ਕਥਾ ਸੁਣਾ ਕੇ ਦਾਨ ਮੰਗਦੇ ਹਨ । ਇਨ੍ਹਾਂ ਵਿਚੋਂ ਕਈ ਵਿਰਕਤ ਹੁੰਦੇ ਹਨ ਤੇ ਕਈ ਗ੍ਰਿਹਸਥੀ ।

(ਜ-18) **ਜਗਰਾਉਂ** :

ਲੁਧਿਆਣੇ ਦੀ ਇਕ ਤਹਿਸੀਲ ਦਾ ਪ੍ਰਧਾਨ ਨਗਰ; ਜਗਰਾਉਂ ਲੁਧਿਆਣੇ ਤੋਂ 26 ਮੀਲ ਦੂਰ ਸਥਿਤ ਹੈ । ਇਥੇ ਹਰ ਸਾਲ, ਪ੍ਰਸਿਧ ਸੂਫੀ ਫਕੀਰ, ਅਬਦੁਲ ਕਾਦਰ ਜਿਲਾਨੀ ਦੀ ਕਬਰ ਉਤੇ 14, 15 ਤੇ 16 ਫੱਗਣ ਨੂੰ ਇਕ ਭਾਰੀ ਮੇਲਾ ਜੁੜਦਾ ਹੈ, ਜਿਸ ਨੂੰ 'ਰੌਸ਼ਨੀ' ਕਹਿੰਦੇ ਹਨ । ਇਸ ਮੇਲੇ ਦਾ ਜ਼ਿਕਰ ਲੋਕ ਗੀਤਾਂ ਵਿਚ ਵੀ ਆਉਂਦਾ ਹੈ :

ਆਰੀ, ਆਰੀ, ਆਰੀ,
ਵਿਚ ਜਗਰਾਵਾਂ ਦੇ
ਬੜੀ ਲਗਦੀ ਰੌਸ਼ਨੀ ਭਾਰੀ । (ਵੇਖੋ : ਰੌਸ਼ਨੀ)

(ਜ-19) **ਜਗਰਾਤਾ** :

(1) ਸਾਰੀ ਰਾਤ ਪੂਜਾ ਪਾਠ, ਭਜਨ ਬੰਦਗੀ ਤੇ ਕੀਰਤਨ ਕਰਨ ਲਈ ਜਾਗਦੇ ਰਹਿਣਾ; ਇਸ ਨੂੰ ਰੱਤ-ਜਗਾ ਵੀ ਕਹਿੰਦੇ ਹਨ । ਦੇਵੀ ਦੇ ਉਪਾਸਕਾਂ ਵਿਚ ਆਮ ਜਗਰਾਤੇ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਦੇਵੀ ਦੇ ਜੱਸ ਵਿਚ ਗੀਤ ਗਾਏ ਜਾਂਦੇ ਹਨ । ਕਥਾ ਕੀਰਤਨ ਦਾ ਪ੍ਰਵਾਹ ਵੀ ਚਲਦਾ ਹੈ ।

ਸਿੱਖਾਂ ਵਿਚ ਵੀ ਜਗਰਾਤੇ ਦਾ ਵਿਧਾਨ ਹੈ । ਜਗਰਾਤੇ ਵਿਚ ਸਾਰੀ ਰਾਤ ਗੁਰਬਾਣੀ ਦਾ ਕੀਰਤਨ ਚਲਦਾ ਰਹਿੰਦਾ ਹੈ ਤੇ ਸਰਘੀ ਵੇਲੇ ਭੋਗ ਪਾ ਕੇ ਕੜਾਹ ਪ੍ਰਸ਼ਾਦਿ ਵੰਡਿਆ ਜਾਂਦਾ ਹੈ । ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਅਠਤਾਲੀ ਘੰਟੇ ਦਾ ਹੁੰਦਾ ਹੈ । ਇਸ ਵਿਚ ਦੋ ਰਾਤਾਂ ਪੈਂਦੀਆਂ ਹਨ, ਜਿਨ੍ਹਾਂ ਵਿਚ ਪਾਠ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ ਹੈ ।

ਸੱਖੀ ਸਰਵਰ ਦੇ ਉਪਾਸਕਾਂ ਵਿਚ ਚੌਂਕੀ ਭਰਨ ਤੇ ਜਗਰਾਤੇ ਕਰਨ ਦਾ ਰਵਾਜ ਹੈ । ਜਦੋਂ ਇਹ ਨਿਗਾਹੇ ਦੀ ਯਾਤਰਾ ਉਤੇ ਜਾਂਦੇ ਹਨ ਤਾਂ ਰਾਹ ਵਿਚ ਚੌਂਕੀਆਂ ਭਰਦੇ ਤੇ ਜਗਰਾਤੇ ਕਟਦੇ ਜਾਂਦੇ ਹਨ ।

ਪੁਰਾਣੇ ਵੇਲਿਆਂ ਵਿਚ, ਜਦੋਂ ਗੰਗਾ ਦੀ ਯਾਤਰਾ ਲਈ ਸੰਗ ਜਾਇਆ ਕਰਦੇ ਸਨ ਤਾਂ ਰਾਤ ਨੂੰ ਜਿਸ ਪਿੰਡ, ਸ਼ਹਿਰ ਜਾਂ ਉਜਾੜ ਵਿਚ ਟਿਕਾਣਾ ਕਰਦੇ, ਉਥੇ ਰਾਤ ਭਰ ਚੌਂਕੀ ਭਰੀ ਜਾਂਦੀ ਅਤੇ ਸਾਰੀ ਰਾਤ ਕੀਰਤਨ ਪ੍ਰਵਾਹ ਚਲਦਾ ਰਹਿੰਦਾ ।

ਵੈਸ਼ਨਵ ਮਤ ਵਾਲਿਆਂ ਵਿਚ ਵੀ ਜਗਰਾਤੇ ਦਾ ਖ਼ਾਸ ਮਹਾਤਮ ਹੈ । ਵਰਤ ਰਖਣ ਤੋਂ ਪਹਿਲਾਂ ਕਈ ਵੈਸ਼ਨਵ ਜਗਰਾਤਾ ਕਟਦੇ ਤੇ ਮਨ ਦੀ ਸੁਧੀ ਲਈ ਸਾਰੀ ਰਾਤ ਭਜਨ ਬੰਦਗੀ ਤੇ ਪੂਜਾ ਪਾਠ ਕਰਦੇ ਹਨ ।

(2) ਸਾਰੀ ਰਾਤ ਭਰ ਚਰਖਾ ਕਤਣ ਦੀ ਕਿਰਿਆ; ਇਸ ਨੂੰ ਰੱਤ-ਜੱਗਾ ਵੀ ਕਹਿੰਦੇ ਹਨ । ਪਹਿਲਿਆਂ ਵਿਚ, ਗਰਮੀਆਂ ਵਿਚ ਚਾਨਣੀਆਂ ਰਾਤਾਂ ਵਿਚ, ਘਰਾਂ ਦੇ ਵਿਹੜਿਆਂ ਵਿਚ ਤੇ ਸਰਦੀਆਂ ਵਿਚ, ਅੰਦਰ ਸੁਵਿਆਂ ਵਿਚ, ਮੁਟਿਆਰਾਂ ਇਕੱਠੀਆਂ ਹੋ ਕੇ ਸਾਰੀ ਰਾਤ ਚਰਖੇ ਕਤਦੀਆਂ ਸਨ ।

(3) ਜਦੋਂ ਬਰਾਤ ਚਲੀ ਜਾਂਦੀ ਹੈ ਤੇ ਮਗਰੋਂ ਦੂਲ੍ਹੇ ਦੇ ਘਰ ਦੀਆਂ ਔਰਤਾਂ ਸਾਰੀ ਰਾਤ ਜਾਗੋ ਦੇ ਗੀਤ ਗਾਉਂਦੀਆਂ, ਨਚਦੀਆਂ ਤੇ ਸਵਾਂਗ ਭਰਦੀਆਂ ਹਨ । (ਵੇਖੋ : ਜਾਗੋ) ।

(ਜ-20) **ਜੱਗਾ** :

ਪੰਜਾਬ ਦਾ ਇਕ ਪ੍ਰਸਿਧ ਲੋਕ-ਨਾਇਕ, ਜਿਸ ਬਾਰੇ ਅਨੇਕਾਂ ਲੋਕ-ਗੀਤ ਤੇ ਦੰਦ-ਕਥਾਵਾਂ ਪ੍ਰਚਲਤ ਹਨ । ਜੱਗਾ

ਜਿਥੇ ਇਸ ਤੋਂ ਥਰ ਥਰ ਕੰਬਦੇ ਸਨ, ਗਰੀਬ ਇਸ ਦਾ ਜੱਸ ਗਾਇਆ ਕਰਦੇ ਸਨ। ਇਸ ਨੇ ਕਈ ਅਨਾਥ ਤੇ ਗਰੀਬ ਘਰਾਂ ਦੀਆਂ ਕੰਨਿਆਵਾਂ ਦੇ ਵਿਆਹ ਲਈ ਖਰਚੇ ਕੀਤੇ। ਜੱਗੇ ਬਾਰੇ ਗੀਤ ਕਰੁਣਾ ਰਸ ਨਾਲ ਭਰਪੂਰ ਹਨ। ਹੇਠਾਂ ਕੁਝ ਟੱਪੇ ਦਿਤੇ ਜਾਂਦੇ ਹਨ :

ਜੱਗਾ ਜੰਮਿਆ, ਤੇ ਮਿਲਣ ਵਧਾਈਆਂ
ਵੱਡਾ ਹੋ ਕੇ ਡਾਕੇ ਮਾਰਦਾ
ਪੂਰਨਾ ! ਕਿ ਅੱਖੀਆਂ 'ਚ ਰੱਬ ਵਸਦਾ
ਕੋਈ ਦੂਰ ਨਾ।
ਜੱਗਾ ਡਿਗਿਆ,
ਜੱਗਾ ਡਿਗਿਆ ਟਿੱਬੇ ਤੇ ਫੱਟ ਖਾ ਕੇ
ਨੌਂ ਮਣ ਰੇਤ ਭਿਜ ਗਈ।
ਪੂਰਨਾ ! ਪੂਰਨਾ !
ਨਾਈਆਂ ਨੇ ਵੱਢ ਸੁਟਿਆ ਜੱਗਾ ਸੂਰਮਾ।
ਜੱਗਾ ਤੁਰਿਆ,
ਜੱਗਾ ਤੁਰਿਆ ਤੇ ਧਰਤੀ ਕੰਬ ਗਈ
ਰਾਠਾਂ ਦੇ ਦਿਲ ਡੋਲ ਗਏ।
ਪੂਰਨਾ, ਪੂਰਨਾ ਕਿ ਮੌਤ ਨੇ ਚਬ ਲਿਆ,
ਐਡਾ ਵੱਡਾ ਸੂਰਮਾ।

ਜੱਗੇ ਦੇ ਗੀਤ ਖ਼ਾਸ ਤਰਜ਼ ਨਾਲ ਗਾਏ ਜਾਂਦੇ ਹਨ, ਜੋ 'ਜੱਗੇ ਦੀ ਤਰਜ਼' ਨਾਲ ਪ੍ਰਸਿਧ ਹੈ। ਟੱਪੇ ਦੀਆਂ ਤੁੱਕਾਂ ਦੇ ਪਹਿਲੇ ਤੁਕਾਂਗ ਨੂੰ ਦੋ ਵਾਰ ਜ਼ੋਰ ਦੇ ਕੇ ਗਾਇਆ ਜਾਂਦਾ ਹੈ ਤੇ ਬਾਕੀ ਤੁੱਕ ਨੂੰ ਸਾਧਾਰਨ ਪਰ ਸੋਗਮਈ ਲੈਅ ਵਿਚ ਗਾਇਆ ਜਾਂਦਾ ਹੈ।

## (ਜ-21) **ਜਗਾਧਰੀ** :

ਅੰਬਾਲੇ ਜ਼ਿਲੇ ਦਾ ਕਸਬਾ। ਇਥੇ ਹਿੰਦੂਆਂ ਦੇ ਦੋ ਪ੍ਰਸਿਧ ਤੀਰਥ ਕਪਾਲਮੋਚਨ ਤੇ ਰਿਣਮੋਚਨ ਹਨ। (ਵੇਖੋ : ਕਪਾਲਮੋਚਨ ਤੇ ਰਿਣਮੋਚਨ)। ਕਪਾਲਮੋਚਨ ਤਾਲ ਦੇ ਨੇੜੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਕ ਗੁਰਦਵਾਰਾ ਸਥਿਤ ਹੈ।

## (ਜ-22) **ਜੱਗੀ** :

ਖੱਤਰੀਆਂ ਦੀ ਇਕ ਗੋਤ; ਬਹੁਤੇ ਜੱਗ ਕਰਵਾਣ ਕਰ ਕੇ ਇਨ੍ਹਾਂ ਦੀ ਅੱਲ ਜੱਗੀ ਪੈ ਗਈ।

## (ਜ-23) **ਜਗੌਟਾ** :

## (ਜ-24) **ਜਜਮਾਨ**

ਜਜਮਾਨ (ਸੰ: ਯਜਮਾਨ) ਸ਼ਬਦ ਦੇ ਅਰਥਾਂ ਵਿਚ ਸਮੇਂ ਨਾਲ ਕਈ ਤਬਦੀਲੀਆਂ ਆਈਆਂ ਹਨ। ਵੈਦਿਕ ਕਾਲ ਵਿਚ ਇਹ ਸ਼ਬਦ ਯੱਗ ਕਰਵਾਣ ਵਾਲੇ ਵਿਅਕਤੀ ਲਈ ਵਰਤਿਆ ਜਾਂਦਾ ਸੀ। ਜਜਮਾਨ ਉਹ ਵਿਅਕਤੀ ਹੁੰਦਾ ਸੀ, ਜੋ ਪਰੋਹਿਤਾਂ ਤੋਂ ਯੱਗ ਜਾਂ ਹਵਨ ਕਰਵਾਏ। ਹਰ ਕੁੱਲ ਦੇ ਆਪਣੇ ਪਰੋਹਿਤ ਹੁੰਦੇ ਤੇ ਪਰੋਹਿਤਾਂ ਦਾ ਕੁੱਲ ਦਾ ਰਿਸ਼ਤਾ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦਾ ਜਾਂਦਾ। ਪਰੋਹਿਤ ਜਿਸ ਕੁੱਲ ਨਾਲ ਸਬੰਧਿਤ ਹੁੰਦੇ, ਉਸ ਕੁੱਲ ਦੇ ਪਰਵਾਰ ਦੇ ਲੋਕ, ਉਸ ਪਰੋਹਿਤ ਲਈ ਜਜਮਾਨ ਹੁੰਦੇ। ਜਜਮਾਨ ਤੇ ਪਰੋਹਿਤ ਦੀ ਪ੍ਰਥਾ ਜਜਮਾਨੀ ਪ੍ਰਥਾ ਅਖਵਾਈ।

ਮੱਧ-ਕਾਲ ਵਿਚ ਇਸ ਸ਼ਬਦ ਨੂੰ ਵਿਸਤ੍ਰਿਤ ਅਰਥ ਦੇ ਲਏ ਗਏ ਤੇ ਧਾਰਮਿਕ ਸੰਬੰਧਾਂ ਤੋਂ ਇਲਾਵਾ ਸਮਾਜਿਕ ਤੇ ਆਰਥਿਕ ਸੰਬੰਧਾਂ ਲਈ ਵੀ, ਇਹੋ ਸ਼ਬਦ ਵਰਤਿਆ ਜਾਣ ਲਗਾ। ਹਰੇਕ ਕੁੱਲ ਨਾਲ ਕੁਝ ਕਮੀ ਕਮੀਣ ਤੇ ਲਾਗੀ ਸਬੰਧਿਤ ਸਨ, ਜੋ ਪੀੜ੍ਹੀ ਦਰ ਪੀੜ੍ਹੀ ਸੇਵਾ ਕਰਦੇ ਜਾਂਦੇ ਸਨ। ਇਨ੍ਹਾਂ ਲਾਗੀਆਂ ਤੇ ਕਮੀਣਾਂ ਜਿਵੇਂ ਕਿ ਨਾਈ, ਭੱਟ, ਮਿਰਾਸੀ, ਤਰਖਾਣ, ਲੁਹਾਰ ਤੇ ਝੀਵਰ ਆਦਿ ਦੇ ਜ਼ਿੰਮੇ ਕੁਝ ਖਾਸ ਕਰਤੱਵ ਸਨ, ਜਿਨ੍ਹਾਂ ਨੂੰ ਪਾਲਨਾ ਉਨ੍ਹਾਂ ਦਾ ਫਰਜ਼ ਹੁੰਦਾ। ਇਨ੍ਹਾਂ ਲਾਗੀਆਂ ਤੇ ਕਮੀਣਾਂ ਦਾ ਜਿਨ੍ਹਾਂ ਕੁਲਾਂ ਨਾਲ ਸਬੰਧ ਹੁੰਦਾ, ਉਹ ਉਨ੍ਹਾਂ ਦੇ ਜਜਮਾਨ ਅਖਵਾਉਂਦੇ ਤੇ ਸ਼ਾਦੀ ਗ਼ਮੀ ਦੇ ਮੌਕਿਆਂ ਉਤੇ ਆਪਣੇ ਜਜਮਾਨਾਂ ਤੋਂ ਬਝਵੀਂ ਲਾਗ ਲਿਆ ਕਰਦੇ, ਜਿਸ ਨੂੰ 'ਬੰਧਾਨ' ਕਿਹਾ ਜਾਂਦਾ ਸੀ। ਉਹ ਲਾਗ ਨੂੰ ਆਪਣਾ ਜੱਦੀ ਹੱਕ ਸਮਝਦੇ।

## (ਜ-25) **ਜਜਮਾਨੀ** :

ਪਰੋਹਿਤਾਂ ਤੇ ਲਾਗੀਆਂ ਦੇ ਆਪਣੇ ਜਜਮਾਨਾਂ ਦੇ ਧਾਰਮਕ ਸੰਸਕਾਰਾਂ ਤੇ ਸਮਾਜਕ ਸੰਸਥਾਨਾਂ ਨਾਲ ਸਬੰਧਿਤ ਕੰਮ, ਜਿਨ੍ਹਾਂ ਨੂੰ ਕਰਨਾ ਉਨ੍ਹਾਂ ਦਾ ਫਰਜ਼ ਹੁੰਦਾ ਹੈ। ਇਸ ਕੰਮ ਬਦਲੇ ਉਨ੍ਹਾਂ ਨੂੰ ਜੋ ਲਾਗ ਮਿਲਦੀ, ਉਹ ਵੀ ਜਜਮਾਨੀ ਅਖਵਾਉਂਦੀ। ਜਜਮਾਨੀ ਪੀੜ੍ਹੀ ਦਰ ਪੀੜ੍ਹੀ ਚਲਿਆ ਆ ਰਿਹਾ ਇਕ ਸਮਾਜਕ ਆਰਥਿਕ ਪ੍ਰਬੰਧ ਸੀ, ਜਿਸ ਅਨੁਸਾਰ ਪਰੋਹਿਤ ਤੇ ਲਾਗੀ ਆਪਣੇ ਜਜਮਾਨਾਂ ਦੀ ਸਮਾਜਿਕ, ਧਾਰਮਿਕ ਤੇ ਅਨੁਸ਼ਠਾਨਿਕ ਸੇਵਾ ਕਰਦੇ ਤੇ ਇਸ ਦੇ ਬਦਲੇ ਕੇਵਲ ਨਿਸ਼ਚਿਤ ਬੰਧਾਨ ਹੀ ਲੈਂਦੇ ਸਨ। ਇਹ ਪ੍ਰਥਾ

ਭੁਗਤਾਨ ਹੀ ਲੈਂਦੇ ਕਾਂਦੇ ਉਹ ਉਨ੍ਹਾਂ ਦੀ ਸਾਲ ਭਰ ਕੀਤੀ ਸੇਵਾ ਦੇ ਮੁਕਾਬਲੇ ਵਿਚ ਨਾ-ਮਾਤਰ ਹੀ ਹੁੰਦਾ। ਜਜਮਾਨੀ ਪ੍ਰਣਾਲੀ ਵਿਚ ਜਜਮਾਨ ਆਮ ਤੌਰ ਤੇ ਆਪਣੀਆਂ ਫ਼ਸਲਾਂ ਦੀ ਪਕਾਈ ਸਮੇਂ, ਕੁਝ ਅੰਨ ਲਾਗੀਆਂ ਨੂੰ ਦਿਤਾ ਕਰਦੇ। ਹੁਣ ਇਹ ਪ੍ਰਥਾ ਖ਼ਤਮ ਹੋ ਰਹੀ ਹੈ।

ਜਜਮਾਨੀ ਪ੍ਰਣਾਲੀ ਹੇਠ, ਪਿੰਡਾਂ ਵਿਚ ਵਸਦਾ ਹਰੇਕ ਕਮੀ-ਸਮੂਹ, ਦੂਜੇ ਜਾਤ ਸਮੂਹਾਂ ਦੇ ਪਰਵਾਰਾਂ ਦੇ ਨਿਸ਼ਚਿਤ ਕੰਮ ਕਰਦਾ, ਜਿਵੇਂ ਨਾਈ ਵਾਲ ਮੁੰਨਦਾ, ਲੁਹਾਰ ਸੰਦ ਬਣਾਉਂਦਾ, ਘੁਮਿਆਰ ਘਰਾਂ ਦੇ ਭਾਂਡੇ, ਖੂਹ ਦੀਆਂ ਟਿੰਡਾਂ, ਤਰਖਾਣ ਖੂਹ ਦੇ ਚੱਕ ਤੇ ਚੌਕੀ ਪੀੜ੍ਹੀਆਂ ਆਦਿ ਬਣਾਉਂਦਾ। ਪਰ ਇਹ ਜਾਤ-ਸਮੂਹ ਪਿੰਡ ਦੇ ਹਰੇਕ ਬੰਦੇ ਲਈ ਕੰਮ ਨਹੀਂ ਕਰਦੇ। ਹਰੇਕ ਕਿਰਤੀ ਕੇਵਲ ਉਸ ਪਰਿਵਾਰ ਅਥਵਾ ਕੁਟੰਬ-ਸਮੂਹਾਂ ਦਾ ਕੰਮ ਕਰਦਾ ਹੈ, ਜਿਨ੍ਹਾਂ ਨਾਲ ਉਹ ਜੱਦੀ ਤੌਰ ਤੇ ਬਝਿਆ ਹੁੰਦਾ। ਇਸ ਤੋਂ ਪਹਿਲਾਂ, ਉਸ ਦਾ ਪਿਉ ਇਨ੍ਹਾਂ ਪਰਿਵਾਰਾਂ ਦਾ ਕੰਮ ਕਰਦਾ ਰਿਹਾ ਸੀ ਤੇ ਅਗੋਂ ਉਸ ਦਾ ਪੁੱਤਰ ਕਰਦਾ ਰਹਿੰਦਾ। ਉਸ ਦੀ ਸੰਤਾਨ ਨੇ ਕਿਹੜਾ ਕੰਮ ਕਰਨਾ ਹੈ, ਉਸ ਦਾ ਨਿਰਨਾ ਉਸ ਦੀ ਜਾਤ ਤੋਂ ਹੋਣਾ ਹੈ। ਜੇ ਉਹ ਨਾਈ ਹੈ ਤਾਂ ਸਿਰ ਮੁੰਨਣ ਦਾ ਕੰਮ ਕਰੇਗਾ, ਜੇ ਲੋਹਾਰ ਹੈ ਤਾਂ ਲੋਹੇ ਦੀਆਂ ਵਸਤੂਆਂ ਆਦਿ।

ਜਜਮਾਨੀ ਪ੍ਰਥਾ ਵਿਚ ਕੰਮ-ਕਿਰਤ ਪੈਸੇ ਦੇ ਮੁਆਵਜ਼ੇ ਬਦਲੇ ਨਹੀਂ ਕੀਤਾ ਜਾਂਦਾ। ਨਾ ਹੀ ਜਜਮਾਨ ਤੇ ਕੰਮੀ ਦਾ ਸਬੰਧ ਨੌਕਰ ਤੇ ਮਾਲਕ ਵਾਲਾ ਹੁੰਦਾ ਹੈ। ਜਜਮਾਨ ਕੰਮੀ ਦੇ ਕੰਮ ਬਦਲੇ, ਉਸ ਨੂੰ ਨਕਦ/ਅਨਾਜ ਤੇ ਹੋਰ ਸਾਮਗਰੀ, ਖ਼ਾਸ ਖ਼ਾਸ ਮੌਕਿਆਂ ਤੇ ਦੇਂਦਾ ਹੈ। ਫ਼ਸਲਾਂ ਦੀ ਕਟਾਈ ਸਮੇਂ ਕਮੀਆਂ ਨੂੰ ਫ਼ਸਲ ਵਿਚੋਂ ਹਿੱਸਾ ਦਿਤਾ ਜਾਂਦਾ ਹੈ। ਵਿਆਹ ਸ਼ਾਦੀਆਂ ਜਾਂ ਹੋਰ ਮੌਕਿਆਂ 'ਤੇ ਵੀ ਕੰਮੀਆਂ ਨੂੰ ਲਾਗ ਦਿਤੀ ਜਾਂਦੀ ਹੈ।

ਜੇ ਕੋਈ ਕੰਮੀ ਪਿੰਡ ਛਡ ਕੇ ਜਾ ਰਿਹਾ ਹੋਵੇ ਤਾਂ ਉਹ ਆਪਣੇ ਜਜਮਾਨਾਂ ਨੂੰ ਆਪਣੀ ਥਾਂ ਕੰਮੀ ਦੇ ਕੇ ਜਾਂਦਾ ਹੈ, ਪਰ ਇਸ ਤਰ੍ਹਾਂ ਘਟ ਹੀ ਹੁੰਦਾ ਹੈ। ਕੰਮੀਆਂ ਨੂੰ ਕੁਝ ਖ਼ਾਸ ਅਧਿਕਾਰ ਤੇ ਲਾਭ ਪ੍ਰਾਪਤ ਹਨ, ਜਿਸ ਕਰ ਕੇ ਉਹ ਆਪਣੇ ਜਜਮਾਨਾਂ ਨੂੰ ਨਹੀਂ ਛਡਦੇ। ਜਜਮਾਨੀ ਦੇ ਅਧਿਕਾਰ, ਪੀੜ੍ਹੀ ਦਰ ਪੀੜ੍ਹੀ ਅਗੇ ਚਲਦੇ ਜਾਂਦੇ ਹਨ। ਜੇ ਜਜਮਾਨ ਕਿਸੇ ਕੰਮੀ ਦੇ ਕੰਮ ਤੋਂ ਖ਼ੁਸ਼ ਨਾ ਹੋਵੇ

ਹੁੰਦੇ ਹਨ ਤਾਂ ਉਹ ਆਪਸ ਵਿਚ ਜਜਮਾਨਾਂ ਦੀ ਵੀ ਵੰਡ ਕਰ ਲੈਂਦੇ ਹਨ। ਇਸੇ ਤਰ੍ਹਾਂ ਜਦੋਂ ਜਜਮਾਨ ਭਰਾ ਵਖ ਹੁੰਦੇ ਹਨ ਤਾਂ ਕੰਮੀਆਂ ਦੀ ਵੰਡ ਵੀ ਨਾਲ ਹੀ ਹੋ ਜਾਂਦੀ ਹੈ।

(ਜ-26) **ਜਜ਼ੀਆ** :

ਜਜ਼ੀਆ ਸ਼ਬਦ ਅਰਬੀ 'ਜਜ਼ਾ' ਤੋਂ ਬਣਿਆ ਹੈ, ਜਿਸ ਦੇ ਅਰਥ ਮੁਆਵਜ਼ਾ, ਤਾਅਬੇਦਾਰੀ, ਅਧੀਨਤਾ ਆਦਿ ਦੇ ਹਨ। ਜਜ਼ੀਆ ਉਹ ਕਰ ਹੈ, ਜੋ ਇਸਲਾਮੀ ਰਾਜ ਸਮੇਂ ਮੁਸਲਿਮ ਹਾਕਮ, ਅਨਮਤੀਆਂ ਅਥਵਾ ਹਿੰਦੂਆਂ ਤੋਂ ਲਿਆ ਕਰਦੇ ਸਨ। ਜਜ਼ੀਆ ਸ਼ਬਦ ਦਾ ਜ਼ਿਕਰ ਕੁਰਾਨ ਵਿਚ ਮਿਲਦਾ ਹੈ। ਪਰ ਉਥੇ ਇਸ ਦਾ ਵਰਨਣ ਇਕ ਕਰ ਦੇ ਰੂਪ ਵਿਚ ਹੈ। ਰਵਾਇਤ ਹੈ ਕਿ ਖ਼ਲੀਫ਼ਾ ਉਮਰ, ਹਰ ਉਸ ਬੰਦੇ ਤੋਂ ਇਕ ਸਾਲਾਨਾ ਕਰ ਉਗਰਾਂਦੇ ਸਨ, ਜੋ ਮੁਸਲਮਾਨ ਮਤ ਦਾ ਧਾਰਨੀ ਨਹੀਂ ਸੀ ਹੁੰਦਾ, ਇਹ ਕਰ ਸਮਾਜਿਕ ਸਥਿਤੀ ਅਨੁਸਾਰ ਲਗਾਇਆ ਜਾਂਦਾ, ਅਮੀਰਾਂ ਉਤੇ ਜ਼ਿਆਦਾ ਤੇ ਗ਼ਰੀਬਾਂ ਉਤੇ ਘਟ।

ਭਾਰਤ ਵਿਚ ਜਜ਼ੀਆ ਕਦੋਂ ਸ਼ੁਰੂ ਹੋਇਆ, ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਕਰਨਲ ਟਾਡ ਅਨੁਸਾਰ ਇਹ ਕਰ ਬਾਬਰ ਨੇ ਸ਼ੁਰੂ ਕੀਤਾ, ਪਰ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਅਲਾਉਦੀਨ ਦੇ ਵੇਲੇ ਇਹ ਕਰ ਲੱਗਾ ਹੋਇਆ ਸੀ।

ਫ਼ਿਰੋਜ਼ ਸ਼ਾਹ ਦੇ ਰਾਜ ਤਕ ਬ੍ਰਾਹਮਣ ਇਸ ਕਰ ਤੋਂ ਮੁਕਤ ਸਨ, ਪਰ ਫ਼ਿਰੋਜ਼ ਸ਼ਾਹ ਨੇ ਪਹਿਲੀ ਵਾਰ ਬ੍ਰਾਹਮਣਾਂ ਉਤੇ ਵੀ ਜਜ਼ੀਆ ਠੋਕ ਦਿਤਾ। ਇਸ ਜਜ਼ੀਏ ਦੇ ਵਿਰੋਧ ਵਿਚ, ਬ੍ਰਾਹਮਣਾਂ ਨੇ ਜੀਉਂਦੇ ਜੀਅ ਅੱਗ ਵਿਚ ਸੜ ਮਰਨ ਦੀ ਧਮਕੀ ਦਿਤੀ, ਪਰ ਦਿੱਲੀ ਦੇ ਧਨੀ ਹਿੰਦੂਆਂ ਨੇ ਉਨ੍ਹਾਂ ਨੂੰ ਇਹ ਕਹਿ ਕੇ ਵਰਗਲਾਇਆ ਕਿ ਉਨ੍ਹਾਂ ਦੀ ਥਾਂ ਉਹ ਜਜ਼ੀਆ ਭਰ ਦੇਣਗੇ। ਸੁਲਤਾਨ ਫ਼ਿਰੋਜ਼ ਸ਼ਾਹ ਦੇ ਰਾਜ ਸਮੇਂ ਧਨੀ ਹਿੰਦੂ 40 ਟਾਂਕੇ, ਮਧ ਸ਼੍ਰੇਣੀ ਦੇ ਹਿੰਦੂ 20 ਟਾਂਕੇ ਤੇ ਗ਼ਰੀਬ ਹਿੰਦੂ 10 ਟਾਂਕੇ ਜੀਅ ਪ੍ਰਤੀ ਸਾਲਾਨਾ ਜਜ਼ੀਆ ਭਰਦੇ ਸਨ।

ਲੋਧੀ ਘਰਾਣੇ ਦੇ ਸਮੇਂ ਜਜ਼ੀਆ ਬੜੀ ਸਖ਼ਤੀ ਨਾਲ ਉਗਰਾਹਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬ੍ਰਾਹਮਣਾਂ ਉਤੇ ਜਜ਼ੀਏ ਦਾ ਸੰਕੇਤ ਮਿਲਦਾ ਹੈ :

'ਗਊ ਬ੍ਰਾਹਮਣ ਕਉ ਕਰ ਲਾਵਹੁ,
ਗੋਬਰਿ ਤਰਣੁ ਨ ਜਾਈ।'

ਚੱਲ ਕੇ ਜਾਵੇ ਅਤੇ ਜਜ਼ੀਆ ਦੇਣ ਸਮੇਂ, ਉਸ ਦੇ ਸਾਹਮਣੇ ਖੜ੍ਹਾ ਰਹੇ। ਜਜ਼ੀਆ ਕਿਸੇ ਨੌਕਰ ਦੁਆਰਾ ਨਹੀਂ ਸੀ ਭੇਜਿਆ ਜਾ ਸਕਦਾ।

ਮੁਸਲਮਾਨ ਮਤ ਧਾਰਨ ਨਾਲ ਜਜ਼ੀਆ ਮਾਫ਼ ਹੋ ਜਾਂਦਾ ਸੀ।

(ਜ-27) **ਜੰਞ** :

ਲੜਕੇ ਦੇ ਵਿਆਹ ਸਮੇਂ ਵਰ ਪੱਖ ਦੇ ਅੰਗ ਸਾਕ, ਭਾਈਚਾਰੇ ਤੇ ਦੋਸਤ ਮਿੱਤ੍ਰ ਆਦਿ ਇਕੱਠੇ ਹੋ ਕੇ ਜਲੂਸ ਦੀ ਸ਼ਕਲ ਵਿਚ ਕੰਨਿਆਂ ਪੱਖ ਦੇ ਘਰ ਜਾਂਦੇ ਹਨ। ਅਗੇ ਅਗੇ ਬੈਂਡ ਬਾਜੇ ਵਾਲੇ ਵਾਜੇ ਤੇ ਸ਼ਹਿਨਾਈਆਂ ਵਜਾ ਰਹੇ ਹੁੰਦੇ ਹਨ, ਵਰ ਘੋੜੀ ਉਤੇ ਬੈਠਾ ਹੁੰਦਾ ਹੈ, ਜਿਸ ਉਪਰ ਛੱਤਰ ਝੁਲ ਰਿਹਾ ਹੁੰਦਾ ਹੈ। ਇਸ ਤਰ੍ਹਾਂ ਦੀ ਜੰਞ ਚਾੜ੍ਹਨ ਦਾ ਰਵਾਜ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ (ਵੇਖੋ : ਵਿਆਹ)।

(ਜ-28) **ਜੰਞ ਖੋਲ੍ਹਣੀ** :

ਵਿਆਹ ਨਾਲ ਸਬੰਧਿਤ ਇਕ ਰੀਤ; ਜਦੋਂ ਜੰਞ ਭੋਜਨ ਖਾਣ ਲਈ ਬੈਠਦੀ ਹੈ ਤਾਂ ਕੋਈ ਕੁੜੀ ਕੁਝ ਤੁਕਾਂ/ਬੰਦ ਉਚਾਰ ਕੇ ਜੰਞ ਬੰਨ੍ਹ ਦਿੰਦੀ ਹੈ। ਜਦੋਂ ਤਕ ਜੰਞ ਬੰਨ੍ਹੀ ਰਹੇ, ਕੋਈ ਜਾਂਞੀ ਭੋਜਨ ਨਹੀਂ ਖਾਂਦਾ। ਫਿਰ ਕੋਈ ਜਾਂਞੀ ਗਭਰੂ ਕੁਝ ਤੁਕਾਂ ਬੋਲ ਕੇ ਜੰਞ ਖੋਲ੍ਹਦਾ ਹੈ। ਉਦੋਂ ਤਕ ਸਾਰੇ ਜਾਂਞੀ ਭੋਜਨ ਨਹੀਂ ਖਾਂਦੇ। ਇਹ ਰੀਤ ਕਿਸੇ ਆਦਿਮ ਰੀਤ ਦੀ ਰਹਿੰਦ ਹੈ। ਜੰਞ ਬੰਨ੍ਹਣ ਵੇਲੇ ਇਸ ਤਰ੍ਹਾਂ ਦੀਆਂ ਤੁਕਾਂ ਉਚਾਰੀਆ ਜਾਂਦੀਆਂ ਹਨ :

ਲੈ ਕੇ ਨਾਂ ਗੋਪਾਲ ਦਾ ਬੰਨ੍ਹਾਂ ਜੰਞ ਮੈਂ ਆਪ
ਖੋਲ੍ਹੇ ਬਿਨਾਂ ਜੇ ਖਾਓਗੇ ਖਾਣਾ ਦੇਊ ਸਰਾਪ।
ਤੁਲਸੀ ਪੂਜਣ ਮੈਂ ਚਲੀ, ਸੱਠ ਸਹੇਲੀਆਂ ਨਾਲ
ਜਾਂਞੀਓ ਤੁਹਾਨੂੰ ਬੰਨ੍ਹ ਦਿਤਾ, ਬੰਨ੍ਹੇ ਥੋੜੇ ਨਾਲ
ਪਿਪਲਾਂ ਦੇ ਪੱਤ ਬੰਨ੍ਹਾਂ, ਜਾਂਞੀਆਂ ਦੇ ਹੱਥ ਬੰਨ੍ਹਾਂ
ਬੰਨ੍ਹਾਂ ਸਾਰੀ ਜੰਞ ਜੀ।
ਹੁਣ ਕਿਉਂ ਨਹੀਂ ਬੋਲਦੇ, ਮੂੰਹ ਹੋ ਗਏ ਬੰਦ ਜੀ
ਕਿਕਰਾਂ ਦੇ ਟਾਹਣ ਬੰਨ੍ਹਾਂ ਜਾਂਞੀਆਂ ਦੇ ਖਾਣ ਬੰਨ੍ਹਾਂ
ਬੰਨ੍ਹਾਂ ਸਾਰੀ ਜੰਞ ਜੀ, ਹੁਣ ਕਿਉਂ.. ...

ਇਸ ਤਰ੍ਹਾਂ ਤੁਕਾਂ ਉਚਾਰ ਕੇ ਜੰਞ ਨੂੰ ਬੰਨ੍ਹ ਦਿਤੀ ਜਾਂਦੀ ਤੇ ਜਾਂਞੀਆਂ ਲਈ ਰੋਟੀ ਤੇ ਪਕਵਾਨ ਖਾਣੇ ਵਰਜਿਤ

ਈਸ਼ਵਰ ਰਿਦੇ ਧਿਆਏ ਕੇ, ਗੰਗਾ-ਜਲੀ ਉਠਾਏ।
ਬੱਧੀ ਖੋਲ੍ਹਾਂ ਜੰਞ ਮੈਂ, ਆਦਿ ਗਣੇਸ਼ ਮਨਾਏ।
ਖੁਲ੍ਹੇ ਜਾਂਞੀ ਬੈਠ ਕੇ, ਖੁਲ੍ਹਾ ਸਕਲ ਸਰੀਰ
ਖੁਲ੍ਹ ਗਈਆਂ ਸਭ ਥਾਲੀਆਂ, ਖੁਲ੍ਹ ਗਿਆ ਜੋ ਨੀਰ
ਬਰਫ਼ੀ ਪੇੜਾ ਅੰਮ੍ਰਿਤੀ, ਖੁਲ੍ਹੇ ਚੋਲ ਕੜਾਹ
ਪੂੜੀ ਭਾਜੀ ਖੁਲ੍ਹ ਗਈ, ਖੁਲ੍ਹਾ ਜਰਦ-ਪੁਲਾਅ
ਰੋਟੀ ਖਾਓ ਪ੍ਰੇਮ ਸੇ, ਖੁਲ੍ਹੇ ਅਸੀਂ ਤਮਾਮ
ਸੱਚੇ ਈਸ਼ਵਰ ਸਾਡੜੇ, ਆਣ ਸਵਾਰੇ ਕਾਮ।

ਇਸ ਸਮੇਂ ਜੰਞ ਖੋਲ੍ਹਣ ਵਾਲਾ ਗਭਰੂ ਕਈ ਹੋਰ ਤਰ੍ਹਾਂ ਦੀਆਂ ਹਾਸੇ-ਠਠੇ ਦੀਆਂ ਤੁੱਕਾਂ ਵੀ ਉਚਾਰਦਾ ਹੈ। ਕੁੜੀਆਂ ਦਾ ਮਖੌਲ ਵੀ ਉਡਾਂਦਾ ਹੈ। ਕਈ ਵਾਰ ਉਹ ਆਪਣਾ ਭੋਜਨ ਛੁਡਾਂਦਾ ਹੋਇਆ, ਕੁੜੀਆਂ ਦੇ ਰੂਪ ਨੂੰ ਬੰਨ੍ਹ ਦੇਂਦਾ ਹੈ :

ਛੁਟੇ ਪ੍ਰਸਾਦਿ ਅਤੇ ਥਾਲ ਥਾਲੀਆਂ
ਬੰਨ੍ਹ ਦੇਵਾਂ ਨਾਰਾਂ ਗੋਰੀਆਂ ਤੇ ਕਾਲੀਆਂ
ਛੁਟ ਗਏ ਲੱਡੂ ਮਠਿਆਈ ਕੌਲ ਨੀ
ਬੰਨ੍ਹਾਂ ਤੇਰਾ ਰੂਪ ਜੋ ਪਰੀ ਦੇ ਤੁੱਲ ਨੀ
ਸੁਣ ਲੈ ਗੋਰੀਏ ਲਗਾ ਕੇ ਕੰਨ ਨੀ
ਛੁਟ ਗਈ ਜੰਞ ਤੈਨੂੰ ਦਿਤਾ ਬੰਨ੍ਹ ਨੀ।

ਇਹ ਰੀਤ ਕਿਸੇ ਆਦਿਮ ਭਰਮ, ਵਿਚਾਰ ਤੇ ਮਨੌਤ ਦੀ ਰਹਿੰਦ ਜਾਪਦੀ ਹੈ। ਪ੍ਰਾਚੀਨ ਕਾਲ ਵਿਚ, ਵਿਆਹ ਸਮੇਂ ਜਦੋਂ ਜਾਂਞੀ ਪ੍ਰਸਾਦਿ ਛਕਣ ਲਈ ਬੈਠਦੇ ਸਨ ਤਾਂ ਦੁਸ਼ਮਣ ਕਬੀਲੇ ਖਾਣ ਦੇ ਪਦਾਰਥਾਂ ਨੂੰ ਮੰਤ੍ਰਾਂ ਨਾਲ ਬੰਨ੍ਹ ਦਿੰਦੇ ਸਨ ਤੇ ਜਦੋਂ ਤਕ ਜਾਂਞੀਆਂ ਦੇ ਨਾਲ ਆਏ ਚੇਲੇ ਅਥਵਾ 'ਸਾਓਰੀ' ਮੰਤਰ ਪੜ੍ਹ ਕੇ ਖਾਣ ਦੇ ਪਦਾਰਥ ਨੂੰ, ਮੰਤ੍ਰਾਂ ਨਾਲ ਖੋਲ੍ਹ ਨਹੀਂ ਸਨ ਲੈਂਦੇ ਅਥਵਾ ਭੋਜਨ ਨੂੰ ਟੂਣੇ ਤੋਂ ਮੁਕਤ ਨਹੀਂ ਸਨ ਕਰ ਲੈਂਦੇ, ਉਦੋਂ ਤਕ ਉਹ ਖਾਣਾ ਵਰਜਿਤ ਹੁੰਦਾ ਸੀ। ਪੋਠੋਹਾਰੀ ਵਿਚ ਇਸ ਰੀਤ ਨੂੰ 'ਮੁੰਦਾਵਣੀ' ਕਹਿੰਦੇ ਹਨ (ਵੇਖੋ : ਮੁੰਦਾਵਣੀ)।

(ਜ-29) **ਜੰਞ ਬੰਨ੍ਹਣੀ** :

(ਵੇਖੋ : ਜੰਞ ਖੋਲ੍ਹਣੀ)।

(ਜ-30) **ਜਟਕੀ** :

ਪੱਛਮੀ ਪੰਜਾਬ ਦੇ ਮੁਜ਼ੱਫਰਗੜ੍ਹ, ਮੁਲਤਾਨ, ਬਹਾਵਲਪੁਰ, ਡੇਰਾ ਗ਼ਾਜ਼ੀ ਖ਼ਾਨ, ਝੰਗ ਜ਼ਿਲਿਆਂ ਅਤੇ ਮੀਆਂਵਾਲੀ ਦੇ

'ਮੁਲਤਾਨੀ' ਵੀ ਕਿਹਾ ਹੈ, ਪਰ ਮੁਲਤਾਨ ਤੋਂ ਬਾਹਰ ਇਸ ਨੂੰ ਕੋਈ ਮੁਲਤਾਨੀ ਦਾ ਨਾਂ ਨਹੀਂ ਦੇਂਦਾ ।

ਜਟਕੀ ਬੋਲੀ ਉਤੇ ਸਿੰਧੀ ਦਾ ਕਾਫ਼ੀ ਪ੍ਰਭਾਵ ਹੈ । ਕਾਰਕਾਂ ਦਾ ਵਿਧਾਨ, ਕੁਝ ਸਿੰਧੀ ਨਾਲ ਮੇਲ ਖਾਂਦਾ ਹੈ ਤੇ ਕੁਝ ਪੰਜਾਬੀ ਨਾਲ ਤੇ ਕੁਝ ਇਸ ਦੀ ਆਪਣੀ ਵਿਸ਼ੇਸ਼ਤਾ ਹੈ । ਜਟਕੀ ਵਿਚ ਸਿੰਧੀ ਤੇ ਫ਼ਾਰਸੀ ਦੀ ਵਰਤੋਂ ਕਾਫ਼ੀ ਕੀਤੀ ਜਾਂਦੀ ਹੈ । ਪਿਛੇਤਰ ਵਧੇਰੇ ਸਿੰਧੀ, ਪਸ਼ਤੋ ਤੇ ਫ਼ਾਰਸੀ ਤੋਂ ਲਏ ਹੁੰਦੇ ਹਨ । ਕਿਰਿਆ ਦੀ ਰੂਪ-ਸਾਧਨਾ ਨਿਵੇਕਲੀ ਹੈ, ਤੇ ਪੰਜਾਬੀ ਤੇ ਸਿੰਧੀ ਤੋਂ ਵਖਰੀ ਹੈ ।

(ਜ-31) **ਜਟਾਸੁਰ** :

ਇਕ ਅਸੁਰ, ਜੋ ਬ੍ਰਾਹਮਣ ਦਾ ਭੇਸ ਧਾਰ ਕੇ ਯੁਧਿਸ਼ਟਰ, ਸਹਿਦੇਵ, ਨਕੁਲ ਤੇ ਦ੍ਰੋਪਦੀ ਨੂੰ ਚੁਕ ਕੇ ਲੈ ਗਿਆ ਸੀ । ਮਗਰੋਂ ਇਹ ਭੀਮ ਦੇ ਹੱਥੋਂ ਮਾਰਿਆ ਗਿਆ ।

(ਜ-32) **ਜਟਾਧਾਰੀ** :

ਸਾਧੂ-ਸੰਤ ਜਾਂ ਫ਼ਕੀਰ ਜਿਸ ਦੇ ਸਿਰ ਦੇ ਵਾਲ ਉਲਝ ਕੇ ਤੇ ਚਿਪਕ ਕੇ ਜਟਾਂ ਬਣ ਗਈਆਂ ਹੋਣ । ਜਟਾਧਾਰੀ ਸਾਧੂ, ਸਰੀਰ ਦੇ ਕਿਸੇ ਰੋਮ ਨੂੰ ਨਹੀਂ ਕਟਦੇ ਤੇ ਕੇਸਾਂ ਦੀ ਸਫ਼ਾਈ ਨਾ ਕਰਨ ਕਰ ਕੇ, ਉਨ੍ਹਾਂ ਦੇ ਵਾਲ ਜੁੜ ਕੇ ਲਿੱਟਾਂ ਬਣ ਜਾਂਦੇ ਹਨ । ਜਟਾਧਾਰੀ ਸਾਧੂਆਂ ਦੀ ਬਾਕੀ ਸੰਤਾਂ ਫ਼ਕੀਰਾਂ ਨਾਲੋਂ ਵਧੇਰੇ ਮਾਨਤਾ ਹੈ ।

(ਜ-33) **ਜਟਾਯੂ** :

ਰਾਮਾਇਣ ਅਨੁਸਾਰ ਇਕ ਪੰਛੀ, ਜੋ ਗਰੁੱੜ ਦਾ ਪੁੱਤਰ ਤੇ ਗਿਰਝਾਂ ਦਾ ਰਾਜਾ ਸੀ । ਸੀਤਾ ਹਰਣ ਸਮੇਂ ਜਟਾਯੂ ਰਾਵਣ ਨਾਲ ਲੜਿਆ, ਪਰ ਰਾਵਣ ਨੇ ਉਸ ਨੂੰ ਬੁਰੀ ਤਰ੍ਹਾਂ ਘਾਇਲ ਕਰ ਦਿਤਾ । ਉਹ ਅੰਤਲੇ ਸਾਹਾਂ 'ਤੇ ਸੀ ਕਿ ਰਾਮ ਨੇ ਉਸ ਨੂੰ ਵੇਖ ਲਿਆ ਤੇ ਉਸ ਨੇ ਸੀਤਾ ਹਰਣ ਦਾ ਹਾਲ ਰਾਮ ਨੂੰ ਦਸਿਆ ।

ਜਟਾਯੂ ਰਾਜਾ ਦਸ਼ਰਥ ਦਾ ਮਿਤ੍ਰ ਸੀ । ਪਦਮ ਪੁਰਾਣ ਅਨੁਸਾਰ, ਇਕ ਵਾਰ ਭਿਆਨਕ ਕਾਲ ਪੈਣ 'ਤੇ ਦਸ਼ਰਥ ਨੇ ਸ਼ਨੀ ਉਤੇ ਹੱਲਾ ਬੋਲ ਦਿਤਾ । ਦਸ਼ਰਥ ਦਾ ਰਥ ਸ਼ਨੀ ਦੇ ਕਹਿਰ ਨਾਲ ਸੜ ਗਿਆ ਤੇ ਦਸ਼ਰਥ ਥੱਲੇ ਡਿਗ ਪਿਆ, ਜਿਸ ਨੂੰ ਜਟਾਯੂ ਨੇ ਬੋਚ ਕੇ ਬਚਾ ਲਿਆ ।

ਹਿੱਸਿਆਂ ਵਿਚ ਵੰਡੀ ਜਾ ਸਕਦੀ ਹੈ : 1. ਮਰ ਗਏ ਸਾਧਾਂ ਸੰਤਾਂ ਦੀ ਪੂਜਾ, 2. ਪਿੱਤਰ ਪੂਜਾ, 3. ਚੰਦਰੀਆਂ ਰੂਹਾਂ ਦੀ ਪੂਜਾ । ਜਠੇਰਿਆਂ ਦੀ ਪੂਜਾ ਪਿੱਤਰ ਪੂਜਾ ਦਾ ਹੀ ਇਕ ਸਰੂਪ ਹੈ ।

ਜਠੇਰਾ ਕਿਸੇ ਕੁੱਲ-ਕੁਟੰਬ ਦਾ ਕੋਈ ਮਰ ਚੁਕਾ ਬਜ਼ੁਰਗ ਹੁੰਦਾ ਹੈ, ਜਿਸ ਨੂੰ ਕੁੱਲ-ਕੁਟੰਬ ਵਿਚ ਬੜੀ ਮਾਨਤਾ ਪ੍ਰਾਪਤ ਹੁੰਦੀ ਹੈ । ਉਸ ਦੀ ਵੰਸ ਦਾ ਭਾਈਚਾਰਾ, ਵਿਆਹ ਸ਼ਾਦੀ ਤੇ ਹੋਰ ਮੰਗਲ ਸਮਾਗਮਾਂ ਵੇਲੇ, ਉਸ ਨੂੰ ਪੂਜਦਾ ਹੈ । ਜੱਟਾਂ ਦੀ ਹਰ ਕੁੱਲ ਦੇ ਆਪਣੇ ਜਠੇਰੇ ਹਨ । ਤੇ ਕਈ ਵਾਰ ਕਿਸੇ ਕੁੱਲ ਦੇ ਜਠੇਰੇ, ਦੂਰ ਦੁਰਾਡੇ ਕਿਸੇ ਪਿੰਡ ਵਿਚ ਹੁੰਦੇ ਹਨ ਤੇ ਉਹ ਖ਼ੁਦ ਕਿਸੇ ਹੋਰ ਪਿੰਡ ਵਿਚ ਵਸਦੇ ਹਨ । ਜਠੇਰਿਆਂ ਤੋਂ ਦੂਰ ਵਸਦੇ ਲੋਕ ਵੀ ਕਦੇ ਕਦੇ ਆਪਣੇ ਜਠੇਰੇ ਦੇ ਸਥਾਨ 'ਤੇ ਜਾ ਕੇ ਪੂਜਾ ਕਰਦੇ ਹਨ । ਕਈ ਤਾਂ ਆਪਣੇ ਜਠੇਰਿਆਂ ਦੇ ਸਥਾਨ ਤੋਂ ਕੋਈ ਇੱਟ ਲਿਆ ਕੇ, ਉਸ ਨਾਲ ਆਪਣੇ ਪਿੰਡ ਵਿਚ, ਜਠੇਰੇ ਦਾ ਨਵਾਂ ਸਥਾਨ ਬਣਾ ਲੈਂਦੇ ਹਨ ਅਤੇ ਪੂਜਾ ਆਰੰਭ ਦੇਂਦੇ ਹਨ ।

ਕੁੱਲ ਦੇ ਵਡਿਕੇ ਦੇ ਜਠੇਰੇ ਤਾਂ ਖੇਤਾਂ ਵਿਚ ਹੀ ਬਣਾ ਲਏ ਜਾਂਦੇ ਹਨ । ਇਹ ਆਕਾਰ ਵਿਚ ਛੋਟੇ ਹੁੰਦੇ ਹਨ । ਪਰ ਕਬੀਲੇ ਦੇ ਜਠੇਰੇ ਪਿੰਡ ਦੀ ਸੀਮਾ ਉਤੇ ਕਿਸੇ ਖੁਲ੍ਹੀ ਥਾਂ ਬਣੇ ਹੁੰਦੇ ਹਨ ਤੇ ਕੁੱਲ ਦੇ ਜਠੇਰਿਆਂ ਨਾਲੋਂ ਅਕਾਰ ਵਿਚ ਵਡੇ ਹੁੰਦੇ ਹਨ ।

ਜਠੇਰਿਆਂ ਦੀ ਪੂਜਾ ਦਾ ਰਵਾਜ ਵਧੇਰੇ ਕਰ ਕੇ ਦੁਆਬੇ ਤੇ ਮਾਲਵੇ ਦੇ ਪਿੰਡਾਂ ਵਿਚ ਹੈ, ਜਿਥੇ ਖੇਤਾਂ ਵਿਚ ਇਨ੍ਹਾਂ ਦੀ ਥੇਹ ਜਾਂ ਮੱਟੀਲੇ ਆਮ ਵੇਖਣ ਨੂੰ ਮਿਲਦੇ ਹਨ । ਬੱਚੇ ਦੇ ਜਨਮ, ਕੁੜਮਾਈ ਅਤੇ ਵਿਆਹ 'ਤੇ ਜਠੇਰਿਆਂ ਦੀ ਪੂਜਾ ਕੀਤੀ ਜਾਂਦੀ ਹੈ । ਕਈ ਲੋਕ ਵੈਸੇ ਵੀ ਐਤਵਾਰ ਵਾਲੇ ਦਿਨ, ਜਠੇਰਿਆਂ ਨੂੰ ਪੂਜ ਲੈਂਦੇ ਹਨ । ਨਵੀਂ ਮੱਝ ਜਾਂ ਗਊ ਦੇ ਸੂਣ ਉਤੇ ਪਹਿਲਾ ਦੁੱਧ ਜਠੇਰਿਆਂ ਨੂੰ ਭੇਟ ਕੀਤਾ ਜਾਂਦਾ ਹੈ । ਨਵੀਂ ਫ਼ਸਲ ਦੀਆਂ ਪਹਿਲੀਆਂ ਬਲੀਆਂ ਅਥਵਾ ਦਾਣੇ ਜਠੇਰੇ ਦੀ ਹੀ ਭੇਟ ਚਾੜ੍ਹੇ ਜਾਂਦੇ ਹਨ । ਵਿਆਹ ਮਗਰੋਂ ਦੂਲ੍ਹਾ ਤੇ ਦੂਲ੍ਹਨ ਦੋਵੇਂ, ਜਠੇਰਿਆਂ 'ਤੇ ਜਾ ਕੇ ਜੰਡੀ ਦੀਆਂ ਛਿਟੀਆਂ ਨਾਲ ਖੇਡਦੇ ਹਨ ।

ਕਈ ਜਠੇਰਿਆਂ ਦਾ ਸਥਾਨ ਤਾਂ ਮਿੱਟੀ ਦੀ ਥੇਹ ਹੀ ਹੁੰਦਾ ਹੈ, ਜਿਥੇ ਪੂਜਾ ਸਮੇਂ ਹੋਰ ਮਿੱਟੀ ਪਾ ਦਿਤੀ ਜਾਂਦੀ ਹੈ, ਜਿਸ ਨਾਲ ਥੇਹ ਉੱਚੀ ਹੁੰਦੀ ਰਹਿੰਦੀ ਹੈ । ਪਰ ਕਈ

ਸਾਲ ਵਿਚ ਇਕ ਨਿਸਚਿਤ ਦਿਨ ਜਠੇਰੇ ਦੀ ਪੂਜਾ ਬੜੀ ਧੂਮ ਧਾਮ ਨਾਲ ਕੀਤੀ ਜਾਂਦੀ ਹੈ। ਜਿਸ ਵੰਸ ਜਾਂ ਕਬੀਲੇ ਦਾ ਉਹ ਜਠੇਰਾ ਹੁੰਦਾ ਹੈ, ਉਸ ਵੰਸ ਜਾਂ ਕਬੀਲੇ ਦੇ ਲੋਕ ਇਕਠੇ ਹੁੰਦੇ ਹਨ। ਕਈ ਤਾਂ ਦੁਰਾਡੇ ਪਿੰਡਾਂ ਤੋਂ ਵੀ ਪਹੁੰਚਦੇ ਹਨ। ਇਸ ਦਿਨ ਇਕ ਤਰ੍ਹਾਂ ਦਾ ਮੇਲਾ ਲਗਾ ਹੁੰਦਾ ਹੈ ਤੇ ਜ਼ਿਮੀਂ ਜਾਂ ਟੋਭੇ ਵਿਚੋਂ ਮਿੱਟੀ ਕਢ ਕੇ ਥੇਹ ਉਤੇ ਪਾਈ ਜਾਂਦੀ ਹੈ। ਜੇ ਕੁੱਲ ਦਾ ਪ੍ਰੋਹਿਤ ਉਥੇ ਹਾਜ਼ਰ ਹੋਵੇ ਤਾਂ ਉਸ ਨੂੰ ਆਟਾ, ਚਾਵਲ ਤੇ ਪੈਸੇ ਦਿਤੇ ਜਾਂਦੇ ਹਨ। ਜੇ ਹਾਜ਼ਰ ਨਾ ਹੋਵੇ ਤਾਂ ਕਿਸੇ ਦੂਜੇ ਬ੍ਰਾਹਮਣ ਨੂੰ ਭੇਟਾ ਦੇ ਦਿਤੀਆ ਜਾਂਦੀਆਂ ਹਨ। ਜੇ ਕੋਈ ਭੇਟਾ ਲੈਣ ਵਾਲਾ ਉਥੇ ਨਾ ਹੋਵੇ ਤਾਂ ਭੇਟਾ ਕੀਤੀ ਵਥ ਉਹਦੇ ਸਥਾਨ 'ਤੇ ਹੀ ਛਡ ਦਿਤੀ ਜਾਂਦੀ ਹੈ, ਜਿਸ ਨੂੰ ਮਗਰੋਂ ਕਮੀਣ ਜਾਂ ਚੂਹੜੇ-ਚਮਾਰ ਚੁਕ ਕੇ ਲੈ ਜਾਂਦੇ ਹਨ।

**(ਜ-35) ਜੰਡ :**

ਇਕ ਬ੍ਰਿਛ, ਜਿਸ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਪੀਰ ਫਕੀਰਾਂ ਦੀਆਂ ਖ਼ਾਨਗਾਹਾਂ 'ਤੇ, ਜੰਡੀ ਦੇ ਦਰਖ਼ਤ ਆਮ ਲਗੇ ਹੁੰਦੇ ਹਨ। ਜਦੋਂ ਕਿਸੇ ਸ਼ਰਧਾਲੂ ਦੀ ਮੰਨਤ ਪੂਰੀ ਹੁੰਦੀ ਹੈ ਤਾਂ ਉਹ ਖ਼ਾਨਗਾਹ ਉਤੇ ਦੀਵਾ ਬਾਲਣ ਤੇ ਗੀਟੀਆਂ ਰਖਣ ਤੋਂ ਇਲਾਵਾ ਇਕ ਪਾਟੀ ਪੁਰਾਣੀ ਲੀਰ ਜੰਡੀ ਉਤੇ ਬੰਨ੍ਹ ਦੇਂਦਾ ਹੈ, ਇਸ ਕਰਮ ਦਾ ਬੜਾ ਸੁਆਬ ਮੰਨਿਆ ਗਿਆ ਹੈ।

ਵਿਆਹ ਸਮੇਂ ਅਨੇਕਾਂ ਜਾਤੀਆਂ ਵਿਚ, ਜੰਡ ਕਟਣ ਦੀ ਰੀਤ ਪ੍ਰਚਲਤ ਹੈ। ਲਾੜ੍ਹਾ ਜੰਞ ਚੜ੍ਹਨ ਤੋਂ ਪਹਿਲਾਂ ਕਿਸੇ ਜੰਡ ਦੁਆਲੇ ਸੱਤ ਪ੍ਰਕਰਮਾ ਕਰਦਾ ਅਤੇ ਹਰ ਵਾਰ ਉਹ ਕੁਹਾੜੀ ਨਾਲ ਜੰਡੀ ਵਿਚ ਇਕ ਟੱਕ ਲਗਾਂਦਾ ਤੇ ਹਰ ਵਾਰ ਲਾੜ੍ਹੇ ਦੀ ਮਾਂ ਉਸ ਦੇ ਮੂੰਹ ਵਿਚ ਸ਼ਕਰ ਪਾਉਂਦੀ ਹੈ। ਕਈ ਥਾਈਂ ਕੇਵਲ ਰਸਮੀ ਤੌਰ ਤੇ ਇਕ ਟਹਿਣੀ ਹੀ ਕਟ ਲਈ ਜਾਂਦੀ ਹੈ। ਲੋਕਾਂ ਦਾ ਨਿਸਚਾ ਹੈ ਕਿ ਜੰਡ ਦੇ ਰੁੱਖ ਨੂੰ ਵੱਢਣ ਨਾਲ ਦੇਵਤੇ ਪ੍ਰਸੰਨ ਹੁੰਦੇ ਤੇ ਲਾੜ੍ਹੇ ਦੀ ਪ੍ਰੇਤ ਰੂਹਾਂ ਤੋਂ ਰਖਿਆ ਕਰਦੇ ਹਨ।

ਕਈ ਹਿੰਦੂਆਂ ਵਿਚ ਮੁੰਡਣ ਸੰਸਕਾਰ ਵੇਲੇ ਵੀ ਜੰਡੀ ਵੱਢਣ ਦੀ ਪ੍ਰਥਾ ਰਹੀ ਹੈ। ਜੰਡ ਦੇ ਰੁੱਖ ਨੂੰ ਬੜਾ ਪਵਿੱਤ੍ਰ ਮੰਨਿਆ ਗਿਆ ਹੈ ਤੇ ਕਈ ਰਸਮ ਰੀਤ੍ਹਾਂ ਜੰਡ ਦੇ ਬ੍ਰਿਛ ਦੇ ਹੇਠਾਂ ਬੈਠ ਕੇ ਜਾਂ ਉਸ ਦੀ ਟਹਿਣੀ ਵੱਢ ਕੇ, ਉਸਦੇ ਨਾਲ

ਪਹਿਲਾਂ ਜੰਡੀ ਉਤੇ ਸੰਧੂਰ ਨਾਲ ਸਵਾਸਤਿਕ ਦਾ ਨਿਸ਼ਾਨ ਬਣਾਇਆ ਜਾਂਦਾ ਹੈ। ਫਿਰ ਜੰਡ ਪੂਜੀ ਜਾਂਦੀ ਹੈ ਤੇ ਜੰਡ ਦੇ ਰੁੱਖ ਦੁਆਲੇ ਨੌਂ ਵਾਰ ਸੂਤਰ ਦਾ ਧਾਗਾ ਵਲ੍ਹੇਟ ਕੇ ਪ੍ਰਕਰਮਾ ਕੀਤੀ ਜਾਂਦੀ ਹੈ। ਇਸ ਮੌਕੇ 'ਤੇ ਪ੍ਰੋਹਿਤ ਕੁਝ ਮੰਤਰ ਉਚਾਰਦਾ ਹੈ। ਮਗਰੋਂ ਗੁੜ ਭੇਟ ਕਰ ਕੇ ਬੱਚੇ ਨੂੰ ਚੋਲਾ ਪਹਿਨਾਇਆ ਜਾਂਦਾ ਹੈ (ਗਲਾਸਰੀ 1,137)। ਕਈ ਹਿੰਦੂ ਬੱਚੇ ਦੇ ਜਨਮ ਮਗਰੋਂ ਜੱਚਾ ਨੂੰ ਜ਼ਿਮੀਂ ਉਤੇ ਸਵਾਂਦੇ ਹਨ ਤੇ ਉਸ ਦੇ ਸਿਰਹਾਣੇ ਹੇਠ ਸੱਤ ਕਿੱਕਰ ਦੇ ਕੰਡੇ ਰਖਦੇ ਹਨ, ਇਸ ਉਪਰੰਤ ਜੰਡੀ ਕਟਦੇ ਤੇ ਇਨ੍ਹਾਂ ਨੂੰ ਭੋਜਨ ਪਾਉਂਦੇ ਹਨ (ਗਲਾਸਰੀ 1,371,517)।

ਜੰਞ ਤੁਰਨ ਵੇਲੇ, ਜੱਟਾਂ ਤੇ ਖਤ੍ਰੀਆਂ ਵਿਚ, ਦੂਲ੍ਹਾ ਪਹਿਲਾਂ ਤਲਵਾਰ/ਛੁਰੀ ਨਾਲ ਜੰਡੀ ਵਢਦਾ ਹੈ। ਹਿੰਦੂਆਂ ਵਿਚ ਜੰਡੀ ਕਟਣ ਸਮੇਂ ਪਰੋਹਿਤ ਨੂੰ ਕੁਝ ਮਠਿਆਈ ਵੀ ਭੇਟ ਕੀਤੀ ਜਾਂਦੀ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਵਿਆਹ ਨਿਰਵਿਘਨ ਸਮਾਪਤ ਹੁੰਦਾ ਹੈ ਤੇ ਚੰਦਰੀਆਂ ਰੂਹਾਂ ਦਾ ਪ੍ਰਭਾਵ ਫਿੱਕਾ ਪੈਂਦਾ ਹੈ।

ਡੇਰਾ ਬਾਬਾ ਨਾਨਕ ਦੇ ਬੇਦੀਆਂ ਵਿਚ, ਬੱਚੇ ਦੇ ਜਨਮ ਨਾਲ ਸਬੰਧਿਤ ਜੋ ਰੀਤਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚੋਂ ਇਕ 'ਜੰਡੀਆ ਦੀ ਰੀਤ' ਵੀ ਹੈ। ਇਹ ਰੀਤ ਭਾਦਰੋਂ ਦੀ ਮਸਿਆ ਨੂੰ ਜੰਡੀ ਵੱਢ ਕੇ ਕੀਤੀ ਜਾਂਦੀ ਹੈ। ਸਾਰੇ ਅੰਗਾਂ ਸਾਕਾਂ ਤੇ ਸ਼ਰੀਕੇ ਨੂੰ ਇਸ ਮੌਕੇ 'ਤੇ ਸਦਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਭੋਜ ਦੇਣ ਤੋਂ ਇਲਾਵਾ ਮਠਿਆਈ ਵੀ, ਭਾਜੀ ਵਜੋਂ ਦਿਤੀ ਜਾਂਦੀ ਹੈ।

ਜੰਡ ਵੱਢਣ ਸਮੇਂ ਗੀਤ ਵੀ ਗਾਏ ਜਾਂਦੇ ਹਨ :

ਨੀ ਲਾੜਾ ਜੰਡੀ ਵੱਢਦਾ
ਕਿਹਾ ਫੱਬਦਾ।
ਨੀ ਲਾੜਾ ਲੱਖ ਸੌ ਵਰ੍ਹਿਆ ਜੀਵੇ
ਘੋਲ ਪਤਾਸੇ ਪੀਵੇ
ਕਿਹਾ ਚੰਗਾ ਲਗਦਾ
ਘੋੜੀ ਚੜ੍ਹਿਆ ਡਾਢਾ ਫੱਬਦਾ,
ਨੀ ਕੋਈ ਮੁਲੱਖਈਆ ਲਗਦਾ।

ਪਖੋਂਕੇ ਰੰਧਾਵਿਆ ਵਿਚ ਲਾੜ੍ਹਾ ਜੰਡੀ ਵਢਣ ਵੇਲੇ ਆਪਣੇ ਨਾਲ ਕੁਝ ਕੜਾਹ ਤੇ ਪੂੜੀਆਂ ਲੈ ਜਾਂਦਾ ਹੈ ਤੇ ਜੰਡੀ ਵਢ ਕੇ ਉਥੇ ਇਕਠੇ ਹੋਏ ਲੋਕਾਂ ਵਿਚ ਕੜਾਹ ਤੇ ਪੂੜੀਆਂ ਵੰਡਦਾ ਹੈ। ਲਾਗੀਆਂ ਨੂੰ ਲਾਗ ਵਜੋਂ ਰੁਪਏ ਪੈਸੇ ਦਿਤੇ ਜਾਂਦੇ ਹਨ।

ਪਵਿੱਤਰ ਮੰਨੇ ਜਾਂਦੇ ਹਨ ਤੇ ਉਨ੍ਹਾਂ ਰੁੱਖਾਂ ਨੂੰ ਸਿੱਖ ਆਦਰ ਨਾਲ ਜੰਡ ਸਾਹਿਬ ਕਹਿੰਦੇ ਹਨ। ਮਹਾਨਕੋਸ਼ ਅਨੁਸਾਰ ਅਜਿਹੀਆਂ ਕਈ ਜੰਡਾਂ ਦੇ ਦੁਆਲੇ ਗੁਰਦੁਆਰੇ ਬਣ ਗਏ ਹਨ।

1. ਨਾਭਾ ਦੇ ਪਿੰਡ ਗੁਮਟੀ ਤੋਂ ਵਾਯਵੀਂ ਕੋਣ ਦੋ ਮੀਲ ਉਤੇ ਉਹ ਜੰਡ, ਜਿਸ ਪਰ ਭਾਈ ਰੂਪੇ ਨੇ ਪਾਣੀ ਦਾ ਕੁੱਜਾ ਲਟਕਾਇਆ ਸੀ ਅਤੇ ਪ੍ਰੇਮ ਦੀ ਖਿੱਚ ਨਾਲ ਦੁਪਹਿਰ ਵੇਲੇ ਡਰੋਲੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੱਦ ਕੇ, ਜੰਡ ਹੇਠ ਬੈਠਾ ਕੇ, ਠੰਢਾ ਜਲ ਛਕਾਇਆ ਸੀ। ਇਥੇ ਹੁਣ ਗੁਰਦਵਾਰਾ ਹੈ।

2. ਦਮਕੋਟ ਤੋਂ ਤਿੰਨ ਕੋਹ ਵਾਯਵੀਂ ਕੋਣ ਇਕ ਜੰਡ ਜਿਸ ਹੇਠ ਗੁਰੂ ਗੋਬਿੰਦ ਸਿੰਘ ਜੀ ਗੜ੍ਹੀ ਤੋਂ ਨਿਕਲ ਕੇ ਕੁਝ ਸਮਾਂ ਠਹਿਰੇ ਸਨ, ਇਥੇ ਗੁਰਦੁਆਰਾ ਹੈ ਤੇ ਇਸ ਜੰਡ ਕੋਲ ਵਸੇ ਪਿੰਡ ਦਾ ਨਾਂ ਵੀ 'ਜੰਡ ਸਾਹਿਬ' ਹੈ।

3. ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਲਹਿਲੀ ਕਲਾਂ ਤੋਂ ਪੂਰਬ ਵਲ ਗੁਰੂ ਹਰਿਰਾਏ ਦਾ ਅਸਥਾਨ। ਇਥੇ ਉਨ੍ਹਾਂ ਨੇ ਇਕ ਜੰਡ ਨਾਲ ਘੋੜਾ ਬੱਧਾ ਸੀ। ਹੁਣ ਗੁਰਦੁਆਰਾ ਬਣਿਆ ਹੋਇਆ ਹੈ।

4. ਜ਼ਿਲਾ ਫ਼ਿਰੋਜ਼ਪੁਰ, ਤਹਿਸੀਲ ਮੁਕਤਸਰ, ਪਿੰਡ ਥੇਹੜੀ ਤੋਂ ਇਕ ਫ਼ਰਲਾਂਗ ਪੂਰਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ। ਦਸ਼ਮੇਸ਼ ਜੀ ਨੇ ਜਿਨ੍ਹਾਂ ਜੰਡਾਂ ਨਾਲ ਸ਼ਸਤ੍ਰ ਤੇ ਵਸਤ੍ਰ ਟੰਗੇ ਸਨ, ਉਹ ਤਿੰਨੇ ਮੌਜੂਦ ਹਨ।

5. ਫ਼ਰੀਦਕੋਟ ਪਿੰਡ ਦੋਹਰੀ ਵਾਲਾ ਕਲਾਂ ਤੋਂ ਇਕ ਮੀਲ ਦੱਖਣ ਵਲ ਇਕ ਜੰਡੀ ਜਿਥੇ ਗੁਰੂ ਗੋਬਿੰਦ ਸਿੰਘ ਸਾਹਿਬ ਵਿਰਾਜੇ ਸਨ, ਹੁਣ ਇਥੇ ਗੁਰਦਵਾਰਾ ਹੈ।

6. ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਚ ਜੰਡਸਰ ਪਿੰਡ ਤੋਂ ਅੱਧ ਮੀਲ ਉਤਰ, ਦਸਮ ਗੁਰੂ ਦਾ ਇਕ ਅਸਥਾਨ, ਜਿਥੇ ਜੰਡ ਨਾਲ ਘੋੜਾ ਬੱਧਾ ਸੀ।

## (ਜ-37) ਜੰਡ-ਖਰੰਗ

ਵਡੇ ਬੱਚਿਆਂ ਦੀ ਇਕ ਖੇਡ, ਜੋ ਛੂਹਣ-ਛੁਹਾਣ ਵਾਲੀਆਂ ਖੇਡਾਂ ਦਾ ਹੀ ਇਕ ਰੂਪ ਹੈ। ਇਸ ਨੂੰ 'ਰੀੜ ਕੜਾਂਗਾ', 'ਜੰਡ ਪਰਾਗਾ', 'ਜੰਡ ਪਲੰਗ', 'ਪੀਲ ਪਲਾਂਗਣ' ਤੇ 'ਡੰਡਾ-ਡੁੱਕ' ਵੀ ਕਹਿੰਦੇ ਹਨ। ਡੰਡੇ ਨਾਲ ਖੇਡਣ ਕਰ ਕੇ ਇਸ ਖੇਡ ਨੂੰ 'ਡੰਡਾ ਡੁੱਕ' ਅਤੇ ਦਰਖਤਾਂ ਉਤੇ ਚੜ੍ਹਨ ਕਰ ਕੇ ਇਸ ਨੂੰ 'ਜੰਡ ਪਲੰਗ' ਜਾਂ 'ਜੰਡ ਖੜੰਗ'

ਹੈ। ਮੰਤਰਾਂ ਦਾ ਪ੍ਰਭਾਵ ਉਨ੍ਹਾਂ ਦੀ ਵਿਮਲੀ ਸ਼ਬਦ ਸ਼ਕਤੀ ਸਦਕਾ ਹੈ ਅਤੇ ਇਹ ਪ੍ਰਭਾਵ ਉੱਚਾਰਨ ਨਾਲ ਪੈਂਦਾ ਹੈ। ਜੰਤਰਾਂ ਦਾ ਅਸਰ ਛੂਹਣ ਜਾਂ ਉਨ੍ਹਾਂ ਤੋਂ ਟੱਪਣ ਨਾਲ ਹੁੰਦਾ ਹੈ। ਜੰਤਰ ਵਿਚ ਚੋਰਸ ਖਾਨੇ ਬਣਾ ਕੇ ਕੁਝ ਅੰਕੜੇ ਲਿਖੇ ਹੁੰਦੇ ਹਨ। ਇਹ ਅੰਕੜੇ ਗ੍ਰਹਿਆਂ, ਨਛੱਤ੍ਰਾਂ ਤੇ ਦੇਵਤਿਆਂ ਦੀ ਸ਼ਕਤੀ ਦੇ ਬੋਧਿਕ ਹੁੰਦੇ ਹਨ।

ਜੰਤਰ ਦੋ ਤਰ੍ਹਾਂ ਦੇ ਹੁੰਦੇ ਹਨ : ਨਰਮ ਤੇ ਗਰਮ। ਨਰਮ ਜੰਤਰ ਕੋਲ ਰਖਣ ਨਾਲ ਦੁਖ ਕਲੇਸ਼ ਤੇ ਸੰਕਟ ਦੂਰ ਹੁੰਦੇ ਹਨ। ਮਨੋਕਾਮਨਾ ਪੂਰੀਆਂ ਹੁੰਦੀਆਂ, ਕਾਰਜ ਵਿਚ ਸਫਲਤਾ ਪ੍ਰਾਪਤ ਹੁੰਦੀ ਤੇ ਦੁਸ਼ਮਣ ਕਮਜ਼ੋਰ ਪੈਂਦੇ ਹਨ। ਗਰਮ ਜੰਤਰ ਦੁਸ਼ਮਣ ਨੂੰ ਜਾਨੀ ਤੇ ਮਾਲੀ ਨੁਕਸਾਨ ਪਹੁੰਚਾਣ ਲਈ ਕੀਤੇ ਜਾਂਦੇ ਹਨ। ਹੇਠਾਂ ਇਕ ਜੰਤਰ ਦਾ ਨਮੂਨਾ ਦਿਤਾ ਜਾਂਦਾ ਹੈ, ਇਸ ਨੂੰ ਕਾਗ਼ਜ਼ ਦੇ ਟੁਕੜੇ ਉਤੇ ਲਿਖ ਕੇ ਬਾਂਹ ਉਤੇ ਬੰਨ੍ਹਣ ਨਾਲ ਭੂਤ-ਪ੍ਰੇਤ ਨੇੜੇ ਨਹੀਂ ਆਉਂਦੇ :

| | | |
|---|---|---|
| 6 | 1 | 8 |
| 7 | 5 | 3 |
| 2 | 9 | 4 |

ਇਸ ਜੰਤਰ ਦੇ ਅੰਕੜਿਆਂ ਨੂੰ ਕਿਸੇ ਪਾਸੇ ਤੋਂ ਜੋੜ ਕਰੋ, ਕੁਲ ਗਿਣਤੀ ਪੰਦਰਾਂ ਹੀ ਬਣੇਗੀ।

ਕੁਝ ਜੰਤਰਾਂ ਉਤੇ ਵੇਦਾਂ-ਮੰਤਰਾਂ ਦਾ ਉਲੇਖ ਹੁੰਦਾ ਹੈ। ਤੰਤਰ-ਸ਼ਾਸਤਰ ਵਾਲੇ ਜੰਤਰਾਂ ਉਤੇ ਕੁਝ ਚਿੰਨ੍ਹ ਤੇ ਅੰਕੜੇ ਵਾਹੁੰਦੇ ਹਨ। ਜੰਤਰਾਂ ਨੂੰ ਚਾਂਦੀ ਜਾਂ ਤਾਂਬੇ ਦੀ ਡਿਬੀ ਵਿਚ ਮੜ੍ਹ ਕੇ, ਸਰੀਰ ਦੇ ਕਿਸੇ ਅੰਗ ਨਾਲ ਖ਼ਾਸ ਤੌਰ ਤੇ ਡੌਲਿਆਂ ਉਤੇ ਬੰਨ੍ਹਿਆ ਜਾਂਦਾ ਹੈ। ਕਈ ਵਾਰ ਦੁਸ਼ਮਣ ਨੂੰ ਜਾਨੀ ਜਾਂ ਮਾਲੀ ਨੁਕਸਾਨ ਪਹੁੰਚਾਣ ਲਈ ਉਸ ਦੇ ਘਰ ਦੀ ਦਲ੍ਹੀਜ਼, ਵਿਹੜੇ ਜਾਂ ਖੇਤ ਵਿਚ, ਜੰਤਰ ਦੱਬ ਦਿਤੇ ਜਾਂਦੇ ਹਨ। ਜਿਹੜਾ ਪ੍ਰਾਣੀ ਇਨ੍ਹਾਂ ਜੰਤਰਾਂ ਤੋਂ ਸਭ ਤੋਂ ਪਹਿਲਾਂ ਟਪਦਾ ਹੈ, ਉਸ ਉਤੇ ਹੀ ਜੰਤਰਾਂ ਦੀ ਮੰਦ ਭਾਵਨਾ ਦਾ ਅਸਰ ਹੁੰਦਾ ਹੈ। ਕਈ ਵਾਰ ਜੰਤਰਾਂ ਨੂੰ ਦੁਸ਼ਮਣ ਦੀ ਮੰਜੀ ਦੇ ਔਂਠਿਆਂ ਵਿਚ ਦਬਾ ਦਿਤਾ ਜਾਂਦਾ ਹੈ। ਜਦੋਂ ਤਕ ਦੱਬੇ ਹੋਏ ਜਾਂ ਦੁਪਾਏ ਹੋਏ ਜੰਤਰ ਕਢ ਕੇ ਜਲ ਪ੍ਰਵਾਹ ਨਹੀਂ ਕਰ ਦਿਤੇ ਜਾਣ, ਉਦੋਂ ਤਕ ਉਨ੍ਹਾਂ ਦਾ ਅਸਰ

ਜੰਤਰ ਨੂੰ 'ਰੱਖ' ਵੀ ਕਿਹਾ ਜਾਂਦਾ ਹੈ (ਵੇਖੋ : ਰੱਖ)। ਮੁਸਲਮਾਨ ਤਾਂਬੇ/ਚਾਂਦੀ ਦੀ ਡਿੱਬੀ ਵਿਚ ਮੜੇ ਜੰਤਰ ਨੂੰ 'ਤਵੀਤ' ਕਹਿੰਦੇ ਹਨ (ਵੇਖੋ : ਤਵੀਤ)।

(ਜ-39) **ਜੰਤਰੀ :**

ਉਹ ਪੁਸਤਕ, ਜਿਸ ਵਿਚ ਚੰਨ-ਸੂਰਜ ਆਦਿ ਗ੍ਰਹਿਆਂ ਦੀ ਚਾਲ, ਨਛੱਤਰਾਂ ਦੀ ਸਥਿਤੀ, ਸ਼ੁਭ ਤੇ ਅਸ਼ੁਭ ਯੋਗਾਂ ਦਾ ਵੇਰਵਾ ਹੋਵੇ। ਹਰੇਕ ਦਿਨ ਤੇ ਤਿੱਥ ਦੇ ਪ੍ਰਧਾਨ ਗ੍ਰਹਿ, ਮੁਖੀ ਤਿਉਹਾਰ ਤੇ ਹਰ ਮਿਤੀ ਦੇ ਤਿੱਥ-ਵਾਰ ਆਦਿ ਦਿਤਾ ਗਿਆ ਹੁੰਦਾ ਹੈ। ਜੰਤਰੀ ਸ਼ਬਦ ਸੰਸਕ੍ਰਿਤ ਦੇ ਯੰਤ੍ਰ ਤੋਂ ਬਣਿਆ ਹੈ। ਜੰਤਰੀ ਵਿਚ ਦਿਤਾ ਵੇਰਵਾ ਯੰਤਰਾਂ ਤੇ ਖਗੋਲ ਵਿਦਿਆ ਦੇ ਨਰੀਖਸ਼ਣ ਨਾਲ ਇਕੱਠਾ ਕੀਤਾ ਜਾਂਦਾ ਹੈ। ਇਸੇ ਲਈ ਇਸ ਤਿੱਥ ਪੱਤ੍ਰੀ ਨੂੰ ਜੰਤਰੀ ਕਹਿੰਦੇ ਹਨ।

ਬੱਚੇ ਦਾ ਟੇਵਾ ਬਣਾਉਣ ਲਗਿਆਂ ਤੇ ਮੰਗਲ ਕਾਰਜਾਂ ਦੇ ਮਹੂਰਤ ਕੱਢਣ ਵੇਲੇ ਵੀ, ਜੰਤਰੀ ਤੋਂ ਹੀ ਗ੍ਰਹਿਆਂ ਦੀ ਸਥਿਤੀ ਬਾਰੇ ਵੇਰਵਾ ਲਿਆ ਜਾਂਦਾ ਹੈ।

(ਜ-40) **ਜੰਦਰਾ :**

ਜੰਦਰੇ ਨਾਲ ਕਈ ਤਰ੍ਹਾਂ ਦੇ ਭਰਮ-ਵਹਿਮ ਸਬੰਧਿਤ ਹਨ। ਜੰਦਰਾ ਬੰਧਨ ਦਾ ਚਿੰਨ੍ਹ ਹੈ। ਕੰਨਿਆਂ ਦੇ ਦਾਜ ਵਿਚ, ਜੰਦਰਾ ਨਹੀਂ ਦਿਤਾ ਜਾਂਦਾ। ਜੇ ਦਾਜ ਦੇ ਸੰਦੂਕ ਨੂੰ ਕੰਨਿਆਂ ਦਾ ਪਿਉ ਜੰਦਰਾ ਲਗਾ ਦੇਵੇ ਤਾਂ ਇਸ ਦਾ ਭਾਵ ਹੈ ਕਿ ਅਗੋਂ ਪੇਕੇ ਘਰ ਤੋਂ ਕੰਨਿਆਂ ਨੂੰ ਕੋਈ ਚੀਜ਼ ਵਸਤ ਨਹੀਂ ਮਿਲੇਗੀ।

ਕਿਸੇ ਅੰਗ ਸਾਕ ਜਾਂ ਦੋਸਤ ਮਿਤ੍ਰ ਨੂੰ ਜੰਦਰਾ ਦੇਣਾ ਆਪਸੀ ਸਬੰਧਾਂ ਨੂੰ ਤਾਲਾ ਮਾਰਨਾ ਹੈ। ਜੰਦਰਾ ਦੇਣ ਨਾਲ ਦੋਹਾਂ ਦੇ ਸਬੰਧ ਛੇਤੀ ਖ਼ਤਮ ਹੋ ਜਾਂਦੇ ਹਨ ਤੇ ਦੋਹਾਂ ਵਿਚ ਅਣਬਣ ਹੋ ਜਾਂਦੀ ਹੈ।

ਜੇ ਗਰਭਵਤੀ ਪੀੜਾਂ ਉਤੇ ਹੋਵੇ ਤਾਂ ਕਈ ਵਾਰ ਘਰ ਦੇ ਸਾਰੇ ਜੰਦਰੇ ਤੇ ਗੰਢਾਂ ਖੋਲ੍ਹ ਦਿਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਧਾਰਨਾ ਹੈ ਕਿ ਛੇਤੀ ਬੱਚਾ ਪੇਟ ਵਿਚੋਂ ਬਾਹਰ ਆ ਜਾਂਦਾ ਹੈ।

(ਜ-41) **ਜੰਧਰੀ :**

ਹੁਸ਼ਿਆਰਪੁਰ ਜ਼ਿਲੇ ਦਾ ਇਕ ਕਸਬਾ ਜੋ ਸਤਲੁਜ ਦੇ

(ਜ-42) **ਜਨ :**

ਪੁਰਾਣਾਂ ਅਨੁਸਾਰ ਆਕਾਸ਼ ਦੇ ਸਤ ਲੋਕਾਂ ਵਿਚੋਂ ਪੰਜਵਾਂ ਲੋਕ ਜਿਥੇ ਬ੍ਰਹਮਾ ਦੇ ਪੁਤਰ ਸਨਕ, ਸਨਤਕੁਮਾਰ, ਸਨੰਦਤੇ ਅਤੇ ਹੋਰ ਮਹਾਂਪੁਰਸ਼ ਰਹਿੰਦੇ ਹਨ। ਬ੍ਰਹਮਾ ਦੇ ਉਪਾਸਕਾਂ ਦਾ ਮਰਨ ਮਗਰੋਂ ਵਾਸਾ ਇਸੇ ਲੋਕ ਵਿਚ ਹੁੰਦਾ ਹੈ।

(ਜ-43) **ਜਨਕ :**

ਮਿਥਿਲਾ ਦੇ ਸੂਰਜਵੰਸੀ ਰਾਜਿਆਂ ਦੀ ਉਪਾਧੀ ਜਨਕ ਸੀ। ਇਸੇ ਵੰਸ਼ ਵਿਚ ਇਕ ਪ੍ਰਤਾਪੀ ਰਾਜਾ ਜਨਕ ਹੋਇਆ, ਜਿਸ ਤੋਂ ਇਹ ਉਪਾਧੀ ਅਗੇ ਤੁਰ ਪਈ। ਜਨਕ ਦੀ ਉਤਪਤੀ ਬਾਰੇ ਇਕ ਅਨੂਠੀ ਕਥਾ ਪ੍ਰਚਲਤ ਹੈ। ਜਦੋਂ ਮਿਥਿਲਾ ਦਾ ਪਹਿਲਾ ਰਾਜਾ ਬਜਿ ਦਾ ਪੁੱਤਰ ਮਿਥਿ ਕਾਲਵਸ ਹੋਇਆ, ਤਾਂ ਉਸ ਦਾ ਰਾਜ-ਭਾਗ ਸੰਭਾਲਣ ਲਈ ਕੋਈ ਉਤਰ-ਅਧਿਕਾਰੀ ਨਹੀਂ ਸੀ। ਰਿਸ਼ੀਆਂ ਨੇ ਮਿਥਿ ਦੇ ਸਰੀਰ ਨੂੰ ਰਗੜ ਕੇ, ਉਸ ਵਿਚੋਂ ਇਕ ਰਾਜਕੁਮਾਰ ਪੈਦਾ ਕੀਤਾ, ਜਿਸ ਦਾ ਨਾਉਂ ਜਨ 'ਜੋ ਪਿਤਾ ਤੋਂ ਬਿਨਾਂ ਜੰਮਿਆ ਹੋਵੇ' ਰਖਿਆ ਗਿਆ। ਇਸੇ ਜਨਕ ਦੇ ਪ੍ਰਤਾਪ ਤੇ ਪ੍ਰਤਿਸ਼ਠਾ ਸਦਕਾ ਇਸ ਵੰਸ਼ ਦਾ ਨਾਉਂ ਜਨਕ ਪੈ ਗਿਆ। ਜਨਕ ਤੋਂ ਚੌਥੀ ਪੀੜ੍ਹੀ ਦੇਵਰਾਤ ਹੋਇਆ, ਜਿਸ ਨੂੰ ਸ਼ਿਵ ਨੇ ਉਹ ਧਨੁਖ ਦਿਤਾ ਸੀ, ਜਿਸ ਨੂੰ ਸੀਤਾ ਦੇ ਸਵਯੰਬਰ ਵਿਚ ਰਾਮਚੰਦਰ ਨੇ ਤੋੜਿਆ ਸੀ। ਰਾਜਾ ਜਨਕ ਤੋਂ ਵੀਹਵੀਂ ਪੀੜ੍ਹੀ ਸੀਤਾ ਦਾ ਪਿਤਾ ਤੇ ਰਾਮਚੰਦਰ ਦਾ ਸਹੁਰਾ ਰਾਜਾ ਜਨਕ ਹੋਇਆ ਜਿਸ ਦਾ ਅਸਲੀ ਨਾਂ ਸੀਰਧੁਜ ਸੀ।

ਸੀਤਾ ਦਾ ਪਿਤਾ ਜਨਕ ਬੜਾ ਪ੍ਰਤਾਪੀ ਰਾਜਾ ਤੇ ਰਾਜ-ਜੋਗੀ ਹੋਇਆ ਹੈ। ਇਸ ਦੀ ਸਭਾ ਵਿਚ ਕਈ ਰਿਸ਼ੀ-ਮੁਨੀ ਤੇ ਵਿਦਵਾਨ ਰਹਿੰਦੇ ਸਨ। ਮਹਾਨ ਕੋਸ਼ ਅਨੁਸਾਰ 'ਜਨਕ ਆਤਮ ਤੱਤ ਦਾ ਵੇਤਾ ਤੇ ਨੀਤੀ ਦਾ ਪੁੰਜ ਸੀ ਤੇ ਇਹ ਰਾਜ ਕਰਦਾ ਹੋਇਆ ਵੀ ਸੰਨਿਆਸੀ ਸੀ।'

ਰਵਾਇਤਾਂ ਅਨੁਸਾਰ ਸੀਤਾ ਜਨਕ ਦੀ ਆਪਣੀ ਬੇਟੀ ਨਹੀਂ ਸੀ। ਜਦੋਂ ਰਾਜਾ ਜਨਕ ਸੰਤਾਨ ਦੀ ਇੱਛਾ ਨਾਲ, ਯੱਗ ਕਰਨ ਲਈ ਧਰਤੀ ਨੂੰ ਵਾਹ ਰਿਹਾ ਸੀ ਤਾਂ ਸਿਆੜਾਂ ਹੇਠੋਂ ਸੀਤਾ ਉਤਪੰਨ ਹੋਈ, ਜਿਸ ਨੂੰ ਜਨਕ ਨੇ ਪੁਤ੍ਰੀ ਵਾਂਗ ਪਾਲਿਆ।

ਇਸ ਗੱਲ ਦੀ ਵਿਰੋਧਤਾ ਕੀਤੀ, ਪਰ ਜਨਕ ਨੇ ਬ੍ਰਾਹਮਣਾਂ ਦੀ ਪਰਵਾਹ ਨਾ ਕਰਦੇ ਹੋਏ ਯਾਗਵਲਕਯ ਰਿਸ਼ੀ ਦੀ ਸਲਾਹ ਨਾਲ, ਯੱਗ ਸਫਲਤਾ ਪੂਰਵਕ ਕੀਤਾ । ਇਸੇ ਆਧਾਰ ਉੱਤੇ ਕਿਹਾ ਜਾਂਦਾ ਹੈ ਕਿ ਰਾਜਾ ਜਨਕ ਤੇ ਯਾਗਵਲਕਯ ਨੇ ਬ੍ਰਾਹਮਣਵਾਦ ਦਾ ਵਿਰੋਧ ਕਰ ਕੇ ਬੁੱਧ ਧਰਮ ਲਈ ਰਾਹ ਤਿਆਰ ਕੀਤਾ ।

ਰਾਜਾ ਜਨਕ ਭਾਵੇਂ ਜਾਤ ਵਲੋਂ ਖਸ਼ਤ੍ਰੀ ਸੀ, ਪਰ ਆਪਣੇ ਪਵਿਤ੍ਰ ਤੇ ਨੇਕ ਜੀਵਨ ਸਦਕਾ ਉਹ ਬ੍ਰਾਹਮਣ ਬਣ ਗਿਆ ਅਤੇ ਉਸ ਦੀ ਗਿਣਤੀ ਰਾਜ-ਰਿਸ਼ੀਆਂ ਵਿਚੋਂ ਕੀਤੀ ਜਾਣ ਲਗੀ ।

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ, ਗੁਰੂ ਨਾਨਕ ਦੇਵ ਜੀ ਨੂੰ, ਰਾਜੇ ਜਨਕ ਦਾ ਅਵਤਾਰ ਦਸਿਆ ਗਿਆ ਹੈ ।

## (ਜ-44) **ਜਨਮ ਅਸ਼ਟਮੀ** :

ਹਿੰਦੂਆਂ ਦਾ ਇਕ ਪ੍ਰਸਿਧ ਤਿਉਹਾਰ, ਜੋ ਭਾਦੋਂ ਦੀ ਕ੍ਰਿਸ਼ਨਾ ਪੱਖ ਦੀ ਅਠਵੀਂ ਤਿੱਥ ਨੂੰ ਮਨਾਇਆ ਜਾਂਦਾ ਹੈ । ਇਸੇ ਤਿੱਥ ਨੂੰ, ਦੁਆਪਰ ਯੁਗ ਵਿਚ, ਕ੍ਰਿਸ਼ਨ ਨੇ ਅਵਤਾਰ ਧਾਰਨ ਕੀਤਾ ਸੀ ।

ਇਸ ਤਿੱਥ ਨੂੰ, ਜੇ ਰਾਤ ਵੇਲੇ ਰੋਹਣੀ ਨਛਤ੍ਰ ਹੋਵੇ, ਤਾਂ ਜਨਮ ਅਸ਼ਟਮੀ ਮਨਾਈ ਜਾਂਦੀ ਹੈ । ਕਈ ਵਾਰ ਨਛਤ੍ਰ ਦਾ ਜੋਗ ਨਾ ਮਿਲਣ 'ਤੇ ਵੀ ਜਨਮ ਅਸ਼ਟਮੀ ਮਨਾ ਲਈ ਜਾਂਦੀ ਹੈ । ਪਰ ਉਦੋਂ ਸਮਾਰਤਾਂ ਦੀ ਜਨਮ ਅਸ਼ਟਮੀ ਪਹਿਲੇ ਦਿਨ ਹੁੰਦੀ ਹੈ ਤੇ ਵੈਸ਼ਨਵਾਂ ਦੀ ਅਗਲੇ ਦਿਨ ।

ਕ੍ਰਿਸ਼ਨ ਦੇ ਉਪਾਸ਼ਕ, ਜਨਮ ਅਸ਼ਟਮੀ ਵਾਲੇ ਦਿਨ, ਵਰਤ ਰਖਦੇ ਹਨ । ਮੰਦਰ ਵਿਚ ਕੀਰਤਨ ਹੁੰਦਾ ਤੇ ਕ੍ਰਿਸ਼ਨ ਦੀ ਜਨਮ ਕਥਾ ਸੁਣਾਈ ਜਾਂਦੀ ਹੈ । ਕਈ ਥਾਈਂ ਕ੍ਰਿਸ਼ਨ ਦੇ ਜੀਵਨ ਦੀਆਂ ਝਾਕੀਆਂ, ਜਲੂਸ ਦੀ ਸ਼ਕਲ ਵਿਚ, ਕਢੀਆਂ ਜਾਂਦੀਆਂ ਹਨ ।

ਪੰਜਾਬ ਦੇ ਪਿੰਡਾਂ ਵਿਚ, ਇਨ੍ਹੀਂ ਦਿਨੀਂ ਰਾਸ ਲੀਲਾ ਖੇਡੀ ਜਾਂਦੀ ਹੈ, ਜਿਸ ਵਿਚ ਕ੍ਰਿਸ਼ਨ ਦੇ ਜੀਵਨ ਦੀਆਂ ਕਈ ਘਟਨਾਵਾਂ ਦੇ ਸਵਾਂਗ ਉਤਾਰੇ ਜਾਂਦੇ ਹਨ ।

## (ਜ-45) **ਜਨਮ ਕੁੰਡਲੀ** :

ਕਿਸੇ ਸ਼ਖ਼ਸ ਦੇ ਜਨਮ ਸਮੇਂ ਦੇ ਗ੍ਰਹਿਆਂ ਤੇ ਨਛੱਤ੍ਰਾਂ ਦੀ ਸਥਿਤੀ ਤੇ ਯੋਗ ਅਤੇ ਤਿੱਥ-ਸਾਲ ਸੰਬੰਧੀ ਬਣਾਇਆ ਨਕਸ਼ਾ । ਜਨਮ ਕੁੰਡਲੀ ਵਿਚ ਇਹ ਦਸਿਆ ਹੁੰਦਾ ਹੈ ਕਿ

ਕੁਆ ਅਸਰ ਹੁੰਦਾ ਹੈ । ਗ੍ਰਹਿਆਂ ਤੇ ਨਛੱਤ੍ਰਾਂ ਦੀ ਦਿਸ਼ ਵੇਖ ਕੇ ਜੀਵ ਦੇ ਭਵਿਖ ਬਾਰੇ ਅੰਦਾਜ਼ਾ ਲਗਾਇਆ ਜ ਸਕਦਾ ਹੈ । ਹਿੰਦੂ ਘਰਾਂ ਵਿਚ ਬੱਚੇ ਦੇ ਜਨਮ ਲੈਂਦੇ ਸਾ ਹੀ, ਪਾਂਧੇ ਨੂੰ ਸੱਦ ਕੇ, ਬੱਚੇ ਦੇ ਜਨਮ ਦਾ ਪਲ, ਘੜੀ, ਤਿੱ ਆਦਿ ਲਿਖ ਲਏ ਜਾਂਦੇ ਹਨ ।

## (ਜ-46) **ਜਨਮ ਪੱਤਰੀ** :

ਟੇਵਾ, ਜਿਸ ਕਾਗਜ਼ ਉੱਤੇ ਜਨਮ ਸਮੇਂ ਦੇ ਗ੍ਰਹਿਆ ਤੇ ਨਛਤ੍ਰਾਂ ਦੀ ਸਥਿਤੀ ਤੇ ਯੋਗ ਦਾ ਚਿੱਤਰ ਬਣਾ ਕੇ, ਬੱ ਦੀ ਪਰਾਲੱਬਧ ਬਾਰੇ ਅਨੁਮਾਨ ਹੁੰਦੇ ਹਨ । ਕੁੰਡਲੀ ਵਿ ਸਿਰਫ਼ ਗ੍ਰਹਿਆਂ ਤੇ ਨਛੱਤਰਾਂ ਦੀ ਸਥਿਤੀ ਤੇ ਯੋਗ ਦ ਨਕਸ਼ਾ ਹੀ ਦਿਤਾ ਹੁੰਦਾ ਹੈ, ਪਰਾਲੱਬਧ ਬਾਰੇ ਕੁਝ ਨਹੀਂ ਲਿਖਿਆ ਜਾਂਦਾ, ਪਰ ਜਨਮ ਪੱਤਰੀ ਵਿਚ ਕੁੰਡਲੀ ਦੇ ਨਕ ਤੋਂ ਪਰਾਲੱਬਧ ਦਾ ਅਨੁਮਾਨ ਲਗਾ ਕੇ ਵੇਰਵੇ ਦਿ ਜਾਂਦੇ ਹਨ ।

ਜਨਮ ਪੱਤਰੀ ਦਾ ਹਿੰਦੂਆਂ ਵਿਚ ਬੜੀ ਮਹੱਤਾ ਹੈ ਲੜਕੇ/ਲੜਕੀ ਦਾ ਰਿਸ਼ਤਾ ਕਰਨ ਵੇਲੇ, ਬਣਨ ਵਾਲੇ ਦੰਪਤ ਦੀਆਂ ਜਨਮ-ਪੱਤਰੀਆਂ ਮੇਲੀਆਂ ਜਾਂਦੀਆਂ ਹਨ । ਜੇ ਉ ਇਕ ਦੂਜੇ ਨਾਲ ਮੇਲ ਖਾਂਦੀਆਂ ਹੋਣ ਤਾਂ ਵਿਆਹ ਰਚਾਇਆ ਜਾਂਦਾ ਹੈ । ਜੇ ਕੁੜੀ ਮੰਗਲੀਕ ਹੋਵੇ ਤਾਂ ਵਰ ਦਾ ਵ ਮੰਗਲੀਕ ਹੋਣਾ ਜ਼ਰੂਰੀ ਹੈ । ਵਿਆਹ ਦਾ ਸਾਹਾ ਕਢਣ ਵੇ ਵੀ, ਜਨਮ ਪੱਤਰੀ ਵੇਖ ਕੇ ਕੋਈ ਚੰਗਾ ਯੋਗ ਢੂੰਡਿਆ ਜਾਂਦਾ ਹੈ ।

ਨਵਾਂ ਕੰਮ ਛੁਹਣ ਲਗਿਆਂ, ਹਿੰਦੂ, ਆਪਣੀ ਜਨ ਪੱਤਰੀ ਪਾਂਧੇ ਨੂੰ ਵਿਖਾ ਕੇ ਮਹੂਰਤ ਕਢਵਾਂਦੇ ਹਨ ਤਾਂ ਕੰਮ ਰਾਸ ਬੈਠੇ ।

## (ਜ-47) **ਜਨਮੇਜਾ** :

ਇਕ ਕੁਰੂਵੰਸ਼ੀ ਰਾਜਾ, ਜੋ ਪਰੀਖਸ਼ਤ ਦਾ ਪੁੱਤਰ ਅਰਜਨ ਦਾ ਪੜਪੋਤਾ ਸੀ । ਪਰੀਖਸ਼ਤ ਨੂੰ ਇਕ ਸਰ ਤਕਸ਼ਕ ਨੇ ਡੰਗ ਕੇ ਮਾਰ ਦਿਤਾ । ਜਨਮੇਜਾ ਨੇ, ਪਿਉ ਬਦਲਾ ਲੈਣ ਲਈ, ਸਰਪਾਂ ਦੀ ਕੁੱਲ ਨਸ਼ਟ ਕਰਨੀ ਚਾ ਤੇ ਸਰਪਮੇਧ ਯੱਗ ਕਰ ਕੇ ਤਕਸ਼ਿਲਾ ਦੇ ਨਾਗ ਲੋਕਾਂ ਜਿਤ ਲਿਆ । ਜਦੋਂ ਅਨੇਕਾਂ ਸਰਪ ਯੱਗ ਵਿਚ ਭਸਮ ਗਏ ਤਾਂ ਤਕਸ਼ਕ ਨਾਗ ਨੇ ਆਸਤੀਕ ਦੀ ਸ਼ਰਨ ਵਿਚ ਜਾ ਆਪਣੀ ਜਾਨ ਬਚਾਈ । ਆਸਤੀਕ ਨਾਗਾਂ ਦਾ ਰਾਜਾ ਵਾਸ

ਜਨਮੇਜਾ ਤੇ ਬ੍ਰਾਹਮਣ ਹੱਤਿਆ ਦਾ ਪਾਪ ਹੋ ਗਿਆ ਸੀ। ਉਸ ਨੇ ਪਸਚਾਤਾਪ ਵਜੋਂ ਇਕ ਰਿਸ਼ੀ ਤੋਂ ਮਹਾਂਭਾਰਤ ਦਾ ਸਾਰਾ ਪਾਠ ਸਰਵਣ ਕੀਤਾ।

(ਜ-48) **ਜਨੇਰ** :

ਪੰਜਾਬ ਦਾ ਇਕ ਪ੍ਰਾਚੀਨ ਨਗਰ, ਜੋ ਫ਼ਿਰੋਜ਼ਪੁਰ ਜ਼ਿਲੇ ਵਿਚ, ਮੋਗੇ ਦੀ ਵਡੀ ਸੜਕ ਤੋਂ, ਚਾਰ ਮੀਲ ਉਤਰ ਵਲ ਸਥਿਤ ਹੈ। ਕਨਿੰਘਮ ਦਾ ਵਿਚਾਰ ਹੈ ਕਿ ਇਸ ਨਗਰ ਦਾ ਅਸਲੀ ਨਾਂ ਜਾਨੇਰ ਜਾਂ ਜਗਨੇਰ ਸੀ।

ਜਨੇਰ ਨਾਲ ਕਈ ਤਰ੍ਹਾਂ ਦੀ ਲੋਕਧਾਰਾ ਜੁੜੀ ਹੋਈ ਹੈ। ਧਾਰਨਾ ਹੈ ਕਿ ਜਨੇਰ ਦੀ ਮਿੱਟੀ ਜੇ ਕਿਸੇ ਤੀਵੀਂ ਨੂੰ ਖਵਾ ਦਿਤੀ ਜਾਵੇ ਤਾਂ ਉਸ ਦੀ ਆਪਣੀ ਭਰਜਾਈ ਨਾਲ ਕਦੇ ਨਹੀਂ ਨਿਭਦੀ ਤੇ ਉਹ ਹਮੇਸ਼ਾ ਭਰਜਾਈ ਦੇ ਵੈਰ ਪਈ ਰਹੇਗੀ। ਇਸ ਵਿਸ਼ਵਾਸ ਦੀ ਪਿਠਭੂਮੀ ਇਕ ਦੰਦ-ਕਥਾ ਹੈ। ਇਕ ਵਾਰ ਇਸ ਇਲਾਕੇ ਵਿਚ ਬੜਾ ਭਿਆਨਕ ਕਾਲ ਪੈ ਗਿਆ। ਇਕ ਭੈਣ ਆਪਣੇ ਦੋਹਾਂ ਬੱਚਿਆਂ ਸਮੇਤ ਆਪਣੇ ਪੇਕੇ ਜਨੇਰ ਵਿਚ ਭਰਾ ਭਰਜਾਈ ਕੋਲ ਰਹਿਣ ਲਈ ਆਈ। ਭਰਾ ਭਰਜਾਈ ਦੀ ਆਪਣੀ ਕੋਈ ਸੰਤਾਨ ਨਹੀਂ ਸੀ ਤੇ ਭਰਜਾਈ ਨਨਾਣ ਦੇ ਦੋਹਾਂ ਬੱਚਿਆਂ ਨਾਲ ਖੁਣਸ ਤੇ ਵੈਰ ਕਰਦੀ ਤੇ ਉਨ੍ਹਾਂ ਨੂੰ ਖਾਣ ਲਈ ਕੁਝ ਨਾ ਦੇਂਦੀ। ਆਪਣਾ ਤੇ ਬੱਚਿਆਂ ਦਾ ਪੇਟ ਪੂਰਨ ਲਈ, ਨਨਾਣ ਚੋਰੀ ਛੱਪੀ ਲੋਕਾਂ ਦੇ ਘਰਾਂ ਦਾ ਆਟਾ ਪੀਹਣਾ ਸ਼ੁਰੂ ਕਰ ਦਿਤਾ। ਜਦੋਂ ਭਰਜਾਈ ਨੂੰ ਇਸ ਗੱਲ ਦੀ ਕੰਨਸੋ ਮਿਲੀ ਤਾਂ ਉਸ ਨੇ ਨਨਾਣ ਦਾ ਲੋਕਾਂ ਦੇ ਘਰਾਂ ਵਿਚ ਆਉਣਾ-ਜਾਣਾ ਬੰਦ ਕਰ ਦਿਤਾ। ਨਨਾਣ ਦੇ ਬੱਚੇ ਭੁਖਿਆਂ ਰਹਿਣ ਦੇ ਬਾਵਜੂਦ ਵੀ ਸਿਹਤਮੰਦ ਤੇ ਨਰੋਏ ਰਹੇ। ਭਰਜਾਈ ਨੇ ਨਨਾਣ ਤੋਂ ਇਸ ਦਾ ਕਾਰਨ ਪੁਛਿਆ ਤਾਂ ਨਨਾਣ ਨੇ ਦਸਿਆ ਕਿ ਜਦੋਂ ਉਹ ਛੱਪੜ ਉਤੇ ਕਪੜੇ ਧੋਣ ਜਾਂਦੀ ਹੈ ਤਾਂ ਆਪਣੀ ਚੁੰਨੀ ਪਾਣੀ ਨਾਲ ਗਿਲੀ ਕਰ ਲਿਆਉਂਦੀ ਹੈ ਤੇ ਘਰ ਆ ਕੇ ਚੁੰਨੀ ਨੂੰ ਨਚੋੜ ਕੇ ਬੱਚਿਆਂ ਨੂੰ ਪੀਣ ਲਈ ਦੇਂਦੀ ਹੈ। ਇਹੋ ਪਾਣੀ ਉਨ੍ਹਾਂ ਲਈ ਦੁੱਧ ਘਿਉ ਤੇ ਅੰਮ੍ਰਿਤ ਹੋ ਨਿਬੜਦਾ ਹੈ। ਇਹ ਗੱਲ ਸੁਣ ਕੇ ਭਰਜਾਈ ਨੇ ਨਨਾਣ ਨੂੰ ਘਰੋਂ ਬਾਹਰ ਜਾਣੋਂ ਵਰਜ ਦਿਤਾ ਤੇ ਉਹ ਗਲੀ ਦੇ ਖੂਹ ਤੋਂ ਪਾਣੀ ਭਰ ਕੇ ਕਪੜੇ ਘਰ ਹੀ ਧੋਣ ਲਗੀ। ਨਨਾਣ ਦੇ ਬੱਚੇ ਸੁੱਕ ਕੇ ਜਮਤੀਲ ਹੋ ਗਏ,

(ਜ-49) **ਜੱਫਲ ਕੌਡੀ** :

ਕਬੱਡੀ ਦੀ ਇਕ ਕਿਸਮ, ਜਿਸ ਵਿਚ 'ਕੌਡੀ' ਪਾ ਰਹੇ ਖਿਡਾਰੀ ਨੂੰ ਜੱਫਾ ਮਾਰ ਕੇ ਆਪਣੇ ਪਿੜ ਵਿਚ ਹੀ ਰੱਖਣ ਦਾ ਯਤਨ ਕੀਤਾ ਜਾਂਦਾ ਹੈ (ਵੇਖੋ : ਕਬੱਡੀ)।

(ਜ-50) **ਜਬਰਾਈਲ** :

ਮੁਸਲਮਾਨਾਂ ਦੇ ਚਾਰ ਪ੍ਰਸਿਧ ਫ਼ਰਿਸ਼ਤਿਆਂ ਵਿਚੋਂ ਇਕ; **ਜਬਰਾਈਲ** ਪੈਗੰਬਰਾਂ ਕੋਲ ਵਹੀ ਲੈ ਕੇ ਜਾਂਦਾ ਹੈ। ਇਹੋ ਫ਼ਰਿਸ਼ਤਾ, ਹਜ਼ਰਤ ਮੁਹੰਮਦ ਕੋਲ, ਕੁਰਾਨ ਦੀਆਂ ਆਇਤਾਂ ਸਮੇਂ ਸਮੇਂ ਲੈ ਕੇ ਆਉਂਦਾ ਰਿਹਾ ਸੀ। ਇਸ ਨੂੰ 'ਰੂਹ ਉਲਕੁਦਸ' ਕਹਿੰਦੇ ਹਨ।

(ਜ-51) **ਜਬੂਰ** :

ਚਾਰ ਕਤੇਬਾਂ ਵਿਚੋਂ ਇਕ; ਜਬੂਰ ਨੂੰ ਮੁਸਲਮਾਨ ਮੁਕੱਦਸ ਗ੍ਰੰਥ ਮੰਨਦੇ ਹਨ। ਇਸ ਵਿਚ ਧਾਰਮਿਕ ਭਜਨ ਦਰਜ ਹਨ, ਜੋ ਖ਼ੁਦਾ ਵਲੋਂ ਦਾਊਦ ਪੈਗੰਬਰ ਉਤੇ ਉਤਰੇ ਸਨ। ਦਾਊਦ ਇਕ ਪੈਗੰਬਰ ਹੋਇਆ ਹੈ, ਜੋ ਹਜ਼ਰਤ ਇਬਰਾਹੀਮ ਤੋਂ ਚੌਦਵੀਂ ਪੀੜ੍ਹੀ ਵਿਚ, ਯਿਸ਼ੇ ਦੇ ਘਰ ਜੰਮਿਆ। ਇਸ ਦੀ ਰਾਜਧਾਨੀ ਯਰੂਸ਼ਲਮ ਸੀ। ਪ੍ਰਸਿਧ ਬਾਦਸ਼ਾਹ ਸੁਲੇਮਾਨ ਇਸੇ ਦਾਊਦ ਦਾ ਪੁੱਤਰ ਸੀ।

(ਜ-52) **ਜਮ** :

ਪੁਰਾਣਾਂ ਅਨੁਸਾਰ ਮੌਤ ਦਾ ਦੇਵਤਾ, ਯਮ। ਵੇਦਾਂ ਅਨੁਸਾਰ ਜਮ, ਵਿਵਸਵਤ (ਸੂਰਜ) ਦਾ ਪੁੱਤਰ ਹੈ। ਇਸਦੀ ਇਕ ਜੁੜਵੀਂ ਭੈਣ ਯਮੀ (ਯਮਨਾ) ਹੈ। ਯਮ ਤੇ ਯਮੀ ਸੰਸਾਰ ਦਾ ਪਹਿਲਾ ਦੰਪਤੀ ਜੋੜਾ ਹੋਇਆ ਹੈ, ਜਿਸ ਤੋਂ ਅਗੋਂ ਅਨੇਕਾਂ ਜਾਤੀਆਂ ਦੀ ਉਤਪੱਤੀ ਹੋਈ। ਵੇਦ ਦੀ ਇਕ ਰਿਚ ਅਨੁਸਾਰ, ਯਮ ਪਹਿਲਾ ਸੰਸਾਰੀ ਸੀ, ਜਿਸ ਦੀ ਮ੍ਰਿਤੂ ਹੋਈ ਤੇ ਜੋ ਮਰਨ ਮਗਰੋਂ ਸਵਰਗ ਲੋਕ ਵਿਚ ਗਿਆ। ਮਹਾਕਾਵਾਂ ਵਿਚ ਯਮ ਨੂੰ ਸੂਰਜ ਦਾ ਪੁੱਤਰ ਦਸਿਆ ਗਿਆ ਹੈ, ਜੋ ਸੰਜਨਾ ਦੀ ਕੁਖੋਂ ਪੈਦਾ ਹੋਇਆ। ਉਹ ਵੈਵਸਵਤ ਮਨੂ ਦਾ ਭਰਾ ਸੀ।

ਪੁਰਾਣਾਂ ਅਨੁਸਾਰ ਯਮ ਪਾਪੀਆਂ ਨੂੰ ਦੰਡ ਦੇਣ ਵਾਲਾ ਦੇਵਤਾ ਹੈ। ਇਸ ਦੀ ਨਗਰੀ ਪਾਤਾਲ ਲੋਕ ਵਿਚ ਹੈ। ਜਦੋਂ ਕੋਈ ਪ੍ਰਾਣੀ ਸਰੀਰ ਨੂੰ ਤਿਆਗਦਾ ਹੈ ਤਾਂ ਉਸ ਦੀ ਰੂਹ ਯਮਦੂਤ ਯਮ ਦੇ ਕੋਲ ਲੈ ਜਾਂਦੇ ਹਨ, ਜਿਥੇ ਚਿਤ੍ਰਗੁਪਤ

ਤਾਂ ਉਸ ਨੂੰ ਪਾਤਾਲ ਦੇ 21 ਨਰਕਾਂ ਵਿਚੋਂ ਕਿਸੇ ਇਕ ਵਿਚ ਸੁੱਟ ਦਿੱਤਾ ਜਾਂਦਾ ਹੈ।

ਯਮ ਖ਼ੁਦ ਹਰੇ ਰੰਗ ਦਾ ਹੈ, ਪਰ ਇਹ ਲਾਲ ਰੰਗ ਦੇ ਕਪੜੇ ਪਹਿਨਦਾ ਹੈ। ਇਹ ਝੋਟੇ ਦੀ ਸਵਾਰੀ ਕਰਦਾ ਹੈ। ਦੋਸ਼ੀਆਂ ਨੂੰ ਕਾਬੂ ਵਿਚ ਰਖਣ ਲਈ, ਇਸ ਦੇ ਹੱਥ ਵਿਚ ਭਾਲਾ, ਗੁਰਜ ਤੇ ਕਮੰਦ ਫੜੀ ਹੁੰਦੀ ਹੈ। ਉਸ ਦੇ ਕੋਲ ਦੋ ਕੁੱਤੇ ਹਨ, ਜਿਨ੍ਹਾਂ ਦੀਆਂ ਚਾਰ ਅੱਖਾਂ ਤੇ ਖੂਬ ਚੌੜੀਆਂ ਨਾਸਾਂ ਹਨ। ਇਹ ਕੁੱਤੇ ਯਮ ਦੇ ਨਿਵਾਸ ਅਸਥਾਨ 'ਤੇ ਪਹਿਰਾ ਦੇਂਦੇ ਹਨ। ਯਮ ਦੇ ਕਈ ਦੂਤ ਹਨ, ਜੋ ਪ੍ਰਾਣੀ ਦੀ ਰੂਹ ਨੂੰ ਚੋਲਾ ਛਡਦੇ ਸਾਰ ਯਮਪੁਰੀ ਵਿਚ ਲੈ ਆਉਂਦੇ ਹਨ।

ਯਮ ਦੀਆਂ ਕਈ ਪਤਨੀਆਂ ਹਨ ਜਿਵੇਂ ਹੇਮਮਾਲਾ, ਸੁਸ਼ੀਲਾ ਅਤੇ ਵਿਜਯਾ। ਉਹ ਪਤਾਲ ਵਿਚ ਯਮਪੁਰੀ (ਯਮਪੁਰ) ਨਗਰ ਵਿਚ ਰਹਿੰਦਾ ਹੈ। ਉਸਦੇ ਮਹਿਲ ਦਾ ਨਾਉਂ ਕਾਲੀਚੀ ਹੈ। ਜਿਸ ਤਖ਼ਤ ਉਤੇ ਯਮ ਬੈਠ ਕੇ ਨਿਆਂ ਕਰਦਾ ਹੈ, ਉਸ ਨੂੰ 'ਵਿਚਾਰ-ਭੂ' ਕਹਿੰਦੇ ਹਨ। ਚਿਤ੍ਰਗੁਪਤ ਇਸ ਦੇ ਸਹਾਇਕ ਹਨ।

ਯਮ ਦੱਖਣ ਦਿਸ਼ਾ ਦਾ ਕੁਟਪਾਲ ਹੈ, ਜਿਸ ਤੋਂ ਇਸਨੂੰ ਦੱਖਸ਼ਿਨਾਸਾਪਤੀ ਵੀ ਕਿਹਾ ਜਾਂਦਾ ਹੈ। ਯਮ ਦਾ ਇਕ ਹੋਰ ਨਾਂ ਸ਼ੀਰਣਪਾਦ ਹੈ, ਜਿਸ ਦੇ ਅਰਥ ਹਨ : ਝੂਰੜੇ ਹੋਏ ਪੈਰ ਵਾਲਾ। ਪੁਰਾਣਿਕ ਕਥਾ ਅਨੁਸਾਰ ਇਕ ਵਾਰ ਯਮ ਕਿਸੇ ਗੱਲੋਂ ਕਰੋਧਿਤ ਹੋ ਕੇ ਆਪਣੇ ਪਿਤਾ ਦੀ ਦਾਸੀ 'ਛਾਯਾ' ਨੂੰ ਲੱਤ ਮਾਰਨ ਲਗਾ। ਦਾਸੀ ਨੇ ਯਮ ਨੂੰ ਸਰਾਪ ਦਿਤਾ, ਜਿਸ ਕਰਕੇ ਉਸ ਦੀ ਲੱਤ ਵਿਚ ਕੀੜੇ ਪੈ ਗਏ। ਮਗਰੋਂ ਇਕ ਕੁੱਕੜ ਨੇ ਇਹ ਕੀੜੇ, ਲੱਤ ਵਿਚੋਂ ਚੁੱਗ ਕੇ ਖਾਧੇ ਤਾਂ ਲੱਤ ਦੇ ਜ਼ਖ਼ਮ ਠੀਕ ਹੋਏ। ਯਮ ਦੇ ਕੁਝ ਹੋਰ ਨਾਂ ਵੀ ਹਨ। ਪੰਜਾਬ ਵਿਚ ਯਮ ਵਧੇਰੇ ਕਰਕੇ ਧਰਮਰਾਜ ਦੇ ਨਾਂ ਨਾਲ ਪ੍ਰਸਿਧ ਹੈ।

## (ਜ-53) ਜ਼ਮ ਜ਼ਮ :

ਮੱਕੇ ਵਿਚ, ਕਾਅਬੇ ਦੇ ਅਹਾਤੇ ਵਿਚ ਇਕ ਚਸ਼ਮਾ, ਜਿਸ ਦੇ ਜਲ ਨੂੰ ਮੁਸਲਮਾਨ ਬੜਾ ਮੁਕੱਦਸ ਮੰਨਦੇ ਹਨ। ਇਸ ਚਸ਼ਮੇ ਦੀ ਉਤਪਤੀ ਬਾਰੇ ਕਥਾ ਹੈ : ਇਸਲਾਮੀ ਰਵਾਇਤਾਂ ਅਨੁਸਾਰ ਪੈਗ਼ੰਬਰ ਅਬਰਾਹੀਮ ਦੀ ਪਹਿਲੀ ਪਤਨੀ ਸਾਰਾਹ ਇਸਾਕ ਨੂੰ ਜਨਮ ਦੇਣ ਤੋਂ ਪਹਿਲਾਂ ਆਪਣੀ ਸੌਂਕਣ ਹਾਜਿਰਾ ਨਾਲ ਈਰਖਾ ਕਰਦੀ ਸੀ। ਕਿਉਂਜੋ ਹਾਜਿਰਾ ਨੇ ਇਸਮਾਈਲ ਨੂੰ ਜਨਮ ਦਿਤਾ ਸੀ। ਸਾਰਾਹ ਨੇ ਫਲਸਤੀਨ ਆ ਗਿਆ।

ਇਸਮਾਈਲ ਨੂੰ ਬੜੀ ਸਖ਼ਤ ਪਿਆਸ ਲਗੀ ਤਾਂ ਹਾਜਿਰਾ ਸਫ਼ਾ ਤੇ ਮਰਵਾ ਦੇ ਰੇਤਲੇ ਟਿਲਿਆਂ ਵਿਚ ਪਾਣੀ ਦੀ ਭਾਲ ਵਿਚ ਟਕਰਾਂ ਮਾਰਨ ਲਗੀ। ਉਸ ਨੇ ਸੱਤ ਗੇੜੇ ਲਾਏ, ਸਤਵੀਂ ਵਾਰ ਉਸ ਨੂੰ ਜਬਰਾਈਲ ਫ਼ਰਿਸ਼ਤਾ ਵਿਖਾਈ ਦਿਤਾ, ਜਿਸ ਆਪਣੀ ਦੈਵੀ ਸ਼ਕਤੀ ਨਾਲ, ਜ਼ਮਜ਼ਮ ਦਾ ਜੰਨਤ ਦਾ ਚਸ਼ਮਾ ਧਰਤੀ ਤੇ ਲੈ ਆਂਦਾ ਤੇ ਇਸਮਾਈਲ ਨੇ ਪਿਆਸ ਬੁਝਾਈ।

ਇਹ ਚਸ਼ਮਾ ਹੁਣ ਕਾਅਬੇ ਦੇ ਅਹਾਤੇ ਵਿਚ ਹੈ। ਇਹ ਕਦੇ ਸੁਕਦਾ ਨਹੀਂ, ਜਦੋਂ ਕਿ ਮੱਕੇ ਦੇ ਬਾਕੀ ਸਭ ਚਸ਼ਮੇ ਸਮੇਂ ਸਮੇਂ ਸੁਕ ਜਾਂਦੇ ਹਨ।

## (ਜ-54) ਜਮਦੀਪਕ :

ਉਹ ਦੀਵਾ, ਜੋ ਯਮ ਨਮਿਤ ਕੱਤਕ ਵਦੀ ਤਿੰਨ ਨੂੰ, ਘਰ ਦੇ ਵਿਹੜੇ ਵਿਚ ਜਗਾਇਆ ਜਾਂਦਾ ਹੈ। ਇਸ ਦੀਵੇ ਨਾਲ ਯਮ ਪ੍ਰਸੰਨ ਹੁੰਦਾ ਹੈ ਤੇ ਮਰਨ ਮਗਰੋਂ ਪ੍ਰਾਣੀ ਦੀ ਰੂਹ ਨੂੰ ਜਮ ਨਗਰੀ ਦਾ ਪੰਧ ਡਰਾਉਣਾ ਨਹੀਂ ਲਗਦਾ। ਜਮਦੀਪਕ ਜਗਾਉਣ ਵਾਲਿਆਂ ਨੂੰ ਜਮਦੂਤ ਵੀ ਕੋਈ ਕਸ਼ਟ ਨਹੀਂ ਦੇਂਦੇ।

## (ਜ-55) ਜਮਦੂਜ :

ਕੱਤਕ ਸੁਦੀ ਦੂਜ, ਜਿਸ ਦਿਨ ਯਮ ਦਾ ਸੰਜਨਾ ਦੀ ਕੁਖੋਂ ਜਨਮ ਹੋਇਆ। ਯਮ ਵਿਵਸਵਤ ਦਾ ਪੁੱਤਰ ਤੇ ਯਮੀ ਦਾ ਜੁੜਵਾਂ ਭਰਾ ਸੀ। ਯਮ ਦੀ ਭੈਣ ਯਮੀ ਜਾਂ ਯਮਨਾ ਵੀ ਇਸੇ ਦਿਨ ਜੰਮੀ। ਇਸ ਦਿਨ ਹਿੰਦੂ ਯਮ ਦੀ ਪੂਜਾ ਕਰਦੇ ਤੇ ਜਮਦੀਪਕ ਜਗਾਉਂਦੇ ਹਨ।

## (ਜ-56) ਜਮਦੂਤ :

ਯਮ ਦੇ ਦੂਤ; ਜਦੋਂ ਕੋਈ ਪ੍ਰਾਣੀ ਸਰੀਰ ਤਿਆਗਦਾ ਹੈ ਤਾਂ ਜਮਦੂਤ ਉਸ ਦੀ ਆਤਮਾ ਨੂੰ ਪਤਾਲ ਲੋਕ ਵਿਚ ਯਮ ਦੇ ਸਾਹਮਣੇ ਪੇਸ਼ ਕਰਦੇ ਹਨ।

ਪੁਰਾਣਾਂ ਅਨੁਸਾਰ ਨੇਕ ਪ੍ਰਾਣੀਆਂ ਦੀਆਂ ਰੂਹਾਂ ਨੂੰ ਜਮਪੁਰੀ ਲਿਜਾਣ ਲਗਿਆਂ ਜਮਦੂਤ ਕਸ਼ਟ ਨਹੀਂ ਦੇਂਦੇ ਪਰ ਪਾਪੀ ਰੂਹਾਂ ਨੂੰ ਸੰਗਲਾਂ ਨਾਲ ਜਕੜ ਕੇ ਯਮ ਅਥਵਾ ਧਰਮਰਾਜ ਦੇ ਸਾਹਮਣੇ ਪੇਸ਼ ਕਰਦੇ ਹਨ। ਯਮ ਦਾ ਵਾਹਣ ਝੋਟਾ ਹੈ।

ਵਿਚ ਯਮ ਕਾਲੀਚੀ ਨਾਉਂ ਦੇ ਮਹਿਲ ਵਿਚ ਰਹਿੰਦਾ ਹੈ ਤੇ ਵਿਚਾਰ-ਭੂ ਨਾ ਦੇ ਤਖ਼ਤ ਉਤੇ ਬੈਠ ਕੇ ਨਿਆਂ ਕਰਦਾ ਹੈ। ਚੰਡ ਜਾਂ ਮਹਾਂਚੰਡ ਅਤੇ ਕਾਲਪੁਰਸ਼ ਯਮ ਦੇ ਮੁਖ ਦੁਆਰਪਾਲ ਤੇ ਨਿਗਰਾਨ ਹਨ। ਪੁਰਾਣਾਂ ਅਨੁਸਾਰ ਜਦੋਂ ਕੋਈ ਪ੍ਰਾਣੀ, ਪ੍ਰਾਣ ਤਿਆਗਦਾ ਹੈ ਤਾਂ ਜਮਦੂਤ ਉਸ ਦੀ ਆਤਮਾ ਨੂੰ, ਇਸੇ ਨਗਰੀ ਵਿਚ, ਯਮ ਦੇ ਸਾਹਮਣੇ ਨਿਆਂ ਲਈ ਪੇਸ਼ ਕਰਦੇ ਹਨ।

(ਜ-58) **ਜ਼ਮੀਨ** :

(ਵੇਖੋ : ਧਰਤੀ ਮਾਤਾ)।

(ਜ-59) **ਜ਼ਮੀਨ 'ਤੇ ਸੌਣਾ** :

ਲੋਕ ਵਿਸ਼ਵਾਸ ਅਨੁਸਾਰ ਜ਼ਮੀਨ ਉਤੇ ਸੌਣ ਵਾਲੇ ਨੂੰ ਚੰਦਰੀਆਂ ਰੂਹਾਂ ਕਸ਼ਟ ਨਹੀਂ ਦੇਂਦੀਆਂ। ਕਈ ਖੱਤ੍ਰੀਆਂ ਤੇ ਅਰੋੜਿਆਂ ਵਿਚ ਜਣੇਪੇ ਦੇ ਪਹਿਲੇ ਕੁਝ ਦਿਨ ਜੱਚਾ ਤੇ ਬੱਚਾ ਦੋਵੇਂ ਜ਼ਮੀਨ ਤੇ ਸੌਂਦੇ ਹਨ। ਇਸ ਤਰ੍ਹਾਂ ਧਰਤੀ ਮਾਤਾ ਦੀ ਗੋਦ ਵਿਚ ਦੋਵੇਂ ਜੀਵ ਸੁਰੱਖਿਅਤ ਰਹਿੰਦੇ ਹਨ।

ਕੁਝ ਜਾਤੀਆਂ ਵਿਚ, ਦੂਲ੍ਹਾ ਤੇ ਦੁਲ੍ਹਨ, ਵਿਆਹ ਤੋਂ ਕੁਝ ਦਿਨ ਪਹਿਲਾਂ ਤੇ ਮਗਰੋਂ ਜ਼ਮੀਨ 'ਤੇ ਹੀ ਸੌਂਦੇ ਹਨ। ਜ਼ਮੀਨ ਉਤੇ ਸੁਤੇ ਬੰਦੇ ਉਤੇ ਜਾਦੂ ਟੂਣੇ ਤੇ ਚੰਦਰੀ ਰੂਹ ਦਾ ਅਸਰ ਨਹੀਂ ਹੁੰਦਾ।

ਮੁਸਲਮਾਨਾਂ ਵਿਚ ਖ਼ਾਨਗਾਹ ਦੇ ਅਹਾਤੇ ਵਿਚ, ਕੋਈ ਸ਼ਖ਼ਸ ਰਾਤ ਨੂੰ ਮੰਜੀ ਉਤੇ ਨਹੀਂ ਸੌਂਦਾ। ਧਾਰਨਾ ਹੈ ਕਿ ਜਿਹੜਾ ਅਹਾਤੇ ਵਿਚ ਮੰਜੀ ਤੇ ਸੌਂਵੇ ਉਸ ਦੀ ਮੰਜੀ ਰਾਤ ਨੂੰ ਖ਼ਾਨਗਾਹ ਦੇ ਪੀਰ ਦੀ ਰੂਹ ਉਲਟਾ ਦੇਂਦੀ ਹੈ ਤੇ ਨਾਲ ਹੀ ਬੜੇ ਕਸ਼ਟ ਦੇਂਦੀ ਹੈ।

ਘਰ ਵਿਚ ਮ੍ਰਿਤੂ ਹੋ ਜਾਣ ਦੀ ਹਾਲਤ ਵਿਚ ਪ੍ਰਾਣੀ ਦੇ ਕਿਰਿਆ ਕਰਮ ਤਕ ਘਰ ਦੇ ਸਾਰੇ ਜੀਅ ਜ਼ਮੀਨ 'ਤੇ ਹੀ ਸੌਂਦੇ ਹਨ। ਇਸ ਤਰ੍ਹਾਂ ਮ੍ਰਿਤਕ ਦੀ ਰੂਹ ਨੂੰ ਧਰਵਾਸ ਮਿਲਦਾ ਹੈ। ਧਾਰਨਾ ਹੈ ਕਿ ਜੇ ਮੰਜੀ ਉਤੇ ਸੁੱਤਾ ਜਾਏ ਤਾਂ ਮ੍ਰਿਤਕ ਦੀ ਰੂਹ ਦੁਖ ਦੇਂਦੀ ਹੈ ਅਤੇ ਰਾਤ ਨੂੰ ਬੜੇ ਡਰਾਉਣੇ ਸੁਪਨੇ ਆਉਂਦੇ ਹਨ।

(ਜ-60) **ਜਮੂਰਾ** :

ਤਮਾਸ਼ਾ ਵਿਖਾਉਣ ਵਾਲੇ ਮਦਾਰੀ ਨਾਲ ਕੰਮ ਕਰਨ ਵਾਲਾ ਇਕ ਛੋਟਾ ਬੱਚਾ; ਇਹ ਬੜਾ ਚਤੁਰ ਤੇ ਹਾਜ਼ਰ-ਜਵਾਬ ਹੁੰਦਾ ਹੈ ਤੇ ਮਦਾਰੀ ਦੀ ਹਰ ਗੱਲ ਦੇ ਜਵਾਬ ਦਾ ਜਵਾਬਾਂ ਤੋਂ ਇਲਾਵਾ, ਮਦਾਰੀ ਦੇ ਕਰਤਬਾਂ ਵਿਚ ਵੀ ਜਮੂਰਾ ਹਿੱਸਾ ਲੈਂਦਾ ਹੈ। ਵਿਦੂਸ਼ਕ ਦਾ ਜੋ ਸਥਾਨ ਪੁਰਾਣੇ ਨਾਟਕਾਂ ਵਿਚ ਸੀ, ਉਹਾ ਜਮੂਰੇ ਦਾ ਤਮਾਸ਼ੇ ਵਿਚ ਹੁੰਦਾ ਹੈ, ਜਮੂਰੇ ਤੇ ਮਦਾਰੀ ਦੀ ਗੱਲਬਾਤ ਦਾ ਇਕ ਨਮੂਨਾ ਹੇਠਾਂ ਦਿਤਾ ਜਾਂਦਾ ਹੈ :

ਮਦਾਰੀ ਇਕ ਮਿੱਟੀ ਦਾ ਪਹਿਲਵਾਨ ਕਢਦਾ ਹੈ ਤੇ ਜਮੂਰੇ ਨੂੰ ਸੰਬੋਧਨ ਕਰਕੇ ਕਹਿੰਦਾ ਹੈ :

ਮਦਾਰੀ : ਜਮੂਰਿਆ ਲੜੇਂਗਾ ?
ਜਮੂਰਾ : ਹਾਂ ! ਜ਼ਰੂਰ ਲੜਾਂਗਾ।
ਮਦਾਰੀ : ਇਹ ਪਹਿਲਵਾਨ ਏ।
ਜਮੂਰਾ : ਮੈਂ ਵੀ ਪਹਿਲਵਾਨ ਆਂ।
ਮਦਾਰੀ : ਇਸ ਅਗੇ ਵਡੇ ਵਡੇ ਦਿਉ ਹਾਰ ਗਏ।
ਜਮੂਰਾ : ਮੇਰੇ ਅਗੇ ਵੀ ਵਡੇ ਵਡੇ ਦਿਉ ਹਾਰ ਗਏ ਨੇ।
ਮਦਾਰੀ : ਇਹ ਪੰਜ ਸੇਰ ਦੁੱਧ ਰੋਜ਼ ਪੀਂਦਾ ਹੈ।
ਜਮੂਰਾ : ਮੈਂ ਵੀ ਪੰਜ ਸੇਰ ਦੁੱਧ ਰੋਜ਼ ਪੀਂਦਾ ਹਾਂ।
ਮਦਾਰੀ : ਇਹ ਢਾਈ ਸੇਰ ਘਿਉ ਰੋਜ਼ ਖਾਂਦਾ ਹੈ।
ਜਮੂਰਾ : ਮੈਂ ਵੀ ਢਾਈ ਸੇਰ ਘਿਉ ਰੋਜ਼ ਖਾਂਦਾ ਹਾਂ।
ਮਦਾਰੀ : ਇਹ ਬਕਰੀ ਦਾ ਮੂਤਰ ਰੋਜ਼ ਪੀਂਦਾ ਹੈ।
(ਇਥੇ ਜਮੂਰਾ ਚਤੁਰਾਈ ਤੋਂ ਕੰਮ ਲੈਂਦਾ ਹੈ)
ਜਮੂਰਾ : ਤੇਰਾ ਪਿਉ ਵੀ ਬੱਕਰੀ ਦਾ ਮੂਤਰ ਰੋਜ਼ ਪੀਂਦਾ ਹੋਵੇਗਾ।
(ਕਈ ਵਾਰ ਜਮੂਰਾ ਕਹਿ ਦੇਂਦਾ ਹੈ ਕਿ ਮੈਂ ਵੀ ਬੱਕਰੀ ਦਾ ਮੂਤਰ ਰੋਜ਼ ਪੀਂਦਾ ਹਾਂ। ਇਸ ਤਰ੍ਹਾਂ ਕਾਫ਼ੀ ਹਾਸਾ ਮਚਦਾ ਹੈ)

(ਜ-61) **ਜਲ-ਸਮਾਧ** :

ਪੁਰਾਣੇ ਵੇਲਿਆਂ ਵਿਚ ਕਈ ਲੋਕ ਜਲ ਦੇ ਦੇਵਤੇ ਨੂੰ ਪਤਿਆਉਣ ਲਈ ਬਲੀ ਦਿਤਾ ਕਰਦੇ ਸਨ, ਜਿਸ ਨੂੰ ਜਲ-ਸਮਾਧ ਕਿਹਾ ਜਾਂਦਾ। ਪਾਣੀ ਦੇ ਕੁਝ ਘੜਿਆਂ ਨੂੰ ਮੂਧਾ ਮਾਰ ਕੇ, ਉਨ੍ਹਾਂ ਉਪਰ ਲਕੜੀ ਦਾ ਫੱਟਾ ਜਿਹਾ ਬੀੜ ਦਿਤਾ ਜਾਂਦਾ ਸੀ। ਫਿਰ ਇਸ ਕੁੰਭ-ਪਟੜੀ ਨੂੰ, ਕਿਸੇ ਪਵਿਤ੍ਰ ਸਰੋਵਰ ਜਾਂ ਦਰਿਆ ਵਿਚ ਛੱਡ ਦਿਤਾ ਜਾਂਦਾ। ਜਿਸ ਪ੍ਰਾਣੀ ਦੀ ਬਲੀ ਦੇਣੀ ਹੁੰਦੀ, ਉਸ ਨੂੰ ਕੁੰਭ-ਪਟੜੀ ਉਤੇ ਬਿਠਾ ਦਿਤਾ ਜਾਂਦਾ। ਜਦੋਂ ਘੜੇ ਪਾਣੀ ਵਿਚ ਡੁਬਦੇ ਤਾਂ ਨਾਲ ਹੀ ਉਹ ਪ੍ਰਾਣੀ, ਜੋ ਉਸ ਉਪਰ ਬੈਠਾ ਹੁੰਦਾ, ਡੁੱਬ ਜਾਂਦਾ। ਇਹ ਬਲੀ ਦਰਿਆਵਾਂ ਦੇ ਨੇੜੇ ਰਹਿਣ ਵਾਲੇ ਲੋਕ ਦਿਤਾ ਕਰਦੇ ਸਨ।

ਚੜ੍ਹਾਉਣ ਦੀ ਪ੍ਰਥਾ ਹੈ। ਕਿਸੇ ਨਦੀ ਜਾਂ ਟੋਭੇ ਦੇ ਕੰਢੇ ਬੁਕ (ਅੰਜਲੀ) ਵਿਚ ਜਲ ਲੈ ਕੇ, ਦੇਵਤੇ ਨਮਿਤ ਸੁਟਿਆ ਜਾਂਦਾ ਹੈ। ਵਰਤ ਦਾ ਪੁੰਨ ਉਤਨੀ ਦੇਰ ਤਕ ਨਹੀਂ ਲਗਦਾ, ਜਦੋਂ ਤਕ ਦੇਵਤੇ ਨੂੰ ਜਲ ਨਾ ਚੜ੍ਹਿਆ ਜਾਵੇ। ਧਾਰਨਾ ਹੈ ਕਿ ਜਲ ਚੜ੍ਹਾਉਣ ਨਾਲ ਪ੍ਰਾਣੀ ਦੀ ਆਤਮਾ ਸਵੱਛ ਹੁੰਦੀ ਤੇ ਦੇਵਤੇ ਬਖਸ਼ਿਸ਼ ਕਰਦੇ ਹਨ।

(ਜ-63) **ਜਲ ਜੋਗਨੀ :**

ਪੰਜਾਬ ਦੇ ਪਹਾੜੀ ਇਲਾਕੇ ਦੀ ਇਕ ਪ੍ਰੇਤਾਤਮਾ, ਜੋ ਨਦੀਆਂ ਖੂਹਾਂ ਤੇ ਤਲਾਵਾਂ ਤੇ ਵਸਦੀ ਹੈ। ਜਲ ਜੋਗਨੀ ਇਸਤ੍ਰੀਆਂ, ਖਾਸ ਤੌਰ ਤੇ ਬੱਚਿਆਂ ਨੂੰ, ਨੁਕਸਾਨ ਪਹੁੰਚਾਂਦੀਆਂ ਹਨ। ਕਈ ਤਰ੍ਹਾਂ ਦੀਆਂ ਬੀਮਾਰੀਆਂ ਫੈਲਾਂਦੀਆਂ ਤੇ ਕਈ ਵਾਰ ਮੌਤ ਦਾ ਸ਼ਿਕਾਰ ਬਣਾਉਂਦੀਆਂ ਹਨ। ਚੰਬਾ ਦੇ ਵਾਸੀ, ਜਲ-ਜੋਗਨੀ ਨੂੰ ਪ੍ਰਸੰਨ ਰਖਣ ਲਈ, ਕਈ ਤਰ੍ਹਾਂ ਦੀਆਂ ਭੇਟਾਂ ਚੜ੍ਹਾਂਦੇ ਹਨ (ਵੇਖੋ : ਜੋਗਨੀ)।

(ਜ-64) **ਜਲ-ਦਾਨ (ਜਲੋਤਸਰਗ) :**

ਜਲ (ਪਾਣੀ) ਉਤਸਰਗ (ਦਾਨ) ਭਾਵ ਜਲ ਦਾ ਦਾਨ। ਇਕ ਰੀਤ ਜੋ ਨਵੀਂ ਬਾਉਲੀ, ਛੱਪੜ ਅਥਵਾ ਖੂਹ ਬਨਾਉਣ ਦੇ ਸਮੇਂ ਹਿੰਦੂ ਕਰਦੇ ਹਨ। ਇਸ ਰੀਤ ਵੇਲੇ ਸਨਾਤਨੀ ਹਿੰਦੂ ਬਾਉਲੀ/ਛੱਪੜ/ਖੂਹ ਦੀ ਕਿਸੇ ਦੇਵ-ਮੂਰਤੀ ਨਾਲ ਵਿਆਹ ਰਚਾਂਦੇ ਹਨ। ਧਾਰਨਾ ਹੈ ਕਿ ਵਿਆਹ ਰਚਾਣ ਨਾਲ ਪਾਣੀ ਕਾਫੀ ਮਾਤਰਾ ਵਿਚ ਨਿਕਲਦਾ ਹੈ। ਕਿਉਂਜੋ ਹਿੰਦੂ ਸੰਕਲਪ ਅਨੁਸਾਰ ਉਤਪਾਦਨ ਸ਼ਕਤੀ ਵਧਾਉਣ ਲਈ ਵਿਆਹ ਜ਼ਰੂਰੀ ਹੈ। 'ਨਿਰਨੇ ਸਿੰਧੂ' (ਤੀਜਾ ਕਾਂਡ) ਵਿਚ ਇਸ ਰੀਤ ਦੇ ਫਲ ਵਿਸਤਾਰਪੂਰਵਕ ਦਿਤੇ ਮਿਲਦੇ ਹਨ।

(ਜ-65) **ਜਲਦਾਨੀ :**

ਪੁਰਾਣਾਂ ਅਨੁਸਾਰ ਪਿਤਰਾਂ ਨੂੰ ਜਲ ਦੇਣ ਦਾ ਅਧਿਕਾਰ ਕੇਵਲ ਖ਼ਾਸ ਖ਼ਾਸ ਸੰਬੰਧੀਆਂ ਨੂੰ ਹੀ ਹੁੰਦਾ ਹੈ। ਦੂਜਿਆਂ ਦਾ ਜਲ ਦਿਤਾ ਪ੍ਰਵਾਨ ਨਹੀਂ ਚੜ੍ਹਦਾ। ਅਜਿਹੇ ਅਧਿਕਾਰੀ ਉਸ ਪਿੱਤਰ ਦੇ ਪ੍ਰਸੰਗ ਵਿਚ 'ਜਲਦਾਨੀ' ਅਖਵਾਉਂਦੇ ਹਨ।

(ਜ-66) **ਜਲੰਧਰ ਦੈਂਤ :**

ਇਹ ਦੈਂਤ ਜਿਸ ਦੇ ਨਾਉਂ 'ਤੇ ਹੀ ਜਲੰਧਰ ਨਗਰ ਵਸਿਆ। ਪਦਮ ਪੁਰਾਣ ਅਨੁਸਾਰ ਜਲੰਧਰ ਦੈਂਤ, [illegible] ਤਿੰਨਾਂ ਲੋਕਾਂ ਵਿਚ ਤਰਥਲੀ ਮਚ ਗਈ। ਸ਼ੋਰ ਸੁਣ ਕੇ, ਬ੍ਰਹਮਾ ਦੀ ਲਿਵ ਟੁੱਟ ਗਈ। ਉਹ ਹੰਸ ਉਤੇ ਸਵਾਰ ਹੋ ਕੇ ਸਾਗਰ ਕੋਲ ਪੁਜੇ ਤੇ ਪੁਛਿਆ ਕਿ ਉਹ ਇਤਨਾ ਭਿਆਨਕ ਸ਼ੋਰ ਕਿਉਂ ਪੈਦਾ ਕਰ ਰਿਹਾ ਹੈ। ਸਾਗਰ ਨੇ ਦਸਿਆ ਕਿ ਇਹ ਸ਼ੋਰ ਮੇਰਾ ਨਹੀਂ, ਮੇਰੇ ਬਲਵਾਨ ਲੜਕੇ ਦਾ ਹੈ, ਜੋ ਖੂਬ ਗਰਜ ਰਿਹਾ ਹੈ। ਬ੍ਰਹਮਾ ਨੇ ਜਦੋਂ ਸਾਗਰ ਦੇ ਪੁੱਤਰ ਵਲ ਵੇਖਿਆ ਤਾਂ ਬਾਲਕ ਨੇ ਬ੍ਰਹਮਾ ਦੀ ਦਾੜ੍ਹੀ ਆਪਣੀ ਮੁਠ ਵਿਚ ਪੱਕੀ ਫੜ ਲਈ। ਬ੍ਰਹਮਾ ਨੇ ਛੁਡਾਣ ਦਾ ਯਤਨ ਕੀਤਾ, ਪਰ ਨਿਸਫਲ। ਸਾਗਰ ਨੇ ਬਾਲਕ ਨੂੰ ਬ੍ਰਹਮਾ ਦੀ ਦਾੜ੍ਹੀ ਛਡ ਦੇਣ ਦਾ ਆਦੇਸ਼ ਦਿਤਾ। ਬ੍ਰਹਮਾ ਨੇ ਬਾਲਕ ਦੀ ਅਪਾਰ ਸ਼ਕਤੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਬੱਚੇ ਦੀ ਪਕੜ ਅਸਪਾਤ ਵਾਂਗ ਮਜ਼ਬੂਤ ਹੈ। ਸੋ ਇਸ ਦਾ ਨਾਉਂ ਜਲੰਧਰ ਰਖਿਆ ਜਾਵੇ। ਨਾਲ ਹੀ ਬ੍ਰਹਮਾ ਨੇ ਵਰ ਬਖ਼ਸ਼ਿਆ ਕਿ ਜਲੰਧਰ ਦੀ ਕੀਰਤੀ ਤਿੰਨਾਂ ਲੋਕਾਂ ਵਿਚ ਫੈਲੇਗੀ ਤੇ ਦੇਵਤੇ ਵੀ ਇਸ ਉਤੇ ਵਿਜੇ ਪ੍ਰਾਪਤ ਨਹੀਂ ਕਰ ਸਕਣਗੇ।

ਜਦੋਂ ਜਲੰਧਰ ਵਡਾ ਹੋਇਆ ਤਾਂ ਉਸ ਦਾ ਗੁਰੂ ਸ਼ੁਕਰ ਸਾਗਰ ਕੋਲ ਗਿਆ ਤੇ ਕਹਿਣ ਲਗਾ, 'ਤੁਹਾਡਾ ਬਾਲਕ ਆਪਣੀ ਸ਼ਕਤੀ ਦਵਾਰਾ ਤਿੰਨਾਂ ਲੋਕਾਂ ਦੀ ਵਡਿਆਈ ਪ੍ਰਾਪਤ ਕਰੇਗਾ, ਇਸ ਲਈ ਤੁਸੀਂ ਜੰਬੂ ਦੀਪ ਤੋਂ ਪਿਛੇ ਹੱਟ ਜਾਵੋਂ ਤਾਂ ਜੋ ਜਲੰਧਰ ਦੇ ਨਿਵਾਸ ਲਈ, ਵਿਸ਼ਾਲ ਧਰਤੀ ਹੋ ਜਾਵੇ।' ਸ਼ੁਕਰ ਦੇ ਕਹਿਣ ਤੇ ਸਾਗਰ ਨੇ ਆਪਣਾ ਸਾਰਾ ਪਾਣੀ ਅੰਦਰ ਖਿਚ ਲਿਆ ਤੇ 300 ਯੋਜਨ ਲੰਮੀ ਧਰਤੀ ਖਾਲੀ ਕਰ ਦਿਤੀ। ਇਹੋ ਧਰਤੀ 'ਪਾਵਨ ਜਲੰਧਰ' ਦੇ ਨਾਂ ਨਾਲ ਪ੍ਰਸਿਧ ਹੋਈ ਤੇ ਇਸੇ ਧਰਤੀ ਉਤੇ ਅੱਜ ਦਾ ਜਲੰਧਰ ਨਗਰ ਵਸਿਆ। ਸਰ ਅਲੈਕਜ਼ੈਂਡਰ ਕਨਿੰਘਮ ਦਾ ਵਿਚਾਰ ਹੈ ਕਿ ਇਹ ਕਥਾ ਉਸ ਪਰਾ-ਇਤਿਹਾਸਕ ਕਾਲ ਵਲ ਸੰਕੇਤ ਕਰਦੀ ਹੈ, ਜਦੋਂ ਸਾਗਰ ਜਲੰਧਰ ਦੁਆਬ ਤਕ ਫੈਲਿਆ ਹੋਇਆ ਸੀ।

ਜਲੰਧਰ ਬਾਰੇ ਕਈ ਸਥਾਨਿਕ ਕਥਾਵਾਂ ਵੀ ਪ੍ਰਚਲਤ ਹਨ। ਜਲੰਧਰ ਆਪਣੀ ਪਤਨੀ, ਵਰਿੰਦਾ ਦੇ ਸਤਿ ਦੇ ਬਲ ਸਦਕਾ ਅਜਿਤ ਸੀ। ਦੇਵਤਿਆਂ ਨੇ ਉਸ ਉਤੇ ਜਿਤ ਪ੍ਰਾਪਤ ਕਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਨਿਸਫਲ ਰਹੇ। ਅਖੀਰ, ਵਰਿੰਦਾ ਦਾ ਸਤਿਬਲ ਖੀਣ ਕਰਨ ਲਈ, ਵਿਸ਼ਨੂੰ ਨੇ ਜਲੰਧਰ ਦਾ ਰੂਪ ਧਾਰਨ ਕੀਤਾ, ਤੇ ਵਰਿੰਦਾ ਦਾ ਸਤਿ ਭੰਗ ਕੀਤਾ। ਸ਼ਿਵ ਨੇ ਜਲੰਧਰ ਨਾਲ ਯੁੱਧ ਕਰ ਕੇ, ਉਸ ਦਾ ਸਿਰ ਧੜ ਨਾਲੋਂ ਵਖ ਕਰ ਦਿਤਾ।

ਨਾਲ ਜੁੜ ਜਾਂਦਾ। 'ਜਲੰਧਰ ਪੁਰਾਣ' ਅਨੁਸਾਰ ਅਖੀਰ ਸ਼ਿਵ ਨੇ ਇਕ ਵਡੀ ਸਾਰੀ ਪਰਬਤ ਮਾਲਾ ਨੂੰ ਜਲੰਧਰ ਦੈਂਤ ਦੇ ਸਿਰ ਤੇ ਜਿਸਮ ਉੱਤੇ ਸੁਟ ਕੇ, ਉਸਨੂੰ ਕੁਚਲ ਦਿਤਾ। ਦੈਂਤ ਦੇ ਮੂੰਹ ਵਿਚੋਂ ਅੱਗ ਦੇ ਸੋਅਲੇ ਨਿਕਲਣ ਲਗੇ। ਜੋ ਅਜ ਤਕ ਨਿਕਲ ਰਹੇ ਹਨ। ਉਹ ਥਾਂ ਜਵਾਲਾਮੁਖੀ ਦੇ ਨਾਂ ਨਾਲ ਪ੍ਰਸਿਧ ਹੈ। ਦੈਂਤ ਦੀ ਪਿਠ ਦੁਆਬੇ ਦੇ ਉਪਰਲੇ ਹਿੱਸੇ ਹੇਠ ਦਬੀ ਗਈ। ਇਸ ਇਲਾਕੇ ਨੂੰ ਹੁਣ ਵੀ ਲੋਕੀਂ 'ਜਲੰਧਰ ਪਿਠ' ਕਹਿੰਦੇ ਹਨ। ਜਲੰਧਰ ਦੈਂਤ ਦੇ ਪੈਰ ਹੇਠਾਂ ਮੁਲਤਾਨ ਤਕ, ਉਸ ਥਾਂ ਤਕ ਫੈਲੇ ਹੋਏ ਹਨ, ਜਿਥੇ ਪੁਰਾਣੇ ਸਮੇਂ ਵਿਚ ਬਿਆਸ ਤੇ ਸਤਲੁਜ ਦਾ ਸੰਗਮ ਹੁੰਦਾ ਸੀ। ਇਕ ਕਥਾ ਅਨੁਸਾਰ ਉਸ ਦਾ ਸਰੀਰ 48 ਵਰਗ ਮੀਲ ਦੇ ਘੇਰੇ ਵਿਚ ਦਬਿਆ ਪਿਆ ਹੈ।

ਇਕ ਹੋਰ ਕਥਾ ਅਨੁਸਾਰ ਜਲੰਧਰ ਦੈਂਤ ਇਸ ਦੁਆਬੇ ਨੂੰ ਵਸਣ ਨਹੀਂ ਸੀ ਦੇਂਦਾ। ਅਖੀਰ ਵਿਸ਼ਨੂੰ ਨੇ ਜਲੰਧਰ ਨੂੰ ਮਾਰ ਕੇ, ਉਸ ਦੀ ਪਿਠ ਉੱਤੇ ਇਹ ਦੁਆਬਾ ਵਸਾਇਆ। ਬ੍ਰਾਹਮਣਾਂ ਅਨੁਸਾਰ ਇਸ ਦੈਂਤ ਦਾ ਸਿਰ ਨਿਗਵਾਲ ਨਦੀ ਉੱਤੇ ਜਿੰਦ ਰੰਗੁਲ ਵਿਖੇ ਨੰਦਕੇਸਵਰ ਮਹਾਂਦੇਵ ਦੇ ਮੰਦਰ ਹੇਠ ਹੈ। ਇਸ ਸਥਾਨ ਤੋਂ ਪਾਲਮਪੁਰ ਤਕ ਜੋ ਜੰਗਲ ਹੈ, ਉਸ ਨੂੰ ਵਰਿੰਦਾ ਵਣ ਕਹਿੰਦੇ ਹਨ ਜਿਸ ਦਾ ਨਾਂ ਜਲੰਧਰ ਦੀ ਪਤਨੀ ਵਰਿੰਦਾ ਉੱਤੇ ਪਿਆ। ਇਹ ਧਾਰਨਾ ਹੈ ਕਿ ਬੈਜਨਾਥ ਦੇ ਉੱਤਰ-ਪੂਰਬ ਵਲ ਪੰਜ ਮੀਲਾਂ ਦੀ ਵਿੱਥ ਉੱਤੇ ਸਨਸੇਲ ਵਿਖੇ ਮੁਕਤੇਸ਼ਵਰ ਮੰਦਰ ਵਾਲੀ ਥਾਂ ਹੇਠਾਂ ਜਲੰਧਰ ਦੈਂਤ ਦਾ ਸਿਰ ਸਥਿਤ ਹੈ। ਜਲੰਧਰ ਦੈਂਤ ਦਾ ਇਕ ਹੱਥ ਨੰਦਕੇਸ਼ਵਰ ਵਿਖੇ ਸਿਰ ਦੇ ਉੱਤੇ ਧਰਿਆ ਦਸਿਆ ਜਾਂਦਾ ਹੈ ਤੇ ਦੂਜਾ ਬੈਜਨਾਥ ਵਿਚ, ਜਲੰਧਰ ਦੇ ਪੈਰ ਕਲੇਸਰ ਵਿਖੇ ਹਨ, ਜੋ ਬਿਆਸ ਦੇ ਕੰਢੇ ਉੱਤੇ ਸਥਿਤ ਹੈ।

ਇਕ ਹੋਰ ਰਵਾਇਤ ਅਨੁਸਾਰ ਲਾਹੌਰ ਦੇ ਵਸਾਣ ਤੋਂ ਪਹਿਲਾਂ ਰਾਮਚੰਦਰ ਦੇ ਪੁੱਤਰ ਲਵ ਦੀ ਰਾਜਧਾਨੀ ਜਲੰਧਰ ਸੀ।

ਜਲੰਧਰ ਦੇ ਅਰਥ ਜਲ ਦੇ ਅੰਦਰ ਜਾਂ ਹੇਠ ਦੇ ਹਨ। ਕਦੇ ਜਲੰਧਰ ਤੇ ਇਸ ਦੇ ਆਸ ਪਾਸ ਦਾ ਸਾਰਾ ਇਲਾਕਾ ਸਮੁੰਦਰ ਹੁੰਦਾ ਸੀ। ਜਲੰਧਰ ਦਾ ਇਕ ਪੁਰਾਣਾ ਨਾਂ 'ਤ੍ਰਿਗਰਤਾ' ਵੀ ਹੈ।

ਚੀਨੀ ਯਾਤ੍ਰੀ ਹਿਊਨ ਸਾਂਗ ਆਪਣੀਆਂ ਲਿਖਤਾਂ ਵਿਚ

(ਜ-67) **ਜਲਪਰੀ** :

ਨਦੀ ਵਿਚ ਵਸਦਾ, ਪਰੀ ਦੀ ਸ਼ਕਲ ਦਾ, ਇਕ ਕਲਪਿਤ ਪ੍ਰਾਣੀ; ਪਹਾੜੀ ਇਲਾਕੇ ਵਿਚ ਵਿਸ਼ਵਾਸ ਪ੍ਰਚਲਤ ਹੈ ਕਿ ਜਲਪਰੀ ਨਦੀ ਨਾਲਿਆਂ ਵਿਚ ਰਹਿੰਦੀ ਹੈ ਅਤੇ ਭੁਲੇ ਭਟਕੇ ਜਾਂ ਕੁਵੇਲੇ ਲੰਘਦੇ ਰਾਹੀਆਂ ਨੂੰ, ਆਪਣੇ ਰੂਪ-ਜਾਲ ਵਿਚ ਫਸਾ ਕੇ, ਵਿਭਚਾਰ ਲਈ ਮਜਬੂਰ ਕਰਦੀ ਹੈ। ਜੇ ਕੋਈ ਮੁਸਾਫਰ ਉਸ ਨੂੰ ਨਿਰਾਸ਼ ਕਰੇ ਜਾਂ ਫੜ ਕੇ ਆਪਣੇ ਨਾਲ ਲਿਜਾਣਾ ਚਾਹੇ ਤਾਂ ਉਹ ਉਸ ਨੂੰ ਆਪਣੇ ਜਾਦੂ-ਸ਼ਕਤੀ ਨਾਲ ਮਾਰ ਵੀ ਦੇਂਦੀ ਹੈ।

ਜਲਪਰੀ ਨੂੰ ਪਤਿਆਣ ਲਈ, ਜਿਸ ਦਰਿਆ ਵਿਚ, ਉਸ ਦਾ ਵਾਸਾ ਹੋਵੇ, ਉਥੇ ਫੁੱਲਾਂ ਦੀ ਭੇਟਾ ਜਾਂ ਲੇਲੇ ਦੀ ਬਲੀ ਦੇਣ ਦੀ ਪਰੰਪਰਾ ਰਹੀ ਹੈ।

(ਜ-68) **ਜਲ ਪ੍ਰਵਾਹ** :

1. ਕਿਸੇ ਸਾਮੱਗਰੀ, ਲੋਥ ਜਾਂ ਹੱਡੀਆਂ ਨੂੰ ਜਲ ਦੀ ਭੇਟ ਕਰਨਾ; ਹਿੰਦੂਆਂ ਸਿੱਖਾਂ ਵਿਚ ਮ੍ਰਿਤਕ ਦਾ ਦਾਹ-ਸੰਸਕਾਰ ਕਰ ਕੇ, ਉਸ ਦੇ ਫੁੱਲ ਹਰਦੁਆਰ, ਕੀਰਤਪੁਰ ਜਾਂ ਕਿਸੇ ਨਦੀ ਵਿਚ ਜਲ-ਪ੍ਰਵਾਹ ਕਰ ਦਿਤੇ ਜਾਂਦੇ ਹਨ। ਛੇ ਮਹੀਨੇ ਤੋਂ ਛੋਟੇ ਬੱਚੇ ਦਾ ਦਾਹ ਨਹੀਂ ਕੀਤਾ ਜਾਂਦਾ। ਜਾਂ ਤਾਂ ਉਸ ਦੀ ਦੇਹ ਨੂੰ ਦੱਬ ਦਿਤਾ ਜਾਂਦਾ ਹੈ ਜਾਂ ਕਿਸੇ ਨਦੀ ਨਾਲੇ ਵਿਚ ਜਲ-ਪ੍ਰਵਾਹ ਕਰ ਦਿਤਾ ਜਾਂਦਾ ਹੈ।

2. ਨੁਰਾਤਿਆਂ ਦੇ ਦਿਨਾਂ ਵਿਚ, ਕੰਨਿਆਂ ਦੇਵੀ ਨਮਿਤ ਜੋ 'ਖੇਤਰੀ' ਬੀਜਦੀਆਂ ਹਨ ਤੇ ਗੌਰਜਾਂ ਮਾਈ ਦੀ ਮੂਰਤੀ ਬਣਾਉਂਦੀਆ ਹਨ, ਉਸ ਨੂੰ ਨੌਂ ਦਿਨ ਪੂਜ ਕੇ ਦਸਵੇਂ ਦਿਨ ਕਿਸੇ ਨਦੀ ਨਾਲੇ ਵਿਚ ਜਲ-ਪ੍ਰਵਾਹ ਕਰ ਦੇਂਦੀਆਂ ਹਨ। ਇਸ ਤਰ੍ਹਾਂ ਖੇਤਰੀ ਤੇ ਮੂਰਤੀ ਦੋਵੇਂ ਟਿਕਾਣੇ ਲਗ ਜਾਂਦੇ ਹਨ ਤੇ ਰੁਲਦੀਆਂ ਨਹੀਂ।

3. ਆਦਿ ਗ੍ਰੰਥ ਸਾਹਿਬ ਦੀ ਬਿਰਧ ਦੇਹ ਤੇ ਬਿਰਧ ਗੁਟਕਿਆਂ ਨੂੰ ਬੇਅਦਬੀ ਤੋਂ ਬਚਾਣ ਲਈ, ਜਲ ਪ੍ਰਵਾਹ ਕੀਤਾ ਜਾਂਦਾ ਹੈ। ਕਿਉਂ ਜੋ ਬਾਣੀ ਵਿਚ ਗੁਰੂ ਹੈ ਤੇ ਗੁਰੂ ਦੀ ਜੋਤ ਹਮੇਸ਼ਾ ਪ੍ਰਜਵਲਤ ਰਹਿੰਦੀ ਹੈ। ਇਸੇ ਕਰਕੇ ਆਦਿ ਗ੍ਰੰਥ ਸਾਹਿਬ ਅਤੇ ਗੁਟਕਿਆਂ ਨੂੰ ਸਾੜਨਾ ਵਰਜਿਤ ਹੈ।

(ਜ-69) **ਜਲ ਪ੍ਰੀਖਿਆ** :

ਪਹਿਲਿਆਂ ਵਿਚ ਲੋਕਾਂ ਦਾ ਵਿਸ਼ਵਾਸ ਸੀ ਕਿ ਸੱਤ ਦੀ ਸ਼ਕਤੀ ਸਾਹਮਣੇ ਕੁਦਰਤੀ ਸ਼ਕਤੀਆਂ ਝੁਕ ਜਾਂਦੀਆਂ

ਪ੍ਰਚਲਿਤ ਰਿਹਾ ।

ਜਲ ਪ੍ਰੀਖਿਆ ਇਸ ਪ੍ਰਕਾਰ ਹੋਂਦੀ ਜਾਂਦੀ ਹੈ । ਜਿਸ ਸ਼ਖ਼ਸ ਨੇ ਆਪਣੀ ਨਿਰਦੋਸ਼ਤਾ ਸਿਧ ਕਰਨੀ ਹੁੰਦੀ ਉਹ ਕਿਸੇ ਖੂਹ, ਤਲਾਬ ਜਾਂ ਨਦੀ ਦੇ ਪਾਣੀ ਦੇ ਅੰਦਰ ਇਕ ਲੱਠ ਫੜ ਕੇ ਖੜਾ ਹੋ ਜਾਂਦਾ । ਕਈ ਵਾਰ ਇਸ ਲੱਠ ਨੂੰ ਪਾਣੀ ਵਿਚ ਪੱਕਾ ਗੱਡ ਦਿਤਾ ਜਾਂਦਾ । ਫਿਰ ਪਿੰਡ ਦਾ ਮੁਖੀਆ ਖੂਹ ਜਾਂ ਤਲਾਬ ਦੇ ਕੰਢੇ ਖੜਾ ਹੋ ਕੇ ਇਕ ਤੀਰ ਛੱਡਦਾ । ਤੀਰ ਛਡਦਿਆਂ ਸਾਰ ਪ੍ਰੀਖਿਆ ਵਿਚ ਲੰਘਣ ਵਾਲਾ ਸ਼ਖ਼ਸ ਪਾਣੀ ਦੇ ਅੰਦਰ ਸਿਰ ਮੂੰਹ ਕਰ ਲੈਂਦਾ ਤੇ ਉਹ ਉਦੋਂ ਤਕ ਸਿਰ ਮੂੰਹ ਬਾਹਰ ਨਹੀਂ ਕਢਦਾ, ਜਦੋਂ ਤਕ ਉਸ ਦਾ ਕੋਈ ਮਿਤ੍ਰ ਤੀਰ ਨੂੰ ਚੁਕ ਕੇ ਵਾਪਸ ਮੁਖੀਏ ਦੇ ਹਵਾਲੇ ਨਹੀਂ ਕਰ ਦੇਂਦਾ । ਜੇ ਉਹ ਸ਼ਖ਼ਸ ਤੀਰ ਲਿਆਉਣ ਤਕ ਪਾਣੀ ਦੀ ਤਹਿ ਵਿਚ ਰਹਿ ਸਕੇ ਤਾਂ ਉਹ ਨਿਰਦੋਸ਼ ਮੰਨਿਆ ਜਾਂਦਾ । ਇਹ ਰੀਤ ਸਿਥੀਅਨ ਮੁੱਢ ਦੀ ਜਾਪਦੀ ਹੈ । ਸਿਥੀਅਨ ਜਾਤੀ ਵਿਚ ਇਸ ਕਿਸਮ ਦੀ ਰੀਤ ਪ੍ਰਚਲਤ ਸੀ । ਖ਼ਾਨਾਬਦੋਸ਼ ਕਬੀਲਿਆਂ ਵਿਚ ਵੀ ਇਸ ਕਿਸਮ ਦੀਆਂ ਕਈ ਰੀਤਾਂ ਮਿਲਦੀਆਂ ਹਨ ।

(ਜ-70) **ਜਲ ਪੂਜਾ** :

ਪਾਣੀ ਮਨੁੱਖ ਦੀ ਪਹਿਲੀ ਲੋੜ ਹੈ । ਲੋਕ-ਮਨ ਇਸ ਵਿਚ ਪ੍ਰਾਣਧਾਰੀ ਚੇਤਨਾ ਮੰਨਦਾ ਹੈ—'ਪਹਿਲਾ ਪਾਣੀ ਜੀਉ ਹੈ, ਜਿਤ ਹਰਿਆ ਸਭ ਕੋਇ' ਸਦਕਾ ਇਸ ਨੂੰ ਦੇਵ ਵਾਂਗ ਪੂਜਦਾ ('ਮੀਂਹ ਪਾਇਆ ਪਰਮੇਸਰ ਪਾਇਆ') ਜਿਨ੍ਹਾਂ ਜਿਨ੍ਹਾਂ ਸੋਮਿਆਂ ਤੋਂ ਮਨੁਖ ਨੂੰ ਪਾਣੀ ਮਿਲਦਾ ਰਿਹਾ, ਉਹ ਸਭ ਮਨੁਖ ਲਈ ਪੂਜਣ ਯੋਗ ਵਸਤੂ ਬਣੇ ਰਹੇ । ਚਸ਼ਮਾ, ਕੂਲਾਂ, ਖੂਹ, ਸਰੋਵਰ, ਦਰਿਆ ਤੇ ਇਥੋਂ ਤਕ ਮੀਂਹ ਮਨੁਖ ਨੂੰ ਵੰਨ-ਸਵੰਨੇ ਦੇਵਤਿਆਂ ਦੇ ਰੂਪ ਵਿਚ ਵਿਖਾਈ ਦੇਣ ਲਗੇ । ਜਦੋਂ ਮਨੁੱਖ ਨੇ ਵੇਖਿਆ ਕਿ ਪਾਣੀ ਬਗੈਰ ਨਾ ਤਾਂ ਮਨੁਖ ਜਿੰਦਾ ਰਹਿ ਸਕਦਾ ਹੈ, ਨਾ ਪਸੂ-ਪੰਛੀ ਤੇ ਨਾ ਹੀ ਫੁੱਲ-ਬੂਟੇ ਤੇ ਬਨਸਪਤੀ, ਤਾਂ ਉਨ੍ਹਾਂ ਲਈ ਪਾਣੀ ਦੇਵ ਪੁਰਸ਼ ਹੀ ਨਿਬੜਨਾ ਸਹਿਜ ਗੱਲ ਸੀ । ਇਸ ਤੋਂ ਇਲਾਵਾ ਪਾਣੀ ਹੀ ਤਾਂ ਸੀ ਜੋ ਸੂਤਕ-ਪਾਤਕ ਦੀ ਛੂਤ ਤੋਂ ਮੁਕਤ ਕਰਦਾ ਸੀ ।

ਪਾਣੀ ਦਾ ਇਕ ਦੂਜਾ ਪੱਖ ਵੀ ਸੀ । ਜਦੋਂ ਮੀਂਹ ਮੂਸਲੇਧਾਰ ਵਸਦਾ ਤਾਂ ਝੁੱਗੀਆਂ ਝੋਂਪੜੀਆਂ ਰੁੜ੍ਹ ਜਾਂਦੀਆਂ । ਨਦੀ ਨਾਲਿਆਂ ਵਿਚ ਹੜ੍ਹ ਆ ਜਾਂਦਾ । ਦਰਿਆ ਲੋੜ ਨੇ ਤੇ ਦੂਜੇ ਪਾਸੇ ਵਿਫਰੇ ਪਾਣੀ ਦੇ ਡਰ ਨੇ, ਪਾਣੀ ਨੂੰ ਸ਼ਕਤੀਸ਼ਾਲੀ ਦੇਵਤੇ ਵਿਚ ਬਦਲ ਦਿਤਾ ।

ਪੰਜਾਬ ਵਿਚ ਪੂਰਵ-ਇਤਿਹਾਸਕ ਕਾਲ ਤੋਂ ਹੀ ਪਾਣੀ ਦੇ ਕਈ ਰੂਪਾਂ ਨੂੰ ਪੂਜਣ ਦੇ ਪ੍ਰਮਾਣ ਮਿਲਦੇ ਹਨ । ਪੰਜਾਬ ਵਿਚ ਕੁਦਰਤੀ ਜਲ ਦੇ ਮੁੱਢਲੇ ਰੂਪ ਚੋਹੇ ਹਨ । ਚੋਹਿਆਂ ਵਿਚੋਂ ਬੂੰਦ ਹੋ ਕੇ ਪਾਣੀ ਫੁਟਦਾ ਰਹਿੰਦਾ ਹੈ । ਇਸ ਲਈ ਇਨ੍ਹਾਂ ਦੀ ਪੂਜਾ ਆਰੰਭ ਹੋਈ । ਇਕ ਪੁਰਾਣੇ ਲੋਕ ਗੀਤ ਦਾ ਬੰਦ ਹੈ :—

ਚੋਹਾ ਪੂਜਣ ਮੈਂ ਚਲੀ
ਸਿਰ ਤੇ ਰਖ ਕੇ ਥਾਲ
ਚੰਦਨ ਚਾਵਲ ਦੀਵੜਾ
ਧੂੜੀ ਨਾਲ ਗੁਲਾਲ

ਪੰਜਾਬ ਦੇ ਪਿੰਡਾਂ ਵਿਚ ਚੋਹਿਆਂ ਦੇ ਨੇੜੇ ਗੁਲਾਲ ਧੂੜ ਕੇ ਚੰਦਨ, ਚਾਵਲ ਤੇ ਦੀਵੜਾ ਰਖ ਕੇ, ਪੂਜਣ ਦੀ ਪ੍ਰਥਾ ਰਹੀ ਹੈ ।

ਖੂਹ ਨੂੰ ਪੂਜਣ ਦੀ ਪ੍ਰਥਾ ਵੀ ਬੜੀ ਪੁਰਾਣੀ ਚਲੀ ਆ ਰਹੀ ਹੈ । ਖੂਹ ਨੂੰ ਖੋਦਣ ਵੇਲੇ ਵੀ, ਪਹਿਲਾ ਟੱਕ ਲਗਾਣ ਲਗਿਆਂ ਪੂਜਾ ਕੀਤੀ ਜਾਂਦੀ ਹੈ । ਪਹਿਲਾਂ ਮਿੱਟੀ ਦਾ ਢੇਲਾ ਜਲ ਦਿਉਤੇ ਜਾਂ ਖ਼ਵਾਜਾ ਪੀਰ ਨਮਿਤ ਅੱਡ ਰਖ ਕੇ, ਉਸ ਉਤੇ ਦੀਵਾ ਬਾਲਿਆ ਜਾਂਦਾ ਹੈ, ਜਦੋਂ ਤਕ ਖੂਹ ਦਾ ਕੰਮ ਪੂਰਾ ਨਾ ਹੋ ਜਾਵੇ । ਖੂਹ ਦੀ ਪੱਕੀ ਉਸਾਰੀ ਕਰਨ ਵੇਲੇ ਪਹਿਲਾਂ ਲਕੜੀ ਦਾ ਚੱਕ ਤਿਆਰ ਕੀਤਾ ਜਾਂਦਾ, ਫਿਰ ਉਸ ਨਾਲ ਮੌਲੀ ਦੇ ਧਾਗੇ, ਨਾਰੀਅਲ ਤੇ ਕੁਝ ਸਿੱਕੇ ਬੰਨ੍ਹੇ ਜਾਂਦੇ ਤੇ ਖੂਹ ਵਿਚ ਉਤਾਰ ਕੇ ਤੇ ਬਲਦਾ ਦੀਵਾ ਰਖ ਕੇ, ਉਸ ਦੀ ਪੂਜਾ ਕੀਤੀ ਜਾਂਦੀ ਹੈ । ਨਾਰੀਅਲ ਮਨੁੱਖੀ ਬਲੀ ਦਾ ਚਿੰਨ੍ਹ ਰਿਹਾ ਹੈ । ਇਸ ਦੀ ਸ਼ਕਲ ਮਨੁਖੀ ਖੋਪਰੀ ਵਰਗੀ ਜੋ ਹੋਈ ।

ਬੱਚੇ ਦੇ ਸੁੰਨਤ ਤੇ ਵਿਆਹ ਸ਼ਾਦੀ 'ਤੇ ਵੀ ਖੂਹ ਪੂਜਣ ਦਾ ਰਵਾਜ ਹੈ । ਬੱਚੇ ਨੂੰ ਤੇਰ੍ਹਵੇਂ ਦਿਨ ਨਵ੍ਹਾਣ ਲਈ, ਖੂਹ ਦੀ ਉਚੇਚੀ ਪੂਜਾ ਕਰ ਕੇ, ਪਾਣੀ ਲਿਆਂਦਾ ਜਾਂਦਾ ਹੈ । ਤੇ ਜਲ ਦੇ ਛੱਟਿਆਂ ਨਾਲ ਹੀ ਸੂਤਕ ਕਢਿਆ ਜਾਂਦਾ ਹੈ । ਵਿਆਹ ਉਤੇ ਘੜੋਲੀ ਚੁੱਕੀ ਲਾੜ੍ਹੇ ਦੀਆਂ ਭੈਣਾਂ ਤੇ ਸਾਕਾਂ ਸੰਬੰਧਣਾਂ ਨਾਲ ਜਾਂਦੀਆਂ ਤੇ ਖੂਹ ਪੂਜ ਕੇ ਰਸਮੀ ਢੰਗ ਨਾਲ ਪਾਣੀ ਭਰ ਕੇ ਲਾੜ੍ਹੇ ਨੂੰ ਨਵ੍ਹਾਇਆ ਜਾਂਦਾ । ਪਿੰਡਾਂ ਵਿਚ, ਜਿਥੇ ਕਸੀਆਂ ਚੋਹੇ ਨੇੜਿਓਂ ਵਗਦੀਆਂ ਹਨ, ਕਸੀ ਚੋਹੇ ਨੂੰ ਪੂਜ ਕੇ ਘੜੋਲੀ ਭਰਨ ਦਾ ਰਵਾਜ ਹੈ ।

ਦੂਜੀ ਰਿਚ ਵਿਚ ਵਿਆਸ (ਬਿਆਸ) ਅਤੇ ਸਤੁਦਰੀ (ਸਤਲੁਜ) ਨੂੰ ਦੋ ਭੈਣਾਂ ਮੰਨਿਆ ਗਿਆ ਹੈ (ਈ ਆਰ. ਈ. 12/604) ਸਰਸਵਤੀ ਦਰਿਆ ਦੀ ਦੇਵੀ ਵਜੋਂ ਵੀ ਜ਼ਿਕਰ ਹੈ। ਮਗਰੋਂ ਬ੍ਰਾਹਮਣਾਂ ਨੇ ਸਰਸਵਤੀ ਦਾ ਵਗ ਬੋਲ ਦੀ ਦੇਵੀ ਨਾਲ ਏਕੀਕਰਣ ਕਰ ਦਿਤਾ ਅਤੇ ਬਾਅਦ ਦੇ ਹਿੰਦੂ ਮਿਥਿਹਾਸ ਵਿਚ ਉਹ ਵਿਦਿਆ, ਸੂਝ ਤੇ ਗਿਆਨ ਦੀ ਦੇਵੀ ਦੇ ਰੂਪ ਵਿਚ ਬ੍ਰਹਮਾ ਦੀ ਪਤਨੀ ਮੰਨੀ ਜਾਣ ਲੱਗੀ।

ਵੈਦਿਕ ਕਾਲ ਦਾ ਪਾਣੀ ਦਾ ਦੇਵਤਾ ਵਰੁਣ ਸੀ ਜੋ ਉਦੋਂਕੀ ਤ੍ਰੈਮੂਰਤੀ ਵਿਚੋਂ ਇਕ ਸੀ। ਵੇਦਾਂ ਵਿਚ ਵਰੁਣ ਨੂੰ ਪਾਣੀ ਨਾਲ ਵਿਸ਼ੇਸ਼ ਤੌਰ ਤੇ ਸੰਬੰਧਿਤ ਨਹੀਂ ਕੀਤਾ ਗਿਆ। ਪਰ ਅਜਿਹੇ ਪ੍ਰਕਰਣ ਹਨ, ਜਿਨ੍ਹਾਂ ਵਿਚ ਵਰੁਣ ਦੋਹਾਂ ਆਕਾਸ਼ ਅਤੇ ਪ੍ਰਿਥਵੀ ਤੇ ਪਾਣੀ ਤੱਤ ਨਾਲ ਇੰਜ ਸੰਬੰਧਿਤ ਹੈ (ਹਿੰਦੂ ਮਿਥਿਹਾਸ ਕੋਸ਼, 526)। ਪੁਰਾਣਾਂ ਵਿਚ ਵਰੁਣ ਪਾਣੀ ਦਾ ਇਕੋ ਇਕ ਸਵਾਮੀ ਹੈ। ਕੱਤਕ ਦੀ ਪੂਰਨਮਾਸ਼ੀ ਨੂੰ ਜੋ ਦਰਿਆਵਾਂ ਤੇ ਸਰੋਵਰਾਂ ਵਿਚ ਇਸ਼ਨਾਨ ਕੀਤਾ ਜਾਂਦਾ ਹੈ। ਉਹ ਕਦੇ ਵਰੁਣ ਦੇਵਤੇ ਨਮਿਤ ਮਨਾਇਆ ਪੁਰਬ ਹੁੰਦਾ ਸੀ ਅਜ ਵੀ ਵਰੁਨ ਦੇਵਤੇ ਨਮਿਤ ਇਸ਼ਨਾਨ ਬੰਗਾਲ ਵਿਚ ਕੱਤਕ ਪੂਰਨਮਾ ਨੂੰ ਹੀ ਕੀਤਾ ਜਾਂਦਾ ਹੈ ਅਤੇ ਹਿੰਦੂ ਪ੍ਰਸਿਧ ਦਰਿਆਵਾਂ ਤੇ ਸਰੋਵਰਾਂ ਵਿਚ ਇਸੇ ਦਿਨ ਇਸ਼ਨਾਨ ਕਰਦੇ ਹਨ। ਗੁਜਰਾਤ ਵਿਚ ਅਜ ਵੀ ਵਰੁਣ ਦੀਆਂ ਪੰਜਾਂ ਠਾਹਰਾਂ—ਸਮੁੰਦਰ, ਦਰਿਆ, ਤਲਾਅ, ਚਸ਼ਮਾ ਤੇ ਖੂਹ ਮੰਨੇ ਜਾਂਦੇ ਹਨ (ਈ. ਆਰ. ਈ. 12/717)।

ਪੌਰਾਣਿਕ ਕਾਲ ਵਿਚ ਗੰਗਾ ਜਮਨਾ ਦੀ ਮਾਨਤਾ ਵਧੀ। ਪੰਜਾਬ ਵਿਚ, ਅਜੇ ਵੀ ਹਿੰਦੂਆਂ ਵਿਚ, ਗੰਗਾ ਮਾਤਾ ਦੀ ਪੂਜਾ ਆਪਣੀ ਪੂਰੀ ਸ਼ੋਭਾ ਵਿਚ ਹੈ। ਪੁਰਾਣਾਂ ਅਨੁਸਾਰ ਗੰਗਾ ਵਿਸ਼ਨੂੰ ਦੇ ਪੈਰ ਦੇ ਅੰਗੂਠੇ ਵਿਚੋਂ ਨਿਕਲੀ। ਉਹ ਰਾਜੇ ਭਗੀਰਥ ਦੇ ਤੱਪ ਦੁਆਰਾ, ਸਵਰਗ ਤੋਂ ਪ੍ਰਿਥਵੀ ਉਤੇ ਲਿਆਂਦੀ ਗਈ ਤਾਂ ਜੋ ਰਾਜਾ ਸਗਰ ਦੇ ਕਪਲ ਰਿਸ਼ੀ ਦੇ ਕਰੋਧ ਅੱਗ ਨਾਲ ਭਸਮ ਹੋਏ ਸੱਠ ਹਜ਼ਾਰ ਪੁੱਤਰਾਂ ਦੀ ਸੁਆਹ ਨੂੰ ਗੰਗਾ ਦੇ ਜਲ ਨਾਲ ਪਵਿਤ੍ਰ ਕੀਤਾ ਜਾ ਸਕੇ। ਗੰਗਾ ਜਲੀ ਹਿੰਦੂਆਂ ਲਈ ਸਭ ਤੋਂ ਪਵਿਤਰ ਜਲ ਹੈ। ਧਾਰਨਾ ਹੈ ਮਰਨ ਵੇਲੇ ਗੰਗਾ ਜਲੀ ਦੇ ਕੁਝ ਕਤਰੇ ਜੇ ਪੀ ਲਏ ਜਾਣ ਤਾਂ ਸਵਰਗ ਵਿਚ ਥਾਂ ਮਿਲਦੀ ਹੈ। ਮਰਣ ਵਾਲੇ ਪ੍ਰਾਣੀ ਦੇ ਫੁੱਲ, ਗੰਗਾ ਜਲ ਵਿਚ ਪ੍ਰਵਾਹ ਕਰਨ ਨਾਲ ਹੀ, ਉਸ ਦੀ ਮੁਕਤੀ ਹੁੰਦੀ ਮੰਨੀ ਜਾਂਦੀ ਹੈ। ਸੂਤਕ-ਪਾਤਕ ਤੇ ਗ੍ਰਹਿਣ ਦੀ ਅਪਵਿਤਰਤਾ ਦੂਰ ਕਰਨ ਲਈ ਗੰਗਾ ਜਲੀ

ਹਰਦੁਆਰ ਦੀ ਯਾਤਰਾ ਦਾ ਬੜਾ ਮਹਾਤਮ ਹੈ। ਪੁਰਾ
ਵੇਲਿਆਂ ਵਿਚ ਜਦੋਂ ਆਵਾਜਾਈ ਦੇ ਸਾਧਨ ਸੁਖਾ
ਨਹੀਂ ਸਨ ਹੁੰਦੇ, ਪੰਜਾਬ ਦੇ ਲੋਕੀ ਜਥੇ ਬਣਾ
ਹਰਦੁਆਰ ਦੀ ਯਾਤਰਾ ਲਈ ਜਾਇਆ ਕਰਦੇ ਸਨ
ਮੁਸਲਮਾਨੀ ਹਕੂਮਤ ਸਮੇਂ ਵੀ ਹਿੰਦੂਆਂ ਵਿਚ ਗੰਗਾ
ਬੜੀ ਮਾਨਤਾ ਸੀ। ਦੰਦ-ਕਥਾਵਾਂ ਅਨੁਸਾਰ, ਕਈ ਵ
ਗੰਗਾ ਦੀ ਯਾਤਰਾ ਕਰਨ ਗਏ ਹਿੰਦੂਆਂ ਨੂੰ, ਕੋਈ ਪੀ
ਰਾਹ ਵਿਚ ਹੀ ਕਿਸੇ ਜਲ-ਪ੍ਰਵਾਹ ਵਿਚ ਗੰਗਾ ਦੇ ਦਰਸ਼
ਕਰਵਾ ਦਿੰਦੇ ਤੇ ਜਿਸ ਸਰੋਵਰ ਨਦੀ ਵਿਚੋਂ ਉਨ੍ਹਾਂ
ਗੰਗਾ ਦੇ ਦਰਸਨ ਹੁੰਦੇ, ਉਸ ਦੀ ਅੱਲ ਵੀ ਗੰਗਾ
ਪੈ ਜਾਂਦੀ।

ਜਮਨਾ ਤੇ ਸਰਸਵਤੀ ਦਰਿਆ ਦੀ ਵੀ ਪੂਜਾ ਕੀ
ਜਾਂਦੀ ਹੈ। ਇਨ੍ਹਾਂ ਤਿੰਨਾਂ ਦਰਿਆਵਾਂ ਦਾ ਸੰਗਮ ਅਲਾਹਬਾ
ਵਿਚ 'ਤ੍ਰਵੇਣੀ' ਵਿਖੇ ਹੁੰਦਾ ਹੈ। ਜੋ ਬੜਾ ਪਾਵਨ ਅਸਥਾ
ਮੰਨਿਆ ਗਿਆ ਹੈ। ਧਾਰਨਾ ਅਨੁਸਾਰ ਉਥੋਂ ਦੇ ਇਸ਼ਨਾ
ਨਾਲ ਮੁਕਤੀ ਮਿਲਦੀ ਹੈ।

ਇਕ ਹੋਰ ਧਾਰਨਾ ਅਨੁਸਾਰ ਯਮ ਦਿਉਤਾ ਦਰਿ
ਵਿਚ ਰਹਿੰਦਾ ਹੈ ਤੇ ਉਹਨੂੰ ਪਤਿਆਣ ਲਈ ਸੋਨੇ
ਨਿੱਕੀ ਵਡੀ ਮੂਰਤੀ ਬਣਾ ਕੇ ਦਰਿਆ ਨੂੰ ਭੇਟ ਕੀਤੀ ਜਾਂ
ਜਾਂ ਬ੍ਰਾਹਮਣ ਨੂੰ ਦਾਨ ਦਿਤੀ ਜਾਂਦੀ ਹੈ।

ਪੰਜਾਬ ਦੇ ਦਰਿਆਵਾਂ ਵਿਚੋਂ ਬਿਆਸ ਦਰਿਆ
ਪੂਜਾ ਕਿਸੇ ਨਾ ਕਿਸੇ ਰੂਪ ਵਿਚ ਅਜ ਵੀ ਪ੍ਰਚਲਤ ਹੈ
ਇਸ ਦਰਿਆ ਦਾ ਸੰਬੰਧ ਬਿਆਸ ਰਿਸ਼ੀ ਨਾਲ ਹੈ—ਕੁ
ਵਿਚ ਬਿਆਸ ਦੇ ਕੰਢੇ, ਵਸ਼ਿਸ਼ਟ ਦੇ ਨੇੜੇ, ਬਿਆਸ
ਮੰਦਰ ਹੈ।

ਮੁਲਤਾਨ ਤੇ ਉਸ ਦੇ ਨਾਲ ਲਗਦੇ ਇਲਾਕਿ
(ਹੁਣ ਪਾਕਿਸਤਾਨ) ਵਿਚ ਦਰਿਆ ਦੀ ਪੂਜਾ ਦੀ ਪ੍ਰ
ਆਮ ਸੀ। ਹਿੰਦੂ ਦਰਿਆ ਨੂੰ ਖ਼ਾਸ ਖ਼ਾਸ ਮੌਕਿਆਂ ਉ
ਪੂਜਦੇ ਤੇ ਉਨ੍ਹਾਂ ਵਿਚ ਆਸਥਾ ਰਖਦੇ ਸਨ ਤੇ ਆਦ
ਨਾਲ 'ਦਰਿਆ ਸਾਹਿਬ' ਕਹਿੰਦੇ ਸਨ। ਦਰਿਆਵਾਂ
ਪੁਜਾਰੀਆਂ ਨੂੰ ਠਾਕਰ ਕਿਹਾ ਜਾਂਦਾ ਸੀ (ਗਲਾਸ
3/397)।

ਦਰਿਆ ਸਾਹਿਬ ਦਾ ਮਾਨਵੀਕਰਣ ਜਿੰਦਾ ਪੀਰ
ਰੂਪ ਵਿਚ ਵੀ ਕੀਤਾ ਜਾਂਦਾ। ਜਿੰਦਾ ਕਲਿਆਣਕਾ
ਪੀਰ ਦਾ ਚੇਲਾ ਮੰਨਿਆ ਜਾਂਦਾ ਹੈ।

ਮੱਧਕਾਲ ਵਿਚ, ਮੁਸਲਮਾਨੀ ਪ੍ਰਭਾਵ ਹੇਠ ਦਰਿਆ

ਜਿਨ੍ਹਾਂ ਦੀ ਪੂਜਾ ਪੰਜਾਬ ਤੇ ਇਸ ਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿਚ ਕੀਤੀ ਜਾਂਦੀ ਹੈ :

1. ਨਾਗ
2. ਜੋਗਨੀ
3. ਬੇਤਾਲ
4. ਜਲਪਰੀ

ਨਾਗ ਦਾ ਸੰਬੰਧ ਪੰਜਾਬ ਵਿਚ ਪਾਣੀ ਦੇ ਚਸ਼ਮਿਆਂ ਨਾਲ ਜੁੜਿਆ ਰਿਹਾ ਹੈ। ਹਿਊਨਸਾਂਗ ਆਪਣੀਆਂ ਲਿਖਤਾਂ ਵਿਚ ਟੈਕਸਲਾ ਦੇ ਉਤਰ-ਦੱਖਣ ਵਲ 11-12 ਮੀਲਾਂ ਦੀ ਵਿੱਥ ਉੱਤੇ ਸਥਿਤ, ਇਕ ਵਡੇ ਸਰੋਵਰ ਦਾ ਜਿਕਰ ਕਰਦਾ ਹੈ, ਜੋ 250 ਫੁਟ ਦੇ ਘੇਰੇ ਵਿਚ ਸੀ। ਇਸ ਦੇ ਪਾਣੀ ਵਿਚ ਬੜੇ ਸੁੰਦਰ ਤੇ ਰੰਗ-ਬਰੰਗੇ ਕੰਵਲ ਫੱਲ ਹੁੰਦੇ ਸਨ। ਇਹ ਸਰੋਵਰ ਉਦੋਂ ਨਾਗਾਂ ਦੇ ਰਾਜੇ ਅਲਪਤਰਾ ਨਾਲ ਸੰਬੰਧਿਤ ਸੀ।

ਕਨਿੰਘਮ ਦਾ ਵਿਚਾਰ ਹੈ ਕਿ ਹਿਊਨਸਾਂਗ ਦਾ ਵਰਨਣ ਕੀਤਾ, ਇਹ ਸੁੰਦਰ ਅਸਥਾਨ ਹਸਨ ਅਬਦਾਲ ਹੀ ਹੈ, ਜੋ ਟੈਕਸਲਾ ਤੋਂ ਠੀਕ ਉਸੇ ਦਿਸ਼ਾ ਵਲ ਉਤਨੀ ਹੀ ਵਿੱਥ ਉੱਤੇ ਸਥਿਤ ਹੈ, ਜਿਤਨੀ ਕਿ ਹਿਊਨਸਾਂਗ ਦਸਦਾ ਹੈ। ਉਸ ਅਨੁਸਾਰ ਇਹ ਚਸ਼ਮਾ ਨਾਗ ਰਾਜ ਅਲਪਤਰ ਨਾਲ ਸੰਬੰਧਿਤ ਹੈ। ਰਵਾਇਤਾਂ ਅਨੁਸਾਰ ਪ੍ਰਾਚੀਨ ਕਾਲ ਵਿਚ ਜਦੋਂ ਸੋਕਾ ਪੈ ਜਾਂਦਾ ਤਾਂ ਮੀਂਹ ਲਈ ਤਰਲੇ ਲੈਣ ਲਈ ਲੋਕ ਇਥੇ ਆਉਂਦੇ। ਨਾਗ ਦੇਵਤਾ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਪੂਰੀਆਂ ਕਰਦਾ। ਕੁਲੂ ਕਾਂਗੜੇ ਵਿਚ ਹੁਣ ਵੀ ਕਈ ਥਾਈਂ ਨਾਗਾਂ ਦੀ ਜਲ-ਦੇਵ ਵਜੋਂ ਪੂਜਾ ਪ੍ਰਚਲਿਤ ਹੈ।

ਜੋਗਨੀਆਂ ਬਾਰੇ ਧਾਰਨਾ ਹੈ ਕਿ ਇਹ ਆਬਸ਼ਾਰਾਂ ਵਿਚ ਰਹਿੰਦੀਆਂ ਹਨ। ਇਨ੍ਹਾਂ ਦੀ ਇਕ ਕਿਸਮ ਜਲ-ਜੋਗਨੀ ਖੂਹਾਂ ਤੇ ਨਦੀ ਨਾਲਿਆਂ ਵਿਚ ਵਸਦੀ ਹੈ। ਜਲ-ਜੋਗਨੀ ਇਸਤ੍ਰੀਆਂ ਤੇ ਬੱਚਿਆਂ ਨੂੰ, ਕਾਮਣ ਦੁਆਰਾ, ਬੀਮਾਰ ਕਰ ਸੁਟਦੀ ਹੈ। ਕਈ ਵਾਰ ਮੌਤ ਵੀ ਹੋ ਜਾਂਦੀ ਹੈ (ਈ. ਆਰ. ਈ. 12/708/718)। ਜੋਗਨੀਆਂ ਕਾਲੀ ਮਾਤਾ ਦੀਆਂ ਦਾਸੀਆਂ ਹਨ, ਜੋ ਬੀਮਾਰੀਆਂ ਫੈਲਾਂਦੀਆਂ ਤੇ ਯੁੱਧ ਸਮੇਂ ਲਹੂ ਪੀ ਕੇ ਪ੍ਰਸੰਨ ਹੁੰਦੀਆਂ ਹਨ।

ਬੇਤਾਲ ਇਕ ਹੋਰ ਦੇਵ-ਆਤਮਾ ਹੈ, ਜਿਸਨੂੰ ਪਹਾੜੀ ਇਲਾਕੇ ਦੇ ਗੱਦੀ ਪੂਜਦੇ ਤੇ ਪਤਿਆਣ ਲਈ ਅੰਨ-ਪਾਣੀ ਜਾਂ ਆਟੇ ਦੀ ਭੇਟਾ ਕਰਦੇ ਹਨ। ਕੋਈ ਇਨਕਾਰ ਕਰੇ ਤਾਂ ਉਸ ਨੂੰ ਮਾਰਨੋਂ ਵੀ ਨਹੀਂ ਟਲਦੀ (ਈ ਆਰ ਈ 12/718)।

ਪੰਜਾਬ ਵਿਚ ਸਾਵਣ ਭਾਦਰੋਂ ਦੇ ਮਹੀਨੇ ਹੜ੍ਹ ਆਮ ਆਉਂਦੇ ਹਨ। ਹੜ੍ਹ ਦੇ ਪਾਣੀ ਨੂੰ ਰੋਕਣ ਲਈ ਨਦੀ ਦੀ ਪੂਜਾ ਕੀਤੀ ਜਾਂਦੀ ਤੇ ਉਸ ਨੂੰ ਬਲਦ ਭੇਟ ਕੀਤਾ ਜਾਂਦਾ ਹੈ। ਹੜ੍ਹ ਦੀ ਸ਼ਕਤੀ ਦਾ ਆਤਮ ਤੱਤ ਜੇ ਪਤਿਆਇਆ ਜਾਵੇ ਤਾਂ ਕਸ਼ਟ ਨਹੀਂ ਦੇਂਦਾ। ਉਸ ਸ਼ਕਤੀ ਨੂੰ ਪ੍ਰਸੰਨ ਕਰਨ ਲਈ ਬਲਦ ਦੀ ਬਲੀ ਦਿੱਤੀ ਜਾਂਦੀ ਹੈ। ਜੇ ਬਲਦ ਹੜ੍ਹ ਦੇ ਪਾਣੀ ਵਿਚ ਰੁੜ੍ਹ ਜਾਵੇ ਤਾਂ ਬਲੀ ਕਬੂਲ ਹੋ ਗਈ ਸਮਝੋ। ਜੇ ਬਲਦ ਵਾਪਸ ਆਪਣੇ ਕਿਨਾਰੇ ਵਲ ਆ ਜਾਵੇ ਤਾਂ ਸਮਝੋ ਬਲੀ ਕਬੂਲ ਨਹੀਂ ਹੋਈ ਤੇ ਹੜ੍ਹ ਦੁਆਰਾ ਕਾਫੀ ਨੁਕਸਾਨ ਹੋਣ ਦਾ ਡਰ ਹੈ, ਪਰ ਜੇ ਬਲਦ ਦਰਿਆ ਪਾਰ ਕਰ ਜਾਵੇ ਤਾਂ ਪਾਰਲੇ ਪਾਸੇ ਵਲ ਹੜ੍ਹ ਨਾਲ ਨੁਕਸਾਨ ਹੋਵੇਗਾ।

ਕਈ ਲੋਕ ਹੜ੍ਹ ਦੇ ਆਤਮ ਤੱਤ ਨੂੰ ਮਾਤਾ ਸਰੂਪ ਵਿਚ ਕਲਪਦੇ ਹਨ ਤੇ ਉਸ ਨੂੰ ਰੀਝਾਉਣ ਲਈ ਸੋਨੇ ਚਾਂਦੀ ਦੇ ਗਹਿਣੇ ਤੇ ਕਪੜੇ ਆਦਿ ਭੇਟ ਕਰਦੇ ਹਨ।

## (ਜ-71) ਜਲ ਭਰਨਾ :

ਫਿਰੋਜ਼ਪੁਰ ਦੇ ਇਲਾਕੇ ਵਿਚ ਪ੍ਰਚਲਤ ਇਕ ਰੀਤ, ਜੋ ਗਰਭ ਦੇ ਸੰਬੰਧ ਵਿਚ ਕੀਤੀ ਜਾਂਦੀ ਹੈ। ਗਰਭ ਦੇ ਸਤਵੇਂ ਮਹੀਨੇ ਚਾਵਲਾਂ ਦੇ ਆਟੇ ਨੂੰ ਘਿਉ ਵਿਚ ਭੁੰਨ ਕੇ ਤੇ ਖੰਡ ਰਲਾ ਕੇ ਕਚੀਆਂ ਪਿੰਨੀਆਂ ਬਣਾਈਆਂ ਜਾਂਦੀਆਂ ਹਨ। ਉਨ੍ਹਾਂ ਵਿਚੋਂ ਦੋ ਪਿੰਨੀਆਂ ਉਤੇ ਕੇਸਰ ਤਰੋਂਕਿਆ ਜਾਂਦਾ ਹੈ ਤੇ ਸਬੰਧਿਤ ਤੀਵੀਂ ਨੂੰ ਖਾਣ ਲਈ ਦਿਤੀਆਂ ਜਾਂਦੀਆਂ ਹਨ, ਜੋ ਥੋੜ੍ਹੀ ਜਿਹੀ ਪਿੰਨੀ ਮੂੰਹ ਲਗਾਂਦੀ ਹੈ। ਬਾਕੀ ਪਿੰਨੀਆਂ ਭਾਈਚਾਰੇ ਵਿਚ ਵੰਡ ਦਿਤੀਆਂ ਜਾਂਦੀਆਂ ਹਨ। ਇਸ ਰੀਤ ਨੂੰ 'ਜਲ ਭਰਨਾ' ਕਹਿੰਦੇ ਹਨ।

## (ਜ-72) ਜਲ ਮੂੰਹ ਲਗਾਣਾ :

ਪੰਜਾਬ ਵਿਚ ਨਵੇਂ ਜੰਮੇ ਬੱਚੇ ਨੂੰ, ਪਹਿਲੀ ਵਾਰ ਜਲ ਵਿਸਾਖੀ ਵਾਲੇ ਦਿਨ ਮੂੰਹ ਲਗਾਇਆ ਜਾਂਦਾ ਹੈ। ਵਿਸਾਖੀ ਵਾਲੇ ਦਿਨ ਕਿਸੇ ਪਵਿਤ੍ਰ ਸਰੋਵਰ, ਖੂਹ ਜਾਂ ਕਿਸੇ ਤੀਰਥ ਉਤੇ ਜਾ ਕੇ ਬੱਚੇ ਨੂੰ ਜਲ ਮੂੰਹ ਲਗਾਇਆ ਜਾਂਦਾ ਹੈ। ਜੇ ਤੀਰਥ/ਸਰੋਵਰ ਦੂਰ ਹੋਣ ਤਾਂ ਸਿੱਖਾਂ ਵਿਚ

(ਜ-73) **ਜਲ ਲਾਵਾਂ** :

ਸਾਂਹਸੀਆਂ ਵਿਚ ਲਾਵਾਂ ਦੀ ਰਸਮ ਜਲ ਦੁਆਲੇ ਹੁੰਦੀ ਹੈ। ਲਾਵਾਂ ਤੋਂ ਪਹਿਲਾਂ ਧਰਤੀ ਵਿਚ ਫੁਟ ਡੇਢ ਫੁਟ ਚੌੜਾ ਟੋਆ ਪੁਟ ਲਿਆ ਜਾਂਦਾ ਹੈ। ਉਸ ਟੋਏ ਨੂੰ ਅੰਦਰੋਂ ਲੇਪ ਦੇ ਕੇ ਪੱਕਾ ਕਰ ਲਿਆ ਜਾਂਦਾ ਹੈ। ਫਿਰ ਇਸ ਟੋਏ ਨੂੰ, ਜਲ ਨਾਲ ਭਰ ਦਿਤਾ ਜਾਂਦਾ ਹੈ। ਲਾਵਾਂ ਵੇਲੇ, ਲਾੜ੍ਹਾ ਲਾੜ੍ਹੀ ਦਾ ਪੱਲੂ ਬੰਨ੍ਹ ਕੇ, ਇਸ ਟੋਏ ਦੁਆਲੇ ਫੇਰੇ ਦਿਤੇ ਜਾਂਦੇ ਹਨ। ਫੇਰਿਆਂ ਸਮੇਂ ਲਾਵਾਂ ਦੇ ਗੀਤ ਗਾਏ ਜਾਂਦੇ ਹਨ।

(ਜ-74) **ਜਲਵਾ ਪੂਜਨ** :

ਫ਼ਿਰੋਜ਼ਪੁਰ ਜਿਲੇ ਦੇ ਬਾਗੜੀ ਘੁੰਮਿਆਰਾਂ ਵਿਚ ਪ੍ਰਚਲਤ ਇਕ ਰੀਤ, ਜੋ ਜੇਠੇ ਬੱਚੇ ਵੇਲੇ ਕੀਤੀ ਜਾਂਦੀ ਹੈ। ਬੱਚੇ ਦੇ ਜੰਮਣ ਦੇ ਮਹੀਨਾ ਕੁ ਮਗਰੋਂ, ਮਾਂ ਸੱਜ ਧੱਜ ਕੇ, ਹੋਰ ਅੰਗਾਂ ਸਾਕਾਂ ਨਾਲ, ਜੱਥੇ ਦੀ ਸਕਲ ਵਿਚ, ਗੀਤ ਗਾਉਂਦੀ, ਪਿੰਡ ਦੇ ਤਲਾਬ ਉੱਤੇ ਜਾਂਦੀ ਹੈ ਅਤੇ ਉਥੇ ਜਾ ਕੇ ਮਿੱਠੀਆਂ ਘੁੰਘਣੀਆਂ, ਜਿਨ੍ਹਾਂ ਨੂੰ 'ਗੁਹਾਰੀ' ਕਹਿੰਦੇ ਹਨ, ਵੰਡਦੀ ਹੈ। ਸਭ ਤੀਵੀਆਂ ਆਪੋ ਆਪਣੇ ਘੜੇ ਭਰ ਕੇ ਵਾਪਸ ਆ ਜਾਂਦੀਆਂ ਹਨ। ਇਸ ਮੌਕੇ ਉਤੇ ਜਲ ਨੂੰ ਪੂਜਿਆ ਜਾਂਦਾ ਹੈ।

(ਜ-75) **ਜਲਾਲੀ** :

ਰੋਡਾ-ਜਲਾਲੀ ਪ੍ਰੀਤ-ਕਿੱਸੇ ਦੀ ਨਾਇਕਾ। ਰੋਡਾ ਤੇ ਜਲਾਲੀ ਕਦੋਂ ਤੇ ਕਿਥੇ ਹੋਏ, ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਿੰਡ ਰੋਡੇ ਸ਼ਾਹ ਲਾਹੌਰ ਦੇ ਨੇੜੇ ਅੰਮ੍ਰਿਤਸਰ ਨੂੰ ਜਾਂਦੀ ਸੜਕ ਉਤੇ ਸਥਿਤ ਹੈ। ਸਰ ਰਿਚਰਡ ਟੈਂਪਲ ਅਨੁਸਾਰ ਰੋਡਾ ਅਬਦੁਲ ਕਾਦਿਰ ਜਿਲਾਨੀ ਦਾ ਮੁਰੀਦ ਸੀ, ਇਸ ਹਿਸਾਬ ਨਾਲ ਉਹ ਪੰਦਰਵੀਂ ਸਦੀ ਵਿਚ ਹੋਇਆ ਮੰਨਿਆ ਜਾ ਸਕਦਾ ਹੈ।

ਸਰ ਰਿਚਰਡ ਟੈਂਪਲ ਨੇ, ਜੋ ਕਿੱਸਾ ਅੰਬਾਲੇ ਜਿਲੇ ਦੇ ਇਕ ਭੱਟ ਤੋਂ ਸੁਣ ਕੇ 'ਲਿਜਿੰਡਜ਼ ਆਫ਼ ਦੀ ਪੰਜਾਬ' (ਜਿਲਦ ਦੂਜੀ, ਪੰਨਾ 163-176) ਵਿਚ ਦਿਤਾ, ਉਸ ਅਨੁਸਾਰ ਰੋਡਾ ਮੱਕੇ ਦਾ ਰਹਿਣ ਵਾਲਾ ਸੀ ਤੇ ਜਲਾਲੀ ਬਗਦਾਦ ਦੀ। ਰੋਡਾ ਮੱਕੇ ਤੋਂ ਜਲਾਲੀ ਦੇ ਹੁਸਨ ਦਾ ਜਲਵਾ ਵੇਖਣ ਲਈ ਬਗਦਾਦ ਆਇਆ। ਜਲਾਲੀ ਆਪਣਾ ਮੁੱਖੜਾ ਰੋਡੇ ਨੂੰ ਨਹੀਂ ਸੀ ਵਿਖਾਉਣਾ ਚਾਹੁੰਦੀ ਤੇ ਉਹ ਦੇ ਦਰ ਤੇ ਆ ਖਲੋਤਾ। ਜਲਾਲੀ ਨੇ, ਪਿਉ ਨੂੰ ਕਿਹਾ ਕਿ ਇਸ ਨੂੰ ਸਾੜ ਕੇ ਖ਼ਾਕ ਕਰ ਦਿਉ। ਜਦੋਂ ਰੋਡੇ ਨੂੰ ਸਾੜਿਆ ਗਿਆ ਤਾਂ ਉਹ ਧੂੰਆਂ ਬਣ ਕੇ ਉਡ ਗਿਆ। ਰੋਡਾ ਇਕ ਵਾਰ ਫਿਰ ਪ੍ਰਗਟ ਹੋਇਆ ਤੇ ਉਸ ਨੇ ਜਲਾਲੀ ਨੂੰ ਮੁਖੜਾ ਵਿਖਾਣ ਲਈ ਕਿਹਾ। ਜਲਾਲੀ ਨੇ ਪਹਿਲਾਂ ਆਪਣੀ ਭੈਣ ਕਮਾਲੀ ਨੂੰ ਭੇਜਿਆ। ਰੋਡੇ ਨੇ ਪਛਾਣ ਲਿਆ ਕਿ ਇਹ ਜਲਾਲੀ ਨਹੀਂ। ਅਖ਼ੀਰ ਜਲਾਲੀ ਨੇ ਰੋਡੇ ਨੂੰ ਦਰਸ਼ਨ ਦਿਤੇ। ਰੋਡੇ ਨੂੰ ਵੇਖਦੇ ਸਾਰ ਜਲਾਲੀ ਉਸ ਉਤੇ ਮੋਹਿਤ ਹੋ ਗਈ ਤੇ ਕਹਿਣ ਲਗੀ ਕਿ ਉਹ ਰੋਡੇ ਬਿਨਾਂ ਜੀਉਂਦੀ ਨਹੀਂ ਰਹਿ ਸਕਦੀ। ਰੋਡਾ ਉਸ ਨੂੰ ਆਪਣੇ ਨਾਲ ਮੱਕੇ ਲੈ ਆਇਆ। ਇਸ ਕਥਾ ਵਿਚ ਬਹੁਤ ਸਾਰੇ ਪਰਾਸਰੀਰਕ ਤਤ ਹਨ, ਜੋ ਲੋਕਧਾਰਾ ਦਾ ਹੀ ਅੰਗ ਹਨ ਤੇ ਬਾਕੀ ਕਿੱਸਿਆਂ ਵਿਚ ਵੀ ਮਿਲਦੇ ਹਨ।

ਬਜ਼ਾਰ ਵਿਚ ਵਿਕਦੇ ਕਿੱਸਿਆਂ ਵਿਚ ਜਲਾਲੀ 'ਪਤਨਾ' ਦੀ ਰਹਿਣ ਵਾਲੀ ਦਸੀ ਗਈ ਹੈ। ਕੋਈ ਇਸਨੂੰ ਕਰਨਾਲ ਜਿਲੇ ਦੀ ਵਸਨੀਕ ਮੰਨਦਾ ਹੈ ਤੇ ਕੋਈ ਮੁਲਤਾਨ ਜ਼ਿਲੇ ਦੀ। ਸ. ਸ. ਅਮੋਲ ਤੇ ਪ੍ਰਿੰਸੀਪਲ ਤੇਜਾ ਸਿੰਘ (ਪੰਜਾਬੀ ਭੌਰੇ) ਅਨੁਸਾਰ ਜਲਾਲੀ ਹੁਸ਼ਿਆਰਪੁਰ ਦੇ ਇਕ ਪਿੰਡ 'ਲਾਲ ਸਿੰਙੀ' ਦੀ ਰਹਿਣ ਵਾਲੀ ਸੀ। ਜਿਸ ਥਾਂ 'ਲਾਲ ਸਿੰਙੀ' ਅਜ ਕਲ ਵਸਦਾ ਹੈ, ਉਥੇ ਕਦੇ ਜਲਾਲੀ ਨਾਂ ਦਾ ਪੁਰਾਤਨ ਸ਼ਹਿਰ ਸੀ, ਜੋ ਬਾਅਦ ਵਿਚ ਰੋਡੇ ਦੇ ਸਰਾਪ ਕਾਰਨ ਜਾਂ ਵੈਸੇ ਹੀ ਉਜੜ ਗਿਆ। ਕਈ ਸਦੀਆਂ ਮਗਰੋਂ ਉਥੇ 'ਲਾਲ ਸਿੰਙੀ' ਨਾਂ ਦਾ ਇਕ ਪਿੰਡ ਵਸਿਆ। ਇਹ 'ਲਾਲ ਸਿੰਙੀ' ਹੁਸ਼ਿਆਰਪੁਰ ਤੋਂ 20 ਕੋਹ ਦੂਰ ਊਨੇ ਦੇ ਨੇੜੇ ਇਕ ਨਿੱਕਾ ਜਿਹਾ ਪਿੰਡ ਹੈ।

ਜਲਾਲੀ ਜ਼ਾਤ ਦੀ ਹਿੰਦੂ ਲੁਹਾਰਨ ਸੀ ਤੇ ਉਸ ਦੇ ਗੋਤ ਦੇ ਨਾਂ ਉਤੇ, ਉਸ ਦਾ ਨਾਂ ਜਲਾਲੀ ਪੈ ਗਿਆ। ਰੋਡਾ ਬਲਖ ਬੁਖਾਰੇ ਦਾ ਰਹਿਣ ਵਾਲਾ ਸੀ। ਉਹ ਉਦਾਸ ਹੋ ਕੇ ਪੰਜਾਬ ਵਲ ਨਿਕਲ ਤੁਰਿਆ ਅਤੇ ਪਾਕਪਟਨ ਤੋਂ ਹੁੰਦਾ ਹੋਇਆ ਲਾਲ ਸਿੰਙੀ ਪੁਜਾ, ਜਿਥੇ ਉਸ ਨੇ ਧੁਆਂ ਭਦਰਾਂ ਦੇ ਕੰਢੇ ਜਲਾਲੀ ਨੂੰ ਵੇਖਿਆ। ਦੋਹਾਂ ਵਿਚ ਇਕ ਦੂਜੇ ਲਈ ਪ੍ਰੇਮ ਜਾਗ ਪਿਆ। ਜਲਾਲੀ ਹਰ ਰੋਜ਼ ਜੰਗਲ ਵਿਚ ਰੋਡੇ ਨੂੰ ਭੋਜਨ ਦੇਣ ਜਾਂਦੀ। ਦੋਹਾਂ ਦੇ ਪਿਆਰ ਦੀਆਂ ਗੱਲਾਂ ਸਾਰੇ ਪਿੰਡ ਵਿਚ ਫੈਲ ਗਈਆਂ ਤੇ ਜਲਾਲੀ ਦੇ ਭਰਾਵਾਂ ਨੇ ਰੋਡੇ ਨੂੰ ਪਹਿਲਾਂ ਨਦੀ ਵਿਚ ਰੋਹੜ ਦਿਤਾ, ਜਿਥੋਂ ਉਹ ਬਚ ਨਿਕਲਿਆ ਤੇ ਫੇਰ ਵੱਢ-ਟੁਕ ਕੇ

ਬਾਲ ਮਿੱਠੀ ਪਿੰਡ ਵਿਚ ਬੜਾ ਪ੍ਰਸਿੱਧ ਹੈ :

ਜਲਾਲੀ : ਕਿਥੋਂ ਦੂਰੋਂ ਚਲਿਆ
ਵੇ ਮੈਂ ਵਾਰੀ ਰੋੜਿਆ ਫਕੀਰਾ
ਆਇਓਂ ਜਲਾਲੀ ਦੇ ਦੁਆਰ ।

ਰੋੜਾ : ਬਲਖ ਬੁਖਾਰਿਓਂ ਚਲਿਆ
ਨੀ ਜਲਾਲੀ ਲੁਹਾਰੀਏ ਨੀ
ਆਇਆ ਚੜ੍ਹ ਪਹਾੜ ।

ਜਲਾਲੀ : ਜੇ ਤੂੰ ਭੁੱਖਾ ਮੰਨੀ ਦਾ,
ਵੇ ਵਾਰੀ ਰੋੜਿਆ ਫਕੀਰਾ,
ਤੈਨੂੰ ਰੋਟੀ ਦਿਆਂ ਪਕਾ,
ਤੂੰ ਮੁੜ ਪਿਛਾਂਹ ਨੂੰ ਜਾ ।

ਰੋੜਾ : ਨਾ ਮੈਂ ਭੁੱਖਾ ਮੰਨੀ ਦਾ
ਨੀ ਜਲਾਲੀ ਲੁਹਾਰੀਏ ਨੀ
ਮੈਂ ਲੈਣਾ ਤੇਰਾ ਦੀਦਾਰ ।

ਜਲਾਲੀ : ਜੇ ਤੂੰ ਭੁੱਖਾ ਵਿਆਹ ਦਾ,
ਵੇ ਵਾਰੀ ਰੋੜਿਆ ਫਕੀਰਾ,
ਵਿਆਹ ਕਰਾਵਾਂ ਚਾਰ,
ਤੂੰ ਮੁੜ ਪਿਛਾਂਹ ਨੂੰ ਜਾ ।

ਰੋੜਾ : ਨਾ ਮੈਂ ਭੁੱਖਾ ਵਿਆਹ ਦਾ,
ਨੀ ਜਲਾਲੀ ਲੁਹਾਰੀਏ ਨੀ,
ਮੈਂ ਲੈਣਾ ਤੇਰਾ ਦੀਦਾਰ ।

ਜਲਾਲੀ : ਜੇ ਤੂੰ ਭੁੱਖਾ ਦੀਦਾਰ ਦਾ,
ਵੇ ਵਾਰੀ ਰੋੜਿਆ ਫਕੀਰਾ,
ਝੰਗ ਸਿਆਲਾਂ ਨੂੰ ਜਾ
ਮੁੜ ਪਿਛਾਂਹ ਨੂੰ ਜਾ ।
ਝੰਗ ਸਿਆਲੀ ਜੱਟੀਆਂ
ਵੇ ਵਾਰੀ ਰੋੜਿਆ ਫਕੀਰਾ,
ਰਖਣਗੀਆਂ ਦਿਲ ਪਰਚਾ,
ਤੂੰ ਮੁੜ ਪਿਛਾਂਹ ਨੂੰ ਜਾ ।

ਰੋੜਾ : ਮੈਂ ਭੁੱਖਾ ਨੀ ਤੇਰੇ ਦੀਦਾਰ ਦਾ,
ਨੀ ਜਲਾਲੀ ਲੁਹਾਰੀਏ ਨੀ,
ਮੈਂ ਲੈਣਾ ਤੇਰਾ ਦੀਦਾਰ ।

## (ਜ-76) ਜਲਾਲੀ ਸੰਪਰਦਾਇ :

ਇਹ ਵਲੀ ਸੰਪਰਦਾਇ, ਜਿਸ ਦਾ ਮੋਢੀ ਸੱਯਦ

## (ਜ-77) ਜਲੂਸ

ਜਲੂਸ ਕੱਢਣ ਦਾ ਰਵਾਜ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ । ਪਹਿਲਾਂ ਪਹਿਲ ਜਲੂਸ ਮੂਰਤੀਆਂ ਤੇ ਝੰਡਿਆਂ ਦੇ ਕੱਢੇ ਗਏ । ਪੁਰਾਣੇ ਸਮਿਆਂ ਵਿਚ, ਹਿੰਦੂ, ਨਵੀਂ ਮੂਰਤੀ ਨੂੰ ਸਥਾਪਿਤ ਕਰਨ ਤੋਂ ਪਹਿਲਾ, ਪਿੰਡ ਜਾਂ ਕਸਬੇ ਵਿਚ, ਉਸ ਦਾ ਜਲੂਸ ਕੱਢਦੇ ਸਨ ਤਾਂ ਜੋ ਦੇਵ-ਮੂਰਤੀ ਨੂੰ, ਆਪਣੇ ਉਸ ਅਧਿਕਾਰ ਖੇਤਰ ਦਾ, ਜਿਸ ਦੀ ਉਸ ਰਖਿਆ ਕਰਨੀ ਹੈ, ਪਤਾ ਲਗ ਜਾਵੇ । ਇਹ ਜਲੂਸ ਪਿੰਡ ਦੀ ਸੀਮਾਂ ਦੁਆਲੇ ਕਢੇ ਜਾਂਦੇ ਸਨ । ਜੈਨੀਆਂ ਵਿਚ ਤੀਰਥੰਕਰਾਂ ਤੇ ਦੇਵਤਿਆਂ ਦੀਆਂ ਮੂਰਤੀਆਂ ਦੇ ਜਲੂਸ ਦੀ ਪ੍ਰਥਾ ਬੜੀ ਪੁਰਾਣੀ ਹੈ । ਬੋਧੀ ਸਤੂਪ ਵਿਚ ਭਿਖਸ਼ੂਆਂ ਦੀਆਂ ਫੁੱਲ (ਅਸਥੀਆਂ) ਰਖਣ ਤੋਂ ਪਹਿਲਾ ਇਕ ਜਲੂਸ ਕਢਿਆ ਜਾਂਦਾ ਸੀ ।

ਮੂਰਤੀਆਂ ਨੂੰ ਕਈ ਵਾਰ ਕਿਸੇ ਪਵਿਤ੍ਰ ਦਰਿਆ ਜਾਂ ਸਰੋਵਰ ਵਿਚ ਇਸ਼ਨਾਨ ਕਰਵਾਇਆ ਜਾਂਦਾ, ਜਾਂ ਕਿਸੇ ਪੁਰਾਣੀ ਟੁੱਟੀ-ਭੱਜੀ ਮੂਰਤੀ ਨੂੰ ਜਲ-ਪ੍ਰਵਾਹ ਕੀਤਾ ਜਾਂਦਾ ਤਾਂ ਮੂਰਤੀ ਨੂੰ ਪਾਲਕੀ ਵਿਚ ਰਖ ਕੇ ਪਹਿਲਾਂ ਜਲੂਸ ਕਢਿਆ ਜਾਂਦਾ ।

ਮੁਸਲਮਾਨਾਂ ਵਿਚ ਕੇਵਲ ਸ਼ੀਆ ਲੋਕ ਹੀ, ਮੁਹੱਰਮ ਦੇ ਦਿਨਾਂ ਵਿਚ, ਤਾਜ਼ੀਏ ਦਾ ਜਲੂਸ ਕੱਢਦੇ ਹਨ । ਇਹ ਜਲੂਸ ਹੁਸਨ-ਹੁਸੈਨ ਦੀ ਯਾਦ ਵਿਚ ਕਢਿਆ ਜਾਂਦਾ ਹੈ ਤੇ 'ਤਾਜ਼ੀਏ' ਕਰਬਲਾ ਵਿਚ ਜਾ ਕੇ ਦਫ਼ਨਾ ਦਿਤੇ ਜਾਂਦੇ ਹਨ । ਇਸ ਜਲੂਸ ਵਿਚ ਸ਼ੀਆ ਮੁਸਲਮਾਨ, ਰੋਂਦੇ ਪਿਟਦੇ ਤੇ ਛਾਤੀਆਂ ਕੁਟਦੇ ਜਾਂਦੇ ਹਨ । ਕਈ ਤਾਂ ਆਪਣੀ ਪਿਠ 'ਤੇ ਕੋਰੜੇ ਵੀ ਮਾਰਦੇ ਹਨ । ਕਈ ਵਾਰ ਇਸ ਜਲੂਸ ਵਿਚ ਤਾਂਬੇ ਦਾ ਇਕ ਖੁਲ੍ਹਾ ਹੱਥ ਬਣਾ ਕੇ ਫੇਰਿਆ ਜਾਂਦਾ ਹੈ । ਮੁਸਲਮਾਨ ਇਸ ਨੂੰ 'ਸ਼ਹਾਦਤ ਦਾ ਪੰਜਾ' ਕਹਿੰਦੇ ਹਨ । ਇਸਲਾਮ ਦੇ ਸੁੰਨੀ ਫ਼ਿਰਕੇ ਵਿਚ ਮੇਲੇ ਤਾਂ ਲਗਦੇ ਹਨ, ਪਰ ਕੋਈ ਧਾਰਮਿਕ ਜਲੂਸ ਨਹੀਂ ਕਢਿਆ ਜਾਂਦਾ ।

ਸਿੱਖਾਂ ਵਿਚ ਗੁਰੂਆਂ ਦੇ ਜਨਮ ਉਤਸਵ 'ਤੇ ਗੁਰੂ ਗ੍ਰੰਥ ਸਾਹਿਬ ਨੂੰ ਪਾਲਕੀ ਵਿਚ ਰਖ ਕੇ, ਜਲੂਸ ਕਢਿਆ ਜਾਂਦਾ ਹੈ । ਜਲੂਸ ਵਿਚ ਸ਼ਬਦ ਕੀਰਤਨ ਕਰਨ ਵਾਲੀਆਂ ਅਨੇਕਾਂ ਮੰਡਲੀਆਂ ਹੁੰਦੀਆਂ ਹਨ । ਇਨ੍ਹਾਂ ਜਲੂਸਾਂ ਦਾ ਰਵਾਜ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪਿਆ । ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਉਤਸਵ ਉਤੇ, ਧੂਮ ਧਾਮ ਨਾਲ, ਜਲੂਸ ਕਢੇ ਜਾਂਦੇ ਹਨ । ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ

(ਜ-78) **ਜਵਾ** :

ਪੋਠੋਹਾਰ ਵਿਚ ਪ੍ਰਚਲਤ, ਤੀਵੀਆਂ ਦਾ ਇਕ ਗਹਿਣਾ, ਜੋ ਗਲ ਵਿਚ ਹਾਰ ਵਾਂਗ ਪਹਿਨਿਆ ਜਾਂਦਾ ਹੈ।

(ਜ-79) **ਜਵਾਈ** :

ਪੰਜਾਬੀ ਭਾਈਚਾਰੇ ਵਿਚ ਜਵਾਈ ਬਾਰੇ ਕਈ ਅਖਾਣ ਮਿਲਦੇ ਹਨ ਜਿਵੇਂ :

1. ਜਾਂ ਧੀ ਪੇਕੇ, ਜਵਾਈ ਨਿਤ ਮੱਥਾ ਟੇਕੇ।
   ਜਾਂ ਧੀ ਸਹੁਰੇ, ਜਵਾਈ ਕਦੇ ਵੀ ਨਾ ਬਹੁੜੇ।
2. ਸਹੁਰੇ ਘਰ ਜਵਾਈ ਕੁੱਤਾ।
   (ਵੇਖੋ : ਰਿਸ਼ਤੇਦਾਰੀਆਂ)।

(ਜ-80) **ਜਵਾਸਾਂ** :

ਇਕ ਛੋਟੇ ਕਦ ਦਾ ਕੰਡਿਆਲਾ ਬੂਟਾ, ਜੋ ਗਰਮੀਆਂ ਤੇ ਖੁਸ਼ਕ ਮੌਸਮ ਵਿਚ ਵੀ ਹਰਾ ਭਰਾ ਰਹਿੰਦਾ ਹੈ। ਇਸ ਨੂੰ ਚਿਟੇ ਰੰਗ ਦੀਆਂ ਕਲੀਆਂ ਤੇ ਲਾਲ ਰੰਗ ਦੇ ਫੁਲ ਲਗਦੇ ਹਨ। ਵਰਖਾ ਰੁਤ ਵਿਚ ਇਹ ਬੂਟਾ ਮੁਰਝਾ ਜਾਂਦਾ ਹੈ। ਇਸ ਪੌਦੇ ਨੂੰ ਊਠ ਖਾਂਦੇ ਹਨ, ਜਿਸ ਕਰ ਕੇ ਇਸਨੂੰ ਊਂਟ-ਕਟਾਰਾ ਵੀ ਕਹਿੰਦੇ ਹਨ। ਇਸ ਬਾਰੇ ਇਕ ਅਖਾਣ ਹੈ।

(ਜ-81) **ਜਵਾਬਨਾਮਾ** :

ਸ਼ੀਹਾ ਮੁਸਲਮਾਨਾਂ ਵਿਚ ਰਵਾਜ ਹੈ ਕਿ ਕਬਰ ਵਿਚ ਮੁਰਦੇ ਦੀ ਛਾਤੀ ਉਤੇ ਇਕ ਲਿਖਤ ਰਖ ਦਿਤੀ ਜਾਂਦੀ ਹੈ, ਜੋ ਉਨ੍ਹਾਂ ਸਵਾਲਾਂ ਦਾ ਜਵਾਬ ਹੁੰਦੀ ਹੈ, ਜੋ ਮੁਨੱਕਰ ਤੇ ਨੱਕੀਰ ਨਾਂ ਦੇ ਦੋ ਫ਼ਰਿਸ਼ਤਿਆਂ ਨੇ, ਮਰਨ ਮਗਰੋਂ ਪ੍ਰਾਣੀ ਤੋਂ ਪੁਛਣੇ ਹੁੰਦੇ ਹਨ। ਕਈ ਮੁਸਲਮਾਨ ਤਾਂ ਕਪੜੇ ਉਤੇ ਕਲਮਾ ਲਿਖ ਕੇ, ਮੁਰਦਾ ਦੇਹ ਦੇ ਨਾਲ ਕਬਰ ਵਿਚ ਰਖ ਦੇਂਦੇ ਹਨ।

(ਜ-82) **ਜਵਾਰਾ** :

ਨੁਰਾਤਿਆਂ ਦੇ ਦਿਨਾਂ ਵਿਚ, ਕੁੜੀਆਂ, ਘਰਾਂ ਵਿਚ ਜੌਂ ਦੀ ਖੇਤੀ ਬੀਜਦੀਆਂ ਹਨ ਅਤੇ ਨੌਂ ਦਿਨ ਇਸ ਨੂੰ ਪੂਜਦੀਆਂ ਤੇ ਪਾਣੀ ਪਾ ਕੇ ਵਡੀ ਕਰਦੀਆਂ ਹਨ। ਦੁਸਹਿਰੇ ਵਾਲੇ ਦਿਨ ਦਸਵੀਂ ਨੂੰ ਜੌਂ ਦੀਆਂ ਕੋਂਪਲਾਂ, ਆਪਣੇ ਭਰਾਵਾਂ ਤੇ ਪਿਉ ਨੂੰ ਪੱਗ ਵਿਚ ਟੁੰਗਣ ਲਈ ਦੇਂਦੀਆਂ ਹਨ। ਇਨ੍ਹਾਂ ਕੋਂਪਲਾਂ ਨੂੰ 'ਜਵਾਰਾ' ਕਹਿੰਦੇ ਹਨ।

ਅਵਤਾਰ ਹੈ। ਸੱਤੀ ਦੇਵੀ ਦਖਸ਼ ਦੀ ਧੀ ਤੇ ਸਿਵ ਦੀ ਪਤਨੀ ਸੀ। ਸੱਤੀ ਆਪਣੇ ਪਿਉ ਦਖਸ਼ ਵਲੋਂ ਕੀਤੇ ਗਏ ਯੱਗ ਉਤੇ, ਆਪਣੇ ਪਤੀ ਸ਼ਿਵ ਦੀ ਅਨਾਦਰੀ ਨਾ ਸਹਾਰ ਸਕੀ ਤੇ ਉਸ ਨੇ ਪਹਾੜਾਂ ਵਿਚੋਂ, ਇਕ ਅਗਨ ਉਤਪੰਨ ਕੀਤੀ, ਜਿਸ ਵਿਚ ਉਹ ਖ਼ੁਦ ਸੜ ਕੇ ਮਰ ਗਈ। ਇਹ ਅੱਗ ਜਵਾਲਾ ਦੇਵੀ ਦੇ ਰੂਪ ਵਿਚ, ਜਵਾਲਾਮੁਖੀ ਦੇ ਤੀਰਥ ਵਿਚ, ਅੱਜ ਤਕ ਪ੍ਰਗਟ ਹੋ ਰਹੀ ਹੈ। ਅਗਨ ਦੀਆਂ ਜੋਤਾਂ ਨੂੰ ਦੇਵੀ ਦਾ ਪ੍ਰਕਾਸ਼ ਮੰਨਿਆ ਗਿਆ ਹੈ।

(ਜ-84) **ਜਵਾਲਾਮੁਖੀ** :

ਹਿੰਦੂਆਂ ਦਾ ਇਕ ਪ੍ਰਸਿਧ ਤੀਰਥ, ਜੋ ਕਾਂਗੜੇ ਤੋਂ 22 ਮੀਲ ਦੱਖਣ ਵਲ ਸਥਿਤ ਹੈ। ਇਥੇ ਜਵਾਲਾ ਦੇਵੀ ਦਾ ਮੰਦਰ ਹੈ। ਜਵਾਲਾਮੁਖੀ ਪਹਾੜ ਵਿਚੋਂ, ਅੱਗ ਦੀਆਂ ਲਾਟਾਂ ਮਸ਼ਾਲਾਂ ਵਾਂਗ ਨਿਕਲਦੀਆਂ ਰਹਿੰਦੀਆਂ ਹਨ। ਸਰਧਾਲੂ ਇਸ ਨੂੰ ਜਵਾਲਾ ਦੇਵੀ ਦਾ ਚਮਤਕਾਰ ਮੰਨਦੇ ਹਨ।

ਇਕ ਮਿਥਕ-ਕਥਾ ਅਨੁਸਾਰ ਜਵਾਲਾਮੁਖੀ ਦੀ ਅਗਨੀ ਜਾਲੰਧਰ ਦੈਂਤ ਦੇ ਮੂੰਹ ਵਿਚੋਂ ਨਿਕਲਦੀਆਂ ਲਾਟਾਂ ਹਨ। ਜਾਲੰਧਰ ਦੈਂਤ ਨੂੰ ਜਦੋਂ ਦੇਵੀ ਨੇ ਬੱਧ ਕੀਤਾ ਤਾਂ ਦੈਂਤ ਦਾ ਸਿਰ ਬੈਜ ਨਾਥ, ਨਾਭੀ ਕਾਂਗੜਾ ਵਿਖੇ, ਮੋਢੇ ਤਰਲੋਕ ਨਾਥ ਤੇ ਜਵਾਲਾਮੁਖੀ ਵਿਖੇ ਅਤੇ ਪੈਰ ਗੁਲੇਰ ਵਿਖੇ ਕਬਰਾਂ ਵਿਚ ਡਿਗੇ। ਇਹ ਸਾਰਾ ਘੇਰਾ 48 ਵਰਗ ਮੀਲ ਬਣਦਾ ਹੈ। ਦੇਵੀ ਨੇ ਮਰਦੇ ਦੈਂਤ ਦੀ ਅੰਤਮ ਖਵਾਹਿਸ਼ ਮੰਨਦਿਆਂ, ਇਹ ਪ੍ਰਵਾਨ ਕਰ ਲਿਆ ਕਿ ਜਿਹੜਾ ਵੀ 48 ਮੀਲਾਂ ਦੇ ਇਸ ਘੇਰੇ ਵਿਚ ਪ੍ਰਾਣ ਤਿਆਗੇਗਾ, ਉਸ ਦੇ ਸਭ ਪਾਪ ਮਾਫ਼ ਹੋ ਜਾਣਗੇ। ਇਸੇ ਵਰ ਕਰਕੇ ਇਹ ਸਾਰਾ ਖੇਤਰ ਬੜਾ ਪਵਿਤ੍ਰ ਮੰਨਿਆ ਜਾਂਦਾ ਹੈ (ਕਾਂਗੜਾ ਗਜ਼ਟੀਅਰ, ਪੰਨਾ 255)। ਪੁਰਾਣ ਕਥਾਵਾਂ ਅਨੁਸਾਰ ਜਾਲੰਧਰ ਦੈਂਤ ਨੂੰ, ਸ਼ਿਵ ਨੇ ਪਹਾੜ ਸੁਟ ਕੇ, ਕੁਚਲ ਦਿਤਾ ਸੀ। ਜਵਾਲਾਮੁਖੀ ਦੈਂਤ ਦਾ ਮੁਖ ਹੈ, ਜਿਥੋਂ ਹੁਣ ਤਕ ਅੱਗ ਨਿਕਲ ਰਹੀ ਹੈ। ਜਾਲੰਧਰ ਦਾ ਅਜੋਕਾ ਖੇਤਰ ਜਾਲੰਧਰ ਦੈਂਤ ਦੀ ਪਿਠ ਉਤੇ ਸਥਿਤ ਹੈ।

ਕਾਲਿਕਾ ਪੁਰਾਣ ਅਨੁਸਾਰ ਜਵਾਲਾਮੁਖੀ ਵਿਚ ਸੱਤੀ ਦੇਵੀ ਦੀ ਜੀਭ ਡਿਗੀ ਸੀ। ਜਦੋਂ ਸੱਤੀ ਦੇਵੀ ਨੇ ਆਪਣੇ ਪਿਤਾ ਦੱਖਸ਼ ਵਲੋਂ ਕੀਤੇ ਗਏ ਜੱਗ ਵਿਚ, ਆਪਣੇ ਪਤੀ ਮਹਾਦੇਵ (ਸ਼ਿਵ) ਦੀ ਨਿਰਾਦਰੀ ਹੁੰਦੀ ਵੇਖੀ ਤਾਂ ਉਸ ਨੇ ਜੱਗ ਦੇ ਕੁੰਡ ਵਿਚ ਡਿਗ ਕੇ ਪ੍ਰਾਣ ਤਿਆਗ ਦਿਤੇ।

ਜਿਸਮ ਦੇ ਅੰਗ ਕਈ ਟੁਕੜਿਆਂ ਵਿਚ ਕਟ ਦਿਤੇ। ਜਿਥੇ ਜਿਥੇ ਟੁਕੜੇ ਡਿਗੇ, ਉਹ ਸਭ ਸਥਾਨ ਪਵਿਤ੍ਰ ਹੋਣ ਕਰ ਕੇ ਤੀਰਥ ਬਣ ਗਏ। ਜਵਾਲਾਮੁਖੀ ਵਿਚ ਦੇਵੀ ਦੀ ਜੀਭ ਡਿਗੀ ਸੀ। ਇਕ ਹੋਰ ਕਥਾ ਅਨੁਸਾਰ ਇਹ ਲਾਟ ਉਹ ਅੱਗ ਹੈ, ਜਿਸ ਵਿਚ ਸੱਤੀ ਸੜ ਮੋਈ ਸੀ ਤੇ ਜੋ ਉਸ ਦੀ ਸਿਮਰਤੀ ਵਿਚ ਅਜ ਤਕ ਬਲ ਰਹੀ ਹੈ।

ਇਕ ਹੋਰ ਰਵਾਇਤ ਅਨੁਸਾਰ, ਅਠ ਸੌ ਸਾਲ ਪਹਿਲਾਂ, ਦੱਖਣ ਵਿਚ ਰਹਿੰਦੇ ਇਕ ਬ੍ਰਾਹਮਣ ਕੋਲ ਦੇਵੀ ਪ੍ਰਗਟ ਹੋਈ ਤੇ ਉਸ ਨੂੰ ਕਾਂਗੜੇ ਦੀਆਂ ਪਹਾੜੀਆਂ ਵਿਚ ਜਾਣ ਲਈ ਕਿਹਾ, ਜਿਥੇ ਪਹਾੜਾਂ ਵਿਚ ਅੱਗ ਦੀਆਂ ਲਾਟਾਂ ਜਗਦੀਆਂ ਦਿਸਣਗੀਆਂ। ਬ੍ਰਾਹਮਣ ਦੱਖਣ ਤੋਂ ਚਲ ਕੇ ਕਾਂਗੜੇ ਦੇ ਪਹਾੜੀ ਇਲਾਕੇ ਵਿਚ ਗਿਆ ਤੇ ਉਸ ਨੇ ਬੜੀ ਘਾਲਣਾ ਮਗਰੋਂ ਜਵਾਲਾਮੁਖੀ ਦਾ ਅਸਥਾਨ ਲੱਭਾ। ਉਸੇ ਨੇ ਇਥੇ ਮੰਦਰ ਬਣਵਾਇਆ।

ਮੰਦਰ ਦੇ ਅੰਦਰ ਤਿੰਨ ਫੁੱਟ ਚੌੜਾ ਟੋਆ ਹੈ, ਜਿਸ ਵਿਚੋਂ ਗੈਸ ਨਿਕਲਦੀ ਰਹਿੰਦੀ ਹੈ। ਪੁਜਾਰੀ ਇਸ ਨੂੰ ਅੱਗ ਦਾਗ ਦੇਂਦੇ ਹਨ ਤੇ ਇਹ ਗੈਸ ਨੀਲੀਆਂ ਲਾਟਾਂ ਦੇਣ ਲਗ ਪੈਂਦੀ ਹੈ। ਕਈ ਵਾਰ ਜਵਾਲਾਮੁਖੀ ਦੀ ਜੋਤ ਬੜੀ ਮੱਧਮ ਹੋ ਜਾਂਦੀ ਹੈ ਤੇ ਮੰਦਰ ਦਾ ਪੁਜਾਰੀ ਇਸ ਵਿਚ ਘਿਉ ਪਾ ਕੇ, ਲਾਟਾਂ ਕੱਢਦਾ ਹੈ। ਇਸ ਮੰਦਰ ਵਿਚ ਕੋਈ ਬੁਤ ਨਹੀਂ। ਜੋਤ ਨੂੰ ਹੀ ਦੇਵੀ ਦਾ ਪ੍ਰਕਾਸ਼ ਮੰਨ ਕੇ ਪੂਜਿਆ ਜਾਂਦਾ ਹੈ।

ਇਸ ਮੰਦਰ ਦੇ ਨੇੜੇ, ਥੋੜੀ ਥੋੜੀ ਵਿੱਥ ਉਤੇ, ਫੇ ਉਬਲਦੇ ਪਾਣੀ ਦੇ ਚਸ਼ਮੇ ਹਨ। ਇਨ੍ਹਾਂ ਚਸ਼ਮਿਆਂ ਦੇ ਪਾਣੀ ਨੂੰ ਬੜਾ ਪਵਿਤ੍ਰ ਸਮਝਿਆ ਜਾਂਦਾ ਹੈ ਤੇ ਯਾਤਰੀ ਇਥੇ ਇਸ਼ਨਾਨ ਕਰਦੇ ਹਨ। ਮੰਦਰ ਵਿਚ ਕਈ ਪੁਜਾਰੀ ਰਹਿੰਦੇ ਹਨ, ਜਿਨ੍ਹਾਂ ਨੂੰ 'ਭੋਜਕੀ' ਕਿਹਾ ਜਾਂਦਾ ਹੈ। ਸ਼ਰਧਾਲੂ ਦੇਵੀ ਨੂੰ ਭੇਟਾ ਚੜ੍ਹਾਉਂਦੇ ਹਨ। ਜਿਸ ਯਾਤ੍ਰੀ ਦੀ ਮਨੋਕਾਮਨਾ ਪੂਰੀ ਹੋ ਜਾਂਦੀ ਹੈ, ਉਹ ਦੇਵੀ ਨੂੰ ਚਾਂਦੀ ਦਾ ਛੱਤਰ ਭੇਟ ਕਰਦਾ ਹੈ।

ਰਵਾਇਤ ਹੈ ਕਿ ਅਕਬਰ ਬਾਦਸ਼ਾਹ ਜਵਾਲਾਮੁਖੀ ਦੀ ਯਾਤਰਾ ਕਰਨ ਲਈ ਆਇਆ ਸੀ। ਉਸ ਨੇ ਪਹਿਲਾਂ ਇਕ ਕੂਲ੍ਹ ਬਣਵਾ ਕੇ, ਉਸ ਦਾ ਪਾਣੀ ਜੋਤਾਂ ਬੁਝਾਣ ਲਈ ਵਰਤਿਆ। ਪਰ ਲਾਟਾਂ ਉਤੇ ਜਲ ਦਾ ਕੋਈ ਅਸਰ ਨਾ ਹੋਇਆ ਤੇ ਉਹ ਲਗਾਤਾਰ ਜਗਦੀਆਂ ਰਹੀਆਂ। [illegible]

ਚਾਹਨਾ ਹੈ ਕਿ ਜਦੋਂ ਸੋਨੇ ਦੇ ਛੱਤਰ ਵਲ ਅਕਬਰ ਨੇ ਅਭਿਮਾਨ ਨਾਲ ਵੇਖਿਆ ਤਾਂ ਉਹ ਤਾਂਬੇ ਵਿਚ ਬਦਲ ਗਿਆ।

**(ਜ-85) ਜੜ੍ਹ ਸਾੜਾ :**

ਕਪਾਹ ਦੇ ਪੌਦੇ ਨੂੰ ਲਗਣ ਵਾਲਾ ਇਕ ਰੋਗ। ਇਸ ਰੋਗ ਨਾਲ ਪੌਦਿਆਂ ਦੀਆਂ ਟਹਿਣੀਆਂ ਮੁਰਝਾ ਜਾਂਦੀਆਂ ਹਨ ਤੇ ਬੂਟਾ ਨਸ਼ਟ ਹੋ ਜਾਂਦਾ ਹੈ। ਇਸ ਰੋਗ ਤੋਂ ਫਸਲਾਂ ਨੂੰ ਮੁਕਤ ਕਰਨ ਲਈ ਇਕ ਟੂਣਾ ਪ੍ਰਚਲਤ ਹੈ ਜੋ ਇਸ ਪ੍ਰਕਾਰ ਹੈ: ਖੇਤ ਦੇ ਮੱਧ ਵਿਚ ਟੋਇਆ ਪੁਟ ਕੇ ਉਸ ਵਿਚ ਕੋਰਾ ਭਾਂਡਾ ਗਡ ਦਿਤਾ ਜਾਂਦਾ ਹੈ ਤੇ ਉਸ ਕੋਰੇ ਭਾਂਡੇ ਵਿਚ ਇਕ ਮੰਤਰ ਪੜ੍ਹ ਕੇ ਇਹ ਜੰਤਰ ਰਖ ਦਿਤਾ ਜਾਂਦਾ ਹੈ। ਜੰਤਰ ਇਸ ਪ੍ਰਕਾਰ ਹੈ :

| | | |
|---|---|---|
| 9 | 3 | 3 |
| 2 | 7 | 6 |
| 4 | 5 | 6 |

ਇਸ ਜੰਤਰ ਉਤੇ ਸੰਧੂਰ ਤਰੌਂਕ ਕੇ ਤੇ ਭਾਂਡੇ ਦੇ ਮੂੰਹ ਉਤੇ ਲਾਲ ਕਪੜਾ ਮੌਲਸਿਰੀ ਨਾਲ ਬੰਨ੍ਹ ਕੇ, ਉਪਰ ਮਿੱਟੀ ਪਾ ਦਿਤੀ ਜਾਂਦੀ ਹੈ।

ਕਪਾਹ ਦਾ ਇਕ ਹੋਰ ਪ੍ਰਸਿਧ ਰੋਗ 'ਪੱਤਾ ਸੜਾ' ਹੈ, ਇਸ ਰੋਗ ਨਾਲ ਪੱਤਿਆਂ ਤੇ ਟੀਂਡਿਆਂ ਤੇ ਖ਼ਾਕੀ ਰੰਗ ਦੇ ਧੱਬੇ ਪੈ ਜਾਂਦੇ ਹਨ। ਇਸ ਰੋਗ ਤੋਂ ਬਚਾਉ ਲਈ ਵੀ ਉਪਰੋਕਤ ਟੂਣਾ ਵਰਤਿਆ ਜਾਂਦਾ ਹੈ। ਸਿਰਫ ਜੰਤਰ ਵਖਰਾ ਹੈ। ਜੜ੍ਹ ਸਾੜਾ ਦੇ ਜੰਤਰ ਵਿਚ ਅੰਕੜਿਆਂ ਦੀ ਕੁਲ ਗਿਣਤੀ ਸਭ ਪੰਗਤੀਆਂ ਵਿਚ ਪੰਦਰਾਂ ਬੈਠਦੀ ਹੈ, ਪਰ 'ਪੱਤਾ ਸੜਾ' ਵਿਚ 17; ਇਹ ਜੰਤਰ ਇਸ ਪ੍ਰਕਾਰ ਹੈ :

| | | |
|---|---|---|
| 7 | 5 | 5 |
| 6 | 4 | 7 |
| 4 | 8 | 5 |

ਚੰਗੀ ਭਾਵਨਾ ਵਾਲਾ ਵੀ ਹੋ ਸਕਦਾ ਹੈ ਤੇ ਦੁਸ਼ਟ ਭਾਵਨਾ ਵਾਲਾ ਵੀ। ਨੇਕ ਆਤਮ-ਤੱਤ ਲੋਕਾਈ ਦਾ ਭਲਾ ਚਾਹੁੰਦਾ ਹੈ ਤੇ ਦੁਸ਼ਟਾਂ ਨੂੰ ਕਈ ਤਰ੍ਹਾਂ ਦੇ ਕਸ਼ਟ ਦੇਂਦਾ ਹੈ। ਇਹ ਵੀ ਧਾਰਨਾ ਹੈ ਕਿ ਕੋਈ ਵੀ ਕਾਰਜ ਸਹਿਜ ਰੂਪ ਵਿਚ ਨਹੀਂ ਹੁੰਦਾ। ਉਸ ਨੂੰ ਕੋਈ ਆਤਮ-ਤੱਤ ਆਪਣੀ ਇੱਛਾ ਅਨੁਸਾਰ ਗਤੀ ਦੇ ਰਿਹਾ ਹੁੰਦਾ ਹੈ।

ਇਸ ਆਤਮ-ਤੱਤ ਨੂੰ ਪਤਿਆਣ ਲਈ ਵਸਤੂ ਦੀ ਪੂਜਾ ਅਰਚਾ ਜ਼ਰੂਰੀ ਹੈ। ਜੇ ਇਹ ਦੁਸ਼ਟ ਤੱਤ ਹੈ ਤਾਂ ਪੂਜਾ ਅਰਚਾ ਕਰਨ ਨਾਲ ਦੁਖ ਤਕਲੀਫ਼ ਨਹੀਂ ਦੇਵੇਗਾ। ਜੇ, ਇਹ ਨੇਕ ਤੱਤ ਹੈ ਤਾਂ ਪੂਜਾ ਅਰਚਾ ਕਰਨ ਨਾਲ ਸੁਖ ਵਿਚ ਵਾਧਾ ਕਰਦਾ ਹੈ।

ਹਿੰਦੂ ਧਰਮ ਨੂੰ ਜੜ੍ਹ ਪੂਜਾ, ਹੜੱਪਾ ਯੁਗ ਤੇ ਆਰੀਆ ਸੰਸਕ੍ਰਿਤੀ ਤੋਂ ਹੀ ਵਿਰਸੇ ਵਿਚ ਮਿਲੀ। ਹਿੰਦੂ ਧਰਮ ਵਿਚ ਇਹ ਸਿਫ਼ਤ ਰਹੀ ਹੈ ਕਿ ਉਹ ਆਪਣੀ ਵਲਗਣ ਵਿਚ ਹਰ ਤਰ੍ਹਾਂ ਦੇ ਲੋਕ ਭਾਵੇਂ ਉਹ ਨਾਸਤਕ ਹਨ ਜਾਂ ਆਸਤਕ, ਭਾਵੇਂ ਉਹ ਪਿੱਤਰ ਪੂਜਾ ਹਨ ਜਾਂ ਜੜ੍ਹ ਵਸਤੂ, ਭਾਵੇਂ ਉਹ ਦੇਵੀ ਦਿਉਤੇ ਪੂਜਦੇ ਹਨ ਜਾਂ ਪ੍ਰੇਤ, ਭਾਵੇਂ ਉਹ ਗ੍ਰਹਿ ਸਿਤਾਰੇ ਪੂਜਦੇ ਹੋਣ ਤੇ ਭਾਵੇਂ ਨਦੀ ਨਾਲੇ। ਭਾਵੇਂ ਉਹ ਭਗਤੀ ਵਿਚ ਵਿਸ਼ਵਾਸ ਰਖਦੇ ਹਨ ਤੇ ਭਾਵੇਂ ਮੜ੍ਹੀਆ ਮਸਾਣਾਂ ਵਿਚ, ਇਕੋ ਜਿਹੀ ਨਦਰ ਨਾਲ ਸ਼ਾਮਿਲ ਹਨ। ਇਸ ਲਈ ਹਿੰਦੂ ਧਰਮ ਵਿਚ ਹਰ ਤਰ੍ਹਾਂ ਦੀਆਂ ਪ੍ਰਾਚੀਨ ਰੀਤਾਂ ਭਿੰਨ-ਸੁਭਿੰਨ ਕਬੀਲਿਆਂ ਦੀਆਂ ਉਪਾਸ਼ਨਾ ਵਿਧੀਆਂ, ਕਰਮ ਕਾਂਡਾਂ, ਪ੍ਰਾਚੀਨ ਰਹਿੰਦਾਂ ਤੇ ਵਿਗਾੜ ਭਾਂਤ ਭਾਂਤ ਦੇ ਸੰਪਰਦਾਇਕ ਤੱਤ ਆਪਣੇ ਵਿਚ ਰਚਾ ਕੇ ਰਖੇ ਹੋਏ ਹਨ। ਜੋ ਲੋਕ-ਧਰਮ ਦਾ ਅੰਗ ਬਣ ਕੇ ਪੀੜ੍ਹੀ ਦਰ ਪੀੜ੍ਹੀ ਅਗੇ ਚਲਦੇ ਰਹੇ।

ਮੁਸਲਮਾਨਾਂ ਵਿਚ ਵੀ ਜੜ੍ਹ ਪੂਜਾ ਤੇ ਹਿੰਦੂ ਧਰਮ ਦੇ ਕਈ ਪ੍ਰਾਚੀਨ ਤੱਤ ਤੇ ਰਹਿੰਦਾਂ ਵੀ ਮੌਜੂਦ ਹਨ, ਜਿਸ ਦਾ ਮੁਖ ਕਾਰਨ ਹੈ ਕਿ ਪੰਜਾਬੀ ਮੁਸਲਮਾਨ, ਮੁਸਲਮਾਨੀ ਹੱਲਿਆਂ ਦੇ ਵੇਲੇ ਜਾਂ ਕਿਸੇ ਦਬਾਉ ਹੇਠ ਹਿੰਦੂਉਂ ਮੁਸਲਮਾਨ ਹੋਏ ਸਨ ਤੇ ਉਹ ਆਪਣੇ ਪੁਰਬਲੇ ਵਿਰਸੇ ਤੋਂ ਪੂਰੀ ਤਰ੍ਹਾਂ ਵਿਮੁਕਤ ਨਹੀਂ ਹੋਏ। ਹਾਂ, ਪੀੜ੍ਹੀ ਦਰ ਪੀੜ੍ਹੀ ਉਨ੍ਹਾਂ ਦਾ ਰਵੱਈਆ ਇਨ੍ਹਾਂ ਤੱਤਾਂ ਪ੍ਰਤੀ ਬਦਲਦਾ ਗਿਆ। ਇਸ ਲਈ ਕੁਝ ਤੱਤ ਨਵੇਂ ਸਰੂਪ ਗ੍ਰਹਿਣ ਕਰ ਗਏ।

ਫਲਸਰੂਪ ਪੰਜਾਬੀ ਸਭਿਆਚਾਰ ਵਿਚ ਅਜ ਵੀ ਪ੍ਰਾਚੀਨ ਤੱਤ, ਵਿਭਿੰਨ ਸੰਪਰਦਾਇਕ ਰਹਿੰਦਾਂ, ਉਪਾਸ਼ਨਾ ਵਿਧੀਆਂ, ਸਾਧਨ ਮਾਤਰ ਤਾਂ ਸੀ, ਪਰ ਨਾਲ ਹੀ ਉਨ੍ਹਾਂ ਦੇ ਧਰਮ-ਕਰਮ ਦਾ ਇਕ ਹਿੱਸਾ ਵੀ। ਕੋਈ ਇਕ ਕਿੱਤਾ ਜੋ ਉਹ ਕਈ ਪੀੜ੍ਹੀਆਂ ਤੋਂ ਕਰਦਾ ਆ ਰਿਹਾ ਸੀ ਤੇ ਅਗੋਂ ਉਸ ਦੀ ਆਲ-ਔਲਾਦ ਨੇ ਵੀ ਇਸ ਕਿੱਤੇ ਨੂੰ ਸਹਿਜ ਭਾਵ ਵਿਚ ਅਪਨਾਣਾ ਸੀ। ਜਿਸ ਕਰਕੇ ਉਹ ਆਤਮਿਕ ਗਹਿਰਾਈ ਤੇ ਸਰੀਰਕ ਸੁਹਿਰਦਤਾ ਨਾਲ ਉਸ ਕਿੱਤੇ ਵਿਚ ਆਪਣੇ ਆਪ ਨੂੰ ਪਛਾਣਦਾ ਸੀ। ਉਸ ਕਿੱਤੇ ਨਾਲ ਸੰਬੰਧਿਤ ਸੰਦ ਉਸ ਦੇ ਵਾਸਤੇ ਉਤਨੇ ਹੀ ਮਤਬਰਕ ਹੁੰਦੇ ਜਿਤਨੀ ਕੋਈ ਕਰਮ ਕਾਂਡ ਕਰਨ ਵੇਲੇ ਕੋਈ ਹੋਰ ਸਾਮਿਗਰੀ। ਇਸ ਲਈ ਹਰ ਕਿੱਤੇ ਵਿਚ ਸੰਦ ਪੂਜੇ ਜਾਂਦੇ ਜਿਵੇਂ ਕਿਸਾਨ ਆਪਣਾ ਹੱਲ ਪੂਜਦਾ। ਜਿਨ੍ਹੀਂ ਦਿਨੀਂ ਜ਼ਿਮੀਂ ਵਿਚ ਹੱਲ ਫੇਰਿਆ ਜਾਂਦਾ, ਉਨ੍ਹੀਂ ਦਿਨੀਂ ਖ਼ਾਸ ਖ਼ਾਸ ਤਿੱਥਾਂ ਨੂੰ, ਪਹਿਲਾਂ ਹੱਲ ਦੀ ਪੂਜਾ ਹੁੰਦੀ। ਹੱਲ ਦੇ ਨਾਲ ਮੌਲੀ ਦਾ ਧਾਗਾ, ਕੌਡੀਆਂ, ਸਤਨਾਜੇ ਦੀ ਪੋਟਲੀ, ਤੇ ਗੁੜ ਦੀ ਰੋੜੀ ਆਦਿ ਬੰਨ੍ਹ ਦਿਤੇ ਜਾਂਦੇ।

ਐਨ ਇਸੇ ਤਰ੍ਹਾਂ, ਜਦੋਂ ਫ਼ਸਲ ਕਟਣ ਲਗਦੇ ਤਾਂ ਕਟਾਈ ਵਾਲੀ ਦਾਤ੍ਰੀ ਨੂੰ, ਹਾਰ ਸ਼ਿੰਗਾਰ ਕੇ ਪੂਜਾ ਅਰਚਾ ਕੀਤੀ ਜਾਂਦੀ। ਉਸ ਤੇ ਸੰਧੂਰ ਧੂੜਿਆ ਜਾਂਦਾ। ਸੰਧੂਰ ਧੂੜਨਾ ਬਲੀ ਭੇਟ ਕਰਨ ਦੇ ਤੁਲ ਸੀ, ਅਤੇ ਬਲੀ ਨਾਲ ਦਿਉਤੇ ਪ੍ਰਸੰਨ ਰਹਿੰਦੇ ਹਨ। ਕਈ ਵਾਰ ਫ਼ਸਲਾਂ ਦੀ ਕਟਾਈ ਕਰਨ ਤੋਂ ਪਹਿਲਾਂ, ਦਾਤ੍ਰੀਆਂ ਦਾ ਵਿਆਹ ਰਚਾਇਆ ਜਾਂਦਾ ਤਾਂ ਜੋ ਫ਼ਸਲ ਦੀ ਉਪਜਾਇਕਤਾ ਸ਼ਕਤੀ ਵਧੇ। ਇਸ ਸੰਬੰਧ ਵਿਚ ਇਕ ਅਖਾਣ ਵੀ ਪ੍ਰਚਲਤ ਹੈ :

ਦਾਤਰੀਆਂ ਵਿਆਹ
ਰੰਬੀ ਤੂੰ ਕਿਉਂ ਸੰਭੀ।

ਭਾਵ ਵਿਆਹ ਤਾਂ ਦਾਤਰੀ ਦਾ ਹੋ ਰਿਹਾ ਹੈ, ਰੰਬੀ ਕਿਉਂ ਉਛਲ ਉਛਲ ਕੇ ਅਗੇ ਵਧ ਰਹੀ ਹੈ। ਹਟਵਾਣੀਆਂ ਵਿਚ ਤਕੜੀ ਤੇ ਵੱਟੇ ਦੀ ਪੂਜਾ ਪ੍ਰਚਲਤ ਹੈ। ਉਹ ਸਵੇਰੇ ਪਹਿਲਾਂ ਤਕੜੀ ਵੱਟੇ ਪੂਜਦਾ ਤੇ ਧੂਪ ਧੁਖਾ ਕੇ ਆਰਤੀ ਉਤਾਰਦਾ ਹੈ। ਇਸੇ ਤਰ੍ਹਾਂ ਸਿਪਾਹੀਆਂ ਵਿਚ ਹਥਿਆਰਾਂ ਦੀ 'ਸ਼ਸਤ੍ਰ ਪੂਜਾ' ਪ੍ਰਚਲਤ ਰਹੀ ਹੈ। ਤੇ ਪੰਡਤਾਂ ਵਿਚ ਪੋਥੀਆਂ ਦੀ ਪੂਜਾ। ਲੇਖਾਕਾਰਾਂ ਵਿਚ ਕਲਮ ਦਵਾਤ ਤੇ ਵਹੀਆਂ ਦੀ ਪੂਜਾ ਦੀ ਪ੍ਰਥਾ ਅੱਜ ਵੀ ਹੈ।

ਘੁੰਮਿਆਰਾਂ ਵਿਚ ਚੱਕ ਪੂਜਣ ਦਾ ਰਿਵਾਜ ਹੈ। ਕਈ ਦੂਜੀਆਂ ਜਾਤਾਂ ਵਿਚ ਵੀ ਵਿਆਹ ਵੇਲੇ, ਲਾੜਾ ਘੁੰਮਿਆਰ ਦਾ ਚੱਕ ਪੂਜਦਾ ਹੈ। ਖੂਹ ਖੁੱਟਣ ਵੇਲੇ ਜਦੋਂ ਚੱਕ ਰਖਿਆ ਜਾਂਦਾ ਹੈ, ਤਾਂ ਪਹਿਲਾਂ ਉਸ ਨਾਲ ਨਾਰੀਅਲ, ਅੰਨ-ਗੁੜ,

ਜੋਤ ਜਗਾਈ ਜਾਂਦੀ ਹੈ। ਜਦੋਂ ਤਕ ਖੂਹ ਦਾ ਕੰਮ ਪੂਰਾ ਨਹੀਂ ਹੋ ਜਾਂਦਾ, ਉਸ ਵੇਲੇ ਨੂੰ ਨੇਮ ਨਾਲ ਰੋਜ ਪੂਜਿਆ ਜਾਂਦਾ ਹੈ। ਬੱਚੇ ਦੇ ਨਾਮ ਸੰਸਕਾਰ ਵੇਲੇ ਵੀ ਬਾਣੀਏ ਖੂਹ ਪੂਜਦੇ ਹਨ।

ਵਿਆਹ ਵੇਲੇ ਚੱਕੀ ਪੂਜਣ ਦੀ ਰੀਤ ਅਜ ਵੀ ਪ੍ਰਚਲਤ ਹੈ। ਸੱਤਾਂ ਸੁਹਾਗਣਾ ਦੇ ਘਰੋਂ ਸੱਤ ਚੱਕੀਆਂ ਲਿਆ ਕੇ, ਸੱਤ ਸੁਹਾਗਣਾਂ, ਸੱਤ ਗਾਲੇ ਕਢਦੀਆਂ ਹਨ। ਚੱਕੀ ਪੰਜਾਬੀ ਘਰਾਂ ਵਿਚ ਅੰਨ ਦੇ ਭਰਪੂਰ ਭੰਡਾਰਿਆਂ ਦੀ ਪ੍ਰਤੀਕ ਹੈ :

ਜਿਸ ਘਰ ਚੱਕੀ ਨਹੀਂ, ਉਥੇ ਖਾਣ ਨੂੰ ਫੱਕੀ ਨਹੀਂ।

ਤੇ ਸੱਤ ਸੁਹਾਗਣਾਂ ਸੁਹਾਗ ਦੀ ਸਥਿਰਤਾ ਦਾ। ਖਾਣ ਲਈ ਭੰਡਾਰ ਭਰੇ ਹੋਣ ਤੇ ਸੁਹਾਗ ਸਥਿਰ ਹੋਏ ਤਾਂ ਔਰਤ ਨੂੰ ਹੋਰ ਕਿਸੇ ਚੀਜ਼ ਦੀ ਥੁੜ ਨਹੀਂ ਜਾਪਦੀ। ਚੱਕੀ ਨੂੰ ਦੁੱਧ ਨਾਲ ਖੁਸ਼ਹਾਲੀ ਤੇ ਧੋਤਾ ਜਾਂਦਾ ਹੈ। ਦੁੱਧ ਪੁੱਤਰ ਦਾ ਪ੍ਰਤੀਕ ਹੈ। ਚੱਕੀ ਦੀ ਪੂਜਾ ਵੇਲੇ ਉਸ ਉਤੇ ਆਟੇ ਦਾ ਦੀਵਾ ਬਣਾ ਕੇ ਘਿਉ ਦੀ ਜੋਤ ਜਗਾਈ ਜਾਂਦੀ ਹੈ।

ਕੂੰਡਾ-ਸੋਟਾ (ਉਖਲੀ ਡੰਡਾ) ਦੀ ਪੂਜਾ ਵੀ ਕਈ ਜਾਤਾਂ ਵਿਚ ਪ੍ਰਚਲਤ ਹੈ। ਪਰ ਇਹ ਪੂਜਾ ਸ਼ਿਵਲਿੰਗ ਤੇ ਯੋਨੀ ਦੀ ਪੂਜਾ ਦਾ ਹੀ ਵਿਗੜਿਆ ਰੂਪ ਹੈ। ਸੋਟਾ ਲਿੰਗ ਦਾ ਪ੍ਰਤੀਕ ਹੈ ਤੇ ਕੂੰਡਾ ਯੋਨੀ ਦਾ। ਇਨ੍ਹਾਂ ਦੋਹਾਂ ਦੀ ਪੂਜਾ ਵਿਆਹ ਵੇਲੇ ਉਪਜਾਇਕਤਾ ਅਤੇ ਜਣਨ ਸ਼ਕਤੀ ਵਧਾਣ ਲਈ ਕੀਤੀ ਜਾਂਦੀ ਹੈ।

ਛੱਜ ਤੇ ਛਾਣਨੀ ਵੀ ਕਰਮ-ਕਾਂਡ ਦਾ ਹਿੱਸਾ ਬਣੇ ਹੋਏ ਹਨ। ਜਦੋਂ ਬੱਚਾ ਜੰਮਦਾ ਹੈ ਤਾਂ ਕਈ ਵਾਰ ਉਸ ਨੂੰ ਛੱਜ ਵਿਚ ਛਾਣਿਆ ਜਾਂਦਾ ਹੈ। ਇਸ ਤਰ੍ਹਾਂ ਬਦਰੂਹਾਂ ਦਾ ਪ੍ਰਭਾਵ ਨਹੀਂ ਰਹਿੰਦਾ। ਤ੍ਰਿਖਲ ਬੱਚੇ ਨੂੰ, ਜੋ ਤਿੰਨ ਕੁੜੀਆਂ ਤੋਂ ਹੋਇਆ ਮੁੰਡਾ ਜਾਂ ਤਿੰਨ ਮੁੰਡਿਆਂ ਤੋਂ ਜੰਮੀ ਕੁੜੀ ਹੁੰਦੀ ਹੈ, ਕਈ ਵਾਰ ਛਾਣਨੀ ਵਿਚੋਂ ਲੰਘਾਇਆ ਜਾਂਦਾ ਹੈ, ਤਾਂ ਜੋ ਉਹ ਤ੍ਰਿਖਲ ਦੇ ਮੰਦੇ ਪ੍ਰਭਾਵ ਤੋਂ ਮੁਕਤ ਹੋ ਜਾਣ।

ਹਿੰਦੂ ਸਾਲਿਗਰਾਮ ਨੂੰ ਵਿਸ਼ਨੂੰ ਦਾ ਰੂਪ ਮੰਨ ਕੇ ਪੂਜਦੇ ਹਨ ਤੇ ਤੁਲਸੀ ਨਾਲ ਉਸ ਦਾ ਵਿਆਹ ਵੀ ਰਚਾਂਦੇ ਹਨ। 'ਵਿਸ਼ਨੂੰ ਪਦ' ਦੀ ਪੂਜਾ ਵੀ ਕੀਤੀ ਜਾਂਦੀ ਹੈ। ਵਿਸ਼ਨੂੰ ਪਦ ਅਨੇਕ ਥਾਈਂ ਮਿਲਦੇ ਹਨ। ਮਹਾਤਮਾ ਬੁੱਧ ਦੇ ਚਰਨ ਚਿੰਨ੍ਹ ਵੀ ਕਈ ਥਾਈਂ ਵੇਖਣ ਨੂੰ ਮਿਲਦੇ ਹਨ ਜਿਨ੍ਹਾਂ ਨੂੰ ਪੂਜਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਹੱਥਾਂ ਦਾ ਪੰਜਾ [illegible] ਵਿਚ ਲਗਾ ਹੋਇਆ ਹੈ, ਜਿਸ ਨੂੰ

ਹੈ। ਪੱਥਰ ਪੂਜਾ ਕਿਸੇ ਨਾ ਕਿਸੇ ਰੂਪ ਵਿਚ, ਸੰਸਾਰ ਭ
ਵਿਚ, ਕਦੇ ਨਾ ਕਦੇ ਪ੍ਰਚਲਤ ਰਹੀ ਹੈ। ਇਹ ਮੂਰਤ
ਪੂਜਾ ਨਾਲੋਂ ਅੱਡਰੀ ਹੈ। ਮੂਰਤੀ ਪੂਜਾ ਵਿਚ ਪੱਥਰ ਵਿਚੋ
ਕੋਈ ਦੇਵ ਮੂਰਤੀ ਘੜ ਕੇ, ਉਸ ਨੂੰ ਇਸ਼ਟ ਰੂਪ ਵਿਚ
ਸਥਾਪਿਤ ਕਰਕੇ, ਪੂਜਿਆ ਜਾਂਦਾ ਹੈ। ਇਸ ਦੇ ਉਲ
ਪੱਥਰ ਪੂਜਾ ਵਿਚ, ਕਿਸੇ ਪੱਥਰ ਵਿਚ, ਦੈਵੀ ਸ਼ਕਤੀ ਮੰਨ
ਜਾਂ ਉਸ ਵਿਚ ਸਥਾਪਿਤ ਚੰਗੇ-ਮੰਦੇ ਆਤਮ-ਤੱਤ
ਪਤਿਆਣ ਲਈ ਪੂਜਾ ਅਰਚਾ ਕੀਤੀ ਜਾਂਦੀ ਹੈ। ਮੁੱਢਲ
ਅਵਸਥਾ ਵਿਚ ਤਾਂ ਪੱਥਰਾਂ ਦੀ ਪੂਜਾ ਆਪਣੀ ਨਿ
ਹੋਂਦ ਤੋਂ ਆਰੰਭ ਹੋਈ। ਪਰ ਬਾਅਦ ਵਿਚ ਕਈ ਪਥਰਾਂ
ਦੇਵੀ ਦਿਉਤਿਆਂ ਨਾਲ ਸੰਬੰਧਿਤ ਕਰ ਦਿਤਾ ਗਿਆ ਜਿ
ਸਾਲਗਰਾਮ ਪੱਥਰ ਨੇ ਆਪਣੀ ਵਚਿਤ੍ਰਤਾ ਕਾਰਨ ਲੋਕਾਂ
ਧਿਆਨ ਆਪਣੇ ਵਲ ਖਿਚਿਆ ਤੇ ਮੁੱਢ ਵਿਚ ਇਸ
ਪੂਜਾ ਇਸ ਦੇ ਸਰੂਪ ਸਦਕਾ ਕੀਤੀ ਗਈ, ਪਰ ਬਾਅ
ਵਿਚ ਸਾਲਗਰਾਮ ਨੂੰ, ਵਿਸ਼ਨੂੰ ਦਾ ਰੂਪ ਮੰਨ ਕੇ ਪੂਜਿ
ਜਾਣ ਲਗਾ ਤੇ ਸਾਲਗਰਾਮ ਨਾਲ ਕਈ ਤਰ੍ਹਾਂ ਦੀਆਂ ਮਿ
ਜੋੜ ਲਈਆਂ ਗਈਆਂ। ਹਿੰਦੂ ਇਸ ਪੱਥਰ ਨੂੰ ਬ
ਪਾਵਨ ਮੰਨਦੇ ਹਨ ਅਤੇ ਤੁਲਸੀ ਨਾਲ ਵਿਆਹ ਰਚਾ
ਵਿਸ਼ਨੂੰ-ਵਰਿੰਦਾ ਦੀ ਮਿੱਥ ਦੀ ਪੁਨਰ ਸਿਰਜਨਾ ਕਰਦੇ ਹਨ

ਸ਼ਿਵ ਭਗਤ, ਲਿੰਗ ਦੀ ਸ਼ਕਲ ਦੇ ਪੱਥਰ, ਪਵਿ
ਮੰਨ ਕੇ, ਪੂਜਦੇ ਹਨ। ਸ਼ਿਵ ਮੰਦਰ ਵਿਚ ਉਨ੍ਹਾਂ ਪੱਥਰਾਂ
ਸਥਾਪਨਾ ਕਰ ਕੇ ਉਨ੍ਹਾਂ ਉਪਰ ਸੰਧੂਰ ਬਿਖੇਰਦੇ ਹਨ।

ਕਈ ਵਾਰ ਨਿੱਕੇ ਨਿੱਕੇ ਪੱਥਰਾਂ ਦੀਆਂ ਢੇਰੀ, ਨੂੰ ਕਿ
ਸਥਾਨਿਕ ਦਿਉਤੇ/ਪੀਰ ਦਾ ਰੂਪ ਮੰਨ ਕੇ, ਪੂਜਿਆ ਜਾ
ਹੈ। ਅਜਿਹੀ ਗੀਟਿਆਂ (ਢੇਰੀ) ਕਿਸੇ ਛੱਪੜ ਦੇ ਕੰਢੇ
ਕਿਸੇ ਪਿੱਪਲ ਬੋਹੜ ਦੇ ਬ੍ਰਿੱਛ ਦੇ ਹੇਠਾਂ ਵੇਖਣ ਨੂੰ ਮਿਲ
ਹੈ। ਕਈ ਵਾਰ ਪਿੰਡ ਦੀ ਹੱਦ ਉਤੇ ਪੱਥਰ ਦੀ
ਸਿਲ ਗਡ ਦਿਤੀ ਜਾਂਦੀ ਹੈ, ਜਾਂ ਫਿਰ ਪੱਥਰਾਂ ਗੀਟਿਆਂ
ਢੇਰੀ, ਜਿਸ ਨੂੰ ਸੀਮਾ ਦਿਉਤਾ ਜਾਂ 'ਅੰਦਰ-ਬਾਹਰ ਦਿਉ
ਕਿਹਾ ਜਾਂਦਾ ਹੈ, ਜੋ ਬਦਰੂਹਾਂ ਨੂੰ ਬਾਹਰੋਂ ਪਿੰਡ ਅ
ਜਾਣ ਤੋਂ ਰੋਕਦਾ ਤੇ ਸਾਰੇ ਪਿੰਡ ਦੀ ਰੋਗਾਂ ਤੋਂ ਰਖਿ
ਕਰਦਾ ਹੈ।

ਸਿੰਧ ਸਾਗਰ ਦੁਆਬ ਵਿਚ ਜਿਥੇ ਕਿਧਰੇ ਕੋਈ
ਕਤਲ ਹੋ ਜਾਵੇ, ਉਥੇ ਪਥਰਾਂ ਦੀ ਨਿਕੀ ਜਿਹੀ ਢੇਰੀ
ਦਿਤੀ ਜਾਂਦੀ ਹੈ। ਜਿਸ ਨੂੰ 'ਢੂਰਾ' ਕਹਿੰਦੇ ਹਨ।
ਇਲਾਕੇ ਵਿਚ ਢੂਰੇ ਆਮ ਤੌਰ 'ਤੇ ਵੇਖਣ ਨੂੰ ਮਿ

ਮਿਲਦੇ ਹਨ ।

ਪਥਰਾਂ ਨੂੰ ਸਿਲ ਦੇ ਰੂਪ ਵਿਚ ਵੀ ਪੂਜਿਆ ਜਾਂਦਾ ਹੈ । ਜਿਸ ਬਜ਼ੁਰਗ ਜਾਂ ਪਰਵਾਰ ਦੇ ਕਿਸੇ ਜੀਅ ਦੀ ਮੌਤ ਹੋ ਜਾਂਦੀ, ਉਸ ਦੀ ਸ਼ਕਲ ਇਕ ਸਿਲ ਉਤੇ ਉਕੇਰ ਕੇ ਘਰ ਦੀ ਕਿਸੇ ਗੁੱਠ ਵਿਚ ਟਿਕਾ ਦਿੱਤੀ ਜਾਂਦੀ ਅਤੇ ਉਸ ਨੂੰ ਖ਼ਾਸ ਖ਼ਾਸ ਦਿਨਾਂ-ਦਿਹਾਰਾਂ ਅਤੇ ਤਿੱਥਾਂ, ਖ਼ਾਸ ਤੌਰ ਤੇ ਸਰਾਧਾਂ ਵਿਚ, ਪੂਜਾ ਅਰਚਾ ਕੀਤੀ ਜਾਂਦੀ ।

ਜਦੋਂ ਕਿਸੇ ਤੀਵੀਂ ਦੀ ਮੌਤ ਹੋ ਜਾਂਦੀ ਤਾਂ ਉਸ ਦੀ ਥਾਂ ਜੋ ਨਵੀਂ ਵਿਆਹੀ ਤੀਵੀਂ ਆਉਂਦੀ, ਉਹ ਸਭ ਤੋਂ ਪਹਿਲਾਂ ਇਕ ਸਿਲ ਉਤੇ ਸੌਂਕਣ ਦੇ ਨੈਣ ਨਕਸ਼ ਚਿੱਤਰ ਕੇ, ਉਸ ਨੂੰ ਘਰ ਵਿਚ ਕਿਸੇ ਥਾਂ ਸਥਾਪਿਤ ਕਰਦੀ । ਫਿਰ ਖ਼ਾਸ ਖ਼ਾਸ ਮੌਕਿਆਂ ਤੇ ਤਿਉਹਾਰਾਂ 'ਤੇ ਪੂਜਦੀ, ਨਵੇਂ ਕਪੜੇ ਗਹਿਣੇ ਪਹਿਨਣ ਵੇਲੇ ਜਾਂ ਕੋਈ ਨਵਾਂ ਫਲ ਖਾਣ ਵੇਲੇ ਪਹਿਲਾਂ ਸਿਲ ਨੂੰ ਛੁਹਾਂਦੀ ਤੇ ਫਿਰ ਖ਼ੁਦ ਪਹਿਨਦੀ ਹੈ । ਮੱਧਕਾਲ ਵਿਚ ਸਿਲ ਪੂਜਣ ਦਾ ਰਵਾਜ ਆਮ ਸੀ । ਗੁਰੂ ਨਾਨਕ ਦੇਵ ਜੀ ਨੇ ਵੀ ਸੰਕੇਤ ਕੀਤਾ ਹੈ :

ਸਿਲ ਪੂਜਸਿ ਬਗੁਲ ਸਮਾਧੰ ।

ਸਿਲ ਨੂੰ ਧੂਪਦੀਪ ਵੀ ਕੀਤਾ ਜਾਂਦਾ ।

### (ਜ-87) ਜੜ੍ਹੀ ਮਸਾਣ :

ਜਦੋਂ ਕੋਈ ਕੰਵਾਰਾ ਗਭਰੂ/ਮੁਟਿਆਰ ਮਰ ਜਾਵੇ ਤਾਂ ਉਸ ਦੇ ਮਸਾਣ (ਜਲੇ-ਸਰੀਰ ਦੀ ਰਾਖ) ਤੋਂ ਚੇਲੇ ਇਕ ਦਵਾਈ ਬਣਾਉਂਦੇ ਹਨ, ਜਿਸ ਨੂੰ 'ਜੜ੍ਹੀ ਮਸਾਣ' ਕਹਿੰਦੇ ਹਨ । ਚੇਲੇ/ਪੀਰ, ਮਰਘਟ/ਕਬਰਸਤਾਨ ਵਿਚ ਅੱਗ ਬਾਲ ਕੇ, ਉਸ ਉਪਰ, ਮਸਾਣਾਂ ਵਿਚ ਇਕ ਪਹਾੜੀ ਬੂਟੀ ਗੁੰਨ ਕੇ, ਰੋਟੀ ਪਕਾਂਦੇ ਹਨ । ਫਿਰ ਇਸ ਰੋਟੀ ਦੀਆਂ ਗੋਲੀਆਂ ਵਟ ਲੈਂਦੇ ਹਨ । ਇਹ ਗੋਲੀਆਂ ਬਾਂਝ ਤੀਵੀਆਂ ਨੂੰ ਖਾਣ ਲਈ ਦਿਤੀਆਂ ਜਾਂਦੀਆਂ ਹਨ । ਧਾਰਨਾ ਹੈ ਕਿ ਇਸ ਗੋਲੀ ਦੇ ਖਾਣ ਨਾਲ, ਉਸ ਗਭਰੂ/ਮੁਟਿਆਰ ਦੀ ਰੂਹ, ਜਿਸ ਦੇ ਮਸਾਣ ਨਾਲ, ਇਹ ਦਵਾਈ ਤਿਆਰ ਕੀਤੀ ਜਾਂਦੀ ਹੈ, ਉਹ ਮੁੜ ਮਸਾਣ ਖਾਣ ਵਾਲੇ ਦੇ ਘਰ ਜਨਮ ਲੈਂਦੀ ਹੈ ।

ਜੜ੍ਹੀ ਮਸਾਣ ਉਤੇ ਮੰਤ੍ਰ ਪੜ੍ਹ ਕੇ ਦੁਸ਼ਮਣਾਂ ਨੂੰ ਵੀ ਖਵਾਇਆ ਜਾਂਦਾ ਹੈ । ਮੰਤ੍ਰ ਪੜ੍ਹ 'ਜੜ੍ਹੀ ਮਸਾਣ' ਨੂੰ ਖਾ ਲੈਣ ਵਾਲਾ ਹਮੇਸ਼ਾ ਲਈ ਰੋਗੀ ਹੋ ਜਾਂਦਾ ਹੈ ਅਤੇ ਉਹ ਘੁਲ ਘੁਲ ਕੇ ਮਰਦਾ ਹੈ । ਇਸ ਨੂੰ 'ਮਸਾਣ ਖਵਾਣਾ' ਵੀ ਕਹਿੰਦੇ ਹਨ (ਵੇਖੋ : ਮਸਾਣ) ।

ਉਹ ਸਮੇਂ ਸਮੇਂ ਪ੍ਰਗਟ ਹੋ ਕੇ ਦਰਸ਼ਨ (ਜ਼ਾਹਿਰ) ਦੇਂਦਾ ਹੈ (ਵੇਖੋ : ਗੁੱਗਾ ਪੀਰ) ।

### (ਜ-89) ਜ਼ਾਹਿਰ ਪੀਰ ਦਾ ਝੰਡਾ :

ਗੁੱਗਾ ਪੀਰ, ਜਿਸ ਦੀ ਇਕ ਉਪਾਧੀ ਜ਼ਾਹਿਰ ਪੀਰ ਹੈ, ਜਿਸਦਾ ਝੰਡਾ ਭਾਦਰੋਂ ਦੇ ਮਹੀਨੇ,ਲਾਲ ਬੇਗੀ ਫ਼ਿਰਕੇ ਦੇ ਲੋਕ ਗਲੀਆਂ ਵਿਚ ਫੇਰਦੇ ਹਨ । ਇਸ ਝੰਡੇ ਨੂੰ ਉਨ੍ਹਾਂ ਨੇ ਰੰਗਦਾਰ ਕਪੜੇ, ਝੰਡੀਆਂ, ਕੌਡੀਆਂ ਤੇ ਮੋਰ-ਪੰਖਾਂ ਅਤੇ ਨਾਰੀਅਲ ਆਦਿ ਨਾਲ ਸ਼ਿੰਗਾਰਿਆ ਹੁੰਦਾ ਹੈ। ਲਾਲ ਬੇਗੀ ਇਸ ਝੰਡੇ ਨੂੰ ਗੁੱਗੇ ਦਾ ਅਵਤਾਰ ਜਾਣ ਕੇ ਪੂਜਦੇ ਤੇ ਪੂਰਾ ਆਦਰ ਸਤਿਕਾਰ ਦੇਂਦੇ ਹਨ । ਇਸ ਝੰਡੇ ਦੀਆਂ ਕਈ ਵਸਤੂਆਂ ਮੋਰ ਪੰਖ, ਕੌਡਾਂ ਜਾਂ ਕਪੜੇ ਆਦਿ ਗੁੱਗੇ ਪੀਰ ਦੇ ਬਾਂਗਰ ਦੇ ਅਸਥਾਨ ਤੋਂ, ਮੁਜਾਵਰ ਤੋਂ ਪ੍ਰਾਪਤ ਕੀਤੇ ਜਾਂਦੇ ਹਨ । ਝੰਡਾ ਲੰਮੇ ਬਾਂਸ ਦਾ ਬਣਿਆ ਹੁੰਦਾ ਹੈ ਤੇ ਕਾਫ਼ੀ ਉੱਚਾ ਤੇ ਵਜ਼ਨੀ ਵੀ ।

ਇਸ ਝੰਡੇ ਨੂੰ, ਢੋਲ ਦੀ ਧੁਨੀ ਵਿਚ, ਤਿਆਰ ਕੀਤਾ ਜਾਂਦਾ ਹੈ । ਲੰਮੇ ਬਾਂਸ ਦੇ ਡੰਡੇ ਉਤੇ ਪਹਿਲਾਂ ਸਰਿਉਂ ਦਾ ਤੇਲ ਮਲਿਆ ਜਾਂਦਾ ਹੈ । ਫਿਰ ਗੇਰੂਆ ਮਿੱਟੀ ਮਲ ਕੇ, ਮਗਰੋਂ ਦੱਭ ਘਾਹ ਦੀਆਂ ਪੱਤੀਆਂ ਦੁੱਧ ਵਿਚ ਭਿਉਂ ਕੇ, ਉਨ੍ਹਾਂ ਨਾਲ ਧੋਤਾ ਜਾਂਦਾ ਹੈ । ਬਾਂਸ ਦੇ ਉਪਰਲੇ ਸਿਰੇ 'ਤੇ, ਮੋਰਾਂ ਦੇ ਪੰਖਾਂ ਦੀ ਕਲਗੀ ਜੜ੍ਹੀ ਜਾਂਦੀ ਹੈ । ਫਿਰ ਨੀਲੇ ਤੇ ਲਾਲ ਰੰਗ ਦੇ ਕਪੜੇ ਦੇ ਦੋ ਤਿਕੋਨੇ ਟੁਕੜੇ ਬੰਨ੍ਹੇ ਜਾਂਦੇ ਹਨ । ਇਨ੍ਹਾਂ ਉਪਰ ਕੁਝ ਪੱਖੇ, ਕੌਡਾਂ, ਮੋਰਛਲ ਤੇ ਕੁਝ ਨਾਰੀਅਲ, ਕਪੜਿਆਂ ਵਿਚ ਬੰਨ੍ਹ ਕੇ, ਥਾਂ ਥਾਂ ਲਟਕਾਏ ਜਾਂਦੇ ਹਨ । ਜਦੋਂ ਝੰਡਾ ਤਿਆਰ ਹੋ ਜਾਂਦਾ ਹੈ, ਤਾਂ ਢੋਲ ਤੇ ਤੁਤਨੀਆਂ ਦੀ ਮਧੁਰ ਧੁਨੀ ਵਿਚ ਝੰਡਾ ਚੁਕਿਆ ਜਾਂਦਾ ਹੈ ।

ਇਹ ਝੰਡਾ ਗੁੱਗੇ ਪੀਰ ਦੇ ਉਸ ਰੂਪ ਦਾ ਪ੍ਰਤੀਕ ਹੈ, ਜਦੋਂ ਉਹ ਲਾੜ੍ਹੇ ਵਾਲੇ ਕਪੜੇ ਪਹਿਨ ਕੇ ਤੇ ਘੋੜੀ ਦੀ ਪਿਠ ਉਤੇ ਸਜ-ਧਜ ਕੇ, ਆਪਣੇ ਮਤ੍ਰੇਏ ਭਰਾਵਾਂ ਉਤੇ ਵਿਜੈ ਪ੍ਰਾਪਤ ਕਰ ਕੇ ਘਰ ਆਇਆ ਸੀ । ਗੁੱਗੇ ਨੇ ਲੜਾਈ ਦੇ ਮੈਦਾਨ ਵਿਚ ਆਪਣੇ ਦੋ ਭਰਾਵਾਂ, ਜੋ ਕਾਚਲ ਦੇ ਪੁੱਤਰ ਸਨ, ਨੂੰ ਮਾਰ ਦਿਤਾ ਸੀ । ਝੰਡੇ ਨਾਲ ਪਹਿਲਾਂ ਦੋ ਨਾਰੀਅਲ ਹੀ ਬੰਨ੍ਹੇ ਜਾਂਦੇ ਸਨ, ਜੋ ਕਾਚਲ ਦੇ ਦੋਹਾਂ ਪੁੱਤਰਾਂ ਦੇ ਸਿਰਾਂ ਦੇ ਪ੍ਰਤੀਕ ਸਨ । ਇਹ ਸਿਰ ਗੁੱਗੇ ਨੇ ਵੱਢ ਕੇ ਤੇ ਥੈਲੇ ਵਿਚ ਪਾ ਕੇ ਘਰ ਲਿਆਉਂਦੇ ਸਨ । ਪਰ ਮਗਰੋਂ ਝੰਡੇ ਨਾਲ ਜ਼ਿਆਦਾ ਨਾਰੀਅਲ ਬੰਨ੍ਹਣ ਦਾ ਰਿਵਾਜ ਪੈ ਗਿਆ ।

ਮਹੀਨਾ ਕੁ ਪਹਿਲਾਂ ਹੀ ਸਰੀਰਕ ਤੇ ਮਾਨਸਿਕ ਤੌਰ ਤੇ ਸ਼ੁਧ ਰਹਿਣ ਦਾ ਯਤਨ ਕਰਦਾ ਹੈ। ਇਨ੍ਹਾਂ ਦਿਨਾਂ ਵਿਚ ਉਹ ਰਾਤ ਨੂੰ ਫ਼ਰਸ਼ 'ਤੇ ਸੌਣ ਲਗਦਾ ਹੈ ਤੇ ਉਸ ਲਈ ਭੋਗ ਬਿਲਾਸ ਕਰਨਾ ਵਰਜਿਤ ਹੈ।

ਪੀਰ ਦੀਆਂ ਘੋੜੀਆਂ, ਵਾਰੋ ਵਾਰੀ, ਝੰਡਾ ਚੁਕਦੀਆਂ ਹਨ। ਝੰਡਾ ਕਾਫ਼ੀ ਵਜ਼ਨੀ ਹੁੰਦਾ ਹੈ ਤੇ ਚੁਕਣ ਲਈ, ਉਨ੍ਹਾਂ ਨੇ ਲੱਕ ਦੁਆਲੇ ਚਮੜੇ ਦੀ ਪੇਟੀ ਬੰਨ੍ਹੀ ਹੁੰਦੀ ਹੈ, ਜਿਸ ਵਿਚ ਧੁੰਨੀ ਕੋਲ ਝੰਡਾ ਟਿਕਾਣ ਲਈ ਮਜ਼ਬੂਤ ਖੋਲ ਬਣਿਆ ਹੁੰਦਾ ਹੈ। ਝੰਡਾ ਚੁਕਣ ਤੋਂ ਪਹਿਲਾਂ, ਪੀਰ ਦੀ ਘੋੜੀ, ਝੰਡੇ ਨੂੰ ਪ੍ਰਣਾਮ ਕਰਦੀ ਹੈ। ਵਾਸਤਵਿਕਤਾ ਦਾ ਪ੍ਰਭਾਵ ਕਾਇਮ ਰਖਣ ਲਈ, ਪੀਰ ਦੀ ਘੋੜੀ ਨੂੰ ਖਾਣ ਵਾਸਤੇ ਛੋਲਿਆਂ ਦੀ ਦਾਲ ਤੇ ਘਾਹ ਦਿਤਾ ਜਾਂਦਾ ਹੈ। 'ਪੀਰ ਦੀ ਘੋੜੀ' ਬਣਿਆ ਸੇਵਕ ਢੋਲ ਦੀ ਅਵਾਜ਼ ਉਤੇ ਕਈ ਵਾਰ ਨਚਦਾ, ਭੁੜਕਦਾ ਤੇ ਦੁੜੰਗੇ ਮਾਰਦਾ ਹੈ, ਪਰ ਇਹ ਹਰਕਤਾਂ ਉਸ ਹਦ ਤਕ ਹੀ ਕੀਤੀਆਂ ਜਾਂਦੀਆਂ ਹਨ ਜਿਸ ਹਦ ਤਕ ਝੰਡਾ ਡਿੱਗੇ ਨਾ। ਝੰਡੇ ਨੂੰ ਸਿਧਾ ਰਖਣ ਲਈ ਝੰਡੇ ਨਾਲ ਉਪਰ ਵਲ ਤਿੰਨ ਜਾਂ ਚਾਰ ਲੰਮੀਆਂ ਰੱਸੀਆਂ ਬੰਨ੍ਹੀਆਂ ਹੁੰਦੀਆਂ ਹਨ। ਇਨ੍ਹਾਂ ਰਸੀਆਂ ਦੇ ਸਿਰੇ ਚਾਰ ਬੰਦਿਆਂ ਨੇ ਪਕੜ ਰਖੇ ਹੁੰਦੇ ਹਨ ਤੇ ਉਹ ਝੰਡੇ ਨੂੰ ਡੋਲਣ ਨਹੀਂ ਦੇਂਦੇ। ਜੇ ਝੰਡਾ ਇਕ ਪਾਸੇ ਜ਼ਿਆਦਾ ਝੁਕ ਜਾਵੇ ਤਾਂ ਪੀਰ ਦੀ ਘੋੜੀ ਨੂੰ 'ਕੁਰੀਏ ਕੁਰੀਏ' ਆਖ ਕੇ ਚਿਤਾਵਨੀ ਦਿਤੀ ਜਾਂਦੀ ਹੈ। ਜੇ ਫਿਰ ਵੀ ਉਹ ਨਾ ਸੰਭਲੇ ਤਾਂ ਉਸ ਤੋਂ ਕੋਈ ਹੋਰ ਝੰਡਾ ਲੈ ਲੈਂਦਾ ਹੈ ਤੇ ਉਸ ਨੂੰ ਅੱਗੇ ਤੋਂ ਇਸ ਮਾਣ ਤੋਂ ਵਾਂਝਾ ਕਰ ਦਿਤਾ ਜਾਂਦਾ ਹੈ। ਜਦੋਂ ਤਕ ਕਿ ਉਹ ਆਪਣੀ ਲਾਪਰਵਾਹੀ ਦੇ ਪਛਤਾਵੇ ਵਜੋਂ, ਆਪਣੀ ਜਾਤ-ਬਰਾਦਰੀ ਵਿਚ, ਮਠਿਆਈ ਨਹੀਂ ਵੰਡਦਾ ਜਾਂ ਭੋਜਨ ਨਹੀਂ ਛਕਾਂਦਾ।

ਝੰਡੇ ਦੇ ਜਲੂਸ ਵਿਚ ਸ਼ਾਮਲ ਹੋਣ ਵਾਲੇ ਲਾਲ ਬੇਗੀ, ਪਹਿਲਾਂ ਇਸ਼ਨਾਨ ਕਰ ਕੇ ਸਾਫ਼ ਕਪੜੇ ਪਹਿਨਦੇ ਹਨ ਅਤੇ ਫਿਰ ਉਹ ਜਲੂਸ ਦੇ ਨਾਲ ਪੈਰੋਂ ਨੰਗੇ ਚਲਦੇ ਹਨ। ਇਨ੍ਹਾਂ ਦਿਨਾਂ ਵਿਚ ਉਹ ਗਊ ਜਾਂ ਸੂਰ ਦਾ ਮਾਸ ਨਹੀਂ ਖਾਂਦੇ। ਇਸਤ੍ਰੀਆਂ ਲਈ ਇਸ ਪਵਿਤ੍ਰ ਝੰਡੇ ਨੂੰ ਛੂਹਣਾ ਵਰਜਿਤ ਹੈ। ਉਹ ਆਪਣੀਆਂ ਭੇਟਾਂ ਕੇਵਲ 'ਭਗਤ' ਨੂੰ ਦੇਂਦੀਆਂ ਹਨ।

ਸਭ ਤੋਂ ਪਹਿਲਾਂ ਝੰਡੇ ਨੂੰ ਜਲੂਸ ਦੀ ਸ਼ਕਲ ਵਿਚ ਕਿਸੇ ਨਦੀ ਜਾਂ ਦਰਿਆ ਦੇ ਕੰਢੇ ਲਿਜਾਇਆ ਜਾਂਦਾ ਹੈ।

ਭਾਦਰੋਂ ਦੀ ਪੂਰਨਮਾਸ਼ੀ ਨੂੰ ਇਲਾਕੇ ਦੇ ਸਭ ਝੰਡੇ ਇਕ ਨਿਸ਼ਚਿਤ ਥਾਂ ਇਕਠੇ ਕੀਤੇ ਜਾਂਦੇ ਹਨ ਤੇ ਲਾਲ ਬੇਗੀਆਂ ਦਾ ਇਕ ਵਡਾ ਮੇਲਾ ਜੁੜਦਾ ਹੈ। ਅਗਲੇ ਦਿਨ, ਝੰਡੇ ਨਾਲੋਂ ਨਾਰੀਅਲ ਉਤਾਰ ਕੇ, ਗਿਰੀ ਸਭ ਸ਼ਰਧਾਲੂਆਂ ਵਿਚ ਵੰਡੀ ਜਾਂਦੀ ਹੈ। ਪੀਰ ਦੀਆਂ 'ਘੋੜੀਆਂ' ਨੂੰ ਸਭ ਤੋਂ ਵੱਧ ਹਿੱਸਾ ਮਿਲਦਾ ਹੈ। ਇਸ ਗਿਰੀ ਨੂੰ ਬੜੀ ਅਣਮੋਲ ਵਸਤੂ ਮੰਨਿਆ ਜਾਂਦਾ ਤੇ ਖਾਣ ਵਾਲੇ ਨੂੰ ਮੁਕਤੀ ਮਿਲਦੀ ਹੈ।

(ਜ-90) **ਜਾਗ** :

ਮੁਲਤਾਨੀ ਹਿੰਦੂਆਂ ਵਿਚ ਵਿਆਹ ਤੋਂ ਪਹਿਲੀ ਰਾਤ, ਜਦੋਂ ਵਰ/ਕੰਨਿਆ ਨੂੰ ਮਹਿੰਦੀ ਲਗਾਈ ਜਾਂਦੀ ਹੈ। ਇਸ ਦਿਨ ਕਾਫ਼ੀ ਰਾਤ ਗਈ ਤਕ, ਮੁੰਡੇ ਦੇ ਘਰ 'ਘੋੜੀਆਂ' ਤੇ ਕੁੜੀ ਦੇ ਘਰ 'ਸੁਹਾਗ' ਗਾਏ ਜਾਂਦੇ ਹਨ। ਕਈ ਵਾਰ ਤਾਂ ਜਨਾਨੀਆਂ ਸਾਰੀ ਰਾਤ ਜਾਗਦੀਆਂ ਤੇ ਢੋਲਕੀ ਕੁਟਦੀਆਂ ਰਹਿੰਦੀਆਂ ਹਨ। ਇਸ ਨੂੰ 'ਜਾਗ' ਕਹਿੰਦੇ ਹਨ। ਇਹ ਜਾਗ ਮਾਲਵੇ ਵਿਚ 'ਜਾਗੋ' ਦੇ ਨਾਂ ਨਾਲ ਪ੍ਰਸਿਧ ਹੈ (ਵੇਖ : ਜਗਰਾਤਾ)।

(ਜ-91) **ਜਾਗੋ** :

ਵਿਆਹ ਨਾਲ ਸੰਬੰਧਿਤ ਇਕ ਗੀਤ; ਵਿਆਹ ਤੋਂ ਪਹਿਲੀ ਰਾਤ ਤੀਵੀਆਂ, ਕਿਸੇ ਮੋਕਲੇ ਭਾਂਡੇ ਵਿਚ ਦੀਵਾ ਬਾਲ ਕੇ ਵਰ ਜਾਂ ਕੰਨਿਆਂ ਦੀ ਭਰਜਾਈ ਜਾਂ ਕਿਸੇ ਹੋਰ ਇਸਤਰੀ ਨੂੰ ਚੁਕਾ ਕੇ ਗਲੀਆਂ ਵਿਚ ਗੀਤ ਗਾਉਂਦੀਆਂ ਫਿਰਦੀਆਂ ਹਨ। ਕਈ ਵਾਰ ਕੁੰਭ ਜਾਂ ਵਲਟੋਹੀ ਵਿਚ ਜਲ ਭਰ ਕੇ ਤੇ ਉਸ ਉਤੇ ਟੋਕਰੀ ਵਿਚ ਦੀਵੇ ਧਰ ਕੇ ਸ਼ਗਨ ਵਜੋਂ ਸਾਰੇ ਪਿੰਡ/ਨਗਰੀ ਦੀ ਪਰਕਰਮਾ ਕਰਦੀਆਂ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਪ੍ਰੇਤ ਰੂਹਾਂ ਪਿੰਡ/ਨਗਰ ਤੋਂ ਦੂਰ ਭੱਜ ਜਾਂਦੀਆਂ ਹਨ ਤੇ ਵਰ ਅਥਵਾ ਕੰਨਿਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਂਦੀਆਂ। ਦੀਵਾ ਰੋਸ਼ਨੀ ਦਾ ਪ੍ਰਤੀਕ ਹੈ ਤੇ ਵਲਟੋਹੀ ਕਾਇਆ ਦਾ, ਜਲ ਦੇਵੀ ਪਵਿੱਤਰ ਸ਼ਕਤੀ ਦਾ। ਇਨ੍ਹਾਂ ਦਾ ਸੰਗਮ ਅਲੌਕਿਕ ਸ਼ਕਤੀ ਦਾ ਸੰਚਾਰ ਕਰਦਾ ਹੈ।

(ਜ-92) **ਜਾਤ ਕਰਮ ਸੰਸਕਾਰ** :

ਕਰਮ-ਕਾਂਡ ਵੀ। ਕੁਝ ਵਰਜਨਾਂ (ਟਾਬੂ) ਨੂੰ ਵੀ ਧਿਆਨ ਵਿਚ ਰਖਦਾ।

ਅਥਰਵ ਵੇਦ ਦੀ ਇਕ ਪੂਰੀ ਰਿੱਚ ਵਿਚ, ਬੱਚੇ ਦੇ ਸੁਖਾਵੇਂ ਜਨਮ ਲਈ, ਪ੍ਰਾਰਥਨਾ ਤੇ ਮੰਤਰ ਹਨ। ਗ੍ਰਹਿ ਸੂਤਰਾਂ ਵਿਚ ਲਿਖਿਆ ਹੈ ਕਿ ਇਸ ਰਿੱਚ ਦਾ ਤੀਜਾ ਸ਼ਲੋਕ 'ਸੋ ਜਾਤੀ ਕਰਮਾ......' ਪੜ੍ਹਨ ਨਾਲ ਬੱਚਾ ਛੇਤੀ ਜਨਮ ਲੈਂਦਾ ਹੈ। ਗ੍ਰਹਿ ਸੂਤਰਾਂ ਵਿਚ 'ਜਾਤ ਕਰਮ ਸੰਸਕਾਰ' ਦਾ ਵਰਨਣ ਵਿਸਥਾਰ ਪੂਰਵਕ ਮਿਲਦਾ ਹੈ, ਪਰ ਧਰਮ ਸੂਤਰਾਂ ਤੇ ਸਿਮਰਤੀਆਂ ਵਿਚ ਇਸ ਸੰਸਕਾਰ ਦਾ ਕੋਈ ਖ਼ਾਸ ਵਰਨਣ ਨਹੀਂ। ਮੱਧ-ਕਾਲੀ ਰਚਨਾਵਾਂ ਵਿਚ ਇਸ ਸੰਸਕਾਰ ਨੂੰ ਹੋਰ ਵਿਸਥਾਰ ਦੇ ਦਿਤਾ ਗਿਆ। ਕਿਸੇ, ਵਖਰੇ ਛਿਲੇ ਦਾ ਪ੍ਰਬੰਧ, ਛਿਲੇ ਵਿਚ ਪ੍ਰਵੇਸ਼ ਕਰਨ ਸਮੇਂ ਦੀਆ ਰੀਤਾਂ, ਗਰਭਵਤੀ ਕੋਲ ਯੋਗ-ਪ੍ਰਾਣੀਆਂ ਦਾ ਹੋਣਾ ਤੇ ਕਈ ਹੋਰ ਗੱਲਾਂ ਨੂੰ ਧਿਆਨ ਵਿਚ ਰਖਣ ਵਲ ਜ਼ੋਰ ਦਿਤਾ ਗਿਆ। ਕਿਸੇ ਸ਼ੁਭ ਦਿਵਸ ਨੂੰ ਜਦੋਂ ਸੂਰਜ ਵੀ ਸ਼ੁਭ ਰਾਸ਼ੀ ਵਿਚ ਹੋਵੇ, ਛਿਲੇ ਦਾ ਕਮਰਾ ਨਿਸਚਿਤ ਕਰ ਲਿਆ ਜਾਂਦਾ ਸੀ। ਵਿਸ਼ਿਸ਼ਠ ਰਿਸ਼ੀ ਅਨੁਸਾਰ ਛਿਲਾ ਘਰ ਦੀ ਦੱਖਣ-ਪਛਮੀ ਗੁਠ ਵਲ ਹੋਣਾ ਚਾਹੀਦਾ ਹੈ। ਬੱਚੇ ਦੇ ਜਨਮ ਤੋਂ ਦੋ ਕੁ ਦਿਨ ਪਹਿਲਾਂ, ਗਰਭਵਤੀ ਛਿਲੇ ਵਿਚ, ਸੰਖਾਂ ਤੇ ਨਾਦ ਦੇ ਸੰਗੀਤ ਵਿਚ, ਸ਼ੁਭ ਸ਼ਲੋਕਾਂ ਦਾ ਗਾਇਨ ਕਰਦੀ ਤੇ ਦੇਵਤਿਆਂ ਤੇ ਗ੍ਰਹਿਆਂ ਨੂੰ ਪੂਜਦੀ ਹੋਈ ਪ੍ਰਵੇਸ਼ ਕਰੇ। ਕੁਝ ਬਿਰਧ ਤੀਵੀਆਂ ਵੀ ਉਸ ਕੋਲ ਰਹਿਣ। ਜਦੋਂ ਬੱਚਾ ਜਨਮ ਲੈਣ ਲਗੇ ਤਾਂ ਗਰਭਵਤੀ ਨੂੰ ਪਿਠ ਦੇ ਭਾਰ ਲਿਟਾ ਦਿਤਾ ਜਾਵੇ। ਫਿਰ ਉਸ ਅਸਥਾਨ ਨੂੰ ਚੰਦਰੀਆਂ ਰੂਹਾਂ ਤੋਂ ਬਚਾਣ ਲਈ ਮੰਤ੍ਰ ਪੜ੍ਹੇ ਜਾਣ। ਇਕ ਬ੍ਰਾਹਮਣ ਘਰ ਦੀਆਂ ਸਭ ਗੰਢਾਂ ਖੋਲ੍ਹ ਦੇਵੇ। ਇਹ ਵਰਤਾਰਾ ਸਹਾਨੁਭੂਤੀ ਟੂਣੇ ਉਤੇ ਅਧਾਰਤ ਹੈ। ਮਾਰਕੰਡੇ ਪੁਰਾਣ ਅਨੁਸਾਰ ਛਿਲੇ ਵਾਲੇ ਕਮਰੇ ਵਿਚ ਅੱਗ, ਪਾਣੀ, ਆਸਾ, ਦੀਵਾ, ਹਥਿਆਰ (ਚਾਕੂ) ਜੈਫਲ ਦੀ ਛਿੱਲ ਅਤੇ ਤਿਲ ਰਖੇ ਜਾਣ। ਰੂਰਯੰਤੀ ਨਾਂ ਦਾ ਬੂਟਾ ਗਰਭਵਤੀ ਦੇ ਸਾਹਮਣੇ ਰਖਿਆ ਜਾਵੇ। ਜੇ ਇਹ ਚੀਜ਼ਾਂ, ਛਿਲੇ ਵਿਚ ਨਾ ਧਰੀਆਂ ਜਾਣ ਤਾਂ ਚੰਦਰੀਆਂ ਰੂਹਾਂ ਬੱਚੇ ਦੀ ਮਲੂਕ ਜਿੰਦ ਨੂੰ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਂਦੀਆਂ ਹਨ।

ਬੱਚੇ ਦੇ ਜਨਮ ਮਗਰੋਂ ਛਿਲੇ ਵਿਚ ਅਗਨੀ ਬਾਲੀ ਜਾਂਦੀ, ਜਿਸ ਵਿਚ ਚਾਵਲਾਂ ਦੇ ਦਾਣੇ ਤੇ ਸਰਹੋਂ ਦੇ ਬੀਜ ਸਟੇ ਜਾਂਦੇ। ਇਨਾਂ ਦੇ ਧੂੰਏ ਤੋਂ ਚੰਦਰੀਆਂ ਰੂਹਾਂ ਦੂਰ

ਗਰਮ ਨਹੀਂ ਕੀਤੀ ਜਾਂਦੀ, ਕਿਉਂ ਜੋ ਇਸ ਤਰ੍ਹਾਂ ਇਹ ਅਗਨੀ ਅਪਵਿਤਰ ਹੋ ਜਾਂਦੀ ਹੈ।

ਨਾੜੂਆ ਕੱਟਣ ਮਗਰੋਂ ਪਿਉ ਬੱਚੇ ਦੇ ਮੂੰਹ ਲਗਦਾ। ਬੱਚੇ ਦੇ ਮੂੰਹ ਲਗਣ ਸਾਰ ਪਿਉ ਸਾਰੇ ਧਾਰਮਿਕ ਰਿਣਾਂ ਤੋਂ ਮੁਕਤ ਹੋ ਜਾਂਦਾ। ਬੱਚੇ ਦਾ ਮੂੰਹ ਵੇਖ ਕੇ ਪਿਉ ਉਹ ਕਪੜਿਆਂ ਸਮੇਤ ਨਹਾਉਂਦਾ ਤੇ ਫਿਰ ਪਿੱਤਰਾਂ ਨੂੰ ਖ਼ੁਸ਼ ਕਰਨ ਲਈ ਨਾਂਦੀ ਸਰਾਧ ਕਰਦਾ। ਬ੍ਰਹਮ ਪੁਰਾਣ ਵਿਚ ਜਨਮ ਦੀਆਂ ਰੀਤਾਂ ਸਮੇਂ ਨਾਂਦੀ ਸਰਾਧ ਕਰਨਾ ਜ਼ਰੂਰੀ ਦਸਿਆ ਗਿਆ ਹੈ।

ਜਾਤ ਕਰਮ ਦੇ ਸ਼ੁਰੂ ਵਿਚ ਗੁੜ੍ਹਤੀ ਦੀ ਰਸਮ ਕੀਤੀ ਜਾਂਦੀ, ਜਿਸ ਦਾ ਮੰਤਵ ਬੱਚੇ ਦੀ ਬੁਧੀ ਨੂੰ ਤੀਖਣ ਕਰਨਾ ਹੈ। ਬੱਚੇ ਦਾ ਪਿਉ ਅੰਗੂਠੇ ਦੇ ਨਾਲ ਦੀ ਉਂਗਲ ਦੇ ਨਾਲ ਜਾਂ ਸੋਨੇ ਦੀ ਕਿਸੇ ਚੀਜ਼ ਨਾਲ, ਬੱਚੇ ਦੇ ਮੂੰਹ ਵਿਚ ਮਾਖਿਉਂ ਅਤੇ ਘਿਉ ਜਾਂ ਮਾਖਿਓਂ ਪਾਉਂਦਾ।

ਇਕ ਹੋਰ ਰੀਤ ਬੱਚੇ ਦੀ ਦੀਰਘ ਆਯੂ ਲਈ ਕੀਤੀ ਜਾਂਦੀ। ਧੁੰਨੀ ਦੇ ਕੋਲ ਜਾਂ ਬੱਚੇ ਦੇ ਸੱਜੇ ਕੰਨ ਕੋਲ ਦੀਰਘ ਆਯੂ ਲਈ ਪ੍ਰਾਰਥਨਾ ਕੀਤੀ ਜਾਂਦੀ ਤੇ ਉਨ੍ਹਾਂ ਵਸਤੂਆਂ ਦੇ ਨਾਉਂ ਲਏ ਜਾਂਦੇ ਜਿਨ੍ਹਾਂ ਦੀ ਆਯੂ ਦੀਰਘ ਹੋਵੇ, ਜਿਵੇਂ ਸੂਰਜ, ਸਮੁੰਦਰ, ਆਦਿ।

ਬੱਚੇ ਵਿਚ ਬਲ-ਪ੍ਰਾਕ੍ਰਮ ਵਧਾਉਣ ਲਈ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ। ਇਸ ਮਗਰੋਂ ਬੱਚੇ ਨੂੰ ਨਵ੍ਹਾ ਕੇ ਮਾਂ ਦਾ ਦੁੱਧ ਪਿਲਾਇਆ ਜਾਂਦਾ। ਸਭ ਰਸਮਾਂ ਦੇ ਖ਼ਤਮ ਹੋਣ 'ਤੇ ਬ੍ਰਾਹਮਣਾਂ ਨੂੰ ਦਾਨ ਦਿਤਾ ਜਾਂਦਾ।

## (ਜ-93) ਜ਼ਾਤਰਾ ਬੀਜ :

ਬਹਾਵਲਪੁਰ ਵਿਚ ਦੇਸ਼ ਦੀ ਵੰਡ ਤੋਂ ਪਹਿਲਾਂ ਹਿੰਦੂਆਂ ਵਿਚ ਮਨਾਇਆ ਜਾਂਦਾ ਇਕ ਪੁਰਬ। ਹੋਲੀ ਦੇ ਤਿਉਹਾਰ ਦੇ ਮਗਰੋਂ, ਪਹਿਲੇ ਸ਼ੁਕਰਵਾਰ ਨੂੰ ਦਰਿਆ ਦੇਵਤੇ ਦਾ ਜਨਮ ਦਿਨ ਮਨਾਇਆ ਜਾਂਦਾ ਅਤੇ ਦਰਿਆ ਦੇ ਕੰਢੇ ਭਾਰੀ ਮੇਲਾ ਲਗਦਾ। ਇਸ ਦਿਨ ਹਿੰਦੂ 'ਦਰਿਆ ਸਾਹਿਬ' ਦੀ ਪੂਜਾ ਕਰਦੇ ਤੇ ਭੇਟਾਂ ਚਾੜ੍ਹਦੇ ਹਨ। ਜਿਨ੍ਹਾਂ ਦੀਆਂ ਸੁਖਣਾਂ ਪੂਰੀਆਂ ਹੋਈਆਂ ਹੁੰਦੀਆਂ, ਉਹ ਕਾਨਿਆਂ ਦੀ ਬੇੜੀ ਬਣਾ ਕੇ ਤੇ ਉਸ ਵਿਚ ਦੀਵਾ ਜਗਾ ਕੇ ਜਲ-ਪ੍ਰਵਾਹ ਕਰਦੇ ਹਨ।

ਬਹਾਵਲਪੁਰ ਵਿਚ ਹਿੰਦੂ ਵਧੇਰੇ ਕਰ ਕੇ ਮੇਲੇ ਤੇ ਉਤਸ਼ਵ ਰਾਤ ਵੇਲੇ ਮਨਾਉਂਦੇ ਸਨ, ਜਿਸ ਦਾ ਇਕ ਕਾਰਨ ਇਹ ਸੀ ਕਿ ਹਿੰਦੂ

ਬਹਾਵਲਪੁਰ ਵਿਚ ਕੁਝ ਹੋਰ ਵਖਰੇ ਪੁਰਬ ਵੀ ਮਨਾਏ ਜਾਂਦੇ ਸਨ, ਜਿਵੇਂ ਦੀਵਾਲੀ ਦੇ ਤਿਉਹਾਰ ਤੋਂ ਨੌਂ ਦਿਨ ਮਗਰੋਂ 'ਪਰਦੱਖਣਾ' ਦਿਵਸ ਮਨਾਇਆ ਜਾਂਦਾ। 'ਪਰਦੱਖਣਾ' ਤੋਂ ਇਕ ਦਿਨ ਪਹਿਲਾਂ 'ਗੋਪ ਅਸ਼ਟਮੀ' ਮਨਾਈ ਜਾਂਦੀ। ਇਸ ਦਿਨ ਗਊ ਦੀ ਪੂਜਾ ਕੀਤੀ ਜਾਂਦੀ ਸੀ ਤੇ ਗਊਆਂ ਨੂੰ ਆਟੇ ਦੇ ਪੇੜੇ ਖਵਾਏ ਜਾਂਦੇ ਸਨ।

ਬਹਾਵਲਪੁਰ ਵਿਚ ਇਕ ਹੋਰ ਪੁਰਾਣਾ ਪੁਰਬ ਨਰਸਿੰਘ ਚੌਦਸ, ਜੇਠ ਦੀ ਚੌਦਸ ਨੂੰ ਮਨਾਇਆ ਜਾਂਦਾ। ਇਸ ਤਿੱਥ ਨੂੰ ਹਰਨਾਖਸ਼ ਨੂੰ ਮਾਰਨ ਲਈ ਨਰਸਿੰਘ ਨੇ ਅਵਤਾਰ ਧਾਰਨ ਕੀਤਾ ਸੀ (ਬਹਾਵਲਪੁਰ ਗਜ਼ਟੀਅਰ, ਪੰਨਾ 201)।

(ਜ-94) **ਜਾਦੂ-ਟੂਣਾ :**

1. ਜਾਦੂ-ਟੂਣਾ, ਸੁਭਾਵ ਵਿਚ ਵਿਚਿਤ੍ਰ ਅਤੇ ਰਹੱਸਮਈ ਹੋਣ ਕਰਕੇ, ਆਪਣੇ ਆਪ ਵਿਚ ਅਧਿਐਨ ਦਾ ਇਕ ਰੋਚਕ ਵਿਸ਼ਾ ਹੈ। ਜਾਦੂ ਟੂਣੇ ਨੂੰ ਅਸੀਂ ਭਾਵੇਂ ਇਕ ਕਾਲਾ ਅਤੇ ਖੰਡਿਤ ਇਲਮ ਮੰਨਦੇ ਹਾਂ, ਪਰ ਜੇ ਡੂੰਘੀ ਨਜ਼ਰੇ ਵੇਖੀਏ ਤਾਂ ਜਾਦੂ ਟੂਣੇ ਨੇ ਇਕ ਗੌਰਵਮਈ ਤੱਤ ਦੇ ਰੂਪ ਵਿਚ ਕਲਾ, ਸਾਹਿੱਤ ਅਤੇ ਧਰਮ ਦੇ ਵਿਕਾਸ ਵਿਚ, ਨਿੱਗਰ ਹਿੱਸਾ ਪਾਉਣ ਤੋਂ ਇਲਾਵਾ, ਮਨੁਖੀ ਸਭਿਆਚਾਰ ਨੂੰ ਸਮਰਿਧੀ ਵੀ ਬਖਸ਼ੀ ਹੈ। ਜਾਦੂ ਟੂਣਾ ਸਾਡੀ ਸਭਿਆਚਾਰਕ ਸਿਰਜਣਾ ਦੇ ਬਹੁ-ਪਖੇ ਪਸਾਰ ਵਿਚ, ਇਕ ਜੀਵੰਤ ਤੱਤ ਬਣ ਕੇ ਸਮਾਇਆ ਹੋਇਆ ਹੈ ਅਤੇ ਇਸ ਦੇ ਰਹੱਸਮਈ ਜਲੌ ਨਾਲ, ਮਨੁਖ ਜਾਤੀ ਨੇ ਅਨੇਕਾਂ ਰੂੜ੍ਹੀਆਂ ਨੂੰ ਰਚਿਆ, ਸਿੰਚਿਆ ਤੇ ਸਮ੍ਰਿਤ ਕੀਤਾ ਹੈ। ਲੋਕ-ਸੰਸਕ੍ਰਿਤੀ ਵਿਚ ਤਾਂ ਟੂਣਾ ਚਿੰਤਨ, ਅਜ ਵੀ ਇਕ ਪ੍ਰਵਾਹ ਬਣ ਕੇ ਫੈਲਿਆ ਹੋਇਆ ਹੈ ਅਤੇ ਜਿਵੇਂ ਧਰਤੀ ਨੂੰ ਜਿਥੋਂ ਕਿਤੋਂ ਵੀ ਪੁਟੀਏ, ਹੇਠੋਂ ਕਿਸੇ ਨਾ ਕਿਸੇ ਪੱਧਰ ਉਤੇ ਪਾਣੀ ਫੁੱਟ ਨਿਕਲਦਾ ਹੈ, ਉਸੇ ਤਰ੍ਹਾਂ ਲੋਕ-ਸੰਸਕ੍ਰਿਤੀ ਦੀ ਜਿਸ ਰੂੜ੍ਹੀ ਨੂੰ ਚਾਹੋ, ਉਧੇੜ ਵੇਖੋ, ਹੇਠੋਂ ਜੜ੍ਹ ਜਾਦੂ ਟੂਣੇ ਦੇ ਕਿਸੇ ਤੱਤ ਨਾਲ ਗਲੇਫੀ ਹੋਈ ਹੋਵੇਗੀ। ਧਰਮ ਦਾ ਜਨਮ, ਭਾਵੇਂ ਆਦਿਮ ਕਾਲ ਵਿਚ, ਜਾਦੂ ਟੂਣੇ ਦੇ ਵਧਦੇ ਪਖੰਡ ਦੇ ਪ੍ਰਤੀਕਰਮ ਵਜੋਂ ਹੋਇਆ, ਪਰ ਧਰਮ ਦੇ ਨਿਰਮਾਣ ਵਿਚ ਵੀ ਜਾਦੂ ਟੂਣੇ ਦੀਆਂ ਰੂੜ੍ਹੀਆਂ ਦਾ ਨਿੱਗਰ ਹਿੱਸਾ ਹੈ। ਧਰਮ ਦੇ ਕਈ ਸੰਕਲਪ ਜਾਦੂ ਚਿੰਤਨ ਦੇ ਹੀ ਸੋਧੇ ਸੰਵਾਰੇ ਹੋਏ ਰੂਪ ਹਨ ਅਤੇ ਬਹੁਤ ਸਾਰੇ ਕਰਮ-ਕਾਂਡ ਟੂਣੇ-ਟੱਪਿਆਂ ਦੇ। ਇਸੇ ਤਰ੍ਹਾਂ ਕਲਾ, ਨਿਰਤ ਅਤੇ ਕਾਵਿ ਦਾ ਉਦੈ ਵੀ ਜਾਦੂ ਦੇ ਕੁਝ

ਨਕਾਰਦੇ ਰਹੇ ਹਾਂ ਅਤੇ ਇਸ ਬਾਰੇ ਕਦੀ ਨਿੱਠ ਕੇ ਵਿਚਾਰ ਨਹੀਂ ਕੀਤੀ।

ਪਹਿਲਾਂ ਅਸੀਂ ਜਾਦੂ ਟੂਣੇ ਦੀ ਪ੍ਰਕ੍ਰਿਤੀ, ਮੂਲ ਤੱਤ ਤੇ ਮਹੱਤਾ ਆਦਿ ਤੋਂ ਇਲਾਵਾ ਉਸ ਦੀਆਂ ਉਨ੍ਹਾਂ ਰੂੜ੍ਹੀਆਂ ਉਤੇ ਵੀ ਵਿਚਾਰ ਕਰਾਂਗੇ ਜੋ ਕਲਾ, ਸਾਹਿਤ ਅਤੇ ਧਰਮ ਦੇ ਖੇਤਰ ਵਿਚ ਵਿਆਪਕ ਰੂਪ ਵਿਚ ਫੈਲੀਆਂ ਹੋਈਆਂ ਹਨ। ਕਿਉਂ ਜੋ ਟੂਣਾ-ਚਿੰਤਨ ਬਾਰੇ ਅਸਾਂ ਪੰਜਾਬੀ ਵਿਦਵਾਨਾਂ ਨੇ ਅਜੇ ਗੱਲ ਛੁਹੀ ਹੀ ਨਹੀਂ, ਇਸ ਲਈ ਸਾਧਾਰਨ ਪਰ ਬੁਨਿਆਦੀ ਗੱਲਾਂ 'ਤੇ ਵਿਚਾਰ ਕਰਨੀ ਲਾਜ਼ਮੀ ਹੈ।

ਜਾਦੂ-ਟੂਣੇ ਤੋਂ ਸਾਡਾ ਕੀ ਭਾਵ ਹੈ? ਇਸ ਗੱਲ ਦੀ ਵਿਆਖਿਆ ਕਰਨੀ ਸੌਖੀ ਨਹੀਂ। ਜਾਦੂ ਟੂਣੇ ਦਾ ਮੂਲ ਆਧਾਰ ਲੋਕ-ਮਨ ਦੀਆਂ ਪ੍ਰਵਿਰਤੀਆਂ ਹਨ ਅਤੇ ਇਸ ਵਿਚ ਕਈ ਲੋਕ-ਸੰਕਲਪ, ਜਿਵੇਂ ਕਿ ਜੜ੍ਹ ਵਸਤੂਆਂ ਵਿਚ ਆਤਮ-ਤਤ ਦੀ ਹੋਂਦ, ਸੂਖਮ ਤੇ ਨਿਰਾਕਾਰ ਵਸਤੂਆਂ ਦਾ ਅਦ੍ਰਿਸ਼ਟ ਰੂਪ ਵਿਚ ਕਾਇਆਧਾਰੀ ਹੋਣਾ; ਕਲਪਨਾ ਅਤੇ ਵਾਸਤਵਿਕਤਾ ਵਿਚ ਅਭੇਦਤਾ ਆਦਿ, ਜੋ ਲੋਕਧਾਰਾ ਦੀ ਸਿਰਜਣਾ ਵਿਚ ਬੁਨਿਆਦੀ ਤੱਤ ਮੰਨੇ ਜਾਂਦੇ ਹਨ, ਆਪਣੇ ਬਹੁਵਿਧ ਪਸਾਰੇ ਵਿਚ, ਸੰਜੁਗਤ ਹਨ। ਇਨ੍ਹਾਂ ਸਭ ਸੰਕਲਪਾਂ ਨੂੰ, ਸੰਜੁਗਤ ਰੂਪ ਵਿਚ, ਪਰਿਭਾਸ਼ਕ ਸ਼ਬਦਾਂ ਵਿਚ ਬੰਨ੍ਹਣਾ ਸਹਿਜ ਨਹੀਂ। ਇਨ੍ਹਾਂ ਸੰਕਲਪਾਂ ਤੋਂ ਇਲਾਵਾ ਜਾਦੂ ਟੂਣੇ ਦੀਆਂ ਕੁਝ ਆਪਣੀਆਂ ਵੀ ਮਨੌਤਾਂ ਹਨ, ਜਿਸ ਕਰਕੇ ਟੂਣਾ ਚਿੰਤਨ ਬੜਾ ਜਟਿਲ ਤੇ ਬਹੁ-ਪਰਤੀ ਪਸਾਰ ਗ੍ਰਹਿਣ ਕਰ ਗਿਆ ਹੈ, ਫਿਰ ਵੀ ਵਰਤੋਂ-ਵਿਹਾਰ ਲਈ ਕੋਈ ਪਰਿਭਾਸ਼ਾ ਤਾਂ ਨਿਸ਼ਚਿਤ ਕਰਨੀ ਹੀ ਪੈਂਦੀ ਹੈ। ਮੇਰੀ ਜਾਚੇ ਜਾਦੂ ਟੂਣਾ ਲੋਕ-ਮਨ ਦੀ ਇਕ ਵਚਿਤ੍ਰ ਕਲਾਤਮਿਕ ਪ੍ਰਵਿਰਤੀ ਹੈ, ਜੋ ਅਲੌਕਿਕ ਅਤੇ ਰਹੱਸਮਈ ਵਿਧੀਆਂ ਦੁਆਰਾ, ਪ੍ਰਾਕ੍ਰਿਤਕ ਅਤੇ ਪ੍ਰਾਣੀ ਜਗਤ ਦੀਆਂ ਘਟਨਾਵਾਂ ਦੇ ਕੁਦਰਤੀ ਪ੍ਰਵਾਹ ਨੂੰ ਪ੍ਰਭਾਵਿਤ ਕਰਕੇ, ਇੱਛਾ ਅਨੁਕੂਲ ਦਿਸ਼ਾ ਦੇਂਦੀ ਹੈ। ਸੰਖੇਪ ਵਿਚ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਜਾਦੂ ਟੂਣਾ ਪ੍ਰਾਕ੍ਰਿਤਕ ਦ੍ਰਿਸ਼ਟਮਾਨ ਅਤੇ ਪ੍ਰਾਣੀ ਜਗਤ ਦੇ ਵਿਹਾਰ ਉਤੇ ਰਹੱਸਮਈ ਵਿਧੀ ਨਾਲ ਵਸੀਕਾਰ ਪ੍ਰਾਪਤ ਕਰਨ ਦੀ ਕਲਾ ਹੈ। ਪ੍ਰਕ੍ਰਿਤੀ ਨੂੰ ਕੁਦਰਤੀ ਜਾਂ ਪ੍ਰਗਟ ਤੌਰ ਤਰੀਕੇ ਨਾਲ ਸੰਸਕ੍ਰਿਤੀ ਵਿਚ ਬਦਲਣਾ ਤਾਂ ਵਿਗਿਆਨ ਹੈ, ਪਰ ਪ੍ਰਕ੍ਰਿਤੀ ਨੂੰ ਰਹੱਸਮਈ ਢੰਗ ਨਾਲ ਸੰਸਕ੍ਰਿਤੀ ਵਿਚ ਬਦਲਣ ਦੀ ਕਿਰਿਆ ਜਾਦੂ-ਟੂਣਾ ਹੈ। ਜਾਦੂ ਟੂਣੇ ਦਾ ਸੰਸਾਰ ਵਾਸਤਵਿਕ ਸੰਸਾਰ

ਮਨੁੱਖ ਵਿਚ, ਪ੍ਰਾਕ੍ਰਿਤਕ ਸ਼ਕਤੀਆਂ ਉਤੇ ਕਾਬੂ ਪਾਉਣ ਅਤੇ ਉਨ੍ਹਾਂ ਨੂੰ ਆਪਣੀ ਇੱਛਾ ਦੇ ਅਨੁਕੂਲ ਢਾਲਣ ਦੀ ਚੇਸ਼ਟਾ, ਆਦਿ ਕਾਲ ਤੋਂ ਹੀ ਪ੍ਰਬਲ ਰਹੀ ਹੈ। ਇਸ ਇੱਛਾ ਦੀ ਪੂਰਤੀ ਲਈ ਮਨੁੱਖ ਨੇ ਵਿਗਿਆਨਕ ਅਤੇ ਗੈਰ-ਵਿਗਿਆਨਕ ਦੋਹਾਂ ਪੱਧਰਾਂ ਉਤੇ ਸਾਧਨਾ ਕੀਤੀ। ਵਿਗਿਆਨਕ ਸਾਧਨਾਂ ਨੇ ਸੰਸਕ੍ਰਿਤੀ ਨੂੰ ਜਨਮ ਦਿਤਾ। ਜਿਵੇਂ ਕਿ ਮਨੁਖ ਨੇ ਸਰਦੀ ਦੇ ਕਹਿਰ ਤੋਂ ਬਚਣ ਲਈ, ਦਰਖਤਾਂ ਦੀ ਖਾਲ ਨੂੰ ਛਿਲ ਕੇ, ਬਸਤਰ ਬਣਾ ਲਏ, ਜਾਂ ਦਰਖ਼ਤਾਂ ਦੀਆਂ ਟਹਿਣੀਆਂ ਅਤੇ ਘਾਹ ਫੂਸ ਦੀ ਮਦਦ ਨਾਲ ਟਪਰੀਆਂ ਖੜੀਆਂ ਕਰ ਲਈਆਂ। ਪਰ ਕੁਝ ਪ੍ਰਾਕ੍ਰਿਤਕ ਦ੍ਰਿਸ਼ਟਮਾਨ ਅਜਿਹੇ ਵੀ ਸਨ, ਜਿਨ੍ਹਾਂ ਉਤੇ ਵਿਗਿਆਨਕ ਢੰਗ ਨਾਲ ਕਾਬੂ ਪਾਉਣਾ ਮਨੁੱਖ ਦੀ ਵਸੋਂ ਬਾਹਰਾ ਸੀ, ਜਿਵੇਂ ਕਿ ਜੇ ਕਈ ਮਹੀਨੇ ਲਗਾਤਾਰ ਮੀਂਹ ਨਾ ਵਸੇ ਅਤੇ ਧਰਤੀ ਦੀ ਸਾਰੀ ਬਨਸਪਤੀ ਸੜ-ਸੁਕ ਜਾਵੇ, ਖਾਣ ਲਈ ਕੰਦਮੂਲ ਵੀ ਨਾ ਮਿਲੇ ਤਾਂ ਮਾਨਵ ਮੀਂਹ ਦੀ ਪ੍ਰਾਪਤੀ ਲਈ ਕੀ ਕਰੇ ? ਅਜਿਹੀ ਸਥਿਤੀ ਵਿਚ ਮਨੁਖ ਲਈ, ਰਹੱਸਮਈ ਵਿਧੀਆਂ ਦਾ ਆਸਰਾ ਲੈਣਾ ਸਹਿਜ ਸੀ, ਕਿਉਂ ਜੋ ਉਸ ਦੀ ਧਾਰਨਾ ਸੀ ਕਿ ਬੱਦਲਾਂ ਦੇ ਪਿਛੇ ਜੋ ਆਤਮ-ਤੱਤ ਹੈ, ਉਹੋ ਹੀ ਇਸ ਮੀਂਹ ਨੂੰ ਪੈਣ ਤੋਂ ਰਹੱਸਮਈ ਢੰਗ ਨਾਲ ਰੋਕ ਰਿਹਾ ਹੈ। ਜਾਦੂ ਦਾ ਜਨਮ ਭਾਵੇਂ ਪ੍ਰਕ੍ਰਿਤੀ ਦੇ ਵਿਗਿਆਨਕ ਸੁਭਾਵ ਨੂੰ ਸਮਝਣ ਦੀ ਅਸਮਰਥਾ ਕਾਰਨ, ਅਤੇ ਕੁਝ ਭੁਲੇਖੇ ਭਰੀਆਂ ਧਾਰਨਾਵਾਂ ਤੋਂ ਹੋਇਆ, ਪਰ ਇਹ ਕਲਾ ਮਨੁੱਖ ਦੀ ਪ੍ਰਕ੍ਰਿਤੀ ਨਾਲ ਜੂਝਣ ਦੇ ਦ੍ਰਿੜ੍ਹ ਇਰਾਦੇ ਦਾ ਫਲ ਸੀ। ਪ੍ਰਕ੍ਰਿਤੀ ਦੀ ਅਸੀਮ ਸ਼ਕਤੀ ਨੂੰ ਵਸ ਵਿਚ ਕਰਨ ਲਈ, ਜਾਦੂ ਟੂਣਾ ਆਦਿਮ ਮਾਨਵ ਦੀ ਅਲਪਬੁੱਧੀ ਦਾ ਇਕ ਯਤਨ ਸੀ। ਇਸ ਤਰ੍ਹਾਂ ਵੇਖਿਆਂ ਜਾਦੂ ਦੀ ਉਤਪਤੀ ਮਾਨਵ ਦੀ ਸਵੈ-ਰਖਿਆ ਦੀ ਭਾਵਨਾ ਤੋਂ ਹੋਈ। ਮਨੁੱਖ ਦਾ ਸਭ ਤੋਂ ਪਹਿਲਾਂ ਬਲਵਾਨ ਮਿੱਤਰ ਅਤੇ ਸ਼ਤਰੂ ਪ੍ਰਕ੍ਰਿਤੀ ਸੀ, ਜੋ ਬੜੇ ਤੇਜਵਾਨ, ਬਲਕਾਰ ਤੇ ਵਿਰਾਟ ਰੂਪ ਵਿਚ, ਉਸ ਦੇ ਚਾਰ ਚੁਫੇਰੇ ਫੈਲੀ ਹੋਈ ਸੀ। ਪ੍ਰਕ੍ਰਿਤੀ ਤੋਂ ਮਾਨਵ ਨੂੰ ਸੁਖ ਆਨੰਦ ਅਤੇ ਜ਼ਿੰਦਾ ਰਹਿਣ ਲਈ, ਅੰਨ-ਜਲ ਤੇ ਪੌਣ ਦੀ ਪ੍ਰਾਪਤੀ ਹੁੰਦੀ ਸੀ, ਪਰ ਪ੍ਰਕ੍ਰਿਤੀ ਵਿਕਰਾਲ ਰੂਪ ਧਾਰ ਕੇ, ਜਦੋਂ ਮੀਂਹ ਝੱਖੜ ਲਿਆਂਦੀ ਤਾਂ ਮਨੁੱਖ ਲਈ ਸੰਕਟ ਵੀ ਪੈਦਾ ਕਰ ਦਿੰਦੀ। ਸੋ ਮਾਨਵ ਨੇ ਸਵੈ-ਰਖਿਆ ਲਈ, ਪ੍ਰਕ੍ਰਿਤੀ ਨੂੰ ਸ਼ਬਦਾਂ ਅਤੇ ਕਰਮ-ਕਾਂਡਾਂ ਦੀ ਰਹੱਸਮਈ ਸ਼ਕਤੀ ਨਾਲ ਪ੍ਰਭਾਵਿਤ ਕਰ ਕੇ, ਆਪਣੀ ਇੱਛਾ ਅਨੁਕੂਲ ਢਾਲਣਾ ਚਾਹਿਆ। ਇਸ ਤਰ੍ਹਾਂ ਆਦਿਮ

ਆਤਮ-ਤੱਤ ਦਾ ਵਿਸ਼ਵਾਸ ਆਦਿ ਸੰਕਲਪ ਸਮਾਏ ਹੋਏ ਸਨ, . ਅਤੇ ਅਜਿਹੀ ਲੋਕ-ਮਨ ਵਾਲੀ ਚੇਤਨਾ ਵਿਚ ਜਾਦੂ-ਟੂਣਾ ਦਾ ਸੰਕਲਪ ਉਦੈ ਹੋਣਾ ਸਹਿਜ ਸੀ।

ਜੁੱਗਾਂ ਦੇ ਲੰਮੇ ਸਫ਼ਰ ਵਿਚ, ਆਦਿਮ ਮਾਨਵ ਨੇ, ਜਿਸ ਛਿਣ ਪ੍ਰਕ੍ਰਿਤੀ ਵਿਚ ਕਿਸੇ ਜੀਵੰਤ ਆਤਮ-ਤਤ ਦੀ ਹੋਂਦ ਮਹਿਸੂਸ ਕੀਤੀ, ਉਸੇ ਅਹਿਮ ਬਿੰਦੂ ਤੋਂ ਲੋਕਧਾਰਾ ਦਾ ਮੁੱਢ ਬੱਝਿਆ ਅਤੇ ਜਿਸ ਪਲ ਮਨੁੱਖ ਵਿਚ ਉਸ ਆਤਮ-ਤੱਤ ਨੂੰ ਰਹੱਸਮਈ ਵਿਧੀ ਨਾਲ ਵਸ ਵਿਚ ਕਰਨ ਦੀ ਚੇਸ਼ਟਾ ਪੈਦਾ ਹੋਈ, ਉਸੇ ਨੁਕਤੇ ਤੋਂ ਜਾਦੂ ਟੂਣੇ ਦਾ ਉਦੈ ਹੋਇਆ, ਅਤੇ ਜਿਸ ਘੜੀ ਮਨੁਖ ਨੇ ਇਸ ਰਹੱਸਮਈ ਤੱਤ ਨੂੰ ਪੂਜਣਾ ਅਰੰਭਿਆ, ਉਸ ਅਹਿਮ ਮੋੜ ਤੇ ਧਰਮ ਨੇ ਜਨਮ ਲਿਆ। ਮਿਸਾਲ ਦੇ ਤੌਰ ਤੇ ਬੱਦਲਾਂ ਦੇ ਪਿਛੇ ਕਿਸੇ ਆਤਮ ਤਤ ਦੀ ਹੋਂਦ ਮੰਨਣ ਦੇ ਵਿਸ਼ਵਾਸ ਨਾਲ ਲੋਕਧਾਰਾ ਦਾ ਆਰੰਭ ਹੋਇਆ ਅਤੇ ਲੰਮੇ ਸੋਕੇ ਮਗਰੋਂ ਬੱਦਲਾਂ ਨੂੰ ਪੈਦਾ ਕਰਨ ਲਈ, ਜਦੋਂ ਮਨੁਖ ਦੇ ਇਕ ਸਮੂਹ ਨੇ ਨਾਚ ਦੁਆਰਾ ਮੀਂਹ ਵਿਗੁਤੇ ਦ੍ਰਿਸ਼ਟਮਾਨ ਦਾ ਅਨੁਕਰਣ ਰਚਿਆ, ਜਿਸ ਵਿਚ ਨਚਦੇ ਹੋਏ ਉਨ੍ਹਾਂ ਨੇ ਇਕ ਦੂਜੇ ਉਤੇ ਪਾਣੀ ਦੇ ਛੱਟੇ ਮਾਰੇ। ਢੋਲ ਤੇ ਹੋਰ ਸਾਜ਼ਾਂ ਨਾਲ ਬਿਜਲੀ ਦੀ ਗੜਕਣ ਦੀ ਧੁਨੀ ਪੈਦਾ ਕੀਤੀ। ਮੋਰ ਦੇ ਪੰਖ ਬੰਨ੍ਹ ਕੇ ਮੋਰ-ਨ੍ਰਿਤ ਕੀਤਾ, ਡੱਡੂ ਬਣ ਕੇ ਟਰੋਂ ਟਰੋਂ ਦੀ ਗੁੰਜਾਰ ਕਢੀ ਅਤੇ ਇਸ ਤਰ੍ਹਾਂ ਦੇ ਅਨੁਕਰਣ ਦੁਆਰਾ, ਬੱਦਲਾਂ ਨੂੰ ਮੀਂਹ ਵਸਾਣ ਦਾ ਆਦੇਸ਼ ਦਿਤਾ ਤਾਂ ਟੂਣੇ ਨੇ ਜਨਮ ਲਿਆ। ਫਿਰ ਜਦੋਂ ਮਾਨਵ ਨੇ .ਬੱਦਲਾਂ ਪਿਛੇ ਛੁਪੇ ਆਤਮ-ਤਤ ਨੂੰ ਦੇਵ ਰੂਪ ਮੰਨ ਕੇ, ਉਸ ਅਗੇ ਬਾਰਸ਼ ਲਈ ਪ੍ਰਾਰਥਨਾ ਤੇ ਅਰਜੋਈਆਂ ਕੀਤੀਆਂ ਤਾਂ ਸ੍ਰਿਸ਼ਟੀ ਉਤੇ ਧਰਮ ਦਾ ਉਦੈ ਹੋਇਆ।

ਮਨੁੱਖ ਨੇ ਜਾਦੂ ਟੂਣੇ ਨੂੰ ਇਕ ਰਹੱਸਮਈ ਸੰਦ ਵਜੋਂ, ਪ੍ਰਕ੍ਰਿਤੀ ਦੇ ਵਿਰੁਧ ਸੰਘਰਸ਼ ਵਿਚ ਕੰਮ ਲਿਆਂਦਾ। ਭਾਵੇਂ ਉਸ ਨੇ ਜਾਦੂ ਟੂਣੇ ਦੁਆਰਾ ਪ੍ਰਕ੍ਰਿਤੀ ਨੂੰ ਵਸ ਵਿਚ ਕਰਨ ਦਾ ਭਰਮ ਸਿਰਜਿਆ, ਪਰ ਇਹਦੇ ਨਾਲ ਮਾਨਵ ਨੂੰ ਇਕ ਨਵੇਂ ਮਨੋਬਲ ਦੀ ਪ੍ਰਾਪਤੀ ਹੋਈ ਅਤੇ ਇਕ ਨਵੀਂ ਚੇਤਨਾ ਅੰਦਰੋਂ ਜਾਗੀ। ਇਸੇ ਲਈ ਜਾਦੂ-ਟੂਣਾ ਪ੍ਰਕ੍ਰਿਤੀ ਤੋਂ ਸੰਸਕ੍ਰਿਤੀ ਵਲ ਦੀ ਯਾਤਰਾ ਵਿਚ ਇਕ ਅਹਿਮ ਕਦਮ ਸੀ।

ਜਾਦੂ ਦੀ ਕਲਾ ਕੁਝ ਗੱਲਾਂ ਮਿੱਥ ਕੇ ਤੁਰਦੀ ਹੈ। ਇਨ੍ਹਾਂ ਵਿਲੱਖਣ ਅਤੇ ਰੋਚਕ, ਪਰ ਪੂਰਵ-ਵਿਵੇਕੀ ਮਾਨਤਾਵਾਂ ਉਤੇ ਟੂਣੇ ਦਾ ਸਾਰਾ ਅਡੰਬਰ ਖੜਾ ਹੈ। ਪਹਿਲੀ ਗੱਲ ਤਾਂ

ਲਿਆਂਦੇ ਜਾ ਸਕਦੇ ਹਨ ।

ਪਰ ਧਰਮ ਜਿਵੇਂ ਕਿ ਅਗੇ ਚਲ ਕੇ ਵੇਖਾਂਗੇ ਟੂਣੇ ਨਾਲੋਂ ਵਖਰੇ ਵਿਚਾਰਾਂ ਦਾ ਧਾਰਨੀ ਹੈ। ਧਰਮ ਇਹ ਮਿਥ ਕੇ ਚਲਦਾ ਹੈ ਕਿ ਬ੍ਰਹਿਮੰਡ ਦੇ ਪਿਛੇ ਅਦ੍ਰਿਸ਼ਟ ਰੂਪ ਵਿਚ ਕੋਈ ਚੇਤਨ ਅਤੇ ਵਿਅਕਤਕ ਸ਼ਕਤੀ ਅਥਵਾ ਸ਼ਕਤੀਆਂ ਕਾਰਜਸ਼ੀਲ ਹਨ, ਜਿਨ੍ਹਾਂ ਦੀ ਇੱਛਾ ਬਗ਼ੈਰ ਕੁਝ ਵੀ ਨਹੀਂ ਵਾਪਰ ਸਕਦਾ। ਇਥੇ ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਧਰਮ ਵੀ ਟੂਣੇ ਵਾਂਗ ਇਸ ਗੱਲ ਵਿਚ ਵਿਸ਼ਵਾਸ ਰਖਦਾ ਹੈ ਕਿ ਕੁਦਰਤ ਦੇ ਨੇਮਾਂ ਨੂੰ ਬਦਲਿਆ ਜਾ ਸਕਦਾ ਹੈ। ਪਰ ਦੋਹਾਂ ਦੀ ਦ੍ਰਿਸ਼ਟੀ ਵਿਚ ਬੜਾ ਅੰਤਰ ਹੈ। ਟੂਣੇ ਦੇ ਕਾਰਜ ਵਿਚ ਮੰਤਰ ਜਾਂ ਕਰਮ-ਕਾਂਡਾਂ ਦੁਆਰਾ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਆਦੇਸ਼ ਦਿਤਾ ਜਾਂਦਾ ਹੈ। ਇਸੇ ਦੇ ਉਲਟ ਧਰਮ ਵਿਚ ਅਰਾਧਨਾ ਤੇ ਪ੍ਰਾਰਥਨਾ ਦੁਆਰਾ ਦੈਵੀ ਸ਼ਕਤੀਆਂ ਨੂੰ ਪ੍ਰਸੰਨ ਕਰਕੇ, ਉਨ੍ਹਾਂ ਦੀ ਬਖ਼ਸ਼ਿਸ਼ ਮੰਗੀ ਜਾਂਦੀ ਹੈ। ਫਲ ਈਸ਼ਵਰ ਦੀ ਰਜ਼ਾ ਉਤੇ ਛਡ ਦਿਤਾ ਜਾਂਦਾ ਹੈ।

ਇਸ ਪੱਖ ਤੋਂ ਵਿਗਿਆਨ ਦੀ ਪ੍ਰਕ੍ਰਿਤੀ ਧਰਮ ਅਤੇ ਟੂਣਾ ਚਿੰਤਨ, ਦੋਹਾਂ ਨਾਲੋਂ ਅਡਰੀ ਹੈ। ਵਿਗਿਆਨ ਅਨੁਸਾਰ, ਪ੍ਰਕ੍ਰਿਤੀ ਨੇਮ ਵਿਚ ਬੱਝੀ ਹੋਈ ਕਾਰਜਸ਼ੀਲ ਹੈ ਅਤੇ ਇਨ੍ਹਾਂ ਨੇਮਾਂ ਵਿਚ ਕੋਈ ਪਰਿਵਰਤਨ ਨਹੀਂ ਲਿਆਂਦਾ ਜਾ ਸਕਦਾ। ਪਾਣੀ ਹਮੇਸ਼ਾ ਹੀ ਕਿਸੇ ਵਸਤੂ ਨੂੰ ਡੋਬਦਾ ਹੈ, ਅਗਨੀ ਸਾੜ ਕੇ ਸਵਾਹ ਕਰਦੀ ਹੈ। ਟੂਣਾ-ਚਿੰਤਨ ਅਨੁਸਾਰ ਇਹ ਨੇਮ ਆਦੇਸ਼ਾਂ ਦੁਆਰਾ ਬਦਲੇ ਜਾ ਸਕਦੇ ਹਨ। ਮੰਤਰਾਂ ਦੁਆਰਾ ਪਾਣੀ ਉਤੇ ਇਉਂ ਤੁਰਿਆ ਜਾ ਸਕਦਾ ਹੈ ਜਿਵੇਂ ਕੋਈ ਭੋਇੰ ਉਤੇ ਵਿਚਰ ਰਿਹਾ ਹੋਵੇ; ਅੱਗ ਸਾੜਨ ਦੀ ਥਾਂ ਸਿਰਜਣਾ ਕਰ ਸਕਦੀ ਹੈ। ਸਿਰਫ਼ ਰਹੱਸਮਈ ਵਿਧੀ ਦਾ ਗਿਆਨ ਹੋਣਾ ਚਾਹੀਦਾ ਹੈ। ਜਾਂ ਫਿਰ ਪਾਣੀ ਅਤੇ ਅਗਨੀ ਦੇ ਆਤਮ ਤਤ ਉਤੇ ਵਸੀਕਾਰ ਪ੍ਰਾਪਤ ਕਰਨ ਦੀ ਲੋੜ ਹੈ। ਧਰਮ ਵੀ ਇਸ ਗੱਲ ਨੂੰ ਪ੍ਰਵਾਨ ਕਰਦਾ ਹੈ ਕਿ ਜੇ ਦੇਵੀ ਦੇਵਤਿਆਂ ਦੀ ਬਖ਼ਸ਼ਿਸ਼ ਹੋਵੇ ਤਾਂ ਵਸਤੂ ਨੂੰ ਜਲ ਨਹੀਂ ਡੋਬਦਾ ਅਤੇ ਅਗਨੀ ਪ੍ਰਾਣੀ ਨੂੰ ਸਾੜਦੀ ਨਹੀਂ। ਪ੍ਰਹਿਲਾਦ ਨੂੰ ਹਰਨਾਖਸ਼ ਦੇ ਹੁਕਮ ਨਾਲ, ਲੋਹੇ ਦੀ ਭੱਖਦੀ ਥੰਮੀ ਨਾਲ, ਜਦੋਂ ਬੰਨ੍ਹਿਆ ਜਾਣ ਲਗਾ ਤਾਂ ਉਸ ਨੇ ਉਸ ਥੰਮੀ ਉਤੇ ਇਕ ਕੀੜੀ ਤੁਰਦੀ ਵੇਖੀ। ਇਸ ਨੂੰ ਦੈਵੀ ਸੰਕੇਤ ਮੰਨ ਕੇ ਪ੍ਰਹਿਲਾਦ ਨੇ ਵੀ ਥੰਮੀ ਨਾਲ ਜੱਫੀ ਪਾ ਲਈ ਅਤੇ

ਹਨ। ਇਕ ਘਟਨਾ ਦੇ ਫਲਸਰੂਪ ਕੋਈ ਦੂਜੀ ਘਟਨਾ, ਬਿਨਾਂ ਕਿਸੇ ਅਧਿਆਤਮਕ ਸ਼ਕਤੀ ਦੀ ਦਖ਼ਲ ਅੰਦਾਜ਼ੀ ਦੇ, ਸੁਤੇ-ਸਿਧ ਹੀ ਵਾਪਰਦੀ ਹੈ। ਇਸ ਲਈ ਜੇ ਮੰਤਰਾਂ, ਜੰਤਰਾਂ, ਟੂਣੇ, ਕਰਮ ਕਾਂਡਾਂ ਜਾਂ ਰੀਤਾਂ ਦੁਆਰਾ ਕਿਸੇ ਕਾਰਨ ਦੀ ਸਥਿਤੀ ਪੈਦਾ ਕੀਤੀ ਜਾਵੇ ਤਾਂ ਫਲ ਵਜੋਂ ਕਾਰਜ ਸਹਿਜ ਰੂਪ ਵਿਚ ਹੋਂਦ ਵਿਚ ਆਉਂਦਾ ਹੈ। ਕਾਰਜ ਤੇ ਕਾਰਨ ਰਹੱਸਮਈ ਰਾਬਤੇ ਦੁਆਰਾ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ। ਜੇ ਅਸੀਂ ਕਲਾ ਦੁਆਰਾ ਕਿਸੇ ਵਸਤੂ ਨੂੰ ਸਿਰਜੀਏ ਤਾਂ ਉਸ ਕਲਾ ਵਸਤੂ ਵਿਚ ਮੂਲ ਜਗਤ-ਵਸਤੂ ਆਪਣੇ ਪੂਰੇ ਪਸਾਰੇ ਵਿਚ ਵਿਦਮਾਨ ਹੋਵੇਗੀ। ਕਲਾ ਕਿਰਤ ਨੂੰ ਵਸਤੂ ਬਣਨ ਲਈ ਕੇਵਲ ਮੰਤਰਾਂ ਤੇ ਕਰਮ-ਕਾਂਡਾਂ ਵਿਚੋਂ ਦੀ ਲੰਘਣਾ ਪੈਂਦਾ ਹੈ। ਕਲਾ ਕਿਰਤ ਵਿਚ ਜਗਤ-ਵਸਤੂ ਅਦ੍ਰਿਸ਼ਟ ਰੂਪ ਵਿਚ ਸਮਾਈ ਹੁੰਦੀ ਹੈ। ਕੇਵਲ ਉਸ ਨੂੰ ਸਮੂਰਤ ਅਤੇ ਸਥੂਲ ਸ਼ਕਲ ਵਿਚ ਲਿਆਉਣ ਲਈ, ਰਹੱਸਮਈ ਵਿਧੀ ਦੀ ਸਮਝ ਹੋਣੀ ਚਾਹੀਦੀ ਹੈ।

ਕਲਾ ਕਿਰਤ ਨੂੰ ਮੂਲ ਵਸਤੂ ਦੇ ਰੂਪ ਵਿਚ ਢਾਲਣ ਦੀ ਪ੍ਰਕ੍ਰਿਆ ਵਿਚ ਅਨੁਕਰਣ ਜਾਂ 'ਸਹਿ ਤੋਂ ਸਹਿ ਦੀ ਉਤਪਤੀ' ਦੇ ਕਰਮ ਕਾਂਡ ਦੀ ਬੜੀ ਵਡਿਆਈ ਹੈ ਅਥਵਾ ਅਨੁਕਰਣ ਟੂਣਾ ਚਿੰਤਨ ਵਿਚ ਬੜਾ ਮਹੱਤਵਪੂਰਨ ਮਾਧਿਅਮ ਹੈ। ਵੈਸੇ ਵੀ ਅਨੁਕਰਣ ਨੇ ਮਨੁਖੀ ਸੰਸਕ੍ਰਿਤੀ ਦੇ ਵਿਕਾਸ ਵਿਚ ਬੜੀ ਅਹਿਮ ਭੂਮਿਕਾ ਨਿਭਾਈ ਹੈ। ਅਨੁਕਰਣ ਮੁਢੋਂ ਹੀ ਮਨੁਖ ਦੇ ਸੁਭਾਵ ਵਿਚ ਰਚਿਆ ਹੋਇਆ ਹੈ। ਮਨੁਖਾਂ ਨੇ ਬਹੁਤੀ ਪ੍ਰਾਪਤੀ ਨਕਲ ਦੁਆਰਾ ਹੀ ਕੀਤੀ ਹੈ। ਜਾਦੂ ਟੂਣੇ ਦਾ ਹੀ ਨਹੀਂ—ਸਾਹਿੱਤ, ਕਲਾ ਅਤੇ ਨਾਚ-ਸੰਗੀਤ ਦਾ ਮੁੱਢ ਵੀ ਅਨੁਕਰਣ ਤੋਂ ਹੀ ਬਝਿਆ। ਕਾਵਿ ਤੇ ਕਲਾ ਆਦਿ ਨੂੰ ਜੀਵਨ ਦਾ ਅਨੁਕਰਣ ਹੀ ਮੰਨਿਆ ਗਿਆ ਹੈ। ਕੋਈ ਕਲਾਕਾਰ ਜਾਂ ਪ੍ਰਤਿਭਾਸ਼ਾਲੀ ਵਿਅਕਤੀ, ਜੋ ਕੁਝ ਜੀਵਨ ਵਿਚ ਵੇਖਦਾ ਹੈ, ਉਸੇ ਵਸਤੂ ਨੂੰ ਉਹ ਆਪਣੀ ਕਲਾ ਦੇ ਵਿਸ਼ੇਸ਼ ਸੰਦਾਂ—ਸ਼ਬਦਾਂ, ਲਕੀਰਾਂ, ਸੰਕੇਤਾਂ ਜਾਂ ਧੁਨੀਆਂ ਦੇ ਮਾਧਿਅਮ ਦੁਆਰਾ ਸਾਹਿਤ, ਕਲਾ, ਨਿਰਤ ਜਾਂ ਸੰਗੀਤ ਵਿਚ ਸਮੂਰਤ ਕਰਦਾ ਹੈ। ਇਸ ਤਰ੍ਹਾਂ ਵਾਸਤਵਿਕ ਵਸਤੂ, ਕਲਾ ਵਿਚ ਇਕ ਅਵਾਸਤਵਿਕ ਸਰੂਪ ਗ੍ਰਹਿਣ ਕਰਦੀ ਹੈ। ਕਲਾ ਦੀ ਯਾਤਰਾ ਵਾਸਤਵਿਕਤਾ ਤੋਂ ਅਵਾਸਤਵਿਕਤਾ ਵਲ ਦੀ ਹੈ। ਕਦੇ ਸਮੂਰਤ ਵਸਤੂ ਅਮੂਰਤ ਹੋ ਜਾਂਦੀ ਹੈ ਅਤੇ ਕਦੇ ਅਮੂਰਤ ਸਮੂਰਤ। ਪਰ ਉਹ

ਇਸ ਦੇ ਉਲਟ ਜਾਦੂ ਟੂਣੇ ਦੀ ਕਲਾ ਵਿਚ, ਅਨੁਕਰਣ ਦੀ ਯਾਤਰਾ ਅਵਾਸਤਵਿਕਤਾ ਤੋਂ ਵਾਸਤਵਿਕਤਾ ਵਲ ਦੀ ਹੈ। ਇਥੇ ਕਲਾ ਵਸਤੂ ਨੇ ਜਗਤ ਵਸਤੂ ਦਾ ਰੂਪ ਧਾਰਨ ਕਰਨਾ ਹੁੰਦਾ ਹੈ। ਇਥੇ ਵਿਆਖਿਆ ਲਈ ਇਕ ਉਦਾਹਰਣ ਦਿਤੀ ਜਾਂਦੀ ਹੈ। ਟੂਣਾ ਚਿੰਤਨ ਅਨੁਸਾਰ ਜੇ ਕਿਸੇ ਤੀਵੀਂ ਦੇ ਘਰ ਸੰਤਾਨ ਨਾ ਹੁੰਦੀ ਹੋਵੇ, ਤਾਂ ਜੇ ਉਹ ਤੀਵੀਂ ਕਪੜੇ ਦਾ ਗੁੱਡਾ ਬਣਾ ਕੇ, ਉਸ ਨੂੰ ਬੱਚੇ ਵਾਂਗ ਗੋਦ ਵਿਚ ਲਏ, ਖਿਡਾਵੇ, ਦੁੱਧ ਚੁੰਘਾਵੇ ਤੇ ਲੋਰੀਆਂ ਦੇ ਦੇ ਕੇ ਸੁਲਾਵੇ ਤਾਂ ਇਸ ਅਨੁਕਰਣ ਸਦਕਾ ਸੁਤੇ ਸਿਧ ਉਸ ਦੀ ਕੁੱਖ ਹਰੀ ਹੋ ਸਕਦੀ ਹੈ। ਇਸ ਚਿੰਤਨ ਅਨੁਸਾਰ ਪ੍ਰਕ੍ਰਿਤੀ ਵੀ ਅਨੁਕਰਣ ਕਰਦੀ ਹੈ ਅਤੇ ਕਲਾ-ਜਗਤ ਨੂੰ ਵਸਤੂ-ਜਗਤ ਵਿਚ ਬਦਲ ਦੇਂਦੀ ਹੈ। ਪ੍ਰਕ੍ਰਿਤੀ ਇਕ ਸ਼ੀਸ਼ੇ ਵਾਂਗ ਹੈ ਜਿਸ ਵਿਚ ਜੋ ਅਨੁਕਰਣ ਮਨੁਖ ਸਿਰਜੇ, ਉਸ ਨੂੰ ਉਹ ਸਹਿਜ ਰੂਪ ਵਿਚ ਪ੍ਰਤਿਬਿੰਬਤ ਹੀ ਨਹੀਂ ਕਰਦੀ, ਉਸ ਨੂੰ ਸਾਕਾਰਤਾ ਜਾਂ ਭੌਤਿਕ ਰੂਪ ਵੀ ਪ੍ਰਦਾਨ ਕਰ ਦੇਂਦੀ ਹੈ। ਅਨੁਕਰਣ ਦਾ ਮੂਲ ਵਸਤੂ ਨਾਲ ਇਕ ਅਟੁਟ ਜਿਹਾ ਰਹੱਸਮਈ ਰਾਬਤਾ ਹੈ। ਫਲਸਰੂਪ ਕਲਾ ਦੁਆਰਾ ਸਿਰਜੇ ਕਿਸੇ ਦ੍ਰਿਸ਼ਟਮਾਨ ਨੂੰ, ਉਹ ਸਮੂਰਤ ਭੌਤਿਕ ਰੂਪ ਵਿਚ ਬਦਲ ਦਿੰਦੀ ਹੈ। ਸੋ ਉਪਰੋਕਤ ਚਿੰਤਨ ਤੋਂ ਇਹ ਸਿਧਾਂਤ ਉਪਜਿਆ ਹੈ ਕਿ ਸਹਿ ਤੋਂ ਸਹਿ ਦੀ ਉਤਪਤੀ ਹੁੰਦੀ ਹੈ ਅਤੇ ਕਿਸੇ ਵਸਤੂ ਜਾਂ ਸਥਿਤੀ ਉਤੇ ਕਾਬੂ ਪਾ ਲੈਣ ਦਾ ਭਰਮ ਪੈਦਾ ਕਰਨ ਨਾਲ, ਉਹ ਵਸਤੂ ਜਾਂ ਸਥਿਤੀ ਵਾਸਤਵਿਕ ਰੂਪ ਵਿਚ ਕਾਬੂ ਆ ਜਾਂਦੀ ਹੈ।

ਤੀਜਾ, ਟੂਣਾ ਚਿੰਤਨ ਇਹ ਗੱਲ ਵੀ ਮਿੱਥ ਕੇ ਤੁਰਦਾ ਹੈ ਕਿ ਜੇ ਕਿਸੇ ਇਕ ਵਸਤੂ ਦਾ ਕਿਸੇ ਦੂਜੀ ਵਸਤੂ ਨਾਲ, ਕਦੇ ਵੀ ਸਬੰਧ ਰਿਹਾ ਹੋਵੇ, ਭਾਵੇਂ ਕੁਝ ਛਿਣ ਲਈ ਤੇ ਭਾਵੇਂ ਦੀਰਘ ਕਾਲ ਲਈ, ਤਾਂ ਉਸ ਵਸਤੂ ਦੇ ਮੂਲ ਨਾਲੋਂ ਵਖ ਹੋਣ ਦੇ ਬਾਵਜੂਦ ਵੀ, ਦੋਹਾਂ ਵਿਚ ਰਹੱਸਮਈ ਢੰਗ ਨਾਲ ਰਾਬਤਾ ਕਾਇਮ ਰਹਿੰਦਾ ਹੈ। ਭੌਤਿਕ ਤੌਰ ਤੇ ਅੱਡ ਹੋ ਕੇ ਵੀ, ਵਸਤੂ ਰਹੱਸਮਈ ਢੰਗ ਨਾਲ ਮੂਲ ਨਾਲ ਜੁੜੀ ਰਹਿੰਦੀ ਹੈ। ਮਿਸਾਲ ਦੇ ਤੌਰ ਤੇ ਜੇ ਕਿਸੇ ਪ੍ਰਾਣੀ ਦੇ ਨਾਖ਼ੁਨ, ਵਾਲ, ਮਾਸ ਦੀ ਕੋਈ ਬੋਟੀ ਅਤੇ ਹੱਡੀ ਆਦਿ ਉਸ ਨਾਲੋਂ ਕਟ ਕੇ ਵਖਰੀ ਕਰ ਲਈ ਜਾਵੇ, ਤਾਂ ਵੀ ਇਨ੍ਹਾਂ ਚੀਜ਼ਾਂ ਦਾ ਉਸ ਪ੍ਰਾਣੀ ਦੀ ਮੂਲ ਕਾਇਆ ਅਤੇ ਮਰਨ ਉਪਰੰਤ ਉਸ ਦੇ ਆਤਮ-ਤੱਤ ਨਾਲ ਨਿਰੰਤਰ ਸੰਕਲਪ ਨੇ ਟੂਣੇ-ਚਿੰਤਨ ਇਕ ਮਹੱਤਵਪੂਰਨ ਸਿਧਾਂਤ—'ਅੰਸ਼ ਤੋਂ ਅੰਸ਼ੀ ਤਕ' ਨੂੰ ਜਨਮ ਦਿਤਾ ਹੈ। ਭਾਵ ਜੇ ਕਿਸੇ ਸ਼ਖ਼ਸ ਦੇ ਨਹੁੰ, ਵਾਲ, ਥੁੱਕ, ਪੈਰਾਂ ਦੀ ਧੂੜ, ਪਹਿਨੇ ਕਪੜੇ ਦੀ ਕੋਈ ਕਾਤਰ ਪ੍ਰਾਪਤ ਹੋ ਜਾਵੇ ਤਾਂ ਇਸ 'ਅੰਸ਼' ਦੁਆਰਾ ਮੂਲ ਪ੍ਰਾਣੀ (ਅੰਸ਼ੀ) ਨੂੰ ਪ੍ਰਭਾਵਤ ਕੀਤਾ ਜਾ ਸਕਦਾ ਹੈ ਅਥਵਾ ਉਸ ਨੂੰ ਸੁੱਖ ਜਾਂ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਇਸੇ ਧਾਰਨਾ ਅਨੁਸਾਰ ਟੂਣਾ ਹਮੇਸ਼ਾ ਸੱਜਣ/ਦੁਸ਼ਮਣ ਦੀ ਕਿਸੇ ਵਸਤੂ (ਅੰਸ਼) ਉਤੇ ਕੀਤਾ ਜਾਂਦਾ ਹੈ, ਕਿਉਂ ਜੋ ਰਾਬਤੇ ਬਗੈਰ ਉਸ ਟੂਣੇ ਦਾ ਅਸਰ ਨਹੀਂ ਹੁੰਦਾ। ਕਈ ਸਾਧ ਕਿਸੇ ਬੀਮਾਰ ਦਾ ਰੋਗ ਨਿਵਾਰਨ ਲਈ, ਰੋਗੀ ਦੇ ਕਿਸੇ ਕਪੜੇ ਜਾਂ ਛੋਹੀ ਹੋਈ ਵਸਤੂ (ਅੰਸ਼) ਉਤੇ ਮੰਤਰ ਪੜ੍ਹ ਕੇ, ਬੀਮਾਰ (ਅੰਸ਼ੀ) ਨੂੰ ਨਰੋਆ ਕਰ ਦਿੰਦੇ ਮੰਨੇ ਗਏ ਹਨ। ਅੰਸ਼ ਤੋਂ ਅੰਸ਼ੀ ਨੂੰ ਪ੍ਰਭਾਵਿਤ ਕਰਨ ਦੇ ਸਿਧਾਂਤ ਨੂੰ, ਧਰਮ ਨੇ ਵੀ ਆਪਣੇ ਅਨੇਕਾਂ ਕਰਮ-ਕਾਂਡਾਂ ਵਿਚ ਅਪਣਾਇਆ ਹੈ, ਜਿਸ ਦੀ ਇਕ ਅਹਿਮ ਮਿਸਾਲ ਸੰਤਾਂ ਮਹਾਤਮਾਵਾਂ ਦੀ ਚਰਨ ਧੂੜੀ ਨੂੰ ਮੱਥੇ ਉਤੇ ਲਾਉਣਾ ਹੈ। ਜੇ ਕਿਸੇ ਗੁਰਮੁਖ ਦੇ ਚਰਨਾਂ ਦੀ ਧੂੜ (ਅੰਸ਼) ਨੂੰ ਕੋਈ ਜਗਿਆਸੂ ਆਪਣੇ ਮੱਥੇ ਉਪਰ ਲਗਾਵੇ, ਤਾਂ ਉਹ ਅੰਸ਼ੀ ਦੇ ਦੈਵੀ ਗੁਣਾਂ ਨੂੰ ਸੁਤੇ ਸਿਧ ਗ੍ਰਹਿਣ ਕਰ ਲੈਂਦਾ ਹੈ। ਧਰਮ ਦਾ ਇਕ ਹੋਰ ਸਿਧਾਂਤ ਹੈ, ਜੋਤ ਤੋਂ ਪਰਮ ਜੋਤ ਵਲ ਦੀ ਯਾਤਰਾ। ਇਸ ਦਾ ਆਧਾਰ ਵੀ ਅੰਸ਼ ਤੋਂ ਅੰਸ਼ੀ ਤਕ ਪਹੁੰਚਣਾ ਹੈ। ਪ੍ਰਾਣੀ ਦੇ ਅੰਦਰ ਜੋ ਜੋਤ ਅਥਵਾ ਆਤਮਾ ਹੈ, ਉਹ ਪਰਮਜੋਤ/ਪਰਮਾਤਮਾ ਦਾ ਹੀ ਅੰਸ਼ਿਕ ਰੂਪ ਹੈ। ਇਸ ਲਈ ਧਰਮ ਨੇ, ਟੂਣਾ-ਚਿੰਤਨ ਤੋਂ, ਉਪਰੋਕਤ ਸਿਧਾਂਤ ਨੂੰ ਅਪਣਾ ਕੇ, ਇਸ ਨੂੰ ਇਕ ਨਵੀਂ ਦਿਸ਼ਾ ਵਿਚ, ਦੈਵੀ ਪ੍ਰਾਪਤੀ ਲਈ ਵਰਤਿਆ ਹੈ। ਕਿਉਂ ਜੋ ਪ੍ਰਾਣੀ ਆਪਣੇ ਅੰਦਰ ਦੀ ਜੋਤ/ਆਤਮਾ, ਜੋ ਅੰਸ਼-ਰੂਪ ਵਿਚ ਅੰਦਰ ਵਿਦਮਾਨ ਹੈ ਤੇ ਪਰਮਜੋਤ/ਪਰਮਾਤਮਾ ਜੋ ਅੰਸ਼ੀ ਹੈ, ਤਕ ਸਹਿਜੇ ਯਾਤਰਾ ਕਰ ਸਕਦਾ ਹੈ। ਇਸੇ ਲਈ ਧਰਮ 'ਮਨ ਤੂੰ ਜੋਤਿ ਸਰੂਪ ਹੈ, ਆਪਣਾ ਮੂਲ ਪਛਾਣ' ਉਤੇ ਜ਼ੋਰ ਦੇਂਦਾ ਹੈ। ਇਸ ਮੂਲ ਦੇ ਆਸਰੇ ਪਾਰਬ੍ਰਹਮ ਤਕ ਪਹੁੰਚਣਾ ਸਹਿਜ ਹੈ।

ਅੰਸ਼ ਤੋਂ ਅੰਸ਼ੀ ਤਕ ਦੀ ਯਾਤਰਾ ਦੇ ਸਮਾਨਾਂਤਰ ਹੀ ਇਕ ਦੂਜਾ ਸਿਧਾਂਤ ਵੀ ਪ੍ਰਚਲਤ ਹੈ—ਨਾਮ ਤੋਂ ਨਾਮੀ ਤਕ ਦੀ ਯਾਤਰਾ; ਨਾਮ ਇਥੇ ਅੰਸ਼ ਹੈ ਤੇ ਨਾਮੀ ਅੰਸ਼ੀ। ਟੂਣਾ-ਚਿੰਤਨ ਅਨੁਸਾਰ ਜੇ ਕਿਸੇ ਸ਼ਖ਼ਸ ਦਾ ਨਾਉਂ ਪਤਾ

ਵਿਚ ਵਿਚਰਦੇ ਕਈ ਕਬੀਲਿਆਂ ਵਿਚ ਅਜ ਵੀ ਵੇਖਣ ਵਿਚ ਆਉਂਦਾ ਹੈ। ਕਈ ਕਬੀਲਿਆਂ ਦੇ ਲੋਕ ਆਪਣੇ ਅਸਲੀ ਨਾਉਂ ਨੂੰ ਗੁਪਤ ਰਖਦੇ ਹਨ ਅਤੇ ਵਰਤੋਂ ਵਿਹਾਰ ਵਿਚ ਕੋਈ ਦੂਜਾ ਨਾਮ ਜਾਂ ਉਪਨਾਮ ਹੀ ਲੋਕਾਂ ਨੂੰ ਦਸਦੇ ਹਨ। ਕਿਉਂ ਜੋ ਉਨ੍ਹਾਂ ਦੀ ਧਾਰਨਾ ਹੈ ਕਿ ਨਾਉਂ ਦੁਆਰਾ ਨਾਮੀ ਨੂੰ ਪ੍ਰਭਾਵਿਤ ਕੀਤਾ ਜਾਂ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਪ੍ਰਾਚੀਨ ਕਾਲ ਵਿਚ ਦੇਵਤਿਆਂ ਦੇ ਅਨੇਕਾਂ ਨਾਵਾਂ ਦੀ ਉਤਪੱਤੀ ਪਿਛੇ ਵੀ ਇਹੋ ਰਹੱਸ ਹੈ। ਅਨੁਯਾਈ ਆਪਣੇ ਇਸ਼ਟ ਦੇ ਨਾਉਂ ਨੂੰ ਹਮੇਸ਼ਾਂ ਗੁਪਤ ਰਖਦੇ ਸਨ ਅਤੇ ਜੇ ਉਨ੍ਹਾਂ ਨੂੰ ਇਹ ਨਾਉਂ ਦੂਜੇ ਕਬੀਲਿਆਂ ਦੇ ਲੋਕਾਂ ਅਗੇ ਕਿਸੇ ਕਾਰਨ ਪ੍ਰਗਟ ਵੀ ਕਰਨਾ ਪੈਂਦਾ ਸੀ ਤਾਂ ਉਹ ਆਪਣੇ ਇਸ਼ਟ ਦੇ ਕਿਸੇ ਮਹਾਨ ਕਾਰਜ ਜਾਂ ਮਹਿਮਾ ਨਾਲ ਸੰਬੰਧਿਤ ਕਰਮ ਵਾਚਕ ਨਾਉਂ ਦਾ ਹੀ ਜ਼ਿਕਰ ਕਰਦੇ ਹਨ। ਕਿਉਂ ਜੋ ਕਰਮ ਵਾਚਕ ਨਾਵਾਂ ਜਾਂ ਮਹਿਮਾਂ ਦੀਆਂ ਉਪਾਧੀਆਂ ਦਾ ਨਾਮੀ ਨਾਲ ਉਹ ਰਹੱਸਮਈ ਰਾਬਤਾ ਨਹੀਂ ਹੁੰਦਾ, ਜੋ ਮੂਲ ਨਾਮ ਦਾ ਨਾਮੀ ਨਾਲ ਹੁੰਦਾ ਹੈ। ਇਸ ਲਈ ਦੇਵਤਿਆ ਜਾਂ ਆਪਣੇ ਕੁਲ ਦੇ ਇਸ਼ਟ ਨੂੰ ਲਾਗਵੇਂ ਟੂਣੇ ਦੁਆਰਾ ਪਹੁੰਚਾਏ ਜਾ ਸਕਣ ਵਾਲੇ ਨੁਕਸਾਨ ਤੋਂ ਬਚਣ ਲਈ ਕਰਮ ਵਾਚਕ ਨਾਵਾਂ ਦੀ ਧਾਰਨਾ ਪ੍ਰਚਲਤ ਹੋਈ।

ਨਾਮ ਤੋਂ ਨਾਮੀ ਤਕ ਦੀ ਯਾਤਰਾ ਦੇ ਸਿਧਾਂਤ ਨੂੰ ਧਰਮ ਨੇ, ਖ਼ਾਸ ਤੌਰ ਤੇ ਭਗਤੀ ਲਹਿਰ ਨੇ ਅਪਣਾਇਆ। ਭਗਤੀ ਲਹਿਰ ਦਾ ਸਾਰਾ ਪਾਸਾਰ ਨਾਮ ਦੁਆਰਾ ਨਾਮੀ ਨੂੰ ਪ੍ਰਾਪਤ ਕਰਨ ਦੇ ਸੰਕਲਪ ਉਤੇ ਖੜਾ ਹੈ। ਸਿਮਰਨ ਦਾ ਆਧਾਰ ਵੀ ਨਾਮ ਤੋਂ ਨਾਮੀ ਤਕ ਦੀ ਰਹੱਸਮਈ ਯਾਤਰਾ ਹੈ।

2. ਆਦਿ ਕਾਲ ਤੋਂ ਹੀ, ਮਨੁੱਖ ਵਿਚ, ਪ੍ਰਾਕ੍ਰਿਤਕ ਸ਼ਕਤੀਆ ਉਤੇ ਕਾਬੂ ਪਾਉਣ ਦੀ ਤੇ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਦੀ ਚਾਲ ਨੂੰ ਆਪਣੀ ਮਰਜ਼ੀ ਅਨੁਕੂਲ ਕਰਨ ਦੀ ਇਛਾ ਬੜੀ ਪ੍ਰਬਲ ਰਹੀ ਹੈ। ਪ੍ਰਾਚੀਨ ਮਨੁੱਖ ਕੁਦਰਤ ਨੂੰ ਸਮਝਣੋਂ ਤਾਂ ਅਸਮਰਥ ਰਿਹਾ, ਪਰ ਲੰਮੇ ਤਜਰਬੇ ਪਿਛੋਂ ਉਸ ਦਾ ਇਹ ਵਿਸ਼ਵਾਸ ਬਣ ਗਿਆ ਕਿ ਉਹ ਟੂਣਿਆਂ, ਮੰਤਰਾਂ ਜਾਂ ਰੀਤਾਂ ਨਾਲ ਪ੍ਰਕਿਰਤੀ ਤੇ ਜੀਵਨ-ਗਤੀ ਉਤੇ ਕਾਬੂ ਪਾ ਸਕਦਾ ਹੈ। ਇਸੇ ਵਿਸ਼ਵਾਸ ਤੋਂ ਜਾਦੂ ਤੇ ਟੂਣੇ ਨੇ ਜਨਮ ਲਿਆ।

ਜਾਦੂ ਇਕ ਕਲਾ ਹੈ ਜੋ ਇਹ ਮੰਨ ਕੇ ਚਲਦੀ ਹੈ ਕਿ ਜੇ ਰੀਤਾਂ ਨਾਲ ਕਾਰਨ ਪੈਦਾ ਕੀਤੇ ਜਾਣ ਤਾਂ ਕਾਰਜ ਆਪੇ ਸਿਧ ਹੋ ਜਾਂਦਾ ਹੈ। ਇਸ ਕਿਸੇ ਵਸਤੂ ਜਾਂ ਸਥਿਤੀ ਉਤੇ ਕਾਬੂ ਪਾ ਲੈਣ ਦਾ ਭਰਮ ਪੈਦਾ ਕਰਨ ਨਾਲ, ਉਹ ਵਸਤੂ ਜਾਂ ਸਥਿਤੀ ਸਚਮੁਚ ਹੀ ਵਸ ਵਿਚ ਹੋ ਜਾਂਦੀ ਹੈ। ਮਿਸਾਲ ਵਜੋਂ ਜੇ ਕੋਈ ਬਾਂਝ ਇਸਤਰੀ ਚਾਹੁੰਦੀ ਹੈ ਕਿ ਉਸ ਦੀ ਕੁੱਖ ਹਰੀ ਹੋਵੇ, ਤਾਂ ਉਹ ਕੁਝ ਮੰਤਰ ਦਾ ਜਾਪ ਕਰਦੀ ਹੋਈ ਕਪੜੇ ਦਾ ਇਕ ਗੁੱਡਾ ਬਣਾ ਕੇ ਉਸ ਨੂੰ ਅਸਲੀ ਬੱਚੇ ਵਾਂਗ ਖਿਡਾਵੇ, ਦੁੱਧ ਪਿਲਾਵੇ ਤੇ ਲੋਰੀਆਂ ਦੇਵੇ। ਇਸ ਤਰ੍ਹਾਂ ਉਸਦੇ ਘਰ ਬੱਚਾ ਜਨਮ ਲਏਗਾ। ਜੇ ਮੀਂਹ ਚਾਹੀਦਾ ਹੋਵੇ ਤਾਂ ਬੱਦਲਾਂ ਦਾ ਸਵਾਂਗ ਭਰੋ। ਘਨਘੋਰ ਬੱਦਲਾਂ ਜਿਹੀ ਗੜਗੜਾਹਟ ਪੈਦਾ ਕਰੋ, ਵਸਦੀਆਂ ਬੂੰਦਾਂ ਨਾਲ ਮਿਲਦੀ ਜੁਲਦੀ ਆਵਾਜ਼ ਕਰੋ ਤੇ ਇਕ ਦੂਜੇ ਉਤੇ ਪਾਣੀ ਉਛਾਲੋ, ਇਸ ਤਰ੍ਹਾਂ ਕਰਨ ਨਾਲ ਮੀਂਹ ਵਸ ਪਏਗਾ। ਇਸ ਵਿਚਾਰ ਉਤੇ ਆਧਾਰਤ ਟੂਣੇ ਨੂੰ 'ਸੁਹਿਰਦ ਜਾਦੂ' ਕਹਿੰਦੇ ਹਨ।

ਜਾਦੂ ਇਹ ਵੀ ਮੰਨ ਕੇ ਚਲਦਾ ਹੈ ਕਿ ਵਸਤੂ ਤੇ ਉਸ ਨਾਲੋਂ ਵੱਖ ਕੀਤਾ ਅੰਸ਼ ਹਮੇਸ਼ਾ ਇਕ ਦੂਜੇ ਨਾਲ ਅਭੇਦ ਰਹਿੰਦੇ ਹਨ।

ਜਿਹੜੀ ਸਮਿਗਰੀ ਦਾ ਇਕ ਵਾਰ ਕਿਸੇ ਸ਼ਖ਼ਸ/ਵਸਤ ਨਾਲ ਸੰਪਰਕ ਰਿਹਾ ਹੋਵੇ, ਉਹ ਸਰੀਰਕ ਤੌਰ ਉਤੇ, ਉਸ ਨਾਲੋਂ ਵੱਖ ਹੋ ਜਾਣ ਤੇ ਵੀ ਉਸ ਦਾ ਮੂਲ ਨਾਲ ਗੁਪਤ ਜਿਹਾ ਸਬੰਧ ਰਹਿੰਦਾ ਹੈ, ਜਿਵੇਂ ਨਹੁੰ ਜਾਂ ਸਿਰ ਦੇ ਵਾਲ ਕਟ ਵੀ ਦਿਤੇ ਜਾਣ ਤਾਂ ਵੀ ਇਨ੍ਹਾਂ ਦਾ ਸਬੰਧ ਮੂਲ ਸ਼ਖ਼ਸ ਨਾਲੋਂ ਟੁਟਦਾ ਨਹੀਂ ਤੇ ਇਨ੍ਹਾਂ ਚੀਜ਼ਾਂ ਉਤੇ ਜੋ ਜਾਦੂ ਟੂਣਾ ਕੀਤਾ ਜਾਵੇਗਾ, ਉਸ ਦਾ ਅਸਰ ਅਵੱਸ਼ ਉਸ ਸ਼ਖ਼ਸ ਉਤੇ ਪਏਗਾ, ਜਿਸ ਦੇ ਸਰੀਰ ਦਾ ਕਦੇ ਉਹ ਅੰਗ ਸਨ। ਇਸ ਸਿਧਾਂਤ ਉਤੇ ਅਧਾਰਤ ਜਾਦੂ ਨੂੰ 'ਲਾਗਵਾਂ ਜਾਦੂ' ਕਹਿੰਦੇ ਹਨ।

ਜਾਦੂ ਟੂਣੇ ਦੀਆਂ ਕਈ ਕਿਸਮਾਂ ਹਨ, ਜਿਵੇਂ ਕਿਸੇ ਦੀ ਮੰਦੀ ਨਜ਼ਰ ਤੋਂ ਬਚਣ ਲਈ ਮਕਾਨ ਦੇ ਮੱਥੇ ਉਤੇ ਖ਼ਾਸ ਚਿੰਨ੍ਹ ਉਕਰਨੇ ਜਾਂ ਭੂਤ ਪ੍ਰੇਤ ਤੋਂ ਰੱਖਿਆ ਲਈ ਬਾਂਹ ਉਤੇ ਤਵੀਤ ਬੰਨ੍ਹਣਾ। ਇਹ ਜਾਦੂ ਕਿਸੇ ਪ੍ਰਭਾਵ ਨੂੰ ਖੰਡਿਤ ਕਰਨ ਲਈ ਹੈ ਤੇ ਅਭਾਵਾਤਮਕ ਹੈ। ਇਸ ਦੇ ਉਲਟ ਭਾਵਾਤਮਕ ਜਾਦੂ ਕਿਸੇ ਗੱਲ ਦੀ ਸਿੱਧੀ ਲਈ ਕੀਤਾ ਜਾਂਦਾ ਹੈ, ਮਿਸਾਲ ਲਈ ਜੇ ਕੋਈ ਗਭਰੂ ਕਿਸੇ ਮੁਟਿਆਰ ਨੂੰ ਆਪਣੇ ਪ੍ਰੇਮ ਜਾਲ ਵਿਚ ਫਾਹੁਣਾ

ਹੈ। ਇਸ ਦੇ ਉਲਟ, ਜੋ ਜਾਦੂ ਨਿਜ ਦੇ ਭਲੇ ਵਾਸਤੇ ਕੀਤਾ ਜਾਵੇ ਜਾਂ ਕਿਸੇ ਦੂਜੇ ਸਖਸ ਨੂੰ ਸਰੀਰਕ ਜਾਂ ਮਾਨਸਿਕ ਕਸ਼ਟ ਦੇਣ ਲਈ ਕੀਤਾ ਜਾਵੇ, ਉਹ 'ਕਾਲਾ ਜਾਦੂ' ਹੈ ਤੇ ਨਿੰਦਨੀ ਹੈ। ਪਹਿਲੇ ਨੂੰ ਪੰਜਾਬ ਵਿਚ 'ਮਿਠਾ ਜਾਦੂ' ਵੀ ਕਹਿੰਦੇ ਹਨ ਤੇ ਦੂਜੇ ਨੂੰ 'ਕੌੜਾ ਜਾਦੂ' ਵੀ।

ਜਾਦੂ ਤੇ ਧਰਮ ਦਾ ਸੁਭਾਵ ਤੇ ਸਰੂਪ ਭਾਵੇਂ ਵਖ-ਵਖਰਾ ਹੈ ਪਰ ਇਨ੍ਹਾਂ ਵਿਚ ਇਕ ਸਾਂਝ ਵੀ ਹੈ। ਮਨੁੱਖ ਜਾਤੀ ਦੇ ਮਾਨਸਿਕ ਵਿਕਾਸ ਵਿਚ ਜਾਦੂ ਤੇ ਧਰਮ ਦੋਵਾਂ ਦੇ ਮਹਤਵਪੂਰਣ ਪੜਾਅ ਰਹੇ ਹਨ ਅਤੇ ਜਾਦੂ ਟੂਣਾ ਧਰਮ ਦੇ ਹੇਠਲੇ ਰਦੇ ਹਨ। ਧਰਮ ਦੇ ਕਈ ਅੰਕੁਰ ਜਾਦੂ ਟੂਣੇ ਵਿਚੋਂ ਹੀ ਫੁਟੇ ਹਨ। ਸਾਰੇ ਮਾਨਵ-ਵਿਗਿਆਨੀ ਜਾਦੂ ਨੂੰ ਧਰਮ ਦੀ ਪਉੜੀ ਮੰਨਦੇ ਹਨ ਅਤੇ ਉਨ੍ਹਾਂ ਅਨੁਸਾਰ ਹਰ ਉੱਨਤ ਜਾਤੀ ਧਰਮ ਦੇ ਉਤਲੇ ਡੰਡੇ ਉਤੇ ਪਹੁੰਚਣ ਤੋਂ ਪਹਿਲਾਂ, ਇਸੇ ਪੜਾਅ ਵਿਚੋਂ ਲੰਘੀ ਹੈ। ਮੁੱਢਲੀ ਆਦਿਮ ਅਵਸਥਾ ਵਿਚ ਧਰਮ ਤੇ ਜਾਦੂ ਆਪੋ ਵਿਚ ਲਹੂ ਮਾਸ ਵਾਂਗ ਰਚੇ ਹੋਏ ਸਨ। ਅਜ ਵੀ ਸੰਸਕ੍ਰਿਤੀ ਦੀ ਹੇਠਲੀ ਪੱਧਰ ਉਤੇ ਬੈਠੀਆਂ ਆਦਿਮ ਜਾਤੀਆਂ ਵਿਚ, ਧਰਮ ਤੇ ਜਾਦੂ ਟੂਣਾ ਤਾਣੇ ਪੇਟੇ ਵਾਂਗ, ਇਕ ਦੂਜੇ ਵਿਚ ਰਚੇ ਮਿਚੇ ਪਏ ਹਨ ਤੇ ਇਹ ਨਿਖੇੜਨਾ ਕਠਨ ਹੈ ਕਿ ਕਿਹੜੀ ਰੀਤ ਧਰਮ ਨਾਲ ਸਬੰਧਿਤ ਹੈ ਤੇ ਕਿਹੜੀ ਟੂਣੇ ਨਾਲ। ਸਾਂਹਸੀਆਂ, ਪਖੀਵਾਲਾਂ, ਚੰਦੜਾਂ ਤੇ ਨੱਟਾਂ ਆਦਿ ਪਛੜੀਆਂ ਜਾਤੀਆਂ ਵਿਚ ਧਰਮ ਤੇ ਜਾਦੂ ਇਕ ਦੂਜੇ ਵਿਚ ਓਤ ਪੋਤ ਹਨ। ਮਾਨਸਿਕ ਤੇ ਸਾਂਸਕ੍ਰਿਤਕ ਪੱਖ ਤੋਂ ਵਿਗਸਤ ਜਾਤੀਆਂ ਵਿਚ ਵੀ, ਜੋ ਧਾਰਮਿਕ ਤੇ ਸਮਾਜਿਕ ਰੀਤਾਂ ਸਮੁਚੇ ਜੀਵਨ ਪੈਟਰਨ ਦਾ ਅਨਿਖੜ ਅੰਗ ਹਨ, ਉਨ੍ਹਾਂ ਵਿਚੋਂ ਕੁਝ ਕੁ ਦੀਆਂ ਜੜ੍ਹਾਂ ਕਿਸੇ ਜਾਦੂ ਟੂਣੇ ਦੇ ਕਰਮ-ਕਾਂਡ ਵਿਚ ਹਨ। ਇਸ ਲਈ ਇਥੇ ਧਰਮ ਤੇ ਜਾਦੂ ਦੇ ਸੁਭਾਵ ਤੇ ਸਰੂਪ ਉਤੇ ਵਿਚਾਰ ਕਰਨੀ ਅਨੁਚਿਤ ਨਹੀਂ ਹੋਵੇਗੀ।

ਜੀਵਨ ਵਿਚ ਵਾਪਰਦੀਆਂ ਘਟਨਾਵਾਂ ਦੇ ਕੁਦਰਤੀ ਪ੍ਰਵਾਹ ਨੂੰ ਰਹੱਸਪੂਰਣ ਤੇ ਅਲੌਕਿਕ ਸਾਧਨਾਂ ਨਾਲ ਪ੍ਰਭਾਵਿਤ ਕਰਨ ਜਾਂ ਪ੍ਰਕ੍ਰਿਤੀ ਅਥਵਾ ਪ੍ਰੇਤ ਆਤਮਾਵਾਂ ਉਤੇ ਗੁਝੇ ਢੰਗ ਨਾਲ ਕਾਬੂ ਪਾ ਕੇ ਅਚੰਭਾ ਕਰ ਵਿਖਾਣ ਦੀ ਕਲਾ ਜਾਦੂ ਅਖਵਾਉਂਦੀ ਹੈ। ਜਾਦੂ ਵਿਚ ਵਿਸਵਾਸ ਰਖਣ ਵਾਲੇ ਪ੍ਰਕ੍ਰਿਤੀ ਨੂੰ ਅਚੇਤ ਤੇ ਵਿਅਕਤੀ ਰਹਿਤ ਮੰਨਦੇ ਹਨ ਅਤੇ ਉਨ੍ਹਾਂ ਦਾ ਨਿਸ਼ਚਾ ਹੈ ਕਿ ਪ੍ਰਕ੍ਰਿਤਕ ਸਕਤੀ ਉਤੇ ਗੁਪਤ ਸਾਧਨਾ ਤੇ ਮੰਤ੍ਰਾਂ-ਟੂਣਿਆਂ ਨਾਲ ਦਬਾਅ ਪਾ ਕੇ, ਦੈਵੀ ਸ਼ਕਤੀ ਦੀ ਉਪਾਸਨਾ ਕੀਤੀ ਜਾਂਦੀ ਹੈ ਅਤੇ ਉਸ ਨੂੰ ਸਿਮਰ ਕੇ ਤੇ ਧਿਆ ਕੇ ਅਰਜੋਈਆਂ ਨਾਲ ਪ੍ਰੇਰਿਆ ਜਾਂਦਾ ਹੈ। ਧਾਰਮਿਕ ਪ੍ਰਾਰਥਨਾਵਾਂ ਵਿਚ ਆਪਣੇ ਇਸ਼ਟ ਨੂੰ ਸਿਮਰ ਕੇ ਰੀਝਾਇਆ ਜਾਂਦਾ ਹੈ ਅਤੇ ਸੰਕਲਪ ਪੂਰਤੀ ਦੀ ਸਕਤੀ ਕੇਵਲ ਇਸਟ ਦੀ ਬਖ਼ਸ਼ਿਸ਼ ਉਤੇ ਹੈ। ਪਰ ਜਾਦੂ ਟੂਣੇ ਵਿਚ ਮੰਤਵ ਸਿਧੀ ਲਈ, ਕਿਸੇ ਦੇਵੀ ਦੇਵਤੇ ਅਗੇ ਝੁਕਿਆ ਨਹੀਂ ਜਾਂਦਾ, ਉਸ ਅਗੇ ਅਰਜੋਈਆਂ ਨਹੀਂ ਕੀਤੀਆਂ ਜਾਂਦੀਆਂ। ਮੰਤਵ ਸਿਧੀ ਦੀ ਸਕਤੀ ਸਹਿਜ ਰੂਪ ਵਿਚ ਹੀ ਜਾਦੂ ਟੂਣੇ ਵਿਚ ਸੁਤੀ ਮੰਨੀ ਜਾਂਦੀ ਹੈ, ਅਥਵਾ ਮੰਤ੍ਰ ਪੜ੍ਹਨ ਨਾਲ ਸਿੱਧੀ ਸੁਭਾਵਕ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰਖਦਿਆਂ ਜਾਦੂ ਧਰਮ ਦੇ ਟਾਕਰੇ ਉਤੇ ਨਿਰਮੂਲ, ਪਖੰਡ ਤੇ ਕਪਟ ਹੈ। ਧਰਮ ਤੇ ਜਾਦੂ ਦੋਹਾਂ ਦੀ ਇਹ ਧਾਰਨਾ ਹੈ ਕਿ ਕੁਦਰਤ ਦੇ ਨੇਮ ਬਦਲੇ ਜਾ ਸਕਦੇ ਹਨ। ਧਰਮ ਇਹ ਨੇਮ ਅਰਾਧਨਾ ਦਵਾਰਾ ਬਦਲਣਾ ਚਾਹੁੰਦਾ ਹੈ ਪਰ ਜਾਦੂ ਬਲ, ਜ਼ੋਰ ਤੇ ਗੁਪਤ ਸਾਧਨਾ ਨਾਲ। ਜਿਥੇ ਕੋਈ ਰੀਤ ਇਸ ਨਿਸਚੇ ਨਾਲ ਕੀਤੀ ਜਾਵੇ ਕਿ ਇਸ ਨੂੰ ਪੂਰਨ ਵਿਧੀ ਅਨੁਸਾਰ ਕਰਨ ਨਾਲ, ਕਿਸੇ ਇੱਛਾ ਦੀ ਸੁਤੇ-ਸਿਧ ਹੀ ਪੂਰਤੀ ਹੋ ਜਾਵੇਗੀ, ਉਥੇ ਜਾਦੂ ਦੀ ਭਾਵਨਾ ਕੰਮ ਕਰਦੀ ਹੈ ਅਤੇ ਜਿਥੇ ਕੋਈ ਰੀਤ ਆਪਣੇ ਇਸਟ ਦੀ ਬਖਸ਼ਿਸ਼ ਨੂੰ ਪ੍ਰਾਪਤ ਕਰਨ ਲਈ ਕੀਤੀ ਜਾਵੇ, ਉਥੇ ਧਰਮ ਦੀ ਭਾਵਨਾ ਹੁੰਦੀ ਹੈ। ਜਾਦੂ ਦੀਆ ਰੀਤਾਂ ਨੂੰ 'ਟੂਣਾ-ਟੱਪਾ' ਕਿਹਾ ਜਾਂਦਾ ਹੈ।

ਜਦੋਂ ਮਨੁੱਖ ਨੂੰ ਇਹ ਅਹਿਸਾਸ ਹੋਇਆ ਕਿ ਉਸਤੋਂ ਵੀ ਕੋਈ ਵਡੀ ਦੈਵੀ ਸ਼ਕਤੀ ਸੰਸਾਰ ਵਿਚ ਹੈ, ਜਿਸਦੇ ਵਸ ਵਿਚ ਬ੍ਰਹਿਮੰਡ ਦੀਆਂ ਪ੍ਰਾਕ੍ਰਿਤਕ ਸ਼ਕਤੀਆਂ ਹਨ ਤਾਂ ਧਰਮ ਦਾ ਮੁੱਢ ਬਝਿਆ। ਆਰੰਭ ਵਿਚ ਧਰਮ ਤੇ ਜਾਦੂ ਇਕ ਦੂਜੇ ਦੇ ਨਾਲੋ ਨਾਲ ਚਲਦੇ ਰਹੇ। ਇਤਿਹਾਸਕ ਕਰਮ ਨੂੰ ਮੁਖ ਰਖਦਿਆਂ, ਜਦੋਂ ਮਨੁੱਖ ਨੂੰ ਜਾਦੂ ਟੂਣੇ ਦੀ ਵਿਫਲਤਾ ਅਨੁਭਵ ਹੋਈ ਤਾਂ ਉਸ ਨੇ ਧਰਮ ਦਾ ਆਸਰਾ ਲਿਆ। ਪਰ ਲੋਕ-ਜੀਵਨ ਵਿਚ ਇਸ ਤੋਂ ਉਲਟ ਵੇਖਿਆ ਜਾਂਦਾ ਹੈ। ਜਦੋਂ ਧਰਮ ਤੋਂ ਕੋਈ ਭਾਵਨਾ ਪੂਰੀ ਨਹੀਂ ਹੁੰਦੀ ਤਾਂ ਜਾਦੂ ਟੂਣੇ ਦੀ ਆੜ ਲਈ ਜਾਂਦੀ ਹੈ।

ਧਰਮ ਤੇ ਜਾਦੂ ਇਕ ਹੋਰ ਪੱਖੋਂ ਵੀ ਸੰਬੰਧਿਤ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਕਰਣੀ ਵਾਲੇ ਸੰਤਾਂ ਤੇ ਮਹਾਂ ਪੁਰਖਾਂ ਦਾ ਪ੍ਰਕਿਤਕ ਸ਼ਕਤੀ ਉਤੇ ਕਾਬੂ ਹੁੰਦਾ ਹੈ। ਮਹਾਂ ਪੁਰਖਾਂ ਵਲੋਂ ਵਿਖਾਏ ਅਜੋਬੇ-ਮੋਜਜ਼ੇ ਕਰਾਮਾਤ

ਸ਼ਕਤੀਆਂ ਨੂੰ 'ਰਿਧ ਸਿਧ ਅਵਰਾ ਸਾਧ' ਕਹਿ ਕੇ ਨਿੰਦਿਆ ਹੈ। ਉਨ੍ਹਾਂ ਸੰਬੰਧੀ ਪ੍ਰਚਲਤ ਸਾਖੀਆਂ ਵਿਚ ਕਰਾਮਾਤਾਂ ਦਾ ਭਰਵਾਂ ਵਰਨਣ ਹੈ। ਜੋਗੀ ਤੇ ਸਿਧ ਹਠ-ਯੋਗ ਤੇ ਕਰੜੀ ਸਾਧਨਾ ਨਾਲ, ਕਈ ਰਹੱਸਮਈ ਸ਼ਕਤੀਆਂ ਪ੍ਰਾਪਤ ਕਰਦੇ ਹਨ, ਜਿਨ੍ਹਾਂ ਨੂੰ ਰਿਧੀਆਂ-ਸਿਧੀਆਂ ਕਹਿੰਦੇ ਹਨ। ਇਨ੍ਹਾਂ ਨਾਲ ਪ੍ਰਕ੍ਰਿਤੀ ਉੱਤੇ ਉਨ੍ਹਾਂ ਦਾ ਪੂਰਨ ਅਧਿਕਾਰ ਹੋ ਜਾਂਦਾ ਹੈ।

(ਜ-95) **ਜਾਦੂ ਦੀਆਂ ਵਸਤੂਆਂ** :

ਲੋਕ-ਕਹਾਣੀਆਂ ਵਿਚ ਜਾਦੂ ਦੀਆਂ ਕਈ ਵਸਤੂਆਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਦਾ ਵਰਤਾਰਾ ਬੜਾ ਅਦਭੁਤ ਹੈ :

(ੳ) **ਜਾਦੂ ਦਾ ਸੁਰਮਾ** : ਲੋਕ-ਕਹਾਣੀਆਂ ਵਿਚ ਅਜਿਹੇ ਸੁਰਮੇ ਦਾ ਵਰਨਣ ਆਉਂਦਾ ਹੈ, ਜਿਸ ਦੀਆਂ ਦੋ ਸਲਾਈਆਂ ਦੋਹਾਂ ਅੱਖਾਂ ਵਿਚ ਪਾਉਣ ਵਾਲਾ ਅਦ੍ਰਿਸ਼ਟ ਹੋ ਜਾਂਦਾ ਹੈ, ਉਹ ਦੂਜਿਆਂ ਨੂੰ ਤਾਂ ਵੇਖਦਾ ਰਹਿੰਦਾ ਹੈ, ਪਰ ਦੂਜੇ ਉਸ ਨੂੰ ਨਹੀਂ ਵੇਖ ਸਕਦੇ।

(ਅ) **ਜਾਦੂ ਦਾ ਡੰਡਾ ਤੇ ਰੱਸਾ** : ਲੋਕ-ਕਹਾਣੀਆਂ ਵਿਚ ਅਜਿਹੇ ਜਾਦੂ ਦੇ ਡੰਡੇ ਤੇ ਰੱਸੇ ਦਾ ਵਰਨਣ ਮਿਲਦਾ ਹੈ, ਜਿਸ ਨਾਲ ਹਜ਼ਾਰਾਂ ਦੁਸ਼ਮਣਾਂ ਨੂੰ ਅੱਖ ਪਲਕਾਰੇ ਵਿਚ ਕਾਬੂ ਕੀਤਾ ਜਾ ਸਕਦਾ ਹੈ। ਇਹ ਡੰਡਾ ਤੇ ਰੱਸੀ ਜਿਸ ਵਿਅਕਤੀ ਕੋਲ ਹੋਵੇ ਉਸੇ ਦਾ ਹੁਕਮ ਮੰਨਦਾ ਹੈ। ਰੱਸਾ ਦੁਸ਼ਮਣਾਂ ਨੂੰ ਬੰਨ੍ਹ ਲੈਂਦਾ ਹੈ ਤੇ ਡੰਡਾ ਉਨ੍ਹਾਂ ਉੱਤੇ ਵਰ੍ਹਨਾ ਸ਼ੁਰੂ ਹੋ ਜਾਂਦਾ ਹੈ।

(ੲ) **ਜਾਦੂ ਦਾ ਪੁਤਲਾ** : ਕਿਸੇ ਸ਼ਖ਼ਸ ਦਾ ਪੁਤਲਾ ਬਣਾ ਕੇ, ਮੰਤਰ ਪੜ੍ਹਦਿਆਂ ਉਸ ਨੂੰ ਕਈ ਤਰ੍ਹਾਂ ਦੇ ਕਸ਼ਟ ਦੇਣੇ। ਧਾਰਨਾ ਹੈ ਕਿ ਪੁਤਲੇ ਨੂੰ ਦਿਤੇ ਸਾਰੇ ਦੁੱਖ ਉਸ ਪ੍ਰਾਣੀ ਨੂੰ ਲਗਦੇ ਹਨ, ਜਿਸ ਦਾ ਉਹ ਪੁਤਲਾ ਹੁੰਦਾ ਹੈ। ਇਹ ਵਿਚਾਰ ਅਨੁਕਰਣੀ ਟੂਣੇ ਉੱਤੇ ਅਧਾਰਤ ਹਨ (ਵੇਖੋ : ਅਨੁਕਰਣੀ ਟੂਣਾ)।

(ਸ) **ਜਾਦੂ ਦੀ ਕੜਾਹੀ** : ਕਈ ਪਰੀ-ਕਹਾਣੀਆਂ ਵਿਚ ਜਾਦੂ ਦੀ ਕੜਾਹੀ ਦਾ ਵਰਨਣ ਆਉਂਦਾ ਹੈ। ਜੋ ਹੁਕਮ ਦੇਣ ਉੱਤੇ ਆਪਣੀ ਰਹੱਸਮਈ ਸ਼ਕਤੀ ਦੁਆਰਾ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕਰ ਦੇਂਦੀ ਹੈ। ਇਹ ਕੜਾਹੀ ਆਕਾਰ ਵਿਚ ਤਾਂ ਛੋਟੀ ਹੁੰਦੀ ਹੈ, ਪਰ ਇਸ ਵਿਚ ਤਿਆਰ ਹੋਏ ਖਾਣੇ ਵਿਚ ਅਜਿਹੀ ਬਰਕਤ ਹੈ ਕਿ ਇਹ ਕਦੇ ਨਿਖੁਟਦਾ ਨਹੀਂ।

(ਹ) **ਜਾਦੂ ਦੀਆਂ ਖੜਾਵਾਂ**: ਪਰੀ-ਕਥਾਵਾਂ ਵਿਚ ਜਾਦੂ ਦੀਆਂ ਅਜਿਹੀਆਂ ਖੜਾਵਾਂ ਜਾਂ ਪਾਊਏ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੂੰ ਪਹਿਨ ਕੇ ਕੋਈ ਸ਼ਖ਼ਸ ਇੱਛਾ ਅਨੁਸਾਰ ਜਿਥੇ ਚਾਹਵੇ ਅੱਖ ਪਲਕਾਰੇ ਵਿਚ ਪਹੁੰਚ ਜਾਂਦਾ ਹੈ।

(ਕ) **ਜਾਦੂ ਦਾ ਧਾਗਾ** : ਮੰਤ੍ਰਿਆ ਹੋਇਆ ਜਾਦੂ ਦਾ ਧਾਗਾ/ਡੋਰੀ, ਕਿਸੇ ਸ਼ਖ਼ਸ ਦੇ ਗਲ ਵਿਚ ਬੰਨ੍ਹ ਕੇ, ਉਸ ਦਾ ਰੂਪ ਬਦਲਿਆ ਜਾ ਸਕਦਾ ਹੈ। ਧਾਗੇ ਦੇ ਕਟ ਦੇਣ ਨਾਲ ਉਹ ਸ਼ਖ਼ਸ ਮੁੜ ਪਹਿਲੇ ਰੂਪ ਵਿਚ ਆ ਜਾਂਦਾ ਹੈ।

'ਕਥਾ ਸਰਿਤ ਸਾਗਰ' ਵਿਚ ਕਈ ਕਥਾਵਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਮੰਤ੍ਰੇ ਹੋਏ ਧਾਗੇ ਨਾਲ ਜੂਨ-ਪਰਿਵਰਤਨ ਕੀਤੀ ਗਈ ਹੁੰਦੀ ਹੈ। ਇਕ ਕਥਾ ਵਿਚ ਭਵਾਧਰਮਨ ਦੇ ਗਲ ਵਿਚ ਮੰਤ੍ਰਿਆ ਹੋਇਆ ਧਾਗਾ ਬੰਨ੍ਹ ਕੇ, ਉਸ ਨੂੰ ਬਲਦ ਬਣਾ ਦਿਤਾ ਗਿਆ। ਇਕ ਹੋਰ ਕਥਾ ਵਿਚ ਸੁਖਸ਼ਯਾ ਆਪਣੇ ਪ੍ਰੇਮੀ ਬੰਧੂਦਤ ਨੂੰ, ਬੰਦਰ ਬਣਾ ਦੇਂਦੀ ਹੈ ਤਾਂ ਜੋ ਉਸ ਦਾ ਪਤੀ ਉਨ੍ਹਾਂ ਉੱਤੇ ਕੋਈ ਸੰਦੇਹ ਨਾ ਕਰ ਸਕੇ ਅਤੇ ਉਹ ਆਪਣੀ ਕਾਮ-ਲੋਚਾ ਪੂਰੀ ਕਰਦੀ ਰਹੇ।

ਜਨਮ ਸਾਖੀਆਂ ਵਿਚ ਜ਼ਿਕਰ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਮਰਦਾਨੇ ਨਾਲ ਕਾਮਰੂਪ ਗਏ ਤਾਂ ਮਰਦਾਨਾ ਜਦੋਂ ਸ਼ਹਿਰ ਅੰਨ ਪਾਣੀ ਲੈਣ ਗਿਆ ਤਾਂ ਤੀਵੀਆਂ ਨੇ ਮਰਦਾਨੇ ਦੇ ਗਲ ਵਿਚ ਮੰਤ੍ਰਿਆ ਹੋਇਆ ਧਾਗਾ ਬੰਨ੍ਹ ਕੇ, ਉਸ ਨੂੰ ਭੇਡੂ ਬਣਾ ਦਿਤਾ ਸੀ। ਬਾਅਦ ਵਿਚ ਇਹ ਧਾਗਾ ਖੋਲ੍ਹ ਕੇ ਗੁਰੂ ਜੀ ਨੇ ਮਰਦਾਨੇ ਨੂੰ ਮੁੜ ਮਨੁਖੀ ਜਾਮੇ ਵਿਚ ਲੈ ਆਉਂਦਾ।

ਸੰਸਾਰ ਭਰ ਦੀਆਂ ਲੋਕ-ਕਹਾਣੀਆਂ ਵਿਚ ਮੰਤ੍ਰੇ ਹੋਏ ਧਾਗੇ ਨਾਲ ਜੂਨ ਪਰਿਵਰਤਨ ਦੀ ਕਥਾ ਰੂੜ੍ਹੀ ਆਮ ਮਿਲਦੀ ਹੈ। ਫ਼ਾਰਸੀ ਦੀ ਇਕ ਪ੍ਰਸਿਧ ਕਥਾ 'ਗੁਲ ਬਕਾਵਲੀ' ਵਿਚ ਰੂਹ ਅਫ਼ਜ਼ਾ ਬਹਿਰਾਮ ਦੇ ਪ੍ਰੇਮ ਵਿਚ ਬੁਰੀ ਤਰ੍ਹਾਂ ਘਾਇਲ ਹੁੰਦੀ ਹੈ ਤੇ ਉਸ ਨੂੰ ਆਪਣੇ ਕੋਲ ਰੱਖਣ ਲਈ ਉਹ ਉਸ ਦੇ ਗਲ ਵਿਚ ਇਕ ਤਲਿਸਮ ਬੰਨ੍ਹ ਦੇਂਦੀ ਹੈ, ਜਿਸ ਕਰਕੇ ਉਹ ਪੰਛੀ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ। ਮੁਸਲਮਾਨੀ ਕਥਾਵਾਂ ਵਿਚ ਧਾਗੇ ਦੀ ਥਾਂ ਤਲਿਸਮ ਨੇ ਲੈ ਲਈ ਹੈ।

(ਜ-96) **ਜਾਨਵਰ ਆਸ਼ਕ** :

ਕਈ ਲੋਕ-ਕਹਾਣੀਆਂ ਵਿਚ ਜਾਨਵਰ ਕਿਸੇ ਮਰਦ ਜਾਂ ਤੀਵੀਂ ਨਾਲ ਇਸ਼ਕ ਕਰਦੇ ਵੇਖੇ ਗਏ ਹਨ। ਜਾਨਵਰ

ਵੀ ਪ੍ਰਚਲਤ ਹਨ। ਪਤਾਲ ਦਾ ਰਾਜਾ ਨਾਂ ਦੀ ਕਹਾਣੀ ਵਿਚ ਇਕ ਕੁੱਤਾ ਇਕ ਗਰੀਬ ਬ੍ਰਾਹਮਣ ਦੀ ਕੰਨਿਆਂ ਨਾਲ ਮੁਹੱਬਤ ਕਰਦਾ ਹੈ ਤੇ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ। ਉਹ ਕੁੱਤਾ ਹਰ ਰੋਜ਼ ਨੇਮ ਨਾਲ ਬ੍ਰਾਹਮਣ ਕੋਲ ਆਉਂਦਾ ਤੇ ਕੰਨਿਆਂ ਦਾ ਰਿਸ਼ਤਾ ਮੰਗਦਾ ਹੈ। ਅਖ਼ੀਰ ਬ੍ਰਾਹਮਣ ਆਪਣੀ ਕੰਨਿਆਂ ਉਸ ਨੂੰ ਵਿਆਹ ਦੇਂਦਾ ਹੈ। ਮਗਰੋਂ ਭੇਦ ਖੁਲ੍ਹਦਾ ਹੈ ਕਿ ਇਹ ਕੁੱਤਾ 'ਪਤਾਲ ਦਾ ਰਾਜਾ' ਹੈ ਤੇ ਉਹ ਕੇਵਲ ਮਾਤ-ਲੋਕ ਵਿਚ ਹੀ ਕਿਸੇ ਸਰਾਪ ਦੇ ਵਸ ਕੁੱਤੇ ਦੇ ਰੂਪ ਵਿਚ ਵਿਚਰਦਾ ਹੈ। ਅਜਿਹੀਆਂ ਕਥਾਵਾਂ ਦਾ ਅੰਤ ਆਮ ਤੌਰ ਤੇ ਬੜਾ ਸੁਖਾਵਾਂ ਹੁੰਦਾ ਹੈ। ਬਹੁਤੀ ਵਾਰ ਜਿਸ ਪਸ਼ੂ ਨਾਲ ਕੰਨਿਆਂ ਦਾ ਵਿਆਹ ਕੀਤਾ ਜਾਂਦਾ ਹੈ, ਉਹ ਮਗਰੋਂ ਕੋਈ ਸ਼ਹਿਜ਼ਾਦਾ ਨਿਕਲ ਆਉਂਦਾ ਹੈ। ਜੋ ਕਿਸੇ ਵਿਸ਼ੇਸ਼ ਕਾਰਨ ਕਰ ਕੇ ਜਾਂ ਕਿਸੇ ਸਰਾਪ ਅਥਵਾ ਜਾਦੂ-ਟੂਣੇ ਸਦਕਾ ਪਸ਼ੂ ਦੇ ਜਾਮੇ ਵਿਚ ਹੁੰਦਾ ਹੈ। ਜੇ ਜਾਦੂ ਟੂਣੇ ਨਾਲ ਕੋਈ ਮਨੁੱਖ ਪਸ਼ੂ ਬਣਿਆ ਹੋਵੇ ਤਾਂ ਉਸਦੇ ਗਲੇ ਜਾਂ ਪੈਰ ਵਿਚ ਜਾਦੂ ਦੀ ਡੋਰੀ ਬੰਨ੍ਹੀ ਹੁੰਦੀ ਹੈ, ਜਿਸਨੂੰ ਕਟਣ ਨਾਲ ਉਹ ਮੁੜ ਆਪਣੇ ਅਸਲੀ ਰੂਪ ਵਿਚ ਆ ਜਾਂਦਾ ਹੈ। ਪਰ ਕੁਝ ਪਰੀ-ਕਥਾਵਾਂ ਵਿਚ ਅੰਤ ਸੁਖਾਵਾਂ ਨਹੀਂ ਹੁੰਦਾ। ਇਸੇ ਕਿਸਮ ਦੀਆਂ ਕੁਝ ਹੋਰ ਲੋਕ-ਕਹਾਣੀਆਂ 'ਸਰਪ ਰਾਜਾ' ਤੇ 'ਮਗਰਮੱਛ ਰਾਜਾ' 'ਡੱਡੂ ਰਾਜਕੁਮਾਰ' ਆਦਿ ਹਨ।

ਕਾਂਗੜੇ ਦੇ ਇਲਾਕੇ ਵਿਚ ਇਕ ਰਿੱਛ ਦੀ ਦੰਦ ਕਥਾ ਪ੍ਰਚਲਤ ਹੈ ਜੋ ਕਿਸੇ ਮੁਟਿਆਰ ਨਾਲ ਪ੍ਰੇਮ ਕਰਦਾ ਸੀ। ਇਹ ਮੁਟਿਆਰ, ਕਿਸੇ ਦੁਰਾਡੇ ਤੇ ਇਕਾਂਤ ਇਲਾਕੇ ਵਿਚ, ਪਿਊ ਨਾਲ ਬਕਰੀਆ ਤੇ ਭੇਡਾਂ ਚਾਰਿਆ ਕਰਦੀ ਸੀ। ਜਦੋਂ ਉਹਦਾ ਪਿਉ ਮਰ ਗਿਆ ਤਾਂ ਰਖਿਆ ਲਈ ਉਸ ਇਕ ਰਿੱਛ ਪਾਲ ਲਿਆ। ਜੋ ਰੋਜ਼ ਉਸ ਦੀਆ ਭੇਡਾਂ ਬਕਰੀਆਂ ਚਾਰ ਕੇ ਲਿਆਂਦਾ ਅਤੇ ਉਸ ਮੁਟਿਆਰ ਨਾਲ ਪਤੀ ਵਾਂਗ ਰਹਿੰਦਾ ਤੇ ਭੋਗ ਬਿਲਾਸ ਵੀ ਕਰਦਾ ਸੀ। ਮਗਰੋਂ ਕਿਸੇ ਸ਼ਿਕਾਰੀ ਨੇ ਉਸ ਰਿੱਛ ਨੂੰ ਮਾਰ ਦਿਤਾ ਤੇ ਉਸ ਮੁਟਿਆਰ ਨੇ ਵੀ ਰਿੱਛ ਦੇ ਵਿਛੋੜੇ ਵਿਚ ਪ੍ਰਾਣ ਤਿਆਗ ਦਿਤੇ।

### (ਜ-97) ਜਾਨਵਰਾਂ ਬਾਰੇ ਭਰਮ ਵਹਿਮ :

ਜਾਨਵਰਾ ਨਾਲ ਸੰਬੰਧਿਤ ਭਰਮ-ਵਹਿਮ ਚੋਖੀ ਮਾਤਰਾ ਵਿਚ ਪ੍ਰਚਲਤ ਹਨ। ਲਗਭਗ ਹਰ ਉਸ ਜਾਨਵਰ ਬਾਰੇ ਕੁਝ

ਘੋੜਾ ਖ਼ਰੀਦਣ ਵੇਲੇ ਜੇ ਘੋੜਾ ਸਿਰ ਛੰਡੇ ਤਾਂ ਉਸਨੂੰ ਖ਼ਰੀਦਣਾ ਚੰਗਾ ਨਹੀਂ। ਪਰ ਜੇ ਉਹ ਜ਼ਿਮੀਂ ਉਤੇ ਖੁਰ ਮਾਰੇ ਤਾਂ ਜ਼ਰੂਰ ਖ਼ਰੀਦਣਾ ਚਾਹੀਦਾ ਹੈ। ਪੰਜ ਕਲੀਆਂ ਘੋੜਾ, ਜਿਸ ਦੇ ਚੁਹਾਂ ਲੱਤਾਂ ਤੇ ਮਥੇ ਉਤੇ ਚੰਨ ਦਾ ਨਿਸ਼ਾਨ ਹੁੰਦਾ ਹੈ, ਬੜਾ ਭਾਗਵਾਨ ਸਮਝਿਆ ਜਾਂਦਾ ਹੈ। ਇਸ ਘੋੜੇ ਦੇ ਮਾਲਕ ਦਾ ਕੰਮ ਧੰਦਾ ਵਧਦਾ ਫੁਲਦਾ ਹੈ। ਜੇ ਨਵਾਂ ਭਾਂਡਾ ਵਰਤਣ ਤੋਂ ਪਹਿਲਾਂ ਘੋੜੇ ਨੂੰ ਸੁੰਘਾ ਲਿਆ ਜਾਵੇ ਤਾਂ ਉਹ ਕਾਫ਼ੀ ਹੰਢਦਾ ਹੈ।

ਬਲਦ, ਗਾਂ ਤੇ ਮੱਝ ਆਦਿ ਖ਼ਰੀਦਣ ਵੇਲੇ, ਜੇ ਉਹ ਹੱਸੀ ਕਰੇ ਤਾਂ ਚੰਗੀ ਸ਼ੁਭ ਸਮਝੀ ਜਾਂਦੀ ਹੈ। ਇਹ ਪਸ਼ੂ ਜ਼ਰੂਰ ਖ਼ਰੀਦ ਲੈਣਾ ਚਾਹੀਦਾ ਹੈ। ਪਰ ਜੇ ਪਸ਼ੂ ਪਿਸ਼ਾਬ ਕਰ ਦੇਵੇ, ਤਾਂ ਨਹੀਂ ਖ਼ਰੀਦਣਾ ਚਾਹੀਦਾ। ਜੇ ਮੱਝ ਗਊ ਅੜਾਂਗੇ ਤਾਂ ਵੀ ਚੰਗਾ ਸ਼ਗਨ ਹੈ, ਪਰ ਜੇ ਕੋਈ ਖ਼ਰੀਦਣ ਵੇਲੇ ਕੋਲ ਖਲੋਤਾ ਨਿੱਛ ਮਾਰ ਦੇਵੇ ਤਾਂ ਫਿਰ ਉਹ ਪਸ਼ੂ ਖ਼ਰੀਦਣਾ ਠੀਕ ਨਹੀਂ ਹੁੰਦਾ।

ਕੁੱਤਾ ਜਮ ਦਾ ਪਹਿਰੇਦਾਰ ਹੋਣ ਕਰਕੇ, ਜਿੰਨਾਂ, ਭੂਤਾਂ ਪ੍ਰੇਤਾਂ ਨੂੰ ਵੇਖਣ ਦੀ ਅਲੌਕਿਕ ਸ਼ਕਤੀ ਰਖਦਾ ਹੈ। ਜਮਦੂਤ ਵੀ ਕੁਤੇ ਨੂੰ ਝੱਟ ਵਿਖਾਈ ਦੇ ਜਾਂਦੇ ਹਨ। ਇਸ ਲਈ ਕੁੱਤੇ ਦਾ ਹਵਾਂਕਿਆ ਚੰਗਾ ਨਹੀਂ ਹੁੰਦਾ। ਜੇ ਰਾਤ ਵੇਲੇ ਕੁੱਤਾ ਕਿਸੇ ਦੇ ਬੂਹੇ ਅਗੇ ਹੂਕੇ ਜਾਂ ਰੋਏ ਤਾਂ ਉਸ ਘਰ ਵਿਚ ਅਗਲੇ ਦਿਨ ਮੌਤ ਹੋਣ ਦੀ ਸੰਭਾਵਨਾ ਹੈ। ਕੁੱਤਾ ਜੇ ਲਤਾਂ ਉਪਰ ਵਲ ਖੜੀਆਂ ਕਰ ਕੇ ਲੇਟਿਆ ਹੋਵੇ ਤਾਂ ਇਹ ਅਸ਼ੁਭ ਸ਼ਗਨ ਹੈ। ਸਮਝੋ ਕੁਦਰਤ ਵਲੋਂ ਕੋਈ ਆਫ਼ਤ ਪੈਣ ਵਾਲੀ ਹੈ।

ਕਿਸੇ ਕੰਮ 'ਤੇ ਜਾਂਦਿਆਂ ਜੇ ਬਿੱਲੀ ਰਾਹ ਕੱਟ ਜਾਵੇ ਤਾਂ ਕੰਮ ਵਿਗੜ ਜਾਂਦਾ ਹੈ। ਜੇ ਬਿੱਲੀ ਖਬਿਓਂ ਸਜੇ ਲੰਘੇ ਤਾਂ ਘਟ ਨੁਕਸਾਨ ਹੁੰਦਾ ਹੈ, ਪਰ ਜੇ ਸਜਿਓਂ ਖੱਬੇ ਜਾਵੇ ਤਾਂ ਵਧੇਰੇ। ਕਾਲੀ ਬਿੱਲੀ ਦਾ ਰਸਤਾ ਕਟਿਆ ਵਧੇਰੇ ਅਸ਼ੁਭ ਹੈ। ਜੇ ਬਿੱਲੀ, ਕਾਂ ਜਾਂ ਚਿੜੀ ਆਪਣੇ ਉਤੇ ਪਾਣੀ ਉਛਾਲੇ, ਤਾਂ ਘਰ ਵਿਚ ਕੋਈ ਮਹਿਮਾਨ ਆਉਂਦਾ ਹੈ।

ਜੇ ਇੱਲ ਕਿਸੇ ਮਕਾਨ ਦੀ ਛੱਤ ਉਤੇ ਜ਼ਿਆਦਾ ਦੇਰ ਬੈਠੇ ਤਾਂ ਚੰਗੀ ਨਹੀਂ ਹੁੰਦੀ। ਗਿੱਧ ਦਾ ਬੈਠਣਾ ਤਾਂ ਬਹੁਤ ਮਨਹੂਸ ਸਮਝਿਆ ਗਿਆ ਹੈ। ਜੇ ਕਿਸੇ ਮਕਾਨ ਦੀ ਛੱਤ ਉਤੇ ਉੱਲੂ ਤਿੰਨ ਵਾਰ ਬੋਲੇ ਤਾਂ ਉਸ ਦੇ ਮਾਲਕ ਨੂੰ ਉਹ ਮਕਾਨ ਤਿੰਨ, ਸੱਤ ਜਾਂ ਗਿਆਰਾਂ ਦਿਨਾਂ ਵਾਸਤੇ ਖ਼ਾਲੀ ਕਰ ਦੇਣਾ ਚਾਹੀਦਾ ਹੈ ਤੇ ਬੂਹੇ ਅੱਗੇ ਕੰਡਿਆਲੇ ਝਾੜ

ਜੇ ਕੁੱਕੜ ਅੱਧੀ ਰਾਤ ਵੇਲੇ ਬਾਂਗ ਦੇਵੇ ਤਾਂ ਬਦਸ਼ਗਨੀ ਹੈ। ਅਖਾਣ ਹੈ :—

ਰਾਤੀਂ ਬੋਲੇ ਕੁੱਕੜ ਤੇ ਦਿਨੇ ਬੋਲੇ ਸ੍ਰਿਗਾਲ
ਇਕੋ ਤਾਂ ਬਦਲੇ ਸਾਹਿਬੀ ਇਕੋ ਤੇ ਪਵੇ ਕਾਲ।

ਜੇ ਮਰਨ ਵੇਲੇ ਗਾਂ ਦੇ ਗਲ ਵਿਚ ਰੱਸੀ ਪਈ ਹੋਵੇ ਜਾਂ ਉਹ ਕਿੱਲੇ 'ਤੇ ਬਝੀ ਮਰ ਜਾਵੇ ਤਾਂ ਇਹ ਅਪਰਾਧ ਗਊ ਹੱਤਿਆ ਦੇ ਬਰਾਬਰ ਹੈ ਤੇ ਗੰਗਾ 'ਤੇ ਇਸ਼ਨਾਨ ਕੀਤੇ ਬਗੈਰ ਮਾਫ਼ ਨਹੀਂ ਹੁੰਦਾ। ਇਸੇ ਲਈ ਜਦੋਂ ਗਊ ਬੀਮਾਰ ਹੋਵੇ ਤਾਂ ਲੋਕੀਂ ਉਸ ਦੇ ਗਲੇ ਦੀ ਰੱਸੀ ਢਿੱਲੀ ਕਰ ਦੇਂਦੇ ਹਨ।

ਬਿੱਲੀ ਨੂੰ ਮਾਰਨਾ ਵਡਾ ਪਾਪ ਹੈ। ਬਿੱਲੀ ਬ੍ਰਾਹਮਣੀ ਸਮਝੀ ਜਾਂਦੀ ਹੈ ਤੇ ਇਸ ਦੀ ਹੱਤਿਆ ਬ੍ਰਾਹਮਣ ਦੀ ਹੱਤਿਆ ਦੇ ਬਰਾਬਰ ਹੈ। ਬਿੱਲੀ ਨੂੰ ਮਾਰਨ ਵਾਲਾ ਅਗਲੇ ਜਨਮ ਖ਼ੁਦ ਬਿੱਲੀ ਦੀ ਜੂਨ ਵਿਚ ਪੈਂਦਾ ਹੈ। ਜੇ ਕਿਸੇ ਸ਼ਖ਼ਸ ਕੋਲੋਂ ਅਨਜਾਣੇ ਵਿਚ ਬਿੱਲੀ ਮਰ ਜਾਵੇ ਤਾਂ ਉਸ ਨੂੰ ਇਸ ਅਪਰਾਧ ਤੋਂ ਮੁਕਤ ਹੋਣ ਲਈ, ਸੋਨੇ ਦੀ ਬਿੱਲੀ, ਬ੍ਰਾਹਮਣ ਨੂੰ ਦਾਨ ਕਰਨੀ ਚਾਹੀਦੀ ਹੈ।

ਝੋਟੇ ਨੂੰ ਜੱਮ ਦਾ ਵਾਹਣ ਮੰਨਿਆ ਗਿਆ ਹੈ। ਇਸ ਲਈ ਹਿੰਦੂ ਝੋਟੇ ਦੀ ਪਿੱਠ ਉਤੇ ਕਦੇ ਸਵਾਰੀ ਨਹੀਂ ਕਰਦੇ। ਬਲਦ ਸ਼ਿਵ ਦਾ ਵਾਹਣ ਹੈ। ਬਲਦ ਨੂੰ ਕਈ ਹਿੰਦੂ ਸ਼ਿਵ ਦੀ ਭੇਟ ਕਰ ਕੇ ਖੁੱਲ੍ਹਾ ਛੱਡ ਦੇਂਦੇ ਹਨ। ਇਸ ਤਰ੍ਹਾਂ ਬਲਦ ਛੱਡਣ ਵਾਲੇ ਸ਼ਖ਼ਸ ਦੇ ਪਿਤਰਾਂ ਦੇ ਸਾਰੇ ਪਾਪ ਧੋਤੇ ਜਾਂਦੇ ਹਨ।

ਕਾਂ ਮੁੜ ਮੁੜ ਬਨੇਰੇ ਉੱਤੇ ਬੈਠੇ ਤਾਂ ਘਰ ਵਿਚ ਕੋਈ ਪ੍ਰਾਹੁਣਾ ਆਉਂਦਾ ਹੈ। ਕਾਂ ਤੇ ਕਾਂਵਣੀ ਨੂੰ ਜਿਹੜਾ ਸ਼ਖ਼ਸ ਭੋਗ ਕਰਦਾ ਵੇਖ ਲਏ, ਉਸ ਦੀ ਅੱਠਾਂ ਪਹਿਰਾਂ ਦੇ ਅੰਦਰ ਅੰਦਰ ਮ੍ਰਿਤੂ ਹੋ ਜਾਂਦੀ ਹੈ।

ਚਕੋਰ ਤੇ ਤਿੱਤਰ ਨੂੰ ਪਾਲਣਾ ਚੰਗਾ ਸਮਝਿਆ ਜਾਂਦਾ ਹੈ, ਕਿਉਂ ਜੋ ਇਹ ਦੋਵੇਂ ਪੰਖੇਰੂ ਆਪਣੇ ਮਾਲਕ ਦੀਆਂ ਸਭ ਬਲਾਵਾਂ ਆਪਣੇ ਸਿਰ ਲੈ ਲੈਂਦੇ ਹਨ।

ਕਈ ਮੁਸਲਮਾਨ ਕਬੂਤਰ ਨੂੰ ਪੰਛੀਆਂ ਵਿਚੋਂ ਸੱਯਦ ਮਨਦੇ ਹਨ। ਸ਼ੀਹਾ ਮੁਸਲਮਾਨ ਕਾਲ-ਕਲਿਚੀ ਨੂੰ ਨਹੀਂ ਮਾਰਦੇ, ਕਿਉਂ ਜੋ ਇਸ ਨੇ ਇਮਾਮ ਤੇ ਹੁਸੈਨ ਨੂੰ ਮਰਨ ਵੇਲੇ ਪਾਣੀ ਲਿਆ ਕੇ ਦਿਤਾ ਸੀ।

ਸਫ਼ਰ ਵੇਲੇ ਕੁਝ ਜਾਨਵਰ ਅਗੋਂ ਮਿਲਣ ਤਾਂ ਕੰਮ ਨੇਪਰੇ ਚੜ੍ਹਦਾ ਹੈ।

ਕਰਦਿਆਂ ਮਟਕ ਜਾਂ ਚਾਵਲਾਂ ਦੀ ਥਾਲੀ ਹਰ ਜਾਪ ਦੇ ਨਾਲ ਨਾਲ ਰਖਦੇ ਜਾਂਦੇ ਹਨ। ਜਦੋਂ ਚਾਵਲਾਂ ਦਾ ਚੋਖਾ ਢੇਰ ਲਗ ਜਾਂਦਾ ਹੈ ਤਾਂ ਇਨ੍ਹਾਂ ਨੂੰ ਥਲੀਆਂ ਵਿਚ ਬੰਨ੍ਹ ਦਿਤਾ ਜਾਂਦਾ ਹੈ। ਅਜਿਹੇ ਦਾਨ ਨੂੰ 'ਜਾਪ-ਦਾਨ' ਆਖਦੇ ਹਨ।

ਸਤਨਾਜੇ ਦੇ 'ਜਾਪ ਦਾਨ' ਦਾ ਬਹੁਤ ਮਹਾਤਮ ਮੰਨਿਆ ਗਿਆ ਹੈ। ਹਰੇਕ ਦਿਨ ਇਕੋ ਕਿਸਮ ਦੇ ਅੰਨ ਦੇ ਦਾਣੇ ਜਾਪ ਵੇਲੇ ਰਖੇ ਜਾਂਦੇ ਹਨ ਤੇ ਇਸ ਤਰ੍ਹਾਂ ਹਫ਼ਤੇ ਵਿਚ ਸੱਤ ਪ੍ਰਕਾਰ ਦਾ ਅੰਨ ਇਕੱਠਾ ਹੋ ਜਾਂਦਾ ਹੈ। ਪੂਰੇ ਮਹੀਨੇ ਮਗਰੋਂ ਸੰਗਰਾਂਦ ਵਾਲੇ ਦਿਨ, ਉਸ ਸਤਨਾਜੇ ਨੂੰ ਗਰੀਬਾਂ ਤੇ ਮੰਗਤਿਆਂ ਨੂੰ ਦਾਨ ਕਰ ਦਿਤਾ ਜਾਂਦਾ ਹੈ (ਵੇਖੋ : ਸਤਨਾਜਾ)।

(ਜ-99) **ਜਾਂਬਵਤ :**

ਰਿੱਛਾਂ ਦਾ ਰਾਜਾ ਜਿਸ ਦਾ ਜ਼ਿਕਰ ਰਾਮਾਇਣ ਵਿਚ ਆਉਂਦਾ ਹੈ। ਜਾਂਬਵਤ ਨੇ ਲੰਕਾ ਉਤੇ ਚੜ੍ਹਾਈ ਵੇਲੇ ਆਪਣੀ ਰਿੱਛਾਂ ਦੀ ਫ਼ੌਜ ਨਾਲ, ਰਾਮ ਚੰਦਰ ਦੀ ਮਦਦ ਕੀਤੀ ਸੀ। ਰਾਮ ਨੇ ਵਿਜੈ ਦੀ ਪ੍ਰਾਪਤੀ ਪਿਛੋਂ ਜਾਂਬਵਤ ਨੂੰ ਇਹ ਵਰ ਦਿਤਾ ਕਿ ਤੂੰ ਵਿਸ਼ਨੂੰ ਤੋਂ ਬਿਨਾਂ ਹੋਰ ਕਿਸੇ ਦੇ ਹੱਥੋਂ ਨਹੀਂ ਮਰੇਂਗਾ। ਸੋ ਉਹ ਦੁਆਪਰ ਯੁਗ ਤਕ ਜੀਉਂਦਾ ਰਿਹਾ। ਦੁਆਪਰ ਵਿਚ ਕ੍ਰਿਸ਼ਨ ਜੀ, ਜੋ ਵਿਸ਼ਨੂੰ ਦੇ ਅਵਤਾਰ ਸਨ, ਦੇ ਹੱਥੋਂ ਜਾਂਬਵਤ ਦੀ ਮੌਤ ਹੋਈ। ਇਸ ਦੇ ਮਰਨ ਦੀ ਕਥਾ ਇਸ ਪ੍ਰਕਾਰ ਹੈ :—

ਦਵਾਰਕਾ ਨਗਰੀ ਦੇ ਇਕ ਯਾਦਵ ਸਤ੍ਰਾਜਿਤ ਨੇ ਕਰੜੀ ਸਾਧਨਾ ਨਾਲ ਸੂਰਜ ਤੋਂ ਸਯਮੰਤਕ ਮਣੀ ਪ੍ਰਾਪਤ ਕੀਤੀ। ਇਹ ਮਣੀ ਬੜੀ ਅਨਮੋਲ ਸੀ ਅਤੇ ਬਹੁਤ ਸੁੰਦਰ ਰਿਸਮਾਂ ਛਡਦੀ ਸੀ। ਕ੍ਰਿਸ਼ਨ ਨੇ ਜਦੋਂ ਇਹ ਮਣੀ ਵੇਖੀ ਤਾਂ ਉਨ੍ਹਾਂ ਨੇ ਇਸ ਨੂੰ ਪ੍ਰਾਪਤ ਕਰਨ ਦੀ ਲਾਲਸਾ ਪ੍ਰਗਟ ਕੀਤੀ, ਪਰ ਕ੍ਰਿਸ਼ਨ ਤੋਂ ਡਰਦਿਆਂ ਸਤ੍ਰਾਜਿਤ ਨੇ ਇਹ ਮਣੀ ਆਪਣੇ ਭਰਾ ਪ੍ਰਾਸੇਨਜਿਤ ਨੂੰ ਦੇ ਦਿਤੀ। ਇਸ ਮਣੀ ਦੀ ਵਡੀ ਖ਼ੂਬੀ ਇਹ ਸੀ ਕਿ ਜੇ ਇਸ ਦਾ ਸਵਾਮੀ ਨੇਕ ਪੁਰਸ਼ ਹੋਵੇ ਤਾਂ ਮਣੀ ਉਸ ਦੀ ਰਖਿਆ ਕਰਦੀ ਹੈ, ਪਰ ਜੇ ਬਦ ਹੋਵੇ ਤਾਂ ਉਸ ਦਾ ਸਰਵਨਾਸ਼ ਕਰ ਦੇਂਦੀ ਹੈ। ਪ੍ਰਾਸੇਨ ਬੁਰਾ ਆਦਮੀ ਸੀ। ਜਦੋਂ ਉਹ ਮਣੀ ਨਾਲ ਲੈ ਕੇ ਜੰਗਲ ਵਿਚ ਸ਼ਿਕਾਰ ਖੇਡਣ ਗਿਆ ਤਾਂ ਰਾਹ ਭੁਲ ਗਿਆ ਤੇ ਇਕ ਸ਼ੇਰ ਨੇ ਉਸ ਨੂੰ ਮਾਰ ਦਿਤਾ। ਸ਼ੇਰ ਇਹ ਮਣੀ ਲਿਜਾ ਰਿਹਾ ਸੀ ਕਿ ਜਾਂਬਵਤ ਨੇ ਉਹਨੂੰ ਵੇਖ ਲਿਆ। ਉਸ ਨੇ ਸ਼ੇਰ ਨੂੰ ਮਾਰ ਕੇ ਇਹ ਮਣੀ ਆਪਣੇ ਕੋਲ

ਕ੍ਰਿਸ਼ਨ ਨੇ ਉਸ ਤੋਂ ਇਕ ਵਾਰ ਇਹ ਮਣੀ ਮੰਗੀ ਸੀ। ਉਨ੍ਹਾਂ ਨੇ ਹੀ ਇਹ ਮਣੀ, ਪ੍ਰਾਸੇਨ ਤੋਂ ਖੋਹ ਕੇ, ਉਸ ਨੂੰ ਮਾਰ ਦਿਤਾ ਹੋਣਾ ਹੈ। ਕ੍ਰਿਸ਼ਨ ਨੇ ਆਪਣਾ ਕਲੰਕ, ਧੋਣ ਲਈ ਪ੍ਰਾਸੇਨ ਦੀਆਂ ਪੈੜਾਂ ਦਾ ਪਿਛਾ ਕੀਤਾ ਤੇ ਉਸ ਥਾਂ ਪੁਜੇ, ਜਿਥੇ ਸ਼ੇਰ ਨੇ ਪ੍ਰਾਸੇਨ ਨੂੰ ਮਾਰਿਆ ਸੀ। ਫਿਰ ਉਹ ਸ਼ੇਰ ਦੀਆਂ ਪੈੜਾਂ ਦਾ ਪਿਛਾ ਕਰਦਾ ਉਥੇ ਜਾ ਪੁਜਾ ਜਿਥੇ ਜਾਂਬਵਤ ਨੇ ਸ਼ੇਰ ਨੂੰ ਮਾਰਿਆ ਸੀ ਤੇ ਅਖੀਰ ਜਾਂਬਵਤ ਦੇ ਪੈੜਾਂ ਦਾ ਪਿਛਾ ਕਰਦੇ ਕੰਦਰਾਂ ਤਕ ਜਾ ਪੁਜੇ। ਕ੍ਰਿਸ਼ਨ ਆਪਣੇ ਸਾਥੀਆਂ ਨੂੰ ਬਾਹਰ ਛਡ ਕੇ ਆਪ ਕੰਦਰਾਂ ਅੰਦਰ ਗਏ ਤਾਂ ਜਾਂਬਵਤ ਇਕੀ ਦਿਨਾਂ ਤਕ ਕ੍ਰਿਸ਼ਨ ਨਾਲ ਲੜਦਾ ਰਿਹਾ। ਜਦੋਂ ਜਾਂਬਵਤ ਨੂੰ ਪਤਾ ਲਗਾ ਕਿ ਕ੍ਰਿਸ਼ਨ ਵਿਸ਼ਨੂੰ ਦਾ ਅਵਤਾਰ ਹਨ ਤਾਂ ਉਸ ਨੇ ਈਨ ਮੰਨ ਲਈ ਤੇ ਮਣੀ ਕ੍ਰਿਸ਼ਨ ਦੇ ਹਵਾਲੇ ਕਰ ਦਿਤੀ। ਨਾਲ ਹੀ ਆਪਣੀ ਪੁੱਤਰੀ ਜਾਂਬਵਤੀ ਦਾ ਕ੍ਰਿਸ਼ਨ ਨਾਲ ਵਿਆਹ ਕਰ ਦਿਤਾ। ਕ੍ਰਿਸ਼ਨ ਇਹ ਮਣੀ ਲੈ ਕੇ ਦਵਾਰਕਾ ਨਗਰੀ ਪੁਜਿਆ ਤੇ ਇਸਨੂੰ ਸਤ੍ਰਾਜਿਤ ਦੇ ਹਵਾਲੇ ਕੀਤਾ। ਸਤ੍ਰਾਜਿਤ ਬੜਾ ਸ਼ਰਮਿੰਦਾ ਹੋਇਆ ਤੇ ਉਸ ਨੇ ਆਪਣੀ ਭੁਲ ਬਖ਼ਸ਼ਾਂਦੇ ਹੋਏ, ਆਪਣੀ ਲੜਕੀ ਸਤਯਭਾਮਾ, ਕ੍ਰਿਸ਼ਨ ਨੂੰ ਵਿਆਹ ਦਿਤੀ।

(ਜ-100) **ਜਾਮ :**

ਸੱਸੀ ਦਾ ਪਿਤਾ ਆਦਮ ਜਾਮ ਘਰਾਣੇ ਵਿਚੋਂ ਸੀ। ਹਰਨਾਮ ਸਿੰਘ ਸ਼ਾਨ ਅਨੁਸਾਰ ਜਾਮ ਕੱਛ ਤੋਂ ਆ ਕੇ ਸਿੰਧ ਉਤੇ ਰਾਜ ਕਰਨ ਵਾਲੇ, ਸੋਮ ਬੰਸ ਦੇ ਹਿੰਦੂ ਰਾਜਿਆਂ ਦਾ ਖ਼ਿਤਾਬ ਸੀ। ਉਹ ਚੌਧਵੀਂ ਸਦੀ ਦੇ ਅੱਧ ਵਿਚ ਸਿੰਧ ਆਏ। ਕੱਛ, ਕਾਠੀਆਵਾੜ ਵਿਚ ਜਾਮ ਆਮ ਵਰਤੀਂਦਾ ਸ਼ਬਦ ਹੈ। ਕੱਛ ਦੇ ਜਾਰਲਾ ਰਾਜੇ ਅਜੇ ਤਕ 'ਜਾਮ' ਅਖਵਾਉਂਦੇ ਰਹੇ ਹਨ। ਪੰਜਾਬੀ ਕੋਸ਼ (ਜਿਲਦ ਦੂਜੀ) ਅਨੁਸਾਰ ਜਾਮ ਪੁਰਾਣੇ ਸਿੰਧੀ ਸ਼ਹਿਜ਼ਾਦਿਆਂ ਦੀ ਉਪਾਧੀ ਹੈ। ਜਿਹੜੀ ਕਿ ਅੱਜ ਕਲ੍ਹ ਜੱਟਾਂ ਦੇ ਕੁਝ ਕਬੀਲਿਆਂ ਲਈ ਵਰਤੀ ਜਾਂਦੀ ਹੈ।

(ਜ-101) **ਜਾਮੇ ਜਮ :**

ਜਮਸ਼ੇਦ ਲਈ ਤਿਆਰ ਕੀਤਾ ਗਿਆ ਅੰਮ੍ਰਿਤ ਦਾ ਇਕ ਖ਼ਾਸ ਪਿਆਲਾ, ਜਿਸ ਵਿਚ ਭਵਿਖਤ ਦੇ ਸਾਰੇ ਹਾਲਾਤ ਦ੍ਰਿਸ਼ ਰੂਪ ਵਿਚ ਵਿਖਾਈ ਦੇਂਦੇ ਸਨ। ਇਹ ਵੀ ਦਾ ਪਿਆਲਾ ਸੀ, ਜਿਸਨੂੰ ਪੀ ਕੇ ਜਮਸ਼ੇਦ ਨੂੰ ਸਾਰੀ ਦੁਨੀਆ ਵਿਖਾਈ ਦੇਣ ਲਗ ਪੈਂਦੀ ਸੀ। ਰਵਾਇਤਾਂ ਅਨੁਸਾਰ ਸ਼ਰਾਬ ਦਾ ਮੁੱਢ ਜਮਸ਼ੇਦ ਤੋਂ ਬਝਿਆ।

(ਜ-102) **ਜਾਲ (ਜ਼ਾਹਿਰ) ਪੀਰ :**

ਪਟਿਆਲੇ ਤੋਂ ਰੋੜ੍ਹ ਵਲ ਜਾਂਦੀ ਸੜਕ 'ਤੇ, ਸੱਜੇ ਪਾਸੇ ਵਲ, ਕੁਲ ਮਾਜਰੇ ਤੋਂ ਪੌਣੇ ਕੁ ਮੀਲ ਦੀ ਵਿੱਥ ਉਤੇ ਇਕ ਮੜ੍ਹੀ ਹੈ, ਜੋ ਉਪਰੋਂ ਛੱਤੀ ਹੋਈ ਹੈ ਤੇ ਜਿਸ ਦੇ ਉਪਰ ਜੰਡੀ ਦਾ ਰੁੱਖ ਫੈਲਿਆ ਹੋਇਆ ਹੈ। ਇਹ ਮੜ੍ਹੀ ਜਾਲ ਪੀਰ ਦੀ ਦਸੀ ਜਾਂਦੀ ਹੈ। ਇਹ ਪੀਰ ਕਦੋਂ ਹੋਇਆ, ਇਸ ਬਾਰੇ ਕੋਈ ਕੁਝ ਨਹੀਂ ਜਾਣਦਾ।

'ਕੁਲੇ ਮਾਜਰਾ ਸਰਵੇ' ਪੁਸਤਕ (ਪੰਨਾ 26) ਅਨੁਸਾਰ ਜਾਲ ਪੀਰ ਜ਼ਾਹਿਰ ਪੀਰ ਤੋਂ ਵਿਗੜ ਕੇ ਬਣਿਆ ਜਾਪਦਾ ਹੈ। ਜ਼ਾਹਿਰ ਪੀਰ ਗੁੱਗਾ ਪੀਰ ਦੀ ਹੀ ਇਕ ਉਪਾਧੀ ਹੈ, ਪਰ ਇਹ ਗੁੱਗੇ ਪੀਰ ਦੀ ਕਬਰ ਨਹੀਂ ਹੋ ਸਕਦੀ। ਅਸਲ ਵਿਚ ਕਈ ਪੀਰ ਫ਼ਕੀਰ, ਜਿਨ੍ਹਾਂ ਨੇ ਮੌਅਜਜ਼ੇ ਵਿਖਾਏ, ਸ਼ਰਧਾਲੂਆਂ ਵਿਚ ਜ਼ਾਹਿਰ ਪੀਰ ਦੇ ਨਾਂ ਨਾਲ ਪ੍ਰਸਿਧ ਹੋਏ। ਹੋ ਸਕਦਾ ਹੈ ਕਿ ਇਹ ਪੀਰ ਕਰਾਮਾਤੀ ਸ਼ਕਤੀ ਹੋਣ ਸਦਕਾ ਜ਼ਾਹਿਰ ਪੀਰ ਕਰ ਕੇ ਪ੍ਰਸਿਧ ਹੋ ਗਿਆ ਹੋਵੇ। ਜ਼ਾਹਿਰ ਪੀਰ ਸ਼ਬਦ ਵਿਗੜ ਕੇ ਜਾਲ ਪੀਰ ਬਣ ਗਿਆ ਹੋਵੇ।

ਇਸ ਕਬਰ ਦੇ ਨਾਲ ਇਕ ਕਮਰਾ ਹੈ, ਜਿਥੇ ਮੁਜਾਵਰ ਰਹਿੰਦਾ ਹੈ, ਪਰ ਮੁਜਾਵਰ ਵੀ ਇਸ ਪੀਰ ਦੇ ਜੀਵਨ ਤੇ ਜਨਮ-ਤਿੱਥ ਬਾਰੇ ਕੁਝ ਨਹੀਂ ਜਾਣਦਾ। ਰਵਾਇਤ ਹੈ ਕਿ ਇਸ ਪੀਰ ਦੀ ਰੂਹ, ਕਦੇ ਕਦੇ ਚਿੱਟੇ ਕਪੜਿਆਂ ਵਿਚ, ਹੋਰਾ ਗੜ੍ਹ ਦੀ ਮਸੀਤ ਤੋਂ ਕਬਰ ਵਲ ਆਉਂਦੀ ਜਾਂਦੀ, ਕਈ ਮੁਸਾਫ਼ਰਾਂ ਨੇ ਵੇਖੀ ਹੈ।

ਇਲਾਕੇ ਵਿਚ ਇਸ ਪੀਰ ਦੀ ਕਾਫ਼ੀ ਮਾਨਤਾ ਹੈ ਤੇ ਸ਼ਰਧਾਲੂ ਜੁਮੇਰਾਤ ਨੂੰ ਮੱਥਾ ਟੇਕਦੇ ਤੇ ਚੜ੍ਹਾਵੇ ਚਾੜ੍ਹਦੇ ਹਨ। ਆਸ ਪਾਸ ਦੇ ਇਲਾਕੇ ਵਿਚ ਜਦੋਂ ਕੋਈ ਸ਼ਖ਼ਸ ਮਕਾਨ ਜਾਂ ਖੂਹ ਖੁਦਵਾਂਦਾ ਹੈ ਤਾਂ ਕੰਮ ਦੀ ਨਿਰਵਿਘਨ ਸਮਾਪਤੀ ਦੀ ਇੱਛਾ ਨਾਲ ਕੁਝ ਇੱਟਾਂ ਕਬਰ ਉਤੇ ਚਾੜ੍ਹ ਦੇਂਦਾ ਹੈ। ਧਾਰਨਾ ਹੈ ਕਿ ਜਿਹੜਾ ਸ਼ਖ਼ਸ ਅਜਿਹਾ ਨਹੀਂ ਕਰਦਾ, ਉਸ ਦੇ ਕੰਮ ਵਿਚ ਕੋਈ ਵਿਘਨ ਜ਼ਰੂਰ ਪੈਂਦਾ ਹੈ।

ਇਕ ਰਵਾਇਤ ਅਨੁਸਾਰ ਇਹ ਪੀਰ ਹੋਰਾ ਗੜ੍ਹ ਪਿੰਡ ਦਾ ਰਹਿਣ ਵਾਲਾ ਸੀ, ਜੋ ਇਥੋਂ ਅੱਧਾ ਕੁ ਮੀਲ ਦੇ ਫ਼ਾਸਲੇ ਤੇ ਕਦੇ ਘੁੱਗ ਵਸਦਾ ਸੀ।

ਕਈ ਬੋਲੀਆਂ ਵੀ ਲੋਕਾਂ ਵਿਚ ਪ੍ਰਚਲਤ ਹਨ, ਜਿਨ੍ਹਾਂ ਵਿਚ ਉਸ ਦੀ ਵਡਿਆਈ ਗਾਈ ਗਈ ਹੈ :

(ੳ) ਘਰ ਘਰ ਪੁੱਤ ਜੰਮਦੇ
ਜਿਉਣਾ ਮੌੜ ਨਾ ਕਿਸੇ ਬਣ ਜਾਣਾ ।

(ਅ) ਜਿਉਣਾ ਮੌੜ ਵੱਢਿਆ ਨਾ ਜਾਵੇ
ਫਟ੍ਹੀਆਂ ਦੇ ਘੁੰਡ ਮੁੜ ਗਏ ।

ਜਿਉਣਾ ਧਨੀਆਂ ਨੂੰ ਲੁਟਦਾ ਤੇ ਗ਼ਰੀਬਾਂ ਨੂੰ ਰੁਪਏ ਵੰਡ ਦਿਤਾ ਕਰਦਾ ਸੀ । ਇਹ ਜੱਗਾ ਡਾਕੂ ਤੇ ਦੁੱਲ੍ਹਾ ਭੱਟੀ ਦੀ ਵੰਨਗੀ ਦਾ ਲੋਕ-ਨਾਇਕ ਹੈ । ਰਵਾਇਤ ਹੈ ਕਿ ਇਕ ਵਾਰ ਜਿਉਣਾ ਮੌੜ ਸੰਗਰੂਰ ਦੇ ਨੇੜੇ ਇਕ ਪਿੰਡ ਵਿਚ ਇਕ ਗ਼ਰੀਬੜੇ ਜੱਟ ਕੋਲ ਬੈਠਾ ਸੀ ਕਿ ਉਸ ਜੱਟ ਦੀ ਧੀ ਰੋਟੀ ਲੈ ਕੇ ਆਈ । ਜਿਉਣੇ ਦੇ ਪੁਛਣ 'ਤੇ ਕਿ ਉਸ ਦੀ ਧੀ ਕਿਧਰੇ ਮੰਗੀ, ਵਰੀ ਹੈ ਜਾਂ ਨਹੀਂ । ਜੱਟ ਦੀਆਂ ਅੱਖਾਂ ਵਿਚ ਅਥਰੂ ਆ ਗਏ ਤੇ ਉਸ ਆਪਣੀ ਗ਼ਰੀਬੀ ਕਾਰਨ ਵਿਆਹ ਕਰਨ ਤੋਂ ਅਸਮਰਥਾ ਪ੍ਰਗਟ ਕੀਤੀ । ਜਿਉਣੇ ਨੇ ਉਸੇ ਵੇਲੇ ਲੱਕ ਨਾਲੋਂ ਰੁਪਏ ਖੋਲ੍ਹ ਕੇ, ਉਸ ਅਗੇ ਰੁਪਿਆਂ ਦਾ ਢੇਰ ਲਗਾ ਦਿਤਾ ।

ਜਿਉਣਾ ਸੰਗਰੂਰ ਜ਼ਿਲੇ ਦੇ ਇਕ ਪਿੰਡ 'ਮੌੜ' ਦੇ ਵਸਨੀਕ, ਜ਼ਿਮੀਂਦਾਰ ਖੜਗ ਸਿੰਘ ਦਾ ਪੁੱਤਰ ਸੀ । ਖੜਗ ਸਿੰਘ ਦੇ ਦੋ ਪੁਤਰ ਕਿਸ਼ਨ ਸਿੰਘ ਤੇ ਜਿਉਣਾ ਸਨ, ਜੋ ਦੋਵੇਂ ਹੀ ਮੰਨੇ ਪਰਮੰਨੇ ਸੂਰਮੇ ਸਨ । ਦੋਹਾਂ ਦੀ ਇਲਾਕੇ ਵਿਚ ਬੜੀ ਧੁੰਮ ਸੀ । ਕਿਸ਼ਨ ਸਿੰਘ ਫੜਿਆ ਗਿਆ ਤੇ ਉਸ ਨੂੰ ਕਾਲੇ ਪਾਣੀ ਦੀ ਸਜ਼ਾ ਹੋ ਗਈ ।

ਜਿਉਣੇ ਨੇ ਧਨੀਆਂ ਦੀਆਂ ਕਈ ਬਰਾਤਾਂ ਲੁਟੀਆਂ ਤੇ ਵਡੇ ਜ਼ਿਮੀਂਦਾਰਾਂ ਦੇ ਘਰ ਡਾਕੇ ਮਾਰੇ । ਇਸ ਨੇ ਨਾਭੇ ਦੇ ਮਹਾਰਾਜੇ ਹੀਰਾ ਸਿੰਘ ਦੀ ਵਧੀਆ ਘੋੜੀ ਬਕੀ, ਸ਼ਾਹੀ ਅਸਤਬਲ ਤੋਂ ਕਢ ਖੜੀ ਪਰ ਪਕੜਿਆ ਗਿਆ । ਜਿਉਣਾ ਜੇਲ੍ਹ ਵਿਚੋਂ ਭੱਜ ਨਿਕਲਿਆ । ਭਰਾ ਕਿਸ਼ਨ ਸਿੰਘ ਦਾ ਬਦਲਾ ਲੈਣ ਲਈ, ਜਿਉਣੇ ਨੇ ਉਸ ਦੇ ਇਕ ਦੁਸ਼ਮਣ ਅਹਿਮਦ ਖ਼ਾਨ ਡੋਗਰ ਨੂੰ ਕਤਲ ਕਰ ਦਿਤਾ । ਡੋਗਰ ਨੇ ਮੁਖ਼ਬਰੀ ਕਰ ਕੇ, ਇਸ ਦੇ ਭਰਾ ਕਿਸ਼ਨ ਸਿੰਘ ਨੂੰ ਫੜਾਇਆ ਸੀ । ਸਮਾਣੇ ਦਾ ਰੋਡੂ ਨੈਬ ਜਿਉਣੇ ਨੂੰ ਫੜਨ ਆਇਆ, ਪਰ ਉਲਟੀ ਮੂੰਹ ਦੀ ਖਾ ਕੇ ਪਰਤ ਗਿਆ । ਜਿਉਣਾ, ਨੈਣਾ ਦੇਵੀ ਵਿਚ, ਮਾਤਾ ਨੂੰ ਛੱਤਰ ਚੜ੍ਹਾਉਣ ਗਿਆ ਤਾਂ ਪੁਲਿਸ ਨੇ ਉਸ ਨੂੰ ਪਛਾਣ ਲਿਆ ਤੇ ਘੇਰਾ ਪਾ ਲਿਆ ।

ਉਹੋ ਮੂੰਹ ਨਾਲ ਹੀ ਆਵਾਜ਼ ਆਈ ਮੰਦਰ 'ਚੋਂ
ਹੋਰ ਜਿਸੇ ਪਾਸੇ ਦੇਹ ਤਾਂ ਲਾਸ਼ ਨੀ ਪੁਚੇਣੀ ਐ ।
ਮੇਰਾ ਇਹ ਭਗਤ ਇਸਨੂੰ ਮੰਨੂੰਗਾ ਜਹਾਨ ਸਾਰਾ
ਮੇਰੇ ਚਰਨਾਂ 'ਚ ਮੱਟੀ ਮੌੜ ਦੀ ਬਣੇਣੀ ਐ ।

ਜਿਉਣੇ ਮੌੜ ਦੀ ਸਮਾਧ ਉਤੇ ਲੋਕੀਂ ਸੁੱਖਣਾ ਸੁਖਦੇ ਹਨ । ਉਨ੍ਹਾਂ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ । ਰਵਾਇਤਾਂ ਅਨੁਸਾਰ ਕਈ ਨਿਰਸੰਤਾਨ ਤੀਵੀਆਂ ਨੂੰ ਔਲਾਦ ਦਾ ਮੂੰਹ ਵੇਖਣਾ ਨਸੀਬ ਹੋਇਆ । ਜੋਰਾ ਸਿੰਘ ਕਵੀਸ਼ਰ ਲਿਖਦਾ ਹੈ :

ਦੁਨੀਆਂ ਤੇ ਹੋ ਗਿਆ ਅਮਰ ਨਾਮ ਸੂਰਮੇ ਦਾ
ਬਣਗੀ ਸਮਾਧ ਪੂਜਾ ਕਰਦਾ ਜਹਾਨ ਜੀ ।
ਬਣੀ ਐ ਤਲਾਈ ਜਿਉਣੇ ਮੌੜ ਦੀ ਸਮਾਧ ਮੂਹਰੇ
ਅੱਖੀਂ ਦੇਖ ਆਉ ਝੂਠ ਸਮਝੋ ਨਾ ਬਿਆਨ ਜੀ ।
ਮਨ ਦੀ ਮੁਰਾਦ ਪੂਰੀ ਹੁੰਦੀ ਐ ਜਰੂਰ ਓਥੇ
ਸੁਖ ਲਵੇ ਸੁਖ ਜਿਹੜਾ ਹੋ ਕੇ ਸਾਵਧਾਨ ਜੀ ।
ਕਰਜ਼ਾ ਬਿਮਾਰੀ ਸਾਰੀ ਚੁਕੀ ਜਾਵੇ ਜੋਰ ਸਿੰਘਾ
ਔਤਰਿਆਂ ਦੇ ਘਰੇ ਬਚੇ ਖੇਲਣ ਨਿਦਾਨ ਜੀ ।

ਲੋਕ ਗੀਤਾਂ ਅਨੁਸਾਰ ਜਿਉਣੇ ਮੌੜ ਨੂੰ ਡੂੰਘੀ ਢਾਬ ਵਿਚ ਦਰਖ਼ਤਾਂ ਦੇ ਉਹਲੇ ਵਢਿਆ ਗਿਆ :

ਡੂੰਘੀ ਢਾਬ ਵਣਾਂ ਦਾ ਉਹਲਾ
ਜਿੱਥੇ ਜੀਉਣਾ ਮੌੜ ਵੱਢਿਆ
ਉੱਥੇ ਹਰਨਾਂ ਦੀ ਜੋੜੀ ਰੋਵੇ
ਜਿੱਥੇ ਜਿਉਣਾ ਮੌੜ ਵੱਢਿਆ ।

## (ਜ-104) ਜ਼ਿਆਰਤ :

ਕਿਸੇ ਪਵਿਤ੍ਰ ਅਸਥਾਨ, ਪੀਰ-ਫ਼ਕੀਰ ਦੇ ਡੇਰੇ ਜਾਂ ਮਜ਼ਾਰ ਆਦਿ ਦੀ ਯਾਤ੍ਰਾ ਕਰਨ ਦੀ ਪ੍ਰਕਿਰਿਆ, ਮੁਸਲਮਾਨ ਇਸ ਨੂੰ ਜ਼ਿਆਰਤ ਕਹਿੰਦੇ ਹਨ । ਮੁਸਲਮਾਨਾਂ ਵਿਚ ਜ਼ਿਆਰਤ ਦਾ ਬੜਾ ਸੁਆਬ ਮੰਨਿਆ ਗਿਆ ਹੈ ।

## (ਜ-105) ਜਿਸਤ ਟਾਂਕ :

ਜੂਏ ਦੀ ਇਕ ਖੇਡ, ਜਿਸ ਵਿਚ ਜਿਸਤ ਜਾਂ ਟਾਂਕ ਮੰਗ ਕੇ ਦਾਉ ਲਗਾਇਆ ਜਾਂਦਾ ਹੈ । ਜੇ ਮੁੱਠੀ ਵਿਚਲੀ ਚੀਜ਼ ਦੇ ਦੋ ਦੋ ਜੋਟੇ ਬਣਨ ਤਾਂ ਜਿਸਤ, ਨਹੀਂ ਤਾਂ ਟਾਂਕ ਹੁੰਦੀ ਹੈ ।

## (ਜ-106) ਜਿਹਲਮ :

ਨੇੜੇ ਹੀ ਜੋਗੀਆਂ ਦਾ ਟਿੱਲਾ ਹੈ। ਇਸ ਦਰਿਆ ਨਾਲ ਕਈ ਤਰ੍ਹਾਂ ਦੀ ਲੋਕਧਾਰਾ ਜੁੜੀ ਹੋਈ ਹੈ।

(ਜ-107) **ਜ਼ਿਕਰ** :

ਸਿਮਰਨ; ਮੁਸਲਮਾਨਾਂ ਤੇ ਸੂਫ਼ੀ-ਫ਼ਕੀਰਾਂ ਵਿਚ ਸਿਮਰਨ ਲਈ ਜਿਕਰ ਸ਼ਬਦ ਵਰਤਿਆ ਜਾਂਦਾ ਹੈ। ਮੁਸਲਮਾਨੀ ਅਕੀਦੇ ਅਨੁਸਾਰ ਪੰਜ ਵੇਲੇ ਨਿਮਾਜ਼ ਪੜ੍ਹਨੀ ਲਾਜ਼ਮੀ ਹੈ, ਪਰ ਕੁਰਾਨ ਦੀਆਂ ਕੁਝ ਆਇਤਾਂ ਵਿਚ 'ਜ਼ਿਕਰ' ਵਲ ਵੀ ਸੰਕੇਤ ਮਿਲਦੇ ਹਨ—ਜਿਵੇਂ ਮੋਮਨਾਂ ਲਈ ਜ਼ਰੂਰੀ ਹੈ ਕਿ ਉਹ ਅਕਸਰ ਰੱਬ ਦੀ ਕੀਰਤੀ ਅਥਵਾ ਜਿਕਰ ਕਰਨ (ਕੁਰਾਨ 33,14)। ਸੋ ਮੁਸਲਮਾਨ ਫ਼ਕੀਰਾਂ ਵਿਚ ਜ਼ਿਕਰ ਦੀ ਪ੍ਰਥਾ ਹੈ, ਜੋ ਕੁਰਾਨ ਦੀਆਂ ਕੁਝ ਆਇਤਾਂ, ਪ੍ਰਾਰਥਨਾਵਾਂ ਤੇ ਮੂਲ-ਮੰਤਰਾਂ ਨੂੰ ਦੁਹਰਾ ਕੇ ਕੀਤਾ ਜਾਂਦਾ ਹੈ। ਜਿਵੇਂ 'ਅੱਲ੍ਹਾ ! ਅੱਲ੍ਹਾ !' ਤੇ 'ਲਾ ਇਲ੍ਹਾ ਇਲ ਇਲਾਹ।' ਸੂਫ਼ੀ ਸੰਪਰਦਾਇ ਵਿਚ ਤਾਂ ਜਿਕਰ ਨੂੰ ਵਿਸ਼ੇਸ਼ ਥਾਂ ਪ੍ਰਾਪਤ ਰਹੀ ਹੈ ਅਤੇ ਉਨ੍ਹਾਂ ਅਨੁਸਾਰ 'ਜਿਕਰ' ਬਿਨਾਂ ਰੱਬ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪਿਛੋਂ ਜਦੋਂ ਜਿਕਰ ਇਕ ਵਿਖਾਵਾ ਬਣ ਗਿਆ ਤਾਂ ਸੂਫ਼ੀਆਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਜਿਕਰ ਜ਼ੁਬਾਨ ਨਾਲ ਨਹੀਂ, ਦਿਲ ਨਾਲ ਹੋਣਾ ਚਾਹੀਦਾ ਹੈ।

(ਜ-108) **ਜਿਗਰਖੋਰ** :

ਇਕ ਖ਼ਾਸ ਤਰ੍ਹਾਂ ਦੀ ਡੈਣ, ਜੋ ਨਜ਼ਰ ਦੀ ਸ਼ਕਤੀ ਅਥਵਾ ਟੂਣੇ ਟੱਪੇ ਨਾਲ ਕਿਸੇ ਪ੍ਰਾਣੀ ਦਾ ਜਿਗਰ ਕੱਢ ਕੇ ਖਾ ਜਾਂਦੀ ਹੈ। ਜਿਸ ਪ੍ਰਾਣੀ ਦਾ ਜਿਗਰ ਨਿਕਲਿਆ ਹੋਵੇ, ਉਹ ਬੇਹੋਸ਼ੀ ਵਿਚ ਹੀ ਰਹਿਣ ਲਗਦਾ ਹੈ ਤੇ ਕੁਝ ਦਿਨਾਂ ਵਿਚ ਹੀ ਮਰ ਜਾਂਦਾ ਹੈ। ਸਿੰਧ ਵਿਚ ਇਹ ਵਿਸ਼ਵਾਸ਼ ਪ੍ਰਚਲਤ ਹੈ ਕਿ ਜਿਗਰਖੋਰ ਤੀਵੀਆਂ ਕਢੇ ਹੋਏ ਜਿਗਰ ਨੂੰ ਅਨਾਜ ਦੇ ਦਾਣੇ ਦਾ ਰੂਪ ਦੇਕੇ, ਆਪਣੀ ਪਿੰਜਣੀ ਵਿਚ ਛੁਪਾ ਲੈਂਦੀਆਂ ਹਨ। ਜੇ ਇਸ, ਭੇਦ ਦਾ ਸਮੇਂ ਸਿਰ ਪਤਾ ਲਗ ਜਾਵੇ ਤਾਂ ਟੂਣੇਹਾਰੀ ਦੀ ਪਿੰਜਣੀ ਨੂੰ ਕਟ ਕੇ, ਉਸ ਵਿਚੋਂ ਉਹ ਦਾਣਾ ਕਢ ਕੇ ਰੋਗੀ ਨੂੰ ਖਵਾ ਦਿਤਾ ਜਾਵੇ ਤਾਂ ਰੋਗੀ ਨਰੋਆ ਹੋ ਜਾਂਦਾ ਹੈ। (ਆਇਨੇ ਅਕਬਰੀ 2,338)। ਲੋਕ-ਵਿਸ਼ਵਾਸ਼ ਅਨੁਸਾਰ ਜਿਗਰਖੋਰ ਤੀਵੀਂ ਨੂੰ ਪਰਖਣ ਦਾ ਇਕ ਢੰਗ ਇਹ ਹੈ ਕਿ ਜੇ ਉਸ ਨੂੰ ਪੱਥਰ ਨਾਲ ਬੰਨ੍ਹ ਕੇ ਪਾਣੀ ਵਿਚ ਸੁਟਿਆ ਜਾਵੇ ਤਾਂ ਵੀ ਉਹ ਨਹੀਂ ਡੁਬਦੀ।

ਪੰਜਾਬ ਵਿਚ ਜਿਗਰਖੋਰ ਬਾਰੇ ਇਹ ਲੋਕ ਧਾਰਨਾ

ਤੋਂ ਜਿਗਰ ਵਾਪਸ ਲੈ ਕੇ, ਮੁੜ ਪ੍ਰਾਣੀ ਵਿਚ ਵਿਦਮਾਨ ਕਰ ਦੇਂਦਾ ਹੈ। ਜੇ ਉਹ ਜਿਗਰ ਪਾ ਗਈ ਹੋਵੇ ਤਾਂ 'ਸਿਆਣਾ' ਡੈਣ ਨੂੰ ਮਜਬੂਰ ਕਰ ਸਕਦਾ ਹੈ ਕਿ ਉਹ ਕਿਸੇ ਪਸ਼ੂ ਦਾ ਜਿਗਰ ਕਢ ਕੇ, ਉਸ ਰੋਗੀ ਵਿਚ ਪਾਵੇ, ਜਿਸ ਦਾ ਜਿਗਰ ਉਸ ਨੇ ਖਾ ਲਿਆ ਹੈ। ਇਸ ਤਰ੍ਹਾਂ ਨਵਾਂ ਜਿਗਰ ਮਿਲ ਜਾਣ ਨਾਲ, ਰੋਗੀ ਨਵਾਂ ਨਰੋਆ ਹੋ ਜਾਂਦਾ ਹੈ।

ਕਈ ਲੋਕ-ਕਹਾਣੀਆਂ ਵਿਚ ਜਿਗਰਖੋਰ ਡੈਣਾਂ ਵਲ ਸੰਕੇਤ ਮਿਲਦਾ ਹੈ। ਇਕ ਲੋਕ ਕਹਾਣੀ ਵਿਚ ਇਕ ਜਿਗਰਖੋਰ ਡੈਣ ਨੇ ਰਾਜੇ ਦੇ ਅਸਤਬਲ ਦੇ ਸੱਤਾਂ ਘੋੜਿਆਂ ਦੇ ਕਲੇਜੇ ਕੱਢ ਕੇ, ਉਸ ਦੀਆਂ ਸੱਤਾਂ ਰਾਣੀਆਂ ਦੀਆਂ ਟੋਕਰੀਆਂ ਵਿਚ ਰਖ ਦਿਤੇ ਤੇ ਰਾਜੇ ਨੂੰ ਜਾ ਦਸਿਆ ਕਿ ਉਸ ਦੀਆਂ ਰਾਣੀਆਂ ਰਾਖਸ਼ਣੀਆਂ ਹਨ। ਰਾਜੇ ਨੇ ਰਾਣੀਆਂ ਦੀ ਤਲਾਸ਼ੀ ਲਈ ਤੇ ਘੋੜਿਆਂ ਦੇ ਜਿਗਰ ਟੋਕਰੀਆਂ ਵਿਚ ਪਏ ਵੇਖ ਕੇ ਸੱਤਾਂ ਰਾਣੀਆਂ ਨੂੰ ਦੇਸ਼ ਨਿਕਾਲਾ ਦੇ ਦਿਤਾ ਤੇ ਆਪ ਉਸ ਡੈਣ ਨਾਲ, ਜੋ ਵੇਖਣ ਵਿਚ ਬਹੁਤ ਸੁੰਦਰ ਸੀ, ਵਿਆਹ ਕਰ ਲਿਆ। ਮਗਰੋਂ ਸਾਰੀ ਗੱਲ ਦਾ ਭੇਤ ਖੁਲ੍ਹਾ ਤਾਂ ਰਾਜੇ ਨੇ ਡੈਣ ਨੂੰ ਮਰਵਾ ਦਿਤਾ ਤੇ ਰਾਣੀਆਂ ਨੂੰ ਮੁੜ ਘਰ ਵਸਾ ਲਿਆ।

(ਜ-109) **ਜ਼ਿੰਦ ਪੀਰ** :

ਦਰਿਆ ਦਾ ਪੀਰ, ਜਿਸ ਦੀ ਪੂਜਾ ਮੁਜ਼ਫ਼ਰਗੜ੍ਹ ਵਿਚ ਆਮ ਪ੍ਰਚਲਤ ਹੈ। ਦੇਸ਼ ਵੰਡ ਤੋਂ ਪਹਿਲਾਂ ਇਸ ਇਲਾਕੇ ਦੇ ਹਿੰਦੂਆਂ ਦੀ 'ਜ਼ਿੰਦ ਪੀਰ' ਵਿਚ ਬੜੀ ਸ਼ਰਧਾ ਸੀ, ਖ਼ਾਸ ਤੌਰ ਤੇ ਅਲੀਪੁਰ ਤਹਿਸੀਲ ਵਿਚ। ਜ਼ਿੰਦ ਪੀਰ ਦੀ ਪੂਜਾ ਕਰਨ ਵਾਲੇ ਹਰ ਐਤਵਾਰ ਨੂੰ ਨੇੜੇ ਦੀ ਕਿਸੇ ਨਦੀ ਜਾਂ ਦਰਿਆ ਉਤੇ ਜਾਂਦੇ ਹਨ ਅਤੇ ਸਰਕੰਡਿਆਂ ਨੂੰ ਬੰਨ੍ਹ ਕੇ ਇਕ ਨਿਕੀ ਜਿਹੀ ਬੇੜੀ ਬਣਾਉਂਦੇ ਹਨ ਤੇ ਉਸ ਵਿਚ ਆਟੇ ਦਾ ਬਣਿਆ ਚਿਰਾਗ ਬਾਲ ਕੇ ਬੇੜੀ ਨੂੰ ਪਾਣੀ ਵਿਚ ਠੇਲ੍ਹ ਦਿੰਦੇ ਹਨ (ਮੁਜ਼ਫ਼ਰਗੜ੍ਹ ਗਜ਼ਟੀਅਰ, ਪੰਨਾ 69)।

(ਜ-110) **ਜ਼ਿੰਦਾ ਸ਼ਾਹ ਮਦਾਰ** :

ਇਕ ਪੀਰ, ਜਿਸ ਦੀ ਮ੍ਰਿਤੂ 1433 ਈ. ਵਿਚ ਹੋਈ ਤੇ ਜਿਸ ਦਾ ਮਜ਼ਾਰ ਮਕਨ ਪੁਰ ਵਿਚ ਸਥਿਤ ਹੈ। ਪਰ ਸ਼ਾਹ ਮਦਾਰ ਦੇ ਮੁਰੀਦ ਅਜੇ ਵੀ ਉਨ੍ਹਾਂ ਨੂੰ ਜੀਉਂਦਾ ਮੰਨਦੇ ਹਨ ਤੇ ਜ਼ਿੰਦਾ ਸ਼ਾਹ ਮਦਾਰ ਕਹਿ ਕੇ ਯਾਦ ਕਰਦੇ ਹਨ (ਵੇਖੋ : ਸ਼ਾਹ ਮਦਾਰ)।

ਭਾਰੀ ਮੇਲਾ ਲਗਦਾ ਸੀ। ਜਿੰਦਾ ਫ਼ਕੀਰ ਸੀ ਤੇ ਕਲਿਆਨ ਬ੍ਰਾਹਮਣ। ਇਹ ਦੋਵੇਂ ਝੰਗ ਜ਼ਿਲੇ ਵਿਚ ਮਸਨ ਵਿਖੇ ਰਹਿੰਦੇ ਸਨ, ਜਿਥੇ ਹੁਣ ਇਨ੍ਹਾਂ ਦੀਆਂ ਮੜ੍ਹੀਆਂ ਹਨ। ਇਹ ਦੋਵੇਂ ਫ਼ਕੀਰ ਬੜੇ ਗੂੜ੍ਹੇ ਮਿਤ੍ਰ ਸਨ ਤੇ ਲੋਕਾਂ ਵਿਚ 'ਜਿੰਦਾ ਕਲਿਆਨ' ਦੇ ਨਾਂ ਨਾਲ ਪ੍ਰਸਿਧ ਹੋ ਗਏ। ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਨ੍ਹਾਂ ਨੂੰ ਮਾਣ ਬਖ਼ਸ਼ਿਆ ਸੀ।

(ਜ-112) **ਜਿੰਦੂਆ :**

ਪੰਜਾਬੀ ਲੋਕ ਗੀਤਾਂ ਦਾ ਇਕ ਪ੍ਰਸਿਧ ਕਾਵਿ ਰੂਪ। ਜਿੰਦੂਆ ਦੇ ਸ਼ਬਦੀ ਅਰਥ ਹਨ—ਜਿੰਦ ਨਾਲੋਂ ਵਧ ਪਿਆਰਾ, ਸਜਨ। ਜਿੰਦੂਆ ਮੂਲ ਵਿਚ ਬ੍ਰਿਹੋਂ ਦਾ ਇਕ ਕਾਵਿ-ਰੂਪ ਹੈ, ਜਿਸ ਵਿਚ ਪ੍ਰਦੇਸ ਜਾਂ ਦੂਰ ਦੁਰਾਡੇ ਗਏ ਪ੍ਰੀਤਮ ਨੂੰ ਸੰਬੋਧਨ ਕਰ ਕੇ ਆਪਣੀ ਵੇਦਨਾ ਪ੍ਰਗਟ ਕੀਤੀ ਜਾਂਦੀ ਹੈ। ਇਸ ਕਾਵਿ-ਰੂਪ ਵਿਚ 'ਜਿੰਦ-ਮਾਹੀ' ਸ਼ਬਦ ਬਾਰ ਬਾਰ ਦੁਹਰਾਇਆ ਗਿਆ ਹੈ ਅਤੇ ਹਰ ਬੰਦ ਵਿਚ ਝਾਕੀ ਬਦਲਦੀ ਰਹਿੰਦੀ ਹੈ।

(ਜ-113) **ਜਿੰਨ :**

ਇਕ ਅਧਿਦੈਵਿਕ ਪਾਤਰ; ਪੰਜਾਬ ਦੀਆਂ ਲੋਕ-ਕਹਾਣੀਆਂ ਵਿਚ ਜਿੰਨ ਦਾ ਵਰਨਣ ਆਮ ਹੈ। 'ਅਲਫ਼ ਲੈਲਾ' ਦੀਆਂ ਕਹਾਣੀਆਂ ਵਿਚ ਵੀ, ਜਿੰਨ ਇਕ ਸ਼ਕਤੀਸ਼ਾਲੀ ਪਾਤਰ ਦੇ ਰੂਪ ਵਿਚ ਵਿਚਰਦਾ ਹੈ। ਮੁਸਲਮਾਨ ਜਿੰਨ ਦੀ ਹੋਂਦ ਵਿਚ ਵਿਸ਼ਵਾਸ਼ ਰਖਦੇ ਹਨ ਅਤੇ ਜਿੰਨ ਸੈਮੇਟਿਕ ਪ੍ਰਭਾਵ ਹੇਠ ਪੰਜਾਬੀ ਲੋਕਧਾਰਾ ਦਾ ਅੰਗ ਬਣਿਆ। ਜਿੰਨ ਦੀ ਪ੍ਰਕ੍ਰਿਤੀ ਦੇਵਾਂ ਤੇ ਭੂਤਾਂ ਤੋਂ ਵਖਰੀ ਹੈ।

ਆਦਮ ਤੋਂ ਕਈ ਹਜ਼ਾਰ ਸਾਲ ਪਹਿਲਾਂ, ਜਿੰਨ ਦੀ ਜਿਨਸ ਦੀ ਉਤਪਤੀ ਹੋਈ ਮੰਨੀ ਗਈ ਹੈ। ਇਕ ਮੁਸਲਮਾਨੀ ਰਵਾਇਤ ਅਨੁਸਾਰ ਇਸ ਜਿਨਸ ਦੀਆਂ ਪੰਜ ਸ਼੍ਰੇਣੀਆਂ ਹਨ। ਜਨ, ਜਿੰਨ, ਸ਼ੈਤਾਨ, ਅਫ਼ਰੀਤ ਤੇ ਮਾਰੀਦ। ਜਨ ਸਭ ਤੋਂ ਘਟ ਸ਼ਕਤੀਸ਼ਾਲੀ ਹਨ ਅਤੇ ਮਾਰੀਦ ਸਭ ਤੋਂ ਵਧ। ਜਿੰਨ ਤੇ ਜਨ ਦੇ ਉਚਾਰਨ ਵਿਚ ਬਹੁਤ ਫ਼ਰਕ ਨਹੀਂ ਰਖਿਆ ਜਾਂਦਾ। ਦੋਵੇਂ ਸਮ-ਅਰਥੇ ਹੀ ਸਮਝੇ ਜਾਂਦੇ ਹਨ ਅਤੇ ਜਨ ਤੇ ਜਿੰਨ ਸ਼ਬਦ ਕਈ ਵਾਰ ਪੰਜਾਂ ਸ਼੍ਰੇਣੀਆਂ ਲਈ ਸਾਂਝੇ ਹੀ ਵਰਤ ਲਏ ਜਾਂਦੇ ਹਨ। ਜਨ ਅਸਲ ਵਿਚ ਬਦਲੇ ਹੋਏ ਰੂਪ ਵਿਚ ਹੀ ਜਿੰਨ ਹਨ। ਅਥਵਾ ਜਨ ਜਿੰਨ ਦਾ ਹੀ ਕਾਇਆ ਪਲਟ ਰੂਪ ਹੈ। ਚੰਦਰੇ ਸ਼ਕਤੀਸ਼ਾਲੀ ਸਕਦੀ ਹੈ। ਫ਼ਾਰਸੀ ਵਿਚ ਸਭ ਚੰਦਰੇ ਸੁਭਾਅ ਦੇ ਜਿੰਨਾਂ ਲਈ 'ਦੇਵ' ਸ਼ਬਦ ਵਰਤਿਆ ਜਾਂਦਾ ਹੈ। ਵਧੇਰੇ ਸ਼ਕਤੀਸ਼ਾਲੀ ਜਿੰਨਾਂ ਲਈ 'ਨਰਾਹ', ਜੋ ਕੇਵਲ ਨਰ ਲਈ ਵਰਤਿਆ ਜਾਂਦਾ ਹੈ। ਚੰਗੇ ਜਿੰਨ ਲਈ 'ਪਰਿ' ਸ਼ਬਦ ਵਰਤਿਆ ਜਾਂਦਾ ਹੈ ਭਾਵੇਂ ਇਹ ਸ਼ਬਦ ਆਮ ਤੌਰ ਉੱਤੇ ਮਾਦਾ ਲਈ ਉਪਯੋਗ ਕੀਤਾ ਜਾਂਦਾ ਹੈ।

ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਜਿਥੇ ਫ਼ਰਿਸ਼ਤਿਆਂ ਨੂੰ ਪ੍ਰਮਾਤਮਾ ਨੇ ਨੂਰ ਤੋਂ ਬਣਾਇਆ, ਉਥੇ ਜਿੰਨਾਂ ਨੂੰ ਅੱਗ ਤੋਂ। ਅੱਗ ਵੀ ਅਜਿਹੀ ਜਿਸ ਵਿਚ ਧੂੰਏ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ। ਕੁਰਾਨ ਵਿਚ ਲਿਖਿਆ ਹੈ ਕਿ ਆਦਮ ਦੀ ਉਤਪਤੀ ਤੋਂ ਪਹਿਲਾਂ ਅੱਗ ਤੋਂ ਜਿੰਨ ਦੀ ਉਤਪਤੀ ਕੀਤੀ। ਇਬਲੀਸ ਸਭ ਜਨਾਂ ਤੇ ਸ਼ੈਤਾਨਾਂ ਦਾ ਪਿਉ ਮੰਨਿਆ ਗਿਆ ਹੈ। ਹਦੀਸ ਵਿਚ ਇਕ ਥਾਂ ਆਉਂਦਾ ਹੈ ਕਿ ਜਨ ਸਭ ਜਿੰਨਾਂ ਦਾ ਪਿਉ ਹੈ, ਇਥੇ ਜਨ ਸ਼ਬਦ ਇਬਲੀਸ ਲਈ ਵਰਤਿਆ ਗਿਆ ਹੈ।

ਇਲ-ਕਾਜ਼ਵੀਨੀ ਅਨੁਸਾਰ 'ਜਿੰਨ ਹਵਾ ਵਿਚ ਉਤਣ ਵਾਲੇ ਪਸ਼ੂ ਹਨ, ਜਿਨ੍ਹਾਂ ਦੇ ਸਰੀਰ ਪਾਰਦਰਸ਼ੀ ਹੁੰਦੇ ਹਨ ਅਤੇ ਉਹ ਕਈ ਤਰ੍ਹਾਂ ਦੇ ਰੂਪ ਧਾਰਨ ਕਰ ਸਕਦੇ ਹਨ। ਇਨ੍ਹਾਂ ਦੇ ਆਦਰ ਸਤਿਕਾਰ ਸਬੰਧੀ ਲੋਕਾਂ ਦੀ ਭਿੰਨ ਭਿੰਨ ਰਾਵਾਂ ਹਨ। ਕਈ ਜਿੰਨ ਤੇ ਸ਼ੈਤਾਨ ਨੂੰ ਸ਼ਰਾਰਤੀ ਆਦਮੀ ਸਮਝਦੇ ਹਨ, ਤੇ ਇਹ ਲੋਕ ਮੁਸਲਮਾਨਾਂ ਦੇ ਇਕ ਖੁਲ੍ਹ-ਖਿਆਲੀਏ ਫ਼ਿਰਕੇ ਨਾਲ ਸਬੰਧਿਤ ਹਨ। ਕਈਆਂ ਦਾ ਵਿਚਾਰ ਹੈ ਕਿ ਅਲਾਹ ਨੇ ਅੱਗ ਦੇ ਨੂਰ ਤੋਂ ਫ਼ਰਿਸ਼ਤੇ, ਜ਼ੋਅਲਿਆਂ ਤੋਂ ਜਿੰਨ ਤੇ ਧੂੰਏ ਤੋਂ ਸ਼ੈਤਾਨ ਦੀ ਉਤਪਤੀ ਕੀਤੀ। ਇਹ ਸਭ ਜਿਨਸਾਂ ਆਦਮੀ ਨੂੰ ਵਿਖਾਈ ਨਹੀਂ ਦੇਂਦੀਆਂ। ਇਹ ਜਿਹੜਾ ਰੂਪ ਚਾਹੁਣ, ਧਾਰਨ ਕਰ ਲੈਂਦੀਆਂ ਹਨ, ਪਰ ਜਦੋਂ ਉਹ ਮੁਜਸਮ ਰੂਪ ਵਿਚ ਹੋਣ ਤਾਂ ਵਿਖਾਈ ਦੇਂਦੇ ਹਨ।

ਆਦਮ ਤੋਂ ਪੂਰਵ ਦੇ ਜਿੰਨ ਬਾਰੇ ਇਲ-ਕਾਜ਼ਵੀਨੀ ਲਿਖਦਾ ਹੈ, "ਇਤਿਹਾਸ ਵਿਚ ਲਿਖਿਆ ਹੈ ਕਿ ਪ੍ਰਾਚੀਨ ਕਾਲ ਵਿਚ, ਆਦਮ ਦੀ ਉਤਪਤੀ ਤੋਂ ਪਹਿਲਾਂ ਧਰਤੀ ਉਤੇ ਜਿੰਨ ਰਿਹਾ ਕਰਦੇ ਸਨ ਅਤੇ ਧਰਤੀ ਤੇ ਸਮੁੰਦਰ, ਮੈਦਾਨ ਤੇ ਪਹਾੜ ਸਭਨੀ ਥਾਈਂ ਉਨ੍ਹਾਂ ਦਾ ਰਾਜ ਸੀ। ਰੱਬ ਦੀ ਵੀ ਉਨ੍ਹਾਂ ਉਤੇ ਬੜੀ ਬਖ਼ਸ਼ਿਸ਼ ਸੀ। ਉਨ੍ਹਾਂ ਦੀ ਸਰਕਾਰ ਸੀ, ਪੈਗੰਬਰ ਸਨ, ਧਰਮ ਤੇ ਕਾਨੂੰਨ ਸੀ। ਪਰ ਉਨ੍ਹਾਂ ਨੇ ਆਪਣੇ ਪੈਗੰਬਰਾਂ ਦੀ ਨਿਰਾਦਰੀ ਤੇ ਵਿਰੋਧਤਾ

ਦਿਤਾ ਗਿਆ । ਕਈਆਂ ਨੂੰ ਗ੍ਰਿਫਤਾਰ ਵੀ ਕਰ ਲਿਆ ਅਤੇ ਕਈ ਮਾਰੇ ਗਏ । ਜੋ ਬੰਦੀ ਬਣਾਏ ਗਏ ਸਨ, ਉਨ੍ਹਾਂ ਵਿਚ ਅਜ਼ਾਜ਼ੀਲ ਵੀ ਸੀ, ਜੋ ਬਾਅਦ ਵਿਚ ਅਬਲੀਸ ਦੇ ਨਾਂ ਨਾਲ ਪ੍ਰਸਿਧ ਹੋਇਆ । ਉਦੋਂ ਅਜ਼ਾਜ਼ੀਲ ਗਭਰੂ ਅਵਸਥਾ ਵਿਚ ਸੀ । ਉਹ ਫਰਿਸ਼ਤਿਆਂ ਵਿਚ ਹੀ ਵੱਡਾ ਹੋਇਆ ਅਤੇ ਉਨ੍ਹਾਂ ਦੇ ਗਿਆਨ ਵਿਚ ਹੀ ਨਿਪੁੰਨ ਹੋ ਗਿਆ ਅਤੇ ਅਖੀਰ ਉਹ ਉਨ੍ਹਾਂ ਦਾ ਮੁਖੀਆ ਬਣ ਗਿਆ । ਇਸ ਤਰ੍ਹਾਂ ਕਈ ਸਾਲਾਂ ਤਕ ਹੁੰਦਾ ਰਿਹਾ । ਅਖੀਰ, ਆਦਮ ਦੀ ਉਤਪਤੀ ਵੇਲੇ, ਜਦੋਂ ਖੁਦਾ ਨੇ ਸਭ ਫਰਿਸ਼ਤਿਆਂ ਨੂੰ ਕਿਹਾ ਕਿ ਉਹ ਆਦਮ ਨੂੰ ਪਰਨਾਮ ਕਰਨ, ਉਦੋਂ ਸਭ ਫਰਿਸ਼ਤਿਆਂ ਨੇ ਪਰਨਾਮ ਕੀਤਾ ਪਰ ਇਬਲੀਸ ਨੇ ਨਹੀਂ, ਜੋ ਅਸਲ ਵਿਚ ਇਕ ਜਿੰਨ ਸੀ ।''

ਜਿੰਨ ਕਈ ਰੂਪਾਂ ਵਿਚ ਵਿਚਰਦੇ ਹਨ, ਵਧੇਰੇ ਕਰ ਕੇ ਸੱਪ, ਸ਼ੇਰ, ਭੇੜੀਏ, ਗਿੱਦੜ ਤੇ ਦਰਖ਼ਤ-ਪੌਦੇ ਦੇ ਰੂਪ ਵਿਚ । ਕੁਝ ਜਿੰਨ ਧਰਤੀ ਉਤੇ ਰਹਿੰਦੇ ਹਨ, ਕੁਝ ਹਵਾ ਵਿਚ ਤੇ ਕੁਝ ਸਮੁੰਦਰ ਵਿਚ । ਮੁਸਲਮਾਨੀ ਰਵਾਇਤਾਂ ਅਨੁਸਾਰ ਘਰਾਂ ਵਿਚੋਂ ਨਿਕਲਣ ਵਾਲੇ ਸੱਪ ਅਸਲੋਂ ਜਿੰਨ ਹੁੰਦੇ ਹਨ ।

ਕਈ ਵਾਰ ਮਨੁਖੀ ਰੂਪ ਵਿਚ ਵੀ ਜਿੰਨ ਵਿਚਰਦੇ ਫਿਰਦੇ ਹਨ । ਇਨ੍ਹਾਂ ਦਾ ਕਦ-ਬੁਤ ਕਦੇ ਕਦੇ ਮੱਖੀ ਦੇ ਆਕਾਰ ਦਾ ਤੇ ਕਈ ਵਾਰ ਮਨੁੱਖੀ ਅਕਾਰ ਨਾਲੋਂ ਬੜਾ ਵਡਾ ਹੁੰਦਾ ਹੈ । ਜੇ ਜਿੰਨ ਨੇਕ ਹੋਣ ਤਾਂ ਬੜੇ ਖੂਬਸੂਰਤ ਸ਼ਕਲ ਦੇ ਹੁੰਦੇ ਹਨ ਪਰ ਜੇ ਬਦ ਹੋਣ ਤਾਂ ਭਿਆਨਕ ਸ਼ਕਲ ਸੂਰਤ ਦੇ । ਉਹ ਮਰਜ਼ੀ ਅਨੁਸਾਰ ਵਿਖਾਈ ਵੀ ਨਹੀਂ ਦੇ ਸਕਦੇ । ਉਹ ਹਵਾ ਜਾਂ ਧਰਤੀ ਵਿਚ ਅਲੋਪ ਹੋ ਸਕਦੇ ਹਨ ਤੇ ਬੰਦ ਦਰਵਾਜ਼ੇ ਤੇ ਕੰਧਾਂ ਨੂੰ ਵੀ ਪਾਰ ਕਰ ਜਾਂਦੇ ਹਨ ।

ਵਾ-ਵਰੋਲੇ ਵਿਚ 'ਵਲੂਣਾ' ਨਾਂ ਦਾ ਜਿੰਨ ਹੁੰਦਾ ਹੈ । ਵਲੂਣੇ ਦੇ ਚੱਕਰ ਵਿਚ ਜਿਹੜਾ ਆ ਜਾਵੇ, ਉਹ ਵੀ ਜੀਊਂਦਾ ਨਹੀਂ ਬਚ ਸਕਦਾ । ਕਿਉਂ ਜੋ ਉਸ ਵਿਚਲਾ ਜਿੰਨ, ਉਸ ਨੂੰ ਉਡਾ ਕੇ, ਕਿਥੇ ਦਾ ਕਿਥੇ ਲੈ ਜਾਂਦਾ ਹੈ । ਥੱਲਾਂ ਵਿਚ ਤਾਂ ਬੜੇ ਭਿਆਨਕ ਵਲੂਣੇ ਆਉਂਦੇ ਹਨ । ਵਲੂਣੇ ਵਿਚੋਂ ਜਿੰਨ ਤੋਂ ਬਚਣ ਦਾ ਇਕ ਤਰੀਕਾ ਹੈ ਕਿ ਉਸ ਨੂੰ ਲੋਹਾ ਛੁਹਾ ਦਿਉ, ਉਹ ਤੁਹਾਨੂੰ ਉਥੇ ਹੀ ਛਡ ਕੇ ਅਗੇ ਨਿਕਲ ਜਾਵੇਗਾ । ਜੇ ਲੋਹਾ ਕੋਲ ਨਾ ਹੋਵੇ ਤਾਂ ਲੋਹਾ, ਲੋਹਾ ਕਹਿਣ ਨਾਲ ਵੀ ਕੰਮ ਸਰ ਜਾਂਦਾ ਹੈ । ਕਿਉਂ ਜੋ ਇਹ ਮੰਦੜੇ ਜਿੰਨ ਲੋਹੇ ਤੋਂ ਬੜੇ ਡਰਦੇ ਹਨ ।

ਦਰਿਆਵਾਂ, ਉਜੜੇ ਘਰਾਂ, ਖੋਲਿਆਂ ਤੇ ਚੌਰਸਤਿਆਂ ਵਿਚ ਘੁੰਮਦੇ ਰਹਿੰਦੇ ਹਨ ।

ਕਿਹਾ ਜਾਂਦਾ ਹੈ ਕਿ ਹਜ਼ਰਤ ਈਸਾ ਦੀ ਪੈਦਾਇਸ਼ ਤੋਂ ਪਹਿਲਾਂ, ਇਨ੍ਹਾਂ ਜਿੰਨਾਂ ਨੂੰ ਖੁਲ੍ਹ ਸੀ ਕਿ ਸੱਤਾਂ ਬਹਿਸ਼ਤਾਂ ਵਿਚੋਂ ਕਿਸੇ ਵਿਚ ਵੀ ਆ ਜਾ ਸਕਦੇ ਸਨ । ਪਰ ਮਗਰੋਂ ਉਨ੍ਹਾਂ ਨੂੰ ਕੇਵਲ ਪਹਿਲੀਆਂ ਚਾਰ ਬਹਿਸ਼ਤਾਂ ਵਿਚ ਹੀ ਜਾਣ ਦੀ ਆਗਿਆ ਰਹਿ ਗਈ । ਹਜ਼ਰਤ ਮੁਹੰਮਦ ਦੀ ਪੈਦਾਇਸ਼ ਪਿਛੋਂ ਬਾਕੀ ਚਾਰ ਬਹਿਸ਼ਤਾਂ ਵਿਚ ਵੀ ਉਨ੍ਹਾਂ ਦੇ ਜਾਣ ਦੀ ਮਨਾਹੀ ਹੋ ਗਈ । ਪਰ ਉਹ ਸਭ ਤੋਂ ਹੇਠਲੀ ਬਹਿਸ਼ਤ ਵਿਚ ਜਾਂਦੇ ਅਤੇ ਖੁਦਾ ਦੇ ਫਰਿਸ਼ਤਿਆਂ ਵਿਚ ਹੋਈ ਗੱਲਬਾਤ ਸੁਣ ਆਉਂਦੇ ਤੇ ਕਈ ਵਾਰ ਉਹ ਭਵਿਖਤ ਵਿਚ ਵਾਪਰਨ ਵਾਲੀਆਂ ਗੱਲਾਂ ਜਾਣ ਲੈਂਦੇ ਸਨ ।

ਕੁਝ ਜਿੰਨ ਮੁਸਲਮਾਨ ਮੰਨੇ ਜਾਂਦੇ ਹਨ ਤੇ ਕੁਝ ਕਾਫ਼ਰ । ਪਹਿਲੀ ਸ਼੍ਰੇਣੀ ਦੇ ਜਿੰਨ, ਮੁਸਲਮਾਨਾਂ ਵਾਂਙ ਹੀ ਰਮਜ਼ਾਨ ਵਿਚ ਰੋਜ਼ੇ ਰਖਦੇ, ਨਿਮਾਜ਼ਾਂ ਪੜ੍ਹਦੇ, ਮੱਕੇ ਦੀ ਯਾਤਰਾ ਕਰਦੇ ਤੇ ਦਾਨ ਦੇਂਦੇ ਹਨ । ਪਰ ਉਹ ਸਭ ਕੁਝ ਮਨੁੱਖ ਤੋਂ ਉਹਲੇ ਰਹਿ ਕੇ ਕਰਦੇ ਹਨ ।

ਲੋਕ-ਕਹਾਣੀਆਂ ਵਿਚ ਜਿੰਨਾਂ ਦਾ ਆਮ ਵਰਨਣ ਹੈ । ਜਿੰਨ ਅਥਾਹ ਸ਼ਕਤੀ ਦੇ ਮਾਲਕ ਦਸੇ ਗਏ ਹਨ । ਜਿੰਨ ਜੀਵਾਂ ਨੂੰ ਕਈ ਫ਼ਾਇਦੇ ਵੀ ਪਹੁੰਚਾਂਦੇ ਹਨ ਤੇ ਕਈ ਨੁਕਸਾਨ ਵੀ । ਅਲਾਦੀਨ ਦੇ ਚਰਾਗ਼ ਦੇ ਰਗੜਨ ਨਾਲ, ਜਿੰਨ ਪ੍ਰਗਟ ਹੋ ਕੇ, ਜੋ ਚੀਜ਼ ਅਲਾਦੀਨ ਕਹਿੰਦਾ ਸੀ ਲਿਆ ਦੇਂਦਾ ਸੀ । ਕਈਆਂ ਨੂੰ ਜਿੰਨ ਆਪਣੇ ਵਾਲ ਦੇ ਜਾਂਦੇ ਹਨ, ਜਿਸਨੂੰ ਰਗੜਨ ਜਾਂ ਅੱਗ ਲਾਣ ਨਾਲ ਝਟ ਜਿੰਨ ਪ੍ਰਗਟ ਹੋ ਜਾਂਦਾ ਹੈ । 'ਅਲਫ਼ ਲੈਲਾ' ਦੀਆਂ ਕਹਾਣੀਆਂ ਵਿਚ ਅਜਿਹੀਆਂ ਗੱਲਾਂ ਆਮ ਮਿਲਦੀਆਂ ਹਨ ।

ਪਰ ਜਿੰਨ ਧਰਤੀ ਦੀਆਂ ਖੂਬਸੂਰਤ ਤੀਵੀਆਂ ਨੂੰ ਕੋਹ ਕਾਫ਼ ਚੁਕ ਕੇ ਲੈ ਜਾਂਦੇ ਹਨ ਅਤੇ ਉਨ੍ਹਾਂ ਨਾਲ ਜ਼ਬਰਦਸਤੀ ਵਿਆਹ ਕਰ ਲੈਂਦੇ ਹਨ ਜਾਂ ਉਨ੍ਹਾਂ ਨੂੰ ਦਾਸੀਆਂ ਬਣਾ ਲੈਂਦੇ ਹਨ । ਕਈ ਜਿੰਨ ਲੋਕਾਂ ਦੀਆਂ ਛੱਤਾਂ ਜਾਂ ਬੂਹੇ ਬਾਰੀਆਂ ਵਿਚ ਬਹਿ ਕੇ, ਲੰਘਦੇ ਰਾਹੀਆਂ ਜਾਂ ਗੁਆਂਢੀਆਂ ਨੂੰ ਪੱਥਰ ਮਾਰਦੇ ਹਨ । ਅਜਿਹੇ ਪੱਥਰ ਆਮ ਤੌਰ ਉਤੇ ਲਗਦੇ ਨਹੀਂ, ਕੇਵਲ ਕੋਲ ਜਾ ਕੇ ਹੀ ਡਿਗਦੇ ਹਨ ।

ਕਈ ਜਿੰਨ ਉਜੜੇ ਖੋਲਿਆਂ, ਵੀਰਾਨ ਘਰਾਂ ਤੇ ਸਰਾਵਾਂ ਵਿਚ ਰਹਿੰਦੇ ਹਨ ਅਤੇ ਜਿਹੜਾ ਸ਼ਖ਼ਸ ਵੀ ਉਥੇ ਰਾਤ ਰਹਿਣ ਲਈ ਠਹਿਰਦਾ ਹੈ, ਉਸ ਨੂੰ ਦੁਖੀ ਕਰਦੇ ਹਨ ।

ਖੋਲ੍ਹਦੇ ਹਨ। ਇਕ ਮਿੱਥਕ ਕਥਾ ਅਨੁਸਾਰ ਪ੍ਰਭੂ ਨੇ ਜਦੋਂ ਆਦਮੀ ਦਾ ਪੁਤਲਾ ਮਿੱਟੀ ਨਾਲ ਘੜ ਕੇ, ਉਸ ਵਿਚ ਪ੍ਰਾਣ ਫੂਕੇ ਤਾਂ ਉਹ ਫੁੜਕਦਾ ਹੋਇਆ ਇਧਰ ਉਧਰ ਭੱਜਣ ਲਗਾ। ਪ੍ਰਭੂ ਨੇ ਉਸ ਨੂੰ ਆਵਾਜ਼ ਮਾਰੀ ਤਾਂ ਪੁਤਲੇ ਨੇ ਅਗੋਂ 'ਹਾਂ' ਕਹਿ ਕੇ ਉੱਤਰ ਦਿਤਾ। ਪ੍ਰਭੂ ਇਹ ਸੁਣ ਕੇ ਕਰੋਧ ਵਿਚ ਆ ਗਿਆ ਤੇ ਕਹਿਣ ਲਗਾ, 'ਜਿਹੜਾ ਪ੍ਰਾਣੀ ਦੂਜੇ ਨੂੰ 'ਜੀ' ਨਹੀਂ ਕਹਿ ਸਕਦਾ, ਉਸਨੂੰ ਅਮਰ ਜ਼ਿੰਦਗੀ ਦੇਣ ਦਾ ਕੀ ਫ਼ਾਇਦਾ।' ਇਸ ਤਰ੍ਹਾਂ ਦੁਨੀਆਂ ਵਿਚ ਮੌਤ ਹੋਂਦ ਵਿਚ ਆਈ।

(ਜ-115) **ਜੀਉ** :

ਉਤਪਤੀ ਕਥਾਵਾਂ ਅਨੁਸਾਰ ਜੀਵਾਤਮਾਵਾਂ ਰੱਬ ਦੇ ਸਾਹ ਵਿਚੋਂ ਪੈਦਾ ਹੋਈਆਂ। ਰੱਬ ਨੇ ਮਿੱਟੀ ਦੇ ਪੁਤਲੇ ਘੜੇ ਤੇ ਉਨ੍ਹਾਂ ਵਿਚ ਫੂਕ ਮਾਰੀ ਤਾਂ ਉਹ ਸਭ ਸਜੀਵ ਹੋ ਗਏ।

(ਜ-116) **ਜੀਉੜਾ** :

ਸਿੱਖਾਂ ਦਾ ਇਕ ਫਿਰਕਾ, ਜਿਨ੍ਹਾਂ ਦਾ ਮੁਖੀ ਅੱਡਾ ਗੋਇੰਦਵਾਲ ਵਿਚ ਹੈ। ਰਵਾਇਤ ਹੈ ਕਿ ਇਸ ਫਿਰਕੇ ਦੇ ਮੋਢੀ ਦੀ ਜਦੋਂ ਮੌਤ ਹੋ ਗਈ ਤਾਂ ਗੁਰੂ ਜੀ ਨੇ ਉਸ ਨੂੰ ਮੁੜ ਸੁਰਜੀਤ ਕਰ ਦਿਤਾ। ਉਦੋਂ ਤੋਂ ਉਹ ਤੇ ਉਸ ਦੀ ਔਲਾਦ ਜੀਉੜਾ ਅਖਵਾਉਣ ਲਗੀ।

(ਜ-117) **ਜੀਉਣ ਬੂਟੀ** :

ਸੰਜੀਵਨੀ ਬੂਟੀ ਜੋ ਮੁਰਦਿਆਂ ਨੂੰ ਮੁੜ ਜ਼ਿੰਦਾ ਕਰ ਦੇਂਦੀ ਹੈ। ਧਾਰਨਾ ਹੈ ਕਿ ਇਸ ਬੂਟੀ ਨੂੰ ਪਾਣੀ ਵਿਚ ਭਿਉਂ ਕੇ ਮੁਰਦੇ ਦੇ ਮੂੰਹ ਵਿਚ ਪਾਇਆ ਜਾਵੇ ਤਾਂ ਉਹ ਸੁਰਜੀਤ ਹੋ ਉਠਦਾ ਹੈ। ਲੋਕ-ਕਹਾਣੀਆਂ ਵਿਚ 'ਜੀਉਣ-ਬੂਟੀ' ਦਾ ਜ਼ਿਕਰ ਆਮ ਆਉਂਦਾ ਹੈ।

(ਜ-118) **ਜੀਣ-ਪਟਾ** :

**ਕੋਈ** ਵਸਤੂ ਜੋ ਕਥਾ ਦੇ ਨਾਇਕ ਜਾਂ ਕਿਸੇ ਹੋਰ ਪਾਤਰ ਦੇ ਜੀਵਨ ਦੀ ਪ੍ਰਤੀਕ ਹੁੰਦੀ ਹੈ ਤੇ ਜਦੋਂ ਉਸ ਪਾਤਰ ਜਾਂ ਨਾਇਕ ਦੀ ਮੌਤ ਹੋ ਜਾਂਦੀ ਹੈ ਤਾਂ ਉਹ ਵਸਤੂ, ਜੇ ਧਾਤ ਦੀ ਹੋਵੇ, ਤਾਂ ਉਸ ਉਤੇ ਲਹੂ ਦੇ ਤੁਪਕੇ ਆ ਜਾਂਦੇ ਹਨ। ਜੇ ਫੁਲ-ਬੂਟਾ ਹੋਵੇ ਤਾਂ ਮੁਰਝਾ ਜਾਂਦੇ ਹਨ ਤੇ ਜੇ ਸ਼ੀਸ਼ਾ ਹੋਵੇ ਤਾਂ ਤਿੜਕ ਜਾਂਦਾ ਹੈ। ਪਾਤਰ ਦਾ ਜੀਵਨ ਇਸ 'ਜੀਣ-ਪਟੇ' ਰਾਹੀਂ ਕਿਸੇ ਬਾਹਰਲੀ ਵਸਤੂ

ਵਿਚ ਮਿਲਦਾ ਹੈ। ਨਾਇਕ ਘਰੋਂ ਜਾਣ ਵੇਲੇ ਆਪਣੇ ਮਾਂ ਪਿਉ ਨੂੰ ਕੋਈ ਜੀਣ-ਪਟਾ ਦੇ ਜਾਂਦਾ ਹੈ ਤੇ ਜਦੋਂ ਉਸ ਉਤੇ ਕੋਈ ਬਿਪਤਾ ਪੈਂਦੀ ਹੈ ਤਾਂ ਜੀਣ-ਪਟੇ ਉਤੇ ਲਹੂ ਦੇ ਤੁਪਕੇ ਆ ਜਾਂਦੇ ਹਨ ਜਾਂ ਮੁਰਝਾ ਅਥਵਾ ਤਿੜਕ ਜਾਂਦਾ ਹੈ। ਆਮ ਤੌਰ ਤੇ ਨਾਇਕ ਫੁਲੀ ਦੇ ਕੇ ਜਾਂਦਾ ਹੈ। ਕਈ ਵਾਰ ਨਾਇਕ ਘਰ ਵਿਚ ਕੋਈ ਪੌਦਾ ਲਗਾ ਜਾਂਦਾ ਹੈ। ਜਦੋਂ ਨਾਇਕ ਉਤੇ ਕੋਈ ਮੁਸੀਬਤ ਪੈਂਦੀ ਹੈ, ਪੌਦਾ ਪੀਲਾ ਪੈ ਜਾਂਦਾ ਹੈ। ਇਕ ਕਥਾ ਵਿਚ, ਸ਼ਹਿਜ਼ਾਦੀ ਦੀ ਖੋਜ ਵਿਚ ਗਿਆ ਨਾਇਕ ਆਪਣੀ ਭੈਣ ਨੂੰ, ਇਕ ਸ਼ੀਸ਼ਾ ਦੇ ਗਿਆ, ਜਿਸ ਵਿਚੋਂ ਭੈਣ, ਭਰਾ ਨੂੰ, ਜਿਸ ਵੀ ਦਿਸ਼ਾ ਵਿਚ ਉਹ ਹੋਵੇ ਵੇਖ ਸਕਦੀ ਹੈ। ਕੰਵਲ ਫੁੱਲ ਕਹਾਣੀ ਵਿਚ, 'ਕੰਵਲ' ਆਪਣੇ ਪਤੀ ਨੂੰ, ਪ੍ਰਦੇਸ ਸੌਦਾਗਰੀ ਉਤੇ ਜਾਣ ਵੇਲੇ, ਇਕ ਕੰਵਲ ਫੁੱਲ ਦੇਂਦੀ ਹੈ, ਜੋ ਹਮੇਸ਼ਾ ਤਾਜ਼ਾ ਰਹਿੰਦਾ ਹੈ।

(ਜ-119) **ਜੀਵਾਤਮਾ** :

ਲੋਕ ਵਿਸ਼ਵਾਸ ਹੈ ਕਿ ਰਾਤ ਵੇਲੇ ਆਤਮਾ ਸਰੀਰ ਵਿਚੋਂ ਨਿਕਲ ਕੇ ਦੂਰ ਦੁਰਾਡੇ ਜੰਗਲਾਂ ਵਿਚ ਘੁੰਮਦੀ ਫਿਰਦੀ ਹੈ ਤੇ ਜੋ ਕੁਝ ਅਸੀਂ ਸੁਪਨੇ ਵਿਚ ਵੇਖਦੇ ਹਾਂ, ਉਹ ਉਥੋਂ ਦੇ ਦ੍ਰਿਸ਼ ਹੁੰਦੇ ਹਨ ਜਿਥੇ ਜਿਥੇ ਆਤਮਾ ਵਿਚਰਦੀ ਫਿਰਦੀ ਹੈ। ਕਈ ਵਾਰੀ ਜੇ ਪ੍ਰਾਣੀ ਨੂੰ ਭੁੱਖ ਪਿਆਸ ਲਗੀ ਹੋਵੇ, ਤਾਂ ਇਸ ਨੂੰ ਬੁਝਾਣ ਲਈ, ਆਤਮਾ ਫਲ ਫੁਲ ਖਾਂਦੀ ਤੇ ਪਾਣੀ ਵੀ ਪੀਂਦੀ ਹੈ। ਇਸ ਸਬੰਧ ਵਿਚ ਇਕ ਲੋਕ-ਕਥਾ ਵੀ ਪ੍ਰਚਲਤ ਹੈ। ਇਕ ਵਾਰ ਇਕ ਸ਼ਖ਼ਸ ਨੂੰ ਸੁਤਿਆਂ ਪਿਆਂ ਸਖ਼ਤ ਪਿਆਸ ਲਗੀ। ਉਸ ਦੀ ਆਤਮਾ ਪਾਣੀ ਲਈ ਭਟਕਦੀ ਹੋਈ, ਇਕ ਘੜੇ ਵਿਚ ਲੰਘ ਕੇ ਪਾਣੀ ਪੀਣ ਲਗੀ। ਰੱਬ ਦੀ ਕਰਨੀ, ਘਰ ਦਾ ਕੋਈ ਬੰਦਾ ਉਠਿਆ ਤੇ ਉਸ ਨੇ ਘੜੇ ਨੂੰ ਨੰਗਾ ਪਿਆ ਵੇਖ ਕੇ, ਉਪਰ ਛੂਣੀ ਦੇ ਦਿਤੀ, ਫਲਸਰੂਪ ਉਹ ਆਤਮਾ ਘੜੇ ਵਿਚ ਬੰਦ ਹੋ ਗਈ ਅਤੇ ਮੁੜ ਆਪਣੇ ਸਰੀਰ ਵਿਚ ਨਾ ਜਾ ਸਕੀ। ਸਵੇਰੇ ਘਰ ਵਾਲਿਆਂ ਨੇ ਉਸ ਸ਼ਖ਼ਸ ਨੂੰ ਮੋਇਆਂ ਸਮਝਿਆ ਤੇ ਦਾਹ-ਸੰਸਕਾਰ ਲਈ ਅਰਥੀ ਉਤੇ ਪਾ ਕੇ ਮਰਘਟ ਵਲ ਲੈ ਤੁਰੇ। ਕਿਸੇ ਨੇ ਉਸ ਘੜੇ ਤੋਂ, ਜਿਸ ਵਿਚ ਰੂਹ ਬੰਦ ਸੀ, ਪਾਣੀ ਪੀਣ ਲਈ, ਛੂਣੀ ਲਾਹੀ ਤੇ ਉਹ ਆਤਮਾ ਝਟ ਘੜੇ ਵਿਚੋਂ ਨਿਕਲ ਕੇ, ਆਪਣੇ ਸਰੀਰ ਵਿਚ ਜਾ ਦਾਖ਼ਿਲ ਹੋਈ ਤੇ ਉਹ ਸ਼ਖ਼ਸ ਅੱਖਾਂ ਮਲਦਾ ਉਠ ਬੈਠਾ।

ਉਦੋਂ ਤੋਂ ਪੰਜਾਬ ਵਿਚ ਇਹ ਵਿਸ਼ਵਾਸ ਪੈ ਗਿਆ ਹੈ ਕਿ

ਬੰਦ ਹੋ ਗਈ ਹੋਵੇ ਤਾਂ ਮੁਕਤ ਹੋ ਕੇ ਮੁੜ ਆਪਣੇ ਸਰੀਰ ਵਿਚ ਜਾ ਸਕੇ।

(ਜ-120) **ਜੁਗ** :

ਸਮੇਂ ਦੀ ਵੰਡ ਦਾ ਇਕ ਨਾਪ। ਪੁਰਾਣਾਂ ਅਨੁਸਾਰ ਆਦਿ ਕਾਲ ਤੋਂ ਲੈ ਕੇ ਪਰਲੋ ਤਕ ਦਾ ਸਮਾਂ ਕਲਪਾਂ ਵਿਚ ਵੰਡਿਆ ਹੋਇਆ ਹੈ। ਇਕ ਕਲਪ ਬ੍ਰਹਮਾ ਦੇ ਇਕ ਦਿਨ ਦੇ ਬਰਾਬਰ ਹੈ। ਬ੍ਰਹਮਾ ਦਾ ਇਕ ਦਿਨ ਦੋ ਹਜਾਰ ਮਹਾਂ ਯੁਗਾਂ ਦੇ ਬਰਾਬਰ ਅਥਵਾ 8,640 000,000 ਸਾਲਾਂ ਦਾ ਹੈ। ਇਕ ਮਹਾਂਯੁਗ ਵਿਚ ਚਾਰ ਯੁੱਗ ਆਉਂਦੇ ਹਨ। ਸਤਿਜੁਗ, ਤ੍ਰੇਤਾ, ਦੁਆਪਰ ਤੇ ਕਲਿਜੁਗ। ਚੋਹਾਂ ਜੁਗਾਂ ਦਾ ਸਮਾਂ 4,320,000, ਸਾਲ ਮਿਥਿਆ ਗਿਆ ਹੈ (ਵੇਖੋ : ਯੁਗ)।

(ਜ-121) **ਜੁਗਨੀ** :

1. ਤੀਵੀਆਂ ਦਾ ਇਕ ਗਹਿਣਾ, ਜੋ ਗਲ ਵਿਚ ਪਹਿਨਿਆ ਜਾਂਦਾ ਹੈ।

2. ਪੰਜਾਬ ਦਾ ਇਕ ਪ੍ਰਸਿਧ ਲੋਕ-ਕਾਵਿ ਰੂਪ, ਜਿਸ ਵਿਚ 'ਜੁਗਨੀ' ਦਾ ਜਸ ਗਾਇਆ ਗਿਆ ਹੈ। ਜੁਗਨੀ ਇਕ ਗਹਿਣਾ ਹੈ ਜਿਸ ਨੂੰ ਤੀਵੀਆਂ ਗਲ ਵਿਚ ਪਾਉਂਦੀਆਂ ਹਨ, ਪਰ ਇਸ ਕਾਵਿ ਰੂਪ ਵਿਚ ਜੁਗਨੀ ਇਕ ਰੁਮਾਂਚਿਕ ਮੁਟਿਆਰ ਦੀ ਪ੍ਰਤੀਕ ਹੈ ਜੋ ਜਿਥੇ ਵੀ ਜਾਂਦੀ ਹੈ ਆਪਣੇ ਹੁਸਨ ਨਾਲ ਤਰਥਲੀ ਲੈ ਆਉਂਦੀ ਹੈ।

ਜੁਗਨੀ ਦੇ ਟੱਪਿਆਂ ਵਿਚ ਆਮ ਤੌਰ ਤੇ ਕਟਾਖਸ਼ ਤੇ ਵਿਅੰਗ ਹੁੰਦਾ ਹੈ ਅਤੇ ਇਸ ਵਿਚ ਕਿਸੇ ਨਗਰ ਦੇ ਸਮੁੱਚੇ ਚਰਿਤ੍ਰ ਨੂੰ ਉਘਾੜਿਆ ਗਿਆ ਹੁੰਦਾ ਹੈ। ਗੱਲ ਥੋੜ੍ਹਿਆਂ ਸ਼ਬਦਾਂ ਵਿਚ ਹੁੰਦੀ ਹੈ, ਪਰ ਅਰਥ ਬੜੇ ਗਹਿਰੇ ਤੇ ਬਹੁ-ਪਰਤੀ ਪਸਾਰ ਵਾਂਗ ਹਨ।

ਜੁਗਨੀ ਦਾ ਇਕ ਟੱਪਾ ਆਮ ਤੌਰ ਤੇ ਪੰਜਾ ਸਤਰਾਂ ਦਾ ਹੁੰਦਾ ਹੈ। ਪਹਿਲੀ ਸਤਰ ਵਿਚ ਜੁਗਨੀ ਦੀ, ਕਿਸੇ ਸ਼ਹਿਰ, ਬਜ਼ਾਰ, ਪਿੰਡ ਅਥਵਾ ਕਿਸੇ ਸਥਾਨ ਦੀ ਯਾਤ੍ਰਾ ਦਾ ਵਰਨਣ ਹੁੰਦਾ ਹੈ ਤੇ ਅਗਲੀਆਂ ਦੋ ਤੁਕਾਂ ਵਿਚ ਜੁਗਨੀ ਦਾ ਉਸ ਸਥਾਨ ਬਾਰੇ ਪ੍ਰਤੀਕਰਮ। ਅਖ਼ੀਰਲੀਆਂ ਦੋ ਸਤਰਾਂ ਸਭ ਟੱਪਿਆਂ ਵਿਚ ਇਕੋ ਜਿਹੀਆਂ ਹੁੰਦੀਆਂ ਹਨ। ਜੁਗਨੀ ਦੇ ਹਰ ਬੰਦ ਵਿਚ ਝਾਕੀ ਬਦਲਦੀ ਰਹਿੰਦੀ ਹੈ :

ਜੁਗਨੀ ਜਾ ਵੜੀ ਕਲਕੱਤੇ
ਜਿਥੇ ਇਕੋ ਈ ਰੋਟੀ ਪੱਕੇ

ਜੁਗਨੀ ਜਾ ਵੜੀ ਅੰਬਾਲੇ
ਬੀਬੀਆਂ ਗੋਰੀਆਂ ਗਭਰੂ ਕਾਲੇ
ਮੈਨੂੰ ਲਿਖਣੇ ਪਏ ਹਵਾਲੇ
ਵੀਰ ਮੇਰਿਆ ! ਵੇ ਜੁਗਨੀ ਕਹਿੰਦੀ ਆ
ਤੇ ਨਾਮ ਗੁਰਾਂ ਦਾ ਲੈਂਦੀ ਆ।

ਜੁਗਨੀ ਨਿਵੇਕਲੀ ਧੁਨੀ ਵਿਚ ਗਾਈ ਜਾਂਦੀ ਹੈ ਜਿਵੇਂ ਕੋਈ ਤੇਜ਼ੀ ਨਾਲ ਪੜਾਅ ਦਰ ਪੜਾਅ ਲੰਘਦਾ ਜਾ ਰਿਹਾ ਹੋਵੇ।

(ਜ-122) **ਜੁੱਬਾ ਸ਼ਰੀਫ਼** :

ਹਜ਼ਰਤ ਮੁਹੰਮਦ ਸਾਹਿਬ ਦਾ ਇਕ ਜਾਮਾ (ਜੁੱਬਾ) ਜੋ ਬਹਾਵਲਪੁਰ ਦੀ ਖੈਰਪੁਰ ਤਹਿਸੀਲ ਵਿਚ ਸ਼ੇਖ ਵਾਹਨ ਵਿਚ ਹੈ। ਸ਼ੇਖ਼ ਵਾਹਨ ਨੂੰ ਮੁਸਲਮਾਨ ਆਦਰ ਨਾਲ 'ਜੁਬਾ ਸ਼ਰੀਫ਼ ਸ਼ੇਖ ਵਾਹਨ' ਕਹਿੰਦੇ ਹਨ।

ਪੀਰ ਮਖ਼ਦੂਮ ਜਹਾਨੀਆ, ਪੈਗ਼ੰਬਰ ਸਾਹਿਬ ਦਾ ਜਾਮਾ ਤੇ ਕੁਝ ਹੋਰ ਨਿਸ਼ਾਨੀਆਂ ਅਰਬ ਤੋਂ ਲਿਆਇਆ ਸੀ। ਇਹ ਨਿਸ਼ਾਨੀਆਂ, ਸ਼ੇਰ ਸ਼ਾਹ ਸੱਯਦ ਜਲਾਲੀ ਦੀ ਤਲਵਾਰ ਅਤੇ ਆਪਣਾ ਇਕ ਡੰਡਾ ਪੀਰ ਮਖਦੂਮ ਜਹਾਨੀਆ ਨੇ ਆਪਣੇ ਇਕ ਮੁਰੀਦ ਅਬਦੁਲਾ ਜਹਾਨੀਆ ਨੂੰ ਦਿਤੀਆਂ। ਇਹ ਚੀਜ਼ਾਂ ਹੁਣ ਤਕ ਉਨ੍ਹਾਂ ਦੇ ਹੁਜਰੇ ਵਿਚ ਪਈਆਂ ਹੋਈਆਂ ਹਨ। ਇਨ੍ਹਾਂ ਚੀਜ਼ਾਂ ਦੇ ਦਰਸ਼ਨ, ਹਰ ਸਾਲ ਨੌਂ ਜ਼ਿਹਲਿਜ ਨੂੰ, ਜਦੋਂ ਕਿ ਮੁਸਲਮਾਨ ਹੱਜ ਲਈ ਜਾਂਦੇ ਹਨ, ਸ਼ਰਧਾਲੂਆਂ ਨੂੰ ਕਰਵਾਏ ਜਾਂਦੇ ਹਨ। ਇਸ ਦਿਨ ਇਥੇ ਇਕ ਭਾਰੀ ਮੇਲਾ ਲਗਦਾ ਹੈ।

(ਜ-123) **ਜੁਮਾ** :

ਸ਼ੁਕਰਵਾਰ ਜਿਸ ਦਿਨ ਮੁਸਲਮਾਨ ਮਸਜਿਦ ਵਿਚ ਇਕਠੇ ਹੋ ਕੇ ਜੁਮੇ ਦੀ ਨਮਾਜ਼ ਪੜ੍ਹਦੇ ਹਨ। ਇਹ ਦਿਨ ਮੁਸਲਮਾਨਾਂ ਵਿਚ ਬੜਾ ਪਵਿਤ੍ਰ ਮੰਨਿਆ ਜਾਂਦਾ ਹੈ। ਉਹ ਮਸੀਤ, ਜਿਥੇ ਜੁਮੇ ਵਾਲੇ ਦਿਨ ਮੁਸਲਮਾਨ ਇਕਠੇ ਹੋ ਕੇ ਨਮਾਜ ਪੜ੍ਹਦੇ ਹਨ, ਜੁਮਾ ਮਸੀਤ ਅਖਵਾਉਂਦੀ ਹੈ। ਹਰ ਮੁਸਲਮਾਨੀ ਵਸੋਂ ਵਾਲੇ ਵਡੇ ਪਿੰਡ ਵਿਚ ਜੁਮਾ ਮਸੀਤ ਜ਼ਰੂਰ ਹੁੰਦੀ ਹੈ। ਈਦ ਦੀ ਨਮਾਜ ਵੀ ਜੁਮਾ ਮਸੀਤ ਵਿਚ ਪੜ੍ਹੀ ਜਾਂਦੀ ਹੈ।

ਜੁਮੇ ਨੂੰ ਦੁਪਹਿਰ ਦੀ ਨਮਾਜ ਜ਼ਰੂਰੀ ਹੈ। ਇਹ ਨਮਾਜ ਦੋ ਰਕਾਅਤਾਂ ਦੀ ਹੈ। ਦੁਪਹਿਰ ਦੀ ਆਮ ਨਮਾਜ਼ ਚਾਰ

ਜਾਂਦਾ ਹੈ। ਕੁਤਬੇ ਵਿਚ, ਅੱਲ੍ਹਾ ਦੀ ਕੀਰਤੀ ਕਰਨ ਤੇ ਮੁਹੰਮਦ ਸਾਹਿਬ ਦੀ ਬਖਸ਼ਿਸ਼ ਮੰਗਣ ਤੋਂ ਇਲਾਵਾ, ਕੁਰਾਨ ਦੀਆਂ ਕੁਝ ਆਇਤਾਂ ਪੜ੍ਹੀਆਂ ਜਾਂਦੀਆਂ ਤੇ ਧਰਮ ਵਲੋਂ ਸੁਚੇਤ ਕੀਤਾ ਜਾਂਦਾ ਹੈ।

### (ਜ-124) **ਜੁਮੇਂਰਾਤ** :

ਜੁਮੇਂਰਾਤ (ਵੀਰਵਾਰ) ਨੂੰ ਮੁਸਲਮਾਨ ਆਪਣੇ ਪੀਰਾਂ ਫ਼ਕੀਰਾਂ ਤੇ ਬਜ਼ੁਰਗਾਂ ਦੀਆਂ ਕਬਰਾਂ ਤੇ ਖ਼ਾਨਗਾਹਾਂ ਉਤੇ ਦੀਵੇ ਬਾਲਦੇ ਤੇ ਭੇਟਾ ਚਾੜ੍ਹਦੇ ਹਨ। ਚਰਾਗ ਬਾਲਣ ਲਈ 'ਜੁਮੇਂਰਾਤ' ਬਹੁਤ ਸ਼ੁਭ ਮੰਨੀ ਜਾਂਦੀ ਹੈ।

ਜੁਮੇਂਰਾਤ ਵਾਲੇ ਦਿਨ ਜੰਮੇ ਬੱਚੇ ਨੂੰ 'ਜੁਮੇਂਰਾਤੀਆ' ਕਿਹਾ ਜਾਂਦਾ ਹੈ। ਅਜਿਹਾ ਬੱਚਾ ਮੁਸਲਮਾਨਾਂ ਵਿਚ ਬੜਾ ਭਾਗਵਾਨ ਸਮਝਿਆ ਗਿਆ ਹੈ। ਜੇ ਮੀਂਹ ਮੂਸਲਾਧਾਰ ਵਸ ਰਿਹਾ ਹੋਵੇ ਤਾਂ ਜੁਮੇਂਰਾਤੀਏ ਦੇ ਟੂਣਾ ਕਰਨ ਨਾਲ, ਮੀਂਹ ਝਟ ਬੰਦ ਹੋ ਜਾਂਦਾ ਹੈ।

### (ਜ-125) **ਜੂਠਾ ਟਿੱਕਾ** :

ਲਹਿੰਦੇ ਵਿਚ ਵਿਆਹ ਦੀ ਇਕ ਰੀਤ; ਜਦੋਂ ਬਰਾਤ ਕੰਨਿਆਂ ਪੱਖ ਦੇ ਪਿੰਡ/ਸ਼ਹਿਰ ਦੇ ਬਾਹਰ ਪਹੁੰਚਦੀ ਹੈ ਤਾਂ ਕੁੱਲ-ਪ੍ਰੋਹਿਤ ਦੂਲ੍ਹੇ ਦੇ ਮੱਥੇ ਉਤੇ, ਕੇਸਰ ਨਾਲ ਇਕ ਟਿੱਕਾ ਲਗਾਉਂਦਾ ਹੈ। ਬਾਕੀ ਬਚਿਆ ਕੇਸਰ ਦੁਲ੍ਹਨ ਦੇ ਵਰਤਣ ਲਈ ਭੇਜ ਦਿੱਤਾ ਜਾਂਦਾ ਹੈ। ਇਹ ਰੀਤ ਇਸ ਭਾਵ ਨਾਲ ਕੀਤੀ ਜਾਂਦੀ ਹੈ ਕਿ ਪਤਨੀ ਪਤੀ ਦੀ ਸਦਾ ਵਫ਼ਾਦਾਰ ਰਹੇ।

### (ਜ-126) **ਜੂਨ ਪਰਖਣਾ** :

ਇਹ ਜਾਣਨ ਲਈ ਕਿ ਮੋਇਆ ਪ੍ਰਾਣੀ ਅਗਲੇ ਜਨਮ ਕਿਸ ਜੂਨ ਵਿਚ ਪਏਗਾ, ਲੋਕਾਂ ਵਿਚ ਇਕ ਵਿਧੀ ਪ੍ਰਚਲਤ ਹੈ। ਜਿਸ ਥਾਂ ਕੋਈ ਪ੍ਰਾਣੀ ਮਰਿਆ ਹੋਵੇ, ਉਥੇ ਗੋਹੇ ਦੀ ਸਵਾਹ ਰਖ ਕੇ, ਉਪਰ ਕੋਈ ਭਾਂਡਾ ਮੂਧਾ ਮਾਰ ਦਿਤਾ ਜਾਂਦਾ ਹੈ। ਜੇ ਸਵੇਰੇ ਸਵਾਹ ਵਿਚ ਕੋਈ ਸ਼ਕਲ-ਸੂਰਤ ਨਾ ਉਕਰੀ ਹੋਵੇ ਤਾਂ ਜੀਵ ਮੁਕਤ ਹੋ ਗਿਆ ਸਮਝਦੇ ਹਨ। ਜੇ ਸਵਾਹ ਵਿਚ ਕੋਈ ਸ਼ਕਲ ਉਕਰੀ ਮਿਲੇ ਤਾਂ ਧਾਰਨਾ ਅਨੁਸਾਰ ਜਿਸ ਜੀਵ ਦੀ ਉਹ ਸ਼ਕਲ ਹੋਵੇਗੀ,ਉਸੇ ਜੂਨ ਵਿਚ ਉਹ ਪ੍ਰਾਣੀ ਜਨਮ ਧਾਰਨ ਕਰੇਗਾ। ਅਸਲ ਵਿਚ ਜੇ ਸਵਾਹ ਵਿਚ ਕੋਈ ਕੀੜੀ ਘੁੰਮ ਜਾਵੇ ਤਾਂ ਕੋਈ ਨਾ ਕੋਈ ਰੇਖਾਚਿਤ੍ਰ ਬਣ ਜਾਂਦਾ ਹੈ, ਨਹੀਂ ਤਾਂ ਨਹੀਂ। ਵਿਚ। ਜੇ ਕੋਈ ਦਿਵਾਲੀ ਵਾਲੇ ਦਿਨ ਜੂਆ ਨਾ ਖੇਡੇ ਤਾਂ ਉਹ ਵੀ ਅਗਲੇ ਜਨਮ ਵਿਚ ਖੋਤੇ ਦੀ ਜੂਨ ਵਿਚ ਪੈਂਦਾ ਹੈ।

### (ਜ-127) **ਜੇਘੜ** :

ਇਕ ਰੀਤ ਜੋ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਅਹੀਰਾਂ ਤੇ ਗੁਜਰਾਂ ਵਿਚ ਪ੍ਰਚਲਤ ਹੈ। ਇਸ ਨੂੰ 'ਜੇਘੜ' ਕਿਹਾ ਜਾਂਦਾ ਹੈ। ਵਿਧਵਾ ਜਾਂ ਛੱਡੀ ਹੋਈ ਇਸਤਰੀ, ਕੁਝ ਘੜਿਆਂ ਨੂੰ ਉਪਰਥਲੀ ਟਿਕਾ ਕੇ, ਸਿਰ ਤੇ ਰਖ ਲੈਂਦੀ ਹੈ। ਬਰਾਦਰੀ ਦਾ ਕੋਈ ਸ਼ਖ਼ਸ ਇਹ ਘੜੇ ਹੇਠਾਂ ਉਤਾਰਨ ਦਾ ਯਤਨ ਕਰਦਾ ਹੈ। ਘੜੇ-ਉਤਾਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਸ਼ਖਸ ਇਸ ਤੀਵੀਂ ਨਾਲ ਵਿਆਹ ਕਰਨ ਲਈ ਰਜ਼ਾਮੰਦ ਹੈ। ਜੇ ਤੀਵੀਂ ਉਸ ਨਾਲ ਵਿਆਹ ਨਾ ਕਰਨਾ ਚਾਹੇ, ਤਾਂ ਉਹ ਸਿਰ ਤੋਂ ਘੜੇ ਉਤਾਰਨ ਨਹੀਂ ਦੇਂਦੀ।

### (ਜ-128) **ਜੇਠ** :

ਦੇਸੀ ਸੰਮਤ ਦਾ ਇਕ ਮਹੀਨਾ, ਜਿਸ ਦੀ ਪੂਰਨਮਾਸ਼ੀ ਜਯੇਸ਼ਠਾ ਨਛੱਤ੍ਰ ਵਿਚ ਪੈਣ ਕਰ ਕੇ, ਮਹੀਨੇ ਦਾ ਨਾਉਂ ਜਯੇਸ਼ਠ ਅਥਵਾ ਜੇਠ ਪਿਆ। ਜੇਠ ਤੇ ਹਾੜ ਦੋਵੇਂ ਮਹੀਨੇ ਸਖ਼ਤ ਗਰਮੀ ਦੇ ਹੁੰਦੇ ਹਨ। ਇਸ ਮਹੀਨੇ ਜੇਠ ਸੁਦੀ ਚੌਥੀ ਨੂੰ, ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ। ਜੇਠ ਦੀ ਸੁਦੀ ਇਕਾਦਸ਼ੀ ਨੂੰ ਨਿਰਜਲਾ ਏਕਾਦਸ਼ੀ ਕਹਿੰਦੇ ਹਨ। ਇਸ ਦਿਨ ਹਿੰਦੂ ਨਿਰਜਲ ਵਰਤ ਰਖਦੇ ਹਨ ਜੋ ਬੜਾ ਕਰੜਾ ਹੁੰਦਾ ਹੈ। ਨਿਰਜਲਾ ਇਕਾਦਸ਼ੀ ਵਾਲੇ ਦਿਨ, ਮਿੱਠੇ ਪਾਣੀ ਤੇ ਦੁੱਧ ਦੀ ਕੱਚੀ ਲਸੀ ਦੀਆਂ ਛਬੀਲਾਂ ਲਗਾਣ ਦਾ ਵਡਾ ਮਹਾਤਮ ਸਮਝ ਕੇ, ਹਿੰਦੂ ਇਸ ਦਿਨ ਥਾਂ ਥਾਂ ਛਬੀਲਾਂ ਲਗਾਂਦੇ ਹਨ।

ਜੇਠ ਦਾ ਮਹੀਨਾ ਜੇਠੇ ਮੁੰਡੇ ਜਾਂ ਕੁੜੀ ਦੇ ਵਿਆਹ ਲਈ ਅਸ਼ੁਭ ਮੰਨੇ ਜਾਂਦੇ ਹਨ। ਜੇ ਵਿਆਹ ਕਰ ਦਿਤਾ ਜਾਵੇ ਤਾਂ ਉਹ ਯੁਵਕ ਅਥਵਾ ਯੁਵਤੀ ਹਮੇਸ਼ਾਂ ਸੰਕਟ ਵਿਚ ਰਹਿੰਦੇ ਹਨ।

ਜੇ ਜੇਠ ਦੀ ਸੰਗਰਾਂਦ ਬੁੱਧਵਾਰ ਦੇ ਦਿਨ ਪਏ ਅਤੇ ਮੂਲ ਜਾਂ ਅਖਰਾ ਨਛਤ੍ਰ ਹੋਵੇ ਤਾਂ ਭੂਚਾਲ ਆਉਂਦੇ ਤੇ ਕਾਫ਼ੀ ਤਬਾਹੀ ਮਚਦੀ ਹੈ। ਇਸੇ ਤਰ੍ਹਾਂ ਜੇ ਜੇਠ ਦੀ ਵਿਦੀ

(ਜ-129) **ਜੇਠਾ** :

ਜੇਠਾ ਪੁੱਤਰ ਕੁਝ ਅਲੌਕਿਕ ਸ਼ਕਤੀਆਂ ਦਾ ਮਾਲਕ ਮੰਨਿਆ ਜਾਂਦਾ ਹੈ। ਜੇ ਮੀਂਹ ਮੂਸਲਾਧਾਰ ਵਸ ਰਿਹਾ ਹੋਵੇ ਤਾਂ ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਜੇਠਾ ਪੁੱਤਰ ਵਸਦੇ ਮੀਂਹ 'ਤੇ ਟੂਣਾ ਕਰੇ ਤਾਂ ਮੀਂਹ ਝਟ ਬੰਦ ਹੋ ਜਾਂਦਾ ਹੈ। ਜੇਠੇ ਪੁੱਤਰ ਦਾ ਵਿਆਹ ਜੇਠ ਦੇ ਮਹੀਨੇ ਵਿਚ ਕਰਨਾ ਸ਼ੁਭ ਨਹੀਂ ਮੰਨਿਆ ਜਾਂਦਾ। ਕੁਝ ਜਾਤੀਆਂ ਵਿਚ ਜੇਠੇ ਪੁੱਤਰ ਨੂੰ, ਪਿਉ ਦੀ ਜਾਇਦਾਦ ਵਿਚੋਂ, ਬਾਕੀ ਭਰਾਵਾਂ ਨਾਲੋਂ ਜ਼ਿਆਦਾ ਹਿੱਸਾ ਮਿਲਦਾ ਹੈ। ਇਹ ਉਸਦਾ ਹੱਕ ਹੈ।

(ਜ-130) **ਜੇਯਾ ਇਕਾਦਸ਼ੀ** :

ਮੱਘਰ ਦੇ ਮਹੀਨੇ ਦੀ ਚਾਨਣ ਪੱਖ ਦੀ ਇਕਾਦਸ਼ੀ; ਇਸ ਇਕਾਦਸ਼ੀ ਨੂੰ ਵਿਧੀ ਪੂਰਵਕ ਵਰਤ ਰਖਣ ਨਾਲ, ਪ੍ਰਾਣੀ ਮੁੜ ਗਰਭ ਜੂਨ ਵਿਚ ਨਹੀਂ ਪੈਂਦਾ।

ਇਸ ਵਰਤ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ : ਇੰਦਰ ਸਭਾ ਦੇ ਇਕ ਗੰਧਰਵ ਸਾਲਯਵਾਨ ਦਾ ਅਪਛਰਾ ਪੁਸ਼ਪਾਵਤੀ ਨਾਲ ਪ੍ਰੇਮ ਹੋ ਗਿਆ। ਜਦੋਂ ਇਸ ਦੀ ਸੂਹ ਇੰਦਰ ਨੂੰ ਮਿਲੀ ਤਾਂ ਉਸ ਨੇ ਕਰੋਧ ਵਿਚ ਆ ਕੇ, ਦੋਹਾਂ ਨੂੰ ਪਿਸਾਚ ਬਣਨ ਦਾ ਸਰਾਪ ਦੇ ਦਿਤਾ। ਦੋਵੇਂ ਪਿਸਾਚ ਤੇ ਪਿਸਾਚੀ ਦੇ ਰੂਪ ਵਿਚ ਮਾਤ ਲੋਕ ਵਿਚ ਜੰਮੇ। ਇਕ ਵਾਰ ਇਹ ਦੋਵੇਂ ਜੰਗਲ ਵਿਚ ਭੁਖੇ ਭਾਣੇ ਭਟਕਦੇ ਫਿਰਦੇ ਸਨ। ਇਨ੍ਹਾਂ ਨੂੰ ਸਾਰਾ ਦਿਨ ਖਾਣ ਨੂੰ ਕੁਝ ਨਾ ਮਿਲਿਆ। ਸੋ ਸੁਤੇ ਸਿਧ ਹੀ ਵਰਤ ਰਖਿਆ ਗਿਆ। ਦੇਵਨੇਤ ਨਾਲ ਇਸ ਦਿਨ ਜੇਯਾ ਏਕਾਦਸ਼ੀ ਸੀ ਤੇ ਸਹਿਜ ਭਾਵ ਵਿਚ ਹੀ ਵਰਤ ਪੂਰਾ ਹੋ ਜਾਣ ਕਰ ਕੇ, ਇਸ ਪੁੰਨ ਕਰਮ ਦੇ ਫਲ ਵਜੋਂ ਦੋਹਾਂ ਨੂੰ ਪਿਸਾਚ ਜੂਨ ਤੋਂ ਛੁਟਕਾਰਾ ਮਿਲ ਗਿਆ ਤੇ ਇਹ ਮੁੜ ਇੰਦਰ ਲੋਕ ਵਿਚ ਪਹਿਲੇ ਵਾਲੇ ਸਥਾਨ 'ਤੇ ਪਹੁੰਚ ਗਏ।

(ਜ-131) **ਜੈਕਾਰਾ** :

ਜਿੱਤ ਦਾ ਨਾਹਰਾ, ਜੋ ਵਿਜੇ ਦੀ ਖ਼ੁਸ਼ੀ ਵਿਚ ਉੱਚੀ ਖੜਕਵੀਂ ਸੁਰ ਵਿਚ ਲਗਾਇਆ ਜਾਂਦਾ ਹੈ। ਸਿੱਖਾਂ ਦਾ ਜੈਕਾਰਾ ਹੈ : ਬੋਲੇ ਸੋ ਨਿਹਾਲ—ਸਤਿ ਸ੍ਰੀ ਅਕਾਲ। ਇਸ ਨਾਹਰੇ ਦਾ ਮੁੱਢ ਗੁਰੂ ਹਰਿਗੋਬਿੰਦ ਜੀ ਸਮੇਂ ਬਝਿਆ, ਜਦੋਂ ਗੁਰੂ ਜੀ ਨੇ ਮੀਰੀ ਦੀ ਤਲਵਾਰ ਧਾਰਨ ਕੀਤੀ ਤਾਂ ਇਹ ਨਾਹਰਾ ਪ੍ਰਚਲਤ ਕੀਤਾ।

ਹਿੰਦੂਆਂ ਦੇ ਜੈਕਾਰੇ ਦੇ ਬੋਲ ਹਨ : ਨਾਹਰਾ ਏ ਬਜਰੰਗੀ,

(ਜ-132) **ਜੇਜੋ** :

ਹੁਸ਼ਿਆਰਪੁਰ ਜ਼ਿਲੇ ਦਾ ਇਕ ਕਸਬਾ, ਜੋ ਗੜ੍ਹਸ਼ੰਕਰ ਦੇ ਉੱਤਰ ਵਲ ਦਸ ਕੁ ਮੀਲ ਦੂਰ ਹੈ। ਕਿਸੇ ਸਮੇਂ ਇਹ ਜਸਵਾਲ ਰਾਜਿਆਂ ਦਾ ਗੜ੍ਹ ਸੀ ਜਿਨ੍ਹਾਂ ਦੇ ਮਹਿਲਾਂ ਦੇ ਖੰਡਰ ਅਜ ਵੀ ਇਸ ਕਸਬੇ ਵਿਚ ਮੌਜੂਦ ਹਨ।

ਇਲਾਕੇ ਦੇ ਲੋਕ ਜੈਜੋ ਕਸਬੇ ਦਾ ਨਾਂ ਸੁੱਚੇ ਮੂੰਹ ਨਹੀਂ ਲੈਂਦੇ। ਜੇ ਸਵੇਰੇ ਸਵੇਰੇ ਲੈਣਾ ਪੈ ਜਾਵੇ ਤਾਂ ਇਸ ਕਸਬੇ ਨੂੰ 'ਪਥਰਾਂ ਵਾਲੀ' ਜਾਂ 'ਫਲੇ ਵਾਲੀ' ਕਹਿੰਦੇ ਹਨ। ਧਾਰਨਾ ਹੈ ਕਿ ਇਹ ਮਨਹੂਸ ਨਾਂ ਜੇ ਕੋਈ ਸਵੇਰੇ ਸਵੇਰੇ ਲੈ ਲਏ ਤਾਂ ਉਸ ਨੂੰ ਉਸ ਦਿਨ ਰੋਟੀ ਨਸੀਬ ਨਹੀਂ ਹੁੰਦੀ।

(ਜ-133) **ਜੈ ਦੇਵਾ** :

ਦੇਵੀ ਦੀ ਜੈ, ਪਹਾੜੀ ਰਿਆਸਤਾਂ ਦੇ ਪੰਜਾਬ ਤੇ ਹਿਮਾਚਲ ਪ੍ਰਦੇਸ਼ ਵਿਚ ਮਿਲਣ ਤੋਂ ਪਹਿਲਾਂ ਹਿੰਦੂ ਰਾਜੇ ਪ੍ਰਨਾਮ ਕਰਨ ਲਗਿਆਂ 'ਜੈ ਦੇਵਾ' ਕਿਹਾ ਕਰਦੇ ਸਨ। ਹੁਣ ਇਸ ਬੋਲੇ ਦਾ ਰਵਾਜ ਨਹੀਂ ਰਿਹਾ।

(ਜ-134) **ਜੈ ਮਾਲਾ** :

ਵਰ ਦਾ ਕੰਨਿਆਂ ਨੂੰ ਤੇ ਕੰਨਿਆਂ ਦਾ ਵਰ ਨੂੰ ਹਾਰ ਪਹਿਨਾਣਾ; ਜਦੋਂ ਬਰਾਤ ਕੰਨਿਆਂ ਦੇ ਘਰ ਪਹੁੰਚਦੀ ਹੈ ਤਾਂ ਮਿਲਣੀ ਦੀ ਰਸਮ ਮਗਰੋਂ ਵਰ ਤੇ ਕੰਨਿਆਂ ਘਰ ਦੇ ਮੁੱਖ ਦਵਾਰ ਅਗੇ ਇਕ ਦੂਜੇ ਦੇ ਗਲ ਫੁੱਲਾਂ ਦੀ ਮਾਲਾ ਪਹਿਨਾਂਦੇ ਹਨ। ਧਾਰਨਾ ਹੈ ਕਿ ਜੇ ਮਾਲਾ ਪਹਿਨਾਣ ਵੇਲੇ ਵਰ ਉਚੀ ਥਾਂ ਖੜਾ ਹੋਵੇ ਜਾਂ ਨਜ਼ਰ ਉਚੀ ਰਖੇ ਤਾਂ ਕੰਨਿਆਂ ਹਮੇਸ਼ਾ ਉਸ ਦੇ ਅਧੀਨ ਹੋ ਕੇ ਰਹਿੰਦੀ ਹੈ। ਜੇ ਕੰਨਿਆਂ ਉਚੀ ਥਾਂ ਖੜੀ ਹੋਵੇ ਅਥਵਾ ਵਰ ਅੱਖਾਂ ਨੀਵੀਆਂ ਪਾ ਲਏ ਤਾਂ ਵਰ ਰੰਨ-ਮੁਰੀਦ ਬਣ ਕੇ ਰਹਿੰਦਾ ਹੈ।

'ਜੈ ਮਾਲਾ' ਪਹਿਨਾਣ ਵੇਲੇ ਜੇ ਹਾਰ ਦਾ ਧਾਗਾ ਟੁਟ ਜਾਵੇ ਤਾਂ ਅਪਸ਼ਗਨ ਹੈ।

(ਜ-135) **ਜੋਹਰੀ** :

ਵਿਆਹ ਨਾਲ ਸੰਬੰਧਿਤ ਇਕ ਰਸਮ; ਹਰਿਆਣੇ ਵਿਚ ਘੋੜੀ ਚੜ੍ਹਨ ਤੋਂ ਮਗਰੋਂ ਲਾੜ੍ਹਾ ਪਿੰਡ ਦੀ ਪ੍ਰਕਰਮਾ ਕਰਦਾ ਹੈ। ਉਹ ਪਿੰਡ ਦੇ ਧਰਮ-ਅਸਥਾਨਾਂ ਦੀ ਪੂਜਾ ਕਰਦਾ ਹੋਇਆ, ਪਿੰਡ ਦੀ ਇਕ ਗੁਠੇ ਜਾ ਕੇ ਰੁਕਦਾ ਹੈ। ਉਥੇ ਲਾੜ੍ਹੇ ਦੇ ਬੈਠਣ ਲਈ ਪਹਿਲਾਂ ਤੋਂ ਹੀ ਇਕ ਚਾਦਰ ਵਿਛਾਈ ਗਈ ਹੁੰਦੀ ਹੈ। ਇਥੇ ਜੋਹਰੀ ਦੀ ਰਸਮ ਕੀਤੀ ਜਾਂਦੀ ਹੈ ਅਤੇ ਲਾੜ੍ਹਾ ਰਸਮੀ ਤੌਰ ਤੇ ਮਾਂ ਦਾ ਦੁੱਧ

**(ਜ-136) ਜੋਗਣੀਆਂ, ਕਲਜੋਗਣੀਆਂ :**

ਕਲਜੋਗਣੀਆਂ, ਜਿਨ੍ਹਾਂ ਨੂੰ ਜੋਗਣੀਆਂ ਵੀ ਕਹਿ ਲਿਆ ਜਾਂਦਾ ਹੈ, ਬਾਰੇ ਕਈ ਧਾਰਨਾਵਾਂ ਪੰਜਾਬ ਵਿਚ ਪ੍ਰਚਲਤ ਹਨ। ਕਲਜੋਗਣਾਂ ਚੰਦਰੀਆਂ ਰੂਹਾਂ ਹਨ, ਜੋ ਕਦੇ ਅਦ੍ਰਿਸ਼ਟ ਰੂਪ ਵਿਚ ਤੇ ਕਦੇ ਪ੍ਰਗਟ ਰੂਪ ਵਿਚ, ਸਾਰੇ ਪਾਸੇ ਵਿਚਰਦੀਆਂ ਰਹਿੰਦੀਆਂ ਹਨ। ਇਨ੍ਹਾਂ ਦੀ ਸ਼ਕਲ ਬੜੀ ਵਿਕਰਾਲ, ਅੱਖਾਂ ਡਰਾਉਣੀਆਂ, ਦੰਦ ਬਾਹਰ ਨਿਕਲੇ ਹੋਏ ਤੇ ਅੰਗ ਟੇਢੇ ਹੁੰਦੇ ਹਨ, ਪੇਟ ਅਗੇ ਵਲ ਵਧਿਆ ਹੋਇਆ। ਜੋਗਣੀਆਂ ਵਿਚ ਜਾਦੂ-ਟੂਣੇ ਦੀ ਵੀ ਸ਼ਕਤੀ ਹੁੰਦੀ ਹੈ, ਜਿਸ ਦੁਆਰਾ ਇਹ ਦੋ ਧਿਰਾਂ ਵਿਚ ਯੁੱਧ ਕਰਵਾ ਦੇਂਦੀਆਂ ਹਨ। ਯੁਧ ਦੇ ਮੈਦਾਨ ਵਿਚ ਇਹ ਮੋਏ ਤੇ ਵੱਢੇ-ਟੁਕੇ ਧੜਾਂ ਨੂੰ ਨੋਚਦੀਆਂ ਤੇ ਲਹੂ ਡੀਕਦੀਆਂ ਹਨ (ਜੋਗਣੀਆਂ ਰੱਤ ਪੀਵਣ ਆਈਆਂ, ਮਾਸ ਧੜਾਂ ਤੇ ਨਾਹੀ)। ਇਕ ਧਾਰਨਾ ਅਨੁਸਾਰ ਇਹ ਗਿੱਧਾਂ, ਇੱਲਾਂ ਤੇ ਕਾਵਾਂ ਦੀਆਂ ਪ੍ਰੇਤ ਰੂਹਾਂ ਹਨ, ਜੋ ਵਿਕਰਾਲ ਰੂਪ ਧਾਰ ਕੇ ਯੁੱਧ ਦੇ ਮੈਦਾਨ ਵਿਚ ਵਿਚਰਦੀਆਂ ਹਨ।

ਪੌਰਾਣਿਕ ਧਾਰਨਾ ਅਨੁਸਾਰ ਕਲਜੋਗਣਾਂ ਕਾਲੀ ਦੇਵੀ ਦੀਆਂ ਟਹਿਲਣਾਂ ਹਨ ਤੇ ਲਹੂ ਪੀ ਕੇ ਪੇਟ ਭਰਦੀਆਂ ਹਨ। ਇਹ ਕਾਲੇ ਰੰਗ ਦੇ ਕਪੜੇ ਪਹਿਨਦੀਆਂ ਹਨ ਤੇ ਵਿਕਰਾਲ ਸ਼ਕਲ ਸੂਰਤ ਦੀਆਂ ਹਨ। ਇਨ੍ਹਾਂ ਦੀ ਗਿਣਤੀ ਕਿਧਰੇ ਅੱਠ ਮੰਨੀ ਗਈ ਹੈ, ਕਿਧਰੇ ਚੌਸਠ। ਇਹ ਗਿਣਤੀ ਕਿਧਰੇ ਵਧ ਕੇ ਇਕ ਕਰੋੜ ਹੋ ਗਈ ਹੈ। ਇਹ ਲੜਾਈ ਝਗੜਾ ਤੇ ਕਲ੍ਹਾ ਵਰਤਾਂਦੀਆਂ ਹਨ।

ਇਕ ਹੋਰ ਧਾਰਨਾ ਅਨੁਸਾਰ ਕਲਜੋਗਣਾਂ ਉਹ ਅਦ੍ਰਿਸ਼ਟ ਪ੍ਰਾਣੀ ਹਨ, ਜੋ ਮਹੀਨੇ ਵਿਚ ਇਕ ਵਾਰ ਧਰਤੀ ਦੀ ਪ੍ਰਕਰਮਾ ਕਰਦੇ ਹਨ। ਕਲਜੋਗਣਾਂ ਜਿਸ ਦਿਸ਼ਾ ਵਿਚ ਹੋਣ ਉਸ ਦਿਸ਼ਾ ਵਲ ਮੂੰਹ ਕਰਕੇ ਸਫ਼ਰ ਕਰਨਾ ਚੰਗਾ ਨਹੀਂ ਹੁੰਦਾ, ਪਰ ਉਲਟੇ ਪਾਸੇ ਸਫ਼ਰ ਕਰਨ ਦਾ ਕੋਈ ਹਰਜ ਨਹੀਂ। ਇਸ ਤਰ੍ਹਾਂ ਕਲਜੋਗਣਾਂ ਦਾ ਹਿੰਦੂਆਂ ਦੀ 'ਦਿਸ਼ਾ ਸੂਲ' ਤੇ ਮੁਸਲਮਾਨਾਂ ਦੇ 'ਅਬਦਾਲਾਂ' ਨਾਲ ਏਕੀਕਰਣ ਕਰ ਲਿਆ ਜਾਂਦਾ ਹੈ।

ਪੰਜਾਬ ਦੇ ਕੁਝ ਕਬੀਲਿਆਂ ਵਿਚ ਕਲਜੋਗਣਾਂ ਪੂਜਣ ਦਾ ਵੀ ਰਿਵਾਜ ਹੈ, ਖ਼ਾਸ ਤੌਰ ਤੇ ਖ਼ਾਨਾਬਦੋਸ਼ ਕਬੀਲਿਆਂ ਵਿਚ। ਇਸ ਪੂਜਾ ਨੂੰ 'ਕਲੂ-ਖਿਡਾਉਣਾ' ਵੀ ਕਿਹਾ ਜਾਂਦਾ ਹੈ। ਸਿਕਲੀਗਰਾਂ ਵਿਚ ਜਦੋਂ ਕੁੜੀ ਵਿਆਹ ਮਗਰੋਂ ਗਰਭਵਤੀ ਹੋ ਜਾਂਦੀ ਏ ਤਾਂ ਮੁੰਡੇ ਵਾਲੇ ਇਕ ਭੇਡ/ਕਾਲਾ ਉਤੇ ਸੁਟ ਦਿਤੀਆਂ ਜਾਂਦੀਆਂ ਹਨ। ਬਾਕੀ ਮਾਸ ਰਿੰ ਪਕਾ ਕੇ ਕਬੀਲੇ ਨੂੰ ਖੁਆਇਆ ਜਾਂਦਾ ਹੈ। ਫਿਰ ਗਰਭਵਤੀ ਦੇ ਗਲ ਵਿਚ ਸਖੀ ਸਰਵਰ ਦਾ ਮਣਸਿਆ ਤਾਅਵੀਜ਼ ਪਾ ਦਿਤਾ ਜਾਂਦਾ ਹੈ (ਪੰਜਾਬੀ ਟ੍ਰਿਬਿਊਨ, 14.7.85)।

2. ਰਾਖਸ਼ਣੀਆਂ ਜੋ ਦੁਰਗਾ ਦੀ ਸੇਵਾ ਵਿਚ ਹਾਜ਼ਰ ਰਹਿੰਦੀਆਂ ਹਨ। ਜੋਗਣੀਆਂ ਦੀ ਗਿਣਤੀ ਚੌਸਠ ਮੰਨੀ ਜਾਂਦੀ ਹੈ। ਕਾਲਕਾ ਪੁਰਾਣ ਅਨੁਸਾਰ ਚੌਸਠ ਜੋਗਣੀਆਂ ਦੇ ਨਾਂ ਇਹ ਹਨ : ਬ੍ਰਹਮਾਣੀ, ਚੰਡਿਕਾ, ਰੌਦ੍ਰੀ, ਇੰਦ੍ਰਾਣੀ, ਕੌਮਾਰੀ, ਵੈਸ਼ਨਵੀ, ਦੁਰਗਾ, ਨਾਰਸਿੰਹੀ, ਕਾਲਿਕਾ, ਚਾਮੁੰਡਾ, ਸ਼ਿਵਦੂਤੀ, ਵਾਰਾਹੀ, ਕੌਸ਼ਿਕੀ, ਮਾਹੇਸ਼ਵਰੀ, ਸ਼ਾਂਕਰੀ, ਜਯੰਤੀ, ਸਰਵਮੰਗਲਾ, ਕਾਲੀ, ਕਪਾਲਿਨੀ, ਮੇਘਾ, ਸ਼ਿਵਾ, ਸ਼ਾਕੰਭਰੀ, ਭੀਮਾ, ਸ਼ਾਂਤਾ, ਭ੍ਰਾਮਰੀ, ਰੁਦ੍ਰਾਣੀ, ਅੰਬਿਕਾ, ਖਿਮਾ, ਧਾਤ੍ਰੀ ਸਵਾਹਾ, ਸਵਧਾ, ਅਪਰਣਾ, ਮਹੋਦਰੀ, ਘੋਰਰੂਪਾ, ਮਹਾਂਕਾਲੀ, ਭਦ੍ਰਕਾਲੀ, ਭਯੰਕਰੀ, ਖਛੇ ਮੰਕਰੀ, ਉਹਨਚੰਡਾ, ਚੰਡੋਹਕਾ, ਚੰਡਨਾਯਿ ਚੰਡਾ, ਚੰਡਵਤੀ, ਚੰਡੀ, ਮਹਾਮੋਹਾ, ਪ੍ਰਿਯੰਕਰੀ, ਬਲਵਿ ਕਾਰਿਣੀ, ਬਲ ਪ੍ਰਮਥਿਨੀ, ਮਨੋ ਨਮਥਿਨੀ, ਸਰਵ ਭੂਤ ਦਾਯਿਨੀ, ਉਮਾ, ਤਾਰਾ, ਮਾਤ੍ਰਿਕਾ, ਮਹਾਨਿਦ੍ਰਾ, ਵਿਜਯਾ, ਜਯਾ, ਸ਼ੈਲਪੁਤ੍ਰੀ, ਚੰਡਘੰਟਾ, ਸੁਕੰਦ ਮਾਤਾ, ਕਾਲਰਾਤ੍ਰਿ, ਚੰਡਕਾ, ਕੂਖ ਛਮਾਂਣੀ, ਕਾਤਯਾਯਨੀ, ਮਹਾਗੌਰੀ।

ਕੁਝ ਪੁਰਾਣਾਂ ਵਿਚ ਅਠ ਜੋਗਣੀਆਂ ਪ੍ਰਮੁਖ ਦਸੀਆਂ ਗਈਆਂ ਹਨ। ਜੋਗਣੀਆਂ ਲਹੂ ਦੀਆਂ ਤਿਹਾਈਆਂ ਹੁੰਦੀਆਂ ਹਨ ਅਤੇ ਜਿਥੇ ਯੁਧ ਹੋ ਰਿਹਾ ਹੋਵੇ ਉਥੇ ਇਹ ਲਹੂ ਪੀਣ ਲਈ ਹਾਜ਼ਿਰ ਹੋ ਜਾਂਦੀਆਂ ਹਨ।

ਪਹਾੜੀ ਇਲਾਕੇ ਵਿਚ ਜੋਗਣੀ ਦੇਵੀ ਦੀ ਪੂਜਾ ਆ ਪ੍ਰਚਲਤ ਹੈ ਤੇ ਆਟੇ ਨਾਲ ਸ਼ਿੰਗਾਰਿਆ ਇਕ ਚਪਟਾ ਪੱਥਰ ਗੋਹੇ ਦੇ ਪਿੰਡ ਤੇ ਲੇਲੇ ਦਾ ਕਲੇਜਾ ਜੋਗਨੀ ਨੂੰ ਭੇਟ ਕੀ ਜਾਂਦਾ ਹੈ। ਕਈ ਉਪਾਸ਼ਕ ਪੱਥਰ ਉਤੇ ਆਟੇ ਨਾਲ ਚੌ ਬਣਾ ਕੇ, ਉਸ ਵਿਚ ਕਈ ਤਰ੍ਹਾਂ ਦੇ ਰੰਗ ਭਰ ਦੇਂਦੇ ਹਨ।

**(ਜ-137) ਜੋਗਨਿੰਦਰਾ :**

ਪ੍ਰਮਾਤਮਾ ਦੀ ਉਹ ਨਿਰਗੁਣ ਅਵਸਥਾ ਜਦੋਂ ਸਾ ਸੰਸਾਰ ਉਸ ਵਿਚ ਲੋ ਹੋ ਜਾਂਦਾ ਹੈ ਤੇ ਉਹ ਸੁੰਨ ਦਸ਼ਾ ਵਿ ਰਹਿੰਦਾ ਹੈ। ਸੰਸਾਰ ਦੀ ਉਤਪਤੀ ਤੋਂ ਪਹਿਲਾਂ ਪ੍ਰਮਾਤ ਇਸੇ ਅਵਸਥਾ ਵਿਚ ਲੀਨ ਮੰਨਿਆ ਗਿਆ ਹੈ।

ਅਵਤਾਰ ਧਾਰਨ ਕੀਤਾ ਤਾਂ ਉਦੋਂ ਉਹ ਬੜੇ ਕਰੋਧ ਵਿਚ ਸਨ। ਉਨ੍ਹਾਂ ਦਾ ਕਰੋਧ ਵੇਖ ਕੇ, ਸਾਰੇ ਦੇਵੀ ਦੇਵਤੇ ਧਰਤੀ ਉਤੇ ਆ ਗਏ ਅਤੇ ਸਾਰੇ ਸੂਰਜ ਕੁੰਡ ਵਿਖੇ ਜਾ ਟਿਕੇ। ਪਰ ਦੇਵੀਆਂ ਜਿਸ ਸਥਾਨ ਉਤੇ ਠਹਿਰੀਆਂ, ਉਥੇ, ਮਗਰੋਂ ਜੋਗਮਾਯਾ ਦਾ ਮੰਦਰ ਬਣਾਇਆ ਗਿਆ।

ਔਰੰਗਜ਼ੇਬ ਦੇ ਰਾਜ ਸਮੇਂ ਇਥੇ ਇਕ ਥੜਾ ਜਿਹਾ ਹੀ ਸੀ, ਜਿਥੇ ਬਕਰੇ ਦੀ ਬਲੀ ਦਿਤੀ ਜਾਂਦੀ ਸੀ, ਪਰ ਪਿਛੋਂ ਇਥੇ ਇਕ ਮੰਦਰ ਉਸਾਰਿਆ ਗਿਆ, ਜਿਸ ਨੂੰ ਮਗਰੋਂ ਦੀਵਾਨ ਸਾਵਣ ਮਲ ਨੇ ਸੰਵਾਰ ਕੇ ਸੁੰਦਰ ਰੂਪ ਦਿਤਾ।

ਇਕ ਦੰਦ-ਕਥਾ ਅਨੁਸਾਰ ਜਦੋਂ ਮੁਲਤਾਨ ਦਾ ਤੋਤਲਾ ਮਾਈ ਦਾ ਮੰਦਰ ਤਬਾਹ ਕੀਤਾ ਗਿਆ ਤਾਂ ਉਦੋਂ ਉਸ ਮੰਦਰ ਦੀਆਂ ਜੋਤਾਂ ਗੈਬੀ ਸ਼ਕਤੀ ਦੁਆਰਾ ਜੋਗਮਾਯਾ ਦੇ ਮੰਦਰ ਵਿਚ ਪਹੁੰਚ ਕੇ ਜਗਣ ਲਗੀਆਂ। ਇਸ ਮੰਦਰ ਵਿਚ ਇਹੋ ਜੋਤਾਂ ਸਭ ਤੋਂ ਵਧ ਪਾਵਨ ਤੇ ਪੂਜਨੀਕ ਸਮਝੀਆਂ ਜਾਂਦੀਆਂ ਹਨ ਤੇ ਭਗਤ ਇਥੇ ਸ਼ਰਧਾ ਨਾਲ ਮੱਥਾ ਟੇਕਿਆ ਕਰਦੇ ਸਨ।

## (ਜ-139) ਜੋਗਾ ਪੀਰ :

ਚਾਹਿਲ ਗੋਤ ਦੇ ਜੱਟਾਂ ਦਾ ਜਠੇਰਾ, ਜਿਸ ਦਾ ਅਸਲ ਨਾਂ ਜੋਗਾ ਸੀ। ਇਹ ਰਾਜਪਾਲ ਦਾ ਪੁੱਤਰ ਸੀ। ਰਵਾਇਤ ਹੈ ਕਿ ਮੁਗ਼ਲਾਂ ਨਾਲ ਇਕ ਮੁਠਭੇੜ ਵਿਚ ਜੋਗਾ ਪੀਰ ਦਾ ਸਿਰ ਕਟਿਆ ਗਿਆ, ਪਰ ਉਹ ਬਿਨਾਂ ਸੀਸ ਦੇ ਹੀ, ਧੜ ਨਾਲ ਲੜਦਾ ਰਿਹਾ ਤੇ ਉਸਨੇ ਅਨੇਕਾਂ ਮੁਗ਼ਲਾਂ ਦੇ ਆਹੂ ਲਾਹ ਦਿਤੇ। ਇਸ ਦੇ ਸਨਮਾਨ ਵਿਚ ਅਸੂ ਦੇ ਚੌਥੇ ਨਰਾਤੇ ਇਕ ਮੇਲਾ ਲਗਦਾ ਹੈ।

## (ਜ-140) ਜੋਗਾ ਰਲਾ :

ਇਕ ਜਠੇਰਾ ਜਿਸ ਦੇ ਨਾਂ 'ਤੇ ਇਕ ਪਿੰਡ ਵੀ ਵਸਿਆ ਹੋਇਆ ਹੈ। ਰਵਾਇਤ ਹੈ ਕਿ ਇਸ ਪਿੰਡ ਦੇ ਤਲਾਅ 'ਤੇ ਕਦੇ ਰਾਤ ਵੇਲੇ ਪਰੀਆਂ ਨਹਾਣ ਲਈ ਆਇਆ ਕਰਦੀਆਂ ਸਨ। ਇਕ ਵਾਰ ਜਦੋਂ ਪਰੀਆਂ ਨਹਾ ਰਹੀਆਂ ਸਨ ਤਾਂ ਜੋਗਾ ਰਲਾ ਅਚਾਨਕ ਉਧਰ ਆ ਧਮਕਿਆ। ਉਸ ਨੇ ਹੌਲੇ ਜਿਹੇ ਇਕ ਪਰੀ ਦੀ ਪੁਸ਼ਾਕ, ਡੰਡੇ ਨਾਲ ਆਪਣੇ ਵਲ ਖਿੱਚ ਲਈ ਤੇ ਪਕੜ ਕੇ ਦਰਖ਼ਤ ਉਹਲੇ ਬੈਠ ਗਿਆ। ਜਦੋਂ ਸਭ ਪਰੀਆਂ ਨਹਾ ਕੇ ਕਪੜੇ ਪਹਿਨਣ ਲਗੀਆਂ ਤਾਂ ਇਕ ਪਰੀ ਨੂੰ ਆਪਣੀ ਪੁਸ਼ਾਕ ਨਾ ਲੱਭੀ।

ਅਗੇ ਵਿਆਹ ਕਰਨ ਦੀ ਪੇਸ਼ਕਸ਼ ਕੀਤੀ। ਪਰੀ ਮੰਨ ਗਈ ਤੇ ਜੋਗਾ ਰਲਾ ਨੇ ਉਸ ਨੂੰ ਕਪੜੇ ਮੋੜ ਦਿਤੇ। ਜੋਗਾ ਰਲਾ ਨੇ ਪਿੰਡ ਜਾਣਾ ਠੀਕ ਨਾ ਸਮਝਿਆ ਤੇ ਤਲਾਅ ਦੇ ਨੇੜੇ ਹੀ ਇਕ ਝੁਗੀ ਵਿਚ ਢਾਰਾ ਜਿਹਾ ਬਣਾ ਕੇ ਪਰੀ ਨਾਲ ਰਹਿਣ ਲਗਾ। ਇਸੇ ਜੱਟ ਦੀ ਔਲਾਦ ਜੋਗਾ ਰਲਾ ਪਿੰਡ ਵਿਚ ਵਸਦੀ ਹੈ। ਕਹਿੰਦੇ ਹਨ 'ਜੋਗਾ ਰਲਾ' ਪਿੰਡ ਦੀਆਂ ਨਾਰਾਂ ਬੜੀਆਂ ਸੋਹਣੀਆਂ ਹੁੰਦੀਆਂ ਹਨ, ਕਿਉਂਜੋ ਉਹ ਪਰੀ ਦੀ ਔਲਾਦ ਹਨ। ਜੋਗਾ ਰਲਾ ਬਾਰੇ ਹੇਠਲੀ ਕਹਾਵਤ ਪ੍ਰਚਲਤ ਹੈ :

ਲੜਾਈ ਹਲੇ ਦੀ
ਮਾਰ ਭਲੇ ਦੀ
ਜ਼ਨਾਨੀ ਜੋਗੇ ਰਲੇ ਦੀ।

## (ਜ-141) ਜੋਤ ਸਰੂਪ :

ਬੈਰਾਗੀਆਂ ਦੀ ਇਕ ਸੰਪਰਦਾਇ; ਚਰਨਦਾਸੀਆਂ ਦਾ ਧਾਰਮਿਕ ਚਿੰਨ੍ਹ ਜੋ ਉਹ ਆਪਣੇ ਮੱਥੇ ਉਪਰ ਅੰਕਦੇ ਹਨ। ਇਹ ਚਿਟੇ ਰੰਗ ਦੀ ਇਕ ਸਿਧੀ ਲਕੀਰ ਹੁੰਦੀ ਹੈ। ਇਸ ਚਿੰਨ੍ਹ ਨੂੰ 'ਸਰੂਪ' ਵੀ ਕਿਹਾ ਜਾਂਦਾ ਹੈ।

## (ਜ-142) ਜੋਤਸ਼ੀ :

ਗ੍ਰਹਿਆਂ ਦੇ ਸ਼ੁਭ ਅਸ਼ੁਭ ਫਲ ਦੱਸਣ ਵਾਲਾ; ਕਰਮ ਫ਼ਿਲਾਸਫ਼ੀ ਉਤੇ ਨਿਸਚਾ ਰਖਣ ਵਾਲੇ ਵਿਅਕਤੀ ਦਾ ਜੋਤਿਸ਼ ਵਿਦਿਆ ਉਤੇ ਲਗਪਗ ਵਿਸ਼ਵਾਸ ਹੁੰਦਾ ਹੈ। ਕਿਉਂ ਜੋ ਕਰਮ ਫ਼ਿਲਾਸਫ਼ੀ ਅਨੁਸਾਰ ਹਰ ਪ੍ਰਾਣੀ ਪੂਰਬਲੇ ਜਨਮ ਵਿਚ ਕੀਤੇ ਕਰਮਾਂ ਦਾ ਫਲ ਭੋਗ ਰਿਹਾ ਹੈ ਤੇ ਉਸ ਦੀ ਕਰਮ-ਰੇਖਾ ਪਹਿਲਾਂ ਤੋਂ ਹੀ ਮਿਥੀ ਹੋਈ ਹੈ, ਜੋ ਬੜੀ ਹੀ ਬਲਵਾਨ ਹੈ। ਪੰਜਾਬ ਦੀ ਸੰਸਕ੍ਰਿਤੀ ਦੀ ਬੁਨਿਆਦਾਂ ਕਰਮ-ਫ਼ਿਲਾਸਫ਼ੀ ਉਤੇ ਹੀ ਉਸਰੀਆਂ ਹਨ। ਇਸ ਲਈ ਇਥੋਂ ਦੇ ਲੋਕਾਂ ਦਾ ਜੋਤਸ਼ੀਆਂ ਉਤੇ ਕੁਝ ਵਧੇਰੇ ਵਿਸ਼ਵਾਸ ਰਿਹਾ ਹੈ।

ਜੋਤਸ਼ੀ ਦਾ ਕੰਮ ਗ੍ਰਹਿਆਂ ਤੇ ਨਛੱਤਰਾਂ ਦੀ ਚਾਲ, ਸਥਿਤੀ ਤੇ ਯੋਗ ਤੋਂ ਕਿਸੇ ਪ੍ਰਾਣੀ ਨੂੰ ਭਵਿਖਤ ਜੀਵਨ ਬਾਰੇ ਘਟਨਾਵਾਂ ਅਤੇ ਸੰਕਟਾਂ ਤੋਂ ਬਚਾਉ ਦੇ ਉਪਾਅ ਦਸਣਾ ਹੈ। ਪੰਜਾਬ ਵਿਚ ਜੋਤਿਸ਼ੀ ਦੋ ਤਰ੍ਹਾਂ ਦੇ ਮਿਲਦੇ ਹਨ, ਇਕ ਉਹ ਜੋ ਕੁੰਡਲੀਆਂ, ਟੇਵੇ ਤੇ ਜਨਮ-ਪੱਤ੍ਰੀਆਂ ਬਣਾਉਂਦੇ ਹਨ। ਕੁੰਡਲੀ ਵਿਚ ਬੱਚੇ ਦੇ ਜਨਮ ਸਮੇਂ ਦੇ ਗ੍ਰਹਿਆਂ ਤੇ

ਦਿਤਾ ਹੁੰਦਾ ਹੈ। ਇਹੋ ਜੋਤਸ਼ੀ ਵਿਆਹ ਸਮੇਂ ਵਰ ਤੇ ਕੰਨਿਆਂ ਦੀ ਕੁੰਡਲੀ ਤੇ ਟੇਵੇ ਮਿਲਾ ਕੇ ਵੇਖਦੇ ਹਨ ਕਿ ਸੰਜੋਗ ਯੋਗ ਰਹੇਗਾ ਜਾਂ ਨਹੀਂ। ਜੇ ਵਰ ਤੇ ਕੰਨਿਆਂ ਦੇ ਟੇਵੇ ਇਕਸੁਰ ਹੋਣ ਤਾਂ ਹੀ ਵਿਆਹ ਦਾ ਬੰਧਨ ਬਣਾਇਆ ਜਾਂਦਾ ਹੈ। ਜੋਤਸ਼ੀ ਸ਼ੁਭ ਕਾਰਜਾਂ, ਕਿਸੇ ਨਵੇਂ ਕੰਮ ਦੇ ਸ਼ੁਰੂ-ਆਦਿ ਕਰਨ ਅਥਵਾ ਵਿਆਹ ਦੇ ਮਹੂਰਤ ਵੀ ਕਢਦੇ ਹਨ। ਜੋਤਸ਼ੀਆਂ ਕੋਲ ਜੰਤਰੀਆਂ ਤੇ ਗ੍ਰੰਥ ਹੁੰਦੇ ਹਨ, ਜਿਨ੍ਹਾਂ ਵਿਚ ਗ੍ਰਹਿਆਂ ਤੇ ਤਾਰਿਆਂ ਦੀ ਚਾਲ, ਸਥਿਤੀ ਤੇ ਯੋਗ ਬਾਰੇ ਪੂਰਾ ਵੇਰਵਾ ਹੁੰਦਾ ਹੈ। ਇਨ੍ਹਾਂ ਜੋਤਸ਼ੀਆਂ ਨੂੰ ਪਾਂਧੇ ਵੀ ਕਿਹਾ ਜਾਂਦਾ ਹੈ, ਕਿਉਂ ਜੋ ਇਨ੍ਹਾਂ ਦੀ ਸਲਾਹ ਲੈ ਕੇ ਹੀ ਹਿੰਦੂ ਕਿਸੇ ਪੰਧ (ਸਫ਼ਰ) ਉਤੇ ਪੈਂਦੇ ਹਨ। ਇਹ ਪਾਂਧੇ ਗਰੋਹ ਜਾਂ ਸੰਕਟ ਨੂੰ ਟਾਲਣ ਲਈ ਵੀ ਉਪਾਅ ਦਸਦੇ ਹਨ।

ਦੂਜੀ ਕਿਸਮ ਦੇ ਜੋਤਸ਼ੀ ਹਰੜਪੋਪੋ ਤੇ ਭਾਟੜੇ ਹਨ। ਹਰੜਪੋਪੋ ਪਿੰਡਾਂ ਵਿਚ ਆਮ ਫਿਰਦੇ ਹਨ ਤੇ ਇਹ ਕਿਸੇ ਦੇ ਹੱਥਾਂ ਦੀਆਂ ਲਕੀਰਾਂ ਵੇਖ ਕੇ, ਉਸ ਦੇ ਭੂਤ ਤੇ ਭਵਿਖ ਬਾਰੇ ਹਾਲਾਤ ਦਸਦੇ ਹਨ। ਇਹ ਲੋਕ ਜੋਤਿਸ਼ ਵਿਦਿਆ ਬਾਰੇ ਬਹੁਤ ਘਟ ਜਾਣਦੇ ਹਨ ਕੇਵਲ ਅਟਕਲ ਪਚੂ ਹੀ ਗੱਲਾਂ ਦਸਦੇ ਹਨ। ਕਈ ਵਾਰ ਇਨ੍ਹਾਂ ਦੇ ਕੁਝ ਅਨੁਮਾਨ ਠੀਕ ਵੀ ਨਿਕਲ ਆਉਂਦੇ ਹਨ।

ਭਾਟੜੇ, ਫਾਲ ਜਾਂ ਅੰਕੜਿਆਂ ਦੀ ਸਹਾਇਤਾ ਨਾਲ, ਭੂਤ ਭਵਿਖ ਬਾਰੇ ਕੁਝ ਅਨੁਮਾਨ ਲਗਾ ਕੇ ਦਸਦੇ ਹਨ। ਇਹ ਹੱਥ ਵੀ ਵੇਖਦੇ ਹਨ। ਹੱਥਾਂ ਦੀ ਲਕੀਰਾਂ ਤੋਂ ਹੀ ਭੂਤ ਭਵਿਖ ਦੇ ਅੰਦਾਜ਼ੇ ਲਗਾਉਂਦੇ ਹਨ।

ਕੁਝ ਪਾਂਧੇ ਚਿੜੀਆਂ ਦੁਆਰਾ ਪਤਰੇ ਕਢ ਕੇ ਭਵਿਖ ਦਸਦੇ ਹਨ। ਇਹ ਸ਼ਹਿਰਾਂ ਤੇ ਕਸਬਿਆਂ ਵਿਚ ਸੜਕਾਂ ਦੇ ਕੰਢੇ ਬੈਠੇ ਹੁੰਦੇ ਹਨ। ਇਕ ਪਿੰਜਰੇ ਵਿਚ ਇਨ੍ਹਾਂ ਨੇ ਰੰਗ ਬਰੰਗੀਆਂ ਚਿੜੀਆਂ ਰਖੀਆਂ ਹੁੰਦੀਆਂ ਹਨ। ਪਿੰਜਰੇ ਕੋਲ ਕੁਝ ਲਫ਼ਾਫ਼ੇ ਪਏ ਹੁੰਦੇ ਹਨ ਜਿਨ੍ਹਾਂ ਵਿਚ ਪਤਰੇ ਬੰਦ ਹੁੰਦੇ ਹਨ। ਹਰ ਪੱਤਰੇ ਉਤੇ ਕੋਈ ਭਵਿਖਬਾਣੀ ਅੰਕਿਤ ਹੁੰਦੀ ਹੈ। ਚਿੜੀ ਨੂੰ ਪਿੰਜਰੇ ਦੀ ਤਾਕੀ ਖੋਲ੍ਹ ਕੇ ਬਾਹਰ ਕਢਿਆ ਜਾਂਦਾ ਹੈ। ਪਾਂਧਾ ਚਿੜੀ ਨੂੰ ਅੰਨ ਦਾ ਦਾਣਾ ਖਾਣ ਲਈ ਦੇਂਦਾ ਹੈ। ਚਿੜੀ, ਅੰਨ ਦਾ ਦਾਣਾ ਖਾਣ ਮਗਰੋਂ, ਕਿਸੇ ਇਕ ਲਫ਼ਾਫ਼ੇ ਨੂੰ ਚੁੰਜ ਮਾਰਦੀ ਹੈ। ਪਾਂਧਾ ਉਸ ਲਫ਼ਾਫ਼ੇ ਵਿਚੋਂ ਪੱਤਰਾ ਕਢ ਕੇ ਪੜ੍ਹਦਾ ਹੈ। ਜੋ ਕੁਝ ਉਸ ਪੱਤਰੇ ਉਤੇ ਲਿਖਿਆ ਹੁੰਦਾ ਹੈ, ਉਹੀ ਕੁਝ ਪੁੱਛਣ

ਜੋਤਸ਼ੀ ਸ਼ੁਭ ਮਹੂਰਤ ਕਢਦੇ ਹਨ। ਇਥੋਂ ਤਕ ਕਿ ਵਿਆਹ ਦਾ ਕਿਹੜਾ ਸ਼ਗਨ ਕਿਸ ਸਮੇਂ ਕੀਤਾ ਜਾਣਾ ਹੈ, ਇਸ ਬਾਰੇ ਵੀ ਤਿੱਥਾਂ ਕਢਦੇ ਹਨ। ਰਿਸ਼ਤਾ ਕਰਨ ਵੇਲੇ ਜਦੋਂ ਤਕ ਵਰ ਤੇ ਕੰਨਿਆ ਦੇ ਟੇਵੇ ਜੋਤਸ਼ੀ ਮੇਲ ਨਾ ਲੈਣ, ਉਦੋਂ ਤਕ ਸਗਾਈ ਨਹੀਂ ਹੁੰਦੀ। ਨਵੇਂ ਮਕਾਨ ਵਿਚ ਪ੍ਰਵੇਸ਼ ਕਰਨ ਲਗਿਆਂ ਜਾਂ ਕੋਈ ਨਵਾਂ ਕੰਮ ਕਰਨ ਵੇਲੇ ਜੋਤਸ਼ੀ ਤੋਂ ਮਹੂਰਤ ਕਢਵਾਇਆ ਜਾਂਦਾ ਹੈ। ਪੁਰਾਣੇ ਵੇਲਿਆਂ ਵਿਚ ਜਦੋਂ ਸਫ਼ਰ ਬੜੇ ਕਠਨ ਹੁੰਦੇ ਸਨ; ਜੋਤਸ਼ੀ ਸਫ਼ਰ ਲਈ ਵੀ ਮਹੂਰਤ ਕਢਦੇ ਸਨ। ਪਿੰਡਾਂ ਵਿਚ ਖੇਤਾਂ ਵਿਚ ਹਲ ਵਾਹੁਣ, ਬੀਜ ਬੀਜਣ ਤੇ ਵਾਢੀ ਕਰਨ ਲਈ ਵੀ ਜੋਤਸ਼ੀ ਤੋਂ ਮਹੂਰਤ ਕਢਵਾਇਆ ਜਾਂਦਾ ਹੈ। ਪੁਰਾਣੇ ਵੇਲਿਆਂ ਵਿਚ ਕਈ ਹਿੰਦੂ ਰਾਜੇ ਯੁਧ ਲੜਨ ਤੋਂ ਪਹਿਲਾਂ ਜੋਤਸ਼ੀ ਤੋਂ ਮਹੂਰਤ ਕਢਵਾਂਦੇ ਸਨ ਅਤੇ ਸ਼ੁਭ ਗ੍ਰਹਿਆਂ ਦੀ ਉਡੀਕ ਕਰਦੇ ਸਨ। ਰਵਾਇਤ ਹੈ ਕਿ ਜਦੋਂ ਬਖ਼ਤਿਆਰ ਖ਼ਿਲਜੀ ਨੇ 1202 ਵਿਚ ਇਕ ਹਿੰਦੂ ਰਾਜੇ ਨਾਦੀਆ ਦੇ ਦੇਸ਼ ਉਤੇ ਹੱਲਾ ਕੀਤਾ ਤਾਂ ਜੋਤਸ਼ੀ ਨੇ ਰਾਜੇ ਨੂੰ ਸ਼ੁਭ ਘੜੀ ਦੀ ਉਡੀਕ ਲਈ ਨੌਂ ਘੰਟੇ ਹੋਰ ਹੱਲੇ ਦਾ ਜਵਾਬ ਨਾ ਦੇਣ ਦੀ ਸੂਚਨਾ ਦਿਤੀ। ਇਨ੍ਹਾਂ ਨੌਂ ਘੰਟਿਆਂ ਵਿਚ ਹੀ ਮੁਸਲਮਾਨ ਸ਼ਹਿਰ ਵਿਚ ਦਾਖ਼ਲ ਹੋ ਗਏ ਤੇ ਰਾਜੇ ਨੂੰ ਆਪਣੀ ਜਾਨ ਬਚਾਉਣ ਲਈ ਨਸਣਾ ਪਿਆ।

ਜੋਤਸ਼ੀਆਂ ਬਾਰੇ ਕਈ ਲਘੂ-ਕਥਾਵਾਂ ਪ੍ਰਚਲਤ ਹਨ। ਇਕ ਰਾਜੇ ਨੂੰ ਇਕ ਜੋਤਸ਼ੀ ਨੇ ਦਸਿਆ ਕਿ ਅਮੁਕੇ ਦਿਨ ਉਸ ਦੀ ਮੌਤ ਹੋ ਜਾਣੀ ਹੈ। ਰਾਜਾ ਬੜਾ ਨਿਰਾਸ਼ ਹੋ ਗਿਆ ਤੇ ਰਾਜ ਭਾਗ ਛਡ ਕੇ ਪੂਜਾ ਪਾਠ ਵਿਚ ਰੁਝ ਗਿਆ। ਜਦੋਂ ਵਜ਼ੀਰ ਨੂੰ ਇਸ ਭਵਿਖਬਾਣੀ ਦਾ ਪਤਾ ਲਗਾ ਤਾਂ ਉਸ ਰਾਜੇ ਨੂੰ ਬੜਾ ਸਮਝਾਇਆ, ਪਰ ਰਾਜੇ ਨੂੰ ਜੋਤਸ਼ੀ ਦੀ ਗੱਲ ਉਤੇ ਅਟਲ ਵਿਸ਼ਵਾਸ ਸੀ। ਅਖੀਰ ਵਜ਼ੀਰ ਨੇ ਜੋਤਸ਼ੀ ਨੂੰ ਰਾਜੇ ਦੇ ਸਨਮੁਖ ਬੁਲਾ ਕੇ ਪੁਛਿਆ ਕਿ ਤੇਰੀ ਮੌਤ ਕਦੋਂ ਹੋਵੇਗੀ। ਜੋਤਸ਼ੀ ਨੇ ਗ੍ਰਹਿਆਂ ਦਾ ਹਿਸਾਬ ਲਗਾ ਕੇ ਦਸਿਆ ਕਿ ਉਹ 10 ਵਰ੍ਹੇ 9 ਮਹੀਨੇ ਤੇ 6 ਦਿਨ ਬਾਅਦ ਮਰੇਗਾ। ਵਜ਼ੀਰ ਨੇ ਉਸੇ ਵੇਲੇ ਤਲਵਾਰ ਕਢ ਕੇ ਜੋਤਸ਼ੀ ਦਾ ਸਿਰ ਵੱਢ ਦਿਤਾ ਤੇ ਰਾਜੇ ਨੂੰ ਕਿਹਾ ਕਿ ਜਿਹੜਾ ਜੋਤਸ਼ੀ ਆਪਣੀ ਮੌਤ ਦੀ ਭਵਿਖਬਾਣੀ ਨਹੀਂ ਕਰ ਸਕਿਆ, ਉਹ ਦੂਜਿਆਂ ਬਾਰੇ ਦਸਣ ਦਾ ਕੀ ਹਕ ਰਖਦਾ ਹੈ?

(ਜ-143) **ਜੋਤ ਜਗਾਉਣਾ** ;

ਦੀ ਆਤਮਾ ਪ੍ਰਸੰਨ ਹੁੰਦੀ ਹੈ ।

ਅਖੰਡ ਪਾਠ ਸਮੇਂ ਇਕ ਥਾਲ ਵਿਚ ਦੀਵਾ ਰਖ ਕੇ ਜੋਤ ਜਗਾਈ ਜਾਂਦੀ ਹੈ ।

ਜਣੇਪੇ ਦੇ ਦਿਨਾਂ ਵਿਚ, ਚਿਲੇ ਵਿਚ 13 ਦਿਨਾਂ ਲਈ ਲਗਾਤਾਰ ਜੋਤ ਜਗਾਈ ਜਾਂਦੀ ਹੈ । ਇਸ ਤਰ੍ਹਾਂ ਪ੍ਰੇਤ ਰੂਹਾਂ ਦੂਰ ਰਹਿੰਦੀਆਂ ਹਨ ।

(ਜ-144) **ਜੋਤਰਲਿੰਗ** :

ਸਿਵ ਪੁਰਾਣ ਅਨੁਸਾਰ ਇਕ ਤੇਜਵਾਨ ਲਿੰਗ ਜਿਸਦਾ ਕੋਈ ਪਾਰਾਵਾਰ ਨਹੀਂ ਸੀ । ਬ੍ਰਹਮਾ ਤੇ ਵਿਸ਼ਨੂੰ ਦਾ ਅਭਿਮਾਨ ਤੋੜਨ ਲਈ, ਸ਼ਿਵ ਨੇ ਇਸ ਲਿੰਗ ਨੂੰ ਰਚਿਆ ਸੀ । ਬ੍ਰਹਮਾ ਇਸ ਲਿੰਗ ਦਾ ਉਪਰਲਾ ਸਿਰਾ ਲੱਭਣ ਲਈ ਉਪਰ ਵਲ ਤੇ ਵਿਸ਼ਨੂੰ ਹੇਠਲਾ ਸਿਰਾ ਲੱਭਣ ਲਈ ਪਤਾਲ ਵਲ ਗਿਆ, ਪਰ 36 ਯੁਗ ਭਟਕਣ ਦੇ ਬਾਵਜੂਦ ਵੀ ਦੋਵੇਂ ਇਸ ਲਿੰਗ ਦੀ ਥਾਹ ਨਾ ਪਾ ਸਕੇ ।

(ਜ-145) **ਜੋਤਿਸ਼ ਵਿਦਿਆ** :

ਗ੍ਰਹਿਆਂ ਤੇ ਨਛੱਤਰਾਂ ਦਾ ਮਨੁੱਖੀ ਜੀਵਨ ਉਤੇ ਸ਼ੁਭ ਅਸ਼ੁਭ ਫਲ ਦੱਸਣ ਵਾਲੀ ਵਿਦਿਆ; ਜੋਤਿਸ਼ ਵਿਦਿਆ ਵਿਗਿਆਨ ਵੀ ਹੈ ਤੇ ਕਲਾ ਵੀ । ਇਸ ਦਾ ਆਧਾਰ ਤੱਥ ਵੀ ਹਨ ਤੇ ਮਿੱਥ ਵਹਿਮ ਵੀ । ਇਸ ਦਾ ਸਬੰਧ ਧਰਮ ਨਾਲ ਵੀ ਹੈ ਤੇ ਦਰਸ਼ਨ ਨਾਲ ਵੀ ।

ਜੋਤਿਸ਼ ਵਿਦਿਆ ਦਾ ਮੂਲ ਆਧਾਰ ਕਰਮ ਸਿਧਾਂਤ ਹੈ । ਕਰਮ ਸਿਧਾਂਤ ਉਤੇ ਵਿਸ਼ਵਾਸ ਨਾ ਕਰਨ ਵਾਲਾ ਸ਼ਖਸ ਜੋਤਿਸ਼ ਵਿਦਿਆ ਉਤੇ ਵਿਸ਼ਵਾਸ਼ ਨਹੀਂ ਰਖ ਸਕਦਾ । ਕਰਮ ਸਿਧਾਂਤ ਅਨੁਸਾਰ ਹਰ ਪ੍ਰਾਣੀ ਦਾ ਭੂਤ, ਵਰਤਮਾਨ ਤੇ ਭਵਿਖ ਇਕ ਮਾਲਾ ਵਿਚ ਬੱਝੇ ਹੋਏ ਹਨ । ਵਰਤਮਾਨ ਭੂਤ ਵਿਚੋਂ ਪੈਦਾ ਹੁੰਦਾ ਹੈ ਤੇ ਭਵਿਖ ਵਰਤਮਾਨ ਵਿਚੋਂ । ਸ੍ਰਿਸ਼ਟੀ ਉਤੇ ਪ੍ਰਾਣੀ ਜੋ ਚੰਗੇ ਮੰਦੇ ਕਰਮ ਕਰਦਾ ਹੈ, ਉਨ੍ਹਾਂ ਸਭਨਾਂ ਦਾ ਚੰਗਾ-ਮੰਦਾ ਫਲ ਉਸ ਨੂੰ ਭੋਗਣਾ ਪੈਂਦਾ ਹੈ । ਪਿਛਲੇ ਜਨਮ ਵਿਚ ਕੀਤੇ ਕਰਮਾਂ ਦਾ ਫਲ ਵਰਤਮਾਨ ਜਨਮ ਵਿਚ ਭੋਗਿਆ ਜਾਂਦਾ ਹੈ ਤੇ ਵਰਤਮਾਨ ਜਨਮ ਦਾ ਫਲ ਅਗਲੇ ਜਨਮ ਵਿਚ ਭੋਗਣਾ ਪਏਗਾ । ਜਿਵੇਂ ਕਿੱਕਰ ਨੂੰ ਧਰਤੀ ਵਿਚ ਬੀਜ ਕੇ ਅੰਗੂਰਾਂ ਦੀ ਆਸ ਨਹੀਂ ਕੀਤੀ ਜਾ ਸਕਦੀ, ਉਸੇ ਤਰ੍ਹਾਂ ਹਰ ਪ੍ਰਾਣੀ ਆਪਣਾ ਬੀਜਿਆ ਹੀ ਵੱਢ ਰਿਹਾ ਹੈ । ਜੋਤਿਸ਼ ਵਿਦਿਆ ਅਨੁਸਾਰ ਜਿਵੇਂ ਅੰਗੂਰ ਦਾ ਬੀਜ ਵੇਖ ਕੇ ਪਹਿਲੇ ਹੀ ਅਨੁਮਾਨ ਲਗਾਇਆ ਜਾ ਸਕਦਾ

ਕਰਮ ਸਿਧਾਂਤ ਅਨੁਸਾਰ ਹਰੇਕ ਪ੍ਰਾਣੀ ਨੇ ਸੰਸਾਰ ਵਿਚ ਜੋ ਦੁਖ ਸੁਖ ਭੋਗਣੇ ਹੁੰਦੇ ਹਨ, ਉਨ੍ਹਾਂ ਨੂੰ ਉਸ ਪ੍ਰਾਣੀ ਦੇ ਪਿਛਲੇ ਕਰਮਾਂ ਦੇ ਆਧਾਰ ਉਤੇ ਪਹਿਲੋਂ ਹੀ ਨਿਸਚਤ ਕਰ ਦਿਤਾ ਜਾਂਦਾ ਹੈ । ਕੋਈ ਪ੍ਰਾਣੀ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ । ਜੋ ਵੀ ਕਰਮ ਉਸ ਭੋਗਣੇ ਹੁੰਦੇ ਹਨ, ਉਸ ਦੀਆਂ ਹੱਥਾਂ ਦੀਆਂ ਰੇਖਾਂ ਵਿਚ ਉਕਰੇ ਹੁੰਦੇ ਹਨ । ਇਨ੍ਹਾਂ ਰੇਖਾਂ ਨੂੰ ਵਿਗਿਆਨਕ ਵਿਧੀ ਨਾਲ ਘੋਖ ਕੇ, ਪ੍ਰਾਣੀ ਦੇ ਵਰਤਮਾਨ ਜਨਮ ਬਾਰੇ ਸਭ ਕੁਝ ਜਾਣਿਆ ਜਾ ਸਕਦਾ ਹੈ । ਇਸੇ ਕਰ ਕੇ ਜੋਤਿਸ਼ ਵਿਦਿਆ ਦਾ ਆਪਣਾ ਵਿਗਿਆਨ ਹੈ, ਪਰ ਇਹ ਕਲਾ ਵੀ ਹੈ ਕਿਉਂ ਜੋ ਇਸ ਵਿਚ ਕਲਪਨਾ ਤੋਂ ਵੀ ਚੋਖਾ ਕੰਮ ਲੈਣਾ ਪੈਂਦਾ ਹੈ ।

ਜੋਤਿਸ਼ ਵਿਦਿਆ ਦਾ ਦੂਜਾ ਆਧਾਰ ਸਿਧਾਂਤ ਬ੍ਰਹਿਮੰਡ ਤੇ ਪਿੰਡ ਦੀ ਸਾਂਝ ਦਾ ਹੈ ਅਥਵਾ ਬ੍ਰਹਿਮੰਡ ਦੀ ਕਾਸਮਿਕ ਸ਼ਕਤੀ ਦਾ ਵਿਅਕਤੀ ਉਤੇ ਪ੍ਰਭਾਵ । ਜਦੋਂ ਕੋਈ ਪ੍ਰਾਣੀ ਸੰਸਾਰ ਵਿਚ ਜਨਮ ਲੈਂਦਾ ਹੈ, ਉਸ ਵੇਲੇ ਗ੍ਰਹਿ, ਨਛੱਤਰ ਤੇ ਤਾਰੇ ਆਦਿ ਜਿਸ ਸਥਿਤੀ, ਦਿਸ਼ਾ ਤੇ ਯੋਗ ਵਿਚ ਹੁੰਦੇ ਹਨ, ਉਸ ਦਾ ਪ੍ਰਭਾਵ ਉਸ ਪ੍ਰਾਣੀ ਦੇ ਜੀਵਨ ਪਸਾਰੇ ਉਤੇ ਅਵਸ਼ ਪੈਂਦਾ ਹੈ । ਇਸ ਸਿਧਾਂਤ ਅਨੁਸਾਰ ਮਨੁੱਖੀ ਜੀਵਨ ਬ੍ਰਹਿਮੰਡ ਨਾਲ ਇਕਸੁਰ ਹੋ ਕੇ ਧੜਕਦਾ ਹੈ । ਇਹੋ ਦਰਸ਼ਨ 'ਜੋ ਬ੍ਰਹਿਮੰਡੇ ਸੋਈ ਪਿੰਡੇ' ਵਿਚ ਪ੍ਰਗਟ ਹੁੰਦਾ ਹੈ । ਬ੍ਰਹਿਮੰਡ ਪੰਜਾਂ ਤੱਤਾਂ ਵਿਚੋਂ ਵਿਗਸਿਆ ਹੈ ਤੇ ਪ੍ਰਾਣੀ ਵੀ । ਇਨ੍ਹਾਂ ਦੋਹਾਂ ਵਿਚ ਇਕਸੁਰਤਾ ਹੋਣੀ ਕੋਈ ਅਨਹੋਣੀ ਗੱਲ ਨਹੀਂ । ਜੇ ਇਹ ਮੰਨ ਲਿਆ ਜਾਵੇ ਤਾਂ ਇਹ ਵੀ ਮੰਨਣਾ ਪਏਗਾ ਕਿ ਬ੍ਰਹਿਮੰਡ ਵਿਚ ਵਾਪਰਦੀਆਂ ਘਟਨਾਵਾਂ ਤੇ ਤਬਦੀਲੀਆਂ ਦਾ ਪਿੰਡ ਉਤੇ ਸਰੀਰਕ ਤੇ ਮਾਨਸਿਕ ਅਸਰ ਹੋਣਾ ਸੁਭਾਵਿਕ ਹੈ । ਬ੍ਰਹਿਮੰਡ ਤੇ ਪਿੰਡ ਵਿਚ ਜੋ ਸਬੰਧ ਹੈ ਭਾਵੇਂ ਉਹ ਕਿਸੇ ਵਿਗਿਆਨਕ ਯੰਤ੍ਰ ਦੁਆਰਾ ਸਿਧ ਕਰਨਾ ਕਠਨ ਹੈ, ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਵੇਖਿਆ ਜਾਵੇ ਤਾਂ ਨੌਂ ਗ੍ਰਹਿਆਂ, ਗ੍ਰਹਿਣਾਂ ਤੇ ਸਿਤਾਰਿਆਂ ਦੇ ਯੋਗ ਦਾ ਮਨੁਖੀ ਜੀਵਨ ਉਤੇ ਕਈ ਤਰ੍ਹਾਂ ਦਾ ਅਸਰ ਪੈਂਦਾ ਹੈ । ਜਿਸ ਵਿਚੋਂ ਕੁਝ ਤਾਂ ਸਹਿਜੇ ਹੀ ਮਲੂਮ ਹੋ ਜਾਂਦਾ ਹੈ । ਜਦੋਂ ਪੂਰਨਮਾਸ਼ੀ ਨੂੰ ਚੰਦਰਮਾ ਪੂਰਨ ਹੁੰਦਾ ਹੈ ਤਾਂ ਉਸ ਦੀ ਸ਼ਕਤੀ ਸਮੁੰਦਰ ਵਿਚ ਜਵਾਰਭਾਟਾ ਲੈ ਆਉਂਦੀ ਹੈ । ਪੂਰਨਮਾਸ਼ੀ ਤੇ ਅਮਾਵਸ ਦਾ ਮਨੁਖ ਦੀ ਮਾਨਸਿਕ ਅਵਸਥਾ ਉਤੇ ਵਖੋ ਵਖਰਾ ਅਸਰ ਅਸੀਂ ਨਿਜੀ ਜੀਵਨ-ਤਜਰਬੇ ਤੋਂ ਵੇਖ ਸਕਦੇ ਹਾਂ । ਬਦਲਦੀਆਂ ਰੁੱਤਾਂ ਦਾ ਜੋ ਪ੍ਰਭਾਵ ਮਨੁਖੀ ਜੀਵਨ ਉਤੇ ਪੈਂਦਾ ਹੈ, [illegible] ਪਹਿਲੇ ਹੀ

ਤੇ ਰਹਿਣ ਸਹਿਣ ਸਭ ਬਦਲ ਜਾਂਦਾ ਹੈ। ਚੰਦਰਮਾ ਦਾ ਮਨੁਖੀ ਸਰੀਰ ਤੇ ਕੋਸ਼ਾਣੂਆਂ ਉਤੇ ਜੋ ਅਸਰ ਹੁੰਦਾ ਹੈ, ਉਸ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੁਦਾਈ ਤੇ ਮਿਰਗੀ ਦੇ ਰੋਗੀਆਂ ਦਾ ਰੋਗ, ਪੂਰਨਮਾਸ਼ੀ ਵਾਲੇ ਦਿਨ ਵੱਧ ਜਾਂਦਾ ਹੈ। ਡਾਕਟਰ ਮੰਨਦੇ ਹਨ ਕਿ ਤੀਵੀਆਂ ਦੇ ਮਾਸਕ ਧਰਮ ਉਤੇ ਚੰਨ ਦੀਆਂ ਰਿਸ਼ਮਾਂ ਦਾ ਕੁਝ ਪ੍ਰਭਾਵ ਹੈ।

ਜੋਤਿਸ਼ ਵਿਦਿਆ ਮੰਨਦੀ ਹੈ ਕਿ ਚੰਨ ਸੂਰਜ ਤੇ ਹੋਰ ਗ੍ਰਹਿਆਂ ਦਾ ਪ੍ਰਾਣੀ ਦੇ ਜੀਵਨ ਉਤੇ ਡੂੰਘਾ ਅਸਰ ਹੁੰਦਾ ਹੈ ਅਤੇ ਜੋਤਿਸ਼ ਵਿਦਿਆ ਮਨੁਖੀ ਜੀਵਨ ਤੇ ਪ੍ਰਿਥਵੀ ਉਤੇ ਵਾਪਰਦੀਆਂ ਘਟਨਾਵਾਂ ਨੂੰ ਬਾਹਰਲੇ ਕਾਸਮਿਕ ਦ੍ਰਿਸ਼ਟਮਾਨ ਤੇ ਗ੍ਰਹਿਆਂ ਦੇ ਯੋਗ ਨਾਲ ਜੋੜਦੀ ਹੈ ਅਤੇ ਉਨ੍ਹਾਂ ਵਿਚ ਕਾਰਜ ਤੇ ਫਲ ਦਾ ਸਬੰਧ ਸਥਾਪਿਤ ਕਰਦੀ ਹੈ। ਜੋਤਿਸ਼ ਵਿਦਿਆ ਮਨੁਖ ਨੂੰ ਇਕ ਕਾਸਮਿਕ ਇਕਾਈ ਮੰਨਦੀ ਹੈ ਅਤੇ ਬ੍ਰਹਿਮੰਡ ਨਾਲੋਂ ਵਖ ਨਹੀਂ ਸਮਝਦੀ। ਆਕਾਸ਼ ਦੇ ਗ੍ਰਹਿ ਇਕ ਦੂਜੇ ਵਲ ਅਥਾਹ ਸ਼ਕਤੀ ਪਰਸਾਰਨ ਕਰਦੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਆਪੋ ਵਿਚ ਇਕ ਕਾਸਮਿਕ ਸਮਤੋਲ ਸਥਾਪਿਤ ਕਰਦੇ ਹਨ। ਜੋਤਿਸ਼ ਵਿਦਿਆ ਇਸ ਕਾਸਮਿਕ ਸਮਤੋਲ ਦਾ ਅਧਿਐਨ ਪ੍ਰਿਥਵੀ ਤੇ ਉਸ ਉਤੇ ਵਸਦੇ ਪ੍ਰਾਣੀਆਂ ਦੇ ਸਬੰਧ ਵਿਚ ਕਰਦੀ ਹੈ।

ਜਿਸ ਨੂੰ ਪ੍ਰਾਲੱਬਧ ਕਿਹਾ ਜਾਂਦਾ ਹੈ ਉਸ ਨੂੰ ਜੋਤਿਸ ਵਿਦਿਆ ਵਿਚ ਗ੍ਰਹਿਆਂ ਤੇ ਸਤਾਰਿਆਂ ਦੇ ਮੰਡਲ ਦਾ ਇਕ ਵਿਸ਼ੇਸ਼ ਪ੍ਰਾਣੀ ਉਤੇ ਕਿਸੇ ਖ਼ਾਸ ਘੜੀ ਪਿਆ, ਇਕ ਖ਼ਾਸ ਤਰ੍ਹਾਂ ਦਾ ਪ੍ਰਭਾਵ ਹੈ, ਜਿਸ ਤੋਂ ਉਹ ਮੁਕਤ ਨਹੀਂ ਹੋ ਸਕਦਾ। ਇਸ ਪ੍ਰਾਲੱਬਧ ਨੂੰ ਪਿਛਲੇ ਜਨਮ ਦੇ ਕਰਮਾਂ ਦਾ ਫਲ ਮੰਨਿਆ ਜਾਂਦਾ ਹੈ ਅਤੇ ਪਿਛਲੇ ਜਨਮ ਦੇ ਕਰਮਾਂ ਅਨੁਸਾਰ ਹੀ ਪ੍ਰਾਣੀ ਇਕ ਵਿਸ਼ੇਸ਼ ਗ੍ਰਹਿਆਂ ਦੇ ਯੋਗ ਵਿਚ ਜਨਮ ਲੈਂਦਾ ਹੈ। ਉਹ ਪਿਛਲੇ ਜਨਮਾਂ ਦਾ ਫਲ ਭੁਗਤੇ ਬਿਨਾਂ ਨਹੀਂ ਰਹਿ ਸਕਦਾ। ਪਰ ਵਰਤਮਾਨ ਜਨਮ ਵਿਚ ਚੰਗੇ ਕਰਮ ਕਰ ਕੇ, ਅਗਲੇ ਜਨਮ ਚੰਗਾ ਫਲ ਪ੍ਰਾਪਤ ਕਰ ਸਕਦਾ ਹੈ।

ਜੋਤਿਸ਼ ਵਿਦਿਆ ਅਨੁਸਾਰ ਕਿਸੇ ਸ਼ਖ਼ਸ ਦੇ ਜਨਮ ਸਮੇਂ ਜੋ ਗ੍ਰਹਿਆਂ ਤੇ ਸਿਤਾਰਿਆਂ ਦੀ ਦਿਸ਼ਾ ਤੇ ਯੋਗ ਹੁੰਦਾ ਹੈ, ਉਸ ਤੋਂ ਹੀ ਉਸ ਦੇ ਪਿਛਲੇ ਜਨਮਾਂ ਦੇ ਕਰਮਾਂ ਦਾ, ਅਨੁਮਾਨ ਲਗਾਇਆ ਜਾਂਦਾ ਹੈ। ਜਨਮ ਸਮੇਂ ਦੇ ਗ੍ਰਹਿਆਂ ਦੇ ਯੋਗ ਤੋਂ ਜੋਤਸ਼ੀ ਇਹ ਦਸ ਸਕਦਾ ਹੈ ਕਿ ਪ੍ਰਾਣੀ ਨੇ ਪਿਛਲੇ ਜਨਮ ਦੇ ਚਰਿਤ੍ਰ ਤੋਂ ਕਿਹੜੇ ਗੁਣ ਤੇ ਤੱਤ ਭਵਿਖਤ ਬਾਰੇ ਸਹੀ ਅਨੁਮਾਨ ਲਗਾਏ ਜਾ ਸਕਦੇ ਹਨ। ਹੱਥ ਉਤੇ ਉਮਰ, ਵਿਆਹ, ਔਲਾਦ, ਮਾਲ ਧਨ, ਬੁੱਧੀ ਤੇ ਦਿਲ ਦੀਆਂ ਵਖੋ ਵਖਰੀਆਂ ਲਕੀਰਾਂ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਰੇਖਾਵਾਂ ਬਾਰੇ ਭਾਰਤੀ ਤੇ ਪੱਛਮੀ ਇਲਮੇ-ਨਜੂਮ ਇਕਸਾਰਤਾ ਨਹੀਂ ਰਖਦਾ ਜਿਵੇਂ ਭਾਰਤੀ ਹਸਤ-ਰੇਖਾ ਵਿਦਿਆ ਅਨੁਸਾਰ ਉਮਰ ਦੀ ਰੇਖਾ ਛੋਟੀ ਉਂਗਲੀ (ਸੱਜਾ ਹੱਥ) ਦੇ ਹੇਠੋਂ ਸ਼ੁਰੂ ਹੋ ਕੇ ਅੰਗੂਠੇ ਦੇ ਨਾਲ ਵਾਲੀ ਉਂਗਲ ਉਤੇ ਜਾ ਖ਼ਤਮ ਹੁੰਦੀ ਹੈ, ਪਰ ਪਛਮੀ ਵਿਚਾਰ ਅਨੁਸਾਰ ਉਮਰ ਦੀ ਰੇਖਾ ਅੰਗੂਠੇ ਤੇ ਪਹਿਲੀ ਉਂਗਲ ਦੇ ਵਿਚਕਾਰੋਂ ਸ਼ੁਰੂ ਹੋ ਕੇ ਵੀਣੀ ਵਲ ਜਾ ਮੁਕਦੀ ਹੈ।

ਹਸਤ-ਰੇਖਾ ਵਿਚ ਉਂਗਲ ਦੇ ਹੇਠਾਂ ਜੋ ਵਖੋ ਵਖਰੇ ਉਭਾਰ ਹੁੰਦੇ ਹਨ, ਉਨ੍ਹਾਂ ਦਾ ਖ਼ਾਸ ਮਹੱਤਵ ਹੈ। ਇਨ੍ਹਾਂ ਉਭਾਰਾਂ ਦੇ ਨਾਉਂ ਗ੍ਰਹਿਆਂ ਦੇ ਨਾਉਂ ਉਤੇ ਹੀ ਮੰਗਲ ਤੇ ਬ੍ਰਹਸਪਤੀ ਆਦਿ ਰਖੇ ਗਏ ਹਨ। ਇਨ੍ਹਾਂ ਉਭਾਰਾਂ ਦਾ ਵਧੇਰੇ ਪ੍ਰਤੱਖ ਜਾਂ ਅਲੋਪ ਹੋਣਾ ਹਸਤ-ਰੇਖਾ ਵਿਚ ਖ਼ਾਸ ਅਰਥ ਰਖਦਾ ਹੈ। ਉਂਗਲੀਆਂ ਉਤੇ ਜੋ ਭੌਰੀਆਂ ਬਣੀਆਂ ਹੁੰਦੀਆਂ ਹਨ, ਉਹ ਹਰੇਕ ਪ੍ਰਾਣੀ ਦੀਆਂ ਦੂਜੇ ਪ੍ਰਾਣੀ ਤੋਂ ਵਿਲੱਖਣ ਹੁੰਦੀਆਂ ਹਨ। ਇਨ੍ਹਾਂ ਭੌਰੀਆਂ ਦੇ ਜੋਤਿਸ਼ ਵਿਦਿਆ ਵਿਚ ਵਿਸ਼ੇਸ਼ ਅਰਥ ਹਨ।

ਹਿੰਦੂਆਂ ਵਿਚ ਜੋਤਿਸ਼ ਵਿਦਿਆ ਨੂੰ ਬੜੀ ਮਾਨਤਾ ਪ੍ਰਾਪਤ ਹੈ। ਬੱਚੇ ਦੇ ਜਨਮ ਸਮੇਂ ਦਾ ਸਹੀ ਵਕਤ, ਘੜੀ, ਪਲ, ਗ੍ਰਹਿਆਂ ਤੇ ਨਛੱਤਰਾਂ ਦੀ ਸਥਿਤੀ ਤੇ ਯੋਗ ਇਕ ਕਾਗਜ਼ ਉਤੇ ਦਰਜ ਕਰ ਕੇ ਕੁੰਡਲੀ ਬਣਾਈ ਜਾਂਦੀ ਹੈ। ਪਹਿਲਿਆਂ ਵਿਚ ਤਾਂ ਬੱਚੇ ਦਾ ਨਾਂ ਵੀ ਉਸ ਨਛੱਤ੍ਰ ਦੇ ਅਖਰਾਂ ਤੋਂ ਰਖਿਆ ਜਾਂਦਾ ਸੀ, ਜਿਸ ਵਿਚ ਉਹ ਜੰਮਿਆ ਹੁੰਦਾ। ਇਸ ਕੁੰਡਲੀ ਤੋਂ ਜਨਮਪਤ੍ਰੀ ਜਾਂ ਟੇਵਾ ਤਿਆਰ ਕੀਤਾ ਜਾਂਦਾ ਹੈ। ਵਿਆਹ ਤੇ ਹੋਰ ਕਾਰਜਾਂ ਸਮੇਂ ਪਾਂਧੇ/ਜੋਤਸ਼ੀ ਨੂੰ ਇਹ ਟੇਵਾ ਵਿਖਾ ਕੇ ਮਹੂਰਤ ਕਢਵਾਏ ਜਾਂਦੇ ਹਨ। ਇਹ ਮਹੂਰਤ, ਗ੍ਰਹਿਆਂ ਦੀ ਚਾਲ ਸਥਿਤੀ ਅਤੇ ਯੋਗ ਦਾ ਪਤਾ ਉਸ ਤਿੱਥ-ਪਤ੍ਰੀ ਤੋਂ ਲਗਦਾ ਹੈ ਜਿਸ ਨੂੰ ਜੰਤਰੀ ਕਹਿੰਦੇ ਹਨ। ਜੰਤਰੀ ਵਿਚ ਸਭ ਸ਼ੁਭ ਅਸ਼ੁਭ ਤਿਥਾਂ ਤੇ ਦਿਨਾਂ ਦਾ ਵੇਰਵੇ ਤੋਂ ਇਲਾਵਾ ਹਰੇਕ ਦਿਨ ਤੇ ਤਿੱਥ ਦੇ ਪ੍ਰਧਾਨ ਗ੍ਰਹਿ ਦਾ ਵਰਨਣ ਹੁੰਦਾ ਹੈ।

ਇਸਲਾਮ ਵਿਚ ਜੋਤਿਸ 'ਤੇ ਬਹੁਤਾ ਵਿਸ਼ਵਾਸ ਨਹੀਂ ਰਖਿਆ ਜਾਂਦਾ, ਪਰ ਮੁਗ਼ਲ ਬਾਦਸ਼ਾਹਾਂ ਦਾ ਜੋਤਿਸ਼ ਵਿਦਿਆ ਵਿਚ ਪੂਰਾ ਵਿਸ਼ਵਾਸ ਸੀ।

ਨੇ ਕੁਲ ਦੀ ਇਜਤ ਬਚਾਣ ਲਈ ਸੱਸੀ ਨੂੰ ਦਰਿਆ ਵਿਚ ਰੋਹੜ ਦਿਤਾ ਪਰ ਹੋਣੀ ਅਮਿਟ ਰਹੀ। ਇਸੇ ਤਰ੍ਹਾਂ ਪੂਰਨ ਮੂਲ ਨਛੱਤਰ ਵਿਚ ਜੰਮਿਆ। ਇਸ ਨਛੱਤਰ ਵਿਚ ਜੰਮਿਆ ਬਾਲ ਮਾਪਿਆਂ ਤੇ ਭਾਰਾ ਹੁੰਦਾ ਹੈ। ਇਸੇ ਲਈ ਪੂਰਨ ਨੂੰ ਬਾਰਾਂ ਸਾਲ ਭੋਰੇ ਵਿਚ ਰਖਿਆ ਗਿਆ।

(ਜ-146) **ਜੋਤੀ** :

ਜੋਤੀ ਮਘਦੇ ਜੀਵਨ ਦੀ ਬੋਧਿਕ ਹੈ। ਇਸ ਲਈ ਜਦੋਂ ਬੱਚਾ ਜੰਮਦਾ ਹੈ ਤਾਂ ਚਿੱਲੇ ਵਾਲੇ ਕਮਰੇ ਵਿਚ 13 ਦਿਨ ਲਗਾਤਾਰ ਦਿਨ ਰਾਤ ਜੋਤ ਜਗਾਈ ਜਾਂਦੀ ਹੈ। ਜੋਤ ਦਾ ਇਕ ਛਿਣ ਲਈ ਬੁਝਣਾ ਵੀ ਅਸ਼ੁਭ ਸਮਝਿਆ ਜਾਂਦਾ ਹੈ। ਜੇ ਬੱਚਾ ਢਿੱਲਾ ਮੱਠਾ ਹੋ ਜਾਵੇ ਤਾਂ ਉਸ ਦੀ ਅਰੋਗਤਾ ਲਈ ਘਰ ਦੀ ਜਿਸ ਗੁੱਠੇ ਔਲ ਦਬੀ ਹੁੰਦੀ ਹੈ, ਉਥੇ ਆਟੇ ਦਾ ਦੀਵਾ ਬਾਲ ਕੇ ਧਰਿਆ ਜਾਂਦਾ ਹੈ। ਇਸ ਜੋਤ ਨਾਲ ਬੱਚੇ ਦੀ ਜੀਵਨ-ਕਣੀ ਨੂੰ ਸ਼ਕਤੀ ਮਿਲਦੀ ਹੈ।

ਜੋਤੀ ਵਿਚ ਦੋ ਤੱਤ ਕੰਮ ਕਰ ਰਹੇ ਹੁੰਦੇ ਹਨ, ਇਕ ਅਗਨੀ ਤੇ ਦੂਜਾ ਰੌਸ਼ਨੀ ਦਾ। ਅਗਨੀ ਵਾਯੂਮੰਡਲ ਨੂੰ ਪਵਿਤ੍ਰ ਕਰਦੀ ਹੈ ਤੇ ਰੌਸ਼ਨੀ ਤੋਂ ਪ੍ਰੇਤ ਆਤਮਾਵਾਂ ਦੂਰ ਨਸਦੀਆਂ ਹਨ। ਇਸ ਲਈ ਹਿੰਦੂਆਂ ਦਾ ਵਿਸ਼ਵਾਸ਼ ਹੈ ਕਿ ਜਿਥੇ ਜੋਤੀ ਬਲ ਰਹੀ ਹੋਵੇ ਉਥੇ ਸੁਚ ਤੇ ਪਵਿਤ੍ਰਤਾ ਹੋਣ ਕਰ ਕੇ ਪ੍ਰੇਤ-ਰੂਹਾਂ ਨਹੀਂ ਠਹਿਰਦੀਆਂ।

ਹਿੰਦੂਆਂ ਵਿਚ ਕਿਸੇ ਪ੍ਰਾਣੀ ਦੀ ਮ੍ਰਿਤੂ ਤੋਂ ਪਹਿਲਾਂ 'ਦੀਵਾ ਬਾਤੀ' ਦੀ ਰੀਤ ਕੀਤੀ ਜਾਂਦੀ ਹੈ ਅਥਵਾ ਉਸ ਦੇ ਹੱਥ ਨਾਲ ਜੋਤ ਛੁਹਾਈ ਜਾਂਦੀ ਹੈ। ਧਾਰਨਾ ਹੈ ਕਿ ਇਸ ਦੀਵੇ ਦੀ ਰੌਸ਼ਨੀ ਉਸ ਪ੍ਰਾਣੀ ਦੀ ਮ੍ਰਿਤੂ ਪਿਛੋਂ, ਅਗਲੇ ਲੋਕ ਨੂੰ ਜਾਂਦੇ, ਹਨੇਰੇ ਰਾਹ ਵਿਚ ਚਾਨਣ ਬਿਖੇਰੇਗੀ।

ਪੀਰਾਂ ਫ਼ਕੀਰਾਂ ਦੀਆਂ ਮਜ਼ਾਰਾਂ ਤੇ ਸਾਧਾਂ ਸੰਤਾਂ ਦੀਆਂ ਮੜ੍ਹੀਆਂ ਉਤੇ, ਰਾਤ ਵੇਲੇ ਜੋਤੀ ਜਗਾਣ ਦਾ ਰਵਾਜ ਹੈ। ਇਸ ਨਾਲ ਪੀਰ ਜਾਂ ਸਾਧ ਦੀ ਆਤਮਾ ਪ੍ਰਸੰਨ ਹੁੰਦੀ ਹੈ ਤੇ ਜਿਸ ਭਾਵਨਾ ਨਾਲ ਜੋਤ ਜਗਾਈ ਜਾਂਦੀ ਹੈ, ਉਹ ਭਾਵਨਾ ਪੂਰੀ ਹੁੰਦੀ ਹੈ।

ਮੰਦਰਾਂ ਵਿਚ ਦੇਵ-ਮੂਰਤੀਆਂ ਦੇ ਸਨਮੁਖ ਜੋਤਾਂ ਜਗਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਦੇਵਤੇ ਪ੍ਰਸੰਨ ਹੁੰਦੇ ਤੇ ਬਖ਼ਸ਼ਿਸ਼ ਕਰਦੇ ਹਨ। ਕਈ ਧਾਰਮਿਕ ਅਸਥਾਨਾਂ ਉਤੇ ਅਠੇ ਪਹਿਰ ਜੋਤੀ ਜਗਦੀ ਰਹਿੰਦੀ ਹੈ। ਸਿੱਖਾਂ ਵਿਚ ਜਦੋਂ ਆਦਿ-ਗ੍ਰੰਥ ਦਾ ਅਖੰਡ ਪਾਠ ਰਖਿਆ ਜਾਂਦਾ ਹੈ ਤਾਂ ਇਕ

ਸੀਸ ਦੁਆਲੇ ਰੌਸ਼ਨੀ ਦਾ ਇਕ ਚੱਕਰ ਵਿਖਾਇਆ ਜਾ
ਹੈ, ਜੋ ਅਮਰਤਵ, ਪ੍ਰਮਾਰਥਕ ਉੱਚਤਾ ਤੇ ਸ਼ੁਭ ਗੁਣਾਂ
ਬੋਧਿਕ ਹੈ। ਸਿੱਖ ਗੁਰੂਆਂ ਦੀਆਂ ਤਸਵੀਰਾਂ ਵਿਚ ਵਿ
ਜੋਤੀ-ਘੇਰਾ ਸੀਸ ਦੁਆਲੇ ਵਿਖਾਇਆ ਜਾਂਦਾ ਹੈ।

ਜੋਤ ਦਾ ਬੜਾ ਆਦਰ ਕੀਤਾ ਜਾਂਦਾ ਹੈ ਤੇ ਇਸ
ਫੂਕ ਮਾਰ ਕੇ ਨਹੀਂ ਬੁਝਾਇਆ ਜਾਂਦਾ। ਪਹਿਲਿਆਂ ਵਿ
ਤਾਂ ਜੋਤ ਕਦੇ ਬੁਝਾਈ ਹੀ ਨਹੀਂ ਸੀ ਜਾਂਦੀ, ਤੇਲ ਜਾਂ ਘਿ
ਦੇ ਖਤਮ ਹੋ ਜਾਣ ਨਾਲ ਆਪੇ ਬੁਝ ਜਾਂਦੀ ਸੀ; ਜੇ ਬੁਝਾ
ਹੋਵੇ ਤਾਂ ਹੱਥ ਨਾਲ ਹਵਾ ਦੇ ਕੇ ਬੁਝਾਈ ਜਾਂਦੀ ਹੈ।

(ਜ-147) **ਜੋਤੀ ਸਰ** :

ਹਰਿਆਣਾ ਵਿਚ ਥਨੇਸਰ ਤੋਂ ਤਿੰਨ ਮੀਲ ਪੱਛਮ ਵ
ਇਕ ਤਾਲ, ਜਿਥੇ ਕ੍ਰਿਸ਼ਨ ਨੇ ਅਰਜਨ ਨੂੰ ਕੌਰਵ ਪਾਂਡਵਾਂ
ਯੁੱਧ ਦੇ ਆਰੰਭ ਹੋਣ ਤੋਂ ਪਹਿਲਾਂ ਗੀਤਾ ਦਾ ਉਪਦੇਸ਼ ਦਿ
ਸੀ। ਇਹ ਸਰੋਵਰ ਬੜਾ ਪਵਿਤ੍ਰ ਮੰਨਿਆ ਗਿਆ ਹੈ
ਧਾਰਨਾ ਹੈ ਕਿ ਗ੍ਰਹਿਣ ਸਮੇਂ, ਹਿੰਦੂਆਂ ਦੇ ਸਭ ਪਵਿ
ਸਰੋਵਰ ਤੇ ਨਦੀਆਂ, ਯਾਤ੍ਰਾ ਲਈ ਇਥੇ ਆਉਂਦੀਆਂ ਹ
ਤੇ ਉਸ ਸਮੇਂ ਇਥੇ ਇਸ਼ਨਾਨ ਕਰਨ ਨਾਲ ਸਭ ਤੀਰਥਾਂ
ਇਸ਼ਨਾਨ ਦਾ ਮਹਾਤਮ ਪ੍ਰਾਪਤ ਹੋ ਜਾਂਦਾ ਹੈ।

(ਜ-148) **ਜੋਤੀ ਸਰੂਪ** :

ਸਰਹਿੰਦ ਵਿਚ ਇਕ ਗੁਰਦਵਾਰਾ ਜਿਥੇ ਮਾਤਾ ਗੁਜ
ਦਾ ਸਸਕਾਰ ਹੋਇਆ ਸੀ।

(ਜ-149) **ਜੋਧੜ** :

ਜ਼ਿਲਾ ਅੱਟਕ ਦਾ ਇਕ ਪ੍ਰਧਾਨ ਕਬੀਲਾ। ਜੋ
ਕਬੀਲੇ ਦੇ ਲੋਕ ਆਪਣਾ ਮੁੱਢ ਰਾਜਪੂਤੀ ਮੰਨਦੇ ਹਨ
ਉਨ੍ਹਾਂ ਦੇ ਵਡਿਕੇ ਦਾ ਨਾਉਂ ਜੋਧੜ ਸੀ ਜਿਸ ਨੂੰ ਮੁਹੰਮ
ਗਜ਼ਨਵੀ ਨੇ ਮੁਸਲਮਾਨ ਬਣਾਇਆ ਸੀ। ਕੁਝ ਚਿਰ ਇ
ਕਬੀਲੇ ਦੇ ਲੋਕ ਜੰਮੂ ਵਿਚ ਅਬਾਦ ਰਹੇ, ਮਗਰੋਂ ਉਹ ਸ
ਵਾਦੀ ਵਿਚ ਜਾ ਰਹੇ ਤੇ ਸੀਲ ਦੇ ਉਤਰੀ ਕੰਢੇ ਉਤੇ ਪਿ
ਗੇਬ ਵਿਚ ਜਾ ਵਸੇ। ਭਾਵੇਂ ਜੋਧੜ ਮੁਸਲਮਾਨ ਹੁੰਦੇ
ਪਰ ਇਨ੍ਹਾਂ ਦੀਆਂ ਕਈ ਰੀਤੀਆਂ ਹਿੰਦੂ ਧਰਮ ਨ
ਮਿਲਦੀਆਂ ਹਨ। ਜੋਧੜਿਆਂ ਦੇ ਕੁਝ ਪਰਿਵਾਰਾਂ ਵਿ
ਵਿਰਸੇ ਬਾਰੇ ਵਖਰੇ ਨੇਮ ਹਨ। ਪਿੰਡੀ ਗੇਬ ਵਿਚ ਵ
ਜੋਧੜਿਆਂ ਵਿਚ ਵਡੇ ਲੜਕੇ ਨੂੰ ਬਾਕੀ ਭਰਾਵਾਂ ਨਾ

ਇਹ ਦੋਵੇਂ ਸਕੇ ਭਰਾ ਸਨ ਤੇ ਇਨ੍ਹਾਂ ਦੇ ਪਿਉ ਦਾ ਨਾਂ ਪੁਰਬਾਣੀ ਸੀ। ਇਹ ਦੋਵੇਂ ਲਖੀ ਜੰਗਲ ਵਿਚ ਰਿਹਾ ਕਰਦੇ ਸਨ ਅਤੇ ਆਮ ਤੌਰ ਤੇ ਵਡੇ ਵਡੇ ਜਗੀਰਦਾਰਾਂ ਤੇ ਸ਼ਾਹੀ ਖ਼ਜ਼ਾਨੇ ਨੂੰ ਲੁਟਿਆ ਕਰਦੇ ਸਨ। ਇਨ੍ਹਾਂ ਨੇ ਕਈ ਵਾਰ ਕਸ਼ਮੀਰ ਤੇ ਕਾਬਲ ਤੋਂ ਅਕਬਰ ਵਲ ਭੇਜੀਆਂ ਸੁਗਾਤਾਂ ਤੇ ਸ਼ਾਹੀ ਖ਼ਜ਼ਾਨੇ ਨੂੰ ਲੁਟਿਆ। ਅਕਬਰ ਨੇ ਕਈ ਵਾਰ ਇਨ੍ਹਾਂ ਦੋਹਾਂ ਨੂੰ ਪਕੜਨ ਵਾਸਤੇ ਆਪਣੇ ਸਿਪਾਹੀ ਭੇਜੇ, ਪਰ ਉਹ ਹੱਥ ਨਾ ਆਏ। ਕਈ ਵਾਰ ਸ਼ਾਹੀ ਦਸਤਿਆਂ ਨਾਲ ਇਨ੍ਹਾਂ ਦੀ ਸਿਧੀ ਟੱਕਰ ਵੀ ਹੋਈ।

ਕਹਿੰਦੇ ਹਨ ਕਿ ਜੋਧਾ ਤੇ ਵੀਰਾ ਗ਼ਰੀਬਾਂ ਤੇ ਲੋੜਵੰਦਾਂ ਦੀ ਬੜੀ ਮਦਦ ਕਰਦੇ ਸਨ। ਜੋ ਕੁਝ ਲੁਟਦੇ ਉਹਦਾ ਵਡਾ ਭਾਗ ਗ਼ਰੀਬਾਂ ਤੇ ਦੁਖੀਆਂ ਵਿਚ ਵੰਡ ਦਿੰਦੇ। ਕਈ ਗ਼ਰੀਬ ਮੁਟਿਆਰਾਂ ਦੇ ਦਾਜ ਦਾ ਪ੍ਰਬੰਧ ਇਨ੍ਹਾਂ ਦੋਹਾਂ ਧਾੜਵੀਆਂ ਨੇ ਹੀ ਕੀਤਾ।

ਜੋਧੇ ਵੀਰੇ ਦੀ ਬਹਾਦਰੀ ਤੇ ਸਖਾਵਤ ਤੇ ਲੋਕ-ਹਿੱਤ ਦੇ ਕਿੱਸੇ ਅਕਬਰ ਤਕ ਪਹੁੰਚੇ ਹੋਏ ਸਨ। ਅਕਬਰ ਨੇ ਇਕ ਵਾਰ ਇਨ੍ਹਾਂ ਨੂੰ ਸੁਨੇਹਾ ਭੇਜਿਆ ਕਿ ਉਹ ਦੋਵੇਂ ਧਾੜੇ ਮਾਰਨੇ ਛਡ ਦੇਣ ਅਤੇ ਬੇਸ਼ਕ ਲਖੀ ਜੰਗਲ ਦਾ ਰਾਜ ਭਾਗ ਸੰਭਾਲ ਲੈਣ, ਪਰ ਉਨ੍ਹਾਂ ਨੇ ਅਕਬਰ ਦੀ ਇਹ ਪੇਸ਼ਕਸ਼ ਠੁਕਰਾ ਦਿਤੀ।

ਅਕਬਰ ਦੇ ਸ਼ਾਹੀ ਦਸਤਿਆਂ ਨਾਲ ਇਨ੍ਹਾਂ ਦੋਹਾਂ ਦੀਆਂ ਕਈ ਝੜਪਾਂ ਹੋਈਆਂ। ਇਕ ਲੜਾਈ ਦਾ ਵਰਨਣ ਵਾਰ ਰੂਪ ਵਿਚ ਵੀ ਮਿਲਦਾ ਹੈ ਜੋ 'ਜੋਧੇ ਵੀਰੇ ਪੂਰਬਾਣੀ ਦੀ ਵਾਰ' ਨਾਲ ਪ੍ਰਸਿਧ ਹੈ, ਜਿਸ ਦੀ ਇਕ ਪਉੜੀ ਇਉਂ ਹੈ :

> ਜੋਧ ਬੀਰ ਪੂਰਬਾਣੀਏ ਦੋਇ ਗੱਲਾਂ ਕਰਨ ਕਰਾਰੀਆਂ
> ਧੂਹ ਮਿਆਨੋਂ ਕਢੀਆਂ ਬਿਜਲੀ ਜਿਉਂ ਚਮਕਾਰੀਆਂ
> ਫ਼ੌਜਾਂ ਚਾਹੜੀਆਂ ਬਾਦਸ਼ਾਹ ਅਕਬਰ ਨੇ ਭਾਰੀਆਂ
> ਸਨਮੁਖ ਹੋ ਕੇ ਰਾਜਪੂਤ ਸੁਤਰੀ ਰਣਕਾਰੀਆਂ
> ਇੰਦਰ ਸਣੇ ਅਪਛਰਾਂ ਦੋਹਾਂ ਨੂੰ ਕਰਨ ਜੁਹਾਰੀਆਂ
> ਏਹੀ ਕੀਤੀ ਜੋਧ ਵੀਰ ਪਾਤਸ਼ਾਹੀ ਗੱਲਾਂ ਸਾਰੀਆਂ।

ਇਹ ਵਾਰ ਪੂਰੀ ਨਹੀਂ ਮਿਲਦੀ। ਇਹ ਕਿਸੇ ਅਗਿਆਤ ਭਟ ਦੀ ਲਿਖੀ ਹੋਈ ਹੈ ਅਤੇ ਮਧਕਾਲੀ ਵਾਰ ਸ਼ੈਲੀ ਦਾ ਨਮੂਨਾ ਪੇਸ਼ ਕਰਦੀ ਹੈ। ਇਸ ਵਾਰ ਦੀ ਧੁਨੀ 'ਰਾਮਕਲੀ ਕੀ ਵਾਰ' ਮਹਲਾ ੩ ਉਤੇ ਚੜ੍ਹੀ ਮਿਲਦੀ ਹੈ।

ਸਲਵਾਰ ਲਈ ਕਪੜਾ ਦਿਤਾ ਜਾਂਦਾ ਹੈ ਅਤੇ ਕਈ ਵਾਰ ਪਗੜੀ ਜਾਂ ਪਟਕੇ ਲਈ ਮਲਮਲ ਵੀ ਨਾਲ ਹੁੰਦੀ ਹੈ। ਤੀਵੀਆਂ ਦੇ ਜੋੜੇ ਵਿਚ ਆਮ ਤੌਰ ਤੇ ਤਿੰਨ ਕਪੜੇ ਹੁੰਦੇ ਹਨ : ਸਲਵਾਰ, ਕਮੀਜ਼ ਲਈ ਦੋ ਟੁਕੜੇ ਤੇ ਇਕ ਟੁਕੜਾ ਦੁਪੱਟੇ ਦਾ। ਇਸ ਲਈ ਇਸ ਨੂੰ 'ਤ੍ਰੇਵਰ' ਵੀ ਕਿਹਾ ਜਾਂਦਾ ਹੈ। ਪਛਮੀ ਪੰਜਾਬ ਵਿਚ ਸਲਵਾਰ ਦੇ ਕਪੜੇ ਦੀ ਥਾਂ ਮੰਝਲੇ ਲਈ ਕਪੜਾ ਦਿਤਾ ਜਾਂਦਾ ਹੈ। ਕਈ ਵਾਰ ਬੱਚਿਆਂ ਲਈ ਵੀ ਜੋੜੇ ਦਿਤੇ ਜਾਂਦੇ ਹਨ। ਵਿਆਹ ਉਤੇ ਜੋੜੇ ਕੇਵਲ ਸਕੇ ਸਬੰਧੀਆਂ ਨੂੰ ਦਿਤੇ ਜਾਂਦੇ ਹਨ।

## (ਜ-152) ਜੋੜੇ ਝਾੜਨਾ :

ਸਾਧ-ਸੰਗਤ ਦੇ ਜੋੜੇ ਝਾੜਨ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ। ਨਿਸਚਾ ਹੈ ਕਿ ਸਾਧ ਸੰਗਤ ਵਿਚ ਅਕਾਲ ਪੁਰਖ ਆਪ ਵਸਦਾ ਹੈ ਤੇ ਸਾਧ ਸੰਗਤ ਦੇ ਜੋੜੇ, ਜਿਨ੍ਹਾਂ ਵਿਚ ਚਰਨ-ਧੂੜੀ ਹੁੰਦੀ ਹੈ, ਝਾੜਨ ਨਾਲ ਸਾਧ ਸੰਗਤ ਵਿਚ ਸ਼ਾਮਲ ਹੋਏ ਜਗਿਆਸੂਆਂ ਦੇ ਸਦਗੁਣ ਤੇ ਅਧਿਆਤਮਕ ਅੰਸ਼, ਝਾੜਨ ਵਾਲੇ ਵਿਚ ਆ ਜਾਂਦੇ ਹਨ। ਇਸ ਅੰਸ਼ ਦਾਨ ਦੀ ਪ੍ਰਾਪਤੀ ਸਦਕਾ ਉਸ ਦੀਆਂ ਸਭ ਭਾਵਨਾਵਾਂ ਪੂਰੀਆਂ ਹੋ ਜਾਂਦੀਆਂ ਹਨ।

## (ਜ-153) ਜੋੜੇ ਭਾਈ :

ਜੇ ਕਿਸੇ ਤੀਵੀਂ ਦੀ ਕੁਖੋਂ ਲੜਕਿਆਂ ਦਾ ਜੋੜਾ ਜੰਮੇ ਤਾਂ ਇਸ ਨੂੰ ਸ਼ੁਭ ਸਗਨ, ਤੇ ਕੰਨਿਆਂ ਦਾ ਜੋੜਾ ਜੰਮੇ ਤਾਂ ਇਸ ਨੂੰ ਅਪਸਗਨ ਮੰਨਿਆ ਜਾਂਦਾ ਹੈ। ਧਾਰਨਾ ਹੈ ਕਿ ਜੇ ਕੋਈ ਤੀਵੀਂ ਅਜਿਹੇ ਬਦਾਮ ਦੀਆਂ ਗਿਰੀਆਂ ਖਾ ਲਏ, ਜਿਸ ਵਿਚੋਂ ਇਕਠੀਆਂ ਦੋ ਗਿਰੀਆਂ ਨਿਕਲੀਆਂ ਹੋਣ ਤਾਂ ਉਹ ਜੋੜੇ ਬੱਚੇ ਨੂੰ ਜਨਮ ਦੇਂਦੀ ਹੈ। ਇਸ ਡਰੋਂ ਤੀਵੀਆਂ ਜੁੜਵੀਆਂ ਗਿਰੀਆਂ ਨਹੀਂ ਖਾਂਦੀਆਂ।

ਜੁੜਵੇਂ ਭਰਾਵਾਂ ਦੀ ਜਾਨ ਸਾਂਝੀ ਹੁੰਦੀ ਮੰਨੀ ਜਾਂਦੀ ਹੈ। ਜੇ ਇਕ ਬੀਮਾਰ ਪੈ ਜਾਵੇ ਤਾਂ ਦੂਜਾ ਵੀ ਬੀਮਾਰ ਪੈ ਜਾਂਦਾ ਹੈ। ਜੁੜਵੇਂ ਬੱਚੇ ਅਲੌਕਿਕ ਸ਼ਕਤੀ ਦੇ ਮਾਲਕ ਵੀ ਮੰਨੇ ਜਾਂਦੇ ਹਨ।

## (ਜ-154) ਜੌਂ :

ਇਕ ਅਨਾਜ, ਜਿਸ ਦੇ ਆਟੇ ਦੀ ਰੋਟੀ ਪਕਾ ਕੇ ਖਾਧੀ ਜਾਂਦੀ ਹੈ। ਇਹ ਰੋਟੀ ਬੜੀ ਸਵਾਦੀ ਤੇ ਪੌਸ਼ਟਿਕ ਹੁੰਦੀ ਹੈ। ਨਰਾਤਿਆਂ ਦੇ ਦਿਨਾਂ ਵਿਚ ਜੌਆਂ ਦੇ ਆਟੇ

ਵਿਚ ਭਿਉਂ ਕੇ ਖਾਧੇ ਜਾਂਦੇ ਹਨ। ਇਹ ਠੰਡੇ ਤੇ ਪੌਸ਼ਟਿਕ ਹੁੰਦੇ ਹਨ।

ਨਵਰਾਤਰਿਆਂ ਦੇ ਦਿਨਾਂ ਵਿਚ ਸਾਂਝੀ ਦੇਵੀ ਦੇ ਨਾਲ ਜੌਆਂ ਦੀ ਖੇਤ੍ਰੀ ਦੀ ਪੂਜਾ ਵੀ ਕੀਤੀ ਜਾਂਦੀ ਹੈ। ਕੰਵਾਰੀਆਂ ਕੁੜੀਆਂ ਪਹਿਲੇ ਨਰਾਤੇ ਵਾਲੇ ਦਿਨ, ਕਿਸੇ ਭਾਂਡੇ ਵਿਚ ਜੌਆਂ ਦੀ ਖੇਤੀ ਬੀਜਦੀਆਂ ਹਨ ਤੇ ਨੌਂ ਦਿਨ ਲਗਾਤਾਰ ਇਸ ਨੂੰ ਪਾਣੀ ਦੇ ਕੇ ਵਡਾ ਕਰਦੀਆਂ ਤੇ ਰੋਜ਼ ਸ਼ਾਮ ਨੂੰ ਪੂਜਦੀਆਂ ਹਨ। ਦਸਵੇਂ ਦਿਨ ਇਸ ਖੇਤੀ ਨੂੰ ਜਲ ਪ੍ਰਵਾਹ ਕਰ ਦਿਤਾ ਜਾਂਦਾ ਹੈ। ਇਹ ਖੇਤੀ 'ਸਾਂਝੀ ਮਾਈ ਦੀ ਖੇਤੀ' ਅਖਵਾਉਂਦੀ ਹੈ। ਇਸ ਖੇਤੀ ਵਿਚ ਜੌਂ ਦੀਆਂ ਜੋ ਕਰੂੰਬਲਾਂ ਫੁਟਦੀਆਂ ਹਨ, ਉਨ੍ਹਾਂ ਨੂੰ ਦੁਸਹਿਰੇ ਵਾਲੇ ਦਿਨ ਭੈਣਾਂ ਭਰਾਵਾਂ ਦੀਆਂ ਪਗੜੀਆਂ ਵਿਚ ਸ਼ੁਭ ਸ਼ਗਨ ਜਾਣ ਕੇ ਟੁੰਗ ਦੇਂਦੀਆਂ ਹਨ ਤੇ ਉਨ੍ਹਾਂ ਤੋਂ ਪੈਸੇ ਲੈਂਦੀਆਂ ਹਨ।

## (ਜ-155) ਜੌਹਰ :

ਸ਼ਬਦੀ ਅਰਥ ਹਨ : ਜਾਨ 'ਤੇ ਖੇਡਣਾ। ਰਾਜਪੂਤਾਂ ਦੀ ਇਕ ਪ੍ਰਸਿਧ ਰਸਮ, ਜਿਸ ਵਿਚ ਤੀਵੀਆਂ ਤੇ ਬੱਚੇ, ਵੈਰੀਆਂ ਦੇ ਹੱਥ ਲਗਣ ਦੀ ਬਜਾਏ, ਅੱਗ ਵਿਚ ਸੜ ਮਰਦੇ ਸਨ। ਮੱਧਕਾਲ ਵਿਚ ਰਾਜਪੂਤਾਂ ਵਿਚ ਇਹ ਪ੍ਰਥਾ ਸੀ ਕਿ ਜਦੋਂ ਉਨ੍ਹਾਂ ਦੀ ਹਾਰ ਯਕੀਨੀ ਹੋ ਜਾਂਦੀ ਤਾਂ ਉਹ ਆਪਣੀਆਂ ਤੀਵੀਆਂ ਤੇ ਬੱਚਿਆਂ ਨੂੰ ਅੱਗ ਦੀ ਭੇਟ ਕਰ ਦੇਂਦੇ ਤੇ ਖੁਦ ਵੈਰੀਆ ਨਾਲ ਲੜਦੇ ਸਹੀਦ ਹੋ ਜਾਂਦੇ। ਮੁਸਲਮਾਨਾਂ ਦੇ ਰਾਜਪੂਤਾਂ ਉੱਤੇ ਹੱਲਿਆਂ ਸਮੇਂ ਜੌਹਰ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਜ਼ਿਕਰ ਕਰਨਲ ਟਾਡ ਨੇ 'ਐਨੂਅਲਜ਼ ਆਫ਼ ਰਾਜਸਥਾਨ' ਵਿਚ ਕੀਤਾ ਹੈ। ਜਦੋਂ 1294 ਈ. ਵਿਚ ਜੈਸਲਮੇਰ ਉੱਤੇ ਅਲਾਉਦੀਨ ਨੇ ਹੱਲਾ ਬੋਲਿਆ ਤਾਂ ਰਾਜਾ ਮੂਲ ਚੰਦ ਦੇ ਰਾਜ ਦੇ 248000 ਬੱਚੇ, ਬੁੱਢੇ ਤੇ ਜਵਾਨਾਂ ਨੇ ਜੌਹਰ ਖੇਡਿਆ। ਇਸ ਤੋਂ ਚਾਰ ਸਾਲ ਪਹਿਲਾਂ ਚਿਤੌੜ ਵਿਚ ਹਜ਼ਾਰਾਂ ਰਾਜਪੂਤਾਂ ਨੇ ਜੌਹਰ ਖੇਡੇ। ਅਕਬਰ ਦੇ ਰਾਜ ਸਮੇਂ ਤਕ ਜੌਹਰ ਦੀ ਪ੍ਰਥਾ ਚਾਲੂ ਰਹੀ।

ਦੇਸ਼ ਦੀ ਵੰਡ ਸਮੇਂ ਧਨੀ ਤੇ ਪੋਠੋਹਾਰ ਦੇ ਪਿੰਡਾਂ ਵਿਚ ਅਨੇਕਾਂ ਹਿੰਦੂ ਸਿੱਖ ਤੀਵੀਆਂ ਬੱਚਿਆਂ ਸਮੇਤ ਜੌਹਰ ਖੇਡ ਗਈਆਂ। ਕੁਝ ਤਾਂ ਅੱਗ ਵਿਚ ਜਲ ਕੇ ਮਰੀਆਂ ਅਤੇ ਕੁਝ ਖੂਹਾਂ ਵਿਚ ਛਾਲਾਂ ਮਾਰ ਕੇ ਮਰੀਆਂ। ਜੌਹਰ ਦੀਆਂ ਅਜਿਹੀਆਂ ਘਟਨਾਵਾਂ ਇਤਿਹਾਸ ਵਿਚ ਪਹਿਲਾਂ ਵੇਖਣ ਵਿਚ ਨਹੀਂ ਸਨ ਆਈਆਂ।

## ਝ

### (ਝ-1) ਝਉਲਾ ਵੇਖਣਾ :

ਬੱਚੇ ਦੇ ਮੂੰਹ ਲਗਣ ਨਾਲ ਸਬੰਧਿਤ ਇਕ ਰੀਤ; ਮੂਲ ਨਛੱਤ੍ਰ ਵਿਚ ਪੈਦਾ ਹੋਇਆ ਬੱਚਾ ਮਾਪਿਆਂ ਉੱਤੇ ਭਾਰ ਮੰਨਿਆ ਜਾਂਦਾ ਹੈ। ਮਾਪੇ ਅਜਿਹੇ ਬੱਚੇ ਦੇ ਮੂੰਹ ਸਿਧੇ ਨਹੀਂ ਲਗਦੇ। ਪਹਿਲਾਂ ਇਕ ਭਾਂਡੇ ਵਿਚ ਸਰਹੋਂ ਦਾ ਤੇਲ ਪਾ ਕੇ, ਉਸ ਵਿਚ ਬੱਚੇ ਦਾ ਝਉਲਾ ਅਥਵਾ ਅਕਸ ਵੇਖਦੇ ਹਨ। ਫਿਰ ਸਿਥੇ ਮੂੰਹ ਬੱਚੇ ਦੇ ਮੱਥੇ ਲਗਦੇ ਹਨ। ਇਸ ਰੀਤ ਨੂੰ 'ਝਉਲਾ ਵੇਖਣਾ' ਕਹਿੰਦੇ ਹਨ। ਇਸੇ ਤਰ੍ਹਾਂ ਤ੍ਰਿਖਲ ਬੱਚੇ ਦੇ ਮਥੇ ਵੀ ਸਿੱਧਾ ਨਹੀਂ ਲਗਿਆ ਜਾਂਦਾ (ਵੇਖੋ : ਤ੍ਰਿਖਲ)।

### (ਝ-2) ਝੱਖੜ :

ਲੋਕਾਂ ਦਾ ਵਿਸ਼ਵਾਸ ਹੈ ਕਿ ਝੱਖੜ-ਝੋਲੇ ਭੂਤ ਪ੍ਰੇਤ ਆਦਿ ਚੰਦਰੀਆ ਰੂਹਾਂ, ਮਨੁਖਾਂ ਨੂੰ ਨੁਕਸਾਨ ਪਹੁੰਚਾਉਣ ਲਈ ਲਿਆਂਦੇ ਹਨ। ਇਸੇ ਲਈ ਝੱਖੜ ਵਿਚ ਘਰੋਂ ਬਾਹਰ ਰਹਿਣਾ ਠੀਕ ਨਹੀਂ ਸਮਝਿਆ ਜਾਂਦਾ। ਕਿਸੇ ਚੰਦਰੀ ਰੂਹ ਦੇ ਚੰਬੜਨ ਦਾ ਅੰਦੇਸ਼ਾ ਹੁੰਦਾ ਹੈ।

ਮੁਸਲਮਾਨਾਂ ਵਿਚ ਇਹ ਧਾਰਨਾ ਪ੍ਰਚਲਤ ਹੈ ਕਿ ਜੇਠੇ ਪੁੱਤਰ ਵਿਚ ਕੁਝ ਅਲੌਕਿਕ ਸ਼ਕਤੀ ਹੁੰਦੀ ਹੈ। ਜਿਸ ਦੁਆਰਾ ਝੱਖੜ ਨੂੰ ਝੁਲਦਾ ਰੋਕਿਆ ਜਾ ਸਕਦਾ ਹੈ। ਜੇ ਝੱਖੜ ਦੇ ਝੁੱਲਣ ਵੇਲੇ ਜੇਠਾ ਪੁੱਤਰ, ਸਾਰੇ ਕਪੜੇ ਉਤਾਰ ਕੇ ਸਿਰ ਦੇ ਭਾਰ ਖੜਾ ਹੋ ਜਾਵੇ ਤਾਂ ਝੱਖੜ ਝਾਂਝਾ ਉਸੇ ਪਲ ਰੁੱਕ ਜਾਂਦਾ ਹੈ।

### (ਝ-3) ਝੰਗ :

ਝੰਗ ਮਘਿਆਣਾ; ਪਛਮੀ ਪੰਜਾਬ (ਪਾਕ) ਦੇ ਝੰਗ ਜ਼ਿਲੇ ਦਾ ਇਕ ਨਗਰ; ਪ੍ਰੀਤ ਕਥਾਵਾਂ ਦੀ ਪ੍ਰਸਿਧ ਨਾਇਕਾ ਹੀਰ ਇਸੇ ਨਗਰ ਦੀ ਰਹਿਣ ਵਾਲੀ ਸੀ। ਝੰਗ ਦਾ ਭਾਵ ਝਾੜਾਂ ਤੇ ਝੁੰਗੀਆਂ ਨਾਲ ਭਰਿਆ ਹੋਇਆ ਸੀ। ਇਸੇ ਲਈ ਇਸ ਸਥਾਨ ਦਾ ਨਾਉਂ ਝੰਗ ਪੈ ਗਿਆ।

ਝੰਗ ਦਾ ਪੁਰਾਣਾ ਸ਼ਹਿਰ ਅਜੋਕੇ ਸ਼ਹਿਰ ਦੇ ਪੱਛਮ ਵਲ ਨੂਰ ਸ਼ਾਹ ਦੀ ਦਰਗਾਹ ਦੇ ਨੇੜੇ ਸਥਿਤ ਸੀ। ਜਿਥੇ ਹੁ[...] ਥੇਹ ਵਿਖਾਈ ਦੇਂਦੀਆਂ ਹਨ। ਇਸ ਨੂੰ ਮਲ ਖਾ[...] ਸਿਆਲ ਨੇ 1462 ਈ. ਵਿਚ ਵਸਾਇਆ ਸੀ। ਮਲ ਖਾ[...] ਸਿਆਲ ਕਬੀਲੇ ਦੇ ਵਡਿਕੇ ਸਿਆਲ ਦੀ ਵੰਸ ਵਿਚੋਂ ਨੌਵੀਂ ਪੀੜ੍ਹੀ 'ਤੇ ਸੀ। ਪਿਛੋਂ ਇਹ ਨਗਰ ਉਜੜ ਪੁਜ[...] ਗਿਆ। ਅਜੋਕਾ ਝੰਗ ਔਰੰਗਜ਼ੇਬ ਦੇ ਸਮੇਂ 1688 ਈ. ਵਿਚ ਇਕ ਸੰਨਿਆਸੀ ਫ਼ਕੀਰ ਲਾਲ ਨਾਥ ਨੇ ਵਸਾਇਆ।

ਸਿਆਲਾਂ ਦੀ ਚੜ੍ਹਤ ਸਮੇਂ ਝੰਗ ਦੀ ਪ੍ਰਸਿਧਤਾ ਦੂਰ ਦੂ[...] ਤਕ ਫੈਲੀ ਹੋਈ ਸੀ (ਝੰਗ ਗਜ਼ਟੀਅਰ)।

### (ਝ-4) ਝੱਗਰਾ :

ਮੁਆਵਜ਼ੇ ਦੀ ਉਹ ਰਕਮ, ਜੋ ਕਿਸੇ ਤੀਵੀਂ ਨਾ[ਲ] ਵਿਆਹ ਕਰਨ ਵਾਲਾ ਸ਼ਖਸ (ਦੂਜਾ ਪਤੀ) ਪਹਿਲੇ ਪ[ਤੀ] ਨੂੰ ਦੇਂਦਾ ਹੈ। ਮਿਉ ਜਾਤੀ ਦੇ ਲੋਕ, ਇਸ ਰਕਮ ਨੂੰ 'ਝੱਗਰ[ਾ'] ਕਹਿੰਦੇ ਹਨ। ਕੁਝ ਜਾਤੀਆਂ ਵਿਚ ਮਰਦ ਵਧੇਰੇ ਸੰਖਿ[ਆ] ਵਿਚ ਹਨ ਤੇ ਤੀਵੀਆਂ ਘਟ ਮਾਤਰਾ ਵਿਚ। ਅਜਿਹੀ[ਆਂ] ਜਾਤਾਂ ਵਿਚ ਤੀਵੀਂ ਦਾ ਇਕ ਆਰਥਿਕ ਮੁੱਲ ਹੈ ਅ[...] ਮਰਦ ਤੀਵੀਆਂ ਨੂੰ ਕਦੇ ਤਲਾਕ ਨਹੀਂ ਦੇਂਦੇ। ਉਹ ਤੀਵੀਂ[ਆਂ] ਉਤੇ ਜਾਇਦਾਦ ਵਾਂਗ ਹੱਕ ਸਮਝਦੇ ਹਨ। ਮਿਉ ਜਾਤ[ੀ] ਵਿਚ ਤਾਂ ਤੀਵੀਂ ਮਰਦ ਨੂੰ ਤਲਾਕ ਦੇ ਹੀ ਨਹੀਂ ਸਕਦੀ। ਅਜਿਹੀ ਹਾਲਤ ਵਿਚ ਨਰੜੀਆਂ ਹੋਈਆਂ ਕਈ ਤੀਵੀਆਂ ਆਪਣੇ ਕਿਸੇ ਮਨ ਮਰਜ਼ੀ ਦੇ ਪ੍ਰੇਮੀ ਨਾਲ ਉੱਧਲ ਜਾਂਦੀਆਂ ਹਨ ਤੇ ਪੱਕੇ ਤੌਰ ਤੇ ਉਸ ਨਾਲ ਵੱਸਣ ਲਗ ਪੈਂਦੀਆਂ ਹਨ। ਦੂਜਾ ਪਤੀ ਪਹਿਲੇ ਪਤੀ ਨੂੰ ਕੁਝ ਰਕਮ ਮੁਆਵ[ਜ਼ੇ] ਵਜੋਂ ਦੇਂਦਾ ਹੈ। ਇਤਨੀ ਕੁ ਰਕਮ, ਜਿਸ ਨਾਲ ਉ[...] [...]ਜੀ ਤੀਵੀਂ ਖਰੀਦ ਸਕੇ। ਇਸ ਰਕਮ ਨੂੰ 'ਝੱਗਰ' ਕਿ[...]

**(ਝ-5) ਝੰਗਣ** ।

ਖਤ੍ਰੀਆਂ ਦੀ ਇਕ ਗੋਤ; ਗੁਰੂ ਨਾਨਕ ਦੇਵ ਜੀ ਦੇ ਨਾਨਕੇ ਇਸੇ ਗੋਤ ਦੇ ਸਨ ।

**(ਝ-6) ਝੱਗਾ ਪਹਿਨਣਾ** :

ਨਵੇਂ ਜੰਮੇ ਬੱਚੇ ਨੂੰ ਪਹਿਲਾ ਝੱਗਾ ਰਸਮੀ ਢੰਗ ਨਾਲ ਪਹਿਨਾਇਆ ਜਾਂਦਾ ਹੈ । ਕਈ ਘਰਾਂ ਵਿਚ ਕਿਸੇ ਬਜ਼ੁਰਗ ਜਾਂ ਕੁੱਲ ਦੇ ਗੁਰੂ ਪੀਰ ਦੇ ਉਤਾਰ ਨਾਲੋਂ ਟਾਕੀਆਂ ਜੋੜ ਕੇ ਸੀਤਾ ਝੱਗਾ ਬੱਚੇ ਨੂੰ ਪਹਿਨਾਇਆ ਜਾਂਦਾ ਹੈ । ਇਸ ਤਰ੍ਹਾਂ ਬਜ਼ੁਰਗਾਂ ਦੀ ਪ੍ਰਤਿਭਾ ਦੀ ਲਾਗ ਬੱਚੇ ਨੂੰ ਲਗ ਜਾਂਦੀ ਹੈ । ਕਈ ਸਿੱਖ, ਗੁਰਦਵਾਰੇ ਵਿਚ, ਨਵਾਂ ਰੁਮਾਲਾ ਭੇਟ ਕਰਕੇ, ਉਥੋਂ ਬਦਲੇ ਵਿਚ, ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਰੁਮਾਲਾ ਲਿਆ ਕੇ, ਉਸ ਦਾ ਸੀਤਾ ਝੱਗਾ ਬੱਚੇ ਨੂੰ ਪਹਿਨਾਂਦੇ ਹਨ ।

ਜਿਨ੍ਹਾਂ ਦੇ ਬੱਚਾ ਸਹਿਕ-ਸਕੀਵਾਂ ਹੋਵੇ, ਉਹ ਗਲੀ ਮਹੱਲੇ ਦੇ ਲੋਕਾਂ ਤੋਂ ਪੈਸਾ ਪੈਸਾ ਮੰਗ ਕੇ ਇਕਠਾ ਕਰਦੇ ਤੇ ਉਸ ਨਾਲ ਖ਼ਰੀਦੇ ਕਪੜੇ ਦਾ ਝੱਗਾ ਪਹਿਨਾਂਦੇ ਹਨ । ਵਿੱਜ ਆਦਿ ਕੁਝ ਖੱਤਰੀ ਗੋਤਾਂ ਵਿਚ, ਨਵੇਂ ਜੰਮੇ ਬੱਚੇ ਨੂੰ, ਪਹਿਲੇ ਸਾਲ ਆਪਣੀ ਗੋਤ ਦਾ ਝੱਗਾ ਨਹੀਂ ਪਹਿਨਾਇਆ ਜਾਂਦਾ । ਨਾ ਹੀ ਆਪਣੀ ਗੋਤ ਦੇ ਘਰੋਂ ਆਏ ਕਪੜੇ ਪਹਿਨਾਏ ਜਾਂਦੇ ਹਨ । ਉਹ ਬੱਚੇ ਨੂੰ ਦੂਜੀਆਂ ਗੋਤਾਂ ਦੇ ਦਿਤੇ ਹੋਏ ਕਪੜੇ ਪਹਿਨਾਂਦੇ ਹਨ ।

**(ਝ-7) ਝੰਜਗੜਾ** :

ਕਾਂਗੜੇ ਵਿਚ ਵਿਧਵਾ ਦੇ ਪੁਨਰ-ਵਿਆਹ ਦੀ ਰੀਤ ਨੂੰ ਝੰਜਗੜਾ ਕਹਿੰਦੇ ਹਨ । ਇਸ ਮੌਕੇ ਉੱਤੇ ਸੰਖੇਪ ਜਿਹੀ ਰੀਤ ਕੀਤੀ ਜਾਂਦੀ ਹੈ । ਕਈਆਂ ਜਾਤਾਂ ਗੋਤਾਂ ਵਿਚ ਤਾਂ ਇਸ ਮੌਕੇ ਉੱਤੇ, ਮਰਦ ਵਿਧਵਾ ਨੂੰ ਕੇਵਲ ਨੱਥ ਪਹਿਨਾਂਦਾ ਹੈ । ਮਗਰੋਂ ਭੋਜ ਦਿਤਾ ਜਾਂਦਾ ਹੈ ।

ਗਿਰਥ ਜਾਤੀ ਵਿਚ, ਜੇ ਕਿਸੇ ਤੀਵੀਂ ਨੂੰ ਉਸ ਦਾ ਪਤੀ ਛਡ ਦੇਵੇ ਤਾਂ ਉਹ ਪਹਿਲੇ ਪਤੀ ਦੇ ਜੀਂਦਿਆਂ ਹੀ, ਕਿਸੇ ਹੋਰ ਨਾਲ ਝੰਜਗੜਾ ਰੀਤੀ ਨਾਲ ਵਿਆਹ ਕਰ ਕੇ, ਵਸਣ ਲਗ ਪੈਂਦੀ ਹੈ । ਗਿਰਥਾਂ ਦੀ ਬਰਾਦਰੀ ਵਿਚ ਇਹ ਵਿਆਹ ਪ੍ਰਵਾਨ ਹਨ ।

**(ਝ-8) ਝੰਜਾ** :

ਹੋ ਜਾਂਦੀਆਂ ਹਨ । ਰਵਾਇਤ ਹੈ ਇਕ ਪਸ਼ੂ ਨੇ, ਜੰਗਲ ਵਿਚ ਪਿਆਸੀ ਭਟਕਦੀ ਲੱਛਮੀ ਦੇਵੀ ਨੂੰ, ਆਪਣਾ ਦੁੱਧ ਪਿਆ ਕੇ ਉਸ ਦੀ ਪਿਆਸ ਬੁਝਾਈ ਸੀ, ਲੱਛਮੀ ਨੇ ਪ੍ਰਸੰਨ ਹੋ ਕੇ ਦੁੱਧ ਨਾਲ ਹੀ, ਉਸ ਪਸ਼ੂ ਦੇ ਮੱਥੇ ਉੱਤੇ ਟਿਕਾ ਲਗਾ ਦਿੱਤਾ ਜੋ ਸਫੇਦ ਫੁਲ ਵਾਂਗ ਟਹਿਕਣ ਲਗਾ ।

**(ਝ-9) ਝੰਜੋਟੀ** :

(1) ਕਾਂਗੜੇ ਦੀ ਇਕ ਪ੍ਰਸਿੱਧ ਰਾਗਣੀ, ਜੋ ਲੰਢੇ ਵੇਲੇ ਗਾਈ ਜਾਂਦੀ ਹੈ । ਕਾਂਗੜੇ ਵਿਚ ਜਿਹੜੇ ਲੋਕ-ਗੀਤ ਇਸ ਰਾਗਣੀ ਵਿਚ ਗਾਏ ਜਾਂਦੇ ਹਨ, ਉਨ੍ਹਾਂ ਨੂੰ ਝੰਜੋਟੀਆਂ ਕਹਿੰਦੇ ਹਨ ।

(2) ਇਕ ਤਰ੍ਹਾਂ ਦੇ ਲੋਕ-ਗੀਤ ਜਿਨ੍ਹਾਂ ਵਿਚ ਦੋ ਪਾਤਰਾਂ ਨੂੰ ਝਗੜਦਿਆਂ ਤੇ ਟਪਿਆਂ ਰਾਹੀਂ ਇਕ ਦੂਜੇ ਨਾਲ ਸਵਾਲ-ਜਵਾਬ ਕਰਵਾਇਆ ਗਿਆ ਹੋਵੇ । ਇਨ੍ਹਾਂ ਗੀਤਾਂ ਦੇ ਕਈ ਵਾਰ ਸਵਾਂਗ ਵੀ ਭਰੇ ਜਾਂਦੇ ਹਨ, ਤੇ ਚਰਖੇ ਕੱਤਦੀਆਂ ਕੁੜੀਆਂ ਵਿਚੋਂ ਦੋ ਕੁੜੀਆਂ ਕਾਵਿ ਵਿਚਲੇ ਦੋ ਪਾਤਰ ਬਣ ਕੇ, ਆਪੋ ਵਿਚ ਝੇੜਾ ਕਰਦੀਆਂ ਹਨ । ਝੰਜੋਟੀ ਦਾ ਨਮੂਨਾ :

ਖੂਹੇ ਪਾਣੀ ਭਰੇਂਦੀਏ ਮੁਟਿਆਰੇ ਨੀ
ਇਕ ਘੁਟ ਪਾਣੀ ਪਿਲਾ ਭੋਲੀਏ ਨਾਰੇ ਨੀ ।
ਆਪਣਾ ਕਢਿਆ ਨਾ ਦੇਵਾਂ ਸਿਪਾਹੀਆ ਵੇ
ਕਢ ਕੇ ਪਾਣੀ ਪੀ ਵੇ ਭੋਲਿਆ ਰਾਹੀਆ ਵੇ ।

ਕਾਂਗੜੇ ਦੇ ਲੋਕਾਂ ਵਿਚ ਇਹ ਲੋਕ-ਕਾਵਿ ਬੜਾ ਹੀ ਪ੍ਰਸਿੱਧ ਹੈ । ਪਹਾੜੀਏ ਢੋਲਕੀ ਤੇ ਕਈ ਹੋਰ ਸਾਜ਼ਾਂ ਨਾਲ ਝੰਜੋਟੀਆਂ ਗਾਂਦੇ ਹਨ :—

ਛੈਲਾ ਮੈਂ ਕੀ ਬਿੰਦਲੂ ਲਈ ਦੇ,
ਬਿੰਦਲੂ ਲਈ ਦੇ ਟਿਕਲੂ ਲਈ ਦੇ
ਨਾਲੇ ਲਈ ਦੇ ਰੰਗਲਾ ਦੰਦਾਸਾ
ਗੋਟੇ ਕਨਾਰੀ ਦਾ ਘਗਰੂ ਲਈ ਦੇ
ਪੀਅ ਮਿਲਣ ਦੀ ਆਸਾ ।
ਛੈਲਾ ਮੈਂ ਕੀ ਬਿੰਦਲੂ ਲਈ ਦੇ ।

**(ਝ-10) ਝੱਝਰੀ** :

ਮੁਲਤਾਨ, ਸ਼ਾਹਪੁਰ ਤੇ ਝੰਗ ਦੇ ਇਲਾਕੇ ਵਿਚ ਵਿਆਹ 'ਤੇ ਦੋਹਾਂ ਪੱਖਾਂ ਵਾਲਿਆਂ ਤੋਂ, ਕਰ ਵਜੋਂ, ਇਕ ਖ਼ਾਸ ਰਕਮ, ਪਿੰਡ ਦੀ ਸਾਂਝੀ ਭਲਿਆਈ ਲਈ, ਉਗਰਾਹੀ ਜਾਂਦੀ ਰਹੀ

'ਝੁਝਰੀ' ਪੈ ਗਿਆ। ਉਦੋਂ ਤੋਂ ਹੀ ਇਹ ਪ੍ਰਥਾ ਚਲੀ ਆ ਰਹੀ ਹੈ।

(ਝ-11) **ਝਟਕਾ** :

ਪਸ਼ੂ ਨੂੰ ਸ਼ਸਤ੍ਰ ਨਾਲ ਵੱਢਣ ਦੀ ਇਕ ਰੀਤ; ਮੁਸਲਮਾਨ ਪਸ਼ੂ ਨੂੰ ਹਲਾਲ ਕਰਦੇ ਹਨ (ਵੇਖੋ : ਹਲਾਲ), ਪਰ ਸਿੱਖ ਝਟਕਾਂਦੇ ਹਨ। ਝਟਕੇ ਵਿਚ ਕਿਸੇ ਪਸ਼ੂ ਦਾ ਸਿਰ ਕਿਸੇ ਤੇਜ਼ ਧਾਰ ਵਾਲੇ ਸ਼ਸਤ੍ਰ ਨਾਲ ਇਕੋ ਝਟਕੇ ਵਿਚ ਧੜ ਨਾਲੋਂ ਵਖ ਕਰ ਦਿੱਤਾ ਜਾਂਦਾ ਹੈ। ਸਿੱਖਾਂ ਵਿਚ ਕੇਵਲ ਝਟਕਾ ਮਾਸ ਖਾਣ ਦੀ ਰਹਿਤ ਹੈ।

(ਝ-12) **ਝੰਡ** :

ਬੱਚਿਆਂ ਦੇ ਪਹਿਲੀ ਵਾਰ ਸਿਰ ਦੇ ਮੁੰਨਣ ਨਾਲ ਸਬੰਧਿਤ ਇਕ ਰੀਤ; ਹਿੰਦੂਆਂ ਤੇ ਮੁਸਲਮਾਨਾਂ ਵਿਚ ਪਹਿਲਾ ਮੁੰਨਣ ਰਸਮੀ ਢੰਗ ਨਾਲ ਕੀਤਾ ਜਾਂਦਾ ਹੈ ਤੇ ਇਸ ਰਸਮ ਨੂੰ 'ਮੁੰਡਣ ਸੰਸਕਾਰ', 'ਝੰਡਾਂ ਕਰਨੀਆਂ' ਤੇ 'ਝੰਡ ਲਹਾਵਣ' ਕਿਹਾ ਜਾਂਦਾ ਹੈ। ਜਦੋਂ ਬਾਲ ਤਿੰਨ ਚਾਰ ਸਾਲ ਦਾ ਹੋ ਜਾਂਦਾ ਹੈ ਅਤੇ ਉਸ ਦੇ ਸਿਰ ਦੇ ਵਾਲ ਲੰਮੇ ਹੋ ਕੇ ਮੂੰਹ ਉੱਤੇ ਖਿਲਰਨ ਲਗਦੇ ਹਨ ਤਾਂ ਹਿੰਦੂ ਉਸ ਬਾਲ ਨੂੰ ਕਿਸੇ ਦੇਵੀ ਦੇ ਮੰਦਰ, ਕਿਸੇ ਤੀਰਥ ਜਾਂ ਪਵਿਤ੍ਰ ਅਸਥਾਨ ਉੱਤੇ ਲਿਜਾ ਕੇ, ਝੰਡ ਦੀ ਰੀਤ ਕਰਦੇ ਹਨ। ਪਛਮੀ ਪੰਜਾਬ (ਪਾਕਿਸਤਾਨ) ਖ਼ਾਸ ਤੌਰ 'ਤੇ ਮੁਲਤਾਨ ਝੰਗ ਤੇ ਸ਼ਾਹਪੁਰ ਦੇ ਹਿੰਦੂ, ਵੰਡ ਤੋਂ ਪਹਿਲਾਂ ਆਪਣੇ ਬਾਲਾਂ ਦੀ ਝੰਡ ਦੀ ਰੀਤ, ਕਿਸੇ ਮੁਸਲਮਾਨ ਪੀਰ ਦੀ ਖ਼ਾਨਗਾਹ ਉੱਤੇ ਕੀਤਾ ਕਰਦੇ ਸਨ। ਝੰਡ ਮੁੰਨਣ ਤੋਂ ਬਾਅਦ ਖ਼ਾਨਗਾਹ ਉੱਤੇ ਚੜ੍ਹਾਵੇ ਚਾੜ੍ਹੇ ਜਾਂਦੇ। ਪੂਰਬੀ ਪੰਜਾਬ ਦੇ ਕਈ ਸਰਦੇ ਪੁਜਦੇ ਹਿੰਦੂ ਜਵਾਲਾਮੁਖੀ ਦੇਵੀ ਦੇ ਮੰਦਰ ਵਿਚ ਜਾ ਕੇ ਝੰਡ ਦੀ ਰਸਮ ਕਰਦੇ ਸਨ। ਬਹੁਤੀ ਵਾਰ ਇਹ ਰਸਮ ਆਪਣੇ ਘਰ ਵਿਚ ਹੀ ਕਰ ਲੈਂਦੇ ਹਨ। ਬਰਾਦਰੀ ਨੂੰ ਸੱਦ ਕੇ ਹਵਨ ਕੀਤਾ ਜਾਂਦਾ ਤੇ ਕੁੱਲ-ਪ੍ਰੋਹਿਤ ਚੌਕ ਪੂਰ ਕੇ ਉੱਤੇ ਬਾਲਕ ਨੂੰ ਬਿਠਾਂਦਾ ਹੈ। ਵੇਦਾਂ ਦੇ ਕੁਝ ਮੰਤਰ ਉਚਾਰਨ ਮਗਰੋਂ, ਮਹੂਰਤ ਦੇ ਸਮੇਂ ਨਾਈ ਕੈਂਚੀ ਨਾਲ ਉਸ ਦੀ ਝੰਡ ਕਟਦਾ ਹੈ। ਫਿਰ ਇਨ੍ਹਾਂ ਵਾਲਾਂ ਨੂੰ ਗਊ ਦੇ ਗੋਹੇ ਅਤੇ ਦੱਭ ਘਾਹ ਵਿਚ ਰਲਾ ਕੇ ਜਲ-ਪ੍ਰਵਾਹ ਕਰ ਦਿਤਾ ਜਾਂਦਾ ਹੈ, ਜਾਂ ਫਿਰ ਪਿੰਡੋਂ ਬਾਹਰ ਕਿਸੇ ਥਾਂ ਦੱਬ ਦਿਤਾ ਜਾਂਦਾ ਹੈ। ਖੂਹ ਦੇ ਨੇੜੇ ਜਾਂ ਪਿੱਪਲ ਦੇ ਰੁੱਖ ਹੇਠ ਕੀਤੀ ਜਾਂਦੀ ਹੈ। ਦੇਸ ਵੰਡ ਤੋਂ ਪਹਿਲਾਂ ਮੁਲਤਾਨ ਦੇ ਕਈ ਹਿੰਦੂ ਸੀਤਲਾ ਦੇਵੀ ਦੇ ਮੰਦਰ ਵਿਚ ਜਾ ਕੇ ਇਹ ਰੀਤ ਕਰਦੇ ਹਨ ਤੇ ਕਈ ਬਹਾਵਲਪੁਰ ਦੀ ਖ਼ਾਨਗਾਹ ਜਾਂ ਸਖੀ ਸਰਵਰ ਦੇ ਸਥਾਨ ਉਤੇ ਜਾਂਦੇ ਸਨ। ਕਈ ਮੁਲਤਾਨੀ ਤਾਂ ਆਪਣੇ ਸਾਰੇ ਬੱਚਿਆਂ ਨੂੰ ਇਕੋ ਵਾਰ ਗੰਗਾ ਲਿਜਾ ਕੇ ਝੰਡਾਂ ਕਰ ਦੇਂਦੇ ਸਨ।

ਮੁਸਲਮਾਨ ਆਪਣੇ ਬੱਚਿਆਂ ਦੀ ਝੰਡ ਕਿਸੇ ਪੀਰ ਦੀ ਖ਼ਾਨਗਾਹ ਜਾਂ ਮਸਜਦ ਵਿਚ ਕਰਦੇ ਹਨ। ਮੁਜ਼ਫਰਗੜ੍ਹ ਜ਼ਿਲੇ ਵਿਚ, ਝੰਡ ਪਿੰਡ ਦੀ ਮਸਜਦ ਦੇ ਦਰਵਾਜ਼ੇ 'ਤੇ ਕਟੀ ਜਾਂਦੀ ਹੈ ਅਤੇ ਇਸ ਰੀਤ ਨੂੰ 'ਵਡਿਆਂ ਦੀ ਝੰਡ ਲਹਾਵਣਾ' ਕਹਿੰਦੇ ਹਨ ਜਿਸ ਦਾ ਭਾਵ ਹੈ ਪਿਤਾ ਪੁਰਖੀ ਢੰਗ ਨਾਲ ਵਾਲ ਕਟਣਾ। ਇਸ ਅਵਸਰ ਉਤੇ ਅੰਗ ਸਾਕਾਂ ਤੇ ਮਿਤ੍ਰਾਂ ਨੂੰ ਨਿਉਤਾ ਦਿਤਾ ਜਾਂਦਾ ਤੇ ਖਾਣਾ ਖਵਾਇਆ ਜਾਂਦਾ ਹੈ।

ਜਿਨ੍ਹਾਂ ਲੋਕਾਂ ਦੇ ਸੰਤਾਨ ਨਹੀਂ ਹੁੰਦੀ, ਉਹ ਕਈ ਪੀਰਾਂ ਦੀਆਂ ਦਰਗਾਹਾਂ ਉਤੇ ਜਾ ਕੇ ਝੰਡ ਕਰਨ ਦੀ ਸੁੱਖਣਾ ਸੁਖਦੇ ਹਨ। ਬਾਲ ਦੇ ਜੰਮਣ ਉਤੇ ਉਹ ਪਹਿਲੀ ਝੰਡ ਕਿਸੇ ਇਕ ਥਾਂ ਕਰ ਲੈਂਦੇ ਹਨ ਤੇ ਫਿਰ ਅਗਲੀਆਂ ਝੰਡਾਂ ਇਕ ਇਕ ਕਰ ਕੇ ਉਨ੍ਹਾਂ ਪੀਰਾਂ ਦੀਆਂ ਦਰਗਾਹਾਂ ਉਤੇ ਕਰਦੇ ਹਨ ਜਿਥੇ ਸੁਖਣਾ ਸੁਖਦੇ ਰਹੇ ਹਨ। ਇਨ੍ਹਾਂ ਝੰਡਾਂ ਨੂੰ 'ਮੰਨਤ ਦੀ ਝੰਡ' ਕਹਿੰਦੇ ਹਨ। ਜਿਸ ਬੱਚੇ ਦਾ ਅਜੇ ਮੁੰਡਣ ਨਾ ਹੋਇਆ ਹੋਵੇ ਉਸਨੂੰ 'ਝੰਡੂਲਾ' ਕਹਿੰਦੇ ਹਨ।

(ਝ-13) **ਝੰਡ ਫੂਕ** :

ਗੱਦੀ ਲੋਕਾਂ ਵਿਚ ਪ੍ਰਚਲਤ ਵਿਆਹ ਦੀ ਇਕ ਰੀਤ। ਗੱਦੀਆਂ ਵਿਚ ਵਿਆਹ ਤੋਂ ਪਹਿਲਾਂ ਵਰ ਤੇ ਕੰਨਿਆਂ ਦੀ ਮਰਜ਼ੀ ਪੁੱਛ ਲਈ ਜਾਂਦੀ ਹੈ। ਪਰ ਜੇ ਕਿਸੇ ਕੁੜੀ ਦੇ ਮਾਪੇ ਉਸ ਦੀ ਇਛਾ ਵਿਰੁਧ ਕਿਧਰੇ ਹੋਰ ਵਿਆਹ ਕਰਨਾ ਚਾਹੁਣ ਜਾਂ ਕੁੜੀ ਦਾ ਕਿਧਰੇ ਹੋਰ ਇਸ਼ਕ ਹੋਵੇ ਤਾਂ ਉਹ ਕੁੜੀ ਕਈ ਵਾਰ ਆਪਣੇ ਪ੍ਰੇਮੀ ਨਾਲ ਘਰੋਂ ਨਠ ਜਾਂਦੀ ਹੈ ਅਤੇ ਜੰਗਲ ਵਿਚ ਜਾ ਕੇ ਕਿਸੇ ਝਾੜੀ ਨੂੰ ਅੱਗ ਲਗਾ ਕੇ, ਉਸ ਦੇ ਦੁਆਲੇ, ਉਹ ਆਪਣੇ ਪ੍ਰੇਮੀ ਨਾਲ ਅਠ ਫੇਰੇ ਲੈ ਲੈਂਦੀ ਹੈ। ਇਨ੍ਹਾਂ ਫੇਰਿਆਂ ਪਿਛੋਂ ਉਹ ਦੋਵੇਂ ਪਤੀ ਪਤਨੀ ਦੇ ਰੂਪ ਵਿਚ ਰਹਿ ਸਕਦੇ ਹਨ। ਇਸ ਰੀਤ ਨੂੰ 'ਝੰਡ ਫੂਕ' ਵਿਆਹ ਕਿਹਾ ਜਾਂਦਾ ਹੈ।

ਵਿਚ ਝੰਡੀਆਂ ਲਗਾਉਣ ਦਾ ਰਵਾਜ ਹੈ। ਝੰਡੀਆਂ ਖ਼ੁਸ਼ੀ ਤੇ ਆਦਰ ਦਾ ਚਿੰਨ੍ਹ ਹਨ। ਰੰਗ ਬਰੰਗੇ ਗੁੱਡੀ ਕਾਗਜ਼ ਨੂੰ ਵਿਧੀ ਪੂਰਵਕ ਕਟ ਕੇ ਤਿਕੋਨੀ ਝਾਲਰ ਜਿਹੀ ਬਣਾ ਲਈ ਜਾਂਦੀ ਹੈ ਤੇ ਫਿਰ ਉਨ੍ਹਾਂ ਨੂੰ ਥੋੜ੍ਹੀ ਥੋੜ੍ਹੀ ਵਿਥ ਉਤੇ ਮਾਵੇ ਨਾਲ ਸੁਤਰੀ ਉਤੇ ਲਟਕਾ ਦਿਤਾ ਜਾਂਦਾ ਹੈ।

ਵਿਆਹ ਸ਼ਾਦੀਆਂ ਉਤੇ ਵੀ ਜੰਞ ਦੇ ਸਵਾਗਤ ਲਈ ਗਲੀ ਵਿਚ ਝੰਡੀਆਂ ਲਗਾ ਦਿਤੀਆਂ ਜਾਂਦੀਆਂ ਹਨ। ਜਦੋਂ ਕੋਈ ਬਜ਼ੁਰਗ ਦੀਰਘ ਆਯੂ ਭੋਗ ਕੇ ਮਰੇ, ਤਾਂ ਉਸ ਦੇ ਬਬਾਣ ਨੂੰ ਝੰਡੀਆਂ ਨਾਲ ਸਜਾਇਆ ਜਾਂਦਾ ਹੈ।

(ਝ-15) **ਝਨਾਂ** :

ਪੰਜਾਬ ਦਾ ਇਕ ਪ੍ਰਸਿਧ ਦਰਿਆ; ਝਨਾਂ ਦਾ ਪੰਜਾਬ ਦੇ ਸਭਿਆਚਾਰਕ ਜੀਵਨ ਵਿਚ ਵਿਸ਼ੇਸ਼ ਸਥਾਨ ਹੈ। ਇਸਨੂੰ ਚਨਾਬ ਵੀ ਕਿਹਾ ਜਾਂਦਾ ਹੈ। ਚੰਦ੍ਰਭਾਗਾ ਇਸ ਦਾ ਪੁਰਾਣਾ ਨਾਂ ਹੈ। ਇਹ ਦਰਿਆ ਹਿਮਾਲਾ ਪਰਬਤ ਵਿਚੋਂ ਚੰਦ੍ਰਭਾਗ ਨਾਮ ਦੇ ਅਸਥਾਨ ਤੋਂ ਨਿਕਲਦਾ ਹੈ ਅਤੇ ਲਾਹੁਲ ਤੇ ਚੰਬਾ ਵਿਚੋਂ ਵਗਦਾ ਹੋਇਆ, ਪੰਜਾਬ ਦੇ ਮੈਦਾਨਾਂ ਵਿਚ ਆਉਂਦਾ ਅਤੇ ਸਿਆਲਕੋਟ ਤੇ ਝੰਗ ਵਿਚ ਹੁੰਦਾ ਜਿਹਲਮ ਦਰਿਆ ਵਿਚ ਜਾ ਰਲਦਾ ਹੈ।

ਝਨਾਂ ਦਰਿਆ ਪੰਜਾਬੀ ਜੀਵਨ ਤੇ ਸਭਿਆਚਾਰ ਵਿਚ ਇਸ਼ਕ ਦਾ ਪ੍ਰਤੀਕ ਬਣ ਗਿਆ ਹੈ। ਪੰਜਾਬੀ ਗਭਰੂਆਂ ਤੇ ਤੀਵੀਆਂ ਦਾ ਇਹ ਸੁਪਨਾ ਬਣਿਆ ਹੋਇਆ ਹੈ—ਇਕ ਆਦਰਸ਼। ਇਸ ਦਰਿਆ ਦੇ ਕੰਢੇ ਪੰਜਾਬ ਦੀਆਂ ਦੋ ਪ੍ਰੀਤ-ਕਥਾਵਾਂ ਵਾਪਰੀਆਂ। ਹੀਰ ਰਾਂਝੇ ਦਾ ਪਿਆਰ ਝਨਾਂ ਦੇ ਕੰਢੇ ਹੀ ਪਲਿਆ ਅਤੇ ਸੋਹਣੀ ਕੱਚੇ ਘੜੇ ਉੱਤੇ ਤਰਦੀ ਇਸੇ ਦਰਿਆ ਵਿਚ ਹੀ ਡੁਬੀ ਸੀ।

ਕਾਦਰਯਾਰ ਇਸ ਦਰਿਆ ਦੇ ਪਾਣੀ ਨੂੰ ਜਾਦੂਗਰ ਦਸਦਾ ਹੈ :

ਪਾਣੀ ਇਸ਼ਕ ਝਨਾਊਂ ਦਾ ਜਾਦੂਗਰ ਵਹੇ
ਇਸ਼ਕ ਝਨਾਵੇਂ ਲਭਦਾ, ਜੋ ਕੋਈ ਮੁਲ ਲਹੇ

(ਝ-16) **ਝਬੇਲ** :

ਝਨਾਂ ਦਰਿਆ ਦੇ ਕੰਢੇ ਵਸਣ ਵਾਲਾ ਇਕ ਕਬੀਲਾ; ਝਬੇਲ ਆਮ ਤੌਰ ਉੱਤੇ ਮਲਾਹ ਦਾ ਕੰਮ ਕਰਦੇ ਹਨ। ਹੀਰ ਦਾ ਮਲਾਹ ਲੁੱਡਣ ਇਸ ਕਬੀਲੇ ਵਿਚੋਂ ਸੀ।

ਹੈ। ਇਸ ਰਸਮ ਨੂੰ 'ਦਾ-ਝਲਾਈ' ਕਹਿੰਦੇ ਹਨ।

ਇਹ ਰਸਮ ਬਲਾਵਾਂ ਤੇ ਚੰਦਰੀਆਂ ਰੂਹਾਂ ਦੂਰ ਰਖਣ ਲਈ ਵੀ ਕੀਤੀ ਜਾਂਦੀ ਹੈ।

(ਝ-18) **ਝੜੀ** :

ਕਾਫ਼ੀ ਦੇਰ ਤਕ ਵਸਣ ਵਾਲੀ ਬਾਰਸ਼, ਜੋ ਕਦੇ ਤੇਜ਼ ਤੇ ਕਦੇ ਹੌਲੀ ਹੁੰਦੀ ਰਹਿੰਦੀ ਹੈ। ਸਾਵਣ ਭਾਦਰੋਂ ਦੇ ਮਹੀਨੇ ਵਿਚ ਪੰਜਾਬ ਵਿਚ ਝੜੀਆਂ ਆਮ ਲਗਦੀਆਂ ਹਨ। ਝੜੀਆਂ ਬਾਰੇ ਕਈ ਅਖਾਣ ਪ੍ਰਚਲਤ ਹਨ। ਵੀਰਵਾਰ ਨੂੰ ਜੇ ਝੜੀ ਲਗੇ ਤਾਂ ਮੀਂਹ ਕਈ ਦਿਨ ਬੰਦ ਨਹੀਂ ਹੁੰਦਾ :

ਵੀਰਵਾਰ ਦੀ ਝੜੀ,
ਅੰਦਰ ਰਹੁ ਦੜੀ।

ਜੇ ਸ਼ੁਕਰਵਾਰ ਨੂੰ ਝੜੀ ਲਗੇ ਤਾਂ ਮੂਸਲਾਧਾਰ ਮੀਂਹ ਵਸਦਾ ਹੈ :

ਸ਼ੁਕਰਵਾਰ ਦੀ ਝੜੀ,
ਨਾ ਰਹੇ ਕੋਠਾ ਨਾ ਰਹੇ ਕੜੀ।

(ਝ-19) **ਝਾਂਜਰ** :

ਇਸਤਰੀਆਂ ਦੇ ਪੈਰਾਂ ਦਾ ਇਕ ਗਹਿਣਾ, ਜੋ ਝੁਣਕਾਰ ਪੈਦਾ ਕਰਦਾ ਹੈ। ਗਿੱਧਾ ਨੱਚਣ ਲਗਿਆਂ ਮੁਟਿਆਰਾਂ ਪੈਰਾਂ ਵਿਚ ਝਾਂਜਰ ਪਾ ਲੈਂਦੀਆਂ ਹਨ ਅਤੇ ਜਦੋਂ ਉਹ ਠੁਮਕਦੀਆਂ ਹਨ ਤੇ ਪੈਰਾਂ ਨਾਲ ਧਮਕ ਦੇਂਦੀਆਂ ਹਨ ਤਾਂ ਛਣ ਛਣ ਦੀ ਧੁਨੀ ਅਨੂਠਾ ਰਸ ਪੈਦਾ ਕਰਦੀ ਹੈ।

(ਝ-20) **ਝਾਟਾ** :

(1) ਸਿਰ ਦੇ ਖਿੰਡੇ ਪੁੰਡੇ ਵਾਲ; ਆਮ ਤੌਰ ਉਤੇ ਦੁੱਖ ਜਾਂ ਗ਼ਮ ਵਿਚ ਸਿਰ ਦੇ ਵਾਲਾਂ ਵਲ ਧਿਆਨ ਨਾ ਦੇਣ ਕਰ ਕੇ ਵਾਲ ਖਿੰਡੇ ਰਹਿੰਦੇ ਹਨ, ਇਸ ਲਈ ਸੁਹਾਗਵਤੀ ਤੀਵੀਂ ਦਾ ਝਾਟਾ ਖੋਲ੍ਹ ਕੇ ਬੈਠਣਾ ਅਸ਼ੁਭ ਗਿਣਿਆ ਜਾਂਦਾ ਹੈ।

(2) ਬੁੱਢੀ ਮਾਈ ਦਾ ਝਾਟਾ। ਅੱਕ ਦੀ ਰੂੰਬੀ ਜੋ ਹਵਾ ਵਿਚ ਉਡਦੀ ਰਹਿੰਦੀ ਹੈ।

(ਝ-21) **ਝਾ ਬਿੱਲੀਆਂ** :

ਛੋਟੇ ਬੱਚੇ ਦੇ ਮਨੋਰੰਜਨ ਲਈ ਇਕ ਖੇਡ; ਮਾਂ ਬੱਚੇ ਦੇ ਸਾਮ੍ਹਣੇ ਆ ਕੇ ਉਸ ਨੂੰ 'ਝਾਂ' ਬੁਲਾਉਂਦੀ ਹੈ ਤੇ ਫਿਰ ਛੁਪ

(ਝ-22) **ਝਾੜ-ਫੂਕ** :

ਕਿਸੇ ਰੋਗ ਨੂੰ ਮੰਤਰ-ਜੰਤਰ ਤੇ ਫੂਕਾਂ ਦੁਆਰਾ ਦੂਰ ਕਰਨ ਦੀ ਪ੍ਰਕ੍ਰਿਆ; ਚੇਲੇ ਰੋਗੀ ਦੇ ਦੁਖਦੇ ਅੰਗ ਉਤੇ ਮੰਤਰ ਪੜ੍ਹਦਿਆਂ ਫੂਕਾਂ ਮਾਰਦੇ ਹਨ ਅਤੇ ਟਾਹਣੀ ਨਾਲ ਜਾਂ ਮੋਰ ਦੇ ਪੰਖਾਂ ਨਾਲ ਰੋਗ ਨੂੰ ਝਾੜਦੇ ਹਨ, ਜਿਸ ਕਰਕੇ ਇਸ ਜਾਦੂ ਦੀ ਵਿਧੀ ਨੂੰ ਝਾੜ-ਫੂਕ ਕਹਿੰਦੇ ਹਨ।

(ਝ-23) **ਝਾੜਾ** :

ਤੰਤਰ-ਸ਼ਾਸਤ੍ਰ ਅਨੁਸਾਰ ਕਿਸੇ ਦੇ ਰੋਗ ਨੂੰ ਦੂਰ ਕਰਨ ਦੀ ਇਕ ਕਿਰਿਆ; ਝਾੜਾ ਕਰਨ ਵਾਲੇ ਨੂੰ 'ਓਝਾ', 'ਸਿਆਣਾ', 'ਚੇਲਾ', 'ਜੋਗੀ' ਜਾਂ 'ਮਾਂਦਰੀ' ਕਿਹਾ ਜਾਂਦਾ ਹੈ। ਝਾੜੇ ਵਿਚ ਮੰਤ੍ਰ ਦੀ ਸ਼ਕਤੀ ਵਰਤ ਕੇ, ਰੋਗੀ ਦਾ ਦੁੱਖ ਦੂਰ ਕੀਤਾ ਜਾਂਦਾ ਹੈ। ਰੋਗੀ ਨੂੰ 'ਸਿਆਣਾ' ਆਪਣੇ ਸਾਹਮਣੇ ਬਿਠਾ ਕੇ ਮੰਤ੍ਰ ਪੜ੍ਹਦਾ ਹੈ ਤੇ ਰੋਗੀ ਅੰਗ ਉਤੇ ਫੂਕਾਂ ਮਾਰਦਾ ਅਤੇ ਕਿਸੇ ਟਾਹਣੀ ਜਾਂ ਮੋਰ ਦੇ ਪੰਖਾਂ ਨਾਲ ਰੋਗ ਝਾੜਦਾ ਹੈ।

ਪਿੰਡਾਂ ਵਿਚ ਜੇ ਕਿਸੇ ਨੂੰ ਸੱਪ, ਅਠੂਆਂ ਜਾਂ ਕੋਈ ਹੋਰ ਜ਼ਹਿਰੀਲਾ ਕੀੜਾ ਡੰਗ ਜਾਵੇ ਤਾਂ ਉਹ ਸਿਆਣਿਆਂ ਕੋਲੋਂ ਝਾੜਾ ਕਰਵਾਂਦੇ ਹਨ। ਸੱਪ ਦੇ ਡੰਗੇ ਦਾ ਵਖਰਾ ਮੰਤ੍ਰ ਹੈ ਤੇ ਬਿਛੂ ਦੇ ਡੰਗੇ ਦਾ ਵਖਰਾ। ਇਕ 'ਸਿਆਣੇ' ਦੇ ਮੰਤਰ ਦੂਜੇ 'ਸਿਆਣੇ' ਦੇ ਮੰਤਰਾਂ ਨਾਲੋਂ ਭਿੰਨ ਹੁੰਦੇ ਹਨ।

ਸੱਪ ਦੇ ਡੰਗੇ ਲਈ ਇਕ ਝਾੜਾ ਇਸ ਤਰ੍ਹਾਂ ਹੈ :

ਗੁਰ ਗੰਗੇ, ਗੁਰ ਬਾਵੜੇ, ਗੁਰ ਅਤਰ ਹਮੀਰ
ਗੁਰ ਤੋਂ ਚੇਲੇ ਵਿਛੜੇ ਕਸੂਟੀ ਹੋਏ ਸਰੀਰ
ਟੁਕ ਬਾਸ਼ਕੀਆ, ਨਠਾ ਬਾਸ਼ਕੀਆ,
ਤਖਤ੍ਰ ਬਾਸ਼ਕੀਆ, ਘਰ ਘਰ ਗੁੱਗਾ ਗਾਵੀਏ,
ਦਤ੍ਰੇ ਗੁਗਾ ਚੌਹਾਨ, ਗੁਗਾ ਮੰਡਲੀ ਸੇਵੇ,
ਬਾਵਰ ਪੂਜਣ, ਸੋਨੇ ਦੀ ਬਤੀ, ਰੁਪੇ ਦਾ ਤੁੰਬਾ
ਚਲ ਮੰਤਰ; ਫੁਰਰ......
ਗੁਗਾ ਮਹੰਤ, ਤੇਰੀ ਕਾਰ ਫਾੜ, ਤੋਂ ਫੜੇ,
ਲੂਣ ਦੀ ਖਾਈ ਵਿਚ ਗਲੇ।

ਬਿੱਛੂ ਦੇ ਡੰਗੇ ਦਾ ਇਕ ਝਾੜਾ ਇਸ ਪ੍ਰਕਾਰ ਹੈ :

ਕਾਲਾ ਬਿੱਛੂ ਕੰਕਰਵਾਲਾ
ਡੰਗੋਂ ਪੁਠਾ ਪੂਛਲੋਂ ਕਾਲਾ
ਸੋਨੇ ਦੀ ਗੜਵੀ ਰੁਪੇ ਦਾ ਪਰਨਾਲਾ
ਫਿਰ ਵੇ ਬਿਛੂਏ ਫਿਰ

ਜਾਵੇ ਤਾਂ ਸਿਰ ਪੀੜ ਦੂਰ ਹੋ ਜਾਂਦੀ ਹੈ। ਸਿਰ ਪੀੜ ਦਾ ਇਕ ਝਾੜਾ ਇਸ ਪ੍ਰਕਾਰ ਪ੍ਰਚਲਤ ਹੈ :

ਰੱਖ ਰੱਖ ਅਲਾਹ ਮੁਹੰਮਦ ਦੀ ਰੱਖ
ਲੋਹ ਦਾ ਕੋਟ, ਸਮੁੰਦਰ ਦੀ ਖਾਈ
ਹਨੂਮਾਨ ਪੈਗੰਬਰ ਤੇਰੀ ਦੁਹਾਈ
ਸਾਤ ਜਿੰਨਾਤ ਬਾਰਾਂ ਜ਼ਾਤ
ਹਿੰਦਗੀ, ਮੁਸਲਮਾਨੀ, ਸੁਨਾਰੀ, ਚੰਮਿਆਰੀ,
ਚੂਹੜੀ, ਬਾਵਰਾਨੀ, ਮੋਚਣ, ਜੁਲਾਹਣ,
ਗੰਡੇਲੀ, ਸੈਸਿਆਨੀ, ਹਾਜ਼ਿਰ
ਸ਼ਾਹ ਵਲੀ, ਹਾਜ਼ਿਰ ਕਰ।
ਸਵਾ ਸੇਰ ਦਾ ਤੋਸ਼ਾ ਅਗੇ
ਸਵਾ ਸੇਰ ਦਾ ਤੋਸ਼ਾ ਪਿਛੇ
ਬੰਸੀ ਰਾਣੀ, ਤੇਰੀ ਦੁਹਾਈ,
ਨਰ ਸਿੰਘ ਜੋਧਾ ਤੇਰੀ ਕਾਰ।
ਭਾਈ ਬੀਰ ਸਿੰਘ ਜੋਧਾ ਤੇਰੀ ਕਾਰ
ਜੇ ਹਮਰੀ ਕਾਰ ਨਾ ਮਾਨੇ, ਗਲੇ ਵਿਚ ਕਾਰ
ਚਲ, ਰੇ ਮੰਤਰ ! ਫੁਰਰ ! ਮੰਤਰ ਤੇਰੀ ਕਾਰ।

ਇਸ ਮੰਤਰ ਵਿਚ ਬਿਨਾ ਧਰਮ ਤੇ ਜਾਤ ਦੇ ਵਿਖੇਵੇਂ ਦੇ ਕਈ ਸੰਤਾਂ, ਫਕੀਰਾਂ ਜੋਧਿਆਂ ਅਗੇ ਦੁਹਾਈ ਪਾਈ ਗਈ ਹੈ। ਅੱਲਾਹ, ਮੁਹੰਮਦ, ਜਿੰਨ ਮੁਸਲਮਾਨੀ ਪਰੰਪਰਾ ਨਾਲ ਸਬੰਧ ਰਖਦੇ ਹਨ ਤੇ ਹਨੂਮਾਨ, ਬੰਸੀ ਰਾਣੀ, ਨਰਸਿੰਘ ਆਦਿ ਹਿੰਦੂ ਪਰੰਪਰਾ ਨਾਲ ਅਤੇ ਬੀਰ ਸਿੰਘ ਸਿੱਖ ਪਰੰਪਰਾ ਨਾਲ। ਮੰਤ੍ਰਾਂ ਵਿਚ ਸਭ ਦੀ ਸ਼ਕਤੀ ਨੂੰ ਧਿਆ ਲਿਆ ਜਾਂਦਾ ਹੈ।

ਸਿਰ ਪੀੜ ਵਾਂਗ ਦਾੜ੍ਹ ਪੀੜ ਬਾਰੇ ਵੀ ਇਹੋ ਧਾਰਨਾ ਹੈ ਕਿ ਇਹ ਦਰਦ ਚੰਦਰੀ ਰੂਹਾਂ ਦੀ ਮੰਦ-ਭਾਵਨਾ ਕਰ ਕੇ ਹੁੰਦੀ ਹੈ। ਦਾੜ੍ਹ ਪੀੜ ਦਾ ਝਾੜਾ ਇਸ ਪ੍ਰਕਾਰ ਹੈ।

ਕਾਲਾ ਕੀੜਾ ਕਜਲਾ ਬਤੀ ਦੰਦ ਚਰੇ
ਬਰਕਤ ਸ਼ੇਖ ਫ਼ਰੀਦ, ਕਾਲਾ ਕੀੜਾ ਵਿਚ ਮਰੇ
ਹੁਦਾ ਪੀਰ ਉਸਤਾਦ ਦਾ।

ਇਸ ਪਿਛੋਂ ਸੱਤ ਫੂਕਾਂ ਮਾਰੀਆਂ ਜਾਂਦੀਆਂ ਹਨ।

ਜਾਦੂ ਟੂਣੇ ਦੇ ਅਸਰ ਨੂੰ ਦੂਰ ਕਰਨ ਲਈ ਵੀ ਝਾੜਾ ਕੀਤਾ ਜਾਂਦਾ ਹੈ। ਇਸ ਨੂੰ 'ਹਥੌਲਾ ਕਰਨਾ' ਕਿਹਾ ਜਾਂਦਾ ਹੈ (ਵੇਖੋ : ਹਥੌਲਾ)।

(ਝ-24) **ਝਾੜੂ** :

ਘਰ ਵਿਚ ਝਾੜੂ ਦੇਣ ਨਾਲ ਘਰ ਦੀ ਸਾਰੀ ਬਰਕਤ ਹੂੰਜੀ ਜਾਂਦੀ ਹੈ। ਮੰਜੀ ਉਤੇ ਝਾੜੂ ਦੇਣ ਨਾਲ, ਸੌਣ ਵਾਲੇ ਦੀ ਸਿਹਤ ਹਮੇਸ਼ਾ ਖਰਾਬ ਰਹਿੰਦੀ ਹੈ।

ਛਿੱਲੇ ਵਾਲੇ ਕੋਠੇ ਵਿਚ ਝਾੜੂ ਰਖਣਾਅ ਸੁਭ ਹੈ। ਨਵੇਂ ਜੰਮੇ ਬਾਲਕ ਦੀ ਕਿਸਮਤ ਦਾ ਹੂੰਜਾ ਫਿਰਨ ਦਾ ਅੰਦੇਸ਼ਾ ਹੁੰਦਾ ਹੈ।

ਚੂਹੜੇ ਝਾੜੂ ਨੂੰ ਆਪਣੇ ਕਿਰਤ ਦਾ ਪ੍ਰਤੀਕ ਮੰਨਦੇ ਹਨ ਤੇ ਉਹ ਝਾੜੂ ਉਤੇ ਕਦੇ ਪੈਰ ਨਹੀਂ ਧਰਦੇ। ਨਾ ਹੀ ਉਤੋਂ ਟਪਦੇ ਹਨ। ਚੂਹੜਿਆਂ ਨੇ ਆਪਣੇ ਘਰ ਨੂੰ ਸਾਫ਼ ਕਰਨ ਲਈ ਜੋ ਝਾੜੂ ਰਖਿਆ ਹੁੰਦਾ ਹੈ, ਉਸ ਨੂੰ ਦੀਵਾਰ ਉਤੇ ਕਿੱਲੀ ਨਾਲ ਟੰਗਦੇ ਹਨ, ਪੈਰਾਂ ਵਿਚ ਨਹੀਂ ਰੋਲਦੇ। ਜੋ ਝਾੜੂ ਉਹ ਲੋਕਾਂ ਦੇ ਘਰਾਂ ਵਿਚ ਸਫ਼ਾਈ ਲਈ ਵਰਤਦੇ ਹਨ, ਉਸ ਨੂੰ ਕਦੇ ਸਿਧਾ ਖੜਾ ਨਹੀਂ ਕਰਦੇ।

(ਝ-25) **ਝਿੱਲੜੀਆਂ** :

ਵਿਆਹ ਸਮੇਂ ਦੀ ਇਕ ਰੀਤ; ਕੰਨਿਆਂ ਦੇ ਵਿਆਹ ਸਮੇਂ, ਘਰ ਦੀਆਂ ਤੀਵੀਆਂ ਸਜ ਧਜ ਕੇ ਗੀਤ ਗਾਂਦੀਆਂ ਹੋਈਆਂ, ਕਿਸੇ ਨੇੜੇ ਦੇ ਖੂਹ ਜਾਂ ਸਰੋਵਰ ਤੋਂ ਘੜੇ ਵਿਚ ਪਾਣੀ ਲਿਆਂਦੀਆਂ ਹਨ। ਘੜੇ ਨਾਲ ਖੰਮ੍ਹਣੀਆਂ ਬੰਨ੍ਹੀਆਂ ਹੁੰਦੀਆਂ ਹਨ। ਸ਼ਗਨਾਂ ਦੇ ਇਸ ਪਾਣੀ ਵਿਚੋਂ ਥੋੜਾ ਜਿਹਾ ਪਾਣੀ ਲੈ ਕੇ ਕੰਨਿਆਂ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ ਤੇ ਬਾਕੀ ਪਾਣੀ ਘੜੋਲੀ ਵਿਚ ਰਖ ਦਿਤਾ ਜਾਂਦਾ ਹੈ। ਜਦੋਂ ਜੰਞ ਢੁਕਦੀ ਹੈ ਤਾਂ ਲਾੜਾ, ਕੰਨਿਆਂ ਪੱਖ ਵਾਲਿਆਂ ਦੇ ਘਰ ਕੁਝ ਰੀਤਾਂ ਕਰਦਾ ਹੈ। ਉਦੋਂ ਇਸ ਘੜੋਲੀ ਦੇ ਪਾਣੀ ਦੇ ਛੱਟੇ ਲਾੜੇ ਉਤੇ ਮਾਰੇ ਜਾਂਦੇ ਹਨ। ਇਸ ਰੀਤ ਨੂੰ 'ਝਿਲੜੀਆਂ' ਕਹਿੰਦੇ ਹਨ।

(ਝ-26) **ਝਿੱਲੀ** :

ਇਕ ਖ਼ਾਸ ਤਰ੍ਹਾਂ ਦੀ ਓੜ੍ਹਨੀ ਜਿਸ ਉਤੇ ਤਿਲੇ ਦੀਆਂ ਤਾਰਾਂ ਨਾਲ ਕਢਾਈ ਕਰ ਕੇ ਗੋਟਾ ਮੜ੍ਹਿਆ ਜਾਂਦਾ ਹੈ। ਇਸਤਰੀਆਂ ਇਸ ਨੂੰ ਵਿਆਹ ਸ਼ਾਦੀ ਜਾਂ ਮੰਗਲ ਕਾਰਜਾਂ ਵੇਲੇ ਉਪਰ ਲੈਂਦੀਆਂ ਹਨ। ਇਹ ਕਾਫ਼ੀ ਭਾਰੀ ਤੇ ਬਹੁਮੁਲੀ ਵਸਤੂ ਹੁੰਦੀ ਹੈ।

(ਝ-27) **ਝਿੜੀ ਦਾ ਮੇਲਾ** :

ਜੰਮੂ ਦੇ ਇਲਾਕੇ ਦਾ ਇਕ ਪ੍ਰਸਿਧ ਮੇਲਾ, ਜਿਸ ਵਿਚ ਜੰਮੂ ਤੋਂ ਛੁੱਟ ਪੰਜਾਬ, ਹਰਿਆਣਾ ਤੇ ਹਿਮਾਚਲ ਦੇ

ਬਾਵੇ 'ਜਿਤੋ ਦੀ ਕਿਸਾਨਾਂ ਵਿਚ ਬੜੀ ਮਾਨਤਾ ਹੈ ਉਹ ਉਸ ਨੂੰ ਸ਼ਹੀਦ ਮੰਨਦੇ ਹਨ। ਬਾਬਾ 'ਜਿਤ ਜਨਮ-ਤਿੱਥ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਸਕਦਾ, ਪਰ ਪਰੰਪਰਾ ਅਨੁਸਾਰ ਉਸ ਨੂੰ ਪੰਜ ਸੌ ਸ ਹੋ ਗਏ ਹਨ। ਇਹ ਤ੍ਰਿਕੁਟਾਂ ਪਹਾੜਾਂ ਵਿਚ ਕਟੜਾ ਦੇਵੀ ਨੇੜੇ ਅਗਾਰ ਦਾ ਰਹਿਣ ਵਾਲਾ ਸੀ ਅਤੇ ਜ਼ਾਤ ਦਾ ਬ੍ਰਾਹ ਸੀ। ਇਸ ਦਾ ਵਿਆਹ ਰਾਣੀ ਨਾਲ ਹੋਇਆ ਤੇ ਜੰਮੂ ਜ਼ਿਲੇ ਦੇ ਸਾਮਾਲ ਚਕ ਵਿਚ ਰਹਿਣ ਲਗਾ। ਭੂਇੰ ਦਾ ਮਾਲਕ ਮਹਿਤਾ ਬੀਰ ਸਿੰਘ ਸੀ। 'ਜਿਤੋ ਬੀਰ ਸਿੰਘ ਦੀ ਬੰਜਰ ਧਰਤੀ ਇਸ ਸ਼ਰਤ ਉਤੇ ਵਾਹ ਸ਼ੁਰੂ ਕੀਤੀ ਕਿ ਉਹ ਇਕ ਚੌਥਾਈ ਹਿੱਸਾ ਜਗੀਰਦਾਰ ਦੇਵੇਗਾ। 'ਜਿਤੋ ਨੇ ਲਹੂ-ਪਸੀਨਾ ਕਰਕੇ ਇਸ ਧਰਤੀ ਵਾਹਿਆ ਤੇ ਜਦੋਂ ਭਰਪੂਰ ਫ਼ਸਲ ਕਟੀ ਜਾਣ ਲਗੀ ਜਗੀਰਦਾਰ ਨੇ ਬਾਬਾ 'ਜਿਤੋ ਨੂੰ ਇਕ ਚੌਥਾਈ ਫ਼ਸਲ ਦੇ ਚਾਹੀ। 'ਜਿਤੋ ਤੋਂ ਜਦੋਂ ਜਗੀਰਦਾਰ ਦੇ ਚੋਬਰਾਂ ਜ਼ਬਰਦਸਤੀ ਫ਼ਸਲ ਲੈਣੀ ਚਾਹੀ ਤਾਂ ਉਸ ਨੇ ਇਸ ਵਿਰ੍ਹ ਰੋਸ ਪ੍ਰਗਟ ਕਰਦਿਆਂ ਆਪਣੇ ਸੀਨੇ ਵਿਚ ਛੁਰਾ ਮਾਰ ਲਿ ਤੇ ਸ਼ਹੀਦੀ ਪ੍ਰਾਪਤ ਕੀਤੀ। ਬੂਆ ਰਾਣੀ ਵੀ 'ਜਿਤੋ ਨ ਸਤੀ ਹੋ ਗਈ। ਸਾਰੇ ਇਲਾਕੇ ਦੇ ਕਿਸਾਨਾਂ ਵਿਚ ਬ ਰੋਸ ਪੈਦਾ ਹੋ ਗਿਆ। ਬੀਰ ਸਿੰਘ ਨੇ ਬ੍ਰਹਮ ਹੱਤਿਆ ਡਰਦਿਆਂ, ਉਸ ਥਾਂ ਜਿਥੇ 'ਜਿਤੋ ਦਾ ਲਹੂ ਡੁਲ੍ਹਿਆ ਇਕ ਸਮਾਧ ਬਣਾ ਦਿਤੀ ਤੇ ਉਦੋਂ ਤੋਂ ਇਥੇ ਹਰ ਸ ਇਕ ਮੇਲਾ ਲਗਦਾ ਹੈ। ਰਵਾਇਤ ਹੈ ਕਿ ਜਿਨ੍ਹਾਂ ਲੋਕਾਂ ਬਾਬੇ ਅਜਿਤੋ ਦਾ ਉਹ ਅੰਨ ਖਾਧਾ ਉਹ ਖਿਚੇ ਹੋਏ ਬਾਬੇ ਸਮਾਧੀ ਉਤੇ ਆ ਗਏ ਤੇ ਨਚਣ ਲਗ ਪਏ, ਉਨ੍ਹਾਂ ਵਿ ਬਾਬੇ ਦੀ ਰੂਹ ਪ੍ਰਵੇਸ਼ ਕਰ ਗਈ ਸੀ। ਇਸ ਤਰ੍ਹਾਂ ਉ ਪਹਿਲਾ ਮੇਲਾ ਜੁੜਿਆ, ਜੋ ਹੁਣ ਤਕ ਕਿਸਾਨ ਸ਼ਰਧਾ ਨ ਮਨਾਉਂਦੇ ਤੇ ਸਮਾਧ ਉਤੇ ਇਕਠੇ ਹੋ ਕੇ ਆਪਣੀ ਸ਼ਰਧਾ ਫੁਲ ਚੜ੍ਹਾਂਦੇ ਹਨ।

(ਝ-28) **ਝੀਊਰ** :

ਪਾਣੀ ਭਰਨ ਵਾਲੀ ਇਕ ਜ਼ਾਤ; ਪਿੰਡਾਂ ਵਿਚ, ਕਿ ਵਹਿੰਗੀ ਉਤੇ, ਖੂਹਾਂ ਤੋਂ ਪਾਣੀ ਢੋ ਕੇ, ਆਪਣੇ ਜਜਮਾਨਾਂ ਘਰ ਪਹੁੰਚਾਂਦੇ ਹਨ। ਪਹਿਲਿਆਂ ਵਿਚ ਇਨ੍ਹਾਂ ਨੂੰ, ਕੰਮੀਆਂ ਵਾਂਗ ਹੀ ਹਰੇਕ ਕੰਮ ਦੀ ਵਖਰੀ ਉਜਰਤ ਨ ਸੀ ਦਿਤੀ ਜਾਂਦੀ। ਫ਼ਸਲ ਦੀ ਵਾਢੀ ਪਿਛੋਂ, ਕੰਮੀਆਂ ਨੂੰ

'ਤੇ ਕੰਨਿਆਂ ਨੂੰ ਡੋਲੇ ਵਿਚ ਪਾ ਕੇ, ਕਹਾਰ ਸਹੁਰੇ ਘਰ ਪਹੁੰਚਾਂਦੇ ਹਨ ਤੇ ਲਾਗ ਲੈਂਦੇ ਹਨ।

ਝੀਊਰ ਨਦੀ ਨਾਲਿਆਂ ਤੇ ਟੋਭਿਆਂ ਵਿਚ ਜਾਲ ਵਿਛਾ ਕੇ ਮੱਛੀਆਂ ਫੜਨ ਦਾ ਕੰਮ ਵੀ ਕਰਦੇ ਹਨ।

ਝੀਊਰ ਦੀ ਪਤਨੀ ਨੂੰ ਝੀਊਰੀ ਕਿਹਾ ਜਾਂਦਾ ਹੈ। ਵਿਆਹ ਸ਼ਾਦੀਆਂ ਤੇ ਦੁੱਖ ਸੁੱਖ ਦੇ ਮੌਕਿਆਂ 'ਤੇ ਇਹ ਆਪਣੇ ਜਜਮਾਨਾਂ ਦੇ ਘਰੀਂ ਰੋਟੀ ਟੁਕ ਤੇ ਚੁਲ੍ਹੇ-ਚੌਕੇ ਦਾ ਕੰਮ ਸੰਭਾਲਦੀ ਹੈ। ਪਿੰਡਾਂ ਵਿਚ ਝੀਊਰੀਆਂ ਭੱਠੀਆਂ ਤਾਅ ਕੇ ਦਾਣੇ ਭੁੰਨਦੀਆਂ ਹਨ।

(ਝ-29) **ਝੀਂਡ-ਫੂਕ** :

ਕੁੱਲੂ ਵਿਚ ਪ੍ਰਚਲਤ ਵਿਆਹ ਦੀ ਇਕ ਕਿਸਮ; ਜਦੋਂ ਕੋਈ ਮੁਟਿਆਰ ਆਪਣੇ ਮਨ-ਮਰਜ਼ੀ ਦੇ ਵਰ ਨਾਲ ਘਰੋਂ ਨੱਠ ਜਾਂਦੀ ਹੈ ਤਾਂ ਬਾਹਰ ਜੰਗਲ ਵਿਚ ਜਾ ਕੇ ਉਹ ਕਿਸੇ ਝੀਂਡ (ਝਾੜ) ਨੂੰ ਅੱਗ ਲਗਾ ਕੇ ਉਸ ਦੇ ਆਲੇ ਦੁਆਲੇ ਅੱਠ ਫੇਰੇ ਲੈ ਲੈਂਦੀ ਹੈ। ਇਸ ਵਿਆਹ ਨੂੰ ਸਮਾਜਕ ਮਾਨਤਾ ਪ੍ਰਾਪਤ ਹੈ ਅਤੇ ਇਸ ਨੂੰ 'ਝੀਂਡ ਫੂਕ' ਜਾਂ 'ਮਦਖੁਲਾ' ਵਿਆਹ ਕਹਿੰਦੇ ਹਨ। ਇਸ ਵਿਚ ਅਗਨੀ ਦੇਵਤੇ ਨੂੰ ਸਾਖੀ ਮੰਨ ਕੇ ਵਿਆਹ ਦੇ ਬੰਧਨ ਬੰਨ੍ਹੇ ਜਾਂਦੇ ਹਨ।

(ਝ-30) **ਝੁੰਗਾ** :

ਜਦੋਂ ਬੱਚੇ ਕਿਸੇ ਛਾਬੜੀ ਵਾਲੇ ਤੋਂ, ਕੋਈ ਸੌਦਾ ਖ਼ਰੀਦਦੇ ਹਨ ਤਾਂ ਉਪਰੋਂ ਕੋਈ ਹੋਰ ਚੀਜ਼ ਝੁੰਗੇ ਵਜੋਂ ਮੁਫ਼ਤ ਮੰਗਦੇ ਹਨ। ਛਾਬੜੀਆਂ ਵਾਲੇ, ਬੱਚਿਆਂ ਨੂੰ, ਸੌਦੇ ਨਾਲ ਝੁੰਗਾ ਦੇ ਕੇ, ਆਪਣਾ ਪੱਕਾ ਗਾਹਕ ਬਣਾ ਲੈਂਦੇ ਹਨ। ਪਹਿਲਾਂ ਝੁੰਗੇ ਦਾ ਰਵਾਜ ਆਮ ਸੀ, ਪਰ ਹੁਣ ਕੀਮਤਾਂ ਦੇ ਬਹੁਤ ਚੜ੍ਹ ਜਾਣ ਨਾਲ ਦੁਕਾਨਦਾਰ ਝੁੰਗਾ ਦਿੰਦਿਆਂ ਘਬਰਾਂਦਾ ਹੈ।

(ਝ-31) **ਝੁਝੂਆ** :

ਮਿੱਟੀ ਦਾ ਬਣਿਆ ਛਿਦ੍ਰਾਂ ਵਾਲਾ ਡੌਲਾ, ਜਿਸ ਵਿਚ ਦੀਵਾ ਬਾਲ ਕੇ ਰੱਖਣ ਨਾਲ ਉਸ ਦੇ ਛਿਦ੍ਰਾਂ ਵਿਚੋਂ ਪ੍ਰਕਾਸ਼ ਝਰ ਕੇ ਅਲੌਕਿਕ ਦ੍ਰਿਸ਼ ਪੈਦਾ ਕਰਦਾ ਹੈ। ਦੀਵਾਲੀ ਵਾਲੇ ਦਿਨ ਲੋਕੀਂ ਘਰਾਂ ਨੂੰ ਝੁਝੂਏ ਨਾਲ ਸਜਾਂਦੇ ਹਨ। ਮੰਗਲ ਕਾਰਜਾਂ ਸਮੇਂ ਵੀ ਰਾਤ ਨੂੰ ਜਾਂ ਫਿਰ ਸੰਸਕਾਰਾਂ ਸਮੇਂ ਝੁਝੂਆਂ ਦੀ ਵਰਤੋਂ ਪ੍ਰਕਾਸ਼ ਨੂੰ ਸਰੂਪ ਦੇਣ ਲਈ ਕੀਤੀ

ਰੋਗੀ ਦੇ ਸਰੀਰ ਵਿਚੋਂ ਭੂਤ ਪ੍ਰੇਤ ਕੱਢਦੇ ਹਨ, ਉਸ ਨੂੰ ਝੁੰਡਾ ਕਹਿੰਦੇ ਹਨ। ਰੋਗੀ ਵਿਚੋਂ ਭੂਤ ਪ੍ਰੇਤ ਕੱਢਣ ਦੀ ਕਿਰਿਆ ਨੂੰ 'ਝੁੰਡਾ ਮਾਰਨਾ' ਕਹਿੰਦੇ ਹਨ। ਕਈ ਚੇਲੇ/ਸਿਆਣੇ, ਪਕੜ ਵਾਲੇ ਸ਼ਖ਼ਸ ਦੇ ਸਰੀਰ ਅੰਦਰੋਂ ਪ੍ਰੇਤ ਕੱਢਣ ਲਈ ਲੋਹੇ ਦਾ ਕੋਰੜਾ ਜਾਂ ਛਾਂਟਾ ਅਥਵਾ ਝੁੰਡਾ ਵਰਤਦੇ ਹਨ। ਕਈ ਚੇਲੇ ਤਾਂ ਝੁੰਡੇ ਨੂੰ ਰੋਗੀ ਦੇ ਸਰੀਰ ਉਤੇ ਮਾਰਦੇ ਹਨ, ਪਰ ਕਈ ਚੇਲੇ ਆਪਣੇ ਸਰੀਰ ਉਤੇ। ਧਾਰਨਾ ਹੈ ਕਿ ਚੇਲਾ ਝੁੰਡੇ ਦੁਆਰਾ ਆਪਣੇ ਜਿਸਮ ਉਤੇ ਜੋ ਸੱਟਾਂ ਮਾਰ ਰਿਹਾ ਹੁੰਦਾ ਹੈ, ਉਹ ਸਾਰੀਆਂ ਰਹੱਸਮਈ ਢੰਗ ਨਾਲ, ਰੋਗੀ ਦੇ ਸਟੀਰ ਅੰਦਰ ਦਾਖਿਲ ਹੋਏ ਪ੍ਰੇਤ ਨੂੰ ਲਗਦੀਆਂ ਹਨ। ਭੂਤ ਪ੍ਰੇਤ ਮਾਰ ਤੋਂ ਬਹੁਤ ਡਰਦੇ ਹਨ। ਲੋਹੇ ਦੀ ਮਾਰ ਤਾਂ ਉਨ੍ਹਾਂ ਲਈ ਅਸਹਿ ਹੁੰਦੀ ਹੈ।

ਝੁੰਡਾ ਮਾਰਨ ਤੋਂ ਬਾਅਦ, ਚੇਲਾ ਤੇਲ ਗਰਮ ਕਰ ਕੇ ਆਪਣਾ ਹੱਥ ਉਸ ਵਿਚ ਪਾਉਂਦਾ ਹੈ ਤੇ ਫਿਰ ਬੁਕਾਂ ਭਰ ਭਰ ਕੇ ਗਰਮ ਤੇਲ ਨੂੰ ਆਪਣੇ ਪਿੰਡੇ ਉਤੇ ਡੋਲ੍ਹਦਾ ਹੈ। ਚੇਲਾ ਆਪਣੇ ਸਰੀਰ ਉਤੇ ਜੋ ਕਸ਼ਟ ਝਾਘਦਾ ਹੈ, ਉਹ ਸਾਰੇ ਪ੍ਰੇਤ-ਰੂਹ ਦਾ ਦਰਦ ਬਣਦੇ ਹਨ। ਫਿਰ ਚੇਲਾ ਆਪਣੇ ਸਰੀਰ ਨੂੰ ਚੁਮਟੇ ਨਾਲ ਕੁਟਦਾ ਹੈ।

ਜਦੋਂ ਰੋਗੀ ਦੇ ਸਰੀਰ ਨੂੰ ਪ੍ਰੇਤ ਫੜ ਜਾਂਦਾ ਹੈ ਤਾਂ ਚੇਲਾ ਇਕ ਚੂਚੇ ਦੀ ਬਲੀ ਦੇਂਦਾ ਹੈ। ਫਿਰ ਇਕ ਧਾਗਾ ਲੈ ਕੇ, ਮੰਤਰ ਪੜ੍ਹਦਾ ਤੇ ਫੂਕਾਂ ਮਾਰਦਾ ਹੋਇਆ, ਚੂਚੇ ਦੇ ਲਹੂ ਵਿਚ ਡੁਬੋਂਦਾ ਹੈ। ਉਹ ਨਾਲ ਹੀ ਧਾਗੇ ਨੂੰ ਗੰਢਾਂ ਮਾਰਦਾ ਜਾਂਦਾ ਹੈ। ਇਸ ਤਰ੍ਹਾਂ ਮੰਤਰਾਂ ਦੀ ਸ਼ਕਤੀ ਗੰਢਾਂ ਵਿਚ ਸਮਾ ਜਾਂਦੀ ਹੈ। ਫਿਰ ਉਹ ਇਹ ਗੰਢਾਂ ਰੋਗੀ ਦੇ ਗਲੇ ਵਿਚ ਬੰਨ੍ਹ ਦੇਂਦਾ ਹੈ। ਇਸ ਗੰਢਾਂ ਵਾਲੇ ਧਾਗੇ ਨੂੰ 'ਧਾਗਾ' ਜਾਂ 'ਗੰਢਾਂ' ਕਿਹਾ ਜਾਂਦਾ ਹੈ। ਇਸ ਧਾਗੇ ਦੇ ਪਹਿਨਣ ਨਾਲ ਪ੍ਰੇਤ-ਰੂਹ ਰੋਗੀ ਦੇ ਨੇੜੇ ਨਹੀਂ ਢੁੱਕਦੀ। ਪਰ ਜੇ ਸੂਤਕ ਪਾਤਕ ਵਾਲੇ ਘਰ ਰੋਗੀ ਜਾਵੇ ਤਾਂ ਧਾਗੇ ਦੀ ਸ਼ਕਤੀ ਨਸ਼ਟ ਹੋ ਜਾਂਦੀ ਹੈ। ਜਿਸ ਘਰ ਕੋਈ ਬੱਚਾ ਜੰਮੇ, ਉਥੇ ਸੂਤਕ ਤੇ ਜਿਥੇ ਕੋਈ ਪ੍ਰਾਣੀ ਮਰੇ ਉਥੇ ਪਾਤਕ ਕੁਝ ਦਿਨ ਰਹਿੰਦਾ ਹੈ। ਗੰਢ ਧਾਗਾ ਪਹਿਨਣ ਵਾਲਾ ਸ਼ਖ਼ਸ ਉਸ ਘਰ ਪੈਰ ਨਹੀਂ ਪਾਉਂਦਾ।

(ਝ-33) **ਝੁਮਕਾ** :

(ਝ-34) **ਝੂੰਮਰ** :

(ੳ) ਤੀਵੀਆਂ ਦਾ ਇਕ ਗਹਿਣਾ, ਜੋ ਮਥੇ 'ਤੇ ਲਟਕਾਇਆ ਜਾਂਦਾ ਹੈ । (ਅ) ਇਕ ਲੋਕ-ਨਾਚ (ਵੇਖੋ : ਲੋਕ-ਨਾਚ) ।

(ਝ-35) **ਝੁਲਕਾ** :

(ੳ) ਵਿਆਹ ਦੀ ਇਕ ਰੀਤ ਜੋ ਸਤਲੁਜ ਦੇ ਕੰਢੇ ਵਸਦੀ ਇਕ ਜਾਤੀ ਮਿਊਨ ਵਿਚ ਪ੍ਰਚਲਤ ਹੈ । ਵਿਆਹ ਵੇਲੇ ਜਦੋਂ ਪਕਵਾਨ ਬਨਾਉਣ ਲਈ ਅੱਗ ਬਾਲੀ ਜਾਂਦੀ ਹੈ ਤਾਂ ਉਸ ਘਰ ਦਾ ਕੋਈ ਜਵਾਈ ਚੁਲ੍ਹੇ ਵਿਚ ਝੁਲਕਾ ਪਾ ਕੇ ਅੱਗ ਲਗਾਂਦਾ ਹੈ । ਪਹਿਲਾਂ ਕੁਝ ਛਿੱਟੀਆਂ ਨੂੰ ਅੱਗ ਲਗਾਈ ਜਾਂਦੀ ਹੈ ਤੇ ਫਿਰ ਕਾਫ਼ੀ ਵਿਥ ਉਤੇ ਰਖੇ ਚੁਲ੍ਹੇ ਵਲ ਉਹ ਲਪਕਦਾ ਹੈ । ਵਿਚਕਾਰ ਕੁਝ ਤੀਵੀਆਂ ਦੋ ਕਤਾਰਾਂ ਬਣਾ ਕੇ ਖੜੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਕੋਲ ਪਾਣੀ, ਮਿੱਟੀ, ਠੀਕਰੀਆਂ ਤੇ ਰੋੜਿਆਂ ਨਾਲ ਭਰੇ ਘੜੇ ਹੁੰਦੇ ਹਨ । ਹੱਥ ਵਿਚ ਉਨ੍ਹਾਂ ਫੜੀਆਂ ਚੂਕੀਆਂ ਹੁੰਦੀਆਂ ਹਨ । ਤੀਵੀਆਂ ਜਵਾਈ ਨੂੰ ਵੰਗਾਰਦੀਆਂ ਹਨ ਤੇ ਦੁਲ੍ਹੇ ਵਲ ਨਹੀਂ ਵਧਣ ਦੇਂਦੀਆਂ । ਇਸੇ ਖਿੱਚ ਧੂਹ ਵਿਚ ਕਈ ਵਾਰ ਤੀਵੀਆਂ ਦੇ ਕਪੜਿਆਂ ਨੂੰ ਅੱਗ ਲਗ ਜਾਂਦੀ ਹੈ । ਕਈ ਵਾਰ ਤਾਂ ਜਵਾਈ ਜ਼ਖ਼ਮੀ ਵੀ ਹੋ ਜਾਂਦਾ ਹੈ । ਜਦੋਂ ਜਵਾਈ ਅੱਗ ਲਗਾਉਣ ਵਿਚ ਸਫਲ ਹੋ ਜਾਂਦਾ ਹੈ ਤਾਂ ਉਸ ਨੂੰ ਇਕ ਪਗੜੀ ਤੇ ਕੁਝ ਰੁਪਏ ਭੇਟਾ ਕੀਤੇ ਜਾਂਦੇ ਹਨ ।

(ਅ) ਵਿਆਹ ਦੀ ਇਕ ਰੀਤ ਜੋ ਬਹਾਵਲਪੁਰ ਦੇ ਇਲਾਕੇ ਦੇ ਕੁਝ ਕਬੀਲਿਆਂ ਵਿਚ ਪ੍ਰਚਲਤ ਹੈ । ਵਿਆਹ ਤੋਂ ਦੋ ਤਿੰਨ ਦਿਨ ਪਹਿਲਾਂ ਵਰ ਪੱਖ ਦੇ ਕੁਝ ਲੋਕ ਸਬਾਲੇ ਨਾਲ ਕਿਸੇ ਤਲਾਬ, ਖੂਹ ਜਾਂ ਨਹਿਰ ਉਤੇ ਜਾਂਦੇ ਹਨ । ਉਥੇ ਸਬਾਲਾ ਚੁਲ੍ਹਾ ਬਣਾ ਕੇ ਉਪਰ ਪਾਣੀ ਦੀ ਕੜਾਹੀ ਧਰਦਾ ਤੇ ਹੇਠਾਂ ਅੱਗ ਬਾਲਣ ਦਾ ਯਤਨ ਕਰਦਾ ਹੈ । ਵਰ ਪੱਖ ਦੇ ਬਾਕੀ ਲੋਕ ਸਬਾਲੇ ਨੂੰ ਅੱਗ ਬਾਲਣ ਤੋਂ ਰੋਕਦੇ ਹਨ ਅਤੇ ਕੜਾਹੀ ਵਾਲਾ ਪਾਣੀ ਇਕ ਦੂਜੇ ਤੇ ਸੁਟਦੇ ਹਨ । ਅਖ਼ੀਰ ਸਭ ਲੋਕ ਭਿਜੇ ਕਪੜਿਆਂ ਨਾਲ ਘਰ ਮੁੜਦੇ ਹਨ ।

(ੲ) ਨਕੋਦਰ ਤਹਿਸੀਲ ਦੇ ਗੁਜਰਾਂ ਵਿਚ ਪ੍ਰਚਲਤ ਵਿਆਹ ਨਾਲ ਸੰਬੰਧਿਤ ਇਕ ਰੀਤ; ਜਦੋਂ ਕੰਨਿਆਂ ਪੱਖ ਵਾਲੇ ਬਰਾਤ ਲਈ ਰੋਟੀ ਤਿਆਰ ਕਰਨ ਲਈ ਅੱਗ ਬਾਲਦੇ ਹਨ ਤਾਂ ਵਰ ਪੱਖ ਵਿਚੋਂ ਕੋਈ ਇਕ ਰਿਸ਼ਤੇਦਾਰ ਉਨ੍ਹਾਂ ਨੂੰ ਅੱਗ ਨਹੀਂ ਬਾਲਣ ਦੇਂਦਾ । ਜੇ ਉਹ ਸ਼ਖ਼ਸ ਇਸ ਕੰਮ ਵਿਚ ਸਫਲ ਹੋ ਜਾਵੇ ਤਾਂ ਉਸ ਸ਼ਖ਼ਸ ਨੂੰ ਕਪੜੇ ਤੇ ਮਠਿਆਈ ਮਾਲੀ

ਸਿਰ ਨੂੰ ਹਿਲੋਰੇ ਦੇਣੇ । ਇਸ ਤਰ੍ਹਾਂ ਕਰਨ ਨਾਲ ਚਿਹਰੇ ਉਤੇ ਜਲਾਲ ਆ ਜਾਂਦਾ ਹੈ ਤੇ ਅੱਖੀਆਂ ਵਿਚ ਖੁਮਾਰੀ । ਲੋਕੀ ਸਮਝਦੇ ਹਨ ਕਿ ਉਸ ਵਿਚ ਕੋਈ ਦੈਵੀ ਸਕਤੀ ਪ੍ਰਗਟ ਹੋ ਗਈ ਹੈ ।

ਦੇਵੀ ਮਾਤਾ ਦੀ ਪੂਜਾ ਕਰਨ ਵਾਲਿਆਂ ਦਾ ਵਿਸ਼ਵਾਸ ਹੈ ਕਿ ਜਦੋਂ ਕਿਸੇ ਕੰਨਿਆਂ/ਤੀਵੀਂ ਵਿਚ ਦੇਵੀ ਪ੍ਰਵੇਸ ਕਰਦੀ ਹੈ ਤਾਂ ਉਹ ਮਸਤੀ ਵਿਚ ਆ ਕੇ ਝੂੰਮਦੀ ਅਥਵਾ ਝੂੱਲਦੀ ਹੈ । ਜਦੋਂ ਉਸ ਦੇ ਅੰਦਰ ਦੇਵੀ ਪ੍ਰਗਟ ਹੁੰਦੀ ਹੈ ਤਾਂ ਉਸ ਦਾ ਚਿਹਰਾ ਦੇਵੀ ਆਭਾ ਵਾਲਾ ਹੋ ਜਾਂਦਾ ਹੈ । ਦੇਵੀ ਦੇ ਪੁਜਾਰੀ, ਇਸ ਮੌਕੇ ਉਤੇ ਉਸ ਤੋਂ ਪ੍ਰਸ਼ਨ ਪੁੱਛਦੇ ਹਨ, ਜਿਨ੍ਹਾਂ ਦੇ ਉੱਤਰ ਝੁਲਣ ਵਾਲੀ ਕੰਨਿਆਂ/ਤੀਵੀਂ ਸਹਿਜ ਭਾਵ ਵਿਚ ਦੇਂਦੀ ਹੈ । ਧਾਰਨਾ ਹੈ ਕਿ ਪ੍ਰਸ਼ਨਾਂ ਦੇ ਉੱਤਰ ਉਸ ਤੀਵੀਂ ਦੇ ਮਾਧਿਅਮ ਦੁਆਰਾ ਦੇਵੀ ਖੁਦ ਦੇਂਦੀ ਹੈ ਅਤੇ ਹਰ ਭਵਿਖਬਾਣੀ ਠੀਕ ਨਿਕਲਦੀ ਹੈ ।

ਝੁੱਲਣ ਵਾਲੀ ਤੀਵੀਂ ਨੂੰ ਸ਼ਰਧਾਲੂ 'ਮਾਤਾ' ਦੇ ਆਦਰਯੋਗ ਸ਼ਬਦ ਨਾਲ ਸੰਬੋਧਨ ਕਰਦੇ ਹਨ । ਉਸ ਨੂੰ ਭੇਟਾ ਚਾੜ੍ਹਦੇ ਤੇ ਪ੍ਰਨਾਮ ਕਰਦੇ ਹਨ ।

(ਝ-37) **ਝੇਟੰਡਾ** :

ਕਾਂਗੜੇ ਵਿਚ ਵਸਦੇ ਕਬੀਲਿਆਂ ਵਿਚ ਪ੍ਰਥਾ ਹੈ ਕਿ ਜੇਠੇ ਪੁਤਰ ਨੂੰ ਬਾਕੀ ਪੁਤਰਾਂ ਨਾਲੋਂ, ਵਿਰਸੇ ਵਿਚੋਂ ਕੁਝ ਹਿੱਸਾ ਜ਼ਿਆਦਾ ਦਿਤਾ ਜਾਂਦਾ ਹੈ । ਇਹ ਵਾਧੂ ਹਿੱਸਾ ਝੇਟੰਡਾ ਅਖਵਾਉਂਦਾ ਹੈ । ਝੇਟੰਡਾ ਆਮ ਤੌਰ 'ਤੇ ਖੇਤ, ਗਊ ਜਾਂ ਬਲਦ ਆਦਿ ਦੀ ਸ਼ਕਲ ਵਿਚ ਦਿਤਾ ਜਾਂਦਾ ਹੈ ।

ਗੱਦੀਆਂ ਵਿਚ ਇਕ ਲੜਕੇ ਨੂੰ ਵਿਰਸੇ ਵਿਚ ਵੀਹ ਫੀਸਦੀ ਝੇਟੰਡਾ ਮਿਲਦਾ ਹੈ, ਪਰ ਜੇ ਪਿਉ ਦੇ ਸਿਰ ਕਰਜ਼ਾ ਹੋਵੇ ਤਾਂ ਜੇਠੇ ਪੁੱਤਰ ਨੂੰ, ਬਾਕੀ ਭਰਾਵਾਂ ਦੇ ਹਿਸੇ ਨਾਲੋਂ ਕੁਲ ਰਿਣ ਦਾ ਵੀਹ ਫ਼ੀਸਦੀ ਵਧੇਰੇ ਉਤਾਰਨਾ ਪੈਂਦਾ ਹੈ ।

ਕਾਂਗੜੇ ਵਿਚ ਜੇ ਕਿਸੇ ਸ਼ਖ਼ਸ ਨੇ ਇਕ ਤੋਂ ਵਧੀਕ ਤੀਵੀਆਂ ਨਾਲ ਵਿਆਹ ਕੀਤਾ ਹੋਵੇ, ਤਾਂ ਅਲਾਦ ਵਿਚ ਵਿਰਸੇ ਦੀ ਵੰਡ 'ਚੂਣੇ ਵੰਡ' ਦੀ ਵਿਧੀ ਨਾਲ ਕੀਤੀ ਜਾਂਦੀ ਹੈ ਨਾ ਕਿ ਪਗ-ਵੰਡ ਰਾਹੀਂ । ਕਾਂਗੜੇ ਦੇ ਸਭ ਕਬੀਲਿਆਂ ਵਿਚ, ਗਦੀਆਂ ਨੂੰ ਛਡ ਕੇ, 'ਚੂਣੇ-ਵੰਡ' ਹੀ ਪ੍ਰਚਲਤ ਹੈ । ਪਰ ਗਦੀਆਂ ਵਿਚ ਪੱਗ-ਵੰਡ ਦਾ ਰਵਾਜ ਹੈ ।

(ਝ-38) **ਝੋਕ** :

ਹਨ। ਇਨ੍ਹਾਂ ਨੂੰ 'ਝੋਕ' ਕਿਹਾ ਜਾਂਦਾ ਹੈ। ਝੰਗ ਦੇ ਇਲਾਕੇ ਵਿਚ ਊਠਾਂ ਵਾਲਿਆਂ ਦੀਆਂ ਝੁਗੀਆਂ, ਜੋ ਪਿੰਡੋਂ ਲਾਂਭੇ ਹੁੰਦੀਆਂ ਹਨ, ਨੂੰ ਵੀ 'ਝੋਕ' ਆਖਦੇ ਹਨ।

ਧਨੀ ਪੋਠੋਹਾਰ ਦੇ ਇਲਾਕੇ ਵਿਚ ਇਨ੍ਹਾਂ ਝੁਗੀਆਂ ਨੂੰ 'ਢੋਕ' ਕਿਹਾ ਜਾਂਦਾ ਹੈ (ਵੇਖੋ : ਢੋਕ)।

(ਅ) ਲੰਮੀ ਹੇਕ ਵਿਚ ਗਾਇਆ ਜਾਣ ਵਾਲਾ, ਵੈਰਾਗ ਦਾ ਗੀਤ। ਝੋਕ ਵਿਚ ਬਿਰ੍ਹੋਂ ਦੀ ਮਿਠੀ ਮਿਠੀ ਪੀੜ ਦੇ ਵਰਨਣ ਦੇ ਨਾਲ ਗਿਲੇ-ਸ਼ਿਕਵੇ ਵੀ ਹੁੰਦੇ ਹਨ। ਮਾਹੀ ਤੋਂ ਵਿਛੜ ਕੇ ਮੁਟਿਆਰ ਬਿਰ੍ਹੋਂ ਦੇ ਮਠੇ ਸੇਕ ਵਿਚ ਰਿਝਦੀ, ਵੈਰਾਗ ਦੀ ਮੂਰਤ ਬਣੀ ਜਿਵੇਂ ਆਪਣੀ ਵੇਦਨਾ ਸਾਕਾਰ ਕਰ ਰਹੀ ਹੋਵੇ, ਇਨ੍ਹਾਂ ਗੀਤਾਂ ਵਿਚੋਂ 'ਢੋਲੇ' ਵਾਲੀ ਮਿਠਾਸ ਤੇ 'ਮਾਹੀਏ' ਵਾਲੀ ਮਧੁਰਤਾ ਹੈ।

ਝੋਕ ਦਾ ਕਾਵਿ-ਰੂਪ ਬੜਾ ਪੁਰਾਣਾ ਹੈ। ਲਹਿੰਦੇ ਦੇ ਇਲਾਕੇ ਵਿਚ, ਜੋ ਝੋਕਾਂ ਪ੍ਰਚਲਤ ਹਨ, ਉਨ੍ਹਾਂ ਵਿਚ ਕੋਈ ਬਝਵਾਂ ਛੰਦ ਨਹੀਂ ਮਿਲਦਾ। ਕੋਈ ਵੀ ਪਿਆਰ ਦੇ ਵਿਸ਼ੇ ਜਾਂ ਵੈਰਾਗ ਦਾ ਗੀਤ, ਜੋ ਲਮਕਵੀਂ ਸੁਰ ਵਿਚ ਗਾਇਆ ਜਾਵੇ 'ਝੋਕ' ਹੈ। ਇਨ੍ਹਾਂ ਗੀਤਾਂ ਵਿਚ ਪ੍ਰੇਮਕਾ ਆਪਣੇ ਮਾਹੀ ਨੂੰ ਸੰਬੋਧਨ ਕਰ ਕੇ ਆਪਣੀਆਂ ਭਾਵਨਾਵਾਂ ਵਿਅਕਤ ਕਰਦੀ ਹੈ।

ਲਹਿੰਦੇ ਵਿਚ ਝੋਕ ਪਿੰਡੋਂ ਲਾਂਭੇ ਤੇ ਕੁਝ ਦੁਰਾਡੇ ਦੀਆਂ ਉਨ੍ਹਾਂ ਝੁਗੀਆਂ ਦੇ ਸਮੂਹ ਨੂੰ ਕਹਿੰਦੇ ਹਨ, ਜਿਥੇ ਖੇਤਾਂ ਵਿਚ ਕੰਮ ਕਰਨ ਵਾਲੇ ਕਾਮੇ ਤੇ ਕਿਸਾਨ ਆਦਿ ਵਸਦੇ ਹਨ। ਜਿਵੇਂ 'ਮਾਹੀ' ਤੇ 'ਮਹੀਂਵਾਲ' ਦੇ ਸ਼ਬਦ 'ਪ੍ਰੀਤਮ' ਦੇ ਬੋਧਿਕ ਹਨ, ਇਸੇ ਤਰ੍ਹਾਂ 'ਝੋਕ' ਸ਼ਬਦ ਪ੍ਰੀਤਮ ਦੇ ਰਹਿਣ ਦੇ ਠਿਕਾਣੇ ਦਾ ਬੋਧ ਕਰਵਾਉਂਦਾ ਹੈ।

ਝੋਕ ਕਾਵਿ-ਰੂਪ ਵਿਚ ਮਾਹੀ ਨੂੰ ਸੰਬੋਧਨ ਕਰ ਕੇ ਕੋਈ ਦਿਲੀ ਪੀੜ ਜਾਂ ਵੇਦਨਾ ਵਿਅਕਤ ਕੀਤੀ ਗਈ ਹੋਵੇ। ਕੁਝ ਝੋਕਾਂ ਤਾਂ 'ਝੋਕ' ਸ਼ਬਦ ਤੋਂ ਹੀ ਸ਼ੁਰੂ ਹੁੰਦੀਆਂ ਹਨ। ਜਿਵੇਂ ਹੇਠਲੀ ਪ੍ਰਸਿਧ ਝੋਕ :

ਝੋਕ ਮੇਰੇ ਰਾਂਝਣ ਵਾਲੀ, ਕਿਤਨੀ ਕੁ ਦੂਰ ਵੇ,
ਅੱਖੀਆਂ ਤੋਂ ਨੇੜੇ ਨੇੜੇ, ਕਦਮਾਂ ਤੋਂ ਦੂਰ ਵੇ।
ਝੋਕ ਮੇਰੇ ਰਾਂਝੇ ਵਾਲੀ, ਮਿਲ ਮਝੀ ਵਾਲਿਆ।
ਤੇਰੇ ਵਿਛੋੜੇ ਮੇਰਾ, ਤਨ ਮਨ ਜਾਲਿਆ।

ਪਰ ਕੁਝ ਕੁ ਝੋਕਾਂ ਵਿਚ 'ਝੋਕ' ਸ਼ਬਦ ਵਰਤਿਆ ਨਹੀਂ ਮਿਲਦਾ।

ਚੋਰੀ ਵਾਲੇ ਘਰ ਵਿਚ ਬਹੁਤਾ ਆਉਣਾ ਜਾਣਾ ਹੋਵੇ, ਜਾਂ ਜਿਨ੍ਹਾਂ ਉਤੇ ਮਹੱਲੇ ਦੇ ਲੋਕਾਂ ਉਤੇ ਚੋਰੀ ਦਾ ਸ਼ੱਕ ਹੋਵੇ, ਉਹ ਸਭ ਹਨੇਰੇ ਪਏ ਆਪਣੀ ਝੋਲੀ ਵਿਚ ਮਿੱਟੀ ਭਰ ਕੇ ਜਿਸ ਘਰੋਂ ਚੋਰੀ ਹੋਈ ਹੈ, ਉਥੇ ਇਕ ਥਾਂ ਢੇਰ ਲਗਾਈ ਜਾਂਦੇ ਹਨ। ਜਦੋਂ ਸਭ ਲੋਕੀਂ ਮਿੱਟੀ ਸੁਟ ਜਾਂਦੇ ਹਨ ਤਾਂ ਮਿੱਟੀ ਨੂੰ ਫੋਲ ਕੇ ਵੇਖਿਆ ਜਾਂਦਾ ਹੈ। ਕਈ ਵਾਰੀ ਚੋਰੀ ਹੋਈ ਚੀਜ਼ ਮਿਲ ਜਾਂਦੀ ਹੈ। ਝੋਲ ਸੁਟਣ ਦਾ ਮਤਲਬ ਇਹ ਹੁੰਦਾ ਹੈ ਕਿ ਜਿਨ੍ਹਾਂ ਉਤੇ ਚੋਰੀ ਦਾ ਸ਼ੱਕ ਹੋਵੇ, ਉਹ ਪਰਦੇ ਨਾਲ ਢੇਰੀ ਵਿਚ ਚੀਜ਼ ਸੁਟ ਜਾਵੇ। ਇਸ ਤਰ੍ਹਾਂ ਚੀਜ਼ ਵੀ ਮਿਲ ਜਾਂਦੀ ਹੈ ਤੇ ਜਿਸ ਚੋਰੀ ਕੀਤੀ ਹੁੰਦੀ ਹੈ ਉਸ ਦਾ ਪਰਦਾ ਵੀ ਢਕਿਆ ਰਹਿੰਦਾ ਹੈ।

**(ਝ-40) ਝੋਲੀ :**

(ੳ) ਸਗਾਈ ਨਾਲ ਸਬੰਧਿਤ ਇਕ ਰਸਮ: ਕੰਨਿਆਂ ਪੱਖ ਵਾਲੇ ਵਰ ਪੱਖ ਦੇ ਘਰ ਆਉਂਦੇ ਹਨ। ਕੰਨਿਆਂ ਦਾ ਪਿਓ ਵਰ ਦੀ ਝੋਲੀ ਵਿਚ ਰੁਪਏ ਤੇ ਸੁਗਾਤਾਂ ਪਾਉਂਦਾ ਹੈ। ਫਿਰ ਉਸ ਦੇ ਮੱਥੇ ਉਤੇ ਕੇਸਰ ਦਾ ਟਿਕਾ ਲਗਾਂਦਾ ਹੈ। ਪਹਿਲਿਆਂ ਵਿਚ ਆਮ ਲੋਕੀਂ ਇਕ ਰੁਪਿਆ ਝੋਲੀ ਵਿਚ ਪਾਉਂਦੇ ਸਨ। (ਇਬਟਸਨ ਸੈਨਸਿਜ਼ ਰਿਪੋਰਟ 1883, 127) ਅਨੁਸਾਰ ਝੋਲੀ ਵੇਲੇ ਇਕ ਰੁਪਿਆ ਦਿਤਾ ਜਾਂਦਾ। ਇਸ ਰੁਪਏ ਨੂੰ, ਸਾਰੀ ਰਾਤ ਉਸ ਦੁੱਧ ਵਿਚ ਰਖਿਆ ਜਾਂਦਾ, ਜਿਸ ਨੂੰ ਸਵੇਰੇ ਮੱਖਣ ਲਈ ਰਿੜਕਣਾ ਹੁੰਦਾ। ਕੁੱਲ-ਪ੍ਰੋਹਿਤ ਇਸ ਰੁਪਏ ਨੂੰ ਚੁਕਦਾ ਤੇ ਉਸ ਦੇ ਨਾਲ ਨਾਈ ਹੁੰਦਾ, ਜਿਸ ਦੇ ਹਥ ਵਿਚ ਲੰਗੋਟੀ ਤੇ ਨਰੇਲ ਹੁੰਦਾ। ਇਹ ਸਭ ਚੀਜ਼ਾਂ ਵਰ ਦੀ ਝੋਲੀ 'ਚ ਪਾ ਦਿਤੀਆਂ ਜਾਂਦੀਆਂ।

(ਅ) ਮੁਹੱਰਮ ਦੇ ਦਿਨੀਂ ਸ਼ੀਆ ਮੁਸਲਮਾਨ ਆਪਣੇ ਬੱਚਿਆਂ ਦੇ ਗਲੇ ਵਿਚ ਹਰੀ ਜਿਹੀ ਥੈਲੀ ਸ਼ੁਭ ਜਾਣ ਕੇ ਲਟਕਾ ਦਿੰਦੇ ਹਨ, ਇਸ ਨੂੰ ਵੀ 'ਝੋਲੀ' ਕਿਹਾ ਜਾਂਦਾ ਹੈ।

(ੲ) ਸਾਧੂਆਂ ਤੇ ਫ਼ਕੀਰਾਂ ਦੀ ਭਿਖਿਆ ਮੰਗਣ ਵਾਲੀ ਥੈਲੀ।

**(ਝ-41) ਝੋਲੀ ਪਾਉਣਾ :**

ਉਪਜਾਇਕਤਾ ਦੀ ਇਕ ਰੀਤ ਜੋ ਸਹਾਨੁਭੂਤੀ ਟੂਣੇ 'ਤੇ ਆਧਾਰਤ ਹੈ। ਨਿਸਚਾ ਹੈ ਕਿ ਬੱਚੇ ਨੂੰ ਗੋਦ ਲੈਣ ਨਾਲ, ਗੋਦ ਲੈਣ ਵਾਲੀ ਤੀਵੀਂ ਦੀ ਜਣਨ-ਸ਼ਕਤੀ ਬਲਵਾਨ ਹੁੰਦੀ ਹੈ ਤੇ ਉਸ ਦੀ ਕੁਖੋਂ ਛੇਤੀ ਬੱਚਾ ਜਨਮ ਲੈਂਦਾ ਹੈ। ਵਿਆਹ ਦੀਆਂ ਰਸਮਾਂ ਰੀਤਾਂ ਵਿਚ 'ਝੋਲੀ ਪਾਉਣ' ਦੀ

# ਟ

**(ਟ-1) ਟਉਆ :**

ਮਿੱਟੀ ਦੀ ਗੋਲ ਠੀਕਰੀ, ਜਿਸ ਨਾਲ ਬੱਚੇ 'ਸਮੁੰਦਰ ਟਾਪੂ' ਖੇਡਦੇ ਹਨ, ਨੂੰ ਪੁਆਧ ਵਿਚ ਟਉਆ ਕਹਿੰਦੇ ਹਨ। ਟਉਆ ਘੜੇ ਦੀਆਂ ਟੁਟੀਆਂ ਠੀਕਰਾਂ ਨੂੰ ਗੋਲ ਭੰਨ ਕੇ ਤੇ ਪਕੇ ਫ਼ਰਸ਼ ਉਤੇ ਰਗੜ ਕੇ ਬਣਾਇਆ ਜਾਂਦਾ ਹੈ। ਇਸ ਨੂੰ 'ਠੀਪਾਂ' ਵੀ ਕਿਹਾ ਜਾਂਦਾ ਹੈ। ਇਸ ਠੀਕਰੀ ਨੂੰ ਚੁੰਮ ਕੇ ਖਿਡਾਰੀ ਖੇਡ ਸ਼ੁਰੂ ਕਰਦਾ ਹੈ।

**(ਟ-2) ਟਹਿਣੀ ਫੇਰਨਾ :**

ਝਾੜਾ ਜਾਂ ਹਥੋਲਾ ਕਰਨ ਲਗਿਆਂ ਜੋਗੀ/ਚੇਲੇ/ਸਿਆਣੇ ਰੋਗੀ ਨੂੰ ਆਪਣੇ ਸਾਹਮਣੇ ਬਿਠਾ ਕੇ ਮੰਤ੍ਰ ਪੜ੍ਹਦੇ ਤੇ ਫੂਕਾਂ ਮਾਰਦੇ ਹੋਏ ਕਿੱਕਰ ਦੀ ਟਹਿਣੀ ਨਾਲ, ਉਸ ਦਾ ਰੋਗ ਝਾੜਦੇ ਹਨ। ਇਸ ਨੂੰ 'ਟਹਿਣੀ ਫੇਰਨਾ' ਕਹਿੰਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਰੋਗ ਟਹਿਣੀ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਜੇ ਕੋਈ ਸ਼ਖ਼ਸ/ਜੀਅ ਇਸ ਟਹਿਣੀ ਨੂੰ ਛੂਹ ਲਏ ਤਾਂ ਰੋਗ ਉਸ ਨੂੰ ਚੰਬੜ ਜਾਂਦਾ ਹੈ।

**(ਟ-3) ਟੱਕ ਦੇਸ਼ :**

ਪੰਜਾਬ ਦਾ ਇਕ ਭੂਖੰਡ, ਜੋ ਝਨਾਂ ਤੇ ਬਿਆਸ ਵਿਚਕਾਰ ਸਥਿਤ ਹੈ। ਪ੍ਰਾਚੀਨ ਕਾਲ ਵਿਚ ਇਥੇ 'ਟੱਕਾ' ਨਾਉਂ ਦੀ ਜਾਤੀ ਦਾ ਪ੍ਰਭੁਤਵ ਚੋਖਾ ਚਿਰ ਰਿਹਾ, ਜਿਸ ਕਰਕੇ ਇਸ ਖੇਤਰ ਦਾ ਨਾਉਂ ਟੱਕ ਦੇਸ਼ ਤੇ ਇਥੋਂ ਦੀ ਭਾਸ਼ਾ ਦਾ ਨਾਉਂ 'ਟੱਕੀ' ਪੈ ਗਿਆ।

**(ਟ-4) ਟੱਕ ਲਾਉਣਾ :**

ਨਵਾਂ ਮਕਾਨ ਉਸਾਰਨ ਜਾਂ ਖੂਹ, ਤਲਾਬ, ਬਾਉਲੀ ਆਦਿ ਦੀ ਖੁਦਾਈ ਵੇਲੇ, ਪਹਿਲਾਂ ਜ਼ਮੀਨ ਉਤੇ ਕਹੀ ਨਾਲ ਰਸਮੀ ਢੰਗ ਨਾਲ ਟੱਕ ਲਗਾਇਆ ਜਾਂਦਾ ਹੈ। ਆਪੋ

ਸਿੱਖ ਭਾਈ ਨੂੰ। ਪਹਿਲੀਆਂ ਪੰਜ ਸਤ ਕਹੀਆਂ ਭਲੇ ਪੁਰਸ਼, ਕੁੱਲ ਦੇ ਵਡਿਕੇ ਜਾਂ ਸਾਧ ਸੰਤ ਲਗਵਾਈਆਂ ਜਾਂਦੀਆਂ ਹਨ। ਬੂੰਦੀ, ਲਡੂ ਜਾਂ ਪਤ ਮਿਠਾ ਪ੍ਰਸਾਦਿ ਵੰਡਿਆ ਜਾਂਦਾ ਹੈ ਤਾਂ ਜੋ ਦੇਵਤਿ ਮਿਹਰ ਹੋਵੇ ਤੇ ਪਾਣੀ ਮਿੱਠਾ ਨਿਕਲੇ। ਵਿਸ਼ਵਾਸ ਇਸ ਤਰ੍ਹਾਂ ਕੰਮ ਸਫਲਤਾ ਨਾਲ ਸਿਰੇ ਚੜ੍ਹਦਾ ਇਸ ਥਾਂ 'ਤੇ ਰਹਿਮਤ ਰਹਿੰਦੀ ਹੈ। ਇਹ ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ।

**(ਟ-5) ਟੱਕਾ :**

ਪੰਜਾਬ ਦੀ ਇਕ ਪ੍ਰਾਚੀਨ ਜਾਤੀ, ਜਿਸ ਦੇ ਅਸਲੇ ਮਾਨਵ-ਸ਼ਾਸਤ੍ਰੀਆਂ ਦੀਆਂ ਭਿੰਨ ਭਿੰਨ ਰਾਵਾਂ ਹਨ। ਜਾਤੀ ਦਾ ਪ੍ਰਭੁਤਵ ਜਿਸ ਖੇਤਰ 'ਤੇ ਰਿਹਾ, ਉ 'ਟੱਕਾ ਦੇਸ਼' ਕਿਹਾ ਜਾਣ ਲਗਾ। ਇਨ੍ਹਾਂ ਦੀ ਭ ਟੱਕਾ ਤੇ ਲਿਪੀ ਨੂੰ ਟਾਕਰੀ ਕਿਹਾ ਜਾਂਦਾ ਹੈ। ਪੰਜ ਪ੍ਰਾਚੀਨ ਨਗਰ ਤਖਸ਼ਿਲਾ ਇਸੇ ਜਾਤੀ ਦਾ ਵਸ ਹੋਇਆ ਹੈ।

ਟੱਕੇ ਕਿਸ ਜਾਤੀ ਤੇ ਨਸਲ ਵਿਚੋਂ ਸਨ ? ਇਸ ਅਨੇਕਾਂ ਮਤ ਪ੍ਰਚਲਤ ਹਨ। ਜਨਰਲ ਕਨਿੰਘਮ ਅ ਟੱਕੇ ਉਨ੍ਹਾਂ ਮੁਢਲੇ ਅਬਾਦਕਾਰਾਂ ਵਿਚੋਂ ਸਨ, ਜੋ ਅ ਜਾਤੀ ਤੋਂ ਬਾਅਦ ਅੱਟਕ ਦੇ ਇਲਾਕੇ ਵਿਚ ਵਸੇ ( ਗਜ਼ਟੀਅਰ, ਪੰਨਾ 34)। ਇਨ੍ਹਾਂ ਦੀ ਚੜ੍ਹਤ ਜਿਹ ਅੱਟਕ ਦਰਿਆਵਾਂ ਦੇ ਵਿਚਕਾਰਲੇ ਦੁਆਬੇ ਵਿਚ ਜਿਸ ਨੂੰ ਸਿੰਧ ਸਾਗਰ ਦੁਆਬ ਕਿਹਾ ਜਾਂਦਾ ਹੈ। ਦੁਆਬੇ ਵਿਚ ਤਖਸ਼ਿਲਾ ਸ਼ਹਿਰ ਟੱਕਿਆਂ ਨੇ ਹੀ ਵਸ ਜੋ ਸਿਕੰਦਰ ਦੇ ਹੱਲੇ ਸਮੇਂ ਘੁਗ ਵਸਦਾ ਸੀ। ਜ ਕਨਿੰਘਮ ਅਨੁਸਾਰ ਟੱਕੇ ਜ਼ਾਤ ਨਸਲ ਦੇ ਤੂਰਾਨੀ ਸਨ, ਨੂੰ ਦਾਰਾ ਹਿਸਟਸਪਿਸ (Darius Hystaspis) ਦੇ

ਈਸਵੀ ਵਿਚ ਤਖਸਿਲਾ ਦਾ ਜਿਲਾ ਅਮਿੰਦਾ ਜਾਂ ਅਮੰਦਰਾ ਦੇ ਨਾਉਂ ਨਾਲ ਪ੍ਰਸਿੱਧ ਸੀ, ਜੋ ਸਾਡਾ ਧਿਆਨ ਅਜੋਕੇ ਅਵਾਣਾਂ ਤੇ ਉਨ੍ਹਾਂ ਦੇ ਦੇਸ਼ ਅਵਾਣਕਾਰੀ ਵਲ ਲੈ ਜਾਂਦਾ ਹੈ। ਦੂਜਾ, ਸਿਕੰਦਰ ਦੇ ਹੱਲੇ ਸਮੇਂ ਅਵਾਣਾਂ ਦਾ ਤਖਸਿਲਾ ਉਤੇ ਕਬਜਾ ਸੀ ਤੇ ਦੋ ਕੁ ਸਦੀਆਂ ਮਗਰੋਂ ਅਵਾਣਾਂ ਨੂੰ ਇੰਡੋ-ਸਿਥੀਅਨ ਨੇ ਉਥੋਂ ਕਢ ਦਿਤਾ ਸੀ।

ਪਰ ਇਲੀਅਟ ਇਸ ਗੱਲ ਨਾਲ ਸਹਿਮਤ ਨਹੀਂ। ਉਸ ਦਾ ਵਿਚਾਰ ਹੈ ਕਿ ਸਿਕੰਦਰ ਦੇ ਹੱਲੇ ਤੋਂ ਲੈ ਕੇ ਫਾ-ਹਿਯਾਨ ਦੀ ਯਾਤ੍ਰਾ ਸਮੇਂ ਤਕ, ਇਕੋ ਜਾਤੀ ਇਸ ਭੂਖੰਡ ਵਿਚ ਰਹਿੰਦੀ ਸੀ। ਉਹ ਇਸ ਦੇ ਸਬੂਤ ਵਿਚ ਇਹ ਦਲੀਲ ਦੇਂਦਾ ਹੈ ਕਿ ਇਸ ਇਲਾਕੇ ਵਿਚ ਸਿਕੰਦਰ ਦੇ ਹੱਲੇ ਸਮੇਂ, ਜੋ ਜਾਤੀ ਵਸਦੀ ਸੀ, ਉਸ ਵਿਚ ਇਹ ਰਿਵਾਜ ਸੀ ਕਿ ਤਿੰਨ ਦਿਨ ਤਾਂ ਮਹਿਮਾਨ ਦੀ ਖ਼ਾਤਰ ਕੀਤੀ ਜਾਂਦੀ, ਪਰ ਚੌਥੇ ਦਿਨ ਉਸ ਨੂੰ ਵਿਦਾ ਕਰ ਦਿਤਾ ਜਾਂਦਾ। ਇਹੋ ਪ੍ਰਥਾ ਇਥੋਂ ਦੇ ਲੋਕਾਂ ਵਿਚ, ਫਾ-ਹਿਯਾਨ ਦੇ ਸਮੇਂ ਵੀ ਪ੍ਰਚਲਤ ਸੀ। ਇਸ ਤੋਂ ਖ਼ਿਆਲ ਕੀਤਾ ਜਾਂਦਾ ਹੈ ਕਿ ਇਕੋ ਜਾਤੀ ਸਿਕੰਦਰ ਤੋਂ ਲੈ ਕੇ ਫਾ-ਹਿਯਾਨ ਦੇ ਸਮੇਂ ਤਕ ਇਥੇ ਵਸਦੀ ਰਹੀ। ਪੰਜਾਬੀ ਵਿਚ ਵੀ ਅਖਾਣ ਹੈ: 'ਇਕ ਦਿਨ ਤਾਂ ਮਹਿਮਾਨ, ਦੂਜੇ ਦਿਨ ਬੇਈਮਾਨ, ਤੀਜੇ ਦਿਨ ਸ਼ੈਤਾਨ।'

ਹਿਉਨ ਸਾਂਗ ਨੇ ਆਪਣੇ ਸਫਰਨਾਮੇ ਵਿਚ Tse Kia (ਟੱਕੀ) ਦੇ ਰਾਜ ਦਾ ਜ਼ਿਕਰ ਕੀਤਾ ਹੈ, ਜੋ ਉਸ ਦੇ ਕਥਨ ਅਨੁਸਾਰ ਅਟਕ ਤੋਂ ਲੈ ਕੇ ਬਿਆਸ ਤਕ ਦੇ ਮੈਦਾਨੀ ਖੇਤਰ ਅਤੇ ਪਹਾੜਾਂ ਦੇ ਪੈਰਾਂ ਤੋਂ ਲੈ ਕੇ ਮੁਲਤਾਨ ਦੇ ਹੇਠਾਂ ਵਲ ਪੰਜਾਂ ਦਰਿਆਵਾਂ ਦੇ ਸੰਗਮ ਤਕ ਫੈਲਿਆ ਹੋਇਆ ਸੀ। ਕਨਿੰਘਮ ਅਨੁਸਾਰ ਚੀਨੀ ਸ਼ਬਦ Tse Kia ਜੋ ਹਿਉਨ ਸਾਂਗ ਨੇ ਵਰਤਿਆ ਹੈ, ਉਹ ਸੰਸਕ੍ਰਿਤ ਦੀ ਮੂਰਧਨੀ 'ਟ' ਨੂੰ ਪ੍ਰਗਟ ਕਰਦਾ ਹੈ ਤੇ ਇਸ ਤਰ੍ਹਾਂ Tse Kia ਦਾ ਉਚਾਰਨ ਟਕੀ ਬਣਦਾ ਹੈ। ਸੋ, ਸਤਵੀਂ ਸਦੀ ਵਿਚ ਟੱਕੀ ਪੰਜਾਬ ਦੇ ਰਾਜ ਦੀ ਨਾਉਂ ਸੀ ਤੇ ਰਾਜਧਾਨੀ ਵੀ। ਇਨ੍ਹਾਂ ਵਲੋਂ ਚਲਾਇਆ ਸਿੱਕਾ 'ਟੱਕਾ' ਦੇ ਨਾਂ ਨਾਲ ਪ੍ਰਸਿਧ ਸੀ।

## (ਟ-6) ਟਟਹਿਣਾ :

ਜੁਗਨੂੰ ਜੋ ਰਾਤ ਵੇਲੇ ਦੀਵੇ ਵਾਂਗ ਟਿਮ-ਟਿਮਾਂਦਾ ਹੈ। ਇਸ ਦੀ ਹੋਂਦ ਬਾਰੇ ਇਕ ਮਿੱਥ ਪ੍ਰਚਲਤ ਹੈ। ਇਕ ਪ੍ਰਾਣੀ ਨੇ ਸੂਰਜ ਦਿਉਤੇ ... ਘਰ ਵਿਚ ਲਛਮੀ ਆਉਂਦੀ ਤੇ ਖੁਸ਼ਹਾਲੀ ਵਧਦੀ ਹੈ। ਕਈ ਹਿੰਦੂ ਇਸ ਨੂੰ 'ਦੇਵੀ ਦਾ ਦੀਵਾ' ਕਹਿੰਦੇ ਹਨ ਤੇ ਮੁਸਲਮਾਨ 'ਪੀਰ ਦਾ ਦੀਵਾ'।

## (ਟ-7) ਟਟੀਹਰੀ :

(ੳ) ਬੱਚਿਆਂ ਦਾ ਇਕ ਖਿਡੌਣਾ, ਜਿਸ ਨੂੰ ਹੱਥ ਵਿਚ ਫੜ ਕੇ ਘੁਮਾਉਣ ਨਾਲ ਟੀਂ ਟੀਂ ਦੀ ਧੁਨੀ ਨਿਕਲਦੀ ਹੈ।

(ਅ) ਬੱਚਿਆਂ ਦਾ ਰਿਹੜੇ ਦੀ ਸ਼ਕਲ ਦਾ ਇਕ ਖਿਡੌਣਾ। ਹੇਠਾਂ ਦੋ ਪਹੀਏ ਲਗੇ ਹੁੰਦੇ ਹਨ ਤੇ ਉਪਰ ਕਾਨਿਆਂ ਦੀ ਡਫ ਬਣਾ ਕੇ ਕਾਗਜ਼ ਮੜ੍ਹਿਆ ਹੁੰਦਾ ਹੈ। ਪਿਛੇ ਦੋ ਕਾਨੇ ਬੱਧੇ ਹੁੰਦੇ ਹਨ, ਬੱਚੇ ਇਸ ਨਾਲ ਡੋਰੀ ਬੰਨ੍ਹ ਕੇ, ਜਦੋਂ ਚਲਾਂਦੇ ਹਨ ਤੇ ਦੋਵੇਂ ਕਾਨੇ ਵਾਰੋ ਵਾਰੀ ਡਫ ਉਤੇ ਵਜਦੇ ਹਨ ਤੇ ਟੀਂ ਟੀਂ ਦੀ ਧੁਨੀ ਨਿਕਲਦੀ ਹੈ। ਟਟੀਹਰੀ ਵਾਂਗ ਚਲਣ ਕਰਕੇ ਖਿਡੌਣੇ ਦਾ ਨਾਂ 'ਟਟੀਹਰੀ' ਪੈ ਗਿਆ।

(ੲ) ਇਕ ਛੋਟੀ ਜਿਹੀ ਚਿੜੀ ਜਿਸ ਦੀਆਂ ਲੱਤਾਂ ਲੰਮੀਆਂ ਹੁੰਦੀਆਂ ਹਨ। ਇਹ ਚਿੜੀ ਨਦੀ ਨਾਲਿਆਂ, ਛਪੜਾਂ ਤੇ ਦਰਿਆਵਾਂ ਦੇ ਕੰਢੇ ਫੁਦਕਦੀ ਰਹਿੰਦੀ ਹੈ। ਧਾਰਨਾ ਹੈ ਕਿ ਟਟੀਹਰੀ ਰਾਤ ਵੇਲੇ ਲੱਤਾਂ ਉਪਰ ਅਸਮਾਨ ਵਲ ਉੱਚੀਆਂ ਕਰ ਕੇ ਸੌਂਦੀ ਹੈ। ਇਸ ਦਾ ਵਹਿਮ ਹੈ ਕਿ ਰਾਤ ਨੂੰ ਆਕਾਸ਼ ਹੇਠਾਂ ਡਿਗ ਪਿਆ ਤਾਂ ਉਹ ਆਪਣੀਆਂ ਲੱਤਾਂ ਨਾਲ ਥੰਮ ਲਏਗੀ।

ਜਦੋਂ ਕੋਈ ਸ਼ਖ਼ਸ ਆਪਣੀ ਹੈਸੀਅਤ ਤੋਂ ਵਧ ਵਿਖਾਵਾ ਕਰੇ ਤਾਂ ਉਸ ਲਈ ਟਟੀਹਰੀ ਦਾ ਪ੍ਰਤੀਕ ਵਰਤਿਆ ਜਾਂਦਾ ਹੈ।

ਅਖਾਣ : ਹੰਸਾਂ ਨਾਲ ਟਟੀਹਰੀ ਕਿਉਂ ਪਹੁੰਚੇ ਦੌੜੀ।

ਟਟੀਹਰੀ ਬੜੀ ਫੁਰਤੀਲੀ ਚਿੜੀ ਹੈ। ਧਾਰਨਾ ਹੈ ਕਿ ਜੇ ਸਫਰ ਕਰਨ ਲਗਿਆਂ, ਘਰੋਂ ਨਿਕਲਦਿਆਂ ਟਟੀਹਰੀ ਮਿਲ ਜਾਵੇ ਤਾਂ ਸ਼ੁਭ ਸ਼ਗਨ ਹੈ। ਸਫਰ ਛੇਤੀ ਮੁਕਦਾ ਹੈ।

## (ਟ-8) ਟੰਡਨ :

ਖਤ੍ਰੀਆਂ ਦੀ ਇਕ ਗੋਤ; ਟੰਡਨ ਸ਼ਬਦ ਸੰਸਕ੍ਰਿਤ ਦੇ ਮਾਰਤੰਡ ਦਾ ਵਿਗਾੜ ਹੈ, ਇਸ ਦੇ ਅਰਥ ਸੂਰਜ ਦੇ ਹਨ।

**(ਟ-9) ਟੱਪਾ :**

ਇਕ ਪੂਰਾ ਲਘੂ ਗੀਤ ਜਾਂ ਕਿਸੇ ਲੰਮੇ ਗੀਤ ਦਾ ਇਕ ਪੱਦਾ। ਪੰਜਾਬੀ ਦੇ ਕੁਝ ਲੋਕ-ਗੀਤ, ਖ਼ਾਸ ਤੌਰ ਉੱਤੇ 'ਮਾਹੀਆ' ਤੇ 'ਢੋਲਾ', ਇਕੋ ਟੱਪੇ ਦੇ ਹੁੰਦੇ ਹਨ ਅਤੇ ਇਨ੍ਹਾਂ ਨੂੰ ਤਰਤੀਬਵਾਰ 'ਮਾਹੀਏ ਦਾ ਟੱਪਾ' ਅਥਵਾ 'ਢੋਲੇ ਦਾ ਟੱਪਾ' ਵੀ ਕਹਿ ਲਿਆ ਜਾਂਦਾ ਹੈ। 'ਮਾਹੀਏ ਦਾ ਟੱਪਾ' ਤਾਂ ਤਿੰਨ ਸਤਰਾਂ ਦਾ ਹੁੰਦਾ ਹੈ, ਜੋ ਆਪਣੇ ਆਪ ਵਿਚ ਸੰਪੂਰਨ ਇਕਾਈ ਹੈ। ਢੋਲੇ ਦੇ ਟੱਪੇ ਤਿੰਨ ਜਾਂ ਜ਼ਿਆਦਾ ਸੱਤਰਾਂ ਦੇ ਵੀ ਹੁੰਦੇ ਹਨ।

ਪੰਜਾਬੀ ਦੇ ਬਹੁਤੇ ਲੰਮੇ ਗੀਤ ਛੋਟੇ ਛੋਟੇ ਟੱਪਿਆਂ ਤੇ ਬੰਦਾਂ ਵਿਚ ਹੁੰਦੇ ਹਨ। ਟੱਪਿਆਂ ਦੀ ਗਿਣਤੀ ਮਿਥੀ ਹੋਈ ਨਹੀਂ ਹੁੰਦੀ। ਕੋਈ ਗੀਤ ਦੋ ਟੱਪਿਆਂ ਦਾ ਹੈ ਤੇ ਕੋਈ ਦਸ ਟੱਪਿਆਂ ਦਾ ਵੀ। ਟੱਪਿਆਂ ਤੇ ਪੱਦਿਆਂ ਵਿਚ ਅੰਤਰ ਹੈ। ਭਾਵੇਂ ਟੱਪਾ ਤੇ ਪੱਦਾ ਦੋਵੇਂ ਹੀ, ਕਿਸੇ ਲੰਮੇ ਗੀਤ ਦੇ ਅੰਗ ਹੁੰਦੇ ਹਨ, ਪਰ ਟੱਪਾ ਕੋਈ ਸੰਪੂਰਨ ਇਕਾਈ ਹੁੰਦੀ ਹੈ, ਭਾਵ ਦੀਵੇ ਦੀ ਅਜਿਹੀ ਜੋਤ ਜੋ ਇਕਲਿਆਂ ਹੀ ਟਿਮਟਿਮਾਂਦੀ ਤੇ ਕੋਈ ਹੋਰ ਟੇਕ ਨਹੀਂ ਲਭਦੀ। ਟੱਪਾ ਜੇ ਕਿਸੇ ਲੰਮੇ ਗੀਤ ਦਾ ਹਿੱਸਾ ਵੀ ਹੋਵੇ ਤਾਂ ਵੀ ਉਹ ਆਪਣੇ ਆਪ ਵਿਚ ਸਵੈ-ਸੰਪੰਨ ਹੁੰਦਾ ਹੈ ਤੇ ਮੂਲ ਗੀਤ ਨਾਲੋਂ ਅੱਡ ਹੋ ਕੇ ਵੀ ਸੰਪੂਰਨ ਲਗਦਾ ਹੈ। ਪਰ ਪੱਦੇ ਬਾਰੇ ਇਹ ਨਹੀਂ ਕਿਹਾ ਜਾ ਸਕਦਾ। ਪੱਦਾ ਗੀਤ ਦੇ ਬਾਕੀ ਪਦਿਆਂ ਨਾਲੋਂ ਨਿਖੜ ਕੇ, ਗਊ ਤੋਂ ਵਿਛੜੇ ਵੱਛੇ ਵਾਂਗ ਲਗਦਾ ਹੈ।

ਗੀਤ ਦੀਆਂ ਸਵੈ-ਸੰਪੰਨ ਤੁਕਾਂ ਦਾ ਨਾਉਂ ਟੱਪਾ ਇਸ ਲਈ ਪਿਆ ਕਿ ਇਨ੍ਹਾਂ ਵਿਚ ਮਨ ਦੇ ਉਛਾਲ ਹੁੰਦੇ ਹਨ, ਜਿਵੇਂ ਗੇਂਦ ਜ਼ਿਮੀਂ ਨਾਲ ਛੂਹ ਕੇ ਉਪਰ ਵਲ ਬੁੜਕਦੀ ਹੈ, ਤਿਵੇਂ ਟੱਪੇ ਭਾਵ ਨਾਲ ਇਕ-ਰਸ ਹੋ ਕੇ ਮਨ ਨੂੰ ਤਰੰਗਤ ਕਰਦੇ ਤੇ ਉਛਾਲਦੇ ਹਨ।

**(ਟ-10) ਟੱਬਰ :**

ਪੰਜਾਬੀ ਸਮਾਜ ਦੀ ਪ੍ਰਥਮ ਇਕਾਈ ਟੱਬਰ ਹੈ। ਟੱਬਰ ਇਕੋ ਪ੍ਰਵਾਰ ਦੇ ਜੀਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਰੋਟੀ ਇਕ ਚੁਲ੍ਹੇ ਤੇ ਪਕਦੀ ਹੋਵੇ। ਕਈ ਵਾਰ ਤਾਂ ਇਹ ਟੱਬਰ ਪਤੀ-ਪਤਨੀ ਤੇ ਉਸ ਦੇ ਬੱਚਿਆਂ ਤਕ ਹੀ ਸੀਮਤ ਹੁੰਦਾ ਹੈ, ਪਰ ਸਾਂਝੇ ਪ੍ਰਵਾਰਾਂ ਵਿਚ ਟੱਬਰ ਇਤਨਾ ਵਿਆਪਕ ਹੁੰਦਾ ਹੈ ਕਿ ਇਸ ਵਿਚ ਪਤੀ ਪਤਨੀ, ਪਤੀ ਦੇ ਮਾਂ-ਪਿਓ

ਬਹੁ ਪੁੱਤੀਂ ਕੱਲ ਮਿਹਣਾ
ਬਹੁ ਮੀਂਹੀਂ ਕਣ ਘੱਟ।
ਜਿਤਨਾ ਟੱਬਰ, ਉਤਨਾ ਮੁਕਾਲਾ
ਜਿਤਨਾ ਕੱਪੜ ਉਤਨਾ ਪਾਲਾ।

ਦੋ ਪੁੱਤਰ ਤੇ ਇਕ ਧੀ ਨੂੰ ਆਦਰਸ਼ਕ ਟੱਬਰ ਮੰਨਿਆ ਗਿਆ ਹੈ :—

ਟੱਬਰ ਦਈਂ ਸਮੂਹਾਂ,
ਇਕ ਧੀ ਤੇ ਦੋ ਨੂੰਹਾਂ।

**(ਟ-11) ਟੱਮਕ :**

(ੳ) ਧੌਂਸੇ ਦੀ ਸ਼ਕਲ ਦਾ ਢੋਲ; ਜਿਸ ਨੂੰ ਕਿਸੇ ਕਲਬੂਤ ਉਤੇ ਰਖ ਕੇ ਵਜਾਇਆ ਜਾਂਦਾ ਹੈ। ਵਿਆਹ ਸ਼ਾਦੀ ਸਮੇਂ ਟੱਮਕ ਵਜਾਉਣਾ ਸ਼ਗਨ ਸਮਝਿਆ ਜਾਂਦਾ ਰਿਹਾ ਹੈ। ਛੋਟੇ ਅਕਾਰ ਦੇ ਟਮਕ ਨੂੰ 'ਟਮਕੀ' ਕਹਿੰਦੇ ਹਨ।

(ਅ) ਇਕ ਵਡਾ ਪਟਾਰਾ, ਜਿਸ ਵਿਚ ਕੰਨਿਆਂ ਦੇ ਦਾਜ ਦੇ ਕਪੜੇ ਤੇ ਹਾਰ-ਸ਼ਿੰਗਾਰ ਦੀਆਂ ਵਸਤਾਂ ਰਖੀਆਂ ਹੁੰਦੀਆਂ ਹਨ। ਇਸ ਨੂੰ ਕਹਾਰ ਚੁਕ ਕੇ, ਡੋਲੀ ਦੇ ਨਾਲ ਨਾਲ ਤੁਰਦੇ ਹਨ।

**(ਟ-12) ਟਮਕੀਰਾ :**

ਇਕ ਖ਼ਾਸ ਤਰ੍ਹਾਂ ਦਾ ਡਫ, ਜਿਸ ਨੂੰ ਲੱਕ ਨਾਲ ਬੰਨ੍ਹ ਕੇ, ਛਿੱਟੀਆਂ ਨਾਲ ਵਜਾਇਆ ਜਾਂਦਾ ਹੈ. ਇਸ ਨੂੰ 'ਢਮਕੀਰ' ਵੀ ਕਹਿੰਦੇ ਹਨ।

**(ਟ-13) ਟਰੂ :**

ਈਦ ਤੋਂ ਅਗਲਾ ਦਿਨ, ਜਦੋਂ ਈਦ ਦੇ ਤਿਉਹਾਰ ਦੀ ਬਚੀ ਮਠਿਆਈ ਤੇ ਹੋਰ ਫ਼ਾਲਤੂ ਪਦਾਰਥ ਖਾਧੇ ਜਾਂਦੇ ਹਨ। ਬਾਕੀ ਸਭ ਪਦਾਰਥ ਗ਼ਰੀਬਾਂ ਵਿਚ ਵੰਡ ਦਿਤੇ ਜਾਂਦੇ ਹਨ। ਅਖਾਣ ਵੀ ਹੈ; ਈਦ ਪਿਛੋਂ ਟਰੂ।

**(ਟ-14) ਟੱਲੀ :**

ਪੰਜਾਬੀਆਂ ਵਿਚ ਪਸ਼ੂਆਂ ਮਝਾਂ, ਗਾਵਾਂ, ਊਠਾਂ ਤੇ ਘੋੜਿਆਂ ਆਦਿ ਦੇ ਗਲ ਵਿਚ ਟੱਲੀਆਂ ਦੀ ਮਾਲਾ ਜਹੀ ਬਣਾ ਕੇ ਪਾਉਣ ਦਾ ਰਵਾਜ ਹੈ। ਕਈ ਮਾਵਾਂ ਨਿੱਕੀ ਜਿਹੀ ਟੱਲੀ ਡੋਰੇ ਨਾਲ ਬੰਨ੍ਹ ਕੇ, ਆਪਣੇ ਬੱਚੇ ਦੇ ਗਲ ਵਿਚ ਲਟਕਾ ਦੇਂਦੀਆਂ ਹਨ।

ਪਹਿਨਾਈ ਜਾਂਦੀ ਸੀ। ਬੱਚੇ/ਪਸ਼ੂ ਦੇ ਗਲ ਵਿਚ ਟੱਲੀ ਦੀ ਖੜਕਾਰ, ਚੰਦਰੀਆਂ ਰੂਹਾਂ ਨੂੰ ਲੋਹੇ ਦੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਸੀ। ਟੱਲੀ ਦੀ ਖੜਕਾਰ ਇਹ ਜਤਲਾ ਦੇਂਦੀ ਸੀ ਕਿ ਅਮੁਕੇ ਨੇ ਲੋਹਾ ਪਹਿਨਿਆ ਹੋਇਆ ਹੈ।

ਜਦੋਂ ਲੋਹੇ ਦਾ ਯੁੱਗ ਆਰੰਭ ਹੋਇਆ ਤਾਂ ਲੋਹ-ਯੁੱਗ ਵਿਚ ਪ੍ਰਵੇਸ਼ ਕਰਨ ਵਾਲੇ ਆਪਣੇ ਆਪ ਨੂੰ ਪਥਰ-ਯੁੱਗ ਤੋਂ ਨਿਖੇੜਨ ਲਈ, ਗਲ ਵਿਚ ਲੋਹੇ ਦੀ ਕੋਈ ਵਸਤੂ ਟੱਲੀ ਆਦਿ ਪਹਿਨਿਆ ਕਰਦੇ ਸਨ। ਪਥਰ ਯੁੱਗ ਦੇ ਕਬੀਲੇ ਲੋਹਾ ਯੁੱਗ ਦੇ ਕਬੀਲਿਆਂ ਦੇ ਪ੍ਰਛਾਵੇਂ ਤੋਂ ਡਰਦੇ ਸਨ, ਕਿਉਂ ਜੋ ਇਨ੍ਹਾਂ ਦੇ ਧਾਤ ਦੇ ਤੇਜ਼ ਹਥਿਆਰ ਦਾ ਉਹ ਮੁਕਾਬਲਾ ਨਹੀਂ ਸਨ ਕਰ ਸਕਦੇ।

ਜੇ ਕਿਸੇ ਮਾਂ ਦੇ ਬੱਚੇ ਉਪਰਥਲੀ ਮਰਦੇ ਜਾਣ ਤਾਂ ਉਹ ਆਪਣੇ ਨਵੇਂ ਬੱਚੇ ਦੇ ਗਿਟਿਆਂ ਨਾਲ ਟੱਲੀ ਬੰਨ੍ਹ ਦੇਂਦੀ ਹੈ। ਗਿਟਿਆਂ ਤੇ ਟੱਲੀ ਬੰਨ੍ਹਣ ਨਾਲ ਬੱਚੇ ਉਤੇ ਟੂਣੇ ਟੱਪੇ ਦਾ ਅਸਰ ਨਹੀਂ ਹੁੰਦਾ। ਜੇ ਬੱਚਾ ਹਨੇਰੇ ਸਵੇਰੇ, ਕਿਸੇ ਥਾਂ-ਕੁਥਾਂ ਨੂੰ ਉਲੰਘੇ ਤਾਂ ਟੱਲੀ ਉਸਦੀ ਰੱਖਿਆ ਕਰਦੀ ਹੈ।

ਹਿੰਦੂਆਂ ਦੇ ਮੰਦਰਾਂ ਵਿਚ ਨਿੱਕੇ-ਵਡੇ ਅਨੇਕਾਂ ਟੱਲ ਲਟਕੇ ਹੁੰਦੇ ਹਨ, ਜਿਨ੍ਹਾਂ ਨੂੰ ਸ਼ਰਧਾਲੂ ਖੜਕਾਂਦੇ ਹਨ। ਟੱਲ ਦੀ ਖੜਕਾਰ ਇਕ ਤਾਂ ਪ੍ਰੇਤ-ਰੂਹਾਂ ਨੂੰ ਦੂਰ ਰਖਦੀ ਹੈ ਤੇ ਉਹ ਪ੍ਰਾਰਥਨਾ ਵਿਚ ਵਿਘਨ ਨਹੀਂ ਪਾਉਂਦੀਆਂ, ਦੂਜਾ ਸੁਤੇ ਦੇਵਤੇ ਜਾਗ ਪੈਂਦੇ ਹਨ। ਫਲਸਰੂਪ ਸ਼ਰਧਾਲੂ ਦੀ ਪ੍ਰਾਰਥਨਾ ਕਬੂਲ ਪੈਂਦੀ ਹੈ।

(ਟ-15) **ਟਾਹਣਾਂ** :

ਇਕ ਖੇਡ, ਜਿਸ ਨੂੰ 'ਬਾਰਾਂ ਟਹਿਣਾਂ' ਵੀ ਕਿਹਾ ਜਾਂਦਾ ਹੈ। ਇਸ ਨੂੰ ਦੋ ਖਿਡਾਰੀ ਆਮ੍ਹੋ ਸਾਹਮਣੇ ਬੈਠ ਕੇ ਖੇਡਦੇ ਹਨ। ਕਿਸੇ ਗੱਤੇ ਉੱਤੇ ਜਾਂ ਕਈ ਵਾਰ ਧਰਤੀ ਉਤੇ 25 ਖ਼ਾਨੇ ਬਣਾ ਲਏ ਜਾਂਦੇ ਹਨ। ਹਰੇਕ ਖਿਡਾਰੀ ਕੋਲ 12 ਗੀਟੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਉਹ ਆਪਣੇ ਪਾਸੇ ਦੀਆਂ ਦੋ ਕਤਾਰਾਂ ਦੀਆਂ ਬਿੰਦੀਆਂ ਉੱਤੇ ਰਖ ਦੇਂਦੇ ਹਨ। ਫਿਰ ਵਾਰੋ ਵਾਰ, ਚੌਸਰ ਦੀ ਖੇਡ ਵਾਂਗ ਚਾਲ ਚਲੀ ਜਾਂਦੀ ਹੈ। ਹਰ ਗੀਟੀ ਇਕ ਘਰ ਚਲਦੀ ਹੈ। ਜਿਸ ਧਿਰ ਦੀਆਂ ਸਾਰੀਆਂ ਗੀਟੀਆਂ ਪਹਿਲਾਂ ਮਰ ਜਾਣ ਉਹ ਹਾਰ ਜਾਂਦਾ ਹੈ।

(ਟ-16) **ਟਾਹਰ** :

(ਟ-17) **ਟਾਹਲੀ** :

ਸੀਸਮ; ਟਾਹਲੀ ਦੇ ਦਰਖ਼ਤ ਪੰਜਾਬ ਵਿਚ ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਇਸ ਦੀ ਲਕੜੀ ਰਤਾ ਕੁ ਕਾਲੇ ਭਾ ਦੀ ਹੁੰਦੀ ਹੈ ਅਤੇ ਵਧੇਰੇ ਪੁੱਖਤਾ ਤੇ ਹੰਢਣਸਾਰ ਵੀ। ਇਸ ਦੇ ਪਲੰਘ ਪੀੜ੍ਹੇ ਆਦਿ ਬਣਾਏ ਜਾਂਦੇ ਹਨ ਟਾਹਲੀ ਆਮ ਤੌਰ ਤੇ ਸੈਲਾਬੀ ਭੋਇੰ ਵਿਚ ਹੁੰਦੀ ਹੈ।

ਟਾਹਲੀ ਨਾਲ ਕਈ ਤਰ੍ਹਾਂ ਦੀ ਲੋਕਧਾਰਾ ਜੁੜੀ ਹੋਈ ਹੈ। ਟਾਹਲੀ ਨਾਲ ਤੀਜਾਂ ਨੂੰ ਪੀਂਘਾਂ ਪੈਂਦੀਆਂ ਹਨ ਤੇ ਇਹ ਸ਼ੁਭ ਸਮਝੀ ਜਾਂਦੀ ਹੈ।

(ਟ-18) **ਟਾਹਲੀ ਸਾਹਿਬ** :

ਜਿਨ੍ਹਾਂ ਟਾਹਲੀ ਦੇ ਰੁੱਖਾਂ ਹੇਠ ਕੋਈ ਗੁਰ-ਵਿਅਕਤੀ, ਆਪਣੇ ਜੀਵਨ ਕਾਲ ਵਿਚ, ਵਿਰਾਜੇ ਜਾਂ ਜਿਨ੍ਹਾਂ ਟਾਹਲੀਆਂ ਦਾ, ਸਾਖੀਆਂ ਜਾਂ ਸਿੱਖ ਇਤਿਹਾਸ ਵਿਚ ਜ਼ਿਕਰ ਮਿਲਦਾ ਹੈ, ਉਨ੍ਹਾਂ ਸਭਨਾਂ ਨੂੰ ਸਿੱਖ ਭਾਈਚਾਰਾ ਪਵਿੱਤ੍ਰ ਮੰਨਦਾ ਹੈ ਤੇ ਆਦਰ ਨਾਲ ਟਾਹਲੀ ਸਾਹਿਬ ਕਹਿੰਦੇ ਹਨ। ਇਨ੍ਹਾਂ ਵਿਚੋਂ ਕੁਝ ਟਾਹਲੀਆਂ ਦੇ ਦੁਆਲੇ ਗੁਰਧਾਮ ਵੀ ਬਣੇ ਹੋਏ ਹਨ, ਗੁਰਬਾਣੀ ਅਨੁਸਾਰ, 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋਈ ਥਾਨੁ ਸੁਹਾਵਾ ਰਾਮ ਰਾਜੇ।'

**ਟਾਹਲੀ ਸਾਹਿਬ ਸੰਤੋਖਸਰ** : ਅੰਮ੍ਰਿਤਸਰ ਵਿਚ ਸੰਤੋਖਸਰ ਦੇ ਕੰਢੇ ਇਕ ਪੁਰਾਣੀ ਟਾਹਲੀ ਹੈ। ਸੰਤੋਖਸਰ ਦੇ ਕੱਚੇ ਤਾਲ ਦੀ ਖੁਦਾਈ ਗੁਰੂ ਰਾਮਦਾਸ ਜੀ ਨੇ ਕਰਵਾਈ ਸੀ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ, 1588 ਈ. ਵਿਚ, ਇਥੇ ਇਕ ਪੱਕਾ ਤਾਲ ਬਣਵਾਇਆ। ਰਵਾਇਤ ਹੈ ਕਿ ਸੰਤੋਖਸਰ ਦੇ ਤਾਲ ਦੀ ਉਸਾਰੀ ਸਮੇਂ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਇਸੇ ਟਾਹਲੀ ਹੇਠ ਵਿਰਾਜਦੇ ਸਨ।

(ਟ-19) **ਟਾਂਕ 'ਛਤਰੀ** :

ਇਕ ਪਛੜੀ ਸ਼੍ਰੇਣੀ, ਜਿਸ ਨੂੰ ਛੀਬਾਂ ਵੀ ਕਹਿੰਦੇ ਹਨ ਟਾਂਕ 'ਛਤਰੀ ਨਾਲ ਪ੍ਰਸਿਧ ਹੈ।

(ਟ-20) **ਟਾਂਕ ਜਿਸਤ** :

(ੳ) ਜੂਏ ਦੀ ਖੇਡ ਵਿਚ, 'ਟਾਂਕ' ਤੋਂ ਭਾਵ ਉਸ ਗਿਣਤੀ ਦਾ ਹੈ, ਜੋ ਦੋ ਉੱਤੇ ਪੂਰੀ ਨਾ ਉਤਰਦੀ ਹੋਵੇ। ਦੋ ਉੱਤੇ ਪੂਰੀ ਉਤਰੀ ਗਿਣਤੀ 'ਜਿਸਤ' ਹੁੰਦੀ ਹੈ। ਤਿੰਨ 'ਟਾਂਕ' ਹੈ ਪਰ ਚਾਰ 'ਜਿਸਤ'।

(ਟ-21) **ਟਾਕੀ** :

ਕਿਸੇ ਫ਼ਕੀਰ, ਗੁਰ ਪੀਰ ਜਾਂ ਪ੍ਰਤਿਭਾਸ਼ਾਲੀ ਬਜ਼ੁਰਗ ਦੇ ਉਤਾਰੇ ਕਪੜੇ ਦਾ ਟੁਕੜਾ। ਲੋਕਾਂ ਦਾ ਨਿਸ਼ਚਾ ਹੈ ਕਿ ਅਜਿਹੇ ਉਤਾਰ ਦੀਆਂ ਟਾਕੀਆਂ ਦਾ ਝੱਗਾ ਸਿਊਂ ਕੇ, ਜੇ ਬੱਚੇ ਨੂੰ ਪਹਿਨਾਇਆ ਜਾਵੇ ਤਾਂ ਸਹਿਜ ਭਾਵ ਵਿਚ ਹੀ ਉਹ ਬੱਚਾ ਕਈ ਦੈਵੀ ਗੁਣਾਂ ਨੂੰ ਗ੍ਰਹਿਣ ਕਰ ਲੈਂਦਾ ਹੈ। ਕਈ ਮਾਵਾਂ, ਫ਼ਕੀਰ ਨੂੰ ਕੋਈ ਨਵਾਂ ਪਹਿਰਣ ਦੇ ਕੇ, ਬਦਲੇ ਵਿਚ ਪੁਰਾਣੇ ਪਹਿਰਣ ਦੀਆਂ ਟਾਕੀਆਂ ਲੈ ਲੈਂਦੀਆਂ ਹਨ ਤੇ ਆਪਣੇ ਬੱਚਿਆਂ ਦੇ ਝੱਗਿਆਂ ਦੇ ਅੰਦਰਵਾਰ ਸਿਊਂ ਛਡਦੀਆਂ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਬਦਰੂਹ ਨੇੜੇ ਨਹੀਂ ਢੁੱਕਦੀ ਤੇ ਚੰਦਰੀ ਨਜ਼ਰ ਨਹੀਂ ਲਗਦੀ। ਇਹ ਵਿਚਾਰ ਲਾਗਵੇਂ ਟੂਣੇ 'ਤੇ ਆਧਾਰਤ ਹੈ।

(ਟ-22) **ਟਾਡ** :

(ੳ) ਤੀਵੀਆਂ ਦਾ ਇਕ ਗਹਿਣਾ, ਜੋ ਉਹ ਅਰਕਾਂ ਤੋਂ ਰਤਾ ਕੁ ਉਪਰ ਕਰ ਕੇ ਪਹਿਨਦੀਆਂ ਹਨ। ਟਾਡ ਆਮ ਤੌਰ ਤੇ ਚਾਂਦੀ ਦਾ ਬਣਿਆ ਹੁੰਦਾ ਹੈ। ਅਤੇ ਪਛੜੀਆਂ ਜਾਤੀਆਂ ਵਿਚ ਇਸ ਦੇ ਪਹਿਨਣ ਦਾ ਆਮ ਰਵਾਜ ਹੈ।

(ਅ) ਬਾਰ ਦੇ ਇਲਾਕੇ ਵਿਚ, ਟਾਡ ਇਕ ਤਵੀਤ ਨੂੰ ਕਹਿੰਦੇ ਹਨ, ਜੋ ਮੁੰਦਰੀ ਦੀ ਸ਼ਕਲ ਦਾ ਹੁੰਦਾ ਹੈ।

(ਟ-23) **ਟਾਂਡਾ** :

ਪੰਜਾਬ ਵਿਚ ਕਈ ਕਸਬਿਆਂ, ਪਿੰਡਾਂ ਤੇ ਥਾਵਾਂ ਦੇ ਨਾਉਂ ਨਾਲ ਟਾਂਡਾ ਸ਼ਬਦ ਵਰਤਿਆ ਮਿਲਦਾ ਹੈ, ਇਹ ਸਭ ਥਾਵਾਂ ਵਣਜਾਰਿਆਂ ਦੇ ਕਬੀਲਿਆਂ ਦੀਆਂ ਵਸਾਈਆਂ ਹੋਈਆਂ ਹਨ। ਵਣਜਾਰੇ ਅਥਵਾ ਲੁਬਾਣੇ ਜਿਸ ਥਾਂ ਨੂੰ ਆਬਾਦ ਕਰਦੇ, ਉਸ ਨੂੰ ਟਾਂਡਾ ਕਿਹਾ ਕਰਦੇ ਸਨ। ਭਾਰਤ ਦੇ ਕਈ ਹਿਸਿਆਂ ਵਿਚ, ਜਿਥੇ ਕਿਧਰੇ ਵੀ ਵਣਜਾਰੇ ਵਸੇ, ਉਨ੍ਹਾਂ ਨੇ ਟਾਂਡੇ ਆਬਾਦ ਕੀਤੇ। ਹੁਸ਼ਿਆਰਪੁਰ ਜਿਲੇ ਵਿਚ ਨਾਲ ਲਗਦਾ ਟਾਂਡਾ ਪਿੰਡ ਗੁਜਰਾਤ (ਪਾਕਿਸਤਾਨ) ਜ਼ਿਲੇ ਵਿਚ ਇਕ ਵਡਾ ਸਾਰਾ ਪਿੰਡ ਟਾਂਡਾ ਅਖਵਾਉਂਦਾ ਹੈ, ਇਥੇ ਦੇਸ਼ ਵੰਡ ਤੋਂ ਪਹਿਲਾਂ ਲੁਬਾਣੇ ਰਹਿੰਦੇ ਸਨ। ਮੁਰਾਦਾਬਾਦ ਦੇ ਨੇੜੇ ਬਾਦਲੀ ਟਾਂਡਾ ਪ੍ਰਸਿਧ ਹੈ।

(ਟ-24) **ਟਾਂਡਾ ਉੜਮੁੜ** :

ਹੁਸ਼ਿਆਰਪੁਰ ਦਾ ਦਸੂਹਾ ਤਸੀਲ ਵਿਚ ਦੋ ਪਿੰਡ ਟਾਂਡਾ ਤੇ ਉੜਮੁੜ ਹਨ ਜਿਨ੍ਹਾਂ ਦੀਆਂ ਬਾਹਰਲੀਆਂ ਸੀਮਾਂ ਇਕ ਦੂਜੇ [illegible]

(ਟ-25) **ਟਾਪੂ** :

ਬੱਚਿਆਂ ਦੀ ਇਕ ਖੇਡ; ਧਰਤੀ ਉਤੇ ਵਡੀ ਸਾਰੀ ਮੁਸਤਤੀਲ ਵਾਹ ਲਈ ਜਾਂਦੀ ਹੈ। ਫਿਰ ਉਸ ਦੇ ਅੰਦਰ ਕੁਝ ਹੋਰ ਲਕੀਰਾਂ ਮਾਰ ਕੇ ਖਾਨੇ ਬਣਾ ਲਏ ਜਾਂਦੇ ਹਨ। ਇਹ ਖਾਨੇ ਨਗਰ, ਨਦੀ ਨਾਲੇ, ਟਾਪੂ ਤੇ ਸਮੁੰਦਰ ਦੇ ਪ੍ਰਤੀਕ ਹੁੰਦੇ ਹਨ। ਇਸ ਖੇਡ ਨੂੰ ਦੋ ਖਿਡਾਰੀ ਖੇਡਦੇ ਹਨ। ਵਾਰੀ ਸਿਰ ਪਹਿਲਾਂ ਇਕ ਖਿਡਾਰੀ ਠੀਪਾ ਪਹਿਲੇ ਖਾਨੇ ਵਿਚ ਸੁਟਦਾ ਹੈ ਤੇ ਖੱਬੀ ਲੱਤ ਉਤੇ ਖਲੋ ਕੇ ਠੀਕਰੀ ਨੂੰ ਪੈਰ ਨਾਲ ਬਾਹਰ ਕਢਦਾ ਹੈ। ਇਸ ਗੱਲ ਨੂੰ ਧਿਆਨ ਵਿਚ ਰਖਣਾ ਪੈਂਦਾ ਹੈ ਕਿ ਉਸ ਦਾ ਪੈਰ ਕਿਸੇ ਰੇਖਾ ਨੂੰ ਨਾ ਛੂਹੇ ਜਾਂ ਠੀਕਰੀ ਕਿਸੇ ਲਕੀਰ ਉਤੇ ਨਾ ਪੈ ਜਾਵੇ। ਜੇ ਉਲੰਘਣਾ ਹੋ ਜਾਵੇ ਤਾਂ ਉਸ ਦੀ ਵਾਰੀ ਟੁਟ ਜਾਂਦੀ ਹੈ। ਇਸ ਤਰ੍ਹਾਂ ਉਹ ਵਾਰੋ ਵਾਰੀ ਸਭ ਖਾਨਿਆਂ ਵਿਚ ਠੀਕਰੀ ਸੁਟਦਾ ਤੇ ਇਕ ਪੈਰ ਤੇ ਖੜਾ ਹੋ ਠੀਪੇ ਨੂੰ ਬਾਹਰ ਕਢਦਾ ਹੈ। ਜਦੋਂ ਉਹ ਸਤ ਖਾਨਿਆਂ ਵਿਚੋਂ ਲੰਘ ਜਾਂਦਾ ਹੈ ਤਾਂ ਉਹ ਅਖੀਰ ਖਾਨੇ ਤੋਂ ਬਾਹਰ ਸਮੁੰਦਰ ਵਿਚ ਠੀਕਰੀ ਸੁਟਦਾ ਹੈ। ਉਥੇ ਪਹੁੰਚ ਕੇ ਠੀਕਰੀ ਨੂੰ ਚੁਕ ਕੇ ਉਹ ਬਿਨਾ ਪਿਛੇ ਵਲ ਝਾਕੇ, ਉਸ ਠੀਕਰੀ ਨੂੰ ਉਲਾਰਦਾ ਹੈ, ਜਿਸ ਖਾਨੇ ਵਿਚ ਠੀਕਰੀ ਜਾ ਪਏ ਉਸ ਖਾਨੇ ਉਤੇ ਉਸ ਦਾ ਕਬਜ਼ਾ ਹੋ ਜਾਂਦਾ ਹੈ ਅਤੇ ਦੂਜਾ ਖਿਡਾਰੀ ਉਸ ਖਾਨੇ ਵਿਚੋਂ ਨਹੀਂ ਲੰਘ ਸਕਦਾ, ਉਪਰੋਂ ਭਾਵੇਂ ਟੱਪ ਜਾਵੇ। ਜੇ ਸੁਟੀ ਹੋਈ ਠੀਕਰੀ ਖਾਨਿਆਂ ਤੋਂ ਬਾਹਰ ਜਾਂ ਕਿਸੇ ਲਕੀਰ ਉਤੇ ਡਿਗੇ ਤਾਂ ਪਿਤ ਮੁਕ ਜਾਂਦੀ ਹੈ।

ਟਾਪੂ ਦਾ ਮੂਲ ਢਾਂਚਾ ਇਕੋ ਜਿਹਾ ਹੁੰਦਾ ਹੈ, ਪਰ ਸਥਾਨਿਕ ਭੇਦ ਸਦਕਾ ਖਾਨੇ ਵਧ ਘਟ ਵੀ ਹੁੰਦੇ ਹਨ। ਇਸ ਖੇਡ ਨੂੰ 'ਸ਼ਟਾਪੂ' ਵੀ ਕਹਿੰਦੇ ਹਨ ਤੇ ਇਹ ਬੱਚਿਆਂ ਦੀ ਬੜੀ ਹਰਮਨ ਪਿਆਰੀ ਖੇਡ ਹੈ। ਵਡੀ ਖੂਬੀ ਇਹ ਹੈ ਕਿ ਇਸ ਨੂੰ ਕੇਵਲ ਦੋ ਬੱਚੇ ਹੀ ਖੇਡ ਲੈਂਦੇ ਹਨ।

(ਟ-26) **ਟਿਕਟਿਕੀ** :

(ੳ) ਬੱਚਿਆਂ ਦਾ ਇਕ ਖਿਡੌਣਾ, ਜਿਸ ਨੂੰ ਦਬਾਣ ਨਾਲ ਟਿਕ ਟਿਕ ਦੀ ਕੜਾਕੇਦਾਰ ਧੁਨੀ ਨਿਕਲਦੀ ਹੈ। ਸ਼ਕਲ ਡੱਡੂ ਨਾਲ ਮਿਲਦੀ ਤੇ ਆਵਾਜ਼ ਡਡੂਆਂ ਦੀ ਟਰੈਂ ਟਰੈਂ ਵਰਗੀ ਹੋਣ ਕਰਕੇ, ਇਸ ਵਸਤੂ ਨੂੰ 'ਡਡੂ' ਵੀ ਕਹਿੰਦੇ ਹਨ।

(ਅ) ਲਕੜੀ ਦੀ ਇਕ ਸੀੜ੍ਹੀ ਦੀ ਸ਼ਕਲ ਦਾ ਢਾਂਚਾ, ਜਿਸ ਦੇ ਪਿਛੇ ਟੇਕ ਲਗੀ ਹੁੰਦੀ ਹੈ। ਪੁਰਾਣੇ ਜ਼ਮਾਨੇ ਵਿਚ

**(ਟ-27) ਟਿਕੜੀ** :

ਪੌਠੋਹਾਰ ਵਿਚ ਜੂਏ ਦੇ ਅੱਡੇ ਲਈ, ਕਈ ਵਾਰ **ਟਿਕੜੀ ਸ਼ਬਦ ਵਰਤਿਆ ਜਾਂਦਾ ਹੈ। ਕੱਤਕ ਦੀ ਪੂਰਨਮਾਸੀ ਦੇ** ਤਿਉਹਾਰ ਨੂੰ ਵੀ 'ਟਿਕੜੀ' ਕਹਿੰਦੇ ਹਨ (**ਵੇਖੋ : ਕੱਤਕ ਪੂਰਨਮਾਸੀ**।

**(ਟ-28) ਟਿੱਕਾ** :

(ੳ) ਹਿੰਦੂ ਸਿੱਖ ਇਸਤ੍ਰੀਆਂ ਵਿਚ ਮੱਥੇ ਉਪਰ ਵਿਚਕਾਰ ਟਿੱਕਾ ਲਗਾਣ ਦਾ ਰਿਵਾਜ ਹੈ। ਟਿੱਕੇ ਦੇ ਸਮਾਜਕ ਅਰਥ ਵੀ ਹਨ ਤੇ ਧਾਰਮਕ ਮਹੱਤਾ ਵੀ ਹੈ। ਟਿਕਾ ਸੁਹਾਗਣਾਂ ਭਾਗਣਾਂ ਲਗਾਂਦੀਆਂ ਹਨ, ਵਿਧਵਾ ਨਹੀਂ। ਜੇ ਵਿਧਵਾ ਕਿਸੇ ਪੁਰਸ਼ ਤੋਂ ਮਥੇ ਉਤੇ ਟਿਕਾ ਲਗਵਾ ਲਏ ਤਾਂ ਭਾਵ ਹੈ ਕਿ ਉਸ ਨੇ ਪੁਨਰ-ਵਿਆਹ ਕਬੂਲ ਲਿਆ ਹੈ। ਟਿਕਾ ਸੁਹਾਗ ਦਾ ਚਿੰਨ੍ਹ ਹੈ। ਇਸਤ੍ਰੀ ਦੇ ਵਿਧਵਾ ਹੁੰਦੇ ਸਾਰ ਹਿੰਦੂਆਂ ਵਿਚ, ਸਭ ਤੋਂ ਪਹਿਲਾਂ ਉਸ ਦੇ ਮੱਥੇ ਤੋਂ ਟਿਕਾ ਮੇਟ ਦਿਤਾ ਜਾਂਦਾ ਹੈ। ਜੇ ਕਿਸੇ ਹਿੰਦੂ ਤੀਵੀਂ ਦੇ ਮੱਥੇ ਤੋਂ ਸਹਿਜ-ਸੁਭਾਅ ਕਿਸੇ ਤਰ੍ਹਾਂ ਟਿਕਾ ਮਿਟ ਜਾਵੇ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ।

ਕੰਵਾਰੀ ਕੁੜੀਆਂ ਟਿਕਾ ਨਹੀਂ ਲਗਾਂਦੀਆਂ, ਪਰ ਸ਼ਹਿਰਾਂ ਵਿਚ ਅੱਜ ਕਲ ਕੰਵਾਰੀਆਂ ਕੁੜੀਆਂ ਵੀ ਟਿੱਕਾ ਲਗਾਣ ਲਗ ਪਈਆਂ ਹਨ।

ਪੰਜਾਬ ਵਿਚ ਸੁਹਾਗ ਦਾ ਟਿੱਕਾ ਗੋਲ ਹੁੰਦਾ ਹੈ।

(ਅ) ਸਨਾਤਨੀ ਹਿੰਦੂ ਮੱਥੇ ਉੱਤੇ ਚੰਦਨ ਦਾ ਟਿਕਾ ਲਗਾਂਦੇ ਹਨ। ਇਸ ਪਿਛੇ ਯੋਗ ਮਤ ਦੀ ਵਿਚਾਰਧਾਰਾ ਹੈ : ਯੋਗ ਮਤ ਵਿਚ ਜੋ ਕੁਝ ਬ੍ਰਹਿਮੰਡ ਵਿਚ ਹੈ, ਉਹ ਸਭ, ਮਨੁੱਖ ਦੇ ਪਿੰਡੇ ਅੰਦਰ ਵੀ ਮੰਨਿਆ ਗਿਆ ਹੈ (ਜੋ ਬ੍ਰਹਿਮੰਡੇ ਸੋਈ ਪਿੰਡੇ) ਮਨੁਖ ਦੀਆਂ ਭਵਾਂ ਦੇ ਮੱਧ ਵਿਚ ਜਿਥੇ ਚੰਦਨ ਦਾ ਟਿਕਾ ਲਗਾਇਆ ਜਾਂਦਾ ਹੈ, ਉਥੇ ਚੰਨ-ਮੰਡਲ ਹੈ, ਜਿਸ ਨੂੰ ਹਿੰਦੂ ਗ੍ਰੰਥਾਂ ਵਿਚ ਸੋਮ-ਮੰਡਲ ਵੀ ਕਿਹਾ ਗਿਆ ਹੈ। ਮਨੁਖ ਧਿਆਨ ਜੋੜਨ ਲਗਿਆਂ ਜਾਂ ਚਿਤ ਨੂੰ ਇਕਾਗਰ ਕਰਨ ਲਗਿਆਂ, ਇਸੇ ਥਾਂ ਧਿਆਨ ਸਥਿਰ ਕਰਦਾ ਹੈ। ਇਸ ਥਾਂ ਉੱਤੇ ਟਿੱਕਾ ਲਗਾਉਣ ਦਾ ਭਾਵ ਹੈ ਕਿ ਮਨ, ਬੁੱਧੀ ਤੇ ਚਿਤ ਦਾ ਇਕਾਗਰ ਹੋ ਕੇ ਪ੍ਰਭੂ ਨਾਲ ਜੁੜੇ ਰਹਿਣਾ।

(ੲ) ਟਿੱਕੇ ਦਾ ਮੁੱਢ, ਪ੍ਰਾਚੀਨ ਕਾਲ ਦੀ ਕਿਸੇ [illegible]

ਕੀਤੀ। ਸੂਰਜ ਪੂਜਾ ਕਰਨ ਵੇਲੇ ਸੂਰਜ ਭਗਤ, ਆਪਣੇ ਮੱਥੇ ਉਤੇ ਸੂਰਜ ਦਾ ਚਿੰਨ੍ਹ ਬਣਾਇਆ ਕਰਦੇ ਸਨ, ਜੋ ਸਮੇਂ ਨਾਲ ਟਿਕੇ ਦਾ ਰੂਪ ਧਾਰ ਗਿਆ।

(ਸ) ਇਸਤ੍ਰੀਆਂ ਦਾ ਮਥੇ ਉਤੇ ਪਹਿਨਣ ਦਾ ਇਕ ਗਹਿਣਾ, ਜੋ ਪੂਰਨਮਾ ਦੇ ਚੰਨ ਦੀ ਸ਼ਕਲ ਦਾ ਹੁੰਦਾ ਹੈ। ਇਸ ਨਾਲ ਇਕ ਜ਼ੰਜੀਰੀ ਲਗੀ ਹੁੰਦੀ ਹੈ, ਜਿਸ ਨੂੰ ਮਾਂਗ ਵਿਚ ਲਗਾ ਦਿਤਾ ਜਾਂਦਾ ਹੈ। ਟਿਕੇ ਵਿਚ ਨੱਗ ਜੜੇ ਹੁੰਦੇ ਹਨ ਤੇ ਇਸ ਦੇ ਕੰਢਿਆਂ ਉੱਤੇ ਮੋਤੀਆਂ ਦੀ ਝਾਲਰ ਬਣੀ ਹੁੰਦੀ ਹੈ। ਟਿੱਕਾ ਨਵੀਂ ਵਿਆਹੀ ਦੁਲ੍ਹਨ ਸ਼ਗਨ ਵਜੋਂ ਵੀ ਧਾਰਨ ਕਰਦੀ ਹੈ।

**(ਟ-29) ਟਿੱਕਾ ਸਾਹਿਬ** :

ਬੇਦੀਆਂ ਤੇ ਸੋਢੀਆਂ ਵਿਚ ਸਭ ਤੋਂ ਜੇਠੇ ਲੜਕੇ ਨੂੰ ਟਿੱਕਾ ਸਾਹਿਬ ਕਹਿ ਕੇ ਪੁਕਾਰਦੇ ਹਨ। ਧਾਰਨਾ ਹੈ ਕਿ ਕੁੱਲ ਦੀ ਪ੍ਰਤਿਭਾ ਦਾ ਜ਼ਿਆਦਾਤਰ ਅੰਸ਼ ਜੇਠੇ ਬੱਚੇ ਵਿਚ ਹੀ ਵਿਦਮਾਨ ਹੁੰਦਾ ਹੈ।

ਪੁਰਾਣੇ ਜ਼ਮਾਨੇ ਵਿਚ ਰਾਜੇ ਮਹਾਰਾਜੇ ਆਪਣੇ ਜੇਠੇ ਲੜਕੇ ਨੂੰ, ਜਿਸ ਨੇ ਉਨ੍ਹਾਂ ਦੇ ਮਰਨ ਉਪ੍ਰੰਤ ਰਾਜ ਗੱਦੀ ਉਤੇ ਬੈਠਣਾ ਹੁੰਦਾ ਸੀ, ਉਸ ਲੜਕੇ ਨੂੰ ਟਿੱਕਾ ਸਾਹਿਬ ਕਿਹਾ ਕਰਦੇ ਸਨ।

**(ਟ-30) ਟਿੱਕਾ ਭਈਆ ਦੂਜ** :

ਦੀਵਾਲੀ ਤੋਂ ਅਗਲੇ ਦਿਨ ਭਾਈ ਦੂਜ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਦਿਨ ਹਿੰਦੂ ਤੀਵੀਆਂ ਆਪਣੇ ਭਰਾਵਾਂ ਦੇ ਮਥੇ ਉਤੇ ਸੰਧੂਰ ਤੇ ਚਾਵਲਾਂ ਦਾ ਟਿੱਕਾ ਲਗਾਂਦੀਆਂ ਹਨ। ਇਹ ਟਿੱਕਾ ਵਿਜੇ ਦਾ ਪ੍ਰਤੀਕ ਹੈ, ਤੇ ਇਸ ਦਿਨ ਭੈਣਾਂ, ਭਰਾਵਾਂ ਦੀ ਵਿਜੇ ਲਈ ਪ੍ਰਾਰਥਨਾ ਕਰਦੀਆਂ ਹਨ। ਟਿੱਕਾ ਲਗਾਣ ਮਗਰੋਂ ਭੈਣ ਭਰਾ ਦੇ ਮੂੰਹ ਨੂੰ ਮਠਿਆਈ ਲਗਾਂਦੀ ਹੈ ਤੇ ਭਰਾ ਸ਼ਗਨ ਵਜੋਂ ਕੁਝ ਰੁਪਏ ਦੇਂਦਾ ਹੈ। ਇਸ ਤਿੱਥ ਨੂੰ ਟਿੱਕੇ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ।

**(ਟ-31) ਟਿੱਕੀ ਫੱਕਾ** :

ਪਹਿਲਿਆਂ ਵਿਚ ਰਵਾਜ ਸੀ ਕਿ ਪਿੰਡ ਵਿਚ ਵਸਦੇ ਮਰਾਸੀ, ਹਰ ਛਿਮਾਹੀ ਪਿਛੋਂ, ਆਪਣੇ ਜਜਮਾਨਾਂ ਅਥਵਾ [illegible]

ਹੁੰਦੀ, ਉਸ ਨੂੰ ਆਪੋ ਵਿਚ ਵੰਡ ਲੈਂਦੇ। ਇਸ ਹੋਕੇ ਨੂੰ 'ਟਿੱਕੀ ਫੱਕੇ ਦੀ ਦੁਆ' ਕਹਿੰਦੇ ਹਨ।

(ਟ-32) **ਟਿੱਕੇ ਦੀ ਰਸਮ** :

ਵਿਆਹ ਨਾਲ ਸੰਬੰਧਿਤ ਇਕ ਰਸਮ; ਇਹ ਰੀਤ ਕੁੜਮਾਈ/ਸ਼ਗਨ ਸਮੇਂ ਕੀਤੀ ਜਾਂਦੀ ਹੈ। ਕੰਨਿਆਂ ਪੱਖ ਵਾਲੇ ਕੇਸਰ, ਖੋਪਾ, ਪੰਜ ਛੁਹਾਰੇ, ਮਿਸ਼ਰੀ ਦੇ ਕੂੰਜੇ, ਗੁੜ ਤੇ ਰੋਕ ਰੁਪਏ, ਨਾਈ ਦੇ ਹੱਥ ਮੁੰਡੇ ਦੇ ਘਰ ਭੇਜਦੇ ਹਨ। ਨਾਈ ਦੇ ਪਹੁੰਚਣ ਉੱਤੇ ਮੁੰਡੇ ਦਾ ਪਿਓ, ਸਾਰੀ ਬਰਾਦਰੀ ਨੂੰ ਸੱਦਾ ਭੇਜਦਾ ਹੈ। ਭਾਈਚਾਰੇ/ਪੰਚਾਇਤ ਦੀ ਹਜ਼ੂਰੀ ਵਿਚ, ਮੁੰਡੇ ਨੂੰ ਚੌਕੀ ਉੱਤੇ ਬਿਠਾ ਕੇ, ਸ਼ਗਨ ਵਿਚ ਆਈਆਂ ਸਭ ਚੀਜ਼ਾਂ, ਉਸ ਦੀ ਝੋਲੀ ਵਿਚ ਪਾ ਦਿਤੀਆਂ ਜਾਂਦੀਆਂ ਹਨ। ਫਿਰ ਕਿਸੇ ਭਾਂਡੇ/ਠੂਠੀ ਵਿਚ ਕੇਸਰ ਤੇ ਚਾਵਲ ਘੋਲ ਕੇ, ਮੁੰਡੇ ਦੇ ਮੱਥੇ ਉੱਤੇ ਟਿਕਾ ਲਗਾਇਆ ਜਾਂਦਾ ਹੈ। ਇਹ ਟਿਕਾ ਮੁੰਡੇ ਦੀਆਂ ਭੈਣਾਂ ਲਗਾਂਦੀਆਂ ਹਨ। ਟਿਕਾ ਸੱਜੇ ਹੱਥ ਦੀ ਤੀਜੀ ਉਂਗਲੀ 'ਤਰਜਨੀ' ਨਾਲ ਲਗਾਇਆ ਜਾਂਦਾ ਹੈ। ਇਸ ਸ਼ੁਭ ਅਵਸਰ ਉਤੇ ਸਾਕ ਤੇ ਬਰਾਦਰੀ ਦੇ ਲੋਕ ਮੁੰਡੇ ਨੂੰ ਸ਼ਗਨ ਵਜੋਂ ਰੁਪਏ ਦੇਂਦੇ ਹਨ।

(ਟ-33) **ਟਿੰਡਾਂ** :

ਮਿੱਟੀ ਦਾ ਪਕਾਇਆ ਹੋਇਆ ਲੋਟਾ, ਜੋ ਹਰਟ ਦੀ ਮਾਲ ਦੇ ਨਾਲ ਖੂਹ ਵਿਚੋਂ ਪਾਣੀ ਕੱਢਣ ਲਈ ਬੰਨ੍ਹਿਆ ਜਾਂਦਾ ਹੈ। ਕਿਸਾਨ ਲਈ ਟਿੰਡਾਂ ਦੀ ਬੜੀ ਅਹਿਮੀਅਤ ਹੈ।

ਘੁੰਮਿਆਰਾਂ ਦਾ ਨਿਸਚਾ ਹੈ ਕਿ ਜਦੋਂ ਵਿਸ਼ਵਕਰਮਾ ਨੇ ਘੁੰਮਿਆਰ ਨੂੰ ਭਾਂਡੇ ਘੜਨ ਲਈ ਚਕ ਦਿਤਾ ਤਾਂ ਉਸ 'ਤੇ ਪਹਿਲਾ ਭਾਂਡਾ ਜੋ ਘੜਿਆ ਗਿਆ ਉਹ ਟਿੰਡ ਸੀ।

ਬੁਝਾਰਤਾਂ ਵਿਚ ਟਿੰਡ ਦੀ ਰੂਪ-ਰੇਖਾ ਇਉਂ ਉਲੀਕੀ ਗਈ ਹੈ :

ਆਰ ਡਾਂਗਾਂ ਪਾਰ ਡਾਂਗਾਂ, ਵਿਚ ਟੱਲ ਮਟੱਲੀਆਂ
ਆਉਣ ਕੂੰਜਾਂ ਦੇਣ ਬੱਚੇ, ਨਦੀ ਨ੍ਹਾਵਣ ਚਲੀਆਂ।

(ਟ-34) **ਟਿਪਰੀ ਨਾਚ** :

ਪਟਿਆਲੇ ਦਾ ਇਕ ਪ੍ਰਸਿਧ ਲੋਕ ਨਾਚ, ਜੋ ਮੇਲਿਆਂ ਮੁਸਾਹਿਬਿਆਂ ਉੱਤੇ ਗੋਲ ਘੇਰੇ ਵਿਚ ਨਚਿਆ ਜਾਂਦਾ ਹੈ। ਗਭਰੂ ਹੱਥਾਂ ਵਿਚ ਡੰਡੇ ਫੜੀ, ਕਦੇ ਖੱਬੇ ਤੇ ਕਦੇ ਸੱਜੇ ਪਾਸੇ ਵਲ ਦੇ ਗਭਰੂ ਦੇ ਡੰਡੇ ਨਾਲ ਡੰਡਾ ਟਕਰਾਂਦੇ ਤੇ ਵਾਲੇ ਦੋ ਥਾਂਸਾਂ ਉਤੇ ਬੰਨ੍ਹੇ ਹੋਏ ਲੰਮੇ ਬਾਂਸਾਂ ਦੇ ਵਿਚਾਲੇ ਬਧੀਆਂ ਹੋਈਆਂ ਰੰਗ-ਬਰੰਗੀਆਂ ਰੱਸੀਆਂ ਨੂੰ ਫੜ ਕੇ, ਇਕ ਦੂਜੇ ਦੇ ਕੋਲੋਂ ਦੀ ਡੰਡੇ ਮਾਰਦੇ ਹੋਏ ਲੰਘਦੇ ਹਨ ਉਨ੍ਹਾਂ ਨੇ ਉੱਪਰ ਸਿਰ 'ਤੇ ਰਸੀਆਂ ਵਲੇਟੀਆਂ ਹੁੰਦੀਆਂ ਹਨ। ਫਿਰ ਉਹ ਗੁੰਦੀ ਰਸੀ ਨੂੰ ਉਵੇਂ ਹੀ ਨੱਚ ਕੇ ਖੋਲ੍ਹਦੇ ਹਨ।

ਪੰਜਾਬ ਵਿਚ ਇਸ ਕਿਸਮ ਦਾ ਨਾਚ ਕਈ ਥਾਈਂ ਨਚਿਆ ਜਾਂਦਾ ਹੈ ਤੇ ਇਸ ਨੂੰ ਕਈ ਥਾਈਂ 'ਡੰਡਕੜੇ' ਵੀ ਆਖਦੇ ਹਨ। ਟਿਪਰੀ ਨਾਚ ਰਾਜਸਥਾਨ ਦੇ 'ਟਿਪਨੀ' ਨਾਚ ਨਾਲ ਮੇਲ ਖਾਂਦਾ ਅਤੇ ਟਿਪਰੀ ਸ਼ਬਦ ਟਿਪਨੀ ਦਾ ਹੀ ਵਿਗੜਿਆ ਰੂਪ ਹੈ।

(ਟ-35) **ਟਿੱਬੀ ਸਾਹਿਬ** :

ਛੋਟੀ ਜਿਹੀ ਪਹਾੜੀ, ਜਿਥੇ ਕਦੇ ਸਿੱਖਾਂ ਦੇ ਕੋਈ ਗੁਰੂ ਵਿਰਾਜੇ। ਗੁਰੂ-ਵਿਅਕਤੀ ਨਾਲ ਸੰਬੰਧਿਤ ਟਿੱਬਾ। ਅਜਿਹੀਆਂ ਪਾਵਨ ਥਾਵਾਂ ਉਤੇ ਗੁਰਧਾਮ ਬਣੇ ਹੋਏ ਹਨ. ਤੇ ਸਿਖ ਇਨ੍ਹਾਂ ਦੀ ਯਾਤ੍ਰਾ ਸਿਦਕ ਤੇ ਭਾਵਨਾ ਨਾਲ ਕਰਦੇ ਹਨ। 'ਸੋਈਓ ਥਾਨ ਸੁਹਾਇਆ' ਦਾ ਸੰਕਲਪ ਇਥੇ ਕੰਮ ਕਰ ਰਿਹਾ ਹੈ।

(ੳ) ਮੁਕਤਸਰ ਦੀ ਟਿੱਬੀ—ਇਹ ਟਿੱਬੀ ਮੁਕਤਸਰ ਦੇ ਨੇੜੇ ਸਥਿਤ ਹੈ ਅਤੇ ਰਵਾਇਤ ਹੈ ਕਿ ਇਥੋਂ ਹੀ ਖਲੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਫੌਜਾਂ 'ਤੇ ਤੀਰਾਂ ਦੀ ਬੁਛਾੜ ਕੀਤੀ ਸੀ। ਮਾਘੀ ਦੇ ਮੇਲੇ 'ਤੇ ਇਥੇ ਚੋਖੀ ਰੌਣਕ ਹੁੰਦੀ ਹੈ ਅਤੇ ਮੁਕਤਸਰ ਵਿਚ ਇਸ ਮੌਕੇ 'ਤੇ ਇਕ ਭਾਰੀ ਮਹੱਲਾ (ਜਲੂਸ) ਕਢਿਆ ਜਾਂਦਾ ਹੈ, ਉਹ ਇਸੇ ਟਿੱਬੀ ਉਤੇ ਆ ਕੇ ਸਮਾਪਤ ਹੁੰਦਾ ਹੈ।

(ਅ) ਇਕ ਹੋਰ ਟਿੱਬੀ ਫ਼ਰੀਦਕੋਟ ਜ਼ਿਲੇ ਵਿਚ, ਬਹਿਬਲ ਪਿੰਡ ਦੇ ਨੇੜੇ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਮਰਤੀ ਵਿਚ ਇਕ ਗੁਰਦਵਾਰਾ ਬਣਿਆ ਹੋਇਆ ਹੈ।

(ੲ) ਤੀਜੀ, ਟਿੱਬੀ ਸਾਹਿਬ ਜੈਤੋ ਤੋਂ ਡੇਢ ਕੁ ਮੀਲ ਉਤਰ ਵਲ ਹੈ। ਰਵਾਇਤ ਹੈ ਕਿ ਇਸ ਪਾਵਨ ਅਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਤ੍ਰਿਕਾਲਾਂ ਵੇਲੇ ਰਹਿਰਾਸ ਦਾ ਦਿਵਾਨ ਸਜਾਇਆ ਕਰਦੇ ਸਨ।

(ਟ-36) **ਟਿੱਲਾ** :

ਛੋਟੀ ਜਿਹੀ ਪਹਾੜੀ; ਪਹਿਲਿਆਂ ਵਿਚ ਨਾਥ ਜੋਗੀ, ਤੇ

ਟਿੱਬਿਆਂ ਨੂੰ ਟਿੱਲਾ ਕਿਹਾ ਜਾਂਦਾ ਹੈ, ਪਰ ਸਿੱਖ ਧਰਮ ਨਾਲ ਸੰਬੰਧਿਤ ਟਿੱਲੇ ਟਿੱਬੀ ਸਾਹਿਬ ਅਖਵਾਉਂਦੇ ਹਨ।

ਪੰਜਾਬ ਦੇ ਟਿਲਿਆਂ ਵਿਚੋਂ ਜਿਹਲਮ ਦੇ ਟਿਲੇ ਦੀ ਖ਼ਾਸ ਮਾਨਤਾ ਹੈ। ਇਸ ਟਿਲੇ ਦੇ ਨਾਲ, ਸਮੇਂ ਸਮੇਂ ਕਈ ਤਰ੍ਹਾਂ ਦੀਆਂ ਰਵਾਇਤਾਂ ਜੁੜੀਆਂ ਰਹੀਆਂ। ਕਿਸੇ ਸਮੇਂ ਇਹ ਟਿਲਾ ਬੋਧੀ ਭਿਖਸ਼ੂਆਂ ਦਾ ਗੜ੍ਹ ਸੀ। ਫਿਰ ਇਥੇ ਸਿਧ ਰਹਿੰਦੇ ਰਹੇ। ਜੋਗ ਮਤ ਦੀ ਚੜ੍ਹਤ ਵੇਲੇ ਇਹ ਟਿਲਾ ਜੋਗੀਆਂ ਦਾ ਸਭ ਤੋਂ ਵਡਾ ਮਠ ਰਿਹਾ, ਜਿਸ ਨੂੰ 1748 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਤਬਾਹ ਕਰ ਦਿਤਾ।

ਇਸੇ ਟਿਲੇ ਨੂੰ ਬਾਲ ਨਾਥ ਦਾ ਟਿੱਲਾ ਵੀ ਕਹਿੰਦੇ ਹਨ। ਗੋਰਖ, ਪੂਰਨ ਤੇ ਭਰਥਰੀ ਆਦਿ ਪ੍ਰਸਿਧ ਜੋਗੀ ਆਪਣੇ ਜੀਵਨ ਕਾਲ ਵਿਚ ਇਥੇ ਧੂਣੀਆਂ ਧੁਮਾਂਦੇ ਰਹੇ।

ਕਨਿੰਘਮ ਅਨੁਸਾਰ ਬਾਲ ਨਾਥ ਦਾ ਟਿਲਾ ਪ੍ਰਾਚੀਨ ਕਾਲ ਤੋਂ ਹੀ ਪਾਵਨ ਸਥਾਨ ਮੰਨਿਆ ਜਾਂਦਾ ਰਿਹਾ ਹੈ। ਇਥੇ ਕਦੇ ਸੂਰਜ ਦੇਵਤੇ ਦਾ ਵਡਾ ਮੰਦਰ ਸੀ। ਪਲੂਟਾਰਚ ਲਿਖਦਾ ਹੈ ਕਿ 326 ਪੂਰਬ ਈਸਵੀ ਵਿਚ, ਜਦੋਂ ਪੋਰਸ ਆਪਣੇ ਲਸ਼ਕਰ ਸਮੇਤ, ਸਿਕੰਦਰ ਨਾਲ ਲੋਹਾ ਲੈਣ ਲਈ, ਜਿਹਲਮ ਦੇ ਕੰਢੇ ਤਿਆਰ ਖੜਾ ਸੀ ਤਾਂ ਕੁਝ ਹਾਥੀ ਇਸੇ ਟਿਲੇ ਵਲ, ਜੋ ਉਦੋਂ ਸੂਰਜ ਦੇਵਤੇ ਦਾ ਪਵਿਤਰ ਅਸਥਾਨ ਸੀ, ਦੌੜਦੇ ਗਏ ਤੇ ਉਨ੍ਹਾਂ ਨੇ ਮਨੁੱਖਾਂ ਦੀ ਭਾਸ਼ਾ ਵਿਚ, ਸੂਰਜ ਦੀ ਮੂਰਤੀ ਅਗੇ ਹਮਲਾਵਰਾਂ ਤੋਂ ਰਖਿਆ ਲਈ ਪ੍ਰਾਰਥਨਾ ਕੀਤੀ।

ਉਦੋਂ ਤੋਂ ਇਸ ਟਿਲੇ ਦਾ ਨਾਉਂ ਫੀਲ ਨਾਥ ਦਾ ਟਿੱਲਾ ਪੈ ਗਿਆ। ਜੋਗ ਮਤ ਦੀ ਚੜ੍ਹਤ ਸਮੇਂ ਇਸ ਟਿਲੇ ਦਾ ਨਾਉਂ ਫੀਲ ਨਾਥ ਤੋਂ ਬਾਲ ਨਾਥ ਪੈ ਗਿਆ। ਦੇਸ਼ ਵੰਡ ਤੋਂ ਪਹਿਲਾਂ ਇਥੇ ਇਕ ਭਾਰੀ ਮੇਲਾ ਲਗਿਆ ਕਰਦਾ ਸੀ। ਜਿਸ ਵਿਚ ਇਲਾਕੇ ਦੇ ਲੋਕਾਂ ਤੋਂ ਇਲਾਵਾ ਦੂਰੋਂ ਦੂਰੋਂ ਜੋਗੀ ਵੀ ਸ਼ਾਮਲ ਹੁੰਦੇ ਸਨ।

### (ਟ-37) ਟਿੱਲਾ ਬਾਲ ਗੁੰਦਾਈ :

ਇਕ ਪ੍ਰਸਿਧ ਟਿਲਾ ਜਿਥੇ ਬਾਲ ਗੁੰਦਾਈ ਦਾ ਆਸ਼ਰਮ ਸੀ। ਇਹ ਟਿਲਾ ਜਿਹਲਮ ਤੋਂ ਅਠਾਰਾਂ ਮੀਲ ਪੱਛਮ ਵਲ ਸਥਿਤ ਹੈ। ਇਥੇ ਕਈ ਹੋਰ ਟਿਲੇ ਵੀ ਹਨ, ਜੋ ਭਿੰਨ-ਭਿੰਨ ਜੋਗੀਆਂ ਦੇ ਨਾਵਾਂ ਨਾਲ ਪ੍ਰਸਿਧ ਹਨ। ਬਾਲ ਗੁੰਦਾਈ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ। ਮਹਾਨ ਕੋਸ਼ ਟਿੱਲੇ ਦਾ ਜ਼ਿਕਰ ਕੀਤਾ ਹੈ :

ਕੁਝ ਮੰਗ ਲੈ ਬੇਪਰਵਾਹੀਆ ਤੋਂ
ਟਿਲੇ ਬਾਲ ਗੁੰਦਾਈ ਦਾ ਸੰਤ ਭਾਰਾ
ਇਹਦਾ ਜੋਗ ਦਰਗਾਹ ਮੰਜ਼ੂਰ ਹੋਇਆ
ਮੱਥਾ ਟੇਕਦਾ ਕੁਲ ਜਹਾਨ ਸਾਰਾ।

### (ਟ-38) ਟਿਲਵਾ ਟਿਲਵੀ :

ਬੱਚਿਆਂ ਦੀ ਇਕ ਖੇਡ; ਇਸ ਵਚਿਤ੍ਰ ਖੇਡ ਵਿਚ, ਇਕ ਤਰ੍ਹਾਂ ਨਾਲ ਬੁਝਾਵਣੀ ਬੁਝਣੀ ਪੈਂਦੀ ਹੈ। ਨਾ ਬੁਝਣ ਦੀ ਹਾਲਤ ਵਿਚ ਹਾਰੀ ਹੋਈ ਧਿਰ, ਜੇਤੂ ਹੋਈ ਧਿਰ ਨੂੰ ਆਪਣੀ ਪਿਠ ਉੱਤੇ ਸਵਾਰੀ ਦੇਂਦੀ ਹੈ। ਖੇਡਣ ਵਾਲੇ ਬੱਚੇ ਦੋ ਧਿਰਾਂ ਵਿਚ ਵੰਡੇ ਜਾਂਦੇ ਹਨ। ਇਕ ਧਿਰ ਦਾ ਆਗੂ ਦੂਜੀ ਧਿਰ ਤੋਂ ਪਿੰਡ ਦੇ ਕਿਸੇ ਘਰ ਬਾਰੇ ਪੁਛਦੀ ਹੈ। ਥਹੁ ਪਤਾ ਤੇ ਦਿਸ਼ਾ ਆਦਿ ਦੇ ਸੰਕੇਤ ਬਾਰੇ ਜੋ ਸ਼ਬਦ ਵਰਤੇ ਜਾਂਦੇ ਹਨ, ਉਹ ਸਾਰੇ ਕਿਸੇ ਖ਼ਾਸ ਅਰਥ ਦੇ ਬੋਧਿਕ ਹੁੰਦੇ ਹਨ। ਜਿਵੇਂ 'ਟਿਲਵਾ' ਸ਼ਬਦ ਲੜਕੇ ਲਈ ਤੇ 'ਟਿਲਵੀ' ਲੜਕੀ ਲਈ ਵਰਤਿਆ ਜਾਂਦਾ ਹੈ। 'ਲੰਡ ਬਲੰਡੇ' ਤੋਂ ਭਾਵ ਹੈ ਇਕੋ ਬੱਚਾ, ਜਿਵੇਂ 'ਇਕ ਟਿਲਵਾ ਲੰਡ ਬਲੰਡੇ' ਦਾ ਭਾਵ ਹੈ ਇਕਲਾ ਲੜਕਾ ਜਿਸ ਦਾ ਕੋਈ ਹੋਰ ਭੈਣ ਭਰਾ ਨਹੀਂ। 'ਦੋ ਟਿਲਵੀਆਂ ਲੰਡ ਬਲੰਡੀਆਂ' ਦਾ ਭਾਵ ਹੈ ਦੋ ਕੁੜੀਆਂ ਜਿਨ੍ਹਾਂ ਦਾ ਕੋਈ ਭਰਾ ਨਹੀਂ।

ਇਕ ਧਿਰ ਪੁਛਦੀ ਹੈ–ਇਕ ਦੇ ਘਰ ਦੋ ਟਿਲਵੇ, ਲੰਡ ਬਲੰਡੇ, ਦਸੋ ਕੌਣ? ਦੂਜੀ ਧਿਰ ਉਸ ਘਰ ਦਾ ਨਾਉਂ ਬੁਝਦੀ ਹੈ, ਜਿਸ ਦੇ ਘਰ ਕੇਵਲ ਦੋ ਲੜਕੇ ਹੋਣ। ਕਈ ਵਾਰ ਮਹੱਲੇ ਦੀ ਕਿਸੇ ਪਤੇ ਨਿਸ਼ਾਨੀ ਵਲ ਵੀ ਸੰਕੇਤ ਕੀਤਾ ਜਾਂਦਾ ਹੈ, ਜਿਵੇਂ ਨਾਈਆਂ ਦਾ ਮਹੱਲਾ, ਛੀਂਬਿਆਂ ਦੀ ਗਲੀ ਆਦਿ। ਪਤੇ ਨਿਸ਼ਾਨੀਆਂ ਦੱਸਣ ਵੇਲੇ ਮਹੱਲੇ ਲਈ 'ਭਾਂਡੇ ਫੁਟੇ' ਤੇ ਗਲੀ ਲਈ 'ਛਿੱਟਾ ਗਈਆਂ' ਵਾਕੰਸ਼ ਵਰਤੇ ਜਾਂਦੇ ਹਨ ਜਿਵੇਂ :—

ਦੋ ਟਿਲਵੇ ਲੰਡ-ਬਲੰਡੇ
ਭਾਂਡੇ ਫੁਟੇ ਨਾਈਆਂ ਦੇ
ਛਿੱਟਾ ਗਈਆਂ ਛੀਂਬਿਆਂ ਦੇ, ਪੁਛੋ ਕੌਣ?

ਇਸ ਸੰਕੇਤ ਵਿਚ ਮਹੱਲਾ ਨਾਈਆਂ ਦਾ ਤੇ ਗਲੀ ਛੀਂਬਿਆਂ ਦੀ ਹੈ, ਘਰ ਉਹ ਬੁਝਣਾ ਹੈ, ਜਿਸਦੇ ਦੋ ਲੜਕੇ ਹੋਣ।

ਜਿਹੜੀ ਧਿਰ ਨਹੀਂ ਬੁਝ ਸਕਦੀ, ਉਹ ਧਿਰ ਵਾਰੀ ਹਾਰ ਜਾਂਦੀ ਹੈ ਤੇ ਜੇਤੂ ਧਿਰ ਵਾਲੇ ਹਾਰੀ ਧਿਰ ਦੇ

ਉਪਰ ਜਵਾਬ ਮਿਲੇ ਤਾਂ ਹੇਠਲੀ ਧਿਰ ਵਾਲੇ ਉਪਰ ਹੋ ਜਾਂਦੇ ਹਨ ਤੇ ਜੇ 'ਉਪਰਲੇ ਉਪਰ' ਕਹਿਆ ਜਾਵੇ ਤਾਂ ਜਿੱਤੀ ਧਿਰ ਦੇ ਮੁੰਡੇ ਹੀ ਉਪਰ ਰਹਿੰਦੇ ਹਨ ਤੇ ਫਿਰ ਸਵਾਰੀ ਕਰਦੇ ਹੋਏ, ਉਸੇ ਥਾਂ ਵਾਪਸ ਆ ਜਾਂਦੇ ਹਨ, ਜਿਥੇ ਦਾਈ (ਔਂਡਾ) ਹੁੰਦਾ ਹੈ। ਇਸ ਖੇਡ ਨਾਲ ਆਪਣੇ ਪਿੰਡ ਬਾਰੇ ਗਿਆਨ ਵਧਦਾ ਹੈ।

(ਟ-39) **ਟੀਚਾ** :

ਖੁਥੀ ਖੇਡਣ ਵੇਲੇ ਮੁੰਡੇ ਜਿਸ ਗੀਠੇ/ਅਖਰੋਟ,ਕੌਡੀ/ਬਿਲੌਰ ਆਦਿ ਨਾਲ, ਖੁਥੀ ਤੋਂ ਬਾਹਰ ਰਹਿ ਗਏ ਗੀਠਿਆਂ ਦਾ ਨਿਸ਼ਾਨਾ ਫੁੰਡਦੇ ਹਨ, ਉਸ ਨੂੰ ਟੀਚਾ ਜਾਂ ਟੌਂਚਾ ਕਹਿੰਦੇ ਹਨ। ਉਹ ਆਮ ਨਾਲੋਂ ਰਤਾ ਵਡਾ ਜਾਂ ਭਾਰਾ ਹੁੰਦਾ ਹੈ। ਉਸ ਨੂੰ ਜੀਭ ਨਾਲ ਲਾ ਕੇ ਫਿਰ ਨਿਸ਼ਾਨਾ ਲਾ ਕੇ ਮਾਰਿਆ ਜਾਂਦਾ ਹੈ।

(ਟ-40) **ਟੀਟਣਾ** :

ਬੱਚਿਆਂ ਦੀ ਇਕ ਖੇਡ, ਜਿਸ ਵਿਚ ਇਕ ਧਿਰ ਝੁਕ ਕੇ ਘੋੜੇ ਵਾਂਗ ਖਲੋਂਦੀ ਹੈ ਅਤੇ ਦੂਜੀ ਧਿਰ ਉਨ੍ਹਾਂ ਉਪਰ ਚੜ੍ਹ ਕੇ ਦੌਲਤੀਆਂ ਮਾਰਦੀ ਹੈ। ਘੋੜੇ ਦੀ ਸਵਾਰੀ ਕਰਨ ਨਾਲ, ਕਈ ਖੇਡਾਂ ਸਬੰਧਿਤ ਹਨ। ਜੋ ਬੱਚਿਆਂ ਦੀ ਮਾਨਸਿਕਤਾ ਨੂੰ ਸੈਨਿਕ ਰੰਗ ਦੇਂਦੀ ਹੈ।

(ਟ-41) **ਟੁੱਕਰ ਫੇਰਨਾ** :

ਚੰਦਰੀ ਨਜ਼ਰ ਤੋਂ ਬਚਣ ਦਾ ਇਕ ਉਪਾਓ; ਲੋਕਾਂ ਦੀ ਧਾਰਨਾ ਹੈ ਕਿ ਜੇ ਚੰਦਰੀ ਨਜ਼ਰ ਪਥਰ ਉਤੇ ਪੈ ਜਾਏ ਤਾਂ ਪਥਰ ਪਾੜ ਸੁਟਦੀ ਹੈ। ਜੇ ਕਿਸੇ ਰੋਟੀ ਖਾ ਰਹੇ ਸ਼ਖ਼ਸ ਜਾਂ ਦੁੱਧ ਪੀਂਦੇ ਬੱਚੇ ਉਤੇ ਪੈ ਜਾਏ ਤਾਂ ਉਸ ਦੀ ਭੁੱਖ ਮਰ ਜਾਂਦੀ ਹੈ। ਜੇ ਦੁੱਧ ਚੋਂਦਿਆਂ ਗਊ ਮੱਝ ਤੇ ਪੈ ਜਾਏ ਤਾਂ ਉਹਦਾ ਦੁੱਧ ਸੁਕ ਜਾਂਦਾ ਹੈ।

ਨਜ਼ਰ ਤੋਂ ਬਚਾਓ, ਦਾ ਇਕ ਉਪਾਅ 'ਟੁਕਰ ਪਿੰਨਣ' ਦਾ ਹੈ। ਚੰਦਰੀ ਨਜ਼ਰ ਵਾਲਾ ਸ਼ਖ਼ਸ, ਜਿਸ ਦੀ ਨਜ਼ਰ ਲਗੀ ਹੋਵੇ, ਉਸ ਤੋਂ ਰੋਟੀ ਦਾ ਇਕ ਟੁਕੜਾ ਮੰਗਦਾ ਹੈ। ਉਸ ਮੰਗੇ ਹੋਏ ਟੁਕੜੇ ਨੂੰ ਕੋਲ ਰਖਣ ਨਾਲ, ਉਸ ਸ਼ਖ਼ਸ ਦੀ ਲਗੀ ਨਜ਼ਰ ਸਹਿਜੇ ਹੀ ਉਤਰ ਜਾਂਦੀ ਹੈ। ਜਦੋਂ ਤਕ ਉਹ ਟੁਕਰ ਕੋਲ ਹੋਵੇ, ਉਦੋਂ ਤਕ ਉਸ ਸ਼ਖ਼ਸ ਦੀ ਚੰਦਰੀ ਨਜ਼ਰ ਨਹੀਂ ਲਗਦੀ। ਵਿਸ਼ਵਾਸ਼ ਅਨੁਸਾਰ ਪਹਿਲਾਂ ਵਾਂਗ ਫਿਰ ਦੁੱਧ ਦੇਣ ਲਗ ਪੈਂਦੀ ਹੈ।

(ਟ-42) **ਟੁੱਟਦੇ ਤਾਰੇ** :

ਤਾਰਿਆਂ ਦਾ ਟੁੱਟਣਾ ਆਦਿਮ-ਮਨੁੱਖ ਲਈ ਇਕ ਰਹੱਸਮਈ ਤੇ ਅਲੌਕਿਕ ਦ੍ਰਿਸ਼ ਸੀ। ਇਨ੍ਹਾਂ ਬਾਰੇ ਕਈ ਤਰ੍ਹਾਂ ਦੇ ਵਿਚਾਰ ਤੇ ਮਨੌਤਾਂ ਪ੍ਰਚਲਤ ਹਨ। ਮੁਸਲਮਾਨੀ ਵਿਸ਼ਵਾਸ ਅਨੁਸਾਰ ਟੁੱਟਦੇ ਤਾਰੇ ਉਹ ਭਖਦੇ ਸੰਅਲੇ ਫੜਦੇ ਅੰਗਾਰੇ ਹਨ, ਜੋ ਫਰਿਸ਼ਤੇ ਸ਼ੈਤਾਨ ਉਤੇ ਸੁਟਦੇ ਹਨ। ਜਦੋਂ ਸ਼ੈਤਾਨ ਬਹਿਸ਼ਤ ਵਿਚ ਦਾਖ਼ਲ ਹੋਣ ਦਾ ਜਤਨ ਕਰਦਾ ਏ। ਹਿੰਦੂ ਲੋਕਧਾਰਾ ਅਨੁਸਾਰ ਧਰਮੀ ਪੁਰਸ਼ ਅਗਲੇ ਲੋਕ ਤਾਰੇ ਬਣ ਕੇ ਆਕਾਸ਼ ਮੰਡਲ ਉਤੇ ਚਮਕਦੇ ਹਨ। ਜਦੋਂ ਉਹ ਆਪਣੇ ਨੇਕ ਕਰਮਾ ਦਾ ਫਲ ਭੁਗਤਾ ਚੁਕਦੇ ਹਨ ਅਥਵਾ ਉਨ੍ਹਾਂ ਦੀ ਅਵਧੀ ਪੂਰੀ ਹੋ ਜਾਂਦੀ ਹੈ ਤਾਂ ਉਹ ਆਕਾਸ਼ ਮੰਡਲ ਵਿਚੋਂ ਟੁੱਟ ਕੇ ਸਵਰਗ ਲੋਕ ਵਿਚ ਚਲੇ ਜਾਂਦੇ ਹਨ।

ਟੁੱਟਦੇ ਤਾਰਿਆਂ ਨਾਲ ਵੰਨ-ਸਵੰਨੇ ਭਰਮ ਤੇ ਮਨੌਤਾਂ ਵੀ ਜੁੜੀਆਂ ਹੋਈਆਂ ਹਨ। ਜੇ ਕੋਈ ਸ਼ਖ਼ਸ ਤਾਰੇ ਦੇ ਟੁੱਟਣ ਦੀ ਕਿਰਿਆ ਦੇ ਵਿਚ-ਵਿਚਾਲੇ, ਮਨ ਵਿਚ ਕੋਈ ਇੱਛਾ ਧਾਰ ਕੇ, ਕਿਸੇ ਧਾਗੇ ਨੂੰ ਗੰਢ ਮਾਰਨ ਵਿਚ ਸਫਲ ਹੋ ਜਾਵੇ ਤਾਂ ਉਸ ਦੀ ਮੁਰਾਦ ਸਹਿਜ ਭਾਵ ਵਿਚ ਹੀ ਪੂਰੀ ਹੋ ਜਾਂਦੀ ਹੈ। ਇਸ ਵਿਚਾਰ ਦਾ ਆਧਾਰ ਸਹਾਨੁਭੂਤੀ ਜਾਦੂ-ਟੂਣਾ ਹੈ। ਧਾਗੇ ਨੂੰ ਗੰਢ ਮਾਰ ਲੈਣ ਨਾਲ ਟੁਟਦੇ ਤਾਰੇ ਦੀ ਦੈਵੀ ਸ਼ਕਤੀ, ਉਸ ਗੰਢ ਮਾਰਨ ਵਾਲੇ ਵਿਅਕਤੀ ਦੇ ਵਸ ਵਿਚ ਹੀ ਹੋ ਜਾਂਦੀ ਹੈ ਤੇ ਉਸ ਦੀ ਮਨੋਕਾਮਨਾ ਦੀ ਪੂਰਤੀ ਦਾ ਸਾਧਨ ਬਣਦੀ ਹੈ। ਇਸੇ ਲਈ ਮੂੰਹ ਮੰਗੀ ਮੁਰਾਦ ਪੂਰੀ ਹੋ ਜਾਂਦੀ ਹੈ। ਪਰ ਤਾਰੇ ਦੇ ਟੁਟਣ ਦੀ ਕਿਰਿਆ ਇਤਨੀ ਅਚਨਚੇਤੀ ਤੇ ਛਿਣ-ਭਰ ਦੀ ਹੁੰਦੀ ਹੈ ਕਿ ਗੰਢ ਮਾਰਨ ਤੋਂ ਪਹਿਲਾਂ ਹੀ ਰੋਸ਼ਨੀ ਦੀ ਲੀਕ ਵਿਸਮ ਜਾਂਦੀ ਹੈ।

(ਟ-43) **ਟੁੰਡਾ ਅਸਰਾਜ** :

ਰਾਜੇ ਸਾਰੰਗ ਦਾ ਪੁੱਤਰ ਜਿਸ ਦੀ ਵਾਰ ਪੰਜਾਬੀ ਦੀਆਂ ਪ੍ਰਾਚੀਨ ਵਾਰਾਂ ਵਿਚੋਂ ਇਕ ਹੈ (ਵੇਖੋ : ਅਸਰਾਜ)।

(ਟ-44) **ਟੂਣਾ-ਟੱਪਾ** :

ਤੁਕ/ਟੱਪਾ ਅਜਿਹਾ ਹੁੰਦਾ ਹੈ, ਜੋ ਬਾਰ ਬਾਰ ਦੁਹਰਾਇਆ ਜਾਂਦਾ ਹੈ। ਇਸ ਨੂੰ ਸਥਾਈ ਜਾਂ ਟੇਕ ਕਹਿੰਦੇ ਹਨ ਅਤੇ ਦੂਜੇ ਬੰਦ ਨੂੰ ਅੰਤਰੇ। ਸਥਾਈ ਦਾ ਟੱਪਾ, ਹਰ ਅੰਤਰੇ ਪਿਛੋਂ ਬਾਰ ਬਾਰ ਦੁਹਰਾਇਆ ਜਾਂਦਾ ਹੈ। ਗੀਤ ਦਾ ਮੂਲ ਭਾਵ ਇਸੇ ਟੱਪੇ ਵਿਚ ਕੇਂਦ੍ਰਿਤ ਹੁੰਦਾ ਹੈ।

ਪੰਜਾਬੀ ਦੇ ਬਹੁਤ ਸਾਰੇ ਪੁਰਾਣੇ ਲੋਕ-ਗੀਤਾਂ ਦੀਆਂ ਸਥਾਈਆਂ ਤਾਂ ਲੋਕਾਂ ਨੂੰ ਯਾਦ ਹਨ। ਪਰ ਅੰਤਰੇ ਨਹੀਂ ਮਿਲਦੇ। ਆਮ ਤੌਰ ਤੇ ਲੋਕ-ਗੀਤਾਂ ਦੀ ਸਥਾਈ ਦੀਆਂ ਤੁਕਾਂ ਵਸੇ ਵਸੇ ਬਦਲੀਆਂ ਨਹੀਂ, ਅੰਤਰੇ ਦੀਆਂ ਤੁਕਾਂ ਜਾਂ ਟੱਪਿਆਂ ਵਿਚ ਵਾਧੇ ਘਾਟੇ ਹੁੰਦੇ ਰਹਿੰਦੇ ਹਨ। ਮੌਕੇ ਅਨੁਸਾਰ ਕਈ ਨਵੇਂ ਅੰਤਰੇ ਟਚ ਕੇ ਮੂਲ ਗੀਤ ਵਿਚ ਟਿਕਾ ਦਿਤੇ ਜਾਂਦੇ ਹਨ। ਇਸੇ ਲਈ ਗੀਤ ਨਵਾਂ ਵੀ ਲਗਦਾ ਹੈ ਤੇ ਪੁਰਾਣਾ ਵੀ।

(ਟ-46) **ਟੋਕਲਾ** :

'ਘੋਰ-ਘਮੰਡ' ਅਥਵਾ 'ਲੱਲੇ' ਖੇਡਣ ਲਗਿਆਂ, ਇਕ ਘੁਥੀ ਜਿਹੀ ਪੱਟ ਲਈ ਜਾਂਦੀ ਹੈ। ਫਿਰ ਉਸ ਵਿਚ ਦੋ ਖਿਡਾਰੀ ਆਪੋ ਆਪਣੇ ਡੰਡੇ ਟਿਕਾ ਦਿੰਦੇ ਹਨ। ਤੀਜਾ ਖਿਡਾਰੀ ਆਪਣਾ ਡੰਡਾ ਦੋਹਾਂ ਖਿਡਾਰੀਆਂ ਦੇ ਡੰਡਿਆਂ ਵਿਚਕਾਰ ਟੇਕ ਕੇ ਜ਼ੋਰ ਦਾ ਘੁਮਾਉਂਦਾ ਹੈ। ਘੁਮਾਣ ਦੀ ਇਸ ਕਿਰਿਆ ਨੂੰ 'ਟੋਕਲਾ' ਕਹਿੰਦੇ ਹਨ। ਜਿਸ ਖਿਡਾਰੀ ਦਾ ਡੰਡਾ ਘੁਥੀ ਵਿਚੋਂ ਬਾਹਰ ਨਿਕਲ ਜਾਵੇ ਉਹ ਹਾਰ ਜਾਂਦਾ ਹੈ।

(ਟ-47) **ਟੋਟਕਾ** :

ਕੰਨਾਂ ਵਿਚ ਪਹਿਨਣ ਵਾਲਾ ਇਕ ਨਿਕਾ ਜਿਹਾ ਗਹਿਣਾ।

(ਟ-48) **ਟੇਵਾ** :

(ੳ) ਹਿੰਦੂਆਂ ਵਿਚ ਪ੍ਰਥਾ ਹੈ ਕਿ ਬੱਚੇ ਦੇ ਜੰਮਦੇ ਸਾਰ, ਕੁਲ-ਪ੍ਰੋਹਿਤ ਤੋਂ, ਇਕ ਕਾਗਜ਼ ਉੱਤੇ ਬੱਚੇ ਦੀ ਜਨਮ ਦੀ ਤਿੱਥ, ਵਾਰ, ਸਾਲ, ਸਮਾਂ, ਨਛਤ੍ਰ ਦੀ ਦਿਸ਼ਾ ਤੇ ਰਾਸ਼ੀ, ਗ੍ਰਹਿਆਂ ਦੇ ਯੋਗ, ਕਿਹੜੇ ਘਰ ਵਿਚ ਕਿਹੜਾ ਗ੍ਰਹਿ ਹੈ ਤੇ ਉਸ ਦਾ ਸ਼ੁਭ-ਅਸ਼ੁਭ ਅਸਰ ਆਦਿ ਲਿਖਵਾ ਕੇ ਰਖ ਲੈਂਦੇ ਹਨ। ਜਿਸ ਨੂੰ ਟੇਵਾ ਕਹਿੰਦੇ ਹਨ। ਇਸੇ ਨੂੰ ਜਨਮ-ਪਤਰੀ ਵੀ ਕਿਹਾ ਜਾਂਦਾ ਹੈ। ਜਿੰਨ੍ਹਾਂ ਵਿਚ ਲਗਨ ਦਾ ਸਮਾਂ-ਤਿੱਥ ਆਦਿ ਦਰਜ ਹੁੰਦੀ ਹੈ। ਇਸ ਨੂੰ ਵੀ ਟੇਵਾ ਕਿਹਾ ਜਾਂਦਾ ਹੈ (ਵੇਖੋ : ਸਾਹਾ ਚਿੱਠੀ)।

(ਟ-49) **ਟੋਕਰੀ ਕਾ ਨੇਗ** :

ਹਰਿਆਣੇ ਦੇ ਮਿਉ ਜਾਤੀ ਵਿਚ, ਵਿਆਹ ਨਾਲ ਸਬੰਧਿਤ ਇਕ ਰੀਤ, ਦੁਪਹਿਰਾਂ ਢੱਲਣ ਮਗਰੋਂ, ਕੰਨਿਆਂ ਪੱਖ ਦਾ ਨਾਈ ਬਰਾਤ ਦੇ ਠਿਕਾਣੇ ਉਤੇ ਜਾਂਦਾ ਹੈ। ਵਰ ਦਾ ਪਿਉ ਤੇ ਚਾਰੇ ਨਾਈ ਨੂੰ ਇਕ ਟੋਕਰੀ ਦੇਂਦੇ ਹਨ, ਜਿਸ ਵਿਚ ਕੰਨਿਆਂ ਲਈ ਕੁਝ ਕਪੜੇ ਅਤੇ ਸ਼ਿੰਗਾਰ ਦਾ ਸਾਮਾਨ ਰਖਿਆ ਹੁੰਦਾ ਹੈ। ਇਸ ਟੋਕਰੀ ਦੇ ਨਾਲ ਹੀ ਇਕ ਲਾਲ ਕਪੜੇ ਵਿਚ ਛੁਹਾਰੇ ਤੇ ਮਖਾਣੇ ਬੰਨ੍ਹੇ ਹੁੰਦੇ ਹਨ। ਇਥੇ ਹੀ ਵਰ ਪੱਖ ਵਾਲੇ ਕੰਨਿਆਂ ਪੱਖ ਦੇ ਕੰਮੀਆਂ ਨੂੰ ਲਾਗ ਦੇਂਦੇ ਹਨ। ਨਾਈ ਦਸਦਾ ਜਾਂਦਾ ਹੈ ਕਿ ਫਲਾਣੇ ਕੰਮੀ ਨੂੰ ਕਿਤਨੀ ਲਾਗ ਦੇਣੀ ਹੈ। ਮਗਰੋਂ ਨਾਈ ਟੋਕਰੀ ਲੈ ਕੇ ਕੰਨਿਆਂ ਦੇ ਪ੍ਰਵਾਰ ਨੂੰ ਚੀਜ਼ਾਂ ਦੇ ਆਉਂਦਾ ਹੈ। ਖ਼ਾਲੀ ਟੋਕਰੀ ਉਹ ਦੂਲ੍ਹੇ ਦੇ ਪਿਉ ਨੂੰ ਵਾਪਸ ਕਰਨ ਆਉਂਦਾ ਹੈ। ਉਦੋਂ ਨਾਈ ਆਪਣੀ ਲਾਗ ਵੀ ਲੈਂਦਾ ਹੈ।

(ਟ-50) **ਟੋਟਕਾ** :

(ੳ) ਕਿਸੇ ਰੋਗ ਨੂੰ ਦੂਰ ਕਰਨ ਲਈ ਕੀਤਾ ਭਾਤਾ ਜਾਂ ਟੂਣਾ। ਕਈ ਓਝੇ ਸਵਾਹ ਦੀ ਚੁਟਕੀ ਨਾਲ ਜਾਂ ਮੰਤ੍ਰ ਫੂਕ ਕੇ ਰੋਗ ਦੂਰ ਕਰ ਦੇਂਦੇ ਹਨ। ਕਈ ਓਝੇ ਤਵੀਤ ਪਹਿਨਣ ਲਈ ਦੇਂਦੇ ਹਨ। ਇਨ੍ਹਾਂ ਸਭ ਨੂੰ ਟੂਣਾ-ਟੋਟਕਾ ਜਾਂ ਟੋਟਕਾ ਕਹਿੰਦੇ ਹਨ (ਵੇਖੋ : ਟੂਣਾ ਟੋਟਕਾ)।

(ਅ) ਕਿਸੇ ਗੀਤ ਦਾ ਚੋਂਦਾ ਚੋਂਦਾ ਟੱਪਾ, ਜਾਂ ਚੁਟਕਲਾ।

(ੲ) ਲੋਕ-ਕਥਾਵਾਂ ਦਾ ਇਕ ਲਘੂ ਪਰ ਰੋਚਕ ਰੂਪ ਟੋਟਕਾ ਹੈ, ਜਿਸ ਵਿਚ ਕਿਸੇ ਵਿਚਾਰਕ ਸਿਖਿਆ, ਜੀਵਨ ਜੁਗਤ ਅਤੇ ਨੈਤਿਕ ਉਪਦੇਸ਼ ਆਦਿ ਨੂੰ ਬ੍ਰਿਤਾਂਤ ਦੁਆਰਾ ਦ੍ਰਿੜ੍ਹ ਕਰਵਾਇਆ ਜਾਂਦਾ ਹੈ।

ਟੋਟਕਾ ਸ਼ਬਦ 'ਟੋਟ' ਤੋਂ ਬਣਿਆ ਹੈ ਜਿਸ ਦਾ ਅਰਥ ਟੋਟਾ ਜਾਂ ਟੁਕੜਾ ਹੈ। ਇਹ ਸ਼ਬਦ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਕ ਤਾਂ ਇਸ ਦਾ ਪ੍ਰਯੋਗ ਕਿਸੇ ਰੋਗ ਨੂੰ ਦੂਰ ਕਰਨ ਲਈ, ਆਮ ਪ੍ਰਚਲਤ ਦਵਾਈ ਜਾਂ ਨੁਸਖੇ ਲਈ ਕੀਤਾ ਜਾਂਦਾ ਹੈ। ਦੂਜਾ, 'ਟੂਣੇ-ਟੋਟਕੇ' ਦੇ ਰੂਪ ਵਿਚ ਇਹ ਪਦ ਜਾਦੂ ਟੂਣੇ ਅਤੇ ਜੰਤਰ-ਮੰਤਰ

ਅਨੁਭਵ ਦਾ ਕਾਵਿ ਨਚੋੜ ਹੋਵੇ :

ਸਿੱਧਾ ਟੁਰੇ ਰਾਹ ਤਾਂ ਵਿੰਗਰੀ ਅੜੇ ਕਿਉਂ ?
ਤਵਾ ਹੋਵੇ ਤਾਰਾ ਤਾਂ ਰੋਟੀ ਸੜੇ ਕਿਉਂ ?
ਪੁੱਤਰ ਹੋਵੇ ਚੰਗਾ ਤਾਂ ਨੂੰਹ ਲੜੇ ਕਿਉਂ ?
ਹੱਥ ਪੈਰ ਹਲਾਏ ਤਾਂ ਭੁੱਖਾ ਮਰੇ ਕਿਉਂ ?
ਰੱਬ ਨੂੰ ਰਖੇ ਯਾਦ ਤਾਂ ਮੌਤੋਂ ਡਰੇ ਕਿਉਂ ।

ਕਥਾ ਦੇ ਰੂਪ ਵਿਚ ਟੋਟਕਾ ਉਸ ਬ੍ਰਿਤਾਂਤ ਲਈ ਵਰਤਿਆ ਜਾਂਦਾ ਹੈ ਜਿਸ ਵਿਚ ਅਲਪ ਜਿਹਾ ਅਨੁਭਵ-ਖੰਡ, ਕੋਈ ਇਕ ਸਥਿਤੀ, ਜਾਂ ਜੀਵਨ ਝਾਕੀ, ਜਾਂ ਕਥਾ ਦੀ ਕੋਈ ਟੁਕੜੀ ਐਸੀ ਪੇਸ਼ ਕੀਤੀ ਗਈ ਹੋਵੇ, ਜਿਸ ਵਿਚੋਂ ਸਹਿਜ ਭਾਵ ਵਿਚ ਹੀ ਵਿਹਾਰਕ ਗਿਆਨ ਪ੍ਰਾਪਤ ਹੋਵੇ। ਕਈ ਟੋਟਕੇ ਕਿਸੇ ਸੰਕਟ-ਸਥਿਤੀ ਜਾਂ ਮਾਨਸਿਕ ਉਲਝਣ ਵਿਚੋਂ ਨਿਕਲਣ ਦੀ ਜੁਗਤ ਦਾ ਹੀ ਗਲਪ-ਬਿੰਬ ਹੁੰਦੇ ਹਨ।

ਟੋਟਕੇ ਅਤੇ ਚੁਟਕਲੇ ਦੋਹਾਂ ਵਿਚ, ਜੀਵਨ ਦਾ ਕੋਈ ਛਿਣ ਹੀ ਫੜਿਆ ਹੁੰਦਾ ਹੈ, ਪਰ ਦੋਹਾਂ ਦੇ ਰੂਪ ਅਤੇ ਚਰਿਤ੍ਰ ਵਿਚ ਕਾਫ਼ੀ ਅੰਤਰ ਹੈ, ਚੁਟਕਲਾ ਇਕੋ ਬਿੰਦੂ ਉਤੇ ਹੋਣ ਕਰਕੇ ਸਿਮਟਿਆ ਰਹਿੰਦਾ ਹੈ ਅਤੇ ਇਸ ਦਾ ਵਿਹਾਰਕ ਮੰਤਵ ਕੋਈ ਨਹੀਂ ਹੁੰਦਾ। ਕਈ ਵਾਰ ਕਈ ਚੁਟਕਲੇ ਕੇਵਲ ਸ਼ੇਖ-ਸੰਸਾਦ ਹੀ ਹੁੰਦੇ ਹਨ। ਟੋਟਕੇ ਵਿਚ ਛਿਣ ਨੂੰ ਕਿਸੇ ਵਿਹਾਰਕ ਪ੍ਰਕਾਸ਼ ਲਈ ਫੜਿਆ ਹੁੰਦਾ ਹੈ ਅਤੇ ਇਹ ਰੂਪ ਚੁਟਕਲੇ ਨਾਲੋਂ ਵਧੇਰੇ ਖਿਲਰਦਾ ਹੈ। ਚੁਟਕਲੇ ਵਿਚ ਜੀਵਨ ਅੰਸ਼ ਤਾਂ ਹੁੰਦਾ ਹੈ, ਤੱਤ ਜਾਂ ਨਚੋੜ ਨਹੀਂ, ਉਸਦਾ ਮਨੋਰਥ ਹਾਸ-ਵਿਨੋਦ ਹੈ। ਟੋਟਕਾ ਮਨੋਰੰਜਨ ਤੋਂ ਇਲਾਵਾ ਕੋਈ ਜੀਵਨ-ਤੱਤ ਜਾਂ ਵਿਹਾਰਕ ਗੱਲ ਵੀ ਦ੍ਰਿੜ੍ਹ ਕਰਵਾਉਂਦਾ ਹੈ।

'ਗੱਲਾਂ' 'ਹਸਾਵਣੀਆਂ' ਅਤੇ 'ਕਹਾਵਤਾਂ' ਵਾਂਗ ਟੋਟਕੇ ਵੀ ਪੰਜਾਬੀਆਂ ਦੀ ਵਾਰਤਾਲਾਪ ਦਾ ਇਕ ਅਹਿਮ ਜੁਜ਼ ਹਨ। ਦੂਜੀਆਂ ਕਹਾਣੀਆਂ ਵਾਂਗ ਇਨ੍ਹਾਂ ਦਾ ਦਿਨ ਵੇਲੇ ਸੰਬਾਦਾਂ ਵਿਚ ਵਰਤਣਾ ਨਿਸ਼ੇਧ ਨਹੀਂ। ਲੋਕ-ਧਾਰਨਾ ਹੈ ਕਿ ਜੇ ਲੋਕ-ਕਹਾਣੀਆਂ ਦਿਨੇ ਪਾਈਆਂ ਜਾਣ ਤਾਂ ਮੁਸਾਫ਼ਰ ਰਾਹ ਭੁਲ ਜਾਂਦੇ ਹਨ, ਪਰ ਜੇ ਟੋਟਕੇ ਦਿਨੇ ਪਾਏ ਜਾਣ ਤਾਂ ਭੁਲੇ ਭਟਕਿਆਂ ਨੂੰ ਮੰਜ਼ਿਲ ਦਿਸ ਪੈਂਦੀ ਹੈ। ਪੰਜਾਬੀਆਂ ਨੇ ਇਸ ਰੋਚਕ ਕਥਾ ਰੂਪ ਦਾ ਪੂਰਾ ਮੁੱਲ ਨਹੀਂ ਪਾਇਆ ਅਤੇ ਟੋਟਕਿਆਂ ਨੂੰ ਇਕਤ੍ਰ ਕਰਨ ਦਾ ਉਦਮ ਨਹੀਂ ਕੀਤਾ। ਇਕ ਟੋਟਕਾ ਇਉਂ ਹੈ :

ਕਿਸੇ ਸ਼ਖ਼ਸ ਦੇ ਘਰ ਕੁਵੇਲੇ ਵੇਲੇ ਇਕ ਮਹਿਮਾਨ ਆ ਗਿਆ। ਪਤਨੀ ਰੋਟੀਆਂ ਪਕਾ ਚੁਕੀ ਸੀ। ਉਸ ਨੇ ਦੋਵੇਂ ਘਬਰਾ ਗਏ।

ਪਤੀ ਕਹਿਣ ਲਗਾ, "ਘਬਰਾ ਨਾ, ਜਿਹੜੀਆਂ ਰੋਟੀਆਂ ਤਿਆਰ ਹਨ, ਉਨ੍ਹਾਂ ਨਾਲ ਹੀ ਕੰਮ ਸਾਰ ਲਵਾਂਗੇ।" ਫਿਰ ਪਤੀ ਨੇ ਪਤਨੀ ਦੇ ਕੰਨਾਂ ਵਿਚ ਕੋਈ ਗੱਲ ਕਹੀ।

ਜਦੋਂ ਤਿੰਨੇ ਰੋਟੀ ਖਾਣ ਲਗੇ ਤਾਂ ਪਤਨੀ ਨੇ ਤਿੰਨ ਰੋਟੀਆਂ ਮਹਿਮਾਨ ਨੂੰ ਖਾਣ ਲਈ ਦਿਤੀਆਂ, ਤਿੰਨ ਹੀ ਪਤੀ ਨੂੰ। ਫਿਰ ਉਸ ਦੋ ਰੋਟੀਆਂ ਆਪਣੀ ਥਾਲੀ ਵਿਚ ਧਰ ਕੇ ਬਾਕੀ ਬਚੀ ਇਕੋ ਰੋਟੀ ਪੋਣੇ ਵਿਚ ਵਲੇਟ ਕੇ ਵਖਰੀ ਰਖ ਦਿਤੀ।

ਜਦੋਂ ਪਤੀ ਤਿੰਨੇ ਰੋਟੀਆਂ ਖਾ ਚੁਕਾ ਤਾਂ ਪਤਨੀ ਨੇ ਹੋਰ ਲੈਣ ਲਈ ਕਿਹਾ,

"ਨਹੀਂ", ਭਾਗਵਾਨੇ, ਹੋਰ ਨਹੀਂ ਚਾਹੀਦੀ। ਤਿੰਨ ਤੋਂ ਵਧ ਫੁਲਕੇ ਜਾਂ ਮੂਰਖ ਖਾਂਦੇ ਨੇ ਜਾਂ ਪੇਟੂ।" ਪਤੀ ਨੇ ਜੁਆਬ ਦਿਤਾ।

ਫਿਰ ਉਸ ਮਹਿਮਾਨ ਨੂੰ ਫੁਲਕਾ ਪੁਛਿਆ ਗਿਆ।

ਮਹਿਮਾਨ ਨੂੰ ਭਾਵੇਂ ਹੋਰ ਭੁੱਖ ਸੀ, ਪਰ ਉਹ ਗੰਭੀਰ ਜਿਹਾ ਮੂੰਹ ਬਣਾ ਕੇ ਕਹਿਣ ਲੱਗਾ—"ਨਹੀਂ, ਮੈਂ ਤਾਂ ਕਦੇ ਵੀ ਤਿੰਨ ਤੋਂ ਵਧ ਫੁਲਕੇ ਨਹੀਂ ਖਾਧੇ।"

ਪਤਨੀ ਨੇ ਉਹ ਫੁਲਕਾ ਆਪ ਖਾ ਲਿਆ।

## (ਟ-51) ਟੋਟਮ (ਗੋਤਰ ਚਿੰਨ੍ਹ) ਦੀ ਪੂਜਾ :

ਆਦਿਮ ਅਵਸਥਾ ਵਿਚ ਮਨੁੱਖ ਜੜ੍ਹ ਵਸਤੂਆਂ, ਬਨਸਪਤੀ ਤੇ ਪ੍ਰਾਕ੍ਰਿਤਕ ਪਦਾਰਥਾਂ ਆਦਿ ਵਿਚ, ਆਤਮ ਤੱਤ ਦੀ ਹੋਂਦ ਮੰਨ ਕੇ, ਲੋੜ ਵੇਲੇ ਉਨ੍ਹਾਂ ਨੂੰ ਪਤਿਆਇਆ ਕਰਦਾ ਸੀ। ਇਸੇ ਆਤਮਸ਼ੀਲ ਚਿੰਤਨ ਤੋਂ ਧਰਮ ਹੋਂਦ ਵਿਚ ਆਇਆ। ਸੁਰਖੀਆਂ ਨੇ ਵੀ ਟੋਟਮਵਾਦ ਨੂੰ ਧਾਰਮਕ ਜੀਵਨ ਦਾ ਪ੍ਰਾਥਮਿਕ ਰੂਪ ਮੰਨਿਆ। ਟੇਲਰ ਟੋਟਮਵਾਦ ਨੂੰ ਪਿਤਰ ਪੂਜਾ ਨਾਲ ਏਕੀਕਰਣ ਕਰਦਾ ਹੈ। ਟੋਟਮ (ਗੋਤਰ-ਚਿੰਨ੍ਹ) ਦੀ ਪੂਜਾ ਵੀ ਇਸੇ ਆਤਮਸ਼ੀਲ ਚਿੰਤਨ ਦਾ ਪਾਸਾਰ ਹੈ। ਤੇ ਸਭ ਧਰਮਾਂ ਦੀ ਜੜ੍ਹ ਤੋਂ ਟੋਟਮ ਦੀ ਸਮਾਜਿਕ ਸੰਸਥਾ ਭਾਵੇਂ ਬੜੀ ਪ੍ਰਾਚੀਨ ਹੈ ਤੇ ਅਸਟ੍ਰੇਲੀਆ, ਅਫ਼ਰੀਕਾ ਤੇ ਅਮਰੀਕਾ ਦੇ ਕਈ ਆਦਿਵਾਸੀ ਕਬੀਲਿਆਂ ਵਿਚ ਮਿਲਦੀ ਹੈ। ਇਸ ਸੰਸਥਾ ਵਲ 1871 ਈ. ਵਿਚ ਜੇ. ਲੌਂਗ ਨੇ ਵਿਦਵਾਨਾਂ ਦਾ ਧਿਆਨ ਸਭ ਤੋਂ ਪਹਿਲਾਂ ਦਿਵਾਇਆ ਅਤੇ ਟੋਟਮ ਸ਼ਬਦ ਦੀ ਵਰਤੋਂ ਪਹਿਲੀ ਵਾਰ ਕੀਤੀ। ਇਹ ਸ਼ਬਦ ਵੀ ਆਦਿਵਾਸੀਆਂ ਦੀ ਸਥਾਨਿਕ ਬੋਲੀ ਵਿਚ ਇਸੇ ਸੰਦਰਭ ਵਿਚ ਵਰਤੇ ਜਾਂਦੇ ਇਕ ਸ਼ਬਦ

ਜੱਟਾਂ, ਖਤ੍ਰੀਆਂ ਤੇ ਬ੍ਰਾਹਮਣਾਂ ਵਿਚ ਵੀ ਕੁਝ ਗੋਤ੍ਰਾਂ ਐਸੀਆਂ ਮਿਲਦੀਆਂ ਹਨ, ਜਿਨ੍ਹਾਂ ਦਾ ਸੰਬੰਧ ਕਿਸੇ ਪਦਾਰਥ, ਵਸਤੂ, ਪਸ਼ੂ-ਪੰਛੀ ਜਾਂ ਕਿਸੇ ਫੁੱਲ ਪੌਦੇ ਨਾਲ ਹੈ। ਪਰ ਜ਼ਰੂਰੀ ਨਹੀਂ ਕਿ ਇਹ ਉਸ ਕਬੀਲੇ/ਗੋਤ ਦਾ ਟੋਟਮ ਹੀ ਹੋਵੇ। ਕਿਉਂ ਜੋ ਟੋਟਮ ਨੂੰ ਪਛਾਨਣ ਲਈ ਕੁਝ ਹੋਰ ਲੱਛਣ ਵੀ ਦ੍ਰਿਸ਼ਟੀਗੋਚਰ ਕਰਨੇ ਪੈਂਦੇ ਹਨ। ਜਿਵੇਂ ਕਿ ਉਸ ਨਾਂ ਵਾਲੇ ਜਾਨਵਰ/ਪੌਦੇ/ਪਦਾਰਥ ਨੂੰ ਪਵਿਤਰ ਮੰਨਣਾ, ਉਸ ਨਾਲੋਂ ਕਬੀਲੇ/ਗੋਤ ਦੇ ਹਰ ਪ੍ਰਾਣੀ ਦੇ ਰਹੱਸਮਈ ਸੰਬੰਧ ਹੋਣ ਨੂੰ ਕਬੂਲਣਾ ਅਤੇ ਉਸ ਜਾਨਵਰ/ਪੌਦੇ/ਪਦਾਰਥ ਨੂੰ ਮਾਰਨ/ਖਾਣ ਨਾਲ ਕਈ ਤਰ੍ਹਾਂ ਦੀਆਂ ਮਨਾਹੀਆਂ ਦੀ ਪਾਲਣਾ ਕਰਨਾ।

ਫ਼ਰੇਜ਼ਰ ਅਨੁਸਾਰ ਟੋਟਮ ਇਕ ਅਜਿਹੇ ਪਦਾਰਥਕ ਵਸਤੂ ਦੀ ਸ਼੍ਰੇਣੀ ਹੈ, ਜਿਸ ਪ੍ਰਤੀ ਆਦਿਵਾਸੀ ਅੰਨ੍ਹੀ ਸ਼ਰਧਾ ਰਖਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਉਸ ਵਸਤੂ ਤੇ ਉਸ ਵਿਚ ਅਤੇ ਸਾਰੇ ਕਬੀਲੇ ਦੇ ਹਰੇਕ ਜੀਅ ਵਿਚਕਾਰ ਇਕ ਗੂੜ੍ਹਾ ਤੇ ਰਹੱਸਮਈ ਵਿਸ਼ੇਸ਼ ਕਿਸਮ ਦਾ ਸੰਬੰਧ ਕਾਇਮ ਹੈ।

ਟੋਟਮ ਕਿਸੇ ਕਬੀਲੇ ਦੀ ਭਾਵਨਾ ਨਾਲ ਜੁੜਿਆ ਹੋਣ ਕਰਕੇ, ਉਸ ਦੇ ਜੀਵਨ ਦਾ ਸੱਚ ਬਣ ਜਾਂਦਾ ਹੈ।

ਬਹੁਤ ਸਾਰੇ ਟੋਟਮ ਜਾਂ ਤਾਂ ਜਾਨਵਰਾਂ ਦੇ ਨਾਂ 'ਤੇ ਹਨ, ਜਾਂ ਰੁੱਖ ਪੌਦੇ 'ਤੇ ਜਾਂ ਫਿਰ ਪਦਾਰਥਕ ਵਸਤੂਆਂ ਦੇ ਨਾਂ ਤੇ। ਕਈ ਵਾਰ ਕਿਸੇ ਮੂਲ ਟੋਟਮ-ਸਮੂਹ ਵਿਚ ਵਾਧਾ ਤੇ ਪਸਾਰ ਹੋਣ ਨਾਲ, ਕੁਝ ਨਵੀਆਂ ਸ਼ਾਖਾਂ ਵੀ ਹੋਂਦ ਵਿਚ ਆਈਆਂ ਹਨ। ਲੋਕ ਧਾਰਨਾ ਅਨੁਸਾਰ ਮਰਨ ਉਪਰੰਤ ਰੂਹਾਂ ਕਿਸੇ ਨਾ ਕਿਸੇ ਸਰੀਰ ਵਿਚ ਵਾਸ ਕਰਦੀਆਂ ਹਨ। ਆਦਿ ਮਨੁੱਖ ਦਰਖ਼ਤਾਂ, ਪੌਦਿਆਂ, ਜਾਨਵਰਾਂ ਤੇ ਰੁੱਖਾਂ ਦੀਆਂ ਰੂਹਾਂ ਵਿਚਕਾਰ ਕੋਈ ਖ਼ਾਸ ਫ਼ਰਕ ਨਹੀਂ ਸੀ ਸਮਝਦਾ। ਇਸ ਲਈ ਧਾਰਨਾ ਸੀ ਕਿ ਮਰਨ ਮਗਰੋਂ ਮਨੁੱਖਾਂ ਦੀਆਂ ਰੂਹਾਂ ਪੌਦਿਆਂ/ਜਾਨਵਰਾਂ ਵਿਚ ਨਿਵਾਸ ਕਰਦੀਆਂ ਹਨ ਤੇ ਉਨ੍ਹਾਂ ਪ੍ਰਤੀ ਧਾਰਮਿਕ ਸ਼ਰਧਾ ਸੁਭਾਵਿਕ ਸੀ। ਉਸ ਸਮੂਹ ਨੂੰ ਉਪ-ਟੋਟਮ ਵਿਚ ਵੰਡਿਆ ਜਾਂਦਾ ਹੈ। ਇਹ ਉਪ-ਟੋਟਮ ਉਸ ਜਾਨਵਰ ਜਾਂ ਪੌਦੇ ਦੇ, ਜੋ ਕਿ ਵਡੇ ਸਮੂਹ ਦਾ ਟੋਟਮ ਸੀ, ਜਿਸ ਵਿਚੋਂ ਹੋ ਕੇ ਇਹ ਸਮੂਹ ਨਿਕਲਿਆ ਹੈ। ਇਕ ਅੰਗ ਜਾਂ ਭਾਗ ਨੂੰ ਹੀ ਆਪਣਾ ਟੋਟਮ ਮੰਨ ਲੈਂਦਾ ਹੈ (ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਪੰਨਾ 391)।

ਟੋਟਮ ਕੋਈ ਪਦਾਰਥਕ ਵਸਤੂ, ਪੌਦਾ ਜਾਂ ਜਾਨਵਰ ਆਦਿ ਹੈ ਜਿਸ ਦੇ ਆਧਾਰ ਉਤੇ ਕੋਈ ਕਬੀਲਾ ਸੰਗਠਿਤ ਹੁੰਦਾ ਹੈ। ਇਸ ਲਈ ਟੋਟਮ ਪ੍ਰਾਚੀਨ ਸਮਾਜਕ ਸੰਸਥਾ ਤੋਂ ਉਸ ਕਬੀਲੇ ਦੇ ਹਰੇਕ ਪ੍ਰਾਣੀ ਦਾ ਉਸ ਟੋਟਮ ਨਾਲ ਰਹੱਸਮਈ ਸੰਬੰਧ ਮੰਨਿਆ ਜਾਂਦਾ ਹੈ।

ਟੋਟਮ ਪ੍ਰਤੀ ਉਸ ਕਬੀਲੇ ਦੀ ਅੰਨ੍ਹੀ ਸ਼ਰਧਾ ਹੁੰਦੀ ਹੈ ਅਤੇ ਕਬੀਲੇ ਦੇ ਸਾਰੇ ਲੋਕ ਉਸ ਵਸਤੂ ਨੂੰ ਪਵਿਤਰ ਮੰਨਦੇ ਹਨ।

ਟੋਟਮ ਜਾਨਵਰ ਜਾਂ ਪੌਦੇ ਆਦਿ ਨੂੰ ਮਾਰਨਾ, ਖਾਣਾ ਜਾਂ ਨੁਕਸਾਨ ਪਹੁੰਚਾਣ ਬਾਰੇ ਕੁਝ ਮਨਾਹੀਆਂ ਦਾ ਪਾਲਣ ਕੀਤਾ ਜਾਂਦਾ ਹੈ। ਕਈ ਕਬੀਲਿਆਂ ਵਿਚ ਟੋਟਮ ਜਾਨਵਰ ਦੇ ਮਰਨ ਉਤੇ ਉਸ ਦਾ ਰਸਮੀ ਤੌਰ 'ਤੇ ਸੋਗ ਮਨਾਇਆ ਜਾਂਦਾ ਹੈ ਅਤੇ ਉਸ ਜਾਨਵਰ ਦਾ ਸਸਕਾਰ ਉਸੇ ਤਰ੍ਹਾਂ ਕੀਤਾ ਜਾਂਦਾ ਹੈ ਜਿਵੇਂ ਉਸ ਕਬੀਲੇ ਦੇ ਕਿਸੇ ਇਕ ਬਜ਼ੁਰਗ ਦੀ ਮੌਤ ਹੋਈ ਹੋਵੇ। ਜੇ ਕਿਧਰੇ ਮਜਬੂਰੀ ਵਸ ਕੋਈ ਚੀਜ਼ ਖਾਣੀ ਪੈ ਜਾਵੇ ਤਾਂ ਪਹਿਲਾਂ ਖਿਮਾ ਮੰਗੀ ਜਾਂਦੀ ਹੈ। ਨਾਲ ਹੀ ਉਸ ਪ੍ਰਤੀ ਪ੍ਰਾਰਥਨਾ ਕੀਤੀ ਜਾਂਦੀ ਹੈ।

ਪੰਜਾਬ ਵਿਚ ਟੋਟਮ ਪਰੰਪਰਾ ਬੜੀ ਪ੍ਰਾਚੀਨ ਹੈ। ਮਾਰਸ਼ਲ ਅਨੁਸਾਰ ਹੜੱਪਾ ਸੰਸਕ੍ਰਿਤੀ ਦੇ ਲੋਕਾਂ ਵਿਚ ਟੋਟਮ ਦੀ ਸੰਸਥਾ ਮੌਜੂਦ ਸੀ। ਉਹ ਲੋਕ ਕਈ ਜਾਨਵਰਾਂ ਤੇ ਪੌਦਿਆਂ ਨੂੰ ਸਖਸ਼ੀ ਦੇਵਤਾ ਮੰਨ ਕੇ ਪੂਜਦੇ ਸਨ। ਮੋਹਰਾਂ ਉਪਰ ਉਕਰੇ ਪਸ਼ੂਆਂ ਦੀ ਪੂਜਾ ਕੀਤੀ ਜਾਂਦੀ ਹੋਵੇਗੀ ਜਾਂ ਫਿਰ ਘਟੋ ਘਟ ਇਨ੍ਹਾਂ ਨੂੰ ਪਵਿਤਰ ਮੰਨਿਆ ਜਾਂਦਾ ਹੋਵੇਗਾ। ਹੋ ਸਕਦਾ ਹੈ ਕਿ ਇਨ੍ਹਾਂ ਨੂੰ ਦੈਵੀ ਸ਼ਕਤੀਆਂ ਦਾ ਪ੍ਰਭਾਵ ਕਬੂਲਣ ਲਈ ਤਵੀਤ ਵਜੋਂ ਵਰਤਿਆ ਜਾਂਦਾ ਹੋਵੇਗਾ।

ਓਲਡਨਵਰਗ ਦਾ ਵਿਚਾਰ ਹੈ ਕਿ ਰਿਗ ਵੇਦਾਂ ਦੇ ਜ਼ਮਾਨੇ ਵਿਚ, ਉਹ ਲੋਕ ਜੋ ਮੱਛੀ ਅਤੇ ਕੁੱਤੇ ਕਹੇ ਜਾਂਦੇ ਸਨ, ਅਸਲ ਵਿਚ ਟੋਟਮੀ ਗੋਤ੍ਰਾਂ ਦੇ ਨਾਂ ਸਨ।

ਮੈਕਡੋਨਲ ਅਤੇ ਕੀਥ (ਵੈਦਿਕ ਇੰਡੈਕਸ ਜੇ-1,378) ਅਨੁਸਾਰ ਰਿਗ ਵੇਦ ਵਿਚ ਟੋਟਮ ਦੀ ਪੂਜਾ ਵਲ ਸੰਕੇਤ ਮਿਲਦੇ ਹਨ। ਵੇਦਾਂ ਵਿਚ ਪੌਦਿਆਂ ਅਗੇ ਦੇਵਤਿਆਂ ਵਾਂਗ ਪ੍ਰਾਰਥਨਾਵਾਂ ਕਰਨਾ ਤੇ ਪੌਦਿਆਂ ਦਾ ਜੱਸ ਗਾਉਣ ਦੀ ਪ੍ਰਕਿਰਿਆ, ਟੋਟਮੀ ਵਿਸ਼ਵਾਸ਼ ਵਲ ਸੰਕੇਤ ਕਰਦੀ ਹੈ।

ਐਲ.ਏ. ਮੈਕਡੋਨਲ (ਹਿਸਟਰੀ ਆਫ਼ ਸੰਸਕ੍ਰਿਤ ਲਿਟਰੇਚਰ, ਪੰਨਾ 3) ਅਨੁਸਾਰ ਵੈਦਿਕ ਸਾਹਿਤ ਵਿਚ ਪੌਦਿਆਂ ਅਗੇ

ਜਾਪਦੀ ਹੈ ਕਿ ਰਿਗ ਵੇਦ ਵਿਚ ਜੋ ਭਾਰਤ ਦਾ ਸਭ ਤੋਂ ਪੁਰਾਣਾ ਸਾਹਿਤ ਹੈ, ਵਿਚ ਵੀ ਟੋਟਮਵਾਦ ਦੇ ਪ੍ਰਭਾਵ ਦੇ ਬੇਹਤੇ ਬਹੁਤ ਸੰਕੇਤ ਮਿਲਦੇ ਹਨ। ਰਾਮਾਇਣ ਤੇ ਮਹਾਂਭਾਰਤ ਵਿਚ ਵੀ ਟੋਟਮ ਦਾ ਪ੍ਰਭਾਵ ਮਿਲਦਾ ਹੈ। ਟੋਟਮੀ ਕਬੀਲੇ ਦਾ ਆਪਣੇ ਘੇਰੇ ਤੋਂ ਬਾਹਰ ਵਿਆਹ ਕਰਨ ਦੀ ਪਰੰਪਰਾ ਹੈ।

ਭਾਰਤ ਵਿਚ ਬਹੁਤ ਸਾਰੇ ਕਬੀਲਿਆਂ ਅਥਵਾ ਜਾਤਾਂ-ਗੋਤਾਂ, ਕਿਸੇ ਪਦਾਰਥਕ ਵਸਤੂ, ਫੁੱਲ ਪੌਦੇ ਜਾਂ ਜਨੌਰ ਆਦਿ ਨਾਲ ਰਹੱਸਮਈ ਸੰਬੰਧ ਮੰਨਦੀਆਂ ਹਨ, ਜਿਨ੍ਹਾਂ ਦਾ ਮੂਲ ਆਧਾਰ ਟੋਟਮ ਹੈ।

ਭਾਰਤ ਵਿਚ, ਇਸ ਸੰਬੰਧ ਵਿਚ, ਸਭਿਆਚਾਰਕ ਸਰਵੇਖਣ ਹਰਬਰਟ ਰਿਜਲੇ ਦੀ ਅਗਵਾਈ ਹੇਠ ਕੀਤਾ ਗਿਆ। ਉਨ੍ਹਾਂ ਨੇ ਟੋਟਮਵਾਦ ਦੀ ਸੰਸਥਾ ਬਾਰੇ ਵਿਸਥਾਰ ਨਾਲ ਲਿਖਿਆ। ਉਨ੍ਹਾਂ ਨੇ ਸੰਥਾਲਾਂ ਤੇ ਮੁੰਡ ਤੇ ਭੀਲਾਂ ਆਦਿ ਕਬੀਲਿਆਂ ਬਾਰੇ ਕਾਫ਼ੀ ਮਹਤਵਪੂਰਣ ਸਾਮਗਰੀ ਇਕੱਠੀ ਕੀਤੀ। ਸੰਥਾਲਾਂ ਦੀਆਂ ਇਕ ਸੌ ਤੋਂ ਵੱਧ ਗੋਤਾਂ ਹਨ। ਇਨ੍ਹਾਂ ਸਭਨਾਂ ਦੇ ਨਾਂ ਪਦਾਰਥਕ ਵਸਤੂਆਂ, ਜਨੌਰਾਂ ਤੇ ਪੌਦਿਆਂ ਉਤੇ ਰਖੇ ਹੋਏ ਹਨ। ਇਸੇ ਤਰ੍ਹਾਂ ਮੁੰਡ ਜਾਤੀ ਵਿਚ 64 ਤੋਂ ਵੀ ਜਿਆਦਾ ਗੋਤਾਂ ਮਿਲਦੀਆਂ ਹਨ, ਜਿਨ੍ਹਾਂ ਦਾ ਆਧਾਰ ਟੋਟਮ ਹੀ ਹੈ। ਇਹ ਟੋਟਮ ਕਈ ਵਾਰ ਫਲ, ਪੌਦੇ ਜਾਂ ਜਨੌਰ ਅਤੇ ਉਹ ਪਦਾਰਥਕ ਵਸਤਾਂ ਹਨ, ਜੋ ਖਾਣ ਦੇ ਕੰਮ ਆਉਂਦੀਆਂ ਹਨ, ਪਰ ਕਈ ਟੋਟਮ ਉਨ੍ਹਾਂ ਪੌਦਿਆਂ ਤੇ ਵਸਤਾਂ ਨਾਲ ਸੰਬੰਧਿਤ ਹਨ, ਜੋ ਖਾਣ ਦੇ ਯੋਗ ਨਹੀਂ ਜਾਂ ਫਿਰ ਬੜੇ ਖੌਫ਼ਨਾਕ ਜਾਨਵਰ ਹਨ।

ਭੀਲਾਂ ਦੀਆਂ 24 ਗੋਤਾਂ ਹਨ। ਇਨ੍ਹਾਂ ਵਿਚੋਂ ਕਈਆਂ ਦੇ ਨਾਂ ਜਾਨਵਰਾਂ ਜਾਂ ਪੌਦਿਆਂ 'ਤੇ ਰਖੇ ਹੋਏ ਹਨ। ਉੜੀਸਾ ਵਿਚ ਬਹੁਤ ਸਾਰੀਆਂ ਜਾਤਾਂ ਜਿਵੇਂ ਕੁਰਮੀ ਘੁੰਮਿਆਰ ਅਤੇ ਭੂਮੀਆ ਆਦਿ ਦੇ ਨਾਂ ਨਾਖ, ਘੀਆ, ਕੱਦੂ ਅਤੇ ਲੂੰਬੜ ਆਦਿ ਟੋਟਮੀ ਹੀ ਹਨ (ਭਾਰਤੀ ਸੰਸਕ੍ਰਿਤੀਆਂ ਤੇ ਜਾਤੀਆਂ, ਸਫ਼ਾ 392)।

ਪੰਜਾਬ ਵਿਚ ਕਈ ਜਾਤਾਂ-ਕਬੀਲਿਆਂ ਤੇ ਗੋਤਾਂ ਦੇ ਨਾਂ ਕਿਸੇ ਪੌਦੇ, ਰੁੱਖ, ਜਨੌਰ ਜਾਂ ਕਿਸੇ ਪਦਾਰਥਕ ਵਸਤੂਆਂ ਨਾਲ ਜੁੜੇ ਹੋਏ ਹਨ। ਉਨ੍ਹਾਂ ਵਿਚੋਂ ਕਈ ਜਾਤਾਂ ਗੋਤਾਂ, ਉਸ ਵਸਤ ਨਾਲ ਆਪਣੇ ਰਹੱਸਮਈ ਸੰਬੰਧਾਂ ਦਾ ਵੀ ਦਾਅਵਾ ਕਰਦੀਆਂ ਹਨ। ਕਈਆਂ ਵਿਚ ਇਹ ਸੰਬੰਧ ਬੀਤੇ ਯੁਗ ਵਿਚ ਕਿਸੇ ਵੇਲੇ ਸਥਾਪਿਤ ਹੋਣ, ਪਰ ਹੁਣ ਨਹੀਂ ਰਹੇ। ਕਈ ਹੋਰ ਗੋਤਾਂ ਵਿਚ, ਇਨ੍ਹਾਂ ਵਸਤੂਆਂ ਨੂੰ ਪਵਿੱਤਰ ਮੰਨਿਆ ਗਿਆ ਹੈ ਅਤੇ ਉਨ੍ਹਾਂ ਨੂੰ ਖਾਣ, ਵੇਖਣ, ਜਾਂ

ਮੱਛਰ, ਮੱਕੜ, ਮੇਢਾ, ਕੁਕਰੇਜਾ, ਗਿਆਲ, ਗੁਥਾ, ਘੋੜਾ, ਗੀਦੜ ਆਦਿ ਅਤੇ ਬਾਗੜੀ ਜਟਾਂ ਵਿਚ ਬਾਂਦਰ, ਗਿਰਝ ਅਤੇ ਘਿਰਥਾਂ ਵਿਚ ਗਿਦੜ ਆਦਿ ਟੋਟਮੀ ਕਿਸਮ ਦੀਆਂ ਗੋਤਾਂ ਪ੍ਰਚਲਤ ਹਨ। ਇਸੇ ਤਰ੍ਹਾਂ ਕੁਝ ਗੋਤ-ਚਿੰਨ੍ਹ ਪੌਦੇ ਹਨ ਜਿਵੇਂ ਅਰੌੜਿਆਂ ਵਿਚ ਚਾਵਲਾ, ਘੀਆ, ਜੰਡਵਾਨ, ਕਸਤੂਰੀਆ, ਮਹਿੰਦੀਰਤਾ, ਤਨੇਜਾ (ਤ੍ਰਿਣ), ਬਾਗੜੀ ਜਟਾਂ ਵਿਚ ਟੋਟਮ ਪਦਾਰਥਕ ਵਸਤੂਆਂ ਕਟਾਰੀਆਂ, ਗੰਡਾਸੀਆਂ ਆਦਿ, ਦਰਖ਼ਤਾਂ ਵਿਚੋਂ ਕਰੀਰ, ਪਿਪਲ, ਜੰਡੀਆਂ ਆਦਿ ਹਨ।

ਇਸੇ ਤਰ੍ਹਾਂ ਚੂਹੜਿਆਂ ਵਿਚ ਲੌਂਗ, ਵੈਂਗਣ ਆਦਿ। ਜੱਟਾਂ ਦੇ ਕਬੀਲੇ ਹਜ਼ਾਰ ਤੋਂ ਉਪਰ ਗੋਤਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਕਬੀਲਿਆਂ ਵਿਚੋਂ ਕੁਝ ਕੁ ਗੋਤਾਂ ਦਾ ਮੁੱਢ ਟੋਟਮ ਤੋਂ ਹੀ ਬੱਝਾ। ਜਿਵੇਂ ਜੂੰ, ਗੋਰਾਇਆ (ਨੀਲ ਗਾਂ), ਕਰੀਰ, ਵਹਿੜੀ (ਵੱਛੀ), ਬੰਦਰ, ਗਿੱਦੜ, ਪਿਪਲਾ, ਜੰਡੀਆ, ਮੋਤ, ਕੰਹਾੜ (ਕੁਹਾੜਾ) ਗੰਡਾਸੀ ਆਦਿ।

ਬਾਗੜੀ ਜੱਟਾਂ ਵਿਚ ਕਰੀਰ, ਪਿਪਲ, ਜੰਡੀਆ ਆਦਿ ਪੌਦੇ ਤੇ ਰੁੱਖ ਅਤੇ ਕਟਾਰੀਆਂ ਤੇ ਗੰਡਾਸੀਆਂ ਆਦਿ ਪਦਾਰਥਕ ਵਸਤੂਆਂ ਨਾਲ ਸਬੰਧ ਟੋਟਮ ਹੀ ਹਨ।

ਪਰ ਇਨ੍ਹਾਂ ਪਦਾਰਥਕ ਵਸਤੂਆਂ ਨੂੰ ਉਸ ਕਬੀਲੇ ਦੇ ਲੋਕਾਂ ਵਲੋਂ ਜਿਨ੍ਹਾਂ ਦੀ ਕਿ ਇਹ ਜ਼ਾਤ ਗੋਤ ਅਤੇ ਟੋਟਮ ਹਨ, ਨਾ ਤਾਂ ਕੋਈ ਵਖਰਾ ਸਤਿਕਾਰ ਦਿਤਾ ਜਾਂਦਾ ਹੈ ਤੇ ਨਾ ਹੀ ਸ਼ਰਧਾ ਵਿਖਾਈ ਜਾਂਦੀ ਹੈ।

ਪਰ ਪੰਜਾਬ ਵਿਚ ਟੋਟਮ ਬਾਰੇ ਸਥਿਤੀ ਵਖਰੀ ਹੈ। ਪੰਜਾਬ ਵਿਚ ਨਿਤ ਨਵੇਂ ਕਬੀਲੇ ਅਤੇ ਧਾੜਵੀ ਆਉਂਦੇ ਰਹੇ ਤੇ ਇਥੋਂ ਦੀ ਸੰਸਕ੍ਰਿਤੀ ਉਤੇ ਆਪਣਾ ਪ੍ਰਭਾਵ ਛਡਦੇ ਰਹੇ। ਪੰਜਾਬ ਦੇ ਚਰਿਤ੍ਰ ਵਿਜਾਤੀ ਬਣਦਾ ਗਿਆ। ਜਿਸ ਕਰਕੇ ਕਿਸੇ ਜਾਤ-ਗੋਤ ਦਾ ਸਨਾਤਨੀ ਰੂਪ ਟਿਕ ਨਾ ਸਕਿਆ। ਪੰਜਾਬ ਦੀਆਂ ਵਿਭਿੰਨ ਜਾਤਾਂ ਦੇ, ਆਪਣੀ ਪਰੰਪਰਾਵਾਂ ਨੂੰ ਨਾਲ ਲੈ ਕੇ ਬਹੁਤੀ ਲੰਮੀ ਯਾਤਰਾ ਸਮੇਂ ਕੁਝ ਪਛਾਣਯੋਗ ਚਿੰਨ੍ਹ ਮਿਟਦੇ ਗਏ, ਟੋਟਮ ਦੀ ਸੰਸਥਾ ਆਪਣੇ ਪੂਰੇ ਪੱਖ-ਪਸਾਰ ਨਾਲ ਅਗੇ ਨਾ ਤੁਰ ਸਕੀ। ਪਰ ਇਸ ਗੱਲ ਦੇ ਪ੍ਰਮਾਣ ਅਜ ਵੀ ਮਿਲਦੇ ਹਨ ਕਿ ਇਹ ਨਾਂ ਟੋਟਮੀ ਸਰੂਪ ਦੇ ਹਨ, ਕਿਉਂ ਜੋ ਕਈ ਜਾਤਾਂ ਗੋਤਾਂ ਵਿਚ ਟੋਟਮ ਦੇ ਲੱਛਣ ਮੌਜੂਦ ਹਨ। ਹੋ ਸਕਦਾ ਹੈ ਕਿ ਕਿਸੇ ਵੇਲੇ ਇਹ ਕਬੀਲੇ ਆਪਣੀ ਗੋਤ ਵਾਲੀ ਵਸਤੂ ਵਿਚ ਅੰਨ੍ਹੀ ਸ਼ਰਧਾ ਰਖਦੇ ਹੋਣ ਤੇ ਉਸ ਨਾਲ ਆਪਣੇ

ਪਰ ਜ਼ਰੂਰੀ ਨਹੀਂ ਕਿ ਕੋਈ ਗੋਤ ਜਿਸ ਜਾਨਵਰ ਜਾਂ ਪੌਦੇ ਅਥਵਾ ਪਦਾਰਥਕ ਵਸਤੂ ਵਿਚ ਸ਼ਰਧਾ ਰਖੇ, ਉਹ ਟੋਟਮ ਹੀ ਹੋਵੇ। ਅਰੋੜਿਆਂ ਦੀ ਇਕ ਗੋਤ ਭਾਟੀਆ ਦੀ ਹੈ, ਜਿਸ ਵਿਚ ਅਜ ਵੀ ਇੱਲ ਪੂਜੀ ਜਾਂਦੀ ਹੈ। ਬੱਚੇ ਦੇ ਨਾਮਕਰਣ ਸੰਸਕਾਰ, ਮੁੰਡਣ ਜਾਂ ਵਿਆਹ ਸਮੇਂ ਜੋ ਭੋਜ ਭਾਈਚਾਰੇ ਨੂੰ ਦਿਤਾ ਜਾਂਦਾ ਹੈ, ਉਸ ਵਿਚ ਪਹਿਲਾਂ ਪ੍ਰਸ਼ਾਦਿ ਦਾ ਭੋਗ ਇੱਲ ਨੂੰ ਹੀ ਲਵਾਇਆ ਜਾਂਦਾ ਹੈ। ਜਦੋਂ ਤਕ ਇੱਲ ਭੋਗ ਨਾ ਲਾ ਲਵੇ, ਕੋਈ ਸ਼ਖ਼ਸ ਅੰਨ ਮੂੰਹ ਨਹੀਂ ਲਾਉਂਦਾ। ਇਸ ਗੋਤ ਵਿਚ, ਇਕ ਦੰਦ-ਕਥਾ ਪ੍ਰਚਲਤ ਹੈ ਕਿ ਉਨ੍ਹਾਂ ਦੇ ਵਡਿਕੇ ਨੂੰ ਮਾਂ ਜੰਮ ਕੇ ਜੰਗਲ ਵਿਚ ਸੁਟ ਗਈ ਸੀ। ਜਿਥੇ ਇੱਲ ਨੇ ਉਸਦੀ ਰਖਿਆ ਤੇ ਪਾਲਣਾ ਕੀਤੀ। 'ਹਰੀ ਵੰਸ਼' ਵਿਚ ਲਿਖਿਆ ਹੈ ਕਿ, ''ਜਿਸ ਚੀਜ਼ ਤੋਂ ਕਿਸੇ ਨੂੰ ਕੋਈ ਸਹਾਰਾ ਮਿਲਦਾ ਹੈ, ਉਹੀ ਉਹਦਾ ਦੇਵਤਾ ਹੈ, ਅਰਥਾਤ ਪ੍ਰਾਪਤ ਕਰਨ ਵਾਲਿਆਂ ਲਈ, ਦੇਣ ਵਾਲਾ ਹੀ ਪਰਮਾਤਮਾ ਹੈ।''

'ਹਰੀ ਵੰਸ਼' ਗ੍ਰੰਥ ਚਾਰ ਸੌ ਈਸਵੀ ਦੇ ਨੇੜੇ ਤੇੜੇ ਲਿਖਿਆ ਗਿਆ ਹੈ ਤੇ ਇਸ ਵਿਚ ਹਿੰਦੂ ਵਿਸ਼ਵਾਸ ਦਰਜ ਹਨ। ਹਿੰਦੂਆਂ ਲਈ ਗਊ ਪਵਿਤਰ ਹੈ, ਕਿਉਂ ਜੋ ਉਹ ਦੁੱਧ ਦੇਂਦੀ ਹੈ। ਇਸ ਤਰ੍ਹਾਂ ਦੇ ਅਨੇਕਾਂ ਹੋਰ ਦ੍ਰਿਸ਼ਟਾਂਤ ਮਿਲ ਸਕਦੇ ਹਨ। ਜਿਵੇਂ ਸਹਿਗਲਾਂ ਦੀ ਇਕ ਸ਼ਾਖ਼ ਵੇਂਗਣ ਨਹੀਂ ਖਾਂਦੀ। ਕਾਰਨ ਇਹ ਦਸਿਆ ਜਾਂਦਾ ਹੈ ਕਿ ਸਹਿਗਲਾਂ ਦੀ ਇਕ ਸਜ-ਵਿਆਹੀ ਬਹੂ ਖੇਤਾਂ ਵਿਚ ਬਾਹਰਾ ਬਹਿਣ ਗਈ ਤਾਂ ਵੇਂਗਣ ਦੇ ਖੇਤ ਵਿਚ ਉਸ ਨੂੰ ਸੱਪ ਲੜ ਗਿਆ ਤੇ ਉਸਨੇ ਉਥੇ ਹੀ ਪ੍ਰਾਣ ਤਿਆਗ ਦਿਤੇ। ਇਸੇ ਤਰ੍ਹਾਂ ਵਿਜਾਂ ਵਿਚ ਸੱਪ ਦੇਖਣਾ ਨਿਸ਼ੇਧ ਹੈ। ਇਸ ਪਿਛੇ ਵੀ ਕੋਈ ਦੰਦ-ਕਥਾ ਹੈ। ਇਹ ਟੋਟਮਿਕ ਮਨਾਹੀ ਨਹੀਂ।

ਇਸ ਲਈ ਜ਼ਰੂਰੀ ਨਹੀਂ ਕਿ ਜਨੌਰਾਂ, ਪੌਦਿਆਂ ਜਾਂ ਪਦਾਰਥਕ ਵਸਤਾਂ ਪ੍ਰਤੀ ਸ਼ਰਧਾ ਟੋਟਮ ਸੰਬੰਧਾਂ ਕਰ ਕੇ ਹੀ ਹੋਵੇ। ਪੰਜਾਬ ਵਿਚ ਹਿੰਦੂ ਪੌਦਿਆਂ ਵਿਚੋਂ ਤੁਲਸੀ, ਆਂਵਲੇ, ਪਿੱਪਲ ਆਦਿ ਦੀ ਪੂਜਾ ਕਰਦੇ ਹਨ, ਪਰ ਇਹ ਧਾਰਮਿਕ ਸ਼ਰਧਾ, ਕਿਸੇ ਸਮਾਜਕ ਸਮੂਹ ਵਿਚ ਟੋਟਮਵਾਦ ਦੀ ਸੰਸਥਾ ਦਾ ਫਲ ਨਹੀਂ, ਸਗੋਂ ਪੁਰਾਣਿਕ ਭਾਵਨਾ ਕਰਕੇ, ਇਨ੍ਹਾਂ ਬ੍ਰਿਛਾਂ ਪੌਦਿਆਂ ਨਾਲ ਜੁੜੇ ਦੇਵਤਿਆਂ ਤੇ ਉਨ੍ਹਾਂ ਪ੍ਰਤੀ ਸ਼ਰਧਾ ਦਾ ਫਲ ਹੈ।

ਹਿੰਦੂਆਂ ਵਿਚ ਗਊ, ਬਾਂਦਰ ਤੇ ਖਿੱਲੀ ਆਦਿ ਨੂੰ ਪਵਿੱਤਰ [illegible] ਤੇ ਬਹੁਤ ਸਾਰੇ ਪੌਦਿਆਂ ਅਤੇ

ਜਾਂ ਜਾਂਦੇ ਮਨਹੂਸ ਹੈ ਪਰ ਉਹਨੂੰ ਕੋਈ ਜਾਨੋਂ ਨਹੀਂ ਮਾਰਦਾ, ਸ਼ਾਇਦ ਪਿੱਤਰਾਂ ਨਾਲ ਜੁੜੇ ਹੋਣ ਕਾਰਨ, ਕਦੇ ਜਾਨੋਂ ਨਹੀਂ ਮਾਰਦੇ। ਗਊ ਨੂੰ ਮਾਰਨਾ ਬ੍ਰਹਮ-ਹਤਿਆ ਦੇ ਬਰਾਬਰ ਹੈ। ਹਤਿਆ ਤੋਂ ਮੁਕਤ ਹੋਣ ਲਈ ਗਊ ਦੇ ਬਰਾਬਰ ਲੂਣ ਬ੍ਰਾਹਮਣਾਂ ਨੂੰ ਦਾਨ ਕਰਨਾ ਪੈਂਦਾ ਹੈ।

ਇਨ੍ਹਾਂ ਪਸ਼ੂਆਂ ਵਿਚ ਸ਼ਰਧਾ ਟੋਟਮ ਦੇ ਪ੍ਰਭਾਵ ਹੇਠ ਨਹੀਂ ਸਗੋਂ ਇਨ੍ਹਾਂ ਪਿਛੇ ਕੋਈ ਮਿਥਕ ਧਾਰਮਿਕ ਭਾਵਨਾ ਹੈ। ਕੁਝ ਕੁ ਪਸ਼ੂ ਪੰਛੀ ਦੇਵੀ ਦੇਵਤਿਆਂ ਦੇ ਵਾਹਣ ਹੋਣ ਕਰਕੇ ਪਾਵਨ ਮੰਨੇ ਜਾਂਦੇ ਹਨ। ਜਿਵੇਂ ਗਰੜ ਵਿਸ਼ਨੂੰ ਦਾ ਵਾਹਣ ਹੈ; ਚੂਹਾ ਗਣਪਤੀ ਦਾ। ਇੰਦਰ ਦਾ ਸੰਬੰਧ ਹਾਥੀ ਨਾਲ ਹੈ ਤੇ ਮੋਰ ਵਿਦਿਆ ਦੀ ਦੇਵੀ ਸਰਸਵਤੀ ਦਾ ਵਾਹਣ ਹੋਣ ਕਰਕੇ ਪਵਿੱਤਰ ਹੈ।

## (ਟ-52) **ਟੋਭਾ** :

(ੳ) ਪਿੰਡ ਦਾ ਛੱਪੜ ਜਿਥੇ ਤੀਵੀਆਂ ਕਪੜੇ ਧੋਂਦੀਆਂ, ਪਸ਼ੂ ਪਾਣੀ ਪੀਂਦੇ ਤੇ ਲੋਕ ਨਹਾਉਂਦੇ ਹਨ। ਪਿੰਡ ਦੇ ਜੀਵਨ-ਪ੍ਰਵਾਹ ਵਿਚ ਟੋਭੇ ਦੀ ਆਪਣੀ ਥਾਂ ਹੈ। ਪਿੰਡ ਵਿਚ ਟੋਭੇ ਦੇ ਨੇੜੇ ਹੀ ਮੇਲੇ ਲਗਦੇ ਹਨ, ਬਹੁਤੇ ਪਿੰਡਾਂ ਵਿਚ ਟੋਭੇ ਦੇ ਨੇੜੇ ਹੀ ਪਿੰਡ ਦੇ ਦਿਉਤਿਆਂ, ਜਠੇਰਿਆਂ ਤੇ ਸਤੀਆਂ ਦੇ ਸਮਾਰਗ ਬਣੇ ਹੁੰਦੇ ਹਨ। ਵਿਆਹ ਅਤੇ ਰੀਤ-ਰਸਮਾਂ ਵੇਲੇ ਵੀ ਟੋਭੇ ਉੱਤੇ ਇਕੱਠ ਜੁੜਦੇ ਹਨ।

ਲੋਕ-ਗੀਤਾਂ ਵਿਚ ਟੋਭਿਆਂ ਦਾ ਜ਼ਿਕਰ ਆਉਂਦਾ ਹੈ :

ਹੁਣ ਟੋਭਿਆਂ 'ਤੇ ਮਿਲਣੋਂ ਰਹਿ ਗਏ<br>
ਘਰਾਂ 'ਚ ਲਵਾ ਲਏ ਨਲਕੇ।

(ਅ) ਜਠੇਰਿਆਂ ਦੇ ਪੂਜਾ ਕਰਨ ਲਈ ਬਣਾਇਆ ਟੋਹਾ, ਜਿਸ ਵਿਚੋਂ ਹਰ ਵਰ੍ਹੇ ਖ਼ਾਸ ਦਿਨ ਜਾਂ ਕਿਸੇ ਮੰਗਲ ਕਾਰਜ ਸਮੇਂ, ਲੋਕ ਮਿੱਟੀ ਕਢਦੇ ਹਨ। ਹਿੰਦੂ ਆਪਣੇ ਪਿਤਰਾਂ ਨਮਿਤ ਵੀ ਮਿੱਟੀ ਕਢਦੇ ਹਨ।

## (ਟ-53) **ਟੋਰਨ (ਤੋਤਾ) ਚਟਕਾਰਨਾ** :

ਵਿਆਹ ਨਾਲ ਸੰਬੰਧਿਤ ਇਕ ਰੀਤ, ਜੋ ਹਿੰਦੂਆਂ ਵਿਚ ਜੰਞ ਦੇ ਢੁਕਾਓ ਤੋਂ ਬਾਅਦ ਕੀਤੀ ਜਾਂਦੀ ਹੈ। ਜਦੋਂ ਲਾੜ੍ਹਾ ਲਾੜ੍ਹੀ ਦੇ ਘਰ ਦੀ ਦਲ੍ਹੀਜ਼ ਟੱਪਣ ਲਗਦਾ ਹੈ ਤਾਂ ਕੰਨਿਆਂ ਪੱਖ ਵਾਲੇ ਦਰਵਾਜ਼ੇ ਉਤੇ ਇਕ ਛਾਣਨੀ ਟੰਗ ਦੇਂਦੇ ਹਨ, ਜਿਸ ਵਿਚ ਇਕ ਦੀਵਾ ਬਾਲ ਕੇ ਰਖਿਆ ਜਾਂਦਾ ਹੈ। ਦੁਲ੍ਹਾ, ਛੋਟੀ ਜਾਂ ਤਲਵਾਰ ਨੂੰ ਹੱਥ ਵਿਚ ਫੜ ਕੇ

ਦਰਵਾਜ਼ੇ ਉੱਤੇ ਲਟਕਾ ਦਿਤਾ ਜਾਂਦਾ ਹੈ ਤੇ ਲਾੜ੍ਹਾ ਤੋਤੇ ਨੂੰ ਛੜੀ ਜਾਂ ਤਲਵਾਰ ਦੀ ਨੋਕ ਨਾਲ ਉਤਾਰਦਾ ਹੈ। ਹਰਿਆਣੇ ਵਿਚ ਇਸ ਰੀਤ ਨੂੰ ਟੋਰਨ ਚਿਟਕਾਰਨਾ ਕਹਿੰਦੇ ਹਨ।

(ਟ-54) **ਟੋਰਠਾ** :

ਵਿਆਹ ਦੀ ਇਕ ਰਸਮ, ਜੋ ਪੋਠੋਹਾਰ ਦੇ ਖਤ੍ਰੀਆਂ ਵਿਚ ਪ੍ਰਚਲਤ ਸੀ। ਜਦੋਂ ਜੰਞ ਖਾਣਾ ਖਾ ਕੇ ਜੰਞ ਘਰ ਅਥਵਾ ਡੇਰੇ ਵਿਚ ਅਰਾਮ ਕਰਦੀ ਹੈ ਤਾਂ ਕੰਨਿਆਂ ਦੇ ਧਿਰ ਦੀਆਂ ਕੁੜੀਆਂ-ਚਿੜੀਆਂ ਢੋਲਕੀ ਨਾਲ ਗੀਤ ਗਾਉਂਦੀਆਂ ਹੋਈਆਂ ਡੇਰੇ ਵਿਚੋਂ, ਵਰ ਨੂੰ ਕੰਨਿਆਂ ਦੇ ਘਰ ਟੋਰ ਕੇ ਲਿਆਉਂਦੀਆਂ ਹਨ ਅਤੇ ਉਥੇ ਉਸ ਤੋਂ ਕੁਝ ਗੀਤਾਂ ਰਟਵਾਉਂਦੀਆਂ ਤੇ ਹਾਸਾ ਠੱਠਾ ਕਰਦੀਆਂ ਹਨ। ਜਾਂਞੀ ਤਾਂ ਡੇਰੇ ਹੀ ਸੌਂਦੇ ਹਨ, ਪਰ ਵਰ ਸਹੁਰੇ ਘਰ।

(ਟ-55) **ਟੋਰ** :

(ੳ) ਪਸ਼ੂਆਂ ਦੀ ਪੂਛਲ ਦੇ ਸਿਰੇ ਤੇ ਵਾਲਾਂ ਦਾ ਗੁੱਛਾ, ਜੋ ਚੌਰ ਦੀ ਸ਼ਕਲ ਦਾ ਹੁੰਦਾ ਹੈ। ਇਸ ਦੇ ਵਾਲ ਬੜੇ ਸ਼ੁਭ ਮੰਨੇ ਜਾਂਦੇ ਹਨ। ਧਾਰਨਾ ਹੈ ਕਿ ਸ਼ੇਰ ਦੀ ਟੋਰ ਜਾਂ ਟੋਰ ਦੇ ਵਾਲ, ਜਿਸ ਸ਼ਖ਼ਸ ਕੋਲ ਹੋਣ, ਉਹ [illegible] ਵਿਚ ਕਦੇ ਨਹੀਂ ਹਾਰਦਾ। ਇਸੇ ਤਰ੍ਹਾਂ ਗਊ ਦੀ ਟੋਰ ਦੇ ਵਾਲ ਬੜੇ ਪਵਿਤ੍ਰ ਮੰਨੇ ਜਾਂਦੇ ਹਨ ਤੇ ਕਈ ਓਝੇ ਇਸ ਟੋਰ ਨੂੰ ਝਾੜੇ ਲਈ ਵਰਤਦੇ ਹਨ। ਘੋੜੇ ਦੀ ਟੋਰ ਦੇ ਵਾਲ ਤਵੀਤ ਵਿਚ ਵਲੇਟ ਕੇ ਬੰਨ੍ਹਣ ਨਾਲ ਪ੍ਰੇਤ-ਰੂਹਾਂ ਨੇੜੇ ਨਹੀਂ ਢੁੱਕਦੀਆਂ।

(ਅ) ਜੌਆਂ ਦੀ ਮੰਜਰੀ; ਨਰਾਤਿਆਂ ਦੇ ਦਿਨੀਂ ਕੁੜੀਆਂ ਦੇਵੀ ਦੀ ਪੂਜਾ ਕਰਦੀਆਂ ਤੇ ਘਰ ਵਿਚ ਜੌਂਆਂ ਦੀ ਖੇਤਰੀ ਬੀਜਦੀਆਂ ਹਨ। ਇਸ ਖੇਤੀ ਨੂੰ ਨੌਂ ਦਿਨ ਪਾਣੀ ਦਿੱਤਾ ਜਾਂਦਾ ਤੇ ਪੂਜਿਆ ਜਾਂਦਾ ਹੈ। ਦਸਵੇਂ ਦਿਨ ਇਸ ਦੀ ਮੰਜਰੀ ਨੂੰ ਉਹ ਆਪਣੇ ਭਰਾਵਾਂ ਦੀਆਂ ਪਗੜੀਆਂ ਵਿਚ ਟੁੰਗਦੀਆਂ ਤੇ ਸ਼ਗਨ ਵਜੋਂ ਰੁਪਏ ਲੈਂਦੀਆਂ ਹਨ। ਇਹ ਮੰਜਰੀ ਵਿਜੇ ਦਾ ਪ੍ਰਤੀਕ ਹੁੰਦੀ ਹੈ।

# ਠ

## (ਠ-1) ਠੱਗ :

ਪ੍ਰਾਚੀਨ ਤੇ ਮੱਧਕਾਲ ਵਿਚ ਜਦ ਆਵਾਜਾਈ ਦੇ ਬਹੁਤੇ ਸਾਧਨ ਵਿਗਸਤ ਨਹੀਂ ਸਨ ਹੋਏ ਅਤੇ ਮੁਸਾਫ਼ਰਾਂ ਨੂੰ ਬਿਖੜੇ ਰਾਹਾਂ ਵਿਚ, ਨਿਕੇ ਨਿਕੇ ਗੁਟਾਂ ਵਿਚੋਂ ਲੰਘਣਾ ਪੈਂਦਾ ਸੀ, ਕੁਝ ਲੋਕਾਂ ਨੇ ਠੱਗੀ-ਠੋਰੀ ਨੂੰ ਆਪਣਾ ਧੰਦਾ ਬਣਾਇਆ ਹੋਇਆ ਸੀ। ਇਹ ਠੱਗ ਇਕਲੇ ਇਕਲੇ ਵੀ ਫਿਰਦੇ ਸਨ ਤੇ ਨਿਕੇ ਨਿਕੇ ਗਰੋਹਾਂ ਵਿਚ ਵੀ। ਕਈ ਵਾਰ ਤਾਂ ਇਨ੍ਹਾਂ ਦੇ ਗਰੋਹ ਯਾਤਰੂਆਂ ਦੇ ਕਾਫ਼ਲਿਆਂ ਵਿਚ ਮੁਸਾਫ਼ਰਾਂ ਦੇ ਰੂਪ ਵਿਚ ਸ਼ਾਮਿਲ ਹੋ ਜਾਂਦੇ ਤੇ ਖਾਣੇ ਜਾਂ ਮਠਿਆਈ ਵਿਚ ਧਤੂਰਾ ਮਿਲਾ ਕੇ, ਮੁਸਾਫ਼ਰਾਂ ਨੂੰ ਬੇਹੋਸ਼ ਕਰਕੇ, ਉਨ੍ਹਾਂ ਦਾ ਮਾਲ਼-ਮਤਾ ਲੁਟ ਕੇ ਰਫ਼ੂ-ਚਕਰ ਹੋ ਜਾਂਦੇ। ਇਹ ਠਗ ਇਕ ਖ਼ਾਸ ਕਿਸਮ ਦੀ ਬੂਟੀ ਵੀ ਵਰਤਦੇ, ਜਿਸ ਨੂੰ 'ਠਗਊਰੀ' ਕਹਿੰਦੇ ਹਨ।

ਕਈ ਠੱਗ ਮਸਜਿਦ, ਮੰਦਰ ਜਾਂ ਸਰਾਵਾਂ ਬਣਾ ਕੇ ਰਾਤ ਠਹਿਰਨ ਲਈ ਆਏ ਇਕਲੇ ਦੁਕਲੇ ਮੁਸਾਫ਼ਰਾਂ ਨੂੰ ਮਾਰ ਕੇ ਉਨ੍ਹਾਂ ਦਾ ਮਾਲ ਲੁਟ ਲੈਂਦੇ। 'ਸੱਜਣ ਠੱਗ' ਇਸੇ ਤਰ੍ਹਾਂ ਦਾ ਇਕ ਠੱਗ ਸੀ, ਜਿਸ ਦਾ ਸੁਧਾਰ ਗੁਰੂ ਨਾਨਕ ਦੇਵ ਜੀ ਨੇ ਕੀਤਾ। ਇਸੇ ਤਰ੍ਹਾਂ ਕਈ ਠੱਗ ਸਾਧਾਂ ਸੰਤਾਂ ਤੇ ਬ੍ਰਾਹਮਣਾਂ ਦੇ ਵੇਸ ਵਿਚ ਵੀ ਰਟਨ ਕੀਤਾ ਕਰਦੇ ਸਨ।

ਕਈ ਠੱਗ ਮਲਾਹਾਂ ਦੇ ਰੂਪ ਵਿਚ ਠੱਗੀ ਦਾ ਧੰਦਾ ਕਰਦੇ ਸਨ। ਵੇਲੇ ਕੁਵੇਲੇ ਦਰਿਆ ਪਾਰ ਕਰਵਾਣ ਲਗਿਆਂ, ਬੇੜੀ ਨੂੰ ਮੰਝਧਾਰ ਵਲ ਠੇਹਲ ਕੇ ਮੁਸਾਫ਼ਰਾਂ ਨੂੰ ਨਦੀ ਵਿਚ ਡੋਬ ਦਿੰਦੇ ਅਤੇ ਉਸ ਦਾ ਮਾਲ ਲੁੱਟ ਲੈਂਦੇ।

ਇਤਿਹਾਸ ਵਿਚ ਜ਼ਿਕਰ ਹੈ ਕਿ ਫ਼ਿਰੋਜ਼ ਸ਼ਾਹ ਨੇ 14ਵੀਂ ਸਦੀ ਦੇ ਅੰਤ ਵਿਚ, ਦਿੱਲੀ ਦੇ ਨੇੜਿਓਂ ਕਈ ਹਜ਼ਾਰ ਠੱਗ ਫੜੇ। ਪਰ ਠੱਗਾਂ ਨੂੰ ਮਾਰਨ ਅਥਵਾ ਬੰਦੀ ਬਣਾਉਣ ਦੀ ਥਾਂ, ਦੇਸ ਨਿਕਾਲਾ ਦੇ ਕੇ ਬੰਗਾਲ ਵਲ ਧੱਕ ਦਿਤੇ।

ਕਈ ਠੱਗ ਜਿਸ ਰੱਸੀ/ਪੱਲੇ ਨਾਲ ਆਪਣੇ ਸ਼ਿਕਾਰ ਦੀ ਗਰਦਨ ਘੁਟਦੇ, ਉਸ 'ਤੇ ਪੁਜਾਰੀਆਂ/ਫ਼ਕੀਰਾਂ ਤੋਂ ਖ਼ਾਸ ਤਰ੍ਹਾਂ ਦੇ ਮੰਤਰ ਫੁਕਵਾਂਦੇ। ਦਿੱਲੀ ਦੇ ਨੇੜੇ ਰਹਿਣ ਵਾਲੇ ਮੁਸਲਮਾਨ ਠੱਗ ਪ੍ਰਸਿਧ ਸੂਫ਼ੀ ਪੀਰ ਨਿਜ਼ਾਮ-ਉ-ਦੀਨ ਔਲੀਆ ਦੀ ਜ਼ਿਆਰਤ ਕਰਦੇ।

ਕਈ ਠੱਗ ਆਪਣੇ ਕੋਲ ਠੱਗ-ਬੂਟੀ ਰਖਦੇ। ਜਿਹੜੇ ਮੁਸਾਫ਼ਰਾਂ ਨੂੰ ਉਹ ਘੇਰ ਕੇ ਲਿਆਂਦੇ, ਉਨ੍ਹਾਂ ਨੂੰ ਜ਼ਹਿਰੀਲੀਆਂ ਬੂਟੀਆਂ ਖਵਾ ਕੇ ਮਾਰ ਦਿੰਦੇ।

ਠੱਗੀ ਨਾਲ ਸਬੰਧਿਤ ਕਈ ਲੋਕ-ਕਹਾਣੀਆਂ ਵੀ ਪ੍ਰਚਲਤ ਹਨ। ਠੱਗਾਂ ਦੀ ਅੰਤਰ-ਭਾਵਨਾ ਤੇ ਕਲਾਬਾਜ਼ੀਆਂ, ਹੇਰਾ-ਫੇਰੀਆਂ ਆਦਿ ਨਾਲ ਜੁੜੀਆਂ ਹੋਈਆਂ ਹਨ।

ਸਭ ਤੋਂ ਪ੍ਰਸਿਧ ਲੋਕ-ਕਥਾ ਚੋਰ ਤੇ ਬਕਰੀ ਦੀ ਹੈ, ਜਿਸ ਵਿਚ ਚੋਰਾਂ ਦੀ ਚਾਤਰੀ ਨੂੰ ਬੜੇ ਰੌਚਿਕ ਵਿਧੀ ਨਾਲ ਪੇਸ਼ ਕੀਤਾ ਹੈ। ਚਾਰ ਠੱਗ ਜੰਗਲ ਦੇ ਵਖੋ ਵਖਰੀ ਥਾਂ ਖੜੇ ਹੋ ਗਏ। ਇਕ ਸਿਧਾ ਜਿਹਾ ਆਦਮੀ ਬਕਰੀ ਲੈ ਕੇ ਆ ਰਿਹਾ ਸੀ, ਪਹਿਲੇ ਠੱਗ ਕੋਲੋਂ ਜਦੋਂ ਉਹ ਲੰਘਿਆ ਤਾਂ ਉਸ ਠੱਗ ਨੇ ਕਿਹਾ ਕਿ ਕੁੱਤੀ ਕਿਧਰ ਲੈ ਕੇ ਚਲਿਆ ਹੈਂ। ਇਸ ਤਰ੍ਹਾਂ ਵਾਰੋ ਵਾਰੀ ਬਾਕੀ ਠੱਗਾਂ ਨੇ ਵੀ ਬਕਰੀ ਨੂੰ ਕੁੱਤੀ ਹੀ ਕਿਹਾ। ਇਸ ਤੇ ਸਿਧੇ ਸਾਦੇ ਆਦਮੀ ਨੇ ਬਕਰੀ ਨੂੰ ਕੁੱਤੀ ਸਮਝ ਕੇ ਛੱਡ ਦਿਤਾ। ਪਿਛੋਂ ਠੱਗ ਬਕਰੀ ਨੂੰ ਫੜ ਕੇ ਘਰ ਲੈ ਗਏ।

## (ਠ-2) ਠੱਗ ਦੇਉ :

ਠੱਗਾਂ ਦਾ ਦੇਵਤਾ; ਠੱਗ ਜਦੋਂ ਠੱਗੀ ਕਰਨ ਲਈ ਘਰੋਂ ਨਿਕਲਦੇ ਹਨ ਤਾਂ ਪਹਿਲਾਂ ਕਿਸੇ ਦੇਵੀ ਜਾਂ ਦਿਉਤੇ ਨੂੰ ਪੂਜਦੇ ਹਨ। ਬਹੁਤੇ ਠੱਗ ਕਾਲੀ ਦੇਵੀ ਦੇ ਉਪਾਸ਼ਕ ਹਨ। ਕੁਝ ਠੱਗ ਕਿਸੇ ਖ਼ਾਸ ਦਿਉਤੇ ਨੂੰ ਨਹੀਂ ਪੂਜਦੇ, ਐਵੇਂ ਮਿੱਟੀ ਦੀ ਕੋਈ ਮੂਰਤੀ ਬਣਾ ਕੇ ਪੂਜ ਲਈ। ਕਈ ਠੱਗ ਤਾਂ ਧਰਤੀ ਉਤੇ ਹੀ ਕੁਝ ਲਕੀਰਾਂ ਹਲਦੀ ਨਾਲ ਵਾਹ ਕੇ,

ਸਨ। ਠੱਗਾਂ ਦੇ ਇਸ ਦਿਉਤੇ ਦਾ ਕੋਈ ਵਿਅਕਤੀਗਤ ਨਾਉਂ ਨਹੀਂ, ਇਸ ਲਈ ਇਸ ਨੂੰ ਇਕ ਸਾਂਝੇ ਨਾਉਂ 'ਠਗਦੇਉ' ਨਾਲ ਯਾਦ ਕੀਤਾ ਜਾਣ ਲਗਾ।

(ਠ-3) **ਠੱਗ-ਨੀਰ** :

ਥਲ ਦੇ ਇਲਾਕੇ ਵਿਚ, ਧੁੱਪ ਵਿਚ ਲਿਸ਼ਕਦੀ ਰੇਤ, ਜਿਸ ਨੂੰ ਹਿਰਣ ਪਾਣੀ ਸਮਝ ਕੇ ਭਟਕਦਾ ਫਿਰਦਾ ਹੈ (ਵੇਖੋ : ਮ੍ਰਿਗ-ਤ੍ਰਿਸ਼ਨਾ)। ਲੋਕ-ਕਹਾਣੀਆਂ ਵਿਚ ਇਹ ਰੂੜ੍ਹੀ ਆਮ ਵਰਤੀ ਮਿਲਦੀ ਹੈ।

(ਠ-4) **ਠੱਗ-ਬੂਟੀ** :

ਇਕ ਨਸ਼ੀਲੀ ਬੂਟੀ, ਜਿਸ ਨੂੰ ਠਗਉਲੀ ਵੀ ਕਹਿੰਦੇ ਹਨ; ਠੱਗ ਇਸ ਬੂਟੀ ਦੇ ਸੱਤ ਨੂੰ, ਖਾਣ ਦੇ ਕਿਸੇ ਪਦਾਰਥ ਵਿਚ ਮਿਲਾ ਕੇ, ਮੁਸਾਫ਼ਰਾਂ ਨੂੰ ਖਵਾ ਦੇਂਦੇ ਸਨ ਤੇ ਜਦੋਂ ਮੁਸਾਫ਼ਰ ਬੇਹੋਸ਼ ਹੋ ਜਾਂਦੇ ਤਾਂ ਉਨ੍ਹਾਂ ਦਾ ਧਨ ਮਾਲ ਲੁਟ ਕੇ ਪਤਰਾ ਵਾਚ ਜਾਂਦੇ ਸਨ। ਇਸ ਠੱਗ-ਬੂਟੀ ਨੂੰ 'ਠੱਗ-ਮੋਹਰਾ' ਭਾਵ ਠੱਗਾਂ ਦਾ ਜ਼ਹਿਰ ਵੀ ਕਿਹਾ ਜਾਂਦਾ ਸੀ, ਜਿਸ ਤੋਂ ਇਸ ਬੂਟੀ ਨੂੰ ਠਗਮੂਹੀ ਵੀ ਕਿਹਾ ਜਾਣ ਲਗਾ।

(ਠ-5) **ਠੱਟਾ, ਠੱਠੀ** :

ਪਿੰਡ ਦੇ ਬਾਹਰਵਾਰ ਕਰਕੇ ਪਛੜੀਆ ਜਾਤੀਆ ਦੀਆਂ ਕੁੱਲੀਆਂ। ਛੋਟੀ ਵਸਤੀ, ਇਸ ਨੂੰ ਠੱਠੀ ਵੀ ਕਿਹਾ ਜਾਂਦਾ ਹੈ। ਠੱਠੀ ਆਮ ਤੌਰ ਤੇ ਕੱਚੀ ਮਿੱਟੀ ਅਥਵਾ ਕਾਨਿਆਂ ਦੀ ਬਣੀ ਹੁੰਦੀ ਹੈ।

(ਠ-6) **ਠੱਠੇ** :

ਵਿਆਹ ਦੇ ਵੇਲੇ ਤੇ ਉਸ ਤੋਂ ਪਿਛੋਂ ਵੀ ਜਦੋਂ ਲਾੜ੍ਹਾ ਸਹੁਰੇ ਘਰ ਆਉਂਦਾ ਹੈ ਤਾਂ ਦੁਲ੍ਹਨ ਦੀਆਂ ਭੈਣਾਂ ਤੇ ਸਖੀਆਂ ਉਸ ਨਾਲ ਜੋ ਟਿਚਕਰਾਂ ਤੇ ਮਖ਼ੌਲ ਕਰਦੀਆਂ ਹਨ, ਉਨ੍ਹਾਂ ਨੂੰ 'ਸਾਲੀਆਂ ਦੇ ਠੱਠੇ' ਕਹਿੰਦੇ ਹਨ। ਜੇ ਜੀਜਾ ਚੁਪ ਬੈਠਾ ਹੋਵੇ ਤਾਂ ਸਾਲੀਆਂ ਕਹਿਣਗੀਆਂ "ਵਿਚਾਰਾ ਉਦਾਸ ਹੈ, ਸੁਣਿਆ ਇਸ ਦੀ ਮਾਂ ਖਸਮ ਕਰ ਗਈ ਹੈ ਤੇ ਭੈਣ ਨੂੰ ਕੋਈ ਸਿਪਾਹੀ ਉਧਾਲ ਕੇ ਲੈ ਗਿਆ ਏ।" ਜੇ ਉਹ ਬੋਲੇ ਤਾਂ ਕਹਿੰਦੀਆਂ ਹਨ "ਕਾਂ ਖਾ ਕੇ ਜੰਮਿਆ ਏ।" ਜੀਜੇ ਦੀ ਭਾਜੀ ਵਿਚ ਨਿਮਕ ਜਾਂ ਮਿਰਚਾਂ ਜਿਆਦਾ ਪਾ ਦਿਤੀਆਂ ਜਾਂਦੀਆਂ ਹਨ। ਜੀਜੇ ਦਾ ਕੋਈ ਕਪੜਾ ਜਾਂ ਜੁੱਤੀ ਛੁਪਾ ਦੇਣੀ। ਪਹਿਲਿਆਂ ਵਿਚ ਤਾਂ ਕਈ ਸਾਲੀਆਂ

(ਠ-7) **ਠੰਢਾ ਪੈਂਖਾ** :

ਕਿਸੇ ਕੰਮ ਨੂੰ ਛੂਹਣ ਵੇਲੇ, ਜਿਹੜਾ ਸ਼ਖ਼ਸ ਸਭ ਤੋਂ ਪਹਿਲਾਂ ਸਾਹਮਣੇ ਆਉਂਦਾ ਹੈ, ਉਸ ਦੀ ਸ਼ਖ਼ਸੀਅਤ ਦ ਚੰਗਾ ਜਾਂ ਮੰਦਾ ਪ੍ਰਭਾਵ ਉਸ ਕੰਮ ਉਤੇ ਸੁਤੇ ਸਿਧ ਪੈ ਜਾਂਦ ਮੰਨਿਆ ਗਿਆ ਹੈ। ਸ਼ਖ਼ਸੀਅਤ ਦੇ ਇਸ ਪ੍ਰਭਾਵ ਨੂੰ 'ਪੈਂਖਾ' ਕਹਿੰਦੇ ਹਨ। ਕਈ ਤੀਵੀਆਂ ਕੜ੍ਹਾਈ ਛੂਹ ਲਗਿਆਂ, ਚਰਖਾ ਕੱਤਣ ਵੇਲੇ ਜਾਂ ਦੁੱਧ ਰਿੜਕਣ ਵੇਲੇ ਕਿਸੇ ਖ਼ਾਸ ਬੰਦੇ ਦਾ ਪੈਂਖਾ ਉਚੇਚੇ ਤੌਰ ਉਤੇ ਲੈਂਦੇ ਹਨ। ਇ ਵਿਚਾਰ ਸਹਾਨੁਭੂਤੀ ਟੂਣੇ ਉਤੇ ਅਧਾਰਤ ਹੈ। ਜੇ ਪੈਂਖਾ ਚੰਗ ਨਾ ਹੋਵੇ ਤਾਂ ਇਸ ਨੂੰ ਠੰਢਾ ਪੈਂਖਾ ਕਿਹਾ ਜਾਂਦਾ ਹੈ। ਇਸੇ ਨੂੰ 'ਠੰਢੀਆਂ ਪੈੜਾਂ' ਵੀ ਕਹਿੰਦੇ ਹਨ (ਵੇਖੋ : ਪੈਂਖਾ)।

(ਠ-8) **ਠੰਢਾ ਮਹੀਨਾ** :

ਜਿਸ ਮਹੀਨੇ ਵਿਆਹ ਸ਼ਾਦੀ ਕਰਨੀ ਸ਼ੁਭ ਨਾ ਸਮ ਜਾਏ। ਪੰਜਾਬ ਵਿਚ ਕੱਤਕ ਤੇ ਪੋਹ ਦੇ ਮਹੀਨੇ ਲੋਕ ਵਿਆਹ ਨਹੀਂ ਕਰਦੇ, ਅਤੇ ਇਨ੍ਹਾਂ ਦੋਹਾਂ ਮਹੀਨਿਆਂ ਨੂੰ ਜੋ ਸਰਦ ਰੁਤ ਵਿਚ ਪੈਂਦੇ ਹਨ; ਠੰਢੇ ਮਹੀਨੇ ਕਹਿੰਦੇ ਹਨ

(ਠ-9) **ਠੰਢੀ ਕੜਾਹੀ** :

ਵਿਆਹ ਸ਼ਾਦੀ ਵੇਲੇ ਜਾਂਞੀਆਂ ਦੇ ਖਾਣ ਲ ਮਠਿਆਈ ਤਲਣ ਮਗਰੋਂ, ਜੋ ਘਿਉ, ਜਾਂ ਤੇਲ ਆਦਿ ਬ ਜਾਂਦਾ ਹੈ, ਉਸ ਵਿਚ ਬਣਾਈਆਂ ਚੀਜ਼ਾਂ। ਕਈ ਤਾਂ ਇ ਚੀਜ਼ਾਂ ਬਰਾਦਰੀ ਵਿਚ ਵੰਡ ਦੇਂਦੇ ਹਨ ਅਤੇ ਕਈ ਘਰ ਵਿ ਵਰਤਣ ਲਈ ਰਖ ਲੈਂਦੇ ਹਨ। ਇਨ੍ਹਾਂ ਨੂੰ 'ਠੰਡੀ ਕੜਾਹ ਕਿਹਾ ਜਾਂਦਾ ਹੈ। ਸ਼ਗਨਾਂ ਵਾਲੀ ਵਸਤ ਹੋਣ ਕਰ ਇਸ ਦੀ ਵਰਤੋਂ ਸ਼ੁਭ ਹੈ।

(ਠ-10) **ਠੰਢੀ ਦੇਵੀ** :

ਸੀਤਲਾ ਦੇਵੀ ਨੂੰ ਧਨੀ-ਪੋਠੋਹਾਰ ਦੇ ਇਲਾਕੇ ਵਿ ਠੰਢੀ ਦੇਵੀ ਵੀ ਕਿਹਾ ਜਾਂਦਾ ਹੈ। 'ਠੰਢੀ' ਸੀਤਲਾ ਦਾ ਸਮਾਨਾਰਥੀ ਸ਼ਬਦ ਹੈ। ਚੇਚਕ ਦੇ ਦਾਗਾਂ ਨੂੰ ਵੀ ਠੰਢੀ ਕਹਿੰਦੇ ਹਨ। ਰੋਗਾਂ ਦੇ ਅਸਲ ਨਾਂ ਨਹੀਂ ਉਚਾਰੇ ਜਾਂ ਉਨ੍ਹਾਂ ਵਲ ਕੇਵਲ ਸੰਕੇਤ ਕੀਤਾ ਜਾਂਦਾ ਹੈ। ਸੰਕੇਤ ਅਜਿਹਾ ਕਿ ਜਿਸ ਦੁਆਰਾ ਰੋਗ ਦੀ ਸਹਾਨੁਭੂਤੀ ਪ੍ਰਾਪ ਹੋਵੇ। ਚੇਚਕ ਨਾਲ ਪਿੰਡਾ ਬਹੁਤ ਤਪਦਾ ਹੈ, ਪਰ ਉਸ ਠੰਢੀ ਕਹਿ ਕੇ ਉਸ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ ਜਾਂਦੀ

ਜਾਂ ਕੱਦੂ ਨੂੰ ਅਰਧ-ਚੰਨ ਵਾਂਗ ਕੱਟ ਕੇ ਉਸ ਦੇ ਤਲ ਉਤੇ ਕੋਈ ਨਾਂ, ਬੇਲ-ਬੂਟਾ ਜਾਂ ਕਿਸੇ ਪਸ਼ੂ ਦੀ ਸ਼ਕਲ ਕੁਰੇਦ ਲੈਂਦੇ ਹਨ ਅਤੇ ਫਿਰ ਇਸ ਉਤੇ ਰੰਗ ਲਗਾ ਕੇ ਦੂਜਿਆਂ ਦੀ ਪਿਠ ਉਤੇ ਠੱਪਾ ਲਗਾਉਂਦੇ ਸਨ। ਹੁਣ ਇਹ ਰਵਾਜ ਨਹੀਂ ਰਿਹਾ।

(ਅ) ਪਹਿਲਿਆਂ ਵਿਚ ਅਨਾਜ ਦੇ ਬੋਹਲ ਉਤੇ, ਮਿਟੀ ਜਾਂ ਗਿਲੀ ਰੇਤ ਦੀ ਮੁਠ ਰਖ ਕੇ, ਉਸ ਵਿਚ ਆਪਣੀ ਸਰਧਾ ਅਨੁਸਾਰ ੧ਓ/ਓਮ/ਅੱਲਾ ਲਿਖ ਦਿਤਾ ਕਰਦੇ ਸਨ, ਇਸ ਨੂੰ ਓਅੰਕਾਰ/ਓਮ/ਅੱਲਾ ਦਾ ਠੱਪਾ ਕਹਿੰਦੇ ਸਨ। ਧਾਰਨਾ ਸੀ ਕਿ ਅਜਿਹਾ ਕਰਨ ਨਾਲ ਭੂਤ ਪ੍ਰੇਤ ਤੇ ਚੰਦਰੀਆਂ ਰੂਹਾਂ ਬੋਹਲ ਦੇ ਨੇੜੇ ਨਹੀਂ ਢੁੱਕਦੀਆਂ ਤੇ ਬੋਹਲ ਵਿਚੋਂ ਅੰਨ ਚੋਰੀ ਨਹੀਂ ਕਰਦੀਆਂ।

### (ਠ-12) ਠਾਕਣਾ :

ਮੰਤਰ, ਝਾੜਾ ਜਾਂ ਤਵੀਤ ਦੀ ਸ਼ਕਤੀ ਨਾਲ ਕਿਸੇ ਰੋਗ ਨੂੰ ਦੂਰ ਕਰਨਾ।

### (ਠ-13) ਠਾਕਣੀ :

ਗਰਭ ਨਾਲ ਸਬੰਧਿਤ ਇਕ ਰੀਤ; ਬਟਵਾਰੇ ਤੋਂ ਪਹਿਲਾ ਸਿਆਲਕੋਟ ਦੇ ਹਿੰਦੂਆਂ ਵਿਚ ਗਰਭ ਦੇ ਤੀਜੇ ਮਹੀਨੇ 'ਠਾਕਣੀ' ਦੀ ਰੀਤ ਕੀਤੀ ਜਾਂਦੀ ਸੀ। ਗਰਭਵਤੀ ਨੂੰ ਇਸ਼ਨਾਨ ਕਰਵਾਕੇ, ਕਿਸੇ ਚੌਂਕੀ ਉਤੇ ਬਿਠਾ ਦਿਤਾ ਜਾਂਦਾ ਅਤੇ ਉਸ ਦੀ ਝੋਲੀ ਵਿਚ ਛੁਹਾਰੇ ਤੇ ਖੋਪੇ ਦੀਆਂ ਠੂਠੀਆਂ ਪਾਈਆਂ ਜਾਂਦੀਆਂ। ਇਕ ਛੁਹਾਰਾ ਤੇ ਥੋੜਾ ਜਿਹਾ ਖੋਪਾ, ਉਸਦੇ ਮੂੰਹ ਲਗਾਇਆ ਜਾਂਦਾ ਤੇ ਬਾਕੀ ਦੀ ਸਾਮਿਗਰੀ ਬਰਾਦਰੀ ਵਿਚ ਵੰਡ ਦਿਤੀ ਜਾਂਦੀ।

ਗੁਰਦਾਸਪੁਰ ਵਿਚ, ਠਾਕਣੀ ਦੀ ਰੀਤ ਛੇਵੇਂ ਮਹੀਨੇ ਵਿਚ, ਪੈਰ ਪਾਦਿਆਂ ਸਾਰ ਕੀਤੀ ਜਾਂਦੀ ਹੈ। ਗਰਭਵਤੀ ਦਹੀਂ ਨਾਲ ਕੇਸੀ-ਇਸ਼ਨਾਨ ਕਰਦੀ ਤੇ ਨਵੇਂ ਕਪੜੇ ਪਹਿਨਦੀ ਹੈ। ਇਸ ਮੌਕੇ ਤੇ ਪਾਪੜ-ਪਕੌੜੇ ਤੇ ਸੇਵੀਆਂ ਬਰਾਦਰੀ ਵਿਚ ਵੰਡੀਆਂ ਜਾਂਦੀਆਂ ਹਨ।

ਹੁਸ਼ਿਆਰਪੁਰ ਵਿਚ ਇਸ ਰੀਤ ਵੇਲੇ ਘਿਉ ਵਿਚ ਗੁਲਗੁਲੇ ਤਲ ਕੇ ਭਾਈਚਾਰੇ ਵਿਚ ਵੰਡੇ ਜਾਂਦੇ ਹਨ ਤੇ ਗਰਭਵਤੀ ਤੇ ਉਸ ਦਾ ਪਤੀ ਨਵੇਂ ਕਪੜੇ ਪਹਿਨ ਕੇ 'ਕੁਲ ਦੇਵਤੇ' ਦੀ ਪੂਜਾ ਕਰਦੇ ਹਨ।

ਉਚੀ ਕੁਲ ਦੇ ਸਮਝਦੇ ਹਨ।

(ਅ) ਵਿਸ਼ਨੂੰ ਤੇ ਉਹਨਾਂ ਦੇ ਕਿਸੇ ਅਵਤਾਰ, ਖਾਸ ਕਰਕੇ ਰਾਮ ਤੇ ਕ੍ਰਿਸ਼ਨ ਦੀਆਂ ਮੂਰਤੀਆਂ; ਵਿਸ਼ਨੂੰ ਭਗਤ ਵਿਚ ਠਾਕਰਾਂ ਨੂੰ ਇਸ਼ਨਾਨ ਕਰਵਾਣ ਦਾ ਬੜਾ ਮਹਾਤਮ ਹੈ। ਉਨ੍ਹਾਂ ਦੀ ਆਰਤੀ ਉਤਾਰੀ ਜਾਂਦੀ ਤੇ ਉਨ੍ਹਾਂ ਨੂੰ ਭੋਗ ਲਗਵਾਏ ਜਾਂਦੇ ਹਨ। ਕਈ ਹਿੰਦੂ ਤਾਂ ਕਿਸੇ ਵੀ ਪੂਜਣਯੋਗ ਦੇਵ-ਮੂਰਤੀ ਨੂੰ 'ਠਾਕਰ' ਕਹਿ ਲੈਂਦੇ ਹਨ।

ਉਹ ਮੰਦਰ, ਜਿਥੇ ਵਿਸ਼ਨੂੰ ਜਾਂ ਉਨ੍ਹਾਂ ਦੇ ਕਿਸੇ ਅਵਤਾਰ, ਖਾਸ ਕਰਕੇ ਰਾਮ ਜਾਂ ਕ੍ਰਿਸ਼ਨ ਦੀ ਮੂਰਤੀ ਸਥਾਪਿਤ ਹੋਵੇ, ਠਾਕਰਦੁਵਾਰਾ ਅਖਵਾਉਂਦਾ ਹੈ।

### (ਠ-15) ਠਾਕਾ :

ਵਿਆਹ ਨਾਲ ਸਬੰਧਿਤ ਇਕ ਰਸਮ, ਜੋ ਮੰਗਣੀ ਤੋਂ ਪਹਿਲਾਂ ਕੀਤੀ ਜਾਂਦੀ ਹੈ। ਇਸ ਰੀਤ ਦਾ ਮੰਤਵ ਮੁੰਡੇ ਨੂੰ ਰੋਕ ਲੈਣਾ ਜਾਂ ਰਾਖਵਾਂ ਕਰ ਲੈਣਾ ਹੁੰਦਾ ਹੈ। ਇਸ ਰੀਤ ਨੂੰ ਕੰਨਿਆਂ ਪੱਖ ਵਾਲੇ 'ਮੁੰਡਾ-ਠਾਕਣਾ' ਵੀ ਕਹਿੰਦੇ ਹਨ ਧਨੀ ਪੋਠੋਹਾਰ ਦੇ ਇਲਾਕੇ ਵਿਚ ਇਸ ਰੀਤ ਨੂੰ 'ਦੁ ਪਿਲਾਉਣਾ' ਵੀ ਕਹਿੰਦੇ ਹਨ। ਕਿਉਂ ਜੋ ਇਸ ਮੌਕੇ ਉਤੇ ਮੁੰਡੇ ਅਤੇ ਉਸ ਦੇ ਸਾਕ ਸਬੰਧੀਆਂ ਨੂੰ ਗਿਰੀਆ-ਬਦਾਮ ਤੇ ਛੁਹਾਰਿਆਂ ਵਾਲਾ ਦੁੱਧ ਪਿਲਾਇਆ ਜਾਂਦਾ ਹੈ। ਆਮ ਘਰਾਂ ਵਿਚ ਤਾਂ ਠਾਕੇ ਦੀ ਰਸਮ ਬੜੀ ਸਾਧਾਰਨ ਹੁੰਦੀ ਹੈ। ਜਦੋਂ ਲੜਕੀ ਵਾਲਿਆਂ ਨੂੰ ਕੋਈ ਲੜਕਾ ਪਸੰਦ ਆ ਜਾਂਦਾ ਹੈ ਤਾਂ ਉਹ ਕੁਝ ਰੋਕ ਰੁਪਏ ਲੜਕੇ ਦੀ ਤਲੀ 'ਤੇ ਸ਼ਗਨ ਵਜੋਂ ਧਰ ਦੇਂਦੇ ਹਨ ਤੇ ਨਾਲ ਹੀ ਮੁੰਡੇ ਦਾ ਮੂੰਹ ਗੁੜ,ਮਠਿਆਈ ਨਾਲ ਮਿਠਾ ਕਰ ਦੇਂਦੇ ਹਨ ਪਰ ਖਤ੍ਰੀਆਂ ਵਿਚ, ਇਹ ਰਸਮ ਵੀ ਮੰਗਣੀ ਜਿਤਨੀ ਭਾਰ ਹੁੰਦੀ ਜਾ ਰਹੀ ਹੈ। ਖਤ੍ਰੀਆਂ ਵਿਚ ਮੁੰਡੇ ਦੇ ਨਜ਼ਦੀਕ ਰਿਸ਼ਤੇਦਾਰ ਕਿਸੇ ਮਿਥੇ ਹੋਏ ਦਿਨ, ਕੁੜੀ ਵਾਲਿਆਂ ਦੇ ਘਰ ਜਾਂਦੇ ਹਨ ਤੇ ਕੁੜੀ ਵਾਲੇ ਉਨ੍ਹਾਂ ਸਭਨਾਂ ਨੂੰ ਬਦਾਮਾਂ ਛੁਹਾਰਿਆਂ ਵਾਲਾ ਦੁੱਧ ਪੀਣ ਲਈ ਦੇਂਦੇ ਹਨ। ਕਈ ਘਰਾਂ ਵਿਚ ਸਿਰਫ਼ ਮੁੰਡੇ ਨੂੰ ਹੀ ਬਦਾਮਾਂ ਵਾਲਾ ਦੁੱਧ ਪੀਣ ਲਈ ਦਿਤਾ ਜਾਂਦਾ ਹੈ, ਬਾਕੀਆਂ ਨੂੰ ਨਹੀਂ। ਇਸ ਮੌਕੇ ਕੁੜੀ ਵਾਲੇ ਸ਼ਗਨ ਵਜੋਂ ਮਠਿਆਈ ਦੇ ਕੁਝ ਥਾਲ, ਫਲ ਰੋਕ ਰੁਪਏ ਲੜਕੇ ਤੇ ਉਸਦੇ ਸਭ ਰਿਸ਼ਤੇਦਾਰਾਂ ਨੂੰ ਦੇਂਦੇ ਹਨ

(ਠ-16) **ਠਾਣੇਪਤੀ** :

ਵਿਆਹ ਸਮੇਂ ਦਾ ਇਕ ਬੰਧਾਨ; ਵਰ ਪੱਖ ਵਾਲੇ ਕੰਨਿਆਂ ਪੱਖ ਦੇ ਪਰੋਹਤ, ਕਮੀ-ਕਮੀਣਾਂ ਤੇ ਲਾਗੀਆਂ ਆਦਿ ਨੂੰ ਦਿਤਾ ਕਰਦੇ ਹਨ। ਪੁਰਾਣੇ ਵੇਲਿਆਂ ਵਿਚ ਪਿੰਡ ਦੇ ਜ਼ਿਮੀਂਦਾਰ/ਬਿਸਵੇਦਾਰ ਨੂੰ ਵੀ ਬੰਧਾਣ ਦੇਣ ਦੀ ਪ੍ਰਥਾ ਸੀ।

(ਠ-17) **ਠੀਕਰਾ ਭੰਨਣਾ** :

(ੳ) ਘੜਾ (ਕੁੰਭ) ਸਰੀਰ ਦਾ ਬੋਧਿਕ ਮੰਨਿਆ ਗਿਆ ਹੈ। ਜਦੋਂ ਕੋਈ ਸ਼ਖ਼ਸ ਮਰ ਜਾਂਦਾ ਹੈ ਤਾਂ ਉਸ ਦੀ ਅਰਥੀ ਸਮਸ਼ਾਨ ਘਾਟ ਵਲ ਲਿਜਾਂਦਿਆਂ, 'ਅਧ ਮਾਰਗ' ਉਤੇ ਰਾਹ ਵਿਚ ਕੁੰਭ ਭੰਨਿਆ ਜਾਂਦਾ ਹੈ। ਇਸ ਰੀਤ ਨੂੰ 'ਠੀਕਰਾ ਭੰਨਣਾ' ਵੀ ਕਹਿੰਦੇ ਹਨ, ਇਸ ਦਾ ਮਤਲਬ ਮੋਏ ਪ੍ਰਾਣੀ ਦੇ ਪ੍ਰੇਤ ਨੂੰ ਇਹ ਦਰਸਾਣਾ ਹੈ ਕਿ ਉਸਦਾ ਹੁਣ ਸੰਸਾਰ ਨਾਲੋਂ ਨਾਤਾ ਟੁਟ ਗਿਆ ਹੈ,ਪਾਣੀ ਤਕ ਦੀ ਸਾਂਝ ਨਹੀਂ ਰਹੀ।

ਘੜੇ ਦੀਆਂ ਟੁਟੀਆਂ ਠੀਕਰਾਂ ਜੇ ਕਿਸੇ ਦੇ ਬੂਹੇ ਅਗੇ ਕੋਈ ਜਾ ਸੁਟੇ ਤਾਂ ਇਸਨੂੰ ਬਦਸ਼ਗਨੀ ਸਮਝਿਆ ਜਾਂਦਾ ਹੈ। ਸਫ਼ਰ ਵੇਲੇ ਜਾਂ ਕਿਸੇ ਖ਼ਾਸ ਕੰਮ ਲਈ ਜਾਂਦਿਆਂ, ਘਰੋਂ ਨਿਕਲਦੇ ਸਾਰ, ਜੇ ਟੁਟੀਆਂ ਹੋਈਆਂ ਠੀਕਰਾਂ ਪਈਆਂ ਮਿਲਣ ਤਾਂ ਕੰਮ ਸਿਰੇ ਨਹੀਂ ਚੜ੍ਹਦਾ। ਕਿਸੇ ਕੰਮ ਨੂੰ ਛੂਹੰਦਿਆਂ ਸਾਰ ਕੋਈ ਭਾਂਡਾ ਡਿਗ ਕੇ ਟੁਟ ਜਾਵੇ ਤਾਂ ਵੀ ਕੰਮ ਸਿਰੇ ਨਹੀਂ ਚੜ੍ਹਦਾ।

(ਅ) ਔੜ ਦੇ ਦਿਨਾਂ ਵਿਚ, ਮੀਂਹ ਲਈ ਕੀਤਾ ਇਕ ਉਪਾਅ; ਗਲੀ ਮਹੱਲੇ ਦੇ ਲੋਕ ਕਿਸੇ ਪੁਰਾਣੇ ਘੜੇ ਵਿਚ ਮੈਲਾ ਭਰ ਕੇ, ਕਿਸੇ ਲੜਾਕੀ ਤੀਵੀਂ/ਮਰਦ ਦੇ ਬੂਹੇ ਅਗੇ ਠੀਕਰਾ ਭੰਨਦੇ ਹਨ। ਉਹ ਸਵਾਂਗ ਨੂੰ ਬਦਸ਼ਗਨੀ ਸਮਝ ਕੇ ਅਗੋਂ ਗਾਲ੍ਹਾਂ ਕਢਦੀ ਹੈ। ਮੀਂਹ ਦਾ ਦਿਉਤਾ ਧਰਤੀ ਦੇ ਲੋਕਾਂ ਨੂੰ ਆਪੋ ਵਿਚ ਲੜਦਾ ਝਗੜਦਾ ਵੇਖ, ਮਿਹਰ ਦੇ ਘਰ ਆਉਂਦਾ ਤੇ ਮੀਂਹ ਦੀ ਬਖ਼ਸ਼ਸ਼ ਕਰਦਾ ਹੈ।

(ਠ-18) **ਠੀਕਰੀਆਂ ਖੇਡਣੀਆਂ** :

ਛੋਟੀਆਂ ਕੁੜੀਆਂ ਦੀ ਇਕ ਖੇਡ; ਲੱਪ ਵਿਚ ਕੁਝ ਠੀਕਰੀਆਂ ਲੈ ਕੇ ਉਛਾਲੀਆਂ ਜਾਂਦੀਆਂ ਹਨ ਤੇ ਫਿਰ ਹਥੇਲੀ ਦੇ ਪੁਠੇ ਪਾਸੇ ਬੁੜ੍ਹਪੀਆਂ ਜਾਂਦੀਆਂ ਹਨ। ਜਿਹੜੀ ਕੁੜੀ ਵਧ ਬੁੜ੍ਹਪ ਲਵੇ ਉਸ ਦੀ ਜਿਤ ਹੁੰਦੀ ਹੈ।

(ਠ-19) **ਠੀਕਰੀ ਦੀ ਰੀਤ** :

ਬੱਚੇ ਦੇ ਜੰਮਣ ਤੋਂ ਰਤਾ ਕੁ ਪਹਿਲਾਂ, ਇਕ ਵਡੀ ਸਾਰੀ ਠੀਕਰੀ ਵਿਚ, ਜੋ ਕਿਸੇ ਪੁਰਾਣੇ ਟੁਟੇ ਘੜੇ ਦੀ ਹੁੰਦੀ ਹੈ, ਸਭ ਤੀਵੀਆਂ ਕੁਝ ਸਿੱਕੇ ਪਾਉਂਦੀਆਂ ਹਨ। ਸਭ ਤੋਂ ਪਹਿਲਾਂ ਗਰਭਵਤੀ, ਫਿਰ ਉਸ ਦੀ ਸੱਸ/ਮਾਂ ਤੇ ਫਿਰ ਘਰ ਦੀਆਂ ਹੋਰ ਤੀਵੀਆਂ। ਇਹ ਰਕਮ ਮਗਰੋਂ ਦਾਈ ਨੂੰ ਦੇ ਦਿਤੀ ਜਾਂਦੀ ਹੈ।

ਇਸ ਮੌਕੇ ਤੇ ਜੇ ਬਰਾਦਰੀ ਦੀ ਕੋਈ ਤੀਵੀਂ ਹੋਣ ਵਾਲੇ ਬੱਚੇ ਨਾਲ, ਆਪਣੇ ਕਿਸੇ ਬੱਚੇ ਦਾ ਰਿਸ਼ਤਾ ਨਾਤਾ ਜੋੜਨਾ ਚਾਹੇ ਤਾਂ ਉਹ ਠੀਕਰੀ ਵਿਚ ਪ੍ਰਤੀਕ ਵਜੋਂ ਚਾਂਦੀ ਦਾ ਰੁਪਿਆ ਪਾਉਂਦੀ ਹੈ। ਜੇ ਘਰ ਦੇ ਉਸ ਦਾ ਰੁਪਿਆ ਰਖ ਲੈਣ ਤਾਂ ਭਾਵ ਹੈ ਕਿ ਉਨ੍ਹਾਂ ਨੂੰ ਇਹ ਸਗਾਈ ਪ੍ਰਵਾਨ ਹੈ। ਅਜਿਹੀ ਸਗਾਈ ਨੂੰ 'ਠੀਕਰੀ ਦੀ ਸਗਾਈ' ਕਹਿੰਦੇ ਹਨ। ਇਹ ਰੀਤ ਮੁਸਲਮਾਨਾਂ ਵਿਚ ਪ੍ਰਚਲਤ ਹੈ।

(ਠ-20) **ਠੀਕਰੀ ਪਹਿਰਾ** :

ਉਹ ਪਹਿਰਾ, ਜੋ ਪਿੰਡ ਦੇ ਲੋਕ ਵਾਰੋ ਵਾਰੀ, ਪਿੰਡ ਦੀ ਰਾਖੀ ਲਈ ਦੇਂਦੇ ਹਨ। ਇਸ ਪਹਿਰੇ ਦਾ ਪ੍ਰਬੰਧ ਪਿੰਡ ਦੀ ਪੰਚਾਇਤ ਜਾਂ ਚੌਧਰੀ ਕਰਦਾ ਹੈ। ਜੇ ਪਿੰਡ ਵਿਚ ਚੌਕੀਦਾਰ ਵੀ ਹੋਵੇ ਤਾਂ ਵੀ ਹਰ ਘਰ ਵਿਚੋਂ, ਵਾਰੋ ਵਾਰੀ ਇਕ ਜੀਅ ਚੌਕੀਦਾਰ ਨਾਲ ਰਲ ਕੇ ਰਾਤ ਨੂੰ ਪਹਿਰਾ ਦੇਂਦਾ ਹੈ। ਜੋ ਸ਼ਖ਼ਸ ਬੁਢੇਪੇ ਕਾਰਨ ਵਾਰੀ ਸਿਰ ਪਹਿਰਾ ਨਾ ਦੇ ਸਕੇ, ਉਹ ਆਪਣੀ ਥਾਂ ਪੈਸੇ ਦੇ ਕੇ ਜਾਂ ਕੋਈ ਬੰਦਾ ਭੇਜ ਕੇ ਵਾਰੀ ਭੁਗਤਾਣੀ ਪੈਂਦੀ ਹੈ।

ਇਸ ਪਹਿਰੇ ਨੂੰ ਠੀਕਰੀ ਪਹਿਰਾ ਇਸ ਲਈ ਕਿਹਾ ਜਾਂਦਾ ਹੈ ਕਿ ਵਾਰੀ ਮਿਥਣ ਲਈ ਘੜੇ ਵਿਚੋਂ ਠੀਕਰੀਆਂ ਉਤੇ ਪਿੰਡ ਦੇ ਜਾਂ ਸਭ ਤਰ੍ਹਾਂ ਦੇ ਮੁਖੀਆਂ ਦਾ ਨਾਉਂ ਲਿਖ ਕੇ ਪਾ ਦਿਤੀਆਂ ਜਾਂਦੀਆਂ ਹਨ। ਹਰ ਰੋਜ਼ ਇਕ ਠੀਕਰੀ ਘੜੇ ਵਿਚੋਂ ਕਢੀ ਜਾਂਦੀ ਹੈ, ਜਿਸ ਦੇ ਨਾਉਂ ਦੀ ਠੀਕਰੀ ਨਿਕਲੇ, ਉਸ ਨੂੰ ਉਸ ਰਾਤ ਪਹਿਰਾ ਦੇਣਾ ਪੈਂਦਾ ਹੈ। ਠੀਕਰੀ ਪਹਿਰੇ ਦਾ ਰਵਾਜ ਅਜ ਵੀ ਪਿੰਡਾਂ ਵਿਚ ਆਮ ਹੈ।

# ਡ

**(ਡ-1) ਡਉਂ :**

ਜੰਗਲ ਦੀ ਅੱਗ; ਧਾਰਨਾ ਹੈ ਕਿ ਜੰਗਲ ਵਿਚ ਵਾਸ ਕਰਦੀਆਂ ਪ੍ਰੇਤ-ਰੂਹਾਂ ਭੂਤ ਤੇ ਚੁੜੇਲਾਂ ਆਪਸੀ ਝਗੜੇ ਵੇਲੇ ਇਕ ਦੂਜੇ ਉਤੇ ਅੱਗ ਦੇ ਗੋਲੇ ਵਰਸਾਂਦੀਆਂ ਹਨ। ਇਸ ਨਾਲ ਜੰਗਲ ਵਿਚ ਅੱਗ ਲੱਗ ਜਾਂਦੀ ਹੈ। ਇਹ ਵੀ ਵਿਸ਼ਵਾਸ਼ ਹੈ ਕਿ ਜਿਹੜਾ ਸ਼ਖ਼ਸ ਇਸ ਅੱਗ ਵਿਚ ਸੜ ਕੇ ਭਸਮ ਹੋ ਜਾਂਦਾ ਹੈ, ਉਹ ਪ੍ਰੇਤ ਬਣਦਾ ਹੈ।

ਜਿਹੜੇ ਲੋਕ ਜੰਗਲ ਵਿਚ ਅੱਗ ਲੱਗਣ ਨਾਲ ਮਰ ਜਾਂਦੇ ਹਨ, ਉਨ੍ਹਾਂ ਦੀਆਂ ਆਵਾਜ਼ਾਂ ਤੇ ਚੀਖ਼ਾਂ ਪਿਛੋਂ ਕਈ ਸਾਲਾਂ ਤਕ ਲੰਘਦੇ ਰਾਹੀਆਂ ਨੂੰ, ਸੁਣਾਈ ਦੇਂਦੀਆਂ ਰਹਿੰਦੀਆਂ ਹਨ। ਇਸ ਨੂੰ 'ਡਉਂ ਬੋਲਣਾ' ਕਹਿੰਦੇ ਹਨ (ਵੇਖੋ : ਹਾੜ ਬੋਲਣਾ)।

**(ਡ-2) ਡਸਕਾ :**

ਸਿਆਲਕੋਟ ਜ਼ਿਲੇ ਦਾ ਇਕ ਨਗਰ ਜੋ ਸਿਆਲਕੋਟ ਦੇ ਦੱਖਣ-ਪੱਛਮ ਵਲ ਸੋਲਾਂ ਕੁ ਮੀਲਾਂ ਦੀ ਵਿੱਥ ਉਤੇ ਹੈ। ਇਹ ਨਗਰ ਭਾਵੇਂ ਬੜਾ ਪੁਰਾਣਾ ਹੈ, ਪਰ ਇਸ ਦੇ ਪ੍ਰਾਚੀਨ ਇਤਿਹਾਸ ਬਾਰੇ ਸਾਮਗ੍ਰੀ ਨਹੀਂ ਮਿਲਦੀ।

ਇਕ ਰਵਾਇਤ ਅਨੁਸਾਰ ਇਸ ਨਗਰ ਦੀ ਨੀਂਹ ਸ਼ਾਹ ਜਹਾਨ ਵੇਲੇ ਰਖੀ ਗਈ ਅਤੇ ਇਸ ਦਾ ਪਹਿਲਾ ਨਾਂ 'ਸ਼ਾਹ ਜਹਾਨਾਬਾਦ' ਸੀ। ਕਾਨੂੰਨਗੋਆਂ ਕੋਲ ਜੋ ਪੁਰਾਣਾ ਰੀਕਾਰਡ ਮਿਲਦਾ ਹੈ, ਉਸ ਵਿਚ ਇਸ ਦਾ ਇਹੋ ਨਾਂ ਦਰਜ ਹੈ (ਸਿਆਲਕੋਟ ਗਜ਼ਟੀਅਰ)।

ਇਕ ਹੋਰ ਰਵਾਇਤ ਅਨੁਸਾਰ ਡਸਕਾ ਤਹਿਸੀਲ ਦੇ ਇਕ ਪਿੰਡ ਮੰਦਰਾਵਾਲਾ ਦਾ ਇਕ ਹਿੰਦੂ ਜੱਟ ਜਿਸ ਦਾ ਨਾਂ 'ਮੋਚਾਂ' ਸੀ, ਛੇ ਕੁ ਸੌ ਸਾਲ ਪਹਿਲੇ ਡਸਕੇ ਵਿਚ ਆ ਕੇ ਵਸਿਆ। ਇਸ ਨਗਰ ਦੀ ਭੋਇੰ ਦਾਸ ਪ੍ਰਵਾਰ ਦੀ ਹੋਣ ਨਾਂ 'ਡਸਕਾ' ਇਸ ਲਈ ਪਿਆ ਕਿ ਇਹ ਥਾਂ ਸਿਆਲਕੋਟ, ਪਸਰੂਰ, ਗੁਜਰਾਂਵਾਲਾ ਤੇ ਵਜ਼ੀਰਾਬਾਦ ਤੋਂ ਠੀਕ ਦਸ ਦਸ ਕੋਹਾਂ ਤੇ ਹੈ।

ਡਸਕਾ ਨਗਰ ਦੇ ਉੱਤਰ ਵਲ ਮੀਲ ਕੁ ਦੀ ਵਿੱਥ ਉਤੇ ਕੋਟ ਡਸਕਾ ਹੈ। ਅਫ਼ਗਾਨਾਂ ਦੇ ਹੱਲੇ ਵੇਲੇ ਜਦੋਂ ਇਹ ਨਗਰ ਵੀਰਾਨ ਕਰ ਦਿਤਾ ਗਿਆ ਤਾਂ ਇਥੋਂ ਦੀ ਵਸੋਂ ਨੇ ਕੋਟ ਡਸਕੇ ਵਿਚ ਸ਼ਰਨ ਲਈ। ਪਰ ਸਿੱਖ ਰਾਜ ਦੇ ਸਮੇਂ ਦੇਸ ਰਾਜ, ਜੋ 'ਮੋਰਾਂ' ਦੀ ਵੰਸ਼ ਵਿਚੋਂ ਸੀ, ਨੇ ਇਸ ਨਗਰ ਨੂੰ ਮੁੜ ਵਸਾਇਆ।

**(ਡ-3) ਡਹਨ ਵਿਛਾਣਾ :**

ਲੋਕ-ਕਹਾਣੀਆਂ ਦੀ ਇਕ ਕਥਾ-ਰੂੜ੍ਹੀ; ਖਲ ਪਾਤਰ ਨੂੰ ਪਕੜਨ ਜਾਂ ਮਾਰਨ ਲਈ ਕਿਸੇ ਅਜਿਹੇ ਟੋਏ ਉਤੇ ਬਿਠਾਣਾ ਜੋ ਉਪਰੋਂ ਘਾਹ ਫੂਸ ਨਾਲ ਢਕਿਆ ਹੁੰਦਾ ਹੈ। ਬੈਠਦਿਆਂ ਸਾਰ ਉਹ ਟੋਏ ਵਿਚ ਡਿਗ ਪੈਂਦਾ ਹੈ ਤੇ ਨਾਇਕ ਜਾਂ ਨਾਇਕਾ ਉਸ ਨੂੰ ਬੰਦੀ ਬਣਾ ਲੈਂਦੀ ਹੈ। ਡਹਨ ਤੋਂ ਭਾਵ ਜਾਨਵਰਾਂ ਨੂੰ ਜਾਲ ਵਿਚ ਫਸਾਉਣ ਦਾ ਟੋਆ ਹੈ, ਜੋ ਘਾਹ ਨਾਲ ਉਪਰੋਂ ਢਕਿਆ ਹੁੰਦਾ ਹੈ।

**(ਡ-4) ਡਹਰ :**

ਨਿਵਾਣ ਵਾਲੀ ਭੋਇੰ, ਜੋ ਧਾਨ ਬੀਜਣ ਲਈ ਚੰਗੀ ਹੁੰਦੀ ਹੈ। ਅਖਾਣ ਹੈ :

ਧਾਨ ਡਹਰ ਦਾ, ਭਾ ਸ਼ਹਿਰ ਦਾ।

**(ਡ-5) ਡਹਾ :**

'ਦਾਹਾ' ਸ਼ਬਦ ਦਾ ਲਹਿੰਦੀ ਰੂਪ। ਹਿੰਦੂਆਂ ਵਿਚ ਕਿਸੇ ਪ੍ਰਾਣੀ ਦੇ ਮਰਨ ਪਿਛੋਂ ਦਸਵੇਂ ਦਿਨ ਕਿਰਿਆ ਦੀ

ਮੁਲਤਾਨੀ ਹਿੰਦੂਆਂ ਵਿਚ, ਕਿਸੇ ਪ੍ਰਾਣੀ ਦੇ ਮਰਨ ਪਿਛੋਂ ਦਸਵੇਂ ਦਿਨ ਕੀਤੀ ਰਸਮ ਡਹਾਇਆ ਅਖਵਾਉਂਦੀ ਹੈ।

(ਡ-6) **ਡਹੀਂਡੀ ਚੜ੍ਹਾਉਣਾ** :

ਪੁਆਧ ਦੇ ਇਲਾਕੇ ਦੀ ਇਕ ਰਸਮ; ਜਦੋਂ ਕੋਈ ਗਾਂ-ਮੱਝ ਪਹਿਲੀ ਵਾਰ ਸੂੰਦੀ ਹੈ ਤਾਂ ਉਸ ਦੇ ਪਹਿਲੇ ਦੁੱਧ ਦਾ ਦਹੀਂ ਜਮਾ ਕੇ, ਕਿਸੇ ਧਾਰਮਿਕ ਸਥਾਨ 'ਤੇ, ਜਠੇਰਿਆਂ ਜਾਂ ਸਤੀਆਂ ਨੂੰ ਭੇਟ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੁੱਧ ਦਹੀਂ ਵਿਚ ਬਰਕਤ ਪੈਂਦੀ ਹੈ।

(ਡ-7) **ਡੱਕ** :

ਇਕ ਪ੍ਰਸਿਧ ਜੋਤਿਸ਼ੀ, ਇਸ ਦਾ ਵਿਆਹ ਭਡਲੀ ਨਾਲ ਹੋਇਆ। ਜੋਤਿਸ਼ ਵਿਦਿਆ ਵਿਚ ਭਡਲੀ ਵੀ ਡੱਕ ਨਾਲੋਂ ਘਟ ਨਹੀਂ ਸੀ।

ਡੱਕ ਤੇ ਭਡਲੀ ਦੇ ਮੌਸਮ ਬਾਰੇ ਅਨੇਕਾਂ ਅਖਾਣ ਪੰਜਾਬੀ ਵਿਚ ਮਿਲਦੇ ਹਨ, ਖ਼ਾਸ ਤੌਰ ਤੇ ਧਨ-ਪੋਠੋਹਾਰ ਦੇ ਇਲਾਕੇ ਵਿਚ :

ਹਾੜ੍ਹ ਹਨੇਰੀ ਅਸ਼ਟਮੀ, ਬੱਦਲੀਓਂ ਨਿਕਲਿਆ ਚੰਨ
ਡੱਕ ਕਹੇ ਸੁਣ ਭਡਲੀ, ਗਧੇ ਨਾ ਖਾਵਨ ਅੰਨ
ਪੂਰਬ ਉਠੇ ਬੱਦਲੀ, ਪੱਛਮ ਚਲੇ 'ਵਾ
ਡੱਕ ਕਹੇ ਸੁਣ ਭਡਲੀ ਮੰਜੀ ਅੰਦਰ ਡਾਹ

ਭਾਵ ਕਾਫ਼ੀ ਬਾਰਸ਼ ਹੋਵੇਗੀ।

ਡੰਗੋਤਰੇ ਡੱਕ ਤੇ ਭਡਲੀ ਦੀ ਔਲਾਦ ਮੰਨੇ ਜਾਂਦੇ ਹਨ (ਵੇਖੋ : ਡੰਗੋਤਰੇ)।

(ਡ-8) **ਡੱਕਾ ਸਿਟਣਾ** :

ਮੌਤ ਨਾਲ ਸੰਬੰਧਿਤ ਇਕ ਰਸਮ; ਜਦੋਂ ਮਰ ਗਏ ਪ੍ਰਾਣੀ ਦਾ ਦਾਹ-ਸੰਸਕਾਰ ਹੋ ਰਿਹਾ ਹੁੰਦਾ ਹੈ ਤਾਂ 'ਮਜਲ' ਨਾਲ ਸ਼ਮਸ਼ਾਨ ਭੂਮੀ ਗਏ ਲੋਕ ਘਾਹ ਦਾ ਡੱਕਾ ਤੋੜ ਕੇ ਚਿਖਾ ਵਿਚ ਸੁਟਦੇ ਹਨ, ਜਿਸ ਦਾ ਭਾਵ ਹੈ ਕਿ ਮਰ ਗਏ ਬੰਦੇ ਨਾਲ ਉਨ੍ਹਾਂ ਦਾ ਨਾਤਾ ਘਾਹ ਦੇ ਤੀਲੇ ਵਾਂਗ ਸੀ ਜੋ ਹੁਣ ਟੁਟ ਗਿਆ ਹੈ। ਇਹ ਰਸਮ 'ਡੱਕਾ ਤੋੜਨਾ' ਨਾਲੋਂ ਰਤਾ ਵਖਰੀ ਹੈ।

(ਡ-9) **ਡੱਕਾ ਤੋੜਨਾ** :

ਮੌਤ ਨਾਲ ਸੰਬੰਧਿਤ ਇਕ ਰਸਮ; ਦਾਹ-ਸੰਸਕਾਰ

(ਤਿਨਕੇ) ਤੋੜ ਕੇ ਪਿਛੇ ਵਲ ਸੁਟਦੇ ਹਨ। ਇਸ ਰਸਮ ਦਾ ਭਾਵ ਹੈ ਕਿ ਮਰ ਗਏ ਬੰਦੇ ਨਾਲ ਉਨ੍ਹਾਂ ਦੇ ਸਭ ਨਾਤੇ, ਜੋ ਤਿਨਕੇ ਸਮਾਨ ਸਨ, ਟੁਟ ਗਏ ਹਨ।

(ਡ-10) **ਡਖਣਾ** :

1. ਅਰੋੜਿਆਂ ਦੀ ਇਕ ਉਪ-ਸ਼੍ਰੇਣੀ; ਪੰਜਾਬ ਦੇ ਦੱਖਣੀ ਇਲਾਕੇ ਵਿਚ ਵਸਦੇ ਅਰੋੜਿਆਂ ਨੂੰ ਉਤਰਾਧੀ ਜਾਂ ਡੱਖਣਾ ਆਖਦੇ ਹਨ (ਵੇਖੋ : ਅਰੋੜੇ)।

2. ਪੰਜਾਬੀ ਦੀ ਇਕ ਉਪ-ਬੋਲੀ ਜੋ ਪੰਜਾਬ ਦੇ ਦੱਖਣ ਵਲ, ਮੁਲਤਾਨ ਦੇ ਨਾਲ ਲਗਦੇ ਇਲਾਕਿਆਂ ਵਿਚ ਬੋਲੀ ਜਾਂਦੀ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹ ਬੋਲੀ ਗੁਰੂ ਨਾਨਕ ਦੇਵ ਜੀ ਦੀ ਜਨਮਭੂਮੀ ਤੋਂ ਦੱਖਣ ਵਲ ਦੀ ਭਾਸ਼ਾ ਹੈ ਅਤੇ ਮੁਲਤਾਨ ਸਾਹੀਵਾਲ ਦੇ ਇਲਾਕੇ ਦੀ ਬੋਲੀ ਹੈ। ਇਸ ਵਿਚ ਸਿੰਧੀ ਤੇ ਲਹਿੰਦੀ ਦੀ ਮਿੱਸ ਹੈ। ਲਹਿੰਦੀ ਵਾਂਗ ਇਸ ਵਿਚ 'ਦ' ਦੀ ਥਾਂ 'ਡ' ਵਰਤਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਡਖਣੇ' ਨਾਂ ਦੀ ਇਕ ਬਾਣੀ ਇਸੇ ਉਪ-ਭਾਸ਼ਾ ਵਿਚ ਲਿਖੀ ਹੋਈ ਮਿਲਦੀ ਹੈ :

ਤੂੰ ਚਉ ਸੱਜਣ ਮੈਡਿਆ ਡੇਈ ਸਿਸੁ ਉਤਾਰਿ

3. ਇਕ ਕਾਵਿ-ਰੂਪ, ਜਿਸ ਵਿਚ ਮੁਲਤਾਨੀ ਤੇ ਸਿੰਧੀ ਸ਼ਬਦਾਵਲੀ ਕਾਫ਼ੀ ਵਰਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ ਰੂਪ ਵਿਚ ਮਾਰੂ ਰਾਗ ਵਿਚ ਇਕ ਬਾਣੀ ਲਿਖੀ ਹੈ। ਇਹ ਕਾਵਿ ਰੂਪ ਕਿਸੇ ਵੇਲੇ ਲਹਿੰਦੇ ਦੇ ਇਲਾਕੇ ਵਿਚ ਬੜਾ ਪ੍ਰਸਿਧ ਸੀ ਤੇ ਇਸ ਵਿਚ ਬ੍ਰਿਹੋਂ ਦੀ ਵੇਦਨਾ ਤੇ ਪ੍ਰੇਮ ਦੀ ਬਿਹਬਲਤਾ ਦਾ ਵਰਨਣ ਹੁੰਦਾ ਸੀ।

(ਡ-11) **ਡੰਗੇ ਦਾ ਮੰਤਰ** :

ਕਿਸੇ ਸ਼ਖ਼ਸ ਨੂੰ ਅਠੂਹਾਂ, ਡੇਮੂੰ ਤੇ ਸੱਪ ਆਦਿ ਜ਼ਹਿਰੀਲੇ ਕੀੜੇ ਡੰਗ ਜਾਣ ਤਾਂ ਮਾਂਦਰੀ ਉਸ ਦੇ ਜ਼ਖ਼ਮ ਉਤੇ ਮੰਤ੍ਰ ਪੜ੍ਹ ਕੇ ਜਾਂ ਝਾੜ-ਫੂਕ ਨਾਲ ਉਸ ਦਾ ਇਲਾਜ ਕਰਦੇ ਹਨ। ਹਰ ਕੀੜੇ ਲਈ ਵਖਰਾ ਮੰਤ੍ਰ ਪੜ੍ਹਿਆ ਜਾਂਦਾ ਹੈ (ਵੇਖੋ : ਮੰਤ੍ਰ)।

(ਡ-12) **ਡੰਗੋਤਰੇ** :

ਡੰਗੋਤਰੇ ਆਪਣਾ ਪਿੱਛਾ ਡੱਕ ਨਾਂ ਦੇ ਪ੍ਰਸਿਧ ਜੋਤਿਸ਼ੀ ਨਾਲ ਜੋੜਦੇ ਹਨ। ਉਸ ਦੀ ਵਹੁਟੀ ਭੱਡਲੀ ਵੀ ਜੋਤਿਸ਼ ਵਿਚ ਬੜੀ ਮਾਹਿਰ ਸੀ। ਇਕ ਦੰਦ-ਕਥਾ ਅਨੁਸਾਰ ਡੱਕ

ਉਸ ਨੇ ਡੱਕ ਨੂੰ ਕਿਹਾ, "ਮੈਂ ਤੈਨੂੰ ਇਸੇ ਛੱਪੜ ਵਿਚ ਗੰਗਾ ਇਸ਼ਨਾਨ ਕਰਵਾ ਦੇਂਦੀ ਹਾਂ । ਕਿਉਂ ਜੋ ਇਸ਼ਨਾਨ ਕਰਨ ਦੀ ਸ਼ੁਭ ਘੜੀ ਨੇੜੇ ਆ ਗਈ ਏ ਤੇ ਇਸ ਘੜੀ ਨਹਾਉਣ ਦਾ ਬੜਾ ਮਹਾਤਮ ਹੈ ।" ਉਨ੍ਹਾਂ ਦਾ ਸੰਗ ਇਕ ਛੱਪੜ ਕੰਢੇ ਰੁਕਿਆ ਹੋਇਆ ਸੀ । ਡੱਕ ਕੀਲਿਆ ਹੋਇਆ ਰਜ਼ਾਮੰਦ ਹੋ ਗਿਆ । ਜਿਉਂ ਹੀ ਡੱਕ ਛੱਪੜ ਵਿਚ ਉਤਰਿਆ ਭੱਡਲੀ ਨੇ ਕਾਮਣ ਪਾਏ ਕਿ ਉਸ ਨੂੰ ਉਹ ਛੰਭ ਗੰਗਾ ਦਰਿਆ ਵਾਂਗ ਫੈਲਿਆ ਹੋਇਆ ਲੱਗਾ । ਡੱਕ ਨੂੰ ਪ੍ਰਤੀਤ ਹੋਇਆ ਕਿ ਉਹ ਪਾਣੀ ਵਿਚ ਰੁੜ੍ਹਿਆ ਜਾ ਰਿਹਾ ਸੀ । ਉਸ ਨੇ ਭੱਡਲੀ ਅਗੇ ਤਰਲੇ ਕੀਤੇ । ਭੱਡਲੀ ਨੇ ਡੱਕ ਨਾਲ ਵਿਆਹ ਕਰਨ ਦੀ ਖੁਦ ਸ਼ਰਤ ਰੱਖੀ, ਡੱਕ ਭੱਡਲੀ ਦੀ ਸ਼ਕਤੀ ਤੋਂ ਕਾਫ਼ੀ ਪ੍ਰਭਾਵਿਤ ਹੋ ਚੁਕਾ ਸੀ । ਉਸ ਦੀ ਗੱਲ ਮੰਨ ਲਈ ।

ਡੰਗੋਤਰੇ (ਡਕੌਤ ਬ੍ਰਾਹਮਣ) ਡੱਕ ਤੋਂ ਭੱਡਲੀ ਦੀ ਔਲਾਦ ਮੰਨੇ ਜਾਂਦੇ ਸਨ ।

ਇਕ ਹੋਰ ਕਥਾ ਅਨੁਸਾਰ ਜਦੋਂ ਰਾਮ ਚੰਦਰ ਸੇਤੂ ਪੁਲ ਬਨਾਉਣ ਲਗੇ ਤਾਂ ਉਨ੍ਹਾਂ ਨੇ ਦਾਨ ਦੇਣਾ ਚਾਹਿਆ, ਪਰ ਦਾਨ ਕਿਸ ਨੂੰ ਦੇਣ ? ਉਹ ਸਨਿਚਰ ਗ੍ਰਹਿ ਦੇ ਅਸਰ ਹੇਠ ਸਨ ਅਤੇ ਸਨਿਚਰ ਨੂੰ ਪਤਿਆਣਾ ਚਾਹੁੰਦੇ ਸਨ । ਤਾਂ ਉਨ੍ਹਾਂ ਬ੍ਰਹਮਾ ਅਗੇ ਬੇਨਤੀ ਕੀਤੀ । ਬ੍ਰਹਮਾ ਨੇ ਉਸੇ ਵੇਲੇ ਘਾਹ ਦਾ ਇਕ ਖਿਡੌਣਾ ਬਣਾਇਆ (ਢਾਕ ਦੇ ਪੱਤਿਆਂ ਦਾ) । ਫਿਰ ਪਾਰਬਤੀ ਦੀ ਚੀਚੀ ਵਿਚੋਂ ਲਹੂ ਕੱਢ ਕੇ ਉਸ ਉਤੇ ਤਰੌਂਕਿਆ ਤਾਂ ਖਿਡੌਣੇ ਵਿਚ ਜੀਵਨ ਧੜਕ ਉਠਿਆ । ਸ਼ਿਵ ਜੀ ਤੇ ਪਾਰਬਤੀ ਨੇ ਜਨੇਊ ਤੇ ਤਿਲਕ ਪਹਿਨਾਇਆ ਅਤੇ ਬ੍ਰਹਮਾ ਨੇ ਆਦੇਸ਼ ਦਿਤਾ ਕਿ ਤੂੰ ਰਾਹੂ ਕੇਤੂ ਤੇ ਸਨਿਚਰਵਾਰ ਦਾ ਦਾਨ ਲਿਆ ਕਰੀਂ ।

ਜਦੋਂ ਕਦੇ ਚੰਨ/ਸੂਰਜ ਨੂੰ ਗ੍ਰਹਿਣ ਲਗਦਾ ਡੰਗੋਤਰੇ ਦਾਨ ਪੁੰਨ ਲੈਣ ਆਉਂਦੇ ਹਨ ।

ਡੰਗੋਤਰੇ ਆਮ ਤੌਰ ਤੇ ਸਨਿਚਰਵਾਰ ਮੰਗਣ ਆਉਂਦੇ ਹਨ । ਉਨ੍ਹਾਂ ਕੋਲ ਇਕ ਭਾਂਡੇ ਵਿਚ ਤੇਲ ਪਿਆ ਹੁੰਦਾ, ਜਿਸ ਵਿਚ ਸਨਿਚਰ ਦਿਉਤੇ ਦੀ ਲੋਹੇ ਦੀ ਕਾਤਰ ਤੋਂ ਬਣਿਆ ਦਿਉਤਾ । ਲੋਕ ਤੇਲ ਦੇ ਭਾਂਡੇ ਵਿਚ ਆਪਣਾ ਮੂੰਹ ਵੇਖਦੇ, ਥੋੜਾ ਜਿਹਾ ਤੇਲ ਤੇ ਇਕ ਤਾਂਬੇ ਦਾ ਪੈਸਾ ਦਾਨ ਕਰਦੇ ।

ਜਿਨ੍ਹਾਂ ਦਿਨਾਂ ਵਿਚ ਸੀਤਲਾ ਮਾਈ ਦਾ ਜ਼ੋਰ ਹੋਵੇ,

ਰਸਮ; ਜਿਸ ਵਿਚ ਸਭ ਭਾਈਚਾਰੇ ਨੂੰ ਨਿਉਤਾ ਤੇ ਭੋਜ ਦਿਤਾ ਜਾਂਦਾ ਹੈ । ਸਿੱਖ ਇਸ ਮੌਕੇ ਉਤੇ ਅਖੰਡ ਪਾਠ ਰਖਵਾਂਦੇ ਤੇ ਕੀਰਤਨ ਕਰਵਾਉਂਦੇ ਹਨ, ਅਤੇ ਹਿੰਦੂ ਹਵਨ । ਪੋਠੋਹਾਰ ਦੇ ਇਲਾਕੇ ਵਿਚ ਇਸ ਰਸਮ ਨੂੰ 'ਚੌਂਠ' ਕਿਹਾ ਜਾਂਦਾ ਹੈ । ਧਾਰਨਾ ਇਹ ਹੈ ਕਿ ਖੂਹ ਵਸਣ ਤੋਂ ਪਹਿਲਾਂ ਪੂਜਾ ਪਾਠ ਤੇ ਕੀਰਤਨ ਦੁਆਰਾ ਉਥੋਂ ਬਦਰੂਹਾਂ ਨੂੰ ਨਠਾਇਆ ਜਾਵੇ ਤਾਂ ਜੋ ਉਹ ਮਗਰੋਂ ਕੋਈ ਕਸ਼ਟ ਨਾ ਪਹੁੰਚਾਣ । ਇਸ ਸਮਾਗਮ ਤੇ ਤੀਵੀਂ ਦੇ ਪੇਕੇ ਧੀ-ਜਵਾਈ ਨੂੰ ਤ੍ਰੇਵਰ ਦਿੰਦੇ ਹਨ ਅਤੇ ਬਰਾਦਰੀ ਦੇ ਲੋਕ ਸ਼ਗਨ ਵਜੋਂ ਕੁਝ ਰੁਪਏ । ਕਈ ਗੋਤਾਂ ਵਿਚ ਇਸ ਮੌਕੇ ਤੇ ਪਤੀ-ਪਤਨੀ ਫੇਰੇ ਲੈਂਦੇ ਹਨ । ਜੈਨੀਆਂ ਵਿਚ ਲਾਵਾਂ ਫੇਰੇ ਦਾ ਰਿਵਾਜ ਹੈ । ਵਿਆਹ ਰਚਾਣਾ ਉਪਜਾਇਕਤਾ ਸ਼ਕਤੀ ਵਧਾਣ ਦੀ ਇਕ ਵਿਧੀ ਹੈ ।

### (ਡ-14) ਡੰਡ :

ਇਕ ਗਹਿਣਾ ਜੋ ਡੌਲੇ ਤੇ ਪਹਿਨਿਆ ਜਾਂਦਾ ਹੈ । ਪਹਿਲਾਂ ਪਹਿਲ ਚੰਦਰੀਆਂ ਰੂਹਾਂ ਤੋਂ ਰੱਖਿਆ ਵਜੋਂ ਇਸ ਗਹਿਣੇ ਦੀ ਵਰਤੋਂ ਕੀਤੀ ਜਾਂਦੀ ਸੀ ।

### (ਡ-15) ਡੰਡਕੜੇ ਖੇਡਣਾ :

ਇਕ ਤਰ੍ਹਾਂ ਦਾ ਨਾਚ-ਖੇਡ, ਜਿਸ ਵਿਚ ਨਾਚਿਆਂ ਦੇ ਦੋਹਾਂ ਹੱਥਾਂ ਵਿਚ ਡੰਡੇ ਹੁੰਦੇ ਹਨ ਤੇ ਉਹ ਘੇਰੇ ਵਿਚ ਖੜੋ ਕੇ, ਚੱਕਰ ਵਿਚ ਉਛਲਦੇ ਹੋਏ ਘੁੰਮਦੇ ਜਾਂਦੇ ਹਨ ਤੇ ਨਾਲ ਹੀ ਸੱਜੇ ਖੱਬੇ ਫਿਰ ਦੇ ਨਾਚਿਆਂ ਨਾਲ ਆਪਣਾ ਡੰਡਾ ਠਕੋਰਦੇ ਜਾਂਦੇ ਹਨ । ਜਨਮ ਅਸ਼ਟਮੀ ਦੇ ਜਲੂਸ ਵਿਚ ਡੰਡਕੜੇ ਖੇਡੇ ਜਾਂਦੇ ਹਨ । ਸ਼ੇਖੂਪੁਰੇ ਵਿਚ ਵਿਆਹ ਸਮੇਂ ਡੰਡਕੜੇ ਖੇਡਣ ਦਾ ਬੜਾ ਰਿਵਾਜ ਰਿਹਾ ਹੈ ।

### (ਡ-16) ਡੱਡ ਟਪੋਸੀ :

ਅਖਾਣਾਂ ਵਿਚ ਡੱਡੂ ਦੀ ਛਾਲ ਦੀ ਵਿੱਥ ਨੂੰ ਪ੍ਰਮਾਣ ਦੇ ਰੂਪ ਵਿਚ ਵਰਤਿਆ ਗਿਆ ਹੈ । ਡੱਡੂ ਦੀ ਛਾਲ, ਡਾਂਗ ਦੀ ਲੰਬਾਈ, ਲੋਫ ਦੀ ਬੁਕਲ ਆਦਿ ਫ਼ਾਸਲਾ ਨਾਪਣ ਦੇ ਪ੍ਰਮਾਣਾਂ ਦੀ ਇਕ ਆਪਣੀ ਰੋਚਿਕਤਾ ਹੈ ਤੇ ਲੋਕ ਸੂਝ ਦੀ ਵਿਲੱਖਣਤਾ :

ਡੱਡ ਟਪੋਸੀ ਕੰਗਣੀ, ਡਾਂਗੋ ਡਾਂਗ ਕਪਾਹ,
ਲੋਫ ਦੀ ਬੁਕਲ ਮਾਰ ਕੇ ਮੱਕੀ ਵਿਚ ਦੀ ਜਾਹ,
ਤਿੱਲ ਛਿੜੇ ਧਾਨ, ਡੱਡ ਟੱਪ ਕਪਾਹ

ਇਸ ਨੂੰ ਲੋਹੇ ਦੀ ਮੋਟੀ ਤਾਰ ਨਾਲ ਵਜਾਇਆ ਜਾਂਦਾ ਹੈ। ਇਹ ਸਾਜ਼ ਪੋਠੋਹਾਰ ਵਿਚ ਬੜਾ ਪ੍ਰਚਲਤ ਹੈ।

**(ਡ-18) ਡੰਡਾ ਛੂਕ :**

ਕਿਸ਼ੋਰ ਬੱਚਿਆਂ ਦੀ ਇਕ ਖੇਡ, ਜੋ ਛੂਹਣ ਛੁਹਾਣ ਦੀ ਹੀ ਇਕ ਕਿਸਮ ਹੈ। ਪਹਿਲੋਂ ਸਭ ਮੁੰਡੇ ਇਕ ਇਕ ਕਰਕੇ ਪੁਗਦੇ ਹਨ, ਇਕ ਸਿਰ 'ਪਿਤ' ਆ ਜਾਂਦੀ ਹੈ। ਪੁੱਗੇ ਹੋਏ ਮੁੰਡਿਆਂ ਵਿਚੋਂ ਇਕ ਮੁੰਡਾ ਇਕ ਡੰਡੇ ਨੂੰ ਆਪਣੀ ਸੱਜੀ ਲੱਤ ਦੇ ਹੇਠੋਂ ਦੀ ਲੰਘਾ ਕੇ, ਦੂਰ ਸੁਟਦਾ ਹੈ। ਜਿਸ ਮੁੰਡੇ ਸਿਰ ਪਿਤ ਹੁੰਦੀ ਹੈ ਉਹ ਡੰਡੇ ਨੂੰ ਚੁਕਣ ਲਈ ਦੌੜਦਾ ਹੈ। ਉਦੋਂ ਤਕ ਬਾਕੀ ਖਿਡਾਰੀ ਛੁਪ ਜਾਂਦੇ/ਉਹਲੇ ਹੋ ਜਾਂਦੇ/ਦਰੱਖ਼ਤ ਤੇ ਚੜ੍ਹ ਜਾਂਦੇ ਹਨ। ਪਿਤ ਵਾਲਾ ਮੁੰਡਾ ਡੰਡਾ ਚੁੰਮ ਕੇ ਕਿਸੇ ਮਿਥੇ ਨਿਸ਼ਾਨ 'ਤੇ ਜਾਂ ਚੱਕਰ ਵਿਚ ਰਖ ਦੇਂਦਾ ਹੈ। ਫਿਰ ਉਹ ਮੁੰਡਿਆਂ ਨੂੰ ਢੂੰਡ ਕੇ ਪਕੜਣ ਦਾ ਯਤਨ ਕਰਦਾ ਹੈ। ਜਿਹੜਾ ਮੁੰਡਾ ਡੰਡਾ ਚੁੰਮ ਲਏ, ਉਸ ਨੂੰ ਨਹੀਂ ਛੁਹਿਆ ਜਾਂਦਾ। ਜਿਹੜਾ ਛੁਹਿਆ ਜਾਵੇ, ਉਸ ਸਿਰ ਮੀਟੀ ਆ ਜਾਂਦੀ ਹੈ। ਜੇ ਸਾਰੇ ਖਿਡਾਰੀ ਵਾਰੋ ਵਾਰੀ ਡੰਡਾ ਚੁੰਮ ਲੈਣ ਤਾਂ ਮੀਟੀ ਪਹਿਲੇ ਬੱਚੇ ਸਿਰ ਹੀ ਰਹਿੰਦੀ ਹੈ।

ਕਈ ਵਾਰ ਇਹ ਖੇਡ ਦਰਖ਼ਤ ਤੇ ਚੜ੍ਹ ਕੇ ਖੇਡੀ ਜਾਂਦੀ ਹੈ। ਮੀਟੀ ਵਾਲਾ ਮੁੰਡਾ ਜਦੋਂ ਡੰਡਾ ਚੁੰਮਣ ਜਾਂਦਾ ਹੈ ਤਾਂ ਮਗਰੋਂ ਸਭ ਖਿਡਾਰੀ ਦਰਖ਼ਤ ਉਤੇ ਚੜ੍ਹ ਜਾਂਦੇ ਹਨ। ਮੀਟੀ ਵਾਲਾ ਉਨ੍ਹਾਂ ਨੂੰ ਛੂਹਣਾ ਚਾਹੁੰਦਾ ਹੈ, ਪਰ ਉਹ ਝਾਕੇ ਦੇਂਦੇ ਹਨ ਅਤੇ ਟਹਿਣੀਆਂ ਨਾਲ ਲਮਕ ਕੇ ਹੇਠਾਂ ਛਾਲਾਂ ਮਾਰਦੇ ਤੇ ਡੰਡੇ ਨੂੰ ਚੁੰਮਦੇ ਹਨ। ਜਿਹੜਾ ਡੰਡਾ ਚੁੰਮ ਲਏ ਉਸ ਨੂੰ ਨਹੀਂ ਛੁਹਿਆ ਜਾਂਦਾ। ਦਰਖ਼ਤ ਉਤੇ ਚੜ੍ਹ ਕੇ ਖੇਡਣ ਵਾਲੀ ਇਸੇ ਖੇਡ ਨੂੰ 'ਡੰਡਾ ਪੜਾਗੜਾ' ਵੀ ਕਹਿੰਦੇ ਹਨ।

**(ਡ-19) ਡੰਡਾ ਛੁਕਣਾ :**

ਗੁਲੀ-ਡੰਡੇ ਦੀ ਖੇਡ ਵਿਚ, ਜੇ ਕਿਸੇ ਮੁੰਡੇ ਦੇ ਹਥੋਂ ਡੰਡਾ ਛੁਟ ਜਾਵੇ ਤਾਂ ਉਹ ਝਟ ਹੀ ਚੁਕ ਕੇ ਡੰਡੇ ਨੂੰ ਚੁੰਮਦਾ ਤੇ 'ਛੁਕ ਛੁਕ ਡੰਡਾ' ਕਹਿੰਦਾ ਹੈ। ਇਸ ਕਿਰਿਆ ਨੂੰ 'ਡੰਡਾ ਛੁਕਣਾ' ਕਹਿੰਦੇ ਹਨ। ਜੇ ਵਿਰੋਧੀ ਧਿਰ ਦਾ ਖਿਡਾਰੀ, ਉਸ ਤੋਂ ਪਹਿਲਾਂ, ਡੰਡਾ ਚੁਕ ਕੇ ਚੁੰਮ ਲਏ ਤਾਂ ਪਿੱਤ ਬਦਲ ਜਾਂਦੀ ਹੈ। ਕਈ ਵਾਰ ਖੇਡ ਸ਼ੁਰੂ ਹੁੰਦੇ ਸਾਰ ਡੰਡਾ ਛੁੱਕਣ ਦਾ ਵੀ ਰਿਵਾਜ ਹੈ। ਜਿਹੜਾ ਡੰਡਾ ਪਹਿਲਾਂ ਛੁੱਕ ਲਏ ਉਹ ਹੀ ਪਹਿਲਾਂ ਖੇਡ ਸ਼ੁਰੂ ਕਰਦਾ ਹੈ।

ਤਾਰਿਆਂ ਦਾ ਇਕ ਗਰੋਹ, ਜੋ ਧਰੂ ਦੇ ਦੁਆਲੇ ਰਹਿੰਦਾ ਹੈ। ਇਸ ਸਮੂਹ ਨੂੰ ਸਪਤ-ਰਿਸ਼ੀ ਤੇ 'ਪਲੰਘ ਪੀੜ੍ਹਾ' ਵੀ ਕਿਹਾ ਜਾਂਦਾ ਹੈ। ਮਿਥਕ ਧਾਰਨਾ ਹੈ ਕਿ ਇਹ ਸਮੂਹ ਦੇਵਤਿਆਂ ਦੀ ਡੋਲੀ ਹੈ ਤੇ ਦੇਵਤੇ ਵਿਆਹ ਮਗਰੋਂ ਆਪਣੀਆਂ ਪਤਨੀਆਂ ਨੂੰ ਇਸੇ ਡੋਲੀ ਵਿਚ ਬਿਠਾ ਕੇ, ਅਕਾਸ਼ ਮੰਡਲ ਦੀ ਸੈਰ ਕਰਵਾਇਆ ਕਰਦੇ ਸਨ।

(ਅ) ਨਿਕੇ ਬੱਚਿਆਂ ਦੀ ਇਕ ਖੇਡ, ਛੋਟੇ ਬੱਚੇ ਨੂੰ ਵਿਰਚਾਣ ਲਈ, ਦੋ ਮੁੰਡੇ ਆਪਣੀਆਂ ਬਾਹਵਾਂ ਨਾਲ ਪੀਂਘ ਜਿਹੀ ਬਣਾ ਲੈਂਦੇ ਹਨ ਤੇ ਉਸ ਵਿਚ ਬੱਚੇ ਨੂੰ ਬੈਠਾ ਕੇ ਹੁਲਾਰੇ ਦੇਂਦੇ ਹਨ। ਨਿੱਕੇ ਬੱਚੇ ਇਸ ਨੂੰ ਬੜਾ ਪਸੰਦ ਕਰਦੇ ਹਨ।

**(ਡ-21) ਡੰਡਾ ਪਕੜਨਾ :**

ਲਹਿੰਦੇ ਦੀ ਇਕ ਖੇਡ, ਜਿਸ ਵਿਚ ਦੋ ਖਿਡਾਰੀ ਆਮ੍ਹੋ ਸਾਹਮਣੇ ਬੈਠ ਕੇ, ਆਪੋ ਆਪਣੇ ਪੈਰਾਂ ਵਿਚ ਡੰਡਾ ਫੜ ਲੈਂਦੇ ਹਨ ਅਤੇ ਇਕ ਖਿਡਾਰੀ ਦੂਜੇ ਦੇ ਪੈਰਾਂ ਵਿਚੋਂ ਹੱਥਾਂ ਨਾਲ ਡੰਡਾ ਖਿਚਦਾ ਹੈ, ਜਿਹੜਾ ਪਹਿਲਾਂ ਡੰਡਾ ਖਿੱਚ ਲਏ ਉਹ ਜੇਤੂ ਹੁੰਦਾ ਹੈ।

**(ਡ-22) ਡੰਡਾ ਪੜਾਗੜਾ :**

ਬੱਚਿਆਂ ਦੀ ਛੂਹਣ ਛੁਹਾਣ ਦੀ ਇਕ ਖੇਡ (ਵੇਖੋ : ਡੰਡਾ ਛੁੱਕ)।

**(ਡ-23) ਡੰਡੀ :**

1. ਸੰਨਿਆਸੀ ਸਾਧੂਆਂ ਦਾ ਇਕ ਫ਼ਿਰਕਾ, ਜੋ ਆਪਣੇ ਹੱਥਾਂ ਵਿਚ ਡੰਡਾ ਤੇ ਕਰਮੰਡਲ ਰਖਦੇ ਹਨ।

2. ਕੰਨਾਂ ਦਾ ਇਕ ਗਹਿਣਾ, ਜਿਸ ਨੂੰ ਮੁਰਕੀ ਵੀ ਕਹਿੰਦੇ ਹਨ। ਜੇ ਇਸ ਨਾਲ ਝੁਮਕੇ ਲੱਗੇ ਹੋਣ ਤਾਂ ਇਸ ਨੂੰ 'ਡੰਡੀ ਝੁਮਕਾ' ਵੀ ਕਿਹਾ ਜਾਂਦਾ ਹੈ।

**(ਡ-24) ਡੰਡੀ ਚੋਰਣ :**

ਕਾਂਗੜੇ ਦਾ ਇਕ ਦਿਉਤਾ, ਜਿਸ ਨੂੰ ਡੰਡੀਆਂ ਦਾ ਦਿਉਤਾ ਵੀ ਕਿਹਾ ਜਾਂਦਾ ਹੈ। ਇਸ ਦਿਉਤੇ ਨੂੰ ਹਮੇਸ਼ਾ ਡੰਡਿਆਂ ਦਾ ਜੋੜਾ ਭੇਟ ਕੀਤਾ ਜਾਂਦਾ ਹੈ। ਇਸ ਦਿਉਤੇ ਦੀ

(ਭ-25) **ਭੱਡੂ ਭੰਨਣਾ** :

ਮੀਂਹ ਵਸਾਣ ਲਈ ਇਕ ਟੂਣਾ; ਲੋਕ ਔੜ ਦੇ ਦਿਨੀਂ, ਮਿੱਟੀ ਦੇ ਕਿਸੇ ਭਾਂਡੇ ਵਿਚ ਮੈਲਾ ਤੇ ਗੰਦਗੀ ਭਰ ਕੇ, ਕਿਸੇ ਕੁਮੇਲੇ ਸੁਭਾਵ ਦੀ ਤੀਵੀਂ/ਮਰਦ ਦੇ ਬੂਹੇ ਅੱਗੇ, ਭਾਂਡਾ ਭੰਨਿਆ ਜਾਂਦਾ ਹੈ। ਬਦਸ਼ਗਨੀ ਜਾਣ ਕੇ ਤੀਵੀਂ ਅਗੋਂ ਗਾਲ੍ਹਾਂ ਕਢਦੀ ਹੈ। ਧਾਰਨਾ ਹੈ ਕਿ ਬੁੱਢੀ ਜਿਤਨੀਆਂ ਵਧੇਰੇ ਗਾਲ੍ਹਾਂ ਕਢੇਗੀ, ਉਤਨੀ ਮੂਸਲੇਧਾਰ ਬਾਰਸ਼ ਵਸੇਗੀ। ਇਸ ਕਰਮ-ਕਾਂਡ ਨੂੰ 'ਭੱਡੂ ਭੰਨਣਾ' ਕਹਿੰਦੇ ਹਨ। ਮੈਲੇ ਦੇ ਭਾਂਡੇ ਨੂੰ ਭੰਨਣ ਤੋਂ ਪਹਿਲਾਂ, ਲੋਕ ਡੱਡੂਆਂ ਵਾਂਗ ਟਰਾਂਕਦੇ ਹੋਏ ਜਲੂਸ ਕਢਦੇ ਹਨ। ਜਿਸ ਤੋਂ ਇਸ ਰੀਤ ਦਾ ਨਾਉਂ 'ਭੱਡੂ ਭੰਨਣਾ' ਪੈ ਗਿਆ।

(ਭ-26) **ਭੰਡੌਤ** :

ਮੱਥਾ ਟੇਕਣ ਦੀ ਇਕ ਵਿਧੀ, ਜਿਸ ਵਿਚ ਜ਼ਿਮੀਂ ਉਤੇ ਲੰਮੇ ਪੈ ਕੇ ਤੇ ਹੱਥ ਪੈਰ ਪਸਾਰ ਕੇ ਇਸ਼ਟ ਨੂੰ ਮੱਥਾ ਟੇਕਿਆ ਜਾਂਦਾ ਹੈ। ਇਸ ਡੰਡੌਤ ਵਿਚ ਸਰੀਰ ਦੇ ਅੱਠ ਅੰਗਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਤੋਂ ਇਸ ਨੂੰ ਅਸ਼ਟਾਂਗ ਪ੍ਰਨਾਮ ਵੀ ਕਹਿੰਦੇ ਹਨ (ਵੇਖੋ : ਅਸ਼ਟਾਂਗ)।

(ਭ-27) **ਭਦਵਾਲ** :

ਰਾਜਪੂਤਾਂ ਦੀ ਇਕ ਗੋਤ, ਜੋ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਕਾਫ਼ੀ ਮਾਤਰਾ ਵਿਚ ਵਸੀ ਹੋਈ ਹੈ।

(ਭ-28) **ਭਦੇੜ੍ਹਾ** :

ਸੱਤ ਸਿਤਾਰਿਆਂ ਦਾ ਇਕ ਸਮੂਹ ਜਿਸ ਨੂੰ 'ਸਪਤ ਰਿਸ਼ੀ' ਵੀ ਕਿਹਾ ਜਾਂਦਾ ਹੈ।

(ਭ-29) **ਭਫ** :

ਇਕ ਸਾਜ਼, ਜੋ ਇਕ ਪਾਸੇ ਤੋਂ ਚੰਮ ਨਾਲ ਮੜ੍ਹਿਆ ਹੁੰਦਾ ਹੈ। ਇਸ ਨੂੰ ਡੱਗੇ ਜਾਂ ਹੱਥ ਨਾਲ ਵਜਾਉਂਦੇ ਹਨ। ਕਈ ਵਾਰ ਡੱਫ ਨਾਲ ਛੈਣੇ ਵੀ ਲਗੇ ਹੁੰਦੇ ਹਨ।

(ਭ-30) **ਭਫਲ ਕੌਡਾ** :

ਸਿੱਕੇ ਨਾਲ ਭਰੀ ਵਡੀ ਸਾਰੀ ਕੌਡੀ, ਜਿਸ ਨਾਲ ਖਿਡਾਰੀ ਖੇਡਣ ਲਗਿਆਂ ਖੁਥੀ ਤੋਂ ਬਾਹਰ ਰਹਿ ਗਈਆਂ ਕੌਡਾਂ ਫੁੰਡਦੇ ਹਨ।

ਲਟਕੀਆਂ ਹੋਈਆਂ ਛੱਲੀਆਂ ਮਾਰਦੀਆਂ ਤੇ ਸ਼ੈਂਗ ਕਰਦੀਆਂ ਹਨ।

(ਭ-32) **ਭਮਠਾਲ ਦਾ ਆਸ਼ਰਮ** :

ਭਮਠਾਲ ਵਿਚ ਨਰੈਣ ਦਾ ਵਸਾਇਆ ਹੋਇਆ ਇਕ ਆਸ਼ਰਮ ਹੈ। ਨਰੈਣ ਮੁਗ਼ਲਾਂ ਦੇ ਰਾਜ ਸਮੇਂ ਹੋਇਆ। ਇਨ੍ਹਾਂ ਸਬੰਧੀ ਕਈ ਕਰਾਮਾਤਾਂ ਪ੍ਰਚਲਤ ਹਨ। ਕਿਹਾ ਜਾਂਦਾ ਹੈ ਕਿ ਨਰੈਣ ਬਚਪਨ ਤੋਂ ਹੀ ਸਤੀ ਕਰਨੀ ਵਾਲਾ ਬਾਲਕ ਸੀ। ਇਕ ਵਾਰ ਬਚਪਨ ਵਿਚ ਉਹੋ ਆਪਣੇ ਦੋਸਤਾਂ-ਮਿੱਤ੍ਰਾਂ ਨਾਲ ਖੇਡ ਰਿਹਾ ਸੀ ਕਿ ਇਕ ਸੌਦਾਗਰ ਊਠਾਂ ਉਤੇ ਖੰਡ ਦੀਆਂ ਬੋਰੀਆਂ ਲਦੀ ਉਥੋਂ ਦੀ ਲੰਘਿਆ। ਮੁੰਡਿਆਂ ਨੇ ਸੌਦਾਗਰ ਤੋਂ ਪੁਛਿਆ ਕਿ ਇਨ੍ਹਾਂ ਬੋਰੀਆਂ ਵਿਚ ਕੀ ਹੈ? ਸੌਦਾਗਰ ਨੇ ਉੱਤਰ ਦਿਤਾ, "ਖੰਡ ਹੈ।" ਪਰ ਨਰੈਣ ਨੇ ਕਿਹਾ, "ਨਹੀਂ, ਇਨ੍ਹਾਂ ਵਿਚ ਰੇਤ ਹੈ।" ਸੌਦਾਗਰ ਨਰੈਣ ਦੀ ਗੱਲ ਵਲ ਬਿਨਾਂ ਧਿਆਨ ਦਿਤੇ ਚਲਾ ਗਿਆ। ਮੰਜ਼ਲ ਉਤੇ ਪਹੁੰਚ ਕੇ ਸੌਦਾਗਰ ਨੇ ਵੇਖਿਆ ਕਿ ਬੋਰੀਆਂ ਵਿਚ ਤਾਂ ਰੇਤ ਭਰੀ ਪਈ ਹੈ। ਉਹ ਸੌਦਾਗਰ ਉਸੇ ਪੈਰੀਂ ਪਰਤ ਆਇਆ ਤੇ ਨਰੈਣ ਦੇ ਕਦਮਾਂ ਤੇ ਆ ਡਿਗਾ। ਨਰੈਣ ਨੇ ਸਾਰੀ ਗੱਲ ਸੁਣ ਕੇ ਕਿਹਾ "ਅੱਛਾ, ਖੰਡ ਹੀ ਹੋਸੀ।" ਸੌਦਾਗਰ ਨੇ ਵੇਖਿਆ ਕਿ ਬੋਰੀਆਂ ਸਚਮੁਚ ਹੀ ਖੰਡ ਨਾਲ ਭਰੀਆਂ ਪਈਆਂ ਸਨ।

ਇਹ ਗੱਲ ਮੂੰਹੋਂ ਮੂੰਹ ਜਹਾਂਗੀਰ ਬਾਦਸ਼ਾਹ ਕੋਲ ਪਹੁੰਚੀ। ਮੁਗ਼ਲ ਬਾਦਸ਼ਾਹ ਨੇ ਨਰੈਣ ਦੀ ਕਰਾਮਾਤ ਨੂੰ ਅਜ਼ਮਾਣ ਲਈ ਛੇ ਪਿਆਲੇ ਜ਼ਹਿਰ ਦੇ ਭਰੇ ਹੋਏ ਮੰਗਵਾਏ। ਜਿਨ੍ਹਾਂ ਵਿਚੋਂ ਪੰਜ ਪਿਆਲੇ, ਨਰੈਣ ਹਸਦਾ ਹੋਇਆ, ਸ਼ਰਬਤ ਵਾਂਙ ਇਕ ਇਕ ਕਰਕੇ, ਗੱਟ ਗੱਟ ਕਰਦਾ ਪੀ ਗਿਆ। ਬਾਦਸ਼ਾਹ ਨੇ ਇਹ ਵੇਖਣ ਲਈ ਕਿ ਸਚਮੁਚ ਇਨ੍ਹਾਂ ਵਿਚ ਜ਼ਹਿਰ ਸੀ ਜਾਂ ਨਹੀਂ ਛੇਵਾਂ ਪਿਆਲਾ ਇਕ ਹਾਥੀ ਨੂੰ ਪਿਲਾਇਆ। ਹਾਥੀ ਪੀਂਦਿਆਂ ਸਾਰ ਹੀ ਤੜ੍ਹਫ ਕੇ ਢੇਰੀ ਹੋ ਗਿਆ।

ਇਸੇ ਤਰ੍ਹਾਂ ਦੀਆਂ ਨਿਕੀਆਂ ਵਡੀਆਂ ਕਈ ਹੋਰ ਕਰਾਮਾਤਾਂ ਨਰੈਣ ਨਾਲ ਸਬੰਧਿਤ ਹਨ। ਕਿਹਾ ਜਾਂਦਾ ਹੈ ਕਿ ਇਕ ਵਾਰ ਭਮਠਾਲ ਵਿਚ ਸੋਕਾ ਪੈ ਗਿਆ। ਪਾਣੀ ਦੀ ਇਕ ਬੂੰਦ ਵੀ ਕਿਧਰੇ ਵੇਖਣ ਨੂੰ ਨਹੀਂ ਸੀ ਮਿਲਦੀ। ਉਦੋਂ ਨਰੈਣ ਜੰਗਲ ਵਿਚ ਬਹਿ ਕੇ ਤਪਸਿਆ ਕੀਤਾ ਕਰਦਾ ਸੀ। ਪਿੰਡ ਦੇ ਲੋਕੀਂ ਨਰੈਣ ਕੋਲ ਆਏ ਤੇ ਪਿੰਡ ਉਤੇ

(ਡ-33) **ਡਰਨਾ** :

ਖੇਤਾਂ ਵਿਚ, ਪਸ਼ੂਆਂ ਪੰਛੀਆਂ ਨੂੰ, ਭੁਲੇਖੇ ਵਿਚ ਰਖਣ ਲਈ, ਖੜਾ ਕੀਤਾ ਮਨੁਖੀ ਅਕਾਰ ਦਾ ਇਕ ਢਾਂਚਾ। ਪਸ਼ੂ ਪੰਛੀ ਇਸ ਨੂੰ ਰਾਖਾ ਸਮਝ ਕੇ ਫਸਲਾਂ ਦੇ ਨੇੜੇ ਨਹੀਂ ਆਉਂਦੇ ਤੇ ਇਸ ਤਰ੍ਹਾਂ ਫਸਲਾਂ ਨੁਕਸਾਨ ਤੋਂ ਬਚ ਜਾਂਦੀਆਂ ਹਨ। ਡਰਨੇ ਦਾ ਢਾਂਚਾ ਬੜਾ ਸਾਦਾ ਜਿਹਾ ਹੁੰਦਾ ਹੈ। ਦੋ ਡੰਡੇ ਲੈ ਕੇ, ਇਕ ਨੂੰ ਲੇਟਵੇਂ ਦਾਅ ਤੇ ਦੂਜੇ ਨੂੰ ਖੜੇ ਦਾਅ ਟਿਕਾ ਕੇ ਬੰਨ੍ਹ ਦਿਤਾ ਜਾਂਦਾ ਹੈ। ਇਸ ਉਪਰ ਕੋਈ ਛੋਟੀ ਜਿਹੀ ਮਟਕੀ ਮੂਧੀ ਮਾਰ ਦਿਤੀ ਜਾਂਦੀ ਹੈ। ਮਟਕੀ ਉਤੇ ਮੂੰਹ, ਅੱਖਾਂ, ਨੱਕ ਤੇ ਕੰਨ ਉਕਰ ਦਿਤੇ ਜਾਂਦੇ ਹਨ। ਡੰਡਿਆਂ ਉਤੇ ਪੁਰਾਣਾ ਕਪੜਾ ਇਕ ਤਰ੍ਹਾਂ ਲਟਕਾ ਦਿਤਾ ਜਾਂਦਾ ਹੈ ਜਿਵੇਂ ਕੁੜਤਾ ਪਹਿਨਿਆ ਹੋਵੇ। ਡਰਨੇ ਨੂੰ 'ਕਾਂ ਉਡਾਣਾ', 'ਰਾਖਾ', 'ਧੜੱਕਾ' ਤੇ 'ਡਰਾਵਾ' ਵੀ ਕਹਿੰਦੇ ਹਨ।

(ਡ-34) **ਡਾਉਂ** :

ਰਣ-ਭੂਮੀ ਵਿਚ ਮੋਏ ਸੂਰਮਿਆਂ ਦੇ ਪ੍ਰੇਤਾਂ ਦੀ ਅਵਾਜ਼। ਲੋਕ-ਨਿਸ਼ਚੇ ਅਨੁਸਾਰ ਲੜਾਈ ਦੇ ਮੈਦਾਨ ਵਿਚ, ਯੋਧਿਆਂ ਦੇ ਮੂੰਹੋਂ, ਜੋ ਆਵਾਜ਼ਾਂ ਮਰਨ ਲਗਿਆਂ ਨਿਕਲਦੀਆਂ ਹਨ, ਉਹ ਮਗਰੋਂ ਵੀ ਸੁਣਾਈ ਦੇਂਦੀਆਂ ਰਹਿੰਦੀਆਂ ਹਨ। ਫਿਰੋਜ਼ਪੁਰ ਦੇ ਜਿਸ ਮੈਦਾਨ ਵਿਚ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਹੋਈ ਸੀ, ਉਥੇ ਹੁਣ ਤਕ ਅੰਗਰੇਜ਼ਾਂ ਦੀ 'ਹਾਇ ਪਾਣੀ' ਦੀ ਧੁਨੀ ਸੁਣਾਈ ਦੇਂਦੀ ਮੰਨੀ ਗਈ ਹੈ। ਇਸੇ ਨੂੰ 'ਗੜ੍ਹ ਬੋਲਣਾ' ਵੀ ਕਹਿੰਦੇ ਹਨ।

(ਡ-35) **ਡਾਕਣੀ** :

ਇਕ ਖ਼ਾਸ ਤਰ੍ਹਾਂ ਦੀ ਚੁੜੇਲ, ਜੋ ਜਾਦੂ ਨਾਲ ਬੱਚਿਆਂ ਦੇ ਕਲੇਜੇ ਕਢ ਕੇ ਖਾ ਜਾਂਦੀ ਹੈ (ਵੇਖੋ : ਡੈਣ)।

(ਡ-36) **ਡਾਕ ਬੰਗਲਾ** :

ਸਿਰ ਦੇ ਵਾਲਾਂ ਨੂੰ ਗੁੰਦਣ ਦੀ ਇਕ ਵਿਧੀ; ਇਸ ਵਿਚ ਗੁੱਤ ਨੂੰ ਗਿਚੀ ਦੀ ਥਾਂ ਸਿਰ ਦੀ ਚੋਟੀ ਤੋਂ ਗੁੰਦਿਆ ਜਾਂਦਾ ਹੈ। ਕਿਸੇ ਸਮੇਂ ਇਸ ਗੁੰਦਾਈ ਦਾ ਬੜਾ ਰਵਾਜ ਸੀ ਤੇ ਕੁੜੀਆਂ ਇਸ ਗੁੰਦਾਈ ਨੂੰ ਬਹੁਤ ਪਸੰਦ ਕਰਦੀਆਂ ਸਨ। ਗੀਤ ਹੈ :

ਸਿਰ ਗੁੰਦ ਦੇ ਕੁੱਪਤੀਏ ਨੈਣੇ

ਦਿੱਖ ਕਾਰਨ ਫ਼ੌਰਨ ਪਛਾਣੇ ਜਾਂਦੇ ਸਨ। ਇਸ ਨੂੰ ਬਿੰਬ ਵਜੋਂ, ਸਿਰ ਗੁੰਦਣ ਦੀ ਇਕ ਵਿਧੀ ਲਈ ਵਰਤਿਆ ਗਿਆ ਹੈ। ਜੋ ਪੰਜਾਬਣਾਂ ਦੀ ਦਿਮਾਗੀ ਚੁਸਤੀ ਦਾ ਪ੍ਰਮਾਣ ਹੈ।

(ਡ-37) **ਡਾਲਣਾ** :

ਲਕੜੀ ਜਾਂ ਧਾਤ ਦਾ ਟੁਕੜਾ, ਜਿਸ ਦੇ ਛੇ ਜਾਂ ਅੱਠ ਕੰਨੇ ਹੁੰਦੇ ਹਨ। ਹਰ ਕੰਨੇ ਉਤੇ ਕੋਈ ਅੰਕ ਜਾਂ ਅੱਖਰ ਲਿਖਿਆ ਹੁੰਦਾ ਹੈ। ਪਾਂਧੇ ਡਾਲਣੇ ਨੂੰ ਸੁਟ ਕੇ, ਜੋ ਅੰਕ ਉਪਰ ਆਉਂਦਾ ਹੈ, ਉਸ ਤੋਂ ਹਿਸਾਬ ਲਗਾ ਕੇ ਲੋਕਾਂ ਦੇ ਪ੍ਰਸ਼ਨਾਂ ਦਾ ਉੱਤਰ ਦੇਂਦੇ ਹਨ।

(ਡ-38) **ਡਾਲ ਮੰਗਣਾ** :

ਵਾਢੀਆਂ ਦੇ ਦਿਨੀਂ ਪਿੰਡਾਂ ਵਿਚ, ਮਿਰਾਸੀ ਖੇਤਾਂ ਵਿਚ ਜਾ ਕੇ ਲਾਗ ਵਜੋਂ ਕਣਕ ਦੇ ਸਿੱਟੇ ਉਗਰਾਹੁੰਦੇ ਹਨ, ਉਨ੍ਹਾਂ ਨੂੰ 'ਡਾਲ ਮੰਗਣਾ' ਕਹਿੰਦੇ ਹਨ। ਮਿਰਾਸੀ ਅਜਿਹੀ ਉਗਰਾਹੀ ਉਤੇ ਆਪਣਾ ਹੱਕ ਸਮਝਦੇ ਹਨ।

(ਡ-39) **ਡਾਲੀ** :

ਚੇਚਕ ਦੀ ਬੀਮਾਰੀ ਦੂਰ ਕਰਨ ਦਾ ਇਕ ਝਾੜਾ; ਇਸ ਝਾੜੇ ਵਿਚ ਕਿਸੇ ਹਰੇ ਦਰਖ਼ਤ ਦੀ ਟਾਹਣੀ ਵਰਤੀ ਜਾਂਦੀ ਹੈ, ਜਿਸ ਤੋਂ ਝਾੜੇ ਦਾ ਨਾਂ 'ਡਾਲੀ' ਪੈ ਗਿਆ।

(ਡ-40) **ਡਿਕ ਡਿਕ ਡੋ ਡੋ** :

ਖੇਡਣ ਤੋਂ ਪਹਿਲਾ ਆੜੀਆਂ ਦੀ ਚੋਣ ਕਰਨ ਲਈ, ਮੁੰਡੇ ਦੋ ਦੋ ਦੀਆਂ ਜੋੜੀਆਂ ਬਣਾ ਕੇ 'ਡਿਕ ਡਿਕ ਡੋ ਡੋ' ਕਹਿੰਦੇ ਪ੍ਰਮੁਖ ਖਿਡਾਰੀਆਂ ਕੋਲ ਜਾਂਦੇ ਹਨ ਤੇ ਕਿਸੇ ਵਸਤੂ ਉਤੇ ਰਖੇ ਦੋ ਫ਼ਰਜ਼ੀ ਨਾਂ ਲੈਂਦੇ ਹਨ। ਜਿਵੇਂ ਸੋਨਾ ਤੇ ਚਾਂਦੀ। ਇਕ ਮੁਖੀ ਖਿਡਾਰੀ ਉਨ੍ਹਾਂ ਵਿਚੋਂ ਇਕ ਨਾਂ ਚੁਣ ਲੈਂਦਾ ਹੈ। ਜਿਸ ਖਿਡਾਰੀ ਨੇ ਉਹ ਨਾਂ ਮਲਿਆ ਹੁੰਦਾ ਹੈ, ਉਹ ਉਸ ਦਾ ਆੜੀ ਬਣ ਜਾਂਦਾ ਹੈ, ਦੂਜਾ ਮੁੰਡਾ ਦੂਜੇ ਮੁਖੀ ਖਿਡਾਰੀ ਦਾ ਆੜੀ ਬਣਦਾ ਹੈ।

(ਡ-41) **ਡਿਚ ਵੱਟਾ** :

ਬੱਚਿਆਂ ਦੀ ਇਕ ਖੇਡ, ਜਿਸ ਵਿਚ ਇਕ ਖਿਡਾਰੀ

(ਡ-42) **ਡੀਹਰ** :

ਇਕ ਭਿਆਨਕ ਡੈਣ, ਜਿਸ ਬਾਰੇ ਪ੍ਰਸਿਧ ਹੈ ਕਿ ਇਹ ਹਵਾ ਵਿਚ ਉਡ ਲੈਂਦੀ ਹੈ। ਰਾਜੇ ਰਸਾਲੂ ਨੇ ਚੋਰ ਪੜਾ ਦੇ ਮੁਕਾਮ ਤੇ ਜਿਸ ਡੈਣ ਨਾਲ ਮੁਕਾਬਲਾ ਕੀਤਾ ਸੀ ਉਹ ਹਵਾ ਵਿਚ ਉਡ ਲੈਂਦੀ ਸੀ, ਇਸੇ ਲਈ ਰਾਜੇ ਰਸਾਲੂ ਦੀ ਤਲਵਾਰ ਦੇ ਵਾਰ ਦਾ ਉਸ 'ਤੇ ਕੋਈ ਅਸਰ ਨਾ ਹੋਇਆ ਸਗੋਂ ਡੀਹਰ ਨੇ ਮੰਤ੍ਰ ਪੜ੍ਹ ਕੇ ਰਾਜਾ ਰਸਾਲੂ ਤੇ ਉਸ ਦੇ ਸਾਥੀਆਂ ਨੂੰ ਪੱਥਰ ਬਣਾ ਦਿਤਾ।

(ਡ-43) **ਡੀਲਾ** :

ਇਕ ਤਰ੍ਹਾਂ ਦਾ ਘਾਹ, ਜੋ ਧਾਨ ਦੇ ਖੇਤਾਂ ਵਿਚ ਆਮ ਉੱਗਦਾ ਹੈ. ਡੀਲਾ ਅਖਾਣਾਂ ਦਾ ਵਸਤੂ ਬਣਿਆ ਹੈ :

(1) ਧਾਨਾਂ ਨਾਲ ਡੀਲੇ ਨੂੰ ਵੀ ਪਾਣੀ ਮਿਲ ਜਾਂਦਾ ਏ।

(2) ਧਾਈਂ ਨਾਲ ਡੀਲਾ ਵੀ ਛਕਿਆ ਜਾਂਦਾ ਹੈ।

ਡੀਲਾ ਛੋਟੇ, ਗਰੀਬ ਤੇ ਮਾਸੂਮ ਲੋਕਾਂ ਦਾ ਬੋਧਿਕ ਹੈ।

(ਡ-44) **ਡੂਗਰ ਪੂਜਾ** :

ਬੱਚੇ ਦੇ ਜਨਮ ਨਾਲ ਸਬੰਧਿਤ ਇਕ ਰੀਤ, ਜਿਸ ਵਿਚ ਖੂਹ ਦੀ ਪੂਜਾ ਕੀਤੀ ਜਾਂਦੀ ਹੈ। ਫ਼ਿਰੋਜ਼ਪੁਰ ਦੇ ਇਲਾਕੇ ਵਿਚ, ਮਾਂ ਇਕੀਵੇਂ ਦਿਨ ਖੂਹ ਤੇ ਜਾਂਦੀ ਹੈ। ਪਹਿਲਾਂ ਖੂਹ ਨੂੰ ਪੂਜਦੀ ਮਗਰੋਂ ਘੜਾ ਭਰਦੀ ਹੈ। ਖੂਹ ਤੇ ਜੁੜੀਆਂ ਤੀਵੀਆਂ ਤੇ ਬੱਚਿਆਂ ਵਿਚ ਬਕਲੀਆਂ ਵੰਡੀਆਂ ਜਾਂਦੀਆਂ ਹਨ।

ਰੋਹਤਕ ਵਿਚ ਇਹ ਰੀਤ ਚਾਲੀ ਦਿਨਾਂ ਦੇ ਅੰਦਰ ਅੰਦਰ ਕੀਤੀ ਜਾਂਦੀ ਹੈ। ਬੱਚੇ ਦੀ ਮਾਂ ਸਿਰ ਉਤੇ ਘੜਾ ਚੁਕ ਕੇ ਬਰਾਦਰੀ ਦੀਆਂ ਤੀਵੀਆਂ ਦੇ ਨਾਲ, ਕਿਸੇ ਖੂਹ ਤੇ ਜਾਂਦੀ ਹੈ। ਰਸਤੇ ਵਿਚ ਉਹ ਗੀਤ ਗਾਂਦੀਆਂ ਜਾਂਦੀਆਂ ਹਨ। ਖੂਹ ਤੇ ਪਹੁੰਚ ਕੇ ਖੂਹ ਦੀ ਪੂਜਾ ਕਰਨ ਉਪ੍ਰੰਤ ਚਾਵਲ ਤੇ ਦੱਭ-ਘਾਹ ਭੇਟ ਕੀਤੀ ਜਾਂਦੀ ਹੈ। ਰਾਹ ਵਿਚ ਕੰਮੀਆਂ-ਕਮੀਣਾਂ ਤੇ ਮੰਗਤਿਆਂ ਨੂੰ ਤਾਂਬੇ ਦੇ ਪੈਸੇ ਦਾਨ ਦਿਤੇ ਜਾਂਦੇ ਹਨ। ਜੇ ਬੱਚੇ ਦੀ ਮਾਂ ਕਮਜ਼ੋਰ ਹੋਵੇ ਅਤੇ ਖੂਹ ਤੇ ਨਾ ਜਾ ਸਕੇ ਤਾਂ ਉਸ ਦੀ ਬਰਾਦਰੀ ਦੀਆਂ ਤੀਵੀਆਂ ਉਸ ਤੋਂ ਪਾਣੀ ਦਾ ਘੜਾ ਛੁਹਾ ਕੇ ਉਸ ਦੀ ਥਾਂ ਖ਼ੁਦ ਖੂਹ ਦੀ ਪੂਜਾ ਕਰਨ ਜਾਂਦੀਆਂ ਹਨ।

(ਡ-45) **ਡੂਢਲਾ** :

ਹੈ। ਪਹਿਲਿਆਂ ਵਿਚ ਡੂਮ ਵਿਆਹ ਸ਼ਾਦੀ ਤੇ ਮੌਤ ਦੇ ਸੰਦੇਸ਼ ਇਕ ਘਰ ਤੋਂ ਦੂਜੇ ਘਰ ਤੇ ਇਕ ਪਿੰਡ ਤੋਂ ਦੂਜੇ ਪਿੰਡ ਪਹੁੰਚਾਦੇ ਸਨ ਤੇ ਲਾਗ ਲਿਆ ਕਰਦੇ ਸਨ। ਕਈ ਡੂਮ ਰੱਸੀਆਂ ਵਟ ਕੇ ਤੇ ਘਾਹ ਦੀਆਂ ਪੱਤੀਆਂ ਤੋਂ ਛੂਹਣੀਆਂ ਪੱਖੀਆਂ ਆਦਿ ਬਣਾ ਕੇ ਪੇਟ ਪਾਲਦੇ ਹਨ। ਡੂਮ ਮੁਸਲਮਾਨ ਹੁੰਦੇ ਹਨ ਤੇ ਇਨ੍ਹਾਂ ਨੂੰ ਮਿਰਾਸੀ ਵੀ ਕਿਹਾ ਜਾਂਦਾ ਸੀ, ਦੇਸ਼ ਵੰਡ ਪਿਛੋਂ ਬਹੁਤੇ ਡੂਮ ਪਾਕਿਸਤਾਨ ਚਲੇ ਗਏ ਹਨ।

'ਮਹਾਨ ਕੋਸ਼' ਅਨੁਸਾਰ ਸੰਸਕ੍ਰਿਤ ਵਿਚ ਡੁਮ, ਡੋਮ ਅਤੇ ਡੋਂਬ ਤਿੰਨ ਸ਼ਬਦ ਸੰਕੀਰਣ ਜਾਤੀ ਦੀ ਇਕ ਨੀਚ ਜਾਤੀ ਲਈ ਆਏ ਹਨ।

ਗੁਰੂ ਨਾਨਕ ਦੇਵ ਜੀ ਦੀ ਉਦਾਸੀਆਂ ਸਮੇਂ ਉਨ੍ਹਾਂ ਦਾ ਇਕ ਸਾਥੀ ਮਰਦਾਨਾ ਜਾਤ ਦਾ ਡੂਮ ਸੀ। ਗੁਰੂ ਗ੍ਰੰਥ ਸਾਹਿਬ ਵਿਚ 'ਰਾਮਕਲੀ ਦੀ ਵਾਰ' ਦੇ ਕਰਤਾ ਸਤਾ ਬਲਵੰਡ ਜਾਤ ਦੇ ਡੂਮ ਹੀ ਸਨ :

ਡੂਮ ਅਖਾਣਾਂ ਦਾ ਵਸਤੂ ਵੀ ਬਣੇ ਹਨ, ਪਹਿਲੇ ਅਖਾਣ ਵਿਚ, ਡੂਮਾਂ ਦੀ ਸੰਗੀਤ ਵਲੋਂ ਅਗਿਆਨਤਾ ਦਾ ਪ੍ਰਗਟਾਵਾ ਹੈ ਤੇ ਦੂਜੇ ਵਿਚ ਉਸ ਦੇ ਹੋਛੇ ਸੁਭਾਵ ਦਾ :

ਡੂਮਾਂ ਘਰ ਵਿਆਹ ਜਿਵੇਂ ਭਾਵੇਂ ਤਿਉਂ ਗਾ।
ਡੂਮਣੀ ਦੀ ਨੱਥ ਕਦੇ ਨਕ ਕਦੇ ਹੱਥ।

(ਡ-47) **ਡੂਮਾਂ ਦਾ ਕਾਂ** :

ਇਕ ਖੇਡ, ਵਾਰੋ ਵਾਰੀ ਹਰ ਖੇਡਣ ਵਾਲੇ ਬੱਚੇ ਨੂੰ 'ਡੂਮਾਂ ਦਾ ਕਾਂ' ਕਿਹਾ ਜਾਂਦਾ ਹੈ, ਉਹ ਕਿਸੇ ਉੱਚੀ ਥਾਂ, ਗਹੀਰੇ ਜਾਂ ਥੜ੍ਹੇ ਉਤੇ ਚੜ੍ਹ ਜਾਂਦਾ ਹੈ ਤੇ ਜ਼ੋਰ ਦੀ ਕਹਿੰਦਾ ਹੈ :

ਉਤੇ ਰਾਜਾ ਤੇ ਰਾਣੀ
ਹੇਠਾਂ ਡੂਮ ਭਰਨ ਪਾਣੀ।

ਦੂਜੇ ਲੜਕੇ ਉਸ ਨੂੰ ਬਾਹਾਂ ਤੋਂ ਖਿਚ ਕੇ ਹੇਠਾਂ ਉਤਾਰਨ ਦਾ ਯਤਨ ਕਰਦੇ ਹਨ। ਜੇ ਉਹ ਆਪਣੀ ਥਾਂ ਉਤੇ ਪੱਕਾ ਰਹੇ ਤਾਂ ਉਹ ਜੇਤੂ ਹੁੰਦਾ ਹੈ।

ਇਹ ਖੇਡ ਉਸ ਜ਼ਮਾਨੇ ਵਲ ਸੰਕੇਤ ਕਰਦੀ ਹੈ, ਜਦੋਂ ਪੱਛੜੀ ਜ਼ਾਤ ਅਥਵਾ ਡੂਮਾਂ ਨੂੰ ਖੂਹ ਦੇ ਮਣ ਉਤੇ ਖਲੋ ਕੇ, ਪਾਣੀ ਨਹੀਂ ਸੀ ਭਰਨ ਦਿਤਾ ਜਾਂਦਾ।

(ਡ-48) **ਡੇਹਰਾ ਬਾਬਾ ਨਾਨਕ** :

ਗੁਰਦਾਸਪੁਰ ਜ਼ਿਲੇ ਦੀ ਤਹਿਸੀਲ ਬਟਾਲਾ ਦਾ ਇਕ

ਸੰਸਕਾਰ ਕਰਨਾ ਚਾਹੁੰਦੇ ਸਨ ਤੇ ਮੁਸਲਮਾਨ ਦੱਬਣਾ । ਪਰ ਜਦੋਂ ਚਾਦਰ ਚੁਕੀ ਗਈ ਤਾਂ ਦੇਹ ਅਲੋਪ ਸੀ ਤੇ ਉਥੇ ਕੇਵਲ ਫੁੱਲ ਪਏ ਸਨ । ਹਿੰਦੂਆਂ ਨੇ ਅੱਧੀ ਚਾਦਰ ਤੇ ਕੁਝ ਫੁੱਲ ਲੈ ਕੇ ਸੰਸਕਾਰ ਕੀਤਾ ਤੇ ਉਥੇ ਦੇਹਰਾ ਬਣਾਇਆ ਅਤੇ ਮੁਸਲਮਾਨਾਂ ਨੇ ਮਜ਼ਾਰ । ਰਾਵੀ ਵਿਚ ਹੜ੍ਹ ਆਉਣ ਕਾਰਨ ਇਹ ਦੋਵੇਂ ਥਾਵਾਂ ਪਾਣੀ ਦੀ ਤੇਜ਼ ਧਾਰ ਅਗੇ ਰੁੜ੍ਹ ਗਈਆਂ । ਮਗਰੋਂ ਬਾਬਾ ਸ੍ਰੀ ਚੰਦ ਨੇ ਬਿਭੂਤੀ ਦੀ ਗਾਗਰ ਲੱਭ ਕੇ, ਕਰਤਾਰਪੁਰ ਦੇ ਦੱਖਣ ਵਲ ਦੋ ਕੁ ਕੋਹਾਂ ਦੀ ਵਿਥ ਉਤੇ ਇਸ ਗਾਗਰ ਨੂੰ ਦੱਬ ਕੇ, ਉਪਰ ਦੇਹਰਾ ਬਣਵਾਇਆ, ਜਿਸ ਦਾ ਨਾਂ ਦੇਹਰਾ ਬਾਬਾ ਨਾਨਕ ਰਖਿਆ । ਪਿਛੋਂ ਇਸੇ ਨਾਂ ਦਾ ਨਗਰ ਵਸ ਗਿਆ । ਪਰ ਆਮ ਧਾਰਨਾ ਹੈ ਕਿ ਇਹ ਨਗਰ ਬਾਬਾ ਧਰਮ ਚੰਦ ਨੇ ਵਸਾਇਆ ।

ਮਹਾਨ ਕੋਸ਼ ਅਨੁਸਾਰ ਇਹ ਨਗਰ ਪਹਿਲਾਂ ਕਰਤਾਰਪੁਰ ਨਾਂ ਤੋਂ ਪ੍ਰਸਿਧ ਸੀ । ਇਥੇ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਉਨ੍ਹਾਂ ਦੀ ਆਗਿਆ ਦੇ ਵਿਰੁੱਧ ਬਣਾਈ ਗਈ ਸੀ । ਉਹ ਸਮਾਧੀ ਨਗਰ ਸਮੇਤ ਰਾਵੀ ਦੇ ਪ੍ਰਵਾਹ ਵਿਚ ਲੋਪ ਹੋ ਗਈ । ਲਖਮੀ ਚੰਦ ਦੇ ਸੁਪੁਤ੍ਰ ਧਰਮ ਚੰਦ ਨੇ ਨਵੀਂ ਬਸਤੀ ਦਾ ਨਾਮ ਦੇਹਰਾ ਬਾਬਾ ਨਾਨਕ ਰਖਿਆ ਅਤੇ ਗੁਰੂ ਨਾਨਕ ਦੇਵ ਜੀ ਦੀ ਨਵੀਂ ਸਮਾਧੀ ਬਣਵਾਈ ।

ਗੁਰਦਾਸਪੁਰ ਗਜ਼ਟੀਅਰ (ਪੰਨਾ 184) ਅਨੁਸਾਰ ਡੇਹਰਾ ਬਾਬਾ ਨਾਨਕ ਦੀ ਨੀਂਹ, ਬਾਬੇ ਨਾਨਕ ਦੇ ਉਤਰਾਧਿਕਾਰੀਆਂ ਨੇ 1744 ਈਸਵੀ ਵਿਚ ਰਖੀ ਤੇ 1754 ਈਸਵੀ ਤਕ ਇਹ ਨਗਰ ਚੰਗੀ ਤਰ੍ਹਾਂ ਵਸ ਗਿਆ । ਉਨ੍ਹਾਂ ਨੇ ਇਥੇ ਉਸ ਥਾਂ ਕੱਚਾ ਗੁਰਦੁਆਰਾ ਬਣਵਾਇਆ, ਜਿਥੇ ਗੁਰੂ ਜੀ ਬੈਠ ਕੇ ਪਾਠ ਕੀਤਾ ਕਰਦੇ ਸਨ । ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਨੂੰ ਪੱਕਾ ਕੀਤਾ । ਚੰਦ ਕੌਰ ਨੇ ਇਸ ਗੁਰਦੁਆਰੇ ਨੂੰ ਸੋਨੇ ਨਾਲ ਸਿੰਗਾਰਨ ਲਈ ਚੋਖਾ ਧਨ ਦਿਤਾ ।

ਡੇਹਰਾ ਬਾਬਾ ਨਾਨਕ ਸਾਹਿਬ ਦੇ ਨੇੜੇ ਹੀ ਟਾਹਲੀ ਸਾਹਿਬ ਦਾ ਗੁਰਦਵਾਰਾ ਹੈ । ਇਥੇ ਕਦੇ ਘਣਾ ਜੰਗਲ ਤੇ ਰਾਵੀ ਦਾ ਬੇਲਾ ਸੀ । ਇਸ ਬੇਲੇ ਵਿਚ ਇਕਾਂਤ ਥਾਂ ਉਤੇ ਇਕ ਛੱਪਰੀ ਵਿਚ ਬਾਬਾ ਸ੍ਰੀ ਚੰਦ ਤੱਪ ਕੀਤਾ ਕਰਦੇ ਸਨ । ਇਕ ਦਿਨ ਉਨ੍ਹਾਂ ਸਵੇਰੇ ਟਾਹਲੀ ਦੀ ਦਾਤਨ ਕਰਕੇ ਸੁਟੀ, ਜੋ ਕਮਾਲੀਆ ਜੀ ਨੇ ਭੋਇੰ ਵਿਚ ਗੱਡ ਦਿਤੀ । ਇਹ ਦਾਤਨ ਮੌਲ ਪਈ ਤੇ ਇਥੇ ਇਕ ਛਾਉਂਦਾਰ ਦਰਖ਼ਤ ਉਗ ਪਿਆ । ਇਥੇ ਮਗਰੋਂ ਗੁਰਦਵਾਰਾ ਬਣਾਇਆ ਗਿਆ ਤੇ ਇਸ ਅਸਥਾਨ ਦਾ ਨਾਂ 'ਟਾਹਲੀ ਸਾਹਿਬ' ਰਖਿਆ

ਡੇਹਰਾ ਬਾਬਾ ਨਾਨਕ ਵਿਚ ਵੈਸਾਖੀ, 20 ਫੱਗਣ ਅਤੇ ਸਰਾਧਾਂ ਦੀ ਦਸਵੀਂ ਨੂੰ ਮੇਲਾ ਲਗਦਾ ਹੈ ।

(ਡ-49) **ਡੇਕ** :

ਸਿਆਲਕੋਟ ਦੇ ਕੋਲੋਂ ਲੰਘਦੀ ਇਕ ਨਦੀ, ਜੋ ਜੰਮੂ ਦੀਆਂ ਢਲਵਾਨਾਂ ਵਿਚੋਂ ਨਿਕਲ ਕੇ, ਗੁਜਰਾਂਵਾਲਾ ਤੇ ਸ਼ੇਖੂਪੁਰੇ ਵਿਚੋਂ ਲੰਘਦੀ ਹੋਈ, ਰਾਵੀ ਵਿਚ ਜਾ ਮਿਲਦੀ ਹੈ । ਇਕ ਵਾਰ ਡੇਕ ਨਦੀ ਵਿਚ ਰਾਜੇ ਸਲਵਾਨ ਦੀ ਮਾਂ ਕੁੰਤੀ ਇਸਨਾਨ ਕਰ ਰਹੀ ਸੀ ਕਿ ਇਕ ਕੰਵਲ ਫੁੱਲ ਰੁੜ੍ਹਦਾ ਹੋਇਆ ਉਸ ਦੇ ਕੋਲੋਂ ਦੀ ਲੰਘਿਆ, ਜਿਸ ਵਿਚ ਕਿਸੇ ਰਿਸ਼ੀ ਦਾ ਵੀਰਜ ਸੀ, ਕੁੰਤੀ ਨੇ ਇਸ ਫੁੱਲ ਨੂੰ ਸੁੰਘਿਆ ਤੇ ਉਸੇ ਵੇਲੇ ਕੁੰਤੀ ਨੂੰ ਗਰਭ ਠਹਿਰ ਗਿਆ ਤੇ ਉਸਦੇ ਕੁਖੋਂ ਸਲਵਾਨ ਪੈਦਾ ਹੋਇਆ ।

(ਡ-50) **ਡੇਢ ਲਾਲ** :

ਇਕ ਪੀਰ, ਜਿਸ ਦੀ ਮਜ਼ਾਰ, ਮੁਜ਼ਫਰਗੜ੍ਹ ਦੇ ਦੱਖਣ ਵਲ 20 ਮੀਲ ਦੂਰ ਹਰਪਾਲ ਪਿੰਡ ਵਿਚ ਸਥਿਤ ਹੈ । ਇਥੇ ਜੇਠ ਤੇ ਹਾੜ ਦੇ ਮਹੀਨੇ ਦੇ ਹਰ ਬੁਧਵਾਰ ਨੂੰ ਭਾਰੀ ਮੇਲਾ ਲਗਦਾ ਹੈ । ਇਸ ਪੀਰ ਦਾ ਅਸਲ ਨਾਂ ਸ਼ਹਾਬਉਦੀਨ ਸੀ ਅਤੇ ਇਹ ਮਖਦੂਮ ਜਹਾਨੀਆਂ ਦਾ ਚੇਲਾ ਸੀ । ਰਵਾਇਤ ਹੈ ਕਿ ਜਦੋਂ ਮਖਦੂਮ ਜਹਾਨੀਆਂ ਨੇ, ਇਸ ਨੂੰ ਪੀਰੀ ਬਖ਼ਸ਼ੀ ਤਾਂ ਦੁੱਧ ਨੂੰ ਲਹੂ ਵਿਚ ਬਦਲ ਕੇ ਪੀਣ ਲਈ ਦਿਤਾ, ਜੋ ਇਹ ਪੀ ਗਿਆ । ਇਸੇ ਤੋਂ ਇਸ ਦਾ ਨਾਂ ਡੇਢ ਲਾਲ ਪੈ ਗਿਆ ।

ਲੋਕਾਂ ਦਾ ਨਿਸਚਾ ਹੈ ਕਿ ਵਬਾਅ ਦੇ ਦਿਨੀਂ ਪਸ਼ੂ ਇਥੇ ਲਿਆਉਣ ਨਾਲ ਬਚ ਜਾਂਦੇ ਹਨ ।

(ਡ-51) **ਡੇਲਾ ਚੁਣਨਾ** :

ਵਿਆਹ ਨਾਲ ਸਬੰਧਿਤ ਇਕ ਰੀਤ, ਜੋ ਲਹਿੰਦੇ ਵਿਚ ਪ੍ਰਚਲਤ ਸੀ । ਡੋਲੀ ਘਰ ਆਉਣ ਮਗਰੋਂ ਦੂਜੇ ਦਿਨ ਦੁਲ੍ਹਨ ਦੇ ਅਗੇ ਮਿੱਟੀ ਦੇ ਨੌਂ ਡੇਲੇ ਰਖੇ ਜਾਂਦੇ, ਜੋ ਵਖੋ ਵਖ ਥਾਵਾਂ ਤੋਂ ਪੁਟ ਕੇ ਲਿਆਏ ਜਾਂਦੇ ਹਨ । ਕੋਈ ਖੂਹ ਦੇ ਨਾਲੋਂ, ਕੋਈ ਖੇਤ ਵਿਚੋਂ, ਕੋਈ ਮੰਦਰ ਵਿਚੋਂ, ਕੋਈ ਚੌਰਾਹੇ ਵਿਚੋਂ, ਕੋਈ ਬੰਜਰ ਧਰਤੀ ਵਿਚੋਂ, ਕੋਈ ਜ਼ਰਖੇਜ਼ ਜ਼ਿਮੀਂ ਵਿਚੋਂ, ਕੋਈ ਗਊਸ਼ਾਲਾ ਵਿਚੋਂ ਤੇ ਕੋਈ ਸ਼ਮਸ਼ਾਨ ਭੂਮੀ ਵਿਚੋਂ । ਦੁਲਨ ਇਨ੍ਹਾਂ ਵਿਚੋਂ ਕਿਸੇ ਇਕ ਡੇਲੇ ਨੂੰ ਚੁਕ ਕੇ ਆਪਣੇ

ਦੁੱਧ ਘਿਉ ਦੀਆਂ ਨਦੀਆਂ ਵਗਣਗੀਆਂ, ਜੇ ਸ਼ਮਸ਼ਾਨ ਭੂਮੀ ਦਾ ਹੋਵੇ ਤਾਂ ਪਤੀ ਦੇ ਸਿਰ ਭਾਰੀ ਹੋਵੇਗੀ। ਕਈ ਲੋਕ ਮਿੱਟੀ ਦੇ ਡੇਲੇ ਦੀ ਥਾਂ ਸੱਤ ਪ੍ਰਕਾਰ ਦੇ ਅੰਨ ਰਖਦੇ ਹਨ ਤੇ ਦੁਲਹਨ ਕਿਸੇ ਇਕ ਢੇਰੀ ਦੇ ਦਾਣੇ ਪਤੀ ਦੀ ਝੋਲੀ ਵਿਚ ਪਾਉਂਦੀ ਹੈ।

ਇਹ ਰੀਤ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ। ਗ੍ਰਹਿ ਸੂਤਰ ਵਿਚ ਇਸੇ ਤਰ੍ਹਾਂ ਦੀ ਇਕ ਰੀਤ ਦਾ ਵਰਨਣ ਮਿਲਦਾ ਹੈ, ਜੋ ਲੜਕੀ ਦੀ ਚੋਣ ਸਮੇਂ ਨਾਤੇ ਤੋਂ ਪਹਿਲਾਂ ਕੀਤੀ ਜਾਂਦੀ ਹੈ।

(ਡ-52) **ਡੈਣ** :

ਡਾਇਣ; ਟੂਣੇਹਾਰੀ ਤੀਵੀਂ ਨੂੰ ਵੀ ਡੈਣ ਕਿਹਾ ਜਾਂਦਾ ਹੈ। ਇਹ ਆਮ ਤੌਰ ਤੇ ਡਰਾਉਣੀ ਤੇ ਬਦਸੂਰਤ ਤੀਵੀਂ ਹੁੰਦੀ ਹੈ ਜਿਸ ਦੀ ਚੰਦਰੀ ਨਜ਼ਰ ਜੇ ਦੁੱਧ ਉਤੇ ਪੈ ਜਾਵੇ ਤਾਂ ਦੁੱਧ ਫੱਟ ਜਾਂਦਾ ਹੈ, ਜੇ ਮੁਸਕਰਾਂਦੇ ਬੱਚੇ ਉਤੇ ਪੈ ਜਾਵੇ ਤਾਂ ਉਹ ਰੋਂ ਜਾਂਦਾ ਹੈ; ਜੇ ਨਰੋਏ ਸਰੀਰ 'ਤੇ ਪੈ ਜਾਵੇ ਤਾਂ ਉਹ ਰੋਗੀ ਹੋ ਜਾਂਦਾ ਹੈ। ਪਿੰਡ ਦੀਆਂ ਤੀਵੀਆਂ ਆਪਣੇ ਬੱਚਿਆਂ ਨੂੰ ਡੈਣ ਤੋਂ ਸਦਾ ਬਚਾ ਕੇ ਰਖਦੀਆਂ ਹਨ।

ਡੈਣ ਬਾਰੇ ਵਿਚਾਰ ਹੈ ਕਿ ਇਹ ਮੰਤ੍ਰਾਂ ਨਾਲ ਫ਼ਸਲਾਂ ਨੂੰ ਬਰਬਾਦ ਕਰ ਸਕਦੀ ਹੈ। ਪਿੰਡ ਦੇ ਲੋਕਾਂ ਤੇ ਪਸ਼ੂਆਂ ਲਈ ਪਿੰਡ ਵਿਚ ਰੋਗ ਲਿਆ ਸਕਦੀ ਹੈ। ਜੇ ਉਹ ਚਾਹਵੇ ਤਾਂ ਕਿਸੇ ਮਨੁਖ ਦੇ ਅੰਦਰੋਂ ਰਹੱਸਮਈ ਢੰਗ ਨਾਲ ਕਲੇਜਾ ਕਢ ਕੇ ਖਾ ਲੈਂਦੀ ਹੈ। ਜਿਸ ਦਾ ਕਲੇਜਾ ਕਢਿਆ ਜਾਂਦਾ ਹੈ, ਉਸ ਨੂੰ ਪਤਾ ਤਕ ਨਹੀਂ ਲਗਦਾ। ਪਰ ਉਹ ਬਿਮਾਰ ਪੈ ਕੇ ਕੁਝ ਦਿਨਾਂ ਬਾਅਦ ਮਰ ਜਾਂਦਾ ਹੈ। ਇਸੇ ਲਈ ਡੈਣ ਨੂੰ 'ਕਲੇਜੇ ਖਾਣੀ' ਵੀ ਕਹਿੰਦੇ ਹਨ।

ਡੈਣ ਤੋਂ ਰਖਿਆ ਲਈ ਗੰਢ ਤਵੀਤਾਂ ਦੀ ਵਰਤੋਂ ਪਿੰਡਾਂ ਵਿਚ ਆਮ ਕੀਤੀ ਜਾਂਦੀ ਹੈ। ਬੱਚੇ ਨੂੰ ਰੁਲਿਆ ਖੁਲਿਆ ਤੇ ਗੰਦਾ-ਮੰਦਾ ਰਖਿਆ ਜਾਂਦਾ ਹੈ ਤਾਂ ਜੋ ਡੈਣ ਦਾ ਧਿਆਨ ਇਧਰ ਨਾ ਜਾਵੇ।

ਪਹਿਲਿਆਂ ਵਿਚ, ਡੈਣ ਨੂੰ, ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ, ਕਈ ਅਗਨੀ-ਪ੍ਰੀਖਿਆ ਵਿਚੋਂ ਤੇ ਕਿਸੇ ਕਰੜੀ ਆਜ਼ਮਾਇਸ਼ ਵਿਚੋਂ ਲੰਘਣਾ ਪੈਂਦਾ ਸੀ। ਪਰ ਹੁਣ ਫ਼ਰਕ ਪੈਂਦਾ ਜਾ ਰਿਹਾ ਹੈ ਤੇ ਡੈਣ ਨੂੰ ਕੋਈ ਕੁਝ ਨਹੀਂ ਕਹਿੰਦਾ, ਸਿਰਫ਼ ਲੋਕੀਂ ਉਸ ਨੂੰ ਮੂੰਹ ਨਹੀਂ ਲਗਾਂਦੇ।

ਧਿਰਾਂ ਇਕ ਇਕ ਪਾਲਾ ਮਲ ਲੈਂਦੀਆਂ ਹਨ। ਫਿਰ ਇਕ ਧਿਰ ਦਾ ਖਿਡਾਰੀ ਪਾਲਾ ਟੱਪ ਕੇ ਦੂਜੀ ਧਿਰ ਦੇ ਖਿਡਾਰੀਆਂ ਉਤੇ ਝਪਟਦਾ ਤੇ ਉਨ੍ਹਾਂ ਦੀਆਂ ਛਾਤੀਆਂ ਉਤੇ ਦੋਹਾਂ ਹੱਥਾਂ ਨਾਲ ਥਾਪੀ ਮਾਰਦਾ ਹੈ। ਦੂਜੀ ਧਿਰ ਦੇ ਦੋ ਖਿਡਾਰੀ ਜਿਨ੍ਹਾਂ ਨੂੰ ਥਪਕੀ ਲਗੀ ਹੁੰਦੀ ਹੈ ਉਹ ਉਸ ਨੂੰ ਫੜ ਕੇ ਆਪਣੇ ਪਾਲੇ ਵਿਚ ਰਖਣਾ ਚਾਹੁੰਦੇ ਹਨ। ਜੇ ਉਹ ਬਚ ਕੇ ਨਿਕਲ ਗਿਆ ਤਾਂ ਜੇਤੂ, ਨਹੀਂ ਤਾਂ ਉਹ ਮਰ (ਹਾਰ) ਗਿਆ। ਖਿਡਾਰੀਆਂ ਨੇ ਕੇਵਲ ਲੰਗੋਟੇ ਬੰਨ੍ਹੇ ਹੁੰਦੇ ਹਨ। ਇਹ ਖੇਡ ਦੇ ਉਘੇ ਖਿਡਾਰੀਆਂ ਦਾ ਇਲਾਕੇ ਭਰ ਵਿਚ ਮਾਣ ਸਤਿਕਾਰ ਹੁੰਦਾ ਹੈ ਅਤੇ ਇਨਾਮ ਦਿਤਾ ਜਾਂਦਾ ਹੈ।

(ਡ-54) **ਡੋਰਾ** :

1. ਲਾਲ ਰੰਗ ਦੀ ਪਰਾਂਦੀ, ਜੋ ਦੁਲ੍ਹਨ ਵਿਆਹ ਵੇਲੇ ਪਹਿਨਦੀ ਹੈ।

2. ਜਾਦੂ ਟੂਣੇ ਜਾਂ ਮੰਤ੍ਰੇ ਹੋਏ ਧਾਗੇ ਨਾਲ ਕਿਸੇ ਨੂੰ ਵਸ ਵਿਚ ਕਰਨਾ। ਕਿਸੇ ਨੂੰ ਆਪਣੇ ਪ੍ਰੇਮ ਵਿਚ ਫਾਹੁਣ ਲਈ, ਉਸ ਦੇ ਗਲ ਵਿਚ ਜਾਦੂ ਦੀ ਡੋਰੀ ਬੰਨ੍ਹਣਾ, ਇਸ ਨੂੰ 'ਡੋਰੇ ਪਾਉਣਾ' ਕਹਿੰਦੇ ਹਨ।

(ਡ-55) **ਡੋਰੀਆ** :

ਇਕ ਪ੍ਰਕਾਰ ਦਾ ਬਰੀਕ ਧਾਰੀਦਾਰ ਕਪੜਾ। ਇਕ ਸਮੇਂ ਇਸ ਦੀ ਚੁੰਨੀ ਸਿਰ ਉਤੇ ਲੈਣ ਦਾ ਬੜਾ ਰਿਵਾਜ ਸੀ। ਡੋਰੀਏ ਦੀ ਚੁੰਨੀ ਪੰਜਾਬਣ ਮੁਟਿਆਰਾਂ ਬੜੇ ਸ਼ੌਕ ਨਾਲ ਲੈਂਦੀਆਂ ਸਨ। ਲੋਕ-ਗੀਤਾਂ ਵਿਚ ਡੋਰੀਏ ਦਾ ਆਮ ਜ਼ਿਕਰ ਮਿਲਦਾ ਹੈ :

1. ਲੈ ਦੇ ਡੋਰੀਆ ਗੰਡੇ ਦੀ ਛਿਲ ਵਰਗਾ
   ਰੋਟੀ ਲੈ ਕੇ ਦਿਉਰ ਦੀ ਚਲੀ
2. ਡੋਰੀਆ ਲੈਣਾ ਵੇ ਹੱਟੀ ਭੰਨ ਸਾਹੂਕਾਰ ਦੀ
   ਤੈਨੂੰ ਹੋ ਗਈ ਕੈਦ ਵੇ ਮੈਂ ਡੋਰੀਏ ਨੂੰ ਸਾੜਦੀ
3. ਸਾਵਾ ਡੋਰੀਆ ਕਿੱਲੀ ਨਾਲ ਅੜਿਆ ਈ
   ਛੋਟਾ ਦੇਵਰਾ ਭਾਬੀ ਨਾਲ ਲੜਿਆ ਈ।

(ਡ-56) **ਡੌਰੂ** :

ਇਕ ਸਾਜ਼ ਜੋ ਸ਼ਿਵ ਦਾ ਸਿਰਜਿਆ ਮੰਨਿਆ ਜਾਂਦਾ ਹੈ। ਪਰਲੋ ਸਮੇਂ ਸ਼ਿਵ ਜਦੋਂ ਤਾਂਡਵ ਨਾਚ ਨਚੇਗਾ ਤਾਂ ਉਹ ਡੌਰੂ ਨੂੰ ਹੱਥ ਵਿਚ ਲੈ ਕੇ ਵਜਾਵੇਗਾ। ਪਲਾਂ-ਛਿਣਾਂ ਵਿਚ ਇਹ ਸ੍ਰਿਸ਼ਟੀ ਨਸ਼ਟ ਹੋ ਜਾਵੇਗੀ। ਧਾਰਨਾ ਹੈ ਕਿ ਜਦੋਂ ਸ਼ਿ

ਪਤਲਾ । ਇਸ ਦੇ ਦੋਹਾਂ ਪਾਸਿਆਂ ਤੇ ਚਮੜਾ ਮੜ੍ਹਿਆ ਹੁੰਦਾ ਹੈ । ਚਮੜੇ ਨੂੰ ਕਸਣ ਲਈ ਰੱਸੀਆਂ ਹੁੰਦੀਆਂ ਹਨ । ਡੌਰੂ ਦੀ ਕਮਰ ਨਾਲ ਦੋ ਰੱਸੀਆਂ ਲਗੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਕਪੜੇ ਦੇ ਵਟੇ ਦੋ ਡਗੇ ਬਝੇ ਹੁੰਦੇ ਹਨ । ਜੋ ਡਗਾ ਵਜਾਉਣ ਵੇਲੇ ਚਮੜੇ ਉਤੇ ਵਜਦੇ ਤੇ ਧੁਨੀ ਪੈਦਾ ਕਰਦੇ ਹਨ । ਇਸ ਨੂੰ 'ਡੁਗਡੁਗੀ' ਵੀ ਕਹਿੰਦੇ ਹਨ । ਮਦਾਰੀ ਇਸ ਸਾਜ ਨੂੰ ਵਜਾ ਕੇ ਤਮਾਸ਼ਾ ਵਿਖਾਂਦੇ ਹਨ ।

### (ਡ-57) ਡੋਲਾ ਉਢਨਾ :

ਕਾਗੜੀ ਜੱਟਾਂ ਵਿਚ ਤੀਵੀਂ ਨੂੰ ਤਲਾਕ ਦੇਣ ਦੀ ਇਕ ਰੀਤ, ਜਦੋਂ ਕੋਈ ਕਾਗੜੀ ਜੱਟ ਆਪਣੀ ਤੀਵੀਂ ਨੂੰ ਤਲਾਕ ਦੇਣਾ ਚਾਹੁੰਦਾ ਹੈ ਤਾਂ ਉਹ ਭਾਈਚਾਰੇ ਦੇ ਕੁਝ ਬੰਦੇ, ਇਕਠੇ ਕਰਕੇ, ਉਨ੍ਹਾਂ ਦੇ ਸਾਹਮਣੇ, ਆਪਣੀ ਪਤਨੀ ਦੀ ਚਿੱਟੀ ਚੁੰਨੀ ਦੋ ਹਿੱਸਿਆਂ ਵਿਚ ਫਾੜ ਦੇਂਦਾ ਹੈ । ਅੱਧੀ ਚੁੰਨੀ ਪਤਨੀ ਦੇ ਸਿਰ ਤੇ ਧਰ ਕੇ ਕਹਿੰਦਾ ਹੈ, ''ਅੱਜ ਤੋਂ ਮੈਂ ਤੈਨੂੰ ਛੱਡਿਆ ।''

### (ਡ-58) ਡੋਲੀ :

(ੳ) ਵਿਆਹ ਤੋਂ ਮਗਰੋਂ ਦੁਲ੍ਹਨ ਜਿਸ ਪਾਲਕੀ ਵਿਚ ਬੈਠ ਕੇ ਸਹੁਰੇ ਘਰ ਜਾਂਦੀ ਹੈ, ਉਸ ਨੂੰ ਡੋਲੀ ਕਹਿੰਦੇ ਹਨ । ਇਹ ਬੜਾ ਹਿਰਦੇ ਵੇਧਕ ਦ੍ਰਿਸ਼ ਹੁੰਦਾ ਹੈ । ਕੰਨਿਆ ਪੱਖ ਦੇ ਸਾਰੇ ਰਿਸ਼ਤੇਦਾਰਾਂ ਦੀਆਂ ਅੱਖੀਆਂ ਸਿਲੀਆਂ ਹੁੰਦੀਆਂ ਹਨ । ਇਸ ਨੂੰ ਚਾਰ ਕੁਹਾਰ ਆਪਣੇ ਮੋਢਿਆਂ ਉਤੇ ਚੁਕਦੇ ਹਨ ਅਤੇ ਦੁਲ੍ਹੇ ਦਾ ਪਿਉ ਡੋਲੀ ਤੋਂ ਰੁਪਏ ਪੈਸੇ ਦੀਆਂ ਮੁਠਾਂ ਵਾਰ ਕੇ ਸੁਟਦਾ ਹੈ । ਸ਼ਹਿਰਾਂ ਵਿਚ ਹੁਣ ਡੋਲੀ ਦਾ ਰਿਵਾਜ ਨਹੀਂ ਰਿਹਾ । ਡੋਲੀ ਚਲਣ ਸਮੇਂ ਦਾਜ ਦੇ ਸਮਾਨ ਦੀ ਢੋ ਢੁਆਈ ਪਹਿਲਿਆਂ ਵਿਚ ਇਸ ਤਰ੍ਹਾਂ ਹੁੰਦੀ ਸੀ : ਘੁੰਮਿਆਰ ਤੇ ਲੋਹਾਰ ਬਰਤਨਾਂ ਨੂੰ ਚੁਕਦੇ ਸਨ, ਧੋਬੀ ਕਪੜਿਆਂ ਨੂੰ ਤੇ ਚੂਹੜਾ ਪਲੰਘ ਪੀੜ੍ਹੇ । ਉਨ੍ਹਾਂ ਦਾ ਜੋ ਪਸ਼ੂ ਧਨ ਨਾਲ ਹੁੰਦਾ ਤਾਂ ਚੌਕੀਦਾਰ ਘੋੜੀ ਨੂੰ, ਮੋਚੀ ਊਠ ਨੂੰ, ਤੇ ਗੁਜਰ ਗਊ ਨੂੰ ਲੈ ਕੇ ਚਲਦੇ । ਨੈਣ ਲਾੜ੍ਹੀ ਦੇ ਨਾਲ ਹੁੰਦੀ ਤੇ ਦੁਲ੍ਹਾ ਅਗੇ ਘੋੜੀ ਤੇ ਸਵਾਰ ਹੋ ਕੇ ਚਲਦਾ ।

ਡੋਲੀ ਤੁਰਨ ਵੇਲੇ, ਕੰਨਿਆ ਦੇ ਰੋਣ ਦੀ ਰੀਤ ਪ੍ਰਾਚੀਨ ਕਾਲ ਤੋਂ ਹੀ ਚਲੀ ਆ ਰਹੀ ਹੈ । ਇਸ ਮੌਕੇ ਉਤੇ ਭਰੇ ਪ੍ਰਵਾਰ ਤੋਂ ਵਿਛੜਨ ਲਗਿਆਂ ਕੰਨਿਆਂ ਦੀਆਂ ਅੱਖਾਂ ਵਿਚ ਅੱਥਰੂ ਆ ਜਾਣੇ ਸੁਭਾਵਕ ਹਨ । ਪਰ ਪਰੰਪਰਾ ਦੇ ਵੇਗ ਲਈ ਚਾਹੇ ਉਸ ਨੂੰ ਰੋਣਾ ਆਵੇ ਜਾਂ ਨਾ, ਰੋਣ ਦੀ ਰੀਤ ਨਿਭਾਹੁਣੀ ਪੈਂਦੀ ਹੈ ।

ਗ੍ਰਿਹ ਸੂਤਰਾਂ ਵਿਚ ਤਾਂ ਰੋਣ ਨੂੰ ਇਕ ਰੀਤ ਮੰਨਿਆ ਹੈ, ਇਸ ਮੌਕੇ ਉਤੇ ਕੁਝ ਸਲੋਕ ਪੜ੍ਹਣ ਦਾ ਵੀ ਵਰਣਨ ਮਿਲਦਾ ਹੈ, ਜੋ ਦੁਲ੍ਹਾ ਦੁਲ੍ਹਨ ਨੂੰ ਸੰਬੋਧਨ ਕਰਦਾ ਹੈ । ਪੰਜਾਬ ਵਿਚ ਜਦੋਂ ਕੰਨਿਆ ਰੋਂਦੀ ਹੈ ਤਾਂ ਤੀਵੀਆਂ ਗੀਤ ਦੁਆਰਾ ਸਮਝਾਂਦੀਆਂ ਹਨ ।

ਡੋਲੀ ਦਾ ਵਾਣ ਪੁਰਾਣਾ
ਨਾ ਰੋ ਧੀਆ ਸਹੁਰੇ ਸਰਪਰ ਜਾਣਾ ।

ਇਸ ਮੌਕੇ ਦੇ ਗੀਤਾਂ ਵਿਚ ਕੰਨਿਆ, ਮਾਂ ਪਿਉ ਭਰਾ ਤੇ ਹੋਰ ਅੰਗਾਂ ਸਾਕਾਂ ਨਾਲ ਸੰਵਾਦ ਰਚਦੀ ਹੈ । ਕਰਨਾਲ ਦੇ ਇਲਾਕੇ ਵਿਚ ਜਦੋਂ ਡੋਲੀ ਉਠਦੀ ਹੈ ਤਾਂ ਕੰਨਿਆ ਉੱਚੀ ਕੂਕਾਂ ਮਾਰ ਕੇ ਰੋਣ ਲਗ ਪੈਂਦੀ ਅਤੇ ਕਿਸੇ ਨਜ਼ਦੀਕੀ ਅੰਗ-ਸਾਕ ਜੋ ਹੁਣੇ ਜਿਹੇ ਹੀ ਮਰਿਆ ਹੋਵੇ, ਦਾ ਨਾਉਂ ਲੈ ਕੇ ਕੀਰਨੇ ਪਾਉਂਦੀ ਹੈ (ਗਜ਼ਟੀਅਰ ਕਰਨਾਲ, ਪੰਨਾ 77-78) ।

ਵਿੰਟਰਨਿਟੀ ਦਾ ਵਿਚਾਰ ਹੈ ਕਿ ਕੰਨਿਆ ਦਾ ਇਸ ਤਰ੍ਹਾਂ ਲਾਜ਼ਮੀ ਰੋਣਾ ਪੁਰਾਣੇ ਵੇਲਿਆਂ ਦੇ ਉਧਾਲਿਆਂ ਦੀ ਰਹਿੰਦ ਹੈ ।

(ਅ) ਭੂਤ-ਪ੍ਰੇਤ ਦੀ ਛਾਇਆ; ਜਦੋਂ ਪ੍ਰੇਤ-ਰੂਹ ਕਿਸੇ ਦੇ ਸਰੀਰ ਵਿਚ ਪ੍ਰਵੇਸ਼ ਕਰਦੀ ਹੈ ਤਾਂ ਉਹ ਉਸ ਸਮੇਂ ਸਿਰ ਪੇਟ ਮਾਰਦਾ ਤੇ ਬੇਤੁਕੀਆਂ ਗੱਲਾਂ ਬੋਲਦਾ ਤੇ ਅਜੀਬ ਤਰ੍ਹਾਂ ਹਰਕਤਾਂ ਕਰਦਾ ਹੈ, ਇਸ ਕਿਰਿਆ ਨੂੰ ਚੇਲੇ 'ਡੋਲੀ' ਆਖਦੇ ਹਨ ।

### (ਡ-59) ਡੋਲੀ ਦੇ ਗੀਤ :

ਵਿਆਹ ਨਾਲ ਸਬੰਧਤ ਉਹ ਗੀਤ ਜੋ ਦੁਲ੍ਹਨ ਦੀ ਡੋਲੀ ਤੁਰਨ ਵੇਲੇ ਪੇਕੇ ਘਰ ਦੀਆਂ ਤੀਵੀਆਂ ਗਾਉਂਦੀਆਂ ਹਨ । ਇਹ ਗੀਤ ਨਿੰਮ੍ਹੀ ਸੁਰ ਵਿਚ ਗਾਇਆ ਜਾਂਦਾ ਹੈ ਤੇ ਫਿਜ਼ਾ ਵਿਚ ਦਰਦ ਪੈਦਾ ਹੋ ਜਾਂਦਾ ਹੈ । ਭੀਣੀ ਬਾਣ ਸਦਕਾ ਸਭ ਦੀਆਂ ਅੱਖਾਂ ਅਥਰੂਆਂ ਨਾਲ ਭਰ ਜਾਂਦੀਆਂ । ਜਿਵੇਂ :

1. ਡੋਲੀ ਦਾ ਵਾਣ ਪੁਰਾਣਾ ।
   ਡੋਲੀ ਨਹੀਂ ਰੁਕਣੀ
   ਧੀਏ ਸਰਪਰ ਸਹੁਰੇ ਜਾਣਾ ।
2. ਅਗੇ ਅਗੇ ਦੁਲ੍ਹਾ ਚਲੇ,
   ਪਿਛੇ ਪਿਛੇ ਡੋਲੀ

## ਢ

**(ਢ-1) ਢਉਆ :**

ਘੜੇ ਦੀ ਮੋਟੀ ਠੀਕਰ ਨੂੰ ਰਗੜ ਕੇ ਗੋਲ ਬਣਾਈ ਠੀਕਰੀ। ਜਿਸ ਨਾਲ ਬੱਚੇ ਢੀਂਜੋ ਅਥਵਾ ਸਟਾਪੂ ਖੇਡਦੇ ਹਨ। ਇਸ ਨੂੰ 'ਢਾਵਾਂ' ਵੀ ਕਹਿੰਦੇ ਹਨ (ਵੇਖੋ ਢਾਵਾਂ)।

**(ਢ-2) ਢਈਆ :**

ਛਨਿਛਰ ਗ੍ਰਹਿ ਹਰੇਕ ਰਾਸ਼ੀ ਵਿਚ ਢਾਈ ਵਰ੍ਹੇ ਰਹਿੰਦਾ ਹੈ। ਜੋਤਿਸ਼ ਵਿਦਿਆ ਅਨੁਸਾਰ ਜਿਸ ਸ਼ਖ਼ਸ ਦੀ ਰਾਸ਼ੀ ਵਿਚ ਛਨਿਛਰ ਬੈਠਾ ਹੋਵੇ, ਉਸ ਲਈ ਢਾਈ ਵਰ੍ਹਿਆਂ ਦਾ ਸਮਾਂ ਅਨੁਰੂਪ ਹੁੰਦਾ ਹੈ। ਸਨਿਚਰ ਦੀ ਇਸ ਅਸ਼ੁਭ ਦਸ਼ਾ ਨੂੰ 'ਢਈਆ' ਕਹਿੰਦੇ ਹਨ (ਵੇਖੋ : ਸਾੜ੍ਹਸਤੀ)।

ਛਨਿਛਰਵਾਰ ਭਾਟੜਿਆਂ ਨੂੰ ਤਾਂਬੇ ਦਾ ਸਿੱਕਾ ਤੇ ਤੇਲ ਦਾਨ ਕਰਨ ਨਾਲ ਅਤੇ ਉਨ੍ਹਾਂ ਦੇ ਤੇਲ ਦੇ ਭਾਂਡੇ ਵਿਚ, ਜਿਸ ਵਿਚ ਛਨਿਛਰ ਦੇਵਤੇ ਦੀ ਮੂਰਤੀ ਪਈ ਹੁੰਦੀ ਹੈ, ਆਪਣੀ ਛਾਇਆ ਵੇਖਣ ਨਾਲ, 'ਢਾਈਏ' ਦਾ ਪ੍ਰਭਾਵ ਘਟਦਾ ਹੈ।

'ਢਈਆ' ਇਕ ਜ਼ਹਿਰੀਲੇ ਸੱਪ ਨੂੰ ਵੀ ਕਹਿੰਦੇ ਹਨ, ਜਿਸ ਦਾ ਡੰਗਿਆ ਢਾਈ ਘੜੀਆਂ, ਢਾਈ ਦਿਨ, ਢਾਈ ਮਹੀਨੇ ਤੇ ਵੱਧ ਤੋਂ ਵੱਧ ਢਾਈ ਸਾਲ ਦੇ ਸਮੇਂ ਤਕ ਜੀਉਂਦਾ ਰਹਿੰਦਾ ਹੈ।

**(ਢ-3) ਢਈਆ ਕਾਤਕੀ :**

ਕੱਤਕ ਦੇ ਮਹੀਨੇ 15 ਮਿਤੀ ਤੋਂ ਲੈ ਕੇ 25 ਮਿਤੀ ਤਕ ਦਾ ਉਹ ਸਮਾਂ ਜੋ ਬਿਜਾਈ ਲਈ ਸ਼ੁਭ ਮੰਨਿਆ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਬਿਜਾਈ ਕਾਰਨ ਫ਼ਸਲ ਚੰਗੀ ਤੇ ਭਰਪੂਰ ਹੁੰਦੀ ਹੈ। ਇਨ੍ਹਾਂ ਦਿਨਾਂ ਦੀ ਰਾਹੀ ਨੂੰ 'ਢਈਏ ਦੀ ਰਾਹੀ' ਵੀ ਕਹਿੰਦੇ ਹਨ। ਇਨ੍ਹੀਂ ਦਿਨੀਂ ਜੱਟ ਬੜਾ ਰੁਝਾ ਹੁੰਦਾ ਹੈ। ਅਖੌਤ ਹੈ :

ਇਸ ਫ਼ਸਲ ਨੂੰ ਵੇਚ ਕੇ ਜੱਟ ਕੋਲ ਧੀ ਵਿਆਹੁਣਯੋ
ਪੈਸਾ ਆ ਜਾਂਦਾ ਹੈ, ਇਕ ਹੋਰ ਅਖਾਣ ਹੈ—

ਢਈਏ ਦੀ ਰਾਹੀ
ਜੱਟ ਧੀ ਵਿਆਹੀ

**(ਢ-4) ਢਹਾ :**

ਇਕ ਪਛੜੀ ਜਾਤੀ, ਜੋ ਛੱਜ ਛਾਨਣੀਆਂ ਮੂੜ੍ਹੇ ਤੇ ਛਕੋ
ਵੇਚ ਕੇ ਗੁਜ਼ਾਰਾ ਕਰਦੇ ਹਨ। ਇਸ ਜਾਤ ਦੀ ਤੀਵੀਂ
ਢਹੇਣ ਵੀ ਕਿਹਾ ਜਾਂਦਾ ਹੈ ਜੋ ਕਾਨਿਆਂ ਤੇ ਸਰ੍ਹਕੜਿਆਂ ਦੇ ਸੁੰਦ
ਤੇ ਪਾਏਦਾਰ ਛੱਜ, ਛਿਕੂ, ਟੋਕਰੀਆਂ ਆਦਿ ਬਣਾਉਣ ਵਿ
ਗੁਣੀ ਹਨ।

**(ਢ-5) ਢੱਗਾ :**

ਬਲਦ, ਢੱਗਾ ਪੰਜਾਬ ਦੀ ਕਿਰਸਾਨੀ ਸਭਿਆਚਾਰ ਦ
ਮਹੱਤਵਪੂਰਨ ਅੰਗ ਹੈ। ਵਾਹੀ ਖੇਤੀ ਇਸੇ ਉਤੇ ਨਿਰਭ
ਕਰਦੀ ਹੈ। ਢੱਗੇ ਬਾਰੇ ਕਈ ਅਖਾਣ ਪ੍ਰਚਲਤ ਹਨ :

1. ਮਾੜਾ ਢੱਗਾ ਖਸਮੇ ਗਾਲ੍ਹ
2. ਮਾੜਾ ਢੱਗਾ ਔਗੁਣਾਂ ਦੀ ਪੰਡ
   ਨਾ ਉਹ ਕਰੀਰ ਤੇ ਨਾ ਉਹ ਜੰਡ
3. ਢੱਗਾ ਨਾ ਵੱਛੀ ਤੇ ਨੀਂਦਰ ਆਵੇ ਅੱਛੀ

**(ਢ-6) ਢੰਗਾ :**

ਦੁੱਧ ਚੋਹਣ ਲਗਿਆਂ, ਅਥਰੇ ਪਸ਼ੂ ਦੀਆਂ ਪਿਛਲੀ
ਦੋਵੇਂ ਲੱਤਾਂ ਰੱਸੀ ਨਾਲ ਨੂੜ ਦਿਤੀਆਂ ਜਾਂਦੀਆਂ ਹ
ਤਾਂ ਜੋ ਉਹ ਲੱਤ ਮਾਰ ਕੇ ਦੁੱਧ ਨਾ ਡੋਲ੍ਹ ਦੇਵੇ। ਢੰਗੇ
ਰੱਸੀ ਨਾਲ ਤੀਵੀਆਂ ਕਈ ਤਰ੍ਹਾਂ ਦੇ ਕਾਮਣ ਤੇ ਟੂ
ਕਰਦੀਆਂ ਹਨ। ਢੰਗੇ ਦੀ ਰੱਸੀ ਦੀ ਸੂਤਰੀ ਨੂੰ ਜੇ ਲਾ
ਸੁਹਾਗ ਰਾਤ ਨੂੰ, ਆਪਣੇ ਲਾੜ੍ਹੇ ਦੇ ਪੈਰਾਂ ਜਾਂ ਵੀਣੀ ਉ

ਇਕ ਅਖੌਤ ਵੀ ਹੈ :

ਸੱਪੋ ਨਾ ਡਸਿਐ ਬਚਨੈ
ਢੰਗੇ ਨਾ ਕਸਿਆ ਨਹਿ ਬਚਨਾ।

(ਢ-7) **ਢੱਡ** :

ਪੰਜਾਬ ਦਾ ਇਕ ਪ੍ਰਸਿਧ ਸਾਜ਼ ਜੋ ਡੋਰੂ ਦੀ ਸ਼ਕਲ ਦਾ ਹੁੰਦਾ ਹੈ। ਇਸ ਨੂੰ ਢਾਡੀ ਖੱਬੇ ਹੱਥ ਵਿਚ ਫੜ ਕੇ, ਸੱਜੇ ਹੱਥ ਦੀਆਂ ਉਂਗਲਾਂ ਨਾਲ ਵਜਾਂਦੇ ਹਨ। ਇਹ ਸਾਜ਼ ਡੂਮਾਂ ਦਾ ਸਿਰਜਿਆ ਹੋਇਆ ਹੈ ਅਤੇ ਇਸ ਨੂੰ ਡੂਮ ਹੀ ਵਜਾਂਦੇ ਸਨ। ਮਗਰੋਂ ਢੱਡ ਵਜਾਣ ਵਾਲਿਆਂ ਨੂੰ ਢਾਡੀ ਕਿਹਾ ਜਾਣ ਲਗਾ।

ਢਾਡੀਆਂ ਦੇ ਆਮ ਤੌਰ ਤੇ ਦੋ ਸਾਜ਼ ਹੁੰਦੇ ਹਨ—ਢੱਡ ਤੇ ਸਾਰੰਗੀ। ਢੱਡ ਨੂੰ ਆਮ ਤੌਰ ਤੇ ਢਾਡੀ ਸਾਰੰਗੀ ਨਾਲ ਸੁਰ ਮੇਲ ਕੇ ਵਜਾਂਦੇ ਹਨ। ਪ੍ਰਸੰਗ ਸੁਨਾਉਣ ਲਗਿਆਂ ਜਾਂ ਵਾਰਾਂ ਗਾਉਣ ਵੇਲੇ ਢੱਡ ਤੇ ਸਾਰੰਗੀ ਦੋਹਾਂ ਸਾਜ਼ਾਂ ਦੀ ਵਰਤੋਂ ਕਰਦੇ ਹਨ।

ਢੱਡ ਬਾਰੇ ਇਕ ਅਖੌਤ ਵੀ ਹੈ :

ਬਹੁਤੇ ਡੂਮੀਂ ਢੱਡ ਨਹੀਂ ਵਜਦੀ।

(ਢ-8) **ਢਮਕੀਰੀ** :

ਇਕ ਖਿਡਾਉਣਾ, ਜਿਸ ਨਾਲ ਢਮਕ ਅਥਵਾ ਤੱਢ ਬੰਨ੍ਹੀ ਹੁੰਦੀ ਹੈ (ਵੇਖੋ : ਟਟੀਰੀ)।

(ਢ-9) **ਢੱਲਾ** :

ਸੁਆਂ ਦੇ ਇਲਾਕੇ ਦਾ ਇਕ ਪਿੰਡ, ਜੋ ਬੜੇ ਬਿਖੜੇ ਰਾਹਾਂ 'ਤੇ ਸਥਿਤ ਹੈ, ਜਿਸ ਬਾਰੇ ਮੁਟਿਆਰਾਂ ਵਿਚ ਹੇਠਲਾ ਟੱਪਾ ਬਹੁਤ ਪ੍ਰਸਿਧ ਹੈ :

ਨ ਦੇਈਂ ਬਾਬਲਾ ਢੱਲੇ
ਦਿਲ ਪੀੜ ਕਲੇਜਾ ਹੱਲੇ
ਬਾਹਾਂ ਰਹੀਆਂ ਚੱਕੀ
ਜੰਘਾਂ ਰਹੀਆਂ ਢੱਕੀ
ਨੈਣ ਵੰਞਾਏ ਰੋ ਰੋ,
ਸਿਰ ਖੁੱਥਾ ਪਾਣੀ ਢੋ ਢੋ।

(ਢ-10) **ਢਾਈ** :

ਢਾਈ ਦਾ ਅੰਕ ਸੰਖਿਆ ਨਾਲ ਸੰਬੰਧਿਤ ਇਕ ਰੂੜ੍ਹੀ

ਹੋਰ ਪ੍ਰਚਲਤ ਹੋਈ। ਪੜ੍ਹੀਆਂ ਦੀ ਇਕ ਸ਼ਾਖ ਦਾ ਨ

'ਢਾਈ ਘਰੇ' ਹੈ। ਸ਼ਤਰੰਜ ਦੀ ਖੇਡ ਵਿਚ ਘੋੜੇ ਦੀ

ਚਾਲ ਢਾਈ ਘਰ ਹੁੰਦੀ ਹੈ। ਢਾਈ ਘੜੀਆਂ ਸੱਪ

ਡੰਗਿਆਂ ਢਾਈ ਘੜੀਆਂ, ਢਾਈ ਦਿਨ, ਢਾਈ ਹਫ

ਢਾਈ ਮਹੀਨੇ ਜਾਂ ਢਾਈ ਸਾਲ ਤੋਂ ਵਧ ਨਹੀਂ ਬਚਦ

ਮੁਹਾਵਰਿਆਂ ਤੇ ਅਖਾਣਾਂ ਵਿਚ ਢਾਈ ਸ਼ਬਦ ਦਾ ਪ੍ਰ

ਆਮ ਹੈ :

ਢਾਈ ਘਰ ਤਾਂ ਡੈਣ ਵੀ ਛਡ ਦਿੰਦੀ ਹੈ
ਲੜਾਈ ਦੇ ਢਾਈ ਫੱਟ
ਢਾਈ ਬੂਟੀਆਂ ਫੱਤੂ ਬਾਗਬਾਨ
ਢਾਈ ਢੀਂਗਰੀਆਂ ਤੇ ਡੇਰਾ ਡਟਰਵਾਲ
ਢਾਈ ਦਿਨ ਦੀ ਜ਼ਿੰਦਗੀ ਤੇ ਸੌ ਦਿਨ ਦੇ ਪਲਾਲ।

ਢਾਈ ਦਿਨ ਦੀ ਖੇਡ, ਢਾਈ ਅੱਖਰ, ਢਾਈ ਟੋ

ਢਾਈ ਘੜੀਆਂ ਆਦਿ ਵਾਕੰਸ਼ਾਂ ਤੇ ਮੁਹਾਵਰਿਆਂ ਵਿਚ

ਢਾਈ ਦੀ ਰੂੜ੍ਹੀ ਦੀ ਭਰਮਾਰ ਹੈ।

(ਢ-11) **ਢਾਈ ਸਿਰਾ** :

ਜਿਹਲਮ ਦੇ ਇਲਾਕੇ ਵਿਚ ਤ੍ਰਿਖਲ ਬੱਚੇ ਨੂੰ, ਜ

ਬਾਦਾਂ ਤੋਂ ਵਿੰਨ੍ਹਿਆ ਜਾਂਦਾ ਹੈ। ਇਕ ਕੰਨ ਵਿਚ

ਸੁਰਾਖ਼ ਕੀਤੇ ਜਾਂਦੇ ਹਨ ਤੇ ਦੂਜੇ ਵਿਚ ਇਕ ਜਾਂ ਫਿਰ ਦੋ

ਕੰਨਾਂ ਵਿਚ ਇਕ ਇਕ ਸੁਰਾਖ਼ ਕੀਤਾ ਜਾਂਦਾ ਹੈ ਤੇ ਇ

ਨੱਕ ਵਿਚ। ਅਜਿਹੇ ਬੱਚੇ ਨੂੰ 'ਢਾਈ ਸਿਰਾ' ਕਿਹਾ ਜਾ

ਹੈ ਤੇ ਇਸ ਤਰ੍ਹਾਂ ਕਰਨ ਨਾਲ ਉਹ ਤ੍ਰਿਖਲ ਦਾ ਰੰਚ

ਪ੍ਰਭਾਵ ਨਹੀਂ ਰਹਿੰਦਾ (ਵੇਖੋ : ਤ੍ਰਿਖਲ)।

ਮੁਜ਼ੱਫ਼ਰਗੜ੍ਹ ਵਿਚ ਢਾਈ ਸਿਰਾ ਉਸ ਬੱਚੇ ਨੂੰ ਕਹਿ

ਹਨ, ਜਿਸ ਦਾ ਸਿਰ ਜ਼ਿਆਦਾ ਲੰਬੂਤਰਾ ਹੋਵੇ।

(ਢ-12) **ਢਾਈ ਘਰੇ ਖੱਤ੍ਰੀ** :

ਖੱਤ੍ਰੀਆਂ ਦੀ ਇਕ ਬਰਾਦਰੀ ਜਿਸ ਵਿਚ ਕਪੂਰ, ਸੇ

ਤੇ ਮੇਹਰੇ ਤਿੰਨ ਜ਼ਾਤਾਂ ਸ਼ਾਮਲ ਹਨ। ਇਹ ਭਾਈਚਾ

ਆਪਣੀਆਂ ਧੀਆਂ ਘੇਰੇ ਤੋਂ ਬਾਹਰ ਨਹੀਂ ਦੇਂਦੇ।

ਆਪਣੇ ਪੁੱਤਰਾਂ ਲਈ ਦੂਜੇ ਖੱਤ੍ਰੀਆਂ 'ਚਾਰ ਘਰੇ' 'ਛੇ ਜਾ

ਜਾਂ 'ਬੁੰਝਾਹੀਆਂ' ਦੀਆਂ ਧੀਆਂ ਲੈ ਲੈਂਦੇ ਹਨ। ਜੇ

ਖੰਨਿਆਂ ਦੀ ਬਰਾਦਰੀ ਵਿਚ ਧੀ ਦੇ ਦੇਣ ਤਾਂ ਚਾਰ

ਅਖਵਾਉਣ ਲੱਗ ਪੈਂਦੇ ਹਨ। ਚਾਰ ਘਰੇ ਵਿਚ ਉਪ੍ਰੋ

ਤਿੰਨ ਜ਼ਾਤਾਂ ਤੋਂ ਬਿਨਾਂ ਖੰਨਾ ਜ਼ਾਤ ਵੀ ਸ਼ਾਮਲ ਹੈ।

ਜੋ ਤਾਂ ਬੇੜੀ ਦੇ ਉਲਟ ਜਾਣ ਨਾਲ ਉਹ ਦਰਿਆ ਵਿਚ ਗੋਤੇ ਖਾਣ ਲੱਗਾ। ਇਸ ਮੌਕੇ 'ਤੇ ਨਿਜ਼ਾਮ ਸਕੇ ਨੇ ਉਸ ਨੂੰ ਡੁਬਦਿਆਂ ਬਚਾਇਆ। ਪਿਛੋਂ ਜਦੋਂ ਹਮਾਯੂੰ ਆਪਣਾ ਰਾਜ ਭਾਗ ਮੁੜ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ ਤੇ ਨਿਜ਼ਾਮ ਸਕੇ ਦਾ ਅਹਿਸਾਨ ਚੁਕਾਣ ਲਈ, ਹਮਾਯੂੰ ਨੇ ਉਸ ਨੂੰ ਢਾਈ ਦਿਨਾਂ ਲਈ ਰਾਜ ਕਰਨ ਦਾ ਹੱਕ ਬਖਸ਼ਿਆ। ਨਿਜ਼ਾਮ ਸਕੇ ਨੇ ਇਨ੍ਹਾਂ ਢਾਈ ਦਿਨਾਂ ਵਿਚ ਚਮੜੇ ਦੇ ਗੋਲ ਟੁਕੜਿਆਂ ਵਿਚ ਸੋਨੇ ਦੀ ਕਿਲ ਜੜਵਾ ਕੇ, ਚਮੜੇ ਦਾ ਸਿੱਕਾ ਚਲਾਇਆ।

(ਢ-14) **ਢਾਹ ਮਾਰਨਾ** :

ਕਿਸੇ ਪ੍ਰਾਣੀ ਦੀ ਮੌਤ ਉੱਤੇ ਉਸ ਦੇ ਘਰ ਦਿਆਂ ਦਾ ਧਾਹਾਂ ਅਥਵਾ ਚੀਕਾਂ ਮਾਰ ਕੇ ਰੋਣਾ। ਰੀਤ ਇਹ ਹੈ ਕਿ ਜਦੋਂ ਵੀ ਕੋਈ ਅੰਗ, ਸਾਕ, ਸੋਗ ਕਰਨ ਲਈ ਆਉਂਦਾ ਹੈ ਤਾ ਉਹ ਦੂਰੋਂ ਹੀ ਭੁੱਬਾਂ ਮਾਰ ਕੇ ਰੋਣ ਲਗ ਪੈਂਦਾ ਹੈ।

(ਢ-15) **ਢਾਕ ਪਲਾਸ** :

ਢੱਕ ਦਾ ਰੁੱਖ, ਜਿਸ ਦੀ ਲਕੜੀ ਪਵਿਤ੍ਰ ਮੰਨੀ ਜਾਣ ਕਰਕੇ ਹਵਨ ਵਿਚ ਵਰਤੀ ਜਾਂਦੀ ਹੈ। ਇਸ ਦੇ ਫੁੱਲ ਲਾਲ ਭਾਅ ਦੇ ਹੁੰਦੇ ਹਨ, ਜਿਸ ਨੂੰ ਕੁਟ ਕੇ ਹੋਲੀ ਦਾ ਰੰਗ, ਗੁਲਾਲ ਬਣਾਇਆ ਜਾਂਦਾ ਹੈ। ਧਾਰਨਾ ਹੈ ਕਿ ਜੇ ਢਾਕ ਦੇ ਫੁੱਲ ਰਤਾ ਚਿਟੀ ਭਾਅ ਮਾਰਨ ਤਾਂ ਇਨ੍ਹਾਂ ਦੇ ਬੀਜ ਖਾਣ ਵਾਲੇ ਦੀ ਅੰਦਰਲੀ ਸ਼ਕਤੀ ਤੀਬਰ ਹੋ ਜਾਂਦੀ ਹੈ. ਇਹ ਬੀਜ ਚਾਲ੍ਹੀ ਦਿਨ ਖਾਣ ਨਾਲ ਉਸ ਵਿਚ ਦੈਵੀ ਜਾਂ ਅਲੌਕਿਕ ਸ਼ਕਤੀ ਆ ਜਾਂਦੀ ਹੈ ਤੇ ਉਸ ਨੂੰ ਭਵਿਖ ਦਾ ਗਿਆਨ ਹੋਣ ਲਗਦਾ ਹੈ।

ਮਨੂੰ-ਸਿਮਰਤੀ ਅਨੁਸਾਰ ਪਲਾਸ ਇਤਨਾ ਪਵਿਤ੍ਰ ਬ੍ਰਿਛ ਹੈ ਕਿ ਬ੍ਰਾਹਮਣ ਸੋਟੀ ਬਨਾਉਣ ਲਈ, ਇਸ ਦਰਖ਼ਤ ਦੀ ਟਹਿਣ ਕਦੇ ਨਹੀਂ ਕਟਦਾ। ਇਸ ਰੁੱਖ ਦੇ ਤਿਹਰੇ ਪੱਤੇ ਹਿੰਦੂਆਂ ਦੀ ਤ੍ਰਿਮੂਰਤੀ—ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਦੇ ਬੋਧਿਕ ਹਨ ਅਤੇ ਇਨ੍ਹਾਂ ਪੱਤਰਾਂ ਨੂੰ ਕਈ ਪਾਵਨ ਰੀਤਾਂ ਸਮੇਂ ਕਿਸੇ ਸਾਮਗਰੀ ਨੂੰ ਰਖਣ ਲਈ ਥਾਲੀਆਂ ਵਜੋਂ ਵਰਤਿਆ ਜਾਂਦਾ ਹੈ।

ਢਾਕ ਦੇ ਫੁੱਲਾਂ ਦੀ ਮਹਿਕ ਨਹੀਂ ਹੁੰਦੀ, ਇਸ ਬਾਰੇ ਇਕ ਮੁੱਦੀ ਪ੍ਰਚਲਤ ਹੈ। ਪਹਿਲਾਂ ਢਾਕ ਦੇ ਫੁੱਲ ਲਪਟਾਂ ਛਡਿਆ ਕਰਦੇ ਸਨ। ਇਕ ਵਾਰ ਦੁਰਬਾਸ਼ਾ ਰਿਸ਼ੀ ਜੰਗਲ ਕੀਤੀ। ਦੁਰਬਾਸ਼ਾ ਨੇ ਕਰੋਧ ਵਿਚ ਆ ਕੇ ਸਰਾਪ ਦਿਤਾ, ਫਲਸਰੂਪ ਢਾਕ ਦੀ ਸੁਗੰਧੀ ਨਾ ਰਹੀ।

(ਢ-16) **ਢਾਕੇ ਦੀ ਮਲਮਲ** :

ਢਾਕੇ ਦੀ ਮਲਮਲ ਲੋਕਧਾਰਾ ਦਾ ਵਿਸ਼ਾ ਬਣੀ ਰਹੀ ਹੈ। ਇਸ ਬਾਰੇ ਇਕ ਬੁਝਾਰਤ ਇਉਂ ਪਾਈ ਜਾਂਦੀ ਹੈ : "ਕਿਰਨਾ ਦੀ ਧੀ ਰਾਣੀ ਪਰ ਅੱਗ ਕੋਲੋਂ ਤੈ ਖਾਣੀ", ਅੱਗ ਕੋਲ ਜਾਂਦਿਆਂ ਹੀ ਇਹ ਕਪੜਾ ਛਿਜ ਜਾਂਦਾ ਸੀ। ਢਾਕੇ ਦੀ ਮਲਮਲ ਸਭ ਤੋਂ ਵਧੀਆ ਤੇ ਸੂਖਮ ਕਪੜਾ ਸੀ, ਜੋ ਸਰੀਰ ਉੱਤੇ ਪਾਇਆ ਮਲੂਮ ਨਹੀਂ ਸੀ ਹੁੰਦਾ। ਅਮੀਰ ਘਰਾਂ ਦੀਆਂ ਤੀਵੀਆਂ ਘਰ ਦੇ ਅੰਦਰ ਹੀ ਇਹ ਕਪੜਾ ਪਹਿਨਦੀਆਂ ਸਨ। ਬਾਹਰ ਪਾ ਕੇ ਜਾਣ ਨਾਲ ਸਰੀਰ ਨੰਗਾ ਲਗਦਾ ਸੀ, ਅਖਾਣ ਵੀ ਹੈ :

ਢਾਕੇ ਦੀ ਮਲਮਲ ਦਾ ਕੀ ਹੋਵਾਣਾ,
ਅੰਦਰ ਵੜ ਕੇ ਬਹਿਣਾ ਬਾਹਰ ਨਾ ਜਾਣਾ।

ਢਾਕੇ ਦੀ ਮਲਮਲ ਇਤਨੀ ਸੂਖਮ ਹੁੰਦੀ ਹੈ ਕਿ ਪੂਰਾ ਥਾਨ ਮੁੰਦਰੀ ਵਿਚੋਂ ਲੰਘ ਜਾਂਦਾ ਹੈ। ਇਹ ਮਲਮਲ ਮੁਗ਼ਲ ਬਾਦਸ਼ਾਹਾਂ ਦੇ ਸਮੇਂ ਬੜੀ ਮਸ਼ਹੂਰ ਹੋਈ ਅਤੇ ਦਿੱਲੀ ਤੇ ਆਗਰੇ ਦੇ ਸ਼ਾਹੀ ਘਰਾਣੇ ਦੇ ਲੋਕ ਤੇ ਦਰਬਾਰੀ ਗਰਮੀਆਂ ਵਿਚ ਇਸੇ ਮਲਮਲ ਦੀ ਵਰਤੋਂ ਕਰਦੇ ਸਨ। ਇਸ ਮਲਮਲ ਦੀ ਸਿਫ਼ਤ ਕਰਦਾ ਹੋਇਆ ਤਵਰਨੀਅਰ ਲਿਖਦਾ ਹੈ "ਇਹ ਮਲਮਲ ਇਤਨੀ ਵਧੀਆ ਹੁੰਦੀ ਹੈ ਕਿ ਜਿਸ ਸ਼ਖ਼ਸ ਨੇ ਪਹਿਨ ਰਖੀ ਹੁੰਦੀ ਹੈ, ਉਸ ਦਾ ਸਾਰਾ ਜਿਸਮ ਇਉਂ ਸਾਫ਼ ਵਿਖਾਈ ਦੇਂਦਾ ਹੈ ਜਿਵੇਂ ਉਸ ਨੇ ਕੁਝ ਵੀ ਨਾ ਪਹਿਨ ਰਖਿਆ ਹੋਵੇ। ਇਸ ਨੂੰ ਬਰਾਮਦ ਕਰਨ ਦੀ ਆਗਿਆ ਨਹੀਂ ਸੀ। ਇਹ ਸਾਰੀ ਮਲਮਲ ਮੁਗ਼ਲਾਂ ਦੇ ਹਰਮ ਵਿਚ ਵਰਤ ਲਈ ਜਾਂਦੀ ਸੀ, ਜੋ ਬਚ ਜਾਂਦੀ ਉਸ ਨੂੰ ਪ੍ਰਮੁਖ ਦਰਬਾਰੀ ਖਰੀਦ ਲੈਂਦੇ।"

ਢਾਕੇ ਦੀ ਮਲਮਲ ਬਾਰੇ ਕਈ ਰਵਾਇਤਾਂ ਪ੍ਰਚਲਤ ਹਨ। ਕਹਿੰਦੇ ਹਨ ਕਿ ਇਕ ਵਾਰ ਔਰੰਗਜ਼ੇਬ ਆਪਣੀ ਲੜਕੀ ਨੂੰ ਗੁੱਸੇ ਹੋਇਆ ਕਿ ਉਸ ਦਾ ਜੁੱਸਾ ਉਸ ਦੇ ਕਪੜਿਆਂ ਵਿਚੋਂ ਕਿਉਂ ਨੰਗਾ ਹੋ ਰਿਹਾ ਹੈ। ਅੱਗੋਂ ਮੁਟਿਆਰ ਸ਼ਹਿਜ਼ਾਦੀ ਨੇ ਉੱਤਰ ਦਿਤਾ ਕਿ ਉਸ ਨੇ ਸਤ ਪੁਸ਼ਾਕਾਂ ਪਹਿਨ ਰਖੀਆਂ ਹਨ। ਸ਼ਹਿਜ਼ਾਦੀ ਨੇ ਢਾਕੇ ਦੀ ਮਲਮਲ ਦੀਆਂ ਸਤ ਪੁਸ਼ਾਕਾਂ ਪਾਈਆਂ ਹੋਈਆਂ ਸਨ। ਪਰ ਪਿੰਡਾ,

ਜੇਮਜ਼ ਟਾਈਲਰ ਅਨੁਸਾਰ ਇਹ ਕਪੜਾ ਮੁਟਿਆਰਾਂ ਕੱਤਦੀਆਂ ਸਨ, ਬੁੱਢੀਆਂ ਦੀ ਨਜ਼ਰ ਇਥੇ ਕੰਮ ਨਹੀਂ ਸੀ ਕਰਦੀ। ਇਸ ਕਪੜੇ ਦੀ ਕਤਾਈ ਸਰਘੀ ਵੇਲੇ ਹੁੰਦੀ ਜਦੋਂ ਹਵਾ ਮੁਕਾਬਲਤਨ ਸਿਲ੍ਹੀ ਹੁੰਦੀ ਹੈ, ਖੁਸ਼ਕ ਮੌਸਮ ਵਿਚ ਲੋੜੀਂਦੀ ਨਮੀ ਪ੍ਰਾਪਤ ਕਰਨ ਲਈ, ਇਸ ਨੂੰ ਪਾਣੀ ਦੇ ਭਰੇ ਤਸਲੇ ਉਤੇ ਕਤਿਆ ਜਾਂਦਾ। ਇਕ ਮੁੱਢਾ ਜਿਸ ਵਿਚ 250 ਮੀਲ ਲੰਮਾ ਧਾਗਾ ਹੁੰਦਾ ਸੀ, ਟਾਈਲਰ ਨੇ ਤੋਲਿਆ ਤਾਂ ਇਸ ਦਾ ਵਜ਼ਨ ਇਕ ਪੌਂਡ ਨਿਕਲਿਆ।

(ਢ-17) **ਢਾਂਡਰੀ** :

ਲੋਹੜੀ ਦੀ ਅੱਗ, ਢਾਂਡੀ ਜਾਂ ਢਾਂਡਰੀ, ਇਸ ਅੱਗ ਨੂੰ ਪਵਿੱਤ੍ਰ ਮੰਨਿਆ ਜਾਂਦਾ ਹੈ ਤੇ ਇਸ ਅੱਗ ਵਿਚ ਕੋਈ ਜੂਠੀ ਚੀਜ਼ ਨਹੀਂ ਸੁਟੀ ਜਾਂਦੀ। ਲਹਿੰਦੇ ਦੇ ਲੋਕ ਢਾਂਡਰੀ ਦੇ ਕੋਲੇ ਤੇ ਸਵਾਹ ਨੂੰ ਪਾਵਨ ਜਾਣ ਕੇ ਘਰ ਰਖਦੇ ਹਨ (ਵੇਖੋ : ਲੋਹੜੀ)।

(ਢ-18) **ਢਾਡੂ** :

ਦੱਖਣ ਵਲੋਂ ਝੁਲੀ ਹਵਾ; ਜਿਸ ਦੇ ਚਲਣ ਨਾਲ ਵਸਦੇ ਬੱਦਲ ਉਡ ਜਾਂਦੇ ਹਨ। ਪਰ ਜੇ ਇਹ ਹਵਾ ਬੱਦਲਾਂ ਨੂੰ ਘੇਰ ਕੇ ਲੈ ਆਏ ਤਾਂ ਖ਼ੂਬ ਮੀਂਹ ਵਸਦਾ ਹੈ, ਅਖਾਣ ਹਨ :

1. ਉਤਰ ਮੇਲੇ ਪੁਰਾ ਵਸਾਏ
   ਢਾਡੂ ਵਸਦੇ ਮੀਂਹ ਰਹਾਏ
2. ਢਾਡੂ ਵਸਾਏ ਤਾਂ ਬਾਹਲਿਆਂ ਭਰਾਏ।
   ਸਾਵਣ ਦੀਆਂ ਬਦਲੀਆਂ ਪੂਰੇ ਆਣ ਝੁਕਾਈਆਂ
   ਘੁਲ ਨਾ ਢਾਡੂ ਅਸੀਂ ਵਸਣ ਤੇ ਆਈਆਂ।

(ਢ-19) **ਢਾਢ** :

ਸ਼ਾਹਪੁਰ ਦੇ ਇਲਾਕੇ ਵਿਚ ਝੁੰਮਰ ਜਾਂ ਕੋਈ ਹੋਰ ਲੋਕ ਨਾਚ ਪਾਉਣ ਵੇਲੇ, ਢੋਲੀ ਲੋਕਾਂ ਨੂੰ ਇਕਠਾ ਕਰਨ ਲਈ, ਇਕ ਖ਼ਾਸ ਤਰ੍ਹਾਂ ਦੀ ਧੁਨੀ ਕਾਫ਼ੀ ਚਿਰ ਤਕ ਕਢਦਾ ਰਹਿੰਦਾ ਹੈ, ਇਸ ਧੁਨੀ ਨੂੰ 'ਢਾਢ' ਕਹਿੰਦੇ ਹਨ।

(ਢ-20) **ਢਾਲ-ਤਲਵਾਰੀ** :

ਉਹ ਪਸ਼ੂ ਜਿਸ ਦਾ ਇਕ ਸਿੰਙ ਤਲਵਾਰ ਵਾਂਗ ਉਪਰ ਵਲ ਸਿਧਾ ਹੋਵੇ ਅਤੇ ਦੂਜਾ ਢਾਲ ਵਾਂਗ ਹੇਠਾਂ ਵਲ ਨੂੰ ਹੋਵੇ। ਜੇ ਕਿਸੇ ਢਾਲ-ਤਲਵਾਰੀ ਮੱਝ ਦਾ ਸੱਜਾ ਸਿੰਙ ਅਸ਼ੁਭ ਹੈ।

(ਢ-21) **ਢਾਵਾਂ** :

ਬੰਟੇ ਖੇਡ ਵਿਚ ਨਿਸ਼ਾਨਾ ਫੁੰਡਣ ਲਈ, ਕਿਸੇ ਕੌਡੀ ਜਾਂ ਗੀਟੇ ਆਦਿ ਨੂੰ ਅੰਦਰੋਂ ਖ਼ਾਲੀ ਕਰਕੇ ਉਸ ਵਿਚ ਸਿੱਕਾ ਭਰ ਲੈਂਦੇ ਹਨ। ਇਸ ਤਰ੍ਹਾਂ ਕੌਡੀ ਆਦਿ ਭਾਰੀ ਹੋ ਕੇ ਨਿਸ਼ਾਨੇ ਉਤੇ ਠੀਕ ਵਜਦੀ ਹੈ। ਇਸ ਕੌਡੀ ਗੀਟੇ ਨੂੰ ਢਾਵਾਂ/ਢਾਮਾਂ/ ਢਉਂਆਂ/ਠੰਚੂ ਕਿਹਾ ਜਾਂਦਾ ਹੈ।

(ਢ-22) **ਢੀਂਗੜਾ** :

ਅਰੋੜਿਆਂ ਦੀ ਇਕ ਜਾਤੀ; ਰਵਾਇਤ ਅਨੁਸਾਰ ਇਸ ਜਾਤੀ ਦਾ ਵਡਿਕਾ ਭਠਿਆਰਨ ਨੂੰ ਢੀਂਗਰਾਂ ਵਿਚ ਪਿਆ ਮਿਲਿਆ ਸੀ, ਜਿਸ ਤੋਂ ਉਸ ਦਾ ਨਾਂ ਢੀਂਗੜਾ ਪੈ ਗਿਆ ਤੇ ਇਹੋ ਨਾਂ ਉਸ ਦੀ ਵੰਸ਼ ਦੀ ਗੋਤ ਬਣ ਗਿਆ।

ਢੀਂਗੜੇ ਜਾਤੀ ਦੇ ਲੋਕਾਂ ਵਿਚ 'ਚੁਕ' ਦਾ ਰੋਗ ਦੂਰ ਕਰਨ ਦੀ ਦੈਵੀ ਬਰਕਤ ਹੈ। ਜੇ ਕਿਸੇ ਨੂੰ ਚੁਕ ਪਈ ਹੋਵੇ ਤਾਂ ਢੀਂਗੜੇ, ਉਸ ਨੂੰ ਆਪਣੇ ਕਿਸੇ ਪੁਰਾਣੇ ਕਪੜੇ ਦੀ ਲੀਰ ਪਾੜ ਕੇ, ਉਸ ਦੀ ਪਿਠ ਉਤੇ ਤਿੰਨ ਵਾਰ ਮਲ ਦੇਵੇ ਤੇ ਫਿਰ ਧੱਕਾ ਮਾਰੇ ਤਾਂ ਚੁਕ ਦਾ ਦਰਦ ਦੂਰ ਹੋ ਜਾਂਦਾ ਹੈ। ਢੀਂਗੜਾ ਘਰ ਨਾ ਹੋਵੇ ਤਾਂ ਉਨ੍ਹਾਂ ਦੇ ਘਰ ਦੀ ਦੀਵਾਰ ਨਾਲ ਪਿਠ ਰਗੜਨ ਨਾਲ ਵੀ ਚੁਕ ਦੂਰ ਹੋ ਜਾਂਦੀ ਹੈ।

(ਢ-23) **ਢੁਕਾਅ** :

ਜੰਞ ਦਾ ਕੰਨਿਆਂ ਦੇ ਘਰ ਜਲੂਸ ਦੀ ਸ਼ਕਲ ਵਿਚ ਪਹੁੰਚਣਾ। ਢੁਕਾਅ ਸਮੇਂ ਸਭ ਤੋਂ ਅਗੇ ਵਾਜੇ ਤੇ ਸ਼ਹਿਨਾਈਆਂ ਵਜ ਰਹੀਆਂ ਹੁੰਦੀਆਂ ਹਨ, ਪਿਛੇ ਲਾੜਾ ਘੋੜੀ ਉਤੇ ਸਜ ਧਜ ਕੇ ਚੜ੍ਹਿਆ ਹੁੰਦਾ ਹੈ ਤੇ ਉਸਦੇ ਮਗਰ ਮਗਰ ਜੰਞ ਆ ਰਹੀ ਹੁੰਦੀ ਹੈ। ਢੁਕਾਅ ਸਮੇਂ ਜਾਂਞੀ ਨਚ ਟੱਪ ਕੇ ਤੇ ਭੰਗੜੇ ਪਾ ਕੇ ਖੁਸ਼ੀ ਪ੍ਰਗਟ ਕਰਦੇ ਹਨ। ਢੁਕਾਅ ਮਗਰੋਂ ਮਿਲਣੀ ਦੀ ਰਸਮ ਹੁੰਦੀ ਹੈ।

ਕਈ ਥਾਈਂ ਜਦੋਂ ਜੰਞ ਪਿੰਡ ਪਹੁੰਚਦੀ ਹੈ ਤਾਂ ਪੰਚਾਇਤ ਜੰਞ ਦਾ ਸਵਾਗਤ ਕਰਦੀ ਹੈ। ਫਿਰ ਅਗੇ ਪੰਚਾਇਤ ਚਲਦੀ ਹੈ, ਮਗਰ ਮਗਰ ਵਾਜੇ ਤੇ ਇਸ ਪਿਛੋਂ ਘੋੜੀ ਤੇ ਲਾੜਾ ਤੇ ਮਗਰ ਮਗਰ ਜੰਞ, ਜਲੂਸ ਦੀ ਸ਼ਕਲ ਵਿਚ ਜੰਞ ਕੰਨਿਆਂ ਦੇ ਘਰ/ਡੇਰੇ ਪਹੁੰਚਦੇ ਹਨ। ਇਸ

(ਢ-24) **ਢੁੱਚਰਾਂ** :

ਹੋਜਣਾ, ਅਖੌਤਾਂ ਦੀ ਇਕ ਵੰਨਗੀ ਜਿਸ ਵਿਚ ਕਿਸੇ ਸ਼ਖ਼ਸ ਜਾਂ ਜਾਤ ਗੋਤ ਉਤੇ ਕਟਾਖਸ਼ ਕੀਤਾ ਗਿਆ ਹੋਵੇ। ਇਨ੍ਹਾਂ ਅਖਾਣਾਂ ਵਿਚ ਕਿਸੇ ਜਾਤੀ ਜਾਂ ਕਬੀਲੇ ਦੇ ਚਰਿਤ੍ਰ ਦੀ ਕਿਸੇ ਖ਼ਾਸ ਕਮਜ਼ੋਰੀ ਤੇ ਵਿਅੰਗ ਹੁੰਦਾ ਹੈ ਜਿਵੇਂ :

'ਜੱਟ ਪਲਾਏ ਲੱਦੀ ਤਾਂ ਗਲ ਵਿਚ ਪਾਏ ਰੱਜੀ।'
'ਰਜਿਆ ਜੱਟ ਕਰੇ ਕਲੋਲ, ਰੱਜੀ ਮਝ ਨਾ ਖਾਵੇ ਖਲ।'
'ਕਾਂ ਕਿਰਾੜ ਕੁੱਤੇ ਦਾ,
ਵਿਸਾਹ ਨਾ ਖਾਈਏ ਸੁੱਤੇ ਦਾ।'
'ਠਾਕੁਰ ਜਿਨ੍ਹਾਂ ਦੇ ਲੋਭੀ ਉਜੜੇ ਤਿਨ੍ਹਾਂ ਦੇ ਗਰਾਂ।'
'ਡੂੰਮਾਂ ਘਰ ਵਿਵਾਹ ਜਿਵੇਂ ਭਾਵੇ ਤਿਵੇਂ ਗਾ।'

ਉਨ੍ਹਾਂ ਅਖੌਤਾਂ ਨੂੰ ਵੀ **ਢੁੱਚਰਾਂ** ਕਹਿੰਦੇ ਹਨ ਜਿਨ੍ਹਾਂ ਵਿਚ ਵਿਅੰਗ ਤੇ ਕਟਾਖਸ਼ ਹੁੰਦਾ ਹੈ :

ਮੱਝੀਂ ਰਹੀ ਦਰਿਆ ਰੰਨ ਮਿਰਚਾਂ ਕੁਟੇ

(ਢ-25) **ਢੂੰਡੀਆ** :

ਜੈਨੀਆਂ ਦੇ ਸਵੇਤਾਂਬਰ ਫਿਰਕੇ ਦਾ ਇਕ ਨਾਂ; ਢੂੰਡ ਰਾਜਪੂਤਾਨੇ ਵਿਚ ਇਕ ਪਹਾੜੀ ਟਿੱਬੇ ਦਾ ਨਾਂ ਹੈ ਜਿਥੇ ਜੈਨੀ ਸਾਧੂ, ਘਰ ਤਿਆਗ ਕੇ, ਨਿਵਾਸ ਕਰਦੇ ਸਨ, ਜਿਸ ਤੋਂ ਇਹ ਸੰਗਿਆ ਪ੍ਰਚਲਤ ਹੋ ਗਈ। ਢੂੰਡੀਆ ਸਾਧੂ ਮੂੰਹ ਤੇ ਪੱਟੀ ਬੰਨ੍ਹ ਕੇ ਰਖਦੇ ਹਨ ਤਾਂ ਜੋ ਕੋਈ ਕੀਟਾਣੂ ਸਾਹ ਦੇ ਨਾਲ ਅੰਦਰ ਜਾ ਕੇ ਮਰ ਨਾ ਜਾਵੇ।

(ਢ-26) **ਢੇਡੂ** :

ਇਕ ਗਹਿਣਾ ਜੋ ਕੰਨਾਂ ਦੀ ਲੋਲ ਵਿਚ ਪਾਇਆ ਜਾਂਦਾ ਹੈ। ਇਸ ਦੀ ਨਲਕੀ ਲੋਲ ਵਿਚ ਪਾ ਕੇ ਹੇਠੋਂ ਪੇਚ ਨਾਲ ਕਸ ਦਿਤੀ ਜਾਂਦੀ ਹੈ। ਉਪਰਲਾ ਜੜਾਓ ਸਟੱਡ ਕੰਨਾਂ ਵਿਚ ਸੋਂਹਦਾ ਹੈ।

(ਢ-27) **ਢੇਰਨੀ** :

ਲੋਹੜੀ ਮੰਗਣ ਵੇਲੇ ਜੋ ਗੀਤ ਬੱਚੇ ਗਾਉਂਦੇ ਹਨ, ਉਨ੍ਹਾਂ ਵਿਚੋਂ ਕੁਝ ਗੀਤ ਜਿਨ੍ਹਾਂ ਵਿਚ 'ਢੇਰਨੀ' ਸ਼ਬਦ ਦੀ ਵਰਤੋਂ ਹੁੰਦੀ ਹੈ, ਢੇਰਨੀ ਦੇ ਗੀਤ ਅਖਵਾਉਂਦੇ ਹਨ। ਜਿਵੇਂ ਢੇਰਨੀ ਬੁਣੀ ਢੇਰਨੀ......

ਢੇਰਨੀ ਮਲ ਵਿਚ ਹੈ ਦੀ ਪੂਣੀ ਵਟਣ ਲਈ ਵਰਤੀ

(ਢ-28) **ਢੇਰੀ ਲਿਪਣਾ** ;

ਹਿੰਦੂਆਂ ਦੀ ਇਕ ਰਸਮ; ਹਿੰਦੂ ਦੀਵਾਲੀ ਵਾਲੇ ਦਿਨ ਸਿਵਿਆਂ ਵਿਚ ਜਾ ਕੇ ਆਪਣੇ ਪਿੱਤਰਾਂ ਤੇ ਬਜ਼ੁਰਗਾਂ ਦੇ ਨਾਂ ਦੀਆਂ ਕੁਝ ਢੇਰੀਆਂ ਬਣਾ ਕੇ ਉਨ੍ਹਾਂ ਨੂੰ ਗੋਹੇ ਨਾਲ ਲਿਪਦੇ ਹਨ ਤੇ ਰਾਤ ਵੇਲੇ ਇਨ੍ਹਾਂ 'ਤੇ ਦੀਵੇ ਜਗਾਉਂਦੇ ਹਨ। ਹੁਣ ਇਹ ਰਿਵਾਜ ਨਹੀਂ ਰਿਹਾ।

(ਢ-29) **ਢੇਲਾ ਚੌਥ** :

ਭਾਦਰੋਂ ਦੇ ਚਾਨਣ ਪੱਖ ਦੀ ਚੌਥ, ਜਿਸਨੂੰ 'ਗਣੇਸ਼ ਚੌਥ' ਵੀ ਕਹਿੰਦੇ ਹਨ। ਇਸ ਤਿੱਥ ਨੂੰ ਨਵਾਂ ਚੰਨ ਵੇਖਣਾ ਅਸ਼ੁਭ ਹੁੰਦਾ ਹੈ, ਵੇਖਣ ਵਾਲੇ ਸਿਰ ਝੂਠੀ ਤੁਹਮਤ ਲਗਦੀ ਹੈ।

ਪੁਰਾਣਾਂ ਵਿਚ ਲਿਖਿਆ ਹੈ ਕਿ ਕ੍ਰਿਸ਼ਨ ਨੇ ਢੇਲਾ ਚੌਥ ਨੂੰ ਚੰਨ ਤਕਿਆ ਸੀ ਤੇ ਉਸ ਉਤੇ ਪ੍ਰਸੇਨ ਨੂੰ ਮਾਰ ਕੇ ਸਯਮੰਤਕ ਮਣੀ ਖੋਹ ਲੈਣ ਦੀ ਝੂਠੀ ਤੁਹਮਤ ਲਗੀ ਸੀ। ਮਗਰੋਂ ਕ੍ਰਿਸ਼ਨ ਨੇ ਜਾਂਬਵਤ ਤੋਂ ਇਹ ਮਣੀ ਪ੍ਰਾਪਤ ਕਰਕੇ ਸਤ੍ਰਾਜਿਤ ਨੂੰ ਦਿਤੀ ਤੇ ਆਪਣਾ ਆਪ ਨਿਰਦੋਸ਼ ਹੋਣਾ ਸਿਧ ਕੀਤਾ। ਜੇ ਕਿਸੇ ਨੇ ਇਸ ਤਿਥ ਨੂੰ ਗ਼ਲਤੀ ਨਾਲ ਨਵਾਂ ਚੰਨ ਵੇਖ ਲਿਆ ਹੋਵੇ ਤਾਂ ਗੁਆਂਢੀਆਂ ਦੇ ਘਰਾਂ ਵਿਚ ਰਾਤ ਨੂੰ ਪਥਰ ਮਾਰ ਕੇ ਗਾਲ੍ਹਾਂ ਖਾਧੀਆਂ ਜਾਣ ਤਾਂ ਫਿਰ ਤੁਹਮਤ ਨਹੀਂ ਲਗਦੀ। ਇਸੇ ਲਈ ਇਸ ਚਤੁਰਥੀ ਨੂੰ ਰਾਤ ਵੇਲੇ ਹਿੰਦੂ ਆਪਣੇ ਕੋਠਿਆਂ ਉਤੇ ਚੜ੍ਹ ਕੇ ਦੂਜਿਆਂ ਦੇ ਘਰਾਂ ਵਿਚ ਢੇਲੇ ਮਾਰਦੇ ਹਨ ਤੇ ਝੂਠੀ ਲੜਾਈ ਲੜਦੇ ਤੇ ਇਕ ਦੂਜੇ ਨੂੰ ਗਾਲ੍ਹਾਂ ਕਢਦੇ ਹਨ। ਇਸੇ ਤੋਂ ਇਸ ਦੀ ਸੰਗਿਆ 'ਢੇਲਾ ਚੌਥ' ਪੈ ਗਿਆ।

(ਢ-30) **ਢੋਲ** :

ਪੰਜਾਬ ਦਾ ਇਕ ਪ੍ਰਸਿਧ ਲੋਕ ਸਾਜ਼ ਜੋ ਖ਼ੁਸ਼ੀ ਦੇ ਅਵਸਰ ਉਤੇ ਵਜਾਇਆ ਜਾਂਦਾ ਹੈ। ਪੰਜਾਬੀਆਂ ਦਾ ਇਹ ਸਭ ਤੋਂ ਪੁਰਾਣਾ ਸਾਜ਼ ਹੈ ਤੇ ਇਸ ਦਾ ਮੁੱਢ ਹੜੱਪਾ ਸੰਸਕ੍ਰਿਤੀ ਨਾਲ ਜਾ ਜੁੜਦਾ ਹੈ। ਪੰਜਾਬੀਆਂ ਦੇ ਮਨੋਭਾਵ ਢੋਲ ਨਾਲ ਅਜਿਹੇ ਇਕ ਸੁਰ ਹੋ ਗਏ ਹਨ ਕਿ ਢੋਲ ਦੀ ਧੁਨੀ ਸੁਣਦਿਆਂ ਸਾਰ ਉਨ੍ਹਾਂ ਦਾ ਅੰਦਰਲਾ ਖ਼ੁਸ਼ੀ ਵਿਚ ਨੱਚਣ ਲਗ ਪੈਂਦਾ ਹੈ ਤੇ ਪੈਰ ਤਾਲ ਵਿਚ ਥਰਕਣ ਲਗਦੇ ਹਨ।

ਢੋਲ ਲਕੜੀ ਦਾ ਗੋਲ ਜਿਹਾ ਖੋਖੇ ਵਾਂਗ ਹੁੰਦਾ ਹੈ— ਅੰਦਰੋਂ ਖ਼ਾਲੀ ਤੇ ਦੋਹਾਂ ਪਾਸਿਆਂ ਤੋਂ ਚੰਮ ਨਾਲ ਮੜ੍ਹਿਆ

## (ਤ-1) ਤਸ਼ਹੁੱਦ :

ਮੁਸਲਮਾਨਾਂ ਵਿਚ ਨਿਮਾਜ਼ ਦੇ ਅੰਤ ਵਿਚ, ਪੜ੍ਹਿਆ ਜਾਣ ਵਾਲਾ ਇਕ ਕਲਮਾ, ਜਿਸ ਵਿਚ ਉਹ ਅੱਲ੍ਹਾ ਨੂੰ ਵਾਹਿਦ ਮੰਨਦੇ ਹਨ ਤੇ ਹਜ਼ਰਤ ਮੁਹੰਮਦ ਨੂੰ, ਉਨ੍ਹਾਂ ਦਾ ਰਸੂਲ। ਇਹ ਕਲਮਾ ਮੁਸਲਮਾਨੀ ਅਕੀਦੇ ਦਾ ਥੰਮ੍ਹ ਹੈ।

## (ਤ-2) ਤਸਟਾ :

ਤਾਂਬੇ ਦਾ ਇਕ ਚੌੜਾ ਤੇ ਡੂੰਘਾ ਭਾਂਡਾ, ਜਿਸ ਵਿਚ ਹਿੰਦੂ ਪੁਜਾਰੀ ਠਾਕਰਾਂ ਅਥਵਾ ਮੂਰਤੀਆਂ ਨੂੰ ਕੱਚੀ ਲੱਸੀ ਨਾਲ ਇਸ਼ਨਾਨ ਕਰਾਉਂਦੇ ਹਨ।

## (ਤ-3) ਤਸਬੀਹ :

ਮਾਲਾ ਜੋ ਮੁਸਲਮਾਨ ਪੀਰ ਫ਼ਕੀਰ ਤੇ ਸੂਫ਼ੀ ਸੰਤ ਅੱਲ੍ਹਾ ਦੇ ਨਾਂ ਦੇ ਜਾਪ ਲਈ ਵਰਤਦੇ ਹਨ। ਇਸ ਮਾਲਾ ਦੇ ਮਣਕੇ ਮੋਟੇ ਹੁੰਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਮੁਖੀ-ਮਣਕੇ ਜਿਨ੍ਹਾਂ ਨੂੰ ਇਮਾਮ ਕਿਹਾ ਜਾਂਦਾ ਹੈ, ਸਮੇਤ ਇਕ ਸੌ ਇਕ ਹੁੰਦੀ ਹੈ। ਕਈ ਮੁਸਲਮਾਨ ਫ਼ਕੀਰ ਇਮਾਮ ਸਮੇਤ ਮਣਕਿਆਂ ਦੀ ਪ੍ਰਵਾਨਿਤ ਗਿਣਤੀ ਇਕ ਸੌ ਮੰਨਦੇ ਹਨ। ਪੀਰ ਫ਼ਕੀਰ ਤੱਸਬੀ ਨੂੰ ਆਮ ਤੌਰ ਉਤੇ ਗਲ ਵਿਚ ਪਹਿਨਦੇ ਹਨ। ਜਦੋਂ ਅੱਲ੍ਹਾ ਦਾ ਨਾਮ ਜਪਣਾ ਹੋਵੇ, ਗਲ ਵਿਚੋਂ ਉਤਾਰ ਕੇ, ਮਣਕੇ ਫੇਰਦੇ ਹੋਏ ਜਾਪ ਕਰਦੇ ਹਨ।

ਤਸਬੀਹ ਅਰਬੀ ਦੇ ਸ਼ਬਦ 'ਸਬਹ' ਅਥਵਾ ਸੁਬਹਾਨ ਤੋਂ ਬਣਿਆ ਹੈ, ਜਿਸ ਦੇ ਅਰਥ ਹਨ ਪਵਿਤ੍ਰ ਵਸਤੂ ਦਾ ਜਾਪ ਕਰਨਾ। ਤਸਬੀਹ ਦੇ ਸ਼ਾਬਦਿਕ ਅਰਥ 'ਸੁਬਹਾਨ ਅਲਾਹ' ਵੀ ਕੀਤੇ ਜਾਂਦੇ ਹਨ। ਭਾਵ ਹੈ ਅੱਲਾ ਪਵਿਤ੍ਰ ਹੈ। ਕਈ ਵਾਰ ਤਸਬੀਹ ਤੋਂ ਕੇਵਲ ਇਸੇ ਸ਼ਬਦ ਦਾ ਜਾਪ ਕੀਤਾ ਜਾਂਦਾ ਹੈ।

ਤਸਬੀਹ ਦੁਆਰਾ, ਮੁਸਲਮਾਨ, ਆਮ ਤੌਰ ਉਤੇ

ਅੱਲ੍ਹਾ ਦੇ ਇਕ ਸੌ ਗੁਣਵਾਚਕ ਨਾਮ ਹਨ ਤੇ ਉਹ ਹਰੇ
ਸਿਫ਼ਾਤੀ ਨਾਮ ਦਾ ਉਚਾਰਨ ਕਰਦੇ ਹੋਏ ਮਣਕੇ ਫੇਰਦੇ ਜਾ
ਹਨ (ਵੇਖੋ : ਸਿਫ਼ਾਤੀ ਨਾਮ)। ਕਈ ਵਾਰ ਉਹ ਕੁਰਾਨ
ਕਿਸੇ ਕਲਾਮ ਦਾ ਜਾਪ ਤਸਬੀਹ ਦੁਆਰਾ ਕਰਦੇ ਹਨ
ਹਰ ਮਣਕੇ ਨੂੰ ਫੇਰਦੇ ਹੋਏ ਪੂਰਾ ਕਲਾਮ ਪੜ੍ਹਦੇ ਹਨ
ਇਸ ਕਲਾਮ ਨੂੰ 'ਤਸਬੀਹ ਕਲਾਮ' ਕਿਹਾ ਜਾਂਦਾ ਹੈ
ਇਹ ਕਲਾਮ ਇੱਛਾ ਤੇ ਚਾਹਤ ਅਨੁਸਾਰ ਵਖੋ-ਵਖ
ਹੁੰਦਾ ਹੈ।

ਮੁਸਲਮਾਨਾਂ ਵਿਚ ਤੱਸਬੀ ਦਾ ਰਿਵਾਜ ਬੋਧੀ ਭਿਖਸ਼ੂ
ਦੇ ਪ੍ਰਭਾਵ ਹੇਠ ਪਿਆ। ਹਜ਼ਰਤ ਮੁਹੰਮਦ ਸਾਹਿਬ
ਖ਼ਲੀਫ਼ਿਆਂ ਦੇ ਵੇਲੇ ਤੱਸਬੀ ਨਹੀਂ ਸੀ ਫੇਰੀ ਜਾਂਦੀ
ਵਾਹਬੀ ਮੁਸਲਮਾਨ, ਜੋ ਆਪਣੇ ਆਪ ਨੂੰ ਕੱਟੜ ਮੁਸਲਮਾ
ਸਮਝਦੇ ਹਨ, ਤੱਸਬੀ ਨਹੀਂ ਵਰਤਦੇ ਤੇ ਉਂਗਲਾਂ ਉਤੇ
ਜਾਪ ਕਰ ਲੈਂਦੇ ਹਨ। ਮੁੱਢ ਵਿਚ ਸੂਫ਼ੀ ਫ਼ਕੀਰਾਂ ਨੇ
ਤੱਸਬੀ ਦਾ ਪ੍ਰਚਾਰ ਕੀਤਾ, ਪਰ ਪਿਛੋਂ ਸੂਫ਼ੀ ਫ਼ਕੀ
ਤੱਸਬੀ ਪਖੰਡ ਨੂੰ ਹਉਮੈ ਦਾ ਰੂਪ ਸਮਝ ਕੇ ਉਸ ਦੇ ਵਿਰ੍ਹ
ਹੋ ਗਏ।

## (ਤ-4) ਤਸਲੀਮ :

ਸਲਾਮ ਅਥਵਾ ਪ੍ਰਨਾਮ ਕਰਨ ਦੀ ਇਕ ਵਿਧੀ,
ਮੁਸਲਮਾਨਾਂ ਵਿਚ ਪ੍ਰਚਲਤ ਹੈ। ਮੁਗ਼ਲ ਬਾਦਸ਼ਾਹਾਂ ਸ
ਬਾਦਸ਼ਾਹ ਨੂੰ ਸਲਾਮ ਕਰਨ ਦੀ ਇਹੋ ਵਿਧੀ ਪ੍ਰਚਲਤ ਸੀ
ਦਰਬਾਰ ਵਿਚ ਹਾਜ਼ਰ ਹੁੰਦਿਆਂ ਸਾਰ, ਪਹਿਲਾਂ ਬਾਦਸ਼ਾਹ
ਤਸਲੀਮ ਕੀਤੀ ਜਾਂਦੀ। ਤਸਲੀਮ ਕਰਨ ਲਗਿਆ
ਤਸਲੀਮ ਕਰਨ ਵਾਲਾ ਸ਼ਖ਼ਸ ਜ਼ਿਮੀਂ ਉਤੇ ਝੁਕ ਕੇ ਸੱ
ਹੱਥ ਦਾ ਪਿਛਲਾ ਪਾਸਾ ਜ਼ਿਮੀਂ ਨਾਲ ਛੂਹੇਂਦਾ ਤੇ
ਹੌਲੀ ਹੌਲੀ ਉਦੋਂ ਤਕ ਉੱਚਾ ਚੁਕਦਾ ਜਾਂਦਾ, ਜਦੋਂ
ਉਹ ਸਿੱਧਾ ਖੜਾ ਨਾ ਹੋ ਜਾਵੇ। ਸਿੱਧਾ ਖੜਾ ਹੋ ਕੇ

ਲਗਾਉਂਦੇ ਹਨ। ਅਕਬਰ ਦੇ ਰਾਜ ਸਮੇਂ ਤਿੰਨ ਵਾਰ ਤਸਲੀਮ ਕਰਨ ਦਾ ਹੁਕਮ ਸੀ। ਔਰੰਗਜ਼ੇਬ ਦੇ ਸਮੇਂ ਤਸਲੀਮ ਦੀ ਥਾਂ 'ਸਲਾਮ ਅਲੈਕਮ' ਨੇ ਲੈ ਲਈ।

(ਤ-5) **ਤਸਵੀਰੇ ਇਸ਼ਕ** :

ਪੰਜਾਬ ਦੀਆਂ ਲੋਕ-ਕਹਾਣੀਆਂ ਦੀ ਇਕ ਪ੍ਰਸਿਧ ਕਥਾਨਿਕ ਰੂੜ੍ਹੀ; ਨਾਇਕਾ ਨਾਇਕ ਦੀ ਤਸਵੀਰ ਵੇਖ ਕੇ ਮੋਹਿਤ ਹੋ ਜਾਂਦੀ ਹੈ ਤੇ ਫਿਰ ਉਸ ਨੂੰ ਪ੍ਰਾਪਤ ਕਰਨ ਦੇ ਯਤਨ ਵਿਚ ਮੁਸੀਬਤ ਝਾਗਦੀ ਹੈ। 'ਸੱਸੀ ਪੁੰਨੂੰ' ਦੀ ਦੰਦ-ਕਥਾ ਵਿਚ ਸੱਸੀ ਨੇ ਪਹਿਲੀ ਵਾਰ ਪੁੰਨੂੰ ਦੀ ਤਸਵੀਰ ਹੀ ਵੇਖੀ ਸੀ।

ਪੁੰਨੂੰ ਦੀਏ ਮੂਰਤੇ,
ਤੂੰ ਮੂੰਹੋਂ ਕਿਉਂ ਨਹੀਂ ਬੋਲਦੀ।

ਲੋਕ ਕਹਾਣੀਆ ਵਿਚ ਦੀ ਇਹ ਕਥਾ-ਰੂੜ੍ਹੀ ਕਈ ਰੰਗਾਂ ਵਿਚ ਇਕ ਹੋਰ ਲੋਕ-ਕਹਾਣੀ ਦੇ ਰੂਪ ਵਿਚ ਬੜੀ ਪ੍ਰਚਲਤ ਹੈ।

(ਤ-6) **ਤਸੀਹਾ** :

ਇਕ ਤਰ੍ਹਾਂ ਦਾ ਟੂਣਾ, ਜਿਸ ਵਿਚ ਦੁਸ਼ਮਣ ਦਾ ਪੁਤਲਾ ਬਣਾ ਕੇ, ਮੰਤ੍ਰ ਪੜ੍ਹਦਿਆਂ, ਉਸ ਨੂੰ ਕਈ ਤਰ੍ਹਾਂ ਦੇ ਤਸੀਹੇ ਦਿਤੇ ਜਾਂਦੇ ਹਨ। ਕਦੇ ਪੁਤਲੇ ਵਿਚ ਸੂਈਆਂ ਚੋਭੀਆਂ ਜਾਂਦੀਆਂ ਹਨ ਕਦੇ ਉਸ ਉਤੇ ਤੱਪਦਾ ਤੇਲ ਸੁਟਿਆ ਜਾਂਦਾ ਤੇ ਕਦੇ ਉਸ ਦਾ ਕੋਈ ਅੰਗ ਭੰਗ ਕਰ ਦਿਤਾ ਜਾਂਦਾ ਹੈ। ਇਸ ਤਰ੍ਹਾਂ ਪੁਤਲੇ ਨੂੰ ਜੋ ਤਸੀਹੇ ਦਿਤੇ ਜਾਂਦੇ, ਧਾਰਨਾ ਅਨੁਸਾਰ, ਉਹ ਸਾਰੇ ਉਸ ਸਖਸ ਨੂੰ ਪਹੁੰਚਦੇ ਜਿਸ ਦਾ ਕਿ ਉਹ ਪੁਤਲਾ ਹੁੰਦਾ ਹੈ। ਇਹ ਟੂਣਾ ਲਾਗਵੇਂ ਟੂਣੇ ਦੇ ਸਿਧਾਂਤ ਉਤੇ ਅਧਾਰਤ ਹੈ ਜਿਸ ਵਿਚ ਅਨੁਰੂਪ ਤੋਂ ਅਨੁਰੂਪ ਤਕ ਪਹੁੰਚਿਆ ਜਾਂਦਾ ਹੈ।

(ਤ-7) **ਤਹਿਤੋਬ ਪਰਾਉਂਠਾ** :

ਆਟੇ ਦਾ ਬਣਿਆ ਇਕ ਖ਼ਾਸ ਤਰ੍ਹਾਂ ਦਾ ਪਰਾਉਂਠਾ, ਜਿਸ ਵਿਚ ਗੁੱਧੇ ਆਟੇ ਨੂੰ ਵਲ ਦੇ ਕੇ ਤੇ ਉਸ ਵਿਚ ਘਿਉ ਪਾ ਕੇ ਜਲੇਬੀ ਦੀ ਸਕਲ ਦਾ ਪੇੜਾ ਬਣਾਇਆ ਜਾਂਦਾ ਹੈ। ਇਸ ਪੇੜੇ ਨੂੰ ਚਕਲੇ ਉਤੇ ਵੇਲ ਕੇ ਤਵੇ ਉਤੇ ਪਕਾਇਆ ਜਾਂਦਾ ਹੈ। ਪੱਕਣ ਉਤੇ ਇਸ ਦੀਆਂ ਕਈ ਤਹਿਆਂ ਵਖੋ ਵਖ ਦਿਸਦੀਆਂ ਹਨ। ਇਹ ਬੜਾ ਨਰਮ ਤੇ ਖਾਣ

(ਤ-8) **ਤਹਿਮਤ** :

ਚਾਦਰਾ ਜਾਂ ਲੂੰਗੀ, ਜੋ ਲੱਕ-ਦੁਆਲੇ ਬੰਨ੍ਹੀ ਜਾਂਦੀ ਹੈ। ਤਹਿਮਤ ਮੁਸਲਮਾਨਾਂ ਦੇ ਪਹਿਰਾਵੇ ਦਾ ਅੰਗ ਰਹੀ ਹੈ। ਪੜ੍ਹੇ ਲਿਖੇ ਲੋਕਾਂ ਨੇ ਭਾਵੇਂ ਤਹਿਮਤ ਨੂੰ ਤਿਆਗ ਦਿਤਾ ਹੈ, ਪਰ ਪਿੰਡਾਂ ਵਿਚ ਇਸ ਦਾ ਰਿਵਾਜ ਆਮ ਹੈ। ਵਾਹੀ ਖੇਤੀ ਕਰਨ ਵਾਲੇ ਕਿਸਾਨ ਆਮ ਤੋਰ ਤੇ ਤਹਿਮਤ ਹੀ ਬੰਨ੍ਹਦੇ ਹਨ। ਕੰਮੀਆਂ ਕਮੀਣਾਂ ਵਿਚ, ਮਰਦਾਂ ਤ੍ਰੀਮਤਾਂ ਦੋਹਾਂ ਵਿਚ, ਤਹਿਮਤ ਬੰਨ੍ਹਣ ਦਾ ਰਵਾਜ ਹੈ।

(ਤ-9) **ਤਹੂਰ (ਸ਼ਰਾਬ)** :

ਇਕ ਖ਼ਾਸ ਤਰ੍ਹਾਂ ਦੀ ਸ਼ਰਾਬ, ਜੋ ਮੁਸਲਮਾਨਾਂ ਦੇ ਅਕੀਦੇ ਅਨੁਸਾਰ ਨੇਕ ਮੋਮਨਾਂ ਨੂੰ ਬਹਿਸ਼ਤ ਵਿਚ ਹੂਰਾਂ ਪਿਲਾਣਗੀਆਂ। 'ਸ਼ਰਾਬ ਤਹੂਰ' ਪੀ ਕੇ ਜੰਨਤ ਦਾ ਅਨੰਦ ਭੋਗਣ ਵਿਚ ਅਲੌਕਿਕ ਹੈ।

(ਤ-10) **ਤਹੋੜ** :

ਮੁਜ਼ਫਰਗੜ੍ਹ ਦੇ ਜ਼ਿਲੇ ਵਿਚ ਸੁੰਨਤਾਂ ਦੀ ਰੀਤ ਨੂੰ 'ਤਹੋੜ' ਕਹਿੰਦੇ ਹਨ, ਜੋ ਅਰਬੀ ਸ਼ਬਦ 'ਤਹੂੜ' ਤੋਂ ਬਣਿਆ ਹੈ ਤੇ ਜਿਸ ਦੇ ਅਰਥ ਹਨ : ਸ਼ੁੱਧੀ। ਮੁਜ਼ਫਰਗੜ੍ਹ ਵਿਚ ਇਹ ਰਸਮ ਬੱਚੇ ਦੇ ਜਨਮ ਮਗਰੋਂ, ਤਿੰਨ ਮਹੀਨੇ ਤੋਂ ਦਸਵੇਂ ਸਾਲ ਤਕ ਕਿਸੇ ਵੇਲੇ ਵੀ ਕੀਤੀ ਜਾ ਸਕਦੀ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਤਹੋੜ ਦੀ ਰੀਤ ਪਿਛੋਂ ਬੱਚੇ ਉਤੇ ਜਿੰਨ ਜਾਂ ਬਦ-ਰੂਹਾਂ ਦੇ ਹੱਲੇ ਦਾ ਡਰ ਘਟ ਜਾਂਦਾ ਹੈ। ਇਸ ਕਰ ਕੇ, ਲੋਕੀਂ ਇਹ ਰੀਤ ਛੇਤੀ ਕਰ ਲੈਂਦੇ ਹਨ। ਅਮੀਰ ਘਰਾਣਿਆਂ ਵਿਚ, ਇਹ ਰਸਮ ਧੂੰਮ-ਧਾਮ ਨਾਲ, ਵਿਆਹ ਵਾਂਗ ਹੀ, ਖੁਲ੍ਹਾ ਖ਼ਰਚ ਕਰ ਕੇ ਕੀਤੀ ਜਾਂਦੀ ਹੈ ਅਤੇ ਉਹ ਇਸ ਨੂੰ 'ਨਿੱਕਾ ਵਿਆਹ' ਦਾ ਦਰਜਾ ਦਿੰਦੇ ਹਨ।

ਸੁੰਨਤਾਂ ਨਾਈ ਤੋਂ ਨਹੀਂ ਕਰਵਾਈਆਂ ਜਾਂਦੀਆਂ। ਇਹ ਪਿਰਹੈਣ ਜਾਤੀ ਦੇ ਕਿਸੇ ਫਕੀਰ ਤੋਂ ਕਰਵਾਈਆਂ ਜਾਂਦੀਆਂ ਹਨ। ਪਿਰਹੈਣ ਦਾ ਇਹੋ ਧੰਦਾ ਹੈ। ਇਸ ਜਾਤੀ ਦਾ ਨਾਂ ਪਿਰਹੈਣ ਪੈਣ ਪਿਛੇ ਵੀ ਇਕ ਕਥਾ ਹੈ। ਕਹਿੰਦੇ ਹਨ ਇਨ੍ਹਾਂ ਦੇ ਵਡਿਕੇ ਸ਼ੇਖ਼ ਨੂੰ, ਪੈਗੰਬਰ ਨੇ ਆਪਣਾ ਚੋਲਾ ਅਥਵਾ ਪੈਰਹੈਣ ਬਖਸ਼ੀਸ਼ ਵਜੋਂ ਦਿਤਾ ਸੀ। ਜਦੋਂ ਨਾਈ ਨੇ ਇਕ ਨਵੇਂ ਬਣੇ ਮੁਸਲਮਾਨ ਦੀਆਂ ਸੁੰਨਤਾਂ

(ਤ-11) **ਤਕਸ਼ਕ** :

1. ਨਾਗਾਂ ਦਾ ਰਾਜਾ ਜੋ ਕਦਰੂ ਦੀ ਕੁੱਖ ਤੋਂ ਪੈਦਾ ਹੋਇਆ । ਕਦਰੂ ਦਕਸ਼ ਦੀ ਪੁੱਤਰੀ ਤੇ ਕਸ਼ਯਪ ਦੀਆਂ ਤੇਰ੍ਹਾਂ ਪਤਨੀਆਂ ਵਿਚੋਂ ਇਕ ਸੀ । ਇਸੇ ਨੇ ਕਈ ਸ਼ਕਤੀਸ਼ਾਲੀ ਨਾਗਾਂ—ਸ਼ੇਸ਼ ਨਾਗ, ਵਾਸੁਕੀ ਤੇ ਤਕਸ਼ਕ ਆਦਿ ਨੂੰ ਜਨਮ ਦਿਤਾ ।

ਤਕਸ਼ਕ ਨੇ ਜਨਮੇਜਯ ਦੇ ਪਿਤਾ ਰਾਜਾ ਪਰੀਖਸ਼ਿਤ ਨੂੰ ਡਸਿਆ ਸੀ । ਪਰੀਖਸ਼ਿਤ ਨੂੰ ਜੋਤਸ਼ੀਆਂ ਨੇ ਪਹਿਲੋਂ ਹੀ ਜਾਣੂੰ ਕਰਵਾ ਦਿਤਾ ਸੀ ਕਿ ਉਸ ਦੀ ਮੌਤ ਸੱਪ ਦੇ ਡਸਣ ਨਾਲ ਹੋਵੇਗੀ । ਬਚਾਉ ਲਈ ਜਨਮੇਜਯ ਨੇ ਆਪਣਾ ਧੌਲਰ ਦਰਿਆ ਵਿਚਲੇ ਇਕ ਟਿਲੇ ਉਤੇ ਅਜਿਹੀ ਥਾਂ ਬਣਾਇਆ ਸੀ, ਜਿਥੇ ਸੱਪ ਨਹੀਂ ਸੀ ਪਹੁੰਚ ਸਕਦਾ । ਜਦੋਂ ਮੌਤ ਦੀ ਘੜੀ ਆਈ ਤਾਂ ਤਕਸ਼ਕ ਫੁੱਲਾਂ ਦੀ ਖਾਰੀ ਵਿਚ ਛੁਪ ਕੇ ਧੌਲਰ ਵਿਚ ਜਾ ਪਹੁੰਚਿਆ ਤੇ ਪਰੀਖਸ਼ਿਤ ਨੂੰ ਡੰਗ ਦਿਤਾ ।

ਜਨਮੇਜਯ ਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ, ਸਪੋਦੋਂ ਦੇ ਮੁਕਾਮ ਉਤੇ, ਇਕ ਵਡਾ ਸਾਰਾ ਯੱਗ ਕੀਤਾ । ਇਸ ਵਿਚ ਉਸ ਨੇ ਸੱਪਾਂ ਦੀਆਂ ਅਨੇਕਾਂ ਕੁੱਲਾਂ ਦਾ ਨਾਸ ਕੀਤਾ ।

2. ਖਤਰੀਆਂ ਦੀ ਇਕ ਗੋਤ ਦਾ ਨਾਂ ਵੀ ਤਕਸ਼ਕ ਹੈ ।

3. ਵਿਸ਼ਵਕਰਮਾ ਦੀ ਇਕ ਉਪਾਧੀ । ਤਕਸ਼ਕ ਦੇ ਸ਼ਾਬਦਿਕ ਅਰਥ ਹਨ : ਉਹ ਸ਼ਖ਼ਸ ਜੋ ਕਿਸੇ ਚੀਜ਼ ਨੂੰ ਕਟੇ, ਭਾਵ ਤਰਖਾਣ; ਇਸ ਤੋਂ ਵਿਸ਼ਵਕਰਮਾ ਦਾ ਨਾਂ ਵੀ ਤਖਸ਼ਕ ਪੈ ਗਿਆ ।

(ਤ-12) **ਤਕਬੀਰ ਦਾ ਨਾਹਰਾ** :

ਮੁਸਲਮਾਨਾਂ ਵਿਚ ਪ੍ਰਚਲਤ ਇਕ ਜੈਕਾਰਾ; ਮੁਸਲਮਾਨ ਜੋਸ਼ ਵਿਚ ਆ ਕੇ ਜਾਂ ਫਿਰ ਯੁੱਧ ਤੇ ਜਹਾਦ ਵੇਲੇ ਇਹ ਨਾਹਰਾ ਲਗਾਂਦੇ ਹਨ :

ਨਾਰਾ ਏ ਤਕਬੀਰ, ਅੱਲਾ ਹੂ ਅਕਬਰ

ਅੱਲਾ ਹੂ ਅਕਬਰ ਦਾ ਭਾਵ ਹੈ ਰੱਬ ਵੱਡਾ ਹੈ । ਇਸ ਨੂੰ 'ਤਕਬੀਰ ਪੜ੍ਹਨਾ' ਵੀ ਕਹਿੰਦੇ ਹਨ ।

ਮੁਸਲਮਾਨ ਜਦੋਂ ਕਿਸੇ ਪਸ਼ੂ—ਕੁੱਕੜ ਬਕਰੇ ਆਦਿ ਨੂੰ ਹਲਾਲ ਕਰਨ ਲਈ ਉਸ ਦੇ ਗਲ ਵਿਚ ਛੁਰੀ ਫੇਰਦੇ ਹਨ ਤਾਂ ਪਹਿਲਾਂ ਤਕਬੀਰ ਪੜ੍ਹਦੇ ਅਥਵਾ 'ਅੱਲਾ ਹੂ ਅਕਬਰ' ਕਹਿੰਦੇ ਹਨ, ਤਕਬੀਰ ਪੜ੍ਹੇ ਬਿਨਾਂ ਬਕਰਾ ਆਦਿ ਹਲਾਲ ਨਹੀਂ ਬਣਦਾ । ਤਕਬੀਰ ਕਈ ਹੋਰ ਮੌਕਿਆਂ ਉਤੇ ਵੀ ਪੜ੍ਹੀ

(ਤ-13) **ਤਕੀਆ** :

ਪਿੰਡ ਵਿਚ ਮੁਸਲਮਾਨ ਫਕੀਰਾਂ ਦਾ ਉਹ ਡੇਰਾ, ਜਿਥੇ ਪਿੰਡ ਵਿਚੋਂ ਲੰਘਦੇ ਮੁਸਾਫਰ ਜਾਂ ਫ਼ਕੀਰ ਬਿਸਰਾਮ ਕਰਦੇ ਹਨ । ਆਮ ਤੌਰ ਉਤੇ ਤਕੀਆ ਕਿਸੇ ਮਸਜਦ ਦੇ ਲਾਗੇ ਹੁੰਦਾ ਹੈ ਅਤੇ ਇਥੇ ਲੋਕਾਂ ਦੀ ਆਵਾਜਾਈ ਰਹਿਣ ਕਰ ਕੇ ਰੌਣਕ ਬਣੀ ਰਹਿੰਦੀ ਹੈ । ਤਕੀਏ ਦੇ ਨੇੜੇ ਆਮ ਤੌਰ ਉਤੇ ਬੋਹੜ ਜਾਂ ਕੋਈ ਹੋਰ ਵਡਾ ਬ੍ਰਿਛ ਹੁੰਦਾ ਹੈ, ਜਿਸ ਦੀ ਛਾਂ ਵਿਚ ਲੋਕੀਂ ਬੈਠ ਕੇ ਗੱਪਾਂ ਮਾਰਦੇ, ਚੌਪੜ ਖੇਡਦੇ ਤੇ ਆਏ ਗਏ ਕਵੀਸ਼ਰਾਂ ਤੋਂ ਕਵੀਸ਼ਰੀ ਸੁਣਦੇ ਹਨ । ਇਥੇ ਹੀ ਇਕ ਧੂਣੀ ਹੁੱਕਾ ਸੁਲਗਾਣ ਲਈ ਹਮੇਸ਼ਾਂ ਧੁਖਦੀ ਰਹਿੰਦੀ ਹੈ ਤੇ ਲੰਘਦੇ ਮੁਸਾਫਰ ਘੁਟ ਭਰ ਜਾਂਦੇ ਹਨ ।

ਕਈ ਤਕੀਏ ਤਾਂ ਸਮੇਂ ਨਾਲ ਸੰਸਥਾ ਦਾ ਰੂਪ ਧਾਰ ਗਏ ਹਨ ।

(ਤ-14) **ਤਖ਼ਤ ਸੁਲੇਮਾਨੀ** :

ਹਜ਼ਰਤ ਸੁਲੇਮਾਨ ਦਾ ਤਖ਼ਤ, ਜਿਸ ਉਪਰ ਬੈਠ ਕੇ ਉਹ ਹਵਾ ਵਿਚ ਉਡਿਆ ਕਰਦੇ ਤੇ ਇੱਛਾ ਅਨੁਸਾਰ ਜਿਥੇ ਚਾਹੁੰਦੇ ਪਹੁੰਚ ਜਾਂਦੇ ਸਨ । ਇਸ ਤਖ਼ਤ ਨੂੰ ਚਾਰ ਜਿੰਨ, ਆਪਣੇ ਮੋਢੇ ਉਤੇ ਚੁਕ ਕੇ ਉਡਿਆ ਕਰਦੇ ਸਨ । ਸੁਲੇਮਾਨ ਦਾ ਜਿੰਨ ਤੇ ਪਰੀਆਂ ਦੀ ਦੁਨੀਆਂ ਉਤੇ ਪੂਰਾ ਅਧਿਕਾਰ ਸੀ ਅਤੇ ਉਹ ਪਸ਼ੂ-ਪੰਛੀਆਂ ਦੀ ਬੋਲੀ ਸਮਝਦਾ ਸੀ (**ਵੇਖੋ** : ਸੁਲੇਮਾਨ) ।

(ਤ-15) **ਤਖ਼ਤ ਹਜ਼ਾਰਾ** :

ਜ਼ਿਲਾ ਸ਼ਾਹਪੁਰ ਵਿਚ ਝਨਾਂ ਦਰਿਆ ਦੇ ਕੰਢੇ ਇਕ ਛੋਟਾ ਜਿਹਾ ਕਸਬਾ; ਹੀਰ ਦਾ ਆਸ਼ਕ ਧੀਦੋ ਇਥੋਂ ਦਾ ਹੀ ਰਹਿਣ ਵਾਲਾ ਸੀ । ਰਵਾਇਤ ਅਨੁਸਾਰ ਇਹ ਕਸਬਾ ਕਦੇ ਇਕ ਵਡਾ ਨਗਰ ਹੁੰਦਾ ਸੀ । ਚੰਗੇਰ ਨਗਰ ਤਖ਼ਤ ਹਜ਼ਾਰਾ ਸੀ ਕਿਉਂ ਜੋ ਇਹ ਇਕ ਹਜ਼ਾਰ ਏਕੜ ਜ਼ਮੀਨ ਉਤੇ ਫੈਲਿਆ ਹੋਇਆ ਸੀ (ਸ਼ਾਹਪੁਰ ਗਜ਼ਟੀਅਰ, ਪੰਨਾ 33) ਇਥੇ ਅਣਗਿਣਤ ਥੇਹਾਂ ਹਨ, ਜਿਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਨਗਰ ਕਦੇ ਪੰਜਾਬ ਦੇ ਵਡੇ ਨਗਰਾਂ ਵਿਚੋਂ ਇਕ ਸੀ ।

(ਤ-16) **ਤਖ਼ਤ ਚੜ੍ਹਨਾ** :

ਵਿਆਹ ਦੀ ਇਕ ਰੀਤ; ਸਿਆਲਕੋਟ ਦੇ ਇਲਾਕੇ ਵਿਚ ਲਾਵਾਂ ਪਿਛੋਂ ਦੂਲ੍ਹਾ ਤੇ ਦੁਲ੍ਹਨ ਨੂੰ ਵਖਰੇ ਕਮਰੇ ਵਿਚ ਬਿਠਾਇਆ ਜਾਂਦਾ ਹੈ । ਉਥੇ ਉਨ੍ਹਾਂ ਦੇ ਇਕ ਇਕ ਤਰੇ

ਦੋਹਾਂ ਦਾ ਇਕ ਦੂਜੇ ਪ੍ਰਤੀ ਪਿਆਰ ਤੇ ਵਫ਼ਾ ਪੱਥਰ ਵਾਂਙ ਅਟੁੱਟ ਤੇ ਮਜ਼ਬੂਤ ਹੋਵੇਗੀ। ਵੈਦਿਕ ਕਾਲ ਤੋਂ ਇਹ ਰੀਤ ਚਲੀ ਆ ਰਹੀ ਹੈ।

(ਤ-17) **ਤਖ਼ਤੀ** :

ਛੋਟੀ ਜਿਹੀ ਫੱਟੀ, ਜਿਸ ਉਤੇ ਤਵੀਤ ਲਿਖ ਕੇ ਗਲ ਵਿਚ ਪਹਿਨਦੇ ਹਨ। ਇਸ ਨੂੰ ਕਾਠੀ (ਲਕੜੀ) ਤਵੀਤ ਵੀ ਕਿਹਾ ਜਾਂਦਾ ਹੈ। ਧਾਰਨਾ ਹੈ ਕਿ ਕਾਠ ਉਤੇ ਲਿਖੇ ਤਵੀਤ ਦਾ ਅਸਰ ਬੜਾ ਛੇਤੀ ਹੁੰਦਾ ਹੈ।

(ਤ-18) **ਤਖ਼ੱਲੁਸ** :

ਕਵੀ ਦਾ ਆਪਣੀ ਰੁਚੀ ਅਨੁਸਾਰ ਖ਼ੁਦ ਪਸੰਦ ਕੀਤਾ ਨਾਉਂ, ਜੋ ਉਹ ਆਪਣੀਆਂ ਕਵਿਤਾਵਾਂ ਵਿਚ ਵਰਤਦਾ ਹੈ; ਉਪਨਾਮ। ਇਸੇ ਨਾਉਂ ਨਾਲ ਉਹ ਲੋਕਾਂ ਵਿਚ ਵਧੇਰੇ ਜਾਣਿਆ ਜਾਂਦਾ ਹੈ। ਤਖ਼ੱਲੁਸ ਦੀ ਪਰੰਪਰਾ ਫ਼ਾਰਸੀ-ਉਰਦੂ ਦੁਆਰਾ ਪੰਜਾਬੀ ਵਿਚ ਪ੍ਰਚਲਤ ਹੋਈ। ਅਜ ਕੱਲ ਤਖ਼ੱਲੁਸ ਦਾ ਰਵਾਜ ਘਟਦਾ ਜਾ ਰਿਹਾ ਹੈ ਕਿਉਂ ਜੋ ਕਵੀ ਆਪਣੀ ਕਵਿਤਾ ਵਿਚ ਹੁਣ ਆਪਣੇ ਨਾਉਂ ਦੀ ਛਾਪ ਨਹੀਂ ਲਗਾਉਂਦੇ। ਇਸ ਕਰਕੇ ਕੋਈ ਢੁਕਵੇਂ ਤਖ਼ੱਲੁਸ ਦੀ ਅਜਕਲ ਲੋੜ ਨਹੀਂ ਪੈਂਦੀ (ਵੇਖੋ : ਉਪਨਾਮ)।

(ਤ-19) **ਤੱਗ, ਤੱਗਾ** :

1. ਮੰਤ੍ਰਿਆ ਹੋਇਆ ਧਾਗਾ, ਜੋ ਚੰਦਰੀਆਂ ਰੂਹਾਂ ਤੋਂ ਰਖਿਆ ਲਈ, ਗਲ ਵਿਚ ਪਹਿਨਿਆ ਜਾਂਦਾ ਹੈ। ਧਾਗਾ ਪਹਿਨਣ ਦੀ ਜਾਦੂ ਰੀਤ, ਜਦੋਂ ਵੈਦਿਕ ਸੰਸਕ੍ਰਿਤੀ ਦਾ ਅੰਗ ਬਣ ਗਈ ਤਾਂ ਧਰਮ ਨੇ ਜਨੇਊ ਦੇ ਰੂਪ ਵਿਚ, ਇਸ ਨੂੰ ਗ੍ਰਹਿਣ ਕਰ ਲਿਆ। ਇਸ ਲਈ ਤੱਗ ਜਨੇਊ ਦੇ ਅਰਥਾਂ ਵਿਚ ਵੀ ਵਰਤਿਆ ਜਾਣ ਲਗਾ :

ਤਗੁ ਕਪਾਹਹੁ ਕਤੀਐ ਬਾਮਣ ਵਟੇ ਆਇ (ਮ: ੧, ਆਸਾ)

2. ਇਕ ਗਹਿਣਾ; ਬਰਾਤੀਆਂ ਦਾ ਹਾਰ ਜੋ ਗਲ ਵਿਚ ਪਹਿਨਿਆ ਜਾਂਦਾ ਹੈ।

(ਤ-20) **ਤੰਗਲੀ** :

ਆਕਾਸ਼ ਵਿਚ ਤਾਰਿਆਂ ਦਾ ਇਕ ਵਿਸ਼ੇਸ਼ ਸਮੂਹ; ਤੂੜੀ ਕਢਣ ਵਾਲੇ ਸੰਦ ਤੰਗਲੀ ਨਾਲ ਆਕਾਰ ਮਿਲਣ ਕਰ ਕੇ, ਇਸ ਤਾਰਾ-ਸਮੂਹ ਨੂੰ ਤੰਗਲੀ ਜਾਂ ਕੰਗੜ ਕਿਹਾ ਜਾਂਦਾ

(ਤ-21) **ਤੱਜਣਾ** :

ਹਿੰਦੂਆਂ ਦੀ ਇਕ ਰੀਤ; ਧਾਰਮਿਕ ਭਾਵਨਾ ਨਾਲ, ਕਿਸੇ ਵਸਤੂ ਜਾਂ ਲੋੜਾਂ ਦਾ ਹਮੇਸ਼ਾਂ ਲਈ ਤਿਆਗ ਕਰ ਦੇਣਾ; ਹਿੰਦੂ ਹਰਦੁਆਰ ਜਾ ਕੇ ਗੰਗਾ ਮਾਤਾ ਦੇ ਇਸਨਾਨ ਮਗਰੋਂ, ਕਿਸੇ ਇਕ ਚੀਜ਼ ਵਸਤ ਦੀ ਵਰਤੋਂ ਹਮੇਸ਼ਾਂ ਲਈ ਤੱਜ ਦੇਣ ਦਾ ਸੰਕਲਪ ਕਰਦੇ ਹਨ। ਇਹ ਸੰਕਲਪ ਗੰਗਾ-ਜਲ ਦੀ ਚੁੱਲੀ ਭਰ ਕੇ ਲਿਆ ਜਾਂਦਾ ਹੈ। ਜਿਵੇਂ ਕੋਈ ਸ਼ਰਧਾਲੂ ਕਿਸੇ ਸਬਜ਼ੀ ਫਲ ਜਾਂ ਦਾਲ ਅਥਵਾ ਮਾਸ ਮਛਲੀ, ਥੋਮ, ਪਿਆਜ਼ ਆਦਿ ਕਿਸੇ ਇਕ ਪਦਾਰਥ ਨੂੰ ਜੀਵਨ ਭਰ ਤੱਜ ਦੇਣ ਦੀ ਪ੍ਰਤਿਗਿਆ ਕਰਦਾ ਹੈ। ਮੁੱਢ ਵਿਚ ਇਹ ਰੀਤ ਦੇ ਕੋਈ ਸਦਾਚਾਰਕ ਅਰਥ ਸਨ ਅਤੇ ਹਰਦੁਆਰ ਜਾਂ ਕਾਸ਼ੀ ਆਦਿ ਤੀਰਥਾਂ ਉਤੇ ਗਏ ਯਾਤ੍ਰੀ, ਗੰਗਾ ਮਾਈ ਦੀ ਚੁਲੀ ਭਰ ਕੇ ਕਾਮਾਦਿਕ ਵਿਕਾਰਾਂ ਵਿਚੋਂ, ਕੋਈ ਇਕ ਤਿਆਗ ਦੇਂਦੇ, ਜਿਵੇਂ ਗੁੱਸਾ ਨਹੀਂ ਕਰਨਾ, ਝੂਠ ਨਹੀਂ ਬੋਲਣਾ ਆਦਿ। ਪਰ ਹੁਣ ਯਾਤ੍ਰੀ ਕੇਵਲ ਖਾਣ ਪੀਣ ਦੀ ਕੋਈ ਵਸਤੂ, ਜੋ ਪਹਿਲੋਂ ਹੀ ਉਨ੍ਹਾਂ ਨੂੰ ਘਟ-ਪਸੰਦ ਹੁੰਦੀ ਹੈ, ਉਹ ਤੱਜ ਕੇ ਰੀਤ ਪੂਰੀ ਕਰ ਆਉਂਦੇ ਹਨ।

(ਤ-22) **ਤਣੀ ਬੰਨ੍ਹਣੀ** :

ਵਿਆਹ ਦੀ ਇਕ ਰੀਤ; ਵਿਆਹ ਦੀ ਪੂਰਬ ਸੰਧਿਆ ਨੂੰ ਕੰਨਿਆਂ ਦੇ ਘਰ ਦੇ ਮੁੱਖ ਦੁਆਰ ਅਗੇ ਇਕ ਮੰਗਲ ਡੋਰੀ ਬੰਨ੍ਹੀ ਜਾਂਦੀ ਹੈ। ਜੇ ਇਹ ਵਰ ਦੇ ਛੂਹਣ ਤੋਂ ਪਹਿਲਾਂ ਟੁਟ ਜਾਵੇ ਤਾਂ ਇਸ ਨੂੰ ਬਦਸ਼ਗਨੀ ਸਮਝਿਆ ਜਾਂਦਾ ਹੈ। ਪੇਸ਼ਕਾਰੇ ਸਮੇਂ ਘੋੜੀ ਉਤੇ ਚੜ੍ਹਿਆ ਦੁਲ੍ਹਾ, ਇਸ ਡੋਰੀ ਨੂੰ ਛੂੰਹਦਾ ਹੈ। ਪੁਆਧ ਦੇ ਇਲਾਕੇ ਵਿਚ ਵਿਆਹ ਦੀ ਇਹ ਆਰੰਭਕ ਰਸਮ ਹੈ।

(ਤ-23) **ਤੰਤ੍ਰ** :

ਤਾਂਤ੍ਰਿਕ ਮਤ ਵਾਲਿਆਂ ਦੇ ਗ੍ਰੰਥ, ਜਿਨ੍ਹਾਂ ਵਿਚ ਸ਼ਕਤੀ ਦੀ ਉਪਾਸਨਾ ਦੇ ਨਾਲ ਨਾਲ ਜਾਦੂ-ਟੂਣੇ ਤੇ ਮੰਤ੍ਰਾਂ ਦੀ ਰਹੱਸਮਈ ਸ਼ਕਤੀ ਦਾ ਵਰਨਣ ਹੈ। ਇਨ੍ਹਾਂ ਗ੍ਰੰਥਾਂ ਦੀ ਗਿਣਤੀ 64 ਦੱਸੀ ਜਾਂਦੀ ਹੈ। ਇਨ੍ਹਾਂ ਦੀ ਰਚਨਾ ਸ਼ਿਵਜੀ ਨੇ ਕੀਤੀ। ਪਰ ਇਕ ਮਤ ਅਨੁਸਾਰ ਇਹ ਗ੍ਰੰਥ ਦੱਤਾਤ੍ਰੇਯ ਦੀ ਰਚਨਾ ਹਨ, ਜੋ ਹਿੰਦੂਆਂ ਦੀ ਤ੍ਰਿਮੂਰਤੀ - ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੇ ਅੰਸ਼ ਮਾਤਰ ਅਵਤਾਰ ਸਨ। ਇਸੇ ਲਈ ਹਿੰਦੂ ਇਨ੍ਹਾਂ ਗ੍ਰੰਥਾਂ ਨੂੰ ਬੜਾ ਪਵਿਤ੍ਰ ਮੰਨਦੇ ਹਨ।

ਨਕਸ਼ ਤੇ ਮੁਦਰਾ ਆਦਿ ਵਿਧੀਆਂ ਸ਼ਾਮਿਲ ਹਨ। ਤੰਤ੍ਰ, ਦੇਵਤੇ ਦੇ ਪੰਜਵੇਂ ਮੂੰਹ ਵਿਚੋਂ ਉਚਾਰੇ ਹੋਣ ਕਰਕੇ, ਗੁਪਤ ਮੰਨੇ ਜਾਂਦੇ ਹਨ। ਇਨ੍ਹਾਂ ਨੂੰ ਬੜੀ ਰਹੱਸਮਈ ਸ਼ੈਲੀ ਵਿਚ ਰਚਿਆ ਗਿਆ ਹੈ ਤੇ ਕਈ ਵਾਰ ਰਹੱਸਮਈ ਸ਼ਬਦਾਂ ਤੋਂ ਹੀ ਕੰਮ ਸਾਰ ਲਿਆ ਜਾਂਦਾ ਹੈ।

ਸਿਧਾਂਤਕ ਤੌਰ ਤੇ ਹਰ ਤੰਤ੍ਰ ਵਿਚ ਪੰਜ ਵਿਸ਼ਿਆਂ ਉਤੇ ਵਿਚਾਰ ਕੀਤੀ ਗਈ ਹੈ ਜੋ ਇਸ ਪ੍ਰਕਾਰ ਹਨ :

1. ਸੰਸਾਰ ਦੀ ਉਤਪਤੀ
2. ਸੰਸਾਰ ਦਾ ਵਿਨਾਸ਼
3. ਦੇਵ ਉਪਾਸਨਾ
4. ਜਾਦੂ ਟੂਣੇ ਦੁਆਰਾ ਪਰਾਸਰੀਰਕ ਸ਼ਕਤੀ ਦੀ ਪ੍ਰਾਪਤੀ
5. ਬ੍ਰਹਮ ਵਿਚ ਲੀਨ ਹੋਣਾ।

ਤੰਤ੍ਰ ਛੇਵੀਂ ਸਤਵੀਂ ਈਸਵੀ ਵਿਚ ਰਚੇ ਗਏ। ਸ਼ੈਵਮਤ ਵਾਲੇ, ਇਨ੍ਹਾਂ ਨੂੰ ਆਪਣੇ ਧਾਰਮਿਕ ਗ੍ਰੰਥ ਮੰਨਦੇ ਹਨ।

ਤੰਤਰ-ਵਿਦਿਆ ਵਿਚ ਮਾਹਿਰ ਨੂੰ 'ਤੰਤਰੀ' ਕਿਹਾ ਜਾਂਦਾ ਹੈ।

(ਤ-24) **ਤੰਤ੍ਰ-ਮੰਤ੍ਰ** :

(ਵੇਖੋ : ਜਾਦੂ ਟੂਣਾ)।

(ਤ-25) **ਤੱਤਾ ਲੋਹਾ ਚੱਟਣਾ** :

ਪੁਰਾਣੇ ਵੇਲਿਆਂ ਦੀ ਇਕ ਅਗਨ-ਪ੍ਰੀਖਿਆ: ਸੱਚ ਦਾ ਨਿਸਤਾਰਾ ਕਰਨ ਲਈ ਕਥਿਤ ਅਪਰਾਧੀ ਨੂੰ ਤੱਤਾ ਲੋਹਾ ਚੱਟਣ ਲਈ ਕਹਿਣਾ। ਧਾਰਨਾ ਹੈ ਕਿ ਦੈਵੀ ਸ਼ਕਤੀਆਂ ਸੱਚ ਦੀ ਰਖਿਆ ਕਰਦੀਆਂ ਹਨ ਅਤੇ ਸੱਚੇ-ਸੁੱਚੇ ਇਨਸਾਨ ਨੂੰ ਕੋਈ ਹਾਨੀ ਨਹੀਂ ਪਹੁੰਚਾਂਦੀਆਂ। ਜੇ ਕੋਈ ਨਿਰਦੋਸ਼ ਤੇ ਸੱਚਾ ਸ਼ਖ਼ਸ ਆਪਣੇ ਸੱਚੇ ਹੋਣ ਦੀ ਪ੍ਰੀਖਿਆ ਵਜੋਂ, ਤੱਤੇ ਲੋਹੇ ਨੂੰ ਚਟਦਾ ਹੈ ਤਾਂ ਅਗਨੀ ਉਸ ਦੀ ਜੀਭ ਨੂੰ ਨਹੀਂ ਸਾੜਦੀ। ਜਿਵੇਂ ਕਿ ਪ੍ਰਹਿਲਾਦ ਨੂੰ ਜਦੋਂ ਹਰਨਾਖਸ਼ ਨੇ ਤਪਦੇ ਥੰਮ ਨਾਲ ਬੰਨ੍ਹ ਦਿਤਾ ਸੀ ਤਾਂ ਥੰਮ ਇਕ ਦਮ ਠੰਡਾ ਪੈ ਗਿਆ ਸੀ।

ਲੋਕ-ਕਥਾਵਾਂ ਵਿਚ ਨਾਇਕ ਜਾਂ ਨਾਇਕਾ ਦੇ ਸੱਚ ਦੀ ਪ੍ਰੀਖਿਆ ਲਈ ਤੱਤਾ ਲੋਹਾ ਚੱਟਣ ਦਾ ਵਰਨਣ ਕਈ ਥਾਈਂ ਮਿਲਦਾ ਹੈ (ਵੇਖੋ : ਦੈਵੀ ਪ੍ਰੀਖਿਆ)।

ਜਿਵੇਂ ਬੱਚਿਆਂ ਨੂੰ ਜਾਂ ਪਏ ਤਾਂ 'ਤੱਤੀ 'ਵਾ' ਲੱਗ ਗਈ ਸਮਝੀ ਜਾਂਦੀ ਹੈ। ਇਲਾਜ ਲਈ ਇਕ ਨਾਰ ਰਾਹ ਕੇ, ਉਸ ਵਿਚ ਬੱਚਾ ਬਿਠਾ ਦਿੰਦੇ ਤੇ ਫਿਰ ਮੰਤਰਾਂ ਦਾ ਉਚਾਰਨ ਕਰਦਿਆਂ ਪਹਿਲਾਂ ਮਿਰਚਾਂ ਵਾਰ ਕੇ ਅੱਗ ਵਿਚ ਸੁਟੀਆਂ ਜਾਂਦੀਆਂ ਤੇ ਫਿਰ ਧੂਣੀ ਧੁਖਾ ਕੇ ਬੱਚੇ ਦੇ ਦੁਆਲੇ ਸੱਤ ਪ੍ਰਕਰਮਾਂ ਕੀਤੀਆਂ ਜਾਂਦੀਆਂ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਜੰਤਰਾਂ ਪ੍ਰਭਾਵ ਟੱਲ ਜਾਣ ਨਾਲ, ਬੱਚਾ ਨਵਾਂ ਨਰੋਆ ਹੋ ਜਾਂਦਾ ਹੈ।

ਸਿੱਖਾਂ ਵਿਚ, ਬੱਚੇ ਨੂੰ ਬਦ-ਨਜ਼ਰ ਲਗ ਜਾਣ 'ਤੇ 'ਤੱਤੀ ਵਾਉ' ਦਾ ਸ਼ਬਦ ਮੰਤ੍ਰ ਵਾਂਗ ਪੜ੍ਹ ਕੇ ਬੱਚੇ ਦੇ ਮੂੰਹ ਉਤੇ ਫੂਕਾਂ ਮਾਰੀਆਂ ਜਾਂਦੀਆਂ ਹਨ :

> ਤੱਤੀ ਵਾਉ ਨਾ ਲਗਈ ਪਾਰਬ੍ਰਹਮ ਸਰਨਾਈ
> ਚੌਗਿਰਦ ਹਮਾਰੇ ਰਾਮਕਾਰ ਦੁੱਖ ਲਗੈ ਨਾ ਭਾਈ।

(ਤ-27) **ਤਤੌਲਾ** :

ਸਰੀਰ ਉਤੇ ਸੂਈ ਤੇ ਕਾਂਚ-ਮਾਚ ਨਾਲ ਉਕਰੇ ਬਿੰਦੀ, ਤੀਰ, ਫੁੱਲ ਪਛੀ ਆਦਿ ਪਕੇ ਨਿਸ਼ਾਨ ਜੋ ਜੀਵਨ ਭਰ ਉਤਰਦੇ ਨਹੀਂ। ਇਹ ਕਦੇ ਲੋਕ-ਸ਼ਿੰਗਾਰ ਦਾ ਅੰਗ ਸਨ। ਖ਼ਾਨਾਬਦੋਸ਼ ਕਬੀਲਿਆਂ ਵਿਚ ਅੱਜ ਵੀ ਸੁੰਦਰਤਾ ਨੂੰ ਚਮਕਾਣ ਲਈ ਤਤੌਲੇ ਖੁਦਵਾਏ ਜਾਂਦੇ ਹਨ। ਕਈ ਕਬੀਲਿਆਂ ਵਿਚ ਇਹ ਤਤੌਲੇ ਸਰੀਰ ਨੂੰ ਬਦਨਜ਼ਰ ਤੇ ਭੂਤ ਪ੍ਰੇਤ ਤੋਂ ਦੂਰ ਰਖਦੇ ਹਨ (ਵੇਖੋ : ਤਿਲਚਿੜ੍ਹੀ)।

(ਤ-28) **ਤੰਦ ਤੋੜਨਾ** :

ਦਾਹ-ਸੰਸਕਾਰ ਕਰਨ ਵੇਲੇ ਦੀ ਇਕ ਰੀਤ; ਮ੍ਰਿਤਕ ਨੂੰ ਜਲਾਉਣ ਤੋਂ ਪਹਿਲਾਂ, ਦਾਹਣ ਵਾਲਾ ਸ਼ਖ਼ਸ ਖੱਫਣ ਤੋਂ ਇਕ ਧਾਗਾ ਜਾਂ ਤੰਦ ਤੋੜ ਕੇ, ਚਿਖਾ ਉਤੇ ਸੁਟਦਾ ਹੈ, ਜਿਸ ਦਾ ਭਾਵ ਹੈ ਕਿ ਮ੍ਰਿਤਕ ਨਾਲ ਉਸ ਦੇ ਪ੍ਰਵਾਰ ਦੀਆਂ ਸਭ ਸਾਂਝਾਂ ਟੁਟ ਗਈਆਂ ਹਨ। ਇਹੋ ਰਸਮ ਪਿਛੋਂ ਤਿਨਕਾ ਤੋੜਨ ਦੇ ਰੂਪ ਵਿਚ ਬਦਲ ਗਈ (ਵੇਖੋ : ਤਿਨਕਾ ਤੋੜਨਾ)।

(ਤ-29) **ਤੰਦ ਮਰੋੜਨਾ** :

ਤੰਤ੍ਰ ਸ਼ਾਸਤ੍ਰ ਅਨੁਸਾਰ ਕਿਸੇ ਦਰਖ਼ਤ ਵਿਚ ਜਾਦੂ ਟੂਣੇ ਨਾਲ ਆਪਣਾ ਰੰਗ ਪ੍ਰਿਵਰਤਤ ਕਰਨ ਲਈ, ਦਰਖ਼ਤ ਦੇ

**(ਤ-30) ਤੰਦਾਰਾ :**

1. ਚਾਂਦੀ ਜਾਂ ਸੋਨੇ ਦਾ ਇਕ ਗਹਿਣਾ, ਜੋ ਤੀਵੀਆਂ ਗਲ ਵਿਚ ਪਹਿਨਦੀਆਂ ਹਨ।

2. ਇਕ ਤਵੀਤ, ਜੋ ਚਾਂਦੀ ਦੀ ਤੰਦ ਨਾਲ ਬੰਨ੍ਹਿਆ ਜਾਂਦਾ ਹੈ।

**(ਤ-31) ਤੰਦੀ :**

ਬਕਰੇ ਜਾਂ ਭੇਡ ਦੀ ਆਂਦਰ ਦਾ ਵਟਿਆ ਧਾਗਾ, ਜੋ ਤਵੀਤ ਵਜੋਂ ਗਲ ਵਿਚ ਪਹਿਨਿਆ ਜਾਂਦਾ ਹੈ। ਤੰਦੀ ਪਹਿਨਣ ਨਾਲ ਬੱਚੇ ਨੂੰ ਚੰਦਰੀ ਨਜ਼ਰ ਨਹੀਂ ਲਗਦੀ ਤੇ ਭਦ-ਰੂਹਾਂ ਉਸ ਦੇ ਨੇੜੇ ਨਹੀਂ ਢੁੱਕਦੀਆਂ। ਧਾਰਨਾ ਹੈ ਕਿ ਸੂਰ ਦੀ ਤੰਦੀ ਪਹਿਨਣ ਨਾਲ ਬੱਚੇ ਉਤੇ ਜਾਦੂ ਟੂਣਾ ਵੀ ਨਹੀਂ ਚਲਦਾ।

**(ਤ-32) ਤੰਦੀਰੀ :**

ਹੰਸ ਦੀ ਸ਼ਕਲ ਦਾ ਇਕ ਗਹਿਣਾ, ਜੋ ਤੀਵੀਆਂ ਗਲ ਵਿਚ ਪਹਿਨਦੀਆਂ ਹਨ।

**(ਤ-33) ਤੰਦੂਆ :**

ਪਾਣੀ ਦਾ ਇਕ ਜਾਨਵਰ, ਜੋ ਆਪਣੀਆਂ ਬਰੀਕ ਤੰਦਾਂ ਨਾਲ ਸ਼ਿਕਾਰ ਨੂੰ ਜਕੜ ਕੇ ਨਿਗਲ ਜਾਂਦਾ ਹੈ। ਤੰਦੂਆ ਦਰਿਆ ਦੇ ਕੰਢੇ ਆਪਣੀਆਂ ਤਿੱਖੀਆਂ ਤੇ ਮਜ਼ਬੂਤ ਤੰਦਾਂ ਫੈਲਾਈ ਰਖਦਾ ਹੈ। ਜਦੋਂ ਕੋਈ ਸ਼ਖ਼ਸ ਜਾਂ ਜਾਨਵਰ ਇਨ੍ਹਾਂ ਤੰਦਾਂ ਤੋਂ ਲੰਘਦਾ ਹੈ ਤਾਂ ਤੰਦੂਆ ਤੰਦਾਂ ਨੂੰ ਸਮੇਟ ਕੇ, ਉਸ ਪ੍ਰਾਣੀ ਨੂੰ ਆਪਣੇ ਵਲ ਖਿਚ ਲੈਂਦਾ ਹੈ ਤੇ ਫਿਰ ਸਮੂਲਚਾ ਹੀ ਨਿਗਲ ਜਾਂਦਾ ਹੈ। ਨਿਗਲਣ ਮਗਰੋਂ ਤੰਦੂਆ ਪਾਣੀ ਵਿਚੋਂ ਬਾਹਰ ਨਿਕਲ ਕੇ, ਰੇਤ ਉਤੇ ਪਲਸੇਟੇ ਮਾਰਦਾ ਹੈ, ਜਿਸ ਨਾਲ ਪੇਟ ਵਿਚਲਾ ਜੀਵ ਮਰ ਜਾਂਦਾ ਤੇ ਹੌਲੇ ਹੌਲੇ ਹਜ਼ਮ ਹੋ ਜਾਂਦਾ ਹੈ।

ਦਰਿਆਵਾਂ ਦੇ ਨਾਲ ਲਗਦੇ ਇਲਾਕਿਆਂ ਵਿਚ ਤੰਦੂਆਂ ਬਾਰੇ ਬੜੀਆਂ ਅਦਭੁਤ ਦੰਦ-ਕਥਾਵਾਂ ਪ੍ਰਚਲਤ ਹਨ। ਇਕ ਦੰਦ-ਕਥਾ ਅਨੁਸਾਰ ਇਕ ਆਦਮੀ ਦਰਿਆ ਦੇ ਕੰਢੇ ਕੰਢੇ ਜਾ ਰਿਹਾ ਸੀ ਕਿ ਤੰਦੂਏ ਨੇ ਉਸ ਨੂੰ ਤੰਦਾਂ ਵਿਚ ਵਲੇਟ ਕੇ ਪਾਣੀ ਵਿਚ ਖਿਚ ਲਿਆ ਤੇ ਸਮੂਲਚਾ ਹੀ ਨਿਗਲ ਗਿਆ। ਉਸ ਆਦਮੀ ਕੋਲ ਤੇਜ਼ ਧਾਰ ਵਾਲਾ ਚਾਕੂ ਵੀ ਸੀ। ਕੁਝ ਚਿਰ ਮਗਰੋਂ ਜਦੋਂ ਤੰਦੂਆ ਕੰਢੇ ਦੀ ਰੇਤ ਉਤੇ ਆ ਕੇ ਪਿਆ [illegible] ਉਸ ਦੇ ਪੇਟ ਵਿਚ ਹੀ ਰਿਹਾ ਸੀ। ਉਸ ਆਦਮੀ ਨੇ ਤੰਦੂਏ ਦੇ ਪੇਟ ਨੂੰ ਚਾਕੂ ਨਾਲ ਫਾੜ ਕੇ ਵਿਚੋਂ ਉਹ ਸਾਰੇ ਗਹਿਣੇ ਕੱਢ ਲਏ। ਇਸ ਤਰ੍ਹਾਂ ਦੀਆਂ ਕਈ ਹੋਰ ਪਰਾਕ੍ਰਮੀ ਕਥਾਵਾਂ ਪ੍ਰਚਲਤ ਹਨ।

**(ਤ-34) ਤੰਦੂਰ :**

ਪੰਜਾਬੀ ਸਭਿਆਚਾਰ ਵਿਚ ਤੰਦੂਰ ਦਾ ਵਿਸ਼ੇਸ਼ ਸਥਾਨ ਹੈ। ਖੂਹਾਂ ਤੇ ਤ੍ਰਿੰਞਣਾਂ ਵਾਂਗ, ਤੰਦੂਰ ਵੀ ਪਿੰਡਾਂ ਵਿਚ ਤੀਵੀਆਂ ਦੇ ਮਿਲ ਬੈਠਣ ਦੀ ਸੰਸਥਾ ਰਹੀ ਹੈ। ਤੰਦੂਰ ਉਤੇ ਰੋਟੀਆਂ ਪਕਾਂਦੀਆਂ ਤੀਵੀਆਂ ਦਿਲਾਂ ਦੀ ਸਾਰੀ ਭੜਾਸ ਕਢ ਲੈਂਦੀਆਂ ਤੇ ਹੌਲੀਆਂ ਫੁੱਲ ਹੋ ਕੇ ਘਰ ਪਰਤਦੀਆਂ ਸਨ। ਇਸੇ ਲਈ ਤੰਦੂਰ ਪੇਂਡੂ ਸਭਿਆਚਾਰ ਦੀਆਂ ਮੁੱਖ ਚੂਲਾਂ ਵਿਚੋਂ ਇਕ ਹੈ। ਤਪਦੇ ਤੰਦੂਰਾਂ ਦਾ ਵਰਨਣ ਲੋਕ-ਗੀਤਾਂ, ਅਖਾਣਾਂ ਤੇ ਬੁਝਾਰਤਾਂ ਵਿਚ ਆਮ ਮਿਲਦਾ ਹੈ :

ਤੰਦੂਰੀ ਤਾਈ ਹੋਈ ਆ
ਬਾਲਣ ਹੱਡੀਆਂ ਦਾ
ਰੋਟੀ ਇਸ਼ਕੇ ਦੀ ਲਾਈ ਹੋਈ ਆ।

ਬੁਝਾਰਤਾਂ ਵਿਚ ਤੰਦੂਰਾਂ ਉਤੇ ਤੀਵੀਆਂ ਦੇ ਝੁਰਮਟ ਦਾ ਚਿਤ੍ਰ ਬੜਾ ਦਿਲਕਸ਼ ਹੈ :

ਇਕ ਬਰੂਟੀ ਝੁਰਮਟ ਝੂਟੀ
ਫੱਲ ਵੰਨਾਂ-ਵੰਨਾਂ ਦਾ
ਜਦੋਂ ਬਰੂਟੀ ਪੱਕਣ ਲਗੀ
ਝੁਰਮਟ ਪੈ ਜਾਏ ਰੰਨਾਂ ਦਾ।

**(ਤ-35) ਤਨਖਾਹ :**

ਸਿੱਖਾਂ ਵਿਚ ਅੰਮ੍ਰਿਤਧਾਰੀ ਸਿੱਖ ਨੂੰ, ਧਰਮ ਦੀ ਕੋਈ ਰਹਿਤ ਮਰਯਾਦਾ ਭੰਗ ਕਰਨ 'ਤੇ, ਜੋ ਦੰਡ ਦਿਤਾ ਜਾਂਦਾ ਹੈ, ਉਸ ਨੂੰ 'ਤਨਖਾਹ' ਕਹਿੰਦੇ ਹਨ। ਰਹਿਤਨਾਮਿਆਂ ਵਿਚ ਰਹਿਤ ਮਰਯਾਦਾ ਵੇਰਵੇ ਨਾਲ ਦਿਤੀ ਮਿਲਦੀ ਹੈ ਅਤੇ ਨਾਲ ਹੀ ਰਹਿਤ ਭੰਗ ਕਰਨ ਤੇ ਦਿਤੀ, ਦੰਡ ਦਾ ਵੇਰਵਾ ਵੀ। ਰਹਿਤਨਾਮਿਆਂ ਤੋਂ ਇਲਾਵਾ ਤਨਖਾਹਨਾਮੇ ਵੀ ਲਿਖੇ ਮਿਲਦੇ ਹਨ। ਅੰਮ੍ਰਿਤਧਾਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਾਂ ਸਾਧ ਸੰਗਤ ਦੇ ਜੋੜਿਆਂ ਵਿਚ ਖੜਾ ਹੋ ਕੇ, ਆਪਣੀ ਕਿਸੇ ਰਹਿਤ-ਬਹਿਤ ਵਿਚ ਹੋਈ ਉਕਾਈ ਉਤੇ ਪਛਤਾਵਾ ਪ੍ਰਗਟ ਕਰਦਾ ਹੈ ਤੇ ਸਾਧ-ਸੰਗਤ ਅਥਵਾ ਪੰਜ ਪਿਆਰੇ ਉਸਨੂੰ ਕੋਈ ਧਾਰਮਕ ਦੰਡ ਦੇਂਦੇ ਹਨ, ਜਿਵੇਂ

(ਤ-36) **ਤਨਖਾਹਨਾਮਾ** :

ਇਕ ਪੁਸਤਕ, ਜਿਸ ਵਿਚ ਅੰਮ੍ਰਿਤਧਾਰੀ ਸਿੱਖ ਲਈ, ਉਨ੍ਹਾਂ ਰਹਿਤਾਂ-ਬਹਿਤਾਂ ਦਾ ਵਰਨਣ ਹੈ, ਜਿਨ੍ਹਾਂ ਨੂੰ ਭੰਗ ਕਰਨ ਨਾਲ ਸਿੱਖ ਨੂੰ ਧਰਮ-ਦੰਡ ਮਿਲਣਾ ਜ਼ਰੂਰੀ ਹੈ। 'ਤਨਖਾਹਨਾਮੇ' ਵਿਚ ਰਹਿਤਾਂ ਤੇ ਕੁਰਹਿਤਾਂ ਬਾਰੇ ਗੁਰੂ ਗੋਬਿੰਦ ਸਿੰਘ ਤੇ ਭਾਈ ਨੰਦ ਲਾਲ ਵਿਚਕਾਰ ਪ੍ਰਸ਼ਨ ਉਤਰ ਹਨ। ਭਾਈ ਨੰਦ ਲਾਲ ਕਿਸੇ ਕੁਰਹਿਤ ਬਾਰੇ ਸਵਾਲ ਕਰਦੇ ਹਨ ਅਤੇ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਸਵਾਲਾਂ ਦਾ ਜੁਆਬ ਦੇਂਦਿਆਂ, ਸਿੱਖਾਂ ਲਈ ਤਨਖਾਹ (ਦੰਡ) ਦਸਦੇ ਹਨ, ਜਿਸ ਕਰ ਕੇ ਇਸ ਨੂੰ 'ਤਨਖਾਹਨਾਮਾ' ਕਿਹਾ ਜਾਂਦਾ ਹੈ ਇਸ ਤਨਖਾਹਨਾਮੇ ਵਿਚੋਂ ਹੇਠ ਕੁਝ ਬੰਦ ਦਿਤੇ ਜਾਂਦੇ ਹਨ :

ਪ੍ਰਸ਼ਨ ਨੰਦ ਲਾਲ : ਲਗੇ ਦਿਵਾਨ ਮੂਲ ਨਹਿ ਜਾਵੇ
ਰਹਿਤ ਬਿਨਾਂ ਪ੍ਰਸਾਦ ਵਰਤਾਵੇ
ਸੁਚਾ ਪਹਿਰ ਲਏ ਨਸਵਾਰ
ਉਤਰ ਗੋਬਿੰਦ ਸਿੰਘ : ਗੋਬਿੰਦ ਸਿੰਘ ਹੋਏ ਸੁ ਖੁਆਰ (779)
ਪ੍ਰਸ਼ਨ : ਧੀ ਭੈਣ ਕਾ ਪੈਸਾ ਖਾਇ
ਉਤਰ : ਗੋਬਿੰਦ ਸਿੰਘ ਧਕੇ ਜਮ ਲਾਇ(780)

ਇਸ ਤਨਖਾਹਨਾਮੇ ਵਿਚ ਸੈਂਕੜੇ ਪ੍ਰਸ਼ਨਾਂ ਦੇ ਉੱਤਰ ਹਨ। ਇਹ ਤਨਖਾਹਨਾਮਾ ਕਿਸ ਦੀ ਰਚਨਾ ਹੈ? ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਸ ਤਨਖਾਹਨਾਮੇ ਦੇ ਮੁੱਢ ਵਿਚ ਲਿਖਿਆ ਹੈ 'ਸਿਰੀ ਗੁਰੂ ਵਾਕ' ਅਥਵਾ ਪ੍ਰਸ਼ਨ ਭਾਈ ਨੰਦ ਲਾਲ ਜੀ—ਵਾਕ ਗੁਰੂ ਗੋਬਿੰਦ ਸਿੰਘ ਜੀ। ਜਿਸ ਤੋਂ ਕਈ ਸਿੱਖ ਇਸ ਰਚਨਾ ਨੂੰ ਭਾਈ ਨੰਦ ਲਾਲ ਦੀ ਕ੍ਰਿਤ ਮੰਨਦੇ ਹਨ। 'ਮਹਾਨ ਕੋਸ਼' ਅਨੁਸਾਰ ਇਹ ਰਚਨਾ ਕਿਸੇ 'ਪ੍ਰੇਮੀ ਸਿੱਖ' ਦੀ ਹੈ।

ਇਸ ਪੁਸਤਕ ਵਿਚ ਇਕ ਦੋਹਿਰਾ ਲੇਖਕ ਦੇ ਜਨਮ ਨਾਲ ਸੰਬੰਧਤ ਇਉਂ ਮਿਲਦਾ ਹੈ :

ਸੰਮਤ ਸਤਰਹ ਸਹਸ ਸੁ ਬਾਵਨ
ਮਘਰ ਸੁਦੀ ਨੌਮੀ ਸੁਖ ਦਾਵਨ
ਸੁਰ ਗੁਰ ਵਾਰ ਸਤ ਦਰਵ ਤੀਰ
ਬਚਨ ਕਹੇ ਨੰਦ ਲਾਲ ਸੁਬੀਰ

ਜਿਸ ਦੇ ਅਰਥ ਇਹ ਲਏ ਜਾਂਦੇ ਹਨ ਕਿ ਇਸ ਸ਼ਲੋਕ ਦਾ ਲੇਖਕ ਸੰਮਤ 1752 ਵਿਚ ਅਨੰਦਪੁਰ ਵਿਚ ਰਹਿ ਰਿਹਾ ਸੀ।

ਸਿੱਖਾਂ ਵਿਚ ਪ੍ਰਚਲਤ ਦੋਹਿਰਾ 'ਰਾਜ ਕਰੇਗਾ ਖਾਲਸਾ ...' ਵੀ ਇਸੇ ਤਨਖਾਹਨਾਮੇ ਵਿਚ ਮਿਲਦਾ ਹੈ

(ਤ-37) **ਤਨਖਾਹੀਆ** :

ਉਹ ਪਤਿਤ ਸਿੱਖ ਜਿਸ ਉਤੇ ਸਿੱਖ ਗੁਰ ਮਰਯਾਦਾ ਤੇ ਰਹਿਤ ਬਹਿਤ ਦੀ ਉਲੰਘਣਾ ਕਰਨ ਕਰਕੇ ਸਾਧ ਸੰਗਤ ਵਲੋਂ ਕੋਈ ਦੰਡ ਲਗਾ ਹੋਵੇ। ਜਦੋਂ ਤਕ ਲਗਾ ਦੰਡ ਪੂਰਾ ਨਾ ਹੋ ਜਾਵੇ, ਉਹ ਸ਼ਖਸ ਤਨਖਾਹੀਆ ਗਿਣਿਆ ਜਾਂਦਾ ਹੈ।

(ਤ-38) **ਤਪਤ ਮੁਦਰਾ** :

ਲੋਹੇ ਨੂੰ ਅੱਗ ਵਿਚ ਗਰਮ ਕਰ ਕੇ, ਸਰੀਰ ਦੇ ਕਿਸੇ ਅੰਗ ਉਤੇ ਬਣਾਏ ਚਿੰਨ੍ਹ; ਸ਼ਿਵ ਭਗਤਾਂ ਵਿਚ ਪਿੰਡੇ ਉਤੇ ਸੰਖ, ਚੱਕਰ ਜਾਂ ਗੱਦ ਦੇ ਚਿੰਨ੍ਹ ਉਲੀਕਣ ਦੀ ਪਰੰਪਰਾ ਹੈ। ਵਿਸ਼ਨੂੰ ਭਗਤ ਕੰਵਲ ਫੁੱਲ ਨੂੰ ਪਵਿਤ੍ਰ ਮੰਨ ਕੇ ਸਰੀਰ ਉਤੇ ਅੰਕਦੇ ਹਨ। ਜਗਿਆਸੂਆਂ ਦਾ ਨਿਸਚਾ ਹੈ ਕਿ ਚਿੰਨ੍ਹਾਂ ਦੇ ਮਾਧਿਅਮ ਦੁਆਰਾ ਮੂਲ ਤਕ ਅਥਵਾ ਅੰਸ ਤੋਂ ਅੰਸ਼ੀ ਤਕ, ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ।

ਕਈ ਬੈਰਾਗੀ ਆਪਣੀ ਪਤਨੀ ਦੇ ਹੱਥਾਂ ਨਾਲ ਛੂਹੀ, ਕਿਸੇ ਵਸਤੂ ਨੂੰ ਖਾਣ ਤੋਂ ਪਹਿਲਾਂ, ਉਸ ਦੀ ਸੱਜੀ ਬਾਂਹ ਉਤੇ 'ਤਪਤ ਮੁਦਰਾ' ਅੰਕਦੇ ਹਨ। ਅਜਿਹੇ ਹੱਥਾਂ ਨਾਲ ਛੂਹੀ ਚੀਜ਼ ਪਵਿਤ੍ਰ ਰਹਿੰਦੀ ਹੈ। ਦਵਾਰਕਾ ਨਗਰੀ ਵਿਚ ਤਪਤ ਮੁਦਰਾ ਅੰਕਣ ਦਾ ਰਿਵਾਜ ਆਮ ਹੈ। ਇਥੇ ਜਿਹੜੇ ਸਾਧੂ ਬੈਰਾਗੀ ਜਾਂ ਜਗਿਆਸੂ ਜਾਂਦੇ ਹਨ, ਉਹ ਨਿਸ਼ਾਨੀ ਵਜੋਂ ਸੰਖ, ਚੱਕਰ, ਗਦਾ ਜਾਂ ਕੰਵਲ ਆਦਿ ਦੇ ਨਿਸ਼ਾਨ ਆਪਣੇ ਪਿੰਡੇ ਉਤੇ ਉਕਰਵਾ ਲਿਆਂਦੇ ਹਨ।

(ਤ-39) **ਤਪਾਵਸ** :

ਦੈਵੀ ਨਿਆਂ; ਅਗਨ-ਪ੍ਰੀਖਿਆ ਵਿਚੋਂ ਲੰਘਣ ਉਪਰੰਤ ਕੀਤਾ ਨਿਆਂ; ਪੁਰਾਣੇ ਵੇਲਿਆਂ ਵਿਚ ਜੇ ਕਿਸੇ ਦੀ ਗੱਲ ਦੇ ਸੱਚੇ ਹੋਣ ਦਾ ਸੰਦੇਹ ਕੀਤਾ ਜਾਂਦਾ ਤਾਂ ਉਸ ਸ਼ਖਸ ਨੂੰ ਆਪਣੇ ਸੱਚੇ ਹੋਣ ਦੇ ਸਬੂਤ ਵਜੋਂ ਅਗਨ ਪ੍ਰੀਖਿਆ ਵਿਚੋਂ ਲੰਘਣਾ ਪੈਂਦਾ ਸੀ, ਅਥਵਾ ਉਸ ਨੂੰ ਤਪਦੇ ਕੜਾਹੇ ਵਿਚ ਹੱਥ ਪਾਉਣਾ ਪੈਂਦਾ ਜਾਂ ਲਾਟਾਂ ਛਡਦੀ ਅੱਗ ਵਿਚੋਂ ਲੰਘਣਾ ਪੈਂਦਾ ਜਾਂ ਫਿਰ ਭਖਦੇ ਕੋਲਿਆਂ ਉਤੋਂ ਤੁਰਨਾ ਪੈਂਦਾ, ਜੇ ਉਸ ਦੇ ਕਿਸੇ ਅੰਗ ਨੂੰ ਆਂਚ ਨਾ ਆਵੇ ਤਾਂ ਉਸ ਨੂੰ ਸੱਚਾ ਸੁੱਚਾ ਮੰਨ ਲਿਆ ਜਾਂਦਾ, ਨਹੀਂ ਤਾਂ ਝੂਠਾ। ਲੋਕਾਂ ਦਾ ਨਿਸਚਾ ਰਿਹਾ ਹੈ ਕਿ ਅਗਨ-ਪ੍ਰੀਖਿਆ ਸਮੇਂ ਨਿਰਦੋਸ਼ ਤੇ ਸੱਚੇ ਨੂੰ ਕਦੇ ਅਗਨੀ ਜੀਭ ਨਹੀਂ ਲਗਾਉਂਦੀ (ਵੇਖੋ : ਅਗਨ-ਪ੍ਰੀਖਿਆ)।

ਹਨ ਤੇ ਸੱਤ ਤਬਕ ਆਕਾਸ਼ ਵਿਚ। ਧਰਤੀ ਦੇ ਤਬਕਾਂ ਉਤੇ ਮਨੁਖ, ਦੇਵ ਤੇ ਪਰੀਆਂ ਆਦਿ ਰਹਿੰਦੇ ਹਨ ਅਤੇ ਆਕਾਸ਼ ਦੇ ਤਬਕਾਂ ਵਿਚ ਫਰਿਸ਼ਤੇ ਤੇ ਅੱਲ੍ਹਾ ਵਸਦਾ ਹੈ। ਅੱਲ੍ਹਾ ਸਭ ਤੋਂ ਉਤਲੇ ਤਬਕ ਅਥਵਾ ਸਤਵੇਂ ਤਬਕ ਵਿਚ, ਇਕ ਤਖ਼ਤ ਜਿਸ ਨੂੰ 'ਕੁਰਸ' ਕਹਿੰਦੇ ਹਨ 'ਤੇ ਬਿਰਾਜਮਾਨ ਹੁੰਦਾ ਹੈ।

## (ਤ-41) ਤਬਰੇਜ਼ :

ਇਕ ਸੂਫ਼ੀ ਫ਼ਕੀਰ, ਜਿਸ ਦਾ ਪੂਰਾ ਨਾਂ ਮਖ਼ਦੂਮ ਸ਼ਾਹ ਸ਼ਮਸੁੱਦੀਨ ਸੀ, ਪਰ ਤਬਰੇਜ਼ ਦਾ ਵਸਨੀਕ ਹੋਣ ਕਰ ਕੇ ਉਹ ਫ਼ਕੀਰ ਤਬਰੇਜ਼ ਦੇ ਨਾਂ ਨਾਲ ਜ਼ਿਆਦਾ ਪ੍ਰਸਿਧ ਸੀ। ਇਸ ਨੂੰ 'ਅਨਲ ਹੱਕ' ਕਹਿਣ ਦੇ ਦੋਸ਼ ਵਿਚ ਮੁਲਤਾਨ ਦੇ ਮੁਲਾਣਿਆਂ ਨੇ ਪੁਠੀ ਖਲੜੀ ਉਤਰਵਾ ਕੇ ਸ਼ਹੀਦ ਕਰ ਦਿਤਾ ਸੀ। ਇਸ ਦੀ ਕਬਰ ਮੁਲਤਾਨ ਵਿਚ ਹੈ (ਵੇਖੋ : ਸ਼ਮਸ ਤਬਰੇਜ਼)। ਇਸ ਦੇ ਪੈਰੋਕਾਰ 'ਸ਼ਮਸੀ' ਅਖਵਾਉਂਦੇ ਹਨ।

## (ਤ-42) ਤਬਲਾ :

ਢੋਲਕੀ ਦੀ ਸ਼ਕਲ ਦਾ ਇਕ ਸਾਜ਼, ਜੋ ਹਮੇਸ਼ਾਂ ਜੋੜੀ ਵਿਚ ਵਜਾਇਆ ਜਾਂਦਾ ਹੈ। ਢੋਲਕੀ ਦੇ ਦੋਵੇਂ ਪਾਸੇ ਚਮੜਾ ਮੜ੍ਹਿਆ ਹੁੰਦਾ ਹੈ ਪਰ ਤਬਲੇ ਦੇ ਇਕ ਪਾਸੇ। ਇਸ ਦੀ ਜੋੜੀ ਵਿਚੋਂ ਇਕ ਨੂੰ ਤਬਲਾ ਕਹਿੰਦੇ ਹਨ, ਜਿਸ ਦਾ ਪੁੜ ਉਪਰੋਂ ਕਾਲਾ ਹੁੰਦਾ ਹੈ। ਦੂਜੇ ਸਾਜ਼ ਨੂੰ ਧਾਮਾ। ਧਾਮੇ ਦਾ ਪੁੜ ਉਪਰੋਂ ਚਿੱਟਾ ਹੁੰਦਾ ਹੈ ਤੇ ਵਜਾਉਣ ਤੋਂ ਪਹਿਲਾਂ ਇਸ ਦੇ ਉਤੇ ਉਪਰਲੇ ਪਾਸੇ ਪਾਣੀ ਵਿਚ ਗੁੰਧਾ ਆਟਾ ਲਗਾ ਲਿਆ ਜਾਂਦਾ ਹੈ।

## (ਤ-43) ਤਬੱਰੁਕ :

1. ਕਿਸੇ ਪੀਰ ਫ਼ਕੀਰ ਦੇ ਖਾਣੇ ਦਾ ਬਚਿਆ ਹੋਇਆ ਭੋਜਨ, ਜਿਸ ਨੂੰ ਹਿੰਦੂ 'ਸੀਤ ਪ੍ਰਸ਼ਾਦਿ' ਕਹਿੰਦੇ ਹਨ। ਮੁਸਲਮਾਨੀ ਅਕੀਦੇ ਅਨੁਸਾਰ ਵੀ ਇਸ ਭੋਜਨ ਨੂੰ ਮੂੰਹ ਲਗਾਉਣ ਨਾਲ ਬਰਕਤ ਪੈਂਦੀ ਹੈ। ਮੁਸਲਮਾਨ ਪੀਰਾਂ ਤੇ ਫ਼ਕੀਰਾਂ ਦੀ ਲੋਕ ਬੜੀ ਕਦਰ ਕਰਦੇ ਹਨ ਤੇ ਉਨ੍ਹਾਂ ਨੂੰ ਆਪਣੇ ਪਿੰਡ ਅਥਵਾ ਘਰ ਨਿਉਤਾ ਦੇਂਦੇ ਤੇ ਭੋਜਨ ਛਕਾਂਦੇ ਹਨ। ਪੀਰ ਫ਼ਕੀਰਾਂ ਨੂੰ ਖਾਣ ਲਈ ਫਲ, ਮਠਿਆਈ ਤੇ ਹੋਰ ਪਦਾਰਥ ਭੇਟ ਕੀਤੇ ਜਾਂਦੇ ਹਨ। ਫ਼ਕੀਰ ਕੋਈ ਚੀਜ਼ ਪ੍ਰਾਪਤ ਹੋਈ ਕੋਈ ਵਸਤ, ਜੋ ਮੁਤਬਰਕ ਤੇ ਬਰਕਤ ਵਾਲੀ ਸਮਝੀ ਜਾਂਦੀ ਹੈ। ਲੋਕਾਂ ਦਾ ਨਿਸ਼ਚਾ ਹੈ ਕਿ ਇਸ ਤੋਂ ਅੰਸ਼ ਦਾਨ ਮਿਲਦਾ ਹੈ ਅਤੇ ਇਸ ਨੂੰ ਆਪਣੇ ਕੋਲ ਰਖਣ ਨਾਲ ਉਸ ਬਜ਼ੁਰਗ ਦੇ ਗੁਣ ਸੁਤੇ ਸਿਧ ਹੀ ਪ੍ਰਾਪਤ ਹੋ ਜਾਂਦੇ ਹਨ।

## (ਤ-44) ਤਬੂਤ :

ਮੁਸਲਮਾਨਾਂ ਵਿਚ ਦਾਹ-ਸੰਸਕਾਰ ਦੀ ਥਾਂ ਮੁਰਦੇ ਨੂੰ ਸੰਦੂਕ ਵਿਚ ਬੰਦ ਕਰ ਕੇ ਧਰਤੀ ਹੇਠ ਦਬਾਇਆ ਜਾਂਦਾ ਹੈ, ਇਸ ਸੰਦੂਕ ਨੂੰ ਤਬੂਤ ਕਹਿੰਦੇ ਹਨ। ਪਹਿਲੇ ਵੇਲਿਆਂ ਵਿਚ ਤਬੂਤ ਵਿਚ ਨਿਤ ਵਰਤੋਂ ਦੀਆਂ ਕਈ ਚੀਜ਼ਾਂ ਪਾ ਦਿਤੀਆਂ ਜਾਂਦੀਆਂ ਸਨ।

## (ਤ-45) ਤੰਬੂਰ :

ਛੋਟਾ ਢੋਲ, ਜੋ ਕਦੇ ਲੜਾਈ ਦੇ ਦੌਰਾਨ ਯੋਧਿਆਂ ਵਿਚ ਜੋਸ਼ ਪੈਦਾ ਕਰਨ ਲਈ ਵਰਤਿਆ ਜਾਂਦਾ ਸੀ।

## (ਤ-46) ਤੰਬੋਲ :

1. ਇਕ ਤਰ੍ਹਾਂ ਦਾ ਲੋਕ-ਨਾਚ, ਜੋ ਲੁੱਡੀ ਤੇ ਧਮਾਲ ਨਾਲ ਮਿਲਦਾ ਜੁਲਦਾ ਹੈ।

2. ਵਿਆਹ ਦੇ ਸਮੇਂ ਸਾਕ ਸਬੰਧੀ ਤੇ ਸ਼ਰੀਕ ਜੋ ਨਕਦ ਰੁਪਏ ਨਿਉਂਦਰੇ ਵਜੋਂ ਦੇਂਦੇ ਹਨ (ਵੇਖੋ : ਨੇਂਦਰਾ)। ਲਾੜ੍ਹੇ ਦੇ ਘੋੜੀ ਚੜ੍ਹਨ ਤੋਂ ਕੁਝ ਚਿਰ ਪਹਿਲਾਂ, ਸਾਰੀ ਬਰਾਦਰੀ ਇਕ ਥਾਂ ਬੈਠਦੀ ਹੈ ਤੇ ਭਾਈਚਾਰੇ ਦੇ ਲੋਕ, ਇਕ ਇਕ ਕਰ ਕੇ ਲਾੜ੍ਹੇ ਦੇ ਪਿਉ ਨੂੰ ਤੰਬੋਲ ਦੇਂਦੇ ਜਾਂਦੇ ਹਨ, ਜੋ ਉਹ ਇਕ ਥਾਲ ਵਿਚ ਆਪਣੇ ਸਾਹਮਣੇ ਰਖਦਾ ਜਾਂਦਾ ਹੈ।

ਇਸ ਰਕਮ ਦਾ ਨਾਉਂ ਤੰਬੋਲ ਇਸ ਲਈ ਪਿਆ ਕਿ ਪਹਿਲਿਆਂ ਵਿਚ ਵਿਆਹ ਵੇਲੇ, ਇਹ ਰਕਮ, ਪਾਨ ਦੇ ਪੱਤੇ ਵਿਚ ਵਲੇਟ ਕੇ ਦਿਤੀ ਜਾਂਦੀ ਸੀ।

## (ਤ-47) ਤਮੀਮ ਅਨੁਸਾਰੀ :

ਇਕ ਮੁਸਲਮਾਨ ਜਿਸ ਨੂੰ ਦੇਵ ਚੁਕ ਕੇ ਲੈ ਗਏ ਸਨ; ਮੁਸਲਮਾਨੀ ਰਵਾਇਤਾਂ ਵਿਚ ਇਸ ਦੰਦ-ਕਥਾ ਦਾ ਵਿਸ਼ੇਸ਼ ਸਥਾਨ ਹੈ, ਅਹਿਮਦਯਾਰ ਨੇ ਇਸ ਦੰਦ-ਕਥਾ ਨੂੰ, ਕਿੱਸੇ ਦੇ ਰੁਮਾਂਚਿਕ ਰੂਪ ਵਿਚ ਢਾਲਿਆ ਤੇ ਕਿੱਸੇ ਦਾ ਨਾਉਂ ਵੀ

ਸੱਤ ਸਾਲ ਉਹਨੂੰ ਆਪਣੇ ਤਬਕ ਵਿਚ ਹੀ ਰਖਿਆ। ਅਖੀਰ, ਜਦੋਂ ਉਸ ਨੂੰ ਜਿੰਨ ਉਸ ਦੇ ਘਰ ਵਾਪਿਸ ਛੱਡਣ ਗਿਆ ਤਾਂ ਉਸ ਦੀ ਪਤਨੀ ਦੂਜਾ ਵਿਆਹ ਕਰਵਾ ਚੁਕੀ ਸੀ ਤੇ ਉਸ ਰਾਤ ਉਹ ਆਪਣੇ ਨਵੇਂ ਪਤੀ ਨਾਲ 'ਸੁਹਾਗ ਰਾਤ' ਬਿਤਾ ਰਹੀ ਸੀ। ਤਮੀਮ ਅਨੁਸਾਰੀ ਤੋਂ ਇਹ ਦ੍ਰਿਸ਼ ਵੇਖਿਆ ਨਾ ਗਿਆ ਤੇ ਉਹ ਆਪਣੀ ਪਤਨੀ ਦੇ ਨਵੇਂ ਪਤੀ ਦੀ ਹਿੱਕ ਉੱਤੇ ਚੜ੍ਹ ਬੈਠਾ ਤੇ ਉਸ ਦਾ ਗਲਾ ਘੁੱਟਣ ਲਗਾ। ਤ੍ਰੀਮਤ ਦੇ ਸ਼ੋਰ ਮਚਾਉਣ ਉੱਤੇ ਲੋਕਾਂ ਨੇ ਤਮੀਮ ਅਨੁਸਾਰੀ ਨੂੰ ਫੜ ਲਿਆ।

ਤਮੀਮ ਅਨੁਸਾਰੀ ਨੂੰ ਹਜ਼ਰਤ ਉਮਰ ਦੇ ਪੇਸ਼ ਕੀਤਾ ਗਿਆ। ਤਮੀਮ ਅਨੁਸਾਰੀ ਨੇ ਆਪਣੀ ਹੱਡਬੀਤੀ ਸੁਣਾਈ। ਪਰ ਕਿਸੇ ਉਸ ਦੀ ਗਲ ਤੇ ਵਿਸ਼ਵਾਸ ਨਾ ਕੀਤਾ। ਮਾਮਲਾ ਪੇਚੀਦਾ ਹੋਣ ਕਰ ਕੇ ਫੈਸਲੇ ਲਈ ਹਜ਼ਰਤ ਅਲੀ ਦੇ ਕੋਲ ਲਿਜਾਇਆ ਗਿਆ। ਹਜ਼ਰਤ ਅਲੀ ਦਿਬ-ਦ੍ਰਿਸ਼ਟੀ ਨਾਲ ਸਭ ਗੱਲ ਸਮਝ ਗਏ ਕਿ ਬਦ-ਦੁਆ ਕਾਰਨ ਤਮੀਮ ਅਨੁਸਾਰੀ ਨੂੰ, ਇਹ ਸਭ ਦੁੱਖ ਝਲਣੇ ਪਏ ਹਨ ਤੇ ਉਨ੍ਹਾਂ ਨੇ ਉਸ ਦੀ ਤ੍ਰੀਮਤ ਨੂੰ ਸਮਝਾਇਆ ਕਿ ਤਮੀਮ ਅਨੁਸਾਰੀ ਹੀ ਉਸ ਦਾ ਅਸਲੀ ਖ਼ਾਵੰਦ ਸੀ। ਅਹਿਮਦਯਾਰ ਦੇ ਕਿੱਸੇ ਵਿਚੋਂ ਹੇਠਾਂ ਵੰਨਗੀ ਦਿਤੀ ਜਾਂਦੀ ਹੈ। ਜਦੋਂ ਤਮੀਮ ਅਨੁਸਾਰੀ ਆਪਣੀ ਔਰਤ ਦੇ ਦੂਜੇ ਖ਼ਾਵੰਦ ਦੀ ਹਿੱਕ ਉੱਤੇ ਬੈਠ ਕੇ ਉਸਦਾ ਸਾਹ ਰੋਕਦਾ ਹੈ ਤਾਂ ਉਹ ਤੀਵੀਂ ਹਾਲ-ਪਹਿਰਿਆਂ ਪਾਉਂਦੀ ਹੈ :

ਝੱਬ ਪਹੁੰਚੋ ਹਮਸਾਇਓ, ਲੋਕੋ ਮੈਂ ਅਜੋ ਵਰ ਕੀਤਾ
ਦੇਉ ਮੁਕਾਲੇ ਬੈਠ ਹਿਕੇ ਤੇ ਉਸ ਦਾ ਭੀ ਸਾਹ ਪੀਤਾ
ਸਾਰਾ ਸ਼ਹਿਰ ਮਦੀਨਾ ਵਸੇ, ਹਾਮਲ ਚੋਪ ਵਧੇਰੇ
ਮੈਂ ਕੀ ਬੀਜਿਆ ਮੰਦਾ ਅਲਾਹ ਖਾਵੰਦ ਕੁਠੇ ਮੇਰੇ
ਖਾ ਗਿਆ ਦੇਉ ਖਸਮ ਮੇਰੇ ਨੂੰ, ਹੇਠੋਂ ਨਾ ਉਹ ਹੱਲੇ
ਆਵੇ ਆਨ ਸ਼ਤਾਬ ਛੁੜਾਵੇ, ਹੈ ਕੋਈ ਮਰਦ ਮਹੱਲੇ।

## (ਤ-48) ਤਯੱਮੁਮ :

*ਮਿੱਟੀ ਅਥਵਾ ਰੇਤ ਨਾਲ ਵਜ਼ੂ ਕਰ ਕੇ, ਪਵਿਤ੍ਰ ਹੋਣ ਦਾ ਭਾਵ;* ਮੁਸਲਮਾਨੀ ਸ਼ਰਾ ਅਨੁਸਾਰ ਨਮਾਜ਼ ਪੜ੍ਹਨ ਤੋਂ ਪਹਿਲਾਂ, ਵਜ਼ੂ ਕਰਨਾ ਜ਼ਰੂਰੀ ਹੈ। ਜੇ ਪਾਣੀ ਨਾ ਮਿਲਦਾ ਹੋਵੇ ਤਾਂ ਕਿਧਰੋਂ ਸੁਥਰੀ ਮਿੱਟੀ ਜਾਂ ਰੇਤ ਨਾਲ ਹੀ ਹੱਥਾਂ ਪੈਰਾਂ ਤੇ ਹੋਰ ਅੰਗਾਂ ਨੂੰ ਪਵਿਤ੍ਰ ਕਰ ਲੈਣਾ ਚਾਹੀਦਾ ਹੈ। ਅਰਬ ਦੇਸ਼ ਵਿਚ ਪਾਣੀ ਦੀ ਕਿਲਤ ਰਹਿੰਦੀ ਹੈ ਤੇ

## (ਤ-49) ਤਰਿਆਠੀ ਵਿਆਹ :

ਵਿਆਹ ਦੀ ਇਕ ਕਿਸਮ, ਜਿਸ ਵਿਚ ਤਿੰਨ ਧਿਰਾਂ ਵਿਚਕਾਰ ਇਕ ਦੂਜੇ ਨੂੰ ਧੀ ਦੇਣ ਦਾ ਸਮਝੌਤਾ ਹੁੰਦਾ ਹੈ। ਜੇ ਦੋ ਧਿਰਾਂ ਵਿਚ ਸਮਝੌਤਾ ਹੋਵੇ ਤੇ ਦੋਵੇਂ ਆਪਣੀ ਧੀ ਦੂਜੇ ਧਿਰ ਦੇ ਮੁੰਡੇ ਨਾਲ ਵਿਆਹੁਣ ਤਾਂ ਇਸ ਨੂੰ 'ਵੱਟਾ ਸੱਟਾ' ਜਾਂ 'ਦੁਆਠੀ' ਕਿਹਾ ਜਾਂਦਾ ਹੈ, ਪਰ ਜੇ ਤਿੰਨ ਧਿਰਾਂ ਸ਼ਾਮਿਲ ਹੋਣ ਤਾਂ ਤਰਿਆਠੀ। ਤਰਿਆਠੀ ਵਿਆਹ ਉਦੋਂ ਹੁੰਦੇ ਹਨ ਜਦੋਂ ਦੋਹਾਂ ਧਿਰਾਂ ਦੇ ਮੁੰਡੇ-ਕੁੜੀਆਂ ਦੇ ਹਾਣ ਨਹੀਂ ਬਣਦੇ ਤੇ ਫਿਰ ਕਿਸੇ ਤੀਜੀ ਅਜਿਹੀ ਧਿਰ ਵਿਚ ਲਿਆਉਂਦੇ ਹਨ, ਜਿਸ ਨਾਲ ਤਿੰਨ ਹਾਣ ਦੀਆਂ ਜੋੜੀਆਂ ਬਣ ਜਾਣ। ਤਰਿਆਠੀ ਵਿਚ 'ੳ' ਪੱਖ ਵਾਲਾ ਆਪਣੀ ਧੀ 'ਅ' ਪੱਖ ਨੂੰ ਦੇਂਦਾ ਹੈ ਤੇ ਆਪਣਾ ਲੜਕਾ 'ੲ' ਪੱਖ ਦੀ ਲੜਕੀ ਨਾਲ ਵਿਆਹੁੰਦਾ ਹੈ।

## (ਤ-50) ਤੁੰਗ :

ਸੋਨੇ ਦਾ ਇਕ ਗਹਿਣਾ; ਲਹਿੰਦੇ ਵਿਚ ਮੰਗਣੀ ਦੀ ਰਸਮ ਵੇਲੇ, ਸੋਨੇ ਦੇ ਤੁੰਗ ਬ੍ਰਾਹਮਣਾਂ ਨੂੰ ਦਾਨ ਵਜੋਂ ਦਿਤੇ ਜਾਂਦੇ ਸਨ।

ਰਾਜੀ ਜੀ ਸੋਨਾ ਹੱਥ ਲੀਤਾ
ਤਾਂ ਬਹਿ ਤੁੰਗ ਘੜਾਇ
ਆਖ ਦਮੋਦਰ ਦਿਤੀ ਵਧਾਈ
ਤਾਂ ਬਾਹਮਣ ਗਲ ਪਾਇਆ। (ਹੀਰ ਦਮੋਦਰ)

## (ਤ-51) ਤਰਜ਼ :

ਗੀਤਾਂ ਨੂੰ ਗਾਉਣ ਦੀਆ ਧੁਨੀਆਂ ਜਾ ਧਾਰਨਾ। ਪੰਜਾਬ ਦੇ ਲੋਕ-ਗੀਤਾਂ ਦੀਆਂ ਤਰਜ਼ਾਂ ਮੌਲਿਕ, ਪ੍ਰਭਾਵਸ਼ਾਲੀ ਤੇ ਟੁੰਬਵੀਆਂ ਹਨ ਅਤੇ ਸਰੋਤਿਆਂ ਨੂੰ ਕੀਲ ਕੇ ਬੰਨ੍ਹ ਲੈਂਦੀਆਂ ਹਨ। ਇਨ੍ਹਾਂ ਤਰਜ਼ਾਂ ਵਿਚ ਪੰਜਾਬ ਭੋਇੰ ਦੀ ਮਹਿਕ, ਮੱਖਣ ਵਿਚ ਗੁਧੀ ਰੋਟੀ ਦਾ ਸਵਾਦ ਤੇ ਪੰਜਾਬ ਜੀਵਨ ਦੀ ਲੈਅ ਹੈ, ਪ੍ਰਕਿਰਤੀ ਤੇ ਰੂਹਾਨੀਅਤ ਦਾ ਸੰਜੋਗ— ਹਰ ਤਰਜ਼ ਇਥੋਂ ਦੀ ਕੱਚੀ ਮਿੱਟੀ ਦੀ ਮਹਿਕ ਵਿਚੋਂ ਨਿਮੀ ਹੋਣ ਕਰ ਕੇ ਦੇਸੀ ਤੇ ਨਿਵੇਕਲੀ ਹੈ (ਵੇਖੋ : ਲੋਕ-ਧੁਨਾਂ)।

## (ਤ-52) ਤ੍ਰਾਟਕ :

ਯੋਗ ਮਤ ਵਿਚ ਛੇ ਪ੍ਰਸਿਧ ਕਰਮ ਮੰਨੇ ਗਏ ਹਨ, ਜਿਨ੍ਹਾਂ ਨੂੰ ਖਟਕਰਮ ਕਹਿੰਦੇ ਹਨ। ਇਨ੍ਹਾਂ ਵਿਚੋਂ ਇਕ ਕਰਮ 'ਤ੍ਰਾਟਕ' ਹੈ, ਜਿਸ ਵਿਚ ਕਿਸੇ ਖ਼ਾਸ ਚਿੰਨ੍ਹ ਉੱਤੇ

(ਤ-53) **ਤਰਪਣ** :

ਹਿੰਦੂਆਂ ਦੇ ਕਰਮ-ਕਾਂਡ ਨਾਲ ਸੰਬੰਧਤ ਇਕ ਕਿਰਿਆ; ਹਿੰਦੂ ਪੂਜਾ ਪਾਠ ਤੇ ਵਰਤ ਆਦਿ ਵੇਲੇ ਦੇਵਤਿਆਂ ਤੇ ਪਿਤਰਾਂ ਦੀ ਤ੍ਰਿਪਤੀ ਲਈ ਹੱਥ ਜਾਂ ਅਰਘੇ ਨਾਲ ਪਾਣੀ ਦੇਂਦੇ ਹਨ। ਹਿੰਦੂ ਧਾਰਨਾ ਅਨੁਸਾਰ ਇਹ ਜਲ ਦੇਵਤਿਆਂ ਤੇ ਪਿਤਰਾਂ ਨੂੰ ਪਹੁੰਚਦਾ ਹੈ। ਇਸ ਨਾਲ ਦੇਵਤੇ ਪ੍ਰਸੰਨ ਹੁੰਦੇ ਤੇ ਪਿਤਰਾਂ ਦੀ ਤ੍ਰਿਪਤੀ ਹੁੰਦੀ ਹੈ।

(ਤ-54) **ਤਰਬਿਕਣਾ** :

ਸੁਤੇ ਸੁਤੇ ਅਚਨਚੇਤੀ ਘਬਰਾ ਕੇ ਜਾਗ ਪੈਣਾ। ਧਾਰਨਾ ਹੈ ਕਿ ਰਾਤ ਨੂੰ ਸੁਤਿਆਂ ਕਈ ਵਾਰ ਕੋਈ ਦੁਰਾਤਮਾ ਛਾਤੀ ਉਤੇ ਬੈਠ ਕੇ ਗਲੇ ਨੂੰ ਦਬਾਂਦੀ ਹੈ। ਸੁਤੇ ਹੋਏ ਬੰਦੇ ਨੂੰ ਡਰਾਉਣਾ ਸੁਪਨਾ ਆਉਂਦਾ ਹੈ ਤੇ ਉਹ ਘਬਰਾ ਕੇ ਉਠ ਬੈਠਦਾ ਹੈ। ਜੇ ਕੋਈ ਬੱਚਾ ਜ਼ਿਆਦਾ ਤਰਬਿਕਦਾ ਹੋਵੇ ਤਾਂ ਉਸ ਦੇ ਗਲ ਵਿਚ ਕਿਸੇ ਪੀਰ ਤੋਂ ਤਵੀਤ ਲੈ ਕੇ ਲਟਕਾ ਦਿਤਾ ਜਾਂਦਾ ਹੈ।

(ਤ-55) **ਤ੍ਰਯੋਦਸ਼ੀ ਵਰਤ** :

ਸ਼ੈਵ ਮਤ ਵਿਚ, ਚੰਨ ਦੀ ਚਾਨਣ ਤੇ ਹਨੇਰੇ ਪੱਖ ਦੀ ਤੇਰ੍ਹਵੀਂ ਤਿੱਥ ਦਾ ਖ਼ਾਸ ਮਹੱਤਵ ਹੈ। ਇਕਾਦਸ਼ੀ ਵਾਂਡ ਤ੍ਰਯੋਦਸ਼ੀ ਵੀ ਹਰ ਚੰਦਰ ਮਾਸ ਵਿਚ ਦੋ ਵਾਰ ਪੈਂਦੀ ਹੈ। ਇਕਾਦਸ਼ੀ ਦਾ ਵਰਤ ਵੈਸ਼ਨੋ ਮਤ ਵਾਲੇ ਰਖਦੇ ਹਨ ਤੇ ਤ੍ਰਯੋਦਸ਼ੀ ਦਾ ਵਰਤ ਸ਼ਿਵ-ਸ਼ੰਕਰ ਦੇ ਉਪਾਸਕ। ਇਸ ਵਰਤ ਦੇ ਰਖਣ ਨਾਲ ਸ਼ਿਵ ਦੀ ਬਖ਼ਸ਼ਿਸ਼ ਪ੍ਰਾਪਤ ਹੁੰਦੀ ਹੈ। ਧਾਰਨਾ ਹੈ ਕਿ ਇਸ ਵਰਤ ਦੇ ਰਖਣ ਨਾਲ ਮਨੋਕਾਮਨਾ ਪੂਰੀਆਂ ਹੁੰਦੀਆਂ ਤੇ ਨਿਰਸੰਤਾਨ ਦੇ ਘਰ ਸੰਤਾਨ ਪੈਦਾ ਹੁੰਦੀ ਹੈ। ਇਸ ਵਰਤ ਨੂੰ ਸ਼ੈਵ ਮਤ ਦੇ ਧਾਰਨੀ ਮਰਦ ਤੇ ਤੀਵੀਆਂ ਦੋਵੇਂ ਰਖਦੇ ਹਨ। ਜੇ ਹਨੇਰੇ ਪੱਖ ਦੀ ਤ੍ਰਯੋਦਸ਼ੀ ਸੋਮਵਾਰ ਪਵੇ ਅਤੇ ਚਾਨਣ ਪੱਖ ਦੀ ਸਨਿਚਰਵਾਰ, ਤਾਂ ਇਸ ਵਰਤ ਦਾ ਮਹਾਤਮ ਹੋਰ ਵੱਧ ਜਾਂਦਾ ਹੈ ਅਤੇ ਵਡੀ ਤੋਂ ਵਡੀ ਕਾਮਨਾ ਪੂਰੀ ਹੋ ਜਾਂਦੀ ਹੈ।

ਇਹ ਵਰਤ ਸਰਘੀ ਵੇਲੇ ਇਸ਼ਨਾਨ ਕਰ ਕੇ ਰਖਿਆ ਜਾਂਦਾ ਹੈ ਅਤੇ ਸਾਰਾ ਦਿਨ ਕੁਝ ਨਹੀਂ ਖਾਧਾ ਜਾਂਦਾ। ਸੰਧਿਆ ਨੂੰ ਸ਼ਿਵ ਦੀ ਪੂਜਾ ਕਰ ਕੇ, ਵਰਤ ਖੋਲ੍ਹਿਆ ਜਾਂਦਾ ਹੈ। ਦਿਨ ਜਾਂ ਰਾਤ ਨੂੰ ਸ਼ਿਵ ਦੀ ਕਥਾ ਤੇ ਮਹਿਮਾ ਸੁਣੀ ਜਾਂਦੀ ਹੈ।

ਲੱਪ ਨਾ ਮਿਲੀ। ਘਰ ਵਾਪਸ ਜਾਂਦਿਆਂ, ਰਾਹ ਵਿਚ ਉਸ ਨੇ ਇਕ ਸੁੰਦਰ ਬਾਲਕ ਪਿਆ ਵੇਖਿਆ। ਇਹ ਕਿਸੇ ਰਾਜੇ ਦਾ ਪੁੱਤਰ ਸੀ, ਜਿਸ ਨੂੰ ਉਸ ਦੇ ਦੁਸ਼ਮਣਾਂ ਨੇ ਇਥੇ ਆ ਸੁਟਿਆ ਸੀ। ਬੱਚੇ ਉਤੇ ਤਰਸ ਖਾ ਕੇ ਬ੍ਰਾਹਮਣੀ ਨੇ ਉਸ ਨੂੰ ਪਾਲਣਾ ਸ਼ੁਰੂ ਕਰ ਦਿਤਾ। ਆਤੁਰ ਬ੍ਰਾਹਮਣੀ ਇਕ ਵਾਰ ਸ਼ਾਂਡਲਯ ਰਿਸ਼ੀ ਦੇ ਆਸ਼ਰਮ ਵਿਚ ਗਈ ਤੇ ਉਸ ਨੇ ਆਪਣੇ ਦਲਿਦ੍ਰ ਦੇ ਕਟਣ ਦਾ ਕੋਈ ਉਪਾਅ ਪੁਛਿਆ। ਰੱਬ-ਸਬੱਬੀ ਉਸ ਦਿਨ ਤ੍ਰਯੋਦਸ਼ੀ ਸੀ ਤੇ ਰਿਸ਼ੀ ਸ਼ਿਵ ਦੀ ਪੂਜਾ ਵਿਚ ਰੁਝੇ ਹੋਏ ਸਨ। ਬ੍ਰਾਹਮਣੀ ਆਪਣੇ ਦੋਹਾਂ ਬੱਚਿਆਂ ਸਮੇਤ ਪੂਜਾ ਵਿਚ ਸ਼ਾਮਲ ਹੋ ਗਈ। ਵਾਪਸ ਮੁੜਨ ਲਗਿਆਂ ਬ੍ਰਾਹਮਣੀ ਨੇ ਰਿਸ਼ੀ ਤੋਂ ਤ੍ਰਯੋਦਸ਼ੀ ਵਰਤ ਦੀ ਵਿਧੀ ਤੇ ਮਹਾਤਮ ਪੁਛਿਆ ਅਤੇ ਅਗੋਂ ਤੋਂ ਹਰ ਮਹੀਨੇ ਇਹ ਵਰਤ ਨੇਮ ਮਰਯਾਦਾ ਪੂਰਵਕ ਰਖਣ ਲਗੀ।

ਕੁਝ ਸਮਾਂ ਲੰਘ ਗਿਆ। ਬ੍ਰਾਹਮਣੀ ਦਾ ਪੁੱਤਰ ਗੰਗਾ ਇਸ਼ਨਾਨ ਕਰਨ ਗਿਆ ਤਾਂ ਗੰਗਾ ਦੇ ਕੰਢੇ ਉਤੇ ਉਸਨੂੰ ਕੁਝ ਮੋਹਰਾਂ ਲੱਭੀਆਂ ਤੇ ਉਸ ਦਾ ਦਲਿਦ੍ਰ ਹਮੇਸ਼ਾ ਲਈ ਕਟਿਆ ਗਿਆ। ਰਾਜਕੁਮਾਰ ਜੰਗਲ ਵਿਚ ਲਕੜੀਆਂ ਕਟਣ ਗਿਆ ਤਾਂ ਉਥੇ ਉਸ ਦਾ ਮੇਲ ਇਕ ਸੁੰਦਰ ਰਾਜਕੁਮਾਰੀ ਅੰਸੁਮਤੀ ਨਾਲ ਹੋਇਆ, ਜੋ ਵਿਦ੍ਰਵਿਕ ਨਾਂ ਦੇ ਗੰਧਰਵਰਾਜ ਦੀ ਕੰਨਿਆ ਸੀ। ਉਨ੍ਹਾਂ ਦੋਹਾ ਦਾ ਪ੍ਰੇਮ ਹੋ ਗਿਆ ਤੇ ਅਖ਼ੀਰ ਵਿਆਹ। ਰਾਜਕੁਮਾਰ ਨੇ ਆਪਣੇ ਸਹੁਰੇ ਦੀ ਮਦਦ ਨਾਲ ਆਪਣੇ ਪਿਉ ਦੇ ਸ਼ਤਰੂਆਂ ਨੂੰ ਮਾਰ ਕੇ ਮੁੜ ਰਾਜ ਭਾਗ ਪ੍ਰਾਪਤ ਕਰ ਲਿਆ। ਰਾਜਕੁਮਾਰ ਨੇ ਬ੍ਰਾਹਮਣੀ ਦੇ ਪੁੱਤਰ ਨੂੰ ਆਪਣਾ ਮੰਤਰੀ ਬਣਾ ਲਿਆ ਤੇ ਬ੍ਰਾਹਮਣੀ ਨੂੰ ਰਾਜ ਮਾਤਾ।

ਇਸ ਵਰਤ ਨੂੰ 'ਪ੍ਰਦੋਸ਼ ਵਰਤ' ਵੀ ਕਹਿੰਦੇ ਹਨ।

(ਤ-56) **ਤਰਵੇਂਧਾ** :

ਮੁਕਲਾਵੇ ਦੇ ਮਗਰੋਂ ਕੁੜੀ ਦਾ ਪੇਕੇ ਫੇਰਾ ਪਾਉਣਾ; ਵਿਆਹੇ ਜਾਣ ਤੋਂ ਬਾਅਦ ਉਹ ਤੀਜੀ ਵਾਰ ਸਹੁਰੇ ਜਾਣ ਲਗਦੀ ਹੈ ਤਾਂ ਉਦੋਂ ਕੁਝ ਸੁਗਾਤਾਂ, ਕਪੜੇ ਤੇ ਨਕਦੀ ਆਦਿ ਭੇਟ ਕੀਤੀਆ ਜਾਂਦੀਆਂ ਹਨ, ਜੋ 'ਤਰਵੇਂਧਾ' ਅਖਵਾਉਂਦੀਆਂ ਹਨ।

(ਤ-57) **ਤਲਾ** :

ਦੱਬ ਦੀ ਕਿਸਮ ਦਾ ਘਾਹ, ਜੋ ਪਸ਼ੂਆਂ ਲਈ ਚਾਰੇ ਵਜੋਂ ਵਰਤਿਆ ਜਾਂਦਾ ਹੈ। ਇਹ ਪੈਂਦਾ ਕਲਰੀ ਜਾਂ ਰੇਤਲੀ

**(ਤ-58) ਤਲਾਕ :**

ਹਿੰਦੂ-ਸਿੱਖ ਵਿਆਹ ਨੂੰ ਬੜਾ ਪਵਿਤ੍ਰ ਤੇ ਅਲੌਕਿਕ ਰਿਸ਼ਤਾ ਮੰਨਦੇ ਹਨ, ਜੋ ਜਨਮ-ਜਨਮਾਂਤਰਾਂ ਦੇ ਸੰਜੋਗ ਹੈ। ਉਨ੍ਹਾਂ ਵਿਚ ਤਲਾਕ ਦੇਣ ਦੀ ਕੋਈ ਪ੍ਰਥਾ ਨਹੀਂ। ਗੁਰਮਤਿ ਅਨੁਸਾਰ ਤਾਂ ਵਿਆਹ ਇਕ ਆਤਮਿਕ ਸਬੰਧ ਹੈ ਤੇ ਧਨ ਪਿਰ 'ਏਕ ਜੋਤ ਦੋਇ ਮੂਰਤੀ' ਹੁੰਦੇ ਹਨ। ਇਹ ਰਿਸ਼ਤਾ ਸਰੀਰ ਦੇ ਤਿਆਗਣ ਉਪਰੰਤ ਆਤਮਾ ਨਾਲ ਵੀ ਕਾਇਮ ਰਹਿੰਦਾ ਹੈ। ਇਸ ਲਈ ਸਿੱਖ ਧਰਮ ਵਿਚ ਤਲਾਕ ਕੋਈ ਅਰਥ ਨਹੀਂ ਰਖਦਾ। ਪੰਜਾਬੀ ਭਾਈਚਾਰੇ ਵਿਚ ਮੁਸਲਮਾਨਾਂ ਨੂੰ ਛਡ ਕੇ ਬਾਕੀਆਂ ਵਿਚ ਤਲਾਕ ਦਾ ਖਾਸ ਰਵਾਜ ਨਹੀਂ। ਕਈ ਘਰਾਂ ਵਿਚ ਮਰਦ ਤੇ ਤੀਵੀਂ ਦੀ ਆਪੋ ਵਿਚ ਰਤਾ ਭਰ ਨਹੀਂ ਬਣਦੀ, ਤਾਂ ਵੀ ਉਹ ਜ਼ਿੰਦਗੀ ਭਰ ਨਰਕ ਭੋਗਦੇ ਰਹਿੰਦੇ ਹਨ, ਪਰ ਤਲਾਕ ਨਹੀਂ ਦੇਂਦੇ। ਕੋਈ ਮਰਦ ਵਿਭਚਾਰਨ ਤੀਵੀਂ ਨੂੰ ਘਰੋਂ ਭਾਵੇਂ ਕਢ ਦੇਵੇ, ਪਰ ਤਲਾਕ ਉਹ ਵੀ ਨਹੀਂ ਦੇਂਦਾ। ਤੀਵੀਂ ਤਾਂ ਪਤੀ ਨੂੰ ਤਲਾਕ ਦੇਣ ਬਾਰੇ ਕਦੇ ਸੋਚ ਹੀ ਨਹੀਂ ਸਕਦੀ। ਮਾਪਿਆਂ ਨੇ ਇਕ ਵਾਰ, ਜਿਸ ਦੇ ਲੜ ਲਗਾ ਦਿਤੀ, ਭਾਵੇਂ ਉਹ ਐਬੀ, ਮਖੱਟੂ ਤੇ ਆਚਰਨਹੀਨ ਹੋਵੇ, ਉਹ ਗਲ ਪਿਆ ਢੋਲ ਤਾਂ ਵਜਾਂਦੀ ਰਹਿੰਦੀ ਹੈ।

ਕਾਨੂੰਨੀ ਤੌਰ ਤੇ ਹਿੰਦੂ-ਕੋਡ ਬਿਲ ਅਨੁਸਾਰ ਹਿੰਦੂ/ਸਿੱਖ ਮਰਦ/ਔਰਤ ਆਪਣੇ ਪਤਨੀ/ਪਤੀ ਨੂੰ ਤਲਾਕ ਦੇ ਸਕਦੇ ਹਨ। ਜਦੋਂ ਦਾ ਇਹ ਕਾਨੂੰਨ ਬਣਿਆ ਹੈ, ਪੜ੍ਹੇ ਲਿਖੇ ਵਰਗ ਵਿਚ ਤਲਾਕ ਦੇਣ ਦੀ ਪ੍ਰਥਾ ਚਲ ਪਈ ਹੈ, ਪਰ ਤਲਾਕ ਨੂੰ ਸਾਡਾ ਭਾਈਚਾਰਾ ਅਜੇ ਵੀ ਨਿੰਦਦਾ ਹੈ।

ਪੰਜਾਬ ਵਿਚ ਕਈ ਜਾਤੀਆਂ ਵਿਚ, ਵਿਆਹ ਨੂੰ ਖੰਡਨ ਕਰਨ ਦੀਆਂ ਕੁਝ ਰੋਚਕ-ਰੀਤਾਂ ਪ੍ਰਚਲਤ ਹਨ। ਫਿਰੋਜ਼ਪੁਰ ਦੇ ਬਾਗੜੀ, ਜੱਟ, ਵਿਆਹ ਨੂੰ ਭੰਗ ਕਰਨ ਲਈ ਇਕ ਰਸਮ ਕਰਦੇ ਹਨ, ਜੋ ਇਸ ਪ੍ਰਕਾਰ ਹੈ—ਭਾਈਚਾਰੇ ਦੇ ਕੁਝ ਲੋਕ ਕਿਸੇ ਨਿਸਚਿਤ ਥਾਂ ਇਕਠੇ ਹੁੰਦੇ ਹਨ। ਜਿਸ ਤੀਵੀਂ ਨਾਲੋਂ ਮਰਦ ਨੇ ਨਾਤਾ ਤੋੜਨਾ ਹੁੰਦਾ ਹੈ, ਤਾਂ ਉਸ ਤੀਵੀਂ ਨੂੰ ਭਾਈਚਾਰੇ ਦੇ ਸਾਹਮਣੇ ਖੜਾ ਕਰ ਕੇ ਮਰਦ ਆਪਣੀ ਧੋਤੀ ਨੂੰ ਦੋ ਹਿਸਿਆਂ ਵਿਚ ਪਾੜ ਕੇ, ਅੱਧੀ ਧੋਤੀ ਆਪਣੇ ਸਿਰ ਉਤੇ ਲੈਂਦਾ ਹੈ ਤੇ ਬਾਕੀ ਤੀਵੀਂ ਆਪਣੇ ਸਿਰ। ਫਿਰ ਆਪਣੀ ਤੀਵੀਂ ਨੂੰ ਸੰਬੋਧਨ ਕਰ ਕੇ ਕਹਿੰਦਾ ਹੈ, "ਮੈਂ ਤੈਨੂੰ ਹਮੇਸ਼ਾਂ ਲਈ ਤਿਆਗ ਦਿਤਾ ਹੈ।" ਇਸ ਰਸਮ ਨੂੰ 'ਧੌਲ ਉਡਾਣਾ' ਕਹਿੰਦੇ ਹਨ।

ਮੁਸਲਮਾਨਾਂ ਵਿਚ ਤਲਾਕ ਦੀ ਪ੍ਰਥਾ ਹੈ ਅਤੇ ਉਨ੍ਹਾਂ ਨੂੰ ਤਲਾਕ ਦਿਤਾ ਜਾ ਸਕਦਾ ਹੈ। ਪਤੀ ਆਪਣੀ ਪਤਨੀ ਨੂੰ ਬਿਨਾਂ ਕਾਰਨ ਦਸੇ ਵੀ ਤਲਾਕ ਦੇ ਸਕਦਾ ਹੈ। ਜੇ ਕੋਈ ਮੁਸਲਮਾਨ ਤੀਵੀਂ ਆਪਣਾ ਧਰਮ ਬਦਲ ਲਏ ਤਾਂ ਪਤੀ-ਪਤਨੀ ਵਿਆਹ ਦੇ ਬੰਧਨ ਵਿਚ ਬੱਝੇ ਰਹਿ ਸਕਦੇ ਹਨ, ਪਰ ਜੇ ਪਤੀ ਧਰਮ ਬਦਲ ਲਏ ਤਾਂ ਪਤਨੀ ਇਸ ਗੱਲ ਦੇ ਅਧਾਰ ਉਤੇ ਪਤੀ ਨੂੰ ਤਲਾਕ ਦੇ ਸਕਦੀ ਹੈ।

ਤਲਾਕ ਦੇਣ ਲਗਿਆਂ ਪਤੀ ਦੋ ਗਵਾਹਾਂ ਦੇ ਸਾਹਮਣੇ, ਆਪਣੀ ਪਤਨੀ ਨੂੰ ਸੰਬੋਧਨ ਕਰ ਕੇ ਕਹਿੰਦਾ ਹੈ : "ਮੈਂ ਤੈਨੂੰ ਤਲਾਕ ਦੇਂਦਾ ਹਾਂ।" ਜੇ ਇਹ ਵਾਕ ਇਕ ਜਾਂ ਦੋ ਵਾਰ ਕਿਹਾ ਜਾਵੇ ਤਾਂ ਪਤੀ ਉਸ ਪਤਨੀ ਨਾਲ ਮੁੜ ਕਿਸੇ ਵੇਲੇ ਦੁਬਾਰਾ ਵਿਆਹ ਕਰ ਸਕਦਾ ਹੈ, ਪਰ ਜੇ ਵਾਕ ਤਿੰਨ ਵਾਰ ਦੁਹਰਾਇਆ ਜਾਵੇ ਤਾਂ ਇਹ ਤਲਾਕ ਸਹਿਜੇ ਖੰਡਨ ਨਹੀਂ ਹੋ ਸਕਦਾ। ਅਜਿਹੀ ਹਾਲਤ ਵਿਚ ਪਤੀ ਤਲਾਕ ਦਿਤੀ ਔਰਤ ਨੂੰ ਮੁੜ ਉਦੋਂ ਤਕ ਗ੍ਰਹਿਣ ਨਹੀਂ ਕਰ ਸਕਦਾ, ਜਦੋਂ ਤਕ ਔਰਤ ਕਿਸੇ ਦੂਜੇ ਨਾਲ ਵਿਆਹ ਕਰਵਾ ਕੇ, ਉਸ ਤੋਂ ਤਲਾਕ ਨਾ ਲੈ ਲਏ। ਹਰ ਵਾਰ 'ਇਦਤ' ਦਾ ਸਮਾਂ ਲੰਘਾਣਾ ਜ਼ਰੂਰੀ ਹੈ।

ਤਲਾਕ ਦੀਆਂ ਕਈ ਵਚਿਤਰ ਕਿਸਮਾਂ ਹਨ। ਮੁਜ਼ਫਰਗੜ੍ਹ ਦੇ ਜ਼ਿਲੇ ਵਿਚ ਇਕ 'ਲੁੰਡਾ ਤਲਾਕ' ਪ੍ਰਚਲਤ ਹੈ। ਜਿਸ ਵਿਚ ਤੀਵੀਂ ਜੋ ਆਪਣੇ ਪਤੀ ਨੂੰ ਛੱਡ ਕੇ, ਕਿਸੇ ਹੋਰ ਨਾਲ ਵਿਆਹ ਕਰਨਾ ਚਾਹੁੰਦੀ ਹੈ, ਤਾਂ ਉਹ ਦਾਜ ਉਤੇ ਆਪਣਾ ਹੱਕ ਛੱਡ ਦੇਂਦੀ ਹੈ। ਇਕ ਹੋਰ ਕਿਸਮ 'ਖਲੇ ਤਲਾਕ' ਦੀ ਹੈ। ਮੀਆਂਵਾਲੀ ਦੇ ਇਲਾਕੇ ਵਿਚ 'ਚਨ ਤਲਾਕ' ਦੀ ਕਸਮ ਚੁੱਕਣ ਦਾ ਰਵਾਜ ਹੈ, ਜਿਸ ਦੇ ਅਰਥ ਹਨ 'ਜੇ ਮੈਂ ਝੂਠ ਬੋਲਾਂ ਤਾਂ ਮੈਂ ਆਪਣੀ ਪਤਨੀ ਨੂੰ ਤਲਾਕ ਦੇਵਾਂ।'

**(ਤ-59) ਤਲਾਕ ਦੀ ਕਸਮ :**

ਜ਼ਿਲਾ ਅਟਕ ਦੇ ਮੁਸਲਮਾਨਾਂ ਵਿਚ ਸਭ ਤੋਂ ਸਖ਼ਤ ਕਸਮ ਤੀਵੀਂ ਦੇ ਤਲਾਕ ਦੀ ਮੰਨੀ ਜਾਂਦੀ ਹੈ। ਕਸਮ ਚੁੱਕਣ ਵਾਲਾ ਕਹਿੰਦਾ ਹੈ : "ਜੇ ਮੈਂ ਝੂਠ ਬੋਲਾਂ ਜਾਂ ਅਮੁਕਾ ਕੰਮ ਨਾ ਕਰਾਂ ਤਾਂ ਮੈਂ ਤਲਾਕ ਲੈ ਲਵਾਂ।" ਜੇ ਕਿਸੇ ਤਰ੍ਹਾਂ ਇਹ ਕਸਮ ਝੂਠੀ ਸਿਧ ਹੋ ਜਾਵੇ ਜਾਂ ਕਸਮ ਚੁਕਣ ਵਾਲਾ ਇਸ ਨੂੰ ਪੂਰਾ ਨਾ ਕਰ ਸਕੇ ਤਾਂ ਉਹ ਉਦੋਂ ਤਕ ਆਪਣੀ ਪਤਨੀ ਨਾਲ ਮੁੜ ਸੰਗ ਨਹੀਂ ਕਰਦਾ ਜਦੋਂ ਤਕ ਉਹ ਉਸ ਨਾਲ ਦੁਬਾਰਾ ਰਸਮੀ ਤੌਰ ਤੇ ਨਿਕਾਹ ਨਾ ਕਰ ਲਵੇ। ਅਜਿਹੀ

(ਤ-60) **ਤਲੀਆਂ ਖੇਡਣਾ** :

ਇਕ ਖੇਡ ਜੋ ਜ਼ੋਰ ਆਜ਼ਮਾਈ ਲਈ ਖੇਡੀ ਜਾਂਦੀ ਹੈ। ਇਕ ਸ਼ਖ਼ਸ ਆਪਣੀ ਹਥੇਲੀ ਨੂੰ ਜ਼ਿਮੀਂ ਉੱਤੇ ਟਿਕਾ ਕੇ ਆਪਣਾ ਸਾਰਾ ਜ਼ੋਰ ਉਸ ਉੱਤੇ ਪਾ ਦੇਂਦਾ ਹੈ ਤੇ ਦੂਜਾ ਸ਼ਖ਼ਸ ਉਸਦੀ ਹਥੇਲੀ ਨੂੰ ਜ਼ਿਮੀਂ ਤੋਂ ਉਠਾਉਣ ਦਾ ਯਤਨ ਕਰਦਾ ਹੈ। ਇਸ ਵਿਚ ਕਈ ਦਾਉ-ਪੇਚ ਤੇ ਪਲਥੇ ਹਨ। ਪਿੰਡਾਂ ਵਿਚ ਗਭਰੂ ਤਲੀਆਂ ਆਮ ਖੇਡਦੇ ਮਿਲਣਗੇ।

(ਤ-61) **ਤਵ-ਪ੍ਰਸਾਦਿ** :

ਸਿੱਖਾਂ ਵਿਚ ਭੋਜਨ ਛਕਣ ਤੋਂ ਪਹਿਲਾਂ ਜਾਂ ਕਪੜੇ ਆਦਿ ਪਹਿਨਣ ਲਗਿਆਂ 'ਤਵ ਪ੍ਰਸਾਦਿ' ਕਹਿਣ ਦੀ ਪ੍ਰਥਾ ਹੈ, ਜੋ ਪ੍ਰਭੂ ਦੀ ਬਖ਼ਸ਼ਿਸ਼ ਦੇ ਸ਼ੁਕਰਾਣੇ ਵਜੋਂ ਕਿਹਾ ਜਾਂਦਾ ਹੈ। ਅਜ ਵੀ ਪੁਰਾਤਨ ਸਿੱਖ, ਗੁਰਦਵਾਰਿਆਂ ਦੇ ਭਾਈ, ਸੰਤ ਤੇ ਜਗਿਆਸੂ ਇਸ ਵਿਧਾਨ ਦੀ ਪਾਲਣਾ ਕਰਦੇ ਹਨ, ਪਰ ਆਮ ਸਿੱਖਾਂ ਵਿਚ ਇਹ ਪ੍ਰਥਾ ਪ੍ਰਚਲਤ ਨਹੀਂ ਰਹੀ।

'ਤਵਪ੍ਰਸਾਦਿ ਭਰਮ ਕਾ ਨਾਸ' ਸਿੱਖ ਭਰਮਾਂ ਵਹਿਮਾਂ ਦਾ ਖੰਡਨ ਵੇਲੇ ਇਹ ਵਾਕ ਵਰਤਦੇ ਹਨ। ਇਸ ਦਾ ਭਾਵ ਹੈ ਕਿ ਪ੍ਰਭੂ ਦੀ ਬਖ਼ਸ਼ਿਸ਼ ਨਾਲ ਸਭ ਭਰਮਾਂ ਦਾ ਨਾਸ ਹੋ ਜਾਂਦਾ ਹੈ। ਕਿਸੇ ਕੱਚੀ ਥਾਂ ਪੈਰ ਧਰਨ ਲਗਿਆਂ, ਕਿਸੇ ਨੀਚ ਦਾ ਛੁਹਿਆ ਭੋਜਨ ਗ੍ਰਹਿਣ ਕਰਨ ਲਗਿਆਂ, ਜਾਂ ਕਿਸੇ ਕੰਮ ਨੂੰ ਅਸ਼ੁਭ ਵੇਲੇ ਸ਼ੁਰੂ ਕਰਨ ਲਗਿਆਂ ਇਹ ਵਾਕ ਉਚਾਰ ਲਿਆ ਜਾਂਦਾ ਹੈ।

(ਤ-62) **ਤਵਾ** :

ਰੋਟੀ ਪਕਾਉਣ ਵਾਲੇ ਤਵੇ ਨਾਲ ਬਹੁਤ ਸਾਰੀ ਲੋਕਧਾਰਾ ਜੁੜੀ ਹੋਈ ਹੈ। ਜਦੋਂ ਗੜੇ (ਔਲੇ) ਪੈ ਰਹੇ ਹੋਣ ਤਾਂ ਵਿਹੜੇ ਵਿਚ ਤਵੇ ਨੂੰ ਮੂਧਾ ਮਾਰ ਕੇ ਰੱਖ ਦਿਤਾ ਜਾਵੇ ਰੇ ਕਿਹਾ ਜਾਵੇ "ਤੇਰਾ ਮੂੰਹ ਕਾਲਾ" ਤਾਂ ਲੋਕ ਧਾਰਨਾ ਅਨੁਸਾਰ ਔਲੇ ਪੈਣੇ ਬੰਦ ਹੋ ਜਾਂਦੇ ਹਨ। ਇਹ ਟੂਣਾ ਲਹਿੰਦੇ ਵਿਚ ਬੜਾ ਪ੍ਰਚਲਤ ਹੈ ਅਤੇ ਇਸ ਦਾ ਮਨੋਰਥ ਗੜਿਆਂ ਵਿਚਲੀ ਪ੍ਰਾਣਾਤਮਾ ਨੂੰ ਸ਼ਰਮਸਾਰ ਕਰਨਾ ਹੈ। ਆਦਿਮ ਮਾਨਸਿਕਤਾ ਹਰ ਜੜ੍ਹ ਵਸਤੂ ਨੂੰ ਪ੍ਰਾਣਧਾਰੀ ਮੰਨਦੀ ਸੀ।

ਗਰਮ ਤਵੇ ਨੂੰ ਠੰਡਾ ਕਰਨ ਲਈ ਜੂਠਾ ਪਾਣੀ ਨਹੀਂ ਵਰਤਿਆ ਜਾਂਦਾ।

ਰੋਟੀ ਪਕਣ ਮਗਰੋਂ ਤਵੇ ਨੂੰ ਮੂਧਾ ਮਾਰ ਦਿਤਾ ਜਾਂਦਾ ਹੈ। ਉਸ ਵਿਚ ਜੇ ਤਾਰੇ ਕਾਫ਼ੀ ਦੇਰ ਤਕ ਟਿਮਕਦੇ ਰਹਿਣ

(ਤ-63) **ਤਵੀਤ** :

ਤਵੀਤ (ਅਰਬੀ : ਤਾਅਵੀਜ਼) ਦੇ ਸ਼ਾਬਦਿਕ ਅਰਥ ਹਨ : ਪਨਾਹ ਮੰਗਣਾ। ਤਵੀਤ ਮੰਤ੍ਰੇ ਹੋਏ ਉਹ ਜੰਤਰ ਹਨ, ਜਿਨ੍ਹਾਂ ਨੂੰ ਕਪੜੇ ਵਿਚ ਸੀ ਕੇ ਜਾਂ ਧਾਤ ਵਿਚ ਮੜ੍ਹ ਕੇ, ਸਰੀਰ ਦੇ ਕਿਸੇ ਅੰਗ ਉੱਤੇ ਬੰਨ੍ਹਣ/ਗਲ ਵਿਚ ਪਹਿਨਣ ਨਾਲ ਦੁਖ ਕਲੇਸ਼ ਦੂਰ ਹੁੰਦੇ ਤੇ ਮੁਰਾਦਾਂ ਪੂਰੀਆਂ ਹੁੰਦੀਆਂ ਹਨ।

ਮੁੱਢ ਵਿਚ ਲੋਕੀਂ ਕਿਸੇ ਰਿਸ਼ੀ ਮੁਨੀ ਜਾਂ ਪ੍ਰਤਿਭਾਸ਼ਾਲੀ ਵਿਅਕਤੀ ਦੀ ਕੋਈ ਨਿਸ਼ਾਨੀ, ਇਸ ਭਾਵ ਨਾਲ, ਕਪੜੇ ਵਿਚ ਵਲੇਟ ਕੇ ਆਪਣੇ ਕੋਲ ਰਖ ਲੈਂਦੇ ਸਨ ਕਿ ਇਸ ਨਿਸ਼ਾਨੀ ਦੇ ਮਾਧਿਅਮ ਦੁਆਰਾ ਉਸ ਵਿਅਕਤੀ ਦੇ ਗੁਣ ਉਨ੍ਹਾਂ ਅੰਦਰ ਵੀ ਰਚ ਜਾਣਗੇ। ਇਹ ਵਿਚਾਰ ਸਹਾਨੁਭੂਤੀ ਟੂਣੇ ਉੱਤੇ ਆਧਾਰਤ ਹੈ। ਅਥਵਾ ਅੰਸ਼ ਤੋਂ ਅੰਸ਼ੀ ਤਕ ਪਹੁੰਚਣਾ। ਆਦਿਮ ਮਨੁੱਖ ਸ਼ਕਤੀ ਨੂੰ ਗ੍ਰਹਿਣ ਕਰਨ ਲਈ, ਕਈ ਵਿਧੀਆਂ ਵਰਤਦਾ ਸੀ, ਜਿਨ੍ਹਾਂ ਵਿਚੋਂ ਇਕ ਵਿਧੀ ਇਹ ਸੀ ਕਿ ਉਹ ਲਹੂ ਪੀਣੇ ਜੰਗਲੀ ਜਾਨਵਰਾਂ ਦੇ ਦੰਦ, ਹੱਡੀ ਜਾਂ ਵਾਲ, ਆਪਣੇ ਜਿਸਮ ਦੇ ਕਿਸੇ ਅੰਗ ਨਾਲ ਖ਼ਾਸ ਤੌਰ ਤੇ ਬਾਹਵਾਂ ਨਾਲ ਬੰਨ੍ਹ ਲੈਂਦਾ ਤਾਂ ਜੋ ਉਸ ਪਸ਼ੂ ਦਾ ਬਲ, ਉਹ ਆਪਣੇ ਅੰਦਰ ਗ੍ਰਹਿਣ ਕਰ ਸਕੇ। ਇਹ ਵਿਚਾਰ ਲਾਗਵੇਂ ਟੂਣੇ ਉੱਤੇ ਅਧਾਰਤ ਹੈ। ਆਦਿਮ ਮਨੁੱਖ ਪੱਥਰਾਂ ਗੀਟਿਆਂ, ਸੰਖਾਂ ਤੇ ਬਨਸਪਤੀ ਆਦਿ ਵਿਚ ਵੀ ਕਿਸੇ ਪ੍ਰਾਣਧਾਰੀ ਸ਼ਕਤੀ ਨੂੰ ਅਨੁਭਵ ਕਰਦਾ ਸੀ ਤੇ ਉਸ ਤੋਂ ਰਖਿਆ ਪ੍ਰਾਪਤ ਕਰਨ ਲਈ, ਇਸੇ ਸਾਮਗਰੀ ਨੂੰ, ਕਿਸੇ ਨਾ ਕਿਸੇ ਰੂਪ ਵਿਚ ਆਪਣੇ ਕੋਲ ਰਖਦਾ। ਇਹੋ ਸਾਰੇ ਵਿਚਾਰ ਤਵੀਤ ਦੀ ਪਿੱਠ-ਭੂਮੀ ਹਨ ਅਤੇ ਲੋਕ-ਮਨ ਦੀ ਪ੍ਰਕ੍ਰਿਤੀ ਤੋਂ ਉਪਜੇ ਹਨ।

ਤਵੀਤ ਪ੍ਰਭਾਵ ਦੇ ਪਖੋਂ ਤਿੰਨ ਤਰ੍ਹਾਂ ਦੇ ਹੁੰਦੇ ਹਨ। ਹਾਂ ਪੱਖੀ (ਨਿਸ਼ਚੇ ਪੱਖੀ) ਅਭਾਵਾਤਮਕ। ਨਿਸ਼ਚੇਪਖੀ ਕਿਸੇ ਮੰਤਵ ਦੀ ਸਿਧੀ ਲਈ ਹੁੰਦੇ ਹਨ। ਇਹ ਮਨ ਵਿਚ ਕੋਈ ਨਿਸ਼ਚਾ ਧਾਰ ਕੇ ਕੀਤੇ ਜਾਂਦੇ ਹਨ, ਜਿਵੇਂ ਕਿਸੇ ਤੀਵੀਂ ਦੇ ਘਰ ਔਲਾਦ ਨਾ ਹੁੰਦੀ ਹੋਵੇ, ਪਤੀ ਵਸ ਵਿਚ ਨਾ ਹੋਵੇ, ਘਰ ਵਿਚ ਅਣਬਣ ਰਹੇ, ਧਨ ਦੌਲਤ ਦੀ ਥੁੜ ਹੋਵੇ, ਰੋਗ ਖਹਿੜਾ ਨਾ ਛਡਦੇ ਹੋਣ, ਵੈਰੀ ਅਗੋਂ ਪੇਸ਼ ਨਾ ਜਾਂਦੀ ਹੋਵੇ, ਮੁਕੱਦਮਾ ਪੁੱਠਾ ਪੈ ਰਿਹਾ ਹੋਵੇ ਤਾਂ ਇਨ੍ਹਾਂ ਮੰਤਵਾਂ ਦੀ ਸਿੱਧੀ ਲਈ ਤਵੀਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਤਵੀਤ ਸਰੀਰ ਦੇ ਕਿਸੇ ਅੰਗ ਨਾਲ ਬੰਨ੍ਹੇ ਜਾਂਦੇ ਜਾਂ ਗਲ ਵਿਚ ਧਾਰਨ ਕੀਤੇ ਜਾਂਦੇ ਹਨ। ਇਨ੍ਹਾਂ ਤਵੀਤਾਂ ਨੂੰ

ਵਿਹੜੇ ਵਿਚ, ਕਿਸੇ ਗੁੱਠੇ ਜਾਂ ਬੂਹੇ ਅੱਗੇ ਦੱਬ ਦਿਤਾ ਜਾਂਦਾ ਹੈ ਤੇ ਜਿਹੜਾ ਕੋਈ ਇਨ੍ਹਾਂ ਤਵੀਤਾਂ ਉਪਰੋਂ ਦੀ ਪਹਿਲਾਂ ਲੰਘਦਾ ਹੈ, ਉਸ ਉਤੇ ਤਵੀਤ ਦਾ ਅਸਰ ਪੈਂਦਾ ਹੈ । ਕਈ ਵਾਰ ਤਵੀਤ ਨੂੰ ਦੁਸ਼ਮਣ ਦੀ ਮੰਜੀ ਦੇ ਔਂਠਿਆਂ ਨਾਲ ਬੰਨ੍ਹ ਦਿਤਾ ਜਾਂਦਾ ਹੈ ਤੇ ਜਦੋਂ ਉਸ ਮੰਜੀ ਤੇ ਕੋਈ ਸੌਂਦਾ ਬੈਠਦਾ ਹੈ ਤਾਂ ਤਵੀਤਾਂ ਦੇ ਅਸਰ ਹੇਠ ਆ ਜਾਂਦਾ ਹੈ । ਤਵੀਤ ਨੂੰ ਪਾਣੀ ਵਿਚ ਘੋਲ ਕੇ ਜਾਂ ਕਿਸੇ ਹੋਰ ਪਦਾਰਥ ਵਿਚ ਰਲਾ ਕੇ ਵੀ ਪਿਲਾਇਆ ਜਾਂ ਖਵਾਇਆ ਜਾਂਦਾ ਹੈ । ਇਸ ਨਾਲ ਵੀ ਇਛਾ ਪੂਰਤੀ ਹੁੰਦੀ ਹੈ ।

ਕੁਝ ਤਵੀਤ ਚੰਦਰੀਆਂ ਰੂਹਾਂ ਤੇ ਬਦਨਜ਼ਰ ਤੋਂ ਰਖਿਆ ਵਜੋਂ ਵੀ ਵਰਤੇ ਜਾਂਦੇ ਹਨ, ਜਾਂ ਦੁਸ਼ਮਣ ਦੇ ਟੂਣੇ ਟਪੇ, ਜਾਦੂ-ਮੰਤ੍ਰ ਤੋਂ ਬਚਣ ਲਈ ਗਲ ਵਿਚ ਪਹਿਨੇ ਜਾਂਦੇ ਹਨ । ਇਨ੍ਹਾਂ ਦਾ ਮੂਲ ਮੰਤਵ ਸਵੈ-ਰਖਿਆ ਹੈ । ਇਨ੍ਹਾਂ ਤਵੀਤਾਂ ਨੂੰ ਪੰਜਾਬੀ ਵਿਚ 'ਰੱਖਾਂ' ਕਿਹਾ ਜਾਂਦਾ ਹੈ । ਪਹਿਲਾਂ ਰੱਖਾਂ ਕੇਵਲ ਸਵੈ-ਰਖਿਆ ਲਈ ਵਰਤੇ ਤਵੀਤਾਂ ਨੂੰ ਕਿਹਾ ਜਾਂਦਾ ਸੀ, ਪਰ ਪਿਛੋਂ ਇਹ ਸ਼ਬਦ ਹਰ ਤਰ੍ਹਾਂ ਦੇ ਜੰਤਰਾਂ ਲਈ ਵਰਤਿਆ ਜਾਣ ਲਗਾ (ਵੇਖੋ : ਰੱਖਾਂ) ।

ਤਵੀਤ ਅਥਵਾ ਰੱਖ ਦਾ ਅਸਰ ਉਦੋਂ ਹੀ ਹੁੰਦਾ ਹੈ, ਜਦੋਂ ਉਹ ਸਰੀਰ ਦੇ ਕਿਸੇ ਅੰਗ ਨੂੰ ਛੋਹੇ, ਅਥਵਾ ਕੋਈ ਸੰਪਰਕ ਬਣੇ ।

ਤਵੀਤ ਕਈ ਵੰਨਗੀਆਂ ਦੇ ਹੁੰਦੇ ਹਨ । ਕੁਝ ਤਵੀਤ ਤਾਂ ਜੰਤਰ ਹੁੰਦੇ ਹਨ । ਕਾਗ਼ਜ਼ ਦੇ ਕਿਸੇ ਟੁਕੜੇ ਉਤੇ ਕੁਝ ਅੱਖਰ ਲਿਖੇ ਹੁੰਦੇ ਹਨ, ਚਿੰਨ੍ਹ ਰੂਪ ਵਿਚ ਅਤੇ ਇਨ੍ਹਾਂ ਚਿੰਨ੍ਹਾਂ ਨੂੰ ਉਹ ਹੀ ਸਮਝਦਾ ਹੈ ਜੋ ਇਹ ਜੰਤਰ ਰਚਦਾ ਹੈ । ਕਈ ਵਾਰ ਕਾਗ਼ਜ਼ ਦੇ ਟੁਕੜੇ ਉਤੇ ਕੁਰਆਨ ਦੀ ਕੋਈ ਆਇਤ ਲਿਖੀ ਹੁੰਦੀ ਹੈ । ਕਈ ਵਾਰ ਖ਼ਾਨੇ ਮਾਰ ਕੇ, ਉਨ੍ਹਾਂ ਵਿਚ ਕੁਝ ਹਿੰਦਸੇ ਦਰਜ ਕਰ ਦਿਤੇ ਜਾਂਦੇ ਹਨ । ਜਿਸ ਪਾਲ ਦਾ ਵੀ ਜੋੜ ਕਰੋ, ਅੰਕ ਇਕੋ ਬੈਠਦਾ ਹੈ । ਕੁਝ ਜੰਤਰਾਂ ਉਤੇ ਲਿਖੇ ਅੰਕੜੇ ਕੁਰਆਨ ਦੀ ਕਿਸੇ ਆਇਤ ਦੇ ਬੋਧਿਕ ਹੁੰਦੇ ਹਨ ਤੇ ਹਰ ਅੰਕੜੇ 'ਚ ਉਸੇ ਆਇਤ ਦੀ ਦੈਵੀ ਸ਼ਕਤੀ, ਜਿਸ ਦੇ ਕਿ ਉਹ ਬੋਧਿਕ ਹਨ, ਛੁਪੀ ਮੰਨੀ ਜਾਂਦੀ ਹੈ । ਹਿੰਦੂਆਂ ਵਿਚ ਵਰਤੇ ਜਾਂਦੇ ਕਈ ਜੰਤਰਾਂ ਵਿਚ 'ਸਵਾਸਤਕ' ਤੇ 'ਓਮ' ਆਦਿ ਦੇ ਚਿੰਨ੍ਹ ਤੋਂ ਇਲਾਵਾ ਦੇਵੀ ਦੇਵਤਿਆਂ ਜਾਂ ਗ੍ਰਹਿਆਂ ਦੇ ਚਿੰਨ੍ਹ ਵੀ ਉਕਰੇ ਹੁੰਦੇ ਹਨ, ਜੋ ਅੰਕੜਿਆਂ ਦੁਆਰਾ ਪ੍ਰਗਟ ਕੀਤੇ ਜਾਂਦੇ ਹਨ । ਇਨ੍ਹਾਂ ਜੰਤਰਾਂ ਨੂੰ ਤਾਂਬੇ ਜਾਂ ਚਾਂਦੀ ਦੀ ਡਿੱਬੀ ਵਿਚ ਮੜ੍ਹਵਾ ਕੇ ਸਰੀਰ ਨਾਲ ਬੰਨ੍ਹਿਆ ਜਾਂਦਾ ਹੈ ਜਾਂ ਕਪੜੇ ਵਿਚ ਸੀਤ ਕੇ ਪਹਿਨ ਲਿਆ ਜਾਂਦਾ ਹੈ । ਡਿੱਬੀ ਵਿਚ ਮੜ੍ਹ ਕੇ ਸਰੀਰ ਉਤੇ ਪਹਿਨੇ ਜਾਂਦੇ ਹਨ । ਮਰਦ ਆਮ ਤੌਰ ਤੇ ਤਵੀਤ ਨੂੰ ਡੌਲਿਆਂ ਨਾਲ ਬੰਨ੍ਹਦੇ ਹਨ ਅਤੇ ਤੀਵੀਆਂ ਤੇ ਬੱਚੇ ਗਲ ਵਿਚ ਪਹਿਨਦੇ ਹਨ । ਬਲਦਾਂ, ਊਠਾਂ ਤੇ ਘੋੜਿਆਂ ਆਦਿ ਦੀ ਰਖਿਆ ਲਈ ਵੀ, ਉਨ੍ਹਾਂ ਦੇ ਗਲ ਵਿਚ ਤਵੀਤ ਜਾਂ ਰੰਗ ਬਰੰਗੇ ਮਣਕੇ ਤੇ ਘੰਟੀ ਆਦਿ ਬੰਨ੍ਹੇ ਜਾਂਦੇ ਹਨ ।

ਤਵੀਤ ਨੂੰ 'ਫੂਲ' ਵੀ ਕਿਹਾ ਜਾਂਦਾ ਹੈ । ਨਜ਼ਰ ਤੋਂ ਬਚਣ ਲਈ, ਜੋ ਤਵੀਤ ਵਰਤਿਆ ਜਾਂਦਾ ਹੈ, ਉਸ ਨੂੰ 'ਨਜ਼ਰ ਦਾ ਫੂਲ' ਕਹਿੰਦੇ ਹਨ । ਕਈ ਤੀਵੀਆਂ, ਮੱਖਣ ਜ਼ਿਆਦਾ ਨਿਕਲਣ ਦੇ ਖ਼ਿਆਲ ਨਾਲ, ਮਧਾਣੀ ਦੇ ਨਾਲ, ਤਵੀਤ ਬੰਨ੍ਹ ਲੈਂਦੀਆਂ ਹਨ, ਇਸ ਤਵੀਤ ਨੂੰ 'ਮਧਾਣੀ ਦਾ ਫੁੱਲ' ਕਿਹਾ ਜਾਂਦਾ ਹੈ । ਯੁੱਧ ਵਿਚ ਵਿਜੈ ਪ੍ਰਾਪਤ ਕਰਨ ਲਈ, ਸ਼ੇਰ ਦਾ ਨਹੁੰ ਜਾਂ ਦੰਦ, ਤਾਂਬੇ ਦੀ ਡੱਬੀ ਵਿਚ ਪਾ ਕੇ ਕੋਲ ਰਖਿਆ ਜਾਂਦਾ ਹੈ । ਜੇ ਮਾਸ਼ੂਕ ਨੂੰ ਆਪਣੇ ਵਲ ਖਿਚਣਾ ਹੋਵੇ ਤਾਂ ਉੱਲੂ ਦੇ ਨਹੁੰ ਕਿਸੇ ਤਾਂਬੇ ਦੀ ਡੱਬੀ ਵਿਚ ਰਖ ਕੇ ਮਾਸ਼ੂਕ ਦੇ ਦਲ੍ਹੀਜ਼ ਹੇਠ ਦੱਬ ਦੇਂਦੇ ਹਨ । ਧਾਰਨਾ ਹੈ ਕਿ ਦਲ੍ਹੀਜ਼ ਟਪਦਿਆਂ ਸਾਰ, ਮਾਸ਼ੂਕ ਆਪਣੇ ਪ੍ਰੇਮੀ ਕੋਲ ਨਸਦੀ ਆਵੇਗੀ । ਤਵੀਤ ਦੇ ਨਾਲ ਹੀ ਕਈ ਲੋਕ ਲੋਹੇ ਦਾ ਛੱਲਾ, ਮਣਕਾ ਤੇ ਸੰਖ, ਤਾਂਬੇ ਦਾ ਸਿੱਕਾ ਪਰੋ ਲੈਂਦੇ ਹਨ । ਜਿਸ ਨਾਲ ਸਭ ਸੰਕਟ ਦੂਰ ਰਹਿੰਦੇ ਹਨ । ਕਈ ਲੋਕ ਕਿਸੇ ਮਨੋ-ਕਾਮਨਾ ਦੀ ਪੂਰਤੀ ਲਈ ਧੂਣੀ ਦੀ ਸਵਾਹ, ਕਿਸੇ ਜੋਗੀ ਤੋਂ ਲੈ ਕੇ ਡੱਬੀ ਵਿਚ ਪਾ ਕੇ, ਗਲ ਵਿਚ ਪਹਿਨ ਲੈਂਦੇ ਹਨ । ਕਈ ਕਿਸਾਨ ਆਪਣੇ ਖੇਤਾਂ ਵਿਚ ਜ਼ਿਆਦਾ ਫਲ ਦੀ ਉਤਪਤੀ ਲਈ ਤਵੀਤ ਦੱਬ ਦੇਂਦੇ ਹਨ । ਕਈ ਕਾਰੀਗਰ ਆਪਣੇ ਸੰਦਾਂ ਨਾਲ ਤਵੀਤ ਬੰਨ੍ਹੀ ਰਖਦੇ ਹਨ ਤਾਂ ਜੋ ਕੰਮ ਵਿਚ ਬਰਕਤ ਰਹੇ ।

(ਤ-64) **ਤਵੀਤੜੀਆਂ** :

ਤਵੀਤ ਦੀ ਸ਼ਕਲ ਦਾ ਗਹਿਣਾ; ਤਵੀਤ ਵਜੋਂ ਪਹਿਨਿਆ ਇਕ ਪ੍ਰਸਿਧ ਛੋਟਾ ਗਹਿਣਾ । ਤਵੀਤੜੀ ਪਾਨ ਦੀ ਸ਼ਕਲ ਦਾ ਸੋਨੇ/ਚਾਂਦੀ ਦਾ ਗਹਿਣਾ ਹੈ, ਜਿਸ ਨਾਲ ਕੁੰਡਾ ਲਗਾ ਹੁੰਦਾ ਹੈ ਤੇ ਜੋ ਲਾਲ/ਕਾਲੇ ਧਾਗੇ ਵਿਚ ਪਰੋ ਕੇ ਪਹਿਨਿਆ ਜਾਂਦਾ ਹੈ ।

ਸਿਰ ਦੀ ਰਖਿਆ ਹਿੱਤ ਵੀ ਤਵੀਤੜੀਆਂ ਪਹਿਨੀਆਂ ਜਾਂਦੀਆਂ ਹਨ । ਇਹ ਪਾਨ ਦੀ ਸ਼ਕਲ ਦੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਕੁੰਡਿਆਂ ਨਾਲ ਖੰਨ੍ਹਿਆ ਹੁੰਦਾ ਹੈ । ਸਿਰ ਦੇ

(ਤ-65) **ਤਾਊਸ** :

ਇਕ ਤੰਦਾਂ ਵਾਲਾ ਸਾਜ਼, ਜਿਸ ਦਾ ਅਗਲਾ ਹਿੱਸਾ ਮੋਰ ਦੀ ਸ਼ਕਲ ਵਰਗਾ ਹੁੰਦਾ ਹੈ। ਇਸ ਨੂੰ ਘੋੜੇ ਦੀ ਪੂਛਲ ਦੇ ਵਾਲਾਂ ਨਾਲ ਬਣਾਏ ਗਜ਼ ਨਾਲ ਵਜਾਇਆ ਜਾਂਦਾ ਹੈ।

(ਤ-66) **ਤਾਸ਼** :

ਪੱਤਿਆਂ ਦੀ ਇਕ ਖੇਡ, ਜਿਸ ਵਿਚ ਚਾਰ ਰੰਗਾਂ ਦੇ 52 ਪੱਤੇ ਹੁੰਦੇ ਹਨ। ਤਾਸ਼ ਦਾ ਮੁੱਢ ਕਿਥੇ ਬੱਝਾ ? ਇਸ ਬਾਰੇ ਭਾਰਤ ਤੇ ਚੀਨ ਦੋਵੇਂ ਦਾਅਵਾ ਕਰਦੇ ਹਨ ਕਿ ਤਾਸ਼ ਉਨ੍ਹਾਂ ਦੀ ਕਾਢ ਹੈ। ਧਾਰਨਾ ਹੈ ਕਿ ਤਾਸ਼ ਦਾ ਮੁੱਢ ਭਾਵੇਂ ਪ੍ਰਾਚੀਨ ਮਿਸਰ ਵਿਚ ਨਾ ਵੀ ਬਝਿਆ ਹੋਵੇ, ਤਾਂ ਵੀ ਉਸ ਦੇਸ ਦੀ ਅਜੋਕੀ ਤਾਸ਼ ਦੇ ਵਿਕਾਸ ਵਿਚ ਅਹਿਮ ਭੂਮਿਕਾ ਹੈ। ਕਿਉਂਜੋ ਅਜ ਜੋ ਤਾਸ਼ ਪ੍ਰਚਲਤ ਹੈ, ਉਹ ਮੂਲ ਵਿਚ, ਮਿਸਰ ਦੇ ਪ੍ਰਾਚੀਨ ਪੰਚਾਂਗ ਦਾ ਪ੍ਰਤਿਰੂਪ ਹੈ। ਮਿਸਰ ਵਿਚ ਚੰਦਰਮਾਸ ਦੇ ਸਾਲ ਦੇ 13 ਮਹੀਨੇ ਹਨ। ਇਸ ਲਈ ਹਰ ਰੰਗ ਦੇ 13 ਪੱਤੇ 13 ਚੰਦਰਮਾਸ ਦੇ ਬੋਧਿਕ ਹਨ। ਗ਼ੁਲਾਮ, ਬੇਗਮ ਤੇ ਬਾਦਸ਼ਾਹ ਦੇ ਦੋਵੇਂ ਪਾਸੇ ਮੂੰਹ ਦਿਨ ਤੇ ਰਾਤ ਦੀ ਇਕਸਾਰ ਵੰਡ ਦੇ ਪ੍ਰਤੀਕ ਹਨ। ਚਾਰ ਰੰਗ ਚਾਰ ਰੁੱਤਾਂ ਦੇ ਸੂਚਕ ਹਨ।

ਇਕ ਹੋਰ ਧਾਰਨਾ ਅਨੁਸਾਰ ਤਾਸ਼ ਦੇ 52 ਪੱਤੇ, ਸਾਲ ਦੇ 52 ਹਫ਼ਤਿਆਂ ਦੇ ਬੋਧਿਕ ਹਨ। 53ਵਾਂ ਪੱਤਾ, ਜੋ ਜੋਕਰ ਹੈ ਉਹ 52 ਹਫ਼ਤਿਆਂ ਤੋਂ ਮਗਰੋਂ ਦਾ 365ਵਾਂ ਦਿਨ ਹੈ। ਤਾਸ਼ ਦੇ ਪੱਤਿਆਂ ਦੇ ਚਾਰ ਰੰਗ ਹੁੰਦੇ ਹਨ ਤੇ ਹਰ ਰੰਗ ਦੇ ਤੇਰਾਂ ਪੱਤੇ। ਯੱਕੇ ਦੇ ਇਕ, ਗੋਲੇ ਦੇ ਗਿਆਰਾਂ, ਬੇਗਮ ਦੇ ਬਾਰਾਂ ਤੇ ਬਾਦਸ਼ਾਹ ਦੇ 13 ਅੰਕ ਮੰਨ ਕੇ, ਸਾਰੇ ਪੱਤਿਆਂ ਦੇ ਅੰਕੜਿਆਂ ਨੂੰ ਜਮਾ ਕਰੀਏ ਤਾਂ ਇਹ ਜੋੜ 364 ਬਣਦਾ ਹੈ।

(ਤ-67) **ਤਾਸ਼ਾ** :

ਇਕ ਖ਼ਾਸ ਤਰ੍ਹਾਂ ਦਾ ਢੋਲ, ਜੋ ਮੇਲਿਆਂ ਤੇ ਵਿਆਹ 'ਤੇ ਆਮ ਵਜਾਇਆ ਜਾਂਦਾ ਹੈ।

(ਤ-68) **ਤਾਕ** :

ਤਾਕ ਅੰਕ ਸਾਰੇ ਸੰਸਾਰ ਵਿਚ ਹੀ ਸ਼ੁਭ ਮੰਨੇ ਜਾਂਦੇ ਹਨ। ਹਿੰਦੂਆਂ ਵਿਚ ਇਕ ਅੰਕ ਪ੍ਰਮਾਤਮਾ ਦਾ ਬੋਧਿਕ ਹੈ। 101 ਇਤਿਆਦਿ ਸ਼ੁਭ ਹਨ। ਮਰਨ ਦੇ ਮੌਕੇ ਜਿਸਤ ਰਕਮ ਦਿਤੀ ਜਾਂਦੀ ਹੈ। ਤਾਕ ਜਿਸਤ ਨੂੰ ਇਕੜ-ਜੋੜੇ ਵੀ ਕਹਿੰਦੇ ਹਨ।

(ਤ-69) **ਤਾਜ਼ੀਆ** :

ਕਾਗਜ਼ ਦੇ ਗੱਤੇ ਦੇ ਬਣੇ ਮਕਬਰੇ; ਸ਼ੀਆ ਮੁਸਲਮਾਨ, ਹਰ ਸਾਲ ਮੁਹੱਰਮ ਦੇ ਮੌਕੇ 'ਤੇ ਇਮਾਮ ਹਸਨ ਤੇ ਹੁਸੈਨ ਦੀ ਸ਼ਹੀਦੀ ਦੇ ਸੋਗ ਵਿਚ ਜਲੂਸ ਕਢਦੇ ਹਨ, ਜਿਸ ਵਿਚ ਤਾਜ਼ੀਏ ਦੀਆਂ ਝਾਕੀਆਂ ਹੁੰਦੀਆਂ ਹਨ। ਇਹ ਤਾਜ਼ੀਏ ਹਸਨ ਤੇ ਹੁਸੈਨ ਦੇ ਮਕਬਰੇ ਦੀ ਸ਼ਕਲ ਦੇ ਬਣਾਏ ਜਾਂਦੇ ਹਨ।

ਤਾਜ਼ੀਏ ਬਨਾਉਣ ਦੀ ਰੀਤ ਮੁਖ਼ਤਾਰ ਬਿਨ ਅਬੂ ਅਬੈਦੁਲਾ ਨੇ ਸ਼ੁਰੂ ਕੀਤੀ। ਪਹਿਲਾਂ ਇਸ ਨੇ 66 ਹਿਜਰੀ ਵਿਚ ਇਮਾਮ ਹੁਸੈਨ ਦਾ ਬਦਲਾ ਲੈਣ ਲਈ, ਉਸ ਦੇ ਕਾਤਲਾਂ ਵਿਰੁਧ ਘੋਰ ਯੁਧ ਕੀਤਾ ਤੇ ਫਿਰ ਤਾਜ਼ੀਏ ਕਢਣ ਦੀ ਪ੍ਰਥਾ ਤੋਰੀ।

(ਤ-70) **ਤਾਟੰਕ** :

ਤਾਟੰਕ ਫੁੱਲ ਦੀ ਸ਼ਕਲ ਦਾ ਗੋਲ ਗਹਿਣਾ ਹੈ, ਜੋ ਤੀਵੀਆਂ ਕੰਨਾਂ ਵਿਚ ਪਹਿਨਦੀਆਂ ਹਨ। ਪਹਿਲਿਆਂ ਵਿਚ ਇਹ ਗਹਿਣਾ ਬੜਾ ਮਕਬੂਲ ਸੀ। ਕੁਝ ਤਾਟੰਕ ਜੜਾਊ ਵੀ ਹੁੰਦੇ ਹਨ, ਜਿਨ੍ਹਾਂ ਵਿਚ ਨਗ ਜਾਂ ਕੀਮਤੀ ਪੱਥਰ ਜੜੇ ਹੁੰਦੇ ਸਨ।

(ਤ-71) **ਤਾਂਡਵ** :

ਇਕ ਜੋਸ਼ੀਲਾ ਨਾਚ, ਜੋ ਸ਼ਿਵ ਨੂੰ ਬਹੁਤ ਪਿਆਰਾ ਹੈ। ਇਸ ਨਾਚ ਦੀ ਵਿਧੀ-ਵਿਧਾਨ ਤੰਡ ਰਿਸ਼ੀ ਨੇ ਬਣਾਈ, ਜਿਸ ਤੋਂ ਤਾਂਡਵ ਨਾਂ ਪਿਆ। ਪੁਰਾਣਾਂ ਅਨੁਸਾਰ ਸੰਸਾਰ ਦੇ ਖ਼ਾਤਮੇ ਤੇ ਸ਼ਿਵ ਤਾਂਡਵ ਨਾਚ ਨਚੇਗਾ ਤੇ ਉਸ ਦੇ ਨਾਲ ਹੀ ਸਭ ਬ੍ਰਹਿਮੰਡ ਡੋਲਣ ਲਗ ਪਏਗਾ ਅਤੇ ਸਾਰੀ ਸ੍ਰਿਸ਼ਟੀ ਨਸ਼ਟ ਹੋ ਜਾਵੇਗੀ। ਇਸ ਨਾਚ ਵਿਚ ਭੰਗੜੇ ਵਾਂਗ ਹੀ ਉਛਲਿਆ-ਕੁਦਿਆ ਜਾਂਦਾ ਹੈ ਤੇ ਕੁਦਾੜੀਆਂ ਮਾਰੀਆਂ ਜਾਂਦੀਆਂ ਹਨ। ਜਾਪਦਾ ਹੈ ਕਿ ਭੰਗੜੇ ਦਾ ਨਿਕਾਸ ਤਾਂਡਵ ਨਾਚ ਵਿਚੋਂ ਹੀ ਹੋਇਆ। ਤਾਂਡਵ ਨਾਚ ਵਾਂਗ ਹੀ ਭੰਗੜਾ, ਤ੍ਰਿਖਾ ਨਾਚ ਹੈ ਤੇ ਇਸ ਨੂੰ ਨੱਚਣ ਲਈ ਵੀ ਪ੍ਰਾਕ੍ਰਮ, ਸਾਹਸ

**(ਤ-72) ਤਾਂਤਰੀ :**

ਤੰਤਰ ਹਿੰਦੂਆਂ ਦੇ ਉਹ ਧਰਮ ਗ੍ਰੰਥ ਹਨ, ਜਿਨ੍ਹਾਂ ਵਿਚ ਮੰਤਰਾਂ ਤੇ ਖਾਸ ਤਰ੍ਹਾਂ ਦੇ ਕਰਮ-ਕਾਂਡਾਂ ਨਾਲ ਦੇਵਤਿਆਂ ਦੀ ਪੂਜਾ ਅਤੇ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਨ ਦੇ ਉਪਾਵਾਂ ਦਾ ਵਰਨਣ ਹੈ। ਤੰਤਰ-ਸ਼ਾਸਤ੍ਰਾਂ ਦੇ ਗਿਆਤਾ ਨੂੰ ਵੀ ਤਾਂਤਰੀ ਕਿਹਾ ਜਾਂਦਾ ਹੈ।

**(ਤ-73) ਤਾਂਬਣ :**

ਪ੍ਰਾਣੀ ਦੀ ਮ੍ਰਿਤੂ ਉਤੇ, ਨੈਣ ਨੂੰ ਅਲਾਹਣੀਆਂ ਪਾਣ ਕਰ ਕੇ, ਚੌਥੇ ਵਾਲੇ ਦਿਨ ਦਿਤਾ ਜਾਣ ਵਾਲਾ 'ਲਾਗ'।

**(ਤ-74) ਤਾਰਕ :**

1. ਇਕ ਦੈਂਤ, ਜੋ ਵਜ੍ਰਾਂਗ ਦਾ ਪੁੱਤਰ ਸੀ। ਉਹ ਤਾਰਕ ਤੱਪ ਤੇ ਸਾਧਨਾ ਦੁਆਰਾ ਇਤਨਾ ਬਲਵਾਨ ਹੋ ਗਿਆ ਕਿ ਉਸ 'ਤੇ ਦੇਵਤੇ ਵੀ ਵਿਜੈ ਨਾ ਪਾ ਸਕੇ। ਅਖ਼ੀਰ, ਇਸ ਨੂੰ ਮਾਰਨ ਲਈ ਸ਼ਿਵ ਨੇ ਕਾਰਤਿਕੇਯ ਦੀ ਉਤਪਤੀ ਕੀਤੀ।

2. ਰਾਮ ਤਾਰਕ ਮੰਤ੍ਰ, ਜੋ ਕਾਂਸ਼ੀ ਵਿਚ, ਮਰਨ ਲਗਿਆਂ ਪ੍ਰਾਣੀ ਦੇ ਕੰਨ ਵਿਚ ਫੂਕਿਆ ਜਾਂਦਾ ਹੈ। ਇਹ ਮੰਤ੍ਰ ਹੈ : 'ਰਾਂ ਰਾਮਾਯ ਨਮ:' ਨਿਸਚਾ ਹੈ ਕਿ ਜੇ ਕਿਸੇ ਪ੍ਰਾਣੀ ਦੇ ਕਾਸ਼ੀ ਵਿਚ ਪ੍ਰਾਣ ਤਿਆਗਣ ਲਗਿਆਂ ਉਸ ਦੇ ਕੰਨਾਂ ਵਿਚ 'ਰਾਮ ਤਾਰਕ' ਮੰਤ੍ਰ ਫੂਕਿਆ ਜਾਵੇ ਤਾਂ ਉਹ ਸਿੱਧਾ ਸਵਰਗਪੁਰੀ ਨੂੰ ਜਾਂਦਾ ਹੈ।

3. ਗਇਆ ਦੇ ਤੀਰਥ ਨੂੰ 'ਤਾਰਕ ਤੀਰਥ' ਵੀ ਕਿਹਾ ਜਾਂਦਾ ਹੈ।

**(ਤ-75) ਤਾਰਕਾ :**

ਇਕ ਰਾਖਸ਼ਣੀ; ਤਾਰਕਾ ਸੁਕੇਤੂ ਨਾਂ ਦੇ ਯਕਸ਼ ਦੀ ਲੜਕੀ ਸੀ। ਕਈ ਗ੍ਰੰਥਾਂ ਵਿਚ, ਇਸ ਨੂੰ ਸੁੰਦ ਦੈਂਤ ਦੀ ਲੜਕੀ ਦਸਿਆ ਗਿਆ ਹੈ। ਇਸ ਨੂੰ ਤ੍ਰੇਤਾ ਯੁਗ ਵਿਚ ਰਾਮਚੰਦਰ ਜੀ ਨੇ ਆਪਣੇ ਤੀਰ ਨਾਲ ਮਾਰਿਆ ਸੀ। ਤਾਰਕਾ ਅਗਸਤ ਰਿਸ਼ੀ ਦੇ ਸਰਾਪ ਨਾਲ, ਰਾਖਸ਼ਣੀ ਬਣੀ ਸੀ। ਉਹ ਗੰਗਾ ਦੇ ਕੰਢੇ ਜੰਗਲ ਵਿਚ ਰਹਿੰਦੀ ਸੀ। ਇਸ ਨੇ ਆਸ ਪਾਸ ਦੇ ਸਾਰੇ ਇਲਾਕੇ ਨੂੰ ਉਜਾੜ ਦਿਤਾ, ਇਸ ਲਈ ਵਿਸ਼ਵਾਮਿਤ੍ਰ ਨੇ ਰਾਮ ਚੰਦਰ ਨੂੰ ਤਾਰਕਾ ਦੇ ਮਾਰਨ ਲਈ ਆਦੇਸ਼ ਦਿਤਾ। ਰਾਮਚੰਦਰ ਇਕ ਇਸਤ੍ਰੀ ਨੂੰ [illegible] ਨਾਲ ਸਾਰਾ ਇਲਾਕਾ ਉਜੜ ਗਿਆ। ਇਹ ਵੇਖ ਕੇ ਰਾਮਚੰਦਰ ਨੇ ਤੀਰ ਨਾਲ ਤਾਰਕਾ ਨੂੰ ਮਾਰ ਸੁਟਿਆ।

**(ਤ-76) ਤਾਰਾ :**

1. ਰਾਮਾਇਣ ਅਨੁਸਾਰ ਬਾਂਦਰਾਂ ਦੇ ਰਾਜੇ ਬਾਲੀ ਦੀ ਪਤਨੀ, ਜਿਸ ਨੇ ਯੁੱਧ ਵਿਚ ਬਾਲੀ ਦੇ ਮਰ ਜਾਣ ਮਗਰੋਂ, ਆਪਣੇ ਦੇਵਰ ਸੁਗ੍ਰੀਵ ਨਾਲ ਪੁਨਰ-ਵਿਆਹ ਕਰ ਲਿਆ ਸੀ।

2. ਬ੍ਰਿਹਸਪਤੀ ਦੀ ਪਤਨੀ। ਪੁਰਾਣਾਂ ਅਨੁਸਾਰ ਇਸ ਨੂੰ ਸੋਮ ਦੇਵਤਾ (ਚੰਦਰਮਾ) ਚੁਕ ਕੇ ਲੈ ਗਿਆ ਤੇ ਬ੍ਰਹਮਾ ਦੇ ਆਦੇਸ਼ ਤੇ ਵੀ ਵਾਪਸ ਨਾ ਕੀਤੀ। ਇਸੇ ਕਾਰਨ ਦੇਵਤਿਆਂ ਦੀ ਸੋਮ ਨਾਲ ਬੜੀ ਭਾਰੀ ਲੜਾਈ ਹੋਈ, ਦੈਂਤਾਂ ਤੋਂ ਇਲਾਵਾ ਦੇਵਤਿਆਂ ਦੇ ਦੁਸ਼ਮਣ ਵੀ ਸੋਮ ਦੇ ਨਾਲ ਸਨ। ਇੰਦਰ ਤੇ ਹੋਰ ਦੇਵਤੇ ਬ੍ਰਿਹਸਪਤੀ ਨਾਲ। ਸ਼ਿਵ ਨੇ ਤ੍ਰਿਸ਼ੂਲ ਨਾਲ ਸੋਮ ਦਾ ਸਰੀਰ ਦੋ ਹਿਸਿਆਂ ਵਿਚ ਕਟ ਦਿਤਾ ਤੇ ਅਖੀਰ ਬ੍ਰਹਮਾ ਨੇ ਵਿਚ ਪੈ ਕੇ ਲੜਾਈ ਬੰਦ ਕਰਵਾਈ ਤੇ ਸੋਮ ਨੂੰ ਤਾਰਾ ਵਾਪਸ ਕਰਨ ਲਈ ਮਜਬੂਰ ਕੀਤਾ। ਇਸ ਦੌਰਾਨ ਤਾਰਾ ਦੇ ਇਕ ਪੁੱਤਰ ਜੰਮਿਆ, ਜਿਸ ਨੂੰ ਤਾਰਾ ਨੇ ਸੋਮ ਦੀ ਔਲਾਦ ਦਸਿਆ, ਤੇ ਜਿਸ ਦਾ ਨਾਂ ਬੁੱਧ ਰਖਿਆ ਗਿਆ। ਇਸੇ ਤੋਂ ਚੰਦ੍ਰ ਵੰਸੀ ਰਾਜਿਆਂ ਦਾ ਮੁੱਢ ਬੱਝਾ।

**(ਤ-77) ਤਾਰਾ ਇਸ਼ਨਾਨ :**

ਧਨ-ਤੇਰਸ ਤੋਂ ਅਗਲੇ ਦਿਨ, ਅਥਵਾ ਕੱਤਕ ਵਦੀ ਚੌਦਸ ਨੂੰ ਤਾਰਿਆਂ ਦੀ ਛਾਵੇਂ ਕੀਤੇ ਇਸ਼ਨਾਨ ਨੂੰ 'ਤਾਰਾ ਇਸ਼ਨਾਨ' ਕਹਿੰਦੇ ਹਨ। ਵਿਹੜੇ ਵਿਚ, ਧਰਤੀ ਉਤੇ ਪਹਿਲਾਂ ਗੋਹੇ ਦਾ ਪੋਚਾ ਦਿਤਾ ਜਾਂਦਾ ਹੈ। ਫਿਰ ਉਸ ਉਤੇ ਚੌਕ ਪੂਰਿਆ ਜਾਂਦਾ ਹੈ। ਉਸ ਉਤੇ ਇਕ ਚੌਕੀ ਵਿਛਾਈ ਜਾਂਦੀ ਹੈ, ਜਿਸ ਦੇ ਹੇਠਾਂ ਦੀਵਾ ਬਾਲਿਆ ਜਾਂਦਾ ਹੈ। ਫਿਰ ਤਾਰਿਆਂ ਦੀ ਛਾਵੇਂ ਵੱਟਣਾ ਆਦਿ ਮਲ ਕੇ, ਇਸ ਚੌਕੀ ਉਤੇ ਇਸ਼ਨਾਨ ਕੀਤਾ ਜਾਂਦਾ ਹੈ। ਜਲ ਵਿਚ ਗੰਗਾਜਲੀ ਵੀ ਰਲਾ ਲਈ ਜਾਂਦੀ ਹੈ। ਇਸ ਤਰ੍ਹਾਂ ਇਸ਼ਨਾਨ ਕਰਨ ਨਾਲ ਚੰਗਾ ਰੂਪ ਚੜ੍ਹਦਾ ਹੈ। ਇਸੇ ਲਈ ਇਸ ਇਕਾਦਸ਼ੀ ਨੂੰ 'ਰੂਪ ਚੌਦਸ' ਵੀ ਕਿਹਾ ਜਾਂਦਾ ਹੈ।

**(ਤ-78) ਤਾਰਾ ਚੜ੍ਹਨਾ (ਸ਼ੁਭ ਜਾਂ ਅਸ਼ੁਭ) :**

ਕਰ ਲਓ ਤੇ ਫਿਰ ਉਸ ਦਾ ਨੌਂ ਨਾਲ ਭਾਗ ਕਰੋ । ਜੋ ਅੰਕ ਬਾਕੀ ਬਚੇ ਉਸ ਦੇ ਹਿਸਾਬ ਨਾਲ ਤਾਰਾ ਗਿਣ ਲਉ । ਇਹ ਤਾਰੇ ਨੌਂ ਹਨ : ਜਨਮ, ਸੰਪਤ, ਵਿਪਦ, ਕਸ਼ੇਮ, ਪ੍ਰਤਿਆਰਿ, ਸਾਧਕ, ਵੱਧ, ਮੈਤ੍ਰ, ਅਤਿਮੈਤ੍ਰ । ਜੇ ਭਾਗ ਕਰਨ ਨਾਲ ਇਕ ਅੰਕ ਬਚੇ ਤਾਂ ਜਨਮ, ਦੋ ਬਚੇ ਤਾਂ ਸੰਪਤ ਇਤਿਆਦਿ ।

ਛੇ ਤਾਰੇ—ਜਨਮ, ਸੰਪਤ, ਕਸ਼ੇਮ, ਸਾਧਕ, ਮੈਤ੍ਰ, ਅਤਿਮੈਤ੍ਰ ਸ਼ੁਭ ਫਲ ਦੇਣ ਵਾਲੇ ਮੰਨੇ ਜਾਂਦੇ ਹਨ । ਵਿਪਦ, ਪ੍ਰਤਿਆਰਿ ਤੇ ਵੱਧ ਇਹ ਤਿੰਨ ਤਾਰੇ ਅਸ਼ੁਭ ਫਲ ਦੇਣ ਵਾਲੇ ਮੰਨੇ ਗਏ ਹਨ ।

(ਤ-79) **ਤਾਰਾ ਟੁਟਣਾ** :

ਮੁਸਲਮਾਨਾਂ ਦੇ ਵਿਸ਼ਵਾਸ਼ ਅਨੁਸਾਰ ਟੁਟਦੇ ਤਾਰੇ ਉਹ ਗਰਮ ਭਖਦੇ ਗੋਲੇ ਹਨ, ਜੋ ਅੱਲਾਹ ਸ਼ੈਤਾਨ ਉਤੇ ਉਦੋਂ ਸੁਟਦਾ ਹੈ ਜਦੋਂ ਸ਼ੈਤਾਨ ਬਹਿਸ਼ਤ ਵਿਚ ਦਾਖ਼ਲ ਹੋਣ ਦਾ ਯਤਨ ਕਰਦਾ ਹੈ । ਇਸੇ ਲਈ ਮੁਸਲਮਾਨ ਟੁਟਦੇ ਤਾਰੇ ਨੂੰ ਵੇਖਣਾ ਅਸ਼ੁਭ ਮੰਨਦੇ ਹਨ । ਹਿੰਦੂਆਂ ਦਾ ਵਿਚਾਰ ਹੈ ਕਿ ਫੇਰਿਆਂ ਸਮੇਂ ਕੋਈ ਤਾਰਾ ਟੁਟੇ ਤਾਂ ਇਹ ਅਸ਼ੁਭ ਹੁੰਦਾ ਹੈ ਤੇ ਕੰਨਿਆਂ ਦਾ ਸੁਹਾਗ ਚਿਰੰਜੀਵ ਨਹੀਂ ਹੁੰਦਾ ।

(ਤ-80) **ਤਾਰਾ ਡੁਬਣਾ** :

ਸੁਕਰ ਤਾਰੇ ਦਾ ਅਸਤ ਹੋਣਾ; ਜਿਸ ਰਾਸ਼ੀ ਵਿਚ ਸੂਰਜ ਉਦੈ ਹੋਵੇ, ਜੇ ਉਸੇ ਰਾਸ਼ੀ ਵਿਚ ਸੁਕਰ ਤਾਰਾ ਵੀ ਉਦੈ ਹੋ ਰਿਹਾ ਹੋਵੇ ਅਤੇ ਦੋਵੇਂ ਇਕ ਦੂਜੇ ਦੇ ਨਾਲ ਹੀ ਚੜ੍ਹਨ ਤੇ ਡੁਬਣ ਤਾਂ ਇਸ ਸਥਿਤੀ ਨੂੰ ਤਾਰਾ ਡੁਬਣਾ ਜਾਂ ਸੁਕ੍ਰ ਅਸਤ ਹੋਣਾ ਕਹਿੰਦੇ ਹਨ । ਹਿੰਦੂ ਮਤ ਅਨੁਸਾਰ ਇਨ੍ਹਾਂ ਦਿਨਾਂ ਵਿਚ ਵਿਆਹ, ਮੁਕਲਾਵਾ ਜਾਂ ਕੋਈ ਹੋਰ ਸ਼ੁਭ ਕਾਰਜ ਕਰਨਾ ਵਰਜਿਤ ਹੈ (ਵੇਖੋ : ਸੁਕਰਵਾਰ ਦਾ ਵਰਤ) । ਬ੍ਰਿਹਸਪਤੀ ਦੇ ਅਸਤ ਹੋਣ ਨੂੰ ਵੀ 'ਤਾਰਾ ਡੁਬਣਾ' ਕਹਿੰਦੇ ਹਨ ਤੇ ਇਨ੍ਹਾਂ ਦਿਨਾਂ ਵਿਚ ਵੀ ਕੋਈ ਸ਼ੁਭ ਕਾਰਜ ਨਹੀਂ ਕੀਤਾ ਜਾਂਦਾ ।

(ਤ-81) **ਤਾਰਾ ਪੇਸ਼ਾਨੀ** :

ਘੋੜੇ ਦੇ ਮੱਥੇ ਉਤੇ ਤਾਰੇ ਦੀ ਸ਼ਕਲ ਦੀ ਚਿੱਟੀ ਨਿਸ਼ਾਨੀ; ਅਜਿਹਾ ਘੋੜਾ ਅਸ਼ੁਭ ਤੇ ਨਹਿਸ ਮੰਨਿਆ ਗਿਆ ਹੈ ਪਰ ਜੇ ਘੋੜੇ ਦਾ ਸਾਰਾ ਮੂੰਹ ਹੀ ਸਫ਼ੇਦ ਰੰਗ ਦਾ ਹੋਵੇ ਤਾਂ ਸ਼ੁਭ ਜਾਣਿਆ ਜਾਂਦਾ ਹੈ ।

ਮਰਦੇ ਜਾਂ ਰਾਜ-ਬਦਲੀਆਂ ਹੁੰਦੀਆਂ ਮੰਨੀਆਂ ਗਈਆਂ ਹਨ (ਵੇਖੋ : ਬੋਦੀ ਵਾਲਾ ਤਾਰਾ) ।

2. ਉਹ ਤਾਰਾ ਜੋ ਲੰਮੇ ਸਮੇਂ ਤਕ ਇਕੋ ਰਾਸ਼ੀ ਵਿਚ ਰਹੇ । ਬ੍ਰਿਹਸਪਤੀ ਇਕ ਰਾਸ਼ੀ ਵਿਚ ਤੇਰਾਂ ਮਹੀਨੇ ਰਹਿੰਦਾ ਹੈ ਤੇ ਛਨਿਛਰ ਢਾਈ ਵਰ੍ਹੇ, ਇਸ ਲਈ ਇਨ੍ਹਾਂ ਦੋਹਾਂ ਗ੍ਰਹਿਆਂ ਨੂੰ ਵੀ ਲੰਮਾ ਤਾਰਾ ਕਿਹਾ ਜਾਂਦਾ ਹੈ ।

(ਤ-83) **ਤਾਰੇ** :

ਤਾਰੇ ਮੁਢ-ਕਦੀਮ ਤੋਂ ਹੀ ਮਨੁੱਖ ਦੇ ਭਾਵਾਂ ਨੂੰ ਟੁੰਬਦੇ ਤੇ ਮਨ ਨੂੰ ਹੁਲਾਸ ਦੇਂਦੇ ਆ ਰਹੇ ਹਨ । ਆਦਿ ਕਾਲ ਤੋਂ ਹੀ ਮਨੁਖ ਇਹ ਜਾਣਨ ਲਈ ਬਿਹਬਲ ਰਿਹਾ ਹੈ ਕਿ ਇਹ ਟਿਮਟਿਮਾਂਦੇ ਤਾਰੇ ਕੀ ਚੀਜ਼ ਹਨ, ਜੋ ਸੂਰਜ ਛੁਪਦੇ ਸਾਰ ਆਕਾਸ਼ ਤੇ ਖਿਲਾਂ ਵਾਂਗ ਉਗ ਪੈਂਦੇ ਹਨ । ਤਾਰਿਆਂ ਬਾਰੇ ਕਈ ਮਨੌਤਾਂ ਤੇ ਰੌਚਿਕ ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ । ਧਾਰਨਾ ਹੈ ਕਿ ਮਰਨ ਤੋਂ ਮਗਰੋਂ, ਧਰਮੀ ਬੰਦੇ ਤਾਰਿਆਂ ਦਾ ਰੂਪ ਧਾਰ ਕੇ, ਆਕਾਸ਼ ਮੰਡਲ ਵਿਚ ਚਮਕਦੇ ਹਨ । ਇਨ੍ਹਾਂ ਤਾਰਿਆਂ ਦੀ ਆਕਾਸ਼ ਵਿਚ ਠਿਕਾਣੇ ਦੀ ਅਵਧੀ, ਇਨ੍ਹਾਂ ਦੇ ਸੰਸਾਰ ਵਿਚ ਕੀਤੇ ਸ਼ੁਭ ਕਰਮਾਂ ਦੀ ਮਾਤਰਾ ਅਨੁਸਾਰ ਹੁੰਦੀ ਹੈ । ਧਾਰਨਾ ਹੈ ਜਦੋਂ ਇਹ ਅਵਧੀ ਪੂਰੀ ਹੋ ਜਾਂਦੀ ਹੈ ਤਾਂ ਤਾਰੇ ਆਕਾਸ਼ ਵਿਚੋਂ ਧਰਤੀ ਉਤੇ ਡਿਗਦੇ, ਜੋ ਟੁਟਦੇ ਤਾਰੇ ਦੇ ਰੂਪ ਵਿਚ ਵਿਖਾਈ ਦੇਂਦੇ ਹਨ ।

ਮੁਸਲਮਾਨਾਂ ਦਾ ਵਿਸ਼ਵਾਸ਼ ਹੈ ਕਿ ਟੁਟਦੇ ਤਾਰੇ, ਉਹ ਗਰਮ ਗਰਮ ਅੱਗ ਦੇ ਗੋਲੇ ਹਨ, ਜੋ ਅੱਲਾਹ ਸ਼ੈਤਾਨ ਉਤੇ ਉਦੋਂ ਸੁਟਦਾ ਹੈ, ਜਦੋਂ ਉਹ ਬਹਿਸ਼ਤ ਵਿਚ ਦਾਖ਼ਲ ਹੋਣ ਦਾ ਯਤਨ ਕਰਦੇ ਹਨ । ਟੁੱਟਣ ਦੇ ਛਿਣਾਂ ਵਿਚ ਜੇ ਕੋਈ ਸ਼ਖ਼ਸ ਮਨੋਕਾਮਨਾ ਧਾਰ ਕੇ ਧਾਗੇ ਨੂੰ ਗੰਢ ਮਾਰੇ ਤਾਂ ਉਸ ਦੀ ਉਹ ਕਾਮਨਾ ਸਹਿਜੇ ਹੀ ਪੂਰੀ ਹੋ ਜਾਂਦੀ ਹੈ ।

ਧਰੂ ਤਾਰੇ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੂੰ ਕਰੜੀ ਭਗਤੀ ਕਾਰਨ ਅਸਮਾਨ ਵਿਚ ਅਟਲ ਸਥਿਤੀ ਮਿਲੀ ਹੈ । ਇਹ ਸਦੀਵ ਕਾਲ ਤਕ ਇਸੇ ਤਰ੍ਹਾਂ ਅਟਲ ਰਹੇਗਾ ।

ਆਕਾਸ਼ ਵਿਚ ਧਰੂ ਤਾਰੇ ਦੀ ਸੇਧ ਵਿਚ ਸੱਤ ਤਾਰਿਆਂ ਦਾ, ਮੰਜੀ ਦੀ ਸ਼ਕਲ ਦਾ ਇਕ ਝੁਰਮਟ ਹੈ, ਜਿਸ ਨੂੰ, ਸਪਤ-ਰਿਸ਼ੀ ਕਿਹਾ ਜਾਂਦਾ ਹੈ । ਇਹ ਸੱਤੇ ਤਾਰੇ ਪੁਰਾਣਾਂ ਅਨੁਸਾਰ ਉਹ ਸੱਤ ਕਰਨੀ ਵਾਲੇ ਰਿਸ਼ੀ ਸਨ, ਜੋ ਰਾਜੇ ਦਸਰਥ ਦੇ ਰਾਜ ਵੇਲੇ ਹੋਏ । ਸਮਕਾਲੀ ਹੋਣ ਕਰ ਕੇ ਇਨ੍ਹਾਂ ਸੱਤਾਂ ਨੂੰ ਆਕਾਸ਼ ਵਿਚ ਇਕ ਦੂਜੇ ਦੇ ਨੇੜੇ ਸਥਾਨ

ਆਕਾਸ਼ ਵਿਚ ਨਿੱਕੇ ਨਿੱਕੇ ਤਾਰਿਆਂ ਦਾ ਦਰਿਆ ਦੀ ਧਾਰਾ ਵਰਗਾ ਇਕ ਝੁਰਮੁਟ ਵਿਖਾਈ ਦੇਂਦਾ ਹੈ, ਜਿਸ ਨੂੰ ਆਕਾਸ਼ ਗੰਗਾ, ਦੁਧੀਆ ਰਾਹ, ਗਊਧੂਲੀ ਆਦਿ ਕਿਹਾ ਜਾਂਦਾ ਹੈ। ਕਈ ਮਖੌਲ ਨਾਲ ਇਸ ਨੂੰ 'ਛੜਿਆਂ ਦਾ ਰਾਹ' ਵੀ ਕਹਿੰਦੇ ਹਨ, ਕਿਉਂ ਜੋ ਧਾਰਨਾ ਹੈ ਕਿ ਛੜੇ ਇਸੇ ਰਾਹ ਤੋਂ ਲੰਘ ਕੇ ਸਵਰਗ ਨੂੰ ਜਾਣਗੇ। ਇਕ ਪੁਰਾਣਿਕ ਕਥਾ ਅਨੁਸਾਰ, ਤਾਰਿਆਂ ਦਾ ਇਹ ਪ੍ਰਵਾਹ ਆਕਾਸ਼ ਵਿਚ ਵਗ ਰਹੀ ਦੈਵੀ ਗੰਗਾ ਦੀ ਧਾਰਾ ਹੈ। ਇਕ ਹੋਰ ਮਿੱਥਕ ਕਥਾ ਅਨੁਸਾਰ ਜਦੋਂ ਕ੍ਰਿਸ਼ਨ ਗਊਆਂ ਦਾ ਵਗ ਚਰਾ ਕੇ ਆਥਣ ਨੂੰ ਬੈਕੁੰਠ ਨੂੰ ਵਾਪਸ ਮੁੜਦੇ ਹਨ, ਤਾਂ ਗਊਆਂ ਦੇ ਖੁਰਾਂ ਨਾਲ ਉਠੀ ਧੂੜ ਆਕਾਸ਼ ਵਿਚ ਚਮਕਦੀ ਹੈ। ਕਈਆਂ ਦਾ ਵਿਸ਼ਵਾਸ ਹੈ ਕਿ ਇਹ ਸਵਰਗ ਲੋਕ ਨੂੰ ਜਾਂਦਾ ਮਾਰਗ ਹੈ।

ਬੋਦੀ ਵਾਲਾ ਤਾਰਾ ਚੜ੍ਹਿਆ ਅਸ਼ੁਭ ਹੁੰਦਾ ਹੈ। ਧਰਤੀ ਉਤੇ ਕੋਈ ਤਬਾਹੀ ਜਾਂ ਬੀਮਾਰੀ ਫੈਲਦੀ, ਯੁੱਧ ਛਿੜਦਾ, ਜਾਂ ਫਿਰ ਰਾਜਾ ਮਰਦਾ ਹੈ (ਵੇਖੋ : ਬੋਦੀ ਵਾਲਾ ਤਾਰਾ)।

ਇਕ ਹੋਰ ਚੰਦਰਾ ਤਾਰਾ 'ਬਾਵਨ ਬੀਰ' ਹੈ। ਜਦੋਂ ਬਾਵਨ ਬੀਰ ਅਸਮਾਨ ਤੇ ਚੜ੍ਹਦਾ ਹੈ ਤਾਂ ਲਵੇਰਿਆਂ ਦਾ ਦੁੱਧ ਸੁਕ ਜਾਂਦਾ ਹੈ। ਕਹਾਵਤ ਵੀ ਹੈ :

ਚੜ੍ਹਿਆ ਬਾਵਨ ਬੀਰ
ਘਟਿਆ ਮਝਾਂ ਗਾਵਾਂ ਦਾ ਖੀਰ
ਨਾਲੇ ਨਦੀਆਂ ਨਾਲਿਆਂ ਦਾ ਨੀਰ

ਤਾਰਿਆਂ ਦਾ ਮਨੁਖੀ ਜੀਵਨ ਨਾਲ ਵੀ ਡੂੰਘਾ ਸਬੰਧ ਮੰਨਿਆ ਜਾਂਦਾ ਹੈ। ਵਿਸ਼ਵਾਸ਼ ਹੈ ਕਿ ਹਰ ਪ੍ਰਾਣੀ ਦਾ ਆਕਾਸ਼ ਵਿਚ ਆਪੋ ਆਪਣਾ ਵਖਰਾ ਸਿਤਾਰਾ ਹੁੰਦਾ ਹੈ, ਜੋ ਉਸ ਪ੍ਰਾਣੀ ਦੇ ਜੀਵਨ ਵਿਚ, ਉਸ ਦੀਆਂ ਦੁੱਖ-ਸੁੱਖ ਦੀਆਂ ਘੜੀਆਂ ਦਾ ਜ਼ਿੰਮੇਵਾਰ ਹੁੰਦਾ ਹੈ। ਅਖਾਣ ਵੀ ਹੈ : 'ਆਪੋ ਆਪਣਾ ਸਿਤਾਰਾ।' ਪ੍ਰਾਚੀਨ ਕਾਲ ਵਿਚ ਮਨੁਖ ਨੇ ਜਦੋਂ ਵੇਖਿਆ ਕਿ ਅਸਮਾਨ ਵਿਚ ਗ੍ਰਹਿ ਨਛੱਤਰਾਂ ਤੇ ਤਾਰਿਆਂ ਦੀ ਸਥਿਤੀ ਤੇ ਚਾਲ ਦਾ ਮੌਸਮ ਤੇ ਬਨਸਪਤੀ ਉਤੇ ਡੂੰਘਾ ਅਸਰ ਪੈਂਦਾ ਹੈ ਤਾਂ ਮਨੁਖ ਦੇ ਮਨ ਵਿਚ ਇਹ ਵਿਚਾਰ ਫੁਰਿਆ ਕਿ ਤਾਰਿਆਂ ਦਾ ਅਸਰ ਜ਼ਰੂਰ ਮਨੁਖ ਉਤੇ ਵੀ ਹੈ। ਇਸ ਤਰ੍ਹਾਂ ਸ਼ੁਭ ਤੇ ਅਸ਼ੁਭ ਤਾਰੇ ਤੇ ਗ੍ਰਹਿ ਮੰਨੇ ਗਏ। ਵਿਆਹ ਵੇਲੇ 'ਪੰਡ੍ਹਆਂ ਵਿਚ ਸ਼ੁਭ ਅਸ਼ੁਭ ਤਾਰਾ ਵੇਖ ਲਿਆ ਜਾਂਦਾ ਹੈ। ਅਸ਼ੁਭ ਤਾਰੇ ਵਿਚ ਕਦੇ ਵਿਆਹ ਨਹੀਂ ਕੀਤਾ ਜਾਂਦਾ। ਤਾਰਾ ਡੁਬਣ (ਸ਼ੁਕਰ ਅਸਤ) ਦੇ ਛੇਵੇਂ ਦਿਨ ਕੀਤੀ ਜਾਂਦੀ ਹੈ। ਛੱਟੀ ਦੀ ਰਾਤ ਨੂੰ ਨਵੇਂ ਜੰਮੇ ਬੱਚੇ ਤੇ ਉਸ ਦੀ ਮਾਂ ਨੂੰ ਨਵੇਂ ਕਪੜੇ ਪਹਿਨਾਏ ਜਾਂਦੇ ਹਨ। ਬੱਚੇ ਨੂੰ ਖ਼ਾਸ ਤੌਰ ਤੇ ਸ਼ਿੰਗਾਰਿਆ ਜਾਂਦਾ ਤੇ ਉਸ ਦੇ ਸਿਰ ਤੇ ਕੱਢਿਆ ਹੋਇਆ ਰੁਮਾਲ ਬੰਨ੍ਹਿਆ ਜਾਂਦਾ ਹੈ। ਮਾਂ ਨੂੰ ਵਿਹੜੇ ਵਿਚ ਇਕ ਪੀੜ੍ਹੇ 'ਤੇ ਬਿਠਾ ਦਿਤਾ ਜਾਂਦਾ ਹੈ। ਉਸ ਦੇ ਕੋਲ ਦੋ ਤੀਵੀਆਂ ਹੱਥਾਂ ਵਿਚ ਕਟਾਰਾਂ/ਚਾਕੂ ਫੜੀ ਖੜੀਆਂ ਰਹਿੰਦੀਆਂ ਹਨ। ਦਾਈ ਨੇ ਹੱਥ ਵਿਚ ਚੌਮੁਖੀਆ ਦੀਵਾ ਫੜਿਆ ਹੁੰਦਾ ਹੈ। ਮਾਂ ਬੱਚੇ ਨੂੰ ਗੋਦ ਵਿਚ ਲੈ ਕੇ, ਪੀੜ੍ਹੀ ਉਤੇ ਖਲੋਂਦੀ ਹੈ ਤੇ ਕੁਰਾਨ ਸ਼ਰੀਫ਼ ਨੂੰ ਸਿਰ ਉਤੇ ਰੱਖ ਕੇ ਆਕਾਸ਼ ਵਲ ਤੱਕਦੀ ਹੈ ਤੇ ਸੱਤ ਤਾਰੇ ਗਿਣਦੀ ਹੈ। ਦੋਵੇਂ ਤੀਵੀਆਂ ਜੋ ਕਟਾਰਾਂ ਲੈ ਕੇ ਖੜੀਆਂ ਹੁੰਦੀਆਂ ਹਨ, ਉਹ ਕਟਾਰਾਂ ਦੀਆਂ ਨੋਕਾਂ ਦੇ ਸਿਰੇ ਬੱਚੇ ਦੀ ਮਾਂ ਦੇ ਸਿਰ ਉਤੇ ਇਸ ਤਰ੍ਹਾਂ ਜੋੜਦੀਆਂ ਹਨ ਕਿ ਦੂਜ ਦਾ ਚੰਨ ਲਗੇ। ਇਹ ਰਸਮ ਮਾਂ ਤੇ ਬੱਚੇ ਨੂੰ ਚੰਦਰੀਆਂ ਰੂਹਾਂ ਤੋਂ ਰਖਿਆ ਲਈ ਕੀਤੀ ਜਾਂਦੀ ਹੈ।

ਇਸ ਦੌਰਾਨ ਬੱਚੇ ਦਾ ਪਿਉ ਬੱਚੇ ਦੀ ਮਾਂ ਦੀ ਮੰਜੀ ਉਤੇ ਖੜਾ ਹੋ ਕੇ ਬਾਰ ਬਾਰ 'ਬਿਸਮਿਲਾ' ਉਚਾਰਦਾ ਹੈ। ਫਿਰ ਉਪਰ ਛੱਤ ਨਾਲ ਟੰਗੇ ਇਕ ਮ੍ਰਿਗ ਉਤੇ ਤੀਰ ਮਾਰਦਾ ਹੈ। ਇਸ ਰੀਤ ਨੂੰ 'ਮਿਰਗ ਮਾਰਨਾ' ਕਹਿੰਦੇ ਹਨ।

ਤਾਰੇ ਵੇਖ ਕੇ, ਬੱਚੇ ਦੀ ਮਾਂ ਮੰਜੀ ਉਤੇ ਆ ਕੇ ਬੈਠ ਜਾਂਦੀ ਹੈ। ਉਸ ਅਗੇ ਸੱਤ ਪ੍ਰਕਾਰ ਦੇ ਖਾਣੇ ਪਰੋਸੇ ਜਾਂਦੇ ਹਨ। ਮਾਂ ਸੱਤਾਂ ਸੁਹਾਗਣਾਂ ਨਾਲ ਬੈਠ ਕੇ ਹਰੇਕ ਖਾਣੇ ਵਿਚੋਂ ਥੋੜਾ ਥੋੜਾ ਅੰਸ਼ ਲੈ ਕੇ ਖਾਂਦੀ ਹੈ। ਸਭ ਲੋਕ ਮੁਬਾਰਕਾਂ ਦੇਂਦੇ ਹਨ।

### (ਤ-85) ਤਾਵੀਜ਼ਾਤ ਕਾਦਰੀ :

ਯੰਤ੍ਰ ਮੰਤ੍ਰ ਤੇ ਤਾਵੀਜ਼ਾਂ ਸਬੰਧੀ ਇਕ ਪ੍ਰਸਿਧ ਪੁਸਤਕ; ਇਸ ਦੀ ਇਕ ਪ੍ਰਤੀ ਮੋਤੀ ਬਾਗ ਪੁਸਤਕਾਲਾ, ਪਟਿਆਲਾ ਵਿਖੇ ਹੈ।

### (ਤ-86) ਤਾੜਕਾ :

ਇਕ ਰਾਖਸ਼ਣੀ, ਜਿਸ ਨੂੰ ਰਾਮਚੰਦ੍ਰ ਨੇ ਮਾਰਿਆ ਸੀ।

'ਅਤੇ ਕਰੋਧ ਜੋ ਬਾਲੀ ਤੇ ਰਾਮ ਕੀਤਾ,
ਅਤੇ ਤਾੜਕਾ ਪਕੜ ਚਿਰਵਾਇਆ ਈ।' ਹੀਰ ਵਾਰਸ

ਕਈ ਲੋਕ-ਨਾਚਾਂ ਤੇ ਗੀਤਾਂ ਵਿਚ ਤਾਲ ਵਜੋਂ ਤਾੜੀ ਮਾਰੀ ਜਾਂਦੀ ਹੈ, ਜਿਵੇਂ ਗਿੱਧੇ ਤੇ ਢੋਲਕੀ ਦੇ ਗੀਤਾਂ ਵਿਚ। ਤਾੜੀ ਇਤਨੀ ਇਕਸੁਰਤਾ ਨਾਲ ਵਜਾਈ ਜਾਂਦੀ ਹੈ ਕਿ ਗੀਤ ਦਾ ਸਵਾਦ ਵਧ ਜਾਂਦਾ ਹੈ।

(ਤ-88) **ਤਿਉਹਾਰ :**

ਧਰਮ ਵਾਂਗ, ਤਿਉਹਾਰਾਂ ਦੇ ਨਿਰਮਾਣ ਵਿਚ ਵੀ ਜਾਦੂ ਟੂਣੇ ਦੀ ਭਾਵਨਾ ਦਾ ਬੜਾ ਸਮਰਥ ਹੱਥ ਹੈ। ਆਦਿਮ ਮਨੁੱਖ ਸ੍ਰਿਸ਼ਟੀ ਦੀ ਹਰ ਜੜ੍ਹ-ਚੇਤਨ, ਪ੍ਰਾਣ-ਅਪ੍ਰਾਣ ਵਸਤੂ ਵਿਚ, ਕਿਸੇ ਆਤਮਾ ਨੂੰ ਅਨੁਭਵ ਕੀਤਾ ਕਰਦਾ ਅਤੇ ਆਪਣੇ ਕਬੀਲੇ ਦੇ ਇਕੱਠ ਵਿਚ, ਵਿਸ਼ੇਸ਼ ਵਿਧੀ ਨਾਲ ਕੋਈ ਕਿਰਿਆ ਕਾਂਡ ਕਰਕੇ, ਉਸ ਆਤਮਾ ਸ਼ਕਤੀ ਨੂੰ ਪ੍ਰਭਾਵਿਤ ਕਰਕੇ, ਮਨ-ਇੱਛਤ ਫਲ ਪ੍ਰਾਪਤ ਕਰਨ ਦੀ ਚੇਸ਼ਟਾ ਕਰਦਾ ਸੀ। ਖ਼ਾਸ ਖ਼ਾਸ ਮੌਕਿਆਂ ਉਤੇ, ਸਮੂਹਿਕ ਰੂਪ ਵਿਚ ਕੀਤੀਆਂ ਵਿਸ਼ੇਸ਼ ਵਿਧੀਆਂ ਤੇ ਕਿਰਿਆਵਾਂ ਹੀ, ਸਮੇਂ ਨਾਲ ਜੀਵਨ-ਪ੍ਰਵਾਹ ਦਾ ਅੰਗ ਬਣ ਕੇ, ਪੁਰਬਾਂ ਦੇ ਰੂਪ ਧਾਰਨ ਕਰ ਗਈਆਂ। ਮਿਸਾਲ ਦੇ ਤੌਰ ਤੇ, ਮੁੱਢ ਵਿਚ ਦੀਵਾਲੀ ਦਾ ਮਨੋਰਥ ਦੀਵਿਆਂ ਦੇ ਚਾਨਣ ਦੁਆਰਾ ਚੰਦਰੀਆਂ ਰੂਹਾਂ ਤੋਂ, ਆਪਣੇ ਘਰ ਤੇ ਪਿੰਡ ਦੀ ਰਖਿਆ ਕਰਨੀ ਸੀ, ਜੋ ਇਸ ਰੁਤੇ ਲੋਕਾਂ ਨੂੰ ਦੁਖ ਦੇਣ ਤੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਨਸ਼ਟ ਕਰਨ ਲਈ, ਧਰਤੀ ਉਤੇ ਘੁੰਮਦੀਆਂ ਮੰਨੀਆਂ ਜਾਂਦੀਆਂ ਸਨ।

ਤਿਉਹਾਰਾਂ ਦਾ ਮੁੱਢ ਮਨੁੱਖ ਦੀ ਸਾਮੂਹਿਕ ਵਿਕਾਸ ਦੀ ਭਾਵਨਾ ਵਿਚ ਬਝਿਆ ਅਤੇ ਹੌਲੇ ਹੌਲੇ ਇਨ੍ਹਾਂ ਰਾਂਗਲੀਆਂ ਚੂਲਾਂ ਦੁਆਲੇ ਜਾਤੀ ਦਾ ਸਾਰਾ ਸਮਾਜਿਕ, ਧਾਰਮਿਕ ਤੇ ਭਾਈਚਾਰਕ ਜੀਵਨ, ਚੱਕੀ ਦੇ ਪੁੜ ਵਾਂਗ ਘੁੰਮਣ ਲਗਾ। ਤਿਉਹਾਰਾਂ ਨਾਲ ਅੰਦਰਲਾ ਖਿੜਦਾ ਤੇ ਆਤਮਾ ਮਹਿਕਦੀ ਹੈ ਅਤੇ ਲੋਕਾਂ ਵਿਚ ਨਵੀਂ ਸ਼ਕਤੀ ਉਭਰਦੀ ਤੇ ਨਵੇਂ ਸੰਕਲਪ ਜਾਗਦੇ ਹਨ। ਇਹ ਸਿਰਫ਼ ਮੌਜ-ਮੇਲਾ ਨਹੀਂ।

ਪੰਜਾਬ ਵਿਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਸਦਾ ਤੁਰਿਆ ਰਹਿੰਦਾ ਹੈ। ਜਿਤਨਾ ਵਧਾ ਲਓ ਵਧਦਾ ਹੀ ਜਾਵੇਗਾ। ਚੰਨ ਦੀਆਂ ਤਿੱਥਾਂ ਨਾਲ ਸੰਬੰਧਿਤ ਪੁਰਬ ਏਕਾਦਸ਼ੀ, ਪੂਰਨਮਾਸ਼ੀ ਤੇ ਮਸਿਆ ਆਦਿ ਖੂਹ ਦੀਆਂ ਟਿੰਡਾਂ ਵਾਂਗ, ਹਮੇਸ਼ਾ ਗੇੜੇ ਪਏ ਰਹਿੰਦੇ ਹਨ। ਫਿਰ ਸੰਗਰਾਂਦ ਹਰ ਮਹੀਨੇ ਨਵੇਂ ਮੂੰਹ ਆਉਂਦੀ ਹੈ। ਸੂਰਜ ਦਾ ਨਵੀਂ ਰਾਸ਼ੀ ਵਿਚ ਪੈਰ ਪਾਉਣ ਕਰਕੇ ਇਸ ਦਿਨ ਦੀ ਖ਼ਾਸ

ਨਾਲ ਵੀ ਕਈ ਸਮਾਜਿਕ ਜਾਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਤੇ ਲੋਕੀ ਉਨ੍ਹਾਂ ਨੂੰ ਸ਼ਰਧਾ ਨਾਲ ਮਨਾਉਂਦੇ ਹਨ।

ਪੰਜਾਬ ਵਿਚ ਨਵਾਂ ਵਰ੍ਹਾ ਚੇਤਰ ਦੀ ਏਕਮ ਤੋਂ ਸ਼ੁਰੂ ਹੁੰਦਾ ਹੈ। ਇਸ ਦਿਨ 'ਨਵਾਂ ਸੰਮਤ' ਮਨਾਇਆ ਜਾਂਦਾ ਹੈ। ਇਸ ਰੁੱਤ ਵਿਚ ਬਹਾਰ ਭਰ-ਜੋਬਨ ਵਿਚ ਹੁੰਦੀ ਹੈ। ਹਰ ਟਹਿਣੀ ਉਤੇ ਫੁੱਲਾਂ ਦੀ ਬਰਾਤ ਅਤੇ ਹਰ ਝੰਗੀ ਵਿਚ ਬਨਸਪਤੀ ਗਿੱਧਾ ਪਾਉਂਦੀ ਤੇ ਗੀਤ ਅਲਾਪ ਰਹੀ ਹੁੰਦੀ ਹੈ। ਸੋ, ਰੁੱਤ ਦਾ ਸਵਾਦ ਮਾਨਣ ਲਈ, ਇਸ ਦਿਨ ਨਵੀਂ ਕਣਕ ਦੀਆਂ ਬਲੀਆਂ ਤੇ ਛੋਲਿਆਂ ਦੀਆਂ ਹੋਲਾਂ ਭੁੰਨ ਕੇ ਖਾਧੀਆਂ ਜਾਂਦੀਆਂ ਹਨ। ਇਸ ਰੀਤ ਨੂੰ 'ਅੰਨ ਨਵਾਂ ਕਰਨਾ' ਕਹਿੰਦੇ ਹਨ। ਜਿਨ੍ਹਾਂ ਨੂੰ ਨਵੀਂ ਕਣਕ ਮੂੰਹ ਲਗਾਣ ਲਈ ਨਹੀਂ ਮਿਲਦੀ, ਉਹ ਭੁੰਨੀ ਕਣਕ ਦੇ ਦਲੀਏ ਦੀ ਖੀਰ ਰਿੰਨ੍ਹ ਕੇ ਖਾਂਦੇ ਹਨ।

ਚੇਤਰ ਸੁਦੀ ਅਠਵੀਂ ਨੂੰ ਦੇਵੀ ਦੇ ਉਪਾਸ਼ਕ 'ਕੰਜਕਾਂ' ਕਰਦੇ ਹਨ। ਛੋਟੀਆਂ ਕੰਜ-ਕਵਾਰੀਆਂ, ਜਿਨ੍ਹਾਂ ਨੂੰ 'ਕੰਜਕਾਂ' ਕਹਿੰਦੇ ਹਨ, ਨੂੰ ਦੇਵੀ ਮਾਤਾ ਦਾ ਰੂਪ ਮੰਨ ਕੇ, ਪੂਜਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਕੜਾਹ-ਪੂੜੀਆਂ ਤੇ ਕੁਝ ਪੈਸੇ ਦੱਖਣਾ ਵਜੋਂ ਭੇਟ ਕੀਤੇ ਜਾਂਦੇ ਹਨ। ਕੰਜਕਾਂ ਕਰਨ ਨਾਲ ਮਾਤਾ ਰਾਣੀ ਪ੍ਰਸੰਨ ਰਹਿੰਦੀ ਹੈ ਤੇ ਬੱਚੇ ਨਰੋਏ।

ਚੇਤਰ ਸੁਦੀ ਨੌਵੀਂ ਨੂੰ ਰਾਮ ਨੌਮੀ ਦਾ ਤਿਉਹਾਰ ਪੈਂਦਾ ਹੈ। ਇਸ ਤਿੱਥ ਨੂੰ ਸ੍ਰੀ ਰਾਮ ਚੰਦਰ ਨੇ ਜਨਮ ਲਿਆ ਸੀ। ਰਾਮਨੌਮੀ ਨੂੰ ਵੈਸ਼ਨੋਮਤ ਵਾਲੇ ਵਰਤ ਰਖਦੇ ਹਨ ਤੇ ਮੰਦਰਾਂ ਵਿਚ ਰਾਮਚੰਦਰ ਦੀ ਮਹਿਮਾ ਵਿਚ ਭਜਨ ਗਾਏ ਜਾਂਦੇ ਹਨ।

ਜੇਠ ਦੇ ਮਹੀਨੇ ਧਰਤੀ ਤਾਂਬੇ ਵਾਂਗ ਤਪਦੀ ਹੈ ਤੇ ਸਾਰੀ ਹਰਿਆਵਲ ਝੁਲਸ ਜਾਂਦੀ ਹੈ। ਇਸ ਤਪਦੀ ਰੁੱਤ ਦੀ ਝੁਲਸਵੀਂ ਗਰਮੀ ਵਿਚ, ਗੁਰੂ ਅਰਜਨ ਦੇਵ ਜੀ ਨੂੰ, ਮੁਗ਼ਲ ਹਾਕਮਾਂ ਨੇ ਉਬਲਦੀ ਦੇਗ ਵਿਚ ਬਿਠਾ ਕੇ ਸ਼ਹੀਦ ਕੀਤਾ ਸੀ। ਸੋ, ਜੇਠ ਸੁਦੀ ਚੌਥੀ ਨੂੰ ਉਨ੍ਹਾਂ ਦਾ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ ਤੇ ਗੁਰਦੁਆਰਿਆਂ 'ਚ ਸ਼ਹੀਦੀ ਦੀਵਾਨ ਲਗਦੇ ਹਨ ਅਤੇ ਸ਼ਹੀਦੀ ਦੀ ਕਥਾ, ਕਰੁਣਾਮਈ ਸ਼ਬਦਾਂ ਵਿਚ ਕੀਤੀ ਜਾਂਦੀ ਹੈ। ਇਸ ਦਿਨ ਕੱਚੀ ਲੱਸੀ ਦੀਆਂ ਛਬੀਲਾਂ ਵੀ ਲਗਦੀਆਂ ਹਨ।

ਜੇਠ ਦੀ ਇਕਾਦਸੀ ਨੂੰ 'ਨਿਮਾਣੀ 'ਕਾਸਤੀ' ਦਾ ਤਿਉਹਾਰ ਆਉਂਦਾ ਹੈ। ਇਸ ਦਿਨ ਹਿੰਦੂ ਨਿਰਜਲ ਵਰਤ ਰਖਦੇ ਹਨ, ਜੋ ਸਭ ਵਰਤਾਂ ਤੋਂ ਕਠਿਨ ਹੁੰਦਾ ਹੈ। ਇਸੇ

ਜੇਠ-ਹਾੜ ਦੀਆਂ ਤਪਦੀਆਂ ਲੂਹਾਂ ਪਿਛੋਂ, ਸਾਵਣ ਭਾਦਰੋਂ ਦੇ ਮੀਂਹਾਂ ਦਾ ਆਪਣਾ ਸਵਾਦ ਹੈ। ਇਸ ਰੁੱਤ ਦਾ ਆਨੰਦ ਤੇ ਸਵਰਗੀ ਝੂਟਾ ਮਾਨਣ ਲਈ, ਸਾਵਣ ਦੀ ਤੀਜੀ ਤਿੱਥ ਨੂੰ ਤੀਹਾਂ ਮਨਾਈਆਂ ਜਾਂਦੀਆਂ ਹਨ। ਇਹ ਪੁਰਬ ਪੂਰਨਮਾਸ਼ੀ ਤਕ ਚਲਦਾ ਹੈ ਅਤੇ ਮੁਟਿਆਰਾਂ ਕੁਦਰਤ ਨਾਲ ਇਕਸੁਰ ਹੋ ਕੇ, ਗਿੱਧੇ ਪਾਉਂਦੀਆਂ, ਪੀਂਘਾਂ ਝੂਟਦੀਆਂ ਤੇ ਗੀਤਾਂ ਦੀ ਮਧੁਰ ਧੁਨੀਆਂ ਨਾਲ ਵਾਤਾਵਰਨ ਵਿਚ ਰਸ ਘੋਲੀ ਰਖਦੀਆਂ ਹਨ। ਸਾਵਣ ਦੇ ਦਿਨੀਂ ਘਰਾਂ ਵਿਚ ਖੀਰ, ਪੂੜੇ ਤੇ ਸੇਂਵੀਆਂ ਆਦਿ ਪਕਾ ਕੇ, ਖਾਣ ਪੀਣ ਦਾ ਝਸ ਵੀ ਪੂਰਾ ਕਰ ਲਿਆ ਜਾਂਦਾ ਹੈ। ਇਸ ਬਾਰੇ ਇਕ ਕਹਾਵਤ ਵੀ ਪ੍ਰਚਲਤ ਹੈ।

ਸਾਵਣ ਖੀਰ ਨਾ ਖਾਧੀਆ
ਤਾਂ ਕਿਉਂ ਜੰਮਿਉਂ ਅਪਰਾਧੀਆ

ਸਾਵਣ ਦੀ ਰੁੱਤ ਪ੍ਰੇਮੀਆਂ ਦੇ ਪਿਆਰ ਦੀ ਹੀ ਨਹੀਂ, ਭੈਣ ਵੀਰ ਦੇ ਪਿਆਰ ਦੀ ਵੀ ਰੁੱਤ ਹੈ। ਜੇ ਪ੍ਰੇਮਿਕਾ ਦਾ ਪਿਆਰ ਰਾਤ ਦੀ ਰਾਣੀ ਵਾਂਗ ਮਹਿਕਦਾ ਹੈ ਤਾਂ ਭੈਣ ਦਾ ਪਿਆਰ ਚੰਬੇਲੀ ਦੀ ਖ਼ੁਸ਼ਬੋ ਵਾਂਗ, ਇਸ ਰੁੱਤ ਵਿਚ ਰਚਿਆ ਹੋਇਆ ਹੈ। ਸੋ, ਸਾਵਣ ਦੀ ਪੂਰਨਮਾਸ਼ੀ ਨੂੰ ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਹ ਪੁਰਬ ਭੈਣ ਭਰਾ ਦੇ ਨਿਰਮਲ ਪਿਆਰ ਤੇ ਇਕ ਦੂਜੇ ਪ੍ਰਤੀ ਮਿਠੀਆਂ ਨਿਰਛਲ ਭਾਵਨਾਵਾਂ ਦਾ ਬੋਧਿਕ ਹੈ। ਭੈਣਾਂ ਬੜੇ ਦਾਅ ਨਾਲ ਭਰਾਵਾਂ ਦੀ ਵੀਣੀ 'ਤੇ ਰਖੜੀ ਦਾ ਸੂਤਰ ਬੰਨ੍ਹਦੀਆਂ ਹਨ ਤੇ ਉਨ੍ਹਾਂ ਵਿਚ ਜੀਵਨ ਨਾਲ ਜੂਝਣ ਲਈ, ਨਵਾਂ ਬਲ ਭਰਦੀਆਂ ਹਨ। ਰਖੜੀ ਦੀਆਂ ਤੰਦਾਂ, ਅਸਪਾਤ ਦਾ ਰੂਪ ਧਾਰ, ਵੀਰ ਦੇ ਲਹੂ ਵਿਚ ਰਚ ਜਾਂਦੀਆਂ ਹਨ ਤੇ ਉਹ ਭੈਣ ਦੀ ਰਖਿਆ ਦੇ ਪ੍ਰਤੀਕ ਵਿਚ ਦੇਸ਼ ਦੀ ਹਰ ਤੀਵੀਂ ਦੀ ਰਖਿਆ ਦਾ ਸੰਕਲਪ ਲੈਂਦਾ ਹੈ।

ਇਸ ਰਸਮ ਦਾ ਮੁੱਢ ਕਦੋਂ ਤੇ ਕਿਵੇਂ ਬਝਿਆ ? ਇਸ ਗੱਲ ਦਾ ਅਨੁਮਾਨ ਲਗਾਉਣਾ ਕਠਨ ਹੈ। ਪਰ ਲੋਕ ਆਖਦੇ ਹਨ, ਜਦੋਂ ਪੰਜਾਬ ਉਤੇ ਬਾਹਰਲੇ ਕਬੀਲਿਆਂ ਨੇ ਹੱਲੇ ਸ਼ੁਰੂ ਕੀਤੇ ਤਾਂ ਭੈਣਾਂ ਆਪਣੇ ਵੀਰਾਂ ਦੀ ਵੀਣੀ ਉਤੇ ਗਾਨੇ ਬੰਨ੍ਹ ਕੇ ਉਨ੍ਹਾਂ ਨੂੰ ਰਣ-ਤਤੇ ਵਿਚ ਮੁਸਕਰਾਂਦੀਆਂ ਭੇਜਿਆ ਕਰਦੀਆਂ ਸਨ। ਇਹ ਗਾਨਾ ਵੀਰਾਂ ਅੰਦਰ ਜੋਸ਼ ਤੇ ਬੀਰ-ਭਾਵਨਾ ਜਗਾਈ ਰਖਦਾ ਤੇ ਉਹ ਭੈਣਾਂ ਤੇ ਦੇਸ਼ ਦੀ ਰਖਿਆ ਲਈ ਜਾਨਾਂ ਉਤੇ ਖੇਡ ਜਾਂਦੇ ਸਨ। ਰਖੜੀ 'ਰੱਖ' ਦਾ ਹੀ ਇਕ ਰੂਪ ਹੈ।

ਤਿਉਹਾਰ ਆਉਂਦਾ ਹੈ। ਗੁੱਗੇ ਦੇ ਭਗਤ ਘਰ ਦੀ ਕਿਸੇ ਕੰਧ ਉਤੇ, ਹਲਦੀ ਨਾਲ, ਗੁੱਗੇ ਦੀ ਇਕ ਮੂਰਤੀ ਬਣਾਉਂਦੇ ਹਨ, ਜਿਸ ਦੇ ਸਾਹਮਣੇ ਕਾਲੀ ਸਿਆਹੀ ਨਾਲ ਕਾਲਾ ਨਾਗ ਉਲੀਕਦੇ ਹਨ ਤੇ ਫਿਰ ਗੁੱਗਾ ਪੂਜਿਆ ਜਾਂਦਾ ਹੈ। ਇਹ ਪੂਜਾ ਆਦਿਮ ਕਾਲ ਤੋਂ ਚਲੀ ਆ ਰਹੀ ਸਰਪ-ਪੂਜਾ ਦਾ ਹੀ ਇਕ ਮੱਧਕਾਲੀ ਰੂਪ ਹੈ। ਗੁੱਗੇ ਦੇ ਭਗਤ ਗੁੱਗੇ ਦੀ ਪ੍ਰਸੰਨਤਾ ਲਈ, ਸੱਪਾਂ ਦੀਆ ਖੁੱਡਾਂ ਵਿਚ ਕੱਚੀ ਲੱਸੀ ਪਾਉਂਦੇ ਹਨ। ਘਰਾਂ ਵਿਚ ਮਿੱਠੀਆਂ ਸੇਵੀਆਂ ਰਿੰਨ੍ਹੀਆਂ ਜਾਂਦੀਆਂ ਹਨ। ਜਿਹੜੇ ਲੋਕ ਗੁੱਗੇ ਨੂੰ ਨਹੀਂ ਵੀ ਪੂਜਦੇ, ਉਹ ਵੀ ਇਸ ਦਿਨ ਸੇਂਵੀਆਂ ਰਿੰਨ੍ਹ ਕੇ ਅਚੇਤ ਰੂਪ ਵਿਚ ਗੁੱਗੇ ਨੂੰ ਪ੍ਰਸੰਨ ਕਰ ਲੈਂਦੇ ਹਨ। ਸੇਂਵੀਆਂ ਦੀ ਸ਼ਕਲ, ਸਪੋਲੀਆਂ ਨਾਲ ਰਲਦੀ ਹੋਣ ਕਰ ਕੇ, ਗੁੱਗੇ ਨੂੰ ਇਹ ਪ੍ਰਸਾਦਿ ਬਹੁਤ ਪਸੰਦ ਹੈ।

ਗੁੱਗੇ ਪੀਰ ਦੇ ਸਿਦਕੀ ਭਗਤ, ਲਾਲਬੇਗੀ, ਇਸ ਦਿਨ ਲੰਮਾ ਸਾਰਾ ਝੰਡਾ, ਜਿਸ ਨੂੰ ਉਨ੍ਹਾਂ ਮੋਰ ਦੇ ਖੰਭਾਂ, ਘੋਗਿਆਂ, ਕੌਡਾਂ ਝੰਡੀਆਂ, ਰੰਗ ਬਰੰਗੀਆਂ ਟਾਕੀਆਂ ਤੇ ਨਾਰੀਅਲਾਂ ਨਾਲ ਸਜਾਇਆ ਤੇ ਸ਼ਿੰਗਾਰਿਆ ਹੁੰਦਾ ਹੈ, ਉਸ ਨਿਸ਼ਾਨ ਨੂੰ ਗੁੱਗੇ ਪੀਰ ਦਾ ਰੂਪ ਮੰਨ ਕੇ, ਪਿੰਡ ਪਿੰਡ ਤੇ ਗਲੀ ਗਲੀ ਫਿਰਦੇ ਤੇ ਦਾਨ ਲੈਂਦੇ ਹਨ। ਜਿਹੜਾ ਭਗਤ ਝੰਡੇ ਨੂੰ ਚੁਕਦਾ ਹੈ, ਉਸ ਨੂੰ 'ਪੀਰ ਦਾ ਘੋੜਾ' ਕਿਹਾ ਜਾਂਦਾ ਹੈ ਤੇ ਇਹ ਮਾਣ ਕਿਸੇ ਬੜੇ ਸਿਦਕੀ ਨੂੰ ਹੀ ਮਿਲਦਾ ਹੈ।

ਪ੍ਰਾਚੀਨ ਕਾਲ ਵਿਚ, ਪੰਜਾਬ ਵਿਚ ਆਰੀਆ ਜਾਤੀ ਦੇ ਲੋਕ, ਇਨ੍ਹੀਂ ਦਿਨ੍ਹੀਂ ਹੀ 'ਇੰਦਰ ਮਾਹਾ' ਨਾਂ ਦਾ ਇਕ ਉਤਸਵ ਮਨਾਇਆ ਕਰਦੇ ਸਨ ਜਿਸ ਵਿਚ ਇਕ ਖ਼ਾਸ ਤਰ੍ਹਾਂ ਦਾ ਝੰਡਾ, ਜਿਸ ਨੂੰ 'ਇੰਦਰ-ਧਵੱਜ' ਕਿਹਾ ਜਾਂਦਾ ਸੀ, ਨੂੰ ਫੁੱਲਾਂ, ਕੌਡਾਂ, ਘੰਟੀਆਂ ਤੇ ਸ਼ੀਸ਼ਿਆਂ ਆਦਿ ਨਾਲ ਸ਼ਿੰਗਾਰ ਕੇ ਗਲੀ ਬਜ਼ਾਰਾਂ ਵਿਚ, ਜਲੂਸ ਦੀ ਸ਼ਕਲ ਵਿਚ ਫੇਰਿਆ ਕਰਦੇ ਸਨ। ਇਹ ਝੰਡਾ, ਚਾਲੀ ਕੁ ਫੁੱਟ ਉੱਚਾ ਹੋਂਦਾ ਤੇ ਪੰਜ ਰੰਗੀਆਂ ਟਾਕੀਆਂ ਨਾਲ ਸਜਿਆ ਹੋਂਦਾ ਹੈ। ਗੁੱਗਾ ਨੌਮੀ ਦਾ ਇੰਦਰ-ਮਾਹਾ ਵਾਂਗ ਭਾਦਰੋਂ ਦੇ ਚਾਨਣ ਪੱਖ ਵਿਚ ਹੀ ਮਨਾਇਆ ਜਾਣਾ ਤੇ ਇਸ ਝੰਡੇ ਦੇ ਆਕਾਰ, ਰੂਪ ਤੇ ਸੁਹਜ ਸ਼ਿੰਗਾਰ ਵਿਚ ਲਾਲ ਬੇਗੀ ਝੰਡੇ ਨਾਲ ਮੇਲ, ਇਨ੍ਹਾਂ ਦੋਹਾਂ ਪੁਰਬਾਂ ਵਿਚਲੀ ਕਿਸੇ ਸਾਂਝ ਵਲ ਸੰਕੇਤ ਹੈ। ਕਈ ਗੁੱਗੇ ਨੂੰ ਇੰਦਰ ਦਾ ਅਵਤਾਰ ਮੰਨਦੇ ਹਨ। ਪੱਛਮ ਵਿਚ ਇਸੇ ਨਾਲ ਮਿਲਦਾ ਜੁਲਦਾ ਇਕ ਉਤਸਵ ਮੇ-ਪੋਲ ਮਨਾਇਆ ਜਾਂਦਾ ਹੈ।

ਡੂੰਲ ਮੇਰੀ ਵਿਚ ਫਲੀਆਂ
ਮੈਂ ਗੁੱਗਾ ਮਨਾਵਣ ਚਲੀ ਆਂ
ਨੀ ਮੈਂ ਵਾਰੀ ਗੁੱਗੇ ਤੋਂ ।
ਛੰਨਾ ਭਰਿਆ ਦੁੱਧ ਦਾ
ਮੇਰਾ ਗੁੱਗਾ ਮਾੜੀ ਵਿਚ ਕੁੱਦਦਾ
ਨੀ ਮੈਂ ਵਾਰੀ ਗੁੱਗੇ ਤੋਂ ।

ਇਸੇ ਰੁਤੇ ਦੁਆਪਰ ਯੁੱਗ ਵਿਚ ਕ੍ਰਿਸ਼ਨ ਨੇ ਅਵਤਾਰ ਧਾਰਨ ਕੀਤਾ ਸੀ । ਜਿਨ੍ਹਾਂ ਦਾ ਪੁਰਬ ਭਾਦਰੋਂ ਦੀ ਕ੍ਰਿਸ਼ਨਾ ਪੱਖ ਦੀ ਅਠਵੀਂ ਨੂੰ 'ਜਨਮ ਅਸ਼ਟਮੀ' ਵਾਲੇ ਦਿਨ ਮਨਾਇਆ ਜਾਂਦਾ ਹੈ । ਵੈਸ਼ਨੋ ਮਤ ਵਾਲੇ ਇਸ ਪੁਰਬ ਨੂੰ ਧਾਰਮਿਕ ਭਾਵਨਾ ਨਾਲ ਮਨਾਉਂਦੇ ਹਨ । ਵਰਤ ਰਖਿਆ ਜਾਂਦਾ ਹੈ ਤੇ ਮੰਦਰਾਂ ਵਿਚ ਕ੍ਰਿਸ਼ਨ ਦੀ ਜਨਮ-ਕਥਾ ਸੁਣਾਈ ਜਾਂਦੀ ਹੈ । ਪੰਜਾਬ ਦੇ ਪਿੰਡਾਂ ਵਿਚ ਇਨ੍ਹੀਂ ਦਿਨੀਂ ਰਾਸ ਲੀਲਾ ਖੇਡੀ ਜਾਂਦੀ ਹੈ ।

ਅਸੂ ਦੇ ਮਹੀਨੇ ਆਕਾਸ਼ ਦੀ ਨੀਲੀ ਭਾ ਵੇਖਣ ਵਾਲੀ ਹੁੰਦੀ ਹੈ । ਲੋਕਾਂ ਨੂੰ ਤਾਰਿਆਂ ਵਿਚੋਂ ਆਪਣੇ ਪਿੱਤਰ ਵਿਖਾਈ ਦੇਂਦੇ ਹਨ । ਇਸ ਮਹੀਨੇ ਹਨੇਰੇ ਪੱਖ ਦੀਆਂ ਪੰਦਰਾਂ ਤਿੱਥੀਆਂ ਨੂੰ ਸਰਾਧ ਕੀਤੇ ਜਾਂਦੇ ਅਥਵਾ ਪਿੱਤਰਾਂ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਜਾਂਦੀ ਹੈ । ਸਰਾਧ ਇਕ ਧਾਰਮਿਕ ਰੀਤ ਹੈ, ਜਿਸ ਦਾ ਮਨੋਰਥ, ਪਿੱਤਰਾਂ ਨੂੰ ਅਗਲੇ ਲੋਕ ਵਿਚ ਭੋਜਨ ਤੇ ਹੋਰ ਵਸਤੂਆਂ ਪਹੁੰਚਾਣਾ ਹੈ । ਪਿੱਤਰਾਂ ਦੀ ਮਰਨ ਤਿੱਥ ਨੂੰ, ਬ੍ਰਾਹਮਣਾਂ ਨੂੰ ਨਿਉਤਾ ਦੇ ਕੇ ਕੜਾਹ, ਪੂੜੀਆਂ ਤੇ ਖੀਰ ਆਦਿ ਖਵਾਈ ਜਾਂਦੀ ਤੇ ਪੁੰਨ ਦਾਨ ਕਰਨ ਤੋਂ ਇਲਾਵਾ ਦੀਪ ਦਾਨ ਕੀਤਾ ਕਰਦੇ ਹਨ । ਲੋਕਾਂ ਦਾ ਨਿਸਚਾ ਹੈ ਕਿ ਇਹ ਪਦਾਰਥ ਅਗਲੇ ਲੋਕ ਵਿਚ ਪਿੱਤਰਾਂ ਨੂੰ ਪਹੁੰਚਦੇ ਹਨ । ਸ਼ਾਸਤਰ ਅਨੁਸਾਰ ਹਰ ਹਿੰਦੂ ਦਾ ਇਹ ਧਾਰਮਿਕ ਫ਼ਰਜ਼ ਬਣਦਾ ਹੈ ਕਿ ਉਹ ਸਰਾਧ ਕਰ ਕੇ, ਪਿੱਤਰਾਂ ਦਾ ਰਿਣ ਚੁਕਾਏ । ਇਨ੍ਹੀਂ ਦਿਨੀਂ ਕਈ ਲੋਕ ਤੀਰਥਾਂ ਉਤੇ ਜਾ ਕੇ ਪਿੱਤਰਾਂ ਨੂੰ ਪਾਣੀ ਦੇਂਦੇ ਤੇ ਦੀਪ ਦਾਨ ਕਰਦੇ ਹਨ । ਸਰਾਧ ਦੇ ਦਿਨ ਅਸ਼ੁਭ ਗਿਣੇ ਜਾਂਦੇ ਹਨ, ਇਨ੍ਹੀਂ ਦਿਨੀਂ ਕੋਈ ਸ਼ੁਭ ਸ਼ਗਨ ਵਾਲਾ ਕੰਮ ਨਹੀਂ ਕੀਤਾ ਜਾਂਦਾ ।

ਸਰਾਧਾਂ ਦੇ ਮੁਕਦਿਆਂ ਹੀ ਨੌਰਾਤੇ ਸ਼ੁਰੂ ਹੋ ਜਾਂਦੇ ਹਨ, ਜੋ ਅਸੂ ਮਹੀਨੇ ਦੇ ਚਾਨਣ ਪੱਖ ਦੀ ਏਕਮ ਤੋਂ ਨੌਵੀਂ ਤਿੱਥ ਤਕ ਰਹਿੰਦੇ ਹਨ । ਇਨ੍ਹਾਂ ਤਿੱਥਾਂ ਵਿਚ ਮਾਤਾ ਗੌਰਜਾਂ ਤੇ

ਗੌਰਜਾਂ ਮਾਤਾ ਪ੍ਰਸੰਨ ਹੋ ਜਾਵੇ, ਉਸ ਦੀਆਂ ਮਨੋਕਾਮਨਾ ਪੂਰੀਆਂ ਹੋ ਜਾਂਦੀਆਂ ਹਨ ਤੇ ਉਸ ਨੂੰ ਮਨ-ਭਾਂਵਦਾ ਵਰ ਮਿਲਦਾ ਹੈ ।

ਪਹਿਲੇ ਨੌਰਾਤੇ ਵਾਲੇ ਦਿਨ ਕੁੜੀਆਂ, ਘਰ ਦੀ ਕਿਸੇ ਨੁਕਰੇ ਜਾਂ ਕੋਰੇ ਕੁੱਜੇ ਵਿਚ, ਜੌਂ ਬੀਜਦੀਆਂ ਹਨ, ਜਿਸ ਨੂੰ ਉਹ 'ਖੇਤਰੀ' ਜਾਂ 'ਗੌਰਾਂ ਦੀ ਖੇਤਰੀ' ਆਖਦੀਆਂ ਹਨ । ਦੁਸਹਿਰੇ ਦੀ ਪੂਰਵ ਸੰਧਿਆ ਤਕ, ਹਰ ਰੋਜ਼ ਸਵੇਰੇ ਨੇਮ ਨਾਲ, ਇਸ ਖੇਤੀ ਨੂੰ ਗੌਰਜਾਂ ਦਾ ਸਰੂਪ ਮੰਨ ਕੇ, ਲਾਲ ਕਪੜੇ ਨਾਲ ਕੱਜ ਕੇ ਪੂਜਿਆ ਤੇ ਪਾਣੀ ਦਿੱਤਾ ਜਾਂਦਾ ਹੈ । ਨੌਰਾਤਿਆਂ ਵਿਚ ਵਰਤ ਵੀ ਰਖਿਆ ਜਾਂਦਾ ਹੈ ਤੇ ਸਰਘੀ ਵੇਲੇ ਗਾੜੀਆਂ (ਸੰਗਾੜੇ) ਦੇ ਆਟੇ ਦੀਆਂ ਰੋਟੀਆਂ ਪਕਾ ਕੇ ਖਾਧੀਆਂ ਜਾਂਦੀਆਂ ਹਨ । ਦੁਸਹਿਰੇ ਵਾਲੇ ਦਿਨ ਤਕ ਇਸ ਖੇਤਰੀ ਵਿਚੋਂ ਜੌਆਂ ਦੇ ਬੂੰਬਲ ਨਿਕਲ ਆਉਂਦੇ ਹਨ ਤੇ ਕੁੜੀਆਂ ਇਨ੍ਹਾਂ ਬੂੰਬਲਾਂ ਨੂੰ ਆਪਣੇ ਅੰਗ ਸਾਕਾਂ ਦੀਆਂ ਪੱਗਾਂ ਵਿਚ ਟੁੰਗਦੀਆਂ ਤੇ ਉਨ੍ਹਾਂ ਤੋਂ ਸ਼ਗਨ ਵਜੋਂ ਭੇਟਾ ਲੈਂਦੀਆਂ ਹਨ ।

ਨੌਰਾਤਿਆਂ ਵਿਚ ਸਾਂਝੀ ਦੇਵੀ ਵੀ ਪੂਜੀ ਜਾਂਦੀ ਹੈ । ਪਹਿਲੇ ਨੌਰਾਤੇ ਨੂੰ ਗੋਹੇ ਵਿਚ ਮਿੱਟੀ ਗੁੰਨ੍ਹ ਕੇ, ਘਰ ਦੀ ਕਿਸੇ ਕੰਧ ਉਤੇ ਸਾਂਝੀ ਮਾਈ ਦੀ ਮੂਰਤੀ ਬਣਾ ਲਈ ਜਾਂਦੀ ਹੈ । ਮੂਰਤੀ ਵਿਚ, ਕਲਾਤਮਿਕ ਸੁੰਦਰਤਾ ਭਰਨ ਲਈ, ਕਈ ਵਿਧੀਆਂ ਵਰਤੀਆਂ ਜਾਂਦੀਆਂ ਹਨ । ਉਸ ਨੂੰ ਫੁੱਲਾਂ ਕੌਡੀਆਂ ਤੇ ਮੋਤੀਆਂ ਨਾਲ ਸਜਾਇਆ ਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ । ਇਕ ਪਾਸੇ ਚੰਨ ਚੜ੍ਹਦਾ ਤੇ ਦੂਜੇ ਪਾਸੇ ਸੂਰਜ ਛੁਪਦਾ ਵਿਖਾਇਆ ਜਾਂਦਾ ਹੈ । ਕਈ ਘਰਾਂ ਵਿਚ ਸਾਂਝੀ ਦੇਵੀ ਦੀ ਮੂਰਤੀ ਦੀ ਥਾਂ ਕੇਵਲ ਉਸ ਦਾ ਚਿਤਰ ਹੀ ਉਲੀਕਿਆ ਜਾਂਦਾ ਹੈ । ਸਾਂਝੀ ਦੀ ਮੂਰਤੀ ਜਾਂ ਚਿਤ੍ਰ ਲੋਕ-ਕਲਾ ਦਾ ਸੁਹਣਾ ਨਮੂਨਾ ਹਨ ਤੇ ਇਸ ਵਿਚੋਂ ਲੋਕ-ਪ੍ਰਤਿਭਾ ਪੂਰੇ ਜਲੌ ਵਿਚ ਰੂਪਮਾਨ ਹੋਈ ਹੈ । ਸਾਂਝੀ ਮਾਈ ਦੀ ਪੂਜਾ ਹਰ ਰੋਜ਼ ਸ਼ਾਮ ਵੇਲੇ ਕੀਤੀ ਜਾਂਦੀ ਹੈ, ਕੁੜੀਆਂ ਸਾਂਝੀ ਮਾਈ ਦੇ ਜਸ ਵਿਚ ਗੀਤ ਗਾਉਂਦੀਆਂ ਹਨ :

ਨੀ ਤੂੰ ਜਾਗ ਸਾਂਝੀ ਜਾਗ,
ਸਾਡੇ ਜਾਗ ਪੈਣ ਭਾਗ ।
ਮੈਂ ਆਈ ਤੇਰੇ ਦਵਾਰ ।
ਮੈਨੂੰ ਤਾਰ ਮਾਈ ਤਾਰ ।
ਮੇਰੀ ਪੂਜਾ ਲੇਖੇ ਲਾਈਂ ।
ਮੇਰੀਆਂ ਦੂਰ ਰਹਿਣ ਬਲਾਈਂ ।

ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕਿਸੇ ਟੋਭੇ ਜਾਂ ਨਦੀ-ਨਾਲੇ ਵਿਚ, ਜਲ-ਪ੍ਰਵਾਹ ਕਰ ਦਿਤਾ ਜਾਂਦਾ ਹੈ।

ਨੌਰਾਤਿਆਂ ਵਿਚ ਹੀ ਕਸਬਿਆਂ ਤੇ ਸ਼ਹਿਰਾਂ ਵਿਚ, ਪੰਜਾਬ ਦਾ ਸਭ ਤੋਂ ਵਡਾ ਲੋਕ-ਨਾਟਕ 'ਰਾਮਲੀਲਾ' ਖੇਡਿਆ ਜਾਂਦਾ ਹੈ। ਰਾਮਾਇਣ ਦੀ ਸਾਰੀ ਕਥਾ ਨੂੰ ਦਸਾਂ ਭਾਗਾਂ ਵਿਚ ਵੰਡ ਕੇ, ਹਰ ਨੌਰਾਤੇ ਨੂੰ, ਇਕ ਭਾਗ ਖੇਡਿਆ ਜਾਂਦਾ ਹੈ। ਦਸਵੇਂ ਨੌਰਾਤੇ ਨੂੰ ਦੁਸਹਿਰਾ ਮਨਾਇਆ ਜਾਂਦਾ ਹੈ। ਇਸ ਦਿਨ ਵਡੇ ਵਡੇ ਸ਼ਹਿਰਾਂ ਤੇ ਕਸਬਿਆਂ ਵਿਚ ਰਾਮ ਲੀਲਾ ਦੀ ਅੰਤਮ ਝਾਕੀ, ਰਾਮ ਚੰਦਰ ਦੀ ਰਾਵਨ ਉਤੇ ਵਿਜੈ, ਪੇਸ਼ ਕੀਤੀ ਜਾਂਦੀ ਹੈ। ਤੇ ਰਾਵਨ, ਕੁੰਭਕਰਨ ਤੇ ਮੇਘਨਾਦ ਦੇ ਕਾਗਜ਼-ਕਪੜੇ ਤੇ ਬਾਂਸ ਦੇ ਬਣੇ ਦੇਵਕਦ ਪੁਤਲੇ ਜਲਾਏ ਜਾਂਦੇ ਹਨ।

ਕੱਤਕ ਦੀ ਪੂਰਨਮਾਸ਼ੀ ਨੂੰ ਸਾਰੇ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸ਼ਵ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸੇ ਦਿਨ ਭਾਈ ਗੁਰਦਾਸ ਨੇ ਕਿਹਾ ਸੀ, 'ਮਿਟੀ ਧੁੰਦ ਜਗ ਚਾਨਣ ਹੋਆ'। ਇਸ ਦਿਨ ਗੁਰਦਵਾਰਿਆਂ ਵਿਚ ਦੀਵਾਨ ਲਗਦੇ ਤੇ ਕੀਰਤਨ-ਪ੍ਰਵਾਹ ਚਲਦਾ ਹੈ। ਵਡੇ ਨਗਰਾਂ ਵਿਚ ਜਲੂਸ ਕਢੇ ਜਾਂਦੇ ਹਨ। ਕੱਤਕ ਦੀ ਪੂਰਨਮਾਸ਼ੀ ਦਾ ਖ਼ਾਸ ਮਹੱਤਵ ਹੈ। ਕਹਿੰਦੇ ਹਨ ਕਿਸੇ ਪਾਵਨ ਨਦੀ ਜਾਂ ਸਰੋਵਰ ਵਿਚ ਇਸ਼ਨਾਨ ਕਰਨ ਨਾਲ, ਪਾਪਾਂ ਦੀ ਸਾਰੀ ਮੈਲ ਧੁਲ ਜਾਂਦੀ ਹੈ।

ਕੱਤਕ ਦੇ ਮਹੀਨੇ ਜੀਵਨ ਦੀ ਕਣੀ ਪ੍ਰਜਵਲਤ ਹੁੰਦੀ ਹੈ। ਇਸ ਦੇ ਹਨੇਰੇ ਪੱਖ ਦੀ ਚੌਥੀ ਤਿੱਥ ਨੂੰ 'ਕਰਵਾ ਚੌਥ' ਦਾ ਪੁਰਬ ਆਉਂਦਾ ਹੈ। ਇਸ ਦਿਨ ਸੁਹਾਗਣ ਇਸਤ੍ਰੀਆਂ ਨਿਰਜਲ ਵਰਤ ਰਖ ਕੇ ਪਤੀ ਦੀ ਲੰਮੀ ਆਯੂ ਲਈ ਕਾਮਨਾ ਕਰਦੀਆਂ ਤੇ ਅਹੋਈ ਦੇਵੀ ਦੀ ਪੂਜਾ ਕਰਦੀਆਂ ਹਨ। ਘਰ ਦੀਆਂ ਕੰਧਾਂ ਉਤੇ ਸੱਤਾਂ ਭਰਾਵਾਂ ਤੇ ਉਨ੍ਹਾਂ ਦੀਆਂ ਸੱਤ ਵਹੁਟੀਆਂ ਤੇ ਇਕ ਡੈਣ ਦਾ ਚਿਤ੍ਰ ਉਲੀਕਿਆ ਜਾਂਦਾ ਹੈ। ਦਿਨੇ ਅਹੋਈ ਦੇਵੀ ਦੀ ਕਥਾ ਕੀਤੀ ਜਾਂਦੀ ਹੈ ਅਤੇ ਵਰਤ ਪੂਜ ਕੇ ਸੱਸ ਨੂੰ ਪੋਹੀਆ ਭੇਟ ਕੀਤਾ ਜਾਂਦਾ ਹੈ। ਰਾਤ ਵੇਲੇ ਚੰਨ ਨੂੰ ਅਰਘਾ ਦੇ ਕੇ ਵਰਤ ਖੋਲ੍ਹਿਆ ਜਾਂਦਾ ਹੈ।

ਕੱਤਕ ਦੀ ਮਿੱਠੀ ਰੁਤ ਜਾਗ੍ਰਤੀ ਦੀ ਰੁਤ ਹੈ, ਫਿਰ ਇਸ ਰੁਤੇ ਦੇਵਤੇ ਕਿਉਂ ਸੁਤੇ ਰਹਿਣ। ਕਹਿੰਦੇ ਹਨ ਦੇਵਤੇ ਹਾੜ੍ਹੀ ਦੀਆਂ ਵਾਢੀਆਂ ਤੋਂ ਪਿਛੋਂ ਸੌਂ ਜਾਂਦੇ ਹਨ ਤੇ ਕੱਤਕ ਦੀਆਂ ਪਹਿਲੀਆਂ ਬਾਰਸ਼ਾਂ ਤਕ ਸੁਤੇ ਰਹਿੰਦੇ ਹਨ। ਸੋ, ਕੱਤਕ ਦੀ ਇਕਾਦਸ਼ੀ ਨੂੰ 'ਦੇਵ ਉਠਾਨ' ਦਾ ਪੁਰਬ ਮਨਾਇਆ ਜਾਂਦਾ ਹੈ।

ਹਨੇਰੇ ਪੱਖ ਦੀ ਤੇਰ੍ਹਵੀਂ ਤਿੱਥ ਨੂੰ 'ਧਨ ਤੇਰਸ' ਮਨਾਇਆ ਜਾਂਦਾ ਹੈ। ਇਸ ਦਿਨ ਨਵੇਂ ਭਾਂਡੇ ਖ਼ਰੀਦੇ ਜਾਂਦੇ ਹਨ। ਲੋਕ ਆਖਦੇ ਹਨ, ਧਨ ਤੇਰਸ ਵਾਲੇ ਦਿਨ ਜੇ ਨਵਾਂ ਭਾਂਡਾ ਖ਼ਰੀਦ ਕੇ ਉਸ ਵਿਚ ਕੋਈ ਮਿੱਠਾ ਪਕਵਾਨ ਸੇਂਵੀਆਂ, ਦਲੀਆ, ਜਾਂ ਖੀਰ ਪਾ ਕੇ ਖਾਧਾ ਜਾਵੇ ਤਾਂ ਘਰ ਦੇ ਭਾਂਡੇ ਸਦਾ ਭਰੇ ਰਹਿੰਦੇ ਹਨ। ਇਸ ਦਿਨ ਕਈ ਲੋਕ ਦੀਪ ਦਾਨ ਵੀ ਕਰਦੇ ਹਨ।

ਪਰ ਕੱਤਕ ਦਾ ਸਭ ਤੋਂ ਵਡਾ ਲੋਕ-ਪੁਰਬ ਦੀਵਾਲੀ ਦਾ ਹੈ, ਜੋ ਮਸਿਆ ਨੂੰ ਸਾਰੇ ਉੱਤਰੀ ਭਾਰਤ ਵਿਚ, ਕਿਸੇ ਨਾ ਕਿਸੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਤਿਆਰੀ ਕਈ ਵਾਰ ਪਹਿਲਾਂ ਤੋਂ ਹੀ ਆਰੰਭ ਦਿਤੀ ਜਾਂਦੀ ਹੈ। ਲੋਕੀਂ ਆਪਣੇ ਘਰਾਂ ਨੂੰ ਲਿੰਬ-ਪੋਚ ਕੇ, ਨਵੀਂ ਵਹੁਟੀ ਵਾਂਗ ਸੰਵਾਰ-ਸ਼ਿੰਗਾਰ ਲੈਂਦੇ ਹਨ। ਲੋਕੀਂ ਘਰ ਦੀਆਂ ਦੀਵਾਰਾਂ ਉਤੇ ਲੱਛਮੀ ਦੇਵੀ, ਉਸ ਦਾ ਵਾਹਣ ਮੋਰ ਅਤੇ ਫੁੱਲ, ਵੇਲਾਂ ਤੇ ਬੂਟੇ ਆਦਿ ਉਲੀਕ ਕੇ ਉਨ੍ਹਾਂ ਵਿਚ ਰੰਗ ਭਰਦੇ ਹਨ। ਦੀਵਾਲੀ ਉਤੇ ਲੋਕ-ਕਲਾ ਪੂਰੇ ਜਲੌ ਵਿਚ ਨਿਖਰਦੀ ਹੈ। ਹਰ ਘਰ ਵਿਚ ਸੋਹਜ ਹੈ ਤੇ ਹਰ ਸੋਹਜ ਵਿਚ ਸਰਧਾ। ਵਡੇ ਆਖਦੇ ਹਨ ਕਿ ਦੀਵਾਲੀ ਵਾਲੀ ਰਾਤ ਹਰ ਗਲੀ ਵਿਚ ਲੱਛਮੀ ਬਿਧ ਮਾਤਾ ਨਾਲ ਫੇਰਾ ਮਾਰਦੀ ਹੈ ਤੇ ਜਿਸ ਦਾ ਘਰ ਸਾਫ਼ ਸੁਥਰਾ ਹੁੰਦਾ ਹੈ, ਉਥੇ ਲੱਛਮੀ ਆਪਣਾ ਪੈਰ ਪਾ ਜਾਂਦੀ ਹੈ ਤੇ ਜਿਸ ਘਰ ਵਿਚ ਇਕ ਵਾਰ ਲੱਛਮੀ ਪੈਰ ਪਾ ਜਾਵੇ ਉਥੇ ਵੱਲਾਂ ਫੁੱਲਾਂ ਹੋ ਜਾਂਦੀਆਂ ਹਨ।

ਰਾਤ ਵੇਲੇ, ਘਰਾਂ ਦੇ ਦਰਵਾਜ਼ਿਆਂ, ਖਿੜਕੀਆਂ ਅਤੇ ਕੋਠਿਆਂ ਦੇ ਬਨੇਰਿਆਂ ਉਤੇ ਦੀਵਿਆਂ ਨੂੰ, ਪਾਲਾਂ ਵਿਚ ਸਜਾ ਕੇ ਬਾਲਿਆ ਜਾਂਦਾ ਹੈ। ਹਰ ਪਿੰਡ, ਕਸਬਾ ਤੇ ਸ਼ਹਿਰ ਦੀਵਿਆਂ ਦੀ ਰੌਸ਼ਨੀ ਵਿਚ ਜਗਮਗਾ ਉਠਦਾ ਹੈ ਅਤੇ ਇੰਜ ਜਾਪਦਾ ਹੈ, ਅਕਾਸ਼ ਤੋਂ ਤਾਰਿਆਂ ਦੀ ਬਰਾਤ ਆਪਣੀ ਪੂਰੀ ਜਲੌ ਵਿਚ, ਧਰਤੀ ਉਤੇ ਉਤਰ ਆਈ ਹੋਵੇ। ਇਹ ਨੂਰ ਤੇ ਰੌਸ਼ਨੀ ਦੀ ਰਾਤ ਹੈ। ਇਤਨੀ ਖ਼ੂਬਸੂਰਤ, ਸਜੀਲੀ ਤੇ ਰੌਸ਼ਨ ਰਾਤ ਧਰਤੀ ਉਤੇ ਹੋਰ ਕੋਈ ਨਹੀਂ। ਬੁੱਢੇ, ਬੱਚੇ ਤੇ ਜਵਾਨ ਪਟਾਖੇ ਤੇ ਫੁੱਲ-ਝੜੀਆਂ ਚਲਾ ਕੇ ਵਾਤਾਵਰਨ ਵਿਚ ਰੰਗ ਤੇ ਸੁਰ ਧੂੜ ਦੇਂਦੇ ਹਨ।

ਇਸ ਰਾਤ ਕਈ ਲੋਕ ਲਖਸ਼ਮੀ ਦੇਵੀ ਦੀ ਪੂਜਾ ਕਰਦੇ ਹਨ। ਧਨੀ ਹੋਣ ਦੀ ਭਾਵਨਾ ਨਾਲ, ਉਹ ਇਕ ਥਾਲ ਵਿਚ ਚਾਂਦੀ ਦੇ ਰੁਪਏ ਤੇ ਮਠਿਆਈ ਰਖ ਕੇ ਲਖਸ਼ਮੀ ਦੀ

ਦਾ ਪਰਛਾਵਾਂ ਸਰੋਵਰ ਵਿਚ ਫੈਲ ਕੇ ਅਲੌਕਿਕ ਦ੍ਰਿਸ਼ ਪੇਸ਼ ਕਰਦਾ ਹੈ। ਇੰਜ ਲਗਦਾ ਹੈ ਕਿ ਅਕਾਸ਼ੋਂ ਕੋਈ ਨੂਰ ਉਤਰ ਕੇ ਫ਼ਜ਼ਾ ਵਿਚ ਰਚ ਗਿਆ ਹੋਵੇ। ਅੰਮ੍ਰਿਤਸਰ ਵਿਚ ਦੀਵਾਲੀ ਦਾ ਮੁੱਢ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਬੱਝਿਆ। ਜਦੋਂ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਕਿਲੇ ਤੋਂ 52 ਰਾਜਿਆਂ ਨੂੰ, ਬੰਦੀ ਤੋਂ ਛੁਡਵਾ ਕੇ ਅੰਮ੍ਰਿਤਸਰ ਪੁਜੇ ਤਾਂ ਉਸ ਦਿਨ ਸਬੱਬ ਨਾਲ ਦੀਵਾਲੀ ਸੀ। ਉਨ੍ਹਾਂ ਦੇ ਸਵਾਗਤ ਵਿਚ ਸਾਰਾ ਸ਼ਹਿਰ ਤੇ ਹਰਿਮੰਦਰ ਜਗਮਗਾ ਉਠਿਆ। ਉਦੋਂ ਤੋਂ ਹਰਿਮੰਦਰ ਸਾਹਿਬ ਵਿਚ ਦੀਵਾਲੀ ਨੂੰ, ਉਚੇਚੀ ਰੌਸ਼ਨੀ ਕੀਤੀ ਜਾਂਦੀ ਹੈ।

ਦੀਵਾਲੀ ਮੌਸਮੀ ਉਤਸਵ ਹੈ। ਅੰਦਰ ਦੀ ਜੀਵਨ ਕਣੀ ਕੁਦਰਤ ਦੀ ਕਣੀ ਨਾਲ ਇਕਸੁਰ ਹੋ ਕੇ ਜਾਗਰੂਪ ਹੋਣ ਦਾ ਉਤਸ਼ਵ ਹੈ। ਕੁਦਰਤ ਦੀ ਜੋਤ ਨਾਲ ਅੰਦਰ ਦੀ ਜੋਤੀ ਨੂੰ ਪ੍ਰਜਵਲਤ ਕਰਨਾ। ਦੀਵਿਆਂ ਦੀ ਜੋਤ ਤਾਂ ਇਸ ਦਾ ਪ੍ਰਤੀਕ ਹੈ ਪਰ ਮਿਥਿਹਾਸ ਕਹਿੰਦਾ ਹੈ ਰਾਮ ਰਾਵਨ ਉਤੇ ਵਿਜੈ ਪ੍ਰਾਪਤ ਕਰਨ ਪਿਛੋਂ, ਸੀਤਾ ਨੂੰ ਨਾਲ ਲੈ ਕੇ ਜਦੋਂ ਅਜੁਧਿਆ ਪਹੁੰਚੇ ਤਾਂ ਉਨ੍ਹਾਂ ਦੇ ਸਵਾਗਤ ਵਿਚ ਸਾਰਾ ਸ਼ਹਿਰ ਜਗਮਗਾ ਉਠਿਆ।

ਪੋਹ ਵਿਚ ਠੰਡੀਆਂ ਹਵਾਵਾਂ ਵਗਦੀਆਂ ਤੇ ਸਰਦੀ ਜੋਬਨ ਉਤੇ ਹੁੰਦੀ ਹੈ। ਹਰ ਕੋਈ ਨਿੱਘ ਲੋਚਦਾ ਹੈ, ਧੁਪ ਦੀ ਵੀ ਤੇ ਅੱਗ ਦੀ ਵੀ। ਸੋ ਪੋਹ ਦੇ ਮਹੀਨੇ ਦੇ ਅਖੀਰਲੇ ਦਿਨ ਲੋਹੜੀ ਮਨਾਈ ਜਾਂਦੀ ਹੈ। ਬਹੁਤ ਸਾਰੇ ਹੋਰ ਤਿਉਹਾਰਾਂ ਵਾਂਗ ਲੋਹੜੀ ਦਾ ਮੁਢ ਇਕ ਟੂਣੇ ਤੋਂ ਬੱਝਾ। ਜੋ ਸਖ਼ਤ ਸਰਦੀ ਵਿਚ ਸੂਰਜ ਤੋਂ ਵਧੇਰੇ ਨਿਘੀਆਂ ਕਿਰਨਾਂ ਪ੍ਰਾਪਤ ਕਰਨ ਲਈ ਕੀਤਾ ਜਾਂਦਾ ਸੀ। ਇਸ ਤਿਉਹਾਰ ਦੀ ਆਪਣੀ ਵਿਲਖਣਤਾ ਤੇ ਰੌਚਿਕਤਾ ਹੈ। ਲੋਹੜੀ ਦੇ ਪੁਰਬ ਤੋਂ ਕੁਝ ਦਿਨ ਪਹਿਲਾਂ ਛੋਟੇ ਬੱਚੇ, ਟੋਲੀਆਂ ਬਣਾ ਕੇ, ਸੁਰੀਲੀ ਲੋਅ ਵਿਚ ਗੀਤ ਅਲਾਪਦੇ ਹੋਏ, ਹਰ ਘਰ ਤੋਂ ਲੋਹੜੀ ਲਈ ਬਾਲਣ-ਲਕੜਾਂ ਗੋਹੇ ਤੇ ਢਿੰਗਰ ਆਦਿ ਇਕੱਠਾ ਕਰਦੇ ਹਨ।

ਉਨ੍ਹਾਂ ਦੇ ਗੀਤਾਂ ਵਿਚ ਰੁੱਤ ਬੋਲਦੀ ਹੈ—

ਹੁਲੇ ਨੀ ਮਾਏ ਹੁਲੇ
ਦੋ ਬੇਰੀ ਪੱਤਰ ਝੁਲੇ
ਦੋ ਝੁਲ ਪਈਆਂ ਖਜੂਰਾਂ
ਖਜੂਰਾਂ ਸੁਟਿਆ ਮੇਵਾ
ਇਸ ਨੱਢੇ ਦਾ ਕਰੋ ਮੰਗੇਵਾ... ...

ਲੋਹੜੀ ਦੇ ਗੀਤਾਂ ਵਿਚ ਤਰਲ ਜਿਹੇ ਵਿਚਾਰ, ਹੜ੍ਹ ਦੇ

ਗੀਤ ਵਿਚ ਦੁਲ੍ਹੇ ਭੱਟੀ ਦੇ ਜੀਵਨ ਦੀ ਇਕ ਘਟਨਾ ਵਲ ਸੰਕੇਤ ਹੈ। ਦੁਲ੍ਹੇ ਨੇ ਇਕ ਗਰੀਬ ਘਰ ਦੀ ਲੜਕੀ ਨੂੰ ਧੀ ਬਣਾ ਕੇ ਵਿਆਹਿਆ ਤੇ ਪੁੰਨ ਖਟਿਆ ਸੀ। ਹੇਠਲੇ ਗੀਤ ਵਿਚ ਸਾਡੇ ਸਮਾਜ ਦੀ ਬਹੁ-ਪਰਤੀ ਤਸਵੀਰ ਪੇਸ਼ ਕੀਤੀ ਹੈ:

ਸੁੰਦਰ ਮੁੰਦਰੀਏ, ਹੋ।
ਤੇਰਾ ਕੌਣ ਵਿਚਾਰਾ, ਹੋ।
ਦੁਲ੍ਹਾ ਭੱਟੀ ਵਾਲਾ, ਹੋ।
ਦੁਲ੍ਹੇ ਧੀ ਵਿਆਹੀ, ਹੋ।
ਸੇਰ ਸ਼ੱਕਰ ਆਈ, ਹੋ।
ਕੁੜੀ ਦੇ ਬੋਝੇ ਪਾਈ, ਹੋ।
ਕੁੜੀ ਦਾ ਲਾਲ ਪਟਾਕਾ, ਹੋ।
ਕੁੜੀ ਦਾ ਸਾਲੂ ਪਾਟਾ, ਹੋ।
ਸਾਲੂ ਕੌਣ ਸਮੇਟੇ, ਹੋ।
ਚਾਚਾ ਗਾਲੀ ਦੇਸੀ, ਹੋ।
ਚਾਚੇ ਚੂਰੀ ਕੁਟੀ, ਹੋ।
ਜ਼ਿਮੀਂਦਾਰਾਂ ਲੁਟੀ, ਹੋ।
ਜ਼ਿਮੀਂਦਾਰ ਸਦਾਓ, ਹੋ।
ਗਿਣ ਗਿਣ ਪੌਲੇ ਲਾਓ, ਹੋ।
ਇਕ ਪੌਲਾ ਖੁਸ ਗਿਆ, ਹੋ।
ਜ਼ਿਮੀਂਦਾਰ ਵਹੁਟੀ ਲੈ ਕੇ ਰੁਸ ਗਿਆ, ਹੋ।

ਲੋਹੜੀ ਦੇ ਤਿਉਹਾਰ ਬਾਰੇ ਸਭ ਤੋਂ ਵਧ ਗੀਤ ਮਿਲਦੇ ਹਨ, ਜੋ ਇਸ ਗੱਲ ਦਾ ਹੁੰਗਾਰਾ ਭਰਦੇ ਹਨ ਕਿ ਇਸ ਪੁਰਬ ਨਾਲ ਲੋਕ-ਭਾਵਨਾ ਸਭ ਤੋਂ ਵਧ ਜੁੜੀ ਹੋਈ ਹੈ।

ਲੋਹੜੀ ਵਾਲੀ ਰਾਤ ਉਂਜ ਤਾਂ ਹਰ ਗਲੀ ਮਹੱਲੇ ਵਿਚ ਹੀ ਲੋਹੜੀ ਬਾਲੀ ਜਾਂਦੀ ਹੈ, ਪਰ ਜਿਸ ਘਰ ਪੁੱਤਰ ਜੰਮਿਆ ਹੋਵੇ ਜਾਂ ਪੁੱਤਰ ਦੇ ਵਿਆਹ ਦੀ ਪਹਿਲੀ ਲੋਹੜੀ ਹੋਵੇ, ਉਹ ਲੋਹੜੀ ਨੂੰ ਉਚੇਚੇ ਸ਼ਗਨਾਂ ਨਾਲ ਮਨਾਉਂਦੇ ਹਨ ਅਤੇ ਗਲੀ ਮਹੱਲੇ ਵਿਚ ਗੁੜ ਤੇ ਚਿੜਵੇ ਰਿਓੜੀਆਂ ਵੰਡਦੇ ਹਨ।

ਕਈ ਲੋਕ-ਪ੍ਰਵਾਹ ਨਾਲ ਜੁੜੇ ਲੋਕ ਲੋਹੜੀ ਦੀ ਅਗਨੀ ਨੂੰ ਪੂਜਦੇ ਤੇ ਧੂਣੀ ਦੁਆਲੇ ਸੱਤ ਪ੍ਰਕਰਮਾਂ ਕਰਦੇ ਹਨ। ਲੋਹੜੀ ਦੀ ਅੱਗ ਦੇ ਕੁਝ ਕੋਲੇ ਸ਼ਗਨ ਵਜੋਂ ਘਰ ਲੈ ਜਾਂਦੇ ਹਨ। ਧਾਰਨਾ ਹੈ ਕਿ ਜਿਸ ਚੁਲ੍ਹੇ ਲੋਹੜੀ ਦੀ ਅੱਗ ਦੱਬ ਦਿੱਤੀ ਜਾਵੇ, ਉਸ ਚੁਲ੍ਹੇ ਉਤੇ ਅਗਨ ਦੇਵਤੇ ਦੀ ਹਮੇਸ਼ਾ ਮਿਹਰ ਰਹਿੰਦੀ ਹੈ।

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ

ਵਿਚ ਲੋਕੀਂ ਗੰਨੇ ਦੇ ਰਸ ਦੀ ਖੀਰ ਪਕਾ ਕੇ ਖਾਂਦੇ ਹਨ। ਕਈ ਲੋਕ ਇਸ ਦਿਨ ਜਲ ਵਿਚ ਤਿਲ ਮਿਲਾ ਕੇ ਇਸ਼ਨਾਨ ਕਰਦੇ ਅਤੇ ਤਿਲ ਦੇ ਲੱਡੂ ਬਣਾ ਕੇ ਖਾਂਦੇ ਹਨ। ਪੰਜਾਬ ਵਿਚ ਕਈ ਥਾਈਂ ਮੇਲੇ ਲਗਦੇ ਹਨ। ਮਾਘੀ ਦਾ ਪ੍ਰਸਿਧ ਮੇਲਾ ਮੁਕਤਸਰ ਵਿਚ ਲਗਦਾ ਹੈ।

ਫੱਗਣ ਦੀ ਮਸਿਆ ਨੂੰ ਸ਼ਿਵ ਦੇ ਉਪਾਸ਼ਕ ਸਿਵਰਾਤਰੀ ਦਾ ਪੁਰਬ ਮਨਾਉਂਦੇ ਹਨ। ਫੱਗਣ ਵਿਚ ਹੀ ਹੋਲੀ ਦਾ ਤਿਉਹਾਰ ਵੀ ਆਉਂਦਾ ਹੈ।

ਇਸ ਤਰ੍ਹਾਂ ਪੁਰਬਾਂ ਦਾ ਇਕ ਲੰਮਾ ਕਾਫਿਲਾ ਨਿਰੰਤਰ ਚਲਦਾ ਰਹਿੰਦਾ ਹੈ, ਹਰ ਪੁਰਬ ਸੂਰਜ ਵਾਂਗ ਨਿਤ ਨਵਾਂ ਤੇ ਚੰਨ ਵਾਂਗ ਨਿਤ ਉਜਲਾ ਹੋ ਕੇ ਆਉਂਦਾ ਤੇ ਨਵੇਂ ਸੁਪਨੇ ਜਗਾ ਕੇ ਫਿਰ ਆਉਣ ਦਾ ਬਚਨ ਦੇ ਕੇ ਚਲਾ ਜਾਂਦਾ ਹੈ।

(ਤ-89) **ਤਿਉਰ** :

ਤਿੰਨ ਕਪੜਿਆਂ ਦਾ ਸਮੂਹ, ਜਿਸ ਵਿਚ ਇਸਤ੍ਰੀ ਦੇ ਸਿਰ ਦਾ ਪੱਲਾ, ਗਲ ਦੀ ਕਮੀਜ਼ ਤੇ ਤੇੜ ਦੀ ਸਲਵਾਰ ਹੁੰਦੀ ਹੈ। ਵਿਆਹ ਤੇ ਖੁਸ਼ੀ ਦੇ ਕਈ ਹੋਰ ਮੌਕਿਆਂ ਉਤੇ ਮਾਪੇ ਆਪਣੀਆਂ ਧੀਆਂ ਨੂੰ ਸੁਗਾਤਾਂ/ਤਿਉਰ ਦੇਂਦੇ ਹਨ (ਵੇਖੋ : ਵਰਤਨ ਭਾਜੀ)।

(ਤ-90) **ਤਿਉੜ** :

ਖਾਣ ਪੀਣ ਦਾ ਇਕ ਪਵਿਤਰ ਪਦਾਰਥ, ਜੋ ਦਹੀਂ, ਜਾਂ ਲੱਸੀ ਵਿਚ ਦੁੱਧ ਦੀਆਂ ਧਾਰਾਂ ਮਾਰ ਕੇ ਬਣਾਇਆ ਜਾਂਦਾ ਹੈ।

(ਤ-91) **ਤਿਹਾਜੂ** :

ਉਹ ਸ਼ਖਸ ਜਿਸ ਨੇ ਤੀਜੀ ਵਾਰ ਵਿਆਹ ਕੀਤਾ ਹੋਵੇ। ਲੋਕ-ਧਾਰਨਾ ਅਨੁਸਾਰ ਤੀਜਾ ਵਿਆਹ ਵਰ ਲਈ ਅਸ਼ੁਭ ਹੈ ਤੇ ਪਤੀ ਪਤਨੀ ਦੋਹਾਂ 'ਤੇ ਸੰਕਟ ਪੈਂਦਾ ਹੈ। ਇਸ ਲਈ ਹਿੰਦੂਆਂ ਵਿਚ ਤੀਜਾ ਵਿਆਹ ਕਰਨ ਤੋਂ ਪਹਿਲਾਂ, ਤੁਲਸੀ ਦੇ ਪੌਦੇ ਨਾਲ ਫੇਰੇ, ਲੈ ਲਏ ਜਾਂਦੇ ਹਨ, ਇਸ ਤਰ੍ਹਾਂ ਕਰਨ ਨਾਲ ਤੀਜੀ ਵਹੁਟੀ 'ਤੁਲਸੀ' ਗਿਣੀ ਜਾਂਦੀ ਹੈ ਤੇ ਸਾਰੇ ਸੰਕਟ ਉਸੇ ਸਿਰ ਪੈਂਦੇ ਹਨ, ਇਸ ਤੋਂ ਬਾਅਦ ਦਾ ਵਿਆਹ ਚੌਥਾ ਵਿਆਹ ਗਿਣਿਆ ਜਾਂਦਾ ਹੈ।

(ਤ-92) **ਤਿਹਾੜਾ** :

ਇਕ ਇਲਾਕਾ ਜੋ ਜਗਰਾਵਾਂ ਤੇ ਪਖੋਵਾਲ ਦੇ ਵਿਚਕਾਰ

(ਤ-93) **ਤਿਹੋਲਾ** :

ਕੜਾਹ ਜਿਸ ਵਿਚ ਆਟਾ, ਖੰਡ ਤੇ ਘਿਉ ਤਿੰਨ ਵਸਤ ਬਰਾਬਰ ਬਰਾਬਰ ਪਾਈਆਂ ਹੋਣ। ਗੁਰਦਵਾਰੇ ਵਿਚ ਜੋ ਕੜਾਹ ਪ੍ਰਸਾਦਿ ਵਰਤਾਇਆ ਜਾਂਦਾ ਹੈ। ਉਹ ਤਿਹੋਲਾ ਹੀ ਹੁੰਦਾ ਹੈ। ਸਿੱਖਾਂ ਵਿਚ ਪਰੰਪਰਾ ਅਨੁਸਾਰ ਬਣਿਆ ਪ੍ਰਸਾਦਿ ਦਾ ਦਰਜਾ ਰਖਦਾ ਹੈ (ਵੇਖੋ : ਕੜਾਹ ਪ੍ਰਸਾਦਿ)।

(ਤ-94) **ਤਿੰਗੜ** :

ਤਿੰਨ ਤਾਰਿਆ ਦਾ ਇਕ ਸਮੂਹ, ਜਿਸ ਦੀ ਆਕਾਸ਼ ਵਿਚ ਸਥਿਤੀ ਵੇਖ ਕੇ ਪੁਰਾਣੇ ਵੇਲਿਆਂ ਵਿਚ ਲੋਕ ਸਮੇਂ ਦਾ ਅਨੁਮਾਨ ਲਗਾਂਦੇ ਸਨ।

(ਤ-95) **ਤਿਟੰਗੀ ਦੌੜ** :

ਇਕ ਤਰ੍ਹਾਂ ਦੀ ਦੌੜ ਜਿਸ ਵਿਚ ਦੌੜਨ ਵਾਲਿਆਂ ਦੇ ਜੋੜੇ ਬਣਾ ਲਏ ਜਾਂਦੇ ਹਨ ਤੇ ਦੋ ਦੋ ਬੱਚਿਆਂ ਦੀ, ਇਕ ਦੀ ਸੱਜੀ ਤੇ ਦੂਜੇ ਦੀ ਖੱਬੀ ਲੱਤ, ਇਕੱਠੀ ਬੰਨ੍ਹੀ ਜਾਂਦੀ ਹੈ ਤੇ ਫਿਰ ਉਹ ਦੌੜਦੇ ਹਨ।

(ਤ-96) **ਤਿਣਕਾ ਤੋੜਨਾ** :

1. ਬੱਚੇ ਦੀ ਚੰਦਰੀ ਨਜ਼ਰ ਤੋਂ ਰਖਿਆ ਕਰਨ ਲਈ, ਉਸ ਤੋਂ ਘਾਹ ਦਾ ਤਿਣਕਾ ਤੋੜ ਕੇ ਵਾਰਨਾ। ਇਸ ਟੂਣੇ ਨਾਲ ਬੱਚੇ 'ਤੇ ਨਜ਼ਰ ਟਿਕਦੀ ਨਹੀਂ ਤੇ ਮੰਦਾ ਅਸਰ ਨਹੀਂ ਹੁੰਦਾ।

2. ਦਾਹ ਸੰਸਕਾਰ ਤੋਂ ਮਗਰੋਂ ਮ੍ਰਿਤਕ ਨਾਲ ਸਬੰਧ ਟੁਟ ਜਾਣ ਦੇ ਸੰਕੇਤ ਵਜੋਂ ਅਰਥੀ ਨਾਲ ਆਏ ਲੋਕ ਤੀਲਾ ਤੋੜ ਕੇ ਅੱਗ ਵਿਚ ਸੁਟਦੇ ਹਨ। ਕਈਆਂ ਵਿਚ ਵਾਪਸ ਘਰ ਆਉਂਦਿਆਂ ਰਾਹ ਵਿਚ ਤੀਲਾ ਤੋੜਨ ਦੀ ਰਸਮ ਕੀਤੀ ਜਾਂਦੀ ਹੈ, ਪਰ ਕਈ ਮਰਘਟ ਉਤੇ ਹੀ ਇਹ ਰੀਤ ਕਰਦੇ ਹਨ।

(ਤ-97) **ਤਿੱਤਰ** :

(ੳ) ਤਿੱਤਰ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਸਬੰਧਿਤ ਹਨ। ਮਿਥਕ ਕਥਾਵਾਂ ਅਨੁਸਾਰ ਤਿੱਤਰ ਪਿਛਲੇ ਜਨਮ ਪਾਂਧਾ ਸੀ, ਜੋ ਲੋਕਾਂ ਦੀਆਂ ਪਤ੍ਰੀਆਂ ਵਾਚ ਕੇ ਸ਼ੁਭ ਅਸ਼ੁਭ ਫਲ ਦਸਦਾ ਹੈ। ਇਸੇ ਲਈ ਤਿੱਤਰ ਨਾਲ ਸਭ ਤੋਂ ਵਧ ਸ਼ੁਭ ਅਸ਼ੁਭ ਫਲ ਜੁੜੇ ਹੋਏ ਹਨ। ਜੇ ਤਿੱਤਰ

ਦਰਸੀ ਹੋ ਜਾਂਦਾ ਹੈ। ਅਕਾਸ਼ ਵਿਚ ਜੇ ਤਿੱਤਰ ਖੰਭੀ ਬੱਦਲੀ ਵਿਖਾਈ ਦੇਵੇ ਤਾਂ ਮੀਂਹ ਜ਼ਰੂਰ ਵਸਦਾ ਹੈ :

ਤਿੱਤਰ ਖੰਭੀ ਬੱਦਲੀ ਰੰਨ ਮਲਾਈ ਖਾਹ,
ਉਹ ਵਸੇ ਉਹ ਉਜੜੇ ਬਰਸੇ ਬਾਝ ਨਾ ਜਾਹਿ।

(ਅ) 'ਖਾਲਸਾਈ ਬੋਲੀ' ਵਿਚ ਤਿੱਤਰ ਕਰੇਲੇ ਨੂੰ ਕਿਹਾ ਜਾਂਦਾ ਹੈ।

(ਤ-98) **ਤਿੱਤਲੀ** :

ਲੋਕ ਧਾਰਨਾ ਹੈ ਕਿ ਨੱਚਣ ਵਾਲੀ ਕਾਮਣੀ ਅਗਲੇ ਜਨਮ ਵਿਚ ਤਿੱਤਲੀ ਬਣਦੀ ਹੈ। ਇਸੇ ਲਈ ਤਿੱਤਲੀ ਦੀ ਪੁਸ਼ਾਕ ਬੜੀ ਸੁੰਦਰ ਹੁੰਦੀ ਹੈ ਤੇ ਇਹ ਕਿਸੇ ਇਕ ਫੁੱਲ ਤੇ ਟਿਕ ਕੇ ਨਹੀਂ ਬਹਿੰਦੀ। ਇਕ ਵਿਚਾਰ ਇਹ ਹੈ ਕਿ ਤਿੱਤਲੀਆਂ ਇੰਦਰ ਦੇ ਅਖਾੜੇ ਦੀਆਂ ਅਪਛਰਾਂ ਹਨ, ਜੋ ਪਤਿਤ ਹੋ ਜਾਣ ਕਾਰਨ, ਧਰਤੀ ਉਤੇ ਇਸ ਰੂਪ ਵਿਚ ਜਨਮ ਲੈਂਦੀਆਂ ਹਨ। ਤਿੱਤਲੀ ਸੁਪਨੇ ਵਿਚ ਵੇਖੀ ਸ਼ੁਭ ਹੁੰਦੀ ਹੈ, ਕੋਈ ਸੁੰਦਰ ਵਸਤੂ ਤੋਹਫ਼ੇ ਵਜੋਂ ਮਿਲਦੀ ਹੈ।

ਤਿੱਤਲੀ ਬਾਰੇ ਇਕ ਦਿਲਚਸਪ ਉਤਪਤੀ ਕਥਾ ਇਉਂ ਪ੍ਰਚਲਤ ਹੈ :

ਇਕ ਅਪੱਛਰਾ ਹਰ ਰੋਜ਼ ਚੰਨ ਦੀਆਂ ਕਿਰਨਾਂ ਦੇ ਝੂਲੇ ਵਿਚ, ਧਰਤੀ ਉਤੇ ਉਤਰਦੀ ਤੇ ਮਾਤ ਲੋਕ ਦੇ ਵਣਾਂ ਤੇ ਬਗੀਚਿਆਂ ਵਿਚ ਅਨੰਦ ਨਾਲ ਘੁੰਮਦੀ ਸੀ। ਸੂਰਜ ਚੜ੍ਹਨ ਤੋਂ ਪਹਿਲਾਂ ਉਹ ਪਰੀ ਦੇਸ ਨੂੰ ਵਾਪਸ ਚਲੀ ਜਾਂਦੀ। ਇਕ ਵਾਰ ਉਸ ਦੇ ਰੇਸ਼ਮੀ ਕਪੜੇ ਝਾੜੀਆਂ ਵਿਚ ਉਲਝ ਗਏ ਤੇ ਉਹ ਇਕ ਇਕ ਕਰ ਕੇ ਕੰਡਿਆਂ ਨੂੰ ਹਟਾਂਦੀ ਤੇ ਰੇਸ਼ਮੀ ਪਹਿਰਾਵੇ ਨੂੰ ਫੱਟਣ ਤੋਂ ਬਚਾਣ ਦੀ ਕੋਸ਼ਿਸ਼ ਕਰਦੀ ਰਹੀ, ਇਤਨੇ ਵਿਚ ਸਵੇਰ ਹੋ ਗਈ ਤੇ ਸੂਰਜ ਦੀ ਗਰਮੀ ਵਿਚ, ਉਸ ਦਾ ਸਰੀਰ ਸੁੰਗੜਨ ਲਗਾ ਤੇ ਅਖੀਰ ਉਹ ਤਿੱਤਲੀ ਦਾ ਰੂਪ ਧਾਰ ਕੇ ਹਮੇਸ਼ਾ ਲਈ ਧਰਤੀ ਵਾਸਤੇ ਰਹਿ ਗਈ।

ਤਿੱਤਲੀ ਬਾਰੇ ਇਕ ਬੁਝਾਰਤ ਇਉਂ ਪ੍ਰਚਲਤ ਹੈ :

ਅਰਸ਼ੋਂ ਉਤਰੀ ਕਾਮਨੀ,
ਕਰ ਕੇ ਸੁੰਦਰ ਭੇਸ
ਜੋੜਾ ਸਤਰੰਗਾ ਪਹਿਨ ਕੇ
ਕਾਲਾ ਘੋੜਾ ਹੇਠ।

ਨਾਸ਼ਮਾਨ ਜਹਾਨ ਦਾ ਅਹਿਸਾਸ ਕਰਵਾਣ ਲਈ

(ਤ-99) **ਤਿੱਥ** :

ਚੰਦਰਮਾਸ ਦਾ ਕੋਈ ਦਿਨ; ਚੰਨ ਦੀ ਤਿੱਥਾਂ ਨਾ ਬਹੁਤ ਸਾਰੇ ਲੋਕ-ਵਿਸ਼ਵਾਸ਼ ਤੇ ਧਾਰਨਾਵਾਂ ਸਬੰਧਿਤ ਹਨ ਕੁਝ ਤਿੱਥਾਂ ਆਪਣੇ ਆਪ ਵਿਚ ਹੀ ਸ਼ਗਨ ਹਨ ਤੇ ਕੁ ਅਪਸ਼ਗਨ। ਕੁਝ ਸ਼ੁਭ ਕੁਝ ਅਸ਼ੁਭ, ਜਿਵੇਂ ਦੂਜੀ ਤਿੱ ਜਦੋਂ ਨਵਾਂ ਚੰਨ ਵਿਖਾਈ ਦੇਂਦਾ ਹੈ, ਇਕਾਦਸ਼ੀ ਪੂਰਨਮਾਸ਼ੀ ਆਦਿ। ਪਰ ਕੁਝ ਤਿੱਥਾਂ ਅਸ਼ੁਭ ਹਨ ਜਿਵੇਂ ਮੱਸਿਆ; ਕੁਝ ਤਿੱਥਾਂ ਉਤੇ ਵਰਤ ਰਖੇ ਜਾਂਦੇ ਹਨ ਜਿਵੇਂ 'ਕਰਵਾ ਚੌਥ' ਨੂੰ ਪਤੀ ਦੀ ਦੀਰਘ ਆਯੂ ਲਈ ਤੀਵੀਂ ਵਰਤ ਰਖਦੀਆਂ ਹਨ (ਵੇਖੋ : ਵਰਤ)।

(ਤ-100) **ਤਿੰਨ (ਅੰਕ)** :

ਪੰਜਾਬੀ ਲੋਕਧਾਰਾ ਵਿਚ ਤਿੰਨ ਦੀ ਅੰਕ-ਰੂੜ੍ਹੀ ਬੜ ਪ੍ਰਚਲਤ ਹੈ। ਇਹ ਰੂੜ੍ਹੀ ਮੁਢਲੀਆਂ ਅੰਕ-ਰੂੜ੍ਹੀਆਂ ਵਿ ਇਕ ਹੈ ਅਤੇ ਇਸ ਦਾ ਉਦਭਵ ਤ੍ਰੈਮੂਰਤੀ ਦੇ ਸੰਕਲਪ ਤ ਹੋਇਆ। ਪੁਰਾਣਾਂ ਅਨੁਸਾਰ ਹਿੰਦੂਆਂ ਦੇ ਤਿੰਨ ਵਡੇ ਦੇਵ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਹਨ ਤੇ ਇਨ੍ਹਾਂ ਦਾ ਸਾਂਝਾ ਰੂ ਤ੍ਰੈਮੂਰਤੀ ਹੈ। ਇਹ ਤਿੰਨੋਂ ਦੇਵਤਿਆਂ 'ਤੇ ਸੰਸਾਰ ਦ ਉਤਪਤੀ, ਪਾਲਨਾ ਤੇ ਸੰਘਾਰ ਦੀ ਜ਼ਿੰਮੇਵਾਰੀ ਹੈ। ਵੇ ਅਨੁਸਾਰ ਅਗਨੀ, ਵਾਯੂ ਅਤੇ ਸੂਰਜ ਤਿੰਨ ਪ੍ਰਮੁਖ ਦੇਵ ਤ੍ਰਿਮੂਰਤੀ ਹਨ।

ਆਰੀਆ ਜਾਤੀ ਦੇ ਧਰਮ ਗ੍ਰੰਥਾਂ ਅਨੁਸਾਰ ਬ ਬ੍ਰਹਿਮੰਡ ਵਿਚ ਤਿੰਨ ਲੋਕ ਹਨ, ਮਾਤ ਲੋਕ ਜਿਥੇ ਮਨੁ ਰਹਿੰਦੇ ਹਨ, ਦੇਵ ਲੋਕ ਜਿਥੇ ਦੇਵਤੇ ਵਸਦੇ ਹਨ ਅ ਪਾਤਾਲ ਲੋਕ ਜਿਥੇ ਦੈਂਤ ਰਹਿੰਦੇ ਹਨ। ਮਾਇਆ ਦੇ ਤ੍ਰਿ ਗੁਣ ਸਤੋ, ਰਜੋ ਤੇ ਤਮੋ ਮੰਨੇ ਜਾਂਦੇ ਹਨ। ਗੰਗਾ ਜਮਨਾ ਸਰਸਵਤੀ ਤਿੰਨ ਨਦੀਆਂ ਦਾ ਮੇਲ ਪ੍ਰਯਾਗ ਵਿਚ, ਜਿਸ ਹੁੰਦਾ ਹੈ ਉਸ ਨੂੰ ਤ੍ਰਿਵੇਣੀ ਕਹਿੰਦੇ ਹਨ, ਜੋ ਬੜਾ ਪਵਿ ਤੀਰਥ ਮੰਨਿਆ ਗਿਆ ਹੈ। ਜੋਗ ਮਤ ਅਨੁਸਾਰ ਸਰ ਵਿਚ ਤਿੰਨ ਪ੍ਰਮੁਖ ਨਾੜੀਆਂ ਇੜਾ, ਪਿੰਗਲਾ ਤੇ ਸੁਖਮ ਹਨ, ਜਿਨ੍ਹਾਂ ਦੁਆਰਾ ਜੋਗੀ ਪ੍ਰਾਣਾਯਾਮ ਕਰਦੇ ਹਨ।

ਤਿੰਨ ਦੇ ਅੰਕ ਦਾ ਇਕ ਦੂਜਾ ਪੱਖ ਵੀ ਹੈ, ਤਿੰਨ ਕੁਝ ਪ੍ਰਸਥਿਤੀਆਂ ਵਿਚ ਅਸ਼ੁਭ ਮੰਨਿਆ ਜਾਂਦਾ ਹੈ। ਸ਼ਾਇਦ ਤਿੰਨ ਅੰਕ ਦੀ ਮਾਨਤਾ ਘਟਾਣ ਲਈ ਕ ਗਿਆ। ਅਖਾਣ ਵੀ ਹੈ :

ਤੀਜਾ ਰਲਿਆ ਝੁੱਗਾ ਗਲਿਆ। ਜਾਂ ਤਿੰਨ ਕਾਣੇ।

ਕਿਸੇ ਕੰਮ ਲਈ ਨਿਕਲਣ ਤਾਂ ਕੰਮ ਸਫਲ ਨਹੀਂ ਹੁੰਦਾ । ਜੇ ਮਜਬੂਰੀ ਵਿਚ ਤਿੰਨਾਂ ਨੂੰ ਜਾਣਾ ਪੈ ਜਾਵੇ ਤਾਂ ਦੋ ਅਗੇ ਨਿਕਲ ਤੁਰਦੇ ਹਨ ਤੇ ਤੀਜਾ ਉਨ੍ਹਾਂ ਵਿਚ ਪਿਛੋਂ ਆ ਕੇ ਰਲਦਾ ਹੈ ।

ਦਮੋਦਰ ਦੇ ਕਿੱਸੇ ਵਿਚ ਤਿੰਨ ਦੀ ਰੂੜ੍ਹੀ ਬਹੁਤ ਵਰਤੀ ਗਈ ਹੈ :

(ੳ) ਲੋਕਾਂ ਦੇ ਘਰ ਤ੍ਰੈ ਤ੍ਰੈ ਧੀਆਂ ਤੇ ਮੈਂ ਛੱਜ ਅੰਗਾਰੇ
(ਅ) ਤ੍ਰੈਹੇ ਵੀਰ ਤੇ ਚਾਰੇ ਮਾਮੇ ਅੰਦਰ ਆਣ ਛੁਪਾਏ
(ੲ) ਬੇਟੀ ਤ੍ਰਾਹੇ ਚੜ੍ਹੇ ਚੜ੍ਹਿੰਦੇ ਨਿੰਦਣ ਜੋਗੇ ਨਾਹੀਂ
(ਸ) ਆਈ ਫਿਰ ਸਹੀ ਦਿਨ ਤੀਜੇ ਕਰੇ ਫਰੇਬ ਤਦਾਈ
(ਹ) ਆਖ ਦਮੋਦਰ ਤੀਜੀ ਮੰਜ਼ਲ ਟਿਲੇ ਪਹੁਤਾ ਧਾਈ ।
(ਕ) ਅਗੇ ਸ਼ਹਿਰ ਤ੍ਰੈ ਕੋਹੇ ਏਹੋ ਦਿਲ ਨੂੰ ਭਾਇਆ
(ਖ) ਤਾਂ ਤੀਜੇ ਦਿਨ ਸਹਿਤੀ ਆਈ
ਹੀਰੇ ਵਲ ਤਕੇਂਦੀ
(ਗ) ਜਾਂ ਦੁਇ ਤ੍ਰੈ ਦਿਹੁੰ ਈਵੇਂ ਗੁਜਰੇ
ਸਾਹਬਾ ਲਾ ਆਯਾ ਮਹਿੰਦੀ
(ਘ) ਤ੍ਰੈ ਰਾਜ ਨਾਗ ਅਤੇ ਰੰਗ ਕਾਲਾ
ਤਿਖ ਬਿਸੀਅਰ ਨੇ ਖਾਈ
(ਙ) ਤਾਂ ਦਿਤੀ ਮੰਨ ਤ੍ਰੈਹਾਂ
ਬਹਿ ਰਾਤੀ ਖੀਏ ਤਦੀਯਾਰ ਤਦਾਹੀਂ
(ਚ) ਆਖ ਦਮੋਦਰ ਤ੍ਰੈਹਾਂ ਜਣਿਆਂ ਏਹੋ ਮਤਾ ਪਕਾਯਾ
(ਛ) ਆਖ ਦਮੋਦਰ ਦਿਹੁੰ ਤੀਜੇ
ਅਲੀ ਹੀਰ ਨਵਾਵਣ ਆਇਆ
(ਜ) ਕੌਰੜੇ ਤ੍ਰੈ ਵਗਾਣੇ ਕੰਡੀ ਤਾਂ ਰੱਤ ਨਿਕਲ ਆਈ
(ਝ) ਜਾਂ ਤ੍ਰੈ ਕੋਹ ਗਏ ਅਗੇਰੇ ਤਾਂ ਅਸੀਂ ਭੇ ਨਾਲੇ ਆਹੇ
(ਞ) ਤ੍ਰੀਜੇ ਸੂਹੇ ਤੇ ਰੰਗ ਰਤੀ ਮੱਥੇ ਫੁਲ ਨਾਹੀਂ ।
(ਟ) ਜਿਉਂ ਚਾਈ ਤਿਉਂ ਤੋੜ ਨਿਭਾਈ
ਜਾਨਤ ਤ੍ਰੈ ਲੋਈ ।

## (ਤ-101) ਤਿੰਨ ਸੌ ਸੱਠ ਅੰਕ :

ਪੰਜਾਬੀ ਵਿਚ ਤਿੰਨ ਸੌ ਸੱਠ ਦੀ ਅੰਕ ਰੂੜ੍ਹੀ ਦੀ ਬੜੀ ਸਭਿਆਚਾਰਕ ਮਾਨਤਾ ਹੈ, ਇਸ ਅੰਕ ਦਾ ਮੁਢ ਪੌਰਾਣਿਕ ਜਾਪਦਾ ਹੈ । ਪੁਰਾਣਾਂ ਅਨੁਸਾਰ ਕ੍ਰਿਸ਼ਨ ਦੀਆਂ ਤਿੰਨ ਸੌ ਸੱਠ ਗੋਪੀਆਂ ਸਨ । ਹੀਰ ਰਾਂਝੇ ਦੇ ਕਿੱਸੇ ਵਿਚ ਹੀਰ ਦੀਆਂ ਸਹੇਲੀਆਂ ਦੀ ਗਿਣਤੀ ਤਿੰਨ ਸੌ ਸੱਠ ਦਸੀ ਗਈ ਹੈ :

ਤ੍ਰੈ ਸੌ ਸੱਠ ਸਹੇਲੀ ਜੋੜੀ, ਜੇਹੜੀ ਜੇਹੜੀ ਭਾਈ ।

ਨੂਰ ਸ਼ੰਬਲ ਜਦੋਂ ਬੇੜੀ ਵਾਪਸ ਲੈਣ ਲਗੀ, ਹੀਰ ਤੇ

360 ਦਾ ਅੰਕ ਖਗੋਲ ਵਿਦਿਆ ਵਿਚ ਖਾਸ ਮਹੱਤਤਾ ਰਖਦਾ ਹੈ । ਸਾਲ ਦੇ ਬਾਰਾਂ ਮਹੀਨੇ ਹਨ ਤੇ ਹਰ ਮਹੀਨੇ ਦੇ 30 ਦਿਨ । 12 × 30 ਅੰਕੜੇ ਦਾ ਸਬੰਧ ਸੂਰਜ ਦੀ ਚਾਲ ਨਾਲ ਹੋਣ ਕਰਕੇ ਬੜਾ ਮਹੱਤਵ ਰਖਦਾ ਹੈ ।

ਭਾਗਵਤ ਪੁਰਾਣ ਅਨੁਸਾਰ ਸੂਰਜ ਦਾ ਰੱਥ 360,0000 ਜੋਜਨ ਲੰਮਾ ਹੈ । 'ਗਯਾ ਮਹਾਤਮ' ਅਨੁਸਾਰ ਗਯਾ ਵਿਚ, ਯਾਤ੍ਰਾ ਦੇ 360 ਸਥਾਨ ਹਨ । ਕਾਲ ਪ੍ਰਮਾਣ ਅਨੁਸਾਰ ਦੇਵਤਿਆਂ ਦਾ ਇਕ ਸਾਲ ਮਨੁਖਾਂ ਦੇ 360 ਸਾਲਾਂ ਦੇ ਬਰਾਬਰ ਹੁੰਦਾ ਹੈ । ਜੋਗੀਆਂ ਅਨੁਸਾਰ ਇਕ ਸਿਹਤਮੰਦ ਆਦਮੀ, ਇਕ ਘੜੀ ਵਿਚ 360 ਵਾਰ ਸਾਹ ਲੈਂਦਾ ਹੈ । ਰਾਜਾ ਸਲਵਾਨ ਜਿਸ ਨੇ ਨਵਾਂ ਸੰਮਤ ਸ਼ੁਰੂ ਕੀਤਾ, ਦੀਆਂ 360 ਰਾਣੀਆਂ ਦਸੀਆਂ ਜਾਂਦੀਆਂ ਹਨ । ਸਰਸਾ ਦੇ ਆਲੇ ਦੁਆਲੇ ਚੌਹਾਨ ਰਾਜਪੂਤਾਂ ਦੇ 360 ਪਿੰਡ ਹਨ । ਹਰਿਆਣਾ ਤੇ ਬੀਕਾਨੇਰ ਦੀਆਂ ਹੱਦਾਂ ਉਤੇ ਜੱਟਾਂ ਦੇ ਕੁਝ ਖੇਤਰ ਹਨ, ਜਿਸ ਵਿਚੋਂ ਹਰੇਕ ਖੇਤਰ 360 ਪਿੰਡਾਂ ਦਾ ਹੈ । ਇਨ੍ਹਾਂ ਦੇ ਨਾਂ ਹਨ : ਪੂਨਯ, ਕਸੂਆ, ਸਰਨ, ਗਦਰਾ ।

ਇਸ ਅੰਕ ਰੂੜ੍ਹੀ ਬਾਰੇ ਵਿਲੀਅਮ ਕਰੂਕ ਲਿਖਦਾ ਹੈ :

"ਚੌਰਾਸੀ ਤੇ ਤਿੰਨ ਸੌ ਸੱਠ ਦੀ ਅੰਕ ਰੂੜ੍ਹੀ ਨਾ ਸਿਰਫ਼ ਭੋਇੰ ਦੇ ਸਬੰਧ ਵਿਚ ਹੀ ਰਾਸ ਸਮਝੀ ਜਾਂਦੀ ਹੈ, ਸਗੋਂ ਇਹ ਹਿੰਦੂ, ਬੋਧੀ ਤੇ ਜੈਨ ਧਰਮ, ਬ੍ਰਹਿਮੰਡੀ ਗਿਆਨ, ਰੀਤਾਂ ਤੇ ਦੰਦ-ਕਥਾਵਾਂ ਵਿਚ ਵੀ ਵਰਤੀ ਮਿਲਦੀ ਹੈ । ਇਹ ਸਿਰਫ਼ ਆਪ-ਹੁਦਰੀ ਸੰਖਿਆ ਨਹੀਂ ਜੋ ਬਹੁਲਤਾ ਨੂੰ ਦਰਸਾਣ ਲਈ ਵਰਤੀ ਗਈ, ਜਿਸ ਦਾ ਮਤਲਬ ਕਿਸੇ ਪ੍ਰਾਚੀਨ ਰਹੱਸਮਈ ਅੰਕ ਵਲ ਸੰਕੇਤ ਕਰਨਾ ਹੈ ।"

## (ਤ-102) ਤਿੰਨ ਰਿਣ :

ਵੈਦਿਕ ਕਾਲ ਤੋਂ ਇਹ ਵਿਚਾਰ ਪ੍ਰਚਲਤ ਹੈ ਕਿ ਹਰੇਕ ਮਨੁੱਖ ਦੇ ਸਿਰ ਤਿੰਨ ਰਿਣ (ਕਰਜੇ) ਚੜ੍ਹੇ ਹੁੰਦੇ ਹਨ, ਜੋ ਕੇਵਲ ਉਲਾਦ ਦੀ ਉਤਪਤੀ ਨਾਲ ਹੀ ਉਤਾਰੇ ਜਾ ਸਕਦੇ ਹਨ । ਇਹ ਤਿੰਨ ਰਿਣ ਹਨ : 1. ਕੁੱਲ ਨੂੰ ਅਗੇ ਤੋਰਨਾ 2 ਪਿੱਤਰਾਂ ਦੇ ਪਿੰਡ ਭਰਨੇ 3. ਸਰਾਧਾਂ ਦਾ ਪਰਵਾਹ ਅਗੇ ਤੁਰਦਾ ਰਖਣਾ ।

ਰਿਗ ਵੇਦ (10,142.6) ਵਿਚ ਪੁੱਤਰ ਨੂੰ 'ਰਿਣ ਅਚਯੁਤਾ' ਕਿਹਾ ਗਿਆ ਹੈ, ਭਾਵ ਉਹ ਜੋ ਰਿਣ ਉਤਾਰੇ । ਸੋ ਵੈਦਿਕ ਕਾਲ ਵਿਚ, ਪੁੱਤਰ ਦੀ ਉਤਪਤੀ ਇਕ ਧਾਰਮਿਕ ਫਰਜ਼ ਸਮਝਿਆ ਜਾਂਦਾ ਸੀ ।

ਉਤਾਰਦਾ ਤੇ ਮੋਖ ਦਾ ਹੱਕਦਾਰ ਬਣਦਾ ਹੈ। ਉਹੋ ਹੀ ਧਰਮ ਅਨੁਕੂਲ ਉਤਪੰਨ ਹੋਇਆ ਲੜਕਾ ਹੈ, ਬਾਕੀ ਪੁੱਤਰ ਕਾਮ ਦੀ ਪੂਰਤੀ ਹੁੰਦੇ ਹਨ।

(ਤ-103) **ਤ੍ਰਿਆ ਚਰਿੱਤਰ** :

ਇਸਤ੍ਰੀਆਂ ਦੇ ਛਲ ਕਪਟ ਨਾਲ ਸਬੰਧਿਤ ਲੋਕ-ਕਥਾਵਾਂ; ਮੱਧ ਕਾਲ ਵਿਚ ਚਰਿਤ੍ਰ ਇਕ ਲੋਕ-ਵਿਧਾ ਵਜੋਂ ਬੜੇ ਲੋਕਪ੍ਰਿਅ ਸਨ। ਦਸਮ ਗ੍ਰੰਥ ਵਿਚ 'ਚਰਿਤ੍ਰੋ ਪਾਖਯਾਨ' ਸਿਰਲੇਖ ਹੇਠ 404 ਚਰਿੱਤਰ ਮਿਲਦੇ ਹਨ ਜਿਨ੍ਹਾਂ ਵਿਚ ਇਸਤ੍ਰੀ ਮਰਦ ਦੇ ਛਲ ਤੇ ਫਰੇਬਾਂ ਦੇ ਸਬੰਧ ਵਿਚ ਲਘੂ ਕਥਾਵਾਂ ਹਨ। 'ਦਸਮ ਗ੍ਰੰਥ' ਤੋਂ ਬਾਹਰ ਵੀ ਅਨੇਕਾਂ 'ਲੋਕਿਕ ਤ੍ਰਿਆ ਚਰਿੱਤਰ' ਹਨ, ਜੋ ਮੌਖਿਕ ਪੱਧਰ ਉਤੇ ਪਰੰਪਰਾ ਦਾ ਅੰਗ ਬਣੇ ਹੋਏ ਹਨ।

(ਤ-104) **ਤ੍ਰਿਸ਼ੰਕੂ** :

ਇਕ ਸੂਰਜ ਵੰਸੀ ਰਾਜਾ, ਜੋ ਇਕਸ਼ਵਾਕੂ ਦੀ ਵੰਸ਼ ਵਿਚੋਂ ਸੀ ਅਤੇ ਹਰੀਸ਼ ਚੰਦਰ ਦਾ ਪਿਤਾ ਸੀ। ਇਸ ਦਾ ਅਸਲ ਨਾਂ ਸੱਤਯਵ੍ਰਤ ਸੀ। ਰਾਮਾਇਣ ਅਨੁਸਾਰ ਤ੍ਰਿਸ਼ੰਕੂ ਨੇ ਦੇਹ ਸਮੇਤ ਸਵਰਗ ਲੋਕ ਵਿਚ ਜਾਣ ਲਈ, ਯੱਗ ਕਰਨਾ ਚਾਹਿਆ, ਪਰ ਉਸ ਦੇ ਪ੍ਰੋਹਿਤ ਵਸ਼ਿਸ਼ਠ ਨੇ ਅਜਿਹਾ ਯੱਗ ਕਰਨ ਤੋਂ ਇਨਕਾਰ ਕਰ ਦਿਤਾ। ਨਿਰਾਸ਼ ਹੋ ਕੇ ਤ੍ਰਿਸ਼ੰਕੂ ਵਿਸ਼ਵਾਮਿਤ੍ਰ ਕੋਲ ਪਹੁੰਚਿਆ, ਜਿਸ ਨੇ ਪ੍ਰਾਰਥਨਾ ਮੰਨ ਕੇ ਉਸ ਨੂੰ ਸਰੀਰ ਸਮੇਤ ਸਵਰਗ ਭੇਜਣ ਲਈ ਯੱਗ ਕੀਤਾ। ਵਸ਼ਿਸ਼ਠ ਦੇ ਪੁੱਤਰਾਂ ਨੇ, ਇਸ ਯੱਗ ਦੀ ਵਿਰੋਧਤਾ ਕੀਤੀ, ਜਿਸ ਤੇ ਵਿਸ਼ਵਾਮਿਤ੍ਰ ਨੇ ਉਨ੍ਹਾਂ ਨੂੰ ਸੱਤ ਸੌ ਜਨਮ, ਨੀਚ ਜਾਤਾਂ ਦੇ ਘਰ ਜਨਮ ਲੈਣ ਦਾ ਸਰਾਪ ਦਿਤਾ। ਵਿਸ਼ਵਾਮਿਤ੍ਰ ਨੇ ਯੱਗ ਸਫਲਤਾਪੂਰਵਕ ਸਿਰੇ ਚਾੜ੍ਹਿਆ ਤੇ ਤ੍ਰਿਸ਼ੰਕੂ ਨੂੰ ਸਰੀਰ ਸਮੇਤ ਸਵਰਗ ਲੋਕ ਵਿਚ ਭੇਜਿਆ। ਜਦੋਂ ਤ੍ਰਿਸ਼ੰਕੂ ਸਵਰਗ ਵਿਚ ਦਾਖਲ ਹੋਣ ਲਗਾ ਤਾਂ ਦੇਵਤਿਆਂ ਦੇ ਵਿਰੋਧਤਾ ਕਾਰਨ ਇੰਦਰ ਨੇ ਉਸ ਨੂੰ ਮਾਤ ਲੋਕ ਵਲ ਧੱਕ ਦਿਤਾ। ਵਿਸ਼ਵਾਮਿਤ੍ਰ ਨੇ ਕਰੋਧ ਵਿਚ ਆ ਕੇ ਦੇਵਤਿਆਂ ਨੂੰ ਸਰਾਪ ਦੇਣਾ ਚਾਹਿਆ ਪਰ ਅਖ਼ੀਰ ਫ਼ੈਸਲਾ ਹੋਇਆ ਕਿ ਤ੍ਰਿਸ਼ੰਕੂ ਹੇਠਾ ਵਲ ਮੂੰਹ ਕਰਕੇ ਰਹਿੰਦੀ ਦੁਨੀਆਂ ਤਕ, ਅਕਾਸ਼ ਵਿਚ ਦੇਹ ਸਮੇਤ ਟਿਕਿਆ ਰਹੇਗਾ।

ਵਿਸ਼ਨੂੰ ਪੁਰਾਣ ਅਨੁਸਾਰ ਜਦੋਂ ਤ੍ਰਿਸ਼ੰਕੂ ਨੇ ਦੇਹ ਸਮੇਤ

ਸਹਾਇਤਾ ਕੀਤੀ। ਤ੍ਰਿਸ਼ੰਕੂ ਰੰਜ ਹਿਰਨ ਦਾ ਮਾਸ ਸ਼ਿਕਾਰ ਕਰ ਕੇ ਲਿਆਉਂਦਾ ਤੇ ਗੰਗਾ ਦੇ ਨੇੜੇ ਇਕ ਦਰਖ਼ਤ ਹੇਠ ਰਖ ਜਾਂਦਾ, ਜਿਥੋਂ ਵਿਸ਼ਵਾਮਿਤ੍ਰ ਦਾ ਪਰਵਾਰ ਮਾਸ ਲਿਜਾ ਕੇ ਖਾ ਲੈਂਦਾ। ਵਿਸ਼ਵਾਮਿਤ੍ਰ ਤ੍ਰਿਸ਼ੰਕੂ ਦੀ ਇਸ ਹਮਦਰਦੀ ਤੇ ਇਤਨਾ ਖ਼ੁਸ਼ ਹੋਇਆ ਕਿ ਉਸ ਨੇ ਤ੍ਰਿਸ਼ੰਕੂ ਨੂੰ ਦੇਹ ਸਮੇਤ ਸਵਰਗ ਭੇਜਣ ਦੀ ਪ੍ਰਾਰਥਨਾ ਮੰਨ ਲਈ।

ਹਰੀਵੰਸ਼ ਵਿਚ ਸੱਤਯਵਰਤ ਦਾ ਨਾਂ ਤ੍ਰਿਸ਼ੰਕੂ ਪੈਣ ਬਾਰੇ ਕਥਾ ਮਿਲਦੀ ਹੈ। ਸੱਤਯਵਰਤ ਜਦੋਂ ਰਾਜਕੁਮਾਰ ਸੀ ਤਾਂ ਉਹਨੇ ਇਕ ਸ਼ਖ਼ਸ ਦੀ ਇਸਤ੍ਰੀ ਉਧਾਲ ਲਈ। ਕੰਨਿਆਂ ਦੇ ਪਿਉ ਨੇ ਉਸ ਨੂੰ ਚੰਡਾਲ ਹੋਣ ਦਾ ਸਰਾਪ ਦਿਤਾ। ਸੱਤਯਵਰਤ ਚੰਡਾਲਾਂ ਨਾਲ ਰਹਿਣ ਲਗਾ।

ਇਕ ਵਾਰ ਸੱਤਯਵਰਤ ਨੂੰ ਬੜੀ ਭੁਖ ਲਗੀ ਤੇ ਉਸਨੂੰ ਕੋਈ ਸ਼ਿਕਾਰ ਨਾ ਮਿਲਿਆ ਤਾਂ ਉਸ ਨੇ ਵਸ਼ਿਸ਼ਠ ਦੀ ਕਾਮਧੇਨ ਗਊ ਚੁਰਾ ਕੇ ਬੱਧ ਕੀਤਾ। ਉਸ ਦਾ ਕੁਝ ਮਾਸ ਆਪ ਖਾਧਾ ਤੇ ਬਾਕੀ ਵਸ਼ਿਸ਼ਠ ਦੇ ਪੁੱਤਰਾਂ ਨੂੰ ਖਵਾ ਦਿਤਾ। ਵਸ਼ਿਸ਼ਠ ਨੇ ਕਰੋਧ ਵਿਚ ਆ ਕੇ ਕਿਹਾ ਕਿ ਤਿੰਨ ਸ਼ੰਕਾ ਯੋਗ ਕਰਮ ਕੀਤੇ ਹਨ—ਇਕ ਪਰ ਇਸਤ੍ਰੀ ਨੂੰ ਉਧਾਲਿਆ, ਦੂਜਾ, ਗਊ-ਬੱਧ ਕੀਤਾ, ਤੀਜਾ ਉਸਦਾ ਮਾਸ ਮੇਰੇ ਪੁੱਤਰਾਂ ਨੂੰ ਖਵਾਇਆ ਤੇ ਆਪ ਵੀ ਖਾਧਾ, ਇਸੇ ਤੋਂ ਉਸ ਦਾ ਨਾਂ ਤ੍ਰਿਸ਼ੰਕੂ ਹੋਇਆ। ਤ੍ਰਿਸ਼ੰਕੂ ਨੇ ਕਾਲ ਦੇ ਦਿਨੀਂ ਵਿਸ਼ਵਾਮਿਤ੍ਰ ਦੀ ਗ਼ੈਰ-ਹਾਜ਼ਰੀ ਵਿਚ ਉਸ ਦੇ ਪਰਵਾਰ ਦੀ ਰਖਿਆ ਕੀਤੀ। ਜਿਸ ਕਰਕੇ ਵਿਸ਼ਵਾਮਿਤ੍ਰ ਨੇ ਪ੍ਰਸੰਨ ਹੋ ਕੇ ਪਹਿਲਾਂ ਤ੍ਰਿਸ਼ੰਕੂ ਨੂੰ ਪਾਪਾਂ ਤੋਂ ਮੁਕਤ ਕੀਤਾ ਤੇ ਫਿਰ ਉਸ ਨੂੰ ਪਿਉ ਦੀ ਰਾਜ ਗੱਦੀ ਤੇ ਬਿਠਾਇਆ ਤੇ ਮਗਰੋਂ ਦੇਹ ਸਮੇਤ ਸਵਰਗ ਭੇਜਿਆ।

(105) **ਤ੍ਰਿਸਿਰਾ** :

ਤਿੰਨ ਸਿਰਾਂ ਵਾਲਾ—1, ਰਾਵਣ ਦਾ ਇਕ ਪੁੱਤਰ ਜੋ ਰਾਮ ਚੰਦਰ ਦੇ ਹਥੋਂ ਮਾਰਿਆ ਗਿਆ। ਰਾਮਾਵਤਾਰ ਅਨੁਸਾਰ ਇਸ ਨੂੰ ਹਨੂਮਾਨ ਨੇ ਮਾਰਿਆ ਸੀ।

2. ਇਕ ਅਸੁਰ ਜੋ ਵਿਸ਼ਨੂੰ ਦੇ ਹਥੋਂ ਮਾਰਿਆ ਗਿਆ।

3. ਇਕ ਰਾਖਸ਼ ਜੋ ਦੰਡਕ ਬਨ ਵਿਚ ਰਹਿੰਦਾ ਸੀ, ਇਸ ਦਾ ਜ਼ਿਕਰ ਮਹਾਂਭਾਰਤ ਵਿਚ ਆਉਂਦਾ ਹੈ।

(ਤ-106) **ਤ੍ਰਿਸ਼ੂਲ** :

ਸ਼ੈਵਮਤ ਵਾਲੇ ਤ੍ਰਿਸੂਲ ਨੂੰ ਅਨਾਦੀ ਮੰਨਦੇ ਹਨ। ਉਨ੍ਹਾਂ ਅਨੁਸਾਰ ਸ਼ਿਵ ਦੇ ਸਾਕਾਰ ਹੋਣ ਨਾਲ ਤ੍ਰਿਸੂਲ ਵੀ ਸਾਕਾਰ ਹੋਇਆ।

ਜੋਗ ਮਤ ਵਿਚ ਤ੍ਰਿਸੂਲ ਸਰੀਰ ਦੇ ਅੰਦਰ ਦੀਆਂ ਤਿੰਨ ਮੁੱਖ ਨਾੜੀਆਂ—ਇੜਾ, ਪਿੰਗਲਾ ਤੇ ਸੁਖਮਨਾ ਦਾ ਪ੍ਰਤੀਕ ਹੈ। ਇਨ੍ਹਾਂ ਤਿੰਨ ਨਾੜੀਆਂ ਵਿਚ ਕੁੰਡਲਨੀ ਸ਼ਕਤੀ ਸੁੱਤੀ ਪਈ ਮੰਨੀ ਜਾਂਦੀ ਹੈ। ਸ਼ੰਕਰ, ਜੋ ਯੋਗੀਰਾਜ ਹੈ, ਨੇ ਕੁੰਡਲਨੀ ਨੂੰ ਵਸ ਕੀਤਾ ਹੋਇਆ ਸੀ, ਇਸੇ ਲਈ ਉਨ੍ਹਾਂ ਦੇ ਹੱਥ ਵਿਚ ਤ੍ਰਿਸੂਲ ਹੈ।

ਤ੍ਰਿਸੂਲ ਸ਼ਿਵ ਦੀ ਅਥਾਹ ਸ਼ਕਤੀ ਦਾ ਵੀ ਪ੍ਰਤੀਕ ਹੈ। ਸ਼ਿਵ ਤਿੰਨ ਲੋਕਾਂ ਦਾ ਪਾਲਕ ਹੈ। ਉਹ ਤ੍ਰਿਕਾਲਦਰਸੀ ਅਥਵਾ ਭੂਤ, ਵਰਤਮਾਨ ਤੇ ਭਵਿਖਤ ਨੂੰ ਜਾਣਨ ਵਾਲਾ ਹੈ। ਸ਼ਿਵ ਹੀ ਤ੍ਰੈਮੂਰਤੀ ਤੇ ਸ਼ਿਵ ਹੀ ਤ੍ਰਿਸ਼ੂਲ ਹੈ ਭਾਵ ਉਤਪਤੀ, ਪਾਲਨ ਤੇ ਨਾਸ ਕਰਨ ਦੀਆਂ ਤਿੰਨੋਂ ਸ਼ਕਤੀਆਂ ਦਾ ਮਾਲਕ ਤ੍ਰੈਸੂਲ ਹੈ।

(ਤ-107) **ਤ੍ਰਿਕਾਲ ਸੰਧਿਆ** :

ਦਿਨ ਵਿਚ ਤਿੰਨ ਵੇਲੇ ਕੀਤੀ ਸੰਧਿਆ। ਹਿੰਦੂ ਧਰਮ ਅਨੁਸਾਰ ਸਵੇਰੇ, ਦੁਪਹਿਰੇ ਤੇ ਸੰਝ ਵੇਲੇ ਕੀਤੀ ਕੋਈ ਧਰਮ ਕਿਰਿਆ; ਇਸ ਦਾ ਵਿਧਾਨ ਹਿੰਦੂ ਮਤ ਵਿਚ ਹੈ (ਵੇਖੋ : ਸੰਧਿਆ)।

(ਤ-108) **ਤ੍ਰਿਕਾਲ ਦਰਸ਼ੀ** :

ਉਹ ਮਹਾਨ ਪੁਰਖ, ਜੋ ਤਿੰਨਾਂ ਕਾਲਾਂ—ਭੂਤ, ਵਰਤਮਾਨ ਤੇ ਭਵਿਖਤ ਦੀ ਗੱਲ ਜਾਣਦਾ ਹੋਵੇ। ਹਿੰਦੂ ਮਤ ਅਨੁਸਾਰ ਪ੍ਰਧਾਨ ਦੇਵਤੇ ਸ਼ਿਵ, ਵਿਸ਼ਨੂੰ, ਬ੍ਰਹਮਾ ਆਦਿ ਤ੍ਰਿਕਾਲਦਰਸੀ ਸਨ ਤੇ ਇਨ੍ਹਾਂ ਨੂੰ ਤਿੰਨਾ ਕਾਲਾਂ ਦਾ ਗਿਆਨ ਸੀ। ਹਿੰਦੂ ਮਤ ਵਿਚ ਵਿਸ਼ਨੂੰ ਦੇ ਅਵਤਾਰਾਂ ਨੂੰ ਵੀ ਤ੍ਰਿਕਾਲਦਰਸ਼ੀ ਮੰਨਿਆ ਗਿਆ ਹੈ।

ਸਿੱਖ, ਦਸਾਂ ਗੁਰੂਆਂ ਨੂੰ, ਤ੍ਰਿਕਾਲ ਦਰਸ਼ੀ ਮੰਨਦੇ ਹਨ।

(ਤ-109) **ਤ੍ਰਿਕੁਟੀ** :

1. ਮੱਥੇ ਤੇ ਪਏ ਤਿੰਨ ਵਲ; ਹਿੰਦੂ ਧਾਰਨਾ ਅਨੁਸਾਰ ਜਿਸ ਦੇ ਮੱਥੇ ਤੇ ਤ੍ਰਿਕੁਟੀ ਹੋਵੇ ਉਹ ਬੜਾ ਭਾਗਵਾਨ ਹੁੰਦਾ ਹੈ ਅਤੇ ਲੋਕਾਂ ਤੋਂ ਸਨਮਾਨ ਪ੍ਰਾਪਤ ਕਰਦਾ ਹੈ। ਕਈ ਤ੍ਰਿਕੁਟੀ ਵਿਚ ਤ੍ਰਿਮੂਰਤੀ ਦਾ ਨਿਵਾਸ ਮੰਨਦੇ ਹਨ, ਜਿਸ ਦੇ ਮੱਥੇ ਤੇ ਤ੍ਰਿਕੁਟੀ ਹੋਵੇ ਉਸ 'ਤੇ ਤਿੰਨਾਂ ਦੇਵਤਿਆਂ ਦੀ ਬਖ਼ਸ਼ਿਸ਼

(ਤ-110) **ਤ੍ਰਿਖਲ** ।

ਤਿੰਨ ਲੜਕਿਆਂ ਉਪਰੋਂ ਜੰਮੀ ਕੁੜੀ ਜਾਂ ਤਿੰਨ ਕੁੜੀਆਂ ਉਪਰੋਂ ਜੰਮਿਆ ਲੜਕਾ ਤ੍ਰਿਖਲ ਅਖਵਾਉਂਦਾ ਹੈ। ਅਜਿਹਾ ਬੱਚਾ ਮਾਂ ਪਿਉ ਲਈ ਭਾਰਾ ਤੇ ਅਸ਼ੁਭ ਹੁੰਦਾ ਹੈ। ਜੇ ਤ੍ਰਿਖਲ ਲੜਕਾ ਹੋਵੇ, ਤਾਂ ਮਾਂ ਦੀ ਮੌਤ ਹੋ ਜਾਂਦੀ ਹੈ, ਜੇ ਲੜਕੀ ਹੋਵੇ ਤਾਂ ਪਿਉ ਦੀ। ਜੇ ਮੌਤ ਨਾ ਹੋਵੇ, ਤਾਂ ਕੰਮ ਧੰਦੇ ਵਿਚ ਘਾਟੇ ਪੈਂਦੇ, ਦੁਖ-ਦਲਿਦਰ ਵਧਦਾ ਤੇ ਪ੍ਰਵਾਰ ਉਤੇ ਕੋਈ ਨਾ ਕੋਈ ਸੰਕਟ ਪਿਆ ਰਹਿੰਦਾ ਹੈ। ਪਰ ਜੇ ਤ੍ਰਿਖਲ ਪਰਵਾਰ ਲਈ ਅਭਾਗਾ ਸਿਧ ਨਾ ਹੋਵੇ ਤਾਂ ਇਹ ਬਹੁਤ ਭਾਗਵਾਨ ਹੁੰਦਾ ਹੈ। ਮਾਂ ਪਿਉ ਦੀ ਉਮਰ ਲੰਮੀ ਹੁੰਦੀ ਤੇ ਘਰ ਵਿਚ ਧਨ ਦੌਲਤ ਆਉਂਦੀ ਹੈ। ਇਸੇ ਲਈ ਅਖਾਣ ਹੈ :

> ਤ੍ਰਿਖਲ ਫਲ
> ਜਾਂ ਤਾਂ ਵਲਾਂ ਫਲਾਂ
> ਜਾਂ ਫਿਰ ਜਾਏ ਹੱਲ

ਜਦੋਂ ਕਿਸੇ ਦੇ ਘਰ ਤ੍ਰਿਖਲ ਜੰਮਦਾ ਹੈ ਤਾਂ ਮਾਂ ਪਿਉ ਉਸ ਦੇ ਭੈੜੇ ਪ੍ਰਭਾਵ ਤੋਂ ਬਚਣ ਲਈ ਕੁਝ ਉਪਾਅ ਵੀ ਕਰਦੇ ਹਨ। ਜਿਸ ਕਮਰੇ ਵਿਚ ਤ੍ਰਿਖਲ ਜੰਮਿਆ ਹੋਵੇ, ਉਸ ਕਮਰੇ ਦੀ ਛੱਤ ਦੇ ਪਰਨਾਲੇ ਤੋਂ, ਪਿਉ ਥੋੜਾ ਜਿਹਾ ਘਿਉ ਹੇਠਾਂ ਰੋਹੜਦਾ ਹੈ। ਕਈ ਲੋਕ ਤਾਂਬੇ ਦੇ ਥਾਲ ਵਿਚ ਵੱਡੀ ਸਾਰੀ ਮੋਰੀ ਕਰ ਕੇ, ਉਸ ਵਿਚੋਂ ਬਾਲ ਨੂੰ ਲੰਘਾਂਦੇ ਹਨ। ਕਈ ਲੋਕ ਘਰ ਦੀ ਦਲ੍ਹੀਜ਼ ਹੇਠਾਂ ਟੋਆ ਪੁਟ ਕੇ, ਦਲ੍ਹੀਜ਼ ਦੇ ਹੇਠੋਂ ਦੀ ਬੱਚੇ ਨੂੰ ਲੰਘਾਂਦੇ ਹਨ। ਕਈ ਲੋਕ ਘੋੜੇ ਦੀ ਨਾਲ ਉਤੇ ਸੰਧੂਰ ਤੇ ਗੁੱਗਲ ਲਗਾ ਕੇ ਮਾਂ ਦੀ ਮੰਜੀ ਨਾਲ ਜੋੜ ਦੇਂਦੇ ਹਨ ਤੇ ਹਰ ਮੰਗਲਵਾਰ ਇਸ ਨਾਲ ਉਤੇ ਨਵੇਂ ਸਿਰੇ ਤੋਂ ਸੰਧੂਰ ਧੂੜਦੇ ਤੇ ਗੁੱਗਲ ਧੁਖਾਂਦੇ ਹਨ।

ਜੇ ਬੱਚੇ ਦੇ ਜਨਮ ਤੋਂ ਬਾਅਦ ਦਾ ਤੀਜਾ ਦਿਨ ਐਤਵਾਰ ਹੋਵੇ ਤਾਂ 'ਤ੍ਰਿਖਲ ਸ਼ਾਂਤੀ' ਨਾਂ ਦੀ ਰਸਮ ਕੀਤੀ ਜਾਂਦੀ ਹੈ, ਜਿਸ ਵਿਚ 'ਤ੍ਰਿਖਲ' ਪੂਜਿਆ ਜਾਂਦਾ ਹੈ। ਧਨੀ ਦੇ ਇਲਾਕੇ ਵਿਚ ਤ੍ਰਿਖਲ ਬੱਚੇ ਦੇ ਸਰੀਰ ਵਿਚ ਵਾਈ ਸੁਰਾਖ ਕੀਤੇ ਜਾਂਦੇ ਹਨ। ਦੋ ਸੁਰਾਖ ਦੋਹਾਂ ਕੰਨਾਂ ਵਿਚ ਤੇ ਇਕ ਛੋਟਾ ਜਿਹਾ ਨੱਕ ਵਿਚ। ਕਈ ਹਿੰਦੂ ਇਸ ਮੌਕੇ ਤੇ ਹਵਨ ਕਰਾਉਂਦੇ ਹਨ।

ਮੁਸਲਮਾਨਾਂ ਵਿਚ ਤ੍ਰਿਖਲ ਬੱਚੇ ਦੀ ਮਾਂ ਆਪਣੇ ਗਲ ਵਿਚ ਇਕ ਸੋਨੇ ਦਾ ਤਵੀਤ ਬੰਨ੍ਹਦੀ ਹੈ। ਤਵੀਤ ਦੇ ਨੌਂ

ਹੈ। ਤੇਲਰ ਬਾਰੇ ਕਈ ਰੀਤਾਂ ਪ੍ਰਚਲਤ ਹਨ। ਇਕ ਰੀਤ ਵਿਚ ਮਾਂ ਪਿਉ ਹੱਲ ਉੱਤੇ ਬੈਠ ਜਾਂਦੇ ਹਨ ਤੇ ਉਨ੍ਹਾਂ ਉੱਤੇ ਗੰਗਾ ਜਲ ਵਿਚ 727 ਖੂਹਆਂ, 108 ਬੂਟੀਆਂ ਤੇ ਸੱਤ ਮੱਝਾਂ ਦਾ ਦੁੱਧ ਮਿਲਾ ਕੇ ਅਜਿਹੇ ਘੜੇ ਨਾਲ ਨਵ੍ਹਾਇਆ ਜਾਂਦਾ ਹੈ ਜਿਸ ਵਿਚ 108 ਜਾਂ 101 ਸੁਰਾਖ ਹੋਣ। ਦੂਜੀ ਰੀਤ 27 ਦਿਨਾਂ ਦੇ ਅੰਦਰ ਅੰਦਰ ਕੀਤੀ ਜਾਂਦੀ ਹੈ। 27 ਖੂਹਾਂ ਦੇ ਪਾਣੀ ਵਿਚ 27 ਅਸਥਾਨਾਂ ਦੇ ਗੀਟੇ ਤੇ 27 ਰੁੱਖਾਂ ਦੇ ਪੱਤੇ ਪਾ ਕੇ, ਇਸ ਜਲ ਨੂੰ ਛੱਜ ਵਿਚੋਂ ਲੰਘਾ ਕੇ ਮਾਂ ਪਿਉ ਉੱਤੇ ਛਿੜਕਿਆ ਜਾਂਦਾ ਹੈ। ਇਸ ਮਗਰੋਂ 27 ਬ੍ਰਾਹਮਣਾਂ ਨੂੰ ਭੋਜਨ ਖਵਾਇਆ ਜਾਂਦਾ ਹੈ। ਇਕ ਹੋਰ ਰੀਤ ਵਿਚ ਤ੍ਰਿਖਲ ਦੇ ਜਨਮ ਤੋਂ ਤੀਜੇ ਜਾਂ ਦਸਵੇਂ ਦਿਨ ਘੋੜੇ ਦੀ ਨਾਲ ਉੱਤੇ ਸੰਧੂਰ ਧੂੜ ਕੇ ਜਲਾਈ ਜਾਂਦੀ ਹੈ।

(ਤ-111) **ਤ੍ਰਿਖਲ ਸ਼ਾਂਤੀ** :

ਤ੍ਰਿਖਲ ਬੱਚੇ ਦੀ ਅਸ਼ੁਭਤਾ ਤੇ ਚੰਦਰੇ ਪ੍ਰਭਾਵ ਨੂੰ ਦੂਰ ਕਰਨ ਲਈ ਤ੍ਰਿਖਲ ਸ਼ਾਂਤੀ ਦੀ ਰੀਤ ਕੀਤੀ ਜਾਂਦੀ ਹੈ, ਇਹ ਰੀਤ ਬੱਚੇ ਦੇ ਜਨਮ ਪਿਛੋਂ ਤੀਜੇ ਦਿਨ ਕੀਤੀ ਜਾਂਦੀ ਹੈ, ਜੇ ਤੀਜਾ ਦਿਨ ਐਤਵਾਰ ਪਏ ਤਾਂ ਰੀਤ ਦਾ ਮਹਾਤਮ ਹੋਰ ਵਧ ਜਾਂਦਾ ਹੈ। ਇਕ ਕੁੰਭ ਦੇ ਥੱਲੇ ਵਿਚ 101 ਸੁਰਾਖ ਕਰ ਲਏ ਜਾਂਦੇ ਹਨ ਤੇ ਉਸ ਵਿਚ ਸੱਤਾਂ ਦਰਖ਼ਤਾਂ ਦੇ ਹਰੇ ਪੱਤੇ ਇਕਠੇ ਕਰ ਕੇ ਪਾ ਦਿਤੇ ਜਾਂਦੇ ਹਨ। ਇਕ ਹੋਰ ਕੁੰਭ ਵਿਚ ਸੱਤਾਂ ਖੂਹਾਂ ਦਾ ਪਾਣੀ ਭਰ ਲਿਆ ਜਾਂਦਾ ਹੈ। ਫਿਰ ਮਾਂ ਬੱਚੇ ਨੂੰ ਗੋਦ ਵਿਚ ਲੈ ਕੇ ਘਰ ਦੇ ਉਸ ਕਮਰੇ ਦੇ ਪਰਨਾਲੇ ਹੇਠ ਬੈਠਦੀ ਹੈ, ਜਿਸ ਵਿਚ ਬੱਚੇ ਨੇ ਜਨਮ ਲਿਆ ਹੋਵੇ। ਘਰ ਦੀ ਕੋਈ ਵਡੇਰੀ ਇਸਤ੍ਰੀ ਮਾਂ ਤੇ ਬੱਚੇ ਦੇ ਸਿਰ 'ਤੇ ਇਕ ਛੱਜ ਫੜ ਕੇ ਖਲੋ ਜਾਂਦੀ ਹੈ। ਇਸ ਛੱਜ ਉੱਤੇ ਹਰੇ ਪੱਤਿਆਂ ਵਾਲਾ ਘੜਾ ਰਖ ਦਿਤਾ ਜਾਂਦਾ ਹੈ ਅਤੇ ਬੱਚੇ ਦਾ ਪਿਉ ਕੋਠੇ ਉੱਤੇ ਚੜ੍ਹ ਕੇ ਦੂਜੇ ਘੜੇ ਵਿਚੋਂ, ਜਿਸ ਵਿਚ ਸੱਤਾਂ ਖੂਹਾਂ ਦਾ ਪਾਣੀ ਹੁੰਦਾ ਹੈ, ਪਰਨਾਲੇ ਦੁਆਰਾ ਇਸ ਤਰ੍ਹਾਂ ਵਗਾਂਦਾ ਹੈ ਕਿ ਇਹ ਘੜੇ ਵਿਚੋਂ ਲੰਘਦਾ ਹੋਇਆ, ਛੱਜ ਵਿਚ ਪੈਂਦਾ ਤੇ ਫੂੰਦੀਂ ਫੂੰਦੀਂ ਕਰ ਕੇ ਮਾਂ ਤੇ ਬੱਚੇ ਉੱਤੇ ਕਿਰਦਾ ਹੈ।

ਕਈ ਇਸ ਰੀਤ ਸਮੇਂ ਪਾਂਧੇ ਨੂੰ ਸੱਦ ਲੈਂਦੇ ਹਨ ਜੋ 'ਤ੍ਰਿਖਲ ਸ਼ਾਂਤੀ ਸ਼ਾਸਤ੍ਰ' ਵਿਚੋਂ ਕੋਈ ਕਥਾ ਸੁਣਾਉਂਦਾ ਹੈ। ਇਸ ਰੀਤ ਵਿਚ ਤ੍ਰਿਖਲ ਬੱਚੇ ਦੀ ਅਸ਼ੁਭਤਾ ਦੂਰ ਕਰਨ ਦੇ

(ਤ-112) **ਤ੍ਰਿਗਰਤ** :

ਜਾਲੰਧਰ ਤੇ ਕਾਂਗੜੇ ਦੇ ਇਲਾਕੇ ਦਾ ਪੁਰਾਣਾ ਨਾਂਉਂ: ਤ੍ਰਿਗਰਤ ਵਿਚ ਜਾਲੰਧਰ ਤੋਂ ਬਿਨਾਂ ਰਾਵੀ ਤੇ ਸਤਲੁਜ ਦਰਿਆ ਦੇ ਵਿਚਕਾਰ ਦੇ ਪਹਾੜੀ ਇਲਾਕੇ ਸ਼ਾਮਲ ਹਨ। ਇਹ ਨਾਂ ਮਹਾਂਭਾਰਤ, ਪੁਰਾਣਾਂ ਤੇ ਰਾਜ-ਤਰੰਗਨੀ ਵਿਚ ਆਉਂਦਾ ਹੈ। ਰਾਮ ਚੰਦਰ ਨੇ ਤ੍ਰਿਗਰਤ ਨੂੰ ਹੀ ਜਾਲੰਧਰ ਦਾ ਦੂਜਾ ਨਾਂ ਲਿਖਿਆ ਹੈ। ਕਸ਼ਮੀਰ ਦੇ ਇਤਿਹਾਸ ਵਿਚ ਤ੍ਰਿਗਰਤ ਦਾ ਕਈ ਥਾਈਂ ਜ਼ਿਕਰ ਹੈ ਤੇ ਇਸ ਨੂੰ ਇਕ ਸੁਤੰਤਰ ਰਾਜ ਦਸਿਆ ਹੈ।

ਤ੍ਰਿਗਰਤ ਵਿਚ ਜਾਲੰਧਰ ਨਾਲ ਹੇਠ ਲਿਖੇ ਇਲਾਕੇ ਤੇ ਰਾਜ ਸਬੰਧਿਤ ਸਨ : 1. ਸੋਮਵੰਸ਼ੀ 2. ਸੂਰਜਵੰਸ਼ੀ 3. ਪੰਡੋਰ ਜਾਂ ਪਾਂਡਿਆ।

(ਤ-113) **ਤ੍ਰਿੰਞਣ** :

ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਸਮੂਹ; ਕਿਸੇ ਇਕ ਤੀਵੀਂ ਦੇ ਘਰ ਗਲੀ ਮਹੱਲੇ ਜਾਂ ਪਿੰਡ ਦੀਆਂ ਕੁੜੀਆਂ ਕੁਆਰੀਆਂ ਤੇ ਵਿਆਹੀਆਂ, ਨੱਢੀਆਂ ਤੇ ਬੁੱਢੀਆਂ ਚਰਖੇ ਜੋੜ ਕੇ ਬੈਠਦੀਆਂ ਹਨ ਤੇ ਸਾਰਾ ਦਿਨ ਅਥਵਾ ਰਾਤ ਚਰਖੇ ਕਤਦੀਆਂ ਰਹਿੰਦੀਆਂ ਅਤੇ ਹਾਸੇ-ਠੱਠੇ ਮਚਾਕਾਂ ਨਾਲ ਤ੍ਰਿੰਞਣ ਨੂੰ ਭਖਦਾ ਰਖਦੀਆਂ ਹਨ। ਗੀਤਾਂ ਦੀਆਂ ਮਧੁਰ ਧੁਨੀਆਂ ਅਤੇ ਚਰਖੇ ਦੀ ਘੂਕਰ ਵਿਚ ਤ੍ਰਿੰਞਣ ਦੀ ਜ਼ਿੰਦਗੀ ਧੜਕਦੀ ਹੈ। ਮਸ਼ੀਨੀ ਯੁੱਗ ਨਾਲ ਪੰਜਾਬ ਦੇ ਪਿੰਡਾਂ ਵਿਚ ਹੁਣ ਤ੍ਰਿੰਞਣ ਦੀਆਂ ਝਾਕੀਆਂ ਟਾਂਵੀਆਂ ਟਾਂਵੀਆਂ ਹੀ ਵੇਖਣ ਨੂੰ ਮਿਲਦੀਆਂ ਹਨ, ਪਰ ਪਹਿਲਿਆਂ ਵਿਚ ਤ੍ਰਿੰਞਣ ਪੰਜਾਬੀ ਸਭਿਆਚਾਰ ਦਾ ਇਕ ਬਲਵਾਨ ਅੰਗ ਅਤੇ ਪੇਂਡੂ ਆਰਥਿਕਤਾ ਦੀ ਇਕ ਥੰਮੀ ਸੀ।

ਉਂਜ ਤਾਂ ਹਰ ਰੁੱਤੇ ਹੀ ਤ੍ਰਿੰਞਣ ਜੁੜਦੇ, ਪਰ ਸਿਆਲ ਦੀਆਂ ਲੰਮੀਆਂ ਰਾਤਾਂ ਵਿਚ ਅਠ-ਪਹਿਰੇ ਤ੍ਰਿੰਞਣਾਂ ਦਾ ਹੋਰ ਹੀ ਰਸ ਹੁੰਦਾ। ਆਥਣ ਤੋਂ ਪਹਿਲਾਂ ਕੁੜੀਆਂ ਆਪਣੇ ਚਰਖੇ ਪੀੜ੍ਹੀਆਂ ਤੇ ਪੂਣੀਆਂ ਉਸ ਘਰ ਵਿਚ ਰਖ ਆਉਂਦੀਆਂ ਜਿਥੇ ਤ੍ਰਿੰਞਣ ਜਾਂ ਭੰਡਾਰਾ ਮੇਲਣਾ ਹੁੰਦਾ। ਫਿਰ ਸੌਂਤੇ ਪਏ ਸਾਰੀਆਂ ਕੁੜੀਆਂ ਉਸ ਘਰ ਕੱਠੀਆਂ ਹੋ ਕੇ ਜਾਂਦੀਆਂ। ਤ੍ਰਿੰਞਣ ਨੂੰ 'ਭੰਡਾਰਾ ਮੇਲਣਾ' ਵੀ ਕਿਹਾ ਜਾਂਦਾ ਹੈ, ਕਿਉਂ ਜੋ ਕੁੜੀਆਂ ਆਪਣੇ ਖਾਣ ਲਈ ਘਰੋਂ ਪੱਲੋ ਵਿਚ ਤਿਲਚੌਲੀ, ਭੁੱਜੀ ਮੱਕੀ ਤੇ ਛੋਲੇ, ਗੁੜ, ਮੂੰਗਫਲੀ, ਪਿੰਨੀਆਂ ਤੇ ਚਰਮਾਂ ਆਦਿ ਲੈ ਆਉਂਦੀਆਂ ਅਤੇ

ਜੋੜਦੀਆਂ, ਉਸ ਨੂੰ 'ਚਿੜੀ ਚਿੜੂੰਗਾ' ਕਿਹਾ ਜਾਂਦਾ, ਕਿਉਂ ਜੋ ਉਸ ਵਿਚ ਰਲ ਬੈਠਣ ਤੇ ਕੱਤਣ ਦੀ ਭੁੱਜ ਪੂਰੀ ਤਰ੍ਹਾਂ ਨਹੀਂ ਸੀ ਮਿਟਦੀ।

ਤ੍ਰਿੰਵਣਾਂ ਵਿਚ ਕੱਤਣ ਦੇ ਮੁਕਾਬਲੇ ਵੀ ਹੁੰਦੇ ਹਨ ਜਿਨ੍ਹਾਂ ਨੂੰ 'ਛੋਪੇ' ਕਿਹਾ ਜਾਂਦਾ ਹੈ। ਕੁੜੀਆਂ ਵੀਹ ਜਾਂ ਜ਼ਿਆਦਾ ਪੂਣੀਆਂ ਗਿਣ ਮਿੱਥ ਕੇ ਵਖਰੇ ਕਰ ਲੈਂਦੀਆਂ ਤੇ ਇਨ੍ਹਾਂ ਪੂਣੀਆਂ ਨੂੰ ਮੁਕਾਬਲੇ ਨਾਲ ਕੱਤਦੀਆਂ। ਜਦੋਂ ਮਿਥੀਆਂ ਹੋਈਆਂ ਪੂਣੀਆਂ ਸਭ ਕੱਤ ਲੈਂਦੀਆਂ, ਤਾਂ ਹੋਰ ਲੈ ਲੈਂਦੀਆਂ। ਜਿਹੜੀ ਕੁੜੀ ਛੋਪੇ ਦੀਆਂ ਪੂਣੀਆਂ ਪਹਿਲਾਂ ਮੁਕਾ ਲੈਂਦੀ, ਉਹ ਹਾਸੇ ਠੱਠੇ, ਮਸ਼ਕਰੀਆਂ ਤੇ ਟਿਚਕਰਾਂ ਕਰਦੀ ਰਹਿੰਦੀ। ਕਈ ਮਨ-ਚਲੀਆਂ ਕੁੜੀਆਂ ਕੱਤਣ ਨਾਲੋਂ 'ਕੰਜਰੀ ਨਚਾਣ' ਵਿਚ ਵਧੇਰੇ ਰਸ ਲੈਂਦੀਆਂ ਅਤੇ ਪੂਣੀ ਦੇ ਦੋਹਾਂ ਸਿਰਿਆਂ ਨੂੰ ਸਰੋਂ ਦੇ ਤੇਲ ਵਿਚ ਭਿਉਂ ਕੇ ਹੱਥਾਂ ਦੀਆਂ ਉਂਗਲਾਂ ਵਿਚ ਟਿਕਾ ਕੇ, ਅੱਗ ਲਗਾ ਲੈਂਦੀਆਂ ਤੇ ਪੂਣੀ ਨੂੰ ਹਿਲਾ ਕੇ ਨਚਾਂਦੀਆਂ ਤੇ ਜਦੋਂ ਅੱਗ ਵਧੇਰੇ ਭੜਕ ਜਾਂਦੀ ਤਾਂ 'ਨਚਦੀ ਕੰਜਰੀ' ਇਕ ਦੂਜੇ ਉਤੇ ਸੁੱਟ ਦੇਂਦੀਆਂ।

ਪਰ ਹੁਣ ਤ੍ਰਿੰਵਣ ਪੁਰਾਣੇ ਵਕਤਾਂ ਦੀ ਇਕ ਮਿੱਠੀ ਯਾਦ ਬਣ ਕੇ ਰਹਿ ਗਏ ਹਨ। ਕਦੇ ਲਿਆ ਇਕ ਸੁਪਨਾ।

### (ਤ-114) ਤ੍ਰਿੰਵਣ ਦੇ ਗੀਤ :

ਜਦੋਂ ਕੁੜੀਆਂ ਤ੍ਰਿੰਵਣਾਂ ਵਿਚ ਬਹਿ ਕੇ ਚਰਖਾ ਕੱਤਦੀਆਂ ਹਨ ਤਾਂ ਚਰਖੇ ਦੀ ਘੂਕਰ ਦੀ ਲੈਅ ਨਾਲ ਕੋਈ ਗੀਤ ਵੀ ਛੂਹ ਦੇਂਦੀਆਂ ਹਨ। ਛੋਪੇ ਪਾਂਦਿਆਂ, ਜਿਹੜੀਆਂ ਕੁੜੀਆਂ ਆਪਣੇ ਹਿੱਸੇ ਦੀਆਂ ਪੂਣੀਆਂ ਪਹਿਲੋਂ ਮੁਕਾ ਲੈਂਦੀਆਂ ਹਨ, ਉਹ ਦੂਜਿਆਂ ਦਾ ਕੱਤਣ ਵਲੋਂ ਧਿਆਨ ਹਟਾਣ ਲਈ ਜਾਂ ਆਪਣੇ ਹੀ ਹੁਲਾਰੇ ਵਿਚ ਗੀਤ, ਗਾਣਾ ਸ਼ੁਰੂ ਕਰ ਦੇਂਦੀਆਂ ਹਨ। ਤ੍ਰਿੰਵਣ ਦੇ ਗੀਤਾਂ ਦੀ ਮੁਢਲੀ ਤੁਕ ਵਿਚ ਆਮ ਤੌਰ ਉਤੇ ਚਰਖਾ, ਪੂਣੀਆਂ ਤੇ ਅਟੇਰਨ ਆਦਿ ਦਾ ਜ਼ਿਕਰ ਜ਼ਰੂਰ ਹੁੰਦਾ ਹੈ :

ਏਸ ਚਰਖੇ ਨੀ ਮਾਏ, ਮਾਹਲ ਪੁਰਾਣੀ
ਕਤ ਨਾ ਜਾਣੇ ਨੀ ਮੇਰੀ ਭਾਬੋ ਦਿਵਾਨੀ।
ਏਸ ਚਰਖੇ ਨੀ ਮਾਏ ਕਾਹੂ ਦੇ ਮੁੰਨੇ
ਭੈਣਾਂ ਨੂੰ ਟੋਰ ਕੇ ਭਾਈ ਨੇ ਰੁੰਨੇ।
ਏਸ ਚਰਖੇ ਨੀ ਮਾਏ, ਲੋਹੇ ਦੀ ਗੁੱਡੀ
ਨਿਨਾਣਾਂ ਟੋਰ ਕੇ ਭਾਬੀਆਂ ਪਾਈ ਲੁੱਡੀ।

ਤ੍ਰਿੰਵਣ ਦੇ ਗੀਤਾਂ ਵਿਚ ਪੰਜਾਬਣਾਂ ਦੀਆਂ ਰੀਝਾਂ ਤੇ ਉਮੰਗਾਂ ਦਾ ਸੁੱਚਾ-ਸੱਚਾ ਚਿਤ੍ਰਨ ਹੀ ਪੇਸ਼ ਨਹੀਂ ਹੁੰਦਾ, ਸਗੋਂ ਉਨ੍ਹਾਂ ਦੇ ਨਿਹੋਰਿਆਂ ਤੇ ਤਾਨ੍ਹਿਆਂ ਦਾ ਚੋਭਵਾਂ ਵਰਨਣ ਵ ਹੈ। ਕੁੜੀਆਂ ਆਪਣੇ ਮਨ ਦੀ ਭੜਾਸ ਨੂੰ ਵੀ ਗੀਤਾਂ ਰਾਹੀਂ ਕਢ ਲੈਂਦੀਆਂ ਹਨ, ਕਿਉਂ ਜੋ ਇਕੋ ਤ੍ਰਿੰਵਣ ਵਿਚ ਨਨਾ ਭਰਜਾਈਆਂ, ਦੇਵਰਾਣੀਆਂ, ਜੇਠਾਣੀਆਂ ਤੇ ਸੱਸਾਂ ਨੂੰਹਾਂ ਜੁ ਬੈਠਦੀਆਂ ਹਨ :

ਛਜ ਛਜ ਪਾਨੀਆਂ ਪੂਣੀਆਂ, ਪਾਨੀਆਂ ਨੌ ਤੇ ਵੀਹ
ਕਤਣ ਵਾਲੀਆਂ ਭਾਬੀਆਂ, ਮੈਂ ਪਰਦੇਸਣ ਧੀ।
ਦੂਰ ਤਾਂ ਆਈ ਸੀ ਚਲ ਕੇ, ਦਰ ਵਿਚ ਰਹੀ ਖਲੋ
ਭਾਬੀਆਂ ਸੁਖ ਨਾ ਪੁਛਿਆ, ਵੀਰਾਂ ਨਾ ਪੁਛੀ ਸੋਅ।

ਤ੍ਰਿੰਵਣ ਦੇ ਕੁਝ ਗੀਤ ਤਾਂ ਚਰਖੇ ਦੇ ਇਰਦ ਗਿਰ ਘੁੰਮਦੇ ਹਨ, ਪਰ ਅਨੇਕਾਂ ਅਜਿਹੇ ਵੀ ਹਨ, ਜਿਨ੍ਹਾਂ ਦਾ ਚਰ ਨਾਲ ਕੋਈ ਸਿੱਧਾ ਸਬੰਧ ਨਹੀਂ ਹੁੰਦਾ, ਪਰ ਇਨ੍ਹਾਂ ਗੀ ਵਿਚ ਚਰਖਾ ਕੱਤਣ ਵਾਲੀਆਂ ਤੀਵੀਆਂ ਦੀਆਂ ਉਮੰਗਾਂ ਬੇਬਸੀਆਂ ਜ਼ਰੂਰ ਉਲੀਕੀਆਂ ਹੁੰਦੀਆਂ ਹਨ। ਇ ਗੀਤਾਂ ਦੀ ਸੁਰ ਤਾਲ, ਚਰਖੇ ਦੀ ਘੂਕਰ, ਹੱਥੀ ਉ ਹੱਥਾਂ ਦੀ ਥਪਕ ਦੀ ਆਵਾਜ਼, ਤੇ ਵੀਣੀਆਂ ਵਿਚ ਪਹਿਨੀ ਚੂੜੀਆਂ ਨਾਲ ਮਿਲ ਕੇ ਉਪਜੇ ਰਾਗ ਨਾਲ ਜ਼ਰੂਰ ਮੇ ਖਾਂਦਾ ਹੈ। ਜਾਂ ਇੰਜ ਕਹਿ ਲਓ ਕਿ ਜਿਹੜਾ ਵੀ ਗੀ ਚਰਖੇ ਦੀ ਸੁਰ ਤਾਲ ਉਤੇ ਢਾਲਿਆ ਜਾ ਸਕੇ, ਗਾ ਲਿ ਜਾਂਦਾ ਹੈ।

ਤ੍ਰਿੰਵਣ ਦੇ ਗੀਤਾ ਵਿਚ ਜੀਵਨ ਦੇ ਸਭੇ ਰੰਗ ਸਮ ਪਏ ਹਨ—ਪ੍ਰੇਮ ਭਿੱਜੀਆਂ ਮਿਲਣੀਆਂ ਦਾ ਸਰੂਰ ਵੀ ਹੈ ਦਰਦ ਭਰੀਆਂ ਵਿਲਕਣੀਆਂ ਤੇ ਹਉਕੇ ਵੀ ਹਨ ਸੰਜੋਗ ਵਿਜੋਗ ਦੋਵੇਂ ਰਲੇ ਹੋਏ ਹਨ :

ਹਰ ਚਰਖੇ ਦੇ ਗੇੜੇ ਯਾਦ ਆਵੇਂ, ਤੂੰ ਮਿੱਤਰਾ।
ਕੋਠੇ ਯਾਰ ਨੇ ਖਿੱਲਾਂ ਦੀ ਮੁੱਠ ਮਾਰੀ,
ਤ੍ਰਿੰਵਣੀ ਕਤਦੀ ਦੇ।

### (ਤ-115) ਤ੍ਰਿਪਿਟਕ :

ਬੋਧੀਆਂ ਦਾ ਮੁਢਲਾ ਧਰਮ-ਗ੍ਰੰਥ, ਜੋ ਤਿੰਨ ਪੋਥੀਆਂ ਸਮੂਹ ਹੈ; ਗੌਤਮ ਬੁਧ ਦੇ ਨਿਰਵਾਣ ਪ੍ਰਾਪਤ ਕਰਨ ਮਗ ਉਨ੍ਹਾਂ ਦੇ ਚੇਲਿਆਂ ਨੂੰ ਖ਼ਿਆਲ ਫੁਰਿਆ ਕਿ ਗੌਤਮ ਬੁਧ ਵਿਚਾਰ ਸ਼ੁਧ ਰੂਪ ਵਿਚ ਸੰਭਾਲ ਲਏ ਜਾਣ। ਉ ਰਾਜਗੀਰ ਵਿਚ, ਕੱਸਪ ਦੀ ਪ੍ਰਧਾਨਗੀ ਹੇਠ, ਗੌਤਮ ਬੁੱਧ

ਰਖਿਆ ਗਿਆ । ਗੌਤਮ ਬੁੱਧ ਦੇ ਇਕ ਹੋਰ ਨਿਕਟਵਰਤੀ ਚੇਲੇ 'ਅਨੰਦ' ਨੇ, ਜੋ ਗੌਤਮ ਬੁੱਧ ਦੇ ਉਪਦੇਸ਼ ਤੇ ਵਿਆਖਿਆਨ ਸੁਣਾਏ, ਉਹ ਜਿਸ ਗ੍ਰੰਥ ਵਿਚ ਦਰਜ ਕੀਤੇ ਗਏ, ਉਸ ਦਾ ਨਾਂ 'ਸੂਤਰ-ਪਿਟਕ' ਰਖਿਆ ਗਿਆ । ਕੱਸਪ ਨੇ ਗੌਤਮ ਬੁੱਧ ਦੇ ਦਾਰਸ਼ਨਿਕ ਸਿਧਾਂਤ ਖ਼ੁਦ ਲਿਖੇ ਤੇ ਉਸ ਦਾ ਨਾਂ 'ਅਭਿਧਮ ਪਿਟਕ' ਰਖਿਆ ਗਿਆ । ਇਨ੍ਹਾਂ ਤਿੰਨਾਂ ਗ੍ਰੰਥਾਂ ਦੇ ਸਮੂਹ ਦਾ ਨਾਂ 'ਤ੍ਰਿਪਿਟਕ' ਹੈ, ਜਿਸ ਦੇ ਸ਼ਬਦੀ ਅਰਥ ਹਨ : ਤਿੰਨ ਟੋਕਰੀਆਂ 'ਸੂਤਰ ਪਿਟਕ' ਦਾ ਇਕ ਕਾਂਡ 'ਖੁੰਡਕ ਨਿਗ੍ਰਜ' ਹੈ, ਉਸ ਦਾ ਇਕ ਹਿੱਸਾ ਧਮਪੱਦ ਦੇ ਨਾਉਂ ਨਾਲ ਪ੍ਰਸਿਧ ਹੈ ।

ਧਮਪੱਦ ਸੰਸਾਰ ਦੀਆਂ ਕੁਝ ਗਿਣਵੀਆਂ ਧਰਮ ਪੁਸਤਕਾਂ ਵਿਚੋਂ ਇਕ ਹੈ, ਜੋ ਪਾਲੀ ਭਾਸ਼ਾ ਵਿਚ ਲਿਖੀ ਗਈ । ਧਮਪੱਦ ਦੇ ਸਲੋਕਾਂ ਵਿਚ ਅਖਾਣਾਂ ਵਰਗੀ ਸੰਜਮਤਾ ਤੇ ਗਹਿਰਾਈ ਹੈ । ਇਨ੍ਹਾਂ ਵਿਚੋਂ ਕਈ ਵਿਚਾਰ ਲੋਕਾਂ ਦੀ ਬੋਲ ਚਾਲ ਵਿਚ ਵਰਤੇ ਜਾਂਦੇ ਹਨ ਜਿਵੇਂ :

ਕੁੰਭੂਪਮਮ ਕਾਯਮ ਇਮਮ ਵਿਦੱਤਵਾ
ਭਾਵ ਸਰੀਰ ਨੂੰ ਘੜੇ ਵਾਂਗ ਕੱਚਾ ਤੇ ਅਸਥਿਰ ਸਮਝੋ ।

ਧਮਪੱਦ ਦਾ ਇਕ ਹੋਰ ਸਲੋਕ ਹੈ ਜੋ ਅਨੁਵਾਦ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਂ ਹੇਠਾਂ ਪ੍ਰਚਲਤ ਹੈ । ਇਹ ਸਲੋਕ ਹੈ :

ਪੋਰਾਣਮ ਏਤਮ ਅਤੁੱਲ, ਨ ਏਤਮ ਅਜਤਨਾਮ ਇਵ
ਨਿੰਦਹਿ ਤੁਨਹਿਮ ਆਸੀਨੰ, ਨਿੰਦੰਤਿ ਬਹੂ ਭਾਨਿਨੰ
ਮਿਤਭਾਨਿਨੰ ਪੀ ਨਿੰਦੰਤਿ, ਨ ਅਥਿ ਲੋਕ ਅਨਿੰਦਤੋ ।

ਸ੍ਰ. ਕਪੂਰ ਸਿੰਘ ਅਨੁਸਾਰ ਇਸ ਸ਼ਲੋਕ ਦਾ ਅਨੁਵਾਦ ਗੁਰੂ ਨਾਨਕ ਦੇਵ ਜੀ ਦੇ ਨਾਂ ਹੇਠ ਮਾਂਗਟਾ ਵਾਲੀ ਭਾਈ ਬੰਨੋ ਦੀ ਬੀੜ ਵਿਚ ਮਿਲਦਾ ਹੈ, ਜੋ ਭਾਈ ਬੰਨੋ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਜਿਲਦ ਬਨਵਾਣ ਲਾਹੌਰ ਜਾਂਦਿਆਂ, ਕਿਸੇ ਤੋਂ ਸੁਣਿਆ ਤੇ ਇਹ ਸਮਝ ਕੇ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਹੀ ਬਾਣੀ ਹੈ, ਬੀੜ ਵਿਚ ਦਰਜ ਕਰ ਲਿਆ, ਇਹ ਸ਼ਬਦ ਇਉਂ ਹੈ :

ਇਸ ਕਲੀਓਂ ਪੰਜਾ ਭੀਤੀਉਂ ਕਰਤਾ ਰਖੇ ਪੱਤ
ਚੁਪ ਰਹਾਂ ਤਾਂ ਆਖੀਏ, ਇਸ ਘਟ ਨਾਹੀਂ ਮਤ
ਗਲ ਕਰਾਂ ਤਾਂ ਆਖੀਏ, ਬੜ ਬੜ ਕਰੇ ਬਹੁਤ
ਤੁਰ ਬੈਠਾਂ ਤਾਂ ਆਖੀਏ, ਬੈਠਾ ਸੱਥਰ ਘੱਤ,
ਚਲ ਪਵਾਂ ਤਾਂ ਆਖੀਏ, ਭਾਰ ਗਿਆ ਸਿਰ ਘੱਤ

ਇਕਠੇ ਆ ਜਾਣ ਨਾਲ ਬਣਦਾ ਹੈ ਜਿਵੇਂ ਦੂਜ, ਸਤਮੀਂ ਤੇ ਦੁਵਾਦਸ਼ੀ ਤਿੱਥੀ, ਜੋ ਸਨਿਚਰਵਾਰ, ਐਤਵਾਰ ਤੇ ਮੰਗਲਵਾਰ ਨੂੰ ਪਏ ਅਤੇ ਨਾਲ ਹੀ ਤਿੰਨ ਚਰਨਾਂ ਵਾਲਾ ਕੋਈ ਨਛੱਤਰ ਕ੍ਰਿਤਕਾ ਜਾਂ ਉਤਰਾਖਾੜਾ ਹੋਵੇ ਇਹ ਸੰਧੀ ਤੇ ਤ੍ਰਿਪੁਸ਼ਕਰ ਯੋਗ ਬਣਦੀ ਹੈ ।

ਇਸ ਯੋਗ ਵਿਚ ਜੇ ਕੋਈ ਮ੍ਰਿਤੂ ਹੋ ਜਾਵੇ ਤਾਂ ਭਰਮ ਅਨੁਸਾਰ, ਉਸ ਘਰ ਵਿਚ ਨਿਸਚੇ ਹੀ ਤਿੰਨ ਮੌਤਾਂ ਹੋਰ ਹੁੰਦੀਆਂ ਹਨ । ਇਸ ਤੋਂ ਬਚਣ ਦਾ ਉਪਾਅ ਇਹ ਕੀਤਾ ਹੈ ਕਿ ਮ੍ਰਿਤਕ ਦੀ ਦੇਹ ਨਾਲ ਤਿੰਨ ਪੁਤਲੇ, ਕੁੱਸਾ ਘਾਹ ਦੇ ਬਣਾ ਕੇ ਤੇ ਉਨ੍ਹਾਂ ਦੀ ਪੂਜਾ ਕਰ ਕੇ ਦਾਹ ਦਿਤੇ ਜਾਂਦੇ ਹਨ । ਜੇ ਤ੍ਰਿਪੁਸ਼ਕਰ ਯੋਗ ਵਿਚ ਕੁੜੀ ਜੰਮੇ ਤਾਂ ਤਿੰਨ ਕੁੜੀਆਂ ਉਪਰਥਲੀ ਹੋਰ ਜੰਮਦੀਆਂ ਹਨ (ਵੇਖੋ : ਪੰਚਮ) ।

## (ਤ-117) ਤ੍ਰਿਪੁੰਡ :

ਇਕ ਤਰ੍ਹਾਂ ਦਾ ਤਿਲਕ, ਜੋ ਸ਼ੈਵ ਮਤ ਵਾਲੇ ਮੱਥੇ ਤੇ ਲਗਾਉਂਦੇ ਹਨ । ਇਹ ਚਿੰਨ੍ਹ ਭਸਮ ਨਾਲ ਤਿੰਨ ਟੇਢੀਆਂ ਲਕੀਰਾਂ ਦੁਆਰਾ ਬਣਾਇਆ ਜਾਂਦਾ ਹੈ ।

## (ਤ-118) ਤ੍ਰਿਮੂੰਹ :

ਪਛਮੀ ਪੰਜਾਬ ਵਿਚ ਉਹ ਸਥਾਨ ਜਿਥੇ ਤਿੰਨ ਦਰਿਆ— ਰਾਵੀ, ਝਨਾਂ ਤੇ ਜਿਹਲਮ ਮਿਲਦੇ ਹਨ । ਇਸ ਸੰਗਮ-ਅਸਥਾਨ ਨੂੰ ਬੜਾ ਪਵਿੱਤਰ ਮੰਨਦੇ ਹਨ । ਧਾਰਨਾ ਹੈ ਕਿ ਇਥੇ ਇਕ ਸਾਲ ਭਰ ਹਰ ਪੁਰਬ ਤੇ ਇਸ਼ਨਾਨ ਕਰਨ ਨਾਲ, ਪ੍ਰਾਣੀ ਦੀ ਤਿੰਨਾਂ ਲੋਕਾਂ ਵਿਚ ਜੈ-ਜੈਕਾਰ ਹੁੰਦੀ ਹੈ । ਹੋ ਸਕਦਾ ਹੈ ਕਿ ਮੁਢਲੇ ਆਰੀਆਂ ਦੇ ਪੰਜਾਬ ਵਿਚ ਨਿਵਾਸ ਵੇਲੇ ਇਹ ਆਰੀਆਂ ਦਾ ਪ੍ਰਮੁਖ ਤੀਰਥ ਹੋਵੇ ।

## (ਤ-119) ਤਿਰਮੂੰਹੀਂ :

ਬਹਾਵਲਪੁਰ ਵਿਚ ਇਕ ਸਥਾਨ ਜਿਸ ਦੇ ਸ਼ਬਦੀ ਅਰਥ ਹਨ : ਤਿੰਨ ਮੂੰਹਾਂ ਵਾਲੀ । ਸਥਾਨਕ ਰਵਾਇਤਾਂ ਅਨੁਸਾਰ ਇਥੇ ਸੱਸੀ ਨੂੰ ਉਸ ਦੇ ਪਿਤਾ ਨੇ ਨਦੀ ਵਿਚ ਰੋਹੜਿਆ ਸੀ । ਜਦੋਂ ਪਾਂਧਿਆਂ ਨੇ ਟੇਵੇ ਵਾਚ ਕੇ, ਸੱਸੀ ਦੇ ਪਿਉ ਨੂੰ ਦਸਿਆ ਕਿ ਸੱਸੀ ਜਵਾਨ ਹੋ ਕੇ ਕਿਸੇ ਬਲੋਚ ਨਾਲ ਇਸ਼ਕ ਕਰੇਗੀ ਤਾਂ ਸੱਸੀ ਦੇ ਪਿਉ ਨੇ, ਉਸ ਨੂੰ ਸੰਦੂਕ ਵਿਚ ਬੰਦ ਕਰਕੇ ਤਿਰਮੂੰਹੀਂ ਵਿਚ ਪਹਿਲੀ ਚੇਤ ਨੂੰ ਮੰਗਲਵਾਰ ਦੀ ਰਾਤ ਰੋਹੜ ਦਿਤਾ ਸੀ, ਮਗਰੋਂ ਕਿਸੇ ਧੋਬੀ ਨੇ ਇਸ ਸੰਦੂਕ ਨੂੰ

ਜਿਸ ਦੇ ਅਰਥ ਹਨ ਉਹ ਨਦੀ ਜਿਥੇ ਬੇੜੀ ਠੇਲ੍ਹੀ ਜਾ ਸਕੇ । ਇਸੇ ਲੁੜਵਾਣੀ ਨੂੰ ਹੀ ਤ੍ਰਿਮੂਹੇਂ ਕਿਹਾ ਜਾਂਦਾ ਸੀ, ਕਿਉਂ ਜੋ ਕੁਝ ਸਾਲ ਪਹਿਲਾਂ ਸਿੰਧ ਦਰਿਆ ਦੀਆਂ ਦੋ ਸ਼ਾਖਾਂ, ਇਥੇ ਬੂਟਾ ਵਾਹਣ ਦੇ ਨੇੜੇ ਮਿਲਦੀਆਂ ਸਨ ਤੇ ਇਹ ਤਿੰਨ ਨਦੀਆਂ ਇਕੱਠੀਆਂ ਹੋ ਕੇ ਵਗਦੀਆਂ ਸਨ (ਬਹਾਵਲਪੁਰ ਗਜ਼ਟੀਅਰ, ਪੰਨਾ 359) ।

ਪੋਠੋਹਾਰ ਵਿਚ ਪ੍ਰਚਲਤ ਰਵਾਇਤਾਂ ਅਨੁਸਾਰ ਸੱਸੀ 'ਲਈ' (ਲੇਟੀ) ਨਦੀ ਵਿਚ ਰੋੜ੍ਹੀ ਗਈ ਸੀ, ਜਿਸ ਦੇ ਕੰਢੇ ਸੱਸੀ ਦੇ ਪੋਲਰ ਦੇ ਖੰਡਰ ਅਜ ਵੀ ਮੌਜੂਦ ਹਨ ।

(ਤ-120) **ਤ੍ਰਿਮੂਰਤੀ** :

ਤਿੰਨ ਮੁਖੀ ਦੇਵਤਿਆਂ ਦਾ ਸਮੂਹ; ਵੇਦਾਂ ਅਨੁਸਾਰ ਅਗਨੀ, ਵਾਯੂ ਅਤੇ ਸੂਰਜ ਤਿੰਨ ਪ੍ਰਧਾਨ ਦੇਵਤੇ ਹਨ । ਇਹ ਵੈਦਿਕ ਕਾਲ ਦੀ ਤ੍ਰਿਮੂਰਤੀ ਹੈ । ਮਗਰੋਂ ਸਮੇਂ ਨਾਲ ਨਵੇਂ ਖੇਤਰਾਂ ਵਿਚ ਪ੍ਰਵੇਸ਼ ਕਰਨ ਤੇ ਨਵੇਂ ਸਭਿਆਚਾਰਕ ਤੇ ਧਾਰਮਿਕ ਪ੍ਰਭਾਵਾਂ ਦੇ ਗ੍ਰਹਿਣ ਕਰਨ ਨਾਲ ਦੇਵਤਿਆਂ ਤੇ ਦਰਜੇਬੰਦੀ ਵਿਚ ਵੀ ਅੰਤਰ ਆਉਂਦਾ ਗਿਆ । ਪੌਰਾਣਿਕ ਕਾਲ ਵਿਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨੇ ਪ੍ਰਧਾਨ ਦੇਵਤੇ ਮੰਨੇ ਗਏ ਤੇ ਇਨ੍ਹਾਂ ਦਾ ਸਾਂਝਾ ਸਰੂਪ 'ਤ੍ਰਿਮੂਰਤੀ' ਅਖਵਾਇਆ । ਇਹ ਤਿੰਨੇ ਦੇਵਤੇ ਤਰਤੀਬਵਾਰ ਸੰਸਾਰ ਦੀ ਉਤਪਤੀ, ਪਾਲਨਾ ਤੇ ਸੰਘਾਰ ਦੀ ਸ਼ਕਤੀ ਦੇ ਮਾਲਕ ਹਨ, ਕਿਉਂ ਜੋ ਪਹਿਲਾਂ ਉਤਪਤੀ ਹੁੰਦੀ ਹੈ, ਫਿਰ ਪਾਲਨਾ ਤੇ ਫਿਰ ਸੰਘਾਰ, ਇਸ ਲਈ ਤ੍ਰਿਮੂਰਤੀ ਵਿਚ ਸਭ ਤੋਂ ਉੱਚਾ ਦਰਜਾ ਬ੍ਰਹਮਾ ਦਾ ਹੈ, ਉਪਰੰਤ ਵਿਸ਼ਨੂੰ ਤੇ ਫੇਰ ਸ਼ਿਵ ਦਾ । ਪਰ ਵੈਸ਼ਨੋਮਤ ਵਾਲਿਆਂ ਨੇ ਵਿਸ਼ਨੂੰ ਨੂੰ ਤੇ ਸ਼ੈਵਮਤ ਵਾਲਿਆਂ ਸ਼ਿਵ ਨੂੰ, ਬਾਕੀ ਦੋਹਾਂ ਦੇਵਤਿਆਂ ਤੋਂ ਵਧੇਰੇ ਸ਼ਕਤੀਸ਼ਾਲੀ ਮੰਨਿਆ ਹੈ । ਪੰਜਾਬ ਵਿਚ ਬ੍ਰਹਮਾ ਦੀ ਉਪਾਸਨਾ ਖ਼ਾਸ ਪ੍ਰਚਲਤ ਨਹੀਂ । ਬਹੁਤੇ ਹਿੰਦੂ ਵਿਸ਼ਨੂੰ ਤੇ ਸ਼ਿਵ ਦੇ ਹੀ ਉਪਾਸ਼ਕ ਹਨ ।

ਤ੍ਰਿਮੂਰਤੀ ਵਿਚ ਪਾਰਬ੍ਰਹਮ ਦੇ ਤਿੰਨ ਮੁਖੀ ਪੱਖਾਂ ਦਾ ਮਾਨਵੀਕਰਣ ਕੀਤਾ ਹੈ ।

(ਤ-121) **ਤ੍ਰਿਲੋਕ** :

ਪੁਰਾਣਾਂ ਅਨੁਸਾਰ ਬ੍ਰਹਿਮੰਡ ਦੇ ਤਿੰਨ ਲੋਕ ਹਨ :

(ਤ-122) **ਤ੍ਰਿਲੋਚਨ** :

ਤਿੰਨ ਨੇਤ੍ਰਾਂ ਵਾਲਾ, ਸ਼ਿਵ; ਮਹਾਂਭਾਰਤ ਅਨੁਸਾਰ ਤੀਜੀ ਅੱਖ ਸ਼ਿਵ ਦੇ ਮਸਤਕ ਵਿਚੋਂ ਉਦੋਂ ਪ੍ਰਗਟ ਹੋਈ, ਜਦੋਂ ਪਾਰਬਤੀ ਨੇ ਹਿਮਾਲੀਆ ਵਿਚ ਤਪਸਿਆ ਕਰ ਰਹੇ ਸ਼ਿਵ ਦੀਆਂ ਅੱਖਾਂ ਕਾਮੁਕ ਭਾਵਨਾ ਨਾਲ ਬੰਦ ਕਰ ਦਿਤੀਆਂ ਸਨ, ਤਿੰਨਾਂ ਲੋਕਾਂ ਵਿਚ ਅੰਧਕਾਰ ਫੈਲ ਜਾਣ ਕਾਰਨ ਹਾਹਾਕਾਰ ਮਚ ਗਈ ਸੀ । ਇਹ ਤੀਜੀ ਅੱਖ ਬੜੀ ਭਿਅੰਕਰ ਹੈ । ਤੇ ਇਸ ਵਿਚੋਂ ਅੱਗ ਦੀ ਲਾਟ ਨਿਕਲਦੀ ਹੈ । ਸ਼ਿਵ ਦੀ ਤੀਜੀ ਅੱਖ ਵਿਚੋਂ ਨਿਕਲੀ ਕਰੋਧ ਅਗਨੀ ਨੇ ਕਾਮ ਦੇਵਤਾ ਨੂੰ ਸਾੜ ਕੇ ਸੁਆਹ ਕਰ ਦਿਤਾ ਸੀ ।

(ਤ-123) **ਤਿਰਵੰਧਾ** :

ਸ਼ਾਹਪੁਰ ਦੇ ਹਿੰਦੂਆਂ ਵਿਚ, ਵਿਆਹ ਤੋਂ ਮਗਰੋਂ ਮੁਕਲਾਵੇ ਦੀ ਰਸਮ; ਇਸ ਮੌਕੇ ਤੇ ਮਾਪੇ ਧੀ ਜਵਾਈ ਨੂੰ ਕਪੜੇ, ਗਹਿਣੇ ਤੇ ਹੋਰ ਨਿਕ-ਸੁਕ ਦੇ ਕੇ ਵਿਦਾ ਕਰਦੇ ਹਨ (ਵੇਖੋ : ਮੁਕਲਾਵਾ) ।

(ਤ-124) **ਤ੍ਰਿਵਿਕ੍ਰਮ** :

1. ਵਿਸ਼ਨੂੰ ਦੀ ਇਕ ਉਪਾਧੀ, ਜਿਸ ਨੇ ਵਾਮਨ ਅਵਤਾਰ ਦੇ ਰੂਪ ਵਿਚ, ਤਿੰਨ ਕਦਮਾਂ ਨਾਲ ਸਾਰੇ ਬ੍ਰਹਿਮੰਡ ਨੂੰ ਉਲੰਘ ਲਿਆ ਸੀ ।

2 ਰਿਗਵੇਦ ਵਿਚ ਸੂਰਜ ਨੂੰ ਤ੍ਰਿਵਿਕ੍ਰਮ ਕਿਹਾ ਗਿਆ ਹੈ ਅਤੇ ਇਹ ਨਾਂ ਸੂਰਜ ਦੀਆਂ ਤਿੰਨ ਅਵਸਥਾਵਾਂ ਸੂਰਜ ਦਾ ਉਦੇ ਹੋਣਾ, ਸਿਖਰ 'ਤੇ ਪਹੁੰਚਣਾ ਤੇ ਅਸਤ ਹੋਣ ਦੀਆਂ ਸੂਚਕ ਹਨ ।

(ਤ-125) **ਤ੍ਰਿਵੇਣੀ** :

ਤਿੰਨ ਵਹਿਣਾਂ ਅਥਵਾ ਨਦੀਆਂ ਦਾ ਸੰਗਮ; ਇਹ ਨਾਂ ਜ਼ਿਆਦਾਤਰ ਪ੍ਰਯਾਗ ਲਈ ਵਰਤਿਆ ਜਾਂਦਾ ਹੈ, ਜਿਥੇ ਗੰਗਾ-ਜਮਨਾ ਤੇ ਸਰਸਵਤੀ ਦਾ ਮੇਲ ਹੁੰਦਾ ਹੈ । ਇਥੇ ਗੰਗਾ ਤੇ ਜਮਨਾ ਆਪੋ ਵਿਚ ਮਿਲਦੀਆਂ ਦਿਸਦੀਆਂ ਹਨ । ਤੀਜੀ ਸਰਸਵਤੀ ਬਾਰੇ ਪ੍ਰਸਿਧ ਹੈ ਕਿ ਉਹ ਇਥੇ ਗੁਪਤ ਰੂਪ ਵਿਚ, ਗੰਗਾ ਤੇ ਜਮਨਾ ਦੇ ਨਾਲ ਆ ਰਲਦੀ ਹੈ । ਤ੍ਰਿਵੇਣੀ ਬੜਾ ਪਵਿੱਤਰ ਅਸਥਾਨ ਹੈ ਅਤੇ ਇਥੇ ਹਰ ਬਾਰਾਂ ਸਾਲਾਂ ਮਗਰੋਂ ਕੁੰਭ ਦਾ ਮੇਲਾ ਲਗਦੇ, ਜਿਸ 'ਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸਾਧੂ ਸੰਤ ਤੇ ਯਾਤਰੂ ਇਸ਼ਨਾਨ ਕਰਨ ਲਈ

ਵੇਦਾਂ—ਰਿਗ, ਯਜੁਰ ਤੇ ਸਾਮਵੇਦ ਦਾ ਗਿਆਤਾ ਹੋਣ ਕਰ ਕੇ ਤ੍ਰਿਵੇਦੀ ਪ੍ਰਸਿਧ ਹੋਇਆ।

**(ਤ-127) ਤਿਰਹ :**

ਉਹ ਸਾਮਿਗਰੀ, ਕਪੜੇ ਤੇ ਸੁਗਾਤਾਂ, ਜੋ ਗੌਨੇ (ਮੁਕਲਾਵੇ) ਵੇਲੇ ਕੰਨਿਆਂ ਪੱਖ ਵਾਲੇ, ਵਰ ਪੱਖ ਨੂੰ ਦੇਂਦੇ ਹਨ। ਹਰਿਆਣੇ ਦੇ ਮਿਉ ਲੋਕਾਂ ਵਿਚ ਗੌਨੇ ਸਮੇਂ ਦੁਲ੍ਹੇ ਦੇ ਮਾਂ-ਪਿਉ ਤੇ ਭੈਣਾਂ ਭਰਾਵਾਂ ਨੂੰ ਤੇ ਕਈ ਵਾਰ ਕੁਝ ਹੋਰ ਅੰਗਾਂ ਸਾਕਾਂ ਦੇ ਕਪੜੇ ਦਿਤੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਕੁਝ ਅੰਨ ਵੀ ਦਾਜ ਵਜੋਂ ਦਿਤਾ ਜਾਂਦਾ ਹੈ, ਜੋ ਪੰਜ ਮਣ ਤੋਂ 30 ਮਣ ਤਕ ਹੁੰਦਾ ਹੈ। ਮਿਉ ਵਿਚ ਗੌਨੇ ਸਮੇਂ ਗਾਵਾਂ ਦੇਣ ਦੀ ਵੀ ਪ੍ਰਥਾ ਹੈ। ਇਹ ਸਭ ਵਸਤੂਆਂ 'ਤਿਰਹ' ਅਖਵਾਉਂਦੀਆਂ ਹਨ।

**(ਤ-128) ਤਿਰੌਂਦਾ, ਤਿਰੌਂਚਾ :**

ਵਿਆਹ ਮਗਰੋਂ ਲੜਕੀ ਦੀ ਤੀਜੀ ਵਾਰ ਸਹੁਰੇ ਘਰ ਜਾਣ ਦੀ ਰਸਮ; ਲਹਿੰਦੇ ਵਿਚ, ਇਸ ਰਸਮ ਨੂੰ ਮੁਕਲਾਵੇ ਜਿਤਨੀ ਹੀ ਮਾਨਤਾ ਦਿਤੀ ਜਾਂਦੀ ਹੈ ਤੇ ਇਸ ਮੌਕੇ ਤੇ ਧੀ/ਜਵਾਈ ਨੂੰ ਕਪੜੇ, ਗਹਿਣੇ ਤੇ ਹੋਰ ਨਿਕ ਸੁਕ ਦੇ ਕੇ ਤੋਰਿਆ ਜਾਂਦਾ ਹੈ।

ਹੁਸ਼ਿਆਰਪੁਰ ਦੇ ਕਈ ਜਾਟ ਕਬੀਲਿਆਂ ਵਿਚ ਤਿਰੌਂਚਾ ਬੜੀ ਮਹੱਤਤਾ ਰਖਦਾ ਹੈ। ਇਹ ਮੁਕਲਾਵੇ ਮਗਰੋਂ ਪਾਇਆ ਫੇਰਾ ਹੁੰਦਾ ਹੈ ਤੇ ਇਸ ਬਿਨਾਂ ਵਿਆਹ ਮੁਕੰਮਲ ਨਹੀਂ ਹੋਂਦਾ। ਇਸ ਫੇਰੇ ਤੇ ਮਾਪੇ ਧੀ ਨੂੰ ਕਪੜੇ ਦੇਂਦੇ ਹਨ (ਹੁਸ਼ਿਆਰਪੁਰ ਗਜ਼ਟੀਅਰ, ਪੰਨਾ 33)।

ਤੀਜੇ ਫੇਰੇ ਲੜਕੀ ਨੂੰ ਸਹੁਰੇ ਜਾਣ ਲਗਿਆਂ ਮਾਪੇ ਜੋ ਕਪੜਾ-ਲੱਤਾ ਦੇਂਦੇ ਹਨ, ਉਸ ਨੂੰ ਵੀ 'ਤਿਰੌਂਚਾ' ਕਿਹਾ ਜਾਂਦਾ ਹੈ।

**(ਤ-129) ਤਿਲ :**

1. ਤਿਲਾਂ ਨਾਲ ਬਹੁਤ ਸਾਰੀ ਲੋਕਧਾਰਾ ਜੁੜੀ ਹੋਈ ਹੈ। ਇਕ ਕਥਾ ਅਨੁਸਾਰ ਤਿਲ ਵਿਸ਼ਨੂੰ ਦੇ ਉਸ ਵਾਲ ਵਿਚ ਉਗੇ, ਜੋ ਧਰਤੀ ਉਤੇ ਡਿਗ ਕੇ ਮੋਲ ਗਿਆ ਤੇ ਬੂਟਾ ਬਣ ਗਿਆ। ਫਲਸਰੂਪ ਤਿਲਾਂ ਦੇ ਦਾਨ ਤੇ ਵਿਸ਼ਨੂੰ ਪ੍ਰਸੰਨ ਹੁੰਦਾ ਹੈ। ਇਕ ਹੋਰ ਕਥਾ ਅਨੁਸਾਰ ਤਿਲਾਂ ਦੀ ਖੇਤੀ, ਸਭ ਤੋਂ ਪਹਿਲਾਂ ਪਾਰਬਤੀ ਨੇ ਕੀਤੀ। ਪਾਰਬਤੀ ਇਸ [illegible] ਨੂੰ

ਵਿਸ਼ੇਸ਼ ਸਥਾਨ ਪ੍ਰਾਪਤ ਹੈ। ਵਿਆਹ ਤੋਂ ਮਗਰੋਂ ਦੁਲ੍ਹਨ ਦੇ ਸਹੁਰੇ ਘਰ, ਜੋ ਰੀਤਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚੋਂ ਇਕ ਰੀਤ 'ਤਿਲ-ਮੇਥਰੇ' ਵੀ ਹੈ। ਇਹ ਰੀਤ ਪੁੱਤਰ ਦੀ ਉਤਪਤੀ ਲਈ ਕੀਤੀ ਜਾਂਦੀ ਹੈ। ਲਾਵਾਂ ਤੋਂ ਮਗਰੋਂ ਜੇ ਦੁਲ੍ਹਨ ਤਿਲਾਂ ਦਾ ਫੱਕਾ ਮਾਰ ਲਵੇ ਤਾਂ ਉਸ ਦੇ ਘਰ ਔਲਾਦ ਛੇਤੀ ਹੁੰਦੀ ਹੈ। ਜੇ ਨਿਰਸੰਤਾਨ ਇਸਤਰੀ ਚਾਲ੍ਹੀ ਦਿਨ ਚਾਲੀ ਵਖੋ ਵਖਰੇ ਘਰਾਂ ਤੋਂ ਤਿਲ ਲਿਆ ਕੇ ਚਬੇ ਤਾਂ ਉਸਦੇ ਘਰ ਔਲਾਦ ਹੋ ਜਾਂਦੀ ਹੈ। ਇਕ ਹੋਰ ਧਾਰਨਾ ਅਨੁਸਾਰ ਜੇ ਹਰ ਪੂਰਨਮਾਸ਼ੀ ਨੂੰ ਚੰਨ ਨੂੰ ਤਿਲਾਂ ਦਾ ਅਰਘਾ ਦਿਤਾ ਜਾਵੇ ਤਾਂ ਚੰਨ ਵਰਗਾ ਲੜਕਾ ਪੈਦਾ ਹੁੰਦਾ ਹੈ।

ਹਿੰਦੂਆਂ ਦੇ ਪੂਜਾ-ਪਾਠ ਤੇ ਦਾਨ-ਪੁੰਨ ਵਿਚ, ਤਿਲਾਂ ਦੀ ਖਾਸ ਮਹੱਤਤਾ ਹੈ। ਉਤਪਾਦਨ ਕੀਤਾਂ ਵੇਲੇ ਵੀ ਤਿਲ ਪੂਜ ਕੇ ਦੁਲ੍ਹਨ ਨੂੰ ਖਵਾਏ ਜਾਂਦੇ ਹਨ। ਮਕਰ ਸੰਕਰਾਂਤ ਅਥਵਾ ਮਾਘੀ ਵਾਲੇ ਦਿਨ ਤਿਲਾਂ ਦੀ ਵਰਤੋਂ ਕਈ ਤਰ੍ਹਾਂ ਕੀਤੀ ਜਾਂਦੀ ਹੈ। ਇਸ ਦਿਨ ਤਿਲਾਂ ਨਾਲ ਸਬੰਧਿਤ ਛੇ ਕੰਮ ਕੀਤੇ ਜਾਂਦੇ ਹਨ—ਤਿਲਾਂ ਦਾ ਵੱਟਣਾ ਸਰੀਰ ਤੇ ਮਲਣਾ, ਤਿਲਾਂ ਵਾਲੇ ਜਲ ਵਿਚ ਇਸ਼ਨਾਨ ਕਰਨਾ, ਤਿਲਾਂ ਵਾਲਾ ਜਲ ਪੀਣਾ, ਤਿਲਾਂ ਦੇ ਛੱਟੇ ਮਾਰਨਾ, ਤਿਲਾਂ ਦਾ ਹਵਨ ਕਰਨਾ। ਤਿਲਾਂ ਦੇ ਲੱਡੂ ਜਾਂ ਤਿਲ-ਸ਼ਕਰੀ ਦਾਨ ਕਰਨਾ। ਮਾਘੀ ਵਾਲੇ ਦਿਨ ਇਸ਼ਨਾਨ ਕਰਨ ਲਗਿਆਂ ਕਈ ਲੋਕ ਪਹਿਲਾਂ ਤਿਲਾਂ ਦੇ ਤੇਲ ਨਾਲ ਮਾਲਸ਼ ਕਰ ਲੈਂਦੇ ਹਨ।

ਤਿਲਾਂ ਦੇ ਦਾਨ ਦਾ ਬੜਾ ਮਹਾਤਮ ਹੈ। ਲੋਕ-ਧਾਰਨਾ ਅਨੁਸਾਰ ਤਿਲ ਸਵਾਸਾਂ ਦੇ ਪ੍ਰਤੀਕ ਹਨ। ਤਿਲ ਦਾਨ ਦੇਣ ਨਾਲ ਪ੍ਰਾਣੀ ਦੀ ਉਮਰ ਲੰਮੀ ਹੁੰਦੀ ਹੈ।

ਮ੍ਰਿਤਕ ਸਬੰਧੀ ਰੀਤਾਂ ਵਿਚ ਵੀ, ਤਿਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮ੍ਰਿਤਕ ਨਮਿਤ ਜੋ ਪਿੰਡ ਤਿਆਰ ਕੀਤੇ ਜਾਂਦੇ ਹਨ, ਉਨ੍ਹਾਂ ਵਿਚ ਤਿਲ ਵੀ ਕੁਟ ਕੇ ਪਾਏ ਜਾਂਦੇ ਹਨ। ਪਹਿਲਿਆਂ ਵਿਚ ਜਦੋਂ ਸਤੀ ਚਿਖਾ ਤੇ ਚੜ੍ਹਨ ਲਈ ਮੜ੍ਹੀਆਂ 'ਤੇ ਜਾਂਦੀ ਸੀ ਤਾਂ ਉਸਨੇ ਆਪਣੇ ਹੱਥ ਵਿਚ ਤਿਲ ਅਤੇ ਕੁਸ਼ਾ ਘਾਹ ਚੁਕਿਆ ਹੁੰਦਾ ਸੀ।

ਜਾਦੂ ਟੂਣੇ ਲਈ ਵੀ ਤਿਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਕੋਈ ਸ਼ਖ਼ਸ ਕਿਸੇ ਦੇ ਹਥੋਂ ਕਾਲੇ ਤਿਲ ਤਲੀ 'ਤੇ ਲੈ ਕੇ ਖਾ ਲਏ ਤਾਂ ਤਿਲ ਦੇਣ ਵਾਲਾ ਹਮੇਸ਼ਾਂ ਲਈ ਤਿਲ ਖਾਣ ਵਾਲੇ ਦਾ ਗ਼ੁਲਾਮ ਹੋ ਕੇ ਰਹਿ ਜਾਂਦਾ ਹੈ। ਕਾਲੇ ਤਿਲਾਂ ਨਾਲ ਕੀਤਾ ਟੂਣਾ ਬੜੀ ਛੇਤੀ ਅਸਰ ਕਰਦਾ ਹੈ।

ਤਿਲ ਦੀਆਂ ਕਈ ਮਠਿਆਈਆਂ ਬਣਾਈਆਂ ਜਾਂਦੀਆਂ

2. ਸਰੀਰ ਉਤੇ ਪਿਆ ਹਰੇ ਕਾਲੇ ਰੰਗ ਦਾ ਕੁਦਰਤੀ ਦਾਗ਼; ਇਸ ਬਾਰੇ ਕਈ ਮਨੌਤਾਂ ਹਨ। ਜੇ ਕਿਸੇ ਕੁੜੀ ਦੇ ਗਲੇ ਉਤੇ ਤਿਲ ਹੋਵੇ ਤਾਂ ਉਸ ਨੂੰ ਵਿਆਹ 'ਤੇ ਕਾਫ਼ੀ ਸਾਰੇ ਗਹਿਣੇ ਪੈਂਦੇ ਹਨ। ਖ਼ਾਸ ਤੌਰ ਤੇ ਹੱਥ, ਜਾਂ ਛਾਤੀ ਉਤੇ ਤਿਲ ਹੋਵੇ ਤਾਂ ਹਾਰ, ਜੇ ਕਲਾਈ ਉਤੇ ਹੋਵੇ ਤਾਂ ਸੋਨੇ ਦੀਆਂ ਚੂੜੀਆਂ ਤੇ ਜੇ ਉਂਗਲਾਂ 'ਤੇ ਹੋਣ ਤਾਂ ਸੋਨੇ ਦੀਆਂ ਮੁੰਦਰੀਆਂ ਪੈਂਦੀਆਂ ਹਨ। ਜੇ ਕਿਸੇ ਦੀ ਧੁੰਨੀ ਕੋਲ, ਕਾਲਾ ਤਿਲ ਹੋਵੇ ਤਾਂ ਉਹ ਬੜਾ ਧਨੀ ਤੇ ਭਾਗਵਾਨ ਹੁੰਦਾ ਹੈ। ਉਹ ਬੜਾ ਨਾਮਣਾ ਖੱਟਦਾ ਹੈ।

(ਤ-130) **ਤਿਲ ਸੰਕਰਾਂਤੀ** :

ਮਾਘ ਦੀ ਸੰਗਰਾਂਦ ਨੂੰ, ਜਦੋਂ ਸੂਰਜ ਮਕਰ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਤਿਲ ਸੰਕਰਾਂਤੀ ਹੁੰਦੀ ਹੈ। ਕਿਉਂ ਜੋ ਇਸ ਦਿਨ ਤਿਲ ਦੇ ਪਾਣੀ ਵਿਚ ਇਸ਼ਨਾਨ ਕਰਨ, ਤਿਲ ਦੀਆਂ ਬਣੀਆਂ ਵਸਤੂਆਂ—ਤਿਲਸ਼ਕਰੀ, ਤਿਲਪਟੀ ਤੇ ਤਿਲਭੁੱਗਾ ਆਦਿ ਖਾਣ ਤੇ ਤਿਲਾਂ ਦਾ ਦਾਨ ਕਰਨ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ। ਕਈ ਲੋਕ, ਪੰਡਤ/ਪਾਂਧਿਆਂ ਨੂੰ ਤਿਲਾਂ ਦੀਆਂ ਵਸਤੂਆਂ ਭੇਟ ਕਰ ਕੇ, ਇਸ਼ਨਾਨ ਕਰਨ ਤੇ ਸੂਰਜ ਦੇਵਤੇ ਦੀ ਪੂਜਾ ਕਰਨ ਲਈ ਵੀ ਸ਼ੁਭ ਘੜੀ ਦਾ ਪਤਾ ਲਗਾਉਂਦੇ ਹਨ।

(ਤ-131) **ਤਿਲਕ** :

(ੳ) ਕੇਸਰ, ਚੰਦਨ ਅਥਵਾ ਭਸਮ ਆਦਿ ਦਾ ਮੱਥੇ 'ਤੇ ਲਗਾਇਆ ਟਿੱਕਾ; ਮੱਥੇ ਉਤੇ ਤਿਲਕ ਲਗਾਉਣ ਦਾ ਰਵਾਜ ਵੈਦਿਕ ਕਾਲ ਤੋਂ ਚਲਿਆ ਆ ਰਿਹਾ ਹੈ। ਪਹਿਲਾਂ ਪਹਿਲ ਟਿੱਕਾ ਕੁੱਸਾ ਘਾਹ ਦੇ ਰਸ ਨਾਲ ਲਗਾਇਆ ਜਾਂਦਾ ਸੀ, ਮਗਰੋਂ ਚੰਦਨ, ਕੇਸਰ ਤੇ ਭਸਮ ਦੇ ਟਿੱਕਿਆਂ ਦਾ ਰਵਾਜ ਪਿਆ।

ਹਿੰਦੂ-ਮਤ ਦੇ ਭਿੰਨ ਭਿੰਨ ਸੰਪਰਦਾਵਾਂ ਵਿਚ, ਵਖੋ ਵਖ ਤਰ੍ਹਾਂ ਦੇ ਤਿਲਕ ਲਗਾਏ ਜਾਂਦੇ ਹਨ। ਵੈਸ਼ਨਵ ਮਤ ਵਾਲੇ ਖੜਾ ਤਿਲਕ ਲਗਾਂਦੇ ਹਨ, ਜੋ ਪੁੰਡ੍ਰ ਅਥਵਾ ਗੰਨੇ ਦੀ ਪੋਰੀ ਦੀ ਸ਼ਕਲ ਦਾ ਹੋਣ ਕਰਕੇ, 'ਊਰਧ-ਪੁੰਡ੍ਰ' ਅਖਵਾਂਦਾ ਹੈ। ਇਸ ਤਿਲਕ ਨੂੰ, ਮੱਥੇ ਉਤੇ ਤਿੰਨ ਸਿੱਧੀਆਂ ਲਕੀਰਾਂ ||| ਤੇ ਹੇਠਾਂ ਇਕ ਲੇਟਵੀਂ ਲਕੀਰ ਵਾਹ ਕੇ ਬਣਾਇਆ ਜਾਂਦਾ ਹੈ। ਸ਼ੈਵਮਤ ਵਾਲਿਆਂ ਦਾ ਤਿਲਕ, ਦੂਜ ਦੇ ਚੰਨ ਵਾਂਗ ਰਤਾ ਟੇਢਾ ਹੁੰਦਾ ਹੈ ਤੇ ਤ੍ਰਿਪੁੰਡ੍ਰ ⁀ ਅਖਵਾਉਂਦਾ ਹੈ।

ਨਾਲ ਭਿੱਜੇ ਹੋਏ ਚਾਵਲ ਉਪਰ ਚਿਪਕਾ ਦੇਂਦੇ
ਸ਼ਾਕਤ ਮਤ ਵਾਲੇ ਦੋਹਾਂ ਭਰਵੱਟਿਆਂ ਦੇ ਵਿਚਕਾ
ਅਰਧ-ਚੰਨ ਬਣਾਂਦੇ ਹਨ ਜਿਸ ਵਿਚ ਦੀਵੇ ਜਾਂ ਕੋ
ਕਾਲਖ਼ ਨਾਲ ਬਿੰਦੀ ਲਗਾਂਦੇ ਹਨ।

ਵੈਸ਼ਨਵ ਮਤ ਵਿਚ 12 ਪ੍ਰਕਾਰ ਦੇ ਤਿਲਕਾਂ ਦਾ
ਹੈ। ਪਦਮ ਪੁਰਾਣ ਅਨੁਸਾਰ ਵੈਸ਼ਨਵ ਮਤ ਨੂੰ ਬਾਰਾਂ
ਲੈ ਕੇ ਸਾਰੇ ਸਰੀਰ ਤੇ 12 ਤਿਲਕ ਲਗਾਣੇ ਚਾਹੀਦੇ
ਮੱਥੇ ਉਪਰ ਕੇਸਵ ਦਾ ਨਾਂ ਲੈ ਕੇ, ਪੇਟ ਤੇ ਨਾਰਾਇ
ਨਾਂ ਲੈ ਕੇ, ਛਾਤੀ 'ਤੇ ਮਾਧਵ ਦਾ, ਕੰਠ 'ਤੇ ਗੋਵਿੰਦ
ਸੱਜੀ ਕੁੱਖ 'ਤੇ ਵਿਸ਼ਨੂੰ, ਸੱਜੀ ਬਾਹ ਤੇ ਸ੍ਰੀਧਰ, ਖੱਬੇ
'ਤੇ ਰਿਸ਼ੀਕੇਸ਼, ਪਿਠ 'ਤੇ ਪਦਮ ਨਾਭ ਅਤੇ ਕਮ
ਦਾਮੋਦਰ ਨਾਂ ਦਾ ਉਚਾਰਨ ਕਰਕੇ, ਤਿਲਕ ਲ
ਚਾਹੀਦਾ ਹੈ। ਇਸ ਤਰ੍ਹਾਂ ਸਾਰਾ ਸਰੀਰ ਪਵਿ
ਜਾਂਦਾ ਹੈ।

(ਅ) ਪਹਿਲਿਆਂ ਵਿਚ ਜਦੋਂ ਕੋਈ ਨਵਾਂ
ਸਿੰਘਾਸਨ 'ਤੇ ਬੈਠਦਾ ਤਾਂ ਮੱਥੇ 'ਤੇ ਕੇਸਰ ਦਾ
ਲਗਾਇਆ ਜਾਂਦਾ।

(ੲ) ਧਨੀ ਦੇ ਇਲਾਕੇ ਵਿਚ ਸ਼ਗਨ ਆਉਣ
ਲੜਕੇ ਦੇ ਮੱਥੇ ਤੇ ਕੇਸਰ ਦਾ ਤਿਲਕ ਭਾਈ ਜਾਂ
ਲਗਾਂਦਾ ਹੈ।

(ਸ) ਹਰ ਮਤ ਵਾਲਿਆਂ ਦੇ ਵਖਰੇ-ਸੁਵਖਰੇ ਤਿ
ਹਨ। ਤਿਲਕ ਦੀਆਂ ਲਕੀਰਾਂ ਤੋਂ ਹੀ ਅਨੁਮਾਨ ਲਗਾ
ਜਾ ਸਕਦਾ ਹੈ ਕਿ ਇਹ ਸਾਧੂ ਕਿਸ ਸੰਪਰਦਾਇ ਦਾ
ਚੈਤਨਯਾ ਸਾਧੂ ਮੱਥੇ ਉਤੇ, ਜੋ ਤਿਲਕ ਲਗਾਂਦੇ ਹਨ,
ਦੋ ਚਿੱਟੀਆਂ ਖੜੀਆਂ ਲਕੀਰਾਂ ਹਨ, ਜੋ ਨੱਕ ਉਤੇ
ਰਲਦੀਆਂ ਹਨ ਤੇ ਇਥੋਂ ਇਕ ਹੋਰ ਲਕੀਰ ਨੱਕ ਦੀ
ਵਲ ਜਾਂਦੀ ਹੈ। ਚੈਤਨਯਾ ਸਾਧੂਆਂ ਦਾ ਇਕ ਹੋਰ ਫ
ਮੱਥੇ ਉਤੇ ਚਿੱਟੀਆਂ ਸਿੱਧੀਆਂ ਲਕੀਰਾਂ ਹੀ ਵਾਹੁੰਦਾ
ਜਿਵੇਂ (||), ਮਾਧਵ ਸਾਧੂ ਇਕ ਸਿੱਧੀ ਖੜੀ ਲਕੀਰ
ਉਤੇ ਲਗਾਂਦੇ ਹਨ, ਜਿਸ ਦੇ ਹੇਠਾਂ ਇਕ ਬਿੰਦੀ
ਹੁੰਦੀ ਹੈ (!)

ਵੱਲਭ ਸਾਧੂਆਂ ਦਾ ਤਿਲਕ ਦੋ ਖੜੀਆਂ ਲਾਲ ਲਕ
ਦਾ ਹੁੰਦਾ ਹੈ, ਜੋ ਹੇਠਾਂ ਇਕ ਗੁਲਾਈ ਵਿਚ
ਜਾਂਦੀਆਂ ਹਨ।

ਰਾਮਾਨੰਦੀ ਸਾਧੂਆਂ ਦੀ ਮ੍ਰਿਤਸੁਰੀ ਸੰਪਰਦਾ ਵਾਲੇ
ਉਤੇ ਦੋ ਖੜੀਆਂ, ਚਿੱਟੀਆਂ ਲਕੀਰਾਂ ਵਾਹੁੰਦੇ ਹਨ, ਜਿ

ਰਾਮਾਨੁਜ ਦੇ ਚੇਲੇ ਤਿੰਨ ਲੀਕਾਂ ਮੱਥੇ ਉਤੇ ਵਾਹੁੰਦੇ ਹਨ। ਵਿਚਕਾਰਲੀ ਲਕੀਰ ਲਾਲ ਤੇ ਬਾਹਰਲੀਆਂ ਦੋਵੇਂ ਚਿਟੀਆਂ ਹੁੰਦੀਆਂ ਹਨ। ਇਹ ਤਿੰਨੇ ਲਕੀਰਾਂ ਹੇਠੋਂ ਗੁਲਾਈ ਵਿਚ ਰਲਦੀਆਂ ਹਨ।

ਨਿਮਾਵਤ ਸਾਧੂ ਮੱਥੇ 'ਤੇ ਦੋ ਚਿਟੀਆਂ ਲਕੀਰਾਂ ਵਿਚਕਾਰ ਇਕ ਕਾਲੀ ਬਿੰਦੀ ਲਗਾਂਦੇ ਹਨ (l'l)

ਤਿਲਕ ਦੇ ਮੰਤਵ ਬਾਰੇ ਵਿਲਿਅਮ ਲਿਖਦਾ ਹੈ :

ਇਨ੍ਹਾਂ ਸੰਪਰਦਾਇਕ ਨਿਸ਼ਾਨਾਂ ਦਾ ਅਧਾਰ ਜਾਦੂ ਟੂਣਾ ਹੀ ਹੈ। ਇਨ੍ਹਾਂ ਚਿੰਨ੍ਹਾਂ ਦਾ ਮਨੋਰਥ ਪ੍ਰਤੱਖ ਰੂਪ ਵਿਚ ਇਹ ਪ੍ਰਗਟ ਕਰਨਾ ਹੈ ਕਿ ਇਨ੍ਹਾਂ ਨੂੰ ਧਾਰਨ ਵਾਲਾ ਦੇਵੀ ਸੁਰਖਸ਼ਾ ਦੇ ਅਧੀਨ ਹੈ, ਅਤੇ ਪ੍ਰੇਤ ਤੇ ਚੰਦਰੀਆਂ ਰੂਹਾਂ ਲਈ ਬਿਹਤਰ ਇਹੋ ਹੈ ਕਿ ਉਹ ਅਜਿਹੇ ਮਨੁੱਖ ਨੂੰ ਨੁਕਸਾਨ ਨਾ ਪਹੁੰਚਾਣ (ਥਿੰਗਜ਼ ਇੰਡੀਅਨ, ਪੰਨਾ 456)।

**(ਤ-132) ਤਿਲਕਰਾ :**

ਫ਼ਿਰੋਜ਼ਪੁਰ ਦੇ ਇਲਾਕੇ ਵਿਚ, ਮਹਾਰਾਜ ਵਿਖੇ, ਇਕ ਤਲਾਬ ਜੋ ਬੜਾ ਪਾਵਨ ਮੰਨਿਆ ਜਾਂਦਾ ਹੈ। 'ਮਹਾਰਾਜ' ਦਾ ਪਿੰਡ ਮੋਗੇ ਤੋਂ ਦੱਖਣ ਵਲ 36 ਮੀਲਾਂ ਦੀ ਵਿਥ ਉਤੇ ਸਥਿਤ ਹੈ। ਇਹ ਪਿੰਡ ਮਹਾਰਾਜ ਗੋਤ ਦੇ ਜੱਟਾਂ ਦਾ ਗੜ੍ਹ ਹੈ। ਪਟਿਆਲਾ, ਜੀਂਦ ਤੇ ਨਾਭੇ ਦੀਆਂ ਪੁਰਾਣੀਆਂ ਰਿਆਸਤਾਂ ਦੇ ਮਹਾਰਾਜੇ ਫੂਲਕੀਆ ਕਬੀਲੇ ਵਿਚੋਂ ਹੋਣ ਕਰ ਕੇ, 'ਮਹਾਰਾਜ ਕਿਆਂ' ਜੱਟਾਂ ਦੀ ਇਕ ਸਾਖ ਹਨ। ਫਿਰੋਜ਼ਪੁਰ ਗਜ਼ਟੀਅਰ (ਪੰਨਾ 76) ਅਨੁਸਾਰ ਹਰੇਕ ਫੂਲਕੀਆ ਰਿਆਸਤ ਦਾ ਰਾਜਾ ਆਪਣਾ ਇਹ ਫ਼ਰਜ਼ ਸਮਝਦਾ ਸੀ ਕਿ ਉਹ ਆਪਣੇ ਜੀਵਨ ਵਿਚ ਇਕ ਵਾਰ ਮਹਾਰਾਜ ਜ਼ਰੂਰ ਜਾਵੇ ਅਤੇ ਤਿਲਕਰਾ ਤਲਾਬ ਵਿਚੋਂ ਮਿੱਟੀ ਕੱਢੇ। ਇਸ ਮੌਕੇ 'ਤੇ, ਉਹ ਮਹਾਰਾਜ ਪਿੰਡ ਦੇ ਲੋਕਾਂ ਵਿਚ ਖੁਲ੍ਹਾ ਦਾਨ ਕਰਦੇ, ਹੌਲੀ ਹੌਲੀ ਇਹ ਰਸਮ ਖ਼ਤਮ ਹੋ ਗਈ।

**(ਤ-133) ਤਿਲ ਚਾਉਲੀ :**

ਤਿਲਾਂ ਤੇ ਚਾਵਲਾਂ ਨੂੰ ਮਿਲਾ ਕੇ ਬਣਾਇਆ ਇਕ ਖਾਧ ਪਦਾਰਥ। ਤੀਵੀਆਂ ਏਕਾਦਸ਼ੀ ਵਾਲੇ ਦਿਨ, ਵਰਤ ਰਖਦੀਆਂ ਹਨ ਤੇ ਮਨੋਕਾਮਨਾ ਦੀ ਪੂਰਤੀ ਲਈ, ਕੀੜੀਆਂ ਦੀਆਂ ਖੁੱਡਾਂ ਵਿਚ ਤਿਲ ਚਾਉਲੀ ਪਾਉਂਦੀਆਂ ਹਨ। ਕੀੜੀਆਂ ਦੀਆਂ ਖੁੱਡਾਂ ਵਿਚ ਤਿਲ-ਚਾਉਲੀ ਪਾਣਾ ਮਹਾਂ ਪੁੰਨ ਹੈ। ਇਹ ਸਾਰਾ ਪੁੰਨ ਅਗਲੇ ਜਨਮ ਦੇ ਸਫ਼ਰ ਦੇ ਰਾਹ ਵਿਚ ਰਹਿੰਦਾ ਹੈ।

ਨਵੀਂ ਬਾਹੀ ਜਦੋਂ ਡੋਲੀ ਘਰ ਆਉਂਦੀ ਹੈ ਤਾਂ ਗੁੜ ਘਿਉ ਵਿਚ ਤਿਲ ਚਾਵਲੀ ਬਣਾ ਕੇ ਵੰਡੀ ਜਾਂਦੀ ਹੈ।

ਰੋਹਤਕ ਦੇ ਮੁਸਲਮਾਨਾਂ ਵਿਚ, ਜਦੋਂ ਕਿਸੇ ਤੀਵੀਂ ਨੂੰ ਪਹਿਲਾ ਗਰਭ ਠਹਿਰਦਾ ਹੈ ਤਾਂ ਨਾਈ ਉਸ ਤੀਵੀਂ ਦੇ ਪੇਕਿਆਂ ਨੂੰ ਖ਼ਬਰ ਦੇਣ ਜਾਂਦਾ ਹੈ, ਤੀਵੀਂ ਦੇ ਪੇਕੇ ਨਾਈ ਨੂੰ ਨਕਦ ਰੁਪਿਆ ਤੇ ਤਿਲ ਚਾਉਲੀ ਦੇਂਦੇ ਹਨ।

**(ਤ-134) ਤਿਲ ਚਿੜ੍ਹੀ :**

ਚਿਹਰੇ ਜਾਂ ਸਰੀਰ ਦੇ ਕਿਸੇ ਅੰਗ ਉਤੇ ਸੁੰਦਰਤਾ ਲਈ ਸਾਵੇ ਰੰਗ ਦੀ ਤਿਲ ਵਰਗੀ ਬਿੰਦੀ ਉਕਰਨਾ। ਇਸ ਬਿੰਦੀ ਨੂੰ 'ਬਿੰਦ ਖਟੋਲੇ', 'ਤੰਦੋਲੇ' ਤੇ 'ਸਾਵਲ ਬਿੰਦੀ' ਵੀ ਕਹਿੰਦੇ ਹਨ। ਇਹ ਤਿੱਲ, ਕਾਚ ਮਾਰ, ਜਿਸ ਨੂੰ ਸਾਵਲ ਬੂਟੀ ਵੀ ਕਿਹਾ ਜਾਂਦਾ ਹੈ, ਦੇ ਸਾਵੇ ਰੰਗ ਦੇ ਰਸ ਨਾਲ ਉਕਰੀ ਜਾਂਦੀ ਹੈ। ਸੂਈ ਦੇ ਨੱਕੇ ਨਾਲ ਸਾਵਲ ਬੂਟੀ ਦਾ ਰਸ ਲਗਾ ਕੇ ਜਿਥੇ ਬਿੰਦੀ ਉਕਰਨੀ ਹੋਵੇ, ਉਥੇ ਚੋਭਾਂ ਦਿਤੀਆਂ ਜਾਂਦੀਆਂ ਹਨ।

ਪਹਿਲਿਆਂ ਵਿਚ ਇਸ ਦਾ ਬੜਾ ਰਵਾਜ ਸੀ, ਪਰ ਹੁਣ ਘਟਦਾ ਜਾ ਰਿਹਾ ਹੈ। ਬੁੱਢੀਆਂ ਤੀਵੀਆਂ ਦੇ ਚਿਹਰੇ ਤੇ ਸਰੀਰ ਉਤੇ ਤਿਲ-ਚਿੜ੍ਹੀਆਂ ਆਮ ਵੇਖਣ ਨੂੰ ਮਿਲਦੀਆਂ ਹਨ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਦੇ ਬਿੰਦੀਆਂ ਦਾ ਕਿਤਨਾ ਰਵਾਜ ਸੀ। ਤਿਲ ਚਿੜ੍ਹੀ ਜਿਥੇ ਚਿਹਰੇ ਦੀ ਸੁੰਦਰਤਾ ਵਿਚ ਵਾਧਾ ਕਰਨ ਲਈ ਉਕੇਰੀ ਜਾਂਦੀ ਹੈ, ਉਥੇ ਚਿਹਰੇ ਤੇ ਤਿਲ ਚਿੜ੍ਹੀ ਹੋਵੇ ਤਾਂ ਚੰਦਰੀ ਨਜ਼ਰ ਨਹੀਂ ਲਗਦੀ ਅਤੇ ਪ੍ਰੇਤ ਰੂਹਾਂ ਵੀ ਨੇੜੇ ਨਹੀਂ ਢੁਕਦੀਆਂ। ਲਹਿੰਦੇ ਵਿਚ ਇਹ ਵੀ ਧਾਰਨਾ ਹੈ ਕਿ ਜਦੋਂ ਪ੍ਰਾਣੀ ਮਰਦਾ ਹੈ ਤਾਂ ਇਹ ਬਿੰਦੀਆਂ ਦੀਵੇ ਵਾਂਗ ਜਗਮਗ ਕਰਦੀਆਂ ਆਤਮਾ ਦੇ ਸਵਰਗ ਲੋਕ ਦੀ ਯਾਤ੍ਰਾ ਵਿਚ ਸਾਥ ਦੇਂਦੀਆਂ ਹਨ। ਹਰ ਤਿਲ-ਚਿੜ੍ਹੀ ਦੀਵਾ ਬਣ ਕੇ ਹਨੇਰੇ ਮਾਰਗ ਨੂੰ ਰੋਸ਼ਨ ਕਰਦੀ ਹੈ।

ਚਿਹਰੇ ਤੇ ਜੋ ਬਿੰਦੀਆਂ ਉਕਰੀਆਂ ਜਾਂਦੀਆਂ ਹਨ, ਉਨ੍ਹਾਂ ਦੇ ਕਈ ਨਾਂ ਹਨ। ਜੇ ਬਿੰਦੀ ਗੱਲ੍ਹਾਂ ਤੋਂ ਹੇਠਾਂ ਠੋਡੀ ਨੇੜੇ ਹੋਵੇ ਤਾਂ 'ਭੰਵਰ ਬਿੰਦੀ' ਜੇ ਮੱਥੇ ਤੇ ਤਿੰਨ ਬਿੰਦੀਆਂ ਹੋਣ ਤਾਂ ਇਸ ਨੂੰ 'ਤ੍ਰਿਕੁਟੀ' ਕਿਹਾ ਜਾਂਦਾ ਹੈ, ਜੇ ਠੋਡੀ ਉਤੇ ਤਿੰਨ ਬਿੰਦੀਆਂ ਹੋਣ ਤਾਂ ਇਸ ਨੂੰ 'ਤ੍ਰੈਦਰਸ਼ੀ' ਕਿਹਾ ਜਾਂਦਾ ਹੈ।

ਉਚਰੀਆਂ ਜਾਂਦੀਆਂ ਹਨ, ਇਨ੍ਹਾਂ ਨਾਲ ਪ੍ਰੇਤ ਰੂਹਾਂ ਦੂਰ ਰਹਿੰਦੀਆਂ ਹਨ।

(ਤ-135) **ਤਿਲ-ਚੌਲੀ** :

ਪੰਜਾਬ ਵਿਚ ਜਦੋਂ ਧਾਨ ਪਕਦੇ ਹਨ, ਤਾਂ ਕਿਸਾਨ ਕੁਝ ਧਾਨ ਘਰ ਲੈ ਆਉਂਦਾ ਹੈ। ਕਿਸਾਨ ਦੀ ਤੀਵੀਆਂ ਧਾਨਾਂ ਨੂੰ ਛਟ ਕੇ, ਭੁੰਨਦੀਆਂ ਹਨ ਅਤੇ ਤਿਲ ਤੇ ਸ਼ਕਰ ਵਿਚ ਰਲਾ ਕੇ ਰਖਦੀਆਂ ਹਨ। ਕਈ ਵਾਰ ਕੱਚੇ ਚਾਵਲਾਂ ਵਿਚੋਂ ਹੀ ਤਿਲ ਤੇ ਸ਼ਕਰ ਰਲਾ ਕੇ ਖਾਧੀ ਜਾਂਦੀ ਹੈ। ਇਸ ਮਿੱਸੀ ਵਸਤੂ ਨੂੰ ਤਿਲ-ਚੌਲੀ ਕਿਹਾ ਜਾਂਦਾ ਹੈ। ਨਵਾਂ ਧਾਨ ਹਮੇਸ਼ਾਂ ਪਹਿਲਾਂ ਤਿਲ ਚੌਲੀ ਦੇ ਰੂਪ ਵਿਚ ਖਾਧਾ ਜਾਂਦਾ ਹੈ। ਇਸ ਤਰ੍ਹਾਂ ਧਾਨ ਵਿਚ ਬਰਕਤ ਪੈਂਦੀ ਮੰਨੀ ਜਾਂਦੀ ਹੈ। ਕਈ ਤਾਂ ਨਵੇਂ ਚਾਵਲ ਕਰਨ ਲਗਿਆਂ ਤਿਲ ਚੌਲੀ ਕਾਮਿਆਂ ਤੇ ਗਲੀ ਗੁਆਂਢ ਵਿਚ ਵੰਡਦੇ ਹਨ। ਪਛਮੀ ਪੰਜਾਬ ਵਿਚ ਧੀਆਂ ਜੁਆਈ ਤੇ ਹੋਰ ਅੰਗ ਸਾਕਾਂ ਨੂੰ ਤਿਲ-ਚੌਲੀ ਸੁਗਾਤ ਵਜੋਂ ਭੇਜੀ ਜਾਂਦੀ ਹੈ। ਲੋਕ ਨਿਸਚੇ ਅਨੁਸਾਰ, ਤਿਲ ਚੌਲੀ ਦੇ ਵੰਡਣ ਨਾਲ ਜਣਨ ਸ਼ਕਤੀ ਮੌਲਦੀ ਹੈ। ਇਕ ਗੀਤ ਵਿਚ ਇਸੇ ਗੱਲ ਵਲ ਸੰਕੇਤ ਵੀ ਮਿਲਦਾ ਹੈ :

ਤਿੱਲ ਚੌਲੀਏ ਨੀ, ਗੀਗਾ ਮੌਲੀਏ ਨੀ
ਗੀਗਾ ਜੰਮਿਆ ਨੀ, ਗੁੜ ਵੰਡਿਆ ਨੀ
ਗੁੜ ਦੀਆਂ ਰੋੜੀਆਂ ਨੀ, ਭਰਾਵਾਂ ਦੀਆਂ ਜੋੜੀਆਂ ਨੀ
ਗਿੱਗਾ ਆਪ ਜੀਵੇਗਾ, ਘੁੰਮਾਈ ਬਾਪ ਜੀਵੇਗਾ।

ਤਿੱਲ-ਚੌਲੀ ਲੋਹੜੀ ਦੀ ਅੱਗ ਵਿਚ ਭੇਟ ਕਰਨੀ ਸ਼ੁਭ ਮੰਨੀ ਜਾਂਦੀ ਹੈ। ਇਕ ਨਿਸਚੇ ਅਨੁਸਾਰ, ਜੇ ਕੋਈ ਤੀਵੀਂ ਲੋਹੜੀ ਦੀ ਅੱਗ ਦੀਆਂ ਸੱਤ ਪ੍ਰਕਰਮਾਂ ਕਰ ਕੇ ਤਿਲ-ਚੌਲੀ ਅੱਗ ਵਿਚ ਸੁੱਟੇ ਤਾਂ ਉਸ ਦੀ ਕੁਖ ਹਰੀ ਹੋ ਜਾਂਦੀ ਹੈ।

(ਤ-136) **ਤਿਲ-ਪੱਤਰਾ** :

ਫੁਲਕਾਰੀ ਦੀ ਇਕ ਕਿਸਮ, ਜੋ ਘਟੀਆ ਖੱਦਰ ਉਤੇ ਸਾਧਾਰਨ ਧਾਗਿਆਂ ਨਾਲ ਕੱਢੀ ਜਾਂਦੀ ਹੈ। ਵਿਆਹ ਸ਼ਾਦੀ ਦੇ ਮੌਕਿਆਂ 'ਤੇ ਦਾਜ ਵਿਚ ਲਾੜੇ ਦੇ ਅੰਗ ਸਾਕਾਂ ਲਈ ਮਿਲਣੀ ਦੇ ਜੋ ਕਪੜੇ ਦੇਏ ਜਾਂਦੇ ਹਨ, ਉਨ੍ਹਾਂ ਵਿਚ ਤਿਲ-ਪਤਰੇ ਦੇਣ ਦਾ ਰਵਾਜ ਆਮ ਹੈ। ਕਈ ਧਨੀ ਲੋਕ ਵਿਆਹ ਸਮੇਂ, ਹਲਕੇ ਕਿਸਮ ਦੇ ਤਿਲ-ਪਤਰੇ ਆਪਣੇ ਕੰਮੀਆਂ ਕਮੀਣਾਂ ਨੂੰ ਤੁਹਫ਼ੇ ਵਜੋਂ ਭੇਟ ਕਰਦੇ ਹਨ। ਜਿਸ

ਆਉਂਦੀ ਹੈ ਤਾਂ ਪਾਣੀ ਵਾਰਨ ਮਗਰੋਂ ਤਿਲ ਮੇਥਰੇ ਦੀ ਰਸਮ ਕੀਤੀ ਜਾਂਦੀ ਹੈ। ਇਕ ਥਾਲ ਵਿਚ ਤਿਲ ਮੇਥਰੇ ਪਾ ਲਏ ਜਾਂਦੇ ਹਨ। ਸੱਸ ਬੁਕ ਭਰ ਕੇ ਨੂੰਹ ਦੀ ਹਥੇਲੀ ਵਿਚ ਮਿਲੇ ਮੇਥਰੇ ਪਾਂਦੀ ਹੈ ਤੇ ਨੂੰਹ ਸੱਸ ਦੀ ਹਥੇਲੀ ਵਿਚ। ਨਾਲ ਹੀ ਇਹ ਬੋਲ ਉਚਾਰੇ ਜਾਂਦੇ ਹਨ :

ਨੂੰਹ ਤੇ ਸੱਸ ਤਿਲ-ਮੇਥਰੇ
ਜਿਉਂ ਜਿਉਂ ਸੱਸ ਤਿਲ ਚੁਣੇਸੀ
ਤਿਉਂ ਤਿਉਂ ਨੂੰਹ ਪੁੱਤਰ ਜਣੇਸੀ
ਪੁੱਤਰ ਜਣੇਸੀ ਸੱਤ ਪੁੱਤਰੀ ਹੋਸੀ।

ਇਸ ਮਗਰੋਂ ਨਨਾਣ ਭਰਜਾਈ ਇਕ ਦੂਜੀ ਦੀਆਂ ਬੁਕਾਂ ਵਿਚ ਤਿੱਲ-ਮੇਥਰੇ ਪਾਂਦੀਆਂ ਹਨ ਤੇ ਨਾਲ ਹੀ ਗਾਉਂਦੀਆਂ ਹਨ :

ਨਨਾਣ ਭਰਜਾਈ ਦੋ ਤਿਲ ਮੇਥਰੇ
ਜਿਉਂ ਜਿਉਂ ਨਨਾਣ ਤਿਲ ਚੁਣੇਸੀ
ਤਿਉਂ ਤਿਉਂ ਭਾਬੀ ਪੁੱਤਰ ਜਣੇਸੀ
ਪੁੱਤਰ ਜਣੇਸੀ ਸੱਤ ਪੁੱਤਰੀ ਹੋਸੀ।

ਇਹ ਰੀਤ ਉਪਜਾਇਕਤਾ ਸਬੰਧੀ ਹੈ ਤੇ ਇਸ ਦਾ ਮਨੋਰਥ ਦੁਲ੍ਹਨ ਦੀ ਜਣਨ-ਸਕਤੀ ਨੂੰ ਬਲਵਾਨ ਬਣਾਉਣਾ ਹੈ। ਇਕ ਗੀਤ ਵਿਚ ਦਸਿਆ ਗਿਆ ਹੈ ਕਿ ਜਿਤਨੇ ਜ਼ਿਆਦਾ ਤਿਲ ਦੁਲ੍ਹਨ ਧਰਤੀ ਉਤੇ ਕੇਰਦੀ ਹੈ ਉਤਨੇ ਜ਼ਿਆਦਾ ਪੁੱਤਰ ਜੰਮਦੀ ਹੈ :

ਜਿਤਨੇ ਧਰਤੀ ਤਿਲ ਗਿਰੇਸੀ
ਉਤਨੇ ਬਹੁਤੇ ਪੁੱਤ ਜਣੇਸੀ।

(ਤ-138) **ਤਿਲ-ਰੋੜੀ** :

ਹਿੰਦੂਆਂ ਦੀ ਧਾਰਨਾ ਹੈ ਕਿ ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਅਥਵਾ ਪੋਹ ਦੇ ਮਹੀਨੇ ਦੀ ਆਖ਼ਰੀ ਰਾਤ ਬੜੀ ਪਵਿਤ੍ਰ ਹੁੰਦੀ ਹੈ ਅਤੇ ਇਸ ਦਿਨ ਤਿਲ ਤੇ ਗੁੜ ਦਾ ਹਵਨ ਕਰਨ ਦਾ ਅਥਵਾ ਤਿਲ-ਗੁੜ ਨੂੰ ਅੱਗ ਵਿਚ ਸੁਟਣ ਦਾ ਬੜਾ ਮਹਾਤਮ ਹੈ। ਇਸ ਦਿਨ ਤਿਲ ਤੇ ਗੁੜ ਦਾਨ ਕਰਨ ਅਥਵਾ ਖਾਣ ਨਾਲ ਕਲਿਆਨ ਹੁੰਦਾ ਹੈ। ਇਕ ਧਾਰਨਾ ਅਨੁਸਾਰ ਲੋਹੜੀ ਸ਼ਬਦ ਤਿਲ-ਰੋੜੀ- ਤਿਲੋੜੀ ਤੋਂ ਹੀ ਵਿਗੜ ਕੇ ਬਣਿਆ ਹੈ (ਵੇਖੋ : ਲੋਹੜੀ)।

(ਤ-139) **ਤਿਲ ਵੱਟਣਾ** :

ਦੇਵੀਆਂ ਤੋਂ ਵਧੇਰੇ ਸੁੰਦਰ ਤੇ ਆਕਰਸ਼ਕ ਹੈ (ਵੇਖੋ : ਵਟਣਾ)। ਵਿਆਹ ਦੇ ਪੂਰਬਲੇ ਦਿਨ ਤਿਲ ਵਟਣਾ ਮਲਣ ਦਾ ਰਵਾਜ ਹੈ, ਜਿਸ ਨਾਲ ਚਿਹਰਾ ਖਿਲ ਉਠਦਾ ਹੈ।

(ਤ-140) **ਤਿਲ ਵੇਤਰੇ** :

(ੳ) ਵਿਆਹ ਨਾਲ ਸਬੰਧਤ ਇਕ ਰਸਮ; ਮੁਜ਼ਫਰਗੜ੍ਹ ਜ਼ਿਲੇ ਦੇ ਮੁਸਲਮਾਨਾਂ ਵਿਚ ਇਹ ਰਸਮ 'ਫੁੱਲ ਚੁਣਨ' ਦੀ ਰਸਮ ਮਗਰੋਂ ਕੀਤੀ ਜਾਂਦੀ ਹੈ। ਲਾੜਾ ਆਪਣੇ ਦੋਹਾਂ ਹੱਥਾਂ ਦੀ ਬੁੱਕ ਬਣਾ ਲੈਂਦਾ ਹੈ। ਉਸ ਦੀ ਬੁੱਕ ਦੇ ਹੇਠਾਂ ਦੁਲ੍ਹਨ ਆਪਣੀ ਬੁੱਕ ਧਰਦੀ ਹੈ। ਲਾੜੇ ਦੀ ਬੁੱਕ ਵਿਚ ਆਟਾ/ਤਿਲ/ਲੂਣ ਪਾ ਦਿਤਾ ਜਾਂਦਾ ਹੈ, ਜੋ ਉਹ ਆਪਣੀ ਬੁੱਕ ਵਿਚੋਂ ਹੇਠਾਂ ਦੁਲ੍ਹਨ ਦੀ ਬੁਕ ਵਿਚ ਕੇਰਦਾ ਹੈ। ਫਿਰ ਦੁਲ੍ਹਨ ਆਪਣੀ ਬੁੱਕ ਵਿਚੋਂ ਇਹੋ ਸਾਮਗਰੀ ਦੁਲ੍ਹੇ ਦੀ ਬੁਕ ਵਿਚ ਕੇਰਦੀ ਹੈ। ਇਸ ਤਰ੍ਹਾਂ ਸੱਤ ਵਾਰ ਕੀਤਾ ਜਾਂਦਾ ਹੈ। ਇਉਂ ਦੁਲ੍ਹਨ ਸੱਤ ਪੁੱਤਰੀ ਹੁੰਦੀ ਹੈ।

ਇਸ ਰਸਮ ਨੂੰ ਕਈ ਇਲਾਕਿਆਂ ਵਿਚ ਤਿਲ-ਮੇਥਰੇ ਵੀ ਕਹਿੰਦੇ ਹਨ (ਵੇਖੋ : ਤਿਲ-ਮੇਥਰੇ)।

(ਅ) ਵਿਆਹ ਦੀ ਇਕ ਰਸਮ ਜਿਸ ਵਿਚ ਲਾੜੀ ਲਾੜੇ ਦੇ ਮੂੰਹ ਵਿਚ ਤੇ ਲਾੜਾ ਲਾੜੀ ਦੇ ਮੂੰਹ ਵਿਚ ਤਿਲ ਤੇ ਗੁੜ ਪਾਂਦੇ ਹਨ ਤੇ ਵਾਰੋ ਵਾਰ ਦੋਹਾਂ ਦੇ ਸਿਰਾਂ ਉਤੇ ਕਪਾਹ ਰੱਖੀ ਜਾਂਦੀ ਹੈ। ਲਾੜਾ ਲਾੜੀ ਦੇ ਸਿਰੋਂ ਕਪਾਹ ਹਟਾਂਦਾ ਹੈ ਤੇ ਲਾੜੀ ਲਾੜੇ ਦੇ ਸਿਰ ਉਤੋਂ। ਜਿਸ ਦਾ ਭਾਵ ਹੈ ਕਿ ਦੋਹਾਂ ਧਿਰਾਂ ਨੇ ਇਕ ਦੂਜੇ ਦੇ, ਵਿਆਹ ਤੋਂ ਪਹਿਲਾਂ ਦੇ ਗੁਨਾਹ ਮੁਆਫ਼ ਕੀਤੇ।

(ਤ-141) **ਤਿਲੜਾ** :

ਤਿੰਨ ਲੜਾਂ ਵਾਲਾ ਇਕ ਗਹਿਣਾ, ਜੋ ਤੀਵੀਆਂ ਗਲ ਵਿਚ ਪਹਿਨਦੀਆਂ ਹਨ।

(ਤ-142) **ਤਿਲਾਂਜਲੀ** :

(ੳ) ਪਾਣੀ ਵਿਚ ਤਿਲ ਮਿਲਾ ਕੇ ਦੇਵਤਿਆਂ ਅਥਵਾ ਪਿੱਤਰਾਂ ਨਮਿਤ ਦਿਤੀ ਚੁੱਲੀ।

(ਅ) ਕਿਸੇ ਦੀ ਮ੍ਰਿਤੂ ਮਗਰੋਂ, ਜਦੋਂ ਅਰਥੀ ਨਾਲ ਗਏ ਲੋਕ, ਦਾਹ-ਸੰਸਕਾਰ ਕਰਕੇ ਵਾਪਿਸ ਮੁੜਦੇ ਹਨ ਤਾਂ ਰਾਹ ਵਿਚ, ਕਿਸੇ ਤਲਾਬ ਜਾਂ ਖੂਹ ਉਤੇ ਇਸ਼ਨਾਨ ਕਰਨ ਲਗਿਆਂ ਮ੍ਰਿਤਕ ਨਮਿਤ ਤਿਲਾਂਜਲੀ ਦੇਂਦੇ ਹਨ। ਇਹ

ਗੁਰਗਾਵਾਂ ਵਿਚ 'ਦਸਾਹੀ' ਵਾਲੇ ਦਿਨ, ਮ੍ਰਿਤਕ ਨਮਿਤ ਤਿਲਾਂਜਲੀ ਦਿਤੀ ਜਾਂਦੀ ਹੈ ਅਤੇ 360 ਵਾਰ ਤਿਲਾਂ ਨੂੰ ਪਾਣੀ ਵਿਚ ਰਲਾ ਕੇ ਲੋਕਾਂ ਵਿਚ ਵੰਡਿਆ ਜਾਂਦਾ ਹੈ।

(ਤ-143) **ਤੀਸਮਾਰ ਖ਼ਾਂ** :

ਲੋਕ-ਕਹਾਣੀਆਂ ਦਾ ਇਕ ਕਾਇਰ ਪਾਤਰ, ਜੋ ਤੀਹ ਮੱਖੀਆ ਮਾਰ ਕੇ ਆਪਣੇ ਆਪ ਨੂੰ ਬੜਾ ਬਹਾਦਰ ਸਮਝਣ ਲਗ ਪਿਆ ਸੀ। ਰਾਜੇ ਨੇ ਉਸਦੀ ਪ੍ਰੀਖਿਆ ਲਈ। ਕਰਮਾਂ ਨੇ ਉਸਦਾ ਸਾਥ ਦਿਤਾ ਤੇ ਵੱਡਾ ਅਧਿਕਾਰੀ ਬਣ ਗਿਆ।

(ਤ-144) **ਤੀਹਾਂ** :

ਤੀਹਾਂ ਦਾ ਤਿਉਹਾਰ ਸਾਵਣ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਮਨਾਇਆ ਜਾਂਦਾ ਹੈ। ਕਈ ਥਾਈਂ ਇਹ ਤਿਉਹਾਰ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਤਕ ਚਲਦਾ ਹੈ। ਇਹ ਨਿਰੋਲ ਪ੍ਰਾਕ੍ਰਿਤਕ ਤਿਉਹਾਰ ਹੈ ਅਤੇ ਇਸ ਦਿਨ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕੀਤੀ ਜਾਂਦੀ। ਮੁਟਿਆਰਾਂ ਪ੍ਰਕ੍ਰਿਤੀ ਨਾਲ ਇਕ ਰਸ ਹੋ ਕੇ ਪੀਂਘਾਂ ਝੂਟਦੀਆਂ, ਗਿੱਧੇ ਪਾਉਂਦੀਆਂ ਤੇ ਗੀਤ ਗਾਉਂਦੀਆਂ ਹਨ। ਮੌਸਮ ਸੁਹਾਵਣਾ ਹੋਣ ਕਰ ਕੇ ਬਾਗਾਂ ਨੂੰ ਜੀਭਾਂ ਲਗ ਜਾਂਦੀਆਂ ਹਨ। ਪੰਜਾਬ ਤੋਂ ਬਾਹਰ ਤੀਹਾਂ ਨਰੋਲ ਪ੍ਰਾਕ੍ਰਿਤਕ ਤਿਉਹਾਰ ਨਹੀਂ। ਰਾਜਸਥਾਨ ਵਿਚ ਇਸ ਦਿਨ ਤੀਵੀਆਂ ਗੌਰੀ ਦੀ ਮੂਰਤੀ ਪੂਜਦੀਆਂ ਤੇ ਵਰਤ ਰਖਦੀਆਂ ਹਨ। ਸੱਤੂ ਨੂੰ ਸੇਕ ਕੇ ਮੋਟਾ ਪਿੰਡ ਬਣਾਇਆ ਜਾਂਦਾ ਹੈ। ਰਾਤ ਨੂੰ ਚੰਨ ਦੇ ਦਰਸ਼ਨ ਕਰਨ ਮਗਰੋਂ, ਉਸ ਨੂੰ ਛੁਰੀ ਨਾਲ ਕਟ ਕੇ ਤੇ ਨਿੰਬੂ ਦਾ ਰਸ ਧੂੜ ਕੇ, ਪਤੀ-ਪਤਨੀ ਇਕੱਠੇ ਖਾਂਦੇ ਹਨ। ਪਰ ਪੰਜਾਬ ਵਿਚ ਤੀਹਾਂ ਨਾਲ ਕੋਈ ਧਾਰਮਿਕ ਕਰਮ ਕਾਂਡ ਨਹੀਂ ਜੋੜਿਆ ਗਿਆ।

ਇਸ ਤਿੱਥ ਨੂੰ ਸੁੰਦਰ ਤੇ ਰੰਗ ਬਿਰੰਗੇ ਕਪੜੇ ਪਹਿਨ ਕੇ ਕੁੜੀਆਂ ਚਿੜੀਆਂ ਤੇ ਮੁਟਿਆਰਾਂ ਪਿੱਪਲਾਂ ਤੇ ਬਰੋਟਿਆਂ ਉਤੇ ਪੀਂਘਾਂ ਪਾਉਂਦੀਆਂ ਹਨ ਅਤੇ ਗੀਤਾਂ ਦੀ ਮਧੁਰ ਧੁਨੀ ਵਿਚ ਪੀਂਘਾਂ ਝੂਟਦੀਆਂ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਪਹਿਲੀ ਤੀਜ ਪੇਕੇ ਆ ਕੇ ਮਨਾਂਦੀਆਂ ਹਨ, ਕਿਉਂ ਜੋ ਉਹ ਪੇਕਿਆਂ ਦੇ ਖੁਲ੍ਹੇ ਡੁਲ੍ਹੇ ਵਾਤਾਵਰਨ ਵਿਚ ਖੁਲ੍ਹ ਕੇ ਨੱਚ ਟੱਪ ਸਕਦੀਆਂ ਹਨ। ਇਨ੍ਹੀਂ ਦਿਨੀਂ ਪਿੱਪਲਾਂ ਹੇਠ ਗਿੱਧੇ ਪੈਂਦੇ ਹਨ, ਜਿਨ੍ਹਾਂ ਨੂੰ 'ਤੀਹਾਂ ਦੇ ਗਿੱਧੇ' ਕਿਹਾ ਜਾਂਦਾ ਹੈ। ਮਾਲਵੇ ਵਿਚ ਇਸ ਗਿੱਧੇ ਨੂੰ 'ਰੂੰ ਪਿੰਜਣਾ' ਵੀ ਕਹਿੰਦੇ

ਸਾਉਣ ਮਹੀਨੇ ਬੱਦਲ ਪੈਂਦਾ
ਨਿੰਮੀਆਂ ਪੈਣ ਫੁਹਾਰਾਂ ।
ਕਠੀਆਂ ਹੋ ਕੇ ਆਈਆਂ ਗਿੱਧੇ ਵਿਚ
ਇਕੋ ਜਿਹੀਆਂ ਮੁਟਿਆਰਾਂ ।
ਗਿੱਧੇ ਦੇ ਵਿਚ ਏਦਾਂ ਲਿਸ਼ਕਣ
ਜਿਉਂ ਸੋਨੇ ਦੀਆਂ ਤਾਰਾਂ ।
ਦੂਹਰੀਆਂ ਹੋ ਕੇ ਨਚਣ ਲਗੀਆਂ
ਜਿਉਂ ਕੂੰਜਾਂ ਦੀਆਂ ਡਾਰਾਂ ।
ਜ਼ੋਰ ਜੁਆਨੀ ਦਾ, ਲੁਟ ਲਉ ਮੌਜ ਬਹਾਰਾਂ ।

(ਤ-145) **ਤੀਜ** :

(ੳ) ਚੰਦਰ ਮਾਸ ਦੀ ਤੀਜੀ ਤਿੱਥ ।

(ਅ) ਸਾਉਣ ਸੁਦੀ ਦੀ ਤੀਜੀ ਤਿੱਥ, ਜਦੋਂ ਪੰਜਾਬ ਭਰ ਵਿਚ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ (ਵੇਖੋ : ਤੀਹਾਂ) ।

(ਤ-146) **ਤੀਜਾ** :

ਗੁੜਗਾਵਾਂ ਦੀ ਮਿਉ ਜਾਤੀ ਵਿਚ ਪ੍ਰਚਲਤ ਮੌਤ ਨਾਲ ਸਬੰਧਿਤ ਇਕ ਰੀਤ, ਜੋ ਪ੍ਰਾਣੀ ਦੀ ਮੌਤ ਦੇ ਮਗਰੋਂ ਤੀਜੇ ਦਿਨ ਕੀਤੀ ਜਾਂਦੀ ਹੈ । ਪ੍ਰਾਣੀ ਦੇ ਅੰਗ-ਸਾਕ ਸਤੀ-ਸਵੇਰੇ ਉਸ ਦੀ ਕਬਰ ਉਤੇ ਜਾਂਦੇ ਹਨ ਅਤੇ ਫੁੱਲ ਤੇ ਦੁੱਬ ਘਾਹ ਭੇਟ ਕਰਦੇ ਹਨ । ਉਨ੍ਹਾਂ ਵਿਚ ਕਈ ਕਬਰ ਦੇ ਨੇੜੇ ਹੀ ਖਲੋ ਕੇ ਦੁਆ ਪੜ੍ਹਦੇ ਹਨ ਤੇ ਇਹੋ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਇਸ ਨੇਕੀ ਦਾ ਸੁਆਬ ਮ੍ਰਿਤਕ ਨੂੰ ਮਿਲੇ । ਕਬਰ ਉਤੇ ਜੋ ਲੋਕ ਇਕਠੇ ਹੁੰਦੇ ਹਨ, ਉਨ੍ਹਾਂ ਵਿਚ ਗੁੜ ਜਾਂ ਕੋਈ ਹੋਰ ਮਿਠੀ ਚੀਜ਼ ਵੰਡੀ ਜਾਂਦੀ ਹੈ ।

ਇਸੇ ਦਿਨ ਘਰ ਦੀ ਸਫ਼ਾਈ ਕੀਤੀ ਜਾਂਦੀ ਤੇ ਕੰਧਾਂ ਤੇ ਫ਼ਰਸ਼ ਲਿੰਬੇ ਪੋਚੇ ਜਾਂਦੇ ਹਨ । ਮ੍ਰਿਤਕ ਦੇ ਕਪੜੇ, ਦਸ ਪੰਦਰਾਂ ਸੇਰ ਅੰਨ ਉਸ ਫ਼ਕੀਰ ਨੂੰ, ਜਿਸ ਨੇ ਮਈਯਤ (ਲਾਸ਼) ਨੂੰ ਅੰਤਮ ਸਫ਼ਰ ਲਈ ਤਿਆਰ ਕੀਤਾ ਹੁੰਦਾ ਹੈ, ਦਿਤੇ ਜਾਂਦੇ ਹਨ । ਸ਼ਾਮ ਨੂੰ ਚਾਵਲ ਤੇ ਮਾਸ ਪਕਾਇਆ ਜਾਂਦਾ ਹੈ ਅਤੇ ਫ਼ਕੀਰ, ਅਰਥੀ ਨੂੰ ਮੋਢਾ ਦੇਣ ਵਾਲੇ ਕਾਨਿਆਂ ਤੇ ਪਿੰਡ ਦੇ ਬਜ਼ੁਰਗਾਂ ਨੂੰ ਖਵਾਇਆ ਜਾਂਦਾ ਹੈ ।

(ਤ-147) **ਤੀਜੋ** :

ਤੀਜੀ ਥਾਂ ਆਈ ਹੋਈ ਵਹੁਟੀ, ਤੀਜਾ ਵਿਆਹ ਅਸ਼ੁਭ ਮੰਨਿਆ ਜਾਂਦਾ ਹੈ, ਇਸ ਲਈ ਤੀਜਾ ਵਿਆਹ ...

(ਤ-148) **ਤੀਰ** :

ਤੀਰ ਮਨੁੱਖ ਦਾ ਪੂਰਵ-ਪੱਥਰ ਯੁੱਗ ਦਾ ਹਥਿਆਰ ਹੈ, ਜਿਸ ਨਾਲ ਮਨੁੱਖ ਸ਼ਿਕਾਰ ਮਾਰਦਾ ਤੇ ਵੈਰੀਆਂ ਨਾਲ ਜੂਝਦਾ ਰਿਹਾ । ਤੀਰ ਦਾ ਵਰਨਣ, ਪੁਰਾਣਿਕ ਕਥਾਵਾਂ ਵਿਚ ਆਮ ਮਿਲਦਾ ਹੈ । ਹਿੰਦੂਆਂ ਦਾ ਲੜਾਈ ਦਾ ਦੇਵਤਾ ਕਾਰਤਿਕੇਯ ਦੇ ਇਕ ਹੱਥ ਵਿਚ ਧਨੁੱਖ ਹੈ ਤੇ ਦੂਜੇ ਵਿਚ ਤੀਰ । ਇਸੇ ਤਰ੍ਹਾਂ ਕਾਮਦੇਵ ਨੇ ਹੱਥ ਵਿਚ ਤੀਰ ਕਮਾਨ ਫੜਿਆ ਹੁੰਦਾ ਹੈ, ਕਾਮਦੇਵ ਦੀ ਕਮਾਨ ਗੰਨੇ ਦੀ ਬਣੀ ਹੁੰਦੀ ਹੈ ਤੇ ਚਿਲਾ ਸ਼ਹਿਦ ਦੀਆਂ ਮੱਖੀਆਂ ਦੀ ਤੰਦ ਦਾ । ਇਸ ਦੇ ਹਰੇਕ ਤੀਰ ਉਤੇ ਵਖੋ ਵਖਰੇ ਰੰਗ ਦਾ ਇਕ ਫੁੱਲ ਟੰਗਿਆ ਹੁੰਦਾ ਹੈ । ਕਾਮਦੇਵ ਕਾਮ ਦੇ ਬਾਣਾਂ ਨਾਲ ਜੀਵਾਂ ਨੂੰ ਘਾਇਲ ਕਰਦਾ ਹੈ ।

ਹਿੰਦੂਆਂ ਦੇ ਗ੍ਰੰਥਾਂ ਵਿਚ ਕਈ ਤਰ੍ਹਾਂ ਦੇ ਬਾਣਾਂ ਦਾ ਜ਼ਿਕਰ ਮਿਲਦਾ ਹੈ । ਅਗਨੀ ਦੇਵਤੇ ਦਾ ਮੰਤ੍ਰ ਸਿੱਧ ਕਰਕੇ ਚਲਾਇਆ, ਅਗਨੀ-ਬਾਣ, ਰਣਖੇਤਰ ਵਿਚ ਅਗਨੀ ਦੀ ਬਰਖਾ ਕਰਦਾ ਤੇ ਵੈਰੀਆਂ ਨੂੰ ਸਵਾਹ ਕਰ ਦੇਂਦਾ ਸੀ । ਸ਼ਬਦ-ਬੇਧੀ ਬਾਣ ਆਵਾਜ਼ ਦੇ ਨਿਸ਼ਾਨੇ 'ਤੇ ਚਲਦਾ ਸੀ ਤੇ ਹਨੇਰੇ ਵਿਚ ਵੀ ਸ਼ਬਦ ਸੁਣ ਕੇ ਵੈਰੀਆਂ ਦਾ ਨਾਸ਼ ਕਰ ਦੇਂਦਾ ਸੀ । ਇਕ ਹੋਰ ਕਿਸਮ ਦਾ ਬਾਣ ਦੁਸ਼ਮਣ ਨੂੰ ਘਾਇਲ ਕਰਕੇ ਵਾਪਸ ਆ ਜਾਂਦਾ ਸੀ । ਪ੍ਰਿਥਵੀ ਰਾਜ ਬਾਰੇ ਕਿਹਾ ਜਾਂਦਾ ਹੈ ਕਿ ਉਹ ਅਜਿਹਾ ਤੀਰ ਚਲਾਂਦਾ ਸੀ, ਜਿਸ ਨਾਲ ਜ਼ਖ਼ਮੀ ਦੇ ਤਲਵਾਰ ਦੇ ਫੱਟ ਸੀਤੇ ਜਾਂਦੇ ਤੇ ਉਹ ਫਿਰ ਲੜਨ ਲਈ ਤਿਆਰ ਹੋ ਜਾਂਦਾ ।

ਗੁਰੂ ਗੋਬਿੰਦ ਸਿੰਘ ਜੀ ਤੀਰ ਚਲਾਣ ਵਿਚ ਬੜੇ ਨਿਪੁੰਨ ਸਨ । ਸਾਖੀਆਂ ਅਨੁਸਾਰ ਇਕ ਵਾਰ ਉਨ੍ਹਾਂ ਨੇ ਬੱਦਲਾਂ ਵਿਚ ਤੀਰ ਮਾਰ ਕੇ ਮੀਂਹ ਵਸਾ ਦਿਤਾ ਸੀ । ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਤੀਰਾਂ ਨਾਲ ਸੋਨਾ ਲੱਗਾ ਹੁੰਦਾ ਸੀ, ਤਾਂ ਜੋ ਜ਼ਖ਼ਮੀ ਜੇ ਮਰਨ ਤੋਂ ਬਚ ਜਾਵੇ ਤਾਂ ਆਪਣਾ ਦਵਾ-ਦਾਰੂ ਤਾਂ ਕਰ ਸਕੇ ।

ਲੋਕ-ਕਹਾਣੀਆਂ ਵਿਚ ਤੀਰਾਂ ਦਾ ਵਰਨਣ ਕਈ ਪ੍ਰਸੰਗਾਂ ਵਿਚ ਆਉਂਦਾ ਹੈ । ਕਈ ਕਥਾਵਾਂ ਵਿਚ ਨਾਇਕ ਆਪਣੀ ਮੰਜ਼ਲ ਦਾ ਰਾਹ ਲੱਭਣ ਲਈ ਅੱਖਾਂ ਮੀਟ ਕੇ ਤੀਰ ਚਲਾਂਦਾ ਹੈ ਤੇ ਜਿਧਰ ਤੀਰ ਜਾਵੇ ਉਸੇ ਦਿਸ਼ਾ ਵਲ ਯਾਤ੍ਰਾ ਕਰਦਾ ਹੈ । ਇਕ ਕਥਾ 'ਬੰਦਰੀ ਸ਼ਹਿਜ਼ਾਦੀ' ਵਿਚ ਰਾਜੇ ਦੇ ...

(ਤ-149) **ਤੀਰਥੰਕਰ** :

ਜੈਨਮਤ ਦੇ ਮੁਢਲੇ ਰਿਸ਼ੀ, ਜਿਨ੍ਹਾਂ ਦੀ ਗਿਣਤੀ 24 ਮੰਨੀ ਜਾਂਦੀ ਹੈ। ਇਨ੍ਹਾਂ ਦੇ ਨਾਂ ਹਨ : ਰਿਸ਼ਭ ਦੇਵ, ਅਜਿਤਨਾਥ, ਸੰਭਵਨਾਥ, ਅਭਿਨੰਦਨ ਨਾਥ, ਸੁਮਤਿਨਾਥ, ਪਦਮ, ਪ੍ਰਭ, ਸੁਪਾਰਸ਼ਨਾਥ, ਚੰਦ੍ਰਪ੍ਰਭ, ਪੁਸ਼ਪਦੰਤ,ਸ਼ੀਤਲਨਾਥ, ਸੁਮਿਤਨਾਥ, ਵਿਮਲਨਾਥ, ਅਨੰਤਨਾਥ,ਧਰਮਨਾਥ, ਸ਼ਾਂਤੀਨਾਥ, ਕੁੰਥੁਨਾਥ, ਅਮਰਨਾਥ, ਮਲੀਨਾਥ, ਮੁਨੀਸੁਵ੍ਰਤ ਨਾਥ, ਨਮੀਨਾਥ, ਨੇਮੀ ਨਾਥ, ਪਾਰਸ਼ਵਨਾਥ ਤੇ ਮਹਾਵੀਰ ਸੁਆਮੀ।

ਜੈਨੀਆਂ ਵਿਚ ਸਮੇਂ ਦਾ ਜੋ ਪ੍ਰਮਾਣ ਕਲਪਿਆ ਗਿਆ ਹੈ, ਉਹ ਉਤਸਰਪਿਣੀ ਤੇ ਅਵਸਰਪਿਣੀ ਹੈ। ਉਪਰੋਕਤ 24 ਤੀਰਥੰਕਰਾਂ ਅਵਸਰਪਿਣੀ ਭਾਵ ਵਰਤਮਾਨ ਯੁਗ ਵਿਚ ਹੋਏ। ਉਤਸਰਪਿਣੀ ਵਿਚ ਜੋ 24 ਤੀਰਥੰਕਰ ਹੋਏ ਉਨ੍ਹਾਂ ਦੇ ਨਾਂ ਵਖਰੇ ਹਨ।

ਦੇਵਤਿਆਂ ਵਾਂਗ ਹਰ ਤੀਰਥੰਕਰ ਦਾ ਵਖੋ ਵਖਰਾ ਰੰਗ ਤੇ ਚਿੰਨ੍ਹ ਹੈ ਜਿਵੇਂ ਰਿਸ਼ਭਦੇਵ ਦਾ ਰੰਗ ਬਸੰਤੀ ਹੈ ਤੇ ਇਸ ਦਾ ਚਿੰਨ੍ਹ ਬੈਲ ਹੈ। ਰਿਸ਼ਭਦੇਵ ਜੈਨ ਮਤ ਦਾ ਮੋਢੀ ਮੰਨਿਆ ਜਾਂਦਾ ਹੈ। ਇਸ ਦੇ ਜਨਮ ਤਿੱਥ ਬਾਰੇ ਕੁਝ ਪਤਾ ਨਹੀਂ। ਵਿਸ਼ਨੂੰ ਪੁਰਾਣ ਅਨੁਸਾਰ ਰਿਸ਼ਭ ਇਕ ਰਾਜੇ ਦਾ ਲੜਕਾ ਸੀ, ਜੋ ਗੱਦੀ ਤੇ ਬੈਠਣ ਮਗਰੋਂ ਸਾਧ ਬਣ ਗਿਆ। ਇਸ ਦੀ ਮ੍ਰਿਤੂ ਵਰਤ ਕਾਰਨ ਭੁੱਖੇ ਰਹਿਣ ਸਦਕਾ ਹੋਈ। ਜੈਨ ਗ੍ਰੰਥਾਂ ਅਨੁਸਾਰ ਰਿਸ਼ਭ ਇਖਸਵਾਕੂ ਦੀ ਵੰਸ ਵਿਚੋਂ, ਨਾਭੀ ਦਾ ਪੁੱਤਰ ਜੋ ਮਰੁਦੇਵੀ ਦੀ ਕੁੱਖ ਤੋਂ ਅਵਧਪੁਰੀ ਵਿਚ ਪੈਦਾ ਹੋਇਆ। ਇਸ ਨੇ 8,400,400 ਵਰ੍ਹੇ ਉਮਰ ਭੋਗੀ। ਰਿਸ਼ਭ ਨੇ ਇਕ ਲੱਖ ਵਰ੍ਹੇ ਘੋਰ ਤਪਸਿਆ ਕੀਤੀ, ਜਿਸ ਕਰਕੇ ਇਹ ਦੇਵਤਾ ਹੋਣ ਦਾ ਅਧਿਕਾਰੀ ਹੋਇਆ।

ਪਹਿਲੇ 22 ਤੀਰਥੰਕਰ ਪੌਰਾਣਿਕ ਹਨ ਤੇ ਉਨ੍ਹਾਂ ਦੀ ਹੋਂਦ ਸਥਾਪਿਤ ਕਰਨ ਲਈ ਕੋਈ ਇਤਿਹਾਸਕ ਪਰਮਾਣ ਨਹੀਂ ਮਿਲਦੇ। 23ਵਾਂ ਤੀਰਥੰਕਰ ਪਾਰਸ਼ਵਨਾਥ ਸੀ ਜੋ ਮਹਾਵੀਰ ਤੋਂ 250 ਸਾਲ ਪਹਿਲਾਂ ਹੋਇਆ। ਮਹਾਵੀਰ ਜੈਨੀਆਂ ਦਾ ਅੰਤਲਾ ਤੀਰਥੰਕਰ ਹੋਇਆ ਹੈ। ਇਸ ਦੀ ਮੂਰਤੀ ਸੁਨਹਿਰੀ ਰੰਗ ਦੀ ਹੈ ਅਤੇ ਸ਼ੇਰ ਇਸ ਦਾ ਚਿੰਨ੍ਹ ਹੈ। ਮਹਾਵੀਰ, ਜਿਸ ਦੀ ਉਪਾਧੀ ਵਰਧਮਨ ਸੀ, ਰਾਜੇ ਸਿਧਾਰਥ ਦਾ ਲੜਕਾ ਸੀ ਅਤੇ ਇਹ ਤ੍ਰਿਸ਼ਲਾ ਰਾਣੀ ਦੇ ਉਦਰ ਤੋਂ ਵੈਸ਼ਾਲੀ (ਬਿਹਾਰ) ਵਿਚ ਜੰਮਿਆ। ਮਹਾਵੀਰ ਜਾਤ ਦਾ ਖਸ਼ਤਰੀ ਸੀ ਇਨ੍ਹਾਂ ਦੇ ਵਿਆਹ ਬਾਰੇ ਦੋ ਧਾਰਨਾਵਾਂ

72 ਸਾਲ ਦੀ ਉਮਰ ਵਿਚ, 527 ਬੀ.ਸੀ. ਵਿਚ ਨਿਰਵਾਨ ਪ੍ਰਾਪਤ ਕੀਤਾ।

(ਤ-150) **ਤੀਲਾ, ਤੀਲੀ** :

ਤੀਲੇ ਦੀ ਸ਼ਕਲ ਦਾ ਛੋਟਾ ਜਿਹਾ ਗਹਿਣਾ, ਜੋ ਤੀਵੀਆਂ ਨੱਕ ਦੇ ਨੱਥਨੇ ਵਿਚ ਮੋਰੀ ਕਰ ਕੇ ਪਹਿਨਦੀਆਂ ਹਨ। ਕਈ ਜਾਤੀਆਂ ਵਿਚ ਨੱਥ ਵਾਂਗ ਤੀਲੀ ਵੀ ਸੁਹਾਗ ਦਾ ਚਿੰਨ੍ਹ ਹੈ ਅਤੇ ਜਦੋਂ ਕਿਸੇ ਤੀਵੀਂ ਦਾ ਪਤੀ ਮਰ ਜਾਂਦਾ ਹੈ ਤਾਂ ਉਸ ਦੀਆਂ ਚੂੜੀਆਂ ਭੰਨਣ ਦੇ ਨਾਲ ਨੱਕ ਦੀ ਤੀਲੀ ਵੀ ਭੰਨ ਦਿਤੀ ਜਾਂਦੀ ਹੈ।

(ਤ-151) **ਤੀਲਾ ਤੋੜਨਾ** :

ਦਾਹ ਸੰਸਕਾਰ ਵੇਲੇ ਮ੍ਰਿਤਕ ਨਾਲੋਂ ਨਾਤਾ ਤੋੜਨ ਦੀ ਇਕ ਰੀਤ (ਵੇਖੋ : ਤਿਨਕਾ ਤੋੜਨਾ)।

(ਤ-152) **ਤੀਲਾ ਫੇਰਨਾ** :

ਓਥੇ ਮੰਤਰ ਪੜ੍ਹ ਕੇ, ਦੁੱਖਦੀ ਅਥਵਾ ਰੋਗੀ ਥਾਂ ਉਤੇ ਤੀਲੇ ਫੇਰ ਕੇ ਫੂਕਾਂ ਮਾਰਦੇ ਹਨ, ਤਾਂ ਜੋ ਰੋਗ ਹੁਝਿਆ ਜਾਵੇ। ਤੀਲੇ ਨਾਲ ਟੂਣੇ ਵੀ ਕੀਤੇ ਜਾਂਦੇ ਹਨ। ਇਸ ਨੂੰ ਹਥੌਲਾ ਕਰਨਾ ਵੀ ਕਹਿੰਦੇ ਹਨ। ਕਈ ਵਾਰ ਤੀਲੇ ਉਤੇ ਟੂਣਾ ਕਰਕੇ, ਆਪਣੇ ਵੈਰੀ ਦੇ ਸਿਰ ਉਤੇ ਸੁਟ ਦਿਤਾ ਜਾਂਦਾ ਹੈ, ਜਿਸ ਨਾਲ ਉਸ ਉਤੇ ਟੂਣੇ ਦਾ ਚੰਦਰਾ ਅਸਰ ਹੋ ਜਾਂਦਾ ਹੈ।

(ਤ-153) **ਤੁੱਕ** :

(ੳ) ਕਿਸੇ ਛੰਦ ਦਾ ਕੋਈ ਇਕ ਚਰਣ ਅਥਵਾ ਕਿਸੇ ਗੀਤ ਜਾਂ ਕਵਿਤਾ ਦੀ ਕੋਈ ਇਕ ਸਤਰ ਜੋ ਆਪਣੇ ਆਪ ਵਿਚ ਸੰਪੂਰਨ ਹੋਵੇ।

(ਅ) ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਲਗਿਆਂ ਜੋ ਸ਼ਬਦ ਨਿਕਲੇ ਉਸ ਦੀ ਪਹਿਲੀ ਸਤਰ; ਕਈ ਸ਼ਰਧਾਲੂ ਵਾਕ ਵਾਲੇ ਸ਼ਬਦ ਦੀ ਪਹਿਲੀ ਤੁੱਕ ਕਾਗਜ਼ 'ਤੇ ਲਿਖ ਕੇ ਕੇਸਾਂ ਵਿਚ ਟੁੰਗ ਲੈਂਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਗੁਰੂ ਹਮੇਸ਼ਾ ਸਹਾਈ ਰਹਿੰਦਾ ਹੈ!

(ਤ-154) **ਤੁਕਬੰਦੀ** :

ਉਹ ਕਵਿਤਾ ਜਿਸ ਦਾ ਤੁਕਾਂਤ ਤਾਂ ਮਿਲਦਾ ਹੋਵੇ

ਚੋਟ, ਵਿਅੰਗ ਆਦਿ ਹੁੰਦਾ ਹੈ ਤੇ ਅਜਿਹੀ ਕਵਿਤਾ ਲੋਕਾਂ ਵਿਚ ਅਖਾਣਾਂ ਵਾਂਗ ਪ੍ਰਚਲਤ ਹੈ ਜਿਵੇਂ ਹੇਠਲੀ ਤੁਕਬੰਦੀ :

ਖਾਨ ਸੁਰਮੇ ਚੜ੍ਹੇ ਸ਼ਿਕਾਰ,
ਮੱਖੀ ਘੇਰੀ ਵਿਚ ਬਜ਼ਾਰ।
ਮਾਰੀ ਨਹੀਂ ਪਰ ਲੰਗੜੀ ਕੀਨੀ,
ਇਹ ਵੀ ਫਤਹ ਅੱਲ੍ਹਾ ਨੇ ਦੀਨੀ।

ਇਸ ਵਿਚ ਤੁਕਾਂ ਦਾ ਸੋਹਣਾ ਸੁਮੇਲ ਹੈ, ਪਰ ਇਸ ਟੁਕੜੀ ਨੂੰ ਜੋ ਜ਼ਿੰਦਗੀ ਮਿਲੀ ਹੈ, ਉਹ ਇਸ ਵਿਚਲੇ ਵਿਅੰਗ ਸਦਕਾ ਹੈ।

ਤੁਕਬੰਦੀ ਕਰਨ ਵਾਲੇ ਕਵੀ ਤਾਂ ਕਹਿੰਦੇ ਹਨ ਕਿ ਚੰਗੀ ਤੁਕਬੰਦੀ ਕਰਨੀ ਚੰਗੀ ਕਵਿਤਾ ਰਚਣ ਦੇ ਬਰਾਬਰ ਹੈ। ਤੁਕਬੰਦੀ ਨੂੰ ਜਿਤਨਾ ਸੌਖਾ ਸਮਝਿਆ ਜਾਂਦਾ ਹੈ, ਉਤਨੀ ਹੀ ਇਹ ਕਠਨ ਹੈ, ਕਿਉਂ ਜੋ ਇਹ ਲੋਕਾਂ ਵਿਚ ਉਦੋਂ ਤਕ ਵਾਹ ਵਾਹ ਨਹੀਂ ਲੈ ਸਕਦੀ, ਜਦੋਂ ਤਕ ਇਸ ਵਿਚ ਸਰੋਦੀ ਰੂਹ ਨਾ ਹੋਵੇ।

ਤੁਕਬੰਦੀ ਇਕ ਕਲਾ ਹੈ, ਜਿਸ ਵਿਚ ਵਜ਼ਨ, ਤੋਲ ਤੇ ਕਾਫ਼ੀਏ ਤੋਂ ਇਲਾਵਾ ਕਈ ਵਾਰ ਸੁੰਦਰ ਵਿਚਾਰ, ਵਿਅੰਗ, ਕਟਾਖਸ਼ ਤੇ ਖ਼ੂਬਸੂਰਤ ਬਿੰਬ ਵੀ ਹੁੰਦੇ ਹਨ। ਇਸ ਕਵਿਤਾ ਦਾ ਆਪਣਾ ਸੁਹਜ ਤੇ ਸਵਾਦ ਹੈ। ਸ਼ਬਦਾਂ ਦੇ ਸੁਮੇਲ ਵਿਚ ਇਕ ਸ਼ਕਤੀ ਆ ਜਾਂਦੀ ਹੈ। ਜੇ ਇਨ੍ਹਾਂ ਨੂੰ ਚੱਜ ਨਾਲ ਇਕ ਦੂਜੇ ਨਾਲ ਬੀੜ ਦਿਤਾ ਜਾਵੇ ਤਾਂ ਇਹ ਦੁਕਾਨ ਤੇ ਪਏ ਖ਼ਾਲੀ ਭਾਂਡਿਆਂ ਵਾਂਗ ਹੀ ਸਾਡੇ ਅੰਦਰ ਨੂੰ ਭਰੇ ਭਾਵੇਂ ਨਾ, ਪਰ ਖਿਚੇਗੀ ਜ਼ਰੂਰ।

ਪਿੰਡਾਂ ਦੇ ਪਰ੍ਹਿਆਂ ਵਿਚ ਤੁਕਬੰਦੀ ਦਾ ਖ਼ਾਸ ਅਸਥਾਨ ਹੈ। ਪਿੰਡ ਦੇ ਕਈ ਲੋਕ ਤੁਕਾਂ ਜੋੜਦੇ ਤੇ ਲੋਕਾਂ ਦਾ ਦਿਲ ਪਰਚਾਂਦੇ ਹਨ :

ਸੀਨ ਸੋਹਣਿਆਂ ਦੀ ਖੁੰਬ ਠੱਪ ਰੱਬਾ
ਇਕ ਵੀ ਸੁਹਣੀ ਨਾ ਰਹੇ ਜਹਾਨ ਦੇ ਵਿਚ
ਧੜਾ ਧੜ ਇਹ ਇਸ ਤਰ੍ਹਾਂ ਮਰਨ ਲਗਣ
ਮੇਲਾ ਲਗ ਜਾਵੇ ਕਬਰਿਸਤਾਨ ਦੇ ਵਿਚ।

## (ਤ-155) ਤੁਕਮਾ :

ਚਾਂਦੀ ਤੇ ਸੋਨੇ ਦਾ ਇਕ ਗਹਿਣਾ, ਜੋ ਗੋਲੀ ਦੀ ਸ਼ਕਲ ਦਾ ਹੁੰਦਾ ਹੈ ਤੇ ਜਿਸ ਨੂੰ ਰੇਸ਼ਮੀ ਧਾਗੇ ਵਿਚ ਪਰੋ ਕੇ, ਕੰਨਾਂ ਵਿਚ ਪਾਉਂਦੇ ਹਨ। ਸ਼ਾਹਪੁਰੇ ਦੇ ਜ਼ਿਲੇ ਵਿਚ ਇਸ ਗਹਿਣੇ ਦਾ ਕਾਫ਼ੀ ਰਵਾਜ ਸੀ।

## (ਤ-157) ਤੁਰਕ ਮੰਤ੍ਰ :

ਮੁਸਲਮਾਨਾਂ ਦਾ ਮੰਤ੍ਰ ਭਾਵ ਕਲਮਾ ਜਿਸ ਨੂੰ ਹਿੰਦੂ ਤੁਰਕ ਮੰਤ੍ਰ ਕਹਿੰਦੇ ਸਨ (ਵੇਖੋ : ਕਲਮਾ)। ਮੁਸਲਮਾਨਾਂ ਵਿਚ ਰਵਾਜ ਹੈ ਕਿ ਜਦੋਂ ਉਨ੍ਹਾਂ ਦੇ ਘਰ ਕੋਈ ਬੱਚਾ ਜੰਮਦਾ ਹੈ ਤਾਂ ਪਹਿਲਾਂ ਮੁੱਲਾ ਨੂੰ ਸੱਦ ਕੇ ਬੱਚੇ ਦੇ ਕੰਨ ਵਿਚ 'ਤੁਰਕ ਮੰਤ੍ਰ' ਫੂਕਿਆ ਜਾਂਦਾ ਹੈ, ਜੇ ਮੁੱਲਾ ਨਾ ਮਿਲੇ ਤਾਂ ਘਰ ਦਾ ਕੋਈ ਬਜ਼ੁਰਗ ਇਹ ਫ਼ਰਜ਼ ਨਿਭਾ ਦਿੰਦਾ ਹੈ :

''ਤੁਰਕ ਮੰਤ੍ਰ ਕੰਨਿ ਰਿਦੈ ਸਮਾਹਿ'' ਵਾਰ ਰਾਮਕਲੀ ਮ: ੧

## (ਤ-158) ਤੁਰ੍ਹੀ :

ਇਕ ਧਾਤ ਦਾ ਬਣਿਆ ਸਾਜ, ਜੋ ਮੂੰਹ ਨਾਲ ਫੂਕ ਮਾਰ ਕੇ ਵਜਾਇਆ ਜਾਂਦਾ ਹੈ। ਇਸ ਨੂੰ ਤੁਰ ਵੀ ਕਹਿੰਦੇ ਹਨ। ਵਿਆਹ ਦੇ ਮੌਕੇ 'ਤੇ ਇਸ ਨੂੰ ਖ਼ਾਸ ਤੌਰ ਤੇ ਵਜਾਣ ਦੀ ਪ੍ਰਥਾ ਹੈ।

## (ਤ-159) ਤੁਰੀਆ ਅਵਸਥਾ :

ਆਤਮਾ ਦੀਆਂ ਚਾਰ ਅਵਸਥਾਵਾਂ ਵਿਚੋਂ ਸਭ ਤੋਂ ਉਚੀ ਤੇ ਚੌਥੀ ਅਵਸਥਾ। ਪਹਿਲੀਆਂ ਤਿੰਨ ਅਵਸਥਾ ਹਨ : ਜਾਗ੍ਰਤ, ਸਵਪਨ ਤੇ ਸਖੋਪਤ, ਤੁਰੀਆ ਅਵਸਥਾ ਨੂੰ ਚੌਥਾ ਪਦ ਵੀ ਕਹਿੰਦੇ ਹਨ। ਇਸ ਅਵਸਥਾ ਵਿਚ ਆਤਮਾ, ਮਾਇਆ ਦੇ ਤਿੰਨ ਗੁਣਾਂ ਤੋਂ ਮੁਕਤ ਹੋ ਕੇ ਪਾਰਬ੍ਰਹਮ ਨਾਲ ਇਕਸੁਰ ਹੋ ਜਾਂਦੀ ਹੈ। ਇਸ ਪਦ ਤੇ ਪਹੁੰਚ ਕੇ ਪ੍ਰਾਣੀ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ।

## (ਤ-160) ਤੁਲਸੀ :

ਇਕ ਪੌਦਾ, ਜਿਸ ਨੂੰ ਹਿੰਦੂ ਬੜਾ ਪਵਿੱਤਰ ਮੰਨਦੇ ਹਨ। ਵਿਸ਼ਨੂੰ ਭਗਤ ਇਸ ਬੂਟੇ ਨੂੰ ਆਪਣੇ ਘਰਾਂ ਵਿਚ ਲਗਾਂਦੇ ਤੇ ਨਿਤ ਸਵੇਰੇ ਇਸ ਦੀ ਪੂਜਾ ਕਰਦੇ ਹਨ। ਇਸ ਨੂੰ ਤੁਲਸਾਂ ਵੀ ਕਿਹਾ ਜਾਂਦਾ ਹੈ।

ਪੌਰਾਣਿਕ ਕਥਾਵਾਂ ਅਨੁਸਾਰ ਤੁਲਸੀ ਜਲੰਧਰ ਦੈਂਤ ਦੀ ਪਤਨੀ ਵਰਿੰਦਾ ਸੀ, ਜੋ ਵਿਸ਼ਨੂੰ ਦੇ ਸਰਾਪ ਕਾਰਨ ਪੌਦੇ ਦਾ ਰੂਪ ਧਾਰਨ ਕਰ ਗਈ। ਜਲੰਧਰ ਦੈਂਤ ਮਹਾਦੇਵ ਦੇ ਪਸੀਨੇ ਦੀ ਉਸ ਬੂੰਦ ਤੋਂ ਉਤਪੰਨ ਹੋਇਆ, ਜੋ ਸਮੁੰਦਰ ਵਿਚ ਡਿਗੀ ਸੀ। ਜਲੰਧਰ ਨੇ ਕਰੜੇ ਤੱਪ ਤੇ ਸਾਧਨਾ ਦੁਆਰਾ, ਇਹ ਵਰ ਪ੍ਰਾਪਤ ਕਰ ਲਿਆ ਕਿ ਜਦੋਂ ਤਕ ਇਸ ਦੀ ਪਤਨੀ ਵਰਿੰਦਾ ਇਸਤ੍ਰੀ ਧਰਮ ਵਿਚ ਸੁੱਚੀ

ਕਰਕੇ ਜਲੰਧਰ ਦੈਂਤ ਦੀ ਕੀਰਤੀ ਤਿੰਨਾ ਲੋਕਾਂ, ਸਭ ਪੁਰੀਆਂ ਤੇ ਦੇਵੀ ਦੇਵਤਿਆਂ ਵਿਚ ਫੈਲ ਗਈ। ਜਲੰਧਰ ਨੇ ਆਪਣੇ ਅਸੁਰੀ ਸੁਭਾਵ ਕਾਰਨ ਦੇਵਤਿਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ ਤੇ ਅਣਜਿੱਤ ਹੋਣ ਦੇ ਵਰ ਸਦਕਾ ਦੇਵਤੇ ਉਸ ਦਾ ਮੁਕਾਬਲਾ ਕਰਨ ਤੋਂ ਅਸਮਰਥ ਸਨ। ਜਲੰਧਰ ਨੇ ਅਭਿਮਾਨ ਵਿਚ ਆ ਕੇ ਇੰਦਰ ਤੋਂ ਉਹ ਚੌਦਾਂ ਰਤਨ ਮੰਗੇ, ਜੋ ਸਮੁੰਦਰ ਰਿੜਕਣ ਵੇਲੇ ਨਿਕਲੇ ਸਨ। ਜਲੰਧਰ ਨੇ ਸਾਗਰ ਵਿਚੋਂ ਨਿਕਲੇ ਹੋਣ ਸਦਕਾ ਇਨ੍ਹਾਂ ਰਤਨਾਂ ਉਪਰ ਆਪਣਾ ਅਧਿਕਾਰ ਜਿਤਾਇਆ। ਇੰਦਰ ਨੇ ਸ਼ਿਵ ਅਤੇ ਵਿਸ਼ਨੂੰ ਤੋਂ ਸਹਾਇਤਾ ਮੰਗੀ। ਸ਼ਿਵ ਤੇ ਬ੍ਰਹਮਾ ਨੇ ਜਲੰਧਰ ਦੇ ਅਣਜਿੱਤ ਹੋਣ ਦੀ ਸ਼ਕਤੀ ਦੇ ਕਾਰਨ ਦਾ ਪਤਾ ਲਗਾਇਆ। ਸ਼ਿਵ ਨੇ ਵਰਿੰਦਾ ਨੂੰ ਭਰਮਾਣਾ ਚਾਹਿਆ, ਪਰ ਉਹ ਅਸਫਲ ਰਿਹਾ। ਫਿਰ ਵਿਸ਼ਨੂੰ ਵਰਿੰਦਾ ਕੋਲ ਜਲੰਧਰ ਦਾ ਰੂਪ ਧਾਰ ਕੇ ਗਿਆ ਤੇ ਵਰਿੰਦਾ ਨਾਲ ਸਰੀਰਕ ਭੋਗ ਕੀਤਾ। ਵਰਿੰਦਾ ਨੂੰ ਉਦੋਂ ਪਤਾ ਲਗਾ ਜਦੋਂ ਉਹ ਸਤਿ ਗੰਵਾ ਬੈਠੀ। ਵਰਿੰਦਾ ਨੇ ਵਿਸ਼ਨੂੰ ਨੂੰ ਸਰਾਪ ਦਿਤਾ ਤੇ ਉਹ ਪੱਥਰ (ਸਾਲਗਰਾਮ) ਰੂਪ ਹੋ ਗਿਆ। ਵਿਸ਼ਨੂੰ ਨੇ ਵੀ ਪੱਥਰ ਹੋਣ ਤੋਂ ਪਹਿਲਾਂ ਵਰਿੰਦਾ ਨੂੰ ਸਰਾਪ ਦਿਤਾ। ਉਹ ਤੁਲਸੀ ਦਾ ਬੂਟਾ ਬਣ ਗਈ।

ਸਾਲਗਰਾਮ ਨੂੰ ਵਿਸ਼ਨੂੰ ਦਾ ਤੇ ਤੁਲਸੀ ਨੂੰ ਵਰਿੰਦਾ ਦਾ ਸਰੂਪ ਮੰਨ ਕੇ ਅਜ ਵੀ ਲੋਕ ਪੂਜਦੇ ਹਨ।

ਇਕ ਹੋਰ ਕਥਾ ਅਨੁਸਾਰ ਤੁਲਸਾਂ ਪਹਿਲਾਂ ਇਕ ਅਪਛਰਾ ਸੀ। ਕ੍ਰਿਸ਼ਨ ਨੇ ਉਸ ਦੀ ਕਾਇਆ ਬਦਲ ਕੇ ਬੂਟੇ ਦਾ ਰੂਪ ਦਿਤਾ। ਇਕ ਹੋਰ ਕਥਾ ਅਨੁਸਾਰ ਤੁਲਸੀ ਇਕ ਮੁਟਿਆਰ ਸੀ, ਜਿਸ ਨੂੰ ਵਿਸ਼ਨੂੰ ਨੇ ਪਰੀ ਦੇ ਰੂਪ ਵਿਚ ਗ੍ਰਹਿਣ ਕਰਨ ਲਈ ਕਰੜੀ ਤਪਸਿਆ ਕੀਤੀ, ਪਰ ਜਦੋਂ ਵਿਸ਼ਨੂੰ ਦੀ ਪਤਨੀ ਲਖਸ਼ਮੀ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਇਸ ਮੁਟਿਆਰ ਨੂੰ ਸਰਾਪ ਦੇ ਕੇ ਪੌਦੇ ਵਿਚ ਬਦਲ ਦਿਤਾ। ਪਰ ਵਿਸ਼ਨੂੰ ਨੇ ਉਸਨੂੰ ਵਰ ਦਿਤਾ ਕਿ ਉਹ ਸਾਲਗਰਾਮ ਦੇ ਰੂਪ ਵਿਚ ਹਮੇਸ਼ਾਂ ਉਸਦੇ ਕੋਲ ਰਹਿਣਗੇ। ਇਸ ਲਈ ਹਿੰਦੂ ਤੁਲਸੀ ਦੇ ਬੂਟੇ ਨੂੰ ਪਾਣੀ ਦੇਣ ਲਗਿਆਂ ਪਹਿਲਾਂ ਪਾਣੀ ਵਿਚ ਸਾਲਗਰਾਮ ਫੇਰ ਲੈਂਦੇ ਹਨ। ਹਿੰਦੂ ਹਰ ਸਾਲ 11 ਸੁਦੀ ਕਤਕ ਨੂੰ ਸਾਲਗਰਾਮ ਤੇ ਤੁਲਸੀ ਦਾ ਵਿਆਹ ਰਚਾਣ ਦਾ ਕਰਮ ਕਾਂਡ ਕਰਦੇ ਹਨ, ਜਿਸ ਦਾ ਬੜਾ ਮਹਾਤਮ ਹੈ।

ਕਈ ਤੁਲਸੀ ਨੂੰ ਵਿਸ਼ਨੂੰ ਦੀ ਪਤਨੀ ਲਖਸ਼ਮੀ ਦਾ ਅਵਤਾਰ ਵੀ ਮੰਨਦੇ ਹਨ। ...

ਤੁਲਸੀ ਦੀਵਾ ਬਾਲਿਆ
ਮੈਨੂੰ ਮਰਦੀ ਨੂੰ ਸੰਭਾਲਿਆ।

ਭਾਵ ਇਹ ਹੈ ਕਿ ਮਰਨ ਮਗਰੋਂ ਦੇ ਹਨੇਰੇ ਮਾਰਗ ਵਿਚ, ਤੁਲਸੀ ਅਗਵਾਈ ਕਰੇਗੀ ਤੇ ਹਨੇਰੇ ਪੰਧ ਨੂੰ ਰੋਸ਼ਨ ਕਰੇਗੀ।

ਧਾਰਨਾ ਹੈ ਕਿ ਜੇ ਮਰਨ ਵੇਲੇ ਪ੍ਰਾਣੀ ਦੇ ਹੱਥ ਵਿਚ ਤੁਲਸੀ ਦਾ ਪੱਤਾ ਹੋਵੇ ਤਾਂ ਯਮਦੂਤ ਉਸ ਨੂੰ ਧੂਹ ਖਿਚ ਕੇ ਨਿਰਾਦਰੀ ਨਹੀਂ ਕਰਦੇ ਤੇ ਨਾ ਹੀ ਬਹੁਤੇ ਕਸ਼ਟ ਦੇਂਦੇ ਹਨ। ਸਰਾਧਾਂ ਲਈ ਜਦੋਂ 'ਪਿੰਡ' ਤਿਆਰ ਕੀਤੇ ਜਾਂਦੇ ਹਨ ਤਾਂ ਤੁਲਸੀ ਦੀਆਂ ਲਗਰਾਂ 'ਪਿੰਡ' ਵਿਚ ਪਾ ਦਿਤੀਆਂ ਜਾਂਦੀਆਂ ਹਨ।

ਸੂਰਜ/ਚੰਦਰ ਗ੍ਰਹਿਣ ਸਮੇਂ ਹਿੰਦੂ ਤੀਵੀਆਂ, ਘਰ ਦੀ ਪਵਿਤ੍ਰਤਾ ਕਾਇਮ ਰਖਣ ਲਈ, ਤੁਲਸੀ ਦੇ ਪੱਤਿਆਂ ਉਤੇ, ਗੰਗਾਜਲੀ ਦਾ ਛੱਟਾ ਮਾਰ ਕੇ, ਪਾਣੀ ਦੇ ਘੜੇ ਤੇ ਰਸੋਈ ਦੇ ਭਾਂਡਿਆਂ ਵਿਚ ਰਖ ਦੇਂਦੀਆਂ ਹਨ।

ਨਵਾਂ ਖੂਹ ਜਾਂ ਸਰੋਵਰ ਖੋਦਣ ਲਗਿਆਂ, ਹਿੰਦੂ ਪਹਿਲਾਂ ਤੁਲਸੀ ਦੇ ਪੌਦੇ ਤੇ ਸਾਲਗਰਾਮ ਦਾ ਵਿਆਹ ਰਚਦੇ ਹਨ। ਇਸ ਤਰ੍ਹਾਂ ਪਾਣੀ ਮਿੱਠਾ, ਨਰੋਆ ਤੇ ਉਪਜਾਊ ਸ਼ਕਤੀ ਵਾਲਾ ਹੁੰਦਾ ਹੈ।

ਕਈ ਧਨੀ ਲੋਕ ਜਿਨ੍ਹਾਂ ਦੇ ਘਰ ਧੀ-ਧਿਆਣੀ ਨਹੀਂ ਹੁੰਦੀ, ਤੁਲਸੀ ਦਾ ਪੌਦਾ ਘਰ ਵਿਚ ਉਗਾਉਂਦੇ ਹਨ ਤੇ ਫਿਰ ਕਿਸੇ ਬ੍ਰਾਹਮਣ ਨੂੰ, ਉਸ ਦਾ ਕੰਨਿਆਂ-ਦਾਨ ਕਰਦੇ ਹਨ। ਇਸ ਮੌਕੇ ਉਤੇ ਵਿਆਹ ਦੀਆਂ ਸਾਰੀਆਂ ਰਸਮਾਂ ਰੀਤਾਂ ਕੀਤੀਆਂ ਜਾਂਦੀਆਂ ਹਨ ਤੇ ਬਾਕਾਇਦਾ ਦਾਜ-ਦਾਵਣ ਦਿਤਾ ਜਾਂਦਾ ਹੈ। ਬ੍ਰਾਹਮਣ ਜੰਞ ਨਾਲ ਘੋੜੀ ਤੇ ਚੜ੍ਹ ਕੇ ਢੁਕਦਾ ਹੈ, ਤੇ ਤੁਲਸੀ ਨਾਲ ਫੇਰੇ ਲੈਂਦਾ ਹੈ। ਤੁਲਸੀ ਨੂੰ ਡੋਲੀ ਵਿਚ ਪਾ ਕੇ ਵਿਦਾ ਕੀਤਾ ਜਾਂਦਾ ਹੈ। ਉਹ ਬ੍ਰਾਹਮਣ ਅਗੋਂ ਤੋਂ ਉਸ ਘਰ ਦਾ ਜਵਾਈ ਸਮਝਿਆ ਜਾਂਦਾ ਹੈ ਤੇ ਜਦੋਂ ਵੀ ਬ੍ਰਾਹਮਣ ਘਰ ਆਵੇ, ਜਵਾਈਆਂ ਵਾਂਗ ਉਸ ਦੀ ਖ਼ਾਤਰ ਕੀਤੀ ਜਾਂਦੀ ਹੈ।

ਜੇ ਕੋਈ ਸ਼ਖਸ ਤੀਜੀ ਵਾਰ ਵਿਆਹ ਕਰਨ ਲਗੇ ਤਾਂ ਤੀਜਾ ਵਿਆਹ, ਅਸ਼ੁਭ ਹੋਣ ਕਰ ਕੇ, ਪਹਿਲਾਂ ਉਹ ਤੁਲਸੀ ਨਾਲ ਆਪਣਾ ਵਿਆਹ ਰਚਾਂਦਾ ਹੈ।

## (ਤ-161) ਤੁਲੰਬਾ :

ਮੁਲਤਾਨ ਜ਼ਿਲੇ ਦਾ ਇਕ ਪ੍ਰਾਚੀਨ ਨਗਰ, ਜੋ ਮੁਲਤਾਨ ਨਗਰ ਤੋਂ 70 ਕੁ ਮੀਲ ਦੂਰ ਹੈ। ...

ਇਸ ਨਗਰ ਦੀ ਨੀਂਹ ਰਾਜਾ ਤਲ ਨੇ ਰੱਖੀ ਜੋ ਸਿਆਲਕੋਟ ਦੇ ਪ੍ਰਸਿਧ ਰਾਜੇ ਸਲਵਾਨ ਦੀ ਵੰਸ਼ ਵਿਚੋਂ ਸਨ। ਰਾਜਾ ਰਸਾਲੂ ਰਾਜੇ ਤਲ ਦਾ ਵਡਿਕਾ ਸੀ। ਰਾਜੇ ਤਲ ਦਾ ਬਣਵਾਇਆ ਕਿਲ੍ਹਾ, ਉਸ ਦੇ ਨਾਂ ਤੋਂ ਹੀ 'ਤਲ ਉਭਾ' ਅਥਵਾ ਉਤਰੀ ਤਲ ਜਾਂ 'ਤਲ ਉਭਾ' ਉਤਰੀ ਕਿਲ੍ਹਾ ਅਖਵਾਇਆ। ਇਹੋ ਸ਼ਬਦ ਮਗਰੋਂ ਵਿਗੜ ਕੇ ਤੁਲੰਬਾ ਵਿਚ ਬਦਲ ਗਿਆ।

ਸੋਲ੍ਹਵੀਂ ਸਦੀ ਦੇ ਆਰੰਭ ਵਿਚ ਦਰਿਆ ਦੇ ਰਾਹ ਬਦਲ ਲੈਣ ਨਾਲ ਪੁਰਾਣਾ ਸ਼ਹਿਰ ਉਜੜ ਗਿਆ। ਨਵਾਂ ਸ਼ਹਿਰ ਮੁਹੰਮਦ ਖ਼ਾਨ ਲੰਗਾਹ ਦੇ ਸਮੇਂ ਵਸਿਆ। ਅਹਿਮਦ ਸ਼ਾਹ ਅਬਦਾਲੀ ਨੇ ਇਕ ਹੱਲੇ ਸਮੇਂ ਇਸ ਨਗਰ ਨੂੰ ਖ਼ੂਬ ਲੁਟਿਆ।

ਗੁਰੂ ਨਾਨਕ ਦੇਵ ਜੀ ਦੀ ਜਨਮ-ਸਾਖੀ ਵਿਚ ਤੁਲੰਬੇ ਦਾ ਜ਼ਿਕਰ ਆਉਂਦਾ ਹੈ। ਸੱਜਣ ਠੱਗ ਇਥੋਂ ਦਾ ਹੀ ਵਸਨੀਕ ਸੀ।

### (ਤ-162) ਤੁਲਾ :

ਸੋਹਣੀ ਦਾ ਪਿਤਾ, ਜੋ ਗੁਜਰਾਤ ਦਾ ਵੱਡਾ ਘੁਮਿਆਰ ਸੀ। ਇਹ ਕਾਗ਼ਜ਼ ਵਰਗੇ ਪਤਲੇ ਪਰ ਲੋਹੇ ਵਰਗੇ ਮਜ਼ਬੂਤ ਭਾਂਡੇ ਬਨਾਣ ਵਿਚ ਬੜਾ ਪ੍ਰਸਿਧ ਸੀ। ਇਸ ਤਰ੍ਹਾਂ ਦੇ ਭਾਂਡੇ ਅਮੀਰ ਘਰਾਂ ਵਿਚ ਵਰਤੇ ਜਾਂਦੇ ਸਨ।

### (ਤ-163) ਤੁਲ੍ਹਾ :

ਘਾਹ-ਪੱਤਿਆਂ ਤੇ ਟਹਿਣੀਆਂ ਨੂੰ ਬੰਨ੍ਹ ਕੇ ਬਣਾਈ ਛੋਟੀ ਬੇੜੀ ਜਿਸ ਉਤੇ ਕੱਤਕ ਦੇ ਮਹੀਨੇ ਹਿੰਦੂ ਦੀਵੇ ਰਖ ਕੇ ਜਲ ਵਿਚ ਤਾਰਦੇ ਹਨ। ਧਾਰਨਾ ਹੈ ਕਿ ਇਹ ਦੀਵੇ ਮਰਨ ਮਗਰੋਂ ਪ੍ਰਾਣੀ ਦੇ ਅਗਲੇ ਮਾਰਗ ਨੂੰ ਉਜਾਗਰ ਕਰਦੇ ਹਨ।

### (ਤ-164) ਤੁਲਾ ਦਾਨ :

ਹਿੰਦੂਆਂ ਵਿਚ ਦਾਨ ਦੇਣ ਦੀ ਇਕ ਵਿਧੀ, ਜਿਸ ਅਨੁਸਾਰ ਪ੍ਰਾਣੀ ਆਪਣੇ ਭਾਰ ਦੇ ਬਰਾਬਰ ਅੰਨ, ਵਸਤ੍ਰ ਜਾਂ ਕੋਈ ਨਕਦ ਤੋਲ ਕੇ ਦਾਨ ਕਰਦਾ ਹੈ। ਦਾਨ ਕਰਨ ਵਾਲਾ ਇਕ ਪਲੜੇ ਵਿਚ ਬੈਠ ਜਾਂਦਾ ਹੈ ਤੇ ਦੂਜੇ ਪਲੜੇ ਵਿਚ ਸੋਨੇ ਚਾਂਦੀ ਤੇ ਕਣਕ ਜੋ ਪਦਾਰਥ ਵੀ ਦਾਨ ਕਰਨਾ ਹੋਵੇ, ਉਹ ਬਰਾਬਰ ਦਾ ਰਖਿਆ ਜਾਂਦਾ ਹੈ। ਇਸ ਤਰ੍ਹਾਂ ਦਾਨ ਕਰਨ ਨਾਲ ਗ੍ਰਹਿ ਉਤਰਦੇ ਹਨ। ਜੇ ਸਨਿਚਰ ਗ੍ਰਹਿ ਉਤਾਰਨਾ ਹੋਵੇ ਤਾਂ ਤਾਂਬੇ ਦਾ ਦਾਨ ਦਿਤਾ ਜਾਂਦਾ ਹੈ।

ਕਈ ਨਿਰਸੰਤਾਨ ਲੋਕ ਬੱਚੇ ਦੀ ਸੁੱਖਣਾ ਪੂਰੀ ਹੋਣ ਤੇ ਬੱਚੇ ਨੂੰ ਧਾਤ, ਨਾਰੀਅਲ ਜਾਂ ਕਿਸੇ ਫਲ ਨਾਲ ਤੋਲ ਕੇ, ਮੰਦਰ ਵਿਚ ਭੇਟਾ ਕਰਦੇ ਅਥਵਾ ਗ਼ਰੀਬਾਂ ਵਿਚ ਵੰਡਦੇ ਹਨ। ਕਈ ਹਿੰਦੂ ਜਿਨ੍ਹਾਂ ਦੇ ਘਰ ਔਲਾਦ ਨਹੀਂ ਹੁੰਦੀ, ਤੁਲਾ ਦਾਨ ਸੁਖਦੇ ਹਨ ਤੇ ਬੱਚੇ ਦੇ ਜੰਮਦੇ ਸਾਰ ਤੁਲਾ ਦਾਨ ਦੀ ਰੀਤ ਕਰਦੇ ਹਨ।

ਤੁਲਾ ਦਾਨ ਦੀ ਰਸਮ ਮੁਗ਼ਲ ਬਾਦਸ਼ਾਹਾਂ ਵਿਚ ਵੀ ਪ੍ਰਚਲਤ ਰਹੀ ਹੈ। ਕਈ ਮੁਗ਼ਲ ਬਾਦਸ਼ਾਹ ਆਪਣੇ ਜਨਮ ਦਿਵਸ ਉਤੇ ਤੁਲਾ ਦਾਨ ਦੀ ਰੀਤ ਕਰਦੇ ਸਨ। 'ਤੋਜ਼ਿਕੇ ਜਹਾਂਗੀਰੀ' ਅਨੁਸਾਰ 10 ਮਾਰਚ 1615 ਈ. ਨੂੰ ਜਦੋਂ ਜਹਾਂਗੀਰ ਦਾ ਸ਼ਹਿਜ਼ਾਦਾ ਖ਼ੁੱਰਮ 24 ਸਾਲਾਂ ਦਾ ਹੋਇਆ, ਤਾਂ ਉਸ ਨੂੰ ਸੋਨੇ ਤੇ ਹੋਰ ਬਹੁਮੁੱਲੀਆਂ ਧਾਤਾਂ ਨਾਲ ਤੋਲਿਆ ਗਿਆ ਅਤੇ ਭਾਰੀ ਜਸ਼ਨ ਮਨਾਇਆ ਗਿਆ। ਇਸੇ ਤਰ੍ਹਾਂ 14 ਮਾਰਚ 1615 ਨੂੰ ਜਦੋਂ ਜਹਾਂਗੀਰ 54 ਸਾਲ ਦਾ ਹੋਇਆ ਤਾਂ ਉਸ ਨੂੰ ਸੋਨੇ ਚਾਂਦੀ ਨਾਲ ਤੋਲਿਆ ਗਿਆ। ਇਕ ਵਿਦੇਸ਼ੀ ਯਾਤਰੀ ਥਾਮਸ ਕੋਰੀਯਤ ਅਨੁਸਾਰ ਜਹਾਂਗੀਰ, ਜਿਸ ਤਰਾਜ਼ੂ ਵਿਚ ਤੋਲਿਆ ਗਿਆ, ਉਸ ਦੇ ਪਲੜੇ ਸੋਨੇ ਦੇ ਸਨ। ਉਸ ਅਨੁਸਾਰ ਜਹਾਂਗੀਰ ਹਰ ਵਰ੍ਹੇ ਨੇਮ ਨਾਲ, ਤੁਲਾ ਦਾਨ ਦੀ ਰਸਮ ਅਦਾ ਕਰਦਾ ਤੇ ਮਗਰੋਂ ਇਸ ਸੋਨੇ ਨੂੰ ਲੋੜਵੰਦਾਂ ਵਿਚ ਵੰਡਦਾ। ਕਈ ਯੂਰਪੀਅਨ ਯਾਤ੍ਰੀਆਂ ਨੇ ਵੀ ਇਸ ਕਥਨ ਦੀ ਪ੍ਰੋੜ੍ਹਤਾ ਕੀਤੀ ਹੈ। ਇਕ ਹੋਰ ਯਾਤ੍ਰੀ ਤਵਰਨੀਅਰ ਅਨੁਸਾਰ 1665 ਵਿਚ ਔਰੰਗਜ਼ੇਬ ਦੇ ਜਨਮ ਦਿਨ ਉਤੇ ਉਸ ਨੂੰ ਸੋਨੇ ਚਾਂਦੀ ਤੇ ਹੋਰ ਬਹੁਮੁਲੀਆਂ ਧਾਤਾਂ ਨਾਲ ਤੋਲਿਆ ਗਿਆ ਤੇ ਜਸ਼ਨ ਮਨਾਏ ਗਏ। ਬਰਨੀਅਰ ਅਨੁਸਾਰ ਔਰੰਗਜ਼ੇਬ ਵੇਲੇ ਤੁਲਾ ਦਾਨ ਕੀਤਾ ਜਾਂਦਾ ਸੀ, ਜੇ ਬਾਦਸ਼ਾਹ ਦਾ ਵਜ਼ਨ ਪਿਛਲੇ ਸਾਲ ਨਾਲੋਂ ਵਧ ਜਾਂਦਾ ਤਾਂ ਖ਼ੂਬ ਜਸ਼ਨ ਮਨਾਏ ਜਾਂਦੇ। ਤੁਲਾ ਦਾਨ ਮਗਰੋਂ ਔਰੰਗਜ਼ੇਬ ਆਪਣੇ ਸਭ ਤੋਂ ਕੀਮਤੀ ਤਖ਼ਤ ਉਤੇ ਬੈਠਦਾ ਤੇ ਉਸ ਦੇ ਦਰਬਾਰੀ ਉਸ ਨੂੰ ਕੋਈ ਚੀਜ਼ ਵਸਤੂ ਭੇਟਾ ਚਾੜ੍ਹਦੇ।

### (ਤ-165) ਤੁਲਾ ਰਾਸ਼ੀ :

ਬਾਰਾਂ ਰਾਸ਼ੀਆਂ ਵਿਚੋਂ ਸਤਵੀਂ ਰਾਸ਼ੀ, ਜਿਸ ਦੀ ਸ਼ਕਲ ਤਰਾਜ਼ੂ ਵਰਗੀ ਮਿਥੀ ਗਈ ਹੈ। ਤੁਲਾ ਰਾਸ਼ੀ ਦਾ ਪ੍ਰਧਾਨ ਦੇਵਤਾ ਸ਼ੁਕਰ ਹੈ। ਇਸ ਦਾ ਰੰਗ ਹਰਾ ਹੈ। ਇਸੇ ਲਈ ਤੁਲਾ ਰਾਸ਼ੀ ਵਾਲੇ ਸ਼ਖ਼ਸ ਲਈ, ਹਰੇ ਰੰਗ ਦੇ ਹੀਰੇ ਮੋਤੀ

ਜੋਤਿਸ਼ ਵਿਦਿਆ ਅਨੁਸਾਰ, ਤੁਲਾ ਰਾਸ਼ੀ ਵਿਚ ਜੰਮਿਆ ਬਾਲਕ ਬੜਾ ਬੁਧੀਮਾਨ ਤੇ ਸਾਂਤ ਸੁਭਾਅ ਦਾ ਹੁੰਦਾ ਹੈ, ਉਹ ਕਲਾਤਮਿਕ ਰੁਚੀਆਂ ਦਾ ਸਵਾਮੀ ਹੁੰਦਾ ਹੈ। ਤੁਲਾ ਰਾਸ਼ੀ ਵਾਲਾ ਤੀਵੀਆਂ ਦੇ ਅਸਰ ਹੇਠ, ਛੇਤੀ ਆ ਜਾਂਦਾ ਹੈ, ਉਸ ਵਿਚ ਕੀਨੇ ਤੇ ਸਾੜੇ ਦੇ ਵੀ ਅੰਸ਼ ਹੁੰਦੇ ਹਨ।

ਤੁਲਾ ਨਾਲ ਕਈ ਰੀਤਾਂ ਦਾ ਸਬੰਧ ਹੈ। ਜਦੋਂ ਸੂਰਜ ਤੁਲਾ ਰਾਸ਼ੀ ਵਿਚ ਹੋਵੇ ਤਾਂ ਤੁਲਾ ਦਾਨ ਸਭ ਤੋਂ ਉੱਤਮ ਦਾਨ ਮੰਨਿਆ ਜਾਂਦਾ ਹੈ। ਦਾਨ ਦੇਣ ਵਾਲਾ ਆਪਣੇ ਭਾਰ ਦੇ ਬਰਾਬਰ ਅੰਨ-ਵਸਤ੍ਰ ਜਾਂ ਕੋਈ ਧਾਤ ਤੋਲ ਕੇ ਬ੍ਰਾਹਮਣਾਂ ਤੇ ਗ਼ਰੀਬਾਂ ਵਿਚ ਦਾਨ ਕਰਦਾ ਹੈ (ਵੇਖੋ : ਤੁਲਾ ਦਾਨ)। ਇਸੇ ਤਰ੍ਹਾਂ ਤੁਲਾ ਭਾਰ ਦੀ ਰਸਮ ਵੀ ਪ੍ਰਚਲਤ ਹੈ, ਜਿਸ ਵਿਚ ਕਿਸੇ ਸੁੱਖਣਾ ਦੀ ਪੂਰਤੀ ਵਿਚ ਬੱਚੇ ਦੇ ਵਜ਼ਨ ਦੇ ਬਰਾਬਰ ਅੰਨ-ਫਲ ਜਾਂ ਬਸਤ੍ਰ ਆਦਿ ਤੋਲ ਕੇ ਦਾਨ ਦਿਤੇ ਜਾਂਦੇ ਹਨ।

ਤੁਲਾ ਸੰਬੰਧੀ ਕਈ ਕਥਾਵਾਂ ਵੀ ਹਿੰਦੂ ਗ੍ਰੰਥਾਂ ਵਿਚ ਮਿਲਦੀਆਂ ਹਨ। ਮਹਾਂਭਾਰਤ ਅਨੁਸਾਰ ਰਾਜਾ ਸ਼ਿਬੀ ਨੇ ਇਕ ਘੁੱਘੀ ਨੂੰ ਬਾਜ਼ ਦੇ ਪੰਜੇ ਵਿਚੋਂ ਛੁਡਾਣਾ ਚਾਹਿਆ ਤੇ ਬਦਲੇ ਵਿਚ ਬਾਜ਼ ਨੇ ਘੁੱਘੀ ਦੇ ਮਾਸ ਦੇ ਬਰਾਬਰ, ਰਾਜੇ ਦਾ ਆਪਣਾ ਮਾਸ ਮੰਗਿਆ। ਵਾਸਤਵ ਵਿਚ ਇੰਦਰ ਤੇ ਅਗਨੀ ਦੇਵਤਾ ਰਾਜੇ ਸ਼ਿਬੀ ਦੀ ਸਖਾਵਤ ਦੀ ਪ੍ਰੀਖਿਆ ਲੈਣ ਲਈ ਬਾਜ਼ ਤੇ ਘੁੱਘੀਆਂ ਦਾ ਰੂਪ ਧਾਰ ਕੇ ਵਿਚਰ ਰਹੇ ਸਨ।

ਤੁਲਾ ਸੰਬੰਧੀ ਇਕ ਹੋਰ ਕਥਾ ਵੀ ਮਿਲਦੀ ਹੈ। ਕ੍ਰਿਸ਼ਨ ਦੀ ਦੂਜੀ ਪਤਨੀ ਸੱਤਯਭਾਮਾ ਚਾਹੁੰਦੀ ਸੀ ਕਿ ਕ੍ਰਿਸ਼ਨ ਉਨ੍ਹਾਂ ਦੇ ਹੋ ਕੇ ਰਹਿਣ, ਪਰ ਕ੍ਰਿਸ਼ਨ ਦਾ ਰੁਕਮਣੀ ਨਾਲ ਵਧੇਰੇ ਪ੍ਰੇਮ ਸੀ। ਨਾਰਦ ਨੇ ਕ੍ਰਿਸ਼ਨ ਦਾ ਪ੍ਰੇਮ ਪ੍ਰਾਪਤ ਕਰਨ ਲਈ ਸੱਤਯਭਾਮਾ ਨੂੰ ਇਕ ਵਿਧੀ ਦਸੀ ਕਿ ਉਹ ਕ੍ਰਿਸ਼ਨ ਨੂੰ ਦਾਨ ਕਰ ਕੇ ਫਿਰ ਸੋਨੇ ਦੇ ਬਰਾਬਰ ਤੋਲ ਕੇ ਲਏ। ਸੱਤਯਭਾਮਾ ਨੇ ਕ੍ਰਿਸ਼ਨ ਨੂੰ ਨਾਰਦ ਨੂੰ ਹੀ ਦਾਨ ਵਜੋਂ ਦੇ ਦਿਤਾ। ਪਰ ਜਦੋਂ ਉਨ੍ਹਾਂ ਨੂੰ ਮੁੜ ਪ੍ਰਾਪਤ ਕਰਨ ਲਈ ਸੋਨੇ ਨਾਲ ਤੋਲਣ ਲਗੀ ਤਾਂ ਸੱਤਯਭਾਮਾ ਦਾ ਸਾਰਾ ਸੋਨਾ ਕ੍ਰਿਸ਼ਨ ਦੇ ਵਜ਼ਨ ਬਰਾਬਰ ਨਾ ਹੋ ਸਕਿਆ। ਨਾਰਦ ਨੇ ਰੁਕਮਨੀ ਨੂੰ ਸਦਿਆ ਤਾਂ ਜੋ ਉਹ ਸੱਤਯਭਾਮਾ ਦੀ ਮਦਦ ਕਰੇ। ਉਦੋਂ ਰੁਕਮਨੀ ਪੂਜਾ ਕਰ ਰਹੀ ਸੀ। ਉਸ ਨੇ ਆਪਣੇ ਗਹਿਣਿਆਂ ਦੀ ਪਟਾਰੀ ਵਿਚੋਂ ਤੁਲਸੀ ਦਾ ਪੱਤਾ ਤਕੜੀ ਉਤੇ ਰਖਿਆ ਤਾਂ ਦੋਵੇਂ ਪਲੜੇ ਬਰਾਬਰ ਹੋ ਗਏ।

ਤੂਤ ਦਾ ਫਲ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਕਾਠਾ, ਜਿਸ ਨੂੰ ਬੇਦਾਨਾ ਵੀ ਕਿਹਾ ਜਾਂਦਾ ਹੈ, ਇਸ ਦੇ ਪੱਤੇ ਛੋਟੇ ਤੇ ਗੋਲ ਹੁੰਦੇ ਹਨ ਅਤੇ ਫਲ ਚਿੱਟਾ, ਊਦਾ ਜਾਂ ਕਾਲਾ ਹੁੰਦਾ ਹੈ। ਦੂਜਾ ਪਿਊਂਦੀ, ਜਿਨ੍ਹਾਂ ਦੇ ਪੱਤੇ ਤੇ ਫਲ, ਲੰਮੇ ਹੁੰਦੇ ਹਨ। ਇਸ ਦੇ ਫਲ ਨੂੰ 'ਜਲੇਬਾ' ਵੀ ਕਹਿੰਦੇ ਹਨ। ਤੂਤ ਦੀ ਲਕੜੀ, ਖੂਹ ਦੇ ਚੱਕ ਤੇ ਗੱਡੇ ਆਦਿ ਬਨਾਉਣ ਦੇ ਕੰਮ ਆਉਂਦੀ ਹੈ।

(ਤ-167) **ਤੂਤੀ** :

ਮੂੰਹ ਨਾਲ ਵਜਾਣ ਵਾਲਾ ਇਕ ਛੋਟਾ ਜਿਹਾ ਸਾਜ਼; ਵਿਆਹ ਵਿਚ ਤੂਤਣੀ ਦਾ ਵਜਾਣਾ ਸ਼ੁਭ ਹੈ।

(ਤ-168) **ਤੂਤੀਨਾਮਾ** :

ਕਥਾਵਾਂ ਦੀ ਇਕ ਪੁਸਤਕ, ਜਿਸ ਵਿਚ ਤੋਤੇ ਦੇ ਮੂੰਹੋਂ 52 ਕਹਾਣੀਆਂ ਸੁਣਾਈਆਂ ਗਈਆਂ ਹਨ। ਇਹ ਪੁਸਤਕ ਜ਼ਿਆਉਦੀਨ ਬਖਸ਼ੀ ਨਹਿਜੀ ਦੀ ਰਚਨਾ ਹੈ।

(ਤ-169) **ਤੂਬਾ** :

ਮੁਸਲਮਾਨੀ ਰਵਾਇਤਾਂ ਅਨੁਸਾਰ ਇਕ ਦਰਖ਼ਤ ਜੋ ਬਹਿਸ਼ਤ ਵਿਚ ਲਗਾ ਹੋਇਆ ਹੈ। ਇਸ ਨੂੰ ਕਈ ਪ੍ਰਕਾਰ ਦੇ ਸਵਾਦਲੇ ਮੇਵੇ ਪੈਂਦੇ ਹਨ। ਇਸ ਦੀਆਂ ਟਹਿਣੀਆਂ ਹਰ ਬਹਿਸ਼ਤੀ ਦੇ ਮਕਾਨ ਉਤੇ ਛਾਈਆਂ ਹੋਣਗੀਆਂ। ਇਸ ਦੀ ਸੁਗੰਧੀ ਬੜੀ ਭਿੰਨੀ ਤੇ ਛਾਂ ਬੜੀ ਅਲੌਕਿਕ ਹੈ।

"ਤੂਬਾ ਰੁੱਖ ਤੇਰੇ ਦੀ ਛਾਵੇਂ ਟਹੀ ਉਸ ਮੈਂ ਬਹਿਸ਼ਤੀ"

ਸੈਫੁਲ ਮਲੂਕ

(ਤ-170) **ਤੂੰਬਾ** :

(ੳ) ਇਕ ਸਾਜ਼ ਜੋ ਕੱਦੂ ਦੀ ਸ਼ਕਲ ਦਾ ਹੁੰਦਾ ਹੈ, ਤੇ ਜਿਸ ਨਾਲ ਤਾਰ ਲਗੀ ਹੁੰਦੀ ਹੈ :

ਤੂੰਬਾ ਵਜਦਾ ਹੀ ਨਾ ਤਾਰ ਬਿਨਾਂ
ਦਿਲ ਲਗਦਾ ਹੀ ਨਾ ਯਾਰ ਬਿਨਾਂ।

(ਅ) ਫ਼ਕੀਰਾਂ ਦਾ ਖੈਰ ਮੰਗਣ ਵਾਲਾ ਭਾਂਡਾ, ਜੋ ਗੜਵੀ ਦੀ ਸ਼ਕਲ ਦਾ ਹੁੰਦਾ ਹੈ।

(ਤ-171) **ਤੂਰ** :

(ੳ) ਮਿਸਰ ਦਾ ਇਕ ਪ੍ਰਸਿਧ ਪਹਾੜ ਜਿਥੇ ਹਜ਼ਰਤ

(ਤ-172) **ਤੂਲ** :

ਵਿਆਹ ਸਮੇਂ ਮਾਪਿਆਂ ਵਲੋਂ ਧੀ ਨੂੰ ਦਾਜ ਵਿਚ ਦਿਤੀ ਰਜਾਈ ਤਲਾਈ ਤੇ ਸਿਰ੍ਹਾਣਾ; ਤੂਲ ਵਿਚ ਬਿਸਤਰੇ ਦੀਆਂ ਉਹ ਤਿੰਨੇ ਚੀਜ਼ਾਂ ਆਉਂਦੀਆਂ ਹਨ ਜਿਨ੍ਹਾਂ ਵਿਚ ਰੂੰ ਹੁੰਦਾ ਹੈ :

ਭੌਂਠ ਖੇੜਿਆਂ ਦੇ ਤੂਲ ਵਿਹਾਣੇ
ਮੈਨੂੰ ਭਾਂਦੀ ਰਾਂਝਣ ਦੀ ਲੋਈ ।

(ਤ-173) **ਤੇਈਆ ਤਾਪ** :

ਵਾਰੀ ਦਾ ਬੁਖ਼ਾਰ; ਤੇਈਆ ਤਾਪ ਨੂੰ ਉਤਾਰਨ ਲਈ ਕਈ ਲੋਕ-ਵਿਧੀਆਂ ਪ੍ਰਚਲਤ ਹਨ । ਟਾਹਲੀ ਸਾਹਿਬ ਪਖੋਕੇ ਵਿਚ ਟਾਹਲੀ ਦੇ ਪੂਰਬ-ਉਤਰ ਵਲ ਬਾਬਾ ਜੀ ਦੇ ਮੰਦਰ ਦੇ ਪਾਸੇ ਵਲ ਇਕ ਲਾਲ ਰੰਗ ਦੀ ਮੁੱਦੀ ਹੈ, ਜਿਸ ਦੀ ਪਰਦਖਣਾ ਲੈ ਕੇ ਮੱਥਾ ਟੇਕਣ ਵਾਲੇ ਦਾ, ਤੇਈਆ ਤਾਪ, ਉਤਰ ਜਾਂਦਾ ਹੈ (ਡੇਹਰਾ ਬਾਬਾ ਨਾਨਕ ਸਰਵੇ ਪੁਸਤਕ, ਪੰਨਾ 52) । ਤ੍ਰਿਹਾਜੂ ਤੋਂ ਗੰਢਣ (ਤਿੰਨ ਗੰਢਾਂ ਵਾਲਾ ਧਾਗਾ) ਲੈ ਕੇ ਕੋਲ ਰਖਣ ਨਾਲ ਵਾਰੀ ਦਾ ਬੁਖ਼ਾਰ ਉਤਰ ਜਾਂਦਾ ਹੈ ।

ਤੇਈਆ ਤਾਪ ਬਾਰੇ ਇਕ ਕਥਾ ਵੀ ਪ੍ਰਚਲਤ ਹੈ : ਇਕ ਵਾਰ ਗੁਰੂ ਅਮਰਦਾਸ ਜੀ ਨੇ, ਤੇਈਆ ਤਾਪ ਨੂੰ ਸਬੂਲ ਵਿਚ ਫੜ ਕੇ ਬੰਦੀ ਬਣਾ ਲਿਆ ਤੇ ਉਦੋਂ ਛਡਿਆ, ਜਦੋਂ ਤੇਈਆ ਤਾਪ ਨੇ ਇਹ ਮੰਨ ਲਿਆ ਕਿ ਜਿਥੇ ਸਾਖੀ ਸੁਣਾਈ ਜਾਵੇਗੀ ਉਥੇ ਤੇਈਆ ਤਾਪ ਨਹੀਂ ਰਹੇਗਾ । ਸੋ, ਜਦੋਂ ਕਿਸੇ ਨੂੰ ਤੇਈਆ ਤਾਪ ਹੁੰਦਾ ਹੈ ਤਾਂ ਗੁਰਦੁਆਰੇ ਦਾ ਭਾਈ ਰੋਗੀ ਦਾ ਤਾਪ ਦੂਰ ਕਰਨ ਲਈ ਉਸ ਨੂੰ ਸਾਖੀ ਸੁਣਾਉਂਦਾ ਹੈ ।

(ਤ-174) **ਤੇਜ-ਪੱਤਰ** :

ਇਕ ਬ੍ਰਿਛ ਜਿਸ ਬਾਰੇ ਵਿਸ਼ਵਾਸ਼ ਹੈ ਕਿ ਪੁਰਾਤਨ ਕਾਲ ਵਿਚ, ਇਹ ਦਰਖ਼ਤ ਭਵਿਖਤ ਵਿਚ ਵਾਪਰਨ ਵਾਲੀਆਂ ਘਟਨਾਵਾਂ ਅਗੇਤਰੇ ਹੀ ਦਸ ਦੇਂਦਾ ਸੀ । ਰਵਾਇਤ ਹੈ ਕਿ ਜਦੋਂ ਮਹਾਨ ਸਕੰਦਰ ਸਤਲੁਜ ਦਰਿਆ ਦੇ ਕੰਢੇ ਪਹੁੰਚਿਆ ਤਾਂ ਉਥੇ ਉਸ ਨੂੰ ਤੇਜ ਪੱਤਰ ਦੇ ਦੋ ਅਲੌਕਿਕ ਦਰਖ਼ਤ ਵਿਖਾਏ ਗਏ, ਜਿਨ੍ਹਾਂ ਅੰਦਰੋਂ ਸੰਸਕ੍ਰਿਤ ਤੇ ਯੂਨਾਨੀ ਭਾਸ਼ਾ ਵਿਚੋਂ ਗੱਲਾਂ ਦੀ ਅਵਾਜ਼ ਆਉਂਦੀ ਸੀ । ਇਕ ਬ੍ਰਿਛ ਨਰ ਸੀ ਤੇ ਦੂਜਾ ਮਾਦਾ । ਇਹ ਬ੍ਰਿਛ ਸਵਾਲ ਪੁਛਣ ਵਾਲੇ ਦਾ

ਲਈ ਇਨ੍ਹਾਂ ਦੋਹਾਂ ਬ੍ਰਿਛਾਂ ਤੋਂ ਪ੍ਰਸ਼ਨ ਪੁਛਣ ਵਾਸਤੇ ਸੂਰਜ ਚੜ੍ਹਨ ਤੋਂ ਪਹਿਲਾਂ ਜਾ ਹਾਜ਼ਰ ਹੋਇਆ । ਜਦੋਂ ਸੂਰਜ ਚੜ੍ਹਿਆ ਤਾਂ ਇਕ ਬ੍ਰਿਛ ਬੋਲਿਆ ਕਿ ਤੂੰ ਮੁੜ ਆਪਣੇ ਵਤਨ ਵਾਪਸ ਨਹੀਂ ਪਹੁੰਚ ਸਕੇਂਗਾ । ਦੂਜੇ ਨੇ ਦਸਿਆ ਕਿ ਤੇਰੀ ਮ੍ਰਿਤੂ ਬਬੇਲੂਨ ਵਿਚ ਜ਼ਹਿਰ ਦੇਣ ਨਾਲ ਹੋਵੇਗੀ ।

ਮਾਰਕੋ ਪੋਲੋ ਨੇ ਇਨ੍ਹਾਂ ਦੋਹਾਂ ਅਲੌਕਿਕ ਬ੍ਰਿਛਾਂ ਦਾ ਵਰਨਣ ਆਪਣੇ ਇਤਿਹਾਸ ਵਿਚ ਕੀਤਾ ਹੈ ।

(ਤ-175) **ਤੇਜਾ ਜੀ** :

ਇਕ ਗਰਾਮ ਦੇਵਤਾ, ਜਿਸ ਦੀ ਪੂਜਾ ਜੱਟਾਂ ਵਿ ਕੀਤੀ ਜਾਂਦੀ ਹੈ । ਰਾਜਸਥਾਨ ਵਿਚ ਤਾਂ ਤੇਜਾ ਜੀ ਨਾਗ ਦੇਵਤੇ ਦੇ ਰੂਪ ਵਿਚ ਵੀ ਮਾਨਤਾ ਪ੍ਰਾਪਤ ਹੈ ਤੇਜਾ ਜੀ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ ਇਕ ਵਾਰ ਤੇਜਾ ਜੀ ਨੇ, ਜੋ ਗਊਆਂ ਦਾ ਵਾਗੀ ਸੀ, ਇੱਜ ਚਾਰਦਿਆਂ ਵੇਖਿਆ ਕਿ ਇਕ ਗਊ, ਹਰ ਰੋਜ਼ ਜੰਗਲ ਵਿ ਇਕ ਖ਼ਾਸ ਗੁਠੇ ਜਾ ਖੜੀ ਹੁੰਦੀ, ਜਿਥੇ ਉਸ ਦੇ ਥਣਾਂ ਵਿ ਇਕ ਸਰਪ ਦੁੱਧ ਚੁੰਘਦਾ । ਤੇਜੇ ਨੇ ਸੱਪ ਨੂੰ ਬਚਨ ਦਿ ਕਿ ਉਹ ਗਊ ਦਾ ਦੁੱਧ ਨਾ ਚੁੰਘਿਆ ਕਰੇ ਤੇ ਉਹ ਖ਼ ਹਰ ਰੋਜ਼ ਪੀਣ ਲਈ ਦੁੱਧ ਭੇਟਾ ਕਰ ਜਾਵੇਗਾ ।

ਇਕ ਵਾਰ ਤੇਜੇ ਦੀ ਵਹੁਟੀ ਬੀਮਾਰ ਪੈ ਗਈ ਤੇ ਉ ਦੁਧ ਦੇਣ ਨਾ ਜਾ ਸਕਿਆ । ਜਦੋਂ ਤੇਜਾ ਅਗਲੇ ਦਿ ਦੁੱਧ ਦੇਣ ਆਇਆ ਤਾਂ ਸੱਪ ਨੇ ਤੇਜੇ ਨੂੰ ਕਿਹਾ ਕਿ ਉਸ ਬਚਨ ਭੰਗ ਕੀਤਾ ਹੈ । ਸੋ ਉਹ ਉਸ ਨੂੰ ਡੰਗ ਮਾਰੇਗ ਤੇਜੇ ਨੇ ਆਪਣੀ ਗ਼ਲਤੀ ਮੰਨ ਲਈ ਤੇ ਸੱਪ ਨੂੰ ਬੇਨ ਕੀਤੀ ਕਿ ਡੰਗਣ ਤੋਂ ਪਹਿਲਾਂ ਉਹ ਉਸ ਨੂੰ ਆਖ਼ਰੀ ਵ ਆਪਣੀ ਪਤਨੀ ਨੂੰ ਮਿਲ ਆਉਣ ਦੀ ਆਗਿਆ ਦੇ ਸੱਪ ਨੇ ਆਗਿਆ ਦੇ ਦਿਤੀ । ਰਸਤੇ ਵਿਚ ਤੇਜੇ ਮੁਠਭੇੜ, ਡਾਕੂਆਂ ਦੀ ਇਕ ਟੋਲੀ ਨਾਲ ਹੋ ਗਈ, ਪਿੰਡ ਦੇ ਪਸ਼ੂ ਉਧਾਲਣ ਆਏ ਸਨ । ਡਾਕੂ ਤੇਜੇ ਨੂੰ ਤਰ੍ਹਾਂ ਘਾਇਲ ਕਰ ਗਏ । ਪਰ ਤੇਜਾ ਬਚਨ ਦੀ ਪਾ ਕਰਨ ਲਈ ਡਿਗਦਾ ਢਹਿੰਦਾ, ਸੱਪ ਕੋਲ ਜ਼ਖ਼ਮੀ ਹਾ ਵਿਚ ਜਾ ਪਹੁੰਚਿਆ । ਤੇਜੇ ਦਾ ਸਾਰਾ ਸਰੀਰ ਰੱਤੋ ਹੋਇਆ ਪਿਆ ਸੀ ਤੇ ਸੱਪ ਨੂੰ ਡੰਗਣ ਲਈ ਕੋਈ ਥਾਂ ਸੀ ਮਿਲਦੀ । ਅਖ਼ੀਰ, ਤੇਜੇ ਨੇ ਆਪਣੀ ਜੀਭ ਬਾਹਰ ਜਿਸ 'ਤੇ ਸੱਪ ਨੇ ਡੰਗ ਮਾਰਿਆ ।

ਰੋਜ਼ ਗਲਾਸਹੀ (ਜਿਲਦ 1,203) ਅਨੁਸਾਰ

ਦਿਤੀ ਜਾਵੇ ਤੇ ਮਗਰੋਂ ਉਸ ਨੂੰ ਡੰਗਿਆ ਜਾਵੇ ।

ਤੇਜਾ ਜੀ ਦੇ ਸ਼ਰਧਾਲੂਆਂ ਵਿਚ ਵਿਸ਼ਵਾਸ ਪ੍ਰਚਲਤ ਹੈ ਕਿ ਜੇ ਕਿਸੇ ਨੂੰ ਸੱਪ ਲੜ ਜਾਵੇ ਤਾਂ ਉਹ 'ਤੇਜਾ ਜੀ' ਦਾ ਸੱਤ ਵਾਰ ਨਾਉਂ ਲੈ ਕੇ, ਸੱਜੀ ਲੱਤ ਦੁਆਲੇ ਧਾਗਾ ਬੰਨ੍ਹੇ ਤਾਂ ਉਸ ਨੂੰ ਸੱਪ ਦਾ ਜ਼ਹਿਰ ਨਹੀਂ ਚੜ੍ਹਦਾ । ਕਈ ਜੱਟ ਆਪਣੇ ਗਲੇ ਵਿਚ ਇਕ ਤਵੀਤ ਬੰਨ੍ਹਦੇ ਹਨ, ਜਿਸ ਉਤੇ ਤੇਜਾ ਜੀ ਦੀ ਤਸਵੀਰ ਅੰਕਿਤ ਹੁੰਦੀ ਹੈ ।

ਤੇਜਾ ਜੀ ਦਾ ਅਸਥਾਨ ਬੂੰਦੀ ਵਿਚ ਹੈ, ਜਿਥੇ ਹਰ ਸਾਲ ਭਾਦਰੋਂ ਦੇ ਹਨੇਰੇ ਪੱਖ ਦੀ ਦਸਵੀਂ ਨੂੰ ਮੇਲਾ ਲਗਦਾ ਹੈ । ਇਸ ਦਿਨ ਇਲਾਕੇ ਦੇ ਉਹ ਸਾਰੇ ਮਰਦ, ਤੀਵੀਆਂ ਤੇ ਪਸ਼ੂ ਜਿਨ੍ਹਾਂ ਨੂੰ ਸਾਲ ਦੇ ਦੌਰਾਨ ਸੱਪ ਲੜਿਆ ਹੋਵੇ, ਇਥੇ ਆਉਂਦੇ ਤੇ ਚੌਕੀ ਭਰਦੇ ਹਨ ਤੇ ਉਨ੍ਹਾਂ ਦਾ ਰੋਗ ਕਟਿਆ ਜਾਂਦਾ ਹੈ ।

ਰਾਜਸਥਾਨ ਵਿਚ ਤੇਜਾ ਜੀ ਨੂੰ ਨਾਗ ਦੇਵਤੇ ਦੇ ਰੂਪ ਵਿਚ ਪੂਜਿਆ ਜਾਂਦਾ ਹੈ ਤੇ ਇਨ੍ਹਾਂ ਦੀ ਬੜੀ ਮਾਨਤਾ ਹੈ । ਜਦੋਂ ਕਿਸੇ ਸ਼ਖਸ ਨੂੰ ਜਾਂ ਪਸ਼ੂ ਨੂੰ, ਸੱਪ ਲੜ ਜਾਵੇ ਤਾਂ ਕਿਸੇ ਪੁਰਾਣੀ ਧੋਤੀ/ਪਗੜੀ ਨਾਲੋਂ ਲੀਰ ਫਾੜ ਕੇ ਤੇਜਾ ਜੀ ਦਾ ਨਾਂ ਲੈ ਕੇ, ਉਸ ਦੇ ਗਲ ਵਿਚ ਬੰਨ੍ਹ ਦਿਤੀ ਜਾਂਦੀ ਹੈ । ਇਸ ਲੀਰ ਦੀ ਪਟੀ ਨੂੰ 'ਦਸੀ' ਕਹਿੰਦੇ ਹਨ । ਜੇ ਜ਼ਹਿਰ ਚੜ੍ਹ ਜਾਣ ਕਾਰਨ ਰੋਗੀ ਬੇਹੋਸ਼ ਵੀ ਹੋ ਗਿਆ ਹੋਵੇ ਤਾਂ 'ਦਸੀ' ਦੇ ਬੰਨ੍ਹਣ ਨਾਲ ਹੌਲੇ ਹੌਲੇ ਸੁਚੇਤ ਹੋਣ ਲਗਦਾ ਹੈ ਤੇ ਥੋੜ੍ਹੇ ਸਮੇਂ ਮਗਰੋਂ ਹੀ ਨਵਾਂ ਨਰੋਆ ਹੋ ਜਾਂਦਾ ਹੈ । ਇਹ ਪਟੀ ਸਾਰਾ ਸਾਲ ਗਲ ਵਿਚ ਬੰਨ੍ਹੀ ਰਹਿੰਦੀ ਹੈ ਤੇ ਇਹ ਤੇਜਾ ਜੀ ਦੇ ਜਨਮ-ਉਤਸਵ 'ਤੇ ਹੀ ਖੋਲ੍ਹੀ ਜਾਂਦੀ ਹੈ । ਤੇਜਾ ਜੀ ਦਾ ਬੂੰਦੀ ਵਿਚ ਮੰਦਰ ਹੈ, ਜਿਥੇ ਉਨ੍ਹਾਂ ਦੇ ਜਨਮ ਦਿਨ ਤੇ ਇਲਾਕੇ ਦੇ ਉਹ ਸਾਰੇ ਲੋਕ ਪਹੁੰਚਦੇ ਹਨ, ਜਿਨ੍ਹਾਂ ਨੂੰ ਸਾਲ ਦੇ ਦੌਰਾਨ ਸੱਪ ਨੇ ਡੰਗਿਆ ਹੋਵੇ । ਇਥੇ ਦੁਪਹਿਰੀਂ ਬਾਰਾਂ ਵਜੇ ਰੋਗੀਆਂ ਦੇ ਗਲ ਵਿਚੋਂ ਪਟੀ ਖੋਲ੍ਹੀ ਜਾਂਦੀ ਹੈ । ਕਹਿੰਦੇ ਹਨ ਪਟੀ ਖੋਲ੍ਹਦਿਆਂ ਸਾਰ ਹੀ ਰੋਗੀ ਬੇਹੋਸ਼ ਹੋ ਜਾਂਦਾ ਹੈ ਅਤੇ ਘੰਟਾ ਕੁ ਲੱਕੜ ਵਾਂਗ ਪਿਆ ਰਹਿੰਦਾ ਹੈ ਉਸ ਨੂੰ ਬੜਾ ਪਸੀਨਾ ਆਉਂਦਾ ਹੈ । ਬੇਹੋਸ਼ੀ ਵਿਚ ਉਸ ਨੂੰ ਚਰਨਾਮ੍ਰਿਤ ਦੇ ਛੱਟੇ ਮਾਰੇ ਜਾਂਦੇ ਹਨ । ਕੁਝ ਚਿਰ ਮਗਰੋਂ, ਉਹ ਨਵਾਂ ਨਰੋਆ ਹੋ ਕੇ ਉਠ ਬੈਠਦਾ ਹੈ ।

ਪਟੀ ਦਾ ਬਾਰ੍ਹਾਂ ਵਜੇ ਦੁਪਹਿਰ ਨੂੰ ਖੋਲ੍ਹਣ ਦਾ ਵੀ ਕਾਰਨ ਹੈ, ਕਹਿੰਦੇ ਹਨ ਕਿ ਬੂੰਦੀ ਵਿਚ ਮੰਦਰ ਦੇ ਨੇੜੇ,

ਬੂੰਦੀ ਵਿਚ ਤੇਜਾ ਜੀ ਦੇ ਜਨਮ ਦਿਵਸ ਉਤੇ, ਭਾਰੀ ਜਲੂਸ ਕਢਿਆ ਜਾਂਦਾ ਹੈ, ਜੋ ਅੱਧੀ ਰਾਤ ਵੇਲੇ ਮੰਦਰ ਪਹੁੰਚਦਾ ਹੈ, ਜਿਥੇ ਇਸ ਮਗਰੋਂ ਸਾਰੀ ਰਾਤ ਕੀਰਤਨ ਹੁੰਦਾ ਰਹਿੰਦਾ ਹੈ ।

ਹਰਿਆਣੇ ਤੇ ਦਿੱਲੀ ਵਿਚ ਵੀ ਤੇਜਾ ਜੀ ਦੀ ਪੂਜਾ ਹੁੰਦੀ ਹੈ (ਗਲਾਸਰੀ 1, ਪੰਨਾ 203) । ਪੰਜਾਬ ਵਿਚ ਤੇਜਾ ਜੀ ਦੀ ਥਾਂ ਗੁੱਗੇ ਪੀਰ ਦੀ ਪੂਜਾ ਪ੍ਰਚਲਤ ਹੈ ।

### (ਤ-176) ਤ੍ਰੇਤਰ :

ਹੁਸ਼ਿਆਰਪੁਰ 'ਚ ਤ੍ਰਿਖਲ ਬੱਚੇ ਨੂੰ ਤ੍ਰੇਤਰ ਕਹਿੰਦੇ ਹਨ । ਤ੍ਰੇਤਰ ਦਾ ਭਾਵ ਹੈ ਤ੍ਰੈ ਕਰਕੇ ਜੋ ਸ਼ਤਰੂ ਹੋਵੇ । ਹੁਸ਼ਿਆਰਪੁਰ ਵਿਚ ਸੂਤਕ ਦੇ ਮਗਰੋਂ ਹਵਨ ਕੀਤਾ ਜਾਂਦਾ ਹੈ ਤਾਂ ਜੋ ਤ੍ਰੇਤਰ ਦੀ ਅਸ਼ੁਭਤਾ ਦੂਰ ਹੋ ਜਾਵੇ ।

ਕਰਨਾਲ ਤੇ ਰੋਹਤਕ ਦੇ ਇਲਾਕੇ ਵਿਚ ਤ੍ਰਿਖਲ ਬੱਚੇ ਨੂੰ ਤੇਲਰ ਕਹਿੰਦੇ ਹਨ ।

### (ਤ-177) ਤੇਰ੍ਹਵਾਂ :

(ੳ) ਕਿਸੇ ਪ੍ਰਾਣੀ ਦੇ ਮਰਨ ਮਗਰੋਂ ਤੇਰ੍ਹਵੇਂ ਦਿ ਕੀਤੀ ਜਾਣ ਵਾਲੀ ਇਕ ਰਸਮ; ਇਸ ਨੂੰ 'ਕਿਰਿਆ' ਵ ਕਹਿੰਦੇ ਹਨ । ਖੱਤ੍ਰੀਆਂ ਵਿਚ ਕਿਰਿਆ ਤੇਰ੍ਹਵੇਂ ਦਿਨ ਕੀਤ ਜਾਂਦੀ ਹੈ, ਬ੍ਰਾਹਮਣਾਂ ਤੇ ਜੱਟਾਂ ਵਿਚ ਦਸਵੇਂ ਦਿਨ, ਜਿਸ 'ਦਸਾਹੀ' ਕਹਿੰਦੇ ਹਨ ।

ਸਿੱਖ ਇਸ ਦਿਨ ਅਖੰਡ ਪਾਠ ਦਾ ਭੋਗ ਪੁਆ ਕੇ ਕੀਰਤ ਕਰਾਉਂਦੇ ਹਨ ਤੇ ਮੋਏ ਪ੍ਰਾਣੀ ਨਮਿਤ ਭਾਂਡੇ ਕਪੜੇ, ਫ ਆਦਿ ਦਾਨ ਦਿਤੇ ਜਾਂਦੇ ਹਨ । ਹਿੰਦੂਆਂ ਵਿਚ ਹਵਨ ਕੀਤ ਜਾਂਦਾ ਹੈ । ਇਸ ਦਿਨ ਲੰਗਰ ਵੀ ਕੀਤਾ ਜਾਂਦਾ ਹੈ (ਵੇਖ ਕਿਰਿਆ ਕਰਮ) ।

(ਅ) ਬੱਚੇ ਦੇ ਜੰਮਣ ਮਗਰੋਂ ਤੇਰ੍ਹਵੇਂ ਦਿਨ ਕੀਤ ਜਾਣ ਵਾਲੀ ਰਸਮ ।

### (ਤ-178) ਤੇਰ੍ਹਵਾਂ ਨਹਾਉਣਾ :

ਬੱਚੇ ਦੇ ਜਨਮ ਮਗਰੋਂ ਤੇਰ੍ਹਵੇਂ ਦਿਨ ਸੂਤਕ ਕਢ ਲਈ, ਬੱਚੇ ਤੇ ਉਸ ਦੀ ਮਾਂ ਨੂੰ ਕੇਸੀ ਇਸ਼ਨਾਨ ਕਰਵਾਇ ਜਾਂਦਾ ਹੈ । ਸਾਰੇ ਘਰ ਵਿਚ, ਗਊ ਦੇ ਗੋਬਰ ਦਾ ਪੋ ਦੇ ਕੇ, ਸੂਤਕ ਕਢਿਆ ਜਾਂਦਾ ਹੈ । ਧਨੀ ਪੋਠੋਹਾਰ ਲਹਿੰਦੇ ਵਿਚ ਇਸ ਰੀਤ ਨੂੰ 'ਤੇਰ੍ਹਵਾਂ ਨਹਾਉਣਾ' ਕਹਿ

ਸਗੋਂ ਮੰਗਲ ਤੇ ਸਨਿਚਰ ਚੰਗੇ ਨਹੀਂ ਸਮਝੇ ਜਾਂਦੇ । ਬੁੱਧ ਤੇ ਸੁਕਰ ਚੰਗਾ ਮੰਨਿਆ ਗਿਆ ਹੈ, ਪਰ ਬੁੱਧ ਸੁਕਰ ਨੂੰ ਕਦੇ ਹੀ ਤੇਰ੍ਹਵਾਂ ਨਹਾਇਆ ਜਾਂਦਾ ਹੈ, ਜੇ ਮੁੰਡਾ ਹੋਵੇ। ਕੁੜੀ ਹੋਵੇ ਤਾਂ ਸੋਮ ਜਾਂ ਵੀਰਵਾਰ ਚੁਣਿਆ ਜਾਂਦਾ ਹੈ। ਜੇ ਕੁੜੀ ਦੇ ਜੰਮਣ ਤੇ ਬੁੱਧ ਜਾਂ ਸੁਕਰ ਨੂੰ ਤੇਰ੍ਹਵਾਂ ਨਹਾਇਆ ਜਾਵੇ ਤਾਂ ਮੁੜ ਕੁੜੀਆਂ ਹੀ ਪੈਦਾ ਹੁੰਦੀਆਂ ਹਨ।

ਜ਼ਰੂਰੀ ਨਹੀਂ ਤੇਰ੍ਹਵਾਂ, ਤੇਰ੍ਹਵੇਂ ਦਿਨ ਹੀ ਨਹਾਇਆ ਜਾਵੇ, ਕਈ ਜਾਤਾਂ ਗੋਤਾਂ ਵਿਚ ਨੌਵੇਂ ਜਾਂ ਗਿਆਰਵੇਂ ਨੂੰ ਹੀ ਨਵ੍ਹਾਂਦੇ ਹਨ । ਧਨ-ਪੋਠੋਹਾਰ ਦੇ ਇਲਾਕੇ ਵਿਚ ਨਹਾਣ ਵੇਲੇ ਪਾਣੀ ਵਿਚ ਜਵੈਣ ਪਾ ਲਈ ਜਾਂਦੀ ਹੈ, ਪਰ ਮਾਲਵੇ ਵਿਚ ਹਰੀ ਮੇਥੀ ਜਾਂ ਹਰੇ ਚਾਰੇ ਨੂੰ ਉਬਾਲ ਕੇ ਨਵ੍ਹਾਉਂਦੇ ਹਨ । ਜਿਸ ਥਾਂ ਨੁਹਾਇਆ ਜਾਂਦਾ ਹੈ, ਉਥੇ ਪਹਿਲਾਂ ਨੈਣ/ਬ੍ਰਾਹਮਣੀ, ਆਟੇ ਦੀ ਕਾਰ ਕਢ ਕੇ ਚੌਕ ਪੂਰਦੀ ਹੈ ।

ਪੋਠੋਹਾਰ ਵਿਚ ਨੁਹਾਣ ਤੇ ਬਾਹਰ ਨਿਕਲਣ ਵਾਲੇ ਦਿਨ ਨੂੰ ਧਮਾਣ ਵੀ ਕਿਹਾ ਜਾਂਦਾ ਹੈ । ਇਸ ਦਿਨ ਮੁੰਡਾ ਹੋਵੇ ਤਾਂ ਕੜਾਹ ਜਾਂ ਲੱਡੂ ਵੰਡੇ ਜਾਂਦੇ ਹਨ । ਕੁੜੀ ਹੋਵੇ ਤਾਂ ਪਤਾਸੇ । ਮੁਹਾਠ ਨੂੰ ਟੱਪਣ ਵੇਲੇ ਤੇਲ ਚੋਇਆ ਜਾਂਦਾ ਹੈ ਤੇ ਸ਼ਗਨਾਂ ਨਾਲ ਪੈਰ ਬਾਹਰ ਕਢਿਆ ਜਾਂਦਾ ਹੈ ।

## (ਤ-179) **ਤੇਰ੍ਹਵਾਂ ਮਹੀਨਾ** :

ਮੁਸਲਮਾਨਾਂ ਵਿਚ ਜੋ ਮਹੀਨੇ ਪ੍ਰਚਲਤ ਹਨ, ਉਹ ਚੰਦਰਮਾਸ ਉੱਤੇ ਅਧਾਰਤ ਹਨ ਤੇ ਚੰਨ ਦਾ ਮਹੀਨਾ ਸੂਰਜ ਮਹੀਨੇ ਨਾਲ ਕੁਝ ਦਿਨ ਘੱਟ ਹੁੰਦਾ ਹੈ ਅਤੇ ਹਰ ਦੂਜੇ ਜਾਂ ਤੀਜੇ ਸਾਲ ਇਕ ਤੇਰ੍ਹਵਾਂ ਮਹੀਨਾ ਵਾਧੂ ਆਉਂਦਾ ਹੈ, ਜੋ ਸੂਰਜੀ ਤੇ ਚੰਦਰ-ਮਾਸੀ ਮਹੀਨੇ ਦੀ ਇਕਸੁਰਤਾ ਨੂੰ ਕਾਇਮ ਰਖਦਾ ਹੈ ।

## (ਤ-180) **ਤੇਰ੍ਹਵੀਂ ਸਦੀ** :

ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਤੇਰ੍ਹਵੀਂ ਸਦੀ ਹਿਜਰੀ ਵਿਚ ਸੰਸਾਰ ਉੱਤੇ ਕਿਆਮਤ ਆਵੇਗੀ । ਸੂਰਜ ਨੀਵਾਂ ਹੋ ਕੇ ਨੇੜੇ ਨੇੜੇ ਚੜ੍ਹੇਗਾ ਤੇ ਸਾਰਾ ਸੰਸਾਰ ਭਸਮ ਹੋ ਜਾਵੇਗਾ (ਵੇਖੋ : ਕਿਆਮਤ) ।

## (ਤ-181) **ਤੇਲ** :

ਤੇਲ ਨਾਲ ਕਈ ਮਨੌਤਾਂ ਤੇ ਭਰਮ ਵਹਿਮ ਪ੍ਰਚਲਤ ਹਨ । ਕਹਿੰਦੇ ਹਨ ਇਕ ਵਾਰ ਦੇਵਤੇ, ਅਮਾਵਸ ਦੀ ਰਾਤ ਨੂੰ, ਹਨੇਰੇ ਵਿਚ ਬੈਠੇ ਆਪੋ ਵਿਚ ਵਿਚਾਰ-ਵਟਾਂਦਰਾ

ਦੀਵਾ ਜਗੇਗਾ, ਉਥੇ ਕੋਈ ਬਰਕਤ ਨਹੀਂ ਟਿਕੇਗੀ। ਇਸੇ ਲਈ ਪ੍ਰਸੂਤ ਦੇ ਦਿਨਾਂ ਵਿਚ ਛਿਲੇ ਵਿਚ ਸਰ੍ਹੋਂ ਦੇ ਤੇਲ ਦਾ ਦੀਵਾ ਨਿਰੰਤਰ ਜਗਦਾ ਰਹਿੰਦਾ ਹੈ ।

ਤੇਲ ਦਾ ਸ਼ਗਨ ਸਭ ਤੋਂ ਮਹਾਨ ਸ਼ਗਨ ਮੰਨਿਆ ਜਾਂਦਾ ਹੈ । ਕਿਸੇ ਨਵੇਂ ਸ਼ਖ਼ਸ ਦੇ ਆਗਮਨ ਸਮੇਂ ਜੇ ਦਰਵਾਜ਼ੇ ਉੱਤੇ ਤੇਲ ਚੋਇਆ ਜਾਵੇ ਤਾਂ ਉਹ ਬੰਦਾ ਘਰ ਦੇ ਬੰਦਿਆਂ ਨਾਲ ਮਿਲ ਜੁਲ ਕੇ ਰਹਿੰਦਾ ਹੈ ਤੇ ਕਦੇ ਬੁਰਾਈ ਨਹੀਂ ਚਿਤਵਦਾ । ਇਸੇ ਲਈ ਜਦੋਂ ਨਵੀਂ ਦੁਲ੍ਹਨ/ਦੁਲ੍ਹਾ ਪਹਿਲੀ ਵਾਰ ਘਰ ਪੈਰ ਪਾਉਂਦੇ ਹਨ ਤਾਂ ਮੁਹਾਣ ਟੱਪਣ ਲਗਿਆਂ ਤੇਲ ਚੋਣ ਦਾ ਸ਼ਗਨ ਕੀਤਾ ਜਾਂਦਾ ਹੈ । ਵਿਆਹ ਤੋਂ ਇਕ ਦਿਨ ਪਹਿਲਾ ਹਲਦੀ ਆਦਿ ਨੂੰ ਤੇਲ ਵਿਚ ਮਿਲਾ ਕੇ, ਲਾੜੇ ਤੇ ਲਾੜੀ ਦੇ ਸਿਰ 'ਤੇ ਹੱਥਾਂ ਉੱਤੇ ਤੇਲ ਚੋਪੜਨ ਦੀ ਰਸਮ ਕੀਤੀ ਜਾਂਦੀ ਹੈ । ਮਾਘੀ ਵਾਲੇ ਦਿਨ, ਤਿੱਲਾਂ ਦਾ ਤੇਲ ਮਲ ਕੇ ਇਸ਼ਨਾਨ ਕਰਨ ਨਾਲ ਸਭ ਪਾਪ ਧੁਲ ਜਾਂਦੇ ਹਨ ।

ਤੇਲ ਦੇ ਦਾਨ ਨਾਲ ਦੇਵਤੇ ਪ੍ਰਸੰਨ ਹੁੰਦੇ ਹਨ । ਮਾਘੀ ਵਾਲੇ ਦਿਨ ਤਿਲਾਂ ਦਾ ਤੇਲ ਦਾਨ ਕਰਨ ਨਾਲ ਸੰਕਟ ਨੇੜੇ ਨਹੀਂ ਢੁਕਦੇ । ਸਨਿਚਰਵਾਰ ਸਰ੍ਹੋਂ ਦਾ ਤੇਲ ਦਾਨ ਦੇਣ ਨਾਲ ਸਨਿਚਰ ਗ੍ਰਹਿ ਟਲਦਾ ਹੈ । ਇਸੇ ਲਈ ਸਨਿਚਰਵਾਰ ਭਾਟੜਿਆਂ ਨੂੰ ਤੇਲ ਦਾਨ ਦੇਂਦੇ ਹਨ। ਤੇਲ ਵਿਚ ਆਪਣੀ ਛਾਇਆ ਵੇਖ ਕੇ ਦਾਨ ਕਰਨ ਨਾਲ, ਸਰੀਰ ਦੇ ਸਭ ਰੋਗ ਦੂਰ ਹੋ ਜਾਂਦੇ ਹਨ । ਇਸੇ ਲਈ ਕਈ ਲੋਕ ਸਨਿਚਰਵਾਰ ਭਾਟੜਿਆਂ ਨੂੰ ਦਾਨ ਦੇਣ ਲਗਿਆਂ ਉਸ ਦੇ ਭਾਂਡੇ ਵਿਚ ਪਈ ਸ਼ਨੀ ਦੀ ਮੂਰਤੀ ਵਾਲੇ ਤੇਲ ਵਿਚ, ਆਪਣੀ ਛਾਇਆ ਵੇਖਦੇ ਹਨ ।

ਜੇ ਧਰਤੀ ਉੱਤੇ ਕਿਧਰੇ ਤੇਲ ਡੁਲ੍ਹਿਆ ਹੋਵੇ ਤਾਂ ਉਸ ਤੋਂ ਟੱਪਣਾ ਠੀਕ ਨਹੀਂ, ਧਾਰਨਾ ਹੈ ਕਿ ਟੱਪਣ ਵਾਲੇ ਨੂੰ ਤੇਲ ਡੋਲ੍ਹਣ ਵਾਲੇ ਦੇ ਸਾਰੇ ਦੁਖ ਚੰਮੜ ਜਾਂਦੇ ਹਨ ।

ਕਿਸੇ ਮੜ੍ਹੀ ਜਾਂ ਕਬਰ ਉੱਤੇ ਤੇਲ ਦਾ ਦੀਵਾ ਜਗਾਣ ਨਾਲ, ਮੜ੍ਹੀ ਦੇ ਪੀਰ ਫ਼ਕੀਰ ਦੀ ਆਤਮਾ ਪ੍ਰਸੰਨ ਹੁੰਦੀ ਹੈ ਤੇ ਉਹ ਬਖ਼ਸ਼ਿਸ਼ ਕਰਦਾ ਹੈ । ਇਸ ਲਈ ਹਿੰਦੂ ਮੜ੍ਹੀਆਂ ਉੱਤੇ ਅਤੇ ਮੁਸਲਮਾਨ ਵੀਰਵਾਰ ਨੂੰ ਮਜ਼ਾਰਾਂ ਉੱਤੇ ਤੇਲ ਦਾ ਦੀਵਾ ਜਗਾਉਂਦੇ ਹਨ ।

## (ਤ-182) **ਤੇਲ ਕਟੋਰੀ** :

ਇਕ ਟੂਣਾ ਜੋ ਪੀਰ-ਫ਼ਕੀਰ ਤੇ ਚੇਲੇ ਚੋਰੀ ਨੂੰ ਪਕੜਣ ਲਈ ਕਰਦੇ ਹਨ । ਇਕ ਕਟੋਰੀ ਵਿਚ ਤੇਲ ਪਾ ਲਿਆ

ਮੰਤ੍ਰ ਪੜ੍ਹਦਾ ਹੈ ਤੇ ਤੇਲ ਵਿਚ ਕਈ ਆਕਾਰ ਉਭਰਦੇ ਹਨ ਜਿਨ੍ਹਾਂ ਨੂੰ ਫਾਕ ਕਿਹਾ ਸਖ਼ਸ਼ ਪਛਾਣਨ ਦੀ ਕੋਸ਼ਿਸ਼ ਕਰਦਾ ਹੈ। ਜਿਸ ਸਖ਼ਸ਼ ਦਾ ਬਿੰਬ ਤੇਲ ਵਿਚ ਦਿਸੇ, ਸਮਝੋ ਉਸ ਨੇ ਚੋਰੀ ਕੀਤੀ ਹੁੰਦੀ ਹੈ ਤੇ ਗੁੰਮੀ ਹੋਈ ਵਸਤੂ ਉਸ ਦੇ ਘਰੋਂ ਹੀ ਮਿਲਦੀ ਹੈ। ਅਸਲ ਵਿਚ ਇਹ ਟੂਣਾ ਮਨੋ-ਵਿਗਿਆਨ ਉਤੇ ਆਧਾਰਤ ਹੈ। ਜਿਸ ਸਖ਼ਸ਼ ਦੀ ਚੋਰੀ ਹੁੰਦੀ ਹੈ ਉਸ ਦਾ ਜਿਸ ਉਤੇ ਸ਼ੱਕ ਹੁੰਦਾ ਹੈ, ਉਸ ਦਾ ਚਿਹਰਾ ਉਸ ਨੂੰ ਤੇਲ ਵਿਚ ਨਜ਼ਰ ਆਉਂਦਾ ਹੈ, ਤੇ ਕਈ ਹਾਲਤਾਂ ਵਿਚ ਉਸੇ ਦੇ 'ਕੋਲੋਂ' ਚੀਜ਼ ਨਿਕਲ ਵੀ ਆਉਂਦੀ ਹੈ।

(ਤ-183) **ਤੇਲ ਚੜ੍ਹਾਉਣਾ** :

ਵਿਆਹ ਨਾਲ ਸਬੰਧਿਤ ਇਕ ਰਸਮ; ਵਿਆਹ ਤੋਂ ਇਕ ਦਿਨ ਪਹਿਲਾਂ ਤੇਲ ਵਿਚ ਹਲਦੀ ਆਦਿ ਮਿਲਾ ਕੇ, ਵਰ ਤੇ ਕੰਨਿਆਂ ਨੂੰ, ਉਨ੍ਹਾਂ ਦੇ ਘਰੀਂ ਸਿਰ ਤੇ ਹੱਥਾਂ ਪੈਰਾਂ ਉਤੇ ਤੇਲ ਚੋਪੜਨ ਦੀ ਰਸਮ ਕੀਤੀ ਜਾਂਦੀ ਹੈ। ਇਸ ਮੌਕੇ 'ਤੇ 'ਨੀ ਗੋਟ ਸਿਰ ਚੋਪੜਿਆ ਦੂਰ ਬਲਾਵਾਂ' ਗੀਤ ਗਾਇਆ ਜਾਂਦਾ ਹੈ।

ਮੁਲਤਾਨ ਵਿਚ ਜਦੋਂ ਵਿਆਹ ਦਾ ਦਿਨ ਨੇੜੇ ਆਉਂਦਾ ਹੈ, ਤਾਂ ਇਕ ਭਾਂਡੇ ਵਿਚ ਤੇਲ ਪਾ ਕੇ ਮੁੰਡੇ ਦਾ ਸਿਰ ਚੋਪੜਿਆ ਜਾਂਦਾ ਹੈ ਤੇ ਬਾਕੀ ਬਚਿਆ ਹੋਇਆ ਤੇਲ, ਭਾਂਡੇ ਸਮੇਤ ਨਾਈ ਦੁਆਰਾ ਕੁੜੀ ਦੇ ਘਰ ਭੇਜਿਆ ਜਾਂਦਾ ਹੈ। ਨੈਣਾਂ ਕੁੜੀ ਦੇ ਸਿਰ ਉਤੇ ਤੇਲ ਲਗਾਂਦੀਆਂ ਹਨ।

ਅੰਮ੍ਰਿਤਸਰ ਵਿਚ ਤੇਲ ਚੜ੍ਹਾਉਣਾ ਨੂੰ 'ਤੇਲ ਚੜ੍ਹਾਵਾ' ਕਹਿੰਦੇ ਹਨ। ਵਿਆਹ ਤੋਂ ਤਿੰਨ ਚਾਰ ਜਾਂ ਸੱਤ ਦਿਨ ਪਹਿਲਾਂ, ਇਹ ਰਸਮ ਦੋਹਾਂ ਪੱਖਾਂ ਦੇ ਘਰਾਂ ਵਿਚ ਕੀਤੀ ਜਾਂਦੀ ਹੈ। ਅੰਮ੍ਰਿਤਸਰ ਦੇ ਜ਼ਿਲੇ ਵਿਚ ਜੇ ਲੜਕੀ ਤੇ ਲੜਕੇ ਦੇ ਪਿੰਡਾਂ ਵਿਚਕਾਰ ਕੋਈ ਨਦੀ ਪੈਂਦੀ ਹੋਵੇ ਤਾਂ ਲੜਕੀ ਵਾਲੇ ਤਾਂ ਇਹ ਰਸਮ ਕਰ ਲੈਂਦੇ ਹਨ, ਪਰ ਲੜਕੇ ਵਾਲੇ ਨਦੀ ਨੂੰ ਪਾਰ ਕਰਨ ਮਗਰੋਂ ਇਹ ਰਸਮ ਕਰਦੇ ਹਨ।

(ਤ-184) **ਤੇਲ ਚੁਆਈ** :

ਸ਼ਗਨ ਦੀ ਇਕ ਰਸਮ ਜੋ ਦਹਿਲੀਜ਼ ਉਤੇ ਤੇਲ ਡੋਲ੍ਹ ਕੇ ਕੀਤੀ ਜਾਂਦੀ ਹੈ। ਜਦੋਂ ਜੁਆਈ/ਨੂੰਹ ਪਹਿਲੀ ਵਾਰ

(ਤ-185) **ਤੇਲ ਦੀ ਤਪਦੀ ਕੜਾਹੀ** :

ਇਕ ਸੱਚ ਦੀ ਅਜ਼ਮਾਇਸ਼ੀ ਪ੍ਰੀਖਿਆ, ਜਿਸ ਦਾ ਜ਼ਿਕਰ ਸਾਖੀਆਂ ਤੇ ਲੋਕ-ਕਹਾਣੀਆਂ ਵਿਚ ਆਇਆ ਹੈ। ਸੱਚ ਦਾ ਨਿਤਾਰਾ ਕਰਨ ਲਈ ਤੇਲ ਦੀ ਕੜਾਹੀ ਅੱਗ ਤੇ ਤਪਾ ਲਈ ਜਾਂਦੀ ਹੈ ਤੇ ਫਿਰ ਉਸ ਸਖ਼ਸ਼ ਨੂੰ, ਜਿਸ ਦੀ ਅਜ਼ਮਾਇਸ਼ੀ ਪ੍ਰੀਖਿਆ ਲੈਣੀ ਹੋਵੇ, ਤਪਦੇ ਕੜਾਹੇ ਵਿਚ ਹੱਥ ਪਾਉਣ ਲਈ ਕਿਹਾ ਜਾਂਦਾ ਹੈ। ਜੇ ਹੱਥ ਨਾ ਸੜੇ ਜਾਂ ਹੱਥ ਨੂੰ ਕੋਈ ਨੁਕਸਾਨ ਨਾ ਪਹੁੰਚੇ ਤਾਂ ਉਹ ਸਖ਼ਸ਼ ਸੱਚਾ ਤੇ ਸੁੱਚਾ ਮੰਨਿਆ ਜਾਂਦਾ ਹੈ। ਪੂਰਨ ਭਗਤ ਉਤੇ ਜਦੋਂ ਲੂਣਾ ਨੇ ਝੂਠੀ ਤੁਹਮਤ ਲਗਾਈ ਤਾਂ ਪੂਰਨ ਨੇ ਆਪਣੀ ਨਿਰਦੋਸ਼ਤਾ ਸਿਧ ਕਰਨ ਲਈ ਰਾਜੇ ਨੂੰ ਕਿਹਾ ਕਿ ਉਹ ਤਪਦੀ ਕੜਾਹੀ ਵਿਚ ਉਸਦਾ ਹੱਥ ਪਾ ਕੇ ਪ੍ਰੀਖਿਆ ਲਵੇ।

ਜੇ ਸਾਬਤੀ ਮੇਰੀ ਤੂੰ ਵੇਖ ਰਾਜਾ
ਇਕ ਤੇਲ ਦਾ ਪੂਰਾ ਕੜਾਹ ਤਾਵੇਂ।
ਤਪੇ ਤੇਲ ਜਾਂ ਅੱਗ ਦੇ ਵਾਂਗ ਹੋਵੇ
ਇਕ ਦਸਤ ਮੇਰਾ ਪਕੜ ਵਿਚ ਪਾਵੇਂ।
ਸਚ ਨਿਤਰੇ ਸਚਿਆਂ ਝੂਠਿਆਂ ਦਾ
ਅਖੀ ਵੇਖ ਕੇ ਕੂੜ ਕਲੰਕ ਲਾਵੇਂ।
ਕਾਦਰਯਾਰ ਜੇ ਉਂਗਲੀ ਦਾਗ ਲਗੇ
ਫੇਰ ਕਰੇਂ ਮੈਨੂੰ ਜਿਹੜੀ ਤਬਾਹ ਚਾਵੇਂ।

(ਤ-186) **ਤੇਲ ਪਾਉਣਾ** :

(ੳ) ਜਦੋਂ ਕਿਸੇ ਤੀਵੀਂ ਦਾ ਪਤੀ ਮਰ ਜਾਂਦਾ ਹੈ ਤਾਂ ਉਸ ਦੇ ਸਿਰ ਵਿਚ ਤੇਰ੍ਹਵੇਂ ਅਥਵਾ ਕਿਰਿਆ ਵਾਲੇ ਦਿਨ ਤੇਲ ਪਾਇਆ ਜਾਂਦਾ ਹੈ। 'ਤੇਲ ਪਾਉਣਾ' ਰਾਲ੍ਹ ਸਮਝੀ ਜਾਂਦੀ ਹੈ।

(ਅ) ਵਿਆਹ ਨਾਲ ਸਬੰਧਿਤ ਇਕ ਰੀਤ; ਮਾਈਏਂ ਪਈ ਕੰਨਿਆਂ ਨੂੰ ਇਸ਼ਨਾਨ ਕਰਵਾਣ ਵੇਲੇ ਉਸ ਦੀਆਂ ਭਰਜਾਈਆਂ ਤੇ ਚਾਚੀਆਂ, ਮਾਮੀਆਂ, ਉਸ ਦੇ ਸਿਰ ਵਿਚ ਰਸਮੀ ਢੰਗ ਨਾਲ ਤੇਲ ਚੋਂਦੀਆਂ ਹਨ ਤੇ ਸੁਹਾਗ ਦੇ ਗੀਤ ਗਾਂਦੀਆਂ ਹਨ। ਤੇਲ ਚੋਣ ਲੱਗੇ ਗੀਤਾਂ ਰਾਹੀਂ ਅਸੀਸਾਂ ਦੇਂਦੀਆਂ ਹਨ, ਜਿਨ੍ਹਾਂ ਨੂੰ 'ਅਸੀਮੜੀਆਂ' ਕਹਿੰਦੇ ਹਨ।

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ
ਦੇਹੁ ਸਜਣ ਅਸੀਸੜੀਆ
ਜਿਉ ਹੋਵੈ ਸਾਹਿਬ ਸਿਉ ਮੇਲੁ।

(ਤ-187) **ਤੇਲ ਭੇਜਣਾ** :

ਹਰਿਆਣਾ ਦੇ ਮਿਉ ਜਾਤੀ ਵਿਚ ਪ੍ਰਚਲਤ ਵਿਆਹ ਨਾਲ ਸਬੰਧਿਤ ਇਕ ਰਸਮ। ਨਿਕਾਹ ਤੋਂ ਹਫਤਾ ਕੁ ਪਹਿਲਾਂ ਕੰਨਿਆਂ ਪੱਖ ਵਾਲੇ ਆਪਣੇ ਨਾਈ ਜਾਂ ਖੇਤ੍ਰਪਤੀ ਬ੍ਰਾਹਮਣ ਨੂੰ, ਵਰ ਪੱਖ ਵਾਲਿਆਂ ਕੋਲ, ਸਰਹੋਂ ਦੇ ਤੇਲ ਦਾ ਛੋਟਾ ਕੁੱਜਾ, ਹਲਦੀ ਅਤੇ ਦੋ ਪੈਸੇ ਭੇਜਦੇ ਹਨ। ਜਿਸ ਦਾ ਭਾਵ ਹੁੰਦਾ ਹੈ ਕਿ ਵਿਆਹ ਮਿਥੀਆਂ ਹੋਈਆਂ ਤਿੱਥਾਂ ਅਨੁਸਾਰ ਹੋ ਰਿਹਾ ਹੈ ਤੇ ਇਸ ਵਿਚ ਕੋਈ ਪਰੀਵਰਤਨ ਨਹੀਂ। ਇਹ ਰਸਮ ਇਕ ਤਰ੍ਹਾਂ ਨਾਲ ਵਿਆਹ ਲਈ ਨਿਸਚਤ ਤਿਥਾਂ ਬਾਰੇ ਮੁੜ ਪਰਪੱਕਤਾ ਕਰਨਾ ਹੈ। ਵਰ ਪੱਖ ਵਾਲੇ ਆਪਣੇ ਅੰਗਾਂ-ਸਾਕਾਂ ਵਿਚ ਇਹ ਖਬਰ ਪਹੁੰਚਾ ਦੇਂਦੇ ਹਨ ਤੇ ਮਹੱਲੇ ਦੀਆਂ ਤੀਵੀਆਂ ਰਾਤ ਨੂੰ ਆ ਕੇ ਲਾੜ੍ਹੇ ਦੇ ਘਰ ਗੀਤ ਗਾਉਂਦੀਆਂ ਹਨ ਅਤੇ ਨਾਈ/ਖੇਤ੍ਰਪਤੀ ਬ੍ਰਾਹਮਣ ਨਾਲ ਕਈ ਤਰ੍ਹਾਂ ਦੇ ਹਾਸੇ ਠੱਠੇ ਕਰਦੀਆਂ ਹਨ। ਅਗਲੇ ਦਿਨ ਨਾਈ ਨੂੰ ਗਿਆਰਾਂ ਰੁਪਏ ਦੇ ਕੇ ਵਿਦਾ ਕੀਤਾ ਜਾਂਦਾ ਹੈ।

(ਤ-188) **ਤੇਲ ਮੇਟ** :

ਤੇਲ ਤੇ ਗੇਰੂਆ ਮਿੱਟੀ; ਬਹਾਵਲਪੁਰ ਵਿਚ ਲਾੜਾ ਵਿਆਹ ਸਮੇਂ ਲਾੜੀ ਨਾਲ ਬਚਨ ਕਰਦਾ ਹੈ ਕਿ ਉਹ ਉਸ ਨੂੰ ਇਕ ਖ਼ਾਸ ਰਕਮ ਤੇਲ-ਮੇਟ ਲਈ ਦੇਵੇਗਾ। ਇਸ ਰਕਮ ਨਾਲ ਲਾੜੀ ਆਪਣੇ ਲਈ ਤੇਲ ਤੇ ਮੇਟ ਖ਼ਰੀਦਦੀ ਹੈ। ਬਹਾਵਲਪੁਰ ਵਿਚ ਮੌਸਮ ਖ਼ੁਸ਼ਕ ਹੋਣ ਕਰ ਕੇ ਜੇ ਸਿਰ 'ਤੇ ਲੋੜੀਂਦਾ ਤੇਲ ਨਾ ਝਸਿਆ ਜਾਵੇ ਤਾਂ ਸਿਰ ਦਰਦ ਹੋ ਜਾਂਦਾ ਹੈ ਅਤੇ ਜੇ ਜਿਸਮ 'ਤੇ ਤੇਲ ਨਾ ਮਲਿਆ ਜਾਵੇ ਤਾਂ ਖੁਸ਼ਕੀ। ਸਰਦੀਆਂ ਵਿਚ ਵੀ ਸ਼ਾਮ ਨੂੰ ਜਿਸਮ 'ਤੇ ਤੇਲ ਮਲ ਲਿਆ ਜਾਂਦਾ ਹੈ ਤੇ ਅਗਲੀ ਸਵੇਰ ਇਸ਼ਨਾਨ ਕੀਤਾ ਜਾਂਦਾ ਹੈ। ਤੇਲ ਦੀ ਚਿਕਨਾਈ ਤੋਂ ਬਚਣ ਲਈ ਪੀਲੇ ਰੰਗ ਦੀ ਗੇਰੂਆ ਮਿੱਟੀ ਜਿਸ ਨੂੰ 'ਮੇਟ' ਜਾਂ ਮੁਲਤਾਨੀ ਮਿੱਟੀ ਕਹਿੰਦੇ ਹਨ, ਉਪਰ ਮਲ ਲਈ ਜਾਂਦੀ ਹੈ। ਬਹਾਵਲਪੁਰ ਵਿਚ ਤੇਲ ਤੇ ਮੇਟ ਦੀ ਇਤਨੀ ਮਹੱਤਾ ਹੈ ਕਿ ਲਾੜੇ ਨੂੰ ਵਿਆਹ ਸਮੇਂ ਲਾੜੀ ਨੂੰ ਤੇਲ ਤੇ ਮੇਟ ਦੇਣ ਲਈ ਬਚਨਬਧ ਹੋਣਾ ਪੈਂਦਾ ਹੈ।

(ਤ-189) **ਤੇਲਬ** :

ਉਹ ਮੁੰਡਾ, ਜੋ ਤਿੰਨ ਕੁੜੀਆਂ ਮਗਰੋਂ ਜੰਮੇ ਜਾਂ ਉਹ

(ਤ-190) **ਤੇਲਾ** :

(ੳ) ਪੰਜ ਗੀਟੜੇ ਦੀ ਇਕ ਖੇਡ ਜਿਸ ਵਿਚ ਤਿੰਨ ਤਿੰਨ ਗੀਟਿਆਂ ਦੇ ਤ੍ਰਿਕਲ ਬਣਾ ਕੇ ਚੁਕੇ ਜਾਂਦੇ ਹਨ ਤੇ ਨਾਲ ਹੀ ਕੁੜੀਆਂ ਗਾਉਂਦੀਆਂ ਹਨ–ਤੇਲਾ ਤੇਲਾ.....।

(ਅ) ਫ਼ਸਲਾਂ ਦੀ ਇਕ ਬੀਮਾਰੀ ਜੋ ਗੰਨੇ, ਕਪਾਹ, ਤੋਰੀਆ, ਸਰਸੋਂ, ਸੋਂਜੀ ਤੇ ਚਰੀ ਆਦਿ ਨੂੰ ਲਗਦੀ ਹੈ। ਜਦੋਂ ਇਹ ਕੀੜਾ ਗੰਨੇ ਨੂੰ ਲਗਦਾ ਹੈ ਤਾਂ ਅੰਦਰੋਂ ਸਾਰਾ ਰਸ ਚੂਸਿਆ ਜਾਂਦਾ ਹੈ, ਤੇਲੇ ਵਾਲਾ ਗੰਨਾ ਸਿਵਾਏ ਬਾਲਣ ਦੇ ਹੋਰ ਕਿਸੇ ਕੰਮ ਨਹੀਂ ਆਉਂਦਾ।

(ਤ-191) **ਤੇਲੀ** :

ਇਕ ਜਾਤੀ ਜੋ ਤੇਲ ਕੱਢਣ ਦਾ ਕੰਮ ਕਰਦੀ ਹੈ। ਇਨ੍ਹਾਂ ਦੇ ਘਰਾਂ ਵਿਚ ਵਡੇ ਵਡੇ ਕੋਹਲੂ ਲਗੇ ਹੁੰਦੇ ਹਨ ਜਿਨ੍ਹਾਂ ਦੁਆਰਾ ਤੇਲ ਦੇ ਬੀਜ ਨਪੀੜੇ ਜਾਂਦੇ ਹਨ। ਪਿੰਡਾਂ ਵਿਚ ਤੇਲੀਆਂ ਦਾ ਵਖਰਾ ਮਹੱਲਾ ਹੁੰਦਾ ਹੈ। ਤੇਲੀ ਕਈ ਲੋਕ-ਅਖਾਣਾਂ ਦਾ ਵਿਸ਼ਾ ਵੀ ਹਨ :

'ਤੇਲੀ ਦਾ ਤੇਲ ਬਲੇ ਮਸਾਲਚੀ ਦਾ ਦਿਲ ਦੁਖੇ'
'ਤੇਲੀ ਜੋੜੀ ਪਲੀ ਪਲੀ ਰੱਬ ਰੁੜ੍ਹਾਏ ਕੁੱਪਾ'
'ਤੇਲੀ ਵੀ ਕੀਤਾ ਤੇ ਰੁੱਖਾ ਵੀ ਖਾਧਾ'
'ਕਿਥੇ ਰਾਜਾ ਭੋਜ ਕਿਥੇ ਗੰਗੂ ਤੇਲੀ'

(ਤ-192) **ਤੇਲੀਆ** :

ਇਕ ਤਰ੍ਹਾਂ ਦਾ ਕਾਲੀ ਭਾਹ ਮਾਰਦਾ ਗੂੜ੍ਹੇ, ਲਾਲ ਰੰਗ ਦਾ ਸੱਪ, ਜੋ ਬੜਾ ਚਮਕੀਲਾ ਤੇ ਫੁਰਤੀਲਾ ਹੁੰਦਾ ਹੈ। ਰਵਾਇਤ ਹੈ ਕਿ ਇਸ ਦੀ ਕੁੰਜ ਜਿਸ ਸ਼ਖ਼ਸ ਕੋਲ ਹੋਵੇ ਉਸ ਦੇ ਘਰ ਧਨ ਦਾ ਕੋਈ ਘਾਟਾ ਨਹੀਂ ਹੁੰਦਾ।

(ਤ-193) **ਤੇਲੀਆ ਰਾਜ਼ਾ** :

ਉਹ ਪਾਂਧਾ ਜੋ ਕਿਸੇ ਸ਼ਖ਼ਸ ਦੀ ਛਾਇਆ ਤੇਲ ਵਿਚ ਵੇਖ ਕੇ ਪਰਾਲੱਬਧ ਦਸਦਾ ਹੈ।

(ਤ-194) **ਤੋਸ਼ਾ** :

ਉਹ ਭੋਜਨ ਤੇ ਪਦਾਰਥ ਜੋ ਮੁਸਲਮਾਨ ਮੁਰਦੇ ਦੇ ਜਨਾਜ਼ੇ ਨਾਲ ਕਬਰਸਤਾਨ ਲੈ ਕੇ ਜਾਂਦੇ ਹਨ ਤੇ ਉਥੇ ਕਬਰ ਪੁਟਣ ਵਾਲੇ ਜਾਂ ਕਿਸੇ ਗਰੀਬ ਗੁਰਬੇ ਤੇ ਫਕੀਰ ਨੂੰ ਦੇਂਦੇ ਹਨ। ਮੁਸਲਮਾਨੀ ਅਕੀਦੇ ਅਨੁਸਾਰ ਇਸ ਭੋਜਨ ਦਾ

ਨਾਲ ਲਗਾ ਕੇ ਪਹਿਨਿਆ ਜਾਂਦਾ ਹੈ । ਇਹ ਗਹਿਣਾ ਇਕ ਛੋਟੀ ਜਿਹੀ ਪੱਟੀ ਦੀ ਸ਼ਕਲ ਦਾ ਹੁੰਦਾ ਹੈ, ਜਿਸਦੇ ਹੇਠਾਂ ਘੁੰਘਰੂ ਲਗੇ ਹੁੰਦੇ ਹਨ । ਇਹ ਸੋਨੇ ਤੇ ਚਾਂਦੀ ਦੋਹਾਂ ਧਾਤਾਂ ਦਾ ਬਣਦਾ ਹੈ । ਮੁਸਲਮਾਨਾਂ ਵਿਚ ਚਾਂਦੀ ਦੇ ਤੋਕ ਪਹਿਨਣ ਦਾ ਵਧੇਰੇ ਰਵਾਜ ਹੈ ।

(ਅ) ਇਕ ਤਾਵੀਜ਼ ਜੋ ਚੰਦਰੀਆਂ ਰੂਹਾਂ ਨੂੰ ਦੂਰ ਰੱਖਣ ਜਾਂ ਕਿਸੇ ਇੱਛਾ ਜਾਂ ਕਿਸੇ ਸੁੱਖਣਾ ਦੀ ਪੂਰਤੀ ਲਈ ਪਹਿਨਿਆ ਜਾਂਦਾ ਹੈ । ਮੁਸਲਮਾਨ ਇਸ ਤਾਵੀਜ਼ ਨੂੰ ਤੋਕ ਨਾਉਂ ਦੇ ਗਹਿਣੇ ਵਿਚ ਮੜ੍ਹ ਕੇ ਪਹਿਨਦੇ ਹਨ, ਜਿਸ ਕਰਕੇ ਇਸ ਦਾ ਨਾਂ ਹੀ ਤੋਕ ਪੈ ਗਿਆ ।

## (ਤ-196) **ਤੋਤਕੜਾ** :

ਪੰਜਾਬੀ ਲੋਕ-ਗੀਤਾਂ ਦਾ ਇਕ ਕਾਵਿ-ਰੂਪ, ਜੋ ਛੋਟੀਆਂ ਕੁੜੀਆਂ ਖੇਡਦੀਆਂ ਹੋਈਆਂ ਹੱਥਾਂ ਦੀਆਂ ਤਾੜੀਆਂ ਮਾਰ ਕੇ ਗਾਉਂਦੀਆਂ ਹਨ, ਇਸ ਨੂੰ 'ਤੋਤੜਾ' ਵੀ ਕਹਿੰਦੇ ਹਨ ।

ਤੋਹ ਵੇ ਤੋਤੜਿਆ
ਤੋਤੜਾ ਪਾਨੀ ਆਂ
ਚਾਰੇ ਛੱਲੇ ਲਾਨੀ ਆਂ
ਵੀਰ ਖਿਡਾਨੀ ਆਂ ।

ਤੋਤਕੜੇ ਦਾ ਸ਼ਬਦੀ ਅਰਥ ਤਿੰਨ ਤੁਕਾਂ ਵਾਲਾ ਗੀਤ ਹੈ ।

## (ਤ-197) **ਤੋਤਲਾ ਮਾਈ** :

(ੳ) ਮੁਲਤਾਨ ਦੇ ਇਲਾਕੇ ਦੀ ਇਕ ਪ੍ਰਸਿਧ ਸਥਾਨਿਕ ਦੇਵੀ, ਜਿਸ ਦਾ ਮੰਦਰ ਮੁਲਤਾਨ ਵਿਚ ਸੂਰਜ ਕੁੰਡ ਨੂੰ ਜਾਂਦੀ ਸੜਕ ਵਲ, ਪੱਛਮੀ ਸਿਰੇ ਉੱਤੇ ਇਕ ਵੱਡੀ ਥੇਹ ਉਪਰ ਦਸਿਆ ਜਾਂਦਾ ਹੈ । ਇਸੇ ਥੇਹ ਉੱਤੇ ਕਦੇ ਮੁਲਤਾਨ ਦਾ ਪੁਰਾਣਾ ਨਗਰ ਵਸਦਾ ਸੀ । ਤੋਤਲਾ ਮਾਈ ਬਾਰੇ ਇਹ ਸਲੋਕ ਇਲਾਕੇ ਵਿਚ ਇਉਂ ਪ੍ਰਚਲਤ ਹੈ :

ਹਿੰਗਲਾਜ* ਪੱਛਮ ਸਾਸਤ੍ਰੀ, ਤੋਤਲਾ ਘਰ ਮੁਲਤਾਨ
ਨਗਰ ਕੋਟ ਦੁਖ ਭੰਜਨੀ, ਤਿੰਨੋਂ ਦਿਉ ਪ੍ਰਧਾਨ ।

ਭਾਵ ਪੱਛਮ ਵਲ ਹਿੰਗਲਾਜ ਦੇ ਨਗਰ ਕੋਟ ਵਿਚ ਦੁੱਖ ਭੰਜਨੀ ਨੂੰ ਜੋ ਅਸਥਾਨ ਪ੍ਰਾਪਤ ਹੈ, ਉਹੋ ਹੀ ਮੁਲਤਾਨ ਵਿਚ ਤੋਤਲਾ ਮਾਈ ਦਾ ਹੈ ।

ਔਰੰਗਜ਼ੇਬ ਦੇ ਸਮੇਂ ਤੋਤਲਾ ਮਾਈ ਦੇ ਮੰਦਰ ਨੂੰ ਮਸਜਿਦ ਵਿਚ ਤਬਦੀਲ ਕਰਨ ਦਾ ਯਤਨ ਕੀਤਾ ਗਿਆ ਔਰੰਗਜ਼ੇਬ ਦੇ ਕਿਸੇ ਲੜਕੇ ਦੇ ਪੁਰਾਣੇ ਰੋਗ ਦਾ ਇਲਾਜ ਕਰਕੇ, ਔਰੰਗਜ਼ੇਬ ਤੋਂ ਦੇਵੀ ਦੀ ਮੂਰਤੀ ਨੂੰ ਖੂਹ ਵਿਚੋਂ ਕੱਢਣ ਦੀ ਆਗਿਆ ਲੈ ਲਈ ਤੇ ਇਸ ਦੀ ਸਥਾਪਨਾ ਸ਼ਹਿਰ ਦੇ ਇਕ ਘਰ ਵਿਚ ਕਰ ਦਿਤੀ । ਤੋਤਲਾ ਮਾਈ ਦਾ ਵਰਤਮਾਨ ਸਥਾਨ ਜੋ ਹਰਮ ਗੇਟ ਦੇ ਨੇੜੇ, ਸ਼ਹਿਰ ਦੇ ਅੰਦਰ ਹੈ, ਸਿੱਖ ਰਾਜ ਸਮੇਂ ਬਣਾਇਆ ਗਿਆ ।

(ਅ) ਤੋਤਲਾ ਕਾਲੀ ਮਾਈ ਦਾ ਹੀ ਇਕ ਰੂਪ ਹੈ । ਜਦੋਂ ਕਾਲੀ ਦੇਵੀ ਮੱਦ ਵਿਚ ਚੂਰ ਹੁੰਦੀ ਹੈ, ਤਾਂ ਥੱਥਲਾ ਕੇ ਬੋਲਣ ਕਰਕੇ 'ਤੋਤਲਾ ਮਾਈ' ਅਖਵਾਉਂਦੀ ਹੈ ।

## (ਤ-198) **ਤੋਤੜੇ** :

ਕੁੜੀਆਂ ਦੀ ਇਕ ਖੇਡ, ਜਿਸ ਵਿਚ ਦੋ ਕੁੜੀਆਂ ਆਹਮੋ-ਸਾਹਮਣੇ ਖਲੋ ਕੇ ਪਹਿਲਾਂ ਆਪਣੇ ਦੋਹਾਂ ਹੱਥਾਂ ਨਾਲ ਤਾੜੀ ਮਾਰਦੀਆਂ ਹਨ ਅਤੇ ਫਿਰ ਆਪਣੇ ਦੋਹਾਂ ਹੱਥਾਂ ਦੀਆਂ ਤਲੀਆਂ ਦੂਜੀ ਕੁੜੀ ਦੀਆਂ ਤਲੀਆਂ ਉੱਤੇ ਮਾਰਦੀਆਂ ਹਨ । ਨਾਲੋ ਨਾਲ ਇਹ ਗੀਤ ਵੀ ਅਲਾਪਿਆ ਜਾਂਦਾ ਹੈ :

ਤੋਹ ਵੇ ਤੋਤੜਿਆ
ਤੋਤਾ ਸ਼ਹਿਰ ਸਕੰਦਰ ਦਾ
ਪਾਣੀ ਭਰਦਾ ਮੰਦਰ ਦਾ
ਕੰਮ ਕਰੇ ਦੁਪਹਿਰਾਂ ਦਾ
ਕਜਲਾ ਪਾਏ ਲਹਿਰਾਂ ਦਾ ।

ਕਈ ਵਾਰ ਇਸ ਖੇਡ ਵਿਚ ਦੋ ਤੋਂ ਵਧੀਕ ਕੁੜੀਆਂ ਵੀ ਸ਼ਾਮਲ ਹੋ ਜਾਂਦੀਆਂ ਹਨ ।

## (ਤ-199) **ਤੋਤਾ** :

ਤੋਤਾ ਬੜਾ ਸੂਝਵਾਨ ਪੰਛੀ ਮੰਨਿਆ ਗਿਆ ਹੈ । ਲੋਕਧਾਰਾ ਅਨੁਸਾਰ ਇਹ ਚੋਹਾਂ ਵੇਦਾਂ ਤੇ ਸ਼ਾਸਤ੍ਰਾਂ ਦਾ ਗਿਆਤਾ ਹੈ । ਧਾਰਨਾ ਹੈ ਕਿ ਇਸ ਦੇ ਟੁੱਕੇ ਹੋਏ ਜੂਠੇ ਫਲ ਖਾਣ ਨਾਲ ਬੁੱਧੀ ਤੀਖਣ ਹੁੰਦੀ ਤੇ ਪੜ੍ਹਨ ਵਿਚ ਵਧੇਰੇ ਦਿਲ ਲਗਦਾ ਹੈ । ਕਈ ਹਿੰਦੂ ਅਜਿਹੇ ਬੱਚੇ ਨੂੰ ਜਿਹੜਾ ਪੜ੍ਹਨ ਵਿਚ ਖੁੰਡਾ ਹੋਵੇ ਜਾਂ ਲਗਾਉ ਨਾ ਰਖਦਾ ਹੋਵੇ, ਤੋਤੇ ਦਾ ਜੂਠਾ ਫਲ ਜਾਂ ਚਾਵਲਾਂ ਦੇ ਸੱਤ ਦਾਣੇ ਤੋਤੇ ਦੀ ਚੁੰਝ ਨੂੰ ਛੁਹਾ ਕੇ ਸੱਤ ਦਿਨ ਖਾਣ ਲਈ ਦੇਂਦੇ ਹਨ । ਪ੍ਰੀਖਿਆ ਤੇ ਜਾਣ ਵੇਲੇ ਜੇ ਤੋਤਾ ਦਿਸ ਪਏ ਤਾਂ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ, ਸਵੇਰ ਵੇਲੇ ਅਕਾਸ਼ ਉੱਤੇ ਤੋਤਿਆਂ ਦੀ ਡਾਰ ਵੇਖਣੀ ਸ਼ੁਭ ਹੁੰਦੀ ਹੈ । ਕਈ ਲੋਕਾਂ ਵਿਚ [illegible]

ਤੋਤੇ ਦੀ ਉਤਪਤੀ ਬਾਰੇ ਇਕ ਮਿੱਥ ਪ੍ਰਚਲਤ ਹੈ : ਕਿਸੇ ਤੀਵੀਂ ਨੇ ਕੋਠੇ ਉਤੇ ਮਿਰਚਾਂ ਸੁਕਣੀਆਂ ਪਾਈਆਂ। ਬੜੇ ਜ਼ੋਰ ਦੀ ਹਨੇਰੀ ਚਲੀ ਤੇ ਸਾਵੀਆਂ ਤੇ ਲਾਲ ਮਿਰਚਾਂ ਹਵਾ ਵਿਚ ਉਡਣ ਲਗੀਆਂ, ਜਦੋਂ ਹਨੇਰੀ ਥੰਮੀ ਤਾਂ ਤੀਵੀਂ ਨੇ ਵੇਖਿਆ ਮਿਰਚਾਂ ਕਿਧਰੇ ਨਹੀਂ ਸਨ,ਪਰ ਬਨੇਰੇ 'ਤੇ ਹਰੇ ਰੰਗ ਦੇ ਪੰਛੀਆਂ ਦੀ ਡਾਰ ਬੈਠੀ ਸੀ। ਇਹੋ ਤੋਤੇ ਸਨ।

ਨੀਤੀ ਕਥਾਵਾਂ ਵਿਚ ਤੋਤਿਆਂ ਦਾ ਜ਼ਿਕਰ ਆਮ ਹੈ। ਇਕ ਕਥਾ ਅਨੁਸਾਰ ਇਕ ਸ਼ਿਕਾਰੀ ਦੇ ਜਾਲ ਵਿਚ ਬਹੁਤ ਸਾਰੇ ਤੋਤੇ ਫਸ ਗਏ, ਉਨ੍ਹਾਂ ਨੇ ਵਿਚਾਰ ਕੀਤੀ ਕਿ ਕਿਉਂ ਨਾ ਜਾਲ ਸਮੇਤ ਉਡਾਰੀ ਮਾਰੀ ਜਾਵੇ, ਸੋ ਸਾਰੇ ਤੋਤੇ ਜ਼ੋਰ ਲਗਾ ਕੇ, ਜਾਲ ਨੂੰ ਉਡਾ ਕੇ ਨਾਲ ਲੈ ਗਏ, ਪਰ ਥੋੜੀ ਦੂਰ ਅਗੇ ਜਾ ਕੇ ਹੰਭ ਗਏ ਤੇ ਜਾਲ ਸਮੇਤ ਧਰਤੀ ਉਤੇ ਆ ਡਿਗੇ, ਸ਼ਿਕਾਰੀ ਵੀ ਨਸਦਾ ਹੋਇਆ ਉਥੇ ਆ ਪੁਜਾ। ਇਕ ਬੁਢੇ ਤੋਤੇ ਦੇ ਕਹਿਣ 'ਤੇ ਸਾਰੇ ਤੋਤੇ ਇੰਜ ਨਿਢਾਲ ਹੋ ਕੇ ਪੈ ਗਏ ਜਿਵੇਂ ਮਰ ਗਏ ਹੋਣ। ਸ਼ਿਕਾਰੀ ਹਰੇਕ ਤੋਤੇ ਨੂੰ ਟੋਂਹਦਾ ਤੇ ਮੋਇਆ ਸਮਝ ਕੇ ਬਾਹਰ ਸੁਟਦਾ ਗਿਆ। ਜਦੋਂ ਸਾਰੇ ਤੋਤੇ ਜਾਲ ਤੋਂ ਮੁਕਤ ਹੋ ਗਏ ਤਾਂ ਉਹ ਝਟ ਉਡਾਰੀ ਮਾਰ ਗਏ।

ਤੋਤੇ ਨੂੰ ਗੱਲਾਂ ਕਰਨ ਦਾ ਬੜਾ ਚਸਕਾ ਹੈ ਤੇ ਉਹ ਮਨੁੱਖ ਦੀ ਬੋਲੀ ਦੀ ਨਕਲ ਸਹਿਜ ਭਾਵ ਵਿਚ ਉਤਾਰ ਲੈਂਦਾ ਹੈ। ਰਵਾਇਤ ਹੈ ਕਿ ਤੋਤੇ ਨੂੰ ਮਨੁਖੀ ਸੁਰ ਦੀ ਨਕਲ ਕਰ ਸਕਣ ਦਾ ਵਰ ਪਾਰਬਤੀ ਨੇ ਦਿਤਾ।

(ਤ-200) **ਤੋਰਨ** :

(ੳ) ਖ਼ੁਸ਼ੀ ਦੇ ਮੌਕੇ, ਖ਼ਾਸ ਤੌਰ 'ਤੇ ਵਿਆਹ ਦੇ ਸਮੇਂ, ਜੰਞ ਦੇ ਸਵਾਗਤ ਲਈ ਕੇਲੇ ਦੇ ਪੱਤਿਆਂ ਤੇ ਫੁੱਲਾਂ ਦਾ ਬਣਾਇਆ ਦਰਵਾਜ਼ਾ ਜਿਸ ਉਪਰ ਝੰਡੀਆਂ ਲਗਾਈਆਂ ਜਾਂਦੀਆਂ ਹਨ। ਇਸ ਨੂੰ 'ਬੰਧਨਵਾਰ' ਵੀ ਕਿਹਾ ਜਾਂਦਾ ਹੈ। ਕੇਲੇ ਦੇ ਪੱਤਿਆਂ ਦੇ ਦਵਾਰ ਵਿਚੋਂ ਲੰਘ ਕੇ ਕੰਨਿਆ ਦੇ ਘਰ ਜਾਣ ਨਾਲ, ਵਰ ਲੰਮੀ ਉਮਰ ਭੋਗਦਾ ਤੇ ਦੋਹਾਂ ਦਾ ਦੰਪਤੀ-ਜੀਵਨ ਸੁਖੀ ਰਹਿੰਦਾ ਮੰਨਿਆ ਜਾਂਦਾ ਹੈ।

(ਅ) ਬੱਚੇ ਦੇ ਜਨਮ ਸਮੇਂ, ਘਰ ਦੇ ਮੁਖ-ਦੁਆਰ ਸਰੀਂਹ ਜਾਂ ਕਿਸੇ ਹੋਰ ਬਿਛ ਦੇ ਪੱਤਿਆਂ ਨੂੰ ਮਾਲਾ ਵਿਚ ਪਰੋ ਕੇ ਬੰਨ੍ਹਣਾ, ਇਹ ਤੋਰਨਾ ਧਾਰ ਦਾ ਕੰਮ ਦੇਂਦਾ ਹੈ ਤੇ

ਹੈ। ਸਰੀਂਹ ਦੇ ਪੱਤਿਆਂ ਦੀ ਮਾਲਾ ਵੇਖ ਕੇ ਉਹ ਪ੍ਰਸੰਨ ਹੁੰਦੀ ਹੈ ਕਿ ਉਸ ਦਾ ਸੁਆਗਤ ਕੀਤਾ ਗਿਆ ਹੈ ਤੇ ਉਹ ਬੱਚੇ ਦੀ ਕਿਸਮਤ ਚੰਗੀ ਲਿਖ ਜਾਂਦੀ ਹੈ।

(ਤ-201) **ਤੋਕ** :

ਗਲ ਦਾ ਇਕ ਗਹਿਣਾ, ਜਿਸ ਦਾ ਗੁਜਰਾਤ ਵਿਚ ਬਹੁ
ਰਵਾਜ ਰਿਹਾ :

'ਕੰਨੀਂ ਬੁਕ ਬੁਕ ਵਾਲੀਆਂ, ਤੋਕ ਸੁਨਹਿਰੀ ਗਲ'

(ਕਾਦਰਯਾਰ ਸੋਹਣੀ)

(ਤ-202) **ਤੋਬਾ** :

ਪਸਚਾਤਾਪ ਵਜੋਂ ਕੰਨਾਂ ਉਤੇ ਹੱਥ ਲਗਾ ਕੇ ਅਗੋਂ ਭੈੜੇ ਕਰਮ ਨਾ ਕਰਨ ਦਾ ਪ੍ਰਣ ਲੈਣਾ। ਮੁਸਲਮਾਨੀ ਅਕੀਦੇ ਅਨੁਸਾਰ ਜੇ ਕੋਈ ਸ਼ਖ਼ਸ ਤੋਬਾ ਕਹਿ ਕੇ ਮੰਦੇ ਕਰਮ ਤਿਆਗ ਦੇਵੇ, ਤਾਂ ਉਸ ਦੇ ਸਭ ਦੁਰਕਰਮ ਅੱਲ੍ਹਾ ਮੁਆਫ਼ ਕਰ ਦੇਂਦਾ ਹੈ।

(ਤ-203) **ਤੌਰਤੇ** :

ਯਹੂਦੀਆਂ ਦਾ ਧਰਮ ਗ੍ਰੰਥ ਜੋ ਹਜ਼ਰਤ ਮੂਸਾ ਲਈ ਅਰਸ਼ੋਂ ਉਤਰਿਆ ਸੀ। ਇਸ ਵਿਚ ਖ਼ੁਦਾ ਦੇ ਦਸ ਹੁਕਮ ਦਰਜ ਹਨ, ਜੋ ਇਸ ਪ੍ਰਕਾਰ ਹਨ :

1. ਮੇਰੇ ਬਿਨਾਂ ਕਿਸੇ ਨੂੰ ਖ਼ੁਦਾ ਨਹੀਂ ਮੰਨਣਾ।
2. ਬੁੱਤ ਨਹੀਂ ਪੂਜਣੇ।
3. ਛਨਿਛਰਵਾਰ ਦਾ ਦਿਨ ਪਵਿਤਰ ਜਾਣ ਕੇ ਕੋਈ ਕੰਮ ਨਹੀਂ ਕਰਨਾ, ਕਿਉਂ ਜੋ ਇਸ ਦਿਨ ਮੈਂ ਸ੍ਰਿਸ਼ਟੀ ਰਚ ਕੇ ਅਰਾਮ ਕੀਤਾ ਸੀ।
4. ਖ਼ੁਦਾ ਦਾ ਨਾਮ ਅਕਾਰਥ ਨਾ ਲੈਣਾ।
5. ਮਾਂ ਪਿਉ ਦਾ ਸਤਿਕਾਰ ਕਰਨਾ।
6. ਖ਼ੂਨ ਨਾ ਕਰਨਾ।
7. ਯਾਰੀ ਨਾ ਕਰਨਾ।
8. ਚੋਰੀ ਨਾ ਕਰਨੀ।
9. ਗਵਾਂਢੀ ਦੇ ਵਿਰੁਧ ਝੂਠੀ ਗਵਾਹੀ ਨਾ ਦੇਣੀ।
10. ਗਵਾਂਢੀ ਦੀ ਕਿਸੇ ਚੀਜ਼ ਦਾ ਲੋਭ ਨਾ ਕਰਨਾ।

ਮੁਸਲਮਾਨ ਤੇ ਈਸਾਈ ਮੱਤ ਵਾਲੇ ਵੀ ਤੌਰਤੇ ਦੇ ਗ੍ਰੰਥ ਨੂੰ ਆਦਰ ਦੇਂਦੇ ਹਨ।

## ਥ

**(ਥ-1) ਥੱਡਾ :**

ਇਕ ਲੰਮਾ ਚੌੜਾ ਪੱਥਰ, ਜੋ ਪਿੰਡ ਦੀ ਹੱਦ ਨਾਲ ਲਗਦੇ ਦੂਜੇ ਪਿੰਡ ਦੀਆਂ ਹੱਦਾਂ ਤੋਂ ਨਿਖੇੜਨ ਲਈ, ਗੱਡਿਆ ਜਾਂਦਾ ਹੈ। ਪਹਿਲਿਆਂ ਵਿਚ ਥੱਡੇ ਨੂੰ ਰਸਮੀ ਢੰਗ ਨਾਲ ਗਡਿਆ ਜਾਂਦਾ ਸੀ ਤੇ ਇਸ ਉਤੇ ਕਈ ਤਰ੍ਹਾਂ ਦੇ ਚਿੰਨ੍ਹ ਉਕਰ ਦਿਤੇ ਜਾਂਦੇ ਸਨ ਤਾਂ ਜੋ ਦੂਜੇ ਪਿੰਡਾਂ ਵਿਚੋਂ ਕੋਈ ਚੰਦਰੀ-ਰੂਹ ਜਾਂ ਬੀਮਾਰੀ ਪਿੰਡ ਵਿਚ ਦਾਖ਼ਲ ਨਾ ਹੋਵੇ। ਜਦੋਂ ਨਾਲ ਦੇ ਪਿੰਡਾਂ ਵਿਚ ਕੋਈ ਬੀਮਾਰੀ ਪੈਂਦੀ ਤਾਂ ਪਿੰਡ ਦੇ ਲੋਕ ਚੇਲੇ/ਸਿਆਣੇ ਨੂੰ ਸਦਵਾ ਕੇ ਥੱਡਾ ਉਤੇ ਮੰਤ੍ਰ ਮਰਵਾਦੇ ਤੇ ਸੰਧੂਰ ਧੂੜਦੇ ਸਨ। ਇਕ ਅਖਾਣ ਵੀ ਹੈ :

''ਥੱਡੇ ਲਈ ਆਪਣੇ ਬਿਗਾਨੇ ਇਕ ਬਰੋਬਰ।''

ਕਈ ਤੀਵੀਆਂ ਸਮੇਂ ਸਮੇਂ ਜਾਂ ਸ਼ੁਭ ਮੌਕਿਆਂ ਉਤੇ ਥੱਡੇ ਉਤੇ ਫੁੱਲ ਚੜ੍ਹਾਂਦੀਆਂ ਤੇ ਪੂਜਾ-ਅਰਚਾ ਵੀ ਕਰਦੀਆਂ ਹਨ।

**(ਥ-2) ਥਣ ਸ਼ਰੀਕ :**

ਦੁੱਧ ਦਾ ਰਿਸ਼ਤਾ; ਕਿਸੇ ਛੋਟੇ ਬੱਚੇ ਦੀ ਮਾਂ ਮਰ ਜਾਣ 'ਤੇ ਜਾਂ ਕਿਸੇ ਮਾਰੂ ਰੋਗ ਕਾਰਨ, ਉਸ ਦੇ ਅੰਗ ਸਾਕਾਂ ਜਾਂ ਗਲੀ-ਗੁਆਂਢ ਵਿਚ ਕੋਈ ਤੀਵੀਂ, ਉਸ ਬੱਚੇ ਨੂੰ ਛਾਤੀਆਂ ਚੁੰਘਾਵੇ ਤਾਂ ਉਸ ਬੱਚੇ ਦਾ ਉਸ ਤੀਵੀਂ ਦੇ ਆਪਣੇ ਬੱਚਿਆਂ ਨਾਲ ਜੋ ਰਿਸ਼ਤਾ ਬਣਦਾ ਹੈ, ਉਸ ਨੂੰ ਮੁਲਤਾਨੀ ਵਿਚ 'ਥਣ ਸ਼ਰੀਕ' ਕਹਿੰਦੇ ਹਨ। ਥਣ ਸ਼ਰੀਕ ਨਾਲ ਭੈਣਾਂ ਭਰਾਵਾਂ ਵਾਲਾ ਹੀ ਵਰਤਣ-ਭਾਜੀ ਰਖੀ ਜਾਂਦੀ ਹੈ। ਥੰਜ ਸੰਸਕ੍ਰਿਤ ਸਤਨਯ ਦਾ ਵਿਗਾੜ ਹੈ ਤੇ ਇਸ ਦਾ ਭਾਵ ਥਣ ਹੈ।

**(ਥ-3) ਥਣ ਚੁੰਘਾਣਾ :**

ਇਕ ਰੀਤ; ਲਹਿੰਦੇ ਦੇ ਇਲਾਕੇ, ਖ਼ਾਸ ਤੌਰ 'ਤੇ ਮੁਲਤਾਨ ਦੇ ਜ਼ਿਲੇ ਵਿਚ ਬੱਚੇ ਜੰਮਣ ਮਗਰੋਂ, ਛੇਵੇਂ ਦਿਨ, ਸਭ ਅੰਗਾਂ-ਸਾਕਾਂ ਨੂੰ ਸੱਦਾ ਭੇਜ ਕੇ ਬਰਾਦਰੀ ਦੀਆਂ ਰੀਤ ਕੀਤੀ ਜਾਂਦੀ ਹੈ। ਭਾਈਚਾਰੇ ਦੀਆਂ ਤੀਵੀਆਂ ਬੱਚੇ ਨੂੰ ਸ਼ਗਨ ਵਜੋਂ ਰੁਪਏ ਦੇਂਦੀਆਂ ਹਨ। ਭਾਈਚਾਰੇ ਨੂੰ ਰੋਟੀ ਖਵਾਈ ਜਾਂਦੀ ਹੈ। ਇਸ ਤੋਂ ਅਗਲੇ ਦਿਨ ਜਣਨੀ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ। ਫਿਰ ਤੇਹਰਵੇਂ ਦਿਨ ਜਣਨੀ ਨੂੰ ਇਸ਼ਨਾਨ ਕਰਵਾ ਕੇ, ਉਸ ਦੀਆਂ ਅੱਖਾਂ ਵਿਚ ਸੁਰਮਾ ਪਾਇਆ ਜਾਂਦਾ ਹੈ।

**(ਥ-4) ਥਣ-ਧੁਆਈ :**

ਇਕ ਰੀਤ, ਜੋ ਨਵ-ਜੰਮੇ ਬੱਚੇ ਨੂੰ ਥਣ ਚੁੰਘਾਉਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਲੋਕ-ਧਾਰਨਾ ਅਨੁਸਾਰ ਗਰਭ ਦੇ ਦਿਨੀਂ ਬਦਰੂਹਾਂ ਥਣਾਂ ਉਤੇ ਆਪਣਾ ਮੰਦਾ ਪ੍ਰਭਾਵ ਛੱ ਜਾਂਦੀਆਂ ਹਨ। ਇਹ ਰਸਮ, ਚੰਦਰੀਆਂ ਰੂਹਾਂ ਨੂੰ, ਜੱਚਾ ਦੇ ਥਣਾਂ ਤੋਂ ਦੂਰ ਹਟਾਣ ਲਈ ਕੀਤੀ ਜਾਂਦੀ ਹੈ। ਧਨ-ਪੋਠੋਹਾਰ ਦੇ ਖਤ੍ਰੀ ਇਸ ਮੌਕੇ ਤੇ ਇਕ ਕੋਰੇ ਭਾਂਡੇ ਵਿਚ ਕੱਚੀ ਲੱਸੀ ਪਾ ਕੇ, ਘਰ ਦੀ ਕਿਸੇ ਕੰਨਿਆਂ ਤੋਂ ਸਾਵੇ-ਪੱਤਰਾਂ ਨਾਲ ਪੰਜ ਵਾਰ ਥਣਾਂ ਨੂੰ ਧਵ੍ਹਾਂਦੇ ਹਨ।

ਮਾਲਵੇ ਵਿਚ ਕੋਰੀ ਠੂਠੀ ਵਿਚ ਨਿਰਮਲ ਜਲ, ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਹੇਠ ਰਖਿਆ ਅੰਮ੍ਰਿਤ ਜਲ, ਜਾ ਫਿਰ ਗੰਗਾਜਲੀ ਪਾ ਲਈ ਜਾਂਦੀ ਹੈ। ਕਈ ਸਨਾਤਨੀ ਹਿੰਦੂ ਗਊਤਰ ਦੀਆਂ ਕੁਝ ਬੂੰਦਾਂ ਵੀ ਇਸ ਵਿਚ ਰਲਾ ਲੈਂਦੇ ਹਨ। ਫਿਰ ਇਸ ਠੂਠੀ ਵਿਚ ਥੋੜੀ ਜਿਹੀ ਹਲਦੀ ਪੀਸ ਕੇ ਕੁਝ ਚਾਵਲ ਘੋਲ ਲਏ ਜਾਂਦੇ ਹਨ। ਇਸੇ ਠੂਠੀ ਵਿਚ ਚਾਂਦੀ ਦਾ ਕੋਈ ਸਿੱਕਾ ਜਾਂ ਟੂਮ-ਛੱਲਾ ਰਖ ਕੇ ਹਰੇ ਘਾਹ ਦੀਆਂ ਪੱਤੀਆਂ ਨਾਲ ਦੁੱਧੀਆਂ ਧੋਤੀਆਂ ਜਾਂਦੀਆਂ ਹਨ। ਕਈ ਲੋਕ ਤਾਂ ਠੂਠੀ ਵਿਚ ਚਾਵਲ ਤੇ ਹਲਦੀ ਨੂੰ ਪਾਣੀ ਵਿਚ ਘੋਲ ਕੇ, ਦੱਭ ਦੀਆਂ ਪੱਤੀਆਂ ਨਾਲ ਜੱਚਾ ਦੀਆਂ ਛਾਤੀਆਂ ਧੋਂਦੇ ਹਨ।

ਥਣ ਧੋਣ ਦੀ ਰਸਮ ਕਿਸੇ ਕੰਨਿਆਂ ਤੋਂ ਕਰਵਾਈ ਜਾਂਦੀ ਹੈ। ਜੇ ਬੱਚਾ ਦਾਦਕੇ ਜੰਮਿਆ ਹੋਵੇ ਤਾਂ ਬੱਚੇ ਦੀ

ਥੰਧੇਜ ਵੀ ਏ । ਉਸ ਕੰਨਿਆਂ ਨੂੰ ਵਿਤ ਅਨੁਸਾਰ ਰੁਪਿਆ, ਦੋ ਰੁਪਏ ਜਾਂ ਵਧ ਵੀ ਦਿਤੇ ਜਾਂਦੇ ਹਨ ।

**(ਥ-5) ਥੰਬ :**

ਸਾਹਪੁਰ ਦੇ ਇਲਾਕੇ ਵਿਚ, ਕਿਸੇ ਦਿਨ ਦਿਹਾਰ ਉਤੇ, ਜੋ ਰੋਟੀਆਂ ਦਾਨ ਦੇਣ ਲਈ ਅਥਵਾ ਗਰੀਬਾਂ ਤੇ ਫਕੀਰਾਂ ਵਿਚ ਵੰਡਣ ਲਈ ਪਕਾਈਆਂ ਜਾਂਦੀਆਂ ਹਨ, ਉਨ੍ਹਾਂ ਦੇ ਢੇਰ ਨੂੰ 'ਥੰਬ' ਕਹਿੰਦੇ ਹਨ. ਇਕ ਥੰਬ ਧੁੰਨੀ ਤੋਂ ਲੈਕੇ ਸਿਰ ਦੇ ਖੱਬੇ ਤਕ ਦਾ ਹੁੰਦਾ ਹੈ । ਸੁੱਖਣਾ ਸੁਖਣ ਵੇਲੇ ਲੋਕੀਂ ਇਕ, ਤਿੰਨ, ਪੰਜ ਜਾਂ ਸੱਤ ਥੰਬ ਸੁਖਦੇ ਹਨ । ਧਨੀ ਪੋਠੋਹਾਰ ਵਿਚ ਇਸ ਨੂੰ 'ਥਦਾ' ਕਹਿੰਦੇ ਹਨ । ਥਦਾ ਦਾਨ ਕਰਨ ਵਾਲੇ ਨੂੰ ਪ੍ਰਲੋਕ 'ਚ ਥਦਾ ਦੀ ਪ੍ਰਾਪਤੀ ਹੁੰਦੀ ਹੈ ।

**(ਥ-6) ਥੰਮ :**

ਜਾਤਾਂ ਦੀ ਉਪ ਵੰਡ; ਕੁਝ ਕਬੀਲੇ ਖ਼ਾਸ ਤੌਰ ਤੇ ਰਾਜਪੂਤਾਂ ਦੇ, ਅਗੋਂ ਕਈ ਥੰਮਾਂ ਵਿਚ ਵੰਡੇ ਹੋਏ ਹਨ । ਹਰ ਥੰਮ ਕਿਸੇ ਇਕੋ ਵਡਿਕੇ ਦੀ ਵੰਸ਼ ਮੰਨੀ ਜਾਂਦੀ ਹੈ । ਥੰਮ ਵਿਚ ਕੁੱਲ ਦਾ ਇਕੋ ਵਡਿਕਾ ਮੰਨਿਆ ਜਾਂਦਾ ਹੈ ਤੇ ਬਰਾਦਰੀ ਵਾਂਗ ਉਹ, ਇਕ ਦੂਜੇ ਵਿਚ ਪੀਡੀ ਬੁਣਤ ਵਿਚ ਬੱਝੇ ਹੁੰਦੇ ਹਨ ।

**(ਥ-7) ਥੰਮ ਸਾਹਿਬ :**

ਗੁਰੂ ਸਾਹਿਬਾਨ ਦੀ ਸਿਮਰਤੀ ਨਾਲ ਸਬੰਧਿਤ ਥੰਮ, ਜਿਨ੍ਹਾਂ ਨੂੰ ਆਦਰ ਨਾਲ 'ਥੰਮ ਸਾਹਿਬ' ਕਿਹਾ ਜਾਂਦਾ ਹੈ । ਸ਼ਰਧਾਲੂ ਮੱਥਾ ਟੇਕਦੇ ਤੇ ਸੁੱਖਾਂ ਸੁੱਖਦੇ ਹਨ ।

(ੳ) ਅੰਮ੍ਰਿਤਸਰ ਦੇ ਪਿੰਡ ਉਦੋਕੇ ਵਿਚ, ਗੁਰੂ ਨਾਨਕ ਦੇਵ ਜੀ ਦੀ ਸਿਮਰਤੀ ਵਿਚ ਇਕ ਗੁਰਦੁਆਰਾ ਹੈ । ਇਥੇ ਗੁਰੂ ਸਾਹਿਬ ਆਪਣੇ ਇਕ ਸ਼ਰਧਾਲੂ ਦੇ ਘਰ ਠਹਿਰੇ ਸਨ । ਜਿਸ ਥੰਮੀ ਨਾਲ ਟੇਕ ਲੈ ਕੇ ਗੁਰੂ ਜੀ ਬੈਠੇ ਸਨ, ਉਸ ਥੰਮੀ ਨੂੰ 'ਥੰਮੀ ਸਾਹਿਬ' ਕਿਹਾ ਜਾਂਦਾ ਹੈ ਤੇ ਇਸ ਥਾਂ ਗੁਰਦਵਾਰੇ ਦਾ ਨਾਂ ਵੀ ਥੰਮੀ ਸਾਹਿਬ ਪੈ ਗਿਆ ।

(ਅ) ਗੋਇੰਦਵਾਲ ਦਾ ਇਕ ਥੰਮ, ਜਿਸ ਨੂੰ ਬਾਲ ਅਵਸਥਾ ਵਿਚ ਗੁਰੂ ਅਰਜਨ ਦੇਵ ਜੀ ਦੀ ਛੁਹ ਪ੍ਰਾਪਤ ਹੋਈ ਸੀ ।

(ੲ) ਕਰਤਾਰਪੁਰ ਵਿਚ ਇਕ ਸਥਾਨ, ਜਿਥੇ ਗੁਰੂ ਅਰਜਨ ਦੇਵ ਜੀ ਨੇ ਟਾਹਲੀ ਦਾ ਥੰਮਾ ਗਡਿਆ ਸੀ ।

**(ਥ-8) ਥੰਮਾ :**

ਵਿਆਹ ਦੇ ਮੰਗਲ ਕਾਰਜਾਂ ਸਮੇਂ ਬ੍ਰਾਹਮਣਾਂ, ਡੂੰਮਾਂ, ਕਮੀਣਾਂ ਤੇ ਫਕੀਰਾਂ ਨੂੰ ਦਿਤੀ ਜਾਂਦੀ ਲਾਗ (ਵੇਖੋ : ਲਾਗ) ।

**(ਥ-9) ਥੱਲੇ ਲਾਹੁਣਾ :**

ਹਿੰਦੂਆਂ ਵਿਚ ਜਦੋਂ ਕੋਈ ਪ੍ਰਾਣੀ ਅਖੀਰਲੇ ਸੁਆਸਾਂ ਉਤੇ ਹੁੰਦਾ ਹੈ ਤਾਂ ਉਸ ਨੂੰ ਮੰਜੇ ਤੋਂ ਉਤਾਰ ਕੇ, ਧਰਤੀ ਉਤੇ ਲਿਟਾ ਦਿਤਾ ਜਾਂਦਾ ਹੈ । ਧਾਰਨਾ ਹੈ ਕਿ ਧਰਤੀ ਦੀ ਗੋਦ ਵਿਚ ਲੇਟਿਆਂ, ਪ੍ਰਾਣੀ ਦੀ ਜਾਨ ਸੌਖੀ ਨਿਕਲਦੀ ਹੈ । ਇਹ ਧਾਰਨਾ ਵੀ ਪ੍ਰਚਲਤ ਹੈ ਕਿ ਮੰਜੇ ਉਤੇ ਮੋਇਆ ਪ੍ਰਾਣੀ ਪ੍ਰੇਤ ਬਣਦਾ ਹੈ ।

ਜੇ ਕੋਈ ਪ੍ਰਾਣੀ ਥੱਲੇ ਲਾਹੁਣ ਮਗਰੋਂ ਰਾਜ਼ੀ ਹੋ ਜਾਵੇ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ । ਇਸ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਉਹ ਪ੍ਰਾਣੀ ਘਰ/ਭਾਈਚਾਰੇ ਦੇ ਕਿਸੇ ਹੋਰ ਜੀਅ ਦੇ ਪ੍ਰਾਣ ਲੈ ਕੇ ਹੀ ਮਰੇਗਾ ।

**(ਥ-10) ਥੜ੍ਹਾ ਸਾਹਿਬ :**

ਉਹ ਉੱਚਾ ਥੜ੍ਹਾ/ਚਬੂਤਰਾ ਜਿਸ ਉਤੇ ਕੋਈ ਗੁਰ-ਵਿਅਕਤੀ ਆਪਣੇ ਜੀਵਨ ਕਾਲ ਵਿਚ ਵਿਰਾਜੇ । ਸਿੱਖ ਅਜਿਹੇ ਅਸਥਾਨ ਨੂੰ ਗੁਰੂ ਦੀ ਪਵਿਤ੍ਰ ਥਾਂ ਮੰਨ ਕੇ ਆਦਰ ਨਾਲ 'ਥੜ੍ਹਾ ਸਾਹਿਬ' ਕਹਿੰਦੇ ਹਨ । ਪੰਜਾਬ ਵਿਚ ਕਈ ਥੜਾ ਸਾਹਿਬ ਹਨ : ਸਭ ਤੋਂ ਪ੍ਰਸਿਧ ਥੜ੍ਹਾ ਗੁਰੂ ਅਰਜਨ ਦੇਵ ਨਾਲ ਸਬੰਧਿਤ ਅਸਥਾਨ ਹੈ ਜਿਸ ਉਤੇ ਬੈਠ ਕੇ ਹਰਿਮੰਦਰ ਸਾਹਿਬ ਦੀ ਰਚਨਾ ਕੀਤੀ ਸੀ । ਇਕ ਹੋਰ ਥੜ੍ਹਾ 'ਗੁਰੂ ਕੇ ਬਾਗ' ਵਿਚ ਹੈ, ਜਿਥੇ ਬੈਠ ਕੇ ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ' ਰਚੀ ਸੀ ।

ਕਿਸੇ ਗੁਰੂ ਪੀਰ ਤੇ ਸਾਧ ਸੰਤ ਨਾਲ ਸਬੰਧਿਤ ਸਥਾਨ, ਜੋ ਉਨ੍ਹਾਂ ਦੀ ਛੋਹ ਸਦਕਾ ਦੈਵੀ ਗੁਣ ਗ੍ਰਹਿਣ ਕਰਦਾ ਹੈ ।

ਧਾਰਨਾ ਹੈ ਕਿ ਉਹ ਥਾਉਂ ਜਿਥੇ ਕਦੇ ਕੋਈ ਰੂਹਾਨੀ ਸਕਤੀ ਵਾਲਾ ਵਿਅਕਤੀ ਵਿਰਾਜਿਆ ਹੋਵੇ, ਉਹ ਥਾਂ ਸਦੀਵ ਕਾਲ ਲਈ ਪਵਿੱਤਰ ਹੋ ਜਾਂਦੀ ਹੈ ਤੇ ਉਸ ਥਾਂ ਦੀ ਮਿੱਟੀ ਮਥੇ ਲਗਾਉਣ ਨਾਲ ਅੰਸ ਦਾਨ ਮਿਲਦਾ ਤੇ ਬਖਸ਼ਿਸ਼ ਪ੍ਰਾਪਤ ਹੁੰਦੀ ਹੈ । ਲੋਕੀ ਅਜਿਹੀਆਂ ਥਾਵਾਂ ਨੂੰ ਪੂਜਦੇ, ਸੁੱਖਣਾ ਸੁੱਖਦੇ ਤੇ ਜੋਤਾਂ ਜਗਾਂਦੇ ਹਨ ਜਿਸ ਨੂੰ 'ਥੜ੍ਹਾ ਪੂਜਣਾ' ਕਿਹਾ ਜਾਂਦਾ ਹੈ ।

ਬਾਹਰ ਨਿਕਲਣ ਤੇ ਬਹੁਤਾ ਹੱਸਣ-ਖੇਡਣ ਤੇ ਖੇਸਣ ਦੀ ਮਨਾਹੀ ਕਰ ਦਿਤੀ ਜਾਂਦੀ ਹੈ ਅਤੇ ਉਸ ਨੇ ਜੋ ਕਪੜੇ ਪਹਿਨੇ ਹੁੰਦੇ ਹਨ, ਉਹ ਭਾਵੇਂ ਮੈਲੇ ਹੋ ਜਾਣ ਪਰ ਘੋੜੀ ਚੜ੍ਹਨ ਤੋਂ ਪਹਿਲਾਂ ਨਹੀਂ ਬਦਲਦਾ । ਇਸ ਰਸਮ ਨੂੰ ਮਾਈਏ ਪੈਣਾ, 'ਦਾਹੇ ਲੌਂਡ ਬੰਨ੍ਹਣਾ' ਵੀ ਕਿਹਾ ਜਾਂਦਾ ਹੈ । ਇਸ ਰੀਤ ਦਾ ਮੰਤਵ ਮੁੰਡੇ/ਕੁੜੀ ਨੂੰ ਚੰਦਰੀਆਂ ਰੂਹਾਂ ਤੇ ਬਦ-ਨਜ਼ਰ ਤੋਂ ਬਚਾਣਾ ਹੈ (ਵੇਖੋ : ਮਾਈਏਂ ਪਾਉਣਾ) ।

(ਥ-12) **ਥਾਨਾਪਤੀ** :

1. ਇਕ ਤਰ੍ਹਾਂ ਦੀ ਲਾਗ, ਜੋ ਵਿਆਹ ਸਮੇਂ ਵਰ ਪੱਖ ਵਲੋਂ ਕੰਨਿਆਂ ਪੱਖ ਦੇ ਪੁਰੋਹਤ ਨੂੰ ਦਿਤੀ ਜਾਂਦੀ ਹੈ ।

2. ਇਕ ਸਥਾਨਕ ਦਿਉਤਾ, ਜਿਸ ਦੇ ਅਧੀਨ ਪਿੰਡ ਦੀ ਸਾਰੀ ਭੂਮੀ ਮੰਨੀ ਜਾਂਦੀ ਹੈ । ਫਸਲਾਂ ਦੀ ਕਟਾਈ ਵੇਲੇ ਕੁਝ ਅੰਨ ਥਾਨਾਪਤੀ ਲਈ ਵਖਰਾ ਕਰ ਦਿਤਾ ਜਾਂਦਾ ਹੈ । ਇਸਨੂੰ ਕਈ ਥਾਈਂ ਗ੍ਰਾਮ ਦੇਵਤਾ ਵੀ ਕਹਿੰਦੇ ਹਨ । ਭੂਮੀਆਂ ਵੀ ਇਸੇ ਹੀ ਦੇਵਤੇ ਦਾ ਇਕ ਹੋਰ ਨਾਮ ਹੈ ।

ਗ੍ਰਾਮ ਦਿਉਤਾ ਆਮ ਤੌਰ 'ਤੇ ਉਹ ਨੇਕ ਪੁਰਸ਼, ਪਿੰਡ ਦਾ ਸੂਰਮਾ ਤੇ ਬ੍ਰਾਹਮਣ ਆਦਿ ਹੁੰਦੇ ਹਨ, ਜਿਨ੍ਹਾਂ ਦੇ ਗੁਣਾਂ ਕਰ ਕੇ, ਉਨ੍ਹਾਂ ਦੀ ਪੂਜਾ ਸ਼ੁਰੂ ਹੋ ਜਾਂਦੀ ਹੈ । ਜਾਂ ਫਿਰ ਉਹ ਲੋਕ ਜੋ ਬੜੇ ਕਰੂਰ ਸਮਝੇ ਜਾਂਦੇ ਹਨ ਤੇ ਮ੍ਰਿਤੂ ਉਪਰੰਤ ਵੀ ਜਿਨ੍ਹਾਂ ਦਾ ਡਰ ਭੈ ਬਣਿਆ ਰਹਿੰਦਾ ਹੈ । ਥਾਨਾਪਤੀ ਦਾ ਕੋਈ ਖ਼ਾਸ ਸਥਾਨ ਨਹੀਂ ਹੁੰਦਾ, ਉਹ ਕਿਸੇ ਪੱਥਰ ਜਾਂ ਮਿੱਟੀ ਦੇ ਢੇਰ ਦੁਆਰਾ ਰੂਪਮਾਨ ਕੀਤੇ ਜਾਂਦੇ ਹਨ । ਇਨ੍ਹਾਂ ਦੇਵਤਿਆਂ ਦੀ ਪੂਜਾ ਕੱਤਕ ਜਾਂ ਚੇਤਰ ਦੀ ਪੂਰਨਮਾਸ਼ੀ ਜਾਂ ਕਿਸੇ ਹੋਰ ਸ਼ੁਭ ਦਿਵਸਾਂ ਉਤੇ ਕੀਤੀ ਜਾਂਦੀ ਹੈ ।

(ਥ-13) **ਥਾਨੇਸਰ** :

ਹਿੰਦੂਆਂ ਦਾ ਇਕ ਪ੍ਰਸਿਧ ਤੀਰਥ, ਜੋ ਕੁਰਖੇਤ੍ਰ ਤੋਂ ਡੇਢ ਕੁ ਮੀਲ ਦੂਰ ਹੈ । ਇਹ ਨਗਰ ਬੜਾ ਪ੍ਰਾਚੀਨ ਹੈ, ਸਤਵੀਂ ਸਦੀ ਵਿਚ ਇਹ ਹਰਸ਼ਵਰਧਨ ਦੀ ਰਾਜਧਾਨੀ ਸੀ । ਉਦੋਂ ਇਹ ਸੰਸਕ੍ਰਿਤੀ, ਦਰਸ਼ਨ ਤੇ ਸਾਹਿਤ ਦਾ ਪ੍ਰਮੁਖ ਕੇਂਦਰ ਸੀ । 1012 ਈ. ਵਿਚ ਮਹਿਮੂਦ ਗ਼ਜ਼ਨਵੀ ਨੇ ਇਸ ਨਗਰ ਨੂੰ ਖ਼ੂਬ ਲੁਟਿਆ ਅਤੇ ਤਬਾਹ ਕੀਤਾ । ਮੁਸਲਮਾਨੀ ਰਾਜ ਸਮੇਂ, ਇਸ ਨਗਰ ਨੂੰ ਕੋਈ ਮਹੱਤਾ ਪ੍ਰਾਪਤ ਨਾ ਹੋਈ ।

ਪ੍ਰਾਚੀਨ ਕਾਲ ਵਿਚ ਇਥੇ ਸ਼ਿਵ ਦਾ ਪ੍ਰਸਿਧ ਅਸਥਾਨ

ਥਨੇਸਰ (ਥਾਨੇਸਰਨ) ਦਾ ਅਸਲੀ ਨਾਂ ਸਥਾਨੇਸ਼ਵਰ ਹੈ, ਜਿਸ ਦਾ ਭਾਵ ਹੈ ਈਸ਼ਵਰ (ਜਾਂ ਮਹਾਦੇਵ) ਦਾ ਸਥਾਨ । ਇਹ ਸ਼ਬਦ 'ਸਥਾਨ' ਤੇ 'ਸਰ' ਦਾ ਸੰਗਮ ਵੀ ਹੋ ਸਕਦਾ ਹੈ । ਸਰ ਸਰੋਵਰ ਦਾ ਸੰਖੇਪ ਹੈ । ਸਥਾਨੇਸ਼ਵਰ, ਸਰੋਵਰ ਜਾਂ ਝੀਲ ਦਾ ਸਥਾਨ । ਥਾਨੇਸਵਰ ਸ਼ਹਿਰ ਭਾਰਤ ਦੇ ਕੁਝ ਕੁ ਪ੍ਰਾਚੀਨ ਨਗਰਾਂ ਵਿਚੋਂ ਇਕ ਹੈ ।

ਇਸ ਸ਼ਹਿਰ ਦਾ ਇਤਿਹਾਸ ਪਾਂਡਵਾਂ ਨਾਲ ਜੁੜਿਆ ਹੋਇਆ ਹੈ । ਥਾਨੇਸਰ ਦੇ ਆਸ ਪਾਸ ਦਾ ਇਲਾਕਾ ਜੋ ਸਰਸਵਤੀ ਤੇ ਦ੍ਰਿਸਾਦਵਤੀ ਦਰਿਆਵਾਂ ਦੇ ਵਿਚਕਾਰ ਸੀ, ਕੁਰੂਕਸ਼ੇਤਰ ਅਖਵਾਂਦਾ ਹੈ । ਕੁਰੂ ਨੇ ਸ਼ਹਿਰ ਦੇ ਦੱਖਣ ਵਲ ਇਕ ਵਡੀ ਪਵਿਤਰ ਝੀਲ ਦੇ ਕੰਢੇ ਤਪੱਸਿਆ ਕੀਤੀ ਸੀ । ਇਸ ਝੀਲ ਦੇ ਵੀ ਕਈ ਨਾਂ ਹਨ—ਬ੍ਰਹਮਾ-ਸਰ, ਰਾਮਾਹਰਣ, ਵਾਯੂ ਸਰ ਤੇ ਪਵਨ ਸਰ । ਬ੍ਰਹਮਾ ਸਰ ਇਸ ਲਈ ਕਹਿੰਦੇ ਹਨ ਕਿਉਂ ਜੇ ਬ੍ਰਹਮਾ ਨੇ ਇਥੇ ਝੀਲ ਦੇ ਕੰਢੇ ਬਲੀ ਚਾੜ੍ਹੀ ਸੀ । ਦੂਜਾ ਨਾਂ ਪਰਸੂਰਾਮ ਨਾਲ ਸਬੰਧਿਤ ਹੈ । ਕਿਉਂ ਜੋ ਪਰਸੂਰਾਮ ਨੇ ਇਸ ਥਾਂ ਕਸ਼ਤਰੀਆਂ ਦਾ ਲਹੂ ਡੋਲ੍ਹਿਆ ਸੀ । ਵਾਯੂ ਤੇ ਪਵਨ ਸਰ ਪੌਣ ਦੇ ਦੇਵਤੇ ਨਾਲ ਸਬੰਧਿਤ ਹਨ । ਕਿਉਂ ਜੋ ਜਦੋਂ ਕੁਰੂ ਇਥੇ ਤਪੱਸਿਆ ਕਰ ਰਿਹਾ ਸੀ ਤਾਂ ਬੜੀ ਭਿਆਨਕ ਹਵਾ ਵਗਦੀ ਰਹਿੰਦੀ ਸੀ ।

ਇਹ ਝੀਲ ਯਾਤਰੀਆਂ ਲਈ ਬੜੀ ਮਹੱਤਤਾ ਰਖਦੀ ਹੈ । ਇਸ ਦੇ ਆਸ ਪਾਸ ਕੌਰੋ ਤੇ ਪਾਂਡਵਾਂ ਨਾਲ ਸਬੰਧਤ 360 ਪਵਿਤਰ ਅਸਥਾਨ ਹਨ । ਕੁਰੂਕਸ਼ੇਤਰ ਮਹਾਤਮ ਵਿਚ ਵੀ 180 ਪਵਿਤਰ ਸਥਾਨਾਂ ਦਾ ਵਰਨਣ ਹੈ ।

ਲੋਕ-ਧਾਰਨਾ ਹੈ ਕਿ ਚੰਨ ਗ੍ਰਹਿਣ ਸਮੇਂ ਸਭ ਪਵਿੱਤਰ ਤੀਰਥਾਂ ਦਾ ਪਾਣੀ ਥਾਨੇਸਰ ਦੀ ਝੀਲ ਵਿਚ ਆ ਜਾਂਦਾ ਹੈ ਤੇ ਇਸ ਮੌਕੇ 'ਤੇ ਜੋ ਸ਼ਖ਼ਸ ਵੀ ਇਥੇ ਇਸ਼ਨਾਨ ਕਰੇ, ਉਸ ਨੂੰ ਭਾਰਤ ਦੇ ਸਭ ਪਵਿੱਤਰ ਤੀਰਥਾਂ ਦੇ ਇਸ਼ਨਾਨਾਂ ਦਾ ਮਹਾਤਮ ਵੀ ਹੋ ਜਾਂਦਾ ਹੈ । ਵਰਾਹ ਮੀਰ ਨੇ ਆਪਣੀ ਪੁਸਤਕ ਵਿਚ ਇਸ ਵਿਸ਼ਵਾਸ ਦਾ ਜ਼ਿਕਰ ਕੀਤਾ ਹੈ ।

ਪਰ ਇਹ ਸਥਾਨ ਬੜਾ ਹੀ ਪ੍ਰਾਚੀਨ ਹੈ । ਇਸੇ ਝੀਲ ਦੇ ਕੰਢੇ ਕੌਰੋ-ਪਾਂਡਵਾਂ ਦੇ ਸਾਂਝੇ ਬਜ਼ੁਰਗ ਕੁਰੂ ਨੇ ਤਪੱਸਿਆ ਕੀਤੀ, ਇਥੇ ਹੀ ਪਰਸੂਰਾਮ ਨੇ ਕਸ਼ਤ੍ਰੀਆਂ ਨੂੰ ਮਾਰਿਆ । ਇਥੇ ਹੀ ਪੁਰੂਰਵਾਸ ਅਪਛਰਾ ਉਰਵਸ਼ੀ ਨੂੰ ਗੰਵਾ ਕੇ ਅਖ਼ੀਰ ਕੁਰਖੇਤਰ ਵਿਚ ਲਭ ਸਕਿਆ । ਜੋ ਆਪਣੀ ਚਾਰ ਹੋਰ ਸਾਥੀ ਅਪਛਰਾਂ ਨਾਲ ਝੀਲ ਦੇ ਕੰਢੇ ਖੇਡ ਰਹੀ ਸੀ । ਉਰਵਸ਼ੀ ਦੀ ਕਥਾ ਰਿਗਵੇਦ ਵਿਚ ਮਿਲਦੀ ਹੈ । ਪਰ ਪੁਰੂਰਵਾਸ ਤੋਂ ਵੀ

ਫੈਲ ਗਏ । ਇੰਦਰ ਨੇ ਦਾਧਯੰਚ ਦੇ ਕਿਸੇ ਵੀ ਅੰਗ ਨੂੰ ਲਭਣ ਦੀ ਖੋਜ ਕੀਤੀ ਤੇ ਪਤਾ ਲਗਾ ਕਿ ਉਸ ਘੋੜੇ ਦਾ ਸਿਰ, ਜੋ ਕੁਰਖੇਤਰ ਦੇ ਬਾਹਰਵਾਰ ਝੀਲ ਦੇ ਕੰਢੇ ਪਿਆ ਹੈ, ਉਸ ਦੀਆਂ ਹੱਡੀਆਂ ਨਾਲ ਇੰਦਰ ਨੇ ਵ੍ਰਿਤਰਾ ਨੂੰ ਕਤਲ ਕੀਤਾ ਸੀ । ਜਿਸ ਦਾ ਕੁਰਖੇਤਰ ਦਾ ਸਰੋਵਰ ਰਿਗ ਵੇਦ ਜਿਤਨਾ ਵੀ ਪੁਰਾਣਾ ਕਿਹਾ ਜਾ ਸਕਦਾ ਹੈ ।

ਜਿਸ ਥਾਂ ਵਿਸ਼ਨੂੰ ਨੇ ਚਕਰ ਨਾਲ ਬ੍ਰਹਮਾ ਨੂੰ ਮਾਰਿਆ ਸੀ ਤੇ ਜੋ ਚਕਰਤੀਰਥ ਅਖਵਾਂਦਾ ਹੈ, ਕਨਿੰਘਮ ਦੇ ਵਿਚਾਰ ਅਨੁਸਾਰ ਉਹ ਇਹੋ ਥਾਂ ਹੈ ਜਿਥੇ ਇੰਦਰ ਨੇ 'ਵ੍ਰਿਤਰਾ' ਨੂੰ ਕਤਲ ਕੀਤਾ ਤੇ ਇਥੇ ਜੋ ਅਸਥੀਆਂ ਮਿਲਦੀਆਂ ਹਨ ਉਹ 'ਵ੍ਰਿਤਰਾ' ਦੀਆਂ ਹੀ ਮੰਨੀਆਂ ਜਾਂਦੀਆਂ ਹਨ ।

ਥਾਨੇਸਰ ਦੇ ਸਟੇਸ਼ਨ ਤੋਂ ਛੇ ਮੀਲ ਪਛਮ ਵਲ ਪਹੋਏ ਵਲ ਜਾਂਦੀ ਸੜਕ ਤੇ ਜੋਤੀਸਰ ਤਾਲ ਹੈ, ਜਿਥੇ ਦੁਆਪਰ ਯੁਗ ਵਿਚ ਕੌਰਵ ਪਾਂਡਵ ਦੇ ਯੁੱਧ ਦੇ ਸ਼ੁਰੂ ਹੋਣ ਤੋਂ ਪਹਿਲਾਂ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿਤਾ ਸੀ (ਵੇਖੋ : ਜੋਤੀ ਸਰ) ।

ਥਾਨੇਸ਼ਵਰ ਵਿਚ ਸ਼ੇਖ ਚਿਲੀ ਦਾ ਮਕਬਰਾ ਵੀ ਹੈ । ਸ਼ੇਖ ਚਿਲੀ ਪੰਜਾਬ ਦੇ ਇਕ ਪ੍ਰਸਿਧ ਤੇ ਰੋਚਿਕ ਕਥਾ-ਚਕਰ ਦਾ ਨਾਇਕ ਹੈ ।

ਥਾਨੇਸ਼ਵਰ ਦੇ ਨੇੜੇ ਕੁਝ ਗੁਰਦੁਆਰੇ ਵੀ ਹਨ, ਜਿਨ੍ਹਾਂ ਵਿਚੋਂ ਪ੍ਰਸਿਧ ਜੋਤੀ ਸਰ ਹੈ । ਇਥੇ ਤੀਜੇ ਤੇ ਦਸਵੇਂ ਗੁਰੂ ਜੀ ਨੇ ਚਰਨ ਪਾਏ ਸਨ ।

(ਥ-14) **ਥਾਪੜਨਾ** :

ਪਿੱਠ ਉਤੇ ਪਿਆਰ ਨਾਲ ਹੱਥ ਫੇਰਨਾ । ਧਾਰਨਾ ਹੈ ਕਿ ਕਿਸੇ ਗੁਰੂ-ਪੀਰ ਜਾਂ ਰੂਹਾਨੀ ਵਿਅਕਤੀ ਤੋਂ ਪਿੱਠ ਉਤੇ ਹੱਥ ਫਿਰਾਉਣ ਜਾਂ ਥਾਪੜੀ ਲੈਣ ਨਾਲ, ਅੰਸ਼ ਦਾਨ ਮਿਲਦਾ ਅਥਵਾ ਉਸ ਦੇ ਸਦਗੁਣਾਂ ਦੀ ਛੁਹ ਪ੍ਰਾਪਤ ਹੁੰਦੀ ਹੈ । ਇਹ ਵਿਚਾਰ ਲਾਗਵੇਂ ਟੂਣੇ ਤੇ ਅਧਾਰਤ ਹੈ । ਜਿਸ ਅਨੁਸਾਰ ਮਹਾਂ ਪੁਰਖਾਂ ਦੀ ਛੁਹ ਨਾਲ ਉਨ੍ਹਾਂ ਦੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ । ਛੋਟੇ ਬੱਚਿਆਂ ਨੂੰ ਬਜ਼ੁਰਗਾਂ ਤੇ ਗੁਣੀ ਗਿਆਨੀਆਂ ਤੋਂ ਥਾਪੜਾ ਲੈਣ ਦੇ ਪਿਛੇ ਵੀ ਇਹੋ ਭਾਵ ਹੈ ।

(ਥ-15) **ਥਾਪਾ** :

ਵਿਆਹ ਦੀ ਇਕ ਰਸਮ; ਵਿਆਹ ਦੀ ਪੂਰਵ ਸੰਧਿਆ ਨੂੰ, ਜਿਸ ਨੂੰ ਮਹਿੰਦੀ ਦੀ ਰਾਤ ਵੀ ਕਿਹਾ ਜਾਂਦਾ ਹੈ, ਵਰ ਤੇ

ਹੋਈਆਂ, ਮਹਿੰਦੀ ਨੂੰ ਘੋਲ ਕੇ, ਵਰ/ਕੰਨਿਆ ਦੇ ਹੱਥਾਂ ਨੂੰ ਲਗਾਂਦੀਆਂ ਹਨ । ਵਰ/ਕੰਨਿਆਂ ਆਪਣੇ ਦੋਵੇਂ ਹੱਥ ਪਿਛੇ ਵਲ, ਸਿਰ ਤੋਂ ਉਚੇ ਕਰ ਕੇ ਕੰਧ ਨਾਲ ਥਾਪਾ ਲਗਾਉਂਦਾ ਹੈ । ਇਹ ਥਾਪਾ ਵਿਆਹ ਤੋਂ ਪਿਛੋਂ ਵੀ ਵਰ੍ਹਿਆਂ ਤਕ ਕੰਧਾਂ ਉਤੇ ਯਾਦ ਵਜੋਂ ਲਗਾ ਰਹਿੰਦਾ ਹੈ ।

(ਥ-16) **ਥਾਲ** :

ਕੁੜੀਆਂ ਖਿਹਨੂੰ (ਖਿਦੋ) ਗੇਂਦ ਜਾਂ ਪੰਜ ਗੀਟੜਾ ਖੇਡਦੀਆਂ ਜੋ ਗੀਤ ਨਾਲੋ ਨਾਲ ਗਾਉਂਦੀਆਂ ਹਨ, ਉਨ੍ਹਾਂ ਨੂੰ ਥਾਲ ਕਿਹਾ ਜਾਂਦਾ ਹੈ । ਇਹ ਥਾਲ ਸ਼ਬਦ 'ਤਾਲ' ਦਾ ਹੀ ਵਿਗੜਿਆ ਰੂਪ ਜਾਪਦਾ ਹੈ । ਖੇਡਣ ਵਾਲੀ ਕੁੜੀ ਆਪਣੀ ਵਾਰੀ ਸਿਰ ਹੱਥਾਂ ਨਾਲ ਤਾਂ ਖਿਦੋ ਜਾਂ ਗੀਟਿਆਂ ਨੂੰ ਉਛਾਲਦੀ ਹੈ, ਪਰ ਮੂੰਹੋਂ ਇਕ ਲੰਅ ਨਾਲ ਥਾਲ ਗਾਂਦੀ ਰਹਿੰਦੀ ਹੈ । ਇਹ ਗੀਤ ਖੇਡ ਨੂੰ ਰਸੀਲੀ ਸੁਰ ਤਾਲ ਦਾ ਕੰਮ ਦੇਂਦੀ ਹੈ । ਖੇਡ ਤੇ ਗੀਤ ਆਪੋ ਵਿਚ ਇੰਜ ਇਕ ਸੁਰ ਹਨ ਕਿ ਇਕ ਬਿਨਾਂ ਦੂਜੇ ਦਾ ਪੂਰਾ ਰਸ ਮਾਣਿਆ ਹੀ ਨਹੀਂ ਜਾ ਸਕਦਾ । ਇਹੋ 'ਤਾਲ' ਸ਼ਬਦ 'ਤੋਤਲੇ' ਬੱਚਿਆਂ ਦੇ ਮੂੰਹ ਚੜ੍ਹਿਆ 'ਥਾਲ' ਦਾ ਰੂਪ ਗ੍ਰਹਿਣ ਕਰ ਗਿਆ । ਨਾਲੇ ਛੋਟੇ ਬੱਚਿਆਂ ਨੂੰ ਤਾਲ ਦੇ ਅਰਥ ਦਾ ਬੋਧ ਨਹੀਂ ਹੋ ਸਕਦਾ । ਉਹ ਸੂਖਮ ਨਾਲੋਂ ਨਿਗਰ ਵਸਤੂ ਨੂੰ ਹੀ ਅਨੁਭਵ ਕਰ ਸਕਦੇ ਹਨ । ਥਾਲ ਘਰ ਵਿਚ ਰੋਜ਼ ਰਸੋਈ ਵਿਚ ਵੇਖਦੇ ਹਨ । ਸੂਖਮ ਸ਼ਬਦ ਤਾਲ ਨੂੰ ਠੋਸ ਆਕਾਰ ਦੇ ਥਾਲ ਵਿਚ ਰੂਪਮਾਨ ਕਰ ਲਿਆ ਗਿਆ ।

ਸ਼ੇਰ ਸਿੰਘ 'ਸ਼ੇਰ' (ਪ੍ਰੀਤਮ, ਅਪ੍ਰੈਲ 1952, ਸਫ਼ਾ 19-23) ਦਾ ਵਿਚਾਰ ਹੈ ਕਿ 'ਥਾਲ' ਸ਼ਬਦ, ਭਾਂਡਿਆਂ ਵਾਲਾ ਥਾਲ ਹੀ ਹੈ ਤੇ ਇਨ੍ਹਾਂ ਗੀਤਾਂ ਦਾ ਨਾਂ 'ਥਾਲ' ਇਸ ਲਈ ਰਖਿਆ ਗਿਆ ਕਿ 'ਪੁਰਾਣੇ ਪੰਜਾਬ ਦੀਆਂ ਅਲ੍ਹੜ ਸਣੇ ਘਿਉ ਦੁੱਧ ਪੀਣ ਪਿਆਣ ਜਾਂ ਚੂਰੀ ਦੇ ਥਾਲ ਖਾਣ ਖਵਾਣ ਦੀਆਂ ਸ਼ਰਤਾਂ ਬੰਨ੍ਹਦੇ ਸਨ । ਏਸੇ ਤਰ੍ਹਾਂ ਹੀ ਜਦੋਂ ਖਿਦੋ ਜਾਂ ਗੇਂਦ ਨਾਲ ਬੁੜ੍ਹਕਾ ਬੁੜ੍ਹਕਾ ਕੇ ਬਿਤੀਆ ਗਿਣਦੀਆਂ ਸਨ, ਉਦੋਂ ਚੂਰੀ ਦੇ ਥਾਲਾਂ ਦੀਆਂ ਸ਼ਰਤਾਂ ਬੰਨ੍ਹਦੀਆਂ ਸਨ । ਹੋ ਸਕਦਾ ਹੈ ਕਿ ਬਾਅਦ ਵਿਚ 'ਥਾਲ' ਸ਼ਬਦ ਨੂੰ ਇਸੇ ਭਾਵ ਵਿਚ ਸਮਝਿਆ ਜਾਣ ਲਗ ਪਿਆ ਹੋਵੇ, ਕਿਉਂ ਜੋ ਥਾਲ ਦੇ ਅਖ਼ੀਰ ਵਿਚ 'ਕੁੜੀਏ ਥਾਲ ਈ', 'ਆਲ ਮਾਲ ਹੋਇਆ ਥਾਲ' ਵਰਤੀ ਜਾਂਦੀ ਤੁਕ, ਬਾਜ਼ੀ ਜਿਤ ਲੈਣ ਵਲ ਵੀ ਸੰਕੇਤ ਕਰਦੀਆਂ ਹਨ, ਪਰ ਕੁਝ ਥਾਲਾਂ ਦੇ ਅਖ਼ੀਰ

ਉਛਲਦਾ ਤੇ ਇਨ੍ਹਾਂ ਵਿਚਲਾ ਭਾਵ ਗੀਟੇ ਖੇਡ ਰਹੀ ਕੁੜੀ ਦੇ ਮਨੋਭਾਵ ਵਾਂਙ ਹੀ ਅਲ੍ਹੜ ਤੇ ਮਾਸੂਮ ਹੁੰਦਾ ਹੈ। ਇੰਜ ਲਗਦਾ ਹੈ ਜਿਵੇਂ ਖਿਦੋ ਜਾਂ ਗੀਟਿਆਂ ਨਾਲ ਕੁੜੀ ਦਾ ਮਨ ਵੀ ਨਚ ਰਿਹਾ ਹੋਵੇ ।

ਇਨ੍ਹਾਂ ਗੀਤਾਂ ਵਿਚ ਕੋਈ ਗੰਭੀਰ ਵਿਸ਼ਾ ਨਹੀਂ ਹੁੰਦਾ । ਕਈ ਵਾਰ ਵਿਅਰਥ 'ਤੇ ਅਟਕਲ ਪਚੂ ਗੱਲਾਂ ਹੀ ਹੁੰਦੀਆਂ ਹਨ, ਪਰ ਇਨ੍ਹਾਂ ਵਿਚ, ਨਿੱਕੀਆਂ ਕੁੜੀਆਂ ਦੇ, ਮਨੋਭਾਵਾਂ ਦੀਆਂ ਝਲਕਾਂ ਜ਼ਰੂਰ ਮਿਲਦੀਆਂ ਹਨ । ਕਈ ਥਾਲ ਤਾਂ ਨਿਰੀਆਂ ਤੁਕਾਂ ਹੀ ਜੁੜੀਆਂ ਹੋਈਆਂ ਹਨ ਤੇ ਉਨ੍ਹਾਂ ਤੁਕਾਂ ਦਾ ਆਪਸੀ ਸਬੰਧ ਬਸ ਇਸ ਤਰ੍ਹਾਂ ਦਾ ਹੀ ਹੈ ਜਿਵੇਂ ਪਾਣੀ ਵਿਚ ਪੱਥਰ ਮਾਰਨ ਨਾਲ ਕੋਈ ਛਿਟ ਕਿਥੇ ਦੀ ਕਿਥੇ ਜਾ ਪੈਂਦੀ ਹੈ ਕੋਈ ਕਿਥੇ । 'ਥਾਲ' ਮਨੋਭਾਵਾਂ ਦੀਆਂ ਛਿੱਟਾਂ ਹਨ, ਜੋ ਕਿਥੇ ਦੀਆਂ ਕਿਥੇ ਜਾ ਪਈਆਂ ਹਨ, ਜਿਵੇਂ :

ਪਿਉ ਮੇਰੇ ਨੇ ਖੂਹ ਲਵਾਇਆ
ਆੜੋਂ ਪਾਣੀ ਰਿੜ੍ਹਦਾ ਆਇਆ
ਰਿੜ੍ਹ ਰਿੜ੍ਹ ਪਾਣੀਆਂ ।
ਚਾਰ ਸੁਰਮੇਦਾਣੀਆਂ
ਕੱਜਲ ਪਾਵਾਂ ਸੁਰਮਾਂ ਪਾਵਾਂ
ਦੂਰ ਕਿਸੇ ਦਾ ਰਾਹ ਤਕਾਵਾਂ ।
ਛਮ ਛਮ ਰੋਨੀ ਆਂ ।
ਲਾਲੇ ਜੀ ਦੇ ਕਪੜੇ,
ਸਬੂਨ ਨਾਲ ਧੋਨੀ ਆਂ ।
ਸਬੂਨ ਗਿਆ ਉੱਡ ਪੁੱਡ
ਲੱਸੀ ਭਾਬੋ ਮੋਤੀ ਚੁੱਗ
ਕੁੱਤੀ ਦੇ ਕਤੂਰੇ
ਮੇਰੇ ਸਭੇ ਥਾਲ ਪੂਰੇ ।

ਕਈਆਂ ਥਾਲਾਂ ਵਿਚ ਗੱਲ ਵਿਚੋਂ ਗੱਲ ਨਿਕਲਦੀ ਜਾਂਦੀ ਹੈ ਤੇ ਪਹਿਲੀ ਨੂੰ ਉਥੇ ਛਡ ਅਗਲੀ ਨੂੰ ਫੜ ਲਿਆ ਜਾਂਦਾ ਹੈ ਤੇ 'ਏਕਾਵਲੀ' ਅਲੰਕਾਰ ਵਾਂਙ ਲੜੀ ਚਲਦੀ ਜਾਂਦੀ ਹੈ :

ਕੋਠੇ ਤੇ ਗੰਨਾ, ਵੀਰ ਮੇਰਾ ਲੰਮਾ ।
ਭਾਬੋ ਮੇਰੀ ਪਤਲੀ, ਨੱਕ ਉਤੇ ਮਛਲੀ
ਮੈਂ ਤੇ ਮਛਲੀ ਨ੍ਹਾਉਣ ਚਲੀਆਂ, ਲੁੰਡੇ ਪਿੱਪਲ ਹੇਠ ।
ਲੁੰਡਾ ਪਿੱਪਲ ਢਹਿ ਪਿਆ,
ਮੇਰੀ ਮਛਲੀ ਆ ਗਈ ਹੇਠ ।
ਮਛਲੀ ਦੇ ਦੋ ਹੋਰਨ ਆਏ, ਤੀਜਾ ਆਇਆ ਹੇਠ ।

ਕਈ ਥਾਲਾਂ ਵਿਚ ਘਰੋਗੀ ਜ਼ਿੰਦਗੀ, ਸੱਸ ਨੂੰਹ ਦੇ ਝਗੜੇ, ਨਨਾਣ ਭਰਜਾਈਆਂ ਦੇ ਵੈਰ ਅਤੇ ਭੈਣ ਵੀਰ ਦੇ ਪਿਆਰ ਆਦਿ ਦੀ ਝਲਕ ਵੀ ਮਿਲਦੀ ਹੈ ।

ਇਨ੍ਹਾਂ ਗੀਤਾਂ ਦਾ ਕੋਈ ਬਝਵਾਂ ਰੂਪ ਨਹੀਂ । ਹੋਰ ਲੋਕ-ਗੀਤਾਂ ਵਾਂਙ ਇਨ੍ਹਾਂ ਵਿਚ ਵੀ ਰਾਗ ਤੇ ਲੈਅ ਮਨੋਭਾਵਾਂ ਅਨੁਸਾਰ ਹੀ ਹੁੰਦੀ ਹੈ। ਤੁਕਾਂਤ ਮਿਲਾਣ ਵਲ ਉਚੇਚਾ ਧਿਆਨ ਹੁੰਦਾ ਹੈ । ਬੋਲੀ ਬੜੀ ਸਰਲ । ਸਤਰਾਂ ਦੀ ਗਿਣਤੀ ਭਿੰਨ ਭਿੰਨ । ਭਾਵਾਂ ਅਨੁਸਾਰ ਕਦ ਬੁੱਤ ਹੁੰਦਾ ਹੈ ।

## (ਥ-17) **ਥਾਲੀ ਫੇਰਨਾ** :

ਵਿਆਹ ਦੀ ਇਕ ਰਸਮ; ਵਿਆਹ ਦੇ ਸਮੇਂ ਜੰਞ ਚੜ੍ਹਨ ਤੋਂ ਪਹਿਲਾਂ ਸਾਰੀ ਬਰਾਦਰੀ ਨੂੰ ਸਦ ਕੇ, ਨਿਉਂਦਰਾ ਇਕੱਠਾ ਕਰਨਾ । ਵਰ ਦਾ ਪਿਉ ਨਿਉਂਦਰੇ ਲੈ ਕੇ ਇਕ ਵਹੀ ਉਤੇ ਲਿਖਦਾ ਜਾਂਦਾ ਹੈ ਤੇ ਇਕ ਥਾਲੀ ਵਿਚ ਧਰਦਾ ਜਾਂਦਾ ਹੈ । ਇਹ ਰਸਮ ਕੰਨਿਆਂ ਪੱਖ ਦੇ ਘਰ ਵੀ ਕੀਤੀ ਜਾਂਦੀ ਹੈ ।

## (ਥ-18) **ਥਾਲੀ ਵਜਾਉਣਾ** :

(ੳ) ਜਦੋਂ ਕਿਸੇ ਦੇ ਘਰ ਪੁੱਤਰ ਜੰਮਦਾ ਹੈ ਤਾਂ ਉਸ ਘਰ ਦੀ ਕੋਈ ਤੀਵੀਂ ਗਲੀ ਵਿਚ ਖਲੋ ਕੇ ਥਾਲੀ ਵਜਾਉਂਦੀ ਹੈ ਤਾਂ ਜੋ ਗਲੀ ਮੁਹੱਲੇ ਵਿਚ ਕੋਈ ਚੰਦਰੀ ਰੂਹ ਜਾਂ ਪ੍ਰੇਤ ਹੋਵੇ ਤਾਂ ਨਸ ਜਾਵੇ । ਧਾਰਨਾ ਹੈ ਕਿ ਪ੍ਰੇਤ ਰੂਹਾਂ ਤਾਂਬੇ ਜਾਂ ਪਿਤਲ ਦਾ ਖੜਕਾਰ ਸੁਣ ਕੇ ਭੱਜ ਜਾਂਦੀਆਂ ਹਨ । ਥਾਲੀ ਖੜਕਾਣਾ ਵੈਸੇ ਹੀ ਆਪਣੇ ਆਪ ਵਿਚ ਮੰਗਲ ਦਾ ਪ੍ਰਤੀਕ ਹੈ ।

(ਅ) ਮਾਂਦਰੀ ਸੱਪ ਦੇ ਡੰਗੇ ਹੋਏ ਨੂੰ ਝਾੜਾ ਕਰਨ ਲਗਿਆਂ ਮੰਤ੍ਰ ਪੜ੍ਹਨ ਦੇ ਨਾਲ ਥਾਲੀ ਵਜਾਉਂਦੇ ਹਨ ਤਾਂ ਜੋ ਬਦਰੂਹਾਂ ਦੂਰ ਹੀ ਰਹਿਣ ਤੇ ਕੋਈ ਚੰਦਰੀ ਰੂਹ ਨੇੜੇ ਆ ਕੇ ਮੰਤ੍ਰ ਦੇ ਅਸਰ ਨੂੰ ਨਿਸਫਲ ਨਾ ਕਰ ਦੇਵੇ ।

(ੲ) ਸਾਇਆ ਕੱਢਣ ਲਗਿਆਂ ਵੀ ਚੇਲੇ ਇਸੇ ਭਾਵ ਨਾਲ ਥਾਲੀ ਵਜਾਉਂਦੇ ਹਨ ।

## (ਥ-19) **ਥਾਲੀਆਂ ਵਟਾਣਾ** :

ਇਕ ਰੀਤ; ਜਿਨ੍ਹਾਂ ਤੀਵੀਆਂ ਦੇ ਚਲੀਹੇ ਸਾਂਝੇ ਹੁੰਦੇ ਹਨ, ਉਹ ਜੇ ਇਕੋ ਗਲੀ ਵਿਚ ਰਹਿੰਦੀਆਂ ਹੋਣ ਤਾਂ ਥਾਲੀਆਂ ਵਿਚ ਗੁੜ ਸ਼ੱਕਰ ਪਾ ਕੇ, ਇਕ ਦੂਜੇ ਨਾਲ ਵਟਾ

ਮਾਂ ਦਾ ਦੁੱਧ ਸੁਕ ਜਾਂਦਾ ਹੈ। ਥਾਲੀਆਂ ਵਟਾਣਾ ਇਸ ਤੋਂ ਬਚਣ ਦਾ ਇਕੋ ਇਕ ਉਪਾਅ ਹੈ। ਇਸ ਤਰ੍ਹਾਂ ਕਰਨ ਨਾਲ ਇਕ ਮਿੱਠਾ ਜਿਹਾ 'ਗੁੜ-ਸ਼ਕਰ' ਵਾਲਾ ਰਿਸ਼ਤਾ ਜੁੜ ਜਾਂਦਾ ਹੈ।

**(ਥ-20) ਥਾਲੀਆਂ ਵਿਛਾਣੀਆਂ** :

ਵਿਆਹ ਦੇ ਮਗਰੋਂ ਜਦੋਂ ਡੋਲੀ ਘਰ ਆਉਂਦੀ ਹੈ ਤਾਂ ਕਈ ਜਾਤਾਂ-ਗੋਤਾਂ ਵਿਚ, 'ਥਾਲੀਆਂ ਵਿਛਾਣ' ਦੀ ਰੀਤ ਕੀਤੀ ਜਾਂਦੀ ਹੈ। ਇਕ ਕਮਰੇ ਵਿਚ ਬਹੁਤ ਸਾਰੀਆਂ ਥਾਲੀਆਂ ਫ਼ਰਸ਼ ਉਤੇ ਖਿੰਡਾ ਕੇ ਰਖ ਦਿਤੀਆਂ ਜਾਂਦੀਆਂ ਜੋ ਫਿਰ ਲਾੜ੍ਹੀ ਨੂੰ ਇਕ ਇਕ ਕਰ ਕੇ ਇਕਠੀਆਂ ਕਰਨ ਲਈ ਕਿਹਾ ਜਾਂਦਾ ਹੈ। ਜੇ ਥਾਲੀਆਂ ਚੁਕਣ ਲਗਿਆਂ ਚੋਖਾ ਖੜਕਾਰ ਹੋਵੇ ਤਾਂ ਲਾੜ੍ਹੀ ਲੜਾਕੇ ਸੁਭਾਅ ਦੀ ਮੰਨੀ ਜਾਂਦੀ ਹੈ। ਜੇ ਬਿਲਕੁਲ ਅਵਾਜ਼ ਨਾ ਨਿਕਲੇ ਤਾਂ ਸ਼ਾਂਤ ਸੁਭਾਅ ਦੀ। ਸੋ ਇਹ ਰੀਤ ਲਾੜ੍ਹੀ ਦੇ ਅੰਦਰ ਦੇ ਸੁਹਜ ਤੇ ਕਲਾ ਦੇ ਗਿਆਨ ਜਾਣਨ ਲਈ ਕੀਤੀ ਜਾਂਦੀ ਹੈ।

**(ਥ-21) ਥਾਵਰ** :

ਧੀਮੀ ਗਤੀ ਵਾਲੇ, ਛਨਿਛਰ ਗ੍ਰਹਿ ਦਾ ਇਕ ਨਾਉਂ; ਕਈ ਲੋਕ ਛਨਿਛਰ ਗ੍ਰਹਿ ਤੋਂ ਡਰਦਿਆਂ ਉਸ ਦਾ ਅਸਲੀ ਨਾਂ ਨਹੀਂ ਲੈਂਦੇ, ਕਿਉਂ ਜੋ ਨਾਉਂ ਲੈਣਾ ਅਨਾਦਰ ਸਮਝਿਆ ਜਾਂਦਾ ਹੈ। ਇਸ ਲਈ ਛਨਿਛਰ ਨੂੰ 'ਥਾਵਰ' ਕਹਿ ਕੇ ਉਸ ਦਾ ਜ਼ਿਕਰ ਕਰਦੇ ਹਨ। ਛਨਿਛਰ ਗ੍ਰਹਿ ਦੀ ਚਾਲ ਬਹੁਤ ਧੀਮੀ ਹੋਣ ਕਰ ਕੇ, ਉਸ ਦਾ ਇਹ ਨਾਉਂ ਪੈ ਗਿਆ : "ਥਾਵਰ ਥਿਰੁ ਕਰ ਰਾਖੈ ਸੋਇ"

(ਕਬੀਰ, ਗਉੜੀ ਕਬੀਰ ਵਾਰ ੭)

**(ਥ-22) ਥਿਗਲੀ** :

ਕਿਸੇ ਗੁਰੂ ਪੀਰ, ਫ਼ਕੀਰ ਜਾਂ ਬਜ਼ੁਰਗ ਦੇ ਪਹਿਰਨ ਜਾਂ ਉਤਾਰ ਦੀ ਕੋਈ ਲੀਰ-ਟਾਕੀ ਆਦਿ। ਧਾਰਨਾ ਹੈ ਕਿ ਥਿਗਲੀ ਵਿਚ ਪਹਿਨਣ ਵਾਲੇ ਦੀ ਰੂਹਾਨੀ ਸ਼ਕਤੀ ਦਾ ਅੰਸ਼ ਹੁੰਦਾ ਹੈ ਤੇ ਇਸ ਨੂੰ ਕਪੜੇ ਨਾਲ ਟਾਂਕ ਕੇ ਪਹਿਨਿਆ ਜਾਵੇ ਤਾਂ ਅੰਸ਼ ਦਾਨ ਮਿਲਦਾ ਹੈ। ਇਸ ਲਈ ਕਈ ਲੋਕ ਬੱਚੇ ਦੇ ਜਨਮ ਮਗਰੋਂ, ਉਸ ਨੂੰ ਜੋ ਪਹਿਲਾ ਚੋਲਾ ਪਹਿਨਾਂਦੇ ਹਨ, ਉਸ ਦੇ ਕਪੜੇ ਨਾਲ ਕਿਸੇ ਗੁਰ-ਪੀਰ ਦੀ ਥਿਗੜੀ ਟਾਂਕ ਦੇਂਦੇ ਹਨ।

**(ਥ-23) ਥਿਰਮਾ** :

ਫੁਲਕਾਰੀ ਦੀ ਇਕ ਕਿਸਮ; ਚਿੱਟੇ ਕਪੜੇ ਉਤੇ ਰੰਗਦਾਰ ਰੇਸ਼ਮ ਨਾਲ ਵਿਰਲੀਆਂ ਵਿਰਲੀਆਂ ਬੂਟੀਆਂ ਜਾਂ ਚਾਰ ਖ਼ਾਨੇ ਕੱਢੇ ਜਾਂਦੇ ਹਨ।

**(ਥ-24) ਥੁੱਕ** :

ਥੁੱਕ ਘ੍ਰਿਣਾ ਦੀ ਪ੍ਰਤੀਕ ਹੈ। ਜਦੋਂ ਕੋਈ ਸ਼ਖ਼ਸ ਕਿਸੇ ਵਸਤੂ ਜਾਂ ਜੀਵ ਨਾਲ ਅੰਤਾਂ ਦੀ ਘ੍ਰਿਣਾ ਕਰਦਾ ਹੈ ਤਾਂ ਉਹ ਇਹ ਕਹਿੰਦਾ, "ਮੈਂ ਤੇਰੇ 'ਤੇ ਥੁਕਦਾ ਵੀ ਨਹੀਂ।" ਇਸੇ ਤਰ੍ਹਾਂ ਥੁੱਕ ਮੂੰਹ ਵਿਚੋਂ ਨਿਕਲੀ ਅਜਿਹੀ ਉਗਾਲ ਹੈ, ਜਿਸ ਨੂੰ ਮੁੜ ਕੋਈ ਚੱਟ ਨਹੀਂ ਸਕਦਾ। ਜਦੋਂ ਕੋਈ ਸ਼ਖ਼ਸ ਕੋਈ ਬਚਨ ਕਰ ਕੇ ਮੁਕਰ ਜਾਏ ਤਾਂ ਉਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਥੁੱਕ ਕੇ ਚਟ ਲਿਆ ਹੈ।

ਮੁਸਲਮਾਨੀ ਰਾਜ ਸਮੇਂ ਹਿੰਦੂਆਂ ਨੂੰ ਨਿੱਕੀਆਂ ਨਿੱਕੀਆਂ ਲਾਪਰਵਾਹੀਆਂ ਬਦਲੇ ਆਪਣੀ ਹੀ ਥੁਕ ਸੁਟ ਕੇ ਚੱਟਣ ਦੀ ਸਜ਼ਾ ਆਮ ਦਿਤੀ ਜਾਂਦੀ ਸੀ। ਕਈ ਕੱਟੜ ਮੁਸਲਮਾਨ ਹਾਕਮ ਕਾਫ਼ਰਾਂ ਦੇ ਮੂੰਹ ਵਿਚ ਥੁਕਿਆ ਕਰਦੇ ਸਨ।

ਥੁਕ ਕਿਉਂ ਜੋ ਮੂੰਹ ਵਿਚੋਂ ਨਿਕਲੀ ਹੁੰਦੀ ਹੈ ਤੇ ਇਸ ਲਈ ਇਸ ਉਤੇ ਟੂਣਾ ਸਹਿਜੇ ਕੀਤਾ ਜਾ ਸਕਦਾ ਹੈ। ਇਸੇ ਲਈ ਕਈ ਟੂਣਾ ਕਰਨ ਵਾਲੇ ਓਝੇ, ਦੁਸ਼ਮਣ ਦੀ ਥੁਕ ਨੂੰ ਕਿਸੇ ਤਰ੍ਹਾਂ ਪੱਤੇ ਵਿਚ ਇਕੱਠੀ ਕਰ ਕੇ ਲਿਆਉਣ ਲਈ ਕਹਿੰਦੇ ਹਨ। ਹਿੰਦੂ ਇਸੇ ਵਹਿਮ ਕਰ ਕੇ ਪੀਕਦਾਨ ਦੀ ਵਰਤੋਂ ਨਹੀਂ ਕਰਦੇ। ਪੀਕਦਾਨ ਦਾ ਰਵਾਜ ਮੁਸਲਮਾਨ ਹਾਕਮਾਂ ਤੋਂ ਪਿਆ।

ਇਸੇ ਤਰ੍ਹਾਂ ਜੇ ਕਿਸੇ ਨੂੰ ਪਾਣੀ, ਰੋਟੀ ਜਾਂ ਕਿਸੇ ਹੋਰ ਖਾਣ ਵਾਲੀ ਚੀਜ਼ ਵਿਚ ਆਪਣੀ ਥੁਕ ਮਿਲਾ ਕੇ ਖਵਾ ਦਿਤੀ ਜਾਵੇ ਤਾਂ ਉਸ ਦੇ ਦਿਲ ਵਿਚ ਪਾਣੀ ਪਿਆਣ ਵਾਲੇ ਲਈ ਪ੍ਰੇਮ ਜਾਗ ਉਠਦਾ ਹੈ।

ਜੇ ਪੇਟ ਵਿਚ ਪੀੜ ਹੋਵੇ ਤਾਂ ਲੋਕ ਧਾਰਨਾ ਅਨੁਸਾਰ ਧੁੰਨੀ ਉਤੇ ਥੁਕ ਲਗਾਣ ਨਾਲ ਜ਼ੋਰ ਘਟ ਜਾਂਦਾ ਹੈ।

ਮੁਸਲਮਾਨ ਸੂਰ ਤੋਂ ਘ੍ਰਿਣਾ ਕਰਦੇ ਹਨ ਤੇ ਜਦੋਂ ਵੀ ਸੂਰ ਨੂੰ ਕਿਧਰੇ ਵੇਖਦੇ ਹਨ ਝਟ ਥੁਕ ਦੇਂਦੇ ਹਨ।

ਜੇ ਕਿਸੇ ਛੋਟੇ ਬੱਚੇ ਦਾ ਕਿਸੇ ਰਿਸ਼ਤੇਦਾਰ ਨਾਲ ਜ਼ਿਆਦਾ ਪਿਆਰ ਹੋਵੇ ਤਾਂ ਉਹ ਰਿਸ਼ਤੇਦਾਰ ਕਿਧਰੇ ਬਾਹਰ ਜਾਣ ਵੇਲੇ, ਉਸ ਬੱਚੇ ਦੀ ਤਲੀ ਉਤੇ ਥੁਕ ਜਾਂਦਾ ਹੈ, ਜਿਸ ਕਰਕੇ ਬੱਚਾ ਪਿਛੋਂ ਉਦਰਦਾ ਨਹੀਂ।

ਨਹੀਂ ਲਗਦੀ ।

ਜੇ ਰਸਤੇ ਵਿਚ ਕੋਈ ਪਸ਼ੂ ਮਰਿਆ ਮਿਲੇ ਤਾਂ ਥੁਕ ਦਿਤਾ ਜਾਂਦਾ ਹੈ, ਇਸ ਤਰ੍ਹਾਂ ਉਸ ਦਾ ਪ੍ਰੇਤ ਪਿਛਾ ਨਹੀਂ ਕਰਦਾ ।

(ਥ-25) **ਥੋਮ** :

ਲਸਨ; ਇਸ ਦੀ ਉਤਪਤੀ ਬਾਰੇ ਇਕ ਕਥਾ ਪ੍ਰਚਲਤ ਹੈ। ਹਾਰਾਵਲੀ ਕੋਸ਼ ਅਨੁਸਾਰ ਜਦੋਂ ਦੇਵਤਿਆਂ ਵਿਚ ਅੰਮ੍ਰਿਤ ਵੰਡਦਿਆਂ, ਵਿਸ਼ਨੂੰ ਨੂੰ ਪਤਾ ਲਗਾ ਕਿ ਰਾਹੂ ਦੈਂਤ ਚੰਦਰਮਾ ਦਾ ਭੇਸ ਧਾਰ ਕੇ ਉਸ ਤੋਂ ਅੰਮ੍ਰਿਤ ਦੀਆਂ ਬੂੰਦਾਂ ਲੈ ਗਿਆ ਹੈ ਤਾਂ ਉਹ ਇਕ ਦਮ ਮੋਹਿਨੀ ਤੋਂ ਅਸਲੀ ਰੂਪ ਵਿਚ ਆ ਗਏ ਤੇ ਰਾਹੂ ਦਾ ਸਿਰ ਵੱਢ ਦਿਤਾ। ਉਦੋਂ ਰਾਹੂ ਦੇ ਮੂੰਹ ਵਿਚੋਂ ਅੰਮ੍ਰਿਤ ਦੇ ਕੁਝ ਤੁਬਕੇ ਜ਼ਿਮੀਂ ਉਤੇ ਜਾ ਡਿਗੇ ਜਿਸ ਤੋਂ ਥੋਮ ਪੈਦਾ ਹੋਇਆ ।

ਕਈ ਵੈਸ਼ਨੋ ਹਿੰਦੂ ਥੋਮ ਨੂੰ ਮੂੰਹ ਨਹੀਂ ਲਗਾਂਦੇ, ਇਸ ਦਾ ਕਾਰਨ ਇਹ ਦਸਿਆ ਜਾਂਦਾ ਹੈ ਕਿ ਥੋਮ ਵਿਚ ਮਾਸ ਨਾਲ ਮਿਲਦੀ ਜੁਲਦੀ ਦੁਰਗੰਧੀ ਆਉਂਦੀ ਹੈ, ਪਰ ਇਕ ਮਿੱਥਕ ਕਥਾ ਵਿਚ ਥੋਮ ਦੀ ਉਤਪਤੀ ਅਸੁਰ ਰਾਹੂ ਤੋਂ ਸਿਰਜੀ ਹੋਣ ਕਰਕੇ, ਦੇਵਤੇ ਇਸ ਨੂੰ ਪਸੰਦ ਨਹੀਂ ਕਰਦੇ। ਵੈਸ਼ਨੋ ਪਰੰਪਰਾ ਅਨੁਸਾਰ ਥੋਮ ਨੂੰ ਖਾਣ ਵਾਲੇ ਨਰਕਾਂ ਦੇ ਅਧਿਕਾਰੀ ਹਨ ।

(ਥ-26) **ਥੋਰੀ** :

ਇਕ ਖ਼ਾਨਾਬਦੋਸ਼ ਜਾਤੀ, ਜੋ ਅਹੇੜੀਆਂ ਵਾਂਗ ਕਦੇ ਸ਼ਿਕਾਰ ਖੇਡ ਕੇ ਪੇਟ ਪਾਲਦੀ ਸੀ। ਇਹ ਬਾਵਰੀਆਂ ਤੇ ਧਾਣਕਾਂ ਵਾਂਗ ਪਿੰਡ ਦੇ ਬਾਹਰਵਾਰ ਝੌਂਪੜੀਆਂ ਵਿਚ ਰਹਿੰਦੇ ਹਨ। ਧਨੀ ਪੋਠੋਹਾਰ ਵਿਚ ਥੋਰੀ ਖਚਰਾਂ ਉਤੇ ਮਾਲ ਢੋਂਦੇ ਹਨ ।

ਕਈ ਥੋਰੀ ਸਫ਼ਰ ਵਿਚ ਮੁਸਾਫ਼ਰਾਂ ਦਾ ਦਿਲ ਪ੍ਰਚਾਣ ਲਈ, ਨਾਲ ਨਾਲ ਕਹਾਣੀ ਵੀ ਪਾਉਂਦੇ ਹਨ। ਇੰਜ ਕਹਾਣੀਆਂ ਸੁਣਾਂਦਿਆਂ ਤੇ ਗੀਤ ਉਚਾਰਦਿਆਂ ਇਹ ਲੰਮੇ ਪੈਂਡੇ, ਬਿਨਾਂ ਥਕਾਨ ਦੇ ਤੈਅ ਕਰ ਲੈਂਦੇ ਹਨ। ਥੋਰੀਆਂ ਦਾ ਇਹ ਪੇਸ਼ਾ ਭਾਵੇਂ ਬੜੀ ਕਰੜੀ ਮਿਹਨਤ ਮੰਗਦਾ ਹੈ, ਪਰ ਸੁਣਨ ਤੇ ਸੁਨਾਣ ਨਾਲ ਵਕਤ ਸਹਿਜੇ ਗੁਜ਼ਰ ਜਾਂਦਾ ਹੈ। ਪਿਤਾ-ਪੁਰਖੀ ਪੇਸ਼ਾ ਹੋਣ ਕਰ ਕੇ ਥੋਰੀ ਆਪਣਾ ਮੌਖਿਕ ਵਿਰਸਾ ਜੋ ਲੋਕ-ਸਾਹਿਤ ਦਾ ਅਣਮੋਲ ਖ਼ਜ਼ਾਨਾ ਹੁੰਦਾ ਹੈ, ਜਿਸ ਨੂੰ ਉਹ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਦੇ ਜਾਂਦੇ ਹਨ। ਥੋਰੀਆਂ ਤੋਂ ਇਹ ਸਾਮਗਰੀ ਸੰਸਥਾ ਦੇ ਪੱਧਰ ਤੇ ਜੇ 'ਕੱਠੀ ਕਰ ਲਈ ਜਾਵੇ ਤਾਂ ਇਹ ਮਹਾਨ ਖ਼ਜ਼ਾਨਾ ਸਾਂਭਿਆ ਜਾ ਸਕਦਾ ਹੈ ।

ਬਹੁਤ ਸਾਰੇ ਧਨ-ਪੋਠੋਹਾਰ ਦੇ ਥੋਰੀ ਭਾਰਤ ਦੇ ਭਿੰਨ ਭਿੰਨ ਪ੍ਰਾਂਤਾਂ ਵਿਚ ਜਾ ਵਸੇ ਹਨ ।

# ਦ

## (ਦ-1) **ਦਸ** :

ਇਕ ਪ੍ਰਸਿਧ ਅੰਕ-ਰੂੜ੍ਹੀ, ਜਿਸ ਦਾ ਭਾਰਤੀ ਤੇ ਪੰਜਾਬੀ ਲੋਕਧਾਰਾ ਤੇ ਧਰਮ ਵਿਚ ਬੜਾ ਮਹੱਤਵ ਰਿਹਾ ਹੈ। ਇਸ ਰੂੜ੍ਹੀ ਦੀ ਉਤਪਤੀ ਆਦਿਮ ਅਵਸਥਾ ਵਿਚ ਹੋਈ ਜਾਪਦੀ ਹੈ ਤੇ ਇਸ ਸੰਕਲਪ ਦਾ ਆਧਾਰ ਸਾਡੇ ਹੱਥਾਂ ਪੈਰਾਂ ਦੀਆ ਦਸ ਦਸ ਉਂਗਲੀਆਂ ਹਨ। ਪੌਰਾਣਿਕ ਕਾਲ ਵਿਚ ਇਹ ਰੂੜ੍ਹੀ ਵਧੇਰੇ ਵਿਗਸੀ। ਸਰੀਰ ਦੇ ਦਸ ਦਰਵਾਜ਼ੇ ਮੰਨੇ ਜਾਣ ਲਗੇ : ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੂੰਹ, ਲਿੰਗ, ਗੁਦਾ ਤੇ ਤਾਲੂਆ। ਸਰੀਰ ਦੀਆਂ ਦਸ ਇੰਦਰੀਆਂ ਹਨ, ਪੰਜ ਗਿਆਨ ਇੰਦਰੀਆਂ—ਅੱਖ, ਕੰਨ, ਨੱਕ, ਜੀਭ ਤੇ ਤੁੱਚਾ ਅਤੇ ਪੰਜ ਕਰਮ ਇੰਦਰੀਆਂ ਹਨ—ਹੱਥ, ਪੈਰ, ਮੂੰਹ, ਗੁਦਾ ਤੇ ਲਿੰਗ। ਮਨੁਖ ਨੇ ਪਹਿਲਾਂ ਆਪਣੇ ਸਰੀਰ ਦੇ ਅੰਦਰ-ਬਾਹਰ ਤੇ ਫਿਰ ਬ੍ਰਹਿਮੰਡ ਵਿਚ ਫੈਲੀ ਦਸ ਦੀ ਸੰਖਿਆ ਅਨੁਭਵ ਕੀਤੀ। ਸੰਸਾਰ ਦੀਆਂ ਦਸ ਦਿਸ਼ਾਵਾਂ ਹਨ : ਪੂਰਬ, ਪੱਛਮ, ਉੱਤਰ, ਦੱਖਣ, ਅਗਨਿ ਕੋਣ, ਨੈਰਤੀ ਕੋਣ, ਵਾਯਵੀਂ ਕੋਣ, ਈਸ਼ਾਨ ਕੋਣ, ਅਕਾਸ਼ ਤੇ ਪਤਾਲ। ਇਸ ਸਾਰੇ ਪਾਸਾਰ ਤੋਂ ਦਸ ਦੀ ਰੂੜ੍ਹੀ ਨੂੰ ਹੋਰ ਸ਼ਕਤੀ ਮਿਲੀ ਤੇ ਇਹ ਰੂੜ੍ਹੀ ਸਭ ਤੋਂ ਵਧ ਪ੍ਰਵਾਨ ਚੜ੍ਹੀ।

ਪੁਰਾਣਾਂ ਅਨੁਸਾਰ ਵਿਸ਼ਨੂੰ ਦੇ ਚੌਵੀ ਅਵਤਾਰ ਹੋਏ ਹਨ, ਪਰ ਉਨ੍ਹਾਂ ਵਿਚੋਂ ਦਸ ਅਵਤਾਰ ਪ੍ਰਮੁੱਖ ਮੰਨੇ ਗਏ ਹਨ। ਸਿੱਖਾਂ ਵਿਚ ਦਸ ਗੁਰੂ ਸਾਹਿਬ ਹੋਏ ਹਨ। ਸੰਨਿਆਸੀਆਂ ਦੇ ਦਸ ਫਿਰਕੇ ਮੰਨੇ ਜਾਂਦੇ ਹਨ, ਹਿੰਦੂਆਂ ਦੇ ਪ੍ਰਮੁਖ ਤਿਉਹਾਰ ਵੀ ਦਸ ਹਨ। ਇਸੇ ਤਰ੍ਹਾਂ ਦਸ ਅਸ਼ਵਮੇਧ ਯੱਗਾਂ ਦਾ ਬੜਾ ਮਹਾਤਮ ਹੈ।

ਦਸ ਦੀ ਰੂੜ੍ਹੀ ਦੀ ਮਹਾਨਤਾ ਨੂੰ ਮੁੱਖ ਰਖਦਿਆਂ, ਕਈ ਵਾਰ ਕਿਸੇ ਵਡੀ ਸੰਖਿਆ ਦਾ ਵਰਨਣ ਕਰਦਿਆਂ ਇਸੇ ਨੂੰ ਮਾਧਿਅਮ ਬਣਾਇਆ ਗਿਆ ਹੈ ਜਿਵੇਂ ਅਠਾਰਾਂ ਦੀ ਗਿਣਤੀ

## (ਦ-2) **ਦਸ ਅਸਟ** :

ਗੁਰਬਾਣੀ ਤੇ ਭਗਤ ਬਾਣੀ ਵਿਚ ਅਠਾਰਾਂ ਦੀ ਸੰਖਿਅਕ ਲਈ ਕਈ ਵਾਰ ਦਸ ਅਸਟ (ਦਸ ਤੇ ਅੱਠ) ਸਮਾਸ ਵਰਤਿਆ ਗਿਆ ਹੈ।

'ਚਾਰਿ ਵੇਦ ਦਸ ਅਸਟ ਪੁਰਾਣਾਂ'—ਵਾਰ ਸ੍ਰੀ ਮਹਲਾ

ਪੁਰਾਣਿਕ ਲੋਕਧਾਰਾ ਵਿਚ ਦਸ ਦੇ ਅੰਕ ਨੂੰ ਬੜਾ ਪਵਿੱਤਰ ਤੇ ਮਹਾਨ ਮੰਨਿਆ ਜਾਂਦਾ ਹੈ ਤੇ ਦੂਜੇ ਅੰਕਾਂ ਨੂੰ ਵੀ ਦਸ ਦੇ ਮਾਧਿਅਮ ਦੁਆਰਾ ਪ੍ਰਗਟ ਕਰਨ ਦੀ ਪ੍ਰਵਿਰਤੀ ਰਹੀ ਹੈ। ਇਸੇ ਤਰ੍ਹਾਂ ਅਠਾਰਾਂ ਜਾਤੀਆਂ ਲਈ 'ਦਸ ਅਠ ਵਰਨ' ਸਮਾਸ ਵਰਤਿਆ ਗਿਆ ਹੈ :

'ਆਪੇ ਦਸ ਅਠ ਵਰਨ ਉਪਾਇਆ'—ਵਾਰ ਬਿਹਾ: ਮ:

ਕਈ ਹੋਰ ਥਾਈਂ ਅੰਕ ਜੋੜਾਂ ਵਿਚ ਵੀ ਇਹ ਪ੍ਰਵਿਰਤੀ ਵੇਖਣ ਵਿਚ ਆਈ ਹੈ ਜਿਵੇਂ ਚੌਦਾਂ ਲਈ 'ਦਸ ਚਾਰਿ' ਦੀ ਵਰਤੋਂ।

'ਦਸ ਚਾਰਿ ਹੱਟ ਤੁੱਧ ਸਾਜਿਆ, ਵਾਪਾਰੁ ਕਰੀਵੇ'
—ਵਾਰ ਸ੍ਰੀ ਮਹਲਾ

## (ਦ-3) **ਦਸ ਗਾਤ੍ਰਾ** :

ਪੁਰਾਣਾਂ ਅਨੁਸਾਰ ਮ੍ਰਿਤੂ ਮਗਰੋਂ ਪ੍ਰਾਣੀ, ਇਸ ਲੋਕ ਵਿਚੋਂ, ਅਗਲੇ ਲੋਕ ਵਿਚ ਚਲਾ ਜਾਂਦਾ ਹੈ। ਪਹਿਲਾ ਸਰੀਰ ਤਾਂ ਉਹ ਇਸ ਲੋਕ ਵਿਚ ਹੀ ਛੱਡ ਜਾਂਦਾ ਹੈ, ਪਰ ਇਕ ਨਵਾਂ ਸਰੀਰ ਅਥਵਾ ਪਿੰਡ ਉਸ ਦੇ ਪ੍ਰੇਤ ਦੁਆਲੇ ਬਣਦਾ ਹੈ। ਇਹ ਦੇਵੀ ਸਰੀਰ ਪਹਿਲੇ ਦਿਨ ਤੋਂ ਹੀ ਬਣਨ ਲਗਦਾ ਹੈ ਤੇ ਦਸ ਦਿਨਾਂ ਵਿਚ ਮੁਕੰਮਲ ਹੋ ਜਾਂਦਾ ਹੈ। ਪਹਿਲੇ ਦਿਨ ਉਸ ਦਾ ਸਿਰ ਬਣਦਾ ਹੈ, ਦੂਜੇ ਦਿਨ ਅੱਖਾਂ, ਨੱਕ ਤੇ ਕੰਨ, ਤੀਜੇ ਦਿਨ ਮੂੰਹ, ਚੌਥੇ ਦਿਨ ਧੜ ਦਾ ਉਪਰਲਾ ਹਿੱਸਾ ਤੇ ਇਸ ਤਰ੍ਹਾਂ ਦਸਵੇਂ ਦਿਨ ਪੈਰ ਬਣਦੇ

ਹਨ, ਜੋ ਉਸ ਦੇ ਪਿੰਡ ਦੇ ਬਣਨ ਵਿਚ ਸਹਾਇਕ ਹੋਣ, ਜਿਵੇਂ ਪਿੰਡ-ਪੱਤਲ ਕਿਰਿਆ, ਦੀਪ ਦਾਨ, ਪੁੰਨ-ਦਾਨ ਆਦਿ। ਇਨ੍ਹਾਂ ਦਸ ਦਿਨਾਂ ਲਈ ਪ੍ਰਾਣੀ ਨਮਿਤ ਕੀਤੇ ਜਾਂਦੇ ਕਰਮਾਂ ਨੂੰ ਦਸ ਗਾਤ੍ਰ ਕਿਹਾ ਜਾਂਦਾ ਹੈ।

(ਦ-4) **ਦਸਤਗੀਰ** :

ਮੁਸਲਮਾਨਾਂ ਵਿਚ ਕਿਸੇ ਵੀ ਕਰਣੀ ਵਾਲੇ ਫ਼ਕੀਰ ਲਈ, ਆਦਰ ਵਜੋਂ ਇਹ ਉਪਾਧੀ ਵਰਤੀ ਜਾਂਦੀ ਹੈ। ਦਸਤਗੀਰ ਦਾ ਭਾਵ ਹੈ : ਹੱਥ ਪਕੜਨ ਵਾਲਾ, ਅਥਵਾ ਸਹਾਰਾ ਜ ਪਨਾਹ ਦੇਣ ਵਾਲਾ।

ਪਰ ਦਸਤਗੀਰ ਸ਼ਬਦ ਵਿਸ਼ੇਸ਼ ਰੂਪ ਵਿਚ ਪ੍ਰਸਿਧ ਸੂਫ਼ੀ ਪੀਰ ਅਬਦੁਲ ਕਾਦਿਰ ਜਿਲਾਨੀ (1078-1166 ਈ:) ਦਾ ਬੋਧਿਕ ਹੈ। ਇਹ ਫ਼ਕੀਰ ਜਿਲਾਨ ਸ਼ਹਿਰ ਵਿਚ ਪੈਦਾ ਹੋਣ ਕਰ ਕੇ, ਜਿਲਾਨੀ ਦੇ ਨਾਉਂ ਨਾਲ ਵੀ ਪ੍ਰਸਿਧ ਹਨ। ਦਸਤਗੀਰ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸਬੰਧਿਤ ਹਨ। ਇਨ੍ਹਾਂ ਦਾ ਮਕਬਰਾ ਬਗ਼ਦਾਦ ਵਿਚ ਹੈ (ਵੇਖੋ : ਅਬਦੁਲ ਕਾਦਿਰ ਜਿਲਾਨੀ)।

ਪੰਜਾਬ ਦੇ ਕਾਦਰੀ ਫ਼ਿਰਕੇ ਦੇ ਸੂਫ਼ੀਆਂ ਵਿਚ ਪੀਰ ਅਬਦੁਲ ਕਾਦਿਰ ਜਿਲਾਨੀ ਦੀ ਬੜੀ ਮਾਨਤਾ ਰਹੀ ਹੈ। ਜਗਰਾਵਾਂ ਵਿਚ ਹਰ ਸਾਲ 'ਰੌਸ਼ਨੀ' ਦਾ ਇਕ ਵਡਾ ਮੇਲਾ ਲਗਦਾ ਹੈ, ਉਹ ਇਸੇ ਪੀਰ ਨਾਲ ਸਬੰਧਿਤ ਹੈ। ਅਬਦੁਲ ਕਾਦਿਰ ਜਿਲਾਨੀ ਦੀ ਗੱਦੀ ਉਤੇ ਬੈਠੇ ਫ਼ਕੀਰ ਵੀ ਦਸਤਗੀਰ ਨਾਉਂ ਨਾਲ ਪ੍ਰਸਿਧ ਹਨ।

(ਦ-5) **ਦਸਤਬੰਦ** :

ਤੀਵੀਆਂ ਦਾ ਗੁੱਟ ਤੇ ਪਹਿਨਣ ਵਾਲਾ ਇਕ ਗਹਿਣਾ; ਗੁੱਟ ਉਤੇ ਬੰਨ੍ਹੀ ਚੀਜ਼ ਸਾਰੇ ਸਰੀਰ ਨੂੰ ਨਰੋਆ ਰਖਦੀ ਹੈ।

(ਦ-6) **ਦਸਤਾਨ** :

ਬੱਚੇ ਦੇ ਜਨਮ ਨਾਲ ਸਬੰਧਿਤ ਇਕ ਰਸਮ, ਜੋ ਬਾਗੜੀ ਜਾਤੀ ਦੇ ਘੁਮਿਆਰਾਂ ਵਿਚ ਪ੍ਰਚਲਤ ਹੈ। ਬੱਚੇ ਦੇ ਜਨਮ ਦੇ ਦਸਵੇਂ ਦਿਨ ਕੀਤੀ ਜਾਣ ਕਰਕੇ ਦਸਤਾਨ ਅਖਵਾਉਂਦੀ ਹੈ। ਇਸੇ ਦਿਨ ਬੱਚੇ ਦਾ ਨਾਉਂ ਵੀ ਰਖਿਆ ਜਾਂਦਾ ਹੈ।

ਘਰ ਵਿਚ ਕਿਸੇ ਨਿਵੇਕਲੀ ਗੁਠੇ, ਮਿੱਟੀ ਤੇ ਗੋਬਰ ਦਾ ਪੋਚਾ ਫੇਰ ਕੇ, ਉਸ ਉਤੇ ਆਟੇ ਨਾਲ ਚੌਕ ਪੂਰਿਆ ਜਾਂਦਾ ਹੈ। ਫਿਰ ਬੱਚੇ ਦੀ ਮਾਂ ਨੂੰ ਚੌਕ ਦੇ ਪੱਛਮੀ ਸਿਰੇ ਉਤੇ, ਹਨ। ਪਿਛੋਂ ਇਹੋ ਨਾਂ ਧਾਰਮਿਕ ਰੀਤਾਂ ਰਸਮਾਂ ਤੇ ਸੰਸਕਾਰਾਂ ਵੇਲੇ ਵਰਤਿਆ ਜਾਂਦਾ ਹੈ।

ਇਸ ਰਸਮ ਮਗਰੋਂ ਕੁਲ ਪ੍ਰੋਹਿਤ 'ਹੋਮ' ਕਰਦਾ ਹੈ। ਅਗਨੀ ਨੂੰ ਜੰਡੀ ਦੇ ਰੁੱਖ ਦੀਆਂ ਛਿਟੀਆਂ ਨਾਲ ਜਲਾਇਆ ਜਾਂਦਾ ਹੈ ਅਤੇ ਅੱਗ ਵਿਚ ਘਿਉ, ਸ਼ਕਰ, ਜੌਂ ਤੇ ਤਿਲ ਆਦਿ ਪਾਏ ਜਾਂਦੇ ਹਨ। ਨਾਲੋਂ ਨਾਲ ਮੰਤਰਾਂ ਦਾ ਉਚਾਰਨ ਕੀਤਾ ਜਾਂਦਾ ਹੈ। ਅਗਨੀ ਦੇ ਕੋਲ ਇਕ ਕਲਸ, ਜਿਸ ਵਿਚ ਗਊਤ੍ਰ ਤੇ ਗੰਗਾ ਜਲ ਤੋਂ ਇਲਾਵਾ, ਇਕ ਚਾਂਦੀ ਦਾ ਛੱਲਾ ਤੇ ਤਾਂਬੇ ਦਾ ਪੈਸਾ ਪਿਆ ਰਹਿੰਦਾ ਹੈ, ਜਿਸ ਵਿਚ ਉਹ ਕੁਝ ਅੱਗ ਪਾਉਂਦਾ ਹੈ। ਫਿਰ ਇਸ ਜਲ ਦੇ ਛੱਟੇ, ਘਰ ਦੀਆਂ ਕੰਧਾਂ, ਛੱਤਾਂ ਤੇ ਵਿਹੜੇ ਵਿਚ ਮਾਰੇ ਜਾਂਦੇ ਹਨ ਤਾਂ ਜੋ ਸੂਤਕ ਨਿਕਲ ਜਾਵੇ। ਰਸਮ ਵਿਚ ਸ਼ਾਮਲ ਹੋਏ ਸਭ ਲੋਕਾਂ ਉਤੇ ਵੀ ਛੱਟਾ ਮਾਰਿਆ ਜਾਂਦਾ ਹੈ। ਬ੍ਰਾਹਮਣਾਂ ਤੇ ਭਾਈਚਾਰੇ ਨੂੰ ਭੋਜ ਦਿਤਾ ਜਾਂਦਾ ਹੈ। ਬੱਚਿਆਂ ਵਿਚ ਲਪੀ (ਲਪਸੀ) ਵੰਡੀ ਜਾਂਦੀ ਹੈ ਜੋ ਗੁੜ ਤੇ ਉਬਲੀ ਕਣਕ ਨੂੰ ਰਲਾ ਕੇ ਬਣਾਈ ਜਾਂਦੀ ਹੈ। ਪਹਿਲਿਆਂ ਵਿਚ ਇਸ ਸਮੇਂ ਮਿਰਾਸੀ ਵੀ ਸੱਦੇ ਜਾਂਦੇ ਸਨ।

(ਦ-7) **ਦਸਤਾਰਬੰਦੀ** :

ਪੱਗ ਬੰਨ੍ਹਣ ਦੀ ਰਸਮ; ਕਿਸੇ ਸ਼ਖ਼ਸ ਦੀ ਮੌਤ ਮਗਰੋਂ, ਦਸਾਹੀ ਅਥਵਾ ਕਿਰਿਆ ਕਰਮ ਵਾਲੇ ਦਿਨ ਕੀਤੀ ਰਸਮ। ਖਤ੍ਰੀਆਂ ਵਿਚ ਇਹ ਰਸਮ ਤੇਹਰਵੇਂ ਦਿਨ ਕੀਤੀ ਜਾਂਦੀ ਹੈ। ਬਰਾਦਰੀ ਦੇ ਇਕੱਠ ਵਿਚ ਮ੍ਰਿਤਕ ਦਾ ਵਡਾ ਲੜਕਾ ਤੇ ਕਈਆਂ ਬਰਾਦਰੀਆਂ ਵਿਚ ਸਾਰੇ ਲੜਕੇ ਪਗੜੀ ਬੰਨ੍ਹਦੇ ਹਨ। ਸਿੱਖਾਂ ਵਿਚ ਇਸ ਰਸਮ ਨੂੰ 'ਦਸਤਾਰਬੰਦੀ' ਤੇ ਹਿੰਦੂਆਂ ਵਿਚ 'ਪੱਗ ਬੰਨ੍ਹਣਾ' ਕਹਿੰਦੇ ਹਨ। ਪੱਗ ਉਤਰਾਧਿਕਾਰਤਾ ਦੀ ਪ੍ਰਤੀਕ ਹੈ ਤੇ ਇਸ ਰਸਮ ਦਾ ਭਾਵ ਇਹ ਹੈ ਕਿ ਪਿਉ ਦੇ ਮਰਨ ਤੋਂ ਬਾਅਦ ਉਸ ਦੇ ਬੱਚੇ ਉਨ੍ਹਾਂ ਸਭ ਸਮਾਜਿਕ ਤੇ ਆਰਥਿਕ ਅਧਿਕਾਰਾਂ ਦੇ ਮਾਲਕ ਹਨ, ਜੋ ਉਨ੍ਹਾਂ ਦੇ ਪਿਤਾ ਨੂੰ ਪ੍ਰਾਪਤ ਸਨ। ਇਸ ਮੌਕੇ ਉਤੇ ਲੜਕਿਆਂ ਦੇ ਸਹੁਰੇ ਪਗੜੀ ਲਿਆਂਦੇ ਹਨ ਅਤੇ ਤੰਬੋਲ ਵਜੋਂ ਕੁਝ ਨਕਦ ਰੁਪਏ ਵੀ ਦੇਂਦੇ ਹਨ। ਕਈ ਭਾਈਚਾਰਿਆਂ ਵਿਚ ਤ੍ਰੇਵਰ ਦੇਣ ਦਾ ਰਿਵਾਜ ਹੈ।

ਮੁਸਲਮਾਨਾਂ ਵਿਚ ਵੀ ਦਸਤਾਰਬੰਦੀ ਦੀ ਰਸਮ ਪ੍ਰਚਲਤ ਹੈ। ਮੀਆਂਵਾਲੀ ਜ਼ਿਲੇ ਦੇ ਮੁਸਲਮਾਨ ਇਹ ਰਸਮ ਮੌਤ ਦੇ ਮਗਰੋਂ ਤੀਜੇ ਦਿਨ ਕਰਦੇ ਹਨ।

(ਦ-9) **ਦਸਨਾਮੀ** :

ਸੰਨਿਆਸੀਆਂ ਦੇ ਦਸ ਫ਼ਿਰਕੇ, ਜਿਨ੍ਹਾਂ ਦੇ ਨਾਉਂ ਇਸ ਪ੍ਰਕਾਰ ਹਨ : ਤੀਰਥ, ਆਸ਼ਰਮ, ਵਨ, ਅਰਣਿਆ, ਗਿਰੀ, ਪਰਬਤ, ਸਾਗਰ, ਸਰਸਵਤੀ, ਭਾਰਤੀ ਤੇ ਪੁਰੀ (ਵੇਖੋ : ਸੰਨਿਆਸੀ)।

(ਦ-10) **ਦਸ ਪੁਰਬ** :

ਹਿੰਦੂ ਸਾਸਤਰਾਂ ਅਨੁਸਾਰ ਦਸ ਤਿਉਹਾਰ ਅਥਵਾ ਪੁਰਬ ਪ੍ਰਮੁਖ ਹਨ, ਇਨ੍ਹਾਂ ਦੇ ਨਾਂ ਹਨ : ਅਸ਼ਟਮੀ, ਚੌਦਸ, ਮੱਸਿਆ, ਪੂਰਨਮਾਸ਼ੀ, ਸੰਗਰਾਂਦ, ਉਤਰਾਇਨ, ਦਖਸ਼ਣਾਇਨ, ਵਿਅਤੀਪਾਤ, ਚੰਨ ਗ੍ਰਹਿਣ ਤੇ ਸੂਰਜ ਗ੍ਰਹਿਣ। ਇਹ ਦਸੇ ਪੁਰਬ ਚੰਨ ਤੇ ਸੂਰਜ ਦੋਹਾਂ ਗ੍ਰਹਿਆਂ ਦੀ ਚਾਲ ਤੇ ਸਥਿਤੀ ਨਾਲ ਸਬੰਧਿਤ ਹੋਣ ਕਰ ਕੇ ਪ੍ਰਮੁਖ ਮੰਨੇ ਜਾਂਦੇ ਹਨ ਤੇ ਇਨ੍ਹਾਂ ਦਾ ਸਾਂਝਾ ਨਾਂ 'ਦਸਾਹਰਾ' ਹੈ।

(ਦ-11) **ਦਸਯੂ** :

ਭਾਰਤ ਦੀ ਇਕ ਪ੍ਰਾਚੀਨ ਜਾਤੀ ਜੋ ਆਰੀਆ ਜਾਤੀ ਤੋਂ ਪਹਿਲਾਂ ਪੰਜਾਬ ਵਿਚ ਵਸਦੀ ਸੀ। ਦਰਾਵੜ ਆਦਿ ਜਾਤਾਂ ਇਸੇ ਦਾ ਵੰਸ਼ਜ ਮੰਨੀਆਂ ਜਾਂਦੀਆਂ ਹਨ।

(ਦ-12) **ਦਸਰਥ** :

ਇਕ ਸੂਰਜਵੰਸ਼ੀ ਰਾਜਾ, ਜੋ ਰਾਜੇ ਅੱਜ ਦਾ ਪੁੱਤਰ ਤੇ ਸ੍ਰੀ ਰਾਮ ਚੰਦਰ ਦਾ ਪਿਤਾ ਸੀ। ਅਜੁਧਿਆ ਰਾਜਧਾਨੀ ਸੀ। ਰਾਮਾਇਣ ਵਿਚ ਦਸਰਥ ਦੇ ਜੀਵਨ ਦੀਆਂ ਅਨੇਕਾਂ ਰੋਚਕ ਘਟਨਾਵਾਂ ਵੇਰਵੇ ਨਾਲ ਮਿਲਦੀਆਂ ਹਨ। ਦਸਰਥ ਦੀਆਂ ਤਿੰਨ ਸੌ ਤਰਵਿੰਜਾ ਪਤਨੀਆਂ ਸਨ, ਜਿਨ੍ਹਾਂ ਵਿਚ ਕੌਸ਼ਲਿਆ, ਕੈਕੇਯੀ ਤੇ ਸੁਮਿਤ੍ਰਾ ਵਿਸ਼ੇਸ਼ ਪਦਵੀ ਰਖਦੀਆਂ ਸਨ। ਰਾਜਾ ਦਸਰਥ ਦੇ ਘਰ ਔਲਾਦ ਨਹੀਂ ਸੀ ਹੁੰਦੀ, ਉਨ੍ਹਾਂ ਨੇ ਸੰਤਾਨ ਦੀ ਪ੍ਰਾਪਤੀ ਲਈ ਅਸ਼ਵਮੇਧ ਯੱਗ ਕੀਤਾ ਅਤੇ ਕੌਸ਼ਲਿਆ ਤੇ ਦੂਜੀਆਂ ਦੋ ਰਾਣੀਆਂ ਕੈਕੇਯੀ ਤੇ ਸੁਮਿਤ੍ਰਾ ਘੋੜੇ ਦੀ ਲੱਤ ਕੋਲ ਸਾਰੀ ਰਾਤ ਬੈਠ ਕੇ ਸਾਧਨਾ ਕਰਦੀਆਂ ਰਹੀਆਂ। ਵਿਸ਼ਨੂੰ ਨੇ ਪ੍ਰਸੰਨ ਹੋ ਕੇ ਦਸਰਥ ਨੂੰ ਚਾਰ ਪੁੱਤਰ ਬਖ਼ਸ਼ੇ। ਕੌਸ਼ਲਿਆ ਦੀ ਕੁਖੋਂ ਰਾਮ ਨੇ ਜਨਮ ਲਿਆ ਅਤੇ ਸੁਮਿਤ੍ਰਾ ਦੇ ਕੁਖੋਂ ਲਛਮਣ ਤੇ ਸ਼ਤਰੂਘਨ ਅਤੇ ਕੈਕੇਯੀ ਦੀ ਕੁਖੋਂ ਭਰਤ ਨੇ ਜਨਮ ਲਿਆ।

ਰਾਮਾਇਣ ਦੀ ਇਕ ਹੋਰ ਕਥਾ ਅਨੁਸਾਰ ਹਵਨ ਦੇ ਅਗਨੀ ਵਿਚੋਂ ਵਿਸ਼ਨੂੰ ਪ੍ਰਗਟ ਹੋਏ ਤੇ ਰਾਜੇ ਨੂੰ ਅੰਮ੍ਰਿਤ ਦਾ ਭਰਿਆ ਕਲਸ ਦਿਤਾ। ਦਸਰਥ ਨੇ ਇਸ ਕਲਸ 'ਚੋਂ ਅੱਧਾ ਅੰਮ੍ਰਿਤ ਕੌਸ਼ਲਿਆ ਨੂੰ ਪਿਲਾਇਆ, ਬਾਕੀ ਅੱਧਾ ਦੂਜੀਆਂ ਦੋਹਾਂ ਰਾਣੀਆਂ ਸੁਮਿਤ੍ਰਾ ਤੇ ਕੈਕੇਯੀ ਨੂੰ। ਤਿੰਨਾਂ ਦੇ ਕੁਖੋਂ ਜੋ ਔਲਾਦ ਜੰਮੀ, ਉਸ ਵਿਚ ਵਿਸ਼ਨੂੰ ਦਾ ਦੇਵੀ ਅੰਸ਼ ਉਸੇ ਮਾਤਰਾ ਵਿਚ ਰਚਿਆ ਸੀ ਜਿਸ ਮਾਤਰਾ ਵਿਚ ਤਿੰਨਾਂ ਰਾਣੀਆਂ ਨੇ ਅੰਮ੍ਰਿਤ ਪੀਤਾ ਸੀ। ਭਾਵ ਰਾਮ ਚੰਦਰ ਵਿਸ਼ਨੂੰ ਦੇ ਅੱਧੇ ਅੰਸ਼, ਭਰਤ ਵਿਸ਼ਨੂੰ ਦੇ ਚੌਥੇ ਅੰਸ਼ ਤੇ ਲਛਮਣ ਤੇ ਸ਼ਤਰੂਘਨ ਬਾਕੀ ਦੇ ਚੌਥੇ ਅੰਸ਼ ਦੇ ਅਵਤਾਰ ਹੋਏ।

ਦਸਰਥ ਜਦੋਂ ਰਾਮ ਨੂੰ ਯੁਵਰਾਜ ਥਾਪਣ ਲੱਗਾ ਤਾਂ ਕੈਕੇਯੀ ਨੇ ਵਿਰੋਧਤਾ ਕੀਤੀ ਅਤੇ ਉਸ ਨੇ ਰਾਮ ਨੂੰ 14 ਵਰ੍ਹੇ ਲਈ ਬਨਬਾਸ ਤੇ ਆਪਣੇ ਪੁੱਤਰ ਭਰਤ ਲਈ ਗੱਦੀ ਮੰਗੀ। ਦਸਰਥ ਨੂੰ ਮਜਬੂਰ ਹੋ ਕੇ ਗੱਲ ਮੰਨਣੀ ਪਈ ਕਿਉਂ ਜੋ ਉਸ ਨੇ ਕੈਕੇਯੀ ਨੂੰ ਇਕ ਵੇਰ ਯੁੱਧ ਵਿਚ ਭੀੜਾ ਸਮੇਂ, ਸਹਾਇਤਾ ਦੇਣ ਬਦਲੇ ਪ੍ਰਸੰਨ ਹੋ ਕੇ ਦੋ ਵਰ ਮੰਗਣ ਲਈ ਕਿਹਾ, ਜੋ ਕੈਕੇਯੀ ਨੇ ਕਿਸੇ ਹੋਰ ਵੇਲੇ ਮੰਗਣ ਦੀ ਆਗਿਆ ਲੈ ਲਈ ਸੀ।

ਰਾਜਾ ਦਸਰਥ ਨੇ ਸ੍ਰੀ ਰਾਮਚੰਦਰ ਦੇ ਵਿਜੋਗ ਵਿਚ ਜਾਨ ਦੇ ਦਿਤੀ। ਉਹ ਕਾਫ਼ੀ ਲੰਮੀ ਉਮਰ ਭੋਗ ਕੇ ਕਾਲ ਵਸ ਹੋਏ। ਬਾਲਮੀਕੀ ਰਾਮਾਇਣ ਅਨੁਸਾਰ ਉਨ੍ਹਾਂ ਦੀ ਆਯੂ ਮਰਨ ਵੇਲੇ ਸੱਠ ਹਜ਼ਾਰ ਸਾਲ ਤੋਂ ਉਪਰ ਸੀ। ਦਸਰਥ ਦੇ ਸ੍ਰੀ ਰਾਮ ਚੰਦਰ ਦੇ ਵਿਜੋਗ ਵਿਚ ਦੁਖੀ ਹੋ ਕੇ ਮਰਨ ਦਾ ਕਾਰਨ ਵੀ, ਇਕ ਸਰਾਪ ਸੀ, ਜੋ ਸਰਵਣ ਦੇ ਅੰਨ੍ਹੇ ਮਾਪਿਆਂ ਨੇ, ਦਸਰਥ ਨੂੰ ਦਿਤਾ ਸੀ। ਸਰਵਣ ਆਪਣੇ ਅੰਨ੍ਹੇ ਮਾਤਾ ਪਿਤਾ ਲਈ ਤਾਲ ਤੋਂ ਪਾਣੀ ਲੈਣ ਗਿਆ। ਦਸਰਥ ਨੇ ਘੜਾ ਭਰਨ ਦੀ ਅਵਾਜ਼ ਨੂੰ, ਕਿਸੇ ਜੰਗਲੀ ਜੀਵ ਦੀ ਅਵਾਜ਼ ਸਮਝ ਕੇ, ਸ਼ਬਦ-ਵੇਧੀ ਬਾਣ ਛਡਿਆ। ਉਸ ਬਾਣ ਨਾਲ ਸਰਵਣ ਜ਼ਖ਼ਮੀ ਹੋ ਗਿਆ ਤੇ ਮਰਨ ਤੋਂ ਪਹਿਲਾਂ ਉਸ ਨੇ ਦਸਰਥ ਨੂੰ ਆਪਣੇ ਮਾਤਾ ਪਿਤਾ ਦਾ ਟਿਕਾਣਾ ਦਸਿਆ। ਜਦੋਂ ਦਸਰਥ ਨੇ ਸਰਵਣ ਦੀ ਮੌਤ ਦੀ ਖ਼ਬਰ, ਉਸ ਦੇ ਅੰਨ੍ਹੇ ਮਾਤਾ ਪਿਤਾ ਨੂੰ ਦਿਤੀ ਤਾਂ ਉਨ੍ਹਾਂ ਦਸਰਥ ਨੂੰ ਸਰਾਪ ਦਿਤਾ ਕਿ ਤੂੰ ਵੀ ਪੁਤਰ ਵਿਜੋਗ ਵਿਚ ਪ੍ਰਾਣ ਤਿਆਗੇਂਗਾ। ਦਸਰਥ ਰਾਮ ਲਛਮਣ ਦੇ ਵਿਜੋਗ ਵਿਚ ਮਰਿਆ।

ਹੁੰਦਾ ਹੈ ਇਸ ਪੁਰਬ ਦਾ ਭਾਵ ਜੈਨ ਮਤ ਦੇ ਦਸ ਵਿਸ਼ੇਸ਼ ਲੱਖਣਾਂ ਉੱਤੇ ਚਲਣਾ ਹੈ। ਸਵੇਤੰਬਰ ਸੰਪਰਦਾਇ ਵਾਲੇ ਇਸ ਪੁਰਬ ਨੂੰ ਅੱਠ ਦਿਨ ਤੇ ਦਿਗੰਬਰ ਸੰਪਰਦਾਇ ਵਾਲੇ ਦਸ ਦਿਨ ਮਨਾਉਂਦੇ ਹਨ।

ਇਨ੍ਹੀਂ ਦਿਨੀਂ ਜੈਨੀ ਸੰਪਰਦਾਇਕ ਸ਼ਾਸਤ੍ਰਾਂ ਦਾ ਸਰਵਣ ਕਰਦੇ, ਜੈਨ ਗ੍ਰੰਥਾਂ ਦਾ ਅਧਿਐਨ ਕਰਦੇ ਅਤੇ ਪੂਜਾ ਅਰਚਾ ਰਾਹੀਂ ਭਗਵਾਨ ਦੀ ਅਰਾਧਨਾ ਕਰਦੇ ਹਨ। ਇਨ੍ਹਾਂ ਦਿਨਾਂ ਵਿਚ ਜੈਨੀ ਅਲਪ ਅਹਾਰ ਕਰਦੇ (ਕੇਵਲ ਇਕੋ ਵਾਰ ਭੋਜਨ ਛਕਦੇ), ਮੁਖੋਂ ਮਿੱਠੇ ਸ਼ਬਦ ਕੱਢਦੇ, ਦੁਰਾਚਾਰ ਨੂੰ ਤਿਆਗ ਕੇ ਸੱਤਯ, ਨਿਰਾਯ ਤੇ ਅਹਿੰਸਾ ਦਾ ਜੀਵਨ ਬਤੀਤ ਕਰਦੇ ਹਨ।

ਇਸ ਪੁਰਬ ਦੇ ਦਸ ਲੱਖਣ ਹਨ, ਜੋ ਇਕ ਇਕ ਕਰਕੇ ਦਸ ਦਿਨ ਤਕ ਚਲਦੇ ਹਨ। ਪੁਰਬਾਂ ਦੀ ਸਮਾਪਤੀ, ਖਿਮਾਵਣੀ ਪੁਰਬ ਨਾਲ ਹੁੰਦੀ ਹੈ ਅਤੇ ਇਸ ਦਿਨ ਹਰ ਜੈਨੀ ਆਪਣੇ ਜਾਣੇ ਅਨਜਾਣੇ ਪਾਪਾਂ ਤੇ ਗ਼ਲਤੀਆਂ ਉੱਤੇ ਪਸਚਾਤਾਪ ਕਰਦਾ ਅਤੇ ਸਾਕਾਂ-ਸਬੰਧੀਆਂ ਤੇ ਮਿਤ੍ਰਾਂ ਤੋਂ ਆਪਣੇ ਕਿਸੇ ਦੁਰਵਿਹਾਰ ਜਾਂ ਦੁਰਬਚਨਾਂ ਲਈ ਖਿਮਾ ਮੰਗਦਾ ਹੈ।

ਇਹ ਪੁਰਬ ਜੇ ਚੁਮਾਸੇ ਦੇ ਚਹੁੰ ਮਹੀਨਿਆਂ ਵਿਚ, ਇਕ ਥਾਂ ਰਹਿ ਕੇ ਮਨਾਇਆ ਜਾਵੇ ਤਾਂ ਇਸ ਨੂੰ ਪਜੂਸਨ ਕਹਿੰਦੇ ਹਨ। ਪਜੂਸਨ ਦੇ ਅੰਤਮ ਦਿਵਸ ਨੂੰ ਸਵੰਤਸਰੀ ਕਹਿੰਦੇ ਹਨ, ਜਿਸ ਦਿਨ ਜੈਨੀ ਆਪਣੇ ਪਾਪਾਂ ਦਾ ਪਸਚਾਤਾਪ ਕਰਦੇ ਹਨ।

(ਦ-14) **ਦਸਵੰਧ** :

ਆਮਦਨੀ ਦਾ ਦਸਵਾਂ ਹਿੱਸਾ, ਜੋ ਧਾਰਮਿਕ ਕਾਰਜਾਂ ਅਥਵਾ ਪੁੰਨ ਦਾਨ ਵਜੋਂ ਦਿਤਾ ਜਾਵੇ। ਸਿੱਖਾਂ ਵਿਚ ਦਸਵੰਧ ਕਢਣਾ ਸਿੱਖੀ ਆਚਾਰ ਵਿਹਾਰ ਦਾ ਹਿੱਸਾ ਹੈ। ਭਾਵੇਂ ਗੁਰੂ ਨੂੰ ਭੇਟਾ ਚੜ੍ਹਾਣ ਦੀ ਪ੍ਰਥਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਸ਼ੁਰੂ ਹੋ ਗਈ ਸੀ,ਪਰ ਦਸਵੰਧ ਕੱਢਣ ਦੀ ਰੀਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਚਲਤ ਹੋਈ ਅਤੇ ਮਸੰਦ ਗੁਰਸਿੱਖਾਂ ਦੇ ਘਰਾਂ ਵਿਚ ਜਾ ਕੇ, ਦਸਵੰਧ ਇਕੱਠਾ ਕਰਕੇ ਲਿਆਇਆ ਕਰਦੇ ਸਨ। ਪਿਛੋਂ ਜਦੋਂ ਮਸੰਦ ਆਪਣੀ ਪਵਿਤ੍ਰ ਰਹਿਣੀ ਬਹਿਣੀ ਨੂੰ ਤਿਆਗ ਕੇ ਭ੍ਰਿਸ਼ਟਾਚਾਰੀ ਹੋ ਗਏ ਤਾਂ ਮਸੰਦ ਸੰਸਥਾ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਤਮ ਕਰ ਦਿਤਾ।

ਦਸ ਨਖ ਕਰਿ ਜੋ ਕਾਰ ਕਮਾਵੈ,
ਤਾਂ ਕਰ ਜੋ ਧਨ ਘਰਿ ਮਹਿ ਆਵੈ।
ਤਿਸ ਤੇ ਗੁਰੂ ਦਸੌਂਧ ਜੋ ਦੇਈ,
ਸਿੰਘ ਸੁਜਸ ਬਹੁ ਜਗ ਮੋ ਲੇਈ।

(ਪ੍ਰਸ਼ਨੋਤਰ ਭਾਈ ਨੰਦ ਲਾਲ)

ਕਮਾਈ ਵਿਚੋਂ ਧਾਰਮਿਕ ਕਾਰਜਾਂ ਅਥਵਾ ਪੁੰਨ-ਦਾਨ ਲਈ ਕੁਝ ਹਿੱਸਾ ਕੱਢਣ ਦੀ ਪ੍ਰਥਾ ਬੜੀ ਪ੍ਰਾਚੀਨ ਹੈ ਤੇ ਅਨੇਕਾਂ ਮਤਾਂ ਵਿਚ ਵੀ ਪ੍ਰਚਲਤ ਹੈ। ਪਰਾਸ਼ਰ ਅਨੁਸਾਰ ਆਮ ਗ੍ਰਿਹਸਥੀ ਨੂੰ ਆਪਣੀ ਆਮਦਨੀ ਵਿਚੋਂ ਇੱਕੀਹਵਾਂ ਹਿੱਸਾ ਦੇਵਤਿਆਂ ਨਮਿਤ ਕੱਢਣਾ ਚਾਹੀਦਾ ਹੈ ਅਤੇ ਬ੍ਰਾਹਮਣ ਗ੍ਰਿਹਸਥੀ ਨੂੰ ਤੀਹਵਾਂ ਹਿੱਸਾ।

ਮੁਸਲਮਾਨਾਂ ਵਿਚ ਵੀ ਆਮਦਨੀ ਦਾ ਦਸਵਾਂ ਹਿੱਸਾ ਕੱਢਣ ਦਾ ਵਿਧਾਨ ਹੈ। ਉਹ ਦਸਵੰਧ ਨੂੰ 'ਉਸ਼ਰ' ਕਹਿੰਦੇ ਹਨ (ਵੇਖੋ ਉਸ਼ਰ)। ਈਸਾਈਆਂ ਵਿਚ ਵੀ ਇਸੇ ਤਰ੍ਹਾਂ ਦੀ ਇਕ ਪ੍ਰਥਾ ਰਹੀ ਹੈ।

(ਦ-15) **ਦਸਵੀਂ ਦਾ ਸਰਾਧ** :

ਗੁਰੂ ਨਾਨਕ ਦੇਵ ਜੀ ਅਸੂ ਵਦੀ ਦਸਵੀਂ ਸੰਮਤ 1596 ਨੂੰ ਬ੍ਰਹਿਮੰਡ ਜੋਤ ਵਿਚ ਲੀਨ ਹੋਏ ਸਨ। ਭਾਵੇਂ ਉਨ੍ਹਾਂ ਨੇ ਆਪਣੀ ਬਾਣੀ ਵਿਚ, ਸਰਾਧਾਂ ਉੱਤੇ ਕਰੜਾ ਵਿਅੰਗ ਕੀਤਾ ਹੈ ਅਤੇ ਉਹ ਪਿੰਡ-ਪੱਤਲ ਤੇ ਸਰਾਧਾਂ ਦੇ ਸਖ਼ਤ ਵਿਰੁਧ ਸਨ, ਪਰ ਹਿੰਦੂ ਪ੍ਰਭਾਵ ਹੇਠ ਕੁਝ ਗੁਰਦਵਾਰਿਆਂ ਵਿਚ ਬਾਬਾ ਨਾਨਕ ਦੇਵ ਜੀ ਦਾ ਸਰਾਧ ਮਨਾਇਆ ਜਾਂਦਾ ਹੈ, ਇਹ ਸਰਾਧ ਦਸਵੀਂ ਤਿੱਥ ਨੂੰ ਪੈਣ ਕਾਰਨ 'ਦਸਵੀਂ ਦਾ ਸਰਾਧ' ਅਖਵਾਉਂਦਾ ਹੈ।

ਡੇਹਰਾ ਬਾਬਾ ਨਾਨਕ ਵਿਚ, ਹਰ ਸਾਲ ਦਸਵੀਂ ਦਾ ਸਰਾਧ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਅਖੰਡ ਪਾਠ ਦੇ ਭੋਗ ਉਪਰੰਤ ਸ਼ਬਦ ਕੀਰਤਨ ਹੁੰਦਾ ਹੈ। ਮਗਰੋਂ ਬੜਾ ਭਾਰੀ ਲੰਗਰ ਕੀਤਾ ਜਾਂਦਾ ਹੈ, ਜਿਸ ਵਿਚ ਖੀਰ ਤੇ ਪੂੜੀਆਂ ਆਦਿ ਵੰਡੀਆਂ ਜਾਂਦੀਆਂ ਹਨ। ਪਾਕਿਸਤਾਨ ਬਣਨ ਤੋਂ ਪਹਿਲਾਂ ਇਹ ਦਿਵਸ ਕਰਤਾਰਪੁਰ ਵਿਚ ਮਨਾਇਆ ਜਾਂਦਾ ਸੀ, ਪਰ ਵੰਡ ਮਗਰੋਂ (ਕਰਤਾਰਪੁਰ ਦੇ ਪਾਕਿਸਤਾਨੀ ਪੰਜਾਬ ਵਿਚ ਚਲੇ ਜਾਣ ਸਦਕਾ) ਇਹ ਮੇਲਾ ਡੇਹਰਾ ਬਾਬਾ ਨਾਨਕ ਵਿਚ ਮਨਾਇਆ ਜਾਂਦਾ ਹੈ। ਆਸ ਪਾਸ ਦੇ ਇਲਾਕੇ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਸ਼ਾਮਿਲ ਹੁੰਦੀਆਂ ਹਨ।

ਵਿਚ ਇਹ ਰਸਮ ਦਸਵੇਂ ਦਿਨ ਕੀਤੀ ਜਾਂਦੀ ਹੈ ਤੇ ਦਸਾਹਾ, ਜਾਂ ਦਸਾਹੀ ਅਖਵਾਉਂਦੀ ਹੈ, ਪਰ ਖੱਤ੍ਰੀਆਂ ਵਿਚ ਇਹ ਰਸਮ ਤੇਰ੍ਹਵੇਂ ਦਿਨ ਕੀਤੀ ਜਾਂਦੀ ਹੈ, ਅਤੇ ਤੇਰ੍ਹਵਾਂ ਅਖਵਾਉਂਦੀ ਹੈ। ਕਈ ਪੱਛੜੀਆਂ ਜਾਤਾਂ ਵਿਚ ਕਿਰਿਆ ਦੀ ਰਸਮ ਸਤਾਹਰਵੇਂ ਦਿਨ ਕੀਤੀ ਜਾਂਦੀ ਹੈ।

ਦਸਾਹੀ ਵਾਲੇ ਦਿਨ ਜੱਟਾਂ ਵਿਚ ਸਾਰੇ ਭਾਈਚਾਰੇ ਨੂੰ ਬੁਲਾਇਆ ਜਾਂਦਾ ਹੈ। ਹਿੰਦੂਆਂ ਵਿਚ ਇਸ ਦਿਨ ਹਵਨ ਕੀਤਾ ਜਾਂਦਾ ਹੈ ਤੇ ਕੁੱਲ-ਪ੍ਰੋਹਿਤ ਮੰਤਰਾਂ ਦਾ ਉਚਾਰਨ ਕਰਦਾ ਹੈ। ਫਿਰ ਬਰਾਦਰੀ ਦੇ ਸਾਹਮਣੇ ਪੱਗ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਹੈ। ਸਿੱਖਾਂ ਵਿਚ ਇਸ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਜਾਂ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਕੀਤਾ ਜਾਂਦਾ ਹੈ, ਅਰਦਾਸ ਪਿਛੋਂ ਪਗੜੀ ਦੀ ਰਸਮ ਹੁੰਦੀ ਹੈ। ਕਈਆਂ ਵਿਚ ਮ੍ਰਿਤਕ ਪ੍ਰਾਣੀ ਦਾ ਕੇਵਲ ਵੱਡਾ ਲੜਕਾ ਪਰ ਕੁਝ ਹੋਰਨਾਂ ਵਿਚ ਸਾਰੇ ਲੜਕੇ ਪੱਗ ਬੰਨ੍ਹਦੇ ਹਨ।

ਦਸਾਹੀ ਵਾਲੇ ਦਿਨ ਹਿੰਦੂ, ਸਿੱਖ ਪੁੰਨ-ਦਾਨ ਕਰਦੇ ਤੇ ਗਰੀਬਾਂ ਨੂੰ ਭੋਜਨ ਖਵਾਉਂਦੇ ਹਨ। ਮੋਏ ਪ੍ਰਾਣੀ ਨਮਿਤ ਕਪੜੇ, ਭਾਂਡੇ, ਬਿਸਤਰੇ, ਰੁਪਏ ਤੇ ਫਲ ਭੇਟ ਕੀਤੇ ਜਾਂਦੇ ਹਨ।

(ਦ-17) **ਦਸਾਵਤਾਰ ਵਰਤ** :

ਵਿਸ਼ਨੂੰ ਦੇਵਤੇ ਨੇ ਸਮੇਂ ਸਮੇਂ ਸੰਸਾਰ ਦੇ ਜੀਵਾਂ ਦੇ ਉਧਾਰ ਲਈ ਚੌਵੀ ਅਵਤਾਰ ਧਾਰਨ ਕੀਤੇ ਜਿਨ੍ਹਾਂ ਵਿਚੋਂ ਦਸ ਅਵਤਾਰ ਪ੍ਰਮੁਖ ਹਨ। ਦਸਾਵਤਾਰ ਵਰਤ ਵਿਸ਼ਨੂੰ ਦੇ ਦਸ ਅਵਤਾਰਾਂ ਦੀ ਪੂਜਾ ਲਈ ਭਾਦਰੋਂ ਸੁਦੀ ਦਸ ਨੂੰ ਰਖਿਆ ਜਾਂਦਾ ਹੈ।

ਇਸ ਤਿੱਥ ਨੂੰ ਵੈਸ਼ਨੋ ਮਤ ਵਾਲੇ ਸਰਘੀ ਵੇਲੇ ਉਠ ਕੇ ਇਸ਼ਨਾਨ ਕਰਦੇ ਤੇ ਵਰਤ ਰਖਣ ਦਾ ਸੰਕਲਪ ਕਰ ਕੇ ਘਰ ਦੇ ਕਿਸੇ ਕੁੱਠੇ ਗੋਹੇ ਦਾ ਲੇਪ ਦੇ ਕੇ ਦਸ ਅਵਤਾਰਾਂ— ਮਤਸਯ, ਕੂਰਮ, ਵਰਾਹ, ਨਰਸਿੰਘ, ਵਾਮਨ, ਰਾਮਚੰਦਰ, ਪਰਸਰਾਮ, ਕ੍ਰਿਸ਼ਨ, ਬੁਧ ਤੇ ਕਲਕੀ (ਜੋ ਅਵਤਾਰ ਅਜੇ ਹੋਣਾ ਹੈ) ਦੀਆਂ ਮੂਰਤੀਆਂ ਸਥਾਪਿਤ ਕਰ ਕੇ ਪੂਜਦੇ ਹਨ। ਰਾਤ ਵੇਲੇ ਦਸਾਂ ਅਵਤਾਰਾਂ ਦੀ ਕਥਾ ਸੁਣੀ ਜਾਂਦੀ ਹੈ। ਦਿਨ ਰਾਤ ਅੰਨ ਨਹੀਂ ਖਾਧਾ ਜਾਂਦਾ, ਕੇਵਲ ਫਲਾਂ ਦਾ ਅਹਾਰ ਹੀ ਕੀਤਾ ਜਾਂਦਾ ਹੈ। ਧਾਰਨਾ ਹੈ ਕਿ ਦਸ ਸਾਲਾਂ ਤਕ ਲਗਾਤਾਰ ਇਹ ਵਰਤ ਰਖਣ ਨਾਲ ਮਨ ਦੀ ਹਰੇਕ ਇੱਛਾ ਪੂਰੀ ਹੋ ਜਾਂਦੀ ਹੈ।

ਤੋਂ 25 ਮੀਲ ਦੂਰ ਉਤਰ ਦੱਖਣ ਵਲ ਸਥਿਤ ਹੈ। ਇਹ ਨਗਰ ਇਕ ਪੁਰਾਣੀ ਥੇਹ ਉਤੇ ਵਸਿਆ ਹੋਇਆ ਹੈ। ਇਕ ਰਵਾਇਤ ਅਨੁਸਾਰ ਦਸੂਆਂ ਦੀ ਨੀਂਹ ਪੰਜ ਹਜ਼ਾਰ ਸਾਲ ਪਹਿਲਾਂ ਰਖੀ ਗਈ ਅਤੇ ਇਹ ਨਗਰ ਰਾਜਾ ਵਿਰਾਟ ਦੀ ਰਾਜਧਾਨੀ ਸੀ। ਮਹਾਂਭਾਰਤ ਅਨੁਸਾਰ ਪੰਜੇ ਪਾਂਡੋ ਬਨਬਾਸ ਦੇ ਦਿਨਾਂ ਵਿਚ ਕੁਝ ਚਿਰ ਲਈ 'ਅਗਿਆਤ ਵਾਸ' ਵਿਚ ਵਿਰਾਟ ਰਾਜੇ ਕੋਲ ਨੌਕਰੀ ਕਰਦੇ ਰਹੇ ਸਨ।

ਇਸ ਨਗਰ ਦਾ ਨਾਂ ਸੁੱਚੇ ਮੂੰਹ ਲੈਣਾ ਅਸ਼ੁਭ ਮੰਨਿਆ ਗਿਆ ਹੈ, ਜੇ ਕੋਈ ਸਵੇਰੇ ਲੈ ਲਏ ਜਾਂ ਸੁਣ ਲਏ ਤਾਂ ਕਹਿੰਦੇ ਹਨ ਉਸ ਨੂੰ ਸਾਰਾ ਦਿਨ ਰੋਟੀ ਨਸੀਬ ਨਹੀਂ ਹੁੰਦੀ। ਸਨਾਤਨੀ ਵਿਚਾਰਾਂ ਦੇ ਹਿੰਦੂ ਸਵੇਰੇ ਸਵੇਰੇ ਜੇ ਇਸ ਦਾ ਨਾਂ ਲੈਣਾ ਹੋਵੇ ਤਾਂ ਦਸੂਆਂ ਦੀ ਥਾਂ 'ਵਿਰਾਟ ਦੀ ਨਗਰੀ' ਕਹਿੰਦੇ ਹਨ।

ਇਸ ਨਗਰ ਦੇ ਉਤਰ ਵਲ ਇਕ ਪੁਰਾਣਾ ਕਿਲਾ ਵੀ ਹੈ।

(ਦ-19) **ਦਸੂਰਾ** :

ਮੋਹਾ ਮੁਸਲਮਾਨਾਂ ਦਾ ਇਕ ਤਿਉਹਾਰ, ਜੋ ਇਮਾਮ ਹਸਨ ਤੇ ਹੁਸੈਨ ਦੀ ਸ਼ਹਾਦਤ ਵਾਲੇ ਦਿਨ ਮੁਹੱਰਮ ਦੇ ਮਹੀਨੇ ਮਨਾਇਆ ਜਾਂਦਾ ਹੈ।

(ਦ-20) **ਦਸੌਂਧ** :

ਕਈ ਮਾਪੇ ਸੁੱਖਣਾ ਸੁੱਖ ਕੇ ਜੰਮੇ ਬਾਲਕ ਦਾ ਮੁੱਲ ਪਵਾ ਕੇ ਉਸਦਾ ਦਸਵਾਂ ਹਿੱਸਾ ਗੁਰਦਵਾਰੇ ਭੇਟਾ ਕਰਦੇ ਹਨ, ਇਸ ਰਕਮ ਨੂੰ ਦਸੌਂਧ ਕਿਹਾ ਜਾਂਦਾ ਹੈ। ਜਿਸ ਬਾਲਕ ਦਾ ਦਸੌਂਧ ਦਿਤਾ ਜਾਵੇ, ਉਸ ਨੂੰ 'ਦਸੌਂਧੀਆ' ਕਿਹਾ ਜਾਂਦਾ ਹੈ (ਵੇਖੋ : ਦਸੌਂਧੀਆ)।

(ਦ-21) **ਦਸੌਂਧੀਆ** :

ਉਹ ਬਾਲਕ ਜਿਸ ਦਾ ਮੁੱਲ ਪਵਾ ਕੇ ਦਸੌਂਧ ਗੁਰਦਵਾਰੇ/ਮੰਦਰ ਭੇਟ ਕੀਤਾ ਗਿਆ ਹੋਵੇ। ਕਈ ਮਾਪੇ ਜਿਨ੍ਹਾਂ ਦੇ ਘਰ ਸੰਤਾਨ ਨਹੀਂ ਹੁੰਦੀ ਜਾਂ ਕੁੜੀਆਂ ਹੀ ਜੰਮਦੀਆਂ ਹਨ, ਉਹ ਗੁਰਦਵਾਰੇ ਜਾ ਕੇ ਸੁੱਖਣਾ ਸੁੱਖਦੇ ਹਨ ਕਿ ਬਾਲਕ ਦੇ ਜੰਮਣ ਉਤੇ ਉਸ ਦਾ ਦਸੌਂਧ ਉਹ ਗੁਰੂ ਅਰਥ ਭੇਟ ਕਰਨਗੇ। ਚੰਦੀਆਂ ਕੱਢਣ ਤੋਂ ਪਹਿਲਾਂ ਗੁਰਦਵਾਰੇ ਲਿਜਾ ਕੇ ਪੰਜਾਂ ਪਿਆਰਿਆਂ ਤੋਂ, ਉਸਦਾ ਮੁੱਲ

ਭੁਰਾਈ ਦੇ ਹਵਾਲੇ ਕਰ ਦੇਂਦੇ ਹਨ ਤੇ ਫਿਰ ਕੁਝ ਰਕਮ ਭੇਟ ਤਾਰ ਕੇ ਉਸ ਨੂੰ ਖਰੀਦ ਲੈਂਦੇ ਹਨ ।

(ਦ-22) **ਦਹਾ** :

ਮੌਤ ਨਾਲ ਸਬੰਧਤ ਇਕ ਰੀਤ, ਜੋ ਕਿਸੇ ਪ੍ਰਾਣੀ ਦੀ ਮ੍ਰਿਤੂ ਮਗਰੋਂ ਦਸਵੇਂ ਦਿਨ ਕੀਤੀ ਜਾਂਦੀ ਹੈ । ਇਸ ਨੂੰ 'ਦਹਾਇਆ' ਵੀ ਕਿਹਾ ਜਾਂਦਾ ਹੈ (ਵੇਖੋ : ਦਸਾਹੀ) ।

(ਦ-23) **ਦਹਿਆ** :

ਮੁਹੱਰਮ ਦੇ ਦਸ ਦਿਨ, ਜਿਨ੍ਹਾਂ ਵਿਚ ਸ਼ੀਹਾ ਮੁਸਲਮਾਨ ਹਸਨ ਹੁਸੈਨ ਦੀ ਸ਼ਹਾਦਤ ਤੇ ਸੋਗ ਮਨਾਉਂਦੇ, ਰੋਂਦੇ ਪਿਟਦੇ ਤੇ ਤਾਜ਼ੀਏ ਕਢਦੇ ਹਨ । ਇਸ ਸੋਗ ਨੂੰ 'ਦਹੇ ਪਿਟਣਾ' ਵੀ ਕਹਿੰਦੇ ਹਨ । ਦਸਵੇਂ ਦਿਨ ਤਾਜ਼ੀਏ ਕਢੇ ਜਾਂਦੇ ਹਨ, ਦਸਵੇਂ ਦਿਨ ਨੂੰ ਖ਼ਾਸ ਤੌਰ ਤੇ ਦਹਿਆ ਕਿਹਾ ਜਾਂਦਾ ਹੈ (ਵੇਖੋ : ਤਾਜ਼ੀਏ) ।

(ਦ-24) **ਦਹਸਿਰ** :

ਦਸਾਂ ਸਿਰਾਂ ਵਾਲਾ; ਪੁਰਾਣਾਂ ਅਨੁਸਾਰ ਰਾਵਨ ਦੇ ਦਸ ਸਿਰ ਤੇ ਅਨੇਕਾਂ ਬਾਹਵਾਂ ਸਨ, ਇਸ ਲਈ ਉਹ ਦਹਸਿਰ ਅਖਵਾਇਆ (ਵੇਖੋ : ਰਾਵਨ) ।

(ਦ-25) **ਦਹੀ** :

ਦਹੀਂ ਸ਼ੁਭ ਲਗਨ ਵਾਲਾ ਆਹਾਰ ਮੰਨਿਆ ਗਿਆ ਹੈ । ਧਾਰਨਾ ਹੈ ਕਿ ਸਫ਼ਰ ਅਥਵਾ ਮਹੱਤਵਪੂਰਣ ਕੰਮ ਕਰਨ ਤੋਂ ਪਹਿਲਾਂ ਦਹੀਂ ਖਾਣ ਨਾਲ ਸਫ਼ਰ ਅਥਵਾ ਕੰਮ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ । ਇਸੇ ਲਈ ਕਈ ਲੋਕ ਕਿਸੇ ਖ਼ਾਸ ਕੰਮ ਪ੍ਰੀਖਿਆ, ਮੁਲਾਕਾਤ ਜਾਂ ਸਰਕਾਰੇ ਦਰਬਾਰੇ ਕਿਸੇ ਅਧਿਕਾਰੀ ਨੂੰ ਮਿਲਣ ਜਾਣ ਲਗਿਆਂ ਘਰੋਂ ਦਹੀਂ ਦੀ ਫੁਟੀ ਮੂੰਹ ਲਗਾ ਕੇ ਨਿਕਲਦੇ ਹਨ ।

ਧਾਰਨਾ ਹੈ ਕਿ ਜੀਵਨ-ਪੰਧ ਦੇ ਖ਼ਾਸ ਖ਼ਾਸ ਮੋੜਾਂ ਉਤੇ ਕੀਤੇ ਸੰਸਕਾਰਾਂ ਤੇ ਰੀਤਾਂ ਵੇਲੇ ਦਹੀਂ ਖਾਣ ਜਾਂ ਵਰਤਣ ਦਾ ਬੜਾ ਫਲ ਹੈ । ਨਵੇਂ ਜੰਮੇ ਬੱਚੇ ਨੂੰ ਦਹੀਂ ਨਾਲ ਇਸ਼ਨਾਨ ਕਰਵਾਇਆ ਜਾਂਦਾ ਹੈ । ਵਰ/ਕੰਨਿਆਂ ਨੂੰ ਵਿਆਹ ਨਾਲ ਸਬੰਧਤ ਇਸ਼ਨਾਨ ਕਰਵਾਣ ਸਮੇਂ ਉਸ ਦੇ ਪਿੰਡੇ ਤੇ ਸਿਰ ਉਤੇ ਦਹੀਂ ਮਲਿਆ ਜਾਂਦਾ ਹੈ ।

ਲੋਕ ਨਿਸ਼ਚੇ ਅਨੁਸਾਰ ਸੱਜੇ ਹੱਥ ਨਾਲ ਦਿਤਾ ਦਾਨ ਦਸ ਗੁਣਾ ਵਧ ਹੋ ਕੇ ਪਰਲੋਕ ਵਿਚ ਪ੍ਰਾਪਤ ਹੁੰਦਾ ਹੈ ਪਰ ਖੱਬੇ ਹੱਥ ਨਾਲ ਦਿਤਾ ਦਾਨ ਅਗੇ ਉਤਨੀ ਹੀ ਮਾਤਰਾ ਵਿਚ ਮਿਲਦਾ ਹੈ ਜਿਤਨਾ ਦਿਤਾ ਗਿਆ ਹੋਵੇ ।

2. ਗੁਰੂ ਜਾਂ ਪ੍ਰੋਹਿਤ ਨੂੰ ਕਿਸੇ ਸ਼ੁਭ ਕੰਮ ਸਮੇਂ ਭੇਟਾ ਕੀਤੀ ਰਕਮ ।

3. ਯੱਗ ਕਰਨ ਵੇਲੇ ਦਿਤੀ ਜਾਣ ਵਾਲੀ ਭੇਟਾ ।

4. ਉਹ ਨਕਦੀ ਜੋ ਕੁਲ ਪ੍ਰੋਹਿਤ ਜਾਂ ਬ੍ਰਾਹਮਣਾਂ ਨੂੰ ਭੋਜਨ ਖਵਾਉਣ ਮਗਰੋਂ ਦਿਤੀ ਜਾਂਦੀ ਹੈ । ਇਸ ਨੂੰ ਦੱਛਣਾ ਵੀ ਕਹਿੰਦੇ ਹਨ । ਦਖਸ਼ਣਾ ਦਿਤੇ ਬਗੈਰ ਭੋਜਨ ਕਰਵਾਉਣ ਦਾ ਕੋਈ ਮਹਾਤਮ ਨਹੀਂ ਹੁੰਦਾ ।

(ਦ-27) **ਦਖਸ਼ਾਇਣ** :

ਦਸ ਹਾੜ ਤੋਂ ਨੌਂ ਪੋਹ ਦੇ ਵਿਚਕਾਰ ਦੇ ਛੇ ਮਹੀਨੇ ਜਦੋਂ ਸੂਰਜ 'ਕਰਕ ਰੇਖਾ' ਤੋਂ ਦੱਖਣ ਵਲ 'ਮਕਰ ਰੇਖਾ' ਵਲ ਜਾਂਦਾ ਹੈ । ਦਖਸ਼ਾਇਣ ਨਾਲ ਕਈ ਤਰ੍ਹਾਂ ਦੇ ਵਿਚਾਰ ਤੇ ਮਨੌਤਾਂ ਜੁੜੀਆਂ ਹੋਈਆਂ ਹਨ । ਇਨ੍ਹਾਂ ਦਿਨਾਂ ਵਿਚ ਸੂਰਜ ਦੱਖਣ ਵਲ ਯਾਤ੍ਰਾ ਕਰਦਾ ਹੈ ਤੇ ਦੱਖਣ ਵਿਚ ਯਮ ਦਾ ਨਿਵਾਸ ਹੈ, ਇਸ ਲਈ ਦਖਸ਼ਾਇਣ ਦਾ ਸਮਾਂ ਉਤਨਾ ਸ਼ੁਭ ਨਹੀਂ ਮੰਨਿਆ ਜਾਂਦਾ ਜਿਤਨਾ ਉਤਰਾਇਣ ਦਾ ।

ਦਖਸ਼ਾਇਣ ਦੇ ਦਿਨੀਂ ਜੇ ਸੋਕਾ ਪੈ ਜਾਵੇ ਤਾਂ ਧਾਰਨਾ ਹੈ ਕਿ ਦੇਸ਼ ਵਿਚ ਬੜਾ ਭਿਆਨਕ ਕਾਲ ਪੈਂਦਾ ਹੈ ।

ਦਖਸ਼ਾਇਣ ਦਾ ਦਾਹ  
ਨਾ ਆਦਮੀਆਂ ਰੋਟੀ  
ਨਾ ਡੰਗਰਾਂ ਕੋ ਘਾਹ ।

(ਦ-28) **ਦੱਖਣ ਦਿਸ਼ਾ** :

ਦੱਖਣ ਦੀ ਦਿਸ਼ਾ ਜਮਪੁਰੀ ਦੀ ਦਿਸ਼ਾ ਮੰਨੀ ਗਈ ਹੈ । ਪੁਰਾਣਾਂ ਅਨੁਸਾਰ ਯਮ ਦੀ ਨਗਰੀ ਇਸੇ ਦਿਸ਼ਾ ਵਲ ਹੈ । ਇਸ ਦਿਸ਼ਾ ਵਲ ਮੂੰਹ ਕਰ ਕੇ ਕੋਈ ਸ਼ੁਭ ਜਾਂ ਮੰਗਲ ਕਾਰਜ ਕਰਨਾ ਅਪਸ਼ਗਨ ਮੰਨਿਆ ਗਿਆ ਹੈ । ਮੁਰਦੇ ਨੂੰ ਚਿਖਾ ਉਤੇ ਲਿਟਾਣ ਵੇਲੇ, ਉਸ ਦੇ ਪੈਰ ਦੱਖਣ ਦਿਸ਼ਾ ਵਲ ਕੀਤੇ ਜਾਂਦੇ ਹਨ, ਤਾਂ ਜੋ ਮ੍ਰਿਤਕ ਦੀ ਆਤਮਾ ਸਿਧੀ ਜਮਪੁਰੀ ਵਲ ਜਾਵੇ ।

ਦੱਖਣ ਦਿਸ਼ਾ ਵਲ ਬੁਧਵਾਰ ਨੂੰ ਸਫ਼ਰ ਕਰਨਾ ਸ਼ੁਭ

ਪਵਿੱਤਰ ਤੇ ਸ਼ੁਭ ਮੰਨਦੇ ਹਨ। ਮੁਸਲਮਾਨੀ ਰਵਾਇਤਾਂ ਅਨੁਸਾਰ ਇਸ ਪੰਛੀ ਦੇ ਖੰਭਾਂ ਉੱਤੇ ਕੁਰਾਨ ਦੀਆਂ ਆਇਤਾਂ ਲਿਖੀਆਂ ਹੁੰਦੀਆਂ ਹਨ ਤੇ ਜਿਸ ਸ਼ਖ਼ਸ ਦੇ ਸਿਰ ਤੋਂ ਦਗਰਾ ਲੰਘ ਜਾਵੇ, ਉਹ ਮੁਲਕ ਦਾ ਪਾਤਸ਼ਾਹ ਬਣ ਜਾਂਦਾ ਹੈ। ਜਿਹੜਾ ਸ਼ਖ਼ਸ ਦਗਰੇ ਨੂੰ ਉਡਦਾ ਵੇਖ ਲਏ ਉਸ ਨੂੰ ਜੰਨਤ ਨਸੀਬ ਹੁੰਦੀ ਹੈ।

### (ਦ-30) ਦੱਛ :

ਇਕ ਪ੍ਰਜਾਪਤੀ ਦੇਵਤਾ, ਜੋ ਗਰੁੜ ਪੁਰਾਣ ਅਨੁਸਾਰ ਬ੍ਰਹਮਾ ਦੇ ਸੱਜੇ ਅੰਗੂਠੇ ਵਿਚੋਂ ਪੈਦਾ ਹੋਇਆ। ਇਸ ਦੀਆਂ ਕਈ ਕੰਨਿਆਵਾਂ ਸਨ, ਜਿਨ੍ਹਾਂ ਵਿਚੋਂ ਸਤਾਈ ਨਾਲ ਚੰਦਰਮਾ ਨੇ, ਤੇਰ੍ਹਾਂ ਨਾਲ ਕਸ਼ਯਪ ਨੇ, ਦਸ ਨਾਲ ਧਰਮਰਾਜ ਨੇ ਅਤੇ ਇਕ ਨਾਲ ਸ਼ਿਵ ਨੇ ਵਿਆਹ ਕੀਤਾ ਸੀ। ਇਸ ਦਾ ਸਿਰ ਸ਼ਿਵ ਨੇ ਕਰੋਧ ਵਿਚ ਆ ਕੇ ਵੱਢ ਦਿਤਾ ਸੀ, ਪਰ ਮਗਰੋਂ ਦੱਛ ਦੀ ਪੁੱਤਰੀ ਸਤੀ ਦੇ ਵਿਰਲਾਪ ਕਰਨ ਨਾਲ, ਸ਼ਿਵ ਨੇ, ਬਕਰੇ ਦਾ ਸਿਰ ਦੱਛ ਦੇ ਧੜ ਨਾਲ ਲਗਾ ਕੇ, ਉਸ ਨੂੰ ਮੁੜ ਸੁਰਜੀਤ ਕੀਤਾ। ਇਸ ਦਾ ਵੈਦਿਕ ਤੇ ਪੁਰਾਣਿਕ ਨਾਂ ਦਖਸ਼ ਹੈ (ਵੇਖੋ : ਦਖਸ਼)।

### (ਦ-31) ਦੰਡੀ :

ਸੰਨਿਆਸੀ ਸਾਧੂਆਂ ਦਾ ਫਿਰਕਾ ਜੋ ਭਗਵੇ ਕਪੜੇ ਪਹਿਨਦੇ ਤੇ ਹੱਥ ਵਿਚ ਡੰਡਾ ਤੇ ਕਮੰਡਲ ਰਖਦੇ ਹਨ (ਵੇਖੋ : ਸੰਨਿਆਸੀ)।

### (ਦ-32) ਦੱਤਾਤ੍ਰੇਯ :

ਪੁਰਾਣਾਂ ਅਨੁਸਾਰ 24 ਅਵਤਾਰਾਂ ਵਿਚੋਂ ਇਕ, ਜੋ ਅਨਸੂਯਾ ਦੇ ਕੁਖੋਂ, ਅਤ੍ਰੀ ਰਿਸ਼ੀ ਦਾ ਪੁੱਤਰ ਸੀ। ਇਸ ਵਿਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨਾਂ ਦੇ ਦੈਵੀ ਅੰਸ਼ ਵਿਦਮਾਨ ਸਨ। ਮਾਰਕੰਡੇ ਪੁਰਾਣ ਅਨੁਸਾਰ ਅਨਸੂਯਾ ਦੇ ਵਰ ਮੰਗਣ ਤੇ ਉਸ ਦੇ ਗਰਭ ਤੋਂ ਬ੍ਰਹਮਾ 'ਸੋਮ' ਰੂਪ ਵਿਚ, ਵਿਸ਼ਨੂੰ 'ਦੱਤ' ਰੂਪ ਵਿਚ ਤੇ ਸ਼ਿਵ 'ਦੁਰਵਾਸਾ' ਦੇ ਰੂਪ ਵਿਚ ਪੈਦਾ ਹੋਇਆ। ਮਤੱਸਯ, ਵਿਸ਼ਨੂੰ ਤੇ ਭਾਗਵਤ ਪੁਰਾਣ ਅਨੁਸਾਰ ਦੱਤਾਤ੍ਰੇਯ ਬ੍ਰਾਹਮਣ ਰਿਸ਼ੀ ਸੀ। ਦੱਤਾਤ੍ਰੇਯ ਤ੍ਰੇਤਾ ਯੁੱਗ ਵਿਚ ਹੋਇਆ ਜਦੋਂ ਧਰਮ ਦਾ ਚੌਥਾ ਹਿੱਸਾ ਨਸ਼ਟ ਹੋ ਚੁਕਾ ਸੀ। ਇਸ ਅਵਤਾਰ ਦਾ ਮੰਤਵ ਮਨੁਖ ਵਿਚ ਰਵਾਦਾਰੀ ਦੀ ਭਾਵਨਾ ਜਗਾਣਾ ਤੇ ਲੋਕਾਂ ਨੂੰ ਧਰਮ ਵਲ ਮੁੜ ਰੁਚਿਤ ਕਰਨਾ ਸੀ। ਕਾਰਤਵੀਰਜ ਨੇ ਦੱਤਾਤ੍ਰੇਯ ਦੀ

ਦੱਤਾਤ੍ਰੇਯ ਨੇ 24 ਗੁਰੂ ਧਾਰਨ ਕੀਤੇ, ਜਿਨ੍ਹਾਂ ਤੋਂ ਉਸ ਨੇ ਕੋਈ ਨਾ ਕੋਈ ਗੁਣ ਗ੍ਰਹਿਣ ਕੀਤਾ। ਦਸਮ ਗ੍ਰੰਥ ਅਨੁਸਾਰ ਚੌਬੀਸ ਗੁਰੂ ਇਹ ਹਨ :

ਪ੍ਰਿਥਵੀ, ਜਲ, ਪਵਨ, ਆਕਾਸ਼, ਚੰਦਰਮਾ, ਅਗਨੀ, ਸੂਰਜ, ਕਬੂਤਰ, ਅਜਗਰ ਸੱਪ, ਸਮੁੰਦਰ, ਹਾਥੀ, ਭੌਰਾ, ਪਤੰਗਾ, ਸ਼ਹਿਦ ਚੋਣ ਵਾਲੀ ਇਸਤ੍ਰੀ, ਮ੍ਰਿਗ, ਮੱਛੀ, ਪਿੰਗਲਾ ਵੇਸਯਾ, ਗਿਰਝ, ਸ਼ਿਕਾਰੀ, ਬਾਲਕ, ਕੰਨਿਆਂ, ਤੀਰਗਰ, ਮਕੜੀ ਅਤੇ ਤਿਤਲੀ।

### (ਦ-33) ਦੰਦ :

ਦੰਦਾਂ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਪ੍ਰਚਲਤ ਹਨ। ਜੇ ਬੱਚੇ ਦੇ ਜੰਮਦਿਆਂ ਹੀ ਦੰਦ ਹੋਣ ਤਾਂ ਉਹ ਮਾਂ ਪਿਉ ਉੱਤੇ ਭਾਰਾ ਹੁੰਦਾ ਹੈ। ਇਸ ਵਹਿਮ ਦਾ ਆਧਾਰ ਅਸਾਧਾਰਨਤਾ ਹੈ—ਜੱਗੋਂ ਬਾਹਰੀ ਗੱਲ। ਇਸ ਨਾਲ ਜੁੜੀ ਅਸ਼ੁਭਤਾ ਤੋਂ ਬਚਣ ਲਈ ਇਕ ਉਪਾਅ ਕੀਤਾ ਜਾਂਦਾ ਹੈ ਕਿ ਜਿਤਨੇ ਦੰਦ ਨਿਕਲੇ ਹੋਣ ਉਤਨੇ ਹੀ ਨਾਰੀਅਲ ਮੰਗਵਾ ਕੇ ਬੱਚੇ ਦੇ ਦੰਦਾਂ ਨਾਲ ਠਕੋਰੇ ਜਾਂਦੇ ਹਨ ਤੇ ਫਿਰ ਮਾਂ-ਪਿਉ ਦੇ ਸਿਰ ਤੋਂ ਵਾਰ ਕੇ ਦਾਨ ਕਰ ਦਿਤੇ ਜਾਂਦੇ ਹਨ।

ਜੇ ਬੱਚਾ ਪਹਿਲਾਂ ਉਪਰਲੀ ਦੰਦੀ ਕੱਢੇ ਤਾਂ ਉਹ ਮਾਪਿਆਂ ਉੱਤੇ ਭਾਰੀ ਹੁੰਦਾ ਹੈ। ਇਸ ਦਾ ਉਪਾਅ ਇਹ ਹੈ— ਬੱਚੇ ਦੇ ਮੂੰਹ ਲਗਣ ਤੋਂ ਪਹਿਲਾਂ ਮਾਮਾ ਕਾਂਸੀ ਦਾ ਕਟੋਰਾ ਤੇ ਇਕ ਨਾਰੀਅਲ, ਬੱਚੇ ਦੇ ਦੰਦਾਂ ਨਾਲ ਠਕੋਹ (ਛੁਹਾ) ਕੇ, ਬੱਚੇ ਦੀ ਝੋਲੀ ਪਾਉਂਦੇ ਤੇ ਫਿਰ ਮੂੰਹ ਲਗਾਂਦੇ ਹਨ। ਇਸ ਤਰ੍ਹਾਂ ਬੁਰਾ ਅਸਰ ਨਹੀਂ ਰਹਿੰਦਾ। ਨਾਰੀਅਲ ਮਨੁੱਖ ਬਲੀ ਦਾ ਪ੍ਰਤੀਕ ਹੈ।

ਧਾਰਨਾ ਹੈ ਕਿ ਜਿਸ ਦੇ ਮੂੰਹ ਵਿਚ ਬੱਤੀ ਦੰਦ ਪੂਰੇ ਹੋਣ, ਅਥਵਾ ਕੋਈ ਦੰਦ ਭੁਰਿਆ ਜਾਂ ਟੁੱਟਾ ਹੋਇਆ ਨਾ ਹੋਵੇ, ਉਸ ਦੇ ਮੂੰਹ ਵਿਚੋਂ ਸਹਿਜ ਸੁਭਾਅ ਨਿਕਲੀ ਗੱਲ, ਝਟ ਪੂਰੀ ਹੋ ਜਾਂਦੀ ਹੈ। ਵਿਰਲ ਵਾਲੇ ਦੰਦ ਅਮੀਰੀ ਦੀ ਨਿਸ਼ਾਨੀ ਹੈ। ਵਿਚਕਾਰਲੇ ਦੋਹਾਂ ਦੰਦਾਂ ਦੇ ਦੁਆਲੇ ਜੇ ਲੰਮੇ ਦੰਦ ਹੋਣ ਤਾਂ ਇਹ ਵਿਦਵਤਾ ਦੀ ਨਿਸ਼ਾਨੀ ਹੈ।

ਟੁਟੇ ਹੋਏ ਦੰਦ ਨੂੰ ਬਾਹਰ ਸੁਟਣਾ ਨਿਸ਼ੇਧ ਹੈ। ਜਾਦੂ ਟੂਣਾ ਹੋ ਸਕਦਾ ਹੈ। ਇਸ ਲਈ ਉਹ ਦੰਦ ਕਿਧਰੇ ਦੱਬ ਦੇਣਾ ਚਾਹੀਦਾ ਹੈ। ਟੁੱਟਾ ਦੰਦ, ਜੇ ਕਿਸੇ ਨਿਰਸੰਤਾਨ ਤੀਵੀਂ ਦੇ ਕੋਠੇ ਉੱਤੇ ਦੱਬ ਦਿਤਾ ਜਾਵੇ ਤਾਂ ਉਸ ਦੀ ਕੁਖੋਂ,

ਜੇ ਸੁਪਨੇ ਵਿਚ ਦੰਦ ਟੁੱਟ ਜਾਣ ਤਾਂ ਬੱਚਿਆਂ 'ਤੇ ਸੰਕਟ ਆਉਂਦਾ ਹੈ। ਜਦੋਂ ਅਸ਼ੋਕ ਦੀ ਰਾਣੀ, ਤਕਸ਼ਿਲਾ ਨੇ, ਪਤ੍ਰੇਏ ਪੁੱਤਰ ਕੁਨਾਲ ਦੀਆਂ ਅੱਖਾਂ ਕਢਵਾਈਆਂ ਸਨ ਤਾਂ ਉਸ ਰਾਤ ਅਸ਼ੋਕ ਦੇ ਸੁਪਨੇ ਵਿਚ ਦੰਦ ਟੁੱਟੇ ਸਨ। ਜੇ ਬੱਚਾ ਸੁੱਤਿਆਂ ਹੋਇਆਂ ਦੰਦ ਕਰੀਚੇ ਤਾਂ ਬੱਚੇ ਨੂੰ ਕੋਈ ਨਾ ਕੋਈ ਬੀਮਾਰੀ ਲਗੇਗੀ।

ਜੇ ਰੋਟੀ ਖਾਣ ਵੇਲੇ ਆਪਣੇ ਹੀ ਦੰਦਾਂ ਹੇਠ ਜੀਭ ਆ ਕੇ ਟੁੱਕੀ ਜਾਵੇ ਤਾਂ ਇਸ ਦਾ ਇਹ ਭਾਵ ਲਿਆ ਜਾਂਦਾ ਹੈ ਕਿ ਕੋਈ ਦੂਤੀ ਗਾਲ੍ਹਾਂ ਕੱਢ ਰਿਹਾ ਹੈ।

ਦੰਦ ਲੋਕ-ਕਥਾਵਾਂ, ਗੀਤਾਂ ਤੇ ਬੁਝਾਰਤਾਂ ਦਾ ਵੀ ਵਿਸ਼ਾ ਬਣੇ ਹਨ :

'ਜੇ ਦੰਦ ਅਹਿਨ ਤਾਂ ਚੰਨੇ ਨਹੀਂ',
ਜੇ ਚੰਨੇ ਅਹਿਨ ਤਾਂ ਦੰਦ ਨਹੀਂ'' (ਅਖਾਣ)
'ਇਕ ਡਬੀ ਵਿਚ 32 ਮੋਤੀ' (ਬੁਝਾਰਤ)

ਦੰਦਾਂ ਦਾ ਦਰਦ ਦੂਰ ਕਰਨ ਲਈ 'ਝਾੜਾ' ਕੀਤਾ ਜਾਂਦਾ ਹੈ। ਕਈ ਵਾਰ ਝਾੜਾ ਕਰਨ ਲਗਿਆਂ ਲਕੜੀ ਦੇ ਕਿਸੇ ਟੁਕੜੇ ਜਾਂ ਦਰਖ਼ਤ ਵਿਚ ਕਿਲ ਠੋਕ ਕੇ ਇਹ ਸੱਤਰਾਂ ਪੜ੍ਹੀਆਂ ਜਾਂਦੀਆਂ ਹਨ :

ਬਿਰ੍ਹਛਾ ! ਤੇਰੇ ਪੱਤਿਆਂ ਦੀ ਝੋਲ,
ਮੇਰਾ ਦਰਦ ਤੇਂਡੇ ਕੋਲ।

ਲੋਕ ਨਿਸਚੇ ਅਨੁਸਾਰ ਇਸ ਤਰ੍ਹਾਂ ਤਿੰਨ ਵਾਰ ਕਰਨ ਨਾਲ ਦਰਦ ਦਰਖ਼ਤ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਮੀਆਂਵਾਲੀ ਤਹਿਸੀਲ ਵਿਚ ਸਵੰਸ ਵਿਖੇ ਇਕ ਬਿਰ੍ਹਛ ਹੈ ਜਿਥੇ ਦੰਦ ਦਰਦ ਵਾਲੇ ਰੋਗੀ ਜਾ ਕੇ ਮੇਖਾਂ ਠੋਕਦੇ ਹਨ (ਮੀਆਂ ਵਾਲੀ ਗਜ਼ਟੀਅਰ, ਪੰਨਾ 81)।

(ਦ-34) **ਦੰਦ-ਕਥਾ** :

ਦੰਦ-ਕਥਾ ਦਾ ਸ਼ਾਬਦਿਕ ਅਰਥ ਹੈ ਉਹ ਸੁਣੀ ਸੁਣਾਈ ਗੱਲ ਜੋ ਲੋਕ ਚਰਚਾ ਦਾ ਵਿਸ਼ਾ ਬਣ ਗਈ ਹੋਵੇ। ਪਰ ਇਹ ਸਮਾਸ ਪਰੰਪਰਾ ਤੋਂ ਚਲੀ ਆ ਰਹੀ ਉਸ ਕਥਾ ਦਾ ਵੀ ਬੋਧਿਕ ਹੈ, ਜਿਸ ਦੀ ਇਤਿਹਾਸਕਤਾ ਬਾਰੇ ਕੋਈ ਪ੍ਰਮਾਣ ਨਹੀਂ। ਪੰਜਾਬੀ ਵਿਚ ਇਹ ਸ਼ਬਦ ਅੰਗਰੇਜ਼ੀ ਦੇ ਪਦ 'ਲਿਜੰਡ' ਤੇ ਪਾਲੀ ਸ਼ਬਦ 'ਅਵਦਾਨ' ਦੇ ਸਮਾਨਾਰਥਕ ਵਰਤਿਆ ਜਾਂਦਾ ਹੈ। ਦੰਦ-ਕਥਾ ਲੋਕ-ਮਨ ਵਿਚ ਉਤਪੰਨ ਹੁੰਦੀ ਹੈ, ਇਹ ਕਥਾ [illegible]

ਪੂਰਵ-ਇਤਿਹਾਸਕ ਯੁਗ ਵਿਚ ਵਾਪਰੀ, ਦੇਵੀ ਦੇਵਤਿਆਂ ਨਾਲ ਸੰਬੰਧਿਤ ਕਥਾ ਹੈ, ਜਿਸ ਨੂੰ ਕਿਸੇ ਵਿਸ਼ੇਸ਼ ਜਾਤੀ ਦੇ ਲੋਕ ਪੂਰਨ ਸ਼ਰਧਾ ਤੇ ਭਾਵਨਾ ਨਾਲ ਸੁਣਦੇ ਹਨ। ਇਹ ਕਥਾਵਾਂ ਕਿਸੇ ਜਾਤੀ ਵਿਸ਼ੇਸ਼ ਦੇ ਧਾਰਮਿਕ ਅਕੀਦਿਆਂ ਦਾ ਅਨਿੱਖੜ ਅੰਗ ਹੁੰਦੀਆਂ ਹਨ। ਸਾਧਾਰਨ ਲੋਕ-ਕਹਾਣੀ ਨਿਰੋਲ ਕਲਪਿਤ ਕਥਾ ਹੈ ਅਤੇ ਇਹ ਲੋਕ-ਮਨ ਦੀ ਬਿਰਤਾਂਤਕ ਅਭਿਵਿਅਕਤੀ ਤੋਂ ਇਲਾਵਾ ਹੋਰ ਕੋਈ ਉਚੇਚਾ ਮਹੱਤਵ ਨਹੀਂ ਰਖਦੀ। ਪਰ ਦੰਦ-ਕਥਾ ਅਰਧ-ਇਤਿਹਾਸਕ ਰਚਨਾ ਹੈ, ਜਿਸ ਵਿਚ ਤੱਥ ਤੇ ਮਿੱਥ ਦਾ ਕਾਵਿਕ ਸੰਜੋਗ ਹੁੰਦਾ ਹੈ। ਜਾਂ ਇਉਂ ਕਹਿ ਲਉ ਕਿ ਦੰਦ-ਕਥਾ ਇਕ ਮਿੱਸੀ ਰਚਨਾ ਹੈ ਜਿਸ ਦੇ ਨਿਰਮਾਣ ਵਿਚ ਯਥਾਰਥ (ਇਤਿਹਾਸ), ਕਲਪਨਾ ਅਤੇ ਪਰੰਪਰਾ ਤਿੰਨੋਂ ਤੱਤ ਇਸ ਤਰ੍ਹਾਂ ਇਕ ਦੂਜੇ ਵਿਚ ਓਤ ਪੋਤ ਹੋ ਕੇ ਇਕ ਮਹਾਨ ਅਤੇ ਗੌਰਵਮਈ 'ਸੱਚ' ਬਣ ਕੇ ਉਭਰਦੇ ਹਨ। ਜਦੋਂ ਇਹ ਕਥਾਵਾਂ ਪਰੰਪਰਾ ਦਾ ਅੰਗ ਬਣ ਕੇ ਵਿਚਰਦੀਆਂ ਹਨ ਤਾਂ ਤੱਥ ਅਤੇ ਮਿੱਥ ਦਾ ਨਿਖੇੜ ਕਰਨਾ ਸਹਿਜ ਨਹੀਂ ਰਹਿੰਦਾ।

ਹਰ ਦੰਦ-ਕਥਾ ਕਿਸੇ ਤੱਥ ਤੋਂ ਯਾਤ੍ਰਾ ਆਰੰਭ ਕਰਦੀ ਹੈ, ਇਹ ਤੱਥ ਭਾਵੇਂ ਸਥਾਨ ਦਾ ਹੋਵੇ, ਭਾਵੇਂ ਕਾਲ ਦਾ, ਭਾਵੇਂ ਘਟਨਾ ਦਾ ਅਤੇ ਭਾਵੇਂ ਵਿਅਕਤੀ ਦਾ। ਇਹੋ ਤੱਥ ਹੀ ਉਸ ਦੰਦ-ਕਥਾ ਦਾ ਮੂਲ ਅਸਤਿਤਵ ਹੁੰਦਾ ਹੈ। ਫਿਰ ਇਸ ਤੱਥ ਦੇ ਦੁਆਲੇ ਲੋਕ-ਮਨ ਪਰੰਪਰਾਗਤ ਰੂੜ੍ਹੀਆਂ, ਵਿਸ਼ਵਾਸਾਂ ਅਤੇ ਕਥਾਨਿਕ ਰੂੜ੍ਹੀਆਂ ਦਾ ਅਲੌਕਿਕ ਜਿਹਾ ਜਾਲਾ ਬੁਣਦਾ ਜਾਂਦਾ ਹੈ। ਅਖੀਰ ਇਹ ਤੱਥ ਇਕ ਖ਼ਾਸ ਰੂਪ ਅਤੇ ਆਕਾਰ ਵਿਚ ਉਭਰ ਕੇ ਪਰੰਪਰਾ ਦਾ ਅੰਗ ਬਣਨਾ ਸ਼ੁਰੂ ਹੁੰਦਾ ਹੈ। ਜਿਸ ਤਰ੍ਹਾਂ ਜਾਲਾ ਬੁਣਨ ਵਾਲੀ ਮਕੜੀ ਦੀ ਸਮਰਥਾ ਉਪਰ ਹੀ ਜਾਲੇ ਦਾ ਫੈਲਾਓ ਆਧਾਰਿਤ ਹੁੰਦਾ ਹੈ। ਮਕੜੀ ਦੇ ਅੰਦਰੋਂ ਹੀ ਕੁਝ ਨਿਕਲ ਕੇ ਠੋਸ ਰੂਪ ਗ੍ਰਹਿਣ ਕਰਨਾ ਹੁੰਦਾ ਹੈ, ਇਸੇ ਤਰ੍ਹਾਂ ਮੂਲ ਤੱਥ ਦੀਆਂ ਸੰਭਾਵਨਾਵਾਂ ਉਪਰ ਹੀ ਉਸਦਾ ਪਾਸਾਰ ਆਧਾਰਿਤ ਹੁੰਦਾ ਹੈ। ਇਹ ਤੱਥ ਹੀ ਮੂਲ ਬੀਜ ਹੈ ਅਤੇ ਇਸੇ ਵਿਚ ਹੀ ਇਸ ਦਾ ਫੈਲਾਅ ਅਤੇ ਇਸੇ ਵਿਚ ਹੀ ਇਸ ਦੀ ਸੀਮਾ ਹੈ। ਇਸੇ ਤੱਥ ਨਾਲ ਕੁਝ ਮੂਲ ਪ੍ਰਵਿਰਤੀਆਂ ਜੁੜ ਗਈਆਂ ਹੁੰਦੀਆਂ ਹਨ, ਜੋ ਇਸ ਦੇ ਫੈਲਾਉ ਵਿਚ ਸਹਾਇਕ ਤਾਂ ਬਣਦੀਆਂ ਹਨ, ਪਰ ਨਾਲ ਹੀ ਸੀਮਾ ਵੀ ਨਿਰਧਾਰਤ ਕਰਦੀਆਂ ਹਨ, ਜਿਵੇਂ [illegible]

ਪਸਾਰ ਅਤੇ ਸੀਮਾ ਤੋਂ ਇਸੇ ਸਾਂਝਾ ਇਹੋ ਬਾਰ ਹੈ।

ਦੰਦ-ਕਥਾਵਾਂ ਦੇ ਨਿਰਮਾਣ ਵਿਚ ਲੋਕ-ਮਨ ਦੀ ਇਕ ਵਿਸ਼ੇਸ਼ ਪ੍ਰਵਿਰਤੀ ਦਾ ਬੜਾ ਵੱਡਾ ਹੱਥ ਹੈ। ਲੋਕ-ਮਨ ਕਲਪਨਾ, ਯਥਾਰਥ ਅਤੇ ਇਤਿਹਾਸ ਵਿਚ ਕੋਈ ਅੰਤਰ ਨਹੀਂ ਮਿੱਥਦਾ। ਜੋ ਅੱਜ ਕਲਪਿਤ ਹੈ, ਪਰੰਪਰਾ ਦਾ ਅੰਗ ਬਣ ਕੇ ਪਹਿਲਾਂ ਉਹ ਯਥਾਰਥ ਅਤੇ ਫਿਰ ਅਰਧ-ਇਤਿਹਾਸ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ। ਦੰਦ-ਕਥਾਵਾਂ ਵਿਚ ਵਿਅਕਤੀਆਂ ਨਾਲ ਕਲਪਿਤ ਘਟਨਾਵਾਂ ਜੋੜ ਲਈਆਂ ਜਾਂਦੀਆਂ ਹਨ। ਤੇ ਘਟਨਾਵਾਂ ਨਾਲ ਕਲਪਿਤ ਸਥਾਨ। ਪਰ ਸਮੇਂ ਦੀ ਲੰਮੀ ਵਿੱਥ ਮਗਰੋਂ ਇਹ ਲੋਕ-ਕਲਪਨਾ ਅਰਧ-ਇਤਿਹਾਸ ਬਣ ਕੇ ਸਥਾਪਿਤ ਹੋਣ ਲਗਦੀ ਹੈ। ਲੋਕ-ਕਲਪਨਾ ਲਈ ਸਮੇਂ ਸਥਾਨ ਦੀ ਵਿੱਥ ਦੀ ਕੋਈ ਮਹੱਤਵ ਨਹੀਂ ਰਖਦੀ। ਇਹ ਸੀਮਾ ਵੀ ਉਹ ਸਹਿਜੇ ਹੀ ਤੋੜ ਲੈਂਦਾ ਹੈ। ਲੋਕ ਕਲਪਨਾ ਨੇ ਪੂਰਨ ਨੂੰ ਸਾਲਵਾਹਨ ਦਾ ਪੁੱਤਰ ਮਿਥ ਲਿਆ ਜਦ ਕਿ ਸਾਲਵਾਹਨ ਅਤੇ ਪੂਰਨ ਨੂੰ ਘਟੋ ਘਟ ਦਸ ਸਦੀਆਂ ਇਕ ਦੂਜੇ ਤੋਂ ਨਿਖੇੜਦੀਆਂ ਹਨ।

ਦੰਦ-ਕਥਾਵਾਂ ਦੀ ਵਿਲੱਖਣਤਾ ਹੀ ਇਹ ਹੈ ਕਿ ਇਹ ਇਤਿਹਾਸ ਵਲ ਮੁੱਖ ਕਰਕੇ ਤੁਰਦੀਆਂ ਹਨ। ਸਮਾਂ ਪਾ ਕੇ ਹਰ ਦੰਦ-ਕਥਾ ਇਤਿਹਾਸ ਦੀ ਸੀਮਾ ਵਿਚ ਘੁਸਪੈਠ ਕਰਨ ਲਗਦੀ ਹੈ ਅਤੇ ਇਸ ਦੀ ਇਤਿਹਾਸਕਤਾ ਉੱਪਰ ਉਦੋਂ ਤਕ ਕਿੰਤੂ ਨਹੀਂ ਕੀਤਾ ਜਾ ਸਕਦਾ, ਜਦੋਂ ਤਕ ਇਸ ਦੀ ਕਲਪਿਤ ਹੋਣ ਬਾਰੇ ਇਤਿਹਾਸਕ ਪਰਮਾਣ ਨਾ ਮਿਲਦੇ ਹੋਣ। ਪਰ ਜੇ ਕਿਸੇ ਦੰਦ-ਕਥਾ ਦੇ ਕਲਪਿਤ ਹੋਣ ਬਾਰੇ ਠੋਸ ਪ੍ਰਮਾਣ ਵੀ ਮਿਲ ਜਾਣ, ਫਿਰ ਵੀ ਉਹ ਕਥਾ ਪਰੰਪਰਾ ਦਾ ਅੰਗ ਬਣੀ ਰਹਿੰਦੀ ਹੈ ਅਤੇ ਲੋਕ-ਇਤਿਹਾਸ ਦੇ ਰੂਪ ਵਿਚ ਸੁਰਜੀਤ ਰਹਿੰਦੀ ਹੈ। ਇਸੇ ਲਈ ਦੰਦ-ਕਥਾ ਨੂੰ ਕਈ ਵਾਰ 'ਵਿਕ੍ਰਿਤ ਇਤਿਹਾਸ' ਵੀ ਕਹਿ ਲਿਆ ਜਾਂਦਾ ਹੈ।

ਦੰਦ-ਕਥਾਵਾਂ ਦਾ ਨਿਰਮਾਣ ਹਰ ਯੁਗ ਵਿਚ ਹੁੰਦਾ ਰਿਹਾ ਹੈ ਅਤੇ ਇਹ ਸਾਡੇ ਸਾਂਸਕ੍ਰਿਤਕ ਵਿਰਸੇ ਦਾ ਆਦਰਯੋਗ ਭਾਗ ਹਨ। ਭਾਰਤ ਦੀਆਂ ਸਭ ਤੋਂ ਪ੍ਰਾਚੀਨ ਅਤੇ ਗੌਰਵਤਾ ਵਾਲੀਆਂ ਦੰਦ-ਕਥਾਵਾਂ ਰਾਮਾਇਣ ਤੇ ਮਹਾਂਭਾਰਤ ਹਨ। ਮਹਾਤਮਾ ਬੁੱਧ ਦੇ ਜੀਵਨ ਨਾਲ ਸਬੰਧਿਤ ਕਥਾਵਾਂ, ਜਿਨ੍ਹਾਂ ਨੂੰ ਅਵਦਾਨ ਕਿਹਾ ਜਾਂਦਾ ਹੈ, ਵੀ ਇਸੇ ਪਰੰਪਰਾ ਨੂੰ ਅਗੇ ਤੋਰਦੀਆਂ ਹਨ। 'ਅਵਦਾਨ ਸਤਕ' 'ਦਿਵਯਾਵਦਾਨ' ਅਤੇ 'ਅਵਦਾਨ ਕਲਪਲਤਾ' ਦੀਆਂ ਕਈ ਦੰਦ-ਕਥਾਵਾਂ ਮਗਰੋਂ ਪੰਜਾਬੀ ਪਰੰਪਰਾ ਦਾ ਹਿੱਸਾ ਬਣ ਲੋਕ-ਕਥਾਵਾਂ ਵਿਚੋਂ ਇਕ ਹੈ ਅਤੇ ਇਸੇ ਪ੍ਰਥਾ ਦੇ ਪ੍ਰਤਿਰੂਪ ਵਿਚ 'ਟੁੰਡੇ ਅਸਰਾਜ' ਅਤੇ 'ਪੂਰਨ-ਲੂਣਾ' ਦੀ ਕਥਾ ਦਾ ਨਿਰਮਾਣ ਹੋਇਆ।

ਇਸੇ ਪ੍ਰਾਚੀਨ ਪਰੰਪਰਾ ਨੇ ਦੰਦ-ਕਥਾਵਾਂ ਦੇ ਕਈ ਕਥਾ-ਚੱਕਰਾਂ ਦਾ ਨਿਰਮਾਣ ਕੀਤਾ। ਜੋਗ ਮਤ ਦੀ ਚੜ੍ਹਤ ਵੇਲੇ ਗੋਰਖ, ਮਛੰਦਰ, ਪੂਰਨ, ਗੋਪੀ ਚੰਦ, ਭਰਥਰੀ ਹਰੀ ਆਦਿ ਨਾਥਾਂ ਅਤੇ ਜੋਗੀਆਂ ਨਾਲ ਇਕ ਵਿਸ਼ੇਸ਼ ਤਰ੍ਹਾਂ ਦਾ ਕਥਾ ਚੱਕਰ ਸੰਬੰਧਿਤ ਹੋਇਆ। ਇਨ੍ਹਾਂ ਦੰਦ-ਕਥਾਵਾਂ ਵਿਚ ਤਿਆਗ ਦੀ ਭਾਵਨਾ ਬੜੀ ਪ੍ਰਬਲ ਹੈ। ਤਿਆਗ ਭਾਵੇਂ ਮਾਇਆ ਦਾ ਹੋਵੇ, ਜਾਂ ਰਾਜ ਦਾ, ਜਾਂ ਇਸਤ੍ਰੀ ਦਾ। ਗੋਪੀ ਚੰਦ, ਭਰਥਰੀ, ਪੂਰਨ ਆਦਿ ਨੂੰ ਇਸ ਕਥਾ-ਚੱਕਰ ਵਿਚ ਪ੍ਰਧਾਨਤਾ ਪ੍ਰਾਪਤ ਹੈ।

ਦੂਜਾ ਚੱਕਰ ਪੀਰਾਂ ਦੀਆਂ ਦੰਦ-ਕਥਾਵਾਂ ਦਾ ਹੈ, ਜਿਸ ਦਾ ਆਰੰਭ ਸੂਫ਼ੀ ਫ਼ਕੀਰਾਂ ਦੇ ਪੰਜਾਬ ਵਿਚ ਆਉਣ ਨਾਲ ਬਝਿਆ। ਮੱਧਕਾਲ ਵਿਚ ਪੀਰ-ਪ੍ਰਥਾ ਲੋਕ ਧਰਮ ਦਾ ਇਕ ਵਿਸ਼ੇਸ਼ ਅੰਗ ਰਹੀ ਹੈ। ਲਹਿੰਦੇ ਵਿਚ ਤਾਂ ਹਰ ਮੁਸਲਮਾਨ ਲਈ ਪੀਰ ਨੂੰ ਧਾਰਨ ਕਰਨਾ ਰੋਜ਼ੇ-ਨਿਮਾਜ਼ ਜਿਤਨੀ ਹੀ ਮਹੱਤਾ ਰਖਦਾ ਸੀ। ਪੰਜਾਬ ਵਿਚ ਇਨ੍ਹਾਂ ਪੀਰਾਂ ਦੀ ਸੰਖਿਆ ਹਜ਼ਾਰਾਂ ਤੋਂ ਉਪਰ ਜਾ ਬੈਠਦੀ ਹੈ ਅਤੇ ਹਰ ਪੀਰ ਦੇ ਅਨੁਯਾਈਆਂ ਨੇ ਆਪਣੇ ਪੀਰ ਦੀ ਵਡਿਆਈ ਅਤੇ ਗੌਰਵਤਾ ਦਰਸਾਣ ਲਈ, ਅਦਭੁਤ ਅਤੇ ਅਲੌਕਿਕ ਦੰਦ-ਕਥਾਵਾਂ ਦਾ ਨਿਰਮਾਣ ਕੀਤਾ। ਇਹ ਸਭ ਦੰਦ-ਕਥਾਵਾਂ ਇਕੋ ਪ੍ਰਕ੍ਰਿਤੀ ਦੀਆਂ ਹਨ ਅਤੇ ਇਨ੍ਹਾਂ ਦਾ ਪ੍ਰਧਾਨ ਤੱਤ ਮੋਅਜਜ਼ਾ ਹੈ, ਜੋ ਇਨ੍ਹਾਂ ਕਥਾਵਾਂ ਨੂੰ ਅਲੌਕਿਕ ਬਣਾ ਦਿੰਦਾ ਹੈ। ਇਨ੍ਹਾਂ ਕਥਾਵਾਂ ਦਾ ਉਦੇਸ਼ ਕਿਸੇ ਪੀਰ ਦੇ ਅਲੌਕਿਕ ਜੀਵਨ ਬ੍ਰਿਤਾਂਤ ਸਿਰਜ ਕੇ, ਉਸ ਪੀਰ ਪ੍ਰਤੀ ਸ਼ਰਧਾ ਦੀ ਭਾਵਨਾ ਪੈਦਾ ਕਰਨਾ ਹੈ। ਕੁਝ ਕਥਾਵਾਂ ਨੈਤਿਕਤਾ-ਮੁਖੀ ਹਨ। ਜਿਨ੍ਹਾਂ ਲੋਕਾਂ ਦੀ ਉਸ ਪੀਰ-ਵਿਸ਼ੇਸ਼ ਵਿਚ ਸ਼ਰਧਾ ਨਹੀਂ ਸੀ ਹੁੰਦੀ, ਉਨ੍ਹਾਂ ਲਈ ਇਹ ਕਥਾਵਾਂ ਨਿਰੀ ਕਲਪਨਾ ਦਾ ਹੀ ਦਰਜਾ ਰਖਦੀਆਂ ਹਨ। ਸਖੀ ਸਰਵਰ ਅਤੇ ਗੁੱਗਾ ਪੀਰ ਦੀਆਂ ਕਥਾਵਾਂ ਇਸੇ ਚੱਕਰ ਨਾਲ ਸੰਬੰਧਿਤ ਹਨ।

ਤੀਜਾ ਚੱਕਰ ਗੁਰ-ਭਗਤ ਦੰਦ-ਕਥਾਵਾਂ ਦਾ ਹੈ। ਜਿਨ੍ਹਾਂ ਦਾ ਨਿਰਮਾਣ ਭਗਤੀ ਲਹਿਰ ਸਮੇਂ, ਇਕ ਵਿਸ਼ੇਸ਼ ਪ੍ਰਕਾਰ ਦੀ ਸਹਿਜ ਭਾਵਨਾ ਵਿਚੋਂ ਹੋਇਆ। ਪੰਜਾਬ ਵਿਚ ਇਹ ਦੰਦ-ਕਥਾਵਾਂ ਸਾਖੀਆਂ ਦੇ ਨਾਉਂ ਨਾਲ ਪ੍ਰਸਿਧ ਹਨ। ਇਹ ਦੰਦ-ਕਥਾਵਾਂ ਉਪਰੋਕਤ ਦੋਹਾਂ ਭਾਂਤਾਂ ਦੀਆਂ ਕਥਾਵਾਂ

ਵਰਤਿਆ ਗਿਆ ਹੈ। ਭਾਵੇਂ ਇਹ ਉਦੇਸ਼ ਕਈ ਵਾਰ ਕਿਸੇ ਮੋਅਜਜ਼ੇ ਵਿਖਾਣ ਵਾਲੇ ਪੀਰ ਦਾ ਅਭਿਮਾਨ ਤੋੜਨਾ ਹੀ ਹੋਵੇ। ਇਨ੍ਹਾਂ ਦੰਦ-ਕਥਾਵਾਂ ਵਿਚ ਜੀਵਨ-ਰਹੱਸ ਨੂੰ ਸਮਝਣ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰਨ ਉਤੇ ਬਲ ਹੈ।

ਪੰਜਾਬ ਦੀਆਂ ਦੰਦ-ਕਥਾਵਾਂ ਦੀ ਦੂਜੀ ਸ਼੍ਰੇਣੀ ਪ੍ਰੇਮ ਦੀ ਪ੍ਰਵਿਰਤੀ ਦਾ ਬ੍ਰਿਤਾਂਤਕ ਪ੍ਰਕਾਸ਼ ਹਨ। ਇਨ੍ਹਾਂ ਦੰਦ-ਕਥਾਵਾਂ ਨੂੰ ਪੰਜਾਬੀਆਂ ਨੇ ਆਪਣੇ ਲਹੂ ਨਾਲ ਸਿਰਜਿਆ ਪਾਲਿਆ ਅਤੇ ਪ੍ਰਾਣਾਂ ਨਾਲੋਂ ਵਧ ਸੰਭਾਲ ਕੇ ਰਖਿਆ ਹੈ। ਇਹੋ ਕਥਾਵਾਂ ਉਨ੍ਹਾਂ ਦਾ ਗੌਰਵ ਹਨ ਤੇ ਇਹੋ ਉਨ੍ਹਾਂ ਦਾ ਮਾਣ, ਇਹੋ ਉਨ੍ਹਾਂ ਦੀ ਲੋਚਾ ਹੈ ਤੇ ਇਹੋ ਉਨ੍ਹਾਂ ਦੀ ਤਾਂਘ। ਇਹ ਕਥਾਵਾਂ ਪੰਜਾਬੀਆਂ ਦੇ ਆਪਣੇ ਆਪੇ ਅਤੇ ਉਨ੍ਹਾਂ ਦੇ ਆਪਣੇ ਸੁਪਨਿਆਂ ਦੀ ਆਰਸੀ ਹਨ। ਹਰ ਪੰਜਾਬੀ ਗਭਰੂ ਮਿਰਜ਼ੇ, ਰਾਂਝੇ, ਮਹੀਂਵਾਲ ਅਤੇ ਪੁੰਨੂੰ ਦੇ ਕਰਮ ਖੇਤਰ ਵਿਚ ਕੁਦ ਕੇ ਉਸ ਵਰਗਾ ਇਕਾਗਰ ਪ੍ਰੇਮ ਅਤੇ ਉਸੇ ਦੀ ਹੋਣੀ ਭੋਗਣਾ ਚਾਹੁੰਦਾ ਹੈ ਅਤੇ ਹਰ ਮੁਟਿਆਰ ਸਾਹਿਬਾਂ, ਹੀਰ, ਸੋਹਣੀ ਅਤੇ ਸੱਸੀ ਦੀ। ਜਿਸ ਗਭਰੂ/ਮੁਟਿਆਰ ਕਦੇ ਇਹ ਹੋਣੀ ਭੋਗਣ ਦੀ ਚੇਸ਼ਟਾ ਨਹੀਂ ਕੀਤੀ, ਉਹ ਜਾਂ ਤਾਂ ਨਿਪੁੰਸਕ ਹੋਵੇਗਾ ਜਾਂ ਮਿੱਟੀ ਦਾ ਮਾਧੋ, ਪੰਜਾਬੀ ਮਰਦ ਨਹੀਂ। ਇਹੋ ਕਾਰਨ ਹੈ ਕਿ ਸਾਡੇ ਅਧਿਆਤਮਕ ਕਵੀਆਂ ਨੇ ਵੀ ਇਨ੍ਹਾਂ ਪ੍ਰੇਮੀਆਂ ਨੂੰ 'ਪਿਰਮ-ਪਰਾਤੀ' ਕਹਿ ਕੇ ਸਨਮਾਨਿਆ ਅਤੇ ਇਨ੍ਹਾਂ ਦੇ ਇਸ਼ਕ ਨੂੰ ਸਿਮਰਨ ਰੂਪ ਵਿਚ ਅਧਿਆਤਮਕ ਖੇਤਰ ਵਿਚ ਭੋਗਣ ਦੀ ਪ੍ਰੇਰਨਾ ਕੀਤੀ।

ਇਨ੍ਹਾਂ ਪਾਤਰਾਂ ਅਤੇ ਕਹਾਣੀਆਂ ਪ੍ਰਤੀ ਮੋਹ ਸਦਕੇ ਹਰ ਪੰਜਾਬੀ ਇਨ੍ਹਾਂ ਪ੍ਰੀਤ ਕਥਾਵਾਂ ਨੂੰ ਇਕ ਇਤਿਹਾਸਕ ਵਾਸਤਵਿਕਤਾ ਮੰਨਦਾ ਹੈ। ਇਸੇ ਸਦਕਾ ਇਨ੍ਹਾਂ ਕਥਾਵਾਂ ਦਾ ਸਮਾਂ ਸਥਾਨ, ਜਾਤ-ਗੋਤ ਦਾ ਇਤਨੀ ਬਾਰੀਕ ਪਰ ਇਤਿਹਾਸ-ਸਥਾਨ-ਕਬੀਲੇ ਦੇ ਅਨੁਕੂਲ ਵੇਰਵਾ ਸਿਰਜ ਲਿਆ ਗਿਆ ਹੈ ਕਿ ਪੰਜਾਬੀ ਇਨ੍ਹਾਂ ਕਥਾਵਾਂ ਦੇ ਮਿਥ ਹੋਣ ਦੀ ਕਲਪਨਾ ਹੀ ਨਹੀਂ ਕਰ ਸਕਦੇ, ਸਗੋਂ ਇਨ੍ਹਾਂ ਕਥਾਵਾਂ ਦੇ ਉਦਾਤੀਕਰਨ ਦੀ ਚੇਸ਼ਟਾ ਪ੍ਰਤੱਖ ਹੈ, ਜਿਸ ਦਾ ਪ੍ਰਮਾਣ 'ਦਸਮ ਗ੍ਰੰਥ' ਦੀ ਹੀਰ ਕਥਾ ਤੋਂ ਮਿਲਦਾ ਹੈ ਜਿਸ ਵਿਚ ਹੀਰ ਨੂੰ ਮੇਨਕਾ ਦਾ ਅਤੇ ਰਾਂਝੇ ਨੂੰ ਇੰਦਰ ਦਾਂ ਅਵਤਾਰ ਦਸਿਆ ਗਿਆ ਹੈ। ਸੰਸਾਰ ਦੀ ਇਕੋ ਇਕ ਇਹੋ ਪ੍ਰੀਤ ਕਥਾ ਹੈ ਜਿਸ ਦੇ ਨਾਇਕ ਨਾਇਕਾ ਦਾ ਇਸ ਤਰ੍ਹਾਂ ਉਦਾਤੀਕਰਨ ਹੋਇਆ ਹੋਵੇ।

ਇਹ ਕਥਾਵਾਂ ਕਦੋਂ ਸਿਰਜੀਆਂ ਗਈਆਂ ? ਇਨ੍ਹਾਂ ਦਾ ਪ੍ਰਤੀ ਪੰਜਾਬੀਆਂ ਦਾ ਮੋਹ ਹੈ। ਪਰ ਗੱਲ ਤਾਂ ਵਿਵੇਕ ਦੀ ਹੈ, ਜਿਸ ਨੇ ਅੰਤ ਸੱਚ ਨੂੰ ਨਿਤਾਰਨਾ ਹੈ। ਜੇ ਅਸੀਂ ਆਪਣੇ ਪੌਰਾਣਿਕ ਵਿਰਸੇ ਨੂੰ ਘੋਖੀਏ ਤਾਂ ਇਨ੍ਹਾਂ ਪ੍ਰੀਤ ਕਥਾਵਾਂ ਦੀ ਨੁਹਾਰ ਉਨ੍ਹਾਂ ਵਿਚ ਆਪਣੇ ਪੂਰੇ ਨੈਣ-ਨਕਸ਼ਾਂ ਸਮੇਤ ਪਛਾਣੀ ਜਾ ਸਕਦੀ ਹੈ। ਲੇਖਕ ਨੇ ਆਪਣੇ ਇਕ ਲੇਖ 'ਸੱਸੀ ਪੁੰਨੂੰ' (55) ਵਿਚ 'ਸੱਸੀ ਪੁੰਨੂੰ' ਨੂੰ ਇਕ ਮਿਥਕ ਕਥਾ ਦਾ ਵਿਗਾੜ ਦਸਿਆ ਹੈ, ਜਿਸ ਵਿਚ ਮਗਰੋਂ ਕਈ ਹੋਰ ਕਥਾਨਿਕ ਰੂੜ੍ਹੀਆਂ ਰਲ ਗਈਆਂ। ਸਾਡੀਆਂ ਇਨ੍ਹਾਂ ਪ੍ਰੀਤ ਕਥਾਵਾਂ ਦੇ ਮੂਲ ਰੂਪ 'ਵੱਡ ਕਹਾ' ਵਿਚ ਹੀ ਮਿਲ ਸਕਦੇ ਹਨ, ਜੋ ਮਧਕਾਲੀ ਪੰਜਾਬੀ ਕਥਾਵਾਂ ਦਾ ਸਭ ਤੋਂ ਮਹਾਨ ਗ੍ਰੰਥ ਸੀ, ਪਰ ਇਹ ਗ੍ਰੰਥ ਅੱਜ ਉਪਲਬਧ ਨਹੀਂ, ਜਿਸ ਕਰਕੇ ਸਾਡੀਆਂ ਪ੍ਰੀਤ ਕਥਾਵਾਂ ਦੇ ਪੂਰਵਵਰਤੀ ਰੂਪਾਂਤਰ ਗੁਆਚ ਗਏ ਹਨ। ਪਰ ਹੁਣ ਵੀ 'ਕਥਾ ਸਰਿਤ ਸਾਗਰ' ਵਿਚੋਂ ਜੋ 'ਵੱਡ ਕਹਾ' ਦੀ ਹੀ ਅੰਸ਼-ਮਾਤਰ ਪੁਨਰ-ਸਿਰਜਨਾ, ਇਨ੍ਹਾਂ ਕਥਾਵਾਂ ਦੀਆਂ ਮਿਥਕ ਰੂੜ੍ਹੀਆਂ ਲਭੀਆਂ ਜਾ ਸਕਦੀਆਂ ਹਨ।

ਤੀਜੀ ਪ੍ਰਵਿਰਤੀ ਬਲ ਪ੍ਰਾਕ੍ਰਮ ਅਤੇ ਸਾਹਸ ਦੀਆਂ ਦੰਦ-ਕਥਾਵਾਂ ਦੀ ਹੈ, ਜਿਨ੍ਹਾਂ ਦੀ ਪ੍ਰਤੀਨਿਧਤਾ ਪ੍ਰਾਚੀਨ ਯੁਗ ਵਿਚ ਸਲਵਾਨ ਤੇ ਰਾਜਾ ਰਸਾਲੂ ਅਤੇ ਪਿਛਲੇਰੇ ਮੱਧਕਾਲੀਨ ਯੁਗ ਵਿਚ 'ਦੁੱਲਾ ਭਟੀ' ਕਰਦਾ ਹੈ। ਬਹੁਤ ਘਟ ਲੋਕ ਜਾਣਦੇ ਹਨ ਕਿ ਸਲਵਾਨ ਪੰਜਾਬੀਆਂ ਦਾ ਪ੍ਰਾਚੀਨਤਮ ਲੋਕ-ਨਾਇਕ ਹੈ, ਜਿਸ ਨੇ ਬਦੇਸ਼ੀ ਕਬੀਲਿਆਂ ਵਿਰੁਧ ਘੋਰ ਯੁਧ ਕਰਕੇ, ਉਨ੍ਹਾਂ ਨੂੰ ਬਹਿਰੋਤ ਦੇ ਮੁਕਾਮ 'ਤੇ ਅਜਿਹੀ ਕਰੜੀ ਹਾਰ ਦਿਤੀ ਕਿ ਉਹ ਮੁੜ ਸਿਰ ਨਾ ਚੁਕ ਸਕੇ। ਪਰ ਜੋਗ ਮਤ ਦੀ ਚੜ੍ਹਤ ਵੇਲੇ, ਯੋਗੀਆਂ ਨੇ, ਜੋ ਰਾਜ ਭਾਗ ਦੇ ਵਿਰੁਧ ਸਨ, ਇਸ ਫਿਊਡਲ ਨਾਇਕ ਨੂੰ ਆਪਣੇ ਆਦਰਸ਼ਾਂ ਤੇ ਸਿਧਾਂਤਾਂ ਦੇ ਪ੍ਰਚਾਰ ਲਈ ਨਵੇਂ ਖੰਡਿਤ ਰੂਪ ਵਿਚ ਪੇਸ਼ ਕੀਤਾ। ਉਦੋਂ ਹੀ ਪੂਰਨ ਅਤੇ ਲੂਣਾ ਦੀ ਕਥਾ ਸਲਵਾਨ ਨਾਲ ਜੁੜ ਗਈ ਅਤੇ ਇਹ ਲੋਕ-ਨਾਇਕ 'ਬੁੱਢਾ ਖੋਸਟ ਅਤੇ ਅੱਯਾਸ਼' ਦੇ ਰੂਪ ਵਿਚ ਪ੍ਰਗਟ ਹੋਇਆ, ਜੋ ਪਤਨੀ ਦੇ ਰੂਪ-ਜਾਲ ਵਿਚ ਅੰਨ੍ਹਾ, ਸੱਚ ਝੂਠ ਦਾ ਨਿਤਾਰਾ ਕਰੇ ਬਿਨਾਂ, ਪੂਰਨ ਵਰਗੇ ਅਸੀਲ ਪੁਤਰ ਦਾ ਘਾਤ ਕਰਵਾ ਦਿੰਦਾ ਹੈ। ਪੂਰਨ ਦੀ ਰਖਿਆ ਲਈ ਗੋਰਖ ਨਾਥ ਦਾ ਆਉਣਾ ਅਤੇ ਪੂਰਨ ਦਾ ਜੋਗ ਮਤ ਨੂੰ ਧਾਰਨ ਕਰਨਾ ਹੀ, ਇਸ ਰਹੱਸ ਨੂੰ ਖੋਲ੍ਹ ਰਿਹਾ ਹੈ ਕਿ ਸਲਵਾਨ ਲੋਕ-ਨਾਇਕ ਦੀ ਹੋਂਦ ਨੂੰ ਜੋਗੀਆਂ ਨੇ ਮਾਰ ਛਡਿਆ ਅਤੇ ਮੁੜ ਉਹ ਆਪਣਾ ਗੌਰਵ ਪ੍ਰਾਪਤ ਨਾ ਕਰ ਸਕਿਆ। ਸਾਹਸੀ

ਅਤੇ ਪੂਰਨ, ਸੰਤਾਨ ਦੇ ਰੂਪ ਵਿਚ ਜੁੜੇ ਹੋਏ ਹਨ। ਇਤਿਹਾਸਕ ਸਾਮਗਰੀ ਅਨੁਸਾਰ ਰਸਾਲੂ ਅਠਵੀਂ ਸਦੀ ਵਿਚ ਹੋਇਆ ਅਤੇ ਪੂਰਨ ਗਿਆਰਵੀਂ ਅਤੇ ਬਾਰ੍ਹਵੀਂ ਸਦੀ ਵਿਚ। ਪਰ ਲੋਕ-ਮਨ ਨੇ ਇਨ੍ਹਾਂ ਤਿੰਨਾਂ ਨੂੰ ਇਕੋ ਪਰਵਾਰ ਦੇ ਜੀਅ ਬਣਾ ਦਿਤਾ। ਲੋਕ-ਮਨ ਵਿਚ ਸਮਾਂ ਤੇ ਸਥਾਨ ਆਪਣੀ ਵਾਸਤਵਿਕ ਹੋਂਦ ਗੰਵਾ ਬੈਠਦੇ ਹਨ।

ਰਾਜਾ ਰਸਾਲੂ ਸਾਡਾ ਦੂਜਾ ਸਾਹਸੀ ਲੋਕ-ਨਾਇਕ ਹੈ, ਜੋ ਲੋਕ-ਸ਼ਕਤੀ ਵਿਚ ਇਕ ਮਿਥਕ ਨਾਇਕ ਬਣ ਗਿਆ ਹੈ। ਇਸੇ ਲਈ ਕੁਝ ਵਿਦਵਾਨਾਂ ਨੇ, ਇਸ ਨੂੰ ਲੋਕ-ਕਲਪਨਾ ਤੇ ਸੋਲਰ-ਮਿੱਥ ਦਸਿਆ ਹੈ, ਜੋ ਸੂਰਜ ਵਾਂਗ ਹੀ ਉਭਰਦਾ, ਤੇਜਵਾਨ ਹੁੰਦਾ, ਅਖੀਰ ਫਿੱਕਾ ਪੈ ਕੇ ਅਸਤ ਹੋ ਗਿਆ। ਜਾਪਦਾ ਹੈ ਕਿ ਰਾਜਾ ਰਸਾਲੂ ਦੇ ਸਮੇਂ, ਪੰਜਾਬ ਨਿੱਕੀਆਂ ਨਿੱਕੀਆਂ ਰਿਆਸਤਾਂ ਵਿਚ ਖੰਡਿਤ ਸੀ। ਬਦੇਸ਼ੀ ਰਾਜੇ ਲੋਕਾਂ ਨੂੰ ਬੜੇ ਕਸ਼ਟ ਦਿੰਦੇ ਸਨ। ਰਾਜੇ ਰਸਾਲੂ ਨੇ ਉਨ੍ਹਾਂ ਵਿਰੁਧ ਯੁੱਧ ਕਰਕੇ ਦੇਸ਼ ਨੂੰ ਇਕ-ਮੁਠ ਕੀਤਾ, ਪਰ ਮਗਰੋਂ ਉਹ ਹੋਡੀ ਤੋਂ ਹਾਰ ਖਾ ਗਿਆ।

ਦੁੱਲਾ ਭੱਟੀ ਅਕਬਰ ਦੇ ਸਮੇਂ ਹੋਇਆ ਇਕ ਪ੍ਰਾਕਰਮੀ ਯੋਧਾ ਹੈ, ਜਿਸ ਦੀ ਸਿਮਰਤੀ ਲੋਹੜੀ ਦੇ ਗੀਤਾਂ ਵਿਚ ਜੀਵਤ ਹੈ। ਮੁਗਲਾਂ ਦੇ ਸਮੇਂ ਦੁਲਾ ਭੱਟੀ ਦੀਆਂ ਕਈ ਦੰਦ-ਕਥਾਵਾਂ ਲੋਕ-ਕਾਵਿ ਦਾ ਵਿਸ਼ਾ ਬਣੀਆਂ ਰਹੀਆਂ। 'ਦੁਲਾ ਭੱਟੀ ਚੜ੍ਹਦੇ ਦੱਖਣ ਵਲੋਂ' ਪੰਜਾਬ ਉਤੇ ਦਾਬੇ ਦੇ ਬਰਖਲਾਫ਼ ਨਾਬਰੀ ਦਾ ਪ੍ਰਤੀਕ ਮੰਨ ਲਿਆ ਗਿਆ' ਅਤੇ ਪੱਛਮੀ ਪੰਜਾਬ ਦੇ ਲੇਖਕਾਂ ਨੇ ਇਸ ਕਥਾ ਦੀ ਪੁਨਰ ਸਿਰਜਨਾ ਕਈ ਰੂਪਾਂ ਵਿਚ ਕੀਤੀ। ਅਹਿਮਦ ਸਲੀਮ ਨੇ ਦੁਲੇ ਦੀ ਵਾਰ ਲੋਕਾਂ ਤੋਂ ਸੁਣ ਕੇ 'ਲੋਕ-ਵਾਰ' ਵਿਚ ਦਿਤੀ ਅਤੇ ਨਜਮ ਹੁਸੈਨ ਸਈਅਦ ਨੇ 'ਤਖ਼ਤ ਲਾਹੌਰ' ਵਿਚ ਇਸੇ ਕਥਾ ਨੂੰ ਨਵੇਂ ਰੂਪ ਵਿਚ ਸੁਰਜੀਤ ਕੀਤਾ। ਹੁਣੇ ਇਕ ਹੋਰ ਰਚਨਾ 'ਕੁਕਨਸ' ਛਪੀ ਹੈ ਜੋ ਇਸਹਾਕ ਮੁਹੰਮਦ ਦੀ ਕ੍ਰਿਤ ਹੈ। 'ਕੁਕਨਸ' ਅਰਬ ਦਾ ਇਕ ਪੌਰਾਣਿਕ ਪੰਖੇਰੂ ਹੈ ਜੋ ਸੌ ਸਾਲ ਦੀ ਲੰਮੀ ਉਮਰ ਭੋਗਣ ਮਗਰੋਂ ਲਕੜੀਆਂ ਦੀ ਚਿਖਾ ਜੋੜ ਕੇ, ਉਸ ਵਿਚ ਬਹਿ ਕੇ ਦੀਪਕ ਰਾਗ ਅਲਾਪਦਾ ਹੈ, ਜਿਸ ਨਾਲ ਲਕੜੀਆਂ ਸੜ ਕੇ ਸੁਆਹ ਹੋ ਜਾਂਦੀਆਂ ਹਨ। ਇਕ ਹੋਰ ਧਾਰਨਾ ਅਨੁਸਾਰ, ਉਹ ਆਪਣੇ ਪਰ ਇਤਨੇ ਜ਼ੋਰ ਨਾਲ ਫੜਫੜਾਂਦਾ ਹੈ ਕਿ ਉਨ੍ਹਾਂ ਦੀ ਰਗੜ ਨਾਲ ਅੱਗ ਨਿਕਲਦੀ ਹੈ ਅਤੇ ਕੁਕਨਸ ਸੜ ਕੇ ਸੁਆਹ ਹੋ ਜਾਂਦਾ ਹੈ, ਪਰ ਜਦੋਂ ਉਸ ਚਿਖਾ ਉਪਰ ਮੀਂਹ ਵਰ੍ਹਦਾ ਵੇਲਾ ਹੈ (56) ਪਰ ਦੁਲਾ ਭੱਟੀ ਪੂਰਬੀ ਪੰਜਾਬ ਵਿਚ ਮੁੜ ਲੋਕ-ਨਾਇਕ ਦੇ ਰੂਪ ਵਿਚ ਉਸ ਤਰ੍ਹਾਂ ਨਹੀਂ ਉਭਰ ਸਕਿਆ ਜਿਵੇਂ ਪੱਛਮੀ ਪੰਜਾਬ ਵਿਚ।

ਸਥਾਪਤੀ ਨਾਲ ਵਿਦਰੋਹ ਵੇਲੇ ਹਮੇਸ਼ਾਂ ਨਵੇਂ ਲੋਕ-ਨਾਇਕ ਉਭਰਦੇ ਰਹੇ ਹਨ। ਮੁਗਲਾਂ ਦੇ ਪਤਨ ਸਮੇਂ, ਅਨੇਕਾਂ ਸਿੱਖ ਲੋਕ-ਹਿਤ ਲਈ ਰਾਜ ਸਰਕਾਰ ਨਾਲ ਜੂਝਦੇ ਹੋਏ ਪ੍ਰਾਣ ਤਿਆਗ ਗਏ। ਜਿਨ੍ਹਾਂ ਦੀਆਂ ਦੰਦ-ਕਥਾਵਾਂ ਦਾ 'ਪ੍ਰਸੰਗ' ਜਾਂ 'ਸ਼ਹੀਦੀਆਂ' ਦੇ ਰੂਪ ਵਿਚ ਗਾਇਨ ਹੋਣ ਲਗਾ। ਇਹ ਸਾਹਸੀ ਅਤੇ ਪ੍ਰਾਕ੍ਰਮੀ ਯੋਧੇ ਮਨੀ ਸਿੰਘ, ਬੰਦਾ ਬਹਾਦਰ, ਬਾਬਾ ਦੀਪ ਸਿੰਘ ਆਦਿ ਹਨ, ਜਿਨ੍ਹਾਂ ਬਾਰੇ ਬੜੀਆਂ ਅਦਭੁਤ ਅਤੇ ਰੌਚਕ ਕਥਾਵਾਂ ਪ੍ਰਚਲਤ ਹਨ ਜਿਵੇਂ ਬਾਬਾ ਦੀਪ ਸਿੰਘ ਤਲੀ ਉਤੇ ਸੀਸ ਧਰ ਕੇ, ਧੜ ਨਾਲ ਹੀ ਅਨੇਕਾਂ ਵੈਰੀਆਂ ਨੂੰ ਮਾਰਦਾ ਮੁਕਾਂਦਾ ਅੰਮ੍ਰਿਤਸਰ ਪੁਜਾ। ਇਹ ਲੋਕ-ਨਾਇਕ ਅਲੌਕਾਰ ਹੀ ਨਹੀਂ, ਸਿਰ-ਲੱਥ ਸੂਰਮਿਆਂ ਦੀ ਪਰੰਪਰਾ ਵਿਚ ਜਾ ਖੜਾ ਹੁੰਦਾ ਹੈ। ਸਿਰ ਬਗ਼ੈਰ ਧੜ ਨਾਲ ਲੜਨ ਦੀ ਕਥਾ-ਰੂੜ੍ਹੀ ਬੜੀ ਪ੍ਰਾਚੀਨ ਹੈ। ਪੁਰਾਣਾਂ ਵਿਚ ਇਹ ਰੂੜ੍ਹੀ ਕਈ ਰੂਪਾਂ ਵਿਚ ਮਿਲਦੀ ਹੈ। ਗਣੇਸ਼ ਦਾ ਸਿਰ ਸ਼ਿਵ ਨੇ ਵੱਢ ਦਿਤਾ, ਪਰ ਬਾਅਦ ਵਿਚ ਪਾਰਬਤੀ ਦੇ ਕਹਿਣ ਤੇ ਹਾਥੀ ਦਾ ਸਿਰ ਵੱਢ ਕੇ ਉਸ ਨੂੰ ਮੁੜ ਸੁਰਜੀਤ ਕੀਤਾ ਗਿਆ। ਇਸੇ ਤਰ੍ਹਾਂ ਦਾ ਇਕ ਹੋਰ ਪੌਰਾਣਿਕ ਰੂਪ ਹੈ, ਕਿਸੇ ਪ੍ਰਾਕ੍ਰਮੀ ਅਸੁਰ ਦੇ ਲਹੂ ਦੇ ਤੁਬਕਿਆਂ ਵਿਚੋਂ ਉਤਨੀ ਹੀ ਸ਼ਕਤੀ ਰਖਣ ਵਾਲੇ ਨਵੇਂ ਸੂਰਮਿਆਂ ਦਾ ਪੈਦਾ ਹੋਣਾ। ਇਨ੍ਹਾਂ ਅਲੌਕਾਰ ਯੋਧਿਆਂ ਦੀ ਪਰੰਪਰਾ ਵਿਚੋਂ ਹੀ ਸਿਰ ਦੇ ਵੱਢੇ ਜਾਣ ਮਗਰੋਂ, ਕੇਵਲ ਧੜ ਨਾਲ ਹੀ ਲੜਨ ਵਾਲੇ ਨਾਇਕ ਪੈਦਾ ਹੋਏ। ਦੰਦ-ਕਥਾਵਾਂ ਵਿਚ ਅਜਿਹੇ ਸੂਰਮੇ ਕਾਫ਼ੀ ਗਿਣਤੀ ਵਿਚ ਮਿਲਦੇ ਹਨ। ਮੁਸਲਮਾਨਾਂ ਦਾ ਨਵ-ਗਾਜ਼ੀ ਸਲਾਰ ਵੀ ਸਿਰ ਤੋਂ ਬਗ਼ੈਰ ਧੜ ਨਾਲ ਹੀ ਵਿਰੋਧੀਆਂ ਨਾਲ ਲੜਿਆ ਸੀ। ਬਾਬਾ ਦੀਪ ਸਿੰਘ ਇਸ ਪਰੰਪਰਾ ਦਾ ਸਭ ਤੋਂ ਮਹਾਨ ਯੋਧਾ ਹੋਇਆ ਹੈ, ਜੋ ਤਲੀ ਉਪਰ ਸੀਸ ਰਖ ਕੇ ਵੈਰੀਆਂ ਦੇ ਆਹੂ ਲਾਹੁੰਦਾ, ਅਖੀਰ ਆਪਣੇ ਪ੍ਰਣ ਨੂੰ ਪੂਰਾ ਕਰਨ ਲਈ ਅੰਮ੍ਰਿਤਸਰ ਸਰੋਵਰ ਦੇ ਕੰਢੇ ਜਾ ਡਿਗਾ।

ਪਰ ਇਹ ਅਤੇ ਹੋਰ ਸਿੱਖ ਸ਼ਹੀਦ ਸਿੱਖ ਨਾਇਕ ਹੀ ਬਣੇ, ਲੋਕ-ਨਾਇਕ ਬਣ ਕੇ ਨਹੀਂ ਉਭਰ ਸਕੇ। ਇਨ੍ਹਾਂ ਦਾ ਗੌਰਵ ਸੰਪਰਦਾਇਕ ਰਿਹਾ, ਮੁਲਕੀ ਨਹੀਂ ਬਣਿਆ। ਭਾਵੇਂ ਇਹ ਸੂਰਮੇ ਮੁਗਲਾਂ ਦੀ ਤਾਨਾਸ਼ਾਹੀ ਵਿਰੁਧ ਕਿਧਰੇ

ਸਿੱਖ ਨਾਇਕ ਹੀ ਰਹੇ। ਇਹ ਗੱਲ ਬੜੀ ਵਿਚਾਰਨ ਯੋਗ ਹੈ। ਇਸ ਦਾ ਉਤਰ ਲੱਭਣ ਲਈ ਸਾਨੂੰ ਇਤਿਹਾਸ ਦੇ ਪੰਨੇ ਫੋਲਣੇ ਪੈਣਗੇ। ਮੁਸਲਮਾਨਾਂ ਦੀ ਆਮਦ ਤੋਂ ਪਹਿਲਾਂ ਜਿਹੜੀਆਂ ਜਾਤੀਆਂ ਯੂਨਾਨੀ, ਹੂੰਨ, ਕੁਸ਼ਾਨ, ਸਿਥੀਅਨ ਅਤੇ ਪਾਰਥੀਨ ਆਦਿ ਪੰਜਾਬ ਵਿਚ ਆਈਆਂ, ਉਹ ਆਪਣਾ ਵੱਖਰਾ ਅਸਤਿਤਵ ਕਾਇਮ ਨਹੀਂ ਰਖ ਸਕੀਆਂ। ਉਹ ਜਲਦ ਆਪੋ ਆਪਣੀ ਵਿਲੱਖਣ ਸੰਸਕ੍ਰਿਤੀ ਅਤੇ ਪੂਰਵਜਾਂ ਦੀਆਂ ਰਵਾਇਤਾਂ ਦਾ ਮੋਹ ਤਿਆਗ ਕੇ, ਇਥੋਂ ਦੇ ਸਭਿਆਚਾਰਕ ਪ੍ਰਵਾਰ ਵਿਚ ਵਿਲੀਨ ਹੋ ਗਏ ਸਨ। ਇਸ ਲਈ ਉਨ੍ਹਾਂ ਦੀਆਂ ਪਰੰਪਰਾਵਾਂ, ਦੰਦ-ਕਥਾਵਾਂ ਅਤੇ ਹੋਰ ਰੂੜ੍ਹੀਆਂ ਸਾਡੀ ਸੰਸਕ੍ਰਿਤੀ ਵਿਚ ਹੀ ਰਲ ਕੇ ਉਸਦਾ ਅੰਗ ਬਣਦੀਆਂ ਗਈਆਂ। ਇਸਦੇ ਉਲਟ ਮੁਸਲਮਾਨਾਂ ਨੇ ਆਪਣੀ ਵਿਲੱਖਣ ਧਾਰਮਿਕ-ਸਾਂਸਕ੍ਰਿਤਕ ਹੋਂਦ ਨੂੰ ਤਿਆਗਿਆ ਨਹੀਂ। ਫਲਸਰੂਪ, ਪੰਜਾਬ ਵਿਚ ਸੰਪਰਦਾਇਕ ਨਾਇਕਾਂ ਦੀ ਲੜੀ ਦਾ ਆਰੰਭ ਹੋਇਆ। ਜਿਹੜੇ ਮੁਸਲਮਾਨ ਹਿੰਦੂਆਂ ਨੂੰ ਪਰਾਜਿਤ ਕਰਨ ਲਈ ਜੂਝਦੇ ਹੋਏ ਸ਼ਹੀਦ ਹੋ ਜਾਂਦੇ, ਮੁਸਲਮਾਨ ਉਨ੍ਹਾਂ ਨੂੰ ਗ਼ਾਜ਼ੀ ਜਾਂ ਨਵ-ਗ਼ਾਜ਼ੀ ਦੇ ਆਦਰ ਬੋਧਿਕ ਉਪਨਾਮਾਂ ਨਾਲ ਨਿਵਾਜਦੇ ਅਤੇ ਜਿਸ ਥਾਂ ਉਨ੍ਹਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹੁੰਦੀਆਂ ਉਥੇ ਹੀ ਉਨ੍ਹਾਂ ਦੀਆਂ ਕਬਰਾਂ ਬਣਾ ਦਿਤੀਆਂ ਜਾਂਦੀਆਂ। ਇਨ੍ਹਾਂ ਨਵ-ਗ਼ਾਜ਼ੀਆਂ ਦੀਆਂ ਕਬਰਾਂ ਪੰਜਾਬ ਵਿਚ ਹੁਣ ਤਕ 'ਨੌਗਜਿਆਂ ਦੀਆਂ ਕਬਰਾਂ' ਦੇ ਨਾਂ ਨਾਲ ਪ੍ਰਸਿਧ ਹਨ ਅਤੇ ਟੁੱਟੀ-ਫੁੱਟੀ ਹਾਲਤ ਵਿਚ ਮੌਜੂਦ ਹਨ। ਇਨ੍ਹਾਂ ਨੌਗਜਿਆਂ ਵਿਚ ਗ਼ਾਜ਼ੀ ਸਲਾਰ ਨੂੰ ਸਭ ਤੋਂ ਵਧ ਮਾਣ ਪ੍ਰਤਿਸ਼ਠਾ ਪ੍ਰਾਪਤ ਸੀ। ਜਿਸ ਦੀ ਯਾਦ ਵਿਚ ਮੁਸਲਮਾਨ ਹਰ ਵਰ੍ਹੇ, 'ਸ਼ਾਦੀ' ਮਨਾਉਂਦੇ ਹਨ। ਇਨ੍ਹਾਂ ਗ਼ਾਜ਼ੀਆਂ ਬਾਰੇ ਕਈ ਦੰਦ-ਕਥਾਵਾਂ ਅਤੇ ਕਾਵਿ-ਕਥਾਵਾਂ 'ਸ਼ਾਦੀ' ਦੇ ਨਾਂ ਨਾਲ ਮਿਲਦੀਆਂ ਹਨ। ਰਿਚਰਡ ਟੈਂਪਲ ਨੇ 'ਲਿਜਿੰਡਜ਼ ਆਫ਼ ਦੀ ਪੰਜਾਬ' ਵਿਚ ਗ਼ਾਜ਼ੀ ਸਲਾਰ ਦੀ 'ਸ਼ਾਦੀ' ਦੀ ਕਾਵਿ-ਕਥਾ ਕਿਸੇ ਮਿਰਾਸੀ ਤੋਂ ਸੁਣ ਕੇ ਅੰਕਿਤ ਕੀਤੀ। ਪਰ ਇਹ ਨੌਗਜੇ ਸਮੁਚੀ ਪੰਜਾਬੀ ਕੌਮ ਦੇ ਨਾਇਕ ਨਹੀਂ ਸਨ ਬਣ ਸਕਦੇ, ਕਿਉਂ ਜੋ ਪੰਜਾਬੀ ਕੌਮ 'ਚ ਇਕ ਵਡੇਰਾ ਭਾਗ ਇਨ੍ਹਾਂ ਨਾਲ ਜੂਝਦਾ ਹੋਇਆ ਮਰਿਆ। ਪਰ ਇਸ ਦਾ ਇਹ ਭਾਵ ਨਹੀਂ ਲੈ ਲੈਣਾ ਚਾਹੀਦਾ ਕਿ ਕੋਈ ਮੁਸਲਮਾਨ ਲੋਕ-ਨਾਇਕ ਦੀ ਪਦਵੀ ਗ੍ਰਹਿਣ ਨਹੀਂ ਕਰ ਸਕਿਆ। ਵਿਰੁਧ ਵਿਦਰੋਹ ਕੀਤਾ, ਸਾਂਝੀ ਪੰਜਾਬੀਅਤ ਦਾ ਅੰਗ ਬਣ ਗਏ।

ਜਿਸ ਭਾਂਤ ਨੌਗਜੇ ਹਿੰਦੂਆਂ ਦੇ ਪੂਜ ਨਹੀਂ ਬਣ ਸਕੇ, ਉਸੇ ਭਾਂਤ ਸਿੱਖ ਸ਼ਹੀਦ, ਜੋ ਮੁਗ਼ਲ ਤਾਨਾਸ਼ਾਹੀ ਵਿਰੁਧ ਜੂਝਦੇ ਰਹੇ ਅਤੇ ਜਿਨ੍ਹਾਂ ਨੂੰ ਤਸੀਹੇ ਦੇਣ ਵਾਲੇ ਧਰਮ ਵਲੋਂ ਮੁਸਲਮਾਨ ਸਨ, ਉਹ ਮੁਸਲਮਾਨਾਂ ਨੂੰ ਕਦੇ ਵੀ ਲੋਕ-ਨਾਇਕ ਦੇ ਰੂਪ ਵਿਚ, ਪ੍ਰਵਾਨ ਨਹੀਂ ਹੋਏ। ਇਹ ਕੇਵਲ ਇਕ ਵਡਾ ਕਾਰਨ ਹੈ ਸਿੱਖ ਨਾਇਕਾਂ ਦਾ ਲੋਕ-ਨਾਇਕ ਨਾ ਬਣਨ ਦਾ।

ਪਰ ਇਸ ਨਾਲੋਂ ਵੀ ਅਦਭੁਤ ਗੱਲ ਤਾਂ ਇਹ ਹੈ ਕਿ ਸਿੱਖ ਨਾਇਕ ਬਹੁਤ ਹੱਦ ਤਕ ਹਿੰਦੂ ਪਰੰਪਰਾ ਦਾ ਵੀ ਅੰਗ ਨਹੀਂ ਬਣ ਸਕੇ। ਜਦੋਂ ਕਿ ਇਤਿਹਾਸ ਸਾਹਦੀ ਹੈ ਕਿ ਸਿੱਖ ਸ਼ਹੀਦ ਸ਼ਾਹੀ ਦਾਬੇ ਵਿਰੁਧ ਪੰਜਾਬੀ ਸੰਸਕ੍ਰਿਤੀ ਅਥਵਾ ਹਿੰਦੂਆਂ ਦੇ ਅਸਤਿਤਵ ਨੂੰ ਕਾਇਮ ਰਖਣ ਲਈ ਜੂਝਦੇ ਰਹੇ। ਸਾਨੂੰ ਇਸ ਦੇ ਦੋ ਵਿਸ਼ੇਸ਼ ਕਾਰਨ ਜਾਪਦੇ ਹਨ। ਇਕ ਕਾਰਨ ਤਾਂ ਕਾਲ-ਵਿੱਥ ਦੀ ਹੈ। ਕਿਸੇ ਵਿਅਕਤੀ ਦੇ ਲੋਕ-ਨਾਇਕ ਬਣਨ ਤੋਂ ਪਹਿਲਾਂ ਉਸ ਦੇ ਇਤਿਹਾਸਕ ਕਰਤਵਾਂ ਕਾਰਗੁਜ਼ਾਰੀ ਨੂੰ ਲੋਕ-ਮਨ ਦੀ ਕੁਠਾਲੀ ਵਿਚੋਂ ਲੰਘਣਾ ਪੈਂਦਾ ਹੈ, ਜਿਥੇ ਉਸ ਨਾਲ ਕਈ ਨਵੀਆਂ ਰਵਾਇਤਾਂ ਤੇ ਦੰਦ-ਕਥਾਵਾਂ ਤੇ ਹੋਰ ਲੋਕ-ਰੂੜ੍ਹੀਆਂ ਜੁੜਦੀਆਂ ਹਨ ਅਤੇ ਉਹ ਮੂਲ ਇਤਿਹਾਸਕ ਵਿਅਕਤੀ ਨਾਲੋਂ ਵਿਲੱਖਣ ਸਰੂਪ ਗ੍ਰਹਿਣ ਕਰ ਲੈਂਦਾ ਹੈ। ਸਿੱਖ ਨਾਇਕਾਂ ਨੂੰ ਲੋਕ ਮਨ ਵਿਚੋਂ ਲੰਘਣ ਲਈ ਇਕ ਤਾਂ ਪੂਰਾ ਸਮਾਂ ਨਹੀਂ ਮਿਲਿਆ। ਦੂਜਾ, ਜੋ ਰਵਾਇਤਾਂ ਉਨ੍ਹਾਂ ਨਾਲ ਜੁੜੀਆਂ ਹਨ, ਉਹ ਸੁਭਾਵ ਵਿਚ ਸਿੱਖ-ਰਵਾਇਤਾਂ ਹੀ ਹਨ।

ਤੀਜਾ, ਸਿੱਖ ਨਾਇਕ ਮੱਧਕਾਲ ਦੇ ਅੰਤਲੇ ਸਮੇਂ ਵਿਚ ਹੋਏ, ਜਦੋਂ ਕਿ ਉਹ ਅੰਨ੍ਹੀ ਭਾਵਨਾ ਘਟ ਰਹੀ ਸੀ, ਜਿਹੜੀ ਇਤਿਹਾਸ ਵਿਚੋਂ ਕੋਈ ਅਦਭੁਤ ਵਿਅਕਤੀ ਲੈ ਕੇ, ਉਸ ਨੂੰ ਅਦਭੁਤ ਅਤੇ ਅਲੌਕਿਕ ਲੋਕ-ਨਾਇਕ ਦੇ ਰੂਪ ਵਿਚ ਸਿਰਜਦੀ ਹੈ। ਜਾਂ ਇਉਂ ਕਹਿ ਲਉ ਕਿ ਲੋਕ-ਨਾਇਕ ਨਾਲ, ਜੋ ਅਲੌਕਿਕ ਲੋਕਧਾਰਾਈ ਸਾਮਗ੍ਰੀ ਜੁੜਦੀ ਹੈ, ਉਹ ਉਹਨਾਂ ਨਾਲ ਜੁੜੀ ਨਹੀਂ।

ਚੌਥਾ, ਅੰਗਰੇਜ਼ੀ ਰਾਜ ਦੀ ਸਥਾਪਤੀ ਅਤੇ ਈਸਾਈ ਧਰਮ ਦੇ ਪਸਾਰ ਨਾਲ, ਪੰਜਾਬ ਵਿਚ ਸੰਪਰਦਾਇਕ ਭਾਵਨਾ ਇਤਨੀ ਉਭਰ ਖਲੋਤੀ ਕਿ ਹਰ ਸੰਪਰਦਾਇ ਵਾਲੇ ਆਪਣੀ ਵੱਖਰੀ ਹੋਂਦ ਅਤੇ ਵਿਲੱਖਣ ਸੰਸਕ੍ਰਿਤੀ ਨੂੰ ਸਥਾਪਿਤ

ਨੂੰ ਹੀ ਪ੍ਰਵਾਨ ਕੀਤਾ ਹੈ ਅਤੇ ਉਨ੍ਹਾਂ ਦੀਆਂ ਦੰਦ-ਕਥਾਵਾਂ ਹੀ ਪੰਜਾਬੀਆਂ ਦਾ ਗੌਰਵਮਈ ਵਿਰਸਾ ਬਣੀਆਂ। ਸਾਹਸੀ ਤੇ ਆਸ਼ਕ ਨਾਇਕ ਭਾਵੇਂ, ਉਹ ਕਿਸੇ ਕੁਲ ਜਾਤ ਦੇ ਸਨ, ਸਮੁਚੀ ਪੰਜਾਬੀ ਕੌਮ ਦਾ ਗੌਰਵ ਬਣੇ। ਪਰ ਧਰਮੀ ਨਾਇਕ ਬਹੁਤ ਹੱਦ ਤਕ ਆਪੋ ਆਪਣੇ ਸੰਪਰਦਾਇਕ ਘੇਰੇ ਵਿਚ ਸਨਮਾਨੇ ਜਾਂਦੇ ਰਹੇ।

ਦੰਦ-ਕਥਾਵਾਂ ਦਾ ਘੇਰਾ ਬੜਾ ਵਿਸ਼ਾਲ ਹੈ। ਕੋਈ ਹਦਬੰਨ੍ਹਾ ਹੀ ਨਹੀਂ। ਪੰਜਾਬ ਵਿਚ ਵਸਦੀ ਹਰ ਜਾਤ ਗੋਤ ਅਤੇ ਕਬੀਲੇ ਦੀ ਉਤਪਤੀ ਅਤੇ ਮੋਢੀ ਬਾਰੇ ਕੋਈ ਨਾ ਕੋਈ ਦੰਦ-ਕਥਾ ਜ਼ਰੂਰ ਮਿਲਦੀ ਹੈ। ਜੱਟਾਂ, ਰਾਜਪੂਤਾਂ, ਖੱਤਰੀਆਂ, ਨੱਟਾਂ, ਡੂੰਮਾਂ ਆਦਿ ਦੀਆਂ ਦੰਦ-ਕਥਾਵਾਂ ਰੌਚਕ ਤੇ ਅਦਭੁਤ ਹੋਣ ਤੋਂ ਇਲਾਵਾ ਸਾਡੇ ਸਮਾਜਿਕ ਇਤਿਹਾਸ ਦੇ ਕਈ ਪੱਖਾਂ ਉਪਰ ਰੌਸ਼ਨੀ ਪਾਉਂਦੀਆਂ ਹਨ। ਜੱਟ ਸ਼ਿਵਜੀ ਦੀਆਂ ਲਿਟਾਂ ਵਿਚੋਂ ਉਪਜੇ। ਪਰਸਰਾਮ ਜਦੋਂ ਖੱਤਰੀਆਂ ਦਾ ਸਰਬਨਾਸ਼ ਕਰਨ ਲਈ ਖਤਰੀਆਂ ਨੂੰ ਚੁਣ ਚੁਣ ਕੇ ਮਾਰ ਰਿਹਾ ਸੀ ਤਾਂ ਕੁਝ ਖਤਰੀਆਂ ਨੇ ਸਵੈ-ਰਖਿਆ ਲਈ ਝੂਠ ਬੋਲਦਿਆਂ ਕਿਹਾ ਕਿ ਉਹ ਖੱਤਰੀ ਨਹੀਂ 'ਔਰ' (ਭਾਵ ਦੂਜੀ ਜਾਤੀ) ਦੇ ਹਨ। ਉਸੇ ਤੋਂ ਮਗਰੋਂ ਉਹਨਾਂ ਦੀ ਅਲ 'ਔਰ' ਪੈ ਗਈ ਅਤੇ ਵਿਗੜ ਕੇ ਅਰੋੜੇ ਪ੍ਰਚਲਤ ਹੋ ਗਈ। ਇਹੋ ਜਿਹੀਆਂ ਦੰਦ-ਕਥਾਵਾਂ ਹੋਰ ਗੋਤਾਂ ਬਾਰੇ ਵੀ ਪ੍ਰਸਿਧ ਹਨ।

ਪੰਜਾਬ ਦੇ ਨਦੀਆਂ ਨਾਲਿਆਂ, ਪਰਬਤਾਂ ਅਤੇ ਚੋਹਿਆਂ ਬਾਰੇ ਵੀ ਬੜੀਆਂ ਅਨੂਠੀਆਂ ਸਥਾਨਿਕ ਕਥਾਵਾਂ ਪ੍ਰਚਲਤ ਹਨ। ਅੰਮ੍ਰਿਤਸਰ ਵਿਚ ਜਿਥੇ ਅਜ ਸਰੋਵਰ ਬਣਿਆ ਹੋਇਆ ਹੈ, ਉਥੇ ਪਹਿਲਾਂ ਇਕ ਅੰਮ੍ਰਿਤ ਜਲ ਦਾ ਛੱਪੜ ਸੀ ਜਿਥੋਂ ਕਉਆ ਨਹਾ ਕੇ ਹੰਸ ਬਣ ਗਿਆ। ਇਹ ਅਲੌਕਿਕ ਘਟਨਾ ਵੇਖ ਕੇ ਇਕ ਪਿੰਗਲੇ ਨੇ ਉਥੇ ਇਸ਼ਨਾਨ ਕੀਤਾ ਤਾਂ ਉਹ ਵੀ ਨਵਾਂ-ਨਰੋਆ ਹੋ ਗਿਆ। ਇਹੋ ਜਿਹੀਆਂ ਦੰਦ-ਕਥਾਵਾਂ ਅਨੇਕਾਂ ਹੋਰ ਨਗਰਾਂ, ਕਸਬਿਆਂ, ਪਿੰਡਾਂ ਬਾਰੇ ਪ੍ਰਚਲਤ ਹਨ। ਦੰਦ-ਕਥਾ ਹੈ ਕਿ ਸਤਲੁਜ ਦਰਿਆ ਦੇ ਕੰਢੇ ਇਕ ਪ੍ਰਾਚੀਨ ਬੋਹੜ ਸੀ, ਜਿਸ ਨੇ ਸਕੰਦਰ ਨੂੰ ਭਵਿਖਬਾਣੀ ਦੁਆਰਾ ਦਸਿਆ ਸੀ ਕਿ ਉਹ ਵਾਪਸ ਆਪਣੇ ਦੇਸ਼ ਜਿਊਂਦਾ ਨਹੀਂ ਪਹੁੰਚ ਸਕੇਗਾ। ਇਹ ਭਵਿਖਬਾਣੀ ਅਖੀਰ ਸੱਚ ਨਿਕਲੀ। ਹੜੱਪਾ ਨਗਰ ਬਾਰੇ ਦੰਦ-ਕਥਾ ਹੈ ਕਿ ਇਥੇ ਵਿਆਹ ਤੋਂ ਬਾਅਦ ਕੰਨਿਆਂ ਦਾ ਡੋਲਾ ਪਹਿਲੀ ਰਾਤ ਸ਼ਾਹੀ ਮਹਿਲਾਂ ਵਿਚ ਉਤਾਰਿਆ ਜਾਂਦਾ ਸੀ ਅਤੇ ਪਹਿਲੇ ਭੋਗ ਦਾ ਅਧਿਕਾਰ

ਕਥਾ ਤਾਂ ਸੰਵੇਦਨਾ ਭਰੀ ਹੈ। ਸੰਘੋਲ ਪਿੰਡ ਦੀ ਵਿਧਵਾ ਔਰਤ ਆਪਣਾ ਅਤੇ ਆਪਣੇ ਬੱਚੇ ਦਾ ਪੇਟ ਭਰਨ ਲਈ, ਲੋਕਾਂ ਦਾ ਆਟਾ ਪੀਂਹਦੀ ਸੀ। ਪਰ ਫਿਰ ਵੀ ਉਸ ਨੂੰ ਰਜਵੀਂ ਰੋਟੀ ਨਸੀਬ ਨਹੀਂ ਸੀ ਹੁੰਦੀ। ਸੋ, ਉਹ ਆਪਣੇ ਸਰੀਰ ਉਤੇ ਉਡ ਕੇ ਪਏ ਆਟੇ ਦੀ ਧੂੜ ਦਾ ਧੋਣ, ਆਪਣੇ ਬੱਚੇ ਨੂੰ ਪਿਲਾਉਂਦੀ ਸੀ; ਪਰ ਲੋਕਾਂ ਨੇ ਉਸ ਨੂੰ ਮਜਬੂਰ ਕਰ ਦਿਤਾ ਕਿ ਉਹ ਆਟਾ ਪੀਹਣ ਦੇ ਮਗਰੋਂ ਹਥ ਪੈਰ ਧੋ ਕੇ ਘਰ ਜਾਇਆ ਕਰੇ। ਔਰਤ ਨੇ ਦੁਖੀ ਹੋ ਕੇ ਸਰਾਪ ਦਿਤਾ ਜਿਸ ਕਰ ਕੇ ਅਸਮਾਨ ਤੋਂ ਪੱਥਰਾਂ ਦਾ ਮੀਂਹ ਵਰ੍ਹਿਆ ਅਤੇ ਸਾਰਾ ਕਸਬਾ ਤਬਾਹ ਹੋ ਗਿਆ।

ਪੰਜਾਬ ਵਿਚ ਦੰਦ-ਕਥਾਵਾਂ ਦੇ ਕੁਝ ਲੌਕਿਕ ਕਿਸਮ ਦੇ ਕਥਾ-ਚੱਕਰ ਵੀ ਪ੍ਰਚਲਤ ਹਨ, ਜਿਨ੍ਹਾਂ ਵਿਚੋਂ 'ਸ਼ੇਖ ਚਿਲੀ ਚਕਰ', 'ਲਾਲ ਬੁਝਕੜ ਚਕਰ' ਅਤੇ 'ਅਕਬਰ ਬੀਰਬਲ ਚਕਰ' ਤਿੰਨ ਚਕਰ ਖ਼ਾਸ ਵਰਨਣਯੋਗ ਹਨ। ਸ਼ੇਖ ਚਿਲੀ ਦਾ ਚਕਰ ਸਭ ਤੋਂ ਵਧ ਪ੍ਰਸਿਧ ਹੈ। ਖ਼ਾਸ ਤੌਰ ਤੇ ਹਾਸਰਸ ਦੇ ਪੱਖੋਂ। ਇਨ੍ਹਾਂ ਤਿੰਨਾਂ ਚਕਰਾਂ ਦੀਆਂ ਕਥਾਵਾਂ ਨੂੰ ਸੰਕਲਨ ਕਰਨ ਦੀ ਲੋੜ ਹੈ।

ਪੰਜਾਬ ਦੀਆਂ ਕੁਝ ਦੰਦ-ਕਥਾਵਾਂ ਨੂੰ ਸਰ ਰਿਚਰਡ ਟੈਂਪਲ ਨੇ ਭਟਾਂ ਮਿਰਾਸੀਆਂ ਅਤੇ ਗਾਇਕਾਂ ਤੋਂ ਸੁਣ ਕੇ, ਤਿੰਨਾਂ ਜਿਲਦਾਂ ਵਿਚ ਇਕੱਠਾ ਕੀਤਾ। ਇਨ੍ਹਾਂ ਵਿਚ ਸੌ ਦੇ ਲਗਪਗ ਦੰਦ-ਕਥਾਵਾਂ ਹਨ ਜੋ ਪ੍ਰਚਲਤ ਦੰਦ-ਕਥਾਵਾਂ ਵਿਚੋਂ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ। ਪੰਜਾਬ ਦੀਆਂ ਦੰਦ-ਕਥਾਵਾਂ ਲੱਖਾਂ ਦੀ ਗਿਣਤੀ ਵਿਚ ਹਨ, ਜੋ ਅਜੇ ਤਕ ਲਿਪੀਬੱਧ ਨਹੀਂ ਹੋ ਸਕੀਆਂ ਅਤੇ ਮੂੰਹੋਂ ਮੂੰਹ ਅਗੇ ਤੁਰਦੀਆਂ ਜਾ ਰਹੀਆਂ ਹਨ। ਇਸ ਕੀਮਤੀ ਵਿਰਸੇ ਨੂੰ ਸੰਭਾਲਣ ਦੀ ਸਖ਼ਤ ਲੋੜ ਹੈ।

(ਦ-35) **ਦੰਦ-ਖੰਡ** :

ਹਾਥੀ ਦੰਦ; ਦੰਦ ਖੰਡ ਬੜੀ ਸ਼ੁਭ ਵਸਤੂ ਮੰਨੀ ਜਾਂਦੀ ਹੈ, ਇਸ ਦੇ ਪਹਿਨਣ ਨਾਲ, ਪਤੀ ਦੀ ਦੀਰਘ ਆਯੂ ਹੁੰਦੀ ਹੈ। ਜੇ ਕੋਈ ਤੀਵੀਂ ਇਕ ਸਾਲ ਪੂਰਾ ਬਾਹਾਂ ਵਿਚ ਦੰਦ-ਖੰਡ ਦਾ ਚੂੜਾ ਪਾਈ ਰਖੇ ਤਾਂ ਉਸ ਦਾ ਪਤੀ ਲੰਮੀ ਆਯੂ ਭੋਗ ਕੇ ਮਰਦਾ ਹੈ, ਇਸੇ ਲਈ ਪਹਿਲਿਆਂ ਵਿਚ ਕੁੜੀਆਂ ਵਿਆਹ ਮਗਰੋਂ ਇਕ ਸਾਲ ਤਕ ਬਾਹ ਵਿਚ ਦੰਦ-ਖੰਡ ਦੀਆਂ ਚੂੜੀਆਂ ਪਹਿਨਦੀਆਂ ਸਨ।

(ਦ-36) **ਦਧੀਚ** :

ਇਕ ਵੈਦਿਕ ਰਿਸ਼ੀ, ਜਿਸ ਦੀਆਂ ਹੱਡੀਆਂ ਵਜਰ ਨਾਲੋਂ ਵੀ ਮਜ਼ਬੂਤ ਸਨ। ਇਸੇ ਨੂੰ 'ਦਧਯੰਚ' ਵੀ ਕਹਿੰਦੇ ਹਨ। ਮਹਾਂਭਾਰਤ ਅਨੁਸਾਰ ਦਧੀਚ ਰਿਸ਼ੀ ਨੇ, ਆਪਣੀ ਜਾਨ ਦੀ ਬਲੀ ਇਸ ਲਈ ਦਿਤੀ ਤਾਂ ਜੋ ਇੰਦਰ ਦੇਵਤਾ ਵ੍ਰਿਤਾਸੁਰ ਤੇ ਹੋਰ ਦੈਂਤਾਂ ਦਾ ਨਾਸ਼ ਕਰਨ ਲਈ, ਉਸ ਦੀਆਂ ਹੱਡੀਆਂ ਤੋਂ ਹਥਿਆਰ ਤਿਆਰ ਕਰ ਸਕਣ। ਰਿਗਵੇਦ ਵਿਚ ਲਿਖਿਆ ਹੈ ਕਿ ਇੰਦਰ ਨੇ ਦਧੀਚ ਦੀਆਂ ਹੱਡੀਆਂ ਤੋਂ ਬਣੇ ਵਜਰ ਨਾਲ 90 ਵਾਰ ਨੌ ਨੌ ਵ੍ਰਿਤਾਂ ਨੂੰ ਨਸ਼ਟ ਕੀਤਾ।

ਮਹਾਂਭਾਰਤ ਅਨੁਸਾਰ ਦਧੀਚ ਨੇ ਕਰੜੀ ਤਪਸਿਆ ਮਗਰੋਂ ਯਮ ਤੋਂ ਇਹ ਵਰ ਪ੍ਰਾਪਤ ਕੀਤਾ ਸੀ ਕਿ ਇਸ ਦੀਆਂ ਹੱਡੀਆਂ ਇੰਦਰ ਦੇ ਗਦਾ ਨਾਲੋਂ ਵਧੇਰੇ ਮਜ਼ਬੂਤ ਹੋਣ ਤੇ ਇਨ੍ਹਾਂ ਨਾਲ ਵ੍ਰਿਤਾਂ ਦਾ ਨਾਸ਼ ਹੋਵੇ।

ਦਧੀਚ ਸ਼ਾਂਤੀ ਦੇ ਗਰਭ ਤੋਂ ਅਥਰਵਨ ਪ੍ਰੋਹਿਤ ਦਾ ਪੁੱਤਰ ਸੀ। ਰਿਗਵੇਦ ਅਨੁਸਾਰ ਇੰਦਰ ਨੇ ਇਸ ਨੂੰ ਵਿਗਿਆਨ ਵਿਦਿਆ ਇਸ ਸ਼ਰਤ ਤੇ ਦਿਤੀ ਕਿ ਉਹ ਇਸ ਬਾਰੇ ਭੇਤ ਬਾਹਰ ਨਹੀਂ ਕਢੇਗਾ। ਉਲਟ ਹੋਇਆ ਤਾਂ ਉਸ ਦਾ ਸਿਰ ਕਟ ਦਿਤਾ ਜਾਵੇਗਾ। ਅਸ਼ਵਿਨੀ ਭਰਾਵਾਂ ਨੇ ਦਧੀਚ ਨੂੰ ਇਹ ਵਿਦਿਆ ਸਿਖਾਉਣ ਲਈ ਕਿਸੇ ਤਰ੍ਹਾਂ ਪ੍ਰੇਰ ਲਿਆ ਅਤੇ ਇੰਦਰ ਦੇ ਕਰੋਧ ਤੋਂ ਬਚਾਉਣ ਲਈ, ਇਨ੍ਹਾਂ ਨੇ ਦਧੀਚ ਦੇ ਸਿਰ ਦੀ ਥਾਂ ਧੜ ਨਾਲ ਘੋੜੇ ਦਾ ਸਿਰ ਜੋੜ ਦਿਤਾ। ਜਦੋਂ ਇੰਦਰ ਨੇ ਦਧੀਚ ਦੇ ਧੜ ਨਾਲੋਂ ਉਸ ਦਾ ਘੋੜੇ ਵਾਲਾ ਸਿਰ ਕੱਟ ਦਿਤਾ ਤਾਂ ਇਨ੍ਹਾਂ ਨੇ ਦਧੀਚ ਦਾ ਅਸਲੀ ਸਿਰ, ਮੁੜ ਉਸ ਦੇ ਧੜ ਨਾਲ ਲਗਾ ਦਿਤਾ।

(ਦ-37) **ਦਫ਼ਨ ਕਰਨਾ** :

ਮੁਰਦੇ ਨੂੰ ਜ਼ਮੀਨ ਵਿਚ ਦੱਬਣ ਦੀ ਕਿਰਿਆ; ਇਸਲਾਮ ਅਨੁਸਾਰ ਮੁਰਦੇ ਨੂੰ ਜ਼ਮੀਨ ਵਿਚ ਕਬਰ ਖੋਦ ਕੇ ਦਬਿਆ ਜਾਂਦਾ ਹੈ। ਇਹ ਰੀਤ ਈਸਾਈ ਮਤ ਤੋਂ ਵੀ ਪਹਿਲਾਂ ਦੀ ਚਲੀ ਆ ਰਹੀ ਹੈ। ਈਸਾਈਆਂ ਦੀਆਂ ਕਥਾਵਾਂ ਅਨੁਸਾਰ ਜਦੋਂ ਆਦਮ ਦੇ ਪੁੱਤਰ ਹਾਬੀਲ ਨੇ ਕਾਬੀਲ ਨੂੰ ਮਾਰ ਦਿਤਾ ਤਾਂ ਉਸ ਨੂੰ ਸਮਝ ਨਾ ਆਈ ਕਿ ਉਹ ਉਸਦੀ ਲਾਸ਼ ਨਾਲ ਕੀ ਕਰੇ। ਕਾਬੀਲ ਦੀ ਲਾਸ਼ ਨੂੰ ਹਾਬੀਲ ਕਈ ਦਿਨ ਮੋਢਿਆਂ 'ਤੇ ਚੁਕੀ ਫਿਰਿਆ। ਇਕ ਦਿਨ ਉਸ ਨੇ ਦੋ ਕਾਂ ਆਪੋ ਵਿਚ ਲੜਦੇ ਵੇਖੇ। ਇਕ ਕਾਂ ਨੇ ਦੂਜੇ ਦੀ ਹਤਿਆ ਕਰ ਦਿਤੀ ਤੇ ਫਿਰ ਪੰਜੇ ਨਾਲ ਜ਼ਮੀਨ ਵਿਚੋਂ ਮਿੱਟੀ

ਹਿੰਦੂਆਂ ਸਿੱਖਾਂ ਵਿਚ 'ਦਾਹ ਸੰਸਕਾਰ' ਦੀ ਰਸਮ ਕੀਤੀ ਜਾਂਦੀ ਹੈ, ਪਰ ਛੋਟੇ ਬਾਲਕ ਜਿਸ ਦੇ ਦੰਦ ਨਾ ਨਿਕਲੇ ਹੋਣ ਉਸ ਨੂੰ ਦਫ਼ਨ ਕੀਤਾ ਜਾਂਦਾ ਹੈ। ਸੰਨਿਆਸੀ ਵੀ ਆਪਣੇ ਮੁਰਦੇ ਜ਼ਮੀਨ ਵਿਚ ਦਬਦੇ ਹਨ, ਸਾੜਦੇ ਨਹੀਂ।

(ਦ-38) **ਦੱਬ** :

ਇਕ ਤਰ੍ਹਾਂ ਦੀ ਉਪਜਾਊ ਧਰਤੀ ਜੋ ਮੀਂਹ ਦੀ ਗਿੱਲ ਨੂੰ ਸੰਭਾਲੀ ਰਖਦੀ ਹੈ। ਦੱਬ ਬਾਰੇ ਅਖਾਣ ਹੈ :

ਜਿਸ ਦਾ ਦੱਬ, ਉਸ ਦਾ ਰੱਬ।

(ਦ-39) **ਦੱਬਣ ਦੋਣ** :

ਦੱਬਣ ਦੋਣ ਕਸ਼ਮੀਰ ਵਿਚ, ਕਠਾਈ ਵਿਚ ਇਕ ਪਹਾੜੀ ਚੋਟੀ ਉਤੇ ਸਥਿਤ ਹੈ। ਇਥੇ ਸਿੱਖਾਂ ਤੇ ਬੰਬਿਆਂ ਵਿਚ ਇਕ ਯੁਧ ਹੋਇਆ ਸੀ। ਸਿੱਖ ਰਾਜ ਦੇ ਦਿਨੀਂ ਜਦੋਂ ਹਰੀ ਸਿੰਘ ਨਲੂਆ ਕਸ਼ਮੀਰ ਦਾ ਗਵਰਨਰ ਸੀ ਤਾਂ ਕਠਾਈ ਮੁਜ਼ਫ਼ਰਾਬਾਦ ਦੇ ਵਸਨੀਕ ਬੰਬਿਆਂ ਨੇ ਸਿੱਖ ਫੌਜਾਂ ਨਾਲ ਟੱਕਰ ਲਈ। ਦੱਬਣ ਦੋਣ ਵਿਚ ਬੰਬੇ ਦੇ ਸ੍ਰਦਾਰ ਨੂੰ ਕਿਲ੍ਹੇ ਵਿਚ ਘੇਰ ਕੇ, ਮਾਰ ਦਿਤਾ ਗਿਆ ਅਤੇ ਉਸ ਦੇ ਛੋਟੇ ਲੜਕੇ ਨੂੰ ਬੰਦੀ ਬਣਾ ਲਿਆ ਗਿਆ। ਇਸ ਲੜਕੇ ਨੂੰ ਬੰਦੀ ਤੋਂ ਛੁਡਾਣ ਲਈ, ਬੇਗਮ ਬੰਬਿਆਂ ਨੇ ਹਰੀ ਸਿੰਘ ਨਲੂਏ ਅਗੇ ਲਿਲਕੜੀਆਂ ਲਈਆਂ, ਇਸ ਘਟਨਾ ਦਾ ਵਰਨਣ ਇਕ ਲੋਕ-ਗੀਤ ਵਿਚ ਇਸ ਤਰ੍ਹਾਂ ਕੀਤਾ ਹੈ :

ਦੱਬਣ ਦੋਣ ਪਈ ਵੋ ਗੁਬਾਰੀ
ਬੰਬਾ ਮਾਰਿਆ ਬੜਾ ਦੀਦਾਰੀ
ਕੁੰਡੀਆਂ ਮੁਛਾਂ ਚਾਕਮੀ ਦਾੜ੍ਹੀ
ਮੈਂ ਹੋਸਾਂ ਹਰੀ ਸਿੰਘ ਦੀ ਹਲਿਆਣੀ
ਮਹਿਲਾਂ ਵਿਚ ਢੋਸਾਂ ਪਾਣੀ,
ਜੋ ਮੇਰਾ ਨਿੱਕਾ ਖਾਨ ਛਡ ਦੇਵੇ, ਜੀ ਵੋਲਾ।

(ਦ-40) **ਦੱਮ** :

ਕਿਸੇ ਦੁਖ ਦਰਦ ਨੂੰ ਦੂਰ ਕਰਨ ਲਈ ਕਿਸੇ ਫ਼ਕੀਰ ਤੋਂ ਮੰਤ੍ਰ ਪੜ੍ਹਵਾ ਕੇ ਫੂਕਾਂ ਮਰਵਾਣੀਆਂ; ਜੇ ਪੀਰ ਫ਼ਕੀਰ ਕੁਰਆਨ ਦੀ ਆਇਤ ਪੜ੍ਹ ਕੇ ਦੁਖਦੀ ਥਾਂ ਤੇ ਫੂਕ ਮਾਰੇ ਤਾਂ ਇਸ ਨੂੰ 'ਦੱਮ ਦਰੂਦ' ਕਹਿੰਦੇ ਹਨ, ਜੇ ਕੋਈ ਹੋਰ ਮੰਤ੍ਰ ਪੜ੍ਹ ਕੇ ਫੂਕ ਮਾਰੇ ਤਾਂ 'ਦੱਮ ਕਰਨਾ' ਕਿਹਾ ਜਾਂਦਾ ਹੈ।

(ਦ-41) **ਦੱਮ ਦਰੂਦ** :

ਸਾਹ ਨਾਲ ਫੂਕਾਂ ਮਾਰਨੀਆਂ ਤੇ ਦਰੂਦ ਦੇ ਅਰਥ ਹਨ : ਕਿਸੇ ਪਵਿੱਤ੍ਰ ਗ੍ਰੰਥ ਦਾ ਕਲਾਮ । ਸੋ ਦੱਮ ਦਰੂਦ ਦਾ ਭਾਵ ਕਲਾਮ ਤੇ ਫੂਕਾਂ ਦੁਆਰਾ ਕਿਸੇ ਰੋਗ ਦਾ ਇਲਾਜ ਕਰਨਾ । ਪਛਮੀ ਪੰਜਾਬ ਵਿਚ ਅਜਿਹੇ ਪੀਰ ਫਕੀਰ ਆਮ ਮਿਲਦੇ ਹਨ, ਜੋ ਨਿਕੀਆਂ ਮੋਟੀਆਂ ਬੀਮਾਰੀਆਂ 'ਦਾੜ੍ਹ ਪੀੜ' ਤੇ 'ਬੁਖਾਰ' ਦਾ ਦੱਮ-ਦਰੂਦ ਨਾਲ ਇਲਾਜ ਕਰਦੇ ਹਨ ।

ਕਈ ਵਾਰ ਜੇ ਰੋਗ ਕਾਫ਼ੀ ਵਧਿਆ ਹੋਵੇ ਤਾਂ ਪੀਰ ਫੂਟੀ ਦੇ ਫਲ ਜਾਂ ਟਹਿਣੀ ਨੂੰ ਰੋਗੀ ਅੰਗ ਉਤੇ ਫੇਰਦਾ ਹੋਇਆ, ਫਲ ਜਾਂ ਟਹਿਣੀ ਨੂੰ ਜ਼ਿਮੀਂ ਨਾਲ ਛੁਹਾਂਦਾ ਹੈ ਤੇ ਨਾਲੋ ਨਾਲ ਕਲਮਾ ਪੜ੍ਹਦਾ ਜਾਂਦਾ ਹੈ । ਇਸ ਦੇ ਨਾਲ ਹੀ ਦੁਖਦੇ ਅੰਗ ਉਤੇ ਫੂਕਾਂ ਮਾਰਦਾ ਹੈ । ਅਖੀਰ ਵਿਚ, ਫੂਟੀ ਦੇ ਫਲ ਜਾਂ ਟਹਿਣੀ ਨੂੰ ਧਰਤੀ ਵਿਚ ਗੱਡ ਦਿਤਾ ਜਾਂਦਾ ਹੈ, ਭਾਵ ਰੋਗ ਨੂੰ ਨਪ ਦਿਤਾ ਗਿਆ ਹੈ । ਕਈ ਪੀਰ ਫ਼ਕੀਰ ਧਰਤੀ ਉਤੇ ਕੁਝ ਖ਼ਾਨੇ ਵਾਹ ਕੇ ਕਲਾਮ ਪੜ੍ਹਦੇ ਹਨ (ਵੇਖੋ : ਝਾੜਾ) ।

(ਦ-42) **ਦਮ ਮਦਾਰ :**

ਇਸ ਕਰਮ ਕਾਂਡ ਨੂੰ 'ਧਮਾਲ ਖੇਡਣਾ' ਵੀ ਕਹਿੰਦੇ ਹਨ । ਸ਼ਾਹ ਮਦਾਰ ਨੂੰ ਆਪਣੇ ਦਮ ਉਤੇ ਬੜਾ ਕਾਬੂ ਸੀ ਤੇ ਉਹ ਇੱਛਾ ਅਨੁਸਾਰ ਜਦੋਂ ਤਕ ਚਾਹੇ ਦਮ ਰੋਕ ਸਕਦਾ ਸੀ । ਦਮ ਮਦਾਰ ਤੋਂ ਭਾਵ ਸ਼ਾਹ ਮਦਾਰ ਦੀ ਬਖ਼ਸ਼ਸ਼ ਪ੍ਰਾਪਤ ਕਰਨਾ ਹੈ । ਸ਼ਾਹ ਮਦਾਰ ਦੇ ਕਈ ਸ਼ਰਧਾਲੂ ਅੱਗ ਵਿਚ ਕੁਦ ਕੇ, ਧਧਕਦੇ ਕੋਲਿਆਂ ਨੂੰ ਪੈਰਾਂ ਵਿਚ ਮਧੋਲਦੇ ਹੋਏ 'ਦਮ ਮਦਾਰ, ਦਮ ਮਦਾਰ' ਕੂਕਦੇ ਲੰਘ ਜਾਂਦੇ ਹਨ । ਇਸ ਤਰ੍ਹਾਂ ਕਰਨ ਨਾਲ, ਸ਼ਰਧਾਲੂਆਂ ਨੂੰ ਅੱਗ ਉਤੇ ਤੁਰਨ ਨਾਲ ਕੁਝ ਨਹੀਂ ਹੁੰਦਾ । ਨਿਸਚਾ ਅਡੋਲ ਰਹੇ ਤਾਂ ਉਸ ਦਾ ਵਾਲ ਤਕ ਵੀ ਨਹੀਂ ਝੁਲਸਦਾ । ਇਹ ਰੀਤ ਕਰਨ ਵਾਲੇ ਨੂੰ, ਸੱਪ ਤੇ ਅਠੂਏਂ ਦਾ ਜ਼ਹਿਰ ਨਹੀਂ ਚੜ੍ਹਦਾ ।

(ਦ-43) **ਦਮੜੀ :**

ਸਭ ਤੋਂ ਛੋਟੇ ਮੁੱਲ ਦਾ ਸਿੱਕਾ; ਅਜ ਕਲ ਇਹ ਸਿੱਕਾ ਪ੍ਰਚਲਤ ਨਹੀਂ । ਦਮੜੀ ਦੁਆਰਾ ਟੂਣਾ ਵੀ ਕਦੇ ਕੀਤਾ ਜਾਂਦਾ ਸੀ, ਜਿਸ ਨੂੰ 'ਦਮੜੀ ਦਾ ਟੂਣਾ' ਕਿਹਾ ਜਾਂਦਾ ਸੀ ।

ਦਮੜੀ ਦੇ ਦੋਵੇਂ ਪਾਸੇ ਤਵੇ ਦੀ ਸਿਆਹੀ ਮਲ ਕੇ, ਦੁਸ਼ਮਨ ਦੇ ਵਿਹੜੇ ਵਿਚ ਜਾਂ ਦਲ੍ਹੀਜ਼ ਹੇਠਾਂ ਦੱਬ ਦਿਤਾ ਜਾਂਦਾ ਹੈ ।

(ਦ-44) **ਦਮੜੀ ਵਾਲਾ ਪੀਰ :**

ਸ਼ਾਹ ਕਲੰਦਰ ਤੇ ਸ਼ਾਹ ਦੌਲਾ ਪੀਰ ਦੋਵੇਂ ਦਮੜੀ ਵਾਲੇ ਪੀਰ ਦੇ ਨਾਂ ਨਾਲ ਪ੍ਰਸਿਧ ਸਨ ।

"ਪੀਰ ਮੇਰਾ ਉਹ ਦਮੜੀ ਵਾਲਾ, ਪੀਰ ਸ਼ਾਹ ਕਲੰਦਰ"

—**ਸੈਫੁਲ ਮਲੂਕ**

ਇਨ੍ਹਾਂ ਦੋਹਾਂ ਪੀਰਾਂ ਦੇ ਮੁਰੀਦ ਫ਼ਕੀਰ, ਦਮੜੀ ਦੀ ਖ਼ੈਰ ਮੰਗਿਆ ਕਰਦੇ ਸਨ । ਇਨ੍ਹਾਂ ਦੋਹਾਂ ਪੀਰਾਂ ਦੇ ਫ਼ਕੀਰਾਂ ਨੂੰ, ਪੀਰਾਂ ਵਲੋਂ ਆਦੇਸ਼ ਸੀ ਕਿ ਦਮੜੀ ਤੋਂ ਵਧ ਖ਼ੈਰ ਨਾ ਲਈ ਜਾਵੇ ।

(ਦ-45) **ਦਰਸ਼ਨ ਭੇਟ :**

1. ਜਦੋਂ ਕੋਈ ਸ਼ਰਧਾਲੂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਘਰ ਲਿਆਂਦਾ ਹੈ ਤਾਂ ਸਵਾ ਰੁਪਿਆ ਜਾਂ ਵਧ ਰਕਮ ਦਰਸ਼ਨ ਭੇਟ ਵਜੋਂ ਦੇਂਦਾ ਹੈ ।

2. ਜਦੋਂ ਸ਼ਰਧਾਲੂ ਕਿਸੇ ਸਾਧ-ਸੰਤ ਗੁਰੂ ਪੀਰ ਦੇ ਦਰਸ਼ਨ ਕਰਦੇ ਹਨ ਤਾਂ ਉਸ ਨੂੰ ਕੋਈ ਵਸਤੂ ਜਾਂ ਨਕਦੀ ਦਰਸ਼ਨ ਭੇਟ ਵਜੋਂ ਦੇਂਦੇ ਹਨ । ਕਿਸੇ ਪੀਰ ਫ਼ਕੀਰ ਤੇ ਸੰਤ ਨੂੰ ਸਖਣੇ ਹੱਥ ਮਿਲਣਾ ਉਸ ਦੀ ਅਨਾਦਰੀ ਕਰਨ ਦੇ ਤੁੱਲ ਹੈ ।

(ਦ-46) **ਦਰਭ :**

ਇਕ ਤਰ੍ਹਾਂ ਦਾ ਘਾਹ; ਕੁੱਸਾ, ਇਹ ਘਾਹ ਲੰਮੀਆਂ ਜੜ੍ਹਾਂ ਵਾਲਾ ਹੁੰਦਾ ਹੈ ਤੇ ਹਰ ਤਰ੍ਹਾਂ ਦੀ ਭੋਇੰ ਵਿਚ ਉਗ ਪੈਂਦਾ ਹੈ, ਇਹ ਘਾਹ ਸਾਰਾ ਸਾਲ ਹਰਾ ਭਰਾ ਰਹਿੰਦਾ ਹੈ ।

ਇਸ ਘਾਹ ਨੂੰ ਹਿੰਦੂ ਬੜਾ ਪਵਿੱਤਰ ਮੰਨਦੇ ਹਨ ਅਤੇ ਵੈਦਿਕ ਕਾਲ ਤੋਂ ਹੀ ਧਾਰਮਿਕ ਰੀਤਾਂ ਤੇ ਪ੍ਰਤਿਗਿਆ ਦੀ ਪੂਰਤੀ ਸਮੇਂ ਦਿਤੀਆਂ ਭੇਟਾਵਾਂ ਵਿਚ, ਇਸ ਨੂੰ ਵਰਤਿਆ ਜਾਂਦਾ ਹੈ । ਰਿਸ਼ੀ ਮੁਨੀ ਦਰਭ ਘਾਹ ਦਾ ਆਸਣ ਬਣਾ ਕੇ, ਉਸ ਉਤੇ ਪੂਜਾ ਪਾਠ ਤੇ ਤਪਸਿਆ ਕੀਤਾ ਕਰਦੇ ਸਨ । ਪ੍ਰਾਚੀਨ ਕਾਲ ਵਿਚ ਬ੍ਰਾਹਮਣ ਦਰਭ ਘਾਹ ਦੀ ਰੱਸੀ ਦਾ ਜਨੇਊ ਗਲ ਵਿਚ ਪਹਿਨਿਆ ਕਰਦੇ ਸਨ । ਹਿੰਦੂਆਂ ਵਿਚ, ਜਦੋਂ ਕੋਈ ਪ੍ਰਾਣੀ ਅੰਤਲੇ ਸੁਆਸਾਂ ਉਤੇ ਹੁੰਦਾ ਹੈ, ਤਾਂ ਉਸ ਨੂੰ ਜ਼ਿਮੀਂ ਉਤੇ ਲਿਟਾਣ ਤੋਂ ਪਹਿਲਾਂ, ਹੇਠਾਂ ਦਰਭ ਘਾਹ ਵਿਛਾ ਦਿਤਾ ਜਾਂਦਾ ਹੈ, ਨਿਸਚਾ ਹੈ ਕਿ ਦਰਭ ਘਾਹ ਉਤੇ ਸੁਆਸ ਤਿਆਗਣ ਵਾਲੇ ਪ੍ਰਾਣੀ ਦਾ ਅਗਲੇ ਲੋਕ ਦਾ ਭੀੜਾ ਰਾਹ ਸੁਹੇਲਾ ਹੋ ਜਾਂਦਾ ਹੈ ।

ਜ਼ਿਮੀਂਦਾਰ ਦਰਭ ਘਾਹ ਵਾਂਗ ਹਮੇਸ਼ਾਂ ਹਰੇ ਭਰੇ ਰਹਿੰਦੇ ਹਨ । ਇਨ੍ਹਾਂ ਨੂੰ ਜੜ੍ਹੋਂ ਪੁਟਣਾ ਕਠਿਨ ਹੈ ।

ਦਰਭ ਵਿਚ ਸ਼ਕਰ ਭੋਰਨੀ :—ਦੁਸ਼ਮਣ ਨੂੰ ਗੁੜ ਦੇ ਕੇ ਮਾਰਨਾ ।

ਇਕ ਦੰਦ ਕਥਾ ਹੈ ਕਿ ਇਕ ਵਾਰ ਚੰਦਰ ਗੁਪਤ ਕਿਧਰੇ ਲੰਘ ਰਿਹਾ ਸੀ ਕਿ ਉਸ ਨੇ ਇਕ ਬ੍ਰਾਹਮਣ ਨੂੰ ਕੜਕਦੀ ਦੁਪਹਿਰ ਦਰਭ (ਦੱਭ) ਦੀਆਂ ਜੜ੍ਹਾਂ ਵਿਚ ਸ਼ਕਰ ਭੋਰਦੇ ਵੇਖਿਆ । ਚੰਦਰ ਗੁਪਤ ਉਦੋਂ ਰਾਜਾ ਨਹੀਂ ਸੀ ਬਣਿਆ । ਉਸ ਨੇ ਬ੍ਰਾਹਮਣ ਤੋਂ ਇਸ ਤਰ੍ਹਾਂ ਕੜਕਦੀ ਦੁਪਹਿਰ ਸ਼ਕਰ ਭੋਰਨ ਦਾ ਕਾਰਨ ਪੁਛਿਆ । ਪੰਡਤ ਨੇ ਦਸਿਆ ਕਿ ਇਸ ਦੱਭ ਕੰਡੇ ਨੇ ਉਸ ਦੇ ਪਿਉ ਦੇ ਪੈਰਾਂ ਨੂੰ ਜ਼ਖਮੀ ਕੀਤਾ ਸੀ ਤੇ ਜ਼ਖਮ ਵਿਚ ਜ਼ਹਿਰ ਭਰ ਜਾਣ ਨਾਲ ਉਨ੍ਹਾਂ ਦੀ ਮੌਤ ਹੋ ਗਈ, ਮੈਂ ਇਸ ਤੋਂ ਬਦਲਾ ਲੈਣਾ ਚਾਹੁੰਦਾ ਹਾਂ । ਚੰਦਰਗੁਪਤ ਹੱਸ ਪਿਆ ਤੇ ਕਹਿਣ ਲਗਾ, "ਬਦਲਾ ਸ਼ਕਰ ਭੋਰ ਕੇ ਥੋੜਾ ਲਿਆ ਜਾਂਦਾ ਹੈ, ਤੂੰ ਇਸ ਨੂੰ ਜੜ੍ਹੋਂ ਕਿਉਂ ਨਹੀਂ ਵਢ ਦੇਂਦਾ ।" ਪੰਡਿਤ ਕਹਿਣ ਲਗਾ, "ਜੜ੍ਹੋਂ ਵੱਢ ਦੇਣ ਨਾਲ ਇਹ ਮੁੜ ਪੁੰਗਰ ਸਕਦਾ ਹੈ, ਮੈਂ ਇਸ ਦੀਆਂ ਜੜ੍ਹਾਂ ਵਿਚ ਸ਼ਕਰ ਭੋਰਾਂਗਾ ਤੇ ਕੀੜੇ ਇਸ ਦੀਆਂ ਜੜ੍ਹਾਂ ਨੂੰ ਚਟ ਕਰ ਜਾਣਗੇ ਤੇ ਫਿਰ ਇਹ ਕਦੇ ਪੁੰਗਰ ਨਹੀਂ ਸਕੇਗਾ ।" ਇਹੋ ਬ੍ਰਾਹਮਣ ਮਗਰੋਂ ਚਾਣਕੀਆ ਦੇ ਨਾਂ ਨਾਲ ਪ੍ਰਸਿਧ ਹੋਇਆ ।

## (ਦ-47) **ਦਰਿਆ** :

ਵਗਦੇ ਜਲ ਦਾ ਅਸੀਮ ਪ੍ਰਵਾਹ; ਪਹਿਲੇ ਵੇਲਿਆ ਵਿਚ ਦਰਿਆ ਨੂੰ ਕਿਸੇ ਖਿਤੇ ਦੀ ਸੀਮਾ ਮੰਨਿਆ ਜਾਂਦਾ ਸੀ, ਦਰਿਆ ਦੀ ਹੱਦ ਤਕ ਇਕ ਦਿਉਤੇ ਦਾ ਅਧਿਕਾਰ ਹੁੰਦਾ, ਉਸ ਤੋਂ ਪਰੇ ਕਿਸੇ ਹੋਰ ਦਿਉਤੇ ਦਾ । ਇਸ ਲਈ ਦਰਿਆ ਪਾਰ ਕਰਨ ਲਗਿਆਂ, ਪਹਿਲਾਂ ਦਰਿਆ ਪਾਰ ਦੇ ਨਵੇਂ ਦਿਉਤੇ ਦੀ ਪੂਜਾ ਕੀਤੀ ਜਾਂਦੀ ਸੀ ।

ਵਿਆਹ ਦੇ ਦਿਨੀਂ, ਵਰ ਜਾਂ ਕੰਨਿਆਂ ਲਈ, ਦਰਿਆ ਪਾਰ ਕਰਨਾ ਅਸ਼ੁਭ ਮੰਨਿਆ ਜਾਂਦਾ ਹੈ । ਨਿਸਚਾ ਹੈ ਕਿ ਦਰਿਆ ਵਿਚ ਕਈ ਤਰ੍ਹਾਂ ਦੀਆਂ ਚੰਦਰੀਆਂ ਰੂਹਾਂ ਦਾ ਵਾਸਾ ਹੁੰਦਾ ਹੈ ਤੇ ਦਰਿਆ ਪਾਰ ਕਰਦਿਆਂ ਇਹ ਵਰ/ਕੰਨਿਆਂ ਦੇ ਖਹਿੜੇ ਪੈ ਜਾਂਦੀਆਂ ਹਨ । ਇਸ ਕਰਕੇ ਦਰਿਆ ਪਾਰ ਕਰਨਾ ਅਸ਼ੁਭ ਹੁੰਦਾ ਹੈ । ਪੰਜਾਬ ਵਿਚ ਕਈ ਲੋਕ ਦਰਿਆ ਤੋਂ ਪਾਰ ਰਿਸ਼ਤੇ ਨਾਤੇ ਨਹੀਂ ਸਨ ਕਰਦੇ । ਦੁਆਬਿਆਂ ਦੇ

ਦਰਿਆ ਨੂੰ ਦਿਉਤਾ ਮੰਨ ਕੇ ਪੂਜਣਾ ਆਦਿਮ ਕਾਲ ਤੋਂ ਹੀ ਪ੍ਰਚਲਤ ਹੈ । ਆਰੀਆ ਜਾਤੀ ਵਿਚ ਤਾਂ ਸਭ ਦਰਿਆਵਾਂ ਤੇ ਨਦੀ ਨਾਲਿਆਂ ਨੂੰ ਦੇਵ ਤੁਲ ਜਾਣ ਕੇ ਪੂਜਿਆ ਹੈ । ਮਗਰੋਂ ਕੁਝ ਦਾ ਪਸਾਰ, ਅਥਾਹ ਪਾਣੀ ਦਾ ਵੇਗ ਵੇਖ ਕੇ ਅਹਿਮ ਦਰਿਆਵਾਂ ਦੀ ਹੀ ਪੂਜਾ ਕੀਤੀ ਜਾਣ ਲਗੀ (ਵੇਖੋ : ਪਾਣੀ ਦੀ ਪੂਜਾ) ।

ਹਿੰਦੂਆਂ ਦੇ ਪ੍ਰਭਾਵ ਹੇਠ ਮੁਸਲਮਾਨਾਂ ਵਿਚ ਵੀ ਦਰਿਆ ਪੂਜਾ ਦੀ ਪ੍ਰਥਾ ਚਲ ਪਈ । ਉਨ੍ਹਾਂ ਵਿਚ ਖ਼ਵਾਜਾ ਖਿਜ਼ਰ ਨੂੰ 'ਦਰਿਆ' ਪੀਰ ਮੰਨ ਕੇ ਪੂਜਿਆ ਜਾਂਦਾ ਹੈ (ਵੇਖੋ : ਖਵਾਜ਼ਾ ਖਿਜ਼ਰ) ।

## (ਦ-48) **ਦਰਿਆਈ** :

ਚਮੜੇ ਦੀ ਇਕ ਖ਼ਾਸ ਤਰ੍ਹਾਂ ਦੀ ਮਸ਼ਕ, ਜਿਸ ਨਾਲ ਦਰਿਆ ਪਾਰ ਕੀਤਾ ਜਾਂਦਾ ਹੈ । ਇਸ ਮਸ਼ਕ ਵਿਚ ਹਵਾ ਭਰੀ ਹੁੰਦੀ ਹੈ । ਦਰਿਆਈ ਬਨਾਉਣ ਲਈ ਕਿਸੇ ਮੁਰਦੇ ਪਸ਼ੂ ਦੇ ਅੰਦਰ ਦੇ ਮਾਸ ਨੂੰ, ਕਿਸੇ ਇਕ ਥਾਂ ਤੋਂ ਖ਼ਾਸ ਕਰਕੇ ਪਿਛਲੀ ਲੱਤ ਤੋਂ ਬਾਹਰ ਕਢ ਲਿਆ ਜਾਂਦਾ ਹੈ । ਫਿਰ ਖਲੜੀ ਨੂੰ ਉਲਟਾ ਕੇ ਸਾਫ਼ ਕਰ ਲਿਆ ਜਾਂਦਾ ਹੈ ਅਤੇ ਇਸ ਵਿਚ ਹਵਾ ਭਰ ਕੇ, ਚਮੜੇ ਦੀਆਂ ਰੱਸੀਆਂ ਨਾਲ ਇਸ ਨੂੰ ਬੰਨ੍ਹ ਲਿਆ ਜਾਂਦਾ ਹੈ । 'ਦਰਿਆਈ' ਭਾਰੀ ਤੂਫ਼ਾਨਾਂ ਵਿਚ ਵੀ ਡੋਲਦੀ ਨਹੀਂ ਤੇ ਇਸ ਨਾਲ ਸਹਿਜੇ ਹੀ ਦਰਿਆ ਪਾਰ ਹੋ ਜਾਂਦਾ ਹੈ ।

ਧਾਰਨਾ ਹੈ ਕਿ ਖਵਾਜਾ ਖਿਜ਼ਰ ਨੇ ਚਮਾਰ ਨੂੰ ਦਰਿਆਈ ਬਨਾਉਣ ਦੀ ਵਿਧੀ ਸਿਖਾਈ ਸੀ । ਦਰਿਆਈ ਉਤੇ ਖਵਾਜਾ ਖਿਜ਼ਰ ਦੀ ਮਿਹਰ ਹੁੰਦੀ ਹੈ । ਭਾਰੀ ਤੂਫ਼ਾਨਾਂ ਵਿਚ ਵੀ ਇਹ ਅਡੋਲ ਰਹਿੰਦੀ ਹੈ ।

## (ਦ-49) **ਦਰਿਆ ਸਾਹਿਬ** :

ਦਰਿਆ ਸੇਵਕਾਂ ਦੇ ਗੁਰੂ, ਜਿਨ੍ਹਾਂ ਦਾ ਨਾਂ ਵਡੇਰੇ ਲਾਲ ਸੀ । ਦਰਿਆ ਸੇਵਕ ਉਨ੍ਹਾਂ ਨੂੰ ਆਦਰ ਨਾਲ ਦਰਿਆ ਸਾਹਿਬ ਕਹਿੰਦੇ ਹਨ ।

## (ਦ-50) **ਦਰਿਆ ਸੇਵਕ** :

ਦਰਿਆ ਦੀ ਪੂਜਾ ਕਰਨ ਵਾਲਾ ਹਿੰਦੂਆਂ ਦਾ ਇਕ ਫ਼ਿਰਕਾ; ਦੇਸ਼ ਵੰਡ ਤੋਂ ਪਹਿਲਾਂ, ਮੁਲਤਾਨ ਜ਼ਿਲੇ ਵਿਚ ਦਰਿਆ ਦੀ ਪੂਜਾ ਕਰਨ ਵਾਲੇ ਹਿੰਦੂ ਕਾਫ਼ੀ ਗਿਣਤੀ ਵਿਚ ਸਨ । 1891 ਦੀ ਜਨ-ਗਿਣਤੀ ਅਨੁਸਾਰ 8485

ਕੋਈ ਖ਼ਾਸ ਖ਼ਾਸ ਤਿੱਥਾਂ ਨੂੰ ਜੋਤ ਜਗਾਂਦੇ, ਧੂਫ ਤੇ ਚੰਦਨ ਨੂੰ ਵਰਤ ਰਖਦੇ ਅਤੇ ਹਰ ਐਤਵਾਰ ਨੂੰ ਦਰਿਆ ਵਿਚ ਇਸ਼ਨਾਨ ਕਰਦੇ ਸਨ। ਕਈ ਕੱਟੜ ਦਰਿਆ ਸੇਵਕ ਤਾਂ ਨੇਮ ਨਾਲ ਰੋਜ਼ ਦਰਿਆ ਵਿਚ ਇਸ਼ਨਾਨ ਕਰਨ ਜਾਂਦੇ ਸਨ ਭਾਵੇਂ ਉਨ੍ਹਾਂ ਨੂੰ ਕਈ ਮੀਲ ਪੈਦਲ ਤੁਰਨਾ ਪੈਂਦਾ।

ਦਰਿਆ ਸੇਵਕ ਬਹੁਤੇ ਅਰੋੜੇ ਸਨ, ਇਨ੍ਹਾਂ ਦੇ ਗੁਰੂ 'ਠਾਕਰ' ਅਖਵਾਂਦੇ ਸਨ। ਇਹ ਠਾਕਰ ਖ਼ੁਦ ਵੀ ਅਰੋੜੇ ਹੁੰਦੇ ਸਨ, ਜੋ ਅਰੋੜਿਆਂ ਦੀ ਦੱਖਣੀ ਸ਼ਾਖ ਨਾਲ ਸਬੰਧ ਰਖਦੇ ਸਨ। ਇਨ੍ਹਾਂ ਦਰਿਆ ਸੇਵਕਾਂ ਦਾ ਮੁਖ ਅਸਥਾਨ ਭੱਖਰ (ਸਿੰਧ) ਵਿਚ 'ਵਡੇਰੇ ਲਾਲ' ਦਾ ਡੇਰਾ ਸੀ। 'ਦਰਿਆ ਸੇਵਕ' ਵਡੇਰੇ ਲਾਲ ਨੂੰ ਅਵਤਾਰ ਮੰਨਦੇ ਸਨ। 'ਦੂਲ੍ਹਨ ਲਾਲ', 'ਅਮਰ ਲਾਲ', 'ਜ਼ਿੰਦਾ ਪੀਰ', 'ਦਰਿਆ ਸ਼ਾਹਿਬ', 'ਰਲਹਲ ਪੁਰਖ' ਦੇ ਨਾਂ ਨਾਲ ਵੀ ਪ੍ਰਸਿਧ ਸੀ ਇਨ੍ਹਾਂ ਦੀ ਜੀਵਨ ਕਥਾ 'ਅਮਰ ਗੀਤ' ਗ੍ਰੰਥ ਵਿਚ ਮਿਲਦੀ ਹੈ।

ਮੁਲਤਾਨ ਜ਼ਿਲੇ ਵਿਚ ਦੋ ਹੋਰ ਸੰਪਰਦਾਵਾਂ ਗੰਜਾਮਲੀ ਤੇ ਗੋਪਾਲ ਵੀ ਮਿਲਦੀਆਂ ਸਨ, ਜੋ ਦਰਿਆ ਸੇਵਕ ਨਾਲ ਕਾਫ਼ੀ ਹੱਦ ਤਕ ਮੇਲ ਖਾਂਦੀਆਂ ਹਨ। ਗੰਜਾਮਲ ਇਕ ਬ੍ਰਾਹਮਣ ਫਕੀਰ ਹੋਇਆ ਹੈ, ਜਿਸ ਦਾ ਮੰਦਰ ਮੁਲਤਾਨ ਵਿਚ ਹੈ।

(ਦ-51) **ਦਰਿਆ ਦਾਸ** :

ਵੈਰਾਗੀ ਸਾਧੂਆਂ ਦੀ ਇਕ ਸੰਪਰਦਾ ਦੇ ਮੋਢੀ; ਵੈਰਾਗੀਆਂ ਦੇ ਇਸ ਸੰਪਰਦਾਇ ਨੂੰ 'ਦਰਿਆ ਪੰਥ' ਵੀ ਕਹਿੰਦੇ ਹਨ।

(ਦ-52) **ਦਰੂਦ** :

1. ਮੁਸਲਮਾਨਾਂ ਵਿਚ ਪ੍ਰਚਲਤ ਇਕ ਧਾਰਮਿਕ ਰੀਤ, ਜਿਸ ਦੁਆਰਾ ਅੰਨ ਪਦਾਰਥਾਂ ਨੂੰ ਪਿੱਤਰਾਂ ਤਕ ਪਹੁੰਚਾਇਆ ਜਾਂਦਾ ਹੈ। ਇਹ ਰੀਤ ਘਰ ਲੈਣ ਆਏ ਫ਼ਕੀਰ ਕਰਦੇ ਹਨ। ਅੰਨ ਦੇ ਸਿਆਲਿਆਂ ਉਤੇ ਲਖ਼ਾਨ (ਇਕ ਤਰ੍ਹਾਂ ਦੀ ਚੀਜ਼) ਦਾ ਚੂਰਾ ਸੁਟਿਆ ਜਾਂਦਾ ਹੈ ਅਤੇ ਮੱਕੇ ਵਲ ਮੂੰਹ ਕਰ ਕੇ ਕੁਰਾਨ ਦੀਆਂ ਕੁਝ ਆਇਤਾਂ ਪੜ੍ਹੀਆਂ ਜਾਂਦੀਆਂ ਹਨ। ਨਾਲ ਹੀ ਅੱਲ੍ਹਾ ਅਗੇ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਫ਼ਕੀਰਾਂ ਨੂੰ ਭੇਟ ਕੀਤਾ ਜਾ ਰਿਹਾ ਅੰਨ ਮੋਏ ਪਿੱਤਰਾਂ ਨੂੰ

'ਬਾਖੂ ਸਤਿਗੁਰੁ ਆਪਣੇ ਬੰਨਾ ਚਾਰ ਦਰੂਦ'

(ਵਾਰ ਮਾਰੂ ਮ:)

ਮੁਸਲਮਾਨ ਮੋਏ ਪ੍ਰਾਣੀ ਦੀ ਰੂਹ ਦੀ ਸ਼ਾਂਤੀ ਲਈ, ਜੋ ਦੁਆ ਪੜ੍ਹਦੇ ਹਨ, ਉਸ ਨੂੰ 'ਦਰੂਦ ਫਾਤਿਆ' ਕਿਹਾ ਜਾਂਦਾ ਹੈ।

(ਦ-53) **ਦਰੋਖਾ ਪੀਰ** :

ਇਕ ਕਲਪਿਤ ਪੀਰ; ਵਿਆਹ ਸਮੇਂ ਜੰਞ ਦੇ ਢੁਕਾਉ ਮਗਰੋਂ, ਲਾੜ੍ਹੇ ਨਾਲ ਸਾਲੀਆਂ ਤੇ ਲਾੜ੍ਹੀ ਦੀਆਂ ਸਹੇਲੀਆਂ ਕਈ ਤਰ੍ਹਾਂ ਦੇ ਮਖੌਲ ਕਰਦੀਆਂ ਹਨ। ਕਈ ਵਾਰ ਇਕ ਥਾਂ ਦਰੋਖੇ (ਆਲੇ) ਵਿਚ, ਜੁਤੀਆਂ ਰਖ ਕੇ ਤੇ ਉਪਰ ਕਪੜਾ ਦੇ ਕੇ, ਦੀਵਾ ਰਖ ਦਿਤਾ ਜਾਂਦਾ ਹੈ ਤੇ ਲਾੜ੍ਹੇ ਨੂੰ ਇਹ ਕਹਿ ਕੇ ਕਿ ਇਹ 'ਦਰੋਖਾ ਪੀਰ' ਹੈ, ਮੱਥਾ ਟਿਕਵਾਂਦੀਆਂ ਤੇ ਉਸ ਦੀ ਖਿਲੀ ਉਡਾਂਦੀਆਂ ਹਨ।

(ਦ-54) **ਦਰੋਜਾ** :

ਮੁਕਲਾਵੇ ਪਿਛੋਂ ਦੂਜੀ ਵਾਰ ਸਹੁਰੇ ਜਾਣ ਸਮੇਂ ਦੀ ਰਸਮ, ਜਦੋਂ ਧੀ ਨੂੰ ਕਪੜੇ ਲੱਤੇ, ਚੂਰਮਾ ਤੇ ਹੋਰ ਵਸਤੂਆਂ ਦਿਤੀਆਂ ਜਾਂਦੀਆਂ ਹਨ। ਇਹ ਰਸਮ ਪੁਆਧ ਵਿਚ ਪ੍ਰਚਲਤ ਹੈ।

(ਦ-55) **ਦਰੋਪਦੀ** :

ਦਰੋਪਦੀ ਪੰਚਾਲ ਦੇਸ਼ ਦੇ ਰਾਜੇ ਦਰੁਪਦ ਦੀ ਕੰਨਿਆ ਅਤੇ ਪੰਜਾਂ ਪਾਂਡਵਾਂ ਦੀ ਪਤਨੀ ਸੀ। ਕਾਲੇ ਰੰਗ ਦੀ ਹੋਣ ਕਰ ਕੇ ਜਨਮ ਵੇਲੇ ਇਸ ਦਾ ਨਾਂ ਕ੍ਰਿਸ਼ਣਾ ਰਖਿਆ ਗਿਆ ਪਰ ਜਦੋਂ ਮੁਟਿਆਰ ਹੋਈ ਤਾਂ ਇਹ ਬੜੀ ਛਬੀਲੀ ਤੇ ਸੁਹਣੀ ਨਿਕਲ ਆਈ।

ਦਰੋਪਦੀ ਪੂਰਬਲੇ ਜਨਮ ਵਿਚ ਕਿਸੇ ਰਿਸ਼ੀ ਦੀ ਕੰਨਿਆ ਸੀ। ਉਸ ਨੇ ਗੁਣਵਾਨ ਪਤੀ ਦੀ ਕਾਮਨਾ ਨਾਲ ਤਪਸਿਆ ਕੀਤੀ। ਸ਼ੰਕਰ ਨੇ ਵਰ ਮੰਗਣ ਲਈ ਕਿਹਾ ਤਾਂ ਦਰੋਪਦੀ ਨੇ ਸ਼ੰਕਰ ਨੂੰ, ਪੰਜ ਵਾਰ ਕਿਹਾ ਕਿ ਉਸ ਨੂੰ ਸਰਵ ਗੁਣ ਸੰਪੂਰਨ ਪਤੀ ਚਾਹੀਦਾ ਹੈ। ਸ਼ੰਕਰ ਨੇ ਉਸ ਦੀ ਇਛਾ ਪੂਰੀ ਕਰਦਿਆਂ ਕਿਹਾ ਕਿ ਉਸਨੇ ਪੰਜ ਵਾਰ ਕਾਮਨਾ ਕੀਤੀ ਹੈ, ਇਸ ਲਈ ਅਗਲੇ ਜਨਮ ਉਸ ਦੇ ਪੰਜ ਪਤੀ ਹੋਣਗੇ।

ਰਾਜੇ ਦਰੁਪਦ ਨੇ ਦਰੋਪਦੀ ਦਾ ਸਵੰਬਰ ਰਚਿਆ, ਜਿਸ

ਨਾਲ ਘਰ ਲੈ ਆਇਆ । ਜਦੋਂ ਪੰਜੇ ਪਾਂਡਵ ਦਰੋਪਦੀ ਨੂੰ ਲੈ ਕੇ ਕੁੰਤੀ ਕੋਲ ਆਏ ਤਾਂ ਕੁੰਤੀ ਨੇ ਦਰੋਪਦੀ ਨੂੰ ਵੇਖੇ ਬਗੈਰ ਹੀ ਦਰੋਪਦੀ ਨੂੰ ਇਕ ਵਸਤੂ ਸਮਝ ਕੇ ਵੰਡ ਲੈਣ ਦਾ ਆਦੇਸ਼ ਦਿਤਾ । ਸੋ ਦਰੋਪਦੀ ਨੂੰ ਪੰਜਾਂ ਪਾਂਡਵਾਂ ਦੀ ਸਾਂਝੀ ਪਤਨੀ ਬਣ ਕੇ ਰਹਿਣਾ ਪਿਆ । ਉਹ ਹਰੇਕ ਪਤੀ ਦੇ ਘਰ ਦੋ ਦੋ ਦਿਨ ਲਗਾਤਾਰ ਰਿਹਾ ਕਰਦੀ ਤੇ ਉਦੋਂ ਕੇਵਲ ਇਕੋ ਪਤੀ ਨੂੰ ਹੀ ਗ੍ਰਹਿਣ ਕਰਦੀ । ਦੂਜੇ ਕਿਸੇ ਦੇ ਮੂੰਹ ਨਾ ਲਗਦੀ ।

ਹਸਤਨਾਪੁਰ ਵਿਚ ਕੌਰਵਾਂ ਨਾਲ ਜੂਆ ਖੇਡਦਿਆਂ, ਯੁਧਿਸ਼ਠਰ ਇਕ ਇਕ ਕਰ ਕੇ ਆਪਣਾ ਆਪ, ਰਾਜ ਭਾਗ, ਆਪਣੇ ਭਰਾ ਤੇ ਦਰੋਪਦੀ ਸਭ ਕੁਝ ਹਾਰ ਗਿਆ ਤਾਂ ਦਰੋਪਦੀ ਦਾਸੀ ਬਣ ਕੇ ਕੌਰਵਾਂ ਦੇ ਘਰ ਰਹੀ ।

ਦੁਰਯੋਧਨ ਨੇ ਦਰੋਪਦੀ ਨੂੰ ਅਪਮਾਨਤ ਕਰਨ ਲਈ ਉਸ ਨੂੰ ਘਰ ਵਿਚ ਝਾੜੂ ਦੇਣ ਲਈ ਕਿਹਾ, ਪਰ ਦਰੋਪਦੀ ਨੇ ਇਨਕਾਰ ਕਰ ਦਿਤਾ । ਤਾਂ ਦੁਸ਼ਾਸਨ ਨੇ ਦਰੋਪਦੀ ਨੂੰ ਵਾਲਾਂ ਤੋਂ ਫੜ ਕੇ ਦਰਬਾਰ ਵਿਚ ਧੂਹੰਦਾ ਹੋਇਆ ਲੈ ਗਿਆ । ਦਰੋਪਦੀ ਦੇ ਭਰੇ ਦਰਬਾਰ ਵਿਚ ਕਪੜੇ ਉਤਾਰੇ ਗਏ । ਦਰੋਪਦੀ ਨੇ ਹਾਲ ਦੁਹਾਈ ਪਾਈ । ਭੀਮ ਕਰੋਧ ਵਿਚ ਆ ਗਿਆ, ਪਰ ਯੁਧਿਸ਼ਠਰ ਨੇ, ਉਸ ਨੂੰ ਸ਼ਾਂਤ ਰਹਿਣ ਲਈ ਕਿਹਾ । ਭੀਮ ਨੇ ਪ੍ਰਣ ਕੀਤਾ ਕਿ ਉਹ ਦੁਸ਼ਾਸਨ ਦਾ ਲਹੂ ਪੀਏਗਾ । ਦਰੋਪਦੀ ਨੇ ਵੀ ਪ੍ਰਣ ਕੀਤਾ ਕਿ ਉਹ ਉਤਨਾ ਚਿਰ ਆਪਣੇ ਵਾਲ ਖੁਲ੍ਹੇ ਰਖੇਗੀ, ਜਿੰਨਾ ਚਿਰ ਭੀਮ, ਦੁਸ਼ਾਸਨ ਦੇ ਲਹੂ ਨਾਲ ਭਿਜੇ ਹੱਥਾਂ ਨਾਲ, ਉਹਦੇ ਵਾਲਾਂ ਨੂੰ ਨਹੀਂ ਬੰਨ੍ਹੇਗਾ ।

ਪੰਜੇ ਪਾਂਡੋ ਦਰੋਪਦੀ ਸਮੇਤ ਬਾਰਾਂ ਸਾਲ ਬਨਬਾਸ ਵਿਚ ਰਹੇ । ਤੇਰ੍ਹਵਾਂ ਸਾਲ ਉਨ੍ਹਾਂ ਗੁਪਤ ਵਾਸ ਵਿਚ ਰਾਜੇ ਵਿਰਾਟ ਦੀ ਸੇਵਾ ਵਿਚ ਗੁਜ਼ਾਰਿਆ । ਬਨਬਾਸ ਤੋਂ ਬਾਅਦ ਪਾਂਡਵ ਤੇ ਦਰੋਪਦੀ ਆਪਣੇ ਘਰ ਆ ਗਏ ।

ਦਰੋਪਦੀ ਦੇ ਪੰਜ ਪੁੱਤਰ ਸਨ—ਹਰੇਕ ਪਤੀ ਤੋਂ ਇਕ ਇਕ । ਮਹਾਂਭਾਰਤ ਦੇ ਯੁੱਧ ਦੇ ਅਖੀਰਲੇ ਦਿਨ ਅਸ਼ਵਥਾਮਾ ਨੇ ਦਰੋਪਦੀ ਦੇ ਪੰਜੇ ਪੁੱਤਰਾਂ ਨੂੰ ਵਢ ਦਿਤਾ ।

ਅੰਤ ਵਿਚ ਜਦੋਂ ਪਾਂਡਵ ਸੰਸਾਰ ਤਿਆਗ ਕੇ ਹਿਮਾਲੀਆ ਪਰਬਤ ਉਤੇ ਗਏ ਅਤੇ ਉਥੋਂ ਸਵਰਗ ਲੋਕ ਨੂੰ ਪਧਾਰੇ ਤਾਂ ਦਰੋਪਦੀ ਵੀ ਉਨ੍ਹਾਂ ਨਾਲ ਹੀ ਸੀ ।

(ਦ-56) **ਦਰੋਪਦੀ ਅਗਨ-ਉਤਸਵ** :

ਅਗਨ-ਉਤਸਵ ਮਨਾਇਆ ਜਾਂਦਾ ਸੀ, ਜੋ ਅਠਾਰਾਂ ਦਿਨ ਰਹਿੰਦਾ ਸੀ । ਫਰਾਂਸੀਸੀ ਲੇਖਕ ਨੇ ਦਰੋਪਦੀ ਨੂੰ ਧਰਮਰਾਜ ਦੀ ਪਤਨੀ ਲਿਖਿਆ । ਉਸ ਅਨੁਸਾਰ ਇਨ੍ਹਾਂ ਅਠਾਰਾਂ ਦਿਨਾਂ ਵਿਚ ਦਰੋਪਦੀ ਦੀ ਪੂਜਾ ਕਰਨ ਵਾਲੀਆਂ ਤੀਵੀਆਂ ਵਰਤ ਰਖਦੀਆਂ, ਸੰਜਮ ਵਿਚ ਰਹਿੰਦੀਆਂ, ਭੁੰਏਂ ਉਤੇ ਬਿਨਾਂ ਬਸਤਰ ਵਿਛਾਏ ਸੌਂਦੀਆਂ ਤੇ ਅਗਨੀ ਉਤੇ ਤੁਰਦੀਆਂ ਸਨ । ਇਨ੍ਹੀਂ ਦਿਨੀਂ ਦਰੋਪਦੀ ਤੇ ਉਸ ਦੇ ਪਤੀ ਦੀਆਂ ਮੂਰਤੀਆਂ ਨੇਮ ਨਾਲ ਰੋਜ ਪੂਜੀਆਂ ਜਾਂਦੀਆਂ ਤੇ ਅਠਾਰਵੇਂ ਦਿਨ ਸਭ ਤੀਵੀਆਂ ਮੂਰਤੀਆਂ ਨੂੰ ਜਲੂਸ ਦੀ ਸ਼ਕਲ ਵਿਚ ਅਗਨ ਕੁੰਡ ਵਲ ਲੈ ਜਾਂਦੀਆਂ । ਰਾਹ ਵਿਚ ਹੋਰ ਸ਼ਰਧਾਲੂ ਵੀ, ਜਿਨ੍ਹਾਂ ਅਗਨ-ਕੁੰਡ ਵਿਚ ਤੁਰਨਾ ਹੁੰਦਾ ਜਲੂਸ ਵਿਚ ਸ਼ਾਮਲ ਹੋ ਜਾਂਦੇ ਤੇ ਮੂਰਤੀਆਂ ਦੇ ਪਿਛੇ ਪਿਛੇ ਨਾਚ ਕਰਦੇ ਤੇ ਭਜਨ ਗਾਉਂਦੇ ਹੋਏ ਤੁਰਦੇ ਜਾਂਦੇ । ਉਨ੍ਹਾਂ ਦੇ ਸਿਰਾਂ ਉਤੇ ਫੁੱਲਾਂ ਦੇ ਮੁਕਟ ਸਜੇ ਹੁੰਦੇ ਤੇ ਸਰੀਰ ਉਤੇ ਸੰਧੂਰ ਮਲਿਆ ਹੁੰਦਾ । ਅਗਨ ਕੁੰਡ 40 ਕੁ ਫੁੱਟ ਲੰਮੀ ਚੌੜੀ ਹੁੰਦੀ ਹੈ, ਜਿਸ ਵਿਚ ਅਗਨੀ ਲਾਟਾਂ ਛਡ ਰਹੀ ਹੁੰਦੀ । ਪਹਿਲਾਂ ਮੂਰਤੀਆਂ ਨੂੰ ਅਗਨ ਕੁੰਡ ਦੀਆਂ ਤਿੰਨ ਪ੍ਰਕਰਮਾਂ ਕਰਵਾਈਆਂ ਜਾਂਦੀਆਂ । ਫਿਰ ਉਪਾਸਕ ਭਖਦੇ ਕੋਲਿਆਂ ਉਤੇ ਨੰਗੇ ਪੈਰੀਂ ਹੌਲੇ ਹੌਲੇ ਜਾਂ ਤੇਜ਼ ਨਚਦੇ ਟਪਦੇ ਚਲਦੇ ਜਾਂਦੇ । ਕਈ ਤੀਵੀਆਂ ਆਪਣੇ ਬੱਚਿਆਂ ਨੂੰ ਵੀ ਕੁੱਛੜ ਵਿਚ ਚੁਕ ਲੈਂਦੀਆਂ । ਕਈ ਲੋਕ ਤ੍ਰਿਸੂਲ ਕਟਾਰਾਂ ਤੇ ਝੰਡੀਆਂ ਆਦਿ ਚੁਕ ਕੇ ਲੰਘਦੇ, ਜਦੋਂ ਉਪਾਸਕ ਅਗਨ ਕੁੰਡ ਪਾਰ ਕਰ ਲੈਂਦੇ ਤਾਂ ਕੁੰਡ ਦੇ ਦੁਆਲੇ ਖਲੋਤੇ ਲੋਕ ਕੁੰਡ ਦੀ ਸੁਆਹ ਆਪਣੇ ਉਤੇ ਮਲਦੇ ਤੇ ਅਗਨੀ ਉਤੇ ਤੁਰਨ ਵਾਲੇ ਲੋਕਾਂ ਦੇ ਸਿਰਾਂ ਉਤੇ ਪਹਿਨੇ ਮੁਕਟਾਂ ਦੇ ਫੁੱਲ ਨੂੰ ਪ੍ਰਸ਼ਾਦਿ ਵਜੋਂ ਲੈਂਦੇ । ਇਸ ਪ੍ਰਸ਼ਾਦਿ ਨੂੰ ਬੜਾ ਪਵਿਤ੍ਰ ਤੇ ਵਡਮੁਲਾ ਸਮਝਿਆ ਜਾਂਦਾ ਸੀ । ਇਸ ਤਿਉਹਾਰ ਲਈ ਕੋਈ ਖ਼ਾਸ ਤਿੱਥ ਨੀਯਤ ਨਹੀਂ ਸਨ, ਪਰ ਸਾਲ ਦੇ ਮੁਢਲੇ ਮਹੀਨਿਆਂ ਵਿਚ ਇਹ ਤਿਉਹਾਰ ਮਨਾਇਆ ਜਾਂਦਾ ।

ਦਰੋਪਦੀ ਪੰਜਾਂ ਪਾਂਡਵਾਂ ਨਾਲ ਵਿਆਹੀ ਹੋਈ ਸੀ । ਉਹ ਵਾਰੋ ਵਾਰ ਹਰ ਪਤੀ ਨੂੰ ਇਕ ਸਾਲ ਲਈ ਵਸਿਆ ਕਰਦੀ, ਸਾਲ ਦੇ ਖ਼ਾਤਮੇ ਉਤੇ ਦੂਜੇ ਪਤੀ ਦੇ ਘਰ ਵਸਣ ਤੋਂ ਪਹਿਲਾਂ ਉਹ ਅਗਨ-ਕੁੰਡ ਵਿਚ ਚਲ ਕੇ ਆਪਣਾ ਸਰੀਰ ਪਵਿੱਤਰ ਕਰਦੀ ਸੀ । ਇਹ ਤਿਉਹਾਰ ਦਰੋਪਦੀ ਦੀ ਸਿਮਰਤੀ ਵਿਚ ਹੈ ।

ਇਸ਼ਨਾਨ ਕੀਤਾ ਕਰਦੀ ਸੀ, ਇਸ ਕੁੰਡ ਦਾ ਪਾਣੀ ਬੜਾ ਕਲਿਆਨਕਾਰੀ ਮੰਨਿਆ ਗਿਆ ਹੈ ।

(ਦ-58) **ਦਲਿਦਰ ਹੂੰਜਣਾ** :

ਇਕ ਰੀਤ, ਜੋ ਹਿੰਦੂ ਦੀਵਾਲੀ ਦੀ ਸਵੇਰ ਨੂੰ ਕਰਦੇ ਹਨ, ਤੀਵੀਆਂ ਇਕ ਛੱਜ ਲੈ ਕੇ ਘਰ ਦੇ ਸਾਰੇ ਕੋਨਿਆਂ ਵਿਚ ਇਸ ਉਤੇ ਹੱਥ ਮਾਰਦੀਆਂ ਹਨ ਤੇ ਨਾਲ ਹੀ ਉਚਾਰਦੀਆਂ ਹਨ :

ਲਛਮੀ ਆਈ
ਦਲਿੱਦਰ ਨਸਿਆ

ਇਸ ਮਗਰੋਂ ਇਹ ਛੱਜ ਪਿੰਡੋਂ ਬਾਹਰ ਉੱਤਰ-ਪੂਰਬ ਜਾਂ ਪੂਰਬ ਦਿਸ਼ਾ ਵਲ ਸੁਟ ਦਿਤਾ ਜਾਂਦਾ ਹੈ । ਕੁਝ ਤੀਵੀਆਂ ਘਰ ਦੀਆਂ ਸਭ ਗੁੱਠਾਂ ਵਿਚੋਂ ਮਿੱਟੀ ਹੂੰਜ ਕੇ ਇਕ ਛੱਜ ਵਿਚ ਪਾਉਂਦੀਆਂ ਹਨ ਤੇ ਨਾਲ ਹੀ ਕਹਿੰਦੀਆਂ ਜਾਂਦੀਆਂ ਹਨ, "ਲਛਮੀ ਆਈ ਦਲਿਦਰ ਨਸਿਆ ।" ਫਿਰ ਇਸ ਮਿੱਟੀ ਨੂੰ ਘਰੋਂ ਦੂਰ, ਕਿਸੇ ਰੂੜੀ ਤੇ ਸੁਟ ਆਉਂਦੀਆਂ ਹਨ ।

(ਦ-59) **ਦਲ੍ਹੀਜ** :

ਦਲ੍ਹੀਜ ਹੇਠ ਛੋਟੇ ਨਰ ਬੱਚੇ ਨੂੰ ਦੱਬਣ ਦੀ ਪਰੰਪਰਾ ਰਹੀ ਹੈ । ਧਾਰਨਾ ਹੈ ਕਿ ਬੱਚਾ ਮੁੜ ਉਸੇ ਘਰ ਵਿਚ ਜੰਮਦਾ ਹੈ ।

ਵਿਆਹ ਵੇਲੇ ਦਲ੍ਹੀਜ ਟੱਪਣ ਦੀ ਬੜੀ ਮਹੱਤਾ ਹੈ । ਦੂਲ੍ਹੇ ਨੂੰ ਪਹਿਲਾਂ ਸੱਜਾ ਪੈਰ ਅਗੇ ਵਧਾਣਾ ਸ਼ੁਭ ਹੈ, ਲੜਕੀ ਨੂੰ ਖੱਬਾ ਪੈਰ ।

(ਦ-60) **ਦਲ੍ਹੀਜੀਂ ਬੈਠਣਾ** :

ਮਲਹੋਤਰੇ ਖੱਤਰੀਆਂ ਵਿਚ ਗਰਭ ਨਾਲ ਸਬੰਧਿਤ ਇਕ ਰਸਮ; ਜੇਠੇ ਗਰਭ ਦੇ ਸਤਵੇਂ ਮਹੀਨੇ ਗਰਭਵਤੀ, ਘਰ ਦੀ ਦਲ੍ਹੀਜ ਉਤੇ ਬੈਠ ਕੇ ਆਪਣੀ ਨੱਥ ਜਾਂ ਲੌਂਗ ਉਤਾਰ ਦੇਂਦੀ ਹੈ ਤੇ ਮੁੜ ਨਹੀਂ ਪਹਿਨਦੀ । ਇਸ ਮੌਕੇ 'ਤੇ ਤਿੰਨ ਵਾਰ ਸਲੋਕ ਉਚਾਰਿਆ ਜਾਂਦਾ ਹੈ :

ਨੱਕ ਨੱਥ ਲਾਹੀ
ਸਿਰ ਮਿੱਟੀ ਪਾਈ
ਅਸੀ ਲਾਹੀ ਲਾਹੀ ।
ਮੈਂ ਲਾਹੂ

(ਦ-61) **ਦਾਉਣੀ** :

1. ਚੰਨ ਦੀ ਸ਼ਕਲ ਦਾ ਇਕ ਸੋਨੇ ਦਾ ਜੜਾਊ ਗਹਿਣਾ, ਜੋ ਤੀਵੀਆਂ ਮੱਥੇ ਤੇ ਪਹਿਨਦੀਆਂ ਹਨ ।

2. ਮੁਰਦੇ ਦੇ ਖੱਫਣ ਦਾ ਉਹ ਟੋਟਾ, ਜੋ ਉਸ ਦੇ ਅੰਗ ਸਾਕ ਆਪਣੇ ਕੋਲ ਰਖਦੇ ਹਨ । ਕਈ ਤੀਵੀਆਂ ਆਪਣੇ ਪਤੀ ਦੇ ਖੱਫਣ ਨਾਲੋਂ, ਕੋਈ ਟੁਕੜਾ ਪਾੜ ਕੇ ਆਪਣੇ ਕੋਲ ਰਖ ਲੈਂਦੀਆਂ ਹਨ, ਇਸ ਨਾਲ ਘਰ ਵਿਚ ਬਰਕਤ ਰਹਿੰਦੀ ਮੰਨੀ ਗਈ ਹੈ । ਧਾਰਨਾ ਹੈ ਕਿ ਦਾਉਣੀ ਰੱਖਣ ਨਾਲ ਘਰ ਵਿਚ ਛੋਟੇ ਬੱਚੇ ਛੋਟੀ ਉਮਰ ਨਹੀਂ ਮਰਦੇ ਜਾਂ ਉਨ੍ਹਾਂ ਨੂੰ ਪਰਛਾਵਾਂ ਨਹੀਂ ਲਗਦਾ ।

(ਦ-62) **ਦਾਊ** :

ਪੁਆਧ ਵਿਚ, ਵਿਆਹ ਸ਼ਾਦੀ ਜਾਂ ਮੇਲੇ ਉਤੇ ਬਣਾਏ ਸਵਾਂਗ; ਮੇਲੇ ਵਿਚ ਸਵਾਂਗ ਬਣਾ ਕੇ ਘੁੰਮਣ ਵਾਲੇ ਨੂੰ ਵੀ 'ਦਾਊ' ਕਹਿੰਦੇ ਹਨ ।

(ਦ-63) **ਦਾਊਦ** :

ਯਰੋਸ਼ਲਮ ਦਾ ਇਕ ਬਾਦਸ਼ਾਹ, ਜੋ ਇਸਰਾਈਅਲ ਵੰਸ਼ ਵਿਚੋਂ ਸੀ । ਇਸ ਦੀ ਗਿਣਤੀ ਪੈਗੰਬਰਾਂ ਵਿਚ ਕੀਤੀ ਜਾਂਦੀ ਹੈ । ਦਾਊਦ ਯਿਸ਼ੇ ਜਿਸ ਨੂੰ 'ਜੇਸੀ' ਵੀ ਕਹਿੰਦੇ ਹਨ, ਦਾ ਪੁਤ੍ਰ ਤੇ ਸੁਲੇਮਾਨ ਦਾ ਪਿਤਾ ਸੀ । ਉਹ ਇਬਰਾਹੀਮ ਤੋਂ ਚੌਦਵੀਂ ਪੀੜ੍ਹੀ ਸੀ । ਉਹ 70 ਵਰ੍ਹੇ ਦੀ ਉਮਰ ਭੋਗ ਕੇ ਯਰੋਸ਼ਲਮ ਵਿਚ ਮਰਿਆ, ਜਿਥੇ ਉਸ ਦੀ ਕਬਰ ਮੌਜੂਦ ਹੈ । 'ਜ਼ਬੂਰ' ਖ਼ੁਦਾ ਵਲੋਂ ਦਾਊਦ ਪੈਗੰਬਰ 'ਤੇ ਉਤਾਰੀ ਪੁਸਤਕ ਹੈ, ਜਿਸ ਦਾ ਸ਼ੁਮਾਰ ਚਾਰ ਕਤੇਬਾਂ ਵਿਚ ਕੀਤਾ ਜਾਂਦਾ ਹੈ ।

(ਦ-64) **ਦਾਊਦ ਜਹਾਨੀਆ** :

ਇਕ ਮੁਸਲਮਾਨ ਪੀਰ, ਜਿਸ ਦਾ ਅਸਥਾਨ ਮੁਜ਼ਫਰਗੜ੍ਹ ਦੇ ਦੱਖਣ ਵਲ ਰਾਮਪੁਰ (ਦੀਨਪੁਰ) ਦੇ ਪਿੰਡ ਵਿਚ ਹੈ । ਇਸ ਅਸਥਾਨ ਨੂੰ ਸ਼ੇਖ ਅਲਾਦਾਦ ਕੁਰੇਸ਼ੀ ਨੇ ਬਣਵਾਇਆ, ਜੋ ਅਰਬ ਤੋਂ ਰਾਮਪੁਰ ਆ ਕੇ ਵਸਿਆ ਸੀ ਤੇ ਮਖ਼ਦੂਮ ਜਹਾਨੀਆ ਦੀ ਸੇਵਾ ਵਿਚ ਰਹਿ ਚੁਕਾ ਸੀ । ਸ਼ੇਖ ਅਲਾਦਾਦ ਦੀ ਵੰਸ਼ ਹੀ, ਇਸ ਅਸਥਾਨ ਦੀ ਮੁਜਾਵਰ ਚਲੀ ਆ ਰਹੀ ਹੈ । ਇਨ੍ਹਾਂ ਨੂੰ ਮਖ਼ਦੂਮ ਕਿਹਾ ਜਾਂਦਾ ਹੈ । ਇਥੇ ਹਰ ਵੀਰਵਾਰ ਨੂੰ ਲੋਕ ਜੁੜਦੇ ਹਨ । ਚੇਤਰ ਤੇ ਸਾਵਣ ਦੇ ਦਿਨੀਂ ਹਰ ਵੀਰਵਾਰ ਨੂੰ ਭਾਰੀ ਮੇਲੇ ਲਗਦੇ ਹਨ ।

ਮਣ ਆਟਾ ਲੈ ਕੇ ਬੇਟਾ ਚਾੜ੍ਹਨ ਆਉਂਦਾ ਹੈ। ਬੱਕਰਾ ਹਲਾਲ ਕਰ ਕੇ, ਉਸ ਦਾ ਸਿਰ, ਖਲੜੀ ਤੇ ਰਾਂਦ ਮਖਦੂਮ ਨੂੰ ਭੇਟ ਕੀਤੀ ਜਾਂਦੀ ਹੈ ਤੇ ਬਾਕੀ ਮਾਸ ਰਿੰਨ੍ਹ ਪਕਾ ਕੇ ਗਰੀਬਾਂ ਵਿਚ ਵੰਡਿਆ ਜਾਂਦਾ ਹੈ।

ਧਾਰਨਾ ਹੈ ਕਿ ਇਥੇ ਆ ਕੇ ਕੋਹੜੀਆਂ ਦਾ ਕੋਹੜ ਦੂਰ ਹੋ ਜਾਂਦਾ ਹੈ ਅਤੇ ਪੰਜਾਬ ਤੇ ਕਸ਼ਮੀਰ ਤੋਂ ਕੋਹੜੀ ਇਥੇ ਅਰੋਗਤਾ ਲਈ ਆਉਂਦੇ ਹਨ। ਜਿਨ੍ਹਾਂ ਦਾ ਕੋਹੜ ਦੂਰ ਹੋ ਜਾਂਦਾ ਹੈ, ਉਹ ਰੋਗੀ ਅੰਗ ਦਾ ਸੋਨੇ ਜਾਂ ਚਾਂਦੀ ਦਾ ਮਾਡਲ ਬਣਾ ਕੇ ਬੇਟਾ ਚਾੜ੍ਹਦੇ ਹਨ। ਇਥੇ ਕੋਹੜੀ ਠੰਢੀ ਤੇ ਗਰਮ ਰੇਤ ਵਿਚ ਇਸ਼ਨਾਨ ਕਰਦੇ ਹਨ, ਜਿਸ ਦਾ ਪ੍ਰਬੰਧ ਮੁਜਾਵਰ ਕਰਦੇ ਹਨ। ਅਜਿਹੇ ਇਸ਼ਨਾਨ ਨੂੰ 'ਰੰਗਣ' ਕਹਿੰਦੇ ਹਨ (ਮੁਜ਼ੱਫਰਗੜ੍ਹ ਗਜ਼ਟੀਅਰ, ਪੰਨਾ 73)।

(ਦ-65) **ਦਾਇਆ** :

ਸੇਵਕ ਜੋ ਵਿਆਹ ਦੇ ਦਿਨੀਂ ਦੂਲ੍ਹੇ ਦੇ ਨਾਲ ਰਹਿੰਦਾ ਹੈ। ਮਾਈਏਂ ਪੈਣ ਮਗਰੋਂ ਵਿਆਹ ਤਕ, ਵਰ ਨੂੰ ਚੰਦਰੀਆਂ ਰੂਹਾਂ ਦੇ ਡਰੋਂ ਇਕੱਲਾ ਨਹੀਂ ਰਹਿਣ ਦਿਤਾ ਜਾਂਦਾ। ਉਸਦੇ ਨਾਲ ਇਕ ਮਿਤ੍ਰ ਤੇ ਇਕ ਸੇਵਕ ਰਹਿੰਦਾ ਹੈ। ਇਸ ਮਿਤ੍ਰ ਨੂੰ ਸਬਾਲਾ ਕਿਹਾ ਜਾਂਦਾ ਹੈ ਤੇ ਸੇਵਕ ਨੂੰ ਦਾਇਆ।

(ਦ-66) **ਦਾਈ** :

1. ਬੱਚੇ ਜਮਾਉਣ ਦਾ ਕਿੱਤਾ ਕਰਨ ਵਾਲੀ ਔਰਤ; ਬੱਚਾ ਜੰਮਣ ਮਗਰੋਂ ਦਾਈ ਬੱਚੇ ਦਾ ਨਾੜੂਆ ਕਟਦੀ ਤੇ ਨਵ੍ਹਾਉਂਦੀ ਹੈ। ਦਾਈ ਨੂੰ ਇਸ ਕੰਮ ਬਦਲੇ ਆਟਾ, ਘਿਉ, ਗੁੜ ਤੇ ਨਕਦ ਲਾਗ ਵਜੋਂ ਦਿਤੇ ਜਾਂਦੇ ਹਨ। ਸਜ-ਵਿਆਹੀ ਕੁੜੀ ਜਦੋਂ ਪਹਿਲੀ ਵਾਰ ਸਹੁਰੇ ਜਾਂਦੀ ਹੈ ਤਾਂ ਉਸ ਦੇ ਨਾਲ ਦਾਈ ਨੂੰ ਭੇਜਿਆ ਜਾਂਦਾ ਹੈ। ਹੁਣ ਇਹ ਰਿਵਾਜ ਨਹੀਂ ਰਿਹਾ।

2. ਲੁਕਣ ਮੀਟੀ ਖੇਡਣ ਵੇਲੇ ਜਿਹੜਾ ਆੜੀ ਮੀਟੀ ਦੇਣ ਵਾਲੇ ਆੜੀ ਦੀਆਂ ਅੱਖਾਂ ਮੀਟਦਾ ਤੇ ਬਾਕੀ ਆੜੀਆਂ ਨੂੰ ਛੁਪ ਜਾਣ ਦੀ ਚੇਤਾਵਨੀ ਦੇਂਦਾ ਹੈ, ਉਸ ਨੂੰ ਵੀ ਦਾਈ ਕਿਹਾ ਜਾਂਦਾ ਹੈ। ਲੁਕਣ ਮੀਟੀ ਦੀ ਖੇਡ ਵੇਲੇ ਬੱਚੇ ਕਈ ਵਾਰ ਕੋਈ ਸਥਾਨ ਜਾਂ ਵਸਤੂ, ਘਰ, ਥੜ੍ਹਾ ਆਦਿ ਨਿਸ਼ਚਤ ਕਰ ਲੈਂਦੇ ਹਨ। ਜਿਸ ਨੂੰ ਛੂਹ ਲੈਣ ਮਗਰੋਂ, ਮੀਟੀ ਵਾਲਾ ਉਸ ਨੂੰ ਛੂਹ ਨਹੀਂ ਸਕਦਾ। ਇਸ ਮਿਥੀ ਥਾਂ

ਇਕ ਕਿਸਮ ਹੈ; ਖੇਡਣ ਵਾਲੇ ਬੱਚੇ ਪਹਿਲਾਂ ਪੁੱਗਦੇ ਹਨ, ਜਿਹੜਾ ਅਪੁੱਗ ਰਹਿ ਜਾਵੇ, ਉਸ ਦੇ ਸਿਰ ਮੀਟੀ ਆ ਜਾਂਦੀ ਹੈ। ਮੀਟੀ ਦੇਣ ਵਾਲਾ, ਅੱਖਾਂ ਮੀਟ ਕੇ, ਕੰਧ ਵਲ ਮੂੰਹ ਕਰ ਕੇ ਖਲੋ ਜਾਂਦਾ ਹੈ। ਬੱਚੇ ਉਚੀ ਸੁਰ ਵਿਚ ਮੀਟੀ ਦੇਣ ਵਾਲੇ ਨੂੰ ਕਹਿੰਦੇ ਹਨ :

ਤੇਰੇ ਪੈਰਾਂ ਹੇਠ ਛੋਲੇ
ਜੇ ਤੂੰ ਮੁੜ ਕੇ ਪਿਛੇ ਵੇਖੇਂ
ਤੇਰੀਆਂ ਅੱਖਾਂ ਵਿਚ ਪੈਣ ਫੋਲੇ।

ਇਹ ਕਹਿ ਕੇ ਸਭ ਬੱਚੇ ਲੁਕ-ਛਿਪ ਜਾਂਦੇ ਹਨ। ਇਕ ਬੱਚਾ ਜ਼ੋਰ ਦੀ ਤਾੜੀ ਮਾਰਦਾ ਹੈ। ਤਾੜੀ ਦੀ ਅਵਾਜ਼ ਸੁਣ ਕੇ ਮੀਟੀ ਵਾਲਾ ਬੱਚਾ ਅੱਖਾਂ ਖੋਲ੍ਹ ਕੇ ਆਪਣੇ ਸਭਨਾਂ ਸਾਥੀਆਂ ਨੂੰ ਢੂੰਡਦਾ ਤੇ ਛੂਹੰਦਾ ਹੈ। ਜਿਹੜਾ ਛੂਹਿਆ ਜਾਵੇ ਉਸ ਸਿਰ ਮੀਟੀ ਆ ਜਾਂਦੀ ਹੈ। ਖੇਡ ਮੁੜ ਨਵੇਂ ਸਿਰੇ ਤੋਂ ਪਹਿਲਾਂ ਵਾਂਗ ਹੀ ਸ਼ੁਰੂ ਹੋ ਜਾਂਦੀ ਹੈ।

(ਦ-68) **ਦਾਈ ਛੂਹਣੇ** :

ਲੁਕਣ ਮੀਟੀ ਦੀ ਇਕ ਖੇਡ; ਪੁਆਧ ਵਿਚ ਇਸ ਖੇਡ ਦਾ ਸਥਾਨਕ ਨਾਂ ਦਾਈ ਛੂਹਣੇ ਹੈ (ਵੇਖੋ : ਲੁਕਣ ਮੀਟੀ)।

(ਦ-69) **ਦਾਸ** :

ਸੇਵਕ, ਦੂਜੇ ਦੀ ਟਹਿਲ ਸੇਵਾ ਕਰਨ ਵਾਲਾ; ਕਈ ਹਿੰਦੂਆਂ ਦੇ ਨਾਵਾਂ ਦੇ ਅੰਤ ਵਿਚ 'ਦਾਸ' ਸ਼ਬਦ ਆਉਂਦਾ ਹੈ ਜਿਵੇਂ, ਰਾਮ ਦਾਸ; ਨਾਵਾਂ ਦੇ ਮਗਰ ਦਾਸ ਦੀ ਉਪਾਧੀ ਲਗਾਉਣ ਦੀ ਪ੍ਰਥਾ ਹਿੰਦੂਆਂ ਵਿਚ ਵਧੇਰੇ ਕਰਕੇ ਮੁਸਲਮਾਨੀ ਰਾਜ ਸਮੇਂ ਪਈ, ਜਦੋਂ ਹਿੰਦੂ ਮਾਨਸਿਕ ਤੌਰ ਤੇ ਵੀ ਗ਼ੁਲਾਮ ਹੋ ਚੁਕੇ ਸਨ ਤੇ ਦਾਸ ਭਾਵਨਾ ਉਨ੍ਹਾਂ ਵਿਚ ਘਰ ਕਰ ਚੁਕੀ ਸੀ। ਅਕਬਰ ਦੇ ਰਾਜ ਸਮੇਂ ਕੁਝ ਰਾਜਪੂਤ ਵੀ ਆਪਣੇ ਨਾਂ ਨਾਲ 'ਦਾਸ' ਸ਼ਬਦ ਦਾ ਪ੍ਰਯੋਗ ਕਰਦੇ ਸਨ। ਜਹਾਂਗੀਰ ਦੇ ਸਹੁਰੇ ਤੇ ਸੁਲਤਾਨ ਖੁਸਰੋ ਦੇ ਨਾਨੇ ਦਾ ਨਾਂ ਰਾਜਾ ਭਗਵਾਨ ਦਾਸ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਤੇ ਰਾਜਪੂਤਾਂ ਦੀ ਅਣਖ ਨੂੰ ਹਲੂਣਿਆ ਤੇ ਉਨ੍ਹਾਂ ਨੂੰ ਆਪਣੇ ਨਾਵਾਂ ਨਾਲ 'ਦਾਸ' ਸ਼ਬਦ ਲਗਾਣ ਤੋਂ ਵਰਜਿਆ। ਜਦੋਂ ਸਿੱਖਾਂ ਨੇ ਆਪਣੇ ਨਾਵਾਂ ਦੇ ਅੰਤ ਵਿਚ ਸਿੰਘ (ਸ਼ੇਰ) ਲਗਾਣਾ ਸ਼ੁਰੂ ਕੀਤਾ ਤਾਂ ਹਿੰਦੂਆਂ ਨੇ ਵੀ ਦਾਸ ਲਗਾਉਣਾ ਤਿਆਗ ਦਿਤਾ। ਹੁਣ ਬਹੁਤ ਘਟ ਹਿੰਦੂ ਆਪਣੇ ਨਾਂ ਨਾਲ

(ਦ-70) **ਦਾਹ ਸੰਸਕਾਰ** :

ਮੁਰਦੇ ਨੂੰ ਫੂਕਣ ਦੀ ਕਿਰਿਆ; ਹਿੰਦੂਆਂ ਸਿੱਖਾਂ ਵਿਚ, ਮ੍ਰਿਤਕ ਸਰੀਰ ਨੂੰ ਮਰਘਟ ਵਿਚ ਅਗਨ-ਭੇਟ ਕੀਤਾ ਜਾਂਦਾ ਹੈ। ਜਦੋਂ ਅਰਥੀ ਸ਼ਮਸ਼ਾਨ ਵਿਚ ਪਹੁੰਚਦੀ ਹੈ ਤਾਂ ਮੁਰਦੇ ਨੂੰ ਲੱਕੜਾਂ ਉਤੇ ਪਾ ਕੇ, ਉਪਰ ਹੋਰ ਲੱਕੜਾਂ ਟਿਕਾ ਦਿਤੀਆਂ ਜਾਂਦੀਆਂ ਹਨ। ਮੁਰਦੇ ਦੇ ਪੈਰ ਦੱਖਣ ਵਲ, ਜਮ ਦੀ ਨਗਰੀ ਵਲ, ਕੀਤੇ ਜਾਂਦੇ ਹਨ ਤਾਂ ਜੋ ਮ੍ਰਿਤਕ ਦੀ ਆਤਮਾ ਸਿਧੀ ਜਮਪੁਰੀ ਵਲ ਪਧਾਰੇ ਤੇ ਭਟਕੇ ਨਾ। ਮੁਰਦੇ ਦੇ ਮੂੰਹ ਨੱਕ ਤੇ ਅੱਖ ਵਿਚ ਘਿਉ ਤੇ ਦਹੀਂ ਪਾਇਆ ਜਾਂਦਾ ਹੈ। ਫਿਰ ਇਕ ਪੂਲੇ ਨੂੰ ਅੱਗ ਲਗਾ ਕੇ ਮ੍ਰਿਤਕ ਦਾ ਵਡਾ ਪੁੱਤਰ ਚਿਖਾ ਦੁਆਲੇ ਪੁਠੀ ਪਰਕਰਮਾ ਕਰ ਕੇ ਚਿਖਾ ਨੂੰ ਦਾਹ ਦੇਂਦਾ ਹੈ। ਅੱਗ ਦਾਗਣ ਤੋਂ ਪਹਿਲਾਂ ਸਿੱਖਾਂ ਵਿਚ ਜਪੁ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਹਿੰਦੂ ਇਸ ਸਮੇਂ ਹਵਨ ਕਰਦੇ ਹਨ। ਦਾਹ ਸੰਸਕਾਰ ਮਗਰੋਂ ਕਪਾਲ ਕਿਰਿਆ ਕੀਤੀ ਜਾਂਦੀ ਹੈ, ਜਿਸ ਮਗਰੋਂ ਅਰਥੀ ਨਾਲ ਆਏ ਲੋਕ ਵਾਪਿਸ ਚਲ ਪੈਂਦੇ ਹਨ। ਕਈ ਭਾਈਚਾਰੇ ਦਾਹ ਸੰਸਕਾਰ ਸਮੇਂ ਹੀ ਤਿਨਕਾ ਤੋੜਨ ਦੀ ਰਸਮ ਕਰਦੇ ਹਨ ਅਤੇ ਘਾਹ ਦਾ ਤੀਲਾ ਤੋੜ ਕੇ ਅੱਗ ਵਿਚ ਪਾਉਂਦੇ ਹਨ। ਕਈ ਭਾਈਚਾਰੇ ਰਾਹ ਵਿਚ ਕਿਸੇ ਨਦੀ 'ਤੇ ਇਸ਼ਨਾਨ ਕਰਨ ਮਗਰੋਂ ਚਿਖਾ ਵਲ ਮੂੰਹ ਕਰ ਕੇ ਤਿਨਕਾ ਤੋੜ ਕੇ ਸੁਟਦੇ ਹਨ।

(ਦ-71) **ਦਾਹਾ** :

1. ਪ੍ਰਾਣੀ ਦੇ ਮਰਨ ਮਗਰੋਂ ਦਸਵੇਂ ਦਿਨ ਹੋਇਆ ਭਾਈਚਾਰੇ ਦਾ ਇਕੱਠ।

2. ਮੁਹੱਰਮ ਦੇ ਮਹੀਨੇ ਦੇ ਪਹਿਲੀ ਤੋਂ ਦਸਵੀਂ ਤਕ ਦੇ ਦਿਨ; ਦਸਵੇਂ ਦਿਨ ਸ਼ੀਹਾ ਮੁਸਲਮਾਨ ਹਸਨ ਹੁਸੈਨ ਦੀ ਯਾਦ ਵਿਚ ਤਾਜ਼ੀਏ ਕਢਦੇ ਹਨ।

(ਦ-72) **ਦਾਹਾ ਧੋਣਾ** :

ਕਿਸੇ ਪ੍ਰਾਣੀ ਦੇ ਮਰਨ ਮਗਰੋਂ, ਚੌਥੇ ਤਕ, ਦਾਹੇ ਦਾ ਸੂਤਕ ਮੰਨਿਆ ਜਾਂਦਾ ਹੈ। ਚੌਥੇ ਵਾਲੇ ਦਿਨ ਫੁਲ ਚੁਣਨ ਮਗਰੋਂ ਦਾਹਾ ਧੋਤਾ ਜਾਂਦਾ ਹੈ। ਭਾਵ ਸਾਰੇ ਘਰ ਨੂੰ ਲਿੰਬਿਆ ਪੋਚਿਆ ਜਾਂਦਾ ਹੈ। ਘਰ ਦੀਆਂ ਸਾਰੀਆਂ ਤੀਵੀਆਂ, ਮਰਦ ਤੇ ਬੱਚੇ ਕੇਸੀ ਇਸ਼ਨਾਨ ਕਰਦੇ ਹਨ। ਦਾਹਾ ਸ਼ਬਦ 'ਦਾਹ ਸੰਸਕਾਰ' ਨਾਲ ਸਬੰਧਿਤ ਹੈ, ਇਸ ਦਾ

(ਦ-73) **ਦਾਜ** :

ਵਿਆਹ ਸ਼ਾਦੀ ਦੇ ਮੌਕੇ ਉਤੇ ਕੰਨਿਆਂ ਦੇ ਪਿਤਾ ਵਲੋਂ ਦਿਤੀਆਂ ਵਸਤੂਆਂ। ਇਨ੍ਹਾਂ ਵਿਚ ਕਪੜੇ, ਗਹਿਣੇ, ਭਾਂਡੇ, ਪਲੰਘ ਪੀੜ੍ਹੇ ਅਤੇ ਨਿਤ ਵਰਤੋਂ ਦੀਆਂ ਹੋਰ ਨਿੱਕੀਆਂ ਵੱਡੀਆਂ ਵਸਤੂਆਂ ਹੁੰਦੀਆਂ ਹਨ। ਪੰਜਾਬੀ ਸਭਿਆਚਾਰ ਵਿਚ ਦਾਜ ਦਾ ਕਾਫ਼ੀ ਮਹੱਤਵ ਹੈ। ਪਰ ਇਹ ਕੰਨਿਆਂ ਪੱਖ ਲਈ ਬੜਾ ਮਾਨਸਿਕ ਤੇ ਆਰਥਕ ਬੋਝ ਬਣ ਗਿਆ ਹੈ।

(ਦ-74) **ਦਾਜ ਵਿਖਾਈ** :

ਫੇਰਿਆਂ ਮਗਰੋਂ ਜਦੋਂ ਕੰਨਿਆਂ ਪੱਖ ਵਾਲੇ ਵਰ ਪੱਖ ਨੂੰ ਦਾਜ ਵਿਖਾਂਦੇ ਹਨ ਤਾਂ ਕੰਨਿਆਂ ਦੀ ਮਾਂ ਵਰ ਦੇ ਪਿਉ ਜਾਂ ਕਿਸੇ ਹੋਰ ਵਡਿੱਕੇ ਨੂੰ ਸਭ ਤੋਂ ਪਹਿਲਾਂ ਦਾਜ ਵਿਖਾਂਦੀ ਤੇ ਸਾਰਾ ਵੇਰਵਾ ਦੱਸਦੀ ਹੈ। ਉਸ ਸਮੇਂ ਕੰਨਿਆਂ ਦੀ ਮਾਂ ਵਰ ਦੇ ਪਿਉ ਆਦਿ ਨੂੰ ਦਾਜ ਵਿਖਾਈ ਵਜੋਂ ਕੁਝ ਰਕਮ ਭੇਟ ਕਰਦੀ ਹੈ।

(ਦ-75) **ਦਾਣੇ ਦਾਣੇ ਤੇ ਮੋਹਰ** :

ਲੋਕ-ਨਿਸ਼ਚੇ ਅਨੁਸਾਰ, ਅੰਨ ਦੇ ਹਰੇਕ ਦਾਣੇ ਉਤੇ, ਉਸ ਦੇ ਖਾਣ ਵਾਲੇ ਦੇ ਨਾਂ ਦੀ ਮੋਹਰ ਲੱਗੀ ਹੁੰਦੀ ਹੈ। ਭਾਵ ਸੰਸਾਰ ਵਿਚ ਹਰ ਜੀਵ ਦਾ ਖਾਣਾ ਨਿਸ਼ਚਿਤ ਹੈ, ਜੇ ਕਿਸੇ ਦੇ ਘਰੋਂ ਕੋਈ ਸ਼ਖ਼ਸ ਰੋਟੀ ਵੇਲੇ ਪਹੁੰਚ ਕੇ ਕੋਈ ਚੀਜ਼ ਵਸਤ ਖਾ ਲਏ ਤਾਂ ਕਹਿੰਦੇ ਹਨ : 'ਆਪਣਾ ਅੰਨ ਨਿਖੇੜਿਆ ਸੂ।' ਇਸ ਵਿਸ਼ੇ ਨਾਲ ਸਬੰਧਿਤ ਕਈ ਲਘੂ-ਕਥਾਵਾਂ ਪ੍ਰਚਲਤ ਹਨ। ਇਕ ਕਥਾ ਅਨੁਸਾਰ ਇਕ ਵਾਰ ਇਕ ਫ਼ਕੀਰ ਨੇ ਕਿਸੇ ਸ਼ਖ਼ਸ ਨੂੰ ਕਿਹਾ ਕਿ ਦਾਣੇ ਦਾਣੇ ਤੇ ਖਾਣ ਵਾਲੇ ਦੀ ਮੋਹਰ ਹੁੰਦੀ ਹੈ। ਉਸ ਸ਼ਖ਼ਸ ਨੇ ਇਸ ਗੱਲ ਦਾ ਮਖੌਲ ਉਡਾਇਆ ਤੇ ਕਿਹਾ ਕਿ ਅਜਿਹਾ ਅੰਨ ਲਿਆ ਜਿਸ ਤੇ ਮੇਰੇ ਨਾਂ ਦੀ ਮੋਹਰ ਨਾ ਹੋਵੇ ਤੇ ਮੈਂ ਖਾ ਕੇ ਦਸਦਾ ਹਾਂ। ਫ਼ਕੀਰ ਕਰਣੀ ਵਾਲਾ ਸੀ, ਉਸਨੇ ਉਸ ਸ਼ਖ਼ਸ ਨੂੰ ਅੰਨ ਦਾ ਇਕ ਦਾਣਾ ਦੇਂਦਿਆਂ ਕਿਹਾ ਕਿ ਇਸ ਦਾਣੇ ਤੇ ਮੁਰਗੀ ਦੇ ਨਾਂ ਦੀ ਮੋਹਰ ਹੈ। ਉਸ ਸ਼ਖ਼ਸ ਨੇ ਉਹ ਦਾਣਾ ਮੂੰਹ ਵਿਚ ਪਾਇਆ ਤੇ ਉਸ ਨੂੰ ਹਥੂ ਆ ਗਿਆ ਤੇ ਖੰਘਣ ਨਾਲ ਦਾਣਾ ਮੂੰਹ ਵਿਚੋਂ ਬਾਹਰ ਆ ਡਿਗਿਆ। ਇਕ ਕੁਕੜੀ ਦੌੜੀ ਆਈ ਤੇ ਅੰਨ ਦਾ ਦਾਣਾ ਚੁਕ ਕੇ ਖਾ ਗਈ। ਫ਼ਕੀਰ ਦੀ ਗੱਲ ਦਾ ਨਿਤਾਰਾ ਹੋ ਗਿਆ।

ਲੋਕ-ਨਿਸ਼ਚੇ ਅਨੁਸਾਰ ਜਦੋਂ ਕਿਸੇ ਦੇ ਨਾਂ ਦੇ ਦਾਣੇ ਸੰਸਾਰ

ਕੁੜਮ ਨੂੰ ਦਿਤਾ ਗਿਆ ਮਠਿਆਈ ਦਾ ਥਾਲ ਜਾਂ ਨਕਦ ਰਕਮ ।

(ਦ-77) **ਦਾਤਨ** :

ਹਰੀ ਟਹਿਣੀ ਦਾ ਟੁਕੜਾ ਜਾਂ ਦੰਦਾਸਾ ਜੋ ਦੰਦਾਂ ਨੂੰ ਸਾਫ਼ ਕਰਨ ਲਈ ਵਰਤਿਆ ਜਾਂਦਾ ਹੈ। ਧਾਰਨਾ ਹੈ ਕਿ ਪੂਰਨਮਾਸ਼ੀ ਵਾਲੇ ਦਿਨ ਦਾਤਨ ਕਰਨ ਨਾਲ ਸਭ ਪਾਪ ਧੁਲ ਜਾਂਦੇ ਹਨ, ਪਰ ਅਮਾਵਸ ਨੂੰ ਜੇ ਦਾਤਨ ਕੀਤਾ ਜਾਵੇ ਤਾਂ ਕੁਕਰਮ ਫਲਦੇ ਹਨ। ਹਰੀਤ ਸਿਮਰਤੀ ਅਨੁਸਾਰ ਏਕਮ, ਮੱਸ, ਛਠ ਅਤੇ ਨੌਮੀ ਨੂੰ ਦਾਤਨ ਕਰਨ ਵਾਲੇ ਦੀਆਂ ਸਤ ਕੁਲਾਂ ਭਸਮ ਹੋ ਜਾਂਦੀਆਂ ਹਨ। ਇਨ੍ਹਾਂ ਤਿਥਾਂ ਨੂੰ ਕਈ ਹਿੰਦੂ ਦਾਤਨ ਨਹੀਂ ਕਰਦੇ। ਅਤ੍ਰੀ ਸਿਮਰਤੀ ਅਨੁਸਾਰ ਉਂਗਲ ਨਾਲ ਦੰਦ ਸਾਫ਼ ਕਰਨਾ ਗਊ ਮਾਸ ਖਾਣ ਦੇ ਤੁਲ ਹੈ।

(ਦ-78) **ਦਾਤਨ ਸਾਹਿਬ** :

ਪੰਜਾਬ ਵਿਚ ਕਈ ਰੁੱਖ ਅਜਿਹੇ ਮਿਲਦੇ ਹਨ, ਜੋ ਗੁਰੂ ਪੀਰ ਜਾਂ ਸੰਤ ਵਲੋਂ, ਦੰਦ ਸਾਫ਼ ਕਰਨ ਮਗਰੋਂ, ਸੁਟੇ ਗਏ ਦਾਤਨ ਤੋਂ ਉਗੇ ਹਨ। ਅਜਿਹੇ ਬ੍ਰਿਛਾਂ ਨੂੰ ਸਿੱਖ 'ਦਾਤਨ ਸਾਹਿਬ' ਕਹਿੰਦੇ ਹਨ। ਸੁਲਤਾਨਪੁਰ ਦੇ ਲਾਗੇ ਕਾਲੀ ਬੇਈਂ ਦੇ ਕੰਢੇ ਗੁਰੂ ਨਾਨਕ ਦੇਵ ਜੀ ਦੀ ਸਿਮਰਤੀ ਵਿਚ, ਇਕ ਗੁਰਦੁਆਰਾ ਬੇਰ ਸਾਹਿਬ ਹੈ। ਰਵਾਇਤ ਹੈ ਕਿ ਇਥੇ ਗੁਰੂ ਨਾਨਕ ਦੇਵ ਜੀ ਨੇ, ਇਕ ਬੇਰੀ ਨਾਲੋਂ ਦਾਤਨ ਤੋੜ ਕੇ ਕੀਤੀ ਸੀ ਤੇ ਮਗਰੋਂ ਬੇਈਂ ਦੇ ਕੰਢੇ ਗੱਡ ਦਿਤੀ। ਇਹ ਟਹਿਣੀ ਵੱਧ ਕੇ ਬ੍ਰਿਛ ਬਣ ਗਈ।

ਲਾਹੌਰ ਤਹਿਸੀਲ ਵਿਚ ਮਘਿਆਨਾ ਕਲਾ ਵਿਚ, ਗੁਰੂ ਨਾਨਕ ਦੇਵ ਜੀ ਦੀ ਸਿਫ਼ਤੀ ਵਿਚ ਇਕ ਗੁਰਦਵਾਰਾ ਦਾਤਨ ਸਾਹਿਬ ਹੈ।

ਗੁਰਦਾਸਪੁਰ ਤਹਿਸੀਲ ਵਿਚ, ਗਲੇਰੀਆਂ ਵਿਚ, ਇਕ ਪੁਰਾਣੀ ਟਾਹਲੀ ਹੈ। ਰਵਾਇਤ ਹੈ ਕਿ ਇਹ ਟਾਹਲੀ ਉਸ ਦਾਤਨ ਤੋਂ ਉਗੀ ਜੋ ਬਾਬਾ ਸ੍ਰੀ ਚੰਦ ਨੇ ਕਰ ਕੇ, ਇਥੇ ਸੁਟੀ ਸੀ। ਇਥੇ ਹਰ ਸਾਲ ਵਿਸਾਖੀ ਉਤੇ ਮੇਲਾ ਲਗਦਾ ਹੈ (ਗੁਰਦਾਸਪੁਰ ਗਜ਼ਟੀਅਰ, 25)।

ਮੁਸਲਮਾਨ ਪੀਰਾਂ ਵਿਚੋਂ ਅਬਦੁਲ ਕਾਦਿਰ ਜਿਲਾਨੀ ਦੇ ਕੀਤੇ ਨਿੰਮ ਦੇ ਦਾਤਨ ਉਤੇ ਉਗਿਆ ਨਿੰਮ ਦਾ ਰੁੱਖ ਸਖਿਆਣੇ ਵਿਚ ਮਿਲਦਾ ਹੈ।

ਇਸੇ ਤਰ੍ਹਾਂ ਇਕ ਹੋਰ ਦਰਖਤ, ਜਿਸ ਨੂੰ 'ਦੰਤ ਧਵ... ਕਿਹਾ ਜਾਂਦਾ ਹੈ ਸਕਿਤ ਵਿਖੇ ਮਿਲਦਾ ਹੈ। ਕਹਿੰਦੇ ਹ... ਇਹ ਬ੍ਰਿਛ ਮਹਾਤਮਾ ਬੁਧ ਦੀ ਕਹੂ ਦੀ ਦਾਤਨ ... ਉਗਿਆ। ਰਵਾਇਤ ਹੈ ਕਿ ਬ੍ਰਾਹਮਣਾਂ ਨੇ ਇਸ ਬ੍ਰਿਛ ... ਕਈ ਵਾਰ ਕਟ ਕੇ ਨਸ਼ਟ ਕਰਨਾ ਚਾਹਿਆ, ਪਰ ਇਹ ਫਿ... ਵਧਦਾ ਫੁਲਦਾ ਰਿਹਾ।

(ਦ-79) **ਦਾਤ੍ਰੀ ਵਿਆਹ** :

ਮੱਧ ਕਾਲ ਵਿਚ, ਫਸਲਾਂ ਦੀ ਉਪਜਾਇਕਤਾ ਸ਼ਕ... ਵਧਾਉਣ ਦੀ ਆਸ ਨਾਲ ਵਾਹੀ ਖੇਤੀ ਦੇ ਸੰਦਾਂ ਦਾ ਵਿ... ਕੀਤਾ ਜਾਂਦਾ ਸੀ। ਜਦੋਂ ਫਸਲਾ ਦੀ ਵਾਢੀ ਕਰਨੀ ਹੋ... ਤਾਂ ਪਹਿਲਾਂ ਰਸਮੀ ਢੰਗ ਨਾਲ ਦਾਤ੍ਰੀ ਦਾ ਵਿਆਹ ਅੰਨ... ਸਿਟਿਆਂ ਨਾਲ ਕੀਤਾ ਜਾਂਦਾ, ਫਿਰ ਵਾਢੀ ਸ਼ੁਰੂ ਕ... ਜਾਂਦੀ। ਇਕ ਪੁਰਾਤਨ ਅਖਾਣ ਵਿਚ ਇਸ ਰੀਤ ਵਲ ਸੰ... ਹੈ: ਦਾਤ੍ਰੀਆਂ ਵਿਆਹ—ਰੰਭੀ ਤੂੰ ਕਿਉਂ ਸੰਬੀ।

(ਦ-80) **ਦਾਦਕੇ ਨਾਨਕੇ** :

ਸਾਕਾਂ ਦੇ ਦੋ ਵਡੇ ਭੰਵਰ ਨਾਨਕੇ ਤੇ ਦਾਦਕੇ ਹ... ਇਹ ਦੋ ਅਜਿਹੀਆਂ ਫੁਲਵਾੜੀਆਂ ਹਨ, ਜਿਨ੍ਹਾਂ ਦਾ ... ਆਪਣਾ ਰਸ ਤੇ ਸਵਾਦ ਹੈ, ਇਕ ਦੇ ਫੁਲ ਤੇ ਮਹਿਕ ... ਵਿਚ ਨਹੀਂ ਮਿਲਦੀ। ਦਾਦਕੇ ਪਿਉ ਦੇ ਅੰਗ ਸਾਕ ... ਹਨ ਅਤੇ ਇਨ੍ਹਾਂ ਵਿਚ ਚਾਚੇ ਚਾਚੀਆਂ, ਦਾਦਾ, ਦ... ਚਚੇਰੇ ਭਰਾ ਤੇ ਭੂਆ ਆਦਿ ਸ਼ਾਮਲ ਹੁੰਦੇ ਹਨ। ਨ... ਪ੍ਰਵਾਰ ਵਿਚ ਨਾਨੀ ਨਾਨੇ ਤੋਂ ਇਲਾਵਾ ਮਾਸੀ ਮ... ਮਾਮੀ ਮਾਮੇ ਤੇ ਮਮੇਰੇ ਤੇ ਮਸੇਰੇ ਭੈਣ ਭਰਾ ਵੀ ਸ਼... ਹੁੰਦੇ ਹਨ।

ਸਮਾਜਕ ਤੇ ਸਭਿਆਚਾਰਕ ਜੀਵਨ ਵਿਚ ਵੀ ਨਾਨ... ਦੀ ਥਾਂ ਦਾਦਕਿਆਂ ਨਾਲੋਂ ਵਖਰੀ ਹੈ। ਫਰਜ ਤੇ ਅ... ਵੀ ਵਖਰੇ ਹਨ। ਕੰਨਿਆਂ ਦੇ ਵਿਆਹ ਵੇਲੇ ... 'ਛੱਕ' ਢੋਂਦੇ ਹਨ ਤੇ ਮੁੰਡੇ ਦੇ ਵਿਆਹ ਉਤੇ ਜੋੜਾ ... ਹਨ। ਮਾਮਾ, ਕੰਨਿਆਂ ਦੀਆਂ ਬਾਹਵਾਂ ਵਿਚ ਸ਼ਗ... ਰੰਗਲਾ ਚੂੜਾ ਪਹਿਨਾਂਦਾ ਹੈ। ਦਿਨ ਦਿਹਾਰਾਂ... ਨਾਨਕਿਆਂ ਤੋਂ ਸੁਗਾਤਾਂ ਆਉਂਦੀਆਂ ਰਹਿੰਦੀਆਂ ... ਦੁਰਾਡੇ ਰਹਿਣ ਕਰ ਕੇ ਨਾਨਕਿਆਂ ਵਿਚ ਬੱਚਿ... ਬੜਾ ਮੋਹ ਹੁੰਦਾ ਹੈ, ਬੱਚੇ ਬੜੇ ਚਾਅ ਨਾਲ ...

ਬੱਚੇ ਨਾਨਕੇ ਜਾ ਕੇ ਜੋ ਚਾਹੁੰਦੇ ਖਾਂਦੇ, ਸ਼ਰਾਰਤਾਂ ਕਰਦੇ ਅਤੇ ਰਜੀ ਪੁਜੀ ਜ਼ਿੰਦਗੀ ਦਾ ਅਨੁਭਵ ਉਨ੍ਹਾਂ ਨੂੰ ਆਉਂਦਾ। ਨਾਨਕੇ ਘਰ ਪਿਆਰ ਵਿਚ ਮਾਂ ਦੀ ਆਂਦਰ ਦੀ ਨਿਘ ਹੁੰਦੀ ਹੈ। ਮਾਸੀ ਤਾਂ ਮਾਂ ਦਾ ਰੂਪ ਹੀ ਸਮਝੀ ਜਾਂਦੀ ਹੈ। ਮਾਂ ਨਾ ਸੂਈ ਮਾਸੀ ਸੂਈ।

ਨਾਨਕਿਆਂ ਨਾਲ ਭਾਵੁਕ ਸਾਂਝ ਹੁੰਦੀ ਹੈ ਤੇ ਦਾਦਕਿਆਂ ਨਾਲ ਪੀੜ੍ਹੀ, ਪਰੰਪਰਾ ਤੇ ਵਿਰਸੇ ਦੀ। ਬੱਚਾ ਦਾਦਕੀ ਰੂੜ੍ਹੀ ਵਿਚ ਹੀ ਨਿਸਰਦਾ ਹੈ ਤੇ ਜਵਾਨ ਹੁੰਦਾ ਹੈ। ਦਾਦਕੇ ਪਿੰਡ ਵਿਚ ਹੀ ਉਸ ਦਾ ਜੱਦੀ ਘਰ ਤੇ ਭੋਇੰ ਹੁੰਦੀ ਹੈ। ਦਾਦਕੇ ਉਸ ਦੀਆਂ ਬਾਹਵਾਂ ਹੁੰਦੀਆਂ ਹਨ ਤੇ ਨਾਨਕੇ ਉਸ ਦਾ ਮਾਣ ਮਰਯਾਦਾ।

(ਦ-81) **ਦਾਦ ਪਿਉਤ** :

ਦੋ ਪਰਵਾਰਾਂ ਜਾਂ ਕੁਲਾਂ ਵਿਚ ਪਿਉ ਦਾਦੇ ਦੇ ਵੇਲੇ ਤੋਂ ਚਲੀ ਆ ਰਹੀ ਖ਼ੁਸ਼ੀ ਗ਼ਮੀ ਤੇ ਵਰਤਨ ਭਾਜੀ ਦੀ ਸਾਂਝ।

(ਦ-82) **ਦਾਨਵ** :

ਦੈਂਤਾਂ ਦੀ ਇਕ ਸ਼੍ਰੇਣੀ, ਜੋ ਦੇਵਤਿਆਂ ਦੇ ਵਿਰੁਧ ਸੀ। ਦਾਨਵ ਕਸ਼ਯਪ ਦੀ ਸੰਤਾਨ ਸਨ, ਜੋ ਦਖ਼ਸ਼ ਦੀ ਪੁਤਰੀ ਦਨੂ ਦੀ ਕੁਖੋਂ ਪੈਦਾ ਹੋਏ। ਕਸ਼ਯਪ ਦੇ ਸੰਜੋਗ ਤੋਂ ਦਿਤੀ ਦੀ ਸੰਤਾਨ ਦੈਤਯ (ਦੈਂਤ) ਅਖਵਾਈ। ਦਾਨਵ ਤੇ ਦੈਂਤ ਦੋਵੇਂ ਹੀ ਦੇਵਤਿਆਂ ਵਿਰੁਧ ਲੜਾਈ ਲੜਦੇ ਰਹੇ ਤੇ ਉਨ੍ਹਾਂ ਦੇ ਯੱਗਾਂ ਵਿਚ ਵਿਘਨ ਪਾਉਂਦੇ ਰਹੇ।

(ਦ-83) **ਦਾਬੜ** :

ਚਿਕਨੀ ਮਿੱਟੀ ਵਾਲੀ ਧਰਤੀ, ਜਿਸ ਤੋਂ ਬਹੁਤ ਘਟ ਫ਼ਸਲ ਹੁੰਦੀ ਹੈ, ਅਖਾਣ ਹੈ :

'ਖੇਤੀ ਬੀਜੇ ਦਾਬਰ, ਨਾ ਗੋਰ ਨਾ ਖੱਫਣ।'

(ਦ-84) **ਦਾਬੜਾ** :

ਘਿਉ ਤੇ ਬਦਾਮ ਪਾ ਕੇ ਬਣਾਈ ਪੰਜੀਰੀ, ਜੋ ਗਰਭਵਤੀ ਇਸਤ੍ਰੀ ਨੂੰ ਤਾਕਤ ਦੇਣ ਲਈ ਖਵਾਈ ਜਾਂਦੀ ਹੈ। ਧਾਰਨਾ ਹੈ ਕਿ ਜ਼ਿਆਦਾ ਦਾਬੜਾ ਖਾਣ ਵਾਲੀ ਤੀਵੀਂ ਪੁਤਰ ਜੰਮਦੀ ਹੈ :

ਰਜ ਕੇ ਖਾਧੀਂ ਦਾਬੜਾ
ਨਿਠ ਕੇ ਜੰਮੀਂ ਪੁਤਾ।

(ਦ-86) **ਦਾਮਨੀ** :

ਮੁਰਦੇ ਦੇ ਖੱਫਣ ਦਾ ਟੁਕੜਾ, ਜੋ ਬਰਕਤ ਵਾਲਾ ਸਮਝ ਕੇ ਉਸ ਦੇ ਰਿਸ਼ਤੇਦਾਰ ਘਰ ਵਿਚ ਸੰਭਾਲ ਕੇ ਰਖਦੇ ਹਨ।

(ਦ-87) **ਦਾਮੋਦਰ** :

ਕ੍ਰਿਸ਼ਨ ਜੀ ਦੀ ਇਕ ਉਪਾਧੀ; ਵਿਸ਼ਨੂੰ ਪੁਰਾਣ ਅਨੁਸਾਰ ਇਕ ਵਾਰ ਯਸ਼ੋਧਰਾ ਨੇ ਸ਼ਰਾਰਤ ਨਾਲ, ਕ੍ਰਿਸ਼ਨ ਦੇ ਗਲ ਵਿਚ ਰੱਸੀ ਪਾ ਕੇ, ਕੁੰਡ ਅੱਗੇ ਗਊ ਵਾਂਗ ਬੰਨ੍ਹ ਦਿੱਤਾ ਸੀ, ਜਿਸ ਤੋਂ ਉਹ ਦਾਮੋਦਰ ਅਖਵਾਏ।

(ਦ-88) **ਦਾਰੀਆ** :

ਡਫ ਦੀ ਸ਼ਕਲ ਦਾ ਇਕ ਸਾਜ, ਜੋ ਇਕ ਪਾਸੇ ਤੋਂ ਚਮੜੇ ਨਾਲ ਮੜ੍ਹਿਆ ਹੁੰਦਾ ਹੈ। ਇਸ ਨੂੰ ਇਕ ਹੱਥ ਨਾਲ ਫੜ ਕੇ, ਦੂਜੇ ਹੱਥ ਨਾਲ ਵਜਾਇਆ ਜਾਂਦਾ ਹੈ।

(ਦ-89) **ਦਾਲ ਚਾਵਲ** :

ਪੋਠੋਹਾਰ ਵਿਚ ਪ੍ਰਚਲਤ ਇਕ ਖਾਸ ਤਰ੍ਹਾਂ ਦੀ ਫੁਲਕਾਰੀ ਜਿਸ ਦੀ ਕਢਾਈ ਲਾਲ ਕਪੜੇ 'ਤੇ ਕੀਤੀ ਜਾਂਦੀ ਹੈ ਤੇ ਜਿਸ ਉਪਰ ਦਾਲ ਤੇ ਚਾਵਲ ਦੇ ਆਕਾਰ ਦੇ ਛੋਟੇ ਛੋਟੇ ਤੋਪੇ, ਪੀਲੇ ਤੇ ਚਿੱਟੇ ਰੰਗ ਦੇ ਰੇਸ਼ਮ ਦੇ ਧਾਗੇ ਨਾਲ ਕੱਢੇ ਜਾਂਦੇ ਹਨ। ਵਿਆਹ ਸਮੇਂ, ਦਾਜ ਵਿਚ ਇਸ ਕਿਸਮ ਦੀ ਫੁਲਕਾਰੀ ਦੇਣ ਦਾ ਬਹੁਤ ਰਿਵਾਜ ਰਿਹਾ ਹੈ।

(ਦ-90) **ਦਾਵਣ ਟੁਕਣਾ** :

ਇਕ ਟੂਣਾ, ਜੋ ਮੰਜੀ ਦੀ ਦਾਵਣ ਨੂੰ ਟੁਕ ਕੇ ਕੀਤਾ ਜਾਂਦਾ ਹੈ। ਦਾਵਣ ਜੀਵਨ-ਤੰਦ ਦੀ ਨਿਸ਼ਾਨੀ ਹੈ ਤੇ ਜਿਸ ਮੰਜੀ ਦੀ ਦਾਵਣ ਟੁਕੀ ਜਾਵੇ, ਉਸ ਉਤੇ ਸੌਣ ਵਾਲੇ 'ਤੇ ਮੁਸੀਬਤਾਂ ਤੇ ਸੰਕਟ ਪੈਂਦੇ ਹਨ। ਜਿਨ੍ਹਾਂ ਤੀਵੀਆਂ ਦੇ ਘਰ ਔਲਾਦ ਨਹੀਂ ਹੁੰਦੀ, ਉਹ ਪਰਾਈਆਂ ਦਾਵਣਾਂ ਟੁਕ ਕੇ ਉਨ੍ਹਾਂ ਉਤੇ ਟੂਣੇ ਕਰਦੀਆਂ ਹਨ।

ਦਾਵਣ ਨਾਲ ਬੰਦੇ ਦੀ ਉਮਰ ਦਾ ਵੀ ਸਬੰਧ ਹੈ। ਪਹਿਲਿਆਂ ਵਿਚ ਹਰੇਕ ਬੱਚੇ ਦੀ ਦਾਵਣ ਵੱਖ ਵਖਰੀ ਰੱਖੀ ਜਾਂਦੀ ਤੇ ਬੱਚੇ ਦੇ ਜਨਮ ਦਿਨ ਉਤੇ ਉਸ ਨੂੰ ਗੰਢ ਮਾਰ ਦਿੱਤੀ ਜਾਂਦੀ।

ਮੰਜੀ ਉਤੇ ਕਈ ਤਰ੍ਹਾਂ ਦੇ ਟੂਣੇ ਕੀਤੇ ਜਾਂਦੇ ਹਨ, ਜਿਵੇਂ ਅੱਨੇ ਕਟਣੇ; ਇਨ੍ਹਾਂ ਦਾ ਪ੍ਰਕਾਰ ਮੰਜੀ ਉਤੇ ਸੌਣ ਵਾਲੇ

ਇਲਾਜ ਪਿੰਡਾਂ ਵਿਚ ਦਵਾਈ ਤੋਂ ਇਲਾਵਾ ਮੰਤਰਾਂ ਨਾਲ ਵੀ ਕੀਤਾ ਜਾਂਦਾ ਹੈ। 'ਸਿਆਣੇ' ਰੋਗੀ ਨੂੰ ਸਾਹਮਣੇ ਬਿਠਾ ਕੇ, ਮੰਤਰ ਦੇ ਸ਼ਬਦ ਮੂੰਹ ਵਿਚ ਗੁਣਗੁਣਾਂਦੇ ਹਨ ਤੇ ਫਿਰ ਦੁਖਦੇ ਅੰਗਾਂ ਉੱਤੇ ਤਿੰਨ ਵਾਰ ਫੂਕਾਂ ਮਾਰਦੇ ਹਨ। ਕਈ ਵਾਰ ਨਿੰਮ ਦੀ ਟਹਿਣੀ ਉੱਤੇ ਫੂਕ ਮਾਰ ਕੇ, ਦਾੜ੍ਹ ਨਾਲ ਛੁਹਾਂਦੇ ਹਨ। ਇਕ ਮੰਤਰ ਇਸ ਤਰ੍ਹਾਂ ਹੈ :

ਕਾਲਾ ਕੀੜਾ ਕਜਲਾ ਬਤੀ ਦੰਦ ਚਰੇ
ਬਰਕਤ ਸੇਖ ਫਰੀਦ ਦੀ ਕਾਲਾ ਕੀੜਾ ਵਿਚ ਮਰੇ
ਹੁਦਾ ਪੀਰ ਉਸਤਾਦ ਦਾ।

(ਦ-92) **ਦਾੜ੍ਹੀ** :

ਮੱਧ ਕਾਲ ਵਿਚ ਦਾੜ੍ਹੀ ਗੌਰਵਤਾ, ਵਿਦਵਤਾ ਤੇ ਪ੍ਰਤਿਭਾ ਦੀ ਪ੍ਰਤੀਕ ਹੈ। ਲੰਮੀ ਦਾੜ੍ਹੀ ਵਾਲੇ ਪੁਰਸ਼ਾਂ ਨੂੰ ਅਨੁਭਵੀ ਤੇ ਦੈਵੀ ਸ਼ਕਤੀ ਦੇ ਸਵਾਮੀ ਮੰਨਿਆ ਗਿਆ ਹੈ। ਦਾੜ੍ਹੀ ਦੇ ਫੁੱਟਣ ਨਾਲ ਗਭਰੂ ਵਧੇਰੇ ਜ਼ਿੰਮੇਦਾਰ, ਭਰੋਸੇਯੋਗ ਤੇ ਸੂਝਵਾਨ ਸਮਝਿਆ ਜਾਣ ਲਗ ਪੈਂਦਾ ਹੈ। ਪੰਜਾਬੀ ਘਰਾਂ ਤੇ ਭਾਈਚਾਰੇ ਵਿਚ ਕਿਸੇ ਗੰਭੀਰ ਵਿਸ਼ੇ ਉੱਤੇ ਵਿਚਾਰ ਕਰਦਿਆਂ, ਜੇ ਕੋਈ ਯੁਵਕ ਜਿਸ ਦੀ ਦਾੜ੍ਹੀ ਅਜੇ ਫੁਟੀ ਨਾ ਹੋਵੇ ਵਿਚੋਂ ਬੋਲੇ, ਤਾਂ ਉਸ ਦੇ ਵਿਚਾਰਾਂ ਨੂੰ ਇਹ ਕਹਿ ਕੇ ਅਣਸੁਣਿਆ ਕਰ ਦਿਤਾ ਜਾਂਦਾ ਹੈ ਕਿ ਉਹ ਅਜੇ 'ਅਨਦਾੜ੍ਹੀਆ' ਹੈ। ਜਦੋਂ ਤਕ ਕਿਸੇ ਯੁਵਕ ਦੀ ਦਾੜ੍ਹੀ ਨਹੀਂ ਆ ਜਾਂਦੀ, ਉਹ ਵੱਡਿਆਂ ਤੇ ਸਿਆਣਿਆਂ ਲੋਕਾਂ ਵਿਚ ਬੈਠਣ ਦੇ ਯੋਗ ਨਹੀਂ ਸਮਝਿਆ ਜਾਂਦਾ।

ਸੰਸਾਰ ਵਿਚ ਜਿਤਨੇ ਵੀ ਰਿਸ਼ੀ ਮੁਨੀ, ਪੈਗੰਬਰ ਤੇ ਅਵਤਾਰ ਹੋਏ, ਉਨ੍ਹਾਂ ਸਭਨਾਂ ਨੇ ਦਾੜ੍ਹੀ ਧਾਰਨ ਕੀਤੀ ਹੋਈ ਸੀ। ਸਿੱਖ ਗੁਰੂਆਂ ਨੇ ਦਾੜ੍ਹੀ ਨੂੰ ਆਤਮਿਕ ਸਵੱਛਤਾ ਤੇ ਦੈਵੀ ਵਸਤਾਂ ਦਾ ਪ੍ਰਤੀਕ ਦਸਿਆ ਹੈ ਅਤੇ ਇਸ ਨੂੰ ਪਵਿਤ੍ਰ ਮੰਨ ਕੇ ਹਰ ਸਿੱਖ ਨੂੰ ਦਾੜ੍ਹੀ ਧਰਨ ਦਾ ਆਦੇਸ਼ ਦਿਤਾ। ਰਿਸ਼ੀ ਮੁਨੀ ਵੀ ਦਾੜ੍ਹੀ ਰਖਦੇ ਸਨ, ਜਿਸ ਨਾਲ ਉਨ੍ਹਾਂ ਦਾ ਗੌਰਵ ਵਧਦਾ ਸੀ।

ਸਿੱਖਾਂ ਤੋਂ ਬਿਨਾਂ ਯਹੂਦੀਆਂ ਤੇ ਮੁਸਲਮਾਨਾਂ ਵਿਚ ਵੀ ਦਾੜ੍ਹੀ ਨੂੰ ਵਿਦਵਤਾ ਤੇ ਆਤਮਿਕ ਸਵੱਛਤਾ ਦਾ ਚਿੰਨ੍ਹ ਸਮਝਿਆ ਗਿਆ ਹੈ। ਸਾਮੀ ਨਸਲ ਦੇ ਲੋਕ ਤਾਂ ਦਾੜ੍ਹੀ ਵਿਚ 'ਅੱਲ੍ਹਾ ਦਾ ਨੂਰ' ਮੰਨਦੇ ਹਨ ਅਤੇ ਜੇ ਕੋਈ ਸ਼ਖ਼ਸ ਆਪਣੀ ਤੇ ਹਜ਼ਰਤ ਮੁਹੰਮਦ ਦੀ ਦਾੜ੍ਹੀ ਦੀ ਕਸਮ ਚੁਕ ਕੇ [illegible]

ਸਾਹਿਬ ਦੇ ਕਈ ਵਾਲ ਦਸ ਵਖ ਥਾਵਾਂ ਤੇ ਸੰਭਾਲੇ ਮਿਲਦੇ ਹਨ। ਪੁਰਾਣੇ ਜ਼ਮਾਨੇ ਵਿਚ ਦਾੜ੍ਹੀ ਮੁੰਨਣ ਵਾਲੇ ਲੋਕ ਘ੍ਰਿਣਾ ਨਾਲ ਵੇਖੇ ਜਾਂਦੇ ਸਨ। ਹੈਰੋਡੋਟਸ ਅਨੁਸਾਰ ਯੂਨਾਨੀ ਲੋਕ ਸਿਥੀਅਨਾਂ ਨੂੰ ਬਿਨਾਂ ਦਾੜ੍ਹੀਆਂ ਤੋਂ ਵੇਖ ਕੇ, ਇਹੋ ਸੋਚਦੇ ਸਨ ਕਿ ਇਨ੍ਹਾਂ ਨੂੰ ਅਫਰੋਦਿਤ ਦੇ ਗਿਰਜੇ ਨੂੰ ਨਸ਼ਟ ਕਰਨ ਦੇ ਅਪਰਾਧ ਵਿਚ ਦੇਵਤੇ ਵਲੋਂ ਸਜ਼ਾ ਦਿਤੀ ਗਈ ਹੈ ਤੇ ਦੇਵਤੇ ਨੇ ਇਨ੍ਹਾਂ ਦਾ ਮਾਣ ਤੋੜਨ ਲਈ, ਇਨ੍ਹਾਂ ਨੂੰ ਇਹ ਸਰੂਪ ਦਿਤਾ ਹੈ।

ਧਾਰਨਾ ਹੈ ਕਿ ਦਾੜ੍ਹੀ ਕੱਟਣ ਦਾ ਰਿਵਾਜ ਮਹਾਨ ਸਕੰਦਰ (356-323 ਈ.ਪੂ.) ਨੇ ਹੀ ਸੰਸਾਰ ਵਿਚ ਪ੍ਰਚਲਤ ਕੀਤਾ। ਉਸ ਨੇ ਆਪਣੇ ਫ਼ੌਜੀ ਸਿਪਾਹੀਆਂ ਨੂੰ ਇਸ ਲਈ ਦਾੜ੍ਹੀ ਮੁੰਨਣ ਦਾ ਹੁਕਮ ਦਿਤਾ, ਤਾਂ ਜੋ ਕੋਈ ਦੁਸ਼ਮਨ ਦਾੜ੍ਹੀ ਨੂੰ ਹਥ ਪਾ ਕੇ ਯੂਨਾਨੀ ਸਿਪਾਹੀਆਂ ਨੂੰ ਕਾਬੂ ਨਾ ਕਰ ਸਕੇ। ਮਕਦੂਨੀਆ ਤੋਂ ਇਹ ਪ੍ਰਥਾ ਸਾਰੇ ਯੂਨਾਨੀ ਸੰਸਾਰ ਵਿਚ ਪ੍ਰਚਲਤ ਹੋਈ ਤੇ ਮਗਰੋਂ ਜਿਥੇ ਜਿਥੇ ਸਕੰਦਰ ਦੀ ਸੈਨਾ ਗਈ ਉਥੇ ਉਥੇ ਹੀ ਦਾੜ੍ਹੀ ਮੁੰਨਣ ਦਾ ਰਿਵਾਜ ਪੈ ਗਿਆ। ਭਾਰਤ ਵਿਚ ਪਹਿਲਾਂ ਪਹਿਲ ਉਨ੍ਹਾਂ ਲੋਕਾਂ ਨੇ ਹੀ ਦਾੜ੍ਹੀਆਂ ਮੁੰਨੀਆਂ, ਜਿਹੜੇ ਯੂਨਾਨੀ ਸਾਮਰਾਜ ਦੇ ਮਾਨਸਿਕ ਤੌਰ ਤੇ ਗੁਲਾਮ ਹੋ ਗਏ ਸਨ। ਪਿਛੋਂ ਜਦੋਂ ਸਿਥੀਅਨ, ਭਾਰਤ ਵਿਚ ਆਏ ਤਾਂ ਦਾੜ੍ਹੀ ਮੁੰਨਣ ਦਾ ਰਿਵਾਜ ਹੋਰ ਵਧਿਆ, ਕਿਉਂ ਜੋ ਸਿਥੀਅਨ ਵੀ ਦਾੜ੍ਹੀ ਮੁੰਨਦੇ ਸਨ।

ਸਕੰਦਰ ਤੋਂ ਮਗਰੋਂ ਵੀ ਧਾਰਮਿਕ ਸੰਤਾਂ ਤੇ ਵਿਦਵਾਨਾਂ ਵਿਚ ਦਾੜ੍ਹੀ ਰਖਣ ਦਾ ਰਿਵਾਜ ਰਿਹਾ।

ਦਾੜ੍ਹੀ ਬਾਰੇ ਕਈ ਮੁਹਾਵਰੇ ਅਖਾਣ ਤੇ ਪ੍ਰਸੰਗ ਪ੍ਰਚਲਤ ਹਨ।

(ਦ-93) **ਦਿਉ ਉਠਾਨ ਇਕਾਦਸ਼ੀ** :

ਕੱਤਕ ਦੇ ਚਾਨਣ ਪੱਖ ਦੀ ਇਕਾਦਸ਼ੀ, ਜਦੋਂ ਵਿਸ਼ਨੂੰ ਦੇਵਤੇ ਨੂੰ ਥਾਲੀ ਵਜਾ ਕੇ ਜਗਾਇਆ ਜਾਂਦਾ ਹੈ। ਇਸ ਤਿੱਥ ਨੂੰ ਵੈਸ਼ਨੋ ਭਗਤ ਵਰਤ ਰਖਦੇ ਤੇ ਵਿਸ਼ਨੂੰ ਦੀ ਪੂਜਾ ਕਰਦੇ ਹਨ। ਇਨ੍ਹੀਂ ਦਿਨੀਂ ਗੰਨੇ ਦੀ ਫ਼ਸਲ ਪਕੀ ਹੁੰਦੀ ਹੈ। ਪੰਜ ਗੰਨੇ ਭੰਨ ਕੇ ਕੰਮੀਆਂ ਵਿਚ ਵੰਡੇ ਜਾਂਦੇ ਹਨ। ਦਿਉ ਉਠਾਨ ਤੋਂ ਪਹਿਲਾਂ, ਕਈ ਵਿਸ਼ਨੂੰ ਭਗਤ ਵਿਸ਼ਨੂੰ ਤੇ ਪਾਰਬਤੀ ਦੀਆਂ ਮੂਰਤੀਆਂ ਗੋਹੇ ਦੀਆਂ ਬਣਾ ਕੇ ਪੂਜਦੇ ਹਨ ਤੇ ਨਾਰੀਅਲ ਤੇ ਮਠਿਆਈ ਭੇਟ ਚਾੜ੍ਹਦੇ ਹਨ।

ਇਕਾਦਸੀ ਤੋਂ ਸ਼ੁਰੂ ਹੁੰਦਾ ਹੈ, ਜਿਸ ਨੂੰ 'ਦਿਉ ਸੌਨੀ ਇਕਾਦਸੀ' ਕਹਿੰਦੇ ਹਨ ਤੇ ਕੱਤਕ ਦੇ ਚਾਨਣ ਪੱਖ ਦੀ ਇਕਾਦਸ਼ੀ ਨੂੰ ਮੁਕਦਾ ਹੈ, ਜਿਸ ਨੂੰ 'ਦਿਉ ਉਠਾਨ ਇਕਾਦਸੀ' ਕਹਿੰਦੇ ਹਨ। ਦਿਉ ਸੌਨੀ ਇਕਾਦਸੀ ਨੂੰ ਹਿੰਦੂ ਤੀਵੀਆਂ ਵਰਤ ਰਖਦੀਆਂ ਹਨ। ਘਰ ਦੇ ਕਿਸੇ ਗੁਠੇ ਗੋਹੇ ਦਾ ਪੋਚਾ ਦੇ ਕੇ ਵਿਸ਼ਨੂੰ ਤੇ ਪਾਰਬਤੀ ਦੀ ਮੂਰਤੀ ਸਥਾਪਿਤ ਕੀਤੀ ਜਾਂਦੀ ਤੇ ਉਸ ਦੀ ਪੂਜਾ ਕਰ ਕੇ ਭੇਟਾ ਚਾੜ੍ਹੀਆਂ ਜਾਂਦੀਆਂ ਹਨ। ਇਨ੍ਹਾਂ ਚਾਰ ਮਹੀਨਿਆਂ ਵਿਚ ਵੈਸ਼ਨੋ ਭਗਤ ਵਿਆਹ ਰਚਾਣਾ, ਨਵਾਂ ਘਰ ਬਨਾਉਣਾ ਤੇ ਨਵੇਂ ਗ੍ਰਹਿ ਵਿਚ ਪ੍ਰਵੇਸ਼ ਕਰਨਾ ਅਸ਼ੁਭ ਮੰਨਦੇ ਹਨ।

(ਦ-95) **ਦਿਉ ਚੰਨ ਦੀ ਵਾਰ** :

ਦਿਉ ਚੰਦ ਭੱਡ ਰਾਜਪੂਤ ਕਬੀਲੇ ਦਾ ਰਾਜਾ ਸੀ, ਜੋ ਉੜੀਸਾ ਵਿਚ ਰਾਜ ਕਰਦਾ ਸੀ। ਉਸ ਨੇ ਦਿੱਲੀ ਉਤੇ ਹੱਲਾ ਬੋਲਿਆ ਤੇ ਇਥੋਂ ਦੇ ਰਾਜ-ਘਰਾਣੇ (ਤੁਨਵਾਰ) ਨੂੰ ਹਾਰ ਦੇ ਕੇ ਅਗੇ ਪੰਜਾਬ ਵਲ ਵਧਿਆ ਤੇ ਜੈਜੋਂ ਜਿਲਾ ਹੁਸ਼ਿਆਰਪੁਰ ਉਤੇ ਕਬਜ਼ਾ ਕੀਤਾ। ਜੈਜੋਂ ਆ ਕੇ ਦਿਉ ਚੰਦ ਨੇ ਸਾਰੇ ਦੁਆਬੇ ਉਤੇ ਆਪਣਾ ਅਧਿਕਾਰ ਕਾਇਮ ਕਰ ਲਿਆ। ਇਸ ਦਾ ਉੱਤਰ-ਅਧਿਕਾਰੀ ਜੋ ਚੰਦ ਸੀ, ਜਿਸ ਨੇ ਆਪਣੇ ਨਾਂ ਉਤੇ ਜੈਜੋਂ ਵਸਾਇਆ। ਭੱਟਾਂ ਵਿਚ ਦਿਉ ਚੰਦ ਦੀ ਵਾਰ ਪ੍ਰਚਲਤ ਹੈ :

ਉੜੀਸਾ ਸੇ ਚੜ੍ਹਿਆ ਰਾਜਾ ਦਿਉ ਚੰਦ
ਬੜਧਾਹਾਂ ਟਿਕਾ ਆਏ
ਤੁਰ ਰਾਜਾ ਅੱਲੀ ਆ ਜੋ ਬਕੇ ਫੌਜ ਰਚਾਏ
ਤੁਰ ਛਡੇ ਨੱਥ ਕੇ ਜੋ ਮਿਲ ਬੈਠੇ ਹਾਏ
ਛੱਡ ਗਤ ਮੁਕਤੇਸ਼ਵਰ ਮੇਂ ਜੋ ਮਿਲੇ ਚਾਰੋ ਬਾਉ

(ਦ-96) **ਦਿਉਤ ਸਿੱਧ** :

ਇਕ ਸਿੱਧ ਜਿਸ ਦੀ ਕਾਂਗੜੇ ਤੋਂ ਹਮੀਰਪੁਰ ਵਿਚ ਪੂਜਾ ਕੀਤੀ ਜਾਂਦੀ ਹੈ। ਦਿਉਤੇ ਸਿੱਧ ਪੱਥਰ ਕਾਂਗੜੇ ਵਿਚ ਕਈ ਘਰਾਂ ਦੇ ਬਾਹਰ ਤੇ ਕਈ ਹੋਰ ਲਾਂਘਿਆਂ ਉਤੇ ਵੇਖੇ ਜਾਂਦੇ ਹਨ। ਇਨ੍ਹਾਂ ਪੱਥਰਾਂ ਉਤੇ ਦੋ ਪਗ-ਚਿੰਨ੍ਹ ਉਕਰੇ ਹੁੰਦੇ ਹਨ। ਰਵਾਇਤ ਹੈ ਕਿ ਸੁਰਖ ਨਾਥ ਦਾ ਇਕ ਚੇਲਾ ਲਵੇਰੇ ਪਸ਼ੂਆਂ ਨੂੰ ਚਾਟਦਾ ਉਨ੍ਹਾਂ ਦਾ ਦੁੱਧ ਪੀ ਜਾਂਦਾ ਸੀ ਤੇ ਪਸ਼ੂ ਘਰ ਆ ਕੇ ਦੁੱਧ ਨਹੀਂ ਸਨ ਦੇਂਦੇ। ਪਿੰਡ ਦੇ ਲੋਕ ਦੁਖੀ ਹੋ ਕੇ ਇਕ ਕਰਨੀ ਵਾਲੇ ਫ਼ਕੀਰ ਕੋਲ ਗਏ ਤੇ ਸਾਰੀ ਵਿਥਿਆ ਕਹਿ ਸੁਣਾਈ। ਫ਼ਕੀਰ ਨੇ ਉਸ ਚੇਲੇ ਨੂੰ ਸੋਟੀ ਦੇ ਕੇ ਲੁਕਾ ਕੇ ਲਿਆਉਣ ਲਈ ਕਿਹਾ ਤੇ ਕਿਹਾ ਕਿ ਉਹ ਇਸ ਨੂੰ ਲਭ ਕੇ ਵਿਖਾਵੇ। ਪਰ ਚੇਲੇ ਨੇ ਇਕ ਪਲ ਵਿਚ ਸੋਟੀ ਢੂੰਡ ਲਿਆਂਦੀ। ਫ਼ਕੀਰ ਸਮਝ ਗਿਆ ਕਿ ਇਹ ਚੇਲਾ ਉਸ ਤੋਂ ਵਧੇਰੇ ਸ਼ਕਤੀ ਰਖਦਾ ਹੈ। ਸੋ ਫ਼ਕੀਰ ਨੇ ਉਸ ਨੂੰ ਮਾਰ ਦੇਣ ਦੀ ਠਾਨੀ। ਪਰ ਚੇਲਾ ਉਥੋਂ ਜਾਨ ਬਚਾ ਕੇ ਨਸ ਗਿਆ ਤੇ ਇਕ ਪਹਾੜੀ ਨੇ ਪਾਟ ਕੇ ਉਹਨੂੰ ਆਪਣੇ ਅੰਦਰ ਸਮਾ ਲਿਆ। ਇਸ ਚੇਲੇ ਨੂੰ 'ਸਿੱਧ' ਦੇ ਰੂਪ ਵਿਚ ਪੂਜਿਆ ਜਾਣ ਲਗਾ। ਇਸ ਦੀ ਪੂਜਾ ਦਾ ਪ੍ਰਧਾਨ ਸਥਾਨ, ਹਮੀਰਪੁਰ ਤਹਿਸੀਲ ਵਿਚ ਚਕਮੋਰ ਪਿੰਡ ਵਿਚ ਹੈ। ਇਥੇ ਹੀ ਇਸ 'ਜਿੰਨ' ਦੀ ਪੂਜਾ ਦੂਰ ਨੇੜੇ ਫੈਲੀ। ਜਿਥੇ ਪਹਾੜੀ ਵਿਚ ਚੀਰ ਸੀ ਉਥੇ ਇਕ ਜੋਤੀ ਜਗਿਆ ਕਰਦੀ ਸੀ, ਜਿਸ ਨੂੰ ਦਿਉਤ (ਦੀਵਾ) ਕਿਹਾ ਜਾਂਦਾ ਹੈ। ਜਿਸ ਤੋਂ ਇਸ ਸਿੱਧ ਦਾ ਨਾਂ ਦਿਉਤ ਸਿੱਧ ਪੈ ਗਿਆ।

(ਦ-97) **ਦਿਉਰ ਨੂੰ ਗੋਦ ਬਿਠਾਣਾ** :

ਜਣਨ-ਸ਼ਕਤੀ ਵਧਾਉਣ ਦੀ ਇਕ ਰੀਤ; ਵਿਆਹ ਮਗਰੋਂ ਜਦੋਂ ਕੰਨਿਆਂ ਸਹੁਰੇ ਜਾਂਦੀ ਹੈ ਤਾਂ ਉਥੇ ਉਸ ਨੂੰ ਚੂਰੀ ਤੇ ਖਿਚੜੀ ਦੀਆਂ ਸੱਤ ਬੁਰਕੀਆਂ ਦੇਣ ਪਿਛੋਂ, ਉਸ ਦੀ ਗੋਦ ਵਿਚ ਉਸ ਦਾ ਛੋਟਾ ਦੇਵਰ ਜਾਂ ਕੋਈ ਹੋਰ ਲੜਕਾ ਬਿਠਾਇਆ ਜਾਂਦਾ ਹੈ। ਇਸ ਰੀਤ ਨੂੰ 'ਦਿਉਰ ਗੋਦ ਬਿਠਾਣਾ' ਕਹਿੰਦੇ ਹਨ। ਸ਼ਗਨ ਵਜੋਂ ਪੈਸੇ ਤੇ ਮਠਿਆਈ ਵੀ ਦਿਤੀ ਜਾਂਦੀ ਹੈ। ਧਨ-ਪੋਠੋਹਾਰ ਵਿਚ ਇਸ ਨੂੰ ਗੁਥੀ ਕਹਿੰਦੇ ਹਨ।

(ਦ-98) **ਦਿਆਲ ਭਵਨ ਪੰਥੀ** :

ਵੈਸਨਵ ਹਿੰਦੂਆਂ ਦੀ ਇਕ ਸੰਪਰਦਾਇ ਜੋ ਦਿਆਲ ਭਵਨ ਦੇ ਅਨੁਯਾਈ ਹਨ। ਦਿਆਲ ਭਵਨ ਸ਼ਾਹਪੁਰ ਦੇ ਪਿੰਡ ਗਿਰੋਤ (ਤਹਿਸੀਲ ਖੁਸ਼ਾਬ) ਦਾ ਨਿਵਾਸੀ ਸੀ, ਤੇ ਕਪੜੇ ਦਾ ਕੰਮ ਕਰਦਾ ਸੀ। ਉਹ ਇਕ ਪਠਾਨੀ ਕੋਲ ਠਹਿਰਿਆ ਹੋਇਆ ਸੀ ਕਿ ਉਸ ਨੂੰ ਇਲਹਾਮ ਹੋਇਆ, ਇਹ ਵੇਖ ਇਹ ਵੀ ਪਰਮਾਰਥ ਦੇ ਰਾਹ 'ਤੇ ਪੈ ਗਿਆ। ਦਿਆਲ ਭਵਨ ਪੰਥੀ ਦੇਸ਼ ਵੰਡ ਤੋਂ ਪਹਿਲਾਂ ਸ਼ਾਹਪੁਰ ਜ਼ਿਲੇ ਵਿਚ ਮਿਲਦੇ ਸਨ। ਗਿਰੋਤ ਵਿਚ ਇਨ੍ਹਾਂ ਦਾ ਵਡਾ ਤੀਰਥ ਰਾਮਸਰ ਸਰੋਵਰ ਸੀ, ਜਿਥੇ ਹਰ ਸਾਲ ਵਿਸਾਖੀ ਨੂੰ ਭਾਰੀ ਮੇਲਾ ਜੁੜਦਾ। ਕਈ ਦਿਆਲ ਭਵਨ ਪੰਥੀ ਜੰਞੂ ਪਹਿਨਦੇ ਹਨ ਕਈ ਨਹੀਂ।

ਦਿਆਲ ਭਵਨ ਦਾ ਮੇਲਾ ਸ਼ਾਹਪੁਰ ਜ਼ਿਲੇ ਵਿਚ, ਗਿਰੋਤ ਵਿਚ ਦਿਆਲ ਭਵਨ ਦੇ ਸਰੋਵਰ ਰਾਮਸਰ ਤੇ ਤੀਹ

(ਦ-99) **ਦਿਸ਼ਾ ਸੂਲ** :

ਉਹ ਸਮਾਂ/ਦਿਨ ਜਦੋਂ ਹਿੰਦੂ ਸ਼ਾਸਤ੍ਰਾਂ ਅਨੁਸਾਰ, ਕਿਸੇ ਖ਼ਾਸ ਦਿਸ਼ਾ ਸਥਿਤੀ ਵਲ ਜਾਣਾ ਅਸ਼ੁਭ ਹੁੰਦਾ ਹੈ। ਦਿਸ਼ਾ ਸੂਲ ਵਿਚ ਸਫ਼ਰ ਕਰਨ ਨਾਲ ਯਾਤ੍ਰੀ ਨੂੰ, ਕਈ ਤਰ੍ਹਾਂ ਦੇ ਦੁੱਖਾਂ ਤੇ ਸੰਕਟਾਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਉਸ ਨੂੰ ਸਫ਼ਰ ਵਿਚ ਕਦੇ ਸਫ਼ਲਤਾ ਪ੍ਰਾਪਤ ਨਹੀਂ ਹੁੰਦੀ। ਦਿਨਾਂ ਨੂੰ ਮੁੱਖ ਰਖਦਿਆਂ ਐਤਵਾਰ ਤੇ ਸ਼ੁਕਰਵਾਰ ਨੂੰ ਪੱਛਮ ਵਲ, ਸੋਮਵਾਰ ਤੇ ਸਨਿਚਰਵਾਰ ਨੂੰ ਪੂਰਬ ਵਲ, ਮੰਗਲਵਾਰ ਤੇ ਬੁੱਧਵਾਰ ਨੂੰ ਉੱਤਰ ਵਲ ਤੇ ਵੀਰਵਾਰ ਨੂੰ ਦੱਖਣ ਵਲ ਸਫ਼ਰ ਕਰਨਾ ਸ਼ੁਭ ਨਹੀਂ ਹੁੰਦਾ। ਜੇ ਮਜਬੂਰੀ ਵਿਚ ਜਾਣਾ ਪੈ ਜਾਵੇ ਤਾਂ ਐਤਵਾਰ ਨੂੰ ਘਿਉ ਖਾ ਕੇ, ਸੋਮਵਾਰ ਨੂੰ ਦੁੱਧ ਪੀ ਕੇ, ਮੰਗਲਵਾਰ ਨੂੰ ਗੁੜ ਖਾ ਕੇ, ਬੁਧ ਨੂੰ ਤਿਲ ਚੱਬ ਕੇ ਤੇ ਵੀਰਵਾਰ ਨੂੰ ਦਹੀਂ ਖਾ ਕੇ ਤੇ ਸ਼ੁਕਰਵਾਰ ਨੂੰ ਜੌਂ ਤੇ ਸਨਿਚਰਵਾਰ ਨੂੰ ਮਾਂਹ ਖਾ ਕੇ ਘਰੋਂ ਨਿਕਲਣ ਨਾਲ ਦਿਸ਼ਾ ਸੂਲ ਦਾ ਅਸਰ ਖੀਣ ਹੋ ਜਾਂਦਾ ਹੈ।

ਕਈ ਲੋਕ ਦਿਸ਼ਾ-ਸੂਲ ਨੂੰ ਇਕ ਕਲਪਿਤ ਤਾਰਾ ਮੰਨਦੇ ਹਨ। ਇਹ ਹਰੇਕ ਨੂੰ ਵਿਖਾਈ ਨਹੀਂ ਦੇਂਦਾ। ਪਰ ਅਕਾਸ਼ ਮੰਡਲ ਉਤੇ ਘੁੰਮਦਾ ਰਹਿੰਦਾ ਹੈ ਤੇ ਕਦੇ ਕਿਸੇ ਦਿਸ਼ਾ ਵਲ ਚੜ੍ਹਦਾ ਹੈ ਤੇ ਕਦੇ ਕਿਸੇ ਦਿਸ਼ਾ ਵਲ। ਮੁਸਲਮਾਨੀ ਧਾਰਨਾ ਅਨੁਸਾਰ ਸੁੰਬਾ ਨੂੰ ਇਹ ਪੂਰਬ ਵਲ ਤੇ ਪੰਜ ਸੁੰਬਾ ਨੂੰ ਦੱਖਣ ਵਲ ਹੁੰਦਾ ਹੈ। ਮੰਗਲ ਵਾਲੇ ਦਿਨ ਇਹ ਤਾਰਾ ਉੱਤਰ ਦਿਸ਼ਾ ਵਲ ਹੁੰਦਾ ਹੈ ਤੇ ਐਤਵਾਰ ਨੂੰ ਪੱਛਮ ਦਿਸ਼ਾ ਵਲ। ਇਹ ਤਾਰਾ ਜਿਸ ਦਿਸ਼ਾ ਵਲ ਹੋਵੇ, ਉਸ ਦਿਸ਼ਾ ਵਲ ਉਸ ਦਿਨ ਸਫ਼ਰ ਕਰਨਾ ਅਸ਼ੁਭ ਹੁੰਦਾ ਹੈ। ਸਫ਼ਰ ਕਰਨ ਵਾਲੇ ਲਈ ਜ਼ਰੂਰੀ ਹੈ ਕਿ ਉਹ ਦਿਸ਼ਾ ਸੂਲ ਨੂੰ ਖੱਬੇ ਪਾਸੇ ਜਾਂ ਆਪਣੀ ਪਿੱਠ ਵਲ ਰਖੇ। ਇਸ ਦਾ ਸਾਹਮਣੇ ਵਲ ਹੋਣਾ ਜਾਂ ਸੱਜੇ ਪਾਸੇ ਹੋਣਾ ਅਸ਼ੁਭ ਹੁੰਦਾ ਹੈ ਤੇ ਦੁਖਦਾਈ ਵੀ।

(ਦ-100) **ਦਿਸ਼ਾਵਾਂ** :

ਦਿਸ਼ਾਵਾਂ ਦਸ ਮਿੱਥੀਆਂ ਗਈਆਂ ਹਨ। ਇਨ੍ਹਾਂ ਦੇ ਨਾਉਂ ਹਨ : ਪੂਰਬ, ਪੱਛਮ, ਉੱਤਰ, ਦੱਖਣ, ਅਗਨੀ ਕੋਣ, ਨੈਰਿਤੀ ਕੋਣ, ਵਾਯਵੀ ਕੋਣ, ਈਸ਼ਾਨ ਕੋਣ, ਆਕਾਸ਼ ਤੇ ਪਾਤਾਲ। ਹਿੰਦੂ ਪਰਾਣਧਾਰਾ ਅਨੁਸਾਰ ਹਰੇਕ ਦਿਸ਼ਾ ਕਿਸੇ ਨਾ ਕਿਸੇ ਦੇਵਤੇ ਦੇ ਅਧਿਕਾਰ ਹੇਠ ਹੈ। ਹੈ। ਦੱਖਣ ਦਿਸ਼ਾ ਦਾ ਦਵਾਰਪਾਲ ਯਮ ਹੈ। ਯਮਲੋਕ ਇਸੇ ਦਿਸ਼ਾ ਵਲ ਹੈ। ਦੱਖਣ ਦੀ ਦਿਸ਼ਾ ਇਸੇ ਲਈ ਹਿੰਦੂਆਂ ਵਿਚ ਅਸ਼ੁਭ ਸਮਝੀ ਜਾਂਦੀ ਹੈ। ਤੇ ਇਸ ਦਿਸ਼ਾ ਵਲ ਮੂੰਹ ਕਰ ਕੇ ਕੋਈ ਮੰਗਲ ਕਾਰਜ ਨਹੀਂ ਕੀਤਾ ਜਾਂਦਾ। ਹਿੰਦੂਆਂ ਵਿਚ ਜਦੋਂ ਕੋਈ ਪ੍ਰਾਣੀ ਸਵਾਸ ਤਿਆਗ ਦੇਂਦਾ ਹੈ ਤਾਂ ਮੰਗਲ ਭਾਸ਼ਾ ਵਿਚ ਕਹਿੰਦੇ ਹਨ : ਦੱਖਣ ਦਿਸ਼ਾ ਵਲ ਚਲਾ ਗਿਆ। ਉੱਤਰ ਦਾ ਦਵਾਰਪਾਲ ਕੁਬੇਰ ਹੈ। ਕੁਬੇਰ ਧਨ ਦਾ ਦੇਵਤਾ ਹੈ ਤੇ ਸੋਨੇ ਦੀ ਨਗਰੀ ਵਿਚ ਰਹਿੰਦਾ ਹੈ। ਇਸ ਦੀ ਅਲਕਾ ਨਗਰੀ ਉੱਤਰ ਦਿਸ਼ਾ ਵਲ ਹੈ।

ਕੋਣਾਂ ਵਾਲੀਆਂ ਚਾਰੇ ਦਿਸ਼ਾਵਾਂ ਦੇ ਦਵਾਰਪਾਲਾਂ ਬਾਰੇ ਇਕ ਮਤ ਨਹੀਂ। ਆਮ ਤੌਰ ਤੇ ਦੱਖਣ-ਪੂਰਬ ਵਿਚ ਅਗਨੀ, ਦੱਖਣ ਪੱਛਮੀ ਦਿਸ਼ਾ ਵਿਚ ਨੈਰਿਤ, ਉੱਤਰ ਦੱਖਣ ਦਿਸ਼ਾ ਵਿਚ ਵਾਯੂ ਤੇ ਉੱਤਰ ਪੂਰਬ ਦਿਸ਼ਾ ਵਿਚ ਇਸ਼ਾਨੀ (ਸ਼ਿਵ ਦਾ ਇਕ ਰੂਪ) ਦਾ ਅਧਿਕਾਰ ਮੰਨਿਆ ਜਾਂਦਾ ਹੈ।

ਅਕਾਸ਼ ਮੰਡਲ ਦਾ ਦਵਾਰਪਾਲ ਬ੍ਰਹਮਾ ਹੈ ਅਤੇ ਪਾਤਾਲ ਦਾ ਸ਼ੇਸ਼ਨਾਗ।

ਹਿੰਦੂਆਂ ਵਿਚ ਇਹ ਪ੍ਰਥਾ ਰਹੀ ਹੈ ਕਿ ਜਿਸ ਦਿਸ਼ਾ ਵਲ ਸਫ਼ਰ ਕਰਨਾ ਹੋਵੇ, ਉਸ ਦਿਸ਼ਾ ਦੇ ਦੇਵਤੇ ਅਥਵਾ ਦਵਾਰਪਾਲ ਦੀ ਪੂਜਾ ਕੀਤੀ ਜਾਂਦੀ ਹੈ। ਖ਼ਾਸ ਖ਼ਾਸ ਦਿਸ਼ਾਵਾਂ ਵਲ ਖ਼ਾਸ ਖ਼ਾਸ ਦਿਨ ਜਾਣਾ ਅਸ਼ੁਭ ਸਮਝਿਆ ਜਾਂਦਾ ਸੀ (ਵੇਖੋ : ਦਿਸ਼ਾ ਸੂਲ)।

(ਦ-101) **ਦਿਹਲ** :

ਕਿਸੇ ਖ਼ੁਸ਼ੀ ਦੇ ਅਵਸਰ ਜਾਂ ਵਿਆਹ ਉਤੇ ਬ੍ਰਾਹਮਣਾਂ ਨੂੰ ਭੇਟ ਕੀਤੀ ਮਠਿਆਈ। ਕਈ ਵਾਰ ਮਠਿਆਈ ਨਾਲ ਨਕਦ ਰੁਪਏ ਵੀ ਭੇਟ ਕੀਤੇ ਜਾਂਦੇ ਹਨ।

(ਦ-102) **ਦਿਗਜ** :

ਅੱਠ ਦਿਸ਼ਾਵਾਂ ਦੇ ਸਵਾਮੀ, ਹਾਥੀ। ਪੁਰਾਣਾਂ ਅਨੁਸਾਰ ਅੱਠ ਹਾਥੀ ਅੱਠਾਂ ਦਿਸ਼ਾਵਾਂ ਵਿਚ ਖਲੋ ਕੇ ਧਰਤੀ ਨੂੰ ਦੱਬੀ ਰਖਦੇ ਹਨ ਤਾਂ ਜੋ ਧਰਤੀ ਡੋਲੇ ਨਾ। ਹਰ ਹਾਥੀ ਆਪਣੀ ਦਿਸ਼ਾ ਦੀ ਸੰਭਾਲ ਕਰਦਾ ਹੈ। ਇਨ੍ਹਾਂ ਅੱਠਾਂ ਹਾਥੀਆਂ ਦੀ ਦਿਸ਼ਾ ਦੇ ਨਾਂ ਇਸ ਪ੍ਰਕਾਰ ਹਨ : ਪੂਰਬ ਵਿਚ ਐਰਾਵਤ, ਪੂਰਬ ਦੱਖਣ ਕੋਣ ਵਿਚ ਪੁੰਡਰੀਕ, ਦੱਖਣ ਵਿਚ ਵਾਮਨ, ਦੱਖਣ ਪੱਛਮ ਵਿਚ ਕੁਮੁਦ, ਪੱਛਮ ਵਿਚ ਅੰਜਨ, ਪੱਛਮ,ਉੱਤਰ ਵਿਚ ਪੁਸ਼ਪਦੰਤ, ਉੱਤਰ ਵਿਚ ਸਾਰਵਭੌਮ ਅਤੇ ਉੱਤਰ-

(ਦ-103) **ਦਿਗਦਾਹ** :

ਸੂਰਜ ਦੇ ਛੁਪਣ ਮਗਰੋਂ ਦੀ ਪੱਛਮ ਦਿਸਾ ਦੀ ਅੱਗ ਦੀਆ ਲਾਟਾਂ ਵਰਗੀ ਲਾਲੀ, ਜੋ ਕਦੇ ਕਦੇ ਇਉਂ ਵਿਖਾਈ ਦੇਂਦੀ ਹੈ, ਜਿਵੇਂ ਅੱਗ ਲਗੀ ਹੋਵੇ । ਇਸ ਨੂੰ 'ਖੂਨੀ ਲਾਲੀ' ਵੀ ਕਹਿੰਦੇ ਹਨ । ਇਹ ਸਥਿਤੀ ਅਪਸ਼ਗਨ ਮੰਨਿਆ ਜਾਂਦਾ ਹੈ । ਧਾਰਨਾ ਹੈ ਕਿ ਨਿਰਦੋਸ਼ਿਆਂ ਦਾ ਖੂਨ ਹੋ ਜਾਣ ਤੇ ਇਹ ਲਾਲੀ ਵਿਖਾਈ ਦੇਂਦੀ ਹੈ ਤੇ ਬੜੀ ਤਬਾਹੀ ਲਿਆਂਦੀ ਹੈ । ਰਵਾਇਤ ਹੈ ਕਿ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸਮੇਂ ਪੱਛਮ ਵਲ ਸਾਰਾ ਅਕਾਸ਼ ਦਿਗਦਾਹ ਨਾਲ ਮਚ ਉਠਿਆ ਸੀ ।

(ਦ-104) **ਦਿਗਪਤੀ** :

ਅੱਠਾਂ ਦਿਸ਼ਾਵਾਂ ਦੇ ਸਵਾਮੀ; ਜੋਤਿਸ਼ ਵਿਦਿਆ ਅਨੁਸਾਰ ਹਰੇਕ ਗ੍ਰਹਿ ਕਿਸੇ ਨਾ ਕਿਸੇ ਦਿਸ਼ਾ ਦਾ ਸਵਾਮੀ ਹੈ : ਦੱਖਣ ਦਾ ਮੰਗਲ, ਪੱਛਮ ਦਾ ਸ਼ਨੀ, ਉੱਤਰ ਦਾ ਬੁੱਧ, ਪੂਰਬ ਦਾ ਸੂਰਜ, ਅਗਨੀ ਕੋਣ ਦਾ ਸ਼ੁਕ੍ਰ, ਨੈਰਿਤੀ ਦਾ ਰਾਹੂ, ਵਾਯਵੀ ਕੋਣ ਦਾ ਚੰਦਰਮਾ ਅਤੇ ਈਸ਼ਾਨ ਦਾ ਬ੍ਰਿਹਸਪਤੀ ।

(ਦ-105) **ਦਿਗਪਾਲ** :

ਦਿਸ਼ਾਵਾਂ ਨੂੰ ਪਾਲਣ ਵਾਲੇ ਦੇਵਤੇ, ਪੁਰਾਣਾਂ ਅਨੁਸਾਰ ਦਸ ਦਿਸ਼ਾਵਾਂ ਦੇ ਪਾਲਕ ਦਸ ਦੇਵਤੇ ਹਨ, ਇੰਦਰ ਪੂਰਬ ਦਿਸ਼ਾ ਦਾ ਪਾਲਕ ਹੈ, ਅਗਨੀ ਅਗਨੀਕੋਣ ਦਾ, ਯੱਮ ਦੱਖਣ ਦਾ, ਨੈਰਿਤ ਨੈਰਿਤ ਕੋਣ ਦਾ, ਵਰੁਣ ਪੱਛਮ ਦਾ, ਵਾਯੂ ਵਾਯਵੀ ਕੋਣ ਦਾ, ਕੁਬੇਰ ਉੱਤਰ ਦਾ, ਸ਼ਿਵ ਈਸ਼ਾਨ ਦਾ । ਬ੍ਰਹਮ ਉਪਰ ਅਕਾਸ਼ ਵਲ ਦੀ ਦਿਸ਼ਾ ਦਾ ਤੇ ਸ਼ੇਸਨਾਗ ਹੇਠ ਪਤਾਲ ਦੀ ਦਿਸ਼ਾ ਦਾ । ਇਨ੍ਹਾਂ ਦੇਵਤਿਆ ਨੂੰ ਦਿਗਪਾਲ ਕਿਹਾ ਗਿਆ ਹੈ ਤੇ ਆਪੋ ਆਪਣੀ ਦਿਸ਼ਾ ਦੀ ਇਹ ਰਾਖੀ ਕਰਦੇ ਹਨ ।

(ਦ-106) **ਦਿਨ** :

ਦਿਨਾਂ ਬਾਰੇ ਕਈ ਤਰ੍ਹਾਂ ਦੇ ਵਿਚਾਰ, ਭਰਮ ਵਹਿਮ ਤੇ ਮਨੌਤਾਂ ਪ੍ਰਚਲਤ ਹਨ । ਧਾਰਨਾ ਹੈ ਕਿ ਪਹਿਲਾਂ ਸਿਰਫ਼ ਦਿਨ ਹੀ ਹੋਇਆ ਕਰਦੇ ਸਨ ਰਾਤ ਨਹੀਂ । ਜਦੋਂ ਸੰਸਾਰ ਦੇ ਪਹਿਲੇ ਆਦਮੀ ਦੀ ਮੌਤ ਹੋਈ ਤਾਂ ਕੁਝ ਘੜੀਆ ਲਈ ਸੰਸਾਰ ਤੇ ਹਨੇਰਾ ਛਾ ਗਿਆ ਤੇ ਰਾਤ ਹੋਂਦ ਵਿਚ ਆਈ ।

ਹੈ 'ਦਿਨ ਵੇਲੇ ਦੇਵਤਿਆਂ ਦਾ ਰਾਜ ਤੇ ਰਾਤ ਵੇਲੇ ਅਸੁਰਾਂ ਦਾ' । ਦਿਨ ਵੇਲੇ ਕੀਤੇ ਗੁਨਾਹਾਂ ਨੂੰ ਦੇਵਤੇ ਵੇਖਦੇ ਹਨ, ਇਸ ਲਈ ਮੁਆਫ਼ ਨਹੀਂ ਹੁੰਦੇ । ਰਾਤ ਵੇਲੇ ਕੀਤੇ ਗੁਨਾਹਾਂ ਨੂੰ ਅਸੁਰ ਵੇਖਦੇ ਹਨ, ਜੋ ਮੁਆਫ਼ ਹੋ ਜਾਂਦੇ ਹਨ ।

ਦਿਨ ਬਾਰੇ ਕਈ ਤਰ੍ਹਾਂ ਦੇ ਭਰਮ ਵਹਿਮ ਸਬੰਧਿਤ ਹਨ । ਐਤਵਾਰ, ਮੰਗਲਵਾਰ ਤੇ ਸਨਿਚਰਵਾਰ ਵਿਆਹ ਲਈ ਅਸ਼ੁਭ ਹਨ । ਜੇ ਐਤਵਾਰ ਵਿਆਹ ਹੋਵੇ ਤਾਂ ਦੰਪਤੀ ਵਿਚ ਹਮੇਸ਼ਾ ਲੜਾਈ ਝਗੜਾ ਰਹੇਗਾ, ਜੇ ਮੰਗਲ ਹੋਵੇ ਤਾਂ ਪਤਨੀ ਛੇਤੀ ਹੀ ਵਿਧਵਾ ਹੋ ਜਾਂਦੀ ਹੈ ਤੇ ਜੇ ਸ਼ਨਿਚਰਵਾਰ ਹੋਵੇ ਤਾਂ ਘਰ ਵਿਚ ਹਮੇਸ਼ਾ ਬਿਮਾਰੀ ਪਈ ਰਹਿੰਦੀ ਹੈ । ਸਫ਼ਰ ਲਈ ਸੋਮਵਾਰ, ਬੁੱਧਵਾਰ ਤੇ ਵੀਰਵਾਰ ਦੇ ਦਿਨ ਚੰਗੇ ਮੰਨੇ ਜਾਂਦੇ ਹਨ, ਖਾਸ ਤੌਰ ਤੇ ਬੁਧਵਾਰ, ਬਾਕੀ ਦਿਨ ਸਫ਼ਰ ਕੀਤਿਆਂ ਕੰਮ ਵਿਚ ਸਫਲਤਾ ਪ੍ਰਾਪਤ ਨਹੀਂ ਹੁੰਦੀ । ਸ਼ੁਕਰ ਅਤੇ ਐਤਵਾਰ ਨੂੰ ਪੱਛਮ ਵਲ, ਮੰਗਲ ਅਤੇ ਬੁੱਧ ਨੂੰ ਉੱਤਰ ਵਲ, ਸਨੀ ਅਤੇ ਸੋਮ ਨੂੰ ਪੂਰਬ ਵਲ ਅਤੇ ਵੀਰਵਾਰ ਨੂੰ ਦੱਖਣ ਵਲ ਸਫ਼ਰ ਕਰਨ ਨਾਲ ਦਿਸਾਸੂਲ ਹੁੰਦਾ ਅਥਵਾ ਦੁਖ ਉਠਾਉਣੇ ਪੈਂਦੇ ਹਨ । ਮੰਗਲ ਤੇ ਬੁੱਧ ਨੂੰ ਪਹਾੜ ਵਲ ਸਫ਼ਰ ਕਰਨਾ ਦੁਖਦਾਈ ਹੁੰਦਾ ਹੈ :

ਮੰਗਲ ਬੁੱਧ ਨਾ ਜਾਈਏ ਪਹਾੜ
ਜਿੱਤੀ ਬਾਜੀ ਆਈਏ ਹਾਰ ।

ਐਤਵਾਰ ਜਾਂ ਮੰਗਲ ਨੂੰ ਪੂਰਬ ਦਿਸਾ ਵਲ ਜਾਣਾ ਸ਼ੁਭ ਹੈ । ਸੋਮਵਾਰ ਤੇ ਸਨਿਚਰਵਾਰ ਨੂੰ ਪੱਛਮ ਦਿਸ਼ਾ ਵਲ, ਦੱਖਣ ਦਿਸਾ ਵਲ ਬੁੱਧਵਾਰ ਤੇ ਉਤਰ ਵਲ ਸੋਮਵਾਰ ਤੇ ਸੁਕਰਵਾਰ ਸਫ਼ਰ ਕਰਨਾ ਸ਼ੁਭ ਮੰਨਿਆ ਜਾਂਦਾ ਹੈ, ਕਿਉਂ ਜੋ ਦਿਸਾ ਸ਼ੁਭ ਹੁੰਦੀ ਹੈ ।

ਕਈ ਜ਼ਿਮੀਂਦਾਰ ਐਤਵਾਰ ਜਾਂ ਵੀਰਵਾਰ ਨੂੰ ਹੱਲ ਵਾਹੁਣਾ ਅਸ਼ੁਭ ਮੰਨਦੇ ਹਨ । ਮੰਗਲਵਾਰ ਨੂੰ ਹੱਲ ਵਾਹੁਣ ਦਾ ਮਹੂਰਤ ਸ਼ੁਭ ਹੁੰਦਾ ਹੈ, ਕਿਉਂ ਜੋ ਇਸ ਵਾਰ ਨੂੰ ਆਦਮ ਨੇ ਪਹਿਲੀ ਵਾਰ ਭੋਇੰ 'ਤੇ ਹੱਲ ਵਾਹਿਆ ਸੀ । ਮੰਗਲਵਾਰ ਨੂੰ ਵਾਢੀ ਤੇ ਬੁੱਧ ਨੂੰ ਬਿਜਾਈ ਸ਼ੁਰੂ ਕਰਨੀ ਸ਼ੁਭ ਮੰਨੀ ਜਾਂਦੀ ਹੈ—'ਮੰਗਲ ਦਾਤੀ ਬੁੱਧ ਬਿਆਈ ।'

ਕਾਨੂੰਨ ਨਾਲ ਸਬੰਧਿਤ ਕੰਮ ਸਨਿਚਰਵਾਰ ਨੂੰ ਸ਼ੁਭ ਸਮਝੇ ਜਾਂਦੇ ਹਨ ।

ਸ਼ੁਕਰਵਾਰ ਨੂੰ ਤੀਵੀਂ ਲਈ ਸਿਰ ਧੋਣਾ ਅਪਸ਼ਗਨ ਹੈ । ਭਰਾਵਾਂ ਸਿਰ ਬੀਮਾਰੀ ਪੈਂਦੀ ਹੈ । ਸਨਿਚਰਵਾਰ ਸਿਰ ਧੋਣ

ਇਸ ਦਿਨ ਸ਼ਨਿਚਰ ਦੇਵਤੇ ਨਮਿਤ ਤੇਲ ਦਾਨ ਕਰਨ ਨਾਲ ਸੰਕਟ ਦੂਰ ਹੁੰਦੇ ਹਨ।

ਹਰ ਮਹੀਨੇ ਵਿਚ ਪੰਜ ਦਿਨ ਅਜਿਹੇ ਆਉਂਦੇ ਹਨ, ਜਿਨ੍ਹਾਂ ਨੂੰ ਪੰਚਕ ਕਹਿੰਦੇ ਹਨ (ਵੇਖੋ : ਪੰਚਕ)। ਪੰਚਕ ਨੂੰ ਕੋਈ ਕੰਮ ਕਰਨਾ ਅਸ਼ੁਭ ਹੈ। ਜੇ ਕੋਈ ਕੰਮ ਚਾਲੂ ਹੋਵੇ ਤਾਂ 'ਪੰਚਕ' ਨੂੰ ਕੰਮ ਰੋਕ ਦੇਣਾ ਚਾਹੀਦਾ ਹੈ, ਨਹੀਂ ਤਾਂ ਨੁਕਸਾਨ ਹੋਵੇਗਾ। ਜੇ ਪੰਚਕ ਦੇ ਦਿਨਾਂ ਵਿਚ ਮੌਤ ਹੋ ਜਾਵੇ ਤਾਂ ਘਰ ਵਿਚ ਚਾਰ ਹੋਰ ਮੌਤਾਂ ਦਾ ਡਰ ਰਹਿੰਦਾ ਹੈ, ਜਿਸ ਤੋਂ ਬਚਣ ਲਈ 'ਪੰਚਕ ਸ਼ਾਂਤੀ' ਦੀ ਰੀਤ ਕੀਤੀ ਜਾਂਦੀ ਹੈ ਤੇ ਮ੍ਰਿਤਕ ਨਾਲ ਚਾਰ ਕਪੜੇ ਦੇ ਪੁਤਲੇ ਵੀ ਜਲਾਏ ਜਾਂਦੇ ਹਨ।

ਸ਼ਨਿਚਰਵਾਰ, ਐਤਵਾਰ ਤੇ ਮੰਗਲਵਾਰ ਨੂੰ ਪਸ਼ੂ ਜਾਂ ਘਿਉ ਵੇਚਣਾ ਅਸ਼ੁਭ ਹੈ। ਇਸ ਦਿਨ ਕਿਸੇ ਨੂੰ ਉਧਾਰ ਦੇਣਾ ਜਾਂ ਕਿਸੇ ਤੋਂ ਉਧਾਰ ਲੈਣਾ ਜਾਂ ਫਿਰ ਸਿਰ ਮੁੰਨਣਾ ਅਪਸ਼ਗਨ ਹੈ। ਮੰਗਲਵਾਰ ਨੂੰ ਸਿਰ ਮੁੰਨਣ ਨਾਲ ਘਰ ਵਿਚ ਕੋਈ ਮੌਤ ਹੋ ਜਾਂਦੀ ਹੈ।

ਐਤਵਾਰ ਨੂੰ ਦਰਿਆ ਪਾਰ ਕਰਨਾ ਅਸ਼ੁਭ ਮੰਨਿਆ ਜਾਂਦਾ ਹੈ :

ਐਤਵਾਰ ਨਾ ਲੰਘੀਂ ਪਾਰ
ਮਤੇ ਜਿਤਾ ਆਵੇਂ ਹਾਰ।

ਬੁੱਧ ਤੇ ਸ਼ਨਿਚਰਵਾਰ ਨਵਾਂ ਕਪੜਾ ਪਹਿਨਣਾ ਸ਼ੁਭ ਹੈ, ਵਧੇਰੇ ਹੰਢਦਾ ਹੈ। ਗਹਿਣਾ ਐਤਵਾਰ ਪਾਉਣ ਨਾਲ ਗੁਆਚਦਾ ਨਹੀਂ। ਸੋਮਵਾਰ ਨੂੰ ਮੰਜੀ ਬੁਣੀ ਜਾਵੇ ਤਾਂ ਉਸ ਉਤੇ ਸੁੱਖ ਦੀ ਨੀਂਦਰ ਆਉਂਦੀ ਹੈ :

ਬੁੱਧ ਸ਼ਨਿਚਰ ਕਪੜਾ ਗਹਿਣਾ ਐਤਵਾਰ
ਜੇ ਸੁਖ ਸੁਤਾ ਲੋੜੇਂ ਮੰਜੀ ਉਣੀਂ ਸੋਮਵਾਰ।

ਕੁਝ ਖ਼ਾਸ ਤਰ੍ਹਾਂ ਦੇ ਕਰਮ, ਜੇ ਖ਼ਾਸ ਖ਼ਾਸ ਦਿਨ ਦਿਹਾੜੇ ਕੀਤੇ ਜਾਣ ਤਾਂ ਬੜੇ ਫਲਦਾਇਕ ਹਨ ਜਿਵੇਂ, ਜੇ ਕੋਈ ਐਤਵਾਰ ਨੂੰ ਪਾਨ ਖਾ ਕੇ ਕਿਧਰੇ ਜਾਵੇ ਤਾਂ ਉਸ ਦੀ ਇੱਛਾ ਅਵੱਸ਼ ਪੂਰੀ ਹੋਵੇਗੀ। ਐਤਵਾਰ ਨੂੰ ਸ਼ੀਸ਼ੇ ਵਿਚ ਚਿਹਰਾ ਵੇਖਣ ਨਾਲ ਤਰੱਕੀ ਹੁੰਦੀ ਹੈ। ਮੰਗਲਵਾਰ ਨੂੰ ਜੇ ਲੌਂਗ ਖਾ ਕੇ ਕਿਸੇ ਕੰਮ ਲਈ ਨਿਕਲਿਆ ਜਾਵੇ ਤਾਂ ਸਫਲਤਾ ਮਿਲਦੀ ਹੈ, ਬੁਧਵਾਰ ਨੂੰ ਮਠਿਆਈ ਖਾਣੀ ਤੇ ਵੀਰਵਾਰ ਨੂੰ ਲੱਸੀ ਪੀਣੀ ਚੰਗੀ ਹੁੰਦੀ ਹੈ, ਵਿਘਨ ਨਹੀਂ ਪੈਂਦੇ।

ਦਿਨ ਦੇ ਖ਼ਾਸ ਖ਼ਾਸ ਪਹਿਰ ਵਿਚ, ਕੁਝ ਖ਼ਾਸ ਕੰਮ ਕਰਨੇ ਅਸ਼ੁਭ ਮੰਨੇ ਗਏ ਹਨ। ਸਰਘੀ ਵੇਲੇ ਦਰਜ਼ੀ ਲਈ

ਇਸੇ ਤਰ੍ਹਾਂ ਦੁਪਹਿਰ ਤੇ ਤ੍ਰਿਕਾਲਾਂ ਵੇਲੇ ਕੋਈ ਨਵਾਂ ਕੰਮ ਜਾਂ ਸਫ਼ਰ ਸ਼ੁਰੂ ਕਰਨਾ ਠੀਕ ਨਹੀਂ ਹੁੰਦਾ।

ਸਰਘੀ ਵੇਲੇ ਜੰਮਿਆ ਬੱਚਾ ਦੈਵੀ ਵਿਚਾਰਾਂ ਵਾਲਾ ਅਤੇ ਸਤੋ-ਗੁਣ ਪ੍ਰਧਾਨ ਹੁੰਦਾ ਹੈ। ਦੁਪਹਿਰਾਂ ਜਾਂ ਤ੍ਰਿਕਾਲਾਂ ਵੇਲੇ ਜੰਮੇ ਬੱਚੇ ਵਿਚ ਰਜੋ ਗੁਣ ਵਧੇਰੇ ਹੁੰਦਾ ਹੈ ਤੇ ਰਾਤ ਵੇਲੇ ਜੰਮੇ ਬੱਚੇ ਵਿਚ ਤਮੋ ਗੁਣ।

ਹਿਮਾਚਲ ਪ੍ਰਦੇਸ਼ ਵਿਚ ਸੰਗਰਾਂਦ, ਅਮਾਵਸ, ਜਨਮ ਅਸ਼ਟਮੀ ਤੇ ਸ਼ਿਵਰਾਤਰੀ ਵਾਲੇ ਦਿਨ ਹਲ ਵਾਹੁਣਾ ਅਸ਼ੁਭ ਸਮਝਿਆ ਜਾਂਦਾ ਹੈ। ਜੇ ਚੇਤ ਤੇ ਵਿਸਾਖ ਦੀ ਚਾਰ ਨੂੰ ਮੀਂਹ ਨਾ ਵਰ੍ਹੇ, ਸਾਵਣ ਤੇ ਭਾਦਰੋਂ ਦੀ ਅੱਠ ਨੂੰ ਜ਼ੋਰਦਾਰ ਵਰਖਾ ਨਾ ਹੋਵੇ, ਜੇਠ ਦੀ ਦੋ ਤੇ ਅੱਠ ਅਤੇ ਹਾੜ ਦੀ ਨੌਂ ਨੂੰ ਕੜਕਵੀਂ ਧੁੱਪ ਨਾ ਚੜ੍ਹੇ ਤਾਂ ਕਾਲ ਪੈਣ ਦਾ ਡਰ ਹੁੰਦਾ ਹੈ। ਸਾਵਣ ਤੇ ਭਾਦਰੋਂ ਦੀ ਅੱਠ ਨੂੰ ਰਾਤ ਨੂੰ ਦਿਸਦੇ ਹਰ ਤਾਰੇ ਪਿਛੇ ਇਕ ਹਜ਼ਾਰ ਮਣ ਫ਼ਸਲ ਦਾ ਨੁਕਸਾਨ ਮੰਨਿਆ ਜਾਂਦਾ ਹੈ।

ਸ਼ਾਮ ਦੇ ਵੇਲੇ ਜਦੋਂ ਦਿਨ ਅੰਦਰ ਬਾਹਰ ਹੁੰਦਾ ਹੈ, ਪੁੱਠੇ-ਸਿੱਧੇ ਹੱਥ ਮਾਰਨੇ, ਤਾਸ਼ ਜਾਂ ਚੌਪੜ ਖੇਡਣੀ ਨਹਿਸ (ਅਸ਼ੁਭ) ਮੰਨੀ ਜਾਂਦੀ ਹੈ।

(ਦ-107) **ਦਿਨ ਵਾਧੇ ਘਾਟੇ ਤੇ** :

ਮੰਗਲ ਕਾਰਜਾਂ ਸਮੇਂ ਤਿੱਥ ਮਿੱਥਣ ਲਈ, ਜੇ ਮਹੂਰਤ ਠੀਕ ਨਾ ਹੋਵੇ ਤਾਂ ਹਮੇਸ਼ਾਂ ਦਿਨ ਵਧਾ ਲਿਆ ਜਾਂਦਾ ਹੈ। ਜਿਵੇਂ ਖਤ੍ਰੀਆਂ ਵਿਚ ਬੱਚੇ ਦੇ ਜੰਮਣ ਮਗਰੋਂ ਤੇਹਰਵਾਂ ਨਵ੍ਹਾਇਆ ਜਾਂਦਾ ਹੈ। ਜੇ ਤੇਰ੍ਹਵਾਂ ਮੰਗਲਵਾਰ ਪੈਂਦਾ ਹੋਵੇ, ਮੰਗਲਵਾਰ ਮੰਗਲ ਕਾਰਜਾਂ ਲਈ ਅਸ਼ੁਭ ਹੈ ਤਾਂ ਇਕ ਦਿਨ ਵਧਾ ਲਿਆ ਜਾਂਦਾ ਹੈ ਅਤੇ ਬੁਧਵਾਰ ਜਣਨੀ ਨੂੰ ਤੇਹਰਵਾਂ ਨਵ੍ਹਾ ਦਿਤਾ ਜਾਂਦਾ ਹੈ। ਖ਼ੁਸ਼ੀ ਦੇ ਕਾਰਜਾਂ ਸਮੇਂ ਦਿਨ ਵਾਧੇ ਤੇ ਹੋਣੇ ਸ਼ੁਭ ਹਨ।

ਪ੍ਰਾਣੀ ਦੀ ਮੌਤ ਨਾਲ ਸਬੰਧਿਤ ਕਿਰਿਆ ਕਰਮ ਅਥਵਾ ਕੋਈ ਰੀਤ ਕਰਨ ਲਗਿਆਂ, ਹਮੇਸ਼ਾਂ ਤਿੱਥ ਘਟਾ ਕੇ ਕੀਤੀ ਜਾਂਦੀ ਹੈ। ਜਿਵੇਂ ਮ੍ਰਿਤੂ ਦੇ ਫੁੱਲ ਚੌਥੇ ਵਾਲੇ ਦਿਨ ਚੁਣੇ ਜਾਂਦੇ ਹਨ, ਜੇ ਚੌਥਾ ਬੁਧਵਾਰ ਪਏ ਅਜਿਹੇ ਕੰਮ ਲਈ ਠੀਕ ਨਹੀਂ ਅਤੇ ਬੁਧਵਾਰ ਸ਼ੁਭ ਕੰਮਾਂ ਲਈ ਨਿਸ਼ਚਿਤ ਹੁੰਦਾ ਹੈ, ਤਾਂ ਚੌਥਾ ਅਗੇ ਵਧਾਣ ਦੀ ਥਾਂ ਘਟਾ ਕੇ ਮੰਗਲਵਾਰ ਰਖ

**(ਦ-108) ਦਿਲ ਖ਼ੁਰਸ਼ੈਦ :**

ਇਕ ਕਿੱਸੇ ਦੀ ਨਾਇਕਾ; ਦਿਲ ਖ਼ੁਰਸ਼ੈਦ ਦੇ ਕਿੱਸੇ ਉਤੇ 'ਅਲਫ਼ ਲੈਲਾ' ਦੀਆਂ ਕਹਾਣੀਆਂ ਦਾ ਪ੍ਰਭਾਵ ਗਹਿਰਾ ਵਿਖਾਈ ਦੇਂਦਾ ਹੈ। ਦਿਲ ਖ਼ੁਰਸ਼ੈਦ ਇਕ ਰੋਮਾਂਚਿਕ ਪ੍ਰੀਤ ਕਥਾ ਹੈ। ਰੋਮ ਦੇ ਇਕ ਬਾਦਸ਼ਾਹ ਦਾ ਲੜਕਾ ਦਿਲ ਖ਼ੁਰਮ ਸ਼ਿਕਾਰ ਖੇਡਣ ਜਾਂਦਾ ਹੈ। ਉਸ ਦਾ ਘੋੜਾ ਉਸ ਨੂੰ ਕੋਹ-ਕਾਫ਼ ਜਾ ਪਹੁੰਚਾਂਦਾ ਹੈ, ਜਿਥੇ ਉਹ ਇਕ ਸ਼ਹਿਜ਼ਾਦੀ ਨੂਰ ਜਮਾਲ ਉਤੇ ਮੋਹਿਤ ਹੋ ਜਾਂਦਾ ਹੈ। ਨੂਰ ਜਮਾਲ ਕਿਸੇ ਪਾਤਸ਼ਾਹ ਦੀ ਕੰਨਿਆਂ ਸੀ, ਜਿਸ ਨੂੰ ਜਮਾਲ ਨੇ ਚੁਕ ਕੇ ਕੋਹ ਕਾਫ਼ ਲੈ ਆਉਂਦਾ ਸੀ, ਨੂਰ ਜਮਾਲ ਨੇ ਦਿਲ ਖ਼ੁਰਮ ਨੂੰ ਮੱਖੀ ਬਣਾ ਕੇ ਆਪਣੇ ਕੋਲ ਰਖਿਆ ਹੋਇਆ ਸੀ।

ਰੋਮ ਦਾ ਬਾਦਸ਼ਾਹ, ਆਪਣੇ ਵਜ਼ੀਰ ਨੂੰ, ਪੰਜ ਸਾਲਾਂ ਦੇ ਅੰਦਰ ਅੰਦਰ ਦਿਲ ਖ਼ੁਰਮ ਨੂੰ ਢੂੰਡ ਕੇ ਲਿਆਉਣ ਦਾ ਆਦੇਸ਼ ਦੇਂਦਾ ਹੈ। ਵਜ਼ੀਰ ਦੀ ਲੜਕੀ ਦਿਲ ਖ਼ੁਰਸ਼ੈਦ ਸੋਹਣੀ ਹੋਣ ਤੋਂ ਇਲਾਵਾ ਬੜੀ ਸੂਝਵਾਨ ਹੈ; ਉਹ ਪਿਉ ਦੀ ਮਦਦ ਕਰਦੀ ਹੈ ਤੇ ਜੋਗਣ ਦੇ ਭੇਸ ਵਿਚ ਸ਼ਹਿਜ਼ਾਦੇ ਨੂੰ ਢੂੰਡਣ ਨਿਕਲਦੀ ਹੈ। ਉਹ ਕਈ ਭੇਸ ਵਟਾਂਦੀ ਤੇ ਅਨੇਕ ਦੁਖ ਝਾਲਦੀ ਹੈ। ਇਕ ਥਾਂ, ਉਹ ਸ਼ਹਿਜ਼ਾਦੇ ਦੇ ਭੇਸ ਵਿਚ ਇਕ ਸ਼ਹਿਜ਼ਾਦੀ ਨਾਲ ਵਿਆਹ ਵੀ ਰਚਾਂਦੀ ਹੈ। ਦਿਲ ਖ਼ੁਰਸ਼ੈਦ ਆਪਣੀ ਸਿਆਣਪ ਨਾਲ ਅਖ਼ੀਰ ਜਮਾਲ ਦਿਉ ਦੇ ਮਹਿਲ ਵਿਚ ਪਹੁੰਚ ਜਾਂਦੀ ਹੈ ਅਤੇ ਉਥੇ ਦਿਲ-ਖ਼ੁਰਮ ਤੇ ਨੂਰ ਜਮਾਲ ਨੂੰ ਜਾ ਮਿਲਦੀ ਹੈ। ਉਹ ਨੂਰ ਜਮਾਲ ਤੇ ਦਿਲ ਖ਼ੁਰਮ, ਦੋਹਾਂ ਨੂੰ, ਮੱਖੀਆਂ ਬਣਾ ਕੇ ਉਥੋਂ ਕਢ ਲਿਆਂਦੀ ਹੈ। ਦੇਵ, ਜਮਾਲ ਦਿਉ ਦਾ ਪਿੱਛਾ ਕਰਦਾ ਹੈ, ਪਰ ਕਿਸੇ ਫ਼ਕੀਰ ਦੀ ਮਦਦ ਨਾਲ ਦੇਵ ਜਮਾਲ ਦਿਲ ਖ਼ੁਰਸ਼ੈਦ ਦੇ ਵਸ ਵਿਚ ਆ ਜਾਂਦਾ ਹੈ ਤੇ ਉਹ ਸਭਨਾਂ ਨੂੰ, ਉਨ੍ਹਾਂ ਦੇ ਦੇਸ਼ ਰੋਮ ਵਿਚ ਪਹੁੰਚਾ ਆਉਂਦਾ ਹੈ।

ਬਾਦਸ਼ਾਹ ਨੇ ਪ੍ਰਸੰਨ ਹੋ ਕੇ ਦਿਲ ਖ਼ੁਰਮ ਦਾ ਵਿਆਹ ਦਿਲ ਖ਼ੁਰਸ਼ੈਦ ਨਾਲ ਕਰ ਦਿਤਾ। ਇਸ ਮਗਰੋਂ ਦਿਲ ਖ਼ੁਰਮ ਦਾ ਵਿਆਹ ਨੂਰ ਜਮਾਲ ਤੇ ਸ਼ਹਿਜ਼ਾਦੀ, ਜਿਸ ਨੂੰ ਦਿਲ ਖ਼ੁਰਸ਼ੈਦ ਨੇ ਸ਼ਹਿਜ਼ਾਦੇ ਦੇ ਰੂਪ ਵਿਚ ਵਿਆਹ ਕੇ ਲਿਆਂਦਾ ਸੀ, ਨਾਲ ਹੋ ਜਾਂਦਾ ਹੈ। ਇਹ ਕਿੱਸਾ ਪਰੀ ਕਹਾਣੀ ਹੈ ਤੇ ਇਸ ਦਾ ਆਧਾਰ ਲੋਕ-ਕਲਪਨਾ ਹੈ ਅਤੇ ਇਸ ਵਿਚ ਸਿਰਜੀ ਦੁਨੀਆਂ ਲੋਕ-ਮਨ ਵਾਲੀ ਹੈ। ਲੋਕ ਕਹਾਣੀਆਂ ਕਿੱਸਾ ਵਧੇਰੇ ਮਕਬੂਲ ਹੈ। ਰਹੀਮ ਬਖ਼ਸ਼ ਸਿਆਲਕੋਟ ਦੇ ਇਕ ਪਿੰਡ ਦਾਊਦ ਦਾ ਰਹਿਣ ਵਾਲਾ ਸੀ ਤੇ ਪੰਜਾਬੀ ਦੇ ਪ੍ਰਸਿਧ ਕਿੱਸਾਕਾਰ ਅਮਾਮ ਬਖ਼ਸ਼ ਦਾ ਦੋਹਤਰਾ ਸੀ।

**(ਦ-109) ਦਿਲ ਖ਼ੁਰਮ :**

ਪੰਜਾਬ ਦੇ ਇਕ ਪ੍ਰਸਿਧ ਰੋਮਾਂਚਕ ਕਿੱਸੇ 'ਦਿਲ ਖ਼ੁਰਸ਼ੈਦ' ਦਾ ਨਾਇਕ, ਜਿਸ ਨੂੰ ਉਸ ਦਾ ਘੋੜਾ ਉਡਾ ਕੇ ਕੋਹ ਕਾਫ਼ ਲੈ ਗਿਆ ਸੀ। ਇਹ ਕਿੱਸਾ ਮੁਸਲਮਾਨੀ ਪ੍ਰਭਾਵ ਹੇਠ ਲਿਖਿਆ ਗਿਆ। ਪਰ ਇਸ ਦੇ ਮੋਟਿਫ਼ਾਂ ਵਿਚ ਹਿੰਦੂ ਮੁਸਲਮਾਨੀ ਤੱਤ ਆ ਗਏ ਹਨ।

**(ਦ-110) ਦਿਵਾਨੇ :**

ਉਦਾਸੀ ਸਾਧੂਆਂ ਦੀ ਇਕ ਸੰਪਰਦਾਇ ਜਿਸ ਦੇ ਮੋਢੀ ਭਾ: ਬਾਲਾ ਜੀ ਤੇ ਹਰੀਆ ਜੀ ਹੋਏ ਹਨ। ਇਹ ਦੋਵੇਂ ਬਾਬਾ ਮਿਹਰਵਾਨ ਦੇ ਚੇਲੇ ਸਨ, ਜਿਸ ਕਰਕੇ ਇਸ ਸੰਪਰਦਾਇ ਨੂੰ ਕਈ 'ਮਿਹਰਵਾਨੀਏ' ਵੀ ਕਹਿੰਦੇ ਹਨ। ਪ੍ਰਸਿਧ ਸਾਧੂ ਨੌਸ਼ਾਹ ਤੇ ਪੀਰ ਭੜਰਾ ਵੀ ਇਸ ਸੰਪਰਦਾਇ ਦੀ ਗੱਦੀ ਉਤੇ ਬੈਠੇ ਸਨ। ਇਸ ਸੰਪਰਦਾਇ ਦੀ ਗੱਦੀ ਕੋਟ ਪੀਰ ਜ਼ਿਲਾ ਬਠਿੰਡਾ ਵਿਚ ਸੀ। ਇਨ੍ਹਾਂ ਦੇ ਮਤ ਦਾ ਬਹੁਤਾ ਪ੍ਰਚਾਰ ਮਾਲਵੇ ਵਿਚ ਹੀ ਹੋਇਆ। ਇਨ੍ਹਾਂ ਵਿਚ ਸਿਦਕ ਰਖਣ ਵਾਲੇ, ਸਵਾ ਮਣ ਅੰਨ ਦਾ ਠੂਠਾ ਦਾਨ ਕਰਦੇ ਹਨ।

ਇਹ ਸਾਧੂ ਦਿਵਾਨੇ ਇਸ ਲਈ ਅਖਵਾਏ ਕਿਉਂਕਿ ਇਨ੍ਹਾਂ ਦੇ ਮਹੰਤ ਆਪਣਾ ਮੂੰਹ ਕਾਲਾ ਕਰ ਕੇ, ਮੋਢੇ ਉਤੇ ਮੋਹਲਾ ਧਰ ਲੈਂਦੇ ਹਨ, ਸਿਰ ਉਤੇ ਮੋਰਪੰਖ ਦੀ ਟੋਪੀ ਅਤੇ ਗਲ ਵਿਚ ਸੰਖਾਂ ਦੀ ਮਾਲਾ ਪਹਿਨਦੇ ਹਨ ਤੇ ਹੱਥ ਵਿਚ ਠੀਕਰਾ ਲੈ ਕੇ ਦਿਵਾਨਿਆਂ ਵਾਂਙ ਢੋਲ ਵਜਾਂਦੇ ਤੇ ਨਚਦੇ ਹੋਏ ਗਲੀਆਂ ਵਿਚ ਘੁੰਮਦੇ ਫਿਰਦੇ ਹਨ।

**(ਦ-111) ਦੀਗਰ ਦੀ ਨਿਮਾਜ਼ :**

ਮੁਸਲਮਾਨਾਂ ਵਿਚ ਲੌਢੇ ਵੇਲੇ ਦੀ ਨਮਾਜ਼ ਜੋ ਦਿਨ ਦੇ ਤੀਜੇ ਪਹਿਰ ਸੂਰਜ ਡੁੱਬਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ।

**(ਦ-112) ਦੀਨ ਪਨਾਹ :**

ਇਕ ਮੁਸਲਮਾਨ ਪੀਰ, ਜਿਸ ਦੀ ਖ਼ਾਨਗਾਹ ਮੁਜ਼ੱਫ਼ਰਗੜ੍ਹ

ਅਕੂ ਦੀ ਪਤਨੀ ਸੀ, ਕਾਅਬੇ ਵਿਚ ਬੜੀ ਸ਼ਰਧਾ ਰਖਦੀ ਸੀ ਅਤੇ ਕਾਅਬੇ ਤੋਂ ਇਕ ਜੀਉਂਦੀ ਨਿਸ਼ਾਨੀ 'ਲਾਲ' ਅਥਵਾ ਪੁੱਤਰ ਦੀ ਤਾਂਘ ਕਰਦੀ ਸੀ। ਜਦੋਂ ਮਾਈ ਸੁਹਾਗਨ ਕਾਅਬੇ ਗਈ ਤਾਂ ਉਥੇ ਮਾਈ ਨੂੰ 'ਦੀਨ ਪਨਾਹ' ਦਿਤਾ ਗਿਆ ਤੇ ਕਿਹਾ ਗਿਆ ਕਿ ਜਦੋਂ ਉਹ ਘਰ ਪਹੁੰਚੇਗੀ ਤਾਂ ਦੀਨ ਪਨਾਹ ਉਸ ਕੋਲ ਬੱਚੇ ਵਾਂਗ ਰੀਂਘਦਾ ਹੋਇਆ ਆਵੇਗਾ। ਜਦੋਂ ਮਾਈ ਕਾਅਬੇ ਦੀ ਜ਼ਿਆਰਤ ਤੋਂ ਵਾਪਸ ਘਰ ਮੁੜੀ ਤਾਂ ਦੀਨ ਪਨਾਹ ਉਸ ਕੋਲ ਸਿੰਧ ਦਰਿਆ ਦੇ ਕੰਢੇ ਰੀਂਘਦਾ ਹੋਇਆ ਆਇਆ। ਮਾਈ ਸੁਹਾਗਨ ਨੇ ਉਸ ਨੂੰ ਪਾਲ ਪੋਸ ਕੇ ਵਡਾ ਕੀਤਾ। ਜਦੋਂ ਦੀਨ ਪਨਾਹ ਜਵਾਨ ਹੋਇਆ ਤਾਂ ਉਸ ਨੇ ਮਾਈ ਸੁਹਾਗਨ ਦੀ ਸਾਰੀ ਦੌਲਤ ਦਾਨ ਕਰ ਦਿਤੀ। ਜਦੋਂ ਅਕੂ ਦੀਨ ਪਨਾਹ ਨੂੰ ਗੁਸੇ ਹੋਇਆ ਤਾਂ ਦੀਨ ਪਨਾਹ ਨੇ ਇਕ ਮੋਅਜਜ਼ਾ ਵਿਖਾਇਆ। ਦੀਨ ਪਨਾਹ ਨੇ ਦਰੀ ਦਾ ਇਕ ਕੋਨਾ ਚੁਕਿਆ ਤਾਂ ਉਸ ਨੂੰ ਹੇਠੋਂ ਇਕ ਸੋਨੇ ਦੀ ਨਦੀ, ਤੇ ਦੂਜਾ ਚੁਕਿਆ ਤਾਂ ਚਾਂਦੀ ਦੀ ਨਦੀ, ਵਗਦੀ ਵਿਖਾਈ ਦਿਤੀ। ਇਸ 'ਤੇ ਅਕੂ ਦਾ ਵਿਸ਼ਵਾਸ ਮੁੜ ਦੀਨ ਪਨਾਹ ਵਿਚ ਬੈਠ ਗਿਆ। ਜਦੋਂ ਅਕੂ ਦੀ ਲੜਕੀ ਰਬੀ ਦੇ ਵਿਆਹ ਦਾ ਵੇਲਾ ਆਇਆ ਤਾਂ ਘਰ ਵਿਚ ਦੇਣ ਲਈ ਕੁਝ ਵੀ ਨਹੀਂ ਸੀ। ਇਸ ਸਮੇਂ ਦੀਨ ਪਨਾਹ ਨੇ ਦਾਜ ਦੀ ਥਾਂ ਆਪਣੇ ਆਪ ਨੂੰ ਭੇਟ ਕੀਤਾ। ਰਬੀ ਦਾ ਵਿਆਹ ਸੰਘੜ ਦੇ ਇਕ ਨਿਵਾਸੀ ਨਾਲ ਹੋ ਗਿਆ, ਜਿਥੇ ਦੀਨ ਪਨਾਹ ਵੀ ਉਨ੍ਹਾਂ ਨਾਲ ਰਹਿਣ ਲਗ ਪਿਆ। ਕਿਹਾ ਜਾਂਦਾ ਹੈ ਕਿ ਦੀਨ ਪਨਾਹ ਨੂੰ 1012 ਹਿਜਰੀ ਵਿਚ, ਜ਼ਹਿਰ ਦੇ ਕੇ ਮਾਰ ਦਿਤਾ ਗਿਆ ਅਤੇ ਸਿੰਧ ਦਰਿਆ ਦੇ ਪਛਮੀ ਕੰਢੇ ਉਤੇ ਇਸ ਨੂੰ ਦਫ਼ਨ ਕੀਤਾ ਗਿਆ। ਸਿੰਧ ਦਰਿਆ ਦੇ ਦੋਹਾਂ ਕੰਢਿਆਂ ਉਤੇ ਵਸਦੇ ਮਕਵਾਲਾਂ ਵਿਚ ਝਗੜਾ ਹੋ ਗਿਆ। ਦੋਵੇਂ ਧਿਰਾਂ ਇਸ ਨੂੰ ਆਪਣੇ ਕੰਢੇ ਵਲ ਦਫਨਾਣਾ ਚਾਹੁੰਦੀਆਂ ਸਨ। ਦੀਨ ਪਨਾਹ ਅਕੂ ਦੇ ਭਰਾਵਾਂ ਦੇ ਸੁਪਨੇ ਵਿਚ ਆਇਆ ਤੇ ਕਿਹਾ, 'ਸਿੰਧ ਦਰਿਆ ਦੇ ਪੂਰਬੀ ਕੰਢੇ ਉਸ ਦੀ ਕਬਰ ਖੋਦੀ ਜਾਵੇ ਤੇ ਖੱਫਣ ਤਿਆਰ ਕੀਤਾ ਜਾਵੇ ਅਤੇ ਉਸ ਦਾ ਮ੍ਰਿਤਕ ਸਰੀਰ ਦੋਹਾਂ ਕਬਰਾਂ ਵਿਚ ਮਿਲੇਗਾ।' ਇਸੇ ਲਈ ਦੀਨ ਪਨਾਹ ਦੀ ਖ਼ਾਨਗਾਹ ਦਰਿਆ ਦੇ ਦੋਹਾਂ ਕੰਢਿਆਂ ਉਤੇ ਸਥਿਤ ਹੈ।

ਰਵਾਇਤ ਹੈ ਕਿ ਦੀਨ ਪਨਾਹ ਦੀ ਸੋਭਾ ਸੁਣ ਕੇ, ਅਕਬਰ ਸੰਨਿਆਸੀ ਬਣ ਕੇ, ਇਸ ਦਾ ਮੁਰੀਦ ਬਣਨ ਆਇਆ ਸੀ। ਪਰ ਦੀਨ ਪਨਾਹ ਨੇ ਉਸ ਨੂੰ ਆਪਣਾ ਮੁਰੀਦ

ਇਸ ਮਕਬਰੇ ਉਤੇ ਦੇਸ਼ ਵੰਡ ਤੋਂ ਪਹਿਲਾਂ, ਹਿੰਦੂ ਤੇ ਮੁਸਲਮਾਨ ਦੋਵੇਂ ਆਉਂਦੇ ਸਨ। ਹਿੰਦੂ ਵਿਆਹ ਵੇਲੇ ਇਥੋਂ ਦੀ ਹੀ ਕਿਸੇ ਜੰਡੀ ਨਾਲੋਂ ਟਹਿਣ ਵਢਿਆ ਕਰਦੇ ਸਨ। ਕਈ ਹਿੰਦੂ ਮੁੰਡਣ ਸੰਸਕਾਰ ਵੀ ਇਥੇ ਹੀ ਕਰਦੇ ਸਨ।

ਇਥੇ ਤੀਵੀਆਂ ਦਾ ਸਾਇਆ ਵੀ ਉਤਾਰਿਆ ਜਾਂਦਾ ਹੈ।

ਇਥੇ ਕੋਈ ਮੇਲਾ ਨਹੀਂ ਲਗਦਾ, ਪਰ ਸ਼ਰਧਾਲੂ ਹਾੜ ਤੇ ਭਾਦਰੋਂ ਦੇ ਮਹੀਨੇ ਦੂਰੋਂ ਦੂਰੋਂ ਜ਼ਿਆਰਤ ਲਈ ਆਉਂਦੇ ਹਨ (ਮੁਜ਼ਫਰਗੜ੍ਹ ਗਜ਼ਟੀਅਰ)।

## (ਦ-113) **ਦੀਪਦਾਨ** :

1. ਕਿਸੇ ਮ੍ਰਿਤਕ ਨਮਿਤ ਦੀਵੇ ਜਗਾਉਣ ਦੀ ਰਸਮ, ਜੋ ਮ੍ਰਿਤੂ ਮਗਰੋਂ ਦਸ ਦਿਨ ਤਕ ਕੀਤੀ ਜਾਂਦੀ ਹੈ। ਪਿੱਪਲ ਦੇ ਦਰਖ਼ਤ ਜਾਂ ਕਿਸੇ ਹੋਰ ਬ੍ਰਿਛ ਨਾਲ ਰੱਸੀ ਬੰਨ੍ਹ ਕੇ ਇਕ ਦੀਵਾ ਲਟਕਾ ਦਿਤਾ ਜਾਂਦਾ ਹੈ ਤੇ ਹਰ ਰੋਜ਼ ਕਿਰਿਆ ਤਕ ਉਸ ਵਿਚ, ਤੇਲ ਪਾ ਕੇ ਉਸ ਨੂੰ ਜਗਾਇਆ ਜਾਂਦਾ ਹੈ। ਧਾਰਨਾ ਹੈ ਕਿ ਇਹ ਦੀਵਾ ਜਮਪੁਰੀ ਵਲ ਜਾਂਦੀ ਮ੍ਰਿਤਕ ਦੀ ਰੂਹ ਨੂੰ ਭਿਆਵਲੇ ਰਾਹ ਵਿਚ ਚਾਨਣ ਦੇਂਦਾ ਹੈ।

2. ਦੇਵ ਪੂਜਾ ਦੇ ਸਮੇਂ ਦੀਵਾ ਜਗਾ ਕੇ ਦੇਵਤਾ ਨੂੰ ਭੇਟ ਕਰਨਾ।

## (ਦ-114) **ਦੀਪਮਾਲਾ** :

ਦੀਵਿਆਂ ਨੂੰ ਪਾਲ ਵਿਚ ਰਖ ਕੇ ਜਾਂ ਹਾਰ ਵਾਂਗ ਰਖ ਕੇ ਜਲਾਣ ਦੀ ਰਸਮ; ਦੀਵਾਲੀ ਦੇ ਤਿਉਹਾਰ ਤੇ ਘਰਾਂ ਵਿਚ ਦੀਪਮਾਲਾ ਕਰਨ ਦਾ ਰਿਵਾਜ ਹੈ। ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ 'ਤੇ ਰਾਤ ਨੂੰ ਦੀਪਮਾਲਾ ਕੀਤੀ ਜਾਂਦੀ ਹੈ। ਦੀਪ ਜਲਾਣਾ ਖ਼ੁਸ਼ੀ ਦਾ ਪ੍ਰਤੀਕ ਹੈ ਅਤੇ ਹਰ ਖ਼ੁਸ਼ੀ ਦੇ ਸਮਾਗਮ ਸਮੇਂ ਪਹਿਲਿਆਂ ਵਿਚ ਦੀਪਮਾਲਾ ਕੀਤੀ ਜਾਂਦੀ ਸੀ। ਬੱਚੇ ਦੇ ਮੁੰਡਣ ਸੰਸਕਾਰ, ਕੁੜਮਾਈ ਜਾਂ ਵਿਆਹ ਉਤੇ, ਪੁਰਾਣੇ ਵੇਲਿਆਂ ਵਿਚ ਦੀਵੇ ਜਗਾਏ ਜਾਂਦੇ ਸਨ। ਅਜ ਕਲ ਸ਼ਹਿਰਾਂ ਵਿਚ ਬਿਜਲੀ ਦੇ ਬਲਬ ਘਰ ਦੇ ਬਾਹਰ ਕੰਧਾਂ 'ਤੇ ਲਟਕਾ ਕੇ ਜਗਾਏ ਜਾਂਦੇ ਹਨ।

## (ਦ-115) **ਦੀਵਾ** :

ਦੀਵਾ ਜੀਵਨ ਜੋਤ ਦਾ ਪ੍ਰਤੀਕ ਹੈ। ਹਨੇਰੇ ਤੋਂ ਚਾਨਣ ਫੈਲਣਾ। ਇਸ ਨਾਲ ਬਹੁਤ ਸਾਰੀਆਂ ਮਨੌਤਾਂ ਤੇ ਵਿਚਾਰ

ਘੋੜੇ ਦੀ ਅੱਲ ਦੱਬੀ ਹੁੰਦੀ ਹੈ, ਉਸ ਥਾਂ ਦੀਵਾ ਬਾਲ ਕੇ ਰਖਿਆ ਜਾਂਦਾ ਹੈ। ਇਸ ਤਰ੍ਹਾਂ ਬੱਚਾ ਛੇਤੀ ਰਾਜ਼ੀ ਹੋ ਜਾਂਦਾ ਹੈ।

ਦੇਵਤਿਆਂ ਦੀ ਆਰਤੀ ਉਤਾਰਨ ਲਗਿਆਂ, ਥਾਲ ਵਿਚ ਦੀਵਾ, ਸੰਧੂਰ ਤੇ ਗੁੱਗਲ ਆਦਿ ਸਾਮਿਗਰੀ ਰਖ ਕੇ ਫਿਰ ਮੂਰਤੀ ਦੀ ਆਰਤੀ ਉਤਾਰੀ ਜਾਂਦੀ ਹੈ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਮੂਰਤੀਆਂ ਅਗੇ ਧੂਪ ਦੀਪ ਬਾਲੇ ਜਾਂਦੇ ਹਨ। ਦੇਵਤਿਆਂ ਦੀ ਪੂਜਾ ਵਿਚ ਦੀਵੇ ਦਾ ਵਿਸ਼ੇਸ਼ ਸਥਾਨ ਹੈ।

ਖੁਸ਼ੀ ਦੇ ਸਮਾਗਮ ਉਤੇ ਵੀ ਦੀਵੇ ਜਗਾਏ ਜਾਂਦੇ ਹਨ। ਫੇਰਿਆਂ ਤੋਂ ਪਹਿਲਾਂ ਜਦੋਂ ਕੰਨਿਅ ਨੂੰ 'ਫੇਦਲੀਆਂ' ਉਤੇ ਬਿਠਾਇਆ ਜਾਂਦਾ ਹੈ ਤਾਂ ਉਸ ਕੋਲ ਚੌਮੁਖੀਆ ਦੀਵਾ ਬਾਲ ਕੇ ਰਖਦੇ ਹਨ। ਧਾਰਨਾ ਹੈ ਕਿ ਕੰਨਿਆਂ ਜਿਵੇਂ ਜਿਵੇਂ ਚੌਮੁਖੀਏ ਦੀਵੇ ਵਲ ਵੇਖਦੀ ਹੈ, ਤਿਵੇਂ ਤਿਵੇਂ ਉਸ ਨੂੰ ਰੂਪ ਚੜ੍ਹਦਾ ਹੈ। ਫੇਰਿਆਂ ਦੀ ਰਸਮ ਵੇਲੇ ਵੀ ਹਿੰਦੂਆ ਵਿਚ ਦੀਵਾ ਜਗਾਇਆ ਜਾਂਦਾ ਹੈ। ਮੁੰਡਣ ਸੰਸਕਾਰ ਵੇਲੇ ਵੀ ਆਟੇ ਦੇ ਦੀਵੇ ਬਾਲ ਕੇ ਥਾਲ ਵਿਚ ਰਖੇ ਜਾਂਦੇ ਹਨ।

ਦੀਵਾ ਮਣਸਨ ਤੋਂ ਮਗਰੋਂ, ਜਮਪੁਰੀ ਨੂੰ ਜਾਂਦੇ, ਹਨੇਰੇ ਤੇ ਭਿਆਨਕ ਰਾਹਾਂ ਨੂੰ ਵੀ ਦੀਵਾ ਚਾਨਣ ਬਖ਼ਸ਼ਦਾ ਹੈ। ਕੱਤਕ ਦੇ ਮਹੀਨੇ, ਹਿੰਦੂ ਆਟੇ ਦੇ ਦੀਵੇ ਬਾਲ ਕੇ, ਤੁਲ੍ਹੇ ਉਤੇ ਤਾਰਦੇ ਹਨ। ਨਿਸਚਾ ਹੈ ਕਿ ਇਹ ਦੀਵੇ ਅਗਲੇ ਲੋਕ ਵਿਚ ਉਨ੍ਹਾਂ ਨੂੰ ਰੌਸ਼ਨੀ ਦੇਂਦੇ ਹਨ। ਮਰਨ ਵੇਲੇ ਹਿੰਦੂ 'ਦੀਂਵਾ ਵਟੀ' ਦੀ ਰੀਤ ਕਰਦੇ ਹਨ ਤੇ ਮਰਣ ਵਾਲੇ ਪ੍ਰਾਣੀ ਦੇ ਹੱਥ ਤੇ ਦੀਵਾ ਬਾਲ ਕੇ ਰਖਦੇ ਹਨ, ਇਹ ਦੀਵਾ ਅਗਲੇ ਲੋਕ ਦੇ ਹਨੇਰੇ ਰਾਹ ਵਿਚ ਰੌਸ਼ਨੀ ਕਰਦਾ ਹੈ। ਕਈਆਂ ਵਿਚ ਪ੍ਰਾਣੀ ਦੇ ਮਰਨ ਮਗਰੋਂ ਦਸ ਦਿਨ ਦੀਪ ਦਾਨ ਕਰਨ ਦੀ ਪ੍ਰਥਾ ਹੈ। ਰੋਜ਼ ਰਾਤ ਨੂੰ ਪਿੱਪਲ ਜਾਂ ਕਿਸੇ ਹੋਰ ਬ੍ਰਿਛ ਨਾਲ ਦੀਵਾ ਬਾਲ ਕੇ ਲਟਕਾਇਆ ਜਾਂਦਾ ਹੈ। ਧਾਰਨਾ ਹੈ ਕਿ ਇਹ ਦੀਵਾ ਮੋਏ ਪ੍ਰਾਣੀ ਨੂੰ ਅਗਲੇ ਲੋਕ ਵਿਚ ਚਾਨਣ ਦੇਵੇਗਾ।

ਦੀਵੇ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਵੀ ਜੁੜੇ ਹੋਏ ਹਨ। ਦੀਵੇ ਨੂੰ ਤਲੀ ਉਤੇ ਧਰਨਾ ਅਪਸ਼ਗਨ ਹੈ, ਕਿਉਂ ਜੋ ਮਰਨ ਵੇਲੇ ਪ੍ਰਾਣੀ ਦੀ ਤਲੀ ਉਤੇ ਦੀਵਾ ਬਾਲ ਕੇ ਰਖਿਆ ਜਾਂਦਾ ਹੈ। ਦਿਨ ਵੇਲੇ ਦੀਵਾ ਜਗਾਉਣਾ ਅਸ਼ੁਭ ਮੰਨਿਆ ਗਿਆ ਹੈ। ਪਰ ਕਿਸੇ ਦੇਵਤੇ ਦੀ ਆਰਤੀ ਕਰਨ ਜਾਂ ਫਿਲੇ ਵਿਚ ਰੱਖਣ ਲਈ ਜਗਾਉਣਾ ਅਸ਼ੁਭ ਨਹੀਂ।

ਕਾਲੇ ਜਾਦੂ ਦੇ ਸਬੰਧ ਵਿਚ ਵੀ ਦੀਵਾ ਵਰਤਿਆ ਜਾਂਦਾ ਹੈ। ਦੁਸਮਣ ਦੇ ਪੁਤਲੇ ਕੋਲ ਦੀਵਾ ਰਖ ਕੇ ਸੱਤ ਵਾਰ ਬੁਝਾਇਆ ਜਾਵੇ ਤਾਂ ਦੁਸ਼ਮਣ ਦੀ ਜੀਵਨ-ਜੋਤ ਡੋਲਣ ਲਗਦੀ ਹੈ ਤੇ ਉਹ ਰੋਗੀ ਹੋ ਜਾਂਦਾ ਹੈ। ਜੇ ਦੁਸ਼ਮਣ ਦੇ ਪੁਤਲੇ ਨੂੰ ਦੀਵੇ 'ਤੇ ਰੱਖ ਕੇ ਨਸ਼ਟ ਕਰ ਦਿਤਾ ਜਾਵੇ ਤਾਂ ਵੀ ਦੁਸ਼ਮਣ ਦੀ ਸਿਹਤ ਖ਼ਰਾਬ ਹੋ ਜਾਂਦੀ ਹੈ। ਕਈ ਵਾਰ ਮੌਤ ਵੀ ਹੋ ਜਾਂਦੀ ਹੈ।

ਮੜ੍ਹੀਆਂ ਉਤੇ ਦੀਵਾ ਜਗਾਉਣ ਨਾਲ ਸੰਤ/ਪੀਰ ਦੀ ਆਤਮਾ ਪਸੀਜਦੀ ਤੇ ਬਖ਼ਸ਼ਿਸ਼ ਕਰਦੀ ਹੈ। ਮੁਸਮਲਾਨ ਜੁਮੇਰਾਤ ਵਾਲੇ ਦਿਨ ਆਪਣੇ ਪੀਰਾਂ ਫ਼ਕੀਰਾਂ ਦੀਆਂ ਖ਼ਾਨਗਾਹਾਂ ਉਤੇ ਜੋਤਾਂ ਜਗਾਂਦੇ ਹਨ। ਜਦੋਂ ਕਿਸੇ ਦੀ ਕੋਈ ਸੁੱਖਣਾ ਪੂਰੀ ਹੋ ਜਾਂਦੀ ਹੈ, ਉਹ ਪੀਰ ਦੀ ਮਜ਼ਾਰ ਉਤੇ ਦੀਵਾ ਬਾਲਦਾ ਹੈ। ਜਗਰਾਵਾਂ ਵਿਚ 'ਰੋਸ਼ਨੀ' ਦੇ ਮੇਲੇ ਉਤੇ, ਲੋਕੀਂ ਪੀਰ ਦੀ ਖ਼ਾਨਗਾਹ ਉਤੇ ਦੀਵਾ ਬਾਲਦੇ ਹਨ।

ਦੀਵਾਲੀ ਦੀਵਿਆਂ ਦਾ ਤਿਉਹਾਰ ਹੈ, ਚਾਨਣ ਦਾ ਜੋ ਸਾਰੇ ਸੰਸਾਰ ਨੂੰ ਕੀਲ ਲੈਂਦਾ ਹੈ ਤੇ ਹਨੇਰੇ ਨਾਲ ਘੋਰ ਯੁਧ ਕਰਦਾ ਹੈ। ਇਸ ਦਿਨ ਹਿੰਦੂ-ਸਿੱਖ ਆਪਣੇ ਘਰਾਂ ਵਿਚ ਦੀਵੇ ਬਾਲਦੇ ਹਨ। ਦੀਵਾ ਬਾਲਣ ਨਾਲ ਪ੍ਰੇਤ ਰੂਹਾਂ ਦੌੜ ਜਾਂਦੀਆਂ ਹਨ। ਪਹਿਲਿਆਂ ਵਿਚ ਇਹ ਵਿਸ਼ਵਾਸ ਸੀ ਕਿ ਕੱਤਕ ਦੇ ਮਹੀਨੇ ਚੰਦਰੀਆਂ ਰੂਹਾਂ ਨਗਰ ਵਿਚ ਆ ਜਾਂਦੀਆਂ ਸਨ ਤੇ ਉਨ੍ਹਾਂ ਨੂੰ ਦੂਰ ਰਖਣ ਲਈ ਦੀਵੇ ਬਾਲੇ ਜਾਂਦੇ, ਜਿਸ ਤੋਂ ਦੀਵਿਆਂ ਦਾ ਤਿਉਹਾਰ 'ਦੀਵਾਲੀ' ਪ੍ਰਚਲਤ ਹੋਇਆ।

ਘਰਾਂ ਵਿਚ, ਸ਼ਾਮ ਨੂੰ, ਜਦੋਂ ਦੀਵਾ ਬਾਲਿਆ ਜਾਂਦਾ ਹੈ ਤਾਂ ਵਡੇਰੀਆਂ ਤੀਵੀਆਂ ਇਹ ਤੁਕਾਂ ਉਚਾਰਦੀਆਂ ਹਨ :

ਦੀਵਟ ਦੀਵੜਾ ਬਲੇ,
ਸੱਤਰ ਸੋ ਬਲਾ ਟਲੇ,
ਦੀਵਟ ਘਿਉ ਦੀ ਬੱਤੀ,
ਘਰ ਆਵੇ ਬਹੁਤੀ ਖੱਟੀ।

ਦੀਵੇ ਨੂੰ ਬੁਝਾਣ ਲਗਿਆਂ ਆਦਰ ਨਾਲ ਉਸ ਨੂੰ ਵਿਦਾ ਕੀਤਾ ਜਾਂਦਾ ਹੈ ਅਤੇ ਅਗਲੇ ਦਿਨ ਮੁੜ ਆਉਣ ਦੀ ਬੇਨਤੀ ਵੀ ਕੀਤੀ ਜਾਂਦੀ ਹੈ :

ਜਾ ਦੀਵਿਆ ਘਰ ਆਪਣੇ ਤੇਰੀ ਮਾਂ ਉਡੀਕੇ ਵਾਰ,
ਆਈਂ ਹਨੇਰੇ ਜਾਈਂ ਸਵੇਰੇ ਸਭੇ ਸ਼ਗਨ ਵਿਚਾਰ,
ਜਾ ਦੀਵਿਆ ਘਰ ਆਪਣੇ ਸੁੱਖ ਵਸਾਈਂ ਰਾਤ,

(ਦ-116) **ਦੀਵਾ ਤਾਰਨਾ** :

(ੳ) ਮੌਤ ਨਾਲ ਸੰਬੰਧਿਤ ਇਕ ਰੀਤ; ਜਦੋਂ ਹਰਦੁਆਰ ਵਿਚ ਫੁਲ ਪ੍ਰਵਾਹੇ ਜਾਂਦੇ ਹਨ ਤਾਂ ਢੁੰਘੀਆਂ ਸ਼ਾਮਾਂ ਵੇਲੇ, ਘਾਟ ਉਤੇ ਜਾ ਕੇ, ਢੱਕ ਦੇ ਪੱਤਿਆਂ ਦੇ ਡੂਣੇ ਵਿਚ ਕੁਝ ਗੁਲਾਬ ਤੇ ਚੰਬੇਲੀ ਦੇ ਫੁੱਲ ਪਾ ਕੇ ਇਕ ਦੀਵਾ ਬਾਲ ਕੇ ਰਖਿਆ ਜਾਂਦਾ ਹੈ ਜੋ ਮਗਰੋਂ ਨਦੀ ਵਿਚ ਤਾਰ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਇਹ ਦੀਵਾ ਮ੍ਰਿਤਕ ਦੇ ਅਗਲੇ ਲੋਕ ਦੇ ਹਨੇਰੇ-ਪੰਧ ਨੂੰ ਚਾਨਣਾ ਕਰਦਾ ਹੈ। ਹਰਦੁਆਰ ਵਿਚ, ਅਜਿਹੇ ਅਨੇਕਾਂ ਦੀਵੇ ਗੰਗਾ ਨਦੀ ਵਿਚ ਰਾਤ ਵੇਲੇ ਤਰਦੇ ਵਿਖਾਈ ਦੇਂਦੇ ਹਨ। ਅਤੇ ਅਲੌਕਿਕ ਦ੍ਰਿਸ਼ ਪੇਸ਼ ਕਰਦੇ ਹਨ।

(ਅ) ਹਿੰਦੂ ਕੱਤਕ ਦੇ ਮਹੀਨੇ ਕੱਖਾਂ-ਕਾਨਿਆਂ ਦਾ ਤੁਲ੍ਹਾ ਬਣਾ ਕੇ, ਉਸ ਵਿਚ ਆਟੇ ਦਾ ਦੀਵਾ ਬਾਲ ਕੇ, ਪਾਣੀ ਵਿਚ ਤਾਰਦੇ ਹਨ। ਨਿਸਚਾ ਹੈ ਕਿ ਇਸ ਤਰ੍ਹਾਂ ਕਰਨ ਨਾਲ, ਇਹ ਦੀਵਾ ਅਗਲੇ ਲੋਕ ਵਿਚ ਕੰਮ ਆਉਂਦਾ ਤੇ ਮਰਨ ਤੋਂ ਬਾਅਦ ਦੇ ਹਨੇਰੇ ਪੈਂਡੇ ਨੂੰ ਚਾਨਣਾ ਦੇਂਦਾ ਹੈ। ਤੁਲ੍ਹੇ ਉਤੇ ਧਰਨ ਕਰ ਕੇ ਇਸ ਦੀਵੇ ਨੂੰ 'ਦੀਵਾ ਤੁਲ੍ਹਾ' ਵੀ ਕਹਿੰਦੇ ਹਨ।

(ਦ-117) **ਦੀਵਾ ਵਟੀ** :

ਹਿੰਦੂਆਂ ਦੀ ਮਰਨ ਵੇਲੇ ਦੀ ਇਕ ਰੀਤ; ਮਰਨ ਵੇਲੇ ਪ੍ਰਾਣੀ ਦੇ ਹੱਥ ਤੇ ਦੀਵਾ ਬਾਲ ਕੇ ਧਰਿਆ ਜਾਂਦਾ ਹੈ। ਧਾਰਨਾ ਹੈ ਕਿ ਇਹ ਦੀਵਾ ਅਗਲੇ ਲੋਕ ਵਿਚ ਜਮਪੁਰੀ ਨੂੰ ਜਾਂਦੇ ਰਾਹ ਦਾ ਹਨੇਰਾ ਦੂਰ ਕਰੇਗਾ। ਤਲੀ ਉਤੇ ਧਰਨ ਕਰ ਕੇ ਕਈ ਇਸ ਰਸਮ ਨੂੰ 'ਦੀਵਾ ਤਲੀ' ਵੀ ਕਹਿੰਦੇ ਹਨ। 'ਦੀਵਾ ਤਲੀ' ਵੇਲੇ ਮਿੱਟੀ ਦੀ ਥਾਂ ਆਟੇ ਦਾ ਦੀਵਾ ਬਾਲਿਆ ਜਾਂਦਾ ਹੈ। ਆਟੇ ਵਿਚ ਅੰਨ ਦੇਵਤਾ ਵਸਦਾ ਹੈ ਤੇ ਉਹ ਇਸ ਗੱਲ ਦਾ ਜ਼ਾਮਨ ਹੁੰਦਾ ਹੈ ਕਿ ਇਹ ਦੀਵਾ ਜਮਪੁਰੀ ਦੇ ਰਾਹ ਵਿਚ ਚਾਨਣਾ ਕਰੇਗਾ।

(ਦ-118) **ਦੁਆ** :

(ੳ) ਕਿਸੇ ਆਸ-ਮੁਰਾਦ ਦੀ ਪੂਰਤੀ ਲਈ ਗਲ ਵਿਚ ਪਹਿਨਿਆ ਤਵੀਤ।

(ਅ) ਗਲ ਵਿਚ ਪਾਉਣ ਵਾਲਾ ਇਕ ਗਹਿਣਾ।

(ਦ-119) **ਦੁਆ ਖ਼ੈਰ** :

ਸੰਬੰਧਿਤ ਅਨੇਕਾਂ ਆਇਤਾਂ ਹਨ, ਜੋ ਇਸ ਮੌਕੇ ਤੇ ਪੜ੍ਹੀਆਂ ਜਾਂਦੀਆਂ ਹਨ।

(ਦ-120) **ਦੁਆਠੀ** :

ਵਿਆਹ ਦੀ ਇਕ ਕਿਸਮ, ਜਿਸ ਵਿਚ ਦੋਵੇਂ ਧਿਰਾਂ ਇਕ ਦੂਜੇ ਨੂੰ ਵਟੇ ਵਿਚ ਆਪੋ ਆਪਣੀ ਕੰਨਿਆਂ ਦੇਂਦੇ ਹਨ। ਜਿਨ੍ਹਾਂ ਇਲਾਕਿਆਂ ਵਿਚ ਕੁੜੀਆਂ ਘਟ ਤੇ ਮੁੰਡੇ ਜ਼ਿਆਦਾ ਹੁੰਦੇ ਹਨ ਉਥੇ ਇਹ ਵਟੇ ਦਾ ਰਿਵਾਜ ਆਮ ਹੈ: ਆਪਣੀ ਕੰਨਿਆਂ ਦੇ ਜਾਓ ਤੇ ਸਾਡੀ ਕੰਨਿਆਂ ਲੈ ਜਾਓ।

(ਦ-121) **ਦੁਆਦਸ** :

ਇਕ ਮੰਤਰ ਜਿਸ ਵਿਚ ਬਾਰਾਂ ਵਰਣ ਹਨ; ਹਿੰਦੂ ਇਸ ਮੰਤਰ ਦਾ ਉਚਾਰਨ ਬਾਰ ਬਾਰ ਕਰਦੇ ਹਨ; ਮੰਤ੍ਰ ਹੈ:

'ਓਂ ਨਮੋ ਭਗਵਤੇ ਵਾਸਦੇਵਾਯਾ'

(ਦ-122) **ਦੁਆਦਸ਼ੀ** :

ਚੰਦਰਮੇ ਦੇ ਚਾਨਣੇ ਤੇ ਹਨੇਰੇ ਪੱਖ ਦੀ ਬਾਰ੍ਹਵੀਂ ਤਿੱਥ; ਤ੍ਰੇਤੇ ਯੁਗ ਵਿਚ ਵਿਸ਼ਨੂੰ ਨੇ ਵਾਮਨ ਅਵਤਾਰ ਦੁਆਦਸ਼ੀ ਵਾਲੇ ਦਿਨ ਧਾਰਨ ਕੀਤਾ ਸੀ (ਵੇਖੋ: ਵਾਮਨ ਅਵਤਾਰ)। ਦੁਆਦਸ਼ੀ ਵਾਲੇ ਦਿਨ ਕੀਤੀ ਦਇਆ ਤੇ ਦਾਨ ਦਾ ਬੜਾ ਪੁੰਨ ਹੁੰਦਾ ਹੈ।

(ਦ-123) **ਦੁਆਬਾ** :

ਸਤਲੁਜ ਤੇ ਬਿਆਸ ਦੇ ਦਰਿਆਵਾਂ ਦੇ ਵਿਚਕਾਰ ਦਾ ਇਲਾਕਾ, ਜਿਸ ਵਿਚ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਸ਼ਾਮਲ ਹਨ। ਇਸ ਇਲਾਕੇ ਨੂੰ ਦੁਆਬਾ ਬਿਸਤ ਜਲੰਧਰ ਵੀ ਕਹਿੰਦੇ ਹਨ। ਇਥੋਂ ਦੀ ਸਥਾਨਕ ਭਾਸ਼ਾ ਨੂੰ ਦੁਆਬੀ ਕਿਹਾ ਜਾਂਦਾ ਹੈ।

(ਦ-124) **ਦੁਸਹਿਰਾ** :

ਦੁਸਹਿਰੇ ਦਾ ਤਿਉਹਾਰ ਅੱਸੂ ਦੇ ਚਾਨਣ ਪੱਖ ਦੀ ਦਸਵੀਂ ਨੂੰ ਸਾਰੇ ਪੰਜਾਬ ਵਿਚ ਮਨਾਇਆ ਜਾਂਦਾ ਹੈ। ਇਸ ਪੁਰਬ ਨੂੰ 'ਵਿਜੇ ਦਸ਼ਮੀ' ਵੀ ਕਹਿੰਦੇ ਹਨ। ਇਸ ਪੁਰਬ ਦਾ ਮੁੱਢ ਕਦੋਂ ਬੱਝਾ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਰਾਮਾਇਣ ਅਨੁਸਾਰ ਇਸ ਦਿਨ ਤ੍ਰੇਤੇ ਯੁਗ ਵਿਚ, ਰਾਮ ਨੇ ਦੈਂਤਾਂ ਦੇ ਰਾਜੇ ਰਾਵਣ ਉਤੇ ਵਿਜੇ ਪ੍ਰਾਪਤ ਕੀਤੀ ਸੀ ਅਤੇ ਇਹ ਪੁਰਬ ਬਦੀ ਉਤੇ ਨੇਕੀ ਦੀ

ਜੋ ਦੁਰਗਾ ਦੇਵੀ ਦਾ ਹੀ ਇਕ ਰੂਪ ਹੈ। ਫੇਰ ਜੌਂ ਦੀ ਖੇਤਰੀ ਘਰਾਂ ਵਿਚ ਬੀਜੀ ਜਾਂਦੀ ਹੈ। ਇਨ੍ਹਾਂ ਦਿਨਾਂ ਵਿਚ ਪੰਜਾਬ ਦੇ ਵੱਡੇ ਵੱਡੇ ਕਸਬਿਆਂ ਤੇ ਸ਼ਹਿਰਾਂ ਵਿਚ ਰਾਮ ਲੀਲਾ ਖੇਡੀ ਜਾਂਦੀ ਹੈ। ਰਾਮਾਇਣ ਦੀ ਸਾਰੀ ਕਥਾ ਨੂੰ ਦਸਾਂ ਭਾਗਾਂ ਵਿਚ ਵੰਡ ਕੇ, ਹਰ ਨੁਰਾਤੇ ਨੂੰ ਇਕ ਭਾਗ ਖੇਡਿਆ ਜਾਂਦਾ ਹੈ। ਦਸਵੇਂ ਨੁਰਾਤੇ ਨੂੰ ਦੁਸਹਿਰਾ ਮਨਾਇਆ ਜਾਂਦਾ ਹੈ। ਇਸ ਦਿਨ ਰਾਮ ਲੀਲਾ ਦੀ ਅੰਤਮ ਝਾਕੀ ਰਾਵਨ ਉੱਤੇ ਰਾਮ ਦੀ ਵਿਜੈ ਖੇਡੀ ਜਾਂਦੀ ਹੈ ਤੇ ਇਸ ਮਗਰੋਂ ਰਾਵਨ, ਕੁੰਭਕਰਨ ਤੇ ਮੇਘਨਾਦ ਦੇ ਕਾਗਜ਼, ਕਪੜੇ ਤੇ ਬਾਂਸ ਦੇ ਬਣੇ ਦੇਵ-ਕਦ ਪੁਤਲੇ ਜਲਾਏ ਜਾਂਦੇ ਹਨ। ਇਨ੍ਹਾਂ ਪੁਤਲਿਆਂ ਵਿਚ ਗੋਲੇ, ਪਟਾਕੇ, ਬਰੂਦ ਤੇ ਕਈ ਤਰ੍ਹਾਂ ਦੀ ਆਤਸ਼ਬਾਜ਼ੀ ਭਰੀ ਹੁੰਦੀ ਹੈ, ਜਿਸ ਦੀ ਰੋਸ਼ਨੀ ਤੇ ਧਮਾਕੇ ਅਦਭੁਤ ਸਮਾਂ ਬੰਨ੍ਹਦੇ ਹਨ।

ਪੰਜਾਬ ਦੇ ਪਹਾੜੀ ਇਲਾਕੇ, ਕੁਲੂ ਵਿਚ ਦੁਸਹਿਰਾ ਬੜੀ ਧਾਰਮਿਕ ਭਾਵਨਾ ਨਾਲ ਮਨਾਇਆ ਜਾਂਦਾ ਹੈ। ਦੇਵਾਂ ਦੇ ਮੁਖੀ ਰਘੁਨਾਥ ਜੀ ਦੀ, ਲਕੜੀ ਦੇ ਰੱਥ ਉੱਤੇ ਸਵਾਰੀ ਕਢੀ ਜਾਂਦੀ ਹੈ। ਇਸ ਰੱਥ ਨੂੰ ਰੰਗ ਬਰੰਗੇ ਫੁਲਾਂ ਨਾਲ ਸਜਾਇਆ ਜਾਂਦਾ ਹੈ। ਲੋਕੀਂ ਇਸ ਰੱਥ ਦਾ ਸਵਾਗਤ ਕਰਨ ਲਈ, ਥਾਂ ਥਾਂ ਖੜੇ ਹੁੰਦੇ ਹਨ। ਜਦੋਂ ਰੱਥ ਉਨ੍ਹਾਂ ਕੋਲੋਂ ਲੰਘਦਾ ਹੈ ਤਾਂ ਉਹ ਰੱਥ ਦੇ ਪਿਛੇ ਪਿਛੇ ਜਲੂਸ ਦੀ ਸ਼ਕਲ ਵਿਚ ਤੁਰ ਪੈਂਦੇ ਹਨ ਤੇ ਇਕ ਖੁਲ੍ਹੇ ਮੈਦਾਨ ਵਿਚ ਪਹੁੰਚਦੇ ਹਨ। ਇਸ ਰੱਥ ਦੇ ਪਿਛੇ ਪਿਛੇ ਕੁਲੂ ਦੇ ਅਨੇਕਾਂ ਦੇਵੀ ਦੇਵਤਿਆਂ ਦੀਆਂ ਪਾਲਕੀਆਂ ਵੀ ਚਲਦੀਆਂ ਹਨ। ਨਾਲ ਹੀ ਸੰਖਾਂ, ਤੁਰੀਆਂ ਤੇ ਘੰਟਿਆਂ ਨਾਲ ਵਾਤਾਵਰਨ ਗੂੰਜ ਰਿਹਾ ਹੁੰਦਾ ਹੈ। ਮੈਦਾਨ ਵਿਚ ਇਕੱਠੇ ਹੋ ਕੇ ਸ਼ਰਧਾਲੂ ਰਘੁਨਾਥ ਦੇ ਦਰਸ਼ਨ ਕਰਦੇ ਤੇ ਵਰ ਮੰਗਦੇ ਹਨ। ਇਸ ਤਰ੍ਹਾਂ ਕੁਲੂ ਵਿਚ ਦੁਸਹਿਰਾ ਸਭ ਦੇਵੀ ਦੇਵਤਿਆਂ ਦਾ ਸਾਂਝਾ ਜਿਹਾ ਪੁਰਬ ਬਣ ਗਿਆ ਹੈ।

ਦੁਸਹਿਰੇ ਦਾ ਦਿਨ ਬੜਾ ਸ਼ੁਭ ਮੰਨਿਆ ਗਿਆ ਹੈ। ਵੈਦਿਕ ਕਾਲ ਤੋਂ ਹੀ ਅੱਸੂ ਦੇ ਚਾਨਣ ਪੱਖ ਦੀ ਦਸਵੀਂ ਦਾ ਦਿਨ ਬੜਾ ਪਵਿਤ੍ਰ ਤੁਰਿਆ ਆ ਰਿਹਾ ਹੈ। ਜੋਤਿਸ਼ ਅਨੁਸਾਰ ਇਸ ਤਿੱਥ ਨੂੰ ਕੁਝ ਵਿਸ਼ੇਸ਼ ਨਛੱਤਰਾਂ ਤੇ ਗ੍ਰਹਿਆਂ ਦਾ ਸੰਜੋਗ ਹੁੰਦਾ ਹੈ। ਪਹਿਲਿਆਂ ਵਿਚ ਸੁਦਾਗਰ ਇਸੇ ਤਿੱਥ ਨੂੰ ਯਾਤਰਾ ਅਰੰਭਦੇ ਸਨ। ਕਈ ਥਾਈਂ ਦੁਸਹਿਰੇ ਵਾਲੇ ਦਿਨ ਹੀ, ਜੌਂ ਤੇ ਹੋਰ ਫ਼ਸਲਾਂ ਦੀ ਬੀਜ ਈ ਸ਼ੁਰੂ ਕੀਤੀ ਜਾਂਦੀ ਹੈ। ਰਾਜਸਥਾਨ ਵਿਚ ਕਿਸਾਨ ਦੁਸਹਿਰੇ ਵਾਲੇ ਦਿਨੋਂ ਲੈ ਕੇ ਖੇਤਾਂ ਵਿਚ ਜੌਂ ਤੇ ਹੋਰ ਫ਼ਸਲ ਬੀਜਦੇ ਹਨ।

ਕਈ ਥਾਈਂ ਦੁਸਹਿਰੇ ਤੋਂ ਪਹਿਲਾਂ ਗੰਨਾ ਨਹੀਂ ਵਢਿਆ ਜਾਂਦਾ। ਇਸ ਦਿਨ ਹਿੰਦੂ ਪੰਜ ਗੰਨੇ ਵੱਢ ਕੇ ਬ੍ਰਾਹਮਣ ਜਾਂ ਗਊ ਨੂੰ ਭੇਟ ਕਰਦੇ ਹਨ।

ਦੁਸਹਿਰੇ ਵਾਲੇ ਦਿਨ ਨੀਲ-ਕੰਠ ਪੰਛੀ ਵੇਖਣਾ ਸ਼ੁਭ ਮੰਨਿਆ ਗਿਆ ਹੈ।

## (ਦ-125) ਦੁਸ਼ਯੰਤ :

ਇਕ ਚੰਦਰਵੰਸ਼ੀ ਰਾਜਾ, ਜੋ ਪੁਰੂ ਦੀ ਵੰਸ਼ ਵਿਚੋਂ ਸੀ। ਇਸ ਨੇ ਸ਼ਕੁੰਤਲਾ ਨਾਲ ਗੰਧਰਵ ਰੀਤੀ ਨਾਲ ਵਿਆਹ ਕੀਤਾ ਅਤੇ ਮਗਰੋਂ ਦੁਰਬਾਸ਼ਾ ਰਿਸ਼ੀ ਦੇ ਸਰਾਪ ਕਾਰਨ ਵਿਆਹ ਦੀ ਗੱਲ ਭੁਲ ਗਿਆ। ਪਰ ਜਦੋਂ ਦੁਸ਼ਯੰਤ ਨੇ ਮੱਛੀ ਦੇ ਪੇਟ ਵਿਚੋਂ ਨਿਕਲੀ ਮੁੰਦਰੀ ਵੇਖੀ ਤਾਂ ਸਭ ਕੁਝ ਯਾਦ ਆ ਗਿਆ ਤੇ ਸ਼ਕੁੰਤਲਾ ਨੂੰ ਉਹ ਆਪਣੇ ਘਰ ਲੈ ਆਇਆ। ਇਸ ਦੀ ਮੂਲ ਕਥਾ 'ਮਹਾਭਾਰਤ' ਵਿਚ ਮਿਲਦੀ ਹੈ, ਜਿਥੋਂ ਕਾਲੀਦਾਸ ਨੇ ਲੈ ਕੇ 'ਅਭਿਗਯਾਨ ਸ਼ਕੁੰਤਲਾ' ਨਾਟਕ ਰਚਿਆ।

ਦੁਸ਼ਯੰਤ ਦਾ ਲੜਕਾ ਭਰਤ ਮਹਾਂਪ੍ਰਤਾਪੀ ਰਾਜਾ ਹੋਇਆ ਜਿਸ ਤੋਂ ਦੇਸ਼ ਦਾ ਨਾਂ ਭਾਰਤ ਪਿਆ।

## (ਦ-126) ਦੂਸਰ :

1. ਤਾਸ਼ ਦੀ ਇਕ ਖੇਡ ਜਿਸ ਵਿਚ ਦੋ ਸਰਾਂ ਲਗਾਤਾਰ ਬਣਾਉਣ ਵਾਲੀ ਧਿਰ, ਹੇਠਾਂ ਪਈਆਂ ਸਾਰੀਆਂ ਸਰਾਂ ਚੁਕ ਕੇ ਲੈ ਜਾਂਦੀ ਹੈ। ਦੂਸਰ ਵਿਚ ਜਿਸ ਖਿਡਾਰੀ ਨੇ ਸਰਾਂ ਮਲੀਆਂ ਹੋਣ ਉਹਾ 'ਰੰਗ' ਰਖਦਾ ਹੈ ਅਤੇ ਜੇ ਉਹ ਆਪਣੇ ਆੜੀ ਨਾਲ ਮਿਲ ਕੇ ਪੂਰੀਆਂ ਸਰਾਂ ਨਾ ਬਣਾ ਸਕੇ ਤਾਂ ਉਸ ਉੱਤੇ ਦੂਣ ਪੈਂਦੀ ਭਾਵ ਦੂਣੀਆਂ ਸਰਾਂ ਤੋਂ ਹਾਰਦਾ ਹੈ।

2. ਤਾਸ਼ ਵਿਚ ਫਲਾਸ਼ ਖੇਡਦਿਆਂ ਜੇ ਤਾਸ਼ ਦੇ ਦੋ ਪੱਤੇ ਇਕੋ ਜਿਹੇ ਆ ਜਾਣ ਤਾਂ ਇਸ ਨੂੰ ਵੀ ਦੂਸਰ ਕਿਹਾ ਜਾਂਦਾ ਹੈ।

## (ਦ-127) ਦੁਸ਼ਾਸਨ :

ਕੁਰੂਵੰਸ਼ੀ ਰਾਜੇ ਧ੍ਰਿਤਰਾਸ਼ਟਰ ਦਾ ਪੁੱਤਰ ਤੇ ਦੁਰਯੋਧਨ ਦਾ ਛੋਟਾ ਭਰਾ ਸੀ। ਜਦੋਂ ਪਾਂਡਵ ਦਰੋਪਦੀ ਨੂੰ ਜੂਏ ਵਿਚ ਹਾਰ ਗਏ ਤਾਂ ਦੁਸ਼ਾਸਨ ਨੇ ਹੀ ਦਰੋਪਦੀ ਨੂੰ ਰਣਵਾਸ ਵਿਚੋਂ ਕੇਸਾਂ ਤੋਂ ਫੜ ਕੇ ਦਰਬਾਰ ਵਿਚ ਲਿਆਂਦਾ ਸੀ—'ਅੰਦਰ

ਕੁਰਖੇਤਰ ਦੇ ਮੈਦਾਨ ਵਿਚ ਭੀਮਸੈਨ ਨੇ ਸੋਲ੍ਹਵੇਂ ਦਿਨ ਦੁਸ਼ਾਸਨ ਨੂੰ ਮਾਰ ਕੇ ਆਪਣੀ ਪ੍ਰਤਿਗਿਆ ਪੂਰੀ ਕੀਤੀ (ਵੇਖੋ : ਦਰੋਪਦੀ)।

**(ਦ-128) ਦੁੱਖ-ਭੰਜਨ ਨਾਥ :**

ਰਾਂਝੇ ਦਾ ਇਕ ਨਾਉਂ, ਜੋ ਉਸ ਜੋਗ ਗ੍ਰਹਿਣ ਕਰਨ ਮਗਰੋਂ ਧਾਰਨ ਕੀਤਾ। ਜੋਗੀਆਂ ਵਿਚ ਇਹ ਪ੍ਰਥਾ ਹੈ ਕਿ ਜੋਗ ਦੀ ਦੀਖਿਆ ਦੇਣ ਮਗਰੋਂ ਚੇਲੇ ਦਾ ਨਾਂ ਬਦਲ ਦਿਤਾ ਜਾਂਦਾ ਹੈ। ਰਾਂਝੇ ਨੇ ਬਾਲਨਾਥ ਤੋਂ ਜੋਗ ਪ੍ਰਾਪਤ ਕੀਤਾ ਤੇ ਬਾਲਨਾਥ ਨੇ ਉਸ ਦਾ ਨਾਂ ਦੁੱਖ-ਭੰਜਨ ਨਾਥ ਰਖਿਆ।

'ਦੁਖ ਭੰਜਨ ਨਾਥ ਹੈ ਨਾਉਂ ਮੇਰਾ,
ਮੈਂ ਧਨੰਤਰ ਵੈਦ ਦਾ ਪੋਤਰਾ ਸੀ,
ਹੀਰਾ ਨਾਥ ਹੈ ਵਡਾ ਗੁਰਦੇਵ ਸਾਡਾ,
ਹਲੇ ਉਸ ਦਾ ਪੂਜਣੇ ਚੌਤਰਾ ਨੀ।' (ਵਾਰਸ ਸ਼ਾਹ)

**(ਦ-129) ਦੁਖ-ਭੰਜਨੀ ਸਾਹਿਬ :**

ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾ ਵਿਚ ਸਰੋਵਰ ਦੇ ਚੜ੍ਹਦੇ ਵਲ ਇਕ ਬੇਰੀ, ਜਿਸ ਦੇ ਹੇਠਾਂ ਇਕ ਕੋਹੜੀ ਇਸ਼ਨਾਨ ਕਰ ਕੇ ਅਰੋਗ ਹੋ ਗਿਆ ਸੀ। ਧਾਰਨਾ ਹੈ ਕਿ ਸਰੋਵਰ ਵਿਚ ਇਸ ਬੇਰੀ ਹੇਠ ਇਸ਼ਨਾਨ ਕਰਨ ਵਾਲੇ ਦੇ ਸਾਰੇ ਰੋਗ ਨਿਵਿਰਤ ਹੋ ਜਾਂਦੇ ਹਨ। ਦੁਖ-ਭੰਜਨੀ ਬਾਰੇ ਇਕ ਸਾਖੀ ਇਉਂ ਪ੍ਰਚਲਤ ਹੈ : ਇਕ ਰਾਜੇ, ਦੁਨੀ ਚੰਦ ਖੜ੍ਹੀ ਦੀਆਂ ਚਾਰ ਧੀਆਂ ਸਨ, ਤਿੰਨ ਧੀਆਂ ਉਸ ਨੂੰ ਕਹਿੰਦੀਆਂ ਕਿ ਉਹ ਉਸ ਦਾ ਦਿਤਾ ਖਾਂਦੀਆਂ ਸਨ, ਪਰ ਚੌਥੀ ਕਿਹਾ ਕਰਦੀ ਸੀ ਕਿ ਉਹ ਰੱਬ ਦਾ ਦਿਤਾ ਖਾਂਦੀ ਹੈ। ਰਾਜੇ ਨੇ ਚਿੜ੍ਹ ਕੇ ਉਸ ਦਾ ਵਿਆਹ ਇਕ ਕੋਹੜੀ ਨਾਲ ਕਰ ਦਿਤਾ। ਉਹ ਲੜਕੀ ਆਪਣੇ ਕੋਹੜੇ ਪਤੀ ਨੂੰ, ਟੋਕਰੇ ਵਿਚ ਬਿਠਾ ਕੇ, ਦੁਖ-ਭੰਜਨੀ ਸਾਹਿਬ ਛਡ ਜਾਂਦੀ ਤੇ ਖ਼ੁਦ ਭਿਖਿਆ ਮੰਗਣ ਲਈ ਚਲੀ ਜਾਂਦੀ। ਇਕ ਦਿਨ ਕੋਹੜੀ ਨੇ ਵੇਖਿਆ ਕਿ ਦੁਖ ਭੰਜਨੀ ਵਾਲੀ ਥਾਂ ਤੋਂ ਕਾਂ ਪਾਣੀ ਵਿਚ ਨਹਾ ਕੇ ਹੰਸ ਹੋ ਗਏ ਹਨ। ਉਹ ਵੀ ਰਿੜ੍ਹਦਾ ਹੋਇਆ ਸਰੋਵਰ ਵਿਚ ਜਾ ਪਹੁੰਚਿਆ ਤੇ ਇਸ਼ਨਾਨ ਕਰ ਕੇ ਅਰੋਗ ਹੋ ਗਿਆ, ਪਿਛੋਂ ਉਸ ਦੀ ਪਤਨੀ ਨੇ ਆ ਕੇ ਸ਼ੋਰ ਮਚਾ ਦਿਤਾ ਤੇ ਕਿਹਾ ਕਿ ਇਸ ਨੇ ਉਸ ਦੇ ਖ਼ਾਵੰਦ ਨੂੰ ਮਾਰ ਦਿਤਾ ਹੈ ਤੇ ਆਪ ਉਸ ਦੀ ਥਾਂ ਲੈਣਾ ਚਾਹੁੰਦਾ ਹੈ। ਇਹ ਮਾਮਲਾ ਗੁਰੂ ਰਾਮਦਾਸ ਜੀ ਕੋਲ ਪਹੁੰਚਿਆ ਜਿਥੇ

ਇਹ ਕਥਾ ਪੰਜਾਬ ਦੀ ਇਕ ਪ੍ਰਾਚੀਨ ਲੋਕ-ਕਥਾ ਹੈ ਅਤੇ ਕਈ ਰੂਪਾਂਤਰਾਂ ਵਿਚ ਪ੍ਰਚਲਤ ਹੈ।

**(ਦ-130) ਦੁੱਗਲ :**

ਖਤ੍ਰੀਆਂ ਦੀ ਇਕ ਗੋਤ; ਇਹ ਸ਼ਬਦ 'ਦੁਕੂਲ' ਦਾ ਵਿਕ੍ਰਿਤ ਹੈ। ਦੁਕੂਲ ਇਕ ਖ਼ਾਸ ਤਰ੍ਹਾਂ ਦਾ ਬਹੁਮੁਲਾ ਰੇਸ਼ਮੀ ਵਸਤ੍ਰ ਹੁੰਦਾ ਸੀ, ਜੋ ਪੌਦਿਆਂ ਦੀ ਛਾਲ ਤੇ ਰੇਸ਼ਿਆਂ ਤੋਂ ਬਣਾਇਆ ਜਾਂਦਾ ਸੀ। ਇਹ ਕਪੜਾ ਵਧੇਰੇ ਕਰਕੇ ਬੰਗਾਲ ਵਿਚ ਬਣਦਾ ਸੀ ਤੇ ਉਥੋਂ ਹੀ ਪੰਜਾਬ ਵਿਚ ਆਉਂਦਾ ਸੀ। ਬਾਣ ਨੇ 'ਦੁਕੂਲ' ਲਈ 'ਦੁਗੂਲ' ਸ਼ਬਦ ਦਾ ਪ੍ਰਯੋਗ ਵੀ ਕੀਤਾ ਹੈ ਅਤੇ ਇਹ ਕਪੜਾ 'ਗੁਪਤ ਕਾਲ' ਵਿਚ ਬੜਾ ਲੋਕ-ਪ੍ਰਿਅ ਸੀ। 'ਅਮਰ ਕੋਸ਼' ਵਿਚ ਵੀ ਦੁਕੂਲ ਦਾ ਉਲੇਖ ਹੈ। ਇੰਜ ਜਾਪਦਾ ਹੈ ਕਿ ਦੁੱਗਲਾਂ ਦਾ ਕੋਈ ਵਡਿਕਾ ਇਸ ਬਹੁ-ਮੁਲੇ ਵਸਤ੍ਰ ਦਾ ਵਪਾਰ ਕਰਨ ਕਰਕੇ 'ਦੁਕੂਲ' ਜਾਂ 'ਦੁਗਲ' ਦੇ ਨਾਂ ਨਾਲ ਜਾਣਿਆ ਜਾਣ ਲੱਗਾ ਤੇ ਉਸ ਦੀ ਵੰਸ ਦੁੱਗਲ ਅਖਵਾਈ।

ਕੁਝ ਹਿੰਦੂ ਦੁੱਗਲਾਂ ਵਿਚ ਮੁੰਡਣ ਸੰਸਕਾਰ ਦੀ ਰੀਤ ਵੱਖਰੀ ਕਿਸਮ ਦੀ ਹੈ। ਮੁੰਡਣ ਸੰਸਕਾਰ ਸਮੇਂ ਬਾਲਕ ਨੂੰ ਮੁੰਜ ਦੀ ਤੜਾਗੀ ਪਹਿਨਾਈ ਜਾਂਦੀ ਹੈ ਜਿਸ ਨਾਲ ਲਾਲ ਰੰਗ ਦੇ ਕਪੜੇ ਦੀ ਪੱਟੀ ਲਗੀ ਹੁੰਦੀ ਹੈ। ਬਾਲਕ ਨੇ ਸਿਰ ਉਤੇ ਲਾਲ ਰੰਗ ਦਾ ਪਟਕਾ ਬੰਨ੍ਹਿਆ ਹੁੰਦਾ ਹੈ। ਬਾਲਕ, ਫਕੀਰਾਂ ਵਾਲੀ ਝੋਲੀ ਹੱਥ ਵਿਚ ਲੈ ਕੇ ਤੇ ਪੈਰ ਵਿਚ ਲਕੜੀ ਦੇ ਖੜ੍ਹਾਵੇਂ ਪਹਿਨ ਕੇ, ਅਲਖ ਜਗਾਂਦਾ ਹੋਇਆ, ਖੈਰ ਮੰਗਦਾ ਤੇ ਬਰਾਦਰੀ ਦੇ ਲੋਕ ਉਸ ਨੂੰ ਖੈਰ ਪਾਉਂਦੇ ਹਨ। ਫਿਰ ਬਾਲਕ ਰੁਸ ਕੇ ਨਸ ਜਾਂਦਾ ਹੈ। ਉਸ ਦੀਆਂ ਭੈਣਾਂ ਭਰਜਾਈਆਂ ਅਥਵਾ ਮਾਂ ਪਿਉ ਉਸ ਨੂੰ ਮਨਾਂਦੇ ਹਨ। ਇਸ ਸੰਸਕਾਰ ਸਮੇਂ ਬਕਰੀ ਝਟਕਾਈ ਜਾਂਦੀ ਹੈ ਤੇ ਉਸ ਦੇ ਲਹੂ ਦੇ ਕੁਝ ਕਤਰੇ ਬਾਲਕ ਦੇ ਮੱਥੇ ਉਤੇ ਲਗਾਏ ਜਾਂਦੇ ਹਨ। ਮਾਸ ਰਿੰਨ੍ਹ ਕੇ ਬਰਾਦਰੀ ਨੂੰ ਖਵਾਇਆ ਜਾਂਦਾ ਹੈ। ਹੱਡੀਆਂ ਤੇ ਹੋਰ ਰਹਿੰਦ ਜ਼ਮੀਨ ਵਿਚ ਦੱਬ ਦਿਤੀ ਜਾਂਦੀ ਹੈ। ਜਦੋਂ ਤਕ ਰਸਮੀ ਢੰਗ ਨਾਲ ਮੁੰਡਣ ਸੰਸਕਾਰ ਨਹੀਂ ਹੋ ਜਾਂਦਾ, ਬਾਲਕ ਦੇ ਸਿਰ ਨਾਲ ਉਸਤਰਾ ਜਾਂ ਕੈਂਚੀ ਨਹੀਂ ਛੁਹਾਈ ਜਾਂਦੀ।

**(ਦ-131) ਦੁੱਧ :**

ਲੋਕਧਾਰਾ ਅਨੁਸਾਰ ਦੁੱਧ ਸੰਸਾਰ ਵਿਚ ਸਭ ਤੋਂ ਉਤਮ ਪਦਾਰਥ ਮੰਨਿਆ ਗਿਆ ਹੈ। ਦੇਵਤਿਆਂ ਵਿਚ ਅੰਮ੍ਰਿਤ ਤੋਂ

ਸੀ । ਧਾਰਨਾ ਅਨੁਸਾਰ ਸਵਰਗ ਲੋਕ ਵਿਚ ਜੋ ਸੱਤ ਨਦੀਆਂ ਵਗਦੀਆਂ ਹਨ, ਉਨ੍ਹਾਂ ਵਿਚੋਂ ਇਕ ਨਦੀ ਦੁੱਧ ਦੀ ਤੇ ਦੂਜੀ ਦਹੀਂ ਦੀ ਹੈ ।

ਦੁੱਧ ਦੇਵਤਿਆਂ ਨੂੰ ਬਹੁਤ ਪਸੰਦ ਹੈ । ਇਸ ਲਈ ਦੇਵਤਿਆਂ ਨੂੰ ਜੋ ਅਰਘਾ ਦਿਤਾ ਜਾਂਦਾ ਹੈ, ਉਹ ਦੁੱਧ ਵਿਚ ਜਲ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ । ਨਾਗ ਦੇਵਤਾ ਤਾਂ ਪ੍ਰਸੰਨ ਹੀ ਦੁੱਧ ਉਤੇ ਹੁੰਦਾ ਹੈ । ਨਾਗ ਪੰਚਮੀ ਵਾਲੇ ਦਿਨ ਹਿੰਦੂ ਸੱਪਾਂ ਦੀਆਂ ਖੁੱਡਾਂ ਵਿਚ ਦੁੱਧ ਜਾਂ ਕੱਚੀ ਲੱਸੀ ਪਾਉਂਦੇ ਹਨ, ਜੋ ਇਕ ਵਡਾ ਪੁੰਨ ਕਾਰਜ ਮੰਨਿਆ ਗਿਆ ਹੈ ।

ਪੰਜਾਬੀ ਸਭਿਆਚਾਰ ਵਿਚ 'ਦੁੱਧ ਪੁੱਤ' ਦਾ ਅਸ਼ੀਰਵਾਦ ਦਿਤਾ ਜਾਂਦਾ ਹੈ । ਦੁੱਧ ਸਮ੍ਰਿਧੀ ਦਾ ਪ੍ਰਤੀਕ ਰਿਹਾ ਹੈ ਤੇ ਪੁੱਤ ਵੰਸ਼ ਦਾ ।

ਦੁੱਧ ਨਾਲ ਕਈ ਰਸਮਾਂ ਰੀਤਾਂ ਸਬੰਧਿਤ ਹਨ । ਜਦੋਂ ਰਿਸ਼ਤੇ ਦੀ ਗੱਲ ਪੱਕੀ ਹੁੰਦੀ ਹੈ ਤਾਂ ਖੱਤ੍ਰੀਆਂ ਵਿਚ ਕੰਨਿਆਂ ਪੱਖ ਵਾਲੇ ਵਰ ਨੂੰ ਸਭ ਤੋਂ ਪਹਿਲਾ ਦੁੱਧ ਪਿਲਾਂਦੇ ਹਨ ਅਥਵਾ 'ਦੁੱਧ ਪਿਲਾਣ' ਦੀ ਰੀਤ ਕੀਤੀ ਜਾਂਦੀ ਹੈ । ਜਦੋਂ ਡੋਲੀ ਘਰ ਆਉਂਦੀ ਹੈ ਤਾਂ ਸੱਸ ਨੂੰਹ ਤੋਂ ਪਾਣੀ ਵਾਰ ਕੇ ਪੀਂਦੀ ਹੈ । ਇਸ ਪਾਣੀ ਵਿਚ ਕੱਚਾ ਦੁੱਧ ਮਿਲਿਆ ਹੁੰਦਾ ਹੈ । ਵਿਆਹ ਸਮੇਂ 'ਮੁੰਦਰੀ ਛੱਲਾ' ਜਾਂ 'ਕੰਙਣ ਖੇਡਣ' ਦੀਆਂ ਜੋ ਰਸਮਾਂ ਕੀਤੀਆਂ ਜਾਂਦੀਆਂ ਹਨ ਉਹ ਭਾਂਡੇ ਵਿਚ ਕੱਚੀ ਲੱਸੀ (ਦੁੱਧ ਤੇ ਜਲ) ਪਾ ਕੇ ਕੀਤੀਆਂ ਜਾਂਦੀਆਂ ਹਨ ।

ਕੱਚੀ ਲੱਸੀ (ਦੁੱਧ ਤੇ ਜਲ) ਦੇ ਦਾਨ ਦਾ ਵੀ ਬੜਾ ਮਹਾਤਮ ਹੈ । ਹਾੜੀ 'ਕਾਸ਼ਤੀ ਵਾਲੇ ਦਿਨ ਹਿੰਦੂ ਥਾਂ ਥਾਂ ਕੱਚੀ ਲੱਸੀ ਦੀਆਂ ਛਬੀਲਾਂ ਲਗਾਉਂਦੇ ਹਨ । ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉਤੇ ਵੀ ਕੱਚੀ ਲੱਸੀ ਦੀਆ ਛਬੀਲਾ ਲਗਾਈਆਂ ਜਾਂਦੀਆਂ ਹਨ ।

ਦੁੱਧ ਨਾਲ, ਕਈ ਤਰ੍ਹਾਂ ਦੇ ਭਰਮ ਵਹਿਮ, ਜੁੜੇ ਹੋਏ ਹਨ । ਠੰਢੇ ਦੁੱਧ ਨੂੰ ਫੂਕਾਂ ਨਹੀਂ ਮਾਰਨੀਆਂ ਚਾਹੀਦੀਆਂ, ਇਸ ਨਾਲ 'ਦੁੱਧ-ਪੁੱਤਰ' ਦਾ ਘਾਟਾ ਹੁੰਦਾ ਹੈ । ਦੁੱਧ ਦਾ ਡੁਲ੍ਹਣਾ ਅਪਸ਼ਗਨ ਹੈ । ਦੁੱਧ ਨੂੰ ਛੇਤੀ ਨਜ਼ਰ ਲਗ ਜਾਂਦੀ ਹੈ । ਦੁੱਧ ਕਾੜ੍ਹਣ ਵੇਲੇ ਦੁੱਧ ਵਿਚ ਕੋਲਾ ਜਾਂ ਕੋਈ ਹੋਰ ਕਾਲੀ ਚੀਜ਼ ਛੁਹਾਰਾ ਆਦਿ ਸੁਟ ਦੇਂਦੇ ਹਨ । ਰਾਤ ਵੇਲੇ ਦੁੱਧ ਪੀ ਕੇ ਸੌਣ ਨਾਲ ਭੈੜੇ ਸੁਪਨੇ ਆਉਂਦੇ ਹਨ । ਦੁੱਧ ਪੀ ਕੇ ਉਪਰੋਂ ਕੁਲੀ ਕਰ ਲੈਣੀ, ਠੀਕ ਸਮਝੀ ਜਾਂਦੀ ਹੈ ।

ਹੋ ਜਾਂਦਾ ਹੈ । ਇਸ ਤਰ੍ਹਾਂ ਫਿਰ ਉਹ ਥਣਾਂ ਦੇ ਨੇੜੇ ਨਹੀ ਜਾਂਦਾ ਤੇ ਉਸ ਨੂੰ ਓਪਰੇ ਦੁੱਧ ਤੇ ਹਿਲਾ ਦਿਤਾ ਜਾਂਦਾ ਹੈ ।

(ਦ-133) **ਦੁੱਧ ਪਿਲਾਣਾ** :

ਖੱਤ੍ਰੀਆਂ ਵਿਚ ਪ੍ਰਚਲਤ, ਵਿਆਹ ਨਾਲ ਸੰਬੰਧਿਤ ਇ ਰਸਮ; ਜਦੋਂ ਰਿਸ਼ਤੇ ਦੀ ਗੱਲ ਪੱਕੀ ਹੋ ਜਾਂਦੀ ਹੈ ਤਾਂ ਵਰ ਨੂੰ ਛੁਹਾਰੇ ਤੇ ਲਾਚੀਆਂ ਵਾਲਾ ਦੁੱਧ ਪਿਲਾਇਆ ਜਾਂਦਾ ਹੈ ਇਸ ਮੌਕੇ ਤੇ ਸ਼ਗਨ ਵਜੋਂ ਵਰ ਤੇ ਉਸ ਦੇ ਸਕੇ ਸਬੰਧੀਅ ਮਾਂ-ਪਿਉ ਤੇ ਭੈਣ-ਭਰਾ ਆਦਿ ਨੂੰ ਕੁਝ ਨਕਦ ਰੁਪਏ ਵ ਦਿਤੇ ਜਾਂਦੇ ਹਨ । ਇਸ ਰਸਮ ਨੂੰ 'ਠਾਕਾ' ਵੀ ਕਹਿੰਦੇ ਹਨ ।

(ਦ-134) **ਦੁੱਬ ਘਾਹ** :

ਦੁੱਬ ਘਾਹ ਬਾਰੇ ਇਕ ਮਿੱਥਕ ਕਥਾ ਪ੍ਰਚਲਤ ਹੈ ਦੁੱਬ ਘਾਹ ਪਹਿਲਾਂ ਸੁਕੇ ਤ੍ਰਿਣਾਂ ਵਰਗਾ ਹੁੰਦਾ ਸੀ । ਇ ਝਟ ਭੋਂ ਜਾਂਦਾ । ਇਸ ਦਾ ਸਵਾਦ ਵੀ ਬਕਬਕਾ ਸੀ ਇਕ ਵਾਰ ਰੋਡੇ ਸ਼ਾਹ (ਜਲਾਲੀ ਦਾ ਆਸ਼ਕ) ਨੂੰ ਜੰਗਲ ਵਿਚ ਰਾਤ ਪੈ ਗਈ ਤੇ ਉਸ ਨੇ ਜੰਗਲੀ ਘਾਹ ਉਤੇ ਲੇਟ ਕੇ ਰਾਤ ਗੁਜ਼ਾਰਨ ਦਾ ਫੈਸਲਾ ਕਰ ਲਿਆ । ਪਰ ਜੰਗਲੀ ਘਾਹ ਨੇ ਉਸ ਦਾ ਵਿਛੌਣਾ ਬਣਨ ਤੋਂ ਇਨਕਾਰ ਕਰ ਦਿਤਾ ਰੋਡੇ ਸ਼ਾਹ ਦੀ ਨਜ਼ਰ ਦੁੱਬ ਘਾਹ ਤੇ ਪਈ ਜੋ ਉਦੋਂ ਬੜ ਘਟੀਆ ਤੇ ਰੁਖਾ ਹੁੰਦਾ ਸੀ ਤੇ ਜਿਸਦੀਆਂ ਤ੍ਰਿਣਾਂ ਸੂਲਾਂ ਵਾਂ ਚੁਭਦੀਆਂ ਸਨ । ਦੁੱਬ ਫਕੀਰ ਦਾ ਵਿਛੌਣਾ ਬਣਨ ਲਈ ਤਿਆਰ ਹੋ ਗਿਆ । ਸਵੇਰੇ ਜਾਗ ਕੇ ਰੋਡੇ ਸ਼ਾਹ ਨੇ ਦੁੱਬ ਨੂੰ ਵਰ ਦਿਤਾ ਕਿ ਤੂੰ ਸਦਾ ਹਰੀ ਭਰੀ ਰਹੇਂ ਤੇ ਵਧੇਂ ਫੁਲੇਂ ਲੋਕ ਤੈਨੂੰ ਮਾਣ ਦੇਣ । ਆਸ਼ਕ ਦੀ ਅਸੀਸ ਬਰ ਆਈ ਤੇ ਉਦੋਂ ਤੋਂ ਦੁੱਬ ਘਾਹ ਵਿਚ ਹਮੇਸ਼ਾ ਲਈ ਹਰਿਆਵਲ ਤੇ ਮਿਠਾਸ ਆ ਗਈ ।

(ਦ-135) **ਦੁੱਬ ਟੁੰਗਣਾ** :

ਸ਼ਗਨ ਜਾਂ ਕਿਸੇ ਮੰਗਲ ਕਾਰਜ ਸਮੇਂ ਦੁੱਬ ਘਾਹ ਦੀਆ ਹਰਿਆਵਲੀਆਂ ਪੱਤੀਆਂ ਨੂੰ ਪੱਗ ਵਿਚ ਟੁੰਗਣ ਦੀ ਪ੍ਰਥਾ ਹੈ ।

(ਦ-136) **ਦੁਰ** :

1. ਕੰਨਾਂ ਦਾ ਇਕ ਗਹਿਣਾ, ਜੋ ਕੰਨ ਵਿਚ ਛੇਦ ਕਰਕੇ ਪਹਿਨਿਆ ਜਾਂਦਾ ਹੈ । ਇਹ ਇਕ ਤਰ੍ਹਾਂ ਦੀ ਵਾਲੀ ਹੁੰਦੀ

ਵਿਚ ਮੂੰਹਾ ਮੋਤੀ ਮੜ੍ਹਿਆ ਹੁੰਦਾ ਹੈ । ਅਖਾਣ ਹੈ :

'ਅਮੀਰ ਦੀ ਦੂਰ ਤੇ ਫਕੀਰ ਦੀ ਬੂਰ, ਇਕ ਬਰਾਬਰ' ।

(ਦ-137) **ਦੁਰਗਾ :**

ਇਕ ਪੌਰਾਣਿਕ ਦੇਵੀ ਜਿਸ ਨੇ ਅਸੁਰਾਂ ਦਾ ਨਾਸ਼ ਕੀਤਾ ਸੀ । ਸ਼ਿਵ ਦੀ ਪਤਨੀ ਉਮਾ, ਪਾਰਬਤੀ, ਸ਼ਕਤੀ, ਕਾਲੀ, ਚੰਡੀ ਤੇ ਭੈਰਵੀ ਆਦਿ ਸਭ ਇਸੇ ਦੇ ਨਾਂ ਹਨ । ਸ਼ਿਵ ਦੀ ਪਤਨੀ ਦੇ ਦੋ ਸਰੂਪ ਹਨ : ਇਕ ਸਨਿਮਰ, ਦੂਜਾ ਭਿਅੰਕਰ । ਆਪਣੇ ਸਨਿਮਰ ਰੂਪ ਵਿਚ ਸ਼ਿਵ ਦੀ ਪਤਨੀ ਉਮਾ (ਪ੍ਰਭਾਸ਼), ਗੌਰੀ (ਸੁੰਦਰਤਾ ਦੀ ਮੂਰਤੀ) ਪਾਰਬਤੀ (ਪਹਾੜਾਂ ਤੇ ਰਹਿਣ ਵਾਲੀ) ਅਤੇ ਭਵਾਨੀ ਆਦਿ ਨਾਵਾਂ ਨਾਲ ਪ੍ਰਸਿਧ ਹੈ । ਭਿਅੰਕਰ ਰੂਪ ਵਿਚ ਇਸ ਦੇਵੀ ਨੂੰ ਦੁਰਗਾ, ਕਾਲੀ, ਚੰਡੀ, ਚੰਡਿਕਾ ਤੇ ਭੈਰਵੀ ਕਹਿੰਦੇ ਹਨ । ਦੁਰਗਾ ਦੇ ਰੂਪ ਵਿਚ ਦੁਰਗਾ ਦੀਆਂ ਦਸ ਬਾਹਵਾਂ ਹਨ ਤੇ ਹਰ ਹੱਥ ਵਿਚ ਕੋਈ ਨਾ ਕੋਈ ਭਿਆਨਕ ਸ਼ਸਤਰ ਫੜਿਆ ਹੁੰਦਾ ਹੈ । ਇਸ ਰੂਪ ਵਿਚ ਇਹ ਪੀਲੇ ਰੰਗ ਵਾਲੀ ਦੇਵੀ ਹੈ, ਜੋ ਸ਼ੇਰ ਦੀ ਸਵਾਰੀ ਕਰਦੀ ਹੈ । ਇਸ ਦਾ ਪ੍ਰਭਾਵ ਬੜਾ ਭਿਅੰਕਰ ਤੇ ਵਿਨਾਸ਼ਕਾਰੀ ਹੈ ।

ਦੁਰਗਾ ਦੀ ਉਤਪਤੀ ਬਾਰੇ ਕਈ ਪੌਰਾਣਿਕ ਕਥਾਵਾਂ ਪ੍ਰਚਲਤ ਹਨ : ਪੁਰਾਣਾਂ ਅਨੁਸਾਰ ਇਕ ਵਾਰ ਬ੍ਰਹਮਾ ਵਿਸ਼ਨੂੰ ਨਾਲ ਕਿਸੇ ਮਸਲੇ 'ਤੇ ਵਿਚਾਰ ਕਰਨ ਲਈ ਬੈਕੁੰਠ ਗਏ । ਉਥੇ ਉਨ੍ਹਾਂ ਨੇ ਸ਼ਿਵ ਨੂੰ ਵੀ ਆਪਣੀ ਦੈਵੀ ਸ਼ਕਤੀ ਦੁਆਰਾ ਬੁਲਾ ਲਿਆ । ਜਦੋਂ ਤਿੰਨੇ ਵਿਚਾਰ ਕਰ ਰਹੇ ਸਨ ਤਾਂ ਉਨ੍ਹਾਂ ਦੀ ਸਾਂਝੀ ਸ਼ਕਤੀ ਵਿਚੋਂ ਇਕ ਤੇਜਸਵੀ ਇਸਤ੍ਰੀ ਪ੍ਰਕਾਸ਼ਮਾਨ ਹੋਈ । ਤਿੰਨੇ ਦੇਵਤੇ ਇਸ ਨੂੰ ਅਪਨਾਉਣਾ ਚਾਹੁੰਦੇ ਸਨ । ਸੋ ਤੇਜਸਵੀ ਇਸਤ੍ਰੀ ਨੇ ਆਪਣੇ ਆਪ ਨੂੰ ਤਿੰਨ ਰੂਪਾਂ ਸਰਸਵਤੀ, ਲਖਸ਼ਮੀ ਤੇ ਦੁਰਗਾ ਵਿਚ ਵੰਡ ਲਿਆ ।

ਇਕ ਹੋਰ ਕਥਾ ਅਨੁਸਾਰ ਦੁਰਗਾ ਦੀ ਉਤਪਤੀ, ਉਸ ਪ੍ਰਕਾਸ਼ਮਈ ਸ਼ੋਅਲੇ ਤੋਂ ਹੋਈ ਜੋ ਮਹਿਖੇ ਦੈਂਤ ਆਦਿ ਅਸੁਰਾਂ ਨੂੰ ਮਾਰਨ ਲਈ ਬ੍ਰਹਮਾ, ਵਿਸ਼ਨੂੰ, ਸ਼ਿਵ ਤੇ ਕਈ ਹੋਰ ਦੇਵਤਿਆਂ ਦੇ ਮੂੰਹ ਵਿਚੋਂ ਕਰੋਧ ਵਿਚ ਨਿਕਲਿਆ ਸੀ । ਅਸੁਰਾਂ ਨੇ ਅਮਰਾਵਤੀ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਸੀ ਤੇ ਦੇਵਤਿਆਂ ਨੂੰ ਉਥੋਂ ਕੱਢ ਦਿਤਾ ਗਿਆ ਸੀ । ਅਸੁਰਾਂ ਨੂੰ ਅਮਰਾਵਤੀ ਵਿਚੋਂ ਕੱਢਣ ਲਈ ਦੁਰਗਾ ਨੂੰ ਸਭ ਦੇਵਤਿਆਂ ਨੇ ਸ਼ਸਤ੍ਰ ਦਿਤੇ । ਵਿਸ਼ਨੂੰ ਨੇ ਚੱਕਰ, ਸ਼ਿਵ ਨੇ ਸ਼ੇਰ ਤੇ ਅਨੰਤ ਨੇ ਸਰਪਾਂ ਦੀ ਮਾਲਾ ਦਿਤੀ । ਇਨ੍ਹਾਂ ਹਥਿਆਰਾਂ ਨਾਲ ਲੈਸ ਹੋ ਕੇ ਦੁਰਗਾ ਵਿੰਧਿਆ ਪਰਬਤ ਵਲ ਗਈ ਤੇ ਮਹਿਖੇ ਦੈਂਤ ਨਾਲ ਘੋਰ ਯੁੱਧ ਕੀਤਾ । ਮਹਿਖੇ ਦੈਂਤ ਨੇ ਕਈ ਰੂਪ ਧਾਰਨ ਕੀਤੇ ਪਰ ਦੁਰਗਾ ਨੇ ਉਸ ਨੂੰ ਅਖੀਰ ਮਾਰ ਦਿਤਾ (ਵੇਖੋ : ਚੰਡੀ ਦੇਵੀ) ।

(ਦ-138) **ਦੁਰਗਾ ਉਪਾਸ਼ਕ :**

ਪੰਜਾਬ ਵਿਚ ਦੁਰਗਾ ਦੇਵੀ ਦੇ ਉਪਾਸ਼ਕ ਕਾਫ਼ੀ ਸੰਖਿਆ ਵਿਚ ਹਨ । ਦੁਰਗਾ ਦਾ ਪ੍ਰਮੁਖ ਸਥਾਨ ਜਵਾਲਾਮੁਖੀ ਜ਼ਿਲਾ ਕਾਂਗੜਾ ਵਿਚ ਹੈ, ਜਿਥੇ ਦੂਰੋਂ ਦੂਰੋਂ ਉਪਾਸ਼ਕ ਯਾਤ੍ਰਾ ਲਈ ਆਉਂਦੇ ਹਨ । ਦੁਰਗਾ ਦਾ ਇਕ ਹੋਰ ਪ੍ਰਸਿਧ ਮੰਦਰ 'ਦੁਰਗਿਆਣਾ ਮੰਦਰ' ਅੰਮ੍ਰਿਤਸਰ ਵਿਚ ਸਥਿਤ ਹੈ । ਪੰਜਾਬ ਵਿਚ ਦੁਰਗਾ ਦੀ ਪੂਜਾ ਨਰਾਤਿਆਂ ਦੇ ਦਿਨਾਂ ਵਿਚ ਕੀਤੀ ਜਾਂਦੀ ਹੈ । ਇਹ ਨਰਾਤੇ ਸਾਲ ਵਿਚ ਦੋ ਵਾਰ ਅੱਸੂ ਤੇ ਚੇਤਰ ਵਿਚ ਆਉਂਦੇ ਹਨ (ਵੇਖੋ : ਨਰਾਤੇ) । ਇਨ੍ਹੀਂ ਦਿਨੀਂ ਜਵਾਲਾਮੁਖੀ ਵਿਚ ਭਾਰੀ ਮੇਲਾ ਲਗਦਾ ਹੈ, ਉਪਾਸ਼ਕ ਕਿਸੇ ਕੰਜ-ਕੰਵਾਰੀ ਕੰਨਿਆਂ ਨੂੰ, ਜੋ 10 ਸਾਲ ਤੋਂ ਛੋਟੀ ਹੋਵੇ, ਦੇਵੀ ਦਾ ਰੂਪ ਮੰਨ ਕੇ ਪੂਜਦੇ ਤੇ ਭੇਟਾ ਚਾੜ੍ਹਦੇ ਹਨ ।

(ਦ-139) **ਦੁਰਗਾ ਅਸ਼ਟਮੀ :**

ਅੱਸੂ ਸੁਦੀ ਅਤੇ ਚੇਤ ਸੁਦੀ ਦੀ ਅਸ਼ਟਮੀ ਨੂੰ ਦੁਰਗਾ ਦੀ ਪੂਜਾ ਕੀਤੀ ਜਾਂਦੀ ਅਤੇ ਕੰਜਕਾਂ ਬਿਠਾਈਆਂ ਜਾਂਦੀਆਂ ਹਨ ।

(ਦ-140) **ਦੁਰਗਾ ਸਪਤਸ਼ਤੀ :**

ਮਾਰਕੰਡੇ ਪੁਰਾਣ ਦਾ ਅਧਿਆਇ 81 ਤੋਂ 94 ਤਕ ਦਾ ਪਾਠ, ਜਿਸ ਵਿਚ ਸੱਤ ਸੌ ਸ਼ਲੋਕ ਹਨ, ਇਨ੍ਹਾਂ ਕਾਂਡਾਂ ਵਿਚ ਹੀ ਦੁਰਗਾ ਦਾ ਦੈਂਤਾਂ ਨਾਲ ਯੁੱਧ ਦਾ ਵਰਣਨ ਹੈ । ਸਪਤਸ਼ਤੀ ਦੇ ਪਾਠ ਨੂੰ 'ਦੁਰਗਾ-ਪਾਠ' ਵੀ ਕਿਹਾ ਜਾਂਦਾ ਹੈ । ਚੰਡੀ ਦੀ ਵਾਰ ਇਸ ਕਥਾ ਉਤੇ ਆਧਾਰਤ ਹੈ ।

(ਦ-141) **ਦੁਰਗਾ ਨੌਮੀ :**

(ੳ) ਅੱਸੂ ਸੁਦੀ ਤੇ ਚੇਤ ਸੁਦੀ ਨੌਮੀ, ਜਦੋਂ ਦੁਰਗਾ ਦੀ ਪੂਜਾ ਕੀਤੀ ਜਾਂਦੀ ਹੈ ।

(ਅ) ਕੱਤਕ ਸੁਦੀ ਨੌਮੀ, ਜਦੋਂ ਦੁਰਗਾ ਦੀ ਪੂਜਾ ... ਪ੍ਰਾਰੰਭ ਮੰਨਿਆ ਗਿਆ ਹੈ ।

ਪਵਿਤ੍ਰ ਘੋੜਾ ਮੰਨਦੇ ਹਨ। ਮੁਹੱਰਮ ਦੇ ਦਿਨ ਘੋੜੇ ਦੀ ਸ਼ਕਲ ਦਾ ਜੋ ਤਾਜ਼ੀਆ ਕਢਿਆ ਜਾਂਦਾ ਹੈ, ਉਸ ਨੂੰ ਵੀ ਦੁਲਦੁਲ ਕਿਹਾ ਜਾਂਦਾ ਹੈ। ਮੁਹੱਰਮ ਦੇ ਦਿਨੀਂ ਜਿਸ ਘੋੜੇ ਉਤੇ ਸ਼ੀਆ ਮੁਸਲਮਾਨ ਮਾਤਮ ਦਾ ਸਮਾਨ ਲੱਦਦੇ ਹਨ, ਉਸ ਨੂੰ ਵੀ 'ਦੁਲਦੁਲ' ਕਹਿੰਦੇ ਹਨ।

(ਦ-143) **ਦੁਲੜੀ** :

ਗਲ ਵਿਚ ਪਹਿਨਣ ਵਾਲੀ ਮੋਤੀਆਂ ਦੀ ਮਾਲਾ; ਇਹ ਦੋ ਜਾਂ ਤਿੰਨ ਲੜਾਂ ਦੀ ਹੁੰਦੀ ਹੈ। ਦੋ ਲੜਾਂ ਵਾਲੀ 'ਦੁਲੜੀ' ਤੇ ਤਿੰਨ ਲੜੀਆਂ ਵਾਲੀ 'ਤਿਲੜੀ' ਅਖਵਾਉਂਦੀ ਹੈ। ਕਈ ਅਮੀਰ ਲੋਕ ਮੋਤੀਆਂ ਦੀ ਥਾਂ ਸੋਨੇ ਦੇ ਦਾਣੇ ਵਾਲੀ ਦੁਲੜੀ ਵੀ ਵਰਤਦੇ ਹਨ।

(ਦ-144) **ਦੁਲ੍ਹਾ** :

(ਵੇਖੋ : ਲਾੜ੍ਹਾ)।

(ਦ-145) **ਦੁਲ੍ਹਾ ਭੱਟੀ** :

ਪੰਜਾਬ ਦਾ ਇਕ ਬੀਰ ਨਾਇਕ, ਜੋ ਸਾਂਦਲ ਬਾਰ ਦਾ ਵਸਨੀਕ ਸੀ ਅਤੇ ਅਕਬਰ ਦੇ ਰਾਜ ਸਮੇਂ ਹੋਇਆ। ਦੁਲ੍ਹਾ ਜਾਤ ਦਾ ਭੱਟੀ ਰਾਜਪੂਤ ਸੀ ਅਤੇ ਅਮੀਰਾਂ ਨੂੰ ਲੁਟ ਕੇ ਗ਼ਰੀਬਾਂ ਦੀ ਮਦਦ ਕੀਤਾ ਕਰਦਾ ਸੀ। ਦੰਦ-ਕਥਾਵਾਂ ਅਨੁਸਾਰ ਦੁਲ੍ਹਾ ਫ਼ਰੀਦ ਖ਼ਾਨ ਦਾ ਲੜਕਾ ਸੀ। ਇਸ ਦਾ ਚਾਚਾ, ਜਲਾਲ ਦੀਨ, ਇਸ ਨਾਲ ਵੈਰ ਰਖਦਾ ਸੀ। ਇਕ ਵਾਰ ਦੁਲ੍ਹਾ ਨੈਨਾ ਬਾਸ ਵਿਚ ਹੋਲੀ ਖੇਡਣ ਗਿਆ ਤਾਂ ਇਸ ਦੇ ਚਾਚੇ ਜਲਾਲ ਦੀਨ ਨੇ ਅਕਬਰ ਅਗੇ ਇਸ ਵਿਰੁਧ ਫ਼ਰਿਆਦ ਕੀਤੀ ਕਿ ਇਹ ਲੁਟੇਰਾ ਹੈ ਅਤੇ ਉਥੇ ਜ਼ਿਮੀਂਦਾਰਾਂ ਨੂੰ ਲੁਟਣ ਗਿਆ ਹੈ। ਅਕਬਰ ਨੇ ਦੁਲ੍ਹੇ ਨੂੰ ਪਕੜਨ ਲਈ ਮਿਰਜ਼ਾ ਅਲਾਉਦੀਨ ਤੇ ਜ਼ਿਆ-ਉਦ-ਦੀਨ ਨੂੰ ਭੇਜਿਆ, ਜੋ ਬਾਰਾਂ ਹਜ਼ਾਰ ਸਿਪਾਹੀ ਲੈ ਕੇ, ਸਾਂਦਲ ਬਾਰ ਪਹੁੰਚਿਆ। ਇਕ ਗੁਆਲਨ, ਜਿਸ ਦੀ ਦੁਲ੍ਹੇ ਨੇ ਭੀੜਾ ਸਮੇਂ ਸਹਾਇਤਾ ਕੀਤੀ ਸੀ, ਨੇ ਦੁਲ੍ਹੇ ਨੂੰ ਬਚਾਉਣ ਲਈ ਮਿਰਜ਼ੇ ਅਲਾਉਦੀਨ ਨੂੰ, ਆਪਣੇ ਹੁਸਨ ਤੇ ਅਦਾਵਾਂ ਨਾਲ ਪਹਿਲੋਂ ਮੋਹ ਲਿਆ ਤੇ ਪਿਛੋਂ ਉਸ ਨਾਲ ਯੁੱਧ ਕਰਕੇ ਉਸ ਨੂੰ ਮਾਰ ਦਿਤਾ। ਜ਼ਿਆ-ਉਦ-ਦੀਨ ਨੇ ਦੁਲ੍ਹੇ ਦੇ ਪਿੰਡ ਉਤੇ ਧਾਵਾ ਬੋਲ ਕੇ ਉਸ ਦੇ ਸਾਰੇ ਪ੍ਰਵਾਰ ਨੂੰ ਬੰਦੀ ਬਣਾ ਲਿਆ। ਦੁਲ੍ਹੇ ਦਾ ਬੇਟਾ ਨੂਰਾ ਜ਼ਿਆ-ਉਦ-ਦੀਨ ਨਾਲ ਬੜੀ ਬਹਾਦਰੀ

ਦੁਲ੍ਹਾ ਜ਼ਿਆ-ਉਦ-ਦੀਨ ਨੂੰ ਜਾਨੋਂ ਮਾਰਨ ਲੱਗਾ ਸੀ ਕਿ ਉਸਦੀ ਮਾਂ ਨੇ ਰੋਕ ਦਿਤਾ। ਦੁਲ੍ਹਾ ਭੱਟੀ ਦੀ ਬਹਾਦਰੀ ਕਈ ਹੋਰ ਕਿੱਸੇ ਲੋਕਾਂ ਵਿਚ ਪ੍ਰਚਲਤ ਹਨ।

ਲੋਹੜੀ ਦੇ ਦਿਨਾਂ ਵਿਚ ਦੁਲ੍ਹਾ ਭੱਟੀ ਬਾਰੇ ਇਕ ਗੀ ਬੱਚੇ ਬੜੇ ਸ਼ੌਕ ਨਾਲ ਗਾਉਂਦੇ ਹਨ।

(ਦ-146) **ਦੂਆ** :

ਅਰੋੜਿਆਂ ਦੀ ਇਕ ਉਪ-ਜਾਤੀ; ਰਵਾਇਤ ਹੈ ਕਿ ਇਸ ਜਾਤੀ ਦੇ ਲੋਕਾਂ ਵਿਚ 'ਚੁੱਕ' ਦਾ ਰੋਗ ਦੂਰ ਕਰਨ ਦ ਜਮਾਂਦਰੂ ਦੈਵੀ ਸਕਤੀ ਹੈ। ਇਨ੍ਹਾਂ ਦੇ ਇਕ ਵਡ਼ੇ ਸੇਠ ਹਰੀ ਨੂੰ ਇਕ ਕਰਣੀ ਵਾਲੇ ਫ਼ਕੀਰ ਨੇ ਪ੍ਰਸੰਨ ਹੋ ਕੇ ਇਹ ਸ਼ਕਤੀ ਪ੍ਰਦਾਨ ਕੀਤੀ, ਜੋ ਅਗੋਂ ਪੀੜ੍ਹੀ ਦਰ ਪੀੜ੍ਹ ਚਲ ਰਹੀ ਹੈ। ਧਾਰਨਾ ਹੈ ਕਿ ਜੇ ਕਿਸੇ ਨੂੰ ਚੁਕ ਪੈ ਜਾਵੇ ਤਾਂ 'ਦੂਆ' ਮੰਤ੍ਰ ਪੜ੍ਹ ਕੇ ਜਾਂ ਆਪਣੇ ਇਸ਼ਟ ਦਾ ਨਾਂ ਲੈ ਕੇ ਉਸਦੀ ਪਿੱਠ ਤੇ ਹੱਥ ਫੇਰੇ ਤਾਂ ਰੋਗ ਦੂਰ ਹੋ ਜਾਂਦਾ ਹੈ ਕਈ ਵਾਰ ਕੋਈ ਮੰਤ੍ਰ ਕਿਸੇ ਕਪੜੇ ਨੂੰ ਪੜ੍ਹ ਕੇ ਰੋਗੀ ਦੀ ਪਿੱਠ ਉਤੇ ਤਿੰਨ ਵਾਰ ਫੇਰਦੇ ਤੇ ਅਖ਼ੀਰ ਪਿੱਠ ਤੇ ਪੈਰਾਂ ਨਾਲ ਧੱਕਾ ਦੇਂਦੇ ਹਨ। ਮੰਤ੍ਰ ਹੈ :

ਦੂਆ ਸੇਠ ਭਾਰੀ
ਫੂਲਾਂ ਕਰੀ ਦਾਤ੍ਰੀ
ਭੰਨੇ ਚਿਲ ਕਰੇਂਦਾ ਜਾਰੀ।

(ਦ-147) **ਦੂਣੀ ਦੇ ਟੱਪੇ** :

ਅੱਖਰਾਂ ਨੂੰ ਆਧਾਰ ਬਣਾ ਕੇ, ਪੰਜਾਬੀ ਵਿਚ ਜਿਵੇਂ ਪੈਂਤੀ ਅੱਖਰੀ ਤੇ ਸਿਹਰਫ਼ੀ ਆਦਿ ਰਚੀਆਂ ਜਾਂਦੀਆਂ ਹਨ, ਤਿਵੇਂ ਪਹਾੜਿਆਂ ਨੂੰ ਵੀ ਕਾਵਿ ਦਾ ਮਾਧਿਅਮ ਬਣਾਇਆ ਗਿਆ ਹੈ। ਪੈਂਤੀ ਅੱਖਰੀ ਵਾਂਗ ਪਹਾੜਿਆਂ ਦੇ ਟੱਪਿਆਂ ਦੁਆਰਾ, ਜਿਨ੍ਹਾਂ ਨੂੰ 'ਅੰਕ ਪਾਲੀ' ਕਿਹਾ ਜਾਂਦਾ ਹੈ, ਸਦਾਚਾਰਕ ਸਿਖਿਆ ਦਿਤੀ ਜਾਂਦੀ ਹੈ। ਇਸ ਤਰ੍ਹਾਂ ਸਿਖਿਆ ਵੀ ਗ੍ਰਹਿਣ ਹੋ ਜਾਂਦੀ ਹੈ ਤੇ ਪਹਾੜੇ ਵੀ ਮੂੰਹ ਚੜ੍ਹ ਜਾਂਦੇ ਹਨ। ਇਥੇ ਕੇਵਲ 'ਦੂਣੀ ਦੇ ਟੱਪੇ' ਦਿਤੇ ਜਾਂਦੇ ਹਨ :

ਇਕ ਦੂਣੀ ਦੂਣੀ,
ਕੱਤ ਕੁੜੇ ਪੂਣੀ।
ਦੋ ਦੂਣੀ ਚਾਰ,
ਕਰ ਸਭਨਾਂ ਨੂੰ ਪਿਆਰ।
ਤਿੰਨ ਦੂਣੀ ਛੇ,
ਲੜ ਨਾ ਖੇਹ।

ਛੇ ਦੂਣੀ ਬਾਰਾਂ,
ਖੇਡ ਨਾਲ ਯਾਰਾਂ।
ਸੱਤ ਦੂਣੀ ਚੌਦਾਂ,
ਮਾਣ ਸਦਾ ਮੌਜਾਂ।
ਅੱਠ ਦੂਣੀ ਸੋਲਾਂ
ਮੰਦਿਆਂ ਨਾਲ ਨਾ ਬੋਲਣਾ।
ਨੌਂ ਦੂਣੀ ਠਾਰਾਂ
ਕੌਡੀ ਕਦੇ ਨਾ ਗਾਲ੍ਹਾਂ।
ਦਸ ਦੂਣੀ ਵੀਹ,
ਸਭ ਨੂੰ ਆਖੇ 'ਜੀ'।

(ਦ-148) **ਦੁਧੀਆ ਰਸਤਾ** :

ਅਕਾਸ਼ ਵਿਚ, ਰਾਤ ਵੇਲੇ ਚਾਨਣ ਦੀ ਧੂੜ ਦਾ ਰਾਹ ਜਿਹਾ ਵਿਖਾਈ ਦੇਂਦਾ ਹੈ, ਇਸ ਨੂੰ 'ਦੁਧੀਆ ਰਸਤਾ' ਕਹਿੰਦੇ ਹਨ। ਇਸ ਨੂੰ 'ਗਊਧੂਲੀ' ਵੀ ਕਹਿੰਦੇ ਹਨ। ਇਕ ਮਿਥਕ ਕਥਾ ਅਨੁਸਾਰ ਇਹ ਕ੍ਰਿਸ਼ਨ ਦੇ ਗਊਆਂ ਦੇ ਖੁਰਾਂ ਨਾਲ ਉਡੀ ਧੂੜ ਹੈ, ਜੋ ਤ੍ਰਿਕਾਲਾਂ ਵੇਲੇ ਕ੍ਰਿਸ਼ਨ ਗਊਆਂ ਚਰਾ ਕੇ ਮੁੜਦਾ ਹੈ ਤਾਂ ਉਡਦੀ ਹੈ।

ਮੁਲਤਾਨ ਵਿਚ ਮੁਸਲਮਾਨ ਇਸ ਨੂੰ 'ਬੇੜੇ ਦੀ ਘਾਸ' ਵੀ ਕਹਿੰਦੇ ਹਨ। ਹਜ਼ਰਤ ਨੂਹ ਨੇ ਸੰਸਾਰ ਦੇ ਜੀਵਾਂ ਦੀ ਰਖਿਆ ਲਈ ਜੋ ਬੇੜਾ ਬਣਾਇਆ ਸੀ ਉਹ ਤੂਫ਼ਾਨ ਵੇਲੇ ਅਕਾਸ਼ ਨਾਲ ਰਗੜ ਖਾ ਗਿਆ ਸੀ ਜਿਸ ਕਰਕੇ ਅਕਾਸ਼ ਉਤੇ ਘਾਸ ਦੇ ਨਿਸ਼ਾਨ ਪੈ ਗਏ ਹਨ।

ਕਈ ਲੋਕ ਇਸ ਨੂੰ 'ਸਵਰਗ ਦਾ ਰਾਹ' ਵੀ ਕਹਿੰਦੇ ਹਨ। ਧਾਰਨਾ ਹੈ ਕਿ ਮਰਨ ਮਗਰੋਂ ਨੇਕ ਬੰਦੇ ਇਸੇ ਰਾਹ ਤੋਂ ਸਵਰਗ ਲੋਕ ਨੂੰ ਜਾਂਦੇ ਹਨ। ਇਹ ਰਾਹ ਮਾਤ ਲੋਕ ਤੇ ਸਵਰਗ ਲੋਕ ਵਿਚ ਪੁਲ ਬਣਦਾ ਹੈ।

ਮਾਲਵੇ ਵਿਚ ਦੁਧੀਆ ਰਸਤੇ ਨੂੰ 'ਛੜਿਆਂ ਦਾ ਰਾਹ' ਆਖਦੇ ਹਨ।

(ਦ-149) **ਦੇਉ ਕਾਜ** :

ਹਿੰਦੂ ਖੱਤ੍ਰੀਆਂ ਵਿਚ ਬੱਚੇ ਦੀ ਝੰਡ ਉਤਾਰਨ ਦੀ ਰਸਮ; ਕਿਉਂ ਜੋ ਇਸ ਸਮੇਂ ਬੱਚੇ ਨੂੰ ਜੰਞੂ ਵੀ ਪਹਿਨਾਇਆ ਜਾਂਦਾ ਹੈ, ਇਸ ਲਈ ਇਸ ਰੀਤ ਨੂੰ 'ਦੇਉ ਕਾਜ' ਵੀ ਕਹਿੰਦੇ ਹਨ (ਵੇਖੋ : ਝੰਡ ਉਤਾਰਨਾ)।

(ਦ-150) **ਦੇਵਉਠਣੀ ਇਕਾਦਸ਼ੀ** :

ਹਥਲਾ ਅਤੇ ਵਿਸ਼ਨੂੰ ਦੀ ਪੂਜਾ ਕਰਦੇ ਹਨ। ਜਿਨ੍ਹਾਂ ਅਨੁਸਾਰ ਇਸ ਦਿਨ ਤੋਂ ਗੰਨੇ ਵਿਚ ਰਸ ਪੈਣ ਲਗਦਾ ਹੈ। ਇਸ ਲਈ ਇਸ ਇਕਾਦਸ਼ੀ ਤੋਂ ਪਹਿਲਾਂ ਗੰਨਾ ਨਹੀਂ ਚੂਪਿਆ ਜਾਂਦਾ (ਵੇਖੋ : ਦੇਵਉਠਾਣ ਇਕਾਦਸ਼ੀ)।

(ਦ-151) **ਦੇਈ** :

ਹਿੰਦੂ ਇਸਤ੍ਰੀਆਂ ਦੇ ਨਾਂ ਪਿਛੇ ਆਉਣ ਵਾਲਾ ਇਕ ਸ਼ਬਦ, ਜੋ ਦੇਵੀ ਦਾ ਵਿਕ੍ਰਿਤ ਰੂਪ ਹੈ ਤੇ ਜਿਸ ਦੇ ਅਰਥ ਨੇਕ ਇਸਤ੍ਰੀ ਦੇ ਹਨ।

(ਦ-152) **ਦੇਸਵਾਲ** :

ਹਰਿਆਣੇ ਦੇ ਇਲਾਕੇ ਦੀ ਵਾਹੀ ਖੇਤੀ ਕਰਨ ਵਾਲੀ ਇਕ ਜਾਤੀ; ਇਹ ਜੱਟਾਂ ਦੀ ਇਕ ਉਪਜਾਤੀ ਹੈ, ਜੋ ਗੁੜਗਾਵਾਂ, ਰੋਹਤਕ ਤੇ ਕਰਨਾਲ ਵਿਚ ਆਮ ਮਿਲਦੀ ਹੈ। ਗਲਾਸਰੀ ਅਨੁਸਾਰ ਮੇਵਾੜ ਤੇ ਅਜਮੇਰ ਵਿਚ ਮੁਸਲਮਾਨ ਰਾਜਪੂਤ ਦੇਸਵਾਲ ਅਖਵਾਉਂਦੇ ਹਨ ਤੇ ਇਨ੍ਹਾਂ ਨੂੰ ਰਾਜਪੂਤ ਕਰ ਕੇ ਕੋਈ ਨਹੀਂ ਜਾਣਦਾ।

(ਦ-153) **ਦੇਹਰਾ** :

ਉਹ ਸਥਾਨ ਜਿਥੇ ਕਿਸੇ ਦੇਹ ਦਾ ਅੰਤਿਮ ਸੰਸਕਾਰ ਹੋਇਆ ਹੋਵੇ, ਭਾਵ ਸਮਾਧ। ਸਿੱਖਾਂ ਤੇ ਹਿੰਦੂਆਂ ਵਿਚ ਇਹ ਪ੍ਰਥਾ ਰਹੀ ਹੈ ਕਿ ਜਿਥੇ ਕਿਸੇ ਸੰਤ, ਗੁਰੂ ਜਾ ਮਹਾਂਪੁਰਖ ਦੀ ਦੇਹ ਦਾ ਅੰਤਿਮ ਸੰਸਕਾਰ ਹੋਇਆ ਹੋਵੇ, ਉਥੇ ਇਕ ਸਮਾਧੀ ਜਿਹੀ ਬਣਾ ਦਿਤੀ ਜਾਂਦੀ ਹੈ। ਮਗਰੋਂ ਸਿੱਖ ਇਸ ਸਮਾਧੀ ਉਪਰ ਗੁਰਦਵਾਰਾ ਬਣਾ ਲੈਂਦੇ ਹਨ ਤੇ ਹਿੰਦੂ ਮੰਦਰ। ਸਮਾਧੀ ਉਤੇ ਫੁੱਲ ਚਾੜ੍ਹੇ ਜਾਂਦੇ ਹਨ ਤੇ ਜੋਤਾਂ ਜਗਾਈਆਂ ਜਾਂਦੀਆਂ ਹਨ। ਸਿੱਖਾਂ ਵਿਚ ਧਾਰਮਿਕ ਤੌਰ ਤੇ ਦੇਹਰੇ ਦੀ ਪੂਜਾ ਵਰਜਿਤ ਹੈ। ਇਕ ਸਾਖੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ, ਦੱਖਣ ਨੂੰ ਜਾਂਦੇ ਹੋਏ, ਸਿੱਖਾਂ ਦੀ ਪ੍ਰੀਖਿਆ ਲੈਣ ਲਈ, ਕਮਾਨ ਦੇ ਗੋਸ਼ੇ ਨਾਲ ਦਾਦੂ ਦੇ ਦੇਹਰੇ (ਸਮਾਧ) ਨੂੰ ਪ੍ਰਣਾਮ ਕੀਤਾ ਸੀ, ਜਿਸ ਤੇ ਖ਼ਾਲਸੇ ਨੇ ਮੜ੍ਹੀ ਨੂੰ ਨਮਸਕਾਰ ਕਰਨ ਦੇ ਦੋਸ਼ ਵਿਚ, ਗੁਰੂ ਗੋਬਿੰਦ ਸਿੰਘ ਜੀ ਨੂੰ ਤਨਖਾਹੀਆ ਕਰਾਰ ਦਿਤਾ। ਗੁਰੂ ਸਾਹਿਬ ਨੇ ਦਸਿਆ ਕਿ ਉਨ੍ਹਾਂ ਇਹ ਕੌਤਕ ਕੇਵਲ ਸਿੱਖਾਂ ਦੀ ਪ੍ਰੀਖਿਆ ਵਜੋਂ ਕੀਤਾ ਸੀ।

ਕੁਝ ਗੁਰੂ ਸਾਹਿਬਾਨ ਨਾਲ ਸਬੰਧਿਤ, ਦੇਹਰਾ ਨਾਮ ਦੇ

ਬਾਬਾ ਨਾਨਕ' ਪੈ ਗਿਆ । ਇਥੇ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਹੈ ।

ਲਾਹੌਰ ਵਿਚ, ਕਿਲ੍ਹੇ ਦੇ ਲਾਗੇ ਗੁਰੂ ਅਰਜਨ ਦੇਵ ਜੀ ਦਾ ਦੇਹਰਾ ਹੈ । ਇਥੇ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾਏ ਸਨ । ਇਥੇ ਮਗਰੋਂ ਗੁਰੂ ਹਰਿਗੋਬਿੰਦ ਜੀ ਨੇ 1612 ਈਸਵੀ ਵਿਚ ਪੱਕੀ ਸਮਾਧ ਬਣਵਾਈ ਸੀ । ਇਹ ਅਸਥਾਨ ਦੇਹਰਾ ਗੁਰੂ ਅਰਜਨ ਜਾਂ ਦੇਹਰਾ ਸਾਹਿਬ ਦੇ ਨਾਂ ਨਾਲ ਪ੍ਰਸਿਧ ਹੈ ।

ਆਨੰਦਪੁਰ ਸਾਹਿਬ ਵਿਚ ਜਿਥੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ, ਉਥੇ ਮਗਰੋਂ ਇਕ ਦੇਹਰਾ ਬਣਾਇਆ ਗਿਆ, ਜੋ ਦੇਹਰਾ ਗੁਰੂ ਤੇਗ ਬਹਾਦਰ ਜੀ ਦੇ ਨਾਂ ਨਾਲ ਪ੍ਰਸਿਧ ਹੈ ।

ਕੁਝ ਦੇਹਰੇ ਗੁਰੂ ਘਰ ਨਾਲ ਸਬੰਧਿਤ ਵਿਅਕਤੀਆਂ ਦੇ ਵੀ ਹਨ । ਆਨੰਦਪੁਰ ਤੋਂ ਡੇਢ ਮੀਲ ਦੂਰ ਅੰਗਮਪੁਰ ਪਿੰਡ ਵਿਚ ਮਾਤਾ ਜੀਤੋਂ ਜੀ ਦਾ ਦੇਹਰਾ ਹੈ । ਇਥੇ ਸੰਮਤ 1757 ਵਿਚ ਮਾਤਾ ਜੀਤੋਂ ਜੀ ਦਾ ਸਸਕਾਰ ਹੋਇਆ ਸੀ । ਇਸ ਕਟੇਹਰੇ ਵਿਚ ਇਕ ਪਿੱਪਲ ਦਾ ਦਰਖ਼ਤ ਹੈ, ਜੋ ਬੜਾ ਪੁਰਾਣਾ ਦਸਿਆ ਜਾਂਦਾ ਹੈ । ਕੀਰਤਪੁਰ ਵਿਚ ਬਾਬਾ ਗੁਰਦਿਤਾ ਜੀ ਦਾ ਦੇਹਰਾ ਹੈ, ਇਥੇ ਹੋਲੇ ਵਾਲੇ ਦਿਨ ਮੇਲਾ ਲਗਦਾ ਹੈ । ਦੇਹਰਾਦੂਨ ਵਿਚ ਬਾਬਾ ਰਾਮ ਰਾਇ ਦਾ ਦੇਹਰਾ ਹੈ, ਜੋ 1699 ਵਿਚ ਬਣਿਆ, ਇਸੇ ਦੇਹਰੇ ਤੋਂ ਨਗਰ ਦਾ ਨਾਂ ਵੀ ਦੇਹਰਾਦੂਨ ਪੈ ਗਿਆ ।

(ਦ-154) **ਦੇਹਰੀ** :

1. ਦਰਵਾਜ਼ੇ ਦੀ ਚੋਖਟ ਦੀ ਹੇਠਲੀ ਬਾਹੀ । ਕਿਸੇ ਪਵਿਤ੍ਰ ਅਸਥਾਨ ਜਾਂ ਗੁਰਦੁਆਰੇ ਦੀ ਦੇਹਰੀ ਉਤੇ ਪੈਰ ਧਰਨਾ ਅਪਵਿਤ੍ਰ ਕਰਮ ਸਮਝਿਆ ਜਾਂਦਾ ਹੈ । ਸਰਧਾਲੂ ਦੇਹਰੀ ਨੂੰ ਛਾਤ ਕੇ, ਇਸ ਦੀ ਮਿੱਟੀ ਸਰਧਾ ਨਾਲ ਮੱਥੇ ਤੇ ਅੱਖਾਂ 'ਤੇ ਲਗਾਂਦੇ ਹਨ, ਜਿਸ ਦਾ ਬੜਾ ਮਹਾਤਮ ਹੈ । ਕਈ ਰੋਗੀ ਦੇਹਰੀ ਦੀ ਮਿੱਟੀ ਦੁਖਦੇ ਅੰਗ 'ਤੇ ਲਗਾਂਦੇ ਹਨ, ਇਸ ਤਰ੍ਹਾਂ ਕਰਨ ਨਾਲ ਰੋਗ ਘਟਦਾ ਹੈ (ਵੇਖੋ ਚਰਨਪੂਤੀ) ।

2. ਘਰ ਦੀ ਦਲ੍ਹੀਜ ਉਤੇ ਵੀ ਪੈਰ ਰਖਣਾ ਅਪਸ਼ਗਨ ਹੈ । ਪਹਿਲਿਆਂ ਵਿਚ ਕਈ ਲੋਕ ਆਪਣੇ ਮਰ ਗਏ ਬੱਚੇ ਨੂੰ ਦਲ੍ਹੀਜ ਹੇਠ, ਇਸ ਵਿਚਾਰ ਨਾਲ, ਦੱਬ ਦਿਤਾ ਕਰਦੇ ਸਨ ਕਿ ਉਹ ਮੁੜ, ਇਸ ਘਰ ਜਨਮ ਲਏਗਾ ਅਤੇ ਜਦੋਂ ਤਕ ਘਰ ਵਿਚ ਕਿਸ ਬਾਲਕ ਦਾ ਜਨਮ ਨਹੀਂ ਸੀ ਹੋ ਜਾਂਦਾ, ਦਲ੍ਹੀਜ ਉਤੇ ਰੋਜ਼ ਦੀਵਾ ਬਾਲਦੇ ਸਨ ।

(ਦ-156) **ਦੇਹੂੰ ਪੂਜਣਾ** :

ਸਵੇਰ ਵੇਲੇ ਚੜ੍ਹਦੇ ਸੂਰਜ ਨੂੰ ਜਲ ਦੇਣਾ ਤੇ ਨਮਸਕਾਰ ਕਰਨਾ । ਮੁਲਤਾਨ ਤੇ ਸ਼ਾਹਪੁਰ ਦੇ ਹਿੰਦੂਆਂ ਵਿਚ 'ਦੇਹੂੰ ਪੂਜਣ' ਦਾ ਬਹੁਤ ਰਿਵਾਜ ਰਿਹਾ ਹੈ ।

(ਦ-157) **ਦੇਗ ਤੇਗ ਫ਼ਤਹ** :

ਸਿੱਖਾਂ ਵਿਚ ਪ੍ਰਚਲਤ ਬੋਲਾ; ਦੇਗ ਲੰਗਰ ਦੀ ਅਤੇ ਤੇਗ ਸ਼ਕਤੀ ਦੀ ਪ੍ਰਤੀਕ ਹੈ । ਇਸ ਦਾ ਭਾਵ ਹੈ ਲੰਗਰ ਹਮੇਸ਼ਾ ਚਲਦਾ ਰਹੇ ਅਤੇ ਵਿਜੈ ਹਮੇਸ਼ਾ ਕਦਮ ਚੁੰਮਦੀ ਰਹੇ । ਇਹ ਬੋਲਾ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ ।

(ਦ-158) **ਦੇਗ ਫਿਰਨੀ** :

ਪਹਿਲਿਆਂ ਵਿਚ ਲੋਕੀ ਆਪਣਾ ਧਨ ਦੌਲਤ, ਸੋਨਾ ਚਾਂਦੀ ਤੇ ਰੁਪਏ ਦੇਗ ਵਿਚ ਬੰਦ ਕਰ ਕੇ, ਰਖਿਆ ਲਈ ਧਰਤੀ ਵਿਚ ਦਬਾ ਦਿਤਾ ਕਰਦੇ ਸਨ । ਧਾਰਨਾ ਸੀ ਕਿ ਧਰਤੀ ਵਿਚ ਦੇਗ ਮਾਇਆ ਦੇ ਬਲ ਨਾਲ ਤੁਰਦੀ ਹੈ ਤੇ ਇਕ ਥਾਂ ਟਿਕਦੀ ਨਹੀਂ । ਰਾਤ ਵੇਲੇ ਧਰਤੀ ਅੰਦਰੋਂ ਜੋ ਅਵਾਜ਼ਾਂ ਆਉਂਦੀਆਂ ਹਨ, ਉਹ ਦੇਗ ਦੇ ਤੁਰਨ ਕਰਕੇ ਆਉਂਦੀਆਂ ਹਨ । ਕਈਆਂ ਦਾ ਵਿਚਾਰ ਹੈ ਕਿ ਦੇਗ ਨੂੰ ਸੱਪ ਧ੍ਰੀਕ ਕੇ ਇਕ ਥਾਂ ਤੋਂ ਦੂਜੀ ਥਾਂ ਲੈ ਜਾਂਦਾ ਹੈ । ਇਹ ਵੀ ਧਾਰਨਾ ਹੈ ਕਿ ਦੇਗ ਦੱਬਣ ਵਾਲਾ ਸ਼ਖ਼ਸ ਮਰਨ ਮਗਰੋਂ ਸੱਪ ਬਣ ਕੇ ਦੇਗ ਉਤੇ ਜਾ ਬਿਰਾਜਦਾ ਹੈ ।

(ਦ-159) **ਦੇਵ ਉਠਾਨ** :

ਪੁਰਾਣਾਂ ਅਨੁਸਾਰ, ਵਿਸ਼ਨੂੰ ਸਾਵਣ ਦੀ ਇਕਾਦਸ਼ੀ ਤੋਂ ਲੈ ਕੇ ਕੱਤਕ ਦੀ ਇਕਾਦਸ਼ੀ ਤਕ, ਚਾਰ ਮਹੀਨਿਆਂ ਲਈ ਨਿੰਦਰਾ ਅਵਸਥਾ ਵਿਚ ਲੀਨ ਹੋ ਜਾਂਦੇ ਹਨ । ਇਨ੍ਹੀਂ ਦਿਨੀਂ ਉਹ ਪਤਾਲ ਵਿਚ ਰਾਜਾ ਬਲ ਕੋਲ ਰਹਿੰਦੇ ਹਨ । ਨਿੰਦਰਾ ਅਵਸਥਾ ਦੇ ਚਾਰ ਮਹੀਨੇ ਹਿੰਦੂਆਂ ਵਿਚ ਮੰਗਲ ਕਾਰਜਾਂ ਲਈ ਅਸ਼ੁਭ ਮੰਨੇ ਜਾਂਦੇ ਹਨ ਤੇ ਇਨ੍ਹਾਂ ਦਿਨਾਂ ਵਿਚ ਕੋਈ ਵੀ ਵੈਸ਼ਨਵ ਹਿੰਦੂ ਵਿਆਹ ਨਹੀਂ ਰਚਾਂਦੇ ਤੇ ਨਾ ਹੀ ਕੋਈ ਨਵਾਂ ਕੰਮ ਸ਼ੁਰੂ ਕਰਦੇ ਹਨ ।

ਕੱਤਕ ਸੁਦੀ ਇਕਾਦਸ਼ੀ ਨੂੰ, ਵਿਸ਼ਨੂੰ ਜਾਗ੍ਰਿਤ ਅਵਸਥਾ 'ਚ ਆਉਂਦੇ ਹਨ । ਇਸ ਤਿੱਥ ਨੂੰ 'ਦੇਵ ਉਠਾਨ', 'ਦੇਵੋਥਾਨ ਇਕਾਦਸ਼ੀ' ਜਾਂ 'ਦੇਉਟਣੀ ਇਕਾਦਸ਼ੀ' ਕਿਹਾ ਜਾਂਦਾ ਹੈ । ਇਸ ਤਿੱਥ ਨੂੰ ਹਿੰਦੂ ਆਪਣੇ ਘਰ ਦੀ ਕਿਸੇ ਗੁੱਠ ਨੂੰ

ਇਸ ਥਾਲੀ ਨੂੰ ਵਜਾਉਂਦੀ ਹੋਈ ਕਹਿੰਦੀ ਹੈ : "ਉਠੋ ਦੇਵ" ਫਿਰ ਵਿਸ਼ਨੂੰ ਦੀ ਪ੍ਰਸੰਸਾ ਵਿਚ ਬਿਸ਼ਨਪਦੇ ਗਾ ਕੇ ਵਿਸ਼ਨੂੰ ਨੂੰ ਜਗਾਇਆ ਜਾਂਦਾ ਹੈ। ਪਹਿਲਾਂ ਮੂਰਤੀ ਲੇਟਵੇਂ ਰੁਖ ਰਖੀ ਜਾਂਦੀ ਹੈ, ਪਰ ਜਦੋਂ ਦੇਵ ਜਾਗ ਪਏ ਮੰਨੇ ਜਾਂਦੇ ਹਨ ਤਾਂ ਮੂਰਤੀ ਖੜ੍ਹੇ ਰੁਖ ਕਰ ਦਿਤੀ ਜਾਂਦੀ ਹੈ। ਇਸ ਤਿੱਥ ਨੂੰ ਸਿੰਗਾੜੇ ਦਾ ਫਲ ਜਾਂ ਸਿੰਗਾੜੇ ਦੀ ਰੋਟੀ ਖਾਣੀ ਸ਼ੁਭ ਮੰਨੀ ਜਾਂਦੀ ਹੈ।

ਦੇਵ ਉਠਾਨ ਦੀ ਤਿੱਥ ਹਿੰਦੂਆਂ ਵਿਚ ਬੜੀ ਸ਼ੁਭ ਮੰਨੀ ਜਾਂਦੀ ਹੈ। ਇਸ ਦਿਨ ਤੋਂ ਹਿੰਦੂਆਂ ਦੀਆਂ ਸਮਾਜਕ ਰੀਤਾਂ, ਸੰਸਕਾਰ ਤੇ ਵਿਆਹ ਆਦਿ ਸ਼ੁਰੂ ਹੋ ਜਾਂਦੇ ਹਨ। ਕਈ ਹਿੰਦੂ ਇਸ ਦਿਨ ਦੀਵਾਲੀ ਵਾਂਗ ਹੀ ਘਰ ਸਾਫ਼ ਕਰਦੇ, ਗੋਬਰ ਦਾ ਪੋਚਾ ਫੇਰਦੇ ਤੇ ਘਰ ਦੇ ਅੰਦਰ ਜੋਤ ਜਲਾਂਦੇ ਹਨ।

ਕਿਸਾਨਾਂ ਦੀ ਧਾਰਨਾ ਹੈ ਕਿ ਇਸ ਦਿਨ ਗੰਨਿਆਂ ਦੀ ਫ਼ਸਲ ਵਿਚ ਅੰਮ੍ਰਿਤ ਰਸ ਪੈਂਦਾ ਹੈ। ਇਸੇ ਲਈ ਕਈ ਹਿੰਦੂ ਇਸ ਦਿਨ ਪੰਜ ਗੰਨਿਆਂ ਦੇ ਦੁਆਲੇ ਮੌਲੀ ਦਾ ਧਾਗਾ ਬੰਨ੍ਹ ਕੇ ਪੂਜਦੇ, ਸੰਧੂਰ ਧੂੜਦੇ ਤੇ ਜੋਤ ਜਗਾਂਦੇ ਹਨ; ਇਸ ਰੀਤ ਮਗਰੋਂ ਗੰਨਾ ਭੰਨ ਕੇ ਵੰਡਿਆ ਜਾਂਦਾ ਹੈ। ਕਈ ਛੋਟਾ ਜਿਹਾ ਗੰਨਾ ਭੰਨ ਕੇ ਘਰ ਲਿਆਂਦੇ ਤੇ ਸਾਲਗਰਾਮ, ਜੋ ਸੁੱਤਾ ਪਿਆ ਹੁੰਦਾ ਹੈ, ਨੂੰ ਖੜਾ ਕਰਕੇ, ਗੰਨੇ ਦੇ ਕੋਲ ਰਖ ਦੇਂਦੇ ਹਨ। ਇਸ ਮਗਰੋਂ ਪ੍ਰੋਹਿਤ ਦੇਵਤਿਆਂ ਨੂੰ ਜਗਾਂਦਾ ਤੇ ਕਮਾਦ ਵੱਢਣ ਦੀ ਸ਼ੁਭ ਘੜੀ ਦਸਦਾ ਹੈ।

ਗੰਨੇ ਦੀ ਪਹਿਲੀ ਕਟਾਈ ਇਸੇ ਦਿਨ ਕੀਤੀ ਜਾਂਦੀ ਹੈ। ਜੇ ਪਹਿਲਾਂ ਗੰਨਾ ਤੋੜ ਲਿਆ ਜਾਵੇ ਤਾਂ ਇਹ ਪਾਪ, ਵਿਸ਼ਨੂੰ ਦੀ ਨਿੰਦਰਾ ਭੰਗ ਕਰਨ ਤੁਲ ਸਮਝਿਆ ਜਾਂਦਾ ਹੈ। ਗੰਨੇ ਵਿਚ ਫਿਰ ਰਸ ਨਹੀਂ ਭਰਦਾ।

## (ਦ-160) ਦੇਵਕ :

ਇਕ ਯਦੂਵੰਸ਼ੀ ਰਾਜਾ; ਕ੍ਰਿਸ਼ਨ ਦੀ ਮਾਤਾ ਦੇਵਕੀ ਦਾ ਪਿਤਾ ਅਤੇ ਉਗ੍ਰਸੇਨ ਦਾ ਛੋਟਾ ਭਰਾ ਸੀ। ਦੇਵਕ ਨੇ ਆਪਣੀ ਪੁੱਤ੍ਰੀ ਦੇਵਕੀ ਤੇ ਛੇ ਉਸ ਦੀਆਂ ਭੈਣਾਂ ਵਾਸੁਦੇਵ ਨਾਲ ਵਿਆਹੀਆਂ ਸਨ। ਦੇਵਕੀ ਦੇ ਉਦਰ ਤੋਂ ਕ੍ਰਿਸ਼ਨ ਜੀ ਪੈਦਾ ਹੋਏ।

ਉਗ੍ਰਸੇਨ ਨੇ ਆਪਣੇ ਭਰਾ ਦੇਵਕ ਦੀ ਪੁਤਰੀ ਦੇਵਕੀ ਨੂੰ, ਧੀ ਕਰ ਕੇ ਪਾਲਿਆ ਸੀ, ਜਿਸ ਕਰਕੇ ਉਗ੍ਰਸੇਨ ਨੂੰ ਕ੍ਰਿਸ਼ਨ ਦਾ ਨਾਨਾ ਮੰਨਿਆ ਜਾਂਦਾ ਹੈ, ਪਰ ਅਸਲੀ ਨਾਨਾ ਦੇਵਕ

ਵਿਚ ਮੁੰਡਣ ਸੰਸਕਾਰ ਤੋਂ ਪਹਿਲਾਂ, ਬੱਚੇ ਨੂੰ ਕੁਲ ਦਾ ਪ੍ਰੋਹਿਤ, ਕੁਲ ਦੇਵਤਿਆਂ ਦੇ ਦਰਸ਼ਨ ਕਰਵਾਉਂਦਾ ਹੈ। ਖਤਰੀ ਨਵੇਂ ਜੰਮੇ ਬੱਚੇ ਨੂੰ ਦੇਵ ਕਾਜ ਤੋਂ ਪਹਿਲਾਂ ਕੁਲ ਦੇਵਤੇ ਦੇ ਦਰਸ਼ਨ ਨਹੀਂ ਕਰਾਉਂਦੇ।

ਦੇਵ ਕਾਜ ਦੇ ਮੁੱਢ ਬਾਰੇ ਇਕ ਕਥਾ ਪ੍ਰਚਲਤ ਹੈ : ਜਦੋਂ ਪਰਸਰਾਮ ਖਤਰੀਆਂ ਦਾ ਨਾਸ਼ ਕਰਨ ਵਿਚ ਰੁਝਾ ਹੋਇਆ ਸੀ, ਤਾਂ ਇਕ ਖਤਰਾਣੀ ਦੀ, ਜਿਸ ਦੇ ਕੁੱਛੜ ਬੱਚਾ ਸੀ, ਪਰਸਰਾਮ ਨਾਲ ਅਚਾਨਕ ਭੇਟ ਹੋ ਗਈ। ਖਤਰਾਣੀ ਬੱਚੇ ਨੂੰ ਉਥੇ ਹੀ ਛੱਡ ਕੇ ਨਸ ਗਈ। ਇਕ ਜੰਗਲੀ ਬਿੱਲੀ ਬੱਚੇ ਨੂੰ ਖਾਣ ਲਗੀ ਸੀ ਕਿ ਚੀਲਾਂ ਨੇ ਵੇਖ ਲਿਆ ਅਤੇ ਉਨ੍ਹਾਂ ਬੱਚੇ ਉਤੇ ਆਪਣੇ ਪੰਖ ਪਸਾਰ ਦਿਤੇ। ਜਦੋਂ ਬੱਚਾ ਮੁੜ ਖਤਰਾਣੀ ਦੇ ਹੱਥ ਆਇਆ ਤਾਂ ਉਸ ਪਹਿਲਾਂ ਇਸ ਦਾ ਦੇਵ ਕਾਜ ਕੀਤਾ ਤੇ ਫਿਰ ਮੁੰਡਣ। ਉਦੋਂ ਤੋਂ ਖਤਰੀਆਂ ਵਿਚ ਦੇਵ ਕਾਜ ਦੀ ਰੀਤ ਪ੍ਰਚਲਤ ਹੋ ਗਈ।

## (ਦ-162) ਦੇਵਕੀ :

ਵਾਸੁਦੇਵ ਦੀ ਪਤਨੀ, ਕ੍ਰਿਸ਼ਨ ਦੀ ਮਾਂ ਅਤੇ ਕੰਸ ਦੀ ਚਚੇਰੀ ਭੈਣ ਸੀ। ਯਦੂਵੰਸ਼ੀ ਰਾਜੇ ਦੇਵਕ ਦੀ ਵੱਡੀ ਧੀ ਹੋਣ ਕਰਕੇ ਇਸ ਦਾ ਨਾਂ ਦੇਵਕੀ ਪ੍ਰਸਿਧ ਹੋਇਆ। ਦੇਵਕੀ ਨੂੰ ਆਦਿਤੀ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ।

## (ਦ-163) ਦੇਵ ਧੰਮੀ :

ਗਰਭ ਨਾਲ ਸਬੰਧਿਤ ਇਕ ਰੀਤ; ਇਹ ਰੀਤ ਸਤਵੇਂ ਮਹੀਨੇ ਕੀਤੀ ਜਾਂਦੀ ਹੈ। ਪੱਛਮੀ ਪੰਜਾਬ ਵਿਚ ਇਸ ਨੂੰ ਦੇਵ ਧੰਮੀ ਕਹਿੰਦੇ ਹਨ।

## (ਦ-164) ਦੇਵ-ਨਿੰਦਰਾ ਇਕਾਦਸ਼ੀ :

ਹਾੜ ਦੇ ਚਾਨਣੇ ਪੱਖ ਦੀ ਇਕਾਦਸ਼ੀ; ਪੁਰਾਣਾਂ ਅਨੁਸਾਰ ਇਸ ਤਿੱਥ ਨੂੰ ਵਿਸ਼ਨੂੰ ਨੇ ਅਸੁਰਾਂ ਦਾ ਨਾਸ਼ ਕਰਕੇ ਨਿੰਦਰਾ ਦੀ ਇੱਛਾ ਪ੍ਰਗਟ ਕੀਤੀ ਸੀ ਤੇ ਚਾਰ ਮਹੀਨੇ ਤਕ ਉਹ ਨਿੰਦਰਾ ਅਵਸਥਾ ਵਿਚ ਰਹੇ ਸਨ। ਇਸ ਇਕਾਦਸ਼ੀ ਨੂੰ ਵਿਸ਼ਨੂੰ ਭਗਤ ਵਿਤ ਮੁਜਬ ਸੋਨਾ, ਚਾਂਦੀ, ਤਾਂਬੇ ਜਾਂ ਪਿੱਤਲ ਦੀ ਮੂਰਤੀ ਬਣਵਾ ਕੇ, ਵਿਸ਼ਨੂੰ ਦੀ ਪੂਜਾ ਕਰਦੇ ਹਨ। ਕਈ ਘਰਾਂ ਵਿਚ ਇਸ ਦੇਵ ਮੂਰਤੀ ਨੂੰ ਪੰਘੂੜੇ ਵਿਚ ਵਿਛੌਣਾ ਵਿਛਾ ਕੇ ਸੁਲਾਇਆ ਜਾਂਦਾ ਹੈ।

ਵੈਸ਼ਨੋ ਮਤ ਦੇ ਅਨੁਯਾਈ ਇਨ੍ਹਾਂ ਚਾਰ ਮਹੀਨਿਆਂ

ਕੀਤਾ ਜਾਂਦਾ ਹੈ, ਜਿਵੇਂ ਰੋਗ਼ ਆਪੂ ਲਈ ਹਰ ਰੰਗ ਦਹੀਂ ਦਾ ਸੇਵਨ ਕਰਨਾ ਆਦਿ।

ਦੇਵਤੇ ਚਾਰ ਮਹੀਨੇ ਲਈ ਸੌਂਦੇ ਹਨ, ਇਸ ਲਈ ਇਨ੍ਹਾਂ ਚਾਰ ਮਹੀਨਿਆਂ ਵਿਚ ਹਿੰਦੂਆਂ ਵਿਚ ਵਿਆਹ ਨਹੀਂ ਕੀਤੇ ਜਾਂਦੇ। ਵਿਆਹ ਵੇਲੇ ਦੇਵਤਿਆਂ ਦਾ ਜਾਗਦੇ ਹੋਣਾ ਜ਼ਰੂਰੀ ਹੁੰਦਾ ਹੈ।

(ਦ-165) **ਦੇਵਯਾਨੀ** :

ਰਾਜੇ ਯਯਾਤੀ ਦੀ ਪਤਨੀ ਤੇ ਦੈਂਤਾਂ ਦੇ ਪ੍ਰੋਹਿਤ ਸ਼ੁਕ੍ਰ ਦੀ ਪੁਤ੍ਰੀ। ਦੇਵਯਾਨੀ ਦਾ ਪ੍ਰੇਮ ਬ੍ਰਿਹਸਪਤੀ ਦੇ ਪੁਤਰ ਕੱਚ ਨਾਲ ਸੀ, ਪਰ ਕੱਚ ਨੇ ਦੇਵਯਾਨੀ ਨੂੰ ਠੁਕਰਾ ਦਿਤਾ, ਜਿਸ ਤੇ ਦੇਵਯਾਨੀ ਨੇ ਕੱਚ ਨੂੰ ਸਰਾਪ ਦੇ ਦਿਤਾ। ਅਗੋਂ ਕੱਚ ਨੇ ਦੇਵਯਾਨੀ ਨੂੰ ਸਰਾਪ ਦਿਤਾ ਕਿ ਬ੍ਰਾਹਮਣ ਦੀ ਧੀ ਹੋ ਕੇ, ਉਹ ਕਸ਼ੱਤਰੀ ਨਾਲ ਵਿਆਹ ਕਰਵਾਏਗੀ। ਇਸ ਸਰਾਪ ਸਦਕਾ ਦੇਵਯਾਨੀ ਦਾ ਵਿਆਹ ਸੂਰਜ ਵੰਸ ਦੇ ਪੰਜਵੇਂ ਰਾਜੇ ਨਹੁਸ਼ ਦੇ ਪੁੱਤਰ ਯਯਾਤੀ ਨਾਲ ਹੋਇਆ।

ਦੇਵਯਾਨੀ ਦੈਂਤ ਦੀ ਧੀ ਸਰਮਿਸ਼ਠਾ ਦੀ ਪਰਮ ਸਹੇਲੀ ਸੀ। ਇਕ ਦਿਨ ਦਰਿਆ ਵਿਚ ਇਸ਼ਨਾਨ ਕਰਦਿਆਂ ਵਾਯੂ ਦੇਵਤੇ ਨੇ, ਉਨ੍ਹਾਂ ਦੇ ਕੁਝ ਕਪੜੇ ਬਦਲ ਦਿਤੇ। ਦੋਹਾਂ ਸਹੇਲੀਆਂ ਵਿਚਕਾਰ ਕਪੜਿਆਂ ਤੋਂ ਝਗੜਾ ਹੋ ਗਿਆ ਤੇ ਸਰਮਿਸ਼ਠਾ ਨੇ ਦੇਵਯਾਨੀ ਨੂੰ ਗੁੱਸੇ ਵਿਚ ਧੱਕਾ ਦੇ ਕੇ ਸੁੱਕੇ ਖੂਹ ਵਿਚ ਸੁਟ ਦਿਤਾ। ਯਯਾਤੀ ਨੇ ਦੇਵਯਾਨੀ ਨੂੰ ਖੂਹ ਵਿਚੋਂ ਕੱਢਿਆ। ਉਦੋਂ ਦੇਵਯਾਨੀ ਨੇ ਪ੍ਰਣ ਕਰ ਲਿਆ ਕਿ ਉਹ ਸਰਮਿਸ਼ਠਾ ਨੂੰ ਆਪਣੀ ਦਾਸੀ ਬਣਾ ਕੇ ਰਖੇਗੀ। ਸਰਮਿਸ਼ਠਾ ਦੇ ਪਿਉ ਵ੍ਰਿਸ਼ਪਰਵਕ ਨੇ ਆਪਣੀ ਧੀ ਸਰਮਿਸ਼ਠਾ ਦਾ ਕਸੂਰ ਮੰਨ ਕੇ, ਉਸਨੂੰ ਪ੍ਰਾਸਚਿਤ ਵਜੋਂ ਸਜ਼ਾ ਦੇਣੀ ਪ੍ਰਵਾਨ ਕਰ ਲਈ। ਦੇਵਯਾਨੀ ਦਾ ਵਿਆਹ ਸੂਰਜਵੰਸ਼ੀ ਰਾਜੇ ਯਯਾਤੀ ਨਾਲ ਹੋਇਆ ਤੇ ਸਰਮਿਸ਼ਠਾ ਦਾਸੀ ਬਣ ਕੇ ਨਾਲ ਗਈ। ਸਰਮਿਸ਼ਠਾ ਨੇ ਦੇਵਯਾਨੀ ਤੋਂ ਇਸ ਗੱਲ ਦਾ ਬਦਲਾ ਲੈਣ ਲਈ ਯਯਾਤੀ ਨੂੰ ਆਪਣੇ ਰੂਪ ਨਾਲ ਮੋਹ ਲਿਆ ਤੇ ਉਸ ਦੀ ਪਤਨੀ ਬਣ ਕੇ ਰਹਿਣ ਲੱਗੀ। ਦੇਵਯਾਨੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਆਪਣੇ ਪਿਤਾ ਕੋਲ ਚਲੀ ਗਈ। ਇਸ ਦੇ ਪਿਤਾ ਸ਼ੁਕ੍ਰ ਨੇ ਕਰੋਧ ਵਿਚ ਆ ਕੇ, ਯਯਾਤੀ ਨੂੰ ਬੁੱਢੇ ਹੋਣ ਦਾ ਸਰਾਪ ਦਿਤਾ, ਪਰ ਮਗਰੋਂ ਇਹ ਸਰਾਪ ਦੇਵਯਾਨੀ ਦੇ ਕਹਿਣ ਤੇ ਬਦਲ ਦਿਤਾ ਕਿ ਇਹ ਸਰਾਪ, ਕੰਨਵਾਂ ਤੇ ਪਾਤਰਾਂ ਦੀ ਵੰਸ਼ ਚਲੀ। ਮਗਰੋਂ ਯਯਾਤੀ ਨੇ ਪੁਰੂ ਦੀ ਜਵਾਨੀ ਉਸਨੂੰ ਵਾਪਸ ਕਰ ਦਿਤੀ ਤੇ ਆਪ ਬੁਢੇਪਾ ਲੈ ਕੇ ਵਣਾਂ ਵਿਚ ਤਪੱਸਿਆ ਕਰਨ ਲਈ ਚਲਾ ਗਿਆ।

(ਦ-166) **ਦੇਵਰਾਤ** :

ਸੂਰਜ ਵੰਸ ਦਾ ਇਕ ਰਿਸ਼ੀ; ਦੇਵਰਾਤ ਨੇ ਕਰੜੀ ਤਪੱਸਿਆ ਦੁਆਰਾ ਸ਼ਿਵ ਨੂੰ ਪ੍ਰਸੰਨ ਕਰਕੇ, ਉਨ੍ਹਾਂ ਤੋਂ ਧਨੁਸ਼ ਪ੍ਰਾਪਤ ਕਰ ਲਿਆ। ਇਹ ਧਨੁਸ਼ ਰਾਜੇ ਜਨਕ ਨੂੰ ਵਿਰਸੇ ਵਿਚ ਮਿਲਿਆ, ਜਿਸ ਨੂੰ ਸੀਤਾ ਦੇ ਸਵੰਬਰ ਵਿਚ ਰਾਮ ਨੇ ਤੋੜਿਆ ਸੀ।

(ਦ-167) **ਦੇਵੀ ਕਾ ਦਾਣਾ** :

ਬਾਵਰੀਆ ਵਿਚ ਜਦੋਂ ਕੋਈ ਬੀਮਾਰ ਪੈ ਜਾਂਦਾ ਹੈ, ਤਾਂ ਉਸ ਦੀ ਅਰੋਗਤਾ ਲਈ ਪਿੱਤਰਾਂ ਦੀ ਪੂਜਾ ਕੀਤੀ ਜਾਂਦੀ ਹੈ ਜਾਂ ਫਿਰ ਕਣਕ ਦੇ ਕੁਝ ਦਾਣੇ ਜਿਸ ਨੂੰ 'ਦੇਵੀ ਕਾ ਦਾਣਾ' ਕਹਿੰਦੇ ਹਨ, ਮੰਤਰ ਕੇ, ਰੋਗੀ ਦੇ ਕੋਲ ਰਖੇ ਜਾਂਦੇ ਹਨ। ਇਸ ਤਰ੍ਹਾਂ ਦੁਖ ਦਲਿਦਰ ਦੂਰ ਰਹਿੰਦਾ ਹੈ।

(ਦ-168) **ਦੇਵੀ ਕੀ ਕੜਾਹੀ** :

ਇਕ ਤਿਉਹਾਰ ਜੋ ਸਾਲ ਵਿਚ ਦੋ ਵਾਰ ਮਨਾਇਆ ਜਾਂਦਾ ਹੈ। ਇਕ ਵਾਰ ਚੇਤ ਸੁਦੀ ਅਸ਼ਟਮੀ ਨੂੰ ਤੇ ਦੂਜੀ ਵਾਰ ਅੱਸੂ ਸੁਦੀ ਅਸ਼ਟਮੀ ਨੂੰ। ਇਨ੍ਹਾਂ ਦੋਹਾਂ ਦਿਨਾਂ ਵਿਚ ਦੇਵੀ ਮਾਤਾ ਦੀ ਪੂਜਾ ਕੀਤੀ ਜਾਂਦੀ ਹੈ। ਚੁਲ੍ਹੇ ਨੂੰ ਪੋਚਾ ਦੇ ਕੇ ਪਵਿਤ੍ਰ ਕੀਤਾ ਜਾਂਦਾ ਹੈ ਤੇ ਉਸ ਕੋਲ ਘਿਉ ਦਾ ਦੀਵਾ ਬਾਲ ਕੇ ਰਖਿਆ ਜਾਂਦਾ ਹੈ। ਨਾਲ ਹੀ ਚੁਲ੍ਹੇ ਕੋਲ, ਹਲਵਾ ਜਾਂ ਲਾਪਸੀ ਬਣਾ ਕੇ ਰੱਖੀ ਜਾਂਦੀ ਹੈ। ਜੱਟਾਂ ਵਿਚ ਹਲਵਾ ਤਿਆਰ ਕੀਤਾ ਜਾਂਦਾ ਹੈ, ਪਰ ਪੱਛੜੀਆਂ ਜਾਤਾਂ—ਘੁਮਿਆਰਾਂ ਤੇ ਚੁਮਾਰਾਂ ਆਦਿ ਵਿਚ ਲਾਪਸੀ। ਇਸ ਮਗਰੋਂ ਘਰ ਦੀ ਕੋਈ ਵਡਿਕੀ, ਦੇਵੀ ਅਗੇ ਪ੍ਰਾਰਥਨਾ ਕਰਦੀ ਹੈ—ਦੇਵੀ ਮਾਂ! ਬੱਚਿਆਂ ਨੂੰ ਅਰੋਗ ਰੱਖੀਂ। ਇਸ ਤਿੱਥ ਨੂੰ ਘਰ ਵਿਚ ਚੰਗੇ ਪਦਾਰਥ ਪਕਾਏ ਜਾਂਦੇ ਤੇ ਸਬੰਧੀਆਂ ਦੇ ਘਰ ਭੇਜੇ ਜਾਂਦੇ ਹਨ।

ਹਰਿਆਣੇ ਵਿਚ ਦੇਵੀ ਦਾ ਸਥਾਨ ਬੇਰੀ (ਜ਼ਿਲਾ ਰੋਹਤਕ) ਵਿਚ ਹੈ। ਇਥੇ ਭਾਰੀ ਮੇਲਾ ਲਗਦਾ ਹੈ, ਜਿਸ

ਮੰਦਰ ਵਿਚ ਮਠਿਆਈ ਦੀ ਭੇਟ ਚਾੜ੍ਹੀ ਜਾਂਦੀ ਹੈ ਤੇ ਘਿਉ ਦਾ ਦੀਵਾ ਬਾਲਿਆ ਜਾਂਦਾ ਹੈ। ਜਿਨ੍ਹਾਂ ਦੀਆਂ ਸੁੱਖਣਾ ਪੂਰੀਆਂ ਹੁੰਦੀਆਂ ਹਨ, ਉਹ ਲਡੂਆਂ ਦੀ ਭੇਟ ਚਾੜ੍ਹਦੇ ਹਨ। ਪੰਜ ਲੱਡੂ ਦੇਵੀ ਮਾਤਾ ਦੇ ਭੇਟ ਚਾੜ੍ਹੇ ਜਾਂਦੇ ਹਨ। ਬਾਕੀ ਲੋਕਾਂ ਤੇ ਅੰਗਾਂ ਸਾਕਾਂ ਵਿਚ ਵੰਡ ਦਿਤੇ ਜਾਂਦੇ ਹਨ।

ਜਿਹੜੇ ਬੱਚੇ ਦੇਵੀ ਦੀ ਸੁਖਣਾ ਸੁਖਣ ਨਾਲ ਜੰਮੇ ਹੋਣ, ਉਨ੍ਹਾਂ ਦਾ ਪਹਿਲਾ ਮੁੰਡਣ ਦੇਵੀ ਦੇ ਮੰਦਰ ਵਿਚ ਹੀ ਕੀਤਾ ਜਾਂਦਾ ਹੈ ਤੇ ਉਸ ਦੀ ਵਾਲਾਂ ਦੀ ਪਹਿਲੀ ਕੱਟੀ ਲਿੱਟ ਤਲਾਬ ਵਿਚ ਦੱਬ ਦਿਤੀ ਜਾਂਦੀ ਹੈ। ਕੁਝ ਵਾਲ ਮਾਤਾ ਦੇ ਭੇਟ ਵੀ ਕੀਤੇ ਜਾਂਦੇ ਹਨ।

(ਦ-169) **ਦੇਵੀ ਦਵਾਲਾ** :

ਡੇਹਰਾ ਬਾਬਾ ਨਾਨਕ ਵਿਚ, ਭੱਦਰਕਾਲੀ ਦੇਵੀ ਦਾ ਇਕ ਮੰਦਰ, ਜੋ ਖਿਆਲ ਹੈ ਕਿ ਅਕਬਰ ਦੇ ਰਾਜ ਸਮੇਂ ਬਣਾਇਆ ਗਿਆ। ਇਸ ਮੰਦਰ ਵਿਚ ਤਿੰਨ ਵਖੋ ਵਖਰੇ ਗੁੰਬਦਾਂ ਵਿਚ ਸ਼ਿਵ ਜੀ, ਹਨੂਮਾਨ ਤੇ ਭੱਦਰਕਾਲੀ ਦੇ ਮੰਦਰ ਹਨ। ਸ਼ਿਵ ਜੀ ਦੇ ਮੰਦਰ ਵਿਚ 'ਸ਼ਿਵ ਲਿੰਗ' ਸਥਾਪਿਤ ਹੈ। ਹਨੂਮਾਨ ਦੇ ਮੰਦਰ ਵਿਚ, ਹਨੂਮਾਨ ਦੀ ਆਦਿਮ-ਕਦ ਮੂਰਤੀ ਹੈ, ਜਿਸ ਦੇ ਇਕ ਹੱਥ ਵਿਚ ਪਹਾੜ ਤੇ ਦੂਜੇ ਵਿਚ ਗੁਰਜ ਹੈ। ਤੀਜੇ ਮੰਦਰ ਵਿਚ ਭੱਦਰਕਾਲੀ ਦੀ ਸਵਾ ਦੋ ਫੁਟ ਉਚੀ ਮੂਰਤੀ ਹੈ। ਭੱਦਰਕਾਲੀ ਦੇਵੀ ਸ਼ੇਰ ਉਤੇ ਸਵਾਰ ਹੈ। ਉਸ ਦੀਆਂ ਅੱਠ ਬਾਹਵਾਂ ਹਨ, ਦੋ ਖ਼ਾਲੀ ਹਨ ਤੇ ਬਾਕੀਆਂ ਵਿਚ ਤ੍ਰਿਸੂਲ, ਬਾਣ, ਸੰਖ, ਚੱਕਰ, ਕੁਲਹਾੜਾ ਤੇ ਗੁਰਜ਼ ਹੈ।

ਇਥੇ ਜੇਠ ਦੇ ਮਹੀਨੇ 'ਭੱਦਰਕਾਲੀ ਇਕਾਦਸ਼ੀ' ਦਾ ਮੇਲਾ ਲਗਦਾ ਹੈ ਤੇ ਚੰਗੀ ਰੌਣਕ ਹੁੰਦੀ ਹੈ।

(ਦ-170) **ਦੇਰਾ** :

ਪਿੰਡ ਦੇ ਵਿਚ ਜਾਂ ਬਾਹਰਵਾਰ ਸਾਂਝੀ ਖੁਲ੍ਹੀ ਥਾਂ ਜਿਥੇ ਪਿੰਡ ਦੇ ਲੋਕ ਆਪਣੀਆਂ ਵਿਹਲੀਆਂ ਘੜੀਆਂ ਗੁਜ਼ਾਰਦੇ ਹਨ। ਦੇਰੇ ਦੇ ਦੁਆਲੇ ਛੋਟੀ ਜਿਹੀ ਕੰਧ ਚੜ੍ਹੀ ਹੁੰਦੀ ਹੈ। ਕਈ ਥਾਈਂ ਕੇਵਲ ਦਰਖ਼ਤਾਂ ਦੇ ਝੁੰਡ ਹੇਠਾਂ ਖੁਲ੍ਹੀ ਥਾਂ ਦਾ ਥੜਾ ਬਣਿਆ ਹੁੰਦਾ ਹੈ। ਮੁਸਲਮਾਨੀ ਪਿੰਡਾਂ ਵਿਚ ਕਿਸੇ ਖ਼ਾਨਗਾਹ ਦੇ ਨਾਲ ਲਗਦੀ ਜ਼ਮੀਨ 'ਚ ਦੇਰਾ ਬਣਿਆ ਹੁੰਦਾ ਹੈ।

ਦੇਰੇ ਵਿਚ ਸਰਦੀਆਂ ਵਿਚ ਦੁਪਹਿਰੀਂ ਤੇ ਤ੍ਰਿਕਾਲੀਂ ਅਤੇ ਗਰਮੀਆਂ ਵਿਚ ਸ਼ਾਮ ਨੂੰ ਕਾਫ਼ੀ ਰੌਣਕ ਹੁੰਦੀ ਹੈ।

(ਦ-171) **ਦੈਵੀ ਪ੍ਰੀਖਿਆ** :

ਸੱਚ-ਝੂਠ ਦਾ ਨਿਤਾਰਾ ਕਰਨ ਲਈ, ਦੋਸ਼ੀ ਨੂੰ, ਕਈ ਤਰ੍ਹਾਂ ਦੀ ਪ੍ਰਾਕ੍ਰਿਤਕ ਪ੍ਰੀਖਿਆ ਵਿਚੋਂ ਲੰਘਾਉਣ ਦੀ ਕਿਰਿਆ; ਇਸ ਤਰ੍ਹਾਂ ਦੇ ਨਿਆਂ ਦੀਆਂ ਤਿੰਨ ਪ੍ਰਮੁੱਖ ਕਿਸਮਾਂ ਹਨ, ਜੋ ਪ੍ਰਾਚੀਨ ਜ਼ਮਾਨੇ ਵਿਚ ਵਧੇਰੇ ਪ੍ਰਚਲਤ ਸਨ : 1. ਅਗਨੀ ਪ੍ਰੀਖਿਆ, 2. ਜਲ ਪ੍ਰੀਖਿਆ, 3. ਵਿਸ ਪ੍ਰੀਖਿਆ।

ਅਗਨੀ ਪ੍ਰੀਖਿਆ ਵਿਚ ਦੋਸ਼ੀ ਨੂੰ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਨ ਲਈ, ਤੇਲ ਦੇ ਕੜਾਹੇ ਵਿਚ ਹੱਥ ਪਾਉਣਾ ਪੈਂਦਾ ਜਾਂ ਤਪਦੇ ਲੋਹੇ ਦੇ ਗੋਲੇ ਨੂੰ ਹੱਥਾਂ ਵਿਚ ਚੁਕਣਾ ਪੈਂਦਾ ਜਾਂ ਫਿਰ ਅੱਗ ਦੇ ਸੇਅਲਿਆਂ ਵਿਚੋਂ ਲੰਘਣਾ ਪੈਂਦਾ। ਜੇ ਉਸਨੂੰ ਕੋਈ ਆਂਚ ਨਾ ਆਵੇ ਤਾਂ ਉਹ ਨਿਰਦੋਸ਼ ਮੰਨਿਆ ਜਾਂਦਾ ਸੀ।

ਜਲ-ਪ੍ਰੀਖਿਆ ਵਿਚ ਦੋਸ਼ੀ ਨੂੰ ਵਗਦੇ ਪਾਣੀ ਦੀ ਧਾਰ ਵਿਚ ਸੁਟਿਆ ਜਾਂਦਾ ਸੀ। ਜੇ ਉਹ ਨਿਰਦੋਸ਼ ਹੋਵੇ ਤਾਂ ਜਲ ਦੇਵਤਾ ਉਸ ਨੂੰ ਕੰਢੇ ਉਤੇ ਸਹੀ-ਸਲਾਮਤ ਸੁਟ ਦੇਂਦਾ ਸੀ। ਵਿਸ਼ ਪ੍ਰੀਖਿਆ ਵਿਚ ਦੋਸ਼ੀ ਨੂੰ ਜ਼ਹਿਰ ਦਿਤਾ ਜਾਂਦਾ ਸੀ, ਜੇ ਉਹ ਨਿਰਦੋਸ਼ ਹੋਵੇ ਤਾਂ ਜ਼ਹਿਰ ਦਾ ਅਸਰ ਨਹੀਂ ਸੀ ਹੁੰਦਾ।

ਇਨ੍ਹਾਂ ਤਿੰਨਾਂ ਤਰ੍ਹਾਂ ਦੀਆਂ ਦੈਵੀ ਪ੍ਰੀਖਿਆਵਾਂ ਦਾ ਕਥਾਵਾਂ ਵਿਚ ਆਮ ਜ਼ਿਕਰ ਆਉਂਦਾ ਹੈ। ਇਕ ਦੈਵੀ-ਪ੍ਰੀਖਿਆ ਵਿਚ ਦੋਵੇਂ ਧਿਰਾਂ ਦੇ ਬਕਰਿਆਂ ਨੂੰ ਇਕੋ ਜਿਹਾ ਜ਼ਹਿਰ ਦੇਂਦੇ ਸਨ, ਜੋ ਬਕਰਾ ਪਿਛੋਂ ਮਰਦਾ, ਉਸ ਦੀ ਜਿੱਤ ਹੁੰਦੀ।

(ਦ-172) **ਦੋਸਰੀ** :

ਤਾਸ਼ ਦੀ ਇਕ ਖੇਡ ਜਿਸ ਵਿਚ ਚਾਰ ਖਿਡਾਰੀ ਖੇਡਦੇ ਹਨ। ਆਪਣੇ ਆਮ੍ਹੋ-ਸਾਹਮਣੇ ਦੇ ਖਿਡਾਰੀ ਇਕ ਦੂਜੇ ਦੇ ਜੋਟੀਦਾਰ ਬਣਦੇ ਹਨ। ਇਸ ਖੇਡ ਵਿਚ ਖੇਡਣ ਵਾਲਾ ਇਕ ਸਰ ਬਣਨ ਤੇ ਜਿੱਤੀ ਸਰ ਨਹੀਂ ਚੁਕਦਾ, ਇਕਠੀਆਂ ਦੋ ਸਰਾਂ ਬਣਾਉਣ ਵਾਲਾ ਸਰਾਂ ਚੁਕਦਾ ਹੈ। ਜੇ ਕਿਸੇ ਧਿਰ ਦੀਆਂ ਵੀ ਦੋ ਸਰਾਂ ਇਕਠੀਆਂ ਨਾ ਬਣਨ ਤਾਂ ਅਖ਼ੀਰਲੀ ਸਰ ਲੈਣ ਵਾਲਾ ਸਾਰੀਆਂ ਸਰਾਂ ਲੈ ਜਾਂਦਾ ਹੈ। ਇਸ ਖੇਡ ਵਿਚ ਜਿਹੜਾ ਵਧੇਰੇ ਸਰਾਂ ਮੱਲੇ ਉਹ ਰੰਗ ਰਖਦਾ ਤੇ ਪਹਿਲੀ ਚਾਲ ਚਲਦਾ ਹੈ। ਇਸ ਖੇਡ ਨੂੰ ਦੂਸਰ ਵੀ ਕਹਿੰਦੇ ਹਨ (ਵੇਖੋ : ਦੂਸਰ)।

(ਦ-173) **ਦੋਹਤਰਾ** :

ਹਨ : 'ਦੋਹਤਰਾ ਸੱਤੀ ਪੀੜ੍ਹੀ ਵੈਰੀ' । ਧਨੀ ਪੋਠੋਹਾਰ ਵਿਚ ਕਈ ਖੱਤ੍ਰੀ ਜੋ ਧੀ ਦੇ ਘਰ ਦਾ ਪਾਣੀ ਤਕ ਮੂੰਹ ਨਹੀਂ ਲਗਾਂਦੇ, ਦੋਹਤਰੇ ਦੇ ਘਰੋਂ ਖਾਣਾ ਪੀਣਾ ਆਪਣਾ ਹੱਕ ਸਮਝਦੇ ਹਨ ।

(ਦ-174) **ਦੋਹੜਾ** :

ਦੋਹੜਾ ਪੰਜਾਬ ਦਾ ਇਕ ਪ੍ਰਸਿਧ ਕਾਵਿ-ਰੂਪ ਹੈ, ਜਿਸ ਦੀ ਧਾਰਨਾ ਦਵਈਏ ਨਾਲ ਮਿਲਦੀ ਹੈ । ਕਈ ਇਸ ਨੂੰ ਛੰਦ ਦੀ ਹੀ ਇਕ ਕਿਸਮ ਮੰਨਦੇ ਹਨ, ਪਰ ਦੋਹੜਿਆਂ ਦੀਆਂ ਸੱਤਰਾਂ ਵਿਚ ਮਾਤਰਾ ਦੀ ਕੋਈ ਬਝਵੀਂ ਗਿਣਤੀ ਨਹੀਂ ਮਿਲਦੀ । ਇਹ ਇਕ ਤਰ੍ਹਾਂ ਦੀ ਧਾਰਨਾ ਹੈ ਜੋ ਹੂੰਰ ਰੂਪ ਗ੍ਰਹਿਣ ਕਰ ਗਈ । ਛੰਦ ਅਸਲ ਵਿਚ ਕਿਸੇ ਪਕ ਚੁਕੀ ਬੱਝਵੀਂ ਲੈਅ ਦਾ ਸਥਿਰ ਰੂਪ ਹੁੰਦਾ ਹੈ ਤੇ ਧਾਰਨਾ ਵਿਚ ਇਹ ਸਥਿਰਤਾ ਨਹੀਂ ਹੁੰਦੀ ।

ਕਈ ਦੋਹਤੇ ਪਦ ਨੂੰ ਦੋਹਰੇ ਦਾ ਹੀ ਇਕ ਰੂਪ-ਪਰਿਵਰਤਨ ਸਮਝਦੇ ਹਨ, ਪਰ ਦੋਹਰੇ ਤੇ ਦੋਹੜੇ ਵਿਚ ਕਾਫ਼ੀ ਅੰਤਰ ਹੈ । ਦੋਹਰੇ ਦੀਆਂ ਦੋ ਸਤਰਾਂ ਹੁੰਦੀਆਂ ਹਨ ਤੇ ਦੋਹੜੇ ਦੀਆਂ ਚਾਰ । ਫਿਰ ਦੋਹਰੇ ਦੀਆਂ ਮਾਤਰਾ 13-11 ਬਝਵੀਆਂ ਹੁੰਦੀਆਂ ਹਨ । ਇਸ ਦੇ ਉਲਟ ਦੋਹੜੇ ਦੀ ਇਕ ਸਤਰ ਵਿਚ 28 ਤੋਂ 32 ਮਾਤਰਾਂ ਵੇਖੀਆਂ ਗਈਆਂ ਹਨ । ਦੋਹਰੇ ਦੇ ਅੰਤ ਵਿਚ ਗੁਰੂ ਲਘੂ ਹੁੰਦਾ ਹੈ, ਪਰ ਦੋਹੜੇ ਦੇ ਅੰਤ ਵਿਚ ਦਵਈਏ ਵਾਂਗ ਹੀ ਆਮ ਤੌਰ ਉਤੇ ਗੁਰੂ ਆਉਂਦਾ ਹੈ ।

ਇੰਜ ਜਾਪਦਾ ਹੈ ਕਿ ਦੋਹੜਾ ਦੋਹਰੇ ਦਾ ਹੀ ਇਕ ਲੋਕਿਕ ਰੂਪ ਹੈ । ਦੋਹਰਾ ਵਧੇਰੇ ਕਰ ਕੇ ਸਾਹਿਤਕ ਪੱਧਰ ਉਤੇ ਵਰਤੀਂਦਾ ਰਿਹਾ ਹੈ । ਸਾਹਿਤਕ ਪੱਧਰ ਉਤੇ ਇਸ ਦਾ ਇਕ ਬਝਵਾਂ ਸਥਿਰ ਰੂਪ ਮਿਲਦਾ ਹੈ, ਪਰ ਲੋਕ-ਕਾਵਿ ਵਿਚ ਛੰਦਾਂ ਦੇ ਬਝਵੇਂ ਤਾਲ ਨਾਲੋਂ, ਭਾਵਾਂ ਦੇ ਵੇਗ ਨੂੰ ਵਧੇਰੇ ਮਾਨਤਾ ਦਿਤੀ ਜਾਂਦੀ ਹੈ । ਇਸ ਲਈ ਲੋਕ-ਕਾਵਿ ਵਿਚ ਦੋਹਰੇ ਦਾ ਜੋ ਖੁਲ੍ਹਾ ਡੁਲ੍ਹਾ ਰੂਪ ਪ੍ਰਚਲਤ ਹੋਇਆ, ਉਹ ਵੀ ਦੋਹੜਾ ਅਖਵਾਣ ਲਗ ਪਿਆ ਹੈ । ਬਾਅਦ ਵਿਚ ਇਹੋ ਦੋਹੜਾ ਫਿਰ ਜਦੋਂ ਸਾਹਿਤਕ ਹੱਥਾਂ ਵਿਚ ਅਪੜਿਆ ਤਾਂ ਇਸ ਨੂੰ ਦਵਈਆਂ ਦਾ ਸਥਿਰ ਰੂਪ ਦੇ ਲਿਆ ਗਿਆ । ਕਰਤਾਰ ਸਿੰਘ ਸ਼ਮਸ਼ੇਰ ਅਨੁਸਾਰ (ਨੀਲੀ ਤੇ ਰਾਵੀ, ਪੰਨਾ 160) ਇਨ੍ਹਾਂ ਦੂਹਾਂ ਕਾਵਿ ਰੂਪਾਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਲਿਖਿਆ ਹੈ, ''ਇਕ ਵਿਚ (ਦੋਹਰਾ)

ਅਤੇ ਦੂਸਰੇ ਵਿਚ ਮਨੁੱਖੀ ਮਨ ਦੀ ਚੰਚਲ ਤੇ ਰੁਮਾਂਚਿਕ ਤਸਵੀਰ ਹੈ ।'' ਜਾਂ ਇਉਂ ਕਹਿ ਲਉ ਕਿ ਦੋਹਿਰਾ ਵਧੇਰੇ ਅਧਿਆਤਮਕ ਤੇ ਰਹੱਸਮਈ ਭਾਵਾਂ ਦੇ ਪ੍ਰਗਟਾਉ ਲਈ ਵਰਤਿਆ ਜਾਂਦਾ ਹੈ, ਉਥੇ ਦੋਹੜਾ ਸੰਸਾਰਕ ਮਨੋਭਾਵਾਂ ਤੇ ਜਜ਼ਬਿਆਂ ਲਈ । ਪਰ ਇਹ ਕੋਈ ਅਜਿਹਾ ਭੇਦ ਨਹੀਂ ਜੋ ਦੋਹਿਰੇ ਤੇ ਦੋਹੜੇ ਦੇ ਵਿਸ਼ੇ ਨੂੰ ਸੀਮਤ ਕਰਦਾ ਹੋਵੇ । ਦੋਵੇਂ ਰੰਗ ਦੋਹਾਂ ਰੂਪਾਂ ਵਿਚ ਮਿਲਦੇ ਹਨ ਤੇ ਹੱਦਾਂ ਦੀ ਉਲੰਘਣ ਦਾ ਆਮ ਰਿਵਾਜ ਹੈ । ਪਰ ਇੰਜ ਜਾਪਦਾ ਹੈ ਕਿ ਕਿਸੇ ਸਮੇਂ ਦੋਹਿਰਾ ਪੰਜਾਬੀ ਵਿਚ ਸ਼ਲੋਕਾਂ ਵਾਂਗ ਅਧਿਆਤਮ ਮਨੋਭਾਵਾਂ ਤੇ ਰਹੱਸਾਂ ਲਈ ਹੀ ਵਧੇਰੇ ਵਰਤਿਆ ਜਾਂਦਾ ਸੀ ਤੇ ਦੋਹੜੇ ਸੰਸਾਰੀ ਭਾਵਾਂ ਲਈ ।

ਲੋਕ-ਗੀਤਾਂ ਵਿਚ ਕੁਝ ਦੋਹੜੇ ਦੋ ਤੁਕਾਂ ਦੇ ਵੀ ਮਿਲਦੇ ਹਨ, ਕਿਉਂ ਜੋ ਲੋਕ-ਕਾਵਿ, ਰੂਪ ਦੀ ਕਰੜਾਈ ਨੂੰ ਅਪਣਾਂਦਾ ਨਹੀਂ ਅਤੇ ਵਲਵਲੇ ਦੀ ਵੇਗ ਵਿਚ ਵਹਿੰਦਾ ਹੈ, ਇਸ ਲਈ ਅਜਿਹਾ ਹੋਣਾ ਸੁਭਾਵਕ ਹੈ ।

ਦੋਹੜਿਆਂ ਵਿਚ ਮਨੁੱਖੀ ਜਜ਼ਬਿਆਂ ਤੇ ਅਰਮਾਨਾਂ ਦਾ ਚਿੱਤਰ ਵਧੇਰੇ ਮਿਲਦਾ ਹੈ । ਇਨ੍ਹਾਂ ਵਿਚ ਜੀਵਨ ਦੀ ਵਾਸਤਵਿਕਤਾ ਆਪਣੇ ਅਸਲੀ ਰੰਗ ਵਿਚ ਉਲੀਕੀ ਹੁੰਦੀ ਹੈ । ਮੁੱਖ ਵਿਸ਼ਾ ਭਾਵੇਂ ਪਿਆਰ ਹੈ ਪਰ ਜੀਵਨ ਦਾ ਹਰ ਪੱਖ, ਕਿਸੇ ਨਾ ਕਿਸੇ ਰੂਪ ਵਿਚ ਸਾਕਾਰ ਮਿਲਦਾ ਹੈ ਸਬਦ ਪਿਆਰ ਤੇ ਗੁੱਸੇ ਦੇ ਜਜ਼ਬਿਆਂ ਨੂੰ ਹੀ ਪੇਸ਼ ਕਰਦੇ ਹਨ ਤੇ ਸਿਧੇ ਮਨ ਨੂੰ ਟੁੰਬਦੇ ਹਨ । ਹੇਠਾਂ ਨਮੂਨੇ ਵਜੋਂ ਦੋਹੜੇ ਦਿਤੇ ਜਾਂਦੇ ਹਨ :

1. ਨੈਣ ਵਕੀਲ ਤੇ ਨੈਣ ਬਪਾਰੀ
ਤੇ ਨੈਣ ਕਰੇਂਦੇ ਸੁ ਹਟੀਆਂ
ਨੈਣ ਨੈਣਾਂ ਦੇ ਦੇਣ ਗਵਾਹੀਆਂ
ਨੈਣ ਭਰੇਂਦੇ ਸੁ ਚਟੀਆਂ
ਨੈਣ ਨੈਣਾਂ ਸੁ ਜ਼ਖਮ ਕਰੇਂਦੇ
ਤੇ ਨੈਣ ਬੰਨੇਂਦੇ ਨੇ ਪਟੀਆਂ,
ਆਖ ਮੀਆਂ ਉਹਾਂ ਨੈਣ ਭਲੇਰੇ,
ਜਿਨ੍ਹਾਂ ਲਜਤਾਂ ਇਸ਼ਕ ਦੀਆਂ ਚੱਖੀਆਂ ।

2. ਇਸ਼ਕ ਤੇ ਆਤਸ਼ ਦੋਹੇਂ ਬਰਾਬਰ
ਜ਼ਰਾ ਆਤਸ਼ੂੰ ਇਸ਼ਕ ਚੰਗੇਰਾ
ਆਸ਼ਕ ਸਾੜੇ ਕੱਖ ਤੇ ਕਾਨੇ
ਅੱਲਾ ਇਸ਼ਕ ਸੜੇਂਦਾ ਦੀ ਜੇਰਾ

3 ਦਿਲ ਦਰਿਆ, ਸਮੁੰਦਰੋਂ ਡੂੰਘੇ,
ਕੌਣ ਦਿਲਾਂ ਦੀਆਂ ਜਾਣੇ
ਵਿਚੇ ਝਗੜੇ ਤੇ ਵਿਚੇ ਝੇੜੇ
ਵਿਚੇ ਵੰਝ ਮੁਹਾਣੇ
ਜਿਤਨੀਆਂ ਤਨ ਮੇਰੇ ਤੇ ਲਗੀਆਂ,
ਹਿਕ ਲਗੇ ਤਾਂ ਜਾਣੇਂ,
ਨੰਗੇ ਪਿੰਡੇ ਤੇਰੇ ਚੋਟਾਂ ਲਗੀਆਂ
ਰੋਂਦੇ ਨੀਂ ਨੈਣ ਨਿਮਾਣੇ ।

ਪੱਛਮੀ ਪੰਜਾਬ (ਪਾਕਿਸਤਾਨ) ਵਿਚ ਅਨੇਕਾਂ ਮੇਲਿਆਂ ਤੇ ਮਜਲਸਾਂ ਉੱਤੇ ਦੋਹੜੇ ਪੜ੍ਹਨ ਦਾ ਰਵਾਜ ਆਮ ਹੈ ।

### (ਦ-175) **ਦੋਹਾ ਜਾਂ ਦੋਹਿਰਾ :**

ਦੋ ਤੁਕਾਂ ਦਾ ਇਕ ਛੰਦ; ਇਹ ਪੰਜਾਬੀਆਂ ਦਾ ਬੜਾ ਹਰਮਨ ਪਿਆਰਾ ਛੰਦ ਹੈ, ਜੋ ਕਈ ਵੰਨਗੀਆਂ ਤੇ ਰੂਪਾਂ ਵਿਚ ਮਿਲਦਾ ਹੈ । ਪੰਜਾਬੀ ਲੋਕ-ਗੀਤਾਂ ਦੀ ਇਕ ਵੱਡੀ ਗਿਣਤੀ, ਇਸੇ ਰੂਪ ਵਿਚ ਮਿਲਦੀ ਹੈ । ਪੰਜਾਬੀ ਲੋਕ-ਗੀਤਾਂ ਵਿਚ ਦੋਹਰੇ ਦੇ ਜੋ ਅਨੇਕਾਂ ਰੂਪ ਮਿਲਦੇ ਹਨ, ਉਨ੍ਹਾਂ ਨੂੰ ਪੰਜਾਬੀ ਪਿੰਗਲਕਾਰਾਂ ਨੇ ਦੋਹਿਰੇ ਦੇ ਅੰਤਰਗਤ ਨਹੀਂ ਲਿਆਂਦਾ ।

ਦੋਹਿਰੇ ਵਿਚ, ਆਮ ਕਰਕੇ, ਦਿਲ ਦੀਆਂ ਪੀੜਾਂ, ਸੰਜੋਗ ਦੇ ਸੁੰਦਰ ਅਨੁਭਵ ਪ੍ਰਗਟ ਕੀਤੇ ਜਾਂਦੇ ਹਨ। ਦੋਹਿਰੇ ਵਿਚ ਵਲਵਲਾ ਬੜਾ ਤਿੱਖਾ ਹੁੰਦਾ ਹੈ, ਪਰ ਬਿਆਨ ਬੜਾ ਸਾਦਾ । ਡੂੰਘੇ ਭਾਵਾਂ ਨੂੰ ਸੰਜਮ ਨਾਲ ਬੰਨ੍ਹਿਆ ਹੁੰਦਾ ਹੈ । ਦੋਹਰਿਆਂ ਵਿਚ ਅਖਾਣਾਂ ਵਰਗਾ ਸੰਜਮ, ਗੀਤਾਂ ਵਰਗੀ ਸਰੋਦੀ ਲੈਅ ਤੇ ਜੰਗਲੀ ਫੁੱਲ ਵਰਗੀ ਸਾਦਗੀ ਤੇ ਵਗਦੇ ਦਰਿਆ ਵਾਲੀ ਰਵਾਨੀ ਹੁੰਦੀ ਹੈ ।

ਦੋਹਿਰੇ ਕਈ ਰੂਪ ਵਿਚ ਮਿਲਦੇ ਹਨ । ਪਰੰਪਰਾਗਤ ਦੋਹਿਰਾ ਦੋ ਸਤਰਾਂ ਦਾ ਹੁੰਦਾ ਹੈ । 13-11 ਉੱਤੇ ਬਿਸਰਾਮ ਤੇ ਅੰਤ ਗੁਰੂ-ਲਘੂ । ਦੁਹਾਂ ਸੱਤਰਾਂ ਵਿਚ ਭਾਵ ਤਾਣੇਪੇਟੇ ਵਾਂਙ ਬੀੜਿਆ ਹੁੰਦਾ ਹੈ । ਇਕ ਸੱਤਰ ਦੂਜੇ ਬਿਨਾਂ ਅਧੂਰੀ ਤੇ ਅਰਥਹੀਨ ਬਣ ਜਾਂਦੀ ਹੈ। ਪਰ ਦੋਵੇਂ ਸੱਤਰਾਂ ਵਿਚੋਂ ਇਕ ਜੋਤ ਪ੍ਰਗਟਦੀ ਹੈ । ਜਿਵੇਂ :

ਸੁਫਨਿਆ ਤੂੰ ਸੁਲਤਾਨ ਹੈਂ, ਉਤਮ ਤੇਰੀ ਜਾਤ ।
ਸੈ ਵਰ੍ਹਿਆਂ ਦੇ ਵਿਛੜੇ, ਤੂੰ ਆਣ ਮਿਲਾਵੇਂ ਰਾਤ ।

ਦੋਹਿਰੇ ਦੀ ਇਕ ਵੰਨਗੀ ਟੱਪਾ ਹੈ, ਜੋ ਸਾਹਿਤਕ ਨਾਲੋਂ ਲੋਕਿਕ ਪੱਧਰ ਉੱਤੇ ਵਿਗਸਿਤ ਹੋਇਆ ਹੈ । ਇਸੇ

ਹੈ । ਟੱਪੇ ਨੂੰ ਮਾਹੀਆ ਵੀ ਕਿਹਾ ਜਾਂਦਾ ਹੈ, ਕਈ ਇਲਾਕਿਆਂ ਵਿਚ ਇਸ ਨੂੰ 'ਢੋਲਾ' ਵੀ ਕਿਹਾ ਜਾਂਦਾ ਹੈ ।

ਟੱਪੇ ਦੀ ਪਹਿਲੀ ਸੱਤਰ ਛੋਟੀ ਹੁੰਦੀ ਹੈ ਪਰ ਦੂਜੀ ਸੱਤਰ ਲੰਮੀ ਤੇ ਪੂਰੇ ਆਕਾਰ ਦੀ । ਪਹਿਲੀ ਸੱਤਰ ਵਿਚ ਭਾਵ ਨੂੰ ਪ੍ਰਗਟ ਕਰਨ ਲਈ ਆਲੇ ਦੁਆਲੇ ਦੇ ਜਾਂ ਨਿੱਤ ਦੇ ਜੀਵਨ ਵਲ ਕੋਈ ਸੰਕੇਤ ਕੀਤਾ ਜਾਂਦਾ ਹੈ । ਇਹ ਪਹਿਲੀ ਸੱਤਰ ਉਸ ਲਜ ਦਾ ਕੰਮ ਦੇਂਦੀ ਹੈ ਜਿਸ ਬਿਨਾਂ ਖੂਹ ਵਿਚੋਂ ਪਾਣੀ ਦਾ ਭਰਿਆ ਲੋਟਾ ਨਹੀਂ ਕਢਿਆ ਜਾ ਸਕਦਾ । ਅਸਲ ਭਾਵ ਦੂਜੀ ਸੱਤਰ ਵਿਚ ਹੁੰਦਾ ਹੈ ।

### (ਦ-176) **ਦੋਹਾਜੇ ਮੁੰਨਣ :**

ਪੋਠੋਹਾਰ ਦੇ ਕਈ ਹਿੰਦੂ ਖਤਰੀਆਂ ਵਿਚ ਰਵਾਜ ਹੈ ਕਿ ਬੱਚੇ ਦੇ ਮੁੰਡਣ ਸੰਸਕਾਰ ਵੇਲੇ ਉਸਦੇ ਮਾਂ ਪਿਉ ਵੀ ਫੇਰੇ ਲੈਂਦੇ ਹਨ । ਮੁੰਡੇ ਦਾ ਪਿਉ ਲਾੜ੍ਹੇ ਵਾਂਗ ਘੋੜੀ 'ਤੇ ਸਜਦਾ ਹੈ ਤੇ ਮਾਂ ਵਹੁਟੀ ਵਾਂਗ ਡੋਲੀ ਵਿਚ ਬੈਠਦੀ ਹੈ । ਕਈ ਧਨੀ ਖਤਰੀ ਤਾਂ ਇਸ ਮੌਕੇ 'ਤੇ ਵਿਆਹ ਦੀਆਂ ਸਾਰੀਆਂ ਰੀਤਾਂ ਰਸਮਾਂ ਦੁਹਰਾਂਦੇ ਹਨ, ਪਰ ਹੁਣ ਛੰਦਬਧ ਕਾਵਿ ਦਾ ਰਵਾਜ ਨਹੀਂ ਰਿਹਾ ।

### (ਦ-177) **ਦੋਘੜ :**

ਮਿੱਟੀ ਦਾ ਭਾਂਡਾ, ਜਿਸ ਵਿਚ ਚਾਵਲ ਤੇ ਪਾਣੀ ਪਾ ਕੇ ਪੂਜਾ ਕੀਤੀ ਜਾਂਦੀ ਹੈ ।

### (ਦ-178) **ਦੋਜ਼ਖ :**

ਮੁਸਲਮਾਨੀ ਅਕੀਦੇ ਅਨੁਸਾਰ, ਪਰਲੋਕ ਵਿਚ ਉਹ ਥਾਂ ਜਿਥੇ ਪਾਪੀ ਲੋਕ ਮਰਨ ਮਗਰੋਂ ਆਪਣੇ ਕਰਮਾਂ ਦਾ ਫਲ ਭੋਗਣ ਲਈ ਸੁਟੇ ਜਾਣਗੇ । ਮੁਸਲਮਾਨਾਂ ਅਨੁਸਾਰ, ਦੋਜ਼ਖ ਵਿਚ ਹਮੇਸ਼ਾਂ ਅੱਗ ਬਲਦੀ ਰਹਿੰਦੀ ਹੈ, ਜਿਥੇ ਪਾਪੀ ਭੁਜਦੇ ਤੇ ਸੜਦੇ ਰਹਿੰਦੇ ਹਨ (ਵੇਖੋ : ਨਰਕ) ।

### (ਦ-179) **ਦੁੱਜਨਮਾ :**

ਹਿੰਦੂ ਮਤ ਅਨੁਸਾਰ ਗਾਇਤ੍ਰੀ ਮੰਤ੍ਰ ਗ੍ਰਹਿਣ ਕਰ ਕੇ, ਜੰਞੂ ਪਹਿਨਣ ਵਾਲਾ ਸ਼ਖ਼ਸ ਦੋ ਜਨਮਾ ਅਥਵਾ 'ਦਿਵਜਯ' ਹੈ । ਪਹਿਲਾ ਜਨਮ ਉਸ ਨੇ ਮਾਂ ਦੇ ਉਦਰ ਤੋਂ ਲਿਆ ਤੇ ਦੂਜਾ ਜਨਮ ਧਾਰਮਿਕ ਸੰਸਕਾਰ ਦੁਆਰਾ ਹੋਇਆ । ਦੋ ਜਨਮਾ ਜਾਂ ਦਿਵਜਯ ਆਮ ਤੌਰ ਤੇ ਬ੍ਰਾਹਮਣ ਨੂੰ ਕਿਹਾ

ਮੱਧ ਕਾਲ ਵਿਚ ਬ੍ਰਾਹਮਣਾਂ ਨੇ ਆਪਣੀ ਮਾਣ ਪ੍ਰਤਿਸ਼ਠਾ ਕ਼ਾਇਮ ਰਖਣ ਲਈ ਦੋ ਜਨਮੇ ਹੋਣ ਦਾ ਅਡੰਬਰ ਰਚਿਆ ਹੋਇਆ ਸੀ। ਕਈ ਤਾਂ ਇਥੋਂ ਤਕ ਕਹਿੰਦੇ ਹਨ ਕਿ ਬ੍ਰਾਹਮਣ ਜਨਮ ਨਹੀਂ ਲੈਂਦਾ ਸਗੋਂ ਆਪਣੇ ਪਿਛਲੇ ਜਨਮ ਦੇ ਚੰਗੇ ਕਰਮਾਂ ਸਦਕਾ, ਇਸ ਪਦਵੀ ਉੱਤੇ ਪਹੁੰਚਦਾ ਹੈ ਜੋ ਉਸ ਦੀ ਪਰਮਾਰਥਕ ਉੱਚਤਾ ਤੇ ਵਿਕਾਸ ਦੀ ਸੂਚਕ ਹੈ। ਜਦੋਂ ਉਹ ਬ੍ਰਾਹਮਣਾਂ ਦੇ ਬਾਹਰਲੇ ਚਿੰਨ੍ਹ ਧਾਰਨ ਕਰ ਲੈਂਦਾ ਹੈ ਤਾਂ ਉਹ ਦੋ ਜਨਮਾ ਹੋ ਜਾਂਦਾ ਹੈ। ਬ੍ਰਾਹਮਣੀ ਧਰਮ ਅਨੁਸਾਰ ਕੇਵਲ ਬ੍ਰਾਹਮਣ ਹੀ ਦਿਵਜਾਂਗ ਦੀ ਉਪਾਧੀ ਦੇ ਅਧਿਕਾਰੀ ਹਨ। ਦੂਜੇ ਹਿੰਦੂ ਨਹੀਂ। ਇਹ ਸੰਕਲਪ ਬ੍ਰਾਹਮਣਾਂ ਵਿਚ, ਜਾਤੀ ਅਭਿਮਾਨ ਦਾ ਕਾਰਨ ਬਣ ਉਭਰਿਆ।

ਹਿੰਦੂ ਧਰਮ ਦੇ ਬਾਹਰ ਵੀ ਦੂਜੇ ਜਨਮ ਜਾਂ ਨਵੇਂ ਜਨਮ ਦਾ ਸੰਕਲਪ ਮਿਲਦਾ ਹੈ। ਸਿੱਖਾਂ ਵਿਚ ਜਦੋਂ ਕੋਈ ਸਿੱਖ ਅੰਮ੍ਰਿਤ ਛਕ ਕੇ ਖ਼ਾਲਸਾ ਸਜ ਜਾਂਦਾ ਹੈ ਤਾਂ ਉਸ ਦਾ ਦੂਜਾ ਜਾਂ ਨਵਾਂ ਜਨਮ ਹੋਇਆ ਮੰਨਿਆ ਜਾਂਦਾ ਹੈ। ਭਾਈ ਕਾਹਨ ਸਿੰਘ ਲਿਖਦੇ ਹਨ : ਖ਼ਾਲਸਾ ਧਰਮ ਅਨੁਸਾਰ ਸਾਰੇ ਅੰਮ੍ਰਿਤਧਾਰੀ ਦਵਿਜ (ਦੋ ਜਨਮੇ) ਹਨ, ਕਿਉਂਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੀ ਗੋਦ ਵਿਚ ਆ ਕੇ ਦੂਜਾ ਜਨਮ ਧਾਰਦੇ ਹਨ।

ਪਹਿਲਿਆਂ ਵਿਚ ਜਦੋਂ ਕੋਈ ਹਿੰਦੂ ਸਮੁੰਦਰੋਂ ਪਾਰ ਪ੍ਰਦੇਸਾਂ ਵਿਚੋਂ ਹੋ ਕੇ ਘਰ ਪਰਤਦਾ, ਤਾਂ ਉਸ ਨੂੰ ਅਪਵਿਤ੍ਰ ਸਮਝਿਆ ਜਾਂਦਾ ਤੇ ਉਦੋਂ ਤਕ ਛੁਹਿਆ ਜਾਂ ਘਰ ਵਿਚ ਦਾਖ਼ਲ ਨਹੀਂ ਸੀ ਹੋਣ ਦਿਤਾ ਜਾਂਦਾ, ਜਦੋਂ ਤਕ ਉਹ ਸੋਨੇ ਦੀ ਗਊ ਦੀ ਮੂਰਤੀ ਹੇਠੋਂ ਲੰਘ ਕੇ ਨਵਾਂ ਅਥਵਾ ਦੂਜਾ ਜਨਮ ਧਾਰਨ ਨਹੀਂ ਸੀ ਕਰ ਲੈਂਦਾ। ਕਈ ਲੋਕ ਇਸ ਮੌਕੇ ਤੇ ਗਊ ਦੇ ਹੇਠੋਂ ਹੀ ਲੰਘ ਕੇ, ਝਟ ਟਪਾ ਲੈਂਦੇ ਜਾਂ ਫਿਰ ਤਾਂਬੇ ਦੀ ਗਊ ਬਣਾ ਕੇ ਉਪਰ ਸੋਨੇ ਦਾ ਪਾਣੀ ਚੜ੍ਹਵਾ ਕੇ, ਰੀਤ ਪੂਰੀ ਕਰਨ ਲਈ ਉਸ ਹੇਠੋਂ ਲੰਘਦੇ ਸਨ।

ਜਿਹੜਾ ਬੱਚਾ ਮਾਂ ਪਿਉ ਜਾਂ ਕੁਲ ਲਈ 'ਭਾਰਾ' ਹੋਵੇ ਜਾਂ ਅਸ਼ੁਭ ਘੜੀ ਜੰਮਿਆ ਹੋਵੇ, ਉਸ ਨੂੰ ਵੀ ਦੂਜੀ ਵਾਰ ਜੰਮਣ ਦੀ ਕੋਈ ਰੀਤ ਪੂਰੀ ਕਰਨੀ ਪੈਂਦੀ ਸੀ। ਬੱਚੇ ਨੂੰ ਸੰਧੂਰੀ ਰੰਗ ਦੇ ਕਪੜੇ ਪਹਿਨਾ ਕੇ, ਕਿਸੇ ਛੱਜ ਨਾਲ ਬੰਨ੍ਹ ਕੇ, ਗਊ ਦੀਆਂ ਲੱਤਾ ਹੇਠਾਂ ਅਗੇ ਪਿਛੇ ਝੂਲੇ ਵਾਂਗ ਝੁਲਾਇਆ ਜਾਂਦਾ ਜਾਂ ਫਿਰ ਗਊ ਹੇਠੋਂ ਸਤ ਵਾਰ

ਜੇ ਕਿਸੇ ਬੱਚੇ ਦੀ ਜਨਮ-ਪੱਤਰੀ ਦਸਦੀ ਕਿ ਇਸ ਬੱਚੇ ਨੇ ਪਿਛਲੇ ਜਨਮ ਬਹੁਤ ਪਾਪ ਕੀਤੇ ਹਨ ਅਤੇ ਇਸ ਜਨਮ ਉਨ੍ਹਾਂ ਮੰਦੇ ਕਰਮਾਂ ਦਾ ਫਲ ਭੋਗਣ ਲਈ ਪੈਦਾ ਹੋਇਆ ਹੈ। ਅਥਵਾ ਇਸ ਦੇ ਜੀਵਨ ਵਿਚ ਸੁੱਖਾਂ ਨਾਲੋਂ ਦੁੱਖ ਵਧੇਰੇ ਹਨ ਤਾਂ ਉਸ ਬੱਚੇ ਨੂੰ ਵੀ ਨਵਾਂ ਜਨਮ ਦੇਣ ਲਈ ਉਪ੍ਰੋਕਤ ਰੀਤ ਕੀਤੀ ਜਾਂਦੀ।

ਜੇ ਕਿਸੇ ਪ੍ਰਾਣੀ ਤੋਂ ਅਣਜਾਣੇ ਵਿਚ ਘੋਰ ਅਪਰਾਧ ਹੋ ਜਾਂਦਾ ਤਾਂ ਉਹ ਇਸ ਅਪਰਾਧ ਨੂੰ ਅਗਲੇ ਜਨਮ ਭੋਗਣ ਤੋਂ ਬਚਣ ਲਈ, ਇਸੇ ਜਨਮ ਉਪ੍ਰੋਕਤ ਰੀਤੀ ਨਾਲ, ਨਵਾਂ ਜਨਮ ਲੈਂਦਾ ਤੇ ਆਪਣਾ ਪਾਪ ਬਖਸ਼ਾਂਦਾ।

(ਦ-180) **ਦੋਦ** :

ਮੁਲਤਾਨ ਦੇ ਹਿੰਦੂਆਂ ਵਿਚ ਪ੍ਰਚਲਤ ਇਕ ਰਸਮ, ਜੋ ਵਿਆਹ ਸਮੇਂ ਕੀਤੀ ਜਾਂਦੀ ਹੈ।

(ਦ-181) **ਦੋਦਾ** :

1. ਚੰਦ੍ਰਵੰਸ਼ੀ ਰਾਜਪੂਤਾਂ ਦੀ ਇਕ ਜਾਤੀ ਜੋ ਹੁਸ਼ਿਆਰਪੁਰ ਵਿਚ ਮਿਲਦੀ ਹੈ।

2. ਮਿੰਟਗੁਮਰੀ ਜ਼ਿਲੇ ਦੇ ਮੁਸਲਮਾਨ ਜੱਟਾਂ ਦੀ ਇਕ ਜਾਤੀ।

(ਦ-182) **ਦੋਧਣ ਦਾਹੀ** :

ਪੋਠੋਹਾਰ ਵਿਚ ਪ੍ਰਚਲਤ ਬੱਚਿਆਂ ਦੀ ਇਕ ਖੇਡ, ਜੋ ਗੇਂਦ ਨਾਲ ਖੇਡੀ ਜਾਂਦੀ ਹੈ। ਇਕ ਬੱਚਾ ਗੇਂਦ ਨੂੰ ਉਪਰ ਵਲ ਉਛਾਲਦਾ ਹੈ ਤੇ ਬਾਕੀ ਬੱਚੇ ਬੋਚਦੇ ਹਨ। ਬੋਚਣ ਵਾਲਾ ਦੂਜੇ ਖਿਡਾਰੀਆਂ ਨੂੰ ਗੇਂਦ ਮਾਰਦਾ ਹੈ ਤੇ ਇਸ ਤਰ੍ਹਾਂ ਜਿਸ ਦੇ ਹੱਥ ਗੇਂਦ ਆਉਂਦੀ ਹੈ ਉਹ ਦੂਜਿਆਂ ਨੂੰ ਗੇਂਦ ਮਾਰਦਾ ਜਾਂਦਾ ਹੈ।

(ਦ-183) **ਦੋ ਪਤਰਾ** :

ਕਾਂਗੜੇ ਦਾ ਇਕ ਪ੍ਰਸਿਧ ਸਾਜ਼, ਜੋ ਦੋ ਤੂੰਬਿਆਂ ਨੂੰ ਬਾਂਸ ਦੇ ਡੰਡੇ ਨਾਲ ਬੀੜ ਕੇ ਬਣਾਇਆ ਜਾਂਦਾ ਹੈ। ਡੰਡੇ ਦੇ ਨਾਲ ਨਾਲ ਇਕ ਤਾਰ ਲਗੀ ਹੁੰਦੀ ਹੈ ਜੋ ਦੋਹਾਂ ਸਿਰਿਆਂ ਨੂੰ ਜੋੜਦੀ ਹੈ। ਟੁਣਕਾਰਨ ਨਾਲ ਇਸ ਵਿਚੋਂ ਮਧੁਰ ਧੁਨੀ ਨਿਕਲਦੀ ਹੈ।

(ਦ-185) **ਦੌਲਾ** :

ਪੰਜ ਗੀਟੜੇ ਦੀ ਖੇਡ ਦਾ ਦੂਜਾ ਪੜਾਅ ਜਦੋਂ ਖੇਡਣ ਵਾਲੀ ਕੁੜੀ ਦੋ ਦੋ ਗੀਟੇ ਇਕੱਠੇ ਚੁਕਦੀ ਹੈ। ਪਹਿਲਾ ਪੜਾਅ 'ਏਲਾ', ਦੂਜਾ 'ਦੌਲਾ' ਤੇ ਤੀਜਾ 'ਤੇਲਾ' ਅਖਵਾਉਂਦਾ ਹੈ। ਦੌਲੇ ਵੇਲੇ ਜੋ ਗੀਤ ਗਾਏ ਜਾਂਦੇ ਹਨ, ਉਹ ਦੌਲਾ ਸ਼ਬਦ ਨਾਲ ਸ਼ੁਰੂ ਹੁੰਦੇ ਹਨ (ਵੇਖੋ : ਪੰਜ ਗੀਟੜਾ)।

(ਦ-186) **ਦੌਣੀ** :

1. ਇਕ ਤਰ੍ਹਾਂ ਦਾ ਗਹਿਣਾ, ਜੋ ਕੁੜੀਆਂ ਮੱਥੇ 'ਤੇ ਸਜਾਂਦੀਆਂ ਹਨ।

2. ਮੋਏ ਹੋਏ ਪ੍ਰਾਣੀ ਦੇ ਖਫਨ ਦਾ ਟੁਕੜਾ ਜੋ ਉਸ ਦੇ ਸਬੰਧੀ ਆਪਣੇ ਕੋਲ ਰਖਦੇ ਹਨ।

(ਦ-187) **ਦੌਲੇ ਸ਼ਾਹ** :

ਇਕ ਮੁਸਲਮਾਨ ਫਕੀਰ, ਜਿਸ ਦੀ ਖ਼ਾਨਗਾਹ ਗੁਜਰਾਤ (ਪਾਕਿਸਤਾਨ) ਵਿਚ ਹੈ (ਵੇਖੋ : ਸ਼ਾਹ ਦੌਲਾ)।

(ਦ-188) **ਦੌਲੇ ਸ਼ਾਹ ਦਾ ਚੂਹਾ** :

ਉਹ ਬੱਚਾ ਜਿਸ ਦਾ ਸਿਰ ਬਹੁਤ ਛੋਟਾ ਤੇ ਲੰਮੂਤਰਾ ਹੋਵੇ ਤੇ ਦੌਲੇ ਸ਼ਾਹ ਦੀ ਮਜ਼ਾਰ ਉਤੇ ਚੜ੍ਹਾਵੇ ਵਜੋਂ ਚਾੜ੍ਹਿਆ ਗਿਆ ਹੋਵੇ। ਗੁਜਰਾਤ ਵਿਚ ਦੌਲੇ ਸ਼ਾਹ ਦੀ ਖ਼ਾਨਗਾਹ ਉਤੇ ਛੋਟੇ ਸਿਰ ਵਾਲੇ ਬੱਚੇ ਤੇ ਗਭਰੂ ਆਮ ਮਿਲਦੇ ਹਨ। ਜੋ ਉਥੇ ਹੀ ਪਲਦੇ ਰਹਿੰਦੇ ਹਨ। ਪੱਛਮੀ ਪੰਜਾਬ ਵਿਚ ਦੌਲੇ ਸ਼ਾਹ ਦੇ ਚੂਹੇ, ਗਲੀਆਂ ਵਿਚ ਖੈਰ ਮੰਗਣ ਆਉਂਦੇ ਹਨ। ਇਨ੍ਹਾਂ ਦੇ ਨਾਲ ਦੌਲੇ ਸ਼ਾਹ ਦੀ ਖ਼ਾਨਗਾਹ ਦਾ ਕੋਈ ਫਕੀਰ ਹੁੰਦਾ ਹੈ, ਜੋ ਸਾਰੀ ਖੈਰਾਤ ਇਕੱਠੀ ਕਢਦਾ ਹੈ। ਇਹ 'ਚੂਹਿਆਂ' ਦੇ ਸਿਰ ਅਥਵਾ ਦਿਮਾਗ ਛੋਟਾ ਹੋਣ ਕਰ ਕੇ ਵਿਕਾਸ ਨਹੀਂ ਕਰਦਾ ਤੇ ਯੁਵਾ ਅਵਸਥਾ ਵਿਚ ਵੀ ਬੱਚਿਆਂ ਵਾਂਗ ਵਤੀਰਾ ਕਰਦੇ ਹਨ (ਵੇਖੋ : ਸ਼ਾਹ ਦੌਲੇ ਦਾ ਚੂਹਾ)।

# ਧ

## (ਧ-1) **ਧੱਕ ਮਕੌੜਾ :**

ਪੋਠੋਹਾਰ ਦੀ ਇਕ ਪ੍ਰਸਿਧ ਲਘੂ ਲੋਕ-ਕਥਾ; ਇਕ ਤੀਵੀਂ ਦੀਆਂ ਤਿੰਨ ਧੀਆਂ ਸਨ ਤੇ ਤਿੰਨੇ ਹੀ ਥੱਥੀਆਂ। ਕੋਈ ਸ਼ਖ਼ਸ ਰਿਸ਼ਤਾ ਲੈ ਕੇ ਆਇਆ। ਕੁੜੀਆਂ ਦੀ ਮਾਂ ਨੇ ਤਿੰਨਾਂ ਧੀਆਂ ਨੂੰ ਰਸੋਈ ਵਿਚ ਬੰਦ ਕਰ ਕੇ, ਨਾ ਬੋਲਣ ਦੀ ਹਦਾਇਤ ਕੀਤੀ। ਅਚਾਨਕ ਇਕ ਕੀੜਾ ਮਕੌੜਾ ਰਸੋਈ ਵਿਚ ਆ ਗਿਆ। ਇਕ ਥੱਥਿਆ ਕੇ ਆਖਣ ਲਗੀ : ਧ...ਧ...ਧੱਕ ਮਕੌੜਾ।

ਦੂਜੀ ਨੇ ਥੱਥਿਆ ਕੇ ਕਿਹਾ : ਮਾਂ ਨੇ ਤਾਂ ਮਨ੍ਹਾ ਕੀਤਾ ਸੀ ਤੇ ਤੂੰ ਬੋਲ ਪਈ ਏਂ।

ਤੀਜੀ ਨੇ ਥਥਿਆਂਦਿਆਂ ਕਿਹਾ : ਮੈਂ ਈ ਚੰਗੀ ਸਾਂ ਜਿਹੜੀ ਬੋਲੀ ਹੀ ਨਾ।

ਰਿਸ਼ਤਾ ਕਰਨ ਆਇਆ ਸ਼ਖ਼ਸ ਕੁੜੀਆਂ ਦੀਆਂ ਥੱਥਲੀਆਂ ਆਵਾਜ਼ਾਂ ਸੁਣ ਕੇ ਵਾਪਿਸ ਤੁਰ ਗਿਆ।

## (ਧ-2) **ਧੱਜ :**

1. ਕਿਸੇ ਪੀਰ ਫ਼ਕੀਰ ਦੀ ਖ਼ਾਨਗਾਹ ਉਤੇ ਮੰਨਤ ਮੰਨਣ ਵੇਲੇ, ਪੀਰ ਦੀ ਪ੍ਰਸੰਨਤਾ ਲਈ, ਉਥੇ ਉਗੇ ਕਿਸੇ ਬ੍ਰਿਛ ਉਤੇ ਲੀਰ ਬੰਨ੍ਹ ਦਿਤੀ ਜਾਂਦੀ ਹੈ। ਜੇ ਨੇੜੇ ਦਰਖ਼ਤ ਕੋਈ ਨਾ ਹੋਵੇ ਤਾਂ ਇਕ ਡੰਡੇ ਨਾਲ ਲੀਰ ਬੰਨ੍ਹ ਕੇ, ਖ਼ਾਨਗਾਹ ਦੇ ਨੇੜੇ ਗਡ ਦੇਂਦੇ ਹਨ, ਇਸ ਨੂੰ ਧੱਜਾ ਕਹਿੰਦੇ ਹਨ। ਕਈ ਵਾਰ ਹਿੰਦੂ ਸਮਾਧੀਆਂ ਜਾਂ ਮੰਦਰ ਆਦਿ ਪੂਜਨੀਕ ਥਾਵਾਂ ਉਤੇ ਵੀ ਧੱਜ ਗੱਡ ਦੇਂਦੇ ਹਨ।

2. ਪਹਿਲਿਆਂ ਵਿਚ ਧਨੀ ਲੋਕ ਆਪਣੀ ਸਮਰਿਧੀ ਦੀ ਨਿਸ਼ਾਨੀ ਵਜੋਂ ਕਿਸੇ ਪੂਜਨੀਕ ਥਾਉਂ/ਮੰਦਰ/ਧਰਮਸਾਲ ਉਤੇ ਝੰਡਾ ਖੜਾ ਕਰਦੇ ਸਨ, ਇਸਨੂੰ ਧੱਜ ਖੜੀ ਕਰਨਾ ਕਿਹਾ ਜਾਂਦਾ। ਇਸ ਧੱਜ ਉਤੇ ਉਹ ਆਪਣੇ ਇਸ਼ਟ ਦੇਵ ਨੂੰ ਉਲੀਕਿਆ ਕਰਦੇ ਸਨ।

ਕਈ ਲੋਕ ਜਦੋਂ ਕੋਈ ਮੰਨਤ ਮੰਨਦੇ ਹਨ ਤਾਂ ਉਹ ਕਿਸੇ ਸਮਾਧ ਜਾਂ ਪੀਰ ਦੀ ਮਜ਼ਾਰ ਦੇ ਨੇੜੇ ਜਾਂ ਖ਼ਾਨਗਾਹ ਵਿਚ ਗੱਡ ਦੇਂਦੇ ਹਨ। ਜਦੋਂ ਮੁਰਾਦ ਪੂਰੀ ਹੋ ਜਾਂਦੀ ਹੈ ਤਾਂ ਉਹ ਸਮਾਧ ਜਾਂ ਖ਼ਾਨਗਾਹ ਉਤੇ ਭੇਟਾਂ ਚਾੜ੍ਹਦੇ ਹਨ। ਇਸ ਝੰਡੇ ਨੂੰ ਧੱਜ ਕਹਿੰਦੇ ਹਨ। ਅਜਿਹੀਆਂ ਝੰਡੀਆਂ ਖ਼ਾਨਗਾਹਾਂ ਤੇ ਡੇਰਿਆਂ ਵਿਚ ਆਮ ਵੇਖਣ ਵਿਚ ਆਉਂਦੀਆਂ ਹਨ।

## (ਧ-3) **ਧੱਜਾ :**

ਝੰਡਾ; ਇਹ ਸੰਸਕ੍ਰਿਤ ਦੇ ਸ਼ਬਦ ਧਵੱਜ ਤੋਂ ਬਣਿਆ ਹੈ। ਜਦੋਂ ਕਿਸੇ ਦੀ ਸੁਖਣਾ ਪੂਰੀ ਹੋ ਜਾਂਦੀ ਹੈ ਤਾਂ ਉਹ ਇਕ ਲੰਮੇ ਡੰਡੇ ਨਾਲ ਕਪੜੇ ਦੀ ਇਕ ਕਾਤਰ ਲਗਾ ਕੇ ਆਪਣੇ ਗੁਰੂ ਪੀਰ ਦੇ ਸਥਾਨ ਦੇ ਨੇੜੇ ਲਗਾ ਦੇਂਦਾ ਹੈ, ਇਹ ਝੰਡਾ ਵੀ ਧੱਜਾ ਅਖਵਾਉਂਦਾ ਹੈ। ਕਿਸੇ ਪੀਰ ਫ਼ਕੀਰ ਦੀ ਮਜ਼ਾਰ ਜਾਂ ਕਬਰ ਨਾਲ ਲਗਦੇ ਦਰਖ਼ਤ ਉਤੇ, ਜੋ ਲੀਰਾਂ ਲਟਕਾਈਆਂ ਜਾਂਦੀਆਂ ਹਨ, ਉਹ ਵੀ ਧੱਜਾ ਅਖਵਾਉਂਦੀਆਂ ਹਨ। ਜਦੋਂ ਕਿਸੇ ਸਰਧਾਲੂ ਦੀ ਸੁੱਖਣਾ ਪੂਰੀ ਹੋ ਜਾਂਦੀ ਹੈ ਤਾਂ ਉਹ ਪੀਰ ਦੀ ਮਾਨਤਾ ਵਜੋਂ ਇਕ ਲੀਰ ਦਰਖ਼ਤ ਦੀ ਕਿਸੇ ਟਹਿਣ ਨਾਲ ਬੰਨ੍ਹ ਦੇਂਦਾ ਹੈ।

## (ਧ-4) **ਧਣਕ ਰੋਗ :**

ਧਣਕ ਕਣਕ ਨੂੰ ਲਗਦੀ ਇਕ ਬਿਮਾਰੀ ਹੈ, ਜਿਸ ਕਰਕੇ ਦਾਣੇ ਝਉਂ ਜਾਂਦੇ ਹਨ ਅਤੇ ਕਣਕ ਦਾ ਰੰਗ ਕਾਲਾ ਪੈ ਜਾਂਦਾ ਤੇ ਸਵਾਦ ਕੌੜਾ ਹੋ ਜਾਂਦਾ ਹੈ। ਲੋਕ ਧਾਰਨਾ ਇਹ ਰਹੀ ਹੈ ਕਿ ਇਹ ਰੋਗ ਚੰਦਰੀਆਂ ਰੂਹਾਂ ਦੇ ਮੰਦੇ ਪ੍ਰਭਾਵ ਕਰ ਕੇ ਫੈਲਦਾ ਹੈ। ਇਸ ਲਈ ਜਿਨ੍ਹੀਂ ਦਿਨੀਂ ਦਾਣੇ ਪਕ ਰਹੇ ਹੁੰਦੇ ਹਨ, ਕਈ ਕਿਸਾਨ ਇਕ ਭਾਂਡੇ ਵਿਚ ਹਰਮਲ ਧੁਖਾ ਕੇ ਕਣਕ ਦੇ ਸਾਰੇ ਖੇਤ ਦੇ ਚੁਗਿਰਦੇ ਫੇਰਦੇ ਤੇ ਨਾਲੋਂ ਨਾਲ ਇਹ ਮੰਤਰ ਉਚਾਰਦੇ ਹਨ :

ਧਣਕਾਂ ਦੂਰ

(ਧ-5) **ਧਤੂਰਾ** :

ਸ਼ਿਵ ਜੀ ਨੂੰ ਧਤੂਰੇ ਦੇ ਫੁੱਲ ਬੜੇ ਪਸੰਦ ਹਨ। ਪ੍ਰੇਮਮਤ ਵਾਲੇ ਧਤੂਰੇ ਦੇ ਫੁੱਲਾਂ ਨੂੰ, ਸੁੱਖਾਂ ਸੁੱਖਣ ਲਗਿਆਂ, ਸ਼ਿਵ ਦੀ ਮੂਰਤੀ/ਸ਼ਿਵਲਿੰਗ ਉੱਤੇ ਚੜ੍ਹਾਉਂਦੇ ਹਨ। ਨਿਸਚਾ ਹੈ ਕਿ ਮਨ ਵਿਚ ਕੋਈ ਕਾਮਨਾ ਧਾਰ ਕੇ ਧਤੂਰੇ ਦੇ ਫੁੱਲ, ਸ਼ਿਵ ਨੂੰ ਭੇਟ ਕੀਤੇ ਜਾਣ ਤਾਂ ਉਹ ਕਾਮਨਾ ਅਵੱਸ਼ ਪੂਰੀ ਹੋ ਜਾਂਦੀ ਹੈ। ਸ਼ਿਵ ਦੀ ਪ੍ਰਸੰਨਤਾ ਲਈ ਕਈ ਜੋਗੀ ਧਤੂਰਾ ਪੀਂਦੇ ਹਨ। ਪੁਰਾਣੇ ਵੇਲਿਆਂ ਵਿਚ ਠੱਗ ਲੋਕ ਧਤੂਰੇ ਦੇ ਬੀਜ ਕੁਟ ਕੇ, ਖਾਣ ਦੇ ਪਦਾਰਥਾਂ ਵਿਚ ਰਲਾ ਕੇ, ਮੁਸਾਫ਼ਰਾਂ ਨੂੰ ਧੋਖੇ ਨਾਲ ਖਵਾ ਦੇਂਦੇ ਸਨ ਤੇ ਜਦੋਂ ਉਹ ਬੇਹੋਸ਼ੀ ਦੀ ਹਾਲਤ ਵਿਚ ਹੁੰਦੇ ਤਾਂ ਉਨ੍ਹਾਂ ਦਾ ਧਨ ਮਾਲ ਲੁਟ ਲਿਆ ਕਰਦੇ।

(ਧ-6) **ਧਨ ਤੇਰਸ** :

ਇਕ ਤਿਉਹਾਰ ਜੋ ਕੱਤਕ ਦੇ ਹਨੇਰੇ ਪੱਖ ਦੀ ਤੇਰਹਵੀਂ ਥਿੱਤ ਅਥਵਾ ਦੀਵਾਲੀ ਤੋਂ ਦੋ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਧਨ ਤੇਰਸ ਤੋਂ ਹੀ ਦੀਵਾਲੀ ਦਾ ਮਹਾਂ-ਉਤਸਵ ਆਰੰਭ ਹੋ ਜਾਂਦਾ ਹੈ ਅਤੇ ਇਸ ਦਿਨ ਲੋਕ ਨਵੇਂ ਭਾਂਡੇ ਖ਼ਰੀਦਣੇ ਸ਼ੁਭ ਸਮਝਦੇ ਹਨ। ਨਿਸਚਾ ਹੈ ਕਿ ਧਨ ਤੇਰਸ ਵਾਲੇ ਦਿਨ ਨਵੇਂ ਭਾਂਡੇ ਖ਼ਰੀਦਣ ਨਾਲ ਘਰ ਦੇ ਭਾਂਡੇ ਹਮੇਸ਼ਾ ਭਰੇ ਰਹਿੰਦੇ ਹਨ। ਪਰ ਲੋਹੇ ਦਾ ਭਾਂਡਾ ਇਸ ਦਿਨ ਖ਼ਰੀਦਣਾ ਵਰਜਿਤ ਹੈ। ਤਾਂਬਾ, ਪਿੱਤਲ, ਕਾਂਸੀ ਜਾਂ ਚਾਂਦੀ ਦੀਆਂ ਧਾਤਾਂ ਦਾ ਭਾਂਡਾ ਵਧੇਰੇ ਸ਼ੁਭ ਮੰਨਿਆ ਗਿਆ ਹੈ। ਇਸ ਦਿਨ ਧਨ ਤੇ ਗਹਿਣਿਆਂ ਦੀ ਵੀ ਪੂਜਾ ਕੀਤੀ ਜਾਂਦੀ ਹੈ।

ਕਈ ਲੋਕ ਧਨ ਤੇਰਸ ਦੀ ਸੰਧਿਆ ਨੂੰ ਦੀਵਾ ਬਾਲ ਕੇ, ਮੁੱਖ ਦੁਆਰ ਉੱਤੇ ਰਖ ਕੇ, ਦੀਵਾਲੀ ਦਾ ਮੁਢ ਬੰਨ੍ਹ ਦੇਂਦੇ ਹਨ। ਧਨ ਤੇਰਸ ਦੀ ਤਿੱਥ ਨੂੰ ਕਈ ਤੀਵੀਆਂ ਵਰਤ ਵੀ ਰਖਦੀਆਂ ਹਨ। ਸੰਧਿਆ ਵੇਲੇ ਦੀਪ ਦਾਨ ਕੀਤਾ ਜਾਂਦਾ ਹੈ। ਇਹ ਦੀਪ ਅਗਲੇ ਲੋਕ ਵਿਚ, ਉਨ੍ਹਾਂ ਦੇ ਪਿਤਰਾਂ ਨੂੰ, ਹਨੇਰਿਆਂ ਵਿਚ ਭਟਕਣ ਨਹੀਂ ਦੇਂਦਾ।

ਇਸ ਤਿਉਹਾਰ ਦਾ ਨਾਉਂ ਧਨਵੰਤਰ ਵੈਦ ਦੇ ਨਾਉਂ ਉੱਤੇ ਰਖਿਆ ਗਿਆ ਹੈ। ਧਨਵੰਤਰ ਆਯੁਰਵੇਦ ਦਾ ਮੋਢੀ ਮੰਨਿਆ ਗਿਆ ਹੈ ਅਤੇ ਖੀਰ ਸਾਗਰ ਨੂੰ ਮੱਥਣ ਵੇਲੇ, ਜਲ ਵਿਚੋਂ ਨਿਕਲੇ ਚੌਦਾਂ ਰਤਨਾਂ ਵਿਚੋਂ, ਇਕ ਹੈ। ਪੁਰਾਣਿਕ ਕਥਾਵਾਂ ਅਨੁਸਾਰ ਧਨਵੰਤਰ ਵੈਦ ਤੇਰਸ ਵਾਲੇ ਜਾਂਦੀ ਤੇ ਦੀਪ ਦਾਨ ਦਿਤਾ ਜਾਂਦਾ ਹੈ। ਇਸ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ : ਇਕ ਵਾਰ ਯਮਰਾਜ ਨੇ ਆਪਣੇ ਸਭ ਦੂਤਾਂ ਨੂੰ ਇਕੱਠਾ ਕਰ ਕੇ ਪੁਛਿਆ ਕਿ ਕਿਸੇ ਪ੍ਰਾਣੀ ਦੀ ਜਿੰਦ ਲੈਣ ਲਗਿਆਂ ਕਦੇ ਉਨ੍ਹਾਂ ਦੇ ਮਨ ਵਿਚ ਕਿਸੇ ਪ੍ਰਾਣੀ ਲਈ ਤਰਸ ਦੀ ਭਾਵਨਾ ਪੈਦਾ ਹੋਈ ਹੈ ? ਕੋਈ ਅਜਿਹੀ ਘਟਨਾ ਵਾਪਰੀ ਹੋਵੇ ਜਦੋਂ ਉਨ੍ਹਾਂ ਦਾ ਮਨ ਪਿਘਲ ਗਿਆ ਹੋਵੇ ? ਤਾਂ ਇਕ ਜਮਦੂਤ ਨੇ ਕਿਹਾ ਕਿ ਇਕ ਵਾਰ ਉਸ ਨਾਲ ਅਜਿਹਾ ਹੋਇਆ ਸੀ। ਹੇਮਰਾਜ ਨਾਂ ਦੇ ਇਕ ਰਾਜੇ ਦੇ ਘਰ ਬੜੇ ਚਿਰਾਂ ਪਿਛੋਂ ਪੁੱਤਰ ਜੰਮਿਆ। ਜੋਤਿਸ਼ੀਆਂ ਨੇ ਆਪਣੇ ਇਲਮ ਦੁਆਰਾ ਦਸਿਆ ਕਿ ਇਸ ਦੇ ਗ੍ਰਹਿ ਅੱਛੇ ਨਹੀਂ ਅਤੇ ਇਸ ਦੀ ਮ੍ਰਿਤੂ, ਵਿਆਹ ਤੋਂ ਮਗਰੋਂ ਚੌਥੇ ਦਿਨ ਹੋ ਜਾਵੇਗੀ। ਰਾਜੇ ਨੇ ਬੱਚੇ ਦੀ ਰਖਿਆ ਲਈ ਕਈ ਉਪਾਅ ਕੀਤੇ, ਮੰਤਰਾਂ ਤੰਤਰਾਂ ਦਾ ਆਸਰਾ ਲਿਆ। ਅਖ਼ੀਰ, ਜਦੋਂ ਲੜਕੇ ਦਾ ਵਿਆਹ ਕਰ ਦਿਤਾ ਗਿਆ ਤਾਂ ਚੌਥੇ ਦਿਨ ਉਸ ਬਾਲਕ ਦੀ ਮ੍ਰਿਤੂ ਹੋ ਗਈ। ਉਸ ਦੀ ਜਿੰਦ ਕੱਢੀ ਤਾਂ ਉਹ ਕੁਹਰਾਮ ਮਚਿਆ ਕਿ ਇਹ ਕਰੁਣਾਮਈ ਦ੍ਰਿਸ਼ ਵੇਖ ਕੇ ਸਭ ਲੋਕਾਂ ਦਾ ਮਨ ਪਸੀਜ ਗਿਆ। ਪਰ ਹੁਕਮ ਦਾ ਬੱਧਾ ਜਮਦੂਤ ਕੁਝ ਨਾ ਕਰ ਸਕਿਆ। ਆਪਣੀ ਗੱਲ ਸੁਣਾ ਕੇ ਜਮਦੂਤ ਨੇ ਯਮਰਾਜ ਨੂੰ ਪੁਛਿਆ ਕਿ ਅਕਾਲ ਚਲਾਣੇ ਤੋਂ ਬਚਣ ਦਾ ਕੋਈ ਉਪਾਅ ਦਸੋ ਤਾਂ ਯਮਰਾਜ ਨੇ ਕਿਹਾ ਕਿ ਧਨ ਤੇਰਸ ਨੂੰ ਜੋ ਯਮਰਾਜ ਦੀ ਪੂਜਾ ਅਤੇ ਦੀਪ ਦਾਨ ਕਰੇਗਾ ਉਸ ਦੀ ਕਦੇ ਅਕਾਲ ਮ੍ਰਿਤੂ ਨਹੀਂ ਹੋਵੇਗੀ।

ਧਨ ਤੇਰਸ ਵਾਲੇ ਦਿਨ ਤ੍ਰਿਕਾਲਾਂ ਵੇਲੇ ਕਈ ਹਿੰਦੂ ਮਿੱਟੀ ਦੇ ਦੀਵੇ ਵਿਚ ਤੇਲ ਬੱਤੀ ਪਾ ਕੇ ਘਰ ਦੇ ਮੁੱਖੀ ਦੁਆਰ ਉੱਤੇ, ਦੱਖਣ ਵਲ ਮੂੰਹ ਕਰ ਕੇ, ਰਖ ਦੇਂਦੇ ਹਨ ਤੇ ਇਸ ਦੀਵੇ ਨੂੰ ਯਮ ਦਾ ਦੀਪ ਕਹਿੰਦੇ ਹਨ।

ਧਨ ਤੇਰਸ ਨੂੰ ਧਨ ਤ੍ਰੋਸੰਦੀ ਵੀ ਕਹਿੰਦੇ ਹਨ। ਧਨ ਤੇਰਸ ਨੂੰ ਜਮਨਾ ਵਿਚ ਇਸ਼ਨਾਨ ਦਾ ਵੀ ਬੜਾ ਮਹਾਤਮ ਦਸਿਆ ਜਾਂਦਾ ਹੈ। ਧਨ ਤੇਰਸ ਤੋਂ ਅਗਲੇ ਦਿਨ 'ਨਰਕ ਚਤੁਰਦਸ਼ੀ' ਪੈਂਦੀ ਹੈ।

(ਧ-7) **ਧਨੰਤਰ, ਧਨਵੰਤਰੀ** :

ਦੇਵਤਿਆਂ ਦਾ ਵੈਦ, ਜੋ ਖੀਰ ਸਾਗਰ ਦੇ ਰਿੜਕਣ ਵੇਲੇ ਨਿਕਲੇ ਚੌਦਾਂ ਰਤਨਾਂ ਵਿਚੋਂ ਇਕ ਸੀ। ਪੁਰਾਣਾਂ ਅਨੁਸਾਰ ਇਹ ਕੱਤਕ ਵਦੀ ਤੇਰ੍ਹਾਂ ਨੂੰ ਹੱਥ ਵਿਚ ਅੰਮ੍ਰਿਤ

ਧਨੰਤਰ ਦੇ ਨਾਂ ਉਤੇ ਹੀ ਧਨ ਤੇਰਸ ਪਿਆ। ਕਈ ਕਹਿੰਦੇ ਹਨ ਧਨ ਤੇਰਸ ਨੂੰ ਨਵਾਂ ਭਾਂਡਾ ਖਰੀਦਣ ਨਾਲ ਘਰ ਵਿਚ ਰੋਗ ਨੇੜੇ ਨਹੀਂ ਢੁਕਦਾ। ਧਨੰਤਰ ਨੇ ਹੀ ਆਯੁਰਵੇਦ ਦੀ ਰਚਨਾ ਕੀਤੀ।

(ਧ-8) **ਧਨ ਰਾਸ਼ੀ** :

ਬਾਰ੍ਹਾਂ ਰਾਸ਼ੀਆਂ ਵਿਚੋਂ ਇਕ ਰਾਸ਼ੀ, ਜੋ ਅਕਾਰ ਵਿਚ ਧਨੁ (ਧਨੁਸ਼) ਦੀ ਸ਼ਕਲ ਦੀ ਹੈ। ਤਾਰਿਆਂ ਦੀ ਇਸ ਖਿੱਤੀ ਹੇਠ ਜੰਮੇ ਬਾਲ ਅਰੋਗ ਤੇ ਸਿਹਤਮੰਦ ਮੰਨੇ ਜਾਂਦੇ ਹਨ। ਇਹ ਕੱਦ-ਬੁੱਤ ਦੇ ਵੀ ਉੱਚੇ ਲੰਮੇ ਹੁੰਦੇ ਹਨ। ਇਨ੍ਹਾਂ ਦਾ ਝੁਕਾਅ ਧਰਮ ਤੇ ਦਰਸ਼ਨ ਵਲ ਵਧੇਰੇ ਹੁੰਦਾ ਹੈ ਤੇ ਇਨ੍ਹਾਂ ਦੀਆਂ ਕਾਮਨਾਵਾਂ ਵੀ ਬੜੀਆਂ ਉਚੀਆਂ ਹੁੰਦੀਆਂ ਹਨ।

ਮਿੱਥਕ ਕਥਾਵਾਂ ਵਿਚ ਇਸ ਖਿੱਤੀ ਨੂੰ ਕਮਾਨ ਦੇ ਚਿੰਨ੍ਹ ਨਾਲ ਪ੍ਰਗਟ ਕੀਤਾ ਜਾਂਦਾ ਹੈ ਜਦੋਂ ਕਿ ਯੂਨਾਨੀ ਮਿੱਥਕ ਕਥਾਵਾਂ ਵਿਚ ਇਹ ਖਿੱਤੀ ਧਨੁਸ਼ਧਾਰੀ ਦੇ ਚਿੰਨ੍ਹ ਦੁਆਰਾ ਪ੍ਰਗਟ ਕੀਤੀ ਜਾਂਦੀ ਹੈ।

ਧਨੁ ਰਾਸ਼ੀ ਦਾ ਮੁੱਖ ਦੇਵਤਾ ਬ੍ਰਿਹਸਪਤੀ (ਗੁਰੂ) ਹੈ। ਇਸ ਦੇਵਤੇ ਦਾ ਰੰਗ ਪੀਲਾ ਮੰਨਿਆ ਗਿਆ ਹੈ ਅਤੇ ਇਸ ਦਾ ਰਤਨ ਪੀਲੇ ਰੰਗ ਦਾ ਪੁਸ਼ਕਰਾਜ ਹੈ।

ਇਕ ਸ਼ਿਕਾਰੀ ਦੀ ਕਥਾ ਧਨੁ ਰਾਸ਼ੀ ਨਾਲ ਜੋੜਦੇ ਹਨ। ਇਹ ਕਥਾ ਲਿੰਗ ਪੁਰਾਨ ਵਿਚ ਦਿਤੀ ਹੋਈ ਹੈ। ਤੇ ਖ਼ਿਆਲ ਹੈ ਕਿ ਇਹ ਵਾਯੂ ਪੁਰਾਨ ਉਤੇ ਅਧਾਰਤ ਹੈ। ਇਸ ਪੁਰਾਣਿਕ ਕਥਾ ਵਿਚ ਇਕ ਸ਼ਿਕਾਰੀ ਇਕ ਹਨੇਰੀ ਰਾਤ ਨੂੰ ਕਿਸੇ ਮੰਦਰ ਉਤੇ ਬੇਲ ਦੇ ਬ੍ਰਿਛ ਦੀ ਇਕ ਟਹਿਣੀ ਉਤੇ ਬੈਠਾ, ਬੇਲ ਦੇ ਪੱਤਿਆਂ ਨੂੰ ਹੇਠਾਂ ਪਏ ਸ਼ਿਵਲਿੰਗ ਉਤੇ ਅਣਭੋਲ ਹੀ ਸੁਟਦਾ ਰਿਹਾ। ਉਸ ਦੇ ਸਾਹਮਣੇ ਤੋਂ ਕਈ ਹਿਰਨ ਲੰਘਦੇ ਰਹੇ, ਪਰ ਉਹ ਕਿਸੇ ਦੈਵੀ ਸ਼ਕਤੀ ਤੋਂ ਉਤਸਾਹਿਤ ਹੋਇਆ, ਉਨ੍ਹਾਂ ਨੂੰ ਤੀਰ ਮਾਰਨ ਤੋਂ ਗੁਰੇਜ਼ ਕਰਦਾ ਰਿਹਾ। ਇਨ੍ਹਾਂ ਦੋਹਾਂ ਪੁੰਨ-ਕਾਰਜਾਂ ਸਦਕਾ ਸ਼ਿਵ ਜੀ ਉਸ ਉਤੇ ਪ੍ਰਸੰਨ ਹੋਏ ਤੇ ਸ਼ਿਕਾਰੀ ਨੂੰ ਆਕਾਸ਼ ਵਿਚ ਲੈ ਗਏ, ਜਿਥੇ ਉਹ ਧਨੁ-ਰਾਸ਼ੀ ਦੇ ਰੂਪ ਵਿਚ ਸਥਿਤ ਹੈ।

ਧਨੁ (ਧਨੁਸ਼) ਨੂੰ ਸ਼ਕਤੀ ਦਾ ਪ੍ਰਤੀਕ ਮੰਨਿਆ ਗਿਆ ਹੈ, ਪੁਰਾਣੇ ਸਮਿਆਂ ਵਿਚ ਇਸ ਚਿੰਨ੍ਹ ਦੀ ਖ਼ਾਸ ਮਹਾਨਤਾ ਸੀ।

ਵੈਦਿਕ ਕਾਲ ਵਿਚ ਇਕ ਉਪਵੇਦ ਧਨੁਰਵੇਦ ਧਨੁਸ਼ ਕਲਾ ਉਤੇ ਲਿਖਿਆ ਗਿਆ।

(ਧ-9) **ਧਨੁਸ਼**

ਆਉਂਦਾ ਹੈ। ਰਾਮਾਇਣ ਵਿਚ ਇਕ ਧਨੁਸ਼ 'ਪਿਨਾਕਾ' ਦਾ ਜ਼ਿਕਰ ਹੈ, ਜੋ ਸ਼ਿਵ ਦਾ ਸ਼ਕਤੀਸ਼ਾਲੀ ਧਨੁਸ਼ ਸੀ ਜੋ ਰਾਜੇ ਜਨਕ ਨੇ ਸ਼ਿਵ ਤੋਂ ਪ੍ਰਾਪਤ ਕੀਤਾ ਸੀ। ਰਾਜੇ ਜਨਕ ਨੇ ਇਸੇ ਧਨੁਸ਼ ਨੂੰ ਕਲਾ ਨਾਲ ਵਰਤਣ ਦੀ ਸਮਰੱਥਾ ਰੱਖਣ ਵਾਲੇ ਨਾਲ ਆਪਣੀ ਲੜਕੀ ਸੀਤਾ ਦਾ ਵਿਆਹ ਕਰਨ ਦਾ ਫ਼ੈਸਲਾ ਕੀਤਾ ਸੀ ਤੇ ਸ੍ਰੀ ਰਾਮ ਚੰਦਰ ਇਸ ਧਨੁਸ਼ ਨੂੰ ਚਲਾਣ ਵਿਚ ਸਫਲ ਹੋਏ ਸਨ।

ਰਾਮ ਚੰਦਰ ਕੋਲ ਕੋਡੰਡਾ ਨਾਂ ਦਾ ਇਕ ਧਨੁਸ਼ ਸੀ ਜੋ ਬੜੀ ਅਲੌਕਿਕ ਸ਼ਕਤੀ ਰਖਦਾ ਸੀ ਤੇ ਜਿਸ ਦੀ ਮਹਿਮਾ ਰਾਮਾਇਣ ਵਿਚ ਗਾਈ ਮਿਲਦੀ ਹੈ।

ਪਰਸੁਰਾਮ ਕੋਲ ਵੀ ਇਕ ਸ਼ਕਤੀਸ਼ਾਲੀ ਧਨੁਸ਼ 'ਵੈਸ਼ਨਵ ਧਨੁ' ਸੀ। ਜਿਸ ਨੂੰ ਪਰਸੁਰਾਮ ਤੋਂ ਬਿਨਾ ਹੋਰ ਕੋਈ ਉਠਾ ਨਹੀਂ ਸੀ ਸਕਦਾ। ਇਸੇ ਧਨੁਸ਼ ਨਾਲ ਪਰਸੁਰਾਮ ਨੇ ਖੱਤ੍ਰੀਆਂ ਦਾ ਨਾਸ਼ ਕੀਤਾ ਸੀ। ਜਦੋਂ ਪਰਸੁਰਾਮ, ਰਾਮ ਨੂੰ ਮਿਲਿਆ ਤਾਂ ਪਰਸੁਰਾਮ ਨੇ ਰਾਮ ਨੂੰ ਇਸ ਧਨੁਸ਼ ਉਤੇ ਆਪਣਾ ਬਲ ਪਰਖਣ ਲਈ ਲਲਕਾਰਿਆ। ਰਾਮ ਨੇ ਇਸ ਧਨੁਸ਼ ਦੁਆਰਾ ਤੀਰ ਚਲਾ ਕੇ ਵਿਖਾਇਆ।

ਅਰਜਨ ਕੋਲ ਇਕ ਅਜਿੱਤ ਧਨੁਸ਼ ਗੰਡੀਵ ਸੀ, ਜੋ ਉਸ ਨੇ ਅਗਨੀ ਦੇਵਤੇ ਨਾਲ ਯੁੱਧ ਕਰ ਕੇ ਜਿੱਤਿਆ ਸੀ। ਇਸ ਧਨੁਸ਼ ਬਾਰੇ ਕਿਹਾ ਜਾਂਦਾ ਹੈ ਕਿ ਇਹ ਸਭ ਤੋਂ ਪਹਿਲਾਂ ਬ੍ਰਹਮਾ ਨੇ ਪਰਜਾਪਤੀ ਨੂੰ ਸਮਰਪਣ ਕੀਤਾ। ਪਰਜਾਪਤੀ ਤੋਂ ਇਹ ਸ਼ੰਕਰ ਕੋਲ ਪੁਜਿਆ, ਜਿਸ ਨੇ ਇਹ ਸੋਮ ਦੇਵਤੇ ਨੂੰ ਦਿਤਾ। ਸੋਮ ਨੇ ਇਹ ਧਨੁਸ਼ ਵਰੁਣ ਨੂੰ ਭੇਟ ਕੀਤਾ, ਜਿਸ ਨੇ ਸੰਸਾਰ ਦੇ ਨਾਸ਼ ਲਈ ਇਹ ਕੋਲ ਰਖ ਲਿਆ, ਤੇ ਅਖੀਰ ਇਹ ਅਰਜਨ ਦੇ ਹੱਥ ਜਾ ਚੜ੍ਹਿਆ।

ਕ੍ਰਿਸ਼ਨ ਕੋਲ 'ਸੁਰੰਗਾ' ਨਾਂ ਦਾ ਇਕ ਧਨੁਸ਼ ਸੀ, ਜੋ ਬੜਾ ਸ਼ਕਤੀਸ਼ਾਲੀ ਸੀ ਤੇ ਜਿਸ ਨੂੰ ਚਲਾਉਣ ਕਰ ਕੇ ਹੀ ਕ੍ਰਿਸ਼ਨ ਦਾ ਨਾਂ 'ਸੁਰੰਗਧਾਰ' ਪੈ ਗਿਆ।

ਧਨੁਸ਼ ਦੀ ਕਲਾ ਪ੍ਰਾਚੀਨ ਕਾਲ ਵਿਚ ਇਤਨੀ ਮਹਾਨਤਾ ਰਖਦੀ ਸੀ ਕਿ ਵੈਦਿਕ ਕਾਲ ਵਿਚ ਧਨੁਰਵੇਦ ਨਾਉਂ ਦਾ ਇਕ ਉਪਵੇਦ ਰਚਿਆ ਗਿਆ ਜਿਸ ਦੁਆਰਾ ਵਿਦਿਆਰਥੀਆਂ ਨੂੰ ਸਿਖਿਆ ਦਿਤੀ ਜਾਂਦੀ ਸੀ।

(ਧ-10) **ਧਮੱਕੜਾ** :

ਤੀਵੀਆਂ ਦਾ ਇਕ ਲੋਕ-ਨਾਚ, ਜੋ ਮਨ ਦੀ ਖ਼ੁਸ਼ੀ ਪ੍ਰਗਟ ਕਰਨ ਲਈ ਨਚਿਆ ਜਾਂਦਾ ਹੈ। ਇਹ ਨਾਚ ਲੁੱਡੀ

(ਧ-11) **ਧਮ੍ਹਾਣ** :

ਬੱਚੇ ਦੇ ਜੰਮਣ ਦੇ ਪਹਿਲੇ ਤੇਰ੍ਹਾਂ ਦਿਨਾਂ ਦਾ ਸਮਾਂ; ਇਨ੍ਹਾਂ ਦਿਨਾਂ ਵਿਚ ਬੱਚੇ ਤੇ ਉਸ ਦੀ ਮਾਂ ਨੂੰ ਚਿਲ੍ਹੇ ਵਿਚ ਹੀ ਰਖਿਆ ਜਾਂਦਾ ਹੈ ਤੇ ਉਥੇ ਨੇੜੇ ਦੇ ਸਕੇ ਸੰਬੰਧੀਆਂ ਤੋਂ ਬਗ਼ੈਰ ਕਿਸੇ ਨੂੰ ਨਹੀਂ ਜਾਣ ਦਿਤਾ ਜਾਂਦਾ। ਧਮ੍ਹਾਣ ਦੇ ਦਿਨੀਂ ਬੱਚੇ ਤੇ ਉਸ ਦੀ ਮਾਂ ਦੋਹਾਂ ਦੀ ਜਾਨ 'ਕੱਚੀ' ਸਮਝੀ ਜਾਂਦੀ ਹੈ ਤੇ ਧਾਰਨਾ ਹੈ ਕਿ ਉਨ੍ਹਾਂ ਉਤੇ ਮੰਦੀ ਨਜ਼ਰ ਤੇ ਬਦ-ਰੂਹਾਂ ਦਾ ਚੰਦਰਾ ਅਸਰ ਛੇਤੀ ਹੁੰਦਾ ਹੈ। ਉਪਾਅ ਵਜੋਂ ਜੱਚਾ ਦੇ ਸਿਰਹਾਣੇ ਹੇਠ, ਲੋਹੇ ਦੀ ਛੁਰੀ ਜਾਂ ਦਾਤ੍ਰੀ ਰਖੀ ਜਾਂਦੀ ਹੈ ਤਾਂ ਜੋ ਬਦਰੂਹਾਂ ਦੂਰ ਰਹਿਣ। ਚਿਲ੍ਹੇ ਦੇ ਅੰਦਰ ਇਕ ਕੁੰਭ ਉਤੇ ਦੀਵੇ ਦੀ ਜੋਤ ਹਮੇਸ਼ਾ ਜਗਦੀ ਰਖੀ ਜਾਂਦੀ ਹੈ।

ਲਹਿੰਦੇ ਦੇ ਇਲਾਕੇ ਵਿਚ ਧਮ੍ਹਾਣ ਦੇ ਦਿਨਾਂ ਵਿਚ, ਜੱਚਾ ਨੂੰ ਧਰਤੀ ਉਤੇ ਹੀ ਲਿਟਾਇਆ ਜਾਂਦਾ ਹੈ। ਕਈ ਜਾਤੀਆਂ ਵਿਚ ਧਮ੍ਹਾਣ ਦੇ ਦਿਨਾਂ ਵਿਚ ਬਾਲ ਨੂੰ, ਉਸ ਦੀ ਮਾਂ ਤੋਂ ਵਖਰੇ ਰਖਣ ਦੀ ਵੀ ਪ੍ਰਥਾ ਹੈ।

ਤੇਰ੍ਹਵੇਂ ਦਿਨ ਧਮ੍ਹਾਣ ਦੀ ਖਾਸ ਰਸਮ ਕੀਤੀ ਜਾਂਦੀ ਹੈ। ਇਸ ਦਿਨ ਬਾਲ ਤੇ ਉਸ ਦੀ ਮਾਂ ਨੂੰ ਕੋਸੀ ਇਸ਼ਨਾਨ ਕਰਵਾਇਆ ਜਾਂਦਾ ਅਤੇ ਅੰਗ ਸਾਕਾਂ ਤੇ ਗਲੀ ਗੁਆਂਢ ਵਿਚ ਕੜਾਹ, ਸੀਰਾ, ਗੁੜ ਜਾਂ ਪਤਾਸੇ ਆਦਿ ਵੰਡੇ ਜਾਂਦੇ ਹਨ। ਕਈ ਧਨੀ ਲੋਕ ਇਸ ਸ਼ੁਭ ਅਵਸਰ ਤੇ ਭਾਈਚਾਰੇ ਨੂੰ ਭੋਜ ਵੀ ਦੇਂਦੇ ਹਨ। ਜਿਨ੍ਹਾਂ ਜਾਤੀਆਂ ਵਿਚ ਧਮ੍ਹਾਣ ਤਕ ਬੱਚੇ ਨੂੰ ਮਾਂ ਤੋਂ ਵਖਰਾ ਰਖਿਆ ਜਾਂਦਾ ਜਾਂ ਫਿਰ ਮਾਂ ਨੂੰ ਧਰਤੀ ਉਤੇ ਲਿਟਾਇਆ ਜਾਂਦਾ ਹੈ, ਉਨ੍ਹਾਂ ਵਿਚ ਧਮ੍ਹਾਣ ਦੀ ਰੀਤ ਸਮੇਂ ਬੱਚੇ ਨੂੰ ਮਾਂ ਦੇ ਹਵਾਲੇ ਕਰ ਦਿਤਾ ਜਾਂਦਾ ਤੇ ਮਾਂ ਬੱਚੇ ਨੂੰ ਲੈ ਕੇ ਮੰਜੇ ਉਤੇ ਬੈਠਦੀ ਹੈ।

ਧਮ੍ਹਾਣ ਦੀ ਰੀਤ ਕਈ ਜਾਤਾਂ ਵਿਚ ਸਤਾਰ੍ਹਵੇਂ ਦਿਨ ਵੀ ਕੀਤੀ ਜਾਂਦੀ ਹੈ।

ਅੱਟਕ ਦੇ ਜ਼ਿਲੇ ਦੇ ਹਿੰਦੂਆਂ ਵਿਚ ਇਸ ਦਿਨ ਬੱਚੇ ਦਾ ਸਿਰ ਨਾਈ ਮੁੰਨਦਾ ਹੈ। ਬੱਚੇ ਦਾ ਨਾਮ ਸੰਸਕਾਰ ਕੀਤਾ ਜਾਂਦਾ, ਨਾਈ ਤੇ ਹੋਰ ਲਾਗੀਆਂ ਨੂੰ ਲਾਗ ਦਿਤੀ ਜਾਂਦੀ ਹੈ।

(ਧ-12) **ਧਮਾਰ** :

ਹੋਲੀਆਂ ਦੇ ਦਿਨਾਂ ਵਿਚ ਮਰਦ ਤੇ ਇਸਤ੍ਰੀਆਂ ਨਿੱਕੀਆਂ ਵਡੀਆਂ ਮੰਡਲੀਆਂ ਬਣਾ ਕੇ ਨਿਕਲਦੇ ਹਨ, ਅਤੇ ਉਹ ਡੰਡਕੜੇ ਵਜਾਂਦੇ, ਨੱਚਦੇ ਟੱਪਦੇ ਹੋਏ ਗੀਤ ਗਾਂਦੇ ਜਾਂਦੇ ਹਨ। ਇਸ ਨੱਚਣ ਗਾਇਨ ਨੂੰ ਧਮਾਰ ਕਹਿੰਦੇ

(ਧ-13) **ਧਮਾਲ** :

(ੳ) ਪੰਜਾਬ ਦਾ ਇਕ ਲੋਕ-ਨਾਚ ਜੋ ਲਹਿੰਦੇ ਖੇਤਰ 'ਚ ਬੜਾ ਲੋਕ-ਪ੍ਰਿਅ ਹੈ। ਮੁਸਲਮਾਨ ਫ਼ਕੀਰ ਇਸ ਨਾਚ ਨੂੰ ਬੜੇ ਚਾਉ ਨਾਲ ਢੋਲ ਨਾਲ ਨੱਚਦੇ ਹਨ। ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ, ਜੋ ਪਹਿਲਾਂ ਜਲਾਲੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਇਸੇ ਨਾਚ ਨੂੰ ਨੱਚਣ ਕਰਕੇ 'ਧਮਾਲੀ' ਦੇ ਨਾਂ ਨਾਲ ਪ੍ਰਸਿਧ ਹੈ। ਇਹ ਨਾਚ ਦੋਵੇਂ ਬਾਹਵਾਂ ਉਪਰ ਵਲ ਫੈਲਾ ਕੇ ਨੱਚਿਆ ਜਾਂਦਾ ਹੈ। ਇਸ ਨਾਚ ਦੀ ਕੋਈ ਬੱਝਵੀਂ ਸ਼ੈਲੀ ਨਹੀਂ, ਅੰਦਰ ਦੀ ਖ਼ੁਸ਼ੀ ਨੂੰ ਨੱਚ ਕੁਦ ਕੇ ਪ੍ਰਗਟ ਕੀਤਾ ਜਾਂਦਾ ਹੈ। ਮੱਧਕਾਲ ਵਿਚ ਸੂਫ਼ੀਆਂ ਦੇ ਡੇਰਿਆਂ ਵਿਚ ਧਮਾਲ ਪਾਉਣ ਦੀ ਪ੍ਰਥਾ ਆਮ ਸੀ।

(ਅ) ਝੂੰਮਰ ਨਾਚ ਦਾ ਇਕ ਤਾਲ; ਝੂੰਮਰ ਦੇ ਨਾਚ ਵੇਲੇ ਤਿੰਨ ਤਰ੍ਹਾਂ ਦੇ ਤਾਲ ਕਢੇ ਜਾਂਦੇ ਹਨ। ਇਕ ਮੱਠਾ ਮੱਠਾ ਤੇ ਨਿੰਮ੍ਹਾ, ਦੂਜਾ ਤੇਜ਼ ਤੇ ਤੀਜਾ ਬਹੁਤ ਤੇਜ਼। ਮੱਠੇ ਤਾਲ ਨੂੰ 'ਝੂੰਮਰ ਦਾ ਤਾਲ' ਕਹਿੰਦੇ ਹਨ, ਤੇਜ਼ ਨੂੰ 'ਚੀਣਾ ਛੜਨ ਦਾ ਤਾਲ' ਤੇ ਬਹੁਤ ਤੇਜ਼ ਨੂੰ 'ਧਮਾਲ ਦਾ ਤਾਲ' ਆਖਦੇ ਹਨ।

(ਧ-14) **ਧਮਾਲ ਖੇਡਣਾ** :

ਸ਼ਾਹ ਮਦਾਰ ਦੇ ਪੈਰੋਕਾਰ, ਬਲਦੀ ਹੋਈ ਅੱਗ ਵਿਚ ਕੁਦ ਕੇ 'ਦਮ ਮਦਾਰ' 'ਦਮ ਮਦਾਰ' ਕੂਕਦੇ ਹਨ ਅਤੇ ਅੱਗ ਦੇ ਕੋਲਿਆਂ ਨੂੰ ਪੈਰਾਂ ਨਾਲ ਦਬਾ ਕੇ ਬੁਝਾ ਦੇਂਦੇ ਜਾਂ ਖਿੰਡਾ ਦੇਂਦੇ ਹਨ। ਇਸ ਕਿਰਿਆ ਨੂੰ ਉਹ 'ਧਮਾਲ ਖੇਡਣਾ' ਕਹਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਸ਼ਾਹ ਮਦਾਰ ਦੀ ਬਰਕਤ ਸਦਕਾ, ਉਨ੍ਹਾਂ ਦੇ ਪੈਰਾਂ ਨੂੰ ਸੇਕ ਤਕ ਨਹੀਂ ਪਹੁੰਚਦਾ। ਧਮਾਲ ਖੇਡਣ ਨਾਲ ਉਨ੍ਹਾਂ ਤੇ ਸੱਪ ਅਠੂਏਂ ਦੇ ਜ਼ਹਿਰ ਦਾ ਅਸਰ ਨਹੀਂ ਹੁੰਦਾ (ਵੇਖੋ : ਸ਼ਾਹ ਮਦਾਰ)।

(ਧ-15) **ਧਮੂੜੀ** :

ਧਮੂੜੀ/ਭੇਮੂੰ ਜੇ ਡੰਗ ਮਾਰ ਜਾਵੇ ਤਾਂ ਇਸ ਦੀ ਵਿਸ਼ ਉਤਾਰਨ ਲਈ ਸਿਆਣੇ 'ਝਾੜਾ' ਕਰਦੇ ਹਨ। ਛੁਰੀ ਨਾਲ ਇਕ ਗੋਲ ਚੱਕਰ ਵਾਹ ਕੇ, ਰੋਗੀ ਨੂੰ ਉਸ 'ਚ ਬਿਠਾ ਦਿਤਾ ਜਾਂਦਾ ਹੈ ਤੇ ਫਿਰ ਮੰਤ੍ਰ ਪੜ੍ਹਦਿਆਂ ਹੋਇਆਂ ਡੰਗੀ ਹੋਈ ਥਾਂ ਤੇ ਫੂਕਾਂ ਮਾਰੀਆਂ ਜਾਂਦੀਆਂ ਤੇ ਕਿਸੇ ਟਹਿਣੀ ਨਾਲ ਡੰਗ ਝਾੜਿਆ ਜਾਂਦਾ ਹੈ।

ਮੁਹੱਲੇ ਦੀਆਂ ਪੰਜ ਕੰਜ-ਕੁਆਰੀਆਂ ਨੂੰ ਘਰ ਸੱਦ ਕੇ ਪੂੜੀਆਂ-ਕੜਾਹ ਖਵਾਇਆ ਜਾਂਦਾ, ਦੱਖਣਾ ਵਜੋਂ ਪੈਸਾ ਟੱਕਾ ਵੀ ਦਿਤਾ ਜਾਂਦਾ ਹੈ । ਕੰਜ-ਕੁਆਰੀਆਂ ਨੂੰ 'ਸੀਤਲਾ ਮਾਤਾ' ਦਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ। ਇਨ੍ਹਾਂ ਕੰਜਕਾਂ ਨੂੰ 'ਧੂਸ ਕੰਜਕਾਂ' ਕਹਿੰਦੇ ਹਨ ।

(ਧ-17) **ਧੂਜਿਗੜ** :

ਪੁਨਰ ਵਿਆਹ ਦੀ ਇਕ ਰਸਮ, ਜਿਸ ਅਨੁਸਾਰ ਵਿਧਵਾ ਤੀਵੀਂ ਨੂੰ ਬਾਂਹ ਵਿਚ ਇਕ ਚੂੜੀ ਪਾ ਕੇ ਘਰ ਵਸਾ ਲਿਆ ਜਾਂਦਾ ਹੈ । ਇਹ ਪ੍ਰਥਾ ਪਛੜੀਆਂ ਜਾਤੀਆਂ ਵਿਚ ਵਧੇਰੇ ਪ੍ਰਚਲਤ ਹੈ ।

(ਧ-18) **ਧਰਣ ਪੈਣਾ** :

ਧੁੰਨੀ ਦੀ ਨਾੜ ਦਾ ਆਪਣੀ ਥਾਂ ਤੋਂ ਹਿਲ ਜਾਣ ਨੂੰ 'ਧਰਣ ਪੈਣਾ' ਕਹਿੰਦੇ ਹਨ। ਧਰਣ ਨੂੰ ਮੁੜ ਥਾਂ ਤੇ ਲਿਆਉਣ ਲਈ ਇਕ ਟੂਣਾ ਕੀਤਾ ਜਾਂਦਾ ਹੈ। ਮੌਲੀ ਦਾ ਧਾਗਾ ਲੈ ਕੇ ਧੁੰਨੀ ਦੁਆਲੇ ਵਲ ਦਿਤਾ ਜਾਂਦਾ ਹੈ। ਕਈ ਲੋਕ ਮੰਤ੍ਰੇ ਹੋਏ ਧਾਗੇ ਨੂੰ ਧੁੰਨੀ ਦੁਆਲੇ ਲਪੇਟ ਦੇਂਦੇ ਹਨ । ਧਰਣ ਦੇ ਦਰਦ ਦਾ ਇਲਾਜ ਝਾੜੇ ਨਾਲ ਵੀ ਕੀਤਾ ਜਾਂਦਾ ਹੈ ।

(ਧ-19) **ਧਰਣੀ ਦੇਵੀ** :

(ਵੇਖੋ : ਧਰਤੀ ਮਾਤਾ) ।

(ਧ-20) **ਧਰਣੀਧਰ** :

ਪੌਰਾਣਿਕ ਕਥਾਵਾਂ ਅਨੁਸਾਰ ਪ੍ਰਿਥਵੀ ਕਿਸੇ ਪ੍ਰਾਣੀ ਦੇ ਆਸਰੇ ਖੜੀ ਹੈ । ਕਿਸੇ ਕਥਾ ਵਿਚ ਇਸ ਜੀਵ ਦਾ ਨਾਉਂ ਧੌਲਾ ਬਲਦ ਹੈ, ਕਿਸੇ ਕਥਾ ਵਿਚ ਕਛੂਕੰਮਾ ਜਾਂ ਸ਼ੇਸ਼ਨਾਗ । ਇਨ੍ਹਾਂ ਸਭਨਾਂ ਨੂੰ ਧਰਣੀ ਧਰ ਕਿਹਾ ਜਾਂਦਾ ਹੈ, ਕਿਉਂ ਜੋ ਇਨ੍ਹਾਂ ਨੇ ਧਰਤੀ ਨੂੰ ਆਪਣੇ ਉਪਰ ਧਾਰਨ ਕੀਤਾ ਹੋਇਆ ਹੈ ।

(ਧ-21) **ਧਰਤ** :

ਮੁਲਤਾਨ ਦੇ ਜ਼ਿਲੇ ਵਿਚ ਮੈਲਸੀ ਤਹਿਸੀਲ ਦੇ ਕੁਝ ਵਡੇ ਵਡੇ ਪਿੰਡਾਂ ਵਿਚ ਰਵਾਜ ਰਿਹਾ ਹੈ ਕਿ ਪਿੰਡ ਵਿਚ ਤੁੱਲੀ ਗਈ ਸਾਰੀ ਫ਼ਸਲ ਉੱਤੇ ਕੁਝ 'ਚੁੰਗੀ' ਵਸੂਲ ਕੀਤੀ ਜਾਂਦੀ ਹੈ । ਇਹ ਰਕਮ ਨੰਬਰਦਾਰ 'ਕੱਠੀ ਕਰਦਾ ਹੈ ।

(ਧ-22) **ਧਰਣੀ ਦਾ ਨੇਤਰ** :

ਕਟਾਸ ਦਾ ਤੀਰਥ ਅਸਥਾਨ; ਇਸ ਨੂੰ ਧਰਤੀ ਦਾ ਨੇਤਰ ਮੰਨਿਆ ਜਾਂਦਾ ਹੈ । ਪੁਰਾਣਾਂ ਅਨੁਸਾਰ ਕਟਾਸ ਧਰਤੀ ਦੀ ਤੀਜੀ ਅੱਖ ਹੈ । ਬਾਕੀ ਦੋ ਅੱਖਾਂ ਕੁਰਛੇਤਰ ਤੇ ਥਾਨੇਸਰ ਮੰਨੀਆਂ ਜਾਂਦੀਆਂ ਹਨ (ਵੇਖੋ : ਕਟਾਸ) ।

(ਧ-23) **ਧਰਤੀ ਮਾਤਾ** :

ਧਰਤੀ ਮਾਤਾ ਨੂੰ ਧਰਨੀ ਦੇਵੀ ਵੀ ਕਹਿੰਦੇ ਹਨ, ਇਸ ਦੀ ਪੂਜਾ ਪੂਰਵ-ਇਤਿਹਾਸਕ ਕਾਲ ਤੋਂ ਪ੍ਰਚਲਤ ਹੈ । ਧਰਤੀ ਸਿਰਫ਼ ਅੰਨ-ਦਾਤਾ ਤੇ ਫਲ-ਦਾਤਾ ਹੀ ਨਹੀਂ, ਧਰਤੀ ਉਪਰ ਵਸਦੇ ਸਭ ਪ੍ਰਾਣੀਆਂ ਤੇ ਬਨਸਪਤੀ ਦੀ ਰਖਿਅਕ ਤੇ ਪਾਲਕ ਵੀ ਹੈ ।

ਧਰਨੀ ਦੇਵੀ ਭੂਮੀ ਦੇ ਰੂਪ ਵਿਚ ਹਰ ਥਾਂ ਵਿਆਪਕ ਹੈ, ਉਸ ਨੂੰ ਛੂਹ ਕੇ ਪੂਜਿਆ ਜਾ ਸਕਦਾ ਹੈ । ਇਸ ਲਈ ਧਰਤੀ ਦੀ ਕੋਈ ਮਾੜ੍ਹੀ ਜਾਂ ਪੂਜਾ ਅਸਥਾਨ ਨਹੀਂ ਸਿਰਜਿਆ ਜਾਂਦਾ ਤੇ ਨਾ ਇਸ ਦੀ ਕੋਈ ਮੂਰਤੀ ਬਣਾਈ ਜਾਂਦੀ ਹੈ । ਫਿਰ ਵੀ ਕਈ ਪਿੰਡਾਂ ਵਿਚ ਕਿਸੇ ਪਵਿਤਰ ਦਰਖ਼ਤ ਹੇਠਾਂ ਪਥਰਾਂ, ਗੀਟਿਆਂ ਜਾਂ ਠੀਕਰੀਆਂ ਦੀ ਢੇਰੀ ਜਿਹੀ ਵੇਖਣ ਨੂੰ ਮਿਲਦੀ ਹੈ । ਲੋਕੀ ਇਥੇ ਹੀ ਧਰਨੀ ਦੇਵੀ ਦੀਆਂ ਸੁੱਖਣਾ ਸੁੱਖਦੇ ਤੇ ਦੁੱਧ, ਫਲ ਤੇ ਅੰਨ ਭੇਟ ਕਰਦੇ ਹਨ । ਇਥੇ ਹੀ ਧਰਨੀ ਨਮਿਤ ਘਿਉ ਦੇ ਦੀਵੇ ਬਾਲੇ ਜਾਂਦੇ ਹਨ ।

ਦੁੱਧ ਚੋਣ ਵੇਲੇ ਪਹਿਲੀਆਂ ਕੁਝ ਧਾਰਾਂ ਧਰਤੀ ਮਾਤਾ ਨੂੰ ਭੇਟ ਕੀਤੀਆਂ ਜਾਂਦੀਆਂ ਹਨ । ਨਵੀਂ ਸੂਈ ਮਝ, ਗਊ ਦੀਆਂ ਪਹਿਲੀਆਂ ਕੁਝ ਧਾਰਾਂ ਵੀ ਧਰਤੀ ਮਾਤਾ ਦੇ ਭੇਟ ਕੀਤੀਆਂ ਜਾਂਦੀਆਂ ਹਨ, ਦੁੱਧ ਦੀ ਬਰਕਤ ਵਧਦੀ ਹੈ । ਜਦੋਂ ਕੋਈ ਨਵਾਂ ਲਵੇਰਾ ਖ਼ਰੀਦ ਕੇ ਘਰ ਲਿਆਂਦਿਆ ਜਾਂਦਾ ਹੈ ਤਾਂ ਵੀ ਉਸ ਦੀਆਂ ਪਹਿਲੀਆਂ ਧਾਰਾਂ ਧਰਤੀ ਮਾਤਾ ਦੇ ਭੇਟ ਕੀਤੀਆਂ ਜਾਂਦੀਆਂ ਹਨ ।

ਹੱਲ ਵਾਹੁਣ ਤੇ ਬੀਜ ਬੀਜਣ ਵੇਲੇ ਧਰਤੀ ਪੂਜੀ ਜਾਂਦੀ ਹੈ । ਇਸ ਮੌਕੇ ਉਤੇ ਗੁੜ ਦੀ ਭੇਲੀ ਜਾਂ ਕੁਝ ਰੋੜੀਆਂ ਧਰਤੀ ਨੂੰ ਭੇਟ ਕੀਤੀਆਂ ਜਾਂਦੀਆਂ ਹਨ । ਹੱਲ ਵਾਹਣ ਤੇ ਬੀਜ ਬੀਜਣ ਸਮੇਂ ਧਰਤੀ ਮਾਤਾ ਦੀ ਪੂਜਾ ਕਰਨ ਵੇਲੇ ਇਉਂ ਪ੍ਰਾਰਥਨਾ ਕੀਤੀ ਜਾਂਦੀ ਹੈ :

ਹੇ ਧਰਨੀ ਮਾਈ !
ਦੁੱਖ ਦਲਿਦਰ ਘਟੇ
ਕੁਲ ਬਲਾਅ ਨਠੇ ।
ਅੰਨ ਦੇਈਂ, ਧਨ ਦੇਈਂ
ਅੰਦਰ ਭਰੀਂ, ਬਾਹਰ ਭਰੀਂ ।

ਫਸਲ ਦੀ ਵਾਢੀ ਵੇਲੇ ਕੁਝ ਕੁ ਬੂਟੇ ਧਰਨੀ ਦੇਵੀ ਦੀ ਭੇਟਾ ਵਜੋਂ ਛਡ ਦਿਤੇ ਜਾਂਦੇ ਹਨ ਅਤੇ ਪ੍ਰਾਰਥਨਾ ਕੀਤੀ ਜਾਂਦੀ ਹੈ :

ਹੇ ਧਰਤੀ ਮਾਈ
ਮਿਹਰ ਦੀ ਨਜ਼ਰ ਪਾਈਂ
ਅਗਲੇ ਵਰ੍ਹੇ ਢਬ ਕੇ ਮੀਂਹ ਵਸਾਈਂ
ਕੋਠੇ ਅੰਨ ਭਰਾਈਂ ।

ਇਸੇ ਤਰ੍ਹਾਂ ਨਵੇਂ ਮਕਾਨ ਦੀ ਨੀਂਹ ਰਖਣ ਲਗਿਆਂ ਪਹਿਲਾਂ ਨਾਰੀਅਲ, ਸੰਧੂਰ, ਚਾਂਦੀ ਦੇ ਕੁਝ ਸਿੱਕੇ, ਮੋਤੀ, ਘੋਗੇ ਤੇ ਕੌਡੀਆਂ ਆਦਿ ਮੌਲੀ ਦੇ ਧਾਗੇ ਵਿਚ ਪਰੋ ਕੇ ਧਰਨੀ ਮਾਈ ਦੀ ਭੇਟ ਚੜ੍ਹਾਏ ਜਾਂਦੇ ਹਨ ।

ਧਰਤੀ ਦੇ ਅੰਦਰ ਖੁਦਾਈ ਕਰਨ ਨਾਲ ਧਰਤੀ ਦਾ ਸੀਨਾ ਚੀਰਿਆ ਜਾਂਦਾ ਮੰਨਦੇ ਹਨ, ਇਸ ਲਈ ਮਕਾਨ ਦੀਆਂ ਨੀਹਾਂ ਰਖਣ ਤੇ ਖੂਹ ਖੁਣਨ ਵੇਲੇ, ਪਹਿਲਿਆਂ ਵਿਚ ਬਲੀ ਦਿਤੀ ਜਾਂਦੀ ਸੀ । ਮਨੁਖੀ ਬਲੀ ਦਾ ਵੀ ਰਿਵਾਜ ਸੀ, ਜਿਸ ਦੀ ਥਾਂ ਬਾਅਦ ਵਿਚ ਨਾਰੀਅਲ ਨੇ ਲੈ ਲਈ ਕਿਉਂ ਜੋ ਇਸ ਦੀ ਸ਼ਕਲ ਮਨੁਖ ਦੀ ਮੁੰਡੀ ਨਾਲ ਮਿਲਦੀ ਹੈ । ਖੂਹ ਖੁਣਨ ਤੋਂ ਪਹਿਲਾਂ ਧਰਤੀ ਮਾਤਾ ਦੀ ਪੂਜਾ ਕੀਤੀ ਜਾਂਦੀ ਹੈ ।

ਕਈ ਰੋਗੀ ਦਵਾਈ ਖਾਣ ਤੋਂ ਪਹਿਲਾਂ ਥੋੜ੍ਹੀ ਜਿਹੀ ਦਵਾਈ ਧਰਤੀ ਉਤੇ ਛਿੜਕਦੇ ਹੋਏ ਕਹਿੰਦੇ ਹਨ :

ਧਰਤੀ ਮਿਹਰ ਕਰੇ,
ਦੁਖ ਦਰਦ ਹਰੇ ।

ਜੇ ਦਵਾਈ ਹਥੋਂ ਛਲਕ ਕੇ ਹੇਠਾਂ ਡੁਲ੍ਹ ਪਏ ਤਾਂ ਇਸਨੂੰ ਸੁਭ ਮੰਨਿਆ ਜਾਂਦਾ ਹੈ । ਧਰਤੀ ਦੀ ਮਿਹਰ ਹੁੰਦੀ ਹੈ । ਰੋਗੀ ਛੇਤੀ ਨਵਾਂ ਨਰੋਆ ਹੋ ਜਾਂਦਾ ਹੈ ।

ਕਈ ਚੋਰ ਉਚੱਕੇ, ਚੋਰੀ ਕਰਨ ਤੋਂ ਪਹਿਲਾਂ ਧਰਤੀ ਵਿਚ ਇਕ ਨਿੱਕਾ ਜਿਹਾ ਟੋਹਾ ਪੁਟ ਕੇ ਉਸ ਵਿਚ ਨਿੱਠ ਕੇ ਬੈਠ ਜਾਂਦੇ ਹਨ ਤੇ ਆਪਣੇ ਸਿਰ ਉਪਰ ਮਿੱਟੀ ਬਿਖੇਰ ਲੈਂਦੇ ਹਨ । ਭਾਵ ਉਹ ਧਰਤੀ ਮਾਤਾ ਦੀ ਸ਼ਰਨ ਵਿਚ ਹਨ, ਹੁਣ ਉਹੀ ਉਹਨਾਂ ਦੀ ਰਖਿਆ ਕਰੇ ।

ਸੰਕਟ ਵੇਲੇ ਔਰਤਾਂ ਧਰਤੀ ਮਾਂ ਨੂੰ ਰਖਿਆ ਲਈ ਦੋਹਾਈ ਦੇਂਦੀਆਂ ਹਨ । ਧਾਰਨਾ ਹੈ ਕਿ ਸਤਿ ਦੀ ਪਤ ਧਰਤੀ ਰਖਦੀ ਹੈ । ਸੀਤਾ ਨੇ ਸਤਿ ਦੀ ਦੁਹਾਈ ਪਾ ਕੇ ਧਰਤੀ ਨੂੰ ਮਦਦ ਲਈ ਪੁਕਾਰਿਆ ਤੇ ਉਸ ਨੂੰ ਧਰਤੀ ਨੇ ਪਾਟ ਕੇ ਆਪਣੇ ਵਿਚ ਸਮਾ ਲਿਆ । ਇਸੇ ਤਰ੍ਹਾਂ ਸੱਸੀ

ਧਰਤੀ ਮਾਤਾ ਦਾ ਦਰਜਾ ਸੂਰਜ ਤੋਂ ਮਗਰੋਂ ਆਉਂਦਾ ਹੈ । ਪਹਿਲਾਂ ਸੂਰਜ ਨੂੰ ਪੂਜਿਆ ਜਾਂਦਾ ਤੇ ਫਿਰ ਧਰਤੀ ਨੂੰ । ਬਾਅਦ ਵਿਚ ਜਦੋਂ ਪਹਿਲਾਂ ਸਰਸਵਤੀ ਦੇਵੀ ਅਤੇ ਮਗਰੋਂ ਜਮਨਾ ਗੰਗਾ ਨੂੰ ਦੇਵੀ ਦੇ ਰੂਪ ਵਿਚ ਪੂਜਨੀਕ ਮੰਨਿਆ ਜਾਣ ਲਗਾ ਤਾਂ ਧਰਤੀ ਮਾਤਾ ਦੀ ਗਿਣਤੀ ਇਨ੍ਹਾਂ ਤੋਂ ਮਗਰੋਂ ਹੋਣ ਲਗੀ । ਆਮ ਤੌਰ ਉਤੇ ਸੂਰਜ ਚੜ੍ਹਦੇ ਸਾਰ ਪਹਿਲਾਂ ਸੂਰਜ ਨੂੰ ਬੰਦਨਾ ਕੀਤੀ ਜਾਂਦੀ ਹੈ ਤੇ ਫਿਰ ਧਰਤੀ ਨੂੰ ।

ਲੋਕ ਧਰਮ ਵਿਚ ਸੀਤਾ ਨੂੰ ਧਰਨੀ ਦੇਵੀ ਦਾ ਅਵਤਾਰ, ਮੰਨਿਆ ਜਾਂਦਾ ਹੈ । ਸੀਤਾ ਧਰਤੀ ਵਿਚੋਂ ਹੀ ਨਿਮੀ ਸੀ । ਜਦੋਂ ਰਾਜਾ ਜਨਕ ਦੇ ਦੇਸ਼ ਵਿਚ ਕਾਲ ਪੈ ਗਿਆ ਸੀ ਤਾਂ ਰਾਜੇ ਨੇ ਸੋਨੇ ਦੇ ਹੱਲ ਨਾਲ ਆਪਣੇ ਹੱਥੀਂ ਧਰਤੀ ਵਾਹੀ ਤਾਂ ਹੱਲ ਦੀਆਂ ਸੀਆਂ ਹੇਠੋਂ ਸੀਤਾ ਨਿਕਲੀ । ਅਖੀਰ ਸੀਤਾ ਧਰਤੀ ਦੀ ਗੋਦ ਵਿਚ ਹੀ ਸਮਾ ਗਈ ।

ਧਰਤੀ ਮਾਤਾ ਪ੍ਰਾਣਧਾਰੀ ਹੈ ਅਤੇ ਉਸ ਵਿਚ ਆਤਮ-ਤੱਤ ਦੀ ਹੋਂਦ ਮੰਨੀ ਗਈ ਹੈ । ਹੋਰ ਪ੍ਰਾਣੀਆਂ ਵਾਂਗ ਉਹ ਕੁਝ ਦਿਨ ਸੌਂਦੀ ਵੀ ਹੈ । ਲੋਕ ਧਾਰਨਾ ਅਨੁਸਾਰ ਹਰ ਸੂਰਜ ਮਾਸ ਵਿਚ ਧਰਤੀ ਸੱਤ ਦਿਨ ਸੌਂਦੀ ਹੈ :

ਸੰਕਰਾਂਤ ਮਿਤੀ ਦਿਨ ਪੰਚਵੀਂ
ਨਾਵੇਂ ਸਤਵੇਂ ਸੋਇ
ਦਸ, ਇਕੀ, ਚੌਬੀਸਵੇਂ,
ਸਤ ਦਿਨ ਪ੍ਰਿਥਵੀ ਸੋਇ

ਭਾਵ ਹਰ ਸੂਰਜੀ ਮਾਸ ਦੇ ਪਹਿਲੇ, ਪੰਜਵੇਂ, ਸਤਵੇਂ, ਦਸਵੇਂ, ਇਕੀਵੇਂ ਤੇ ਚੌਵੀਵੇਂ ਦਿਨ 'ਧਰਤੀ ਮਾਤਾ' ਅਰਾਮ ਕਰਦੀ ਹੈ । ਸੋ, ਇਨ੍ਹਾਂ ਦਿਨਾਂ ਵਿਚ ਨਾ ਤਾਂ ਹਲ ਫੇਰਿਆ ਜਾਂਦਾ ਅਤੇ ਨਾ ਹੀ ਖੂਹ ਖੋਦਿਆ ਜਾਂਦਾ ਹੈ । ਜੇ ਮਿੱਟੀ ਪੁਟੀ ਜਾਵੇ ਤਾਂ ਧਰਤੀ ਮਾਤਾ ਦੀ ਨੀਂਦ ਉਖੜਨ ਕਰ ਕੇ ਦੁਖ ਝਾਗਣਾ ਪੈਂਦਾ ਹੈ, ਪਰ ਜੇ ਇਨ੍ਹਾਂ ਦਿਨਾਂ ਵਿਚ ਖੁਦਾਈ ਕਰਨ, ਹਲ ਵਾਹੁਣ ਜਾਂ ਖੂਹ ਖੁਣਨ ਦਾ ਕੰਮ ਪਹਿਲਾਂ ਤੋਂ ਹੀ ਛੁਹ ਰਖਿਆ ਹੋਵੇ ਤਾਂ ਜਾਰੀ ਰਖਣ ਵਿਚ ਕੋਈ ਹਰਜ਼ ਨਹੀਂ ।

ਧਰਤੀ ਮਾਤਾ ਔਰਤ ਹੈ ਅਤੇ ਔਰਤ ਹੋਣ ਦੇ ਨਾਤੇ ਇਸ ਨੂੰ ਤਿੰਨ ਦਿਨ ਰਿਤੂ ਆਉਂਦੀ ਹੈ ਅਤੇ ਹਰ ਚੰਦਰ ਮਾਸ ਤਿੰਨ ਦਿਨ ਧਰਤੀ ਅਪਵਿਤ੍ਰ ਹੁੰਦੀ ਹੈ । ਇਹ ਉਹ ਤਿੰਨ ਦਿਨ ਹਨ ਜਦੋਂ ਚੰਦਰਮਾ ਉੱਕਾ ਵਿਖਾਈ ਨਹੀਂ ਦਿੰਦਾ । ਅਮਾਵਸ ਤੇ ਉਸ ਤੋਂ ਦੋ ਦਿਨ ਪਹਿਲਾਂ । ਇਨ੍ਹਾਂ ਤਿੰਨ ਦਿਨਾਂ ਵਿਚ ਧਰਤੀ ਵਿਚ ਬੀਜ ਨਹੀਂ ਬੀਜਿਆ

ਯੁੱਗ ਦੀ ਰਹਿੰਦ-ਖੂੰਹਦ ਹਨ, ਜਦੋਂ ਸਾਡੇ ਪੂਰਵਜ ਧਰਤੀ ਵਿਚ ਆਤਮ-ਤੱਤ ਮੰਨ ਕੇ ਇਸ ਨੂੰ ਪੂਜਦੇ ਸਨ। ਧਰਤੀ ਕਲਿਆਨਕਾਰੀ ਹੈ. ਜਿਹੜਾ ਪ੍ਰਾਣੀ ਧਰਨੀ ਦੇਵੀ ਦੀ ਗੋਦ ਵਿਚ ਪ੍ਰਾਣ ਤਿਆਗਦਾ ਹੈ, ਧਰਨੀ ਦੇਵੀ ਅਗਲੇ ਲੋਕ ਵਿਚ, ਉਸ ਦੀ ਰਖਿਆ ਕਰਨਾ ਆਪਣਾ ਕਰਤੱਵ ਸਮਝਦੀ ਹੈ। ਇਸੇ ਲਈ ਜਦੋਂ ਕੋਈ ਪ੍ਰਾਣੀ ਅੰਤਮ ਸੁਆਸ ਲੈ ਰਿਹਾ ਹੁੰਦਾ ਹੈ ਤਾਂ ਉਸ ਨੂੰ ਮੰਜੇ ਤੋਂ ਉਤਾਰ ਕੇ ਜ਼ਿਮੀਂ ਉਤੇ ਲਿਟਾ ਦਿਤਾ ਜਾਂਦਾ ਹੈ।

ਇਹ ਵੀ ਧਾਰਨਾ ਹੈ ਕਿ ਧਰਤੀ ਉਤੇ ਲੇਟਿਆਂ ਚੰਦਰੀਆਂ ਰੂਹਾਂ ਨੇੜੇ ਨਹੀਂ ਢੁਕਦੀਆਂ। ਭੰਡਾਰੀ ਤੇ ਕਈ ਹੋਰ ਖਤਰੀ ਗੋਤਾਂ ਵਿਚ, ਜਣੇਪੇ ਦੇ ਦਿਨੀਂ ਜਣਨੀ ਨੂੰ ਧਰਤੀ ਉਤੇ ਸੰਵਾਣ ਦੀ ਰੀਤ ਪਿਛੇ ਇਹੋ ਭਾਵਨਾ ਹੈ।

ਮਰਨ ਮਗਰੋਂ ਹਿੰਦੂ ਛੋਟੇ ਬੱਚਿਆਂ ਦਾ ਦਾਹ ਸੰਸਕਾਰ ਨਹੀਂ ਕਰਦੇ ਸਗੋਂ ਉਸ ਨੂੰ ਧਰਤੀ ਵਿਚ ਦਬਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਇਸ ਤਰ੍ਹਾਂ ਉਹ ਬੱਚਾ ਮੁੜ ਧਰਤੀ ਉਤੇ ਜਨਮ ਲੈਂਦਾ ਹੈ। ਧਰਤੀ ਉਨ੍ਹਾਂ ਨੂੰ ਮੁੜ ਨਵੀਂ ਰੂਹ ਬਖ਼ਸ਼ਦੀ ਹੈ।

ਧਰਤੀ ਮਾਤਾ ਦੀ ਪੂਜਾ ਦੇ ਸਬੰਧ ਵਿਚ, ਪ੍ਰਾਚੀਨ ਕਾਲ ਵਿਚ ਨਦੀਆਂ ਦੇ ਕੰਢੇ ਇਕ ਖ਼ਾਸ ਮੇਲਾ ਕੱਤਕ ਦੀ ਪੂਰਨਮਾਸ਼ੀ ਨੂੰ ਲਗਿਆ ਕਰਦਾ ਸੀ। ਇਸ ਤਿੱਥ ਨੂੰ ਧਰਤੀ ਪੂਜਣ ਨਾਲ ਅਗਲੇ ਲੋਕ ਅਥਵਾ ਸਵਰਗ ਵਿਚ ਸਦੀਵੀ ਨਿਵਾਸ ਲਈ, ਇਕ ਵਿਸ਼ੇਸ਼ ਟੁਕੜਾ ਰਾਖਵਾਂ ਹੋ ਜਾਂਦਾ ਹੈ। ਜਿਸ ਤੋਂ ਇਸ ਪੁਰਬ ਦਾ ਨਾਂ 'ਸੁਰਗ ਟੁਕੜੀ' ਪੈ ਗਿਆ। ਧਨ-ਪੋਠੋਹਾਰ ਤੇ ਲਹਿੰਦੇ ਦੇ ਖੇਤਰ ਵਿਚ ਸੁਰਗ ਟੁਕੜੀ ਦੇਸ਼ ਵੰਡ ਤਕ ਮਨਾਈ ਜਾਂਦੀ ਰਹੀ ਤੇ ਉਧਰ ਦੇ ਹਿੰਦੂ ਇਧਰ ਵੀ ਇਹ ਪੁਰਬ ਮਨਾਉਂਦੇ ਹਨ। ਕੱਤਕ ਦੀ ਪੂਰਨਮਾਸ਼ੀ ਨੂੰ ਮਰਦ ਤੇ ਤੀਵੀਆਂ ਸਵੇਰੇ ਮੂੰਹ ਝਾਖਰੇ ਕਿਸੇ ਨਦੀ ਨਾਲੇ ਜਾਂ ਛੱਪੜ ਵਿਚ ਇਸ਼ਨਾਨ ਕਰਦੇ ਹਨ। ਫਿਰ ਕਾਨਿਆਂ ਦੇ ਢੂਹੜ ਦੇ ਚਾਰ ਚੁਫੇਰੇ ਸੱਤ ਦੀਵੇ ਰਖ ਕੇ ਇਹ ਗੀਤ ਗਾਇਆ ਜਾਂਦਾ ਹੈ :

ਅਗੇ ਅਗੇ ਦੀਵਾ ਬਲੇ
ਪਿਛੇ ਪਿਛੇ ਜਿੰਦੜੀ ਚਲੇ
ਮੇਰਾ ਦੀਵਾ ਦੇਵੇ ਤਾਰ
ਰਾਮ ਲਗਾਵੇ ਬੇੜਾ ਪਾਰ।

ਇਸ ਤੋਂ ਬਾਅਦ, ਖੇਤਾਂ ਵਿਚ ਮਿੱਟੀ ਦੇ ਢੇਲਿਆਂ ਦੀ ਇਕ ਝੁਗੀ ਬਣਾਈ ਜਾਂਦੀ ਹੈ ਅਤੇ ਇਸਦੇ ਅੰਦਰ, ਘਿਉ ਦਾ ਦੀਵਾ ਬਾਲ ਕੇ ਪੂਜਾ ਕੀਤੀ ਜਾਂਦੀ ਹੈ। ਫਿਰ

ਧਰਤੀ ਕਈ ਵਾਰ ਦੁਖ ਸੰਤਾਪ ਵੇਲੇ ਗਊ ਦਾ ਰੂਪ ਧਾਰ ਕੇ ਦੇਵੀ ਦਿਉਤਿਆਂ ਤੋਂ ਮਦਦ ਮੰਗਣ ਲਈ ਗਈ ਹੈ। ਕਈ ਵਾਰ ਧਰਤੀ ਨੇ ਗਊ ਦਾ ਰੂਪ ਧਾਰ ਕੇ ਕਿਸੇ ਰਾਜੇ/ਰਾਣੀ ਦੇ ਸੁਪਨੇ ਵਿਚ ਪ੍ਰਗਟ ਹੋ ਕੇ ਉਨ੍ਹਾਂ ਨੂੰ ਨਸੀਹਤਾਂ ਦਿਤੀਆਂ। ਇਸ ਲਈ ਧਰਤੀ ਨੂੰ 'ਗੋਇ' ਵੀ ਕਹਿੰਦੇ ਹਨ।

ਇਹ ਵੀ ਧਾਰਨਾ ਹੈ ਕਿ ਜਦੋਂ ਧਰਤੀ ਉਤੇ ਪਾਪਾਂ ਦਾ ਭਾਰ ਵਧ ਜਾਂਦਾ ਹੈ ਤਾਂ ਉਹ ਸੰਤਾਪ ਵਿਚ ਤੜਪਦੀ ਤੇ ਵਿਲਕਦੀ ਹੈ ਜਿਸ ਕਰ ਕੇ ਭੂਚਾਲ ਆਉਂਦਾ ਹੈ।

ਧਰਤੀ ਕਿਵੇਂ ਹੋਂਦ ਵਿਚ ਆਈ. ਇਸ ਬਾਰੇ ਇਕ ਮਿੱਥਕ ਕਥਾ ਇਸ ਪ੍ਰਕਾਰ ਹੈ : ਮਹਾਂਭਾਰਤ ਦੇ ਪੁਰਾਣਾਂ ਅਨੁਸਾਰ ਕਲਪ ਦੇ ਅੰਤ ਉਤੇ ਜਦੋਂ ਵਿਸ਼ਨੂੰ ਸੌਂ ਰਹੇ ਸਨ ਤਾਂ ਵਿਸ਼ਨੂੰ ਦੇ ਕੰਨ ਵਿਚੋਂ ਕੇਟਭ ਤੇ ਮਧੂ ਨਾਂ ਦੇ ਦੋ ਦੈਂਤ ਪੈਦਾ ਹੋਏ। ਇਹ ਦੋਵੇਂ ਵਿਸ਼ਨੂੰ ਦੀ ਧੁੰਨੀ ਵਿਚੋਂ ਉਗਮੇ ਕੰਵਲ ਉਤੇ ਸੌਂ ਰਹੇ ਬ੍ਰਹਮਾ ਨੂੰ ਮਾਰਨ ਲਈ ਵਧੇ ਪਰ ਵਿਸ਼ਨੂੰ ਨੇ ਇਨ੍ਹਾਂ ਦੋਹਾਂ ਦੈਂਤਾਂ ਨੂੰ ਮਾਰ ਦਿਤਾ। ਇਨ੍ਹਾਂ ਦੈਂਤਾਂ ਦੀ ਮਿੱਝ ਤੋਂ ਹੀ ਧਰਤੀ ਬਣੀ ਹੈ। ਜਿਸ ਕਰਕੇ ਇਸ ਨੂੰ 'ਮੇਦਿਨੀ' ਕਹਿੰਦੇ ਹਨ। ਹਰੀਵੰਸ ਅਨੁਸਾਰ ਇਨ੍ਹਾਂ ਦੋਹਾਂ ਦੈਂਤਾਂ ਦੀਆਂ ਲੋਥਾਂ ਸਮੁੰਦਰ ਵਿਚ ਸੁਟਣ ਨਾਲ ਬਹੁਤ ਸਾਰੀ ਮਿੱਝ ਜਾਂ ਚਰਬੀ ਪੈਦਾ ਹੋਈ ਜਿਸਨੂੰ ਨਾਰਾਇਣ ਨੇ ਪ੍ਰਿਥਵੀ ਦੀ ਸਿਰਜਣਾ ਵਿਚ ਵਰਤ ਲਿਆ।

ਧਰਤੀ ਦੈਂਤਾਂ ਦੀ ਮਿੱਝ ਤੋਂ ਬਣੀ ਹੈ ਇਸ ਲਈ ਧਰਤੀ ਉਤੇ ਡਿਗੀ ਪਈ ਵਸਤ ਚੁਕ ਕੇ ਨਹੀਂ ਖਾਧੀ ਜਾਂਦੀ। ਉਹ ਪਲੀਤ ਹੋ ਜਾਂਦੀ ਹੈ।

ਪਰ ਇਕ ਮੁੱਢੀ ਅਨੁਸਾਰ ਧਰਤੀ ਉਤੇ ਪਹਿਲਾਂ ਪਾਣੀ ਹੀ ਪਾਣੀ ਸੀ। ਜਦੋਂ ਦੇਵਤਿਆਂ ਤੇ ਅਸੁਰਾਂ ਦੀ ਲੜਾਈ ਹੋਈ ਤਾਂ ਹੇਠਲੀ ਉਤੇ ਹੋਣ ਕਰ ਕੇ ਕੁੜ ਮਿੱਟੀ ਉਪਰ ਆ ਗਈ ਤੇ ਪ੍ਰਿਥਵੀ ਦਾ ਰੂਪ ਧਾਰ ਗਈ।

ਵੈਦਿਕ ਕਾਲ ਵਿਚ ਧਰਤੀ ਮਾਤਾ (ਪ੍ਰਿਥਵੀ) ਦੀ ਪੂਜਾ ਅਕਸਰ ਦਿਉਸ ਦੇ ਨਾਲ ਕੀਤੀ ਜਾਂਦੀ। ਦਿਉਸ (ਅਕਾਸ਼) ਤੇ ਪ੍ਰਿਥਵੀ ਦੋਵੇਂ ਪਤੀ ਪਤਨੀ ਮੰਨੇ ਜਾਂਦੇ ਅਤੇ ਇਹ ਦੇਵਤਿਆਂ ਤੇ ਮਨੁਖਾਂ ਦੇ ਵਡੇਰੇ ਮੰਨੇ ਗਏ ਪਰ ਬਾਅਦ ਵਿਚ ਉਨ੍ਹਾਂ ਦੇ ਪੁਤਰ ਇੰਦਰ ਨੇ ਦੋਹਾਂ ਨੂੰ ਨਿਖੇੜ ਦਿਤਾ। ਵਿਆਹ ਵੇਲੇ ਹਿੰਦੂਆਂ ਵਿਚ ਦਿਉਸ-ਪ੍ਰਿਥਵੀ ਦੀ ਪੂਜਾ ਦੀ ਪ੍ਰਥਾ ਹੈ। ਸੂਰਜ ਪ੍ਰਨਾਮ ਵੇਲੇ ਅਜ ਵੀ ਹਿੰਦੂ ਪ੍ਰਿਥਵੀ ਪੂਜਦੇ ਹਨ। ਵਾਹੀ ਖੇਤੀ ਕਰਨ ਵੇਲੇ ਪ੍ਰਿਥਵੀ 'ਭੂਮੀਆ' ਦੇ ਰੂਪ ਵਿਚ ਪੂਜੀ ਜਾਂਦੀ ਹੈ, ਜੋ ਪਹਿਲਾਂ ਮਾਦਾ ਦੇਵੀ ਸੀ ਤੇ ਮਗਰੋਂ ਨਰ ਦਿਓਤਾ 'ਭੂਮੀਆ' ਦਾ ਰੂਪ ਧਾਰ ਗਿਆ।

(ਧ-25) **ਧਰਮ ਸਾਂਤ** :

ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ ਤਾਂ ਹਿੰਦੂ ਸਿੱਖਾਂ ਵਿਚ ਉਸ ਦੇ ਕਿਰਿਆ ਕਰਮ ਵੇਲੇ, ਪਰੋਹਤ ਨੂੰ ਕੁਝ ਕਪੜੇ-ਲੱਤੇ ਤੇ ਭਾਂਡੇ ਆਦਿ ਦਿਤੇ ਜਾਂਦੇ ਹਨ। ਧਾਰਨਾ ਹੈ ਕਿ ਇਹ ਕਪੜੇ, ਮਾਤਲੋਕ ਤੋਂ ਜਮਪੁਰੀ ਤਕ ਜੀਵਾਤਮਾ ਨੂੰ ਯਾਤ੍ਰਾ ਦੇ ਦੌਰਾਨ ਲੋੜ ਪੈਂਦੇ ਹਨ। ਅਜਿਹੇ ਕਪੜੇ ਲੱਤੇ 'ਧਰਮ ਸਾਂਤ' ਅਖਵਾਉਂਦੇ ਹਨ।

(ਧ-26) **ਧਰਮਸਾਲਾ** :

ਉਹ ਪਾਵਨ ਅਸਥਾਨ, ਜਿਥੇ ਕਿਸੇ ਦੇ ਅਨੁਯਾਈ ਮਿਲ ਕੇ, ਆਪਣੇ ਇਸ਼ਟ ਦੀ ਉਪਾਸਨਾ ਕਰਦੇ ਹਨ। ਹਰ ਪਿੰਡ ਨਗਰ ਵਿਚ ਪੂਜਾ ਪਾਠ ਲਈ ਕੋਈ ਭਵਨ ਬਣਾਇਆ ਹੁੰਦਾ ਹੈ, ਧਰਮਸਾਲਾ ਸਾਂਝਾ ਜਿਹਾ ਨਾਂ ਹੈ, ਇਹ ਹਿੰਦੂਆਂ ਤੇ ਸਿੱਖਾਂ ਦੋਹਾਂ ਦੇ ਪੂਜ ਅਸਥਾਨਾਂ ਲਈ ਵਰਤਿਆ ਜਾਂਦਾ ਹੈ, ਵੈਸੇ ਹਿੰਦੂ ਆਪਣੇ ਪੂਜਾ ਅਸਥਾਨ ਨੂੰ 'ਮੰਦਰ' ਤੇ ਸਿੱਖ 'ਗੁਰਦਵਾਰਾ' ਕਹਿੰਦੇ ਹਨ। ਲੋਕ ਧਾਰਨਾ ਅਨੁਸਾਰ ਜਿਥੇ ਕਿਸੇ ਦੈਵੀ ਵਿਅਕਤੀ ਦੇ ਚਰਨ ਪੈ ਜਾਣ ਜਾਂ ਜਿਥੇ ਕੋਈ ਧਰਮ ਗ੍ਰੰਥ, ਦੇਵ ਮੂਰਤੀ ਆਦਿ ਰਖੀ ਜਾਵੇ, ਉਹ ਸਥਾਨ ਪਵਿਤਰ ਹੋ ਜਾਂਦਾ ਹੈ "ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋਈ ਥਾਨੁ ਸੁਹਾਵਾ ਰਾਮ ਰਾਜੇ।" ਇਸ ਲਈ ਜਿਥੇ ਕਿਧਰੇ ਗੁਰੂ ਵਿਅਕਤੀਆਂ ਜਾਂ ਭਗਤਾਂ ਨੇ ਚਰਨ ਪਾਏ, ਉਥੇ ਉਥੇ ਮਗਰੋਂ ਧਰਮਸਾਲਾ ਉਸਾਰ ਲਈਆਂ ਗਈਆਂ।

ਬੋਧ ਧਰਮ ਦੇ ਪੂਜਾ ਅਸਥਾਨਾਂ ਨੂੰ 'ਸਤੂਪ' ਕਿਹਾ ਜਾਂਦਾ ਰਿਹਾ।

(ਧ-27) **ਧਰਮ ਰਾਜ** :

ਪੁਰਾਣਾਂ ਅਨੁਸਾਰ ਮਰਨ ਤੋਂ ਮਗਰੋਂ ਜਦੋਂ ਜੀਵ ਆਤਮਾ ਅਗਲੇ ਲੋਕ ਵਿਚ ਜਾਂਦੀ ਹੈ ਤਾਂ ਧਰਮ ਰਾਜ, ਉਸ ਪ੍ਰਾਣੀ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਜੋਖਾ ਕਰ ਕੇ ਉਸ ਨੂੰ ਫਲ ਦੇਂਦਾ ਹੈ। ਧਰਮ ਰਾਜ ਯਮ ਦਾ ਹੀ ਇਕ ਨਾਂ ਹੈ। ਇਹ ਮਿਰਤਕਾਂ ਦਾ ਰਾਜਾ ਮੰਨਿਆ ਗਿਆ ਹੈ (ਵੇਖੋ : ਯਮ)।

ਯਮਰਾਜ ਦੀ ਸਥਿਤੀ, ਦੁਨੀਆਂ ਦੇ ਰਾਜਿਆਂ ਵਰਗੀ ਹੀ ਹੈ। ਯਮਰਾਜ ਦੇ ਹੁਕਮ ਦੀ ਪਾਲਨਾ ਕਰਨ ਲਈ ਯਮ ਦੇ ਅਨੇਕਾਂ ਦੂਤ ਹਨ ਤੇ ਉਹ ਜੋ ਆਪਣੇ ਦੂਤਾਂ ਨੂੰ ਇਸੇ ਕਰਕੇ ਜਦੋਂ ਕੁੱਤੇ ਰੋਣ ਤਾਂ ਲੋਕ ਕਹਿੰਦੇ ਹਨ ਕਿ ਕਿਸੇ ਨਾ ਕਿਸੇ ਦੀ ਗਲੀ ਮੁਹੱਲੇ ਵਿਚ ਮੌਤ ਹੋ ਜਾਂਦੀ ਹੈ।

ਧਰਮ ਰਾਜ ਦੇ ਹਿਸਾਬ ਕਿਤਾਬ ਲਈ ਦੋ ਦੂਤ ਹਨ। ਇਹ ਪ੍ਰਾਣੀ ਦੇ ਦੋਹਾਂ ਮੋਢਿਆਂ ਉਤੇ ਬੈਠ ਕੇ, ਉਸ ਪ੍ਰਾਣੀ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਜੋਖਾ ਕਰਦੇ ਰਹਿੰਦੇ ਹਨ। ਧਰਮ ਰਾਜ ਦੇ ਦਰਬਾਰ ਵਿਚ ਵਹੀਆਂ ਰਖੀਆਂ ਹੁੰਦੀਆਂ ਹਨ। ਜਿਥੇ ਹਰੇਕ ਪ੍ਰਾਣੀ ਦਾ ਖ਼ਾਤਾ ਖੁਲ੍ਹਿਆ ਹੁੰਦਾ ਹੈ। ਜਦੋਂ ਕਿਸੇ ਪ੍ਰਾਣੀ ਦਾ ਦੁਨੀਆਂ ਤੋਂ ਦਾਣਾ ਪਾਣੀ ਮੁਕ ਜਾਂਦਾ ਹੈ ਤਾਂ ਉਸ ਦਾ ਲੇਖਾ ਬੰਦ ਕਰ ਦਿਤਾ ਜਾਂਦਾ ਹੈ ਤੇ ਯਮਦੂਤ ਉਸ ਨੂੰ ਲੈਣ ਆਉਂਦੇ ਹਨ।

(ਧ-28) **ਧਰੇਸ** :

ਝੁੰਮਰ ਦੀ ਕਿਸਮ ਦਾ ਇਕ ਲੋਕ-ਨਾਚ, ਜੋ ਸ਼ਾਹਪੁਰ ਤੇ ਉਸ ਦੇ ਆਸ ਪਾਸ ਦੇ ਇਲਾਕੇ ਵਿਚ ਪ੍ਰਚਲਤ ਹੈ। ਇਹ ਮਰਦਾਂ ਦਾ ਨਾਚ ਹੈ, ਜਿਸ ਨੂੰ ਉਹ ਇਕ ਦਾਇਰੇ ਵਿਚ ਨਚਦੇ ਹਨ (ਵੇਖੋ : ਝੁੰਮਰ)।

(ਧ-29) **ਧਰੂ ਤਾਰਾ** :

ਅਸਮਾਨ ਵਿਚ ਸਪਤ ਰਿਸ਼ੀ ਤੇ ਧਰੂ ਤਾਰਾ ਸਾਡੇ ਧਿਆਨ ਨੂੰ ਹਮੇਸ਼ਾ ਖਿੱਚਦੇ ਹਨ। ਮੰਜੀ ਵਾਂਗ ਵਿਖਾਈ ਦਿੰਦਾ, ਸੱਤ ਤਾਰਿਆਂ ਦਾ ਝੁਰਮਟ ਸਪਤ ਰਿਸ਼ੀ ਅਖਵਾਉਂਦਾ ਹੈ। ਪੁਰਾਣਾਂ ਅਨੁਸਾਰ ਇਹ ਸੱਤੇ ਤਾਰੇ ਉਹ ਕਰਣੀ ਵਾਲੇ ਰਿਸ਼ੀ ਹਨ ਜੋ ਰਾਜੇ ਦਸਰਥ ਦੇ ਜ਼ਮਾਨੇ ਵਿਚ ਹੋਏ। ਇਨ੍ਹਾਂ ਦੀ ਕਰਣੀ-ਕੀਰਤ ਕਰਕੇ ਅਸਮਾਨ ਵਿਚ ਇਕ ਆਦਰਯੋਗ ਸਥਾਨ ਮਿਲਿਆ। ਰਾਮਾਇਣ ਅਨੁਸਾਰ ਇਹ ਸੱਤ ਰਿਸ਼ੀ ਹਨ : ਕੇਸ਼ਪ, ਅੱਤਰੀ, ਵਿਸ਼ਿਸ਼ਠ, ਵਿਸ਼ਵਾਮਿਤ੍ਰ, ਗੌਤਮ, ਜਮਦਾਗਨੀ ਤੇ ਭਾਰਦਵਾਜ।

ਇਨ੍ਹਾਂ ਦੀ ਸੇਧ ਵਿਚ ਧਰੂ ਤਾਰਾ ਹੈ, ਜੋ ਅਕਾਸ਼ ਵਿਚ ਹਮੇਸ਼ਾ ਅਟੱਲ ਰਹਿੰਦਾ ਹੈ। ਧਾਰਨਾ ਹੈ ਕਿ ਧਰੂ ਭਗਤ ਨੂੰ ਧਰਤੀ ਉਤੇ ਕੀਤੇ ਤੱਪ ਤੇ ਭਗਤੀ ਕਾਰਨ ਇਹ ਅਟੱਲ ਪਦਵੀ ਪ੍ਰਾਪਤ ਹੋਈ ਹੈ।

(ਧ-30) **ਧਰੂ ਭਗਤ** :

ਧਰੂ ਨੂੰ ਭਗਤੀ ਕਾਰਨ, ਜੋ ਮਾਨਤਾ ਪ੍ਰਾਪਤ ਹੋਈ ਹੈ, ਉਹ ਕਿਸੇ ਦੂਜੇ ਦੇ ਹਿੱਸੇ ਵਿਚ ਨਹੀਂ ਆਈ। ਪੰਜਾਬੀ ਮਾਨਸਿਕਤਾ ਵਿਚ ਉਸਦੀ ਭਗਤੀ ਦਾ ਵਿਸ਼ੇਸ਼ ਸਥਾਨ ਹੈ।

ਹੁਸਿਆਰਪੁਰ ਦੇ ਜਿਲੇ ਵਿਚ, ਕਈ ਵਾਰ ਜੱਟ ਤੇ ਸੈਣੀ ਆਦਿ ਲੋਹਾਰਾਂ, ਝੀਵਰਾਂ ਜਾਂ ਲਬਾਣਿਆਂ ਅਥਵਾ ਕਈ ਵਾਰ ਚੂੜਿਆਂ ਚਮਿਆਰਾਂ ਦੀਆਂ ਕੁੜੀਆਂ, ਟੱਕੇ ਭਰ ਕੇ ਖਰੀਦ ਲੈਂਦੇ ਹਨ ਤੇ ਉਨ੍ਹਾਂ ਨਾਲ ਚਾਦਰ-ਅੰਦਾਜ਼ੀ ਨਾਲ ਵਿਆਹ ਕਰ ਲੈਂਦੇ ਹਨ, ਇਹ ਵਿਆਹ ਕਾਨੂੰਨੀ ਤੇ ਸਮਾਜਿਕ ਤੌਰ ਉਤੇ ਜਾਇਜ਼ ਮੰਨਿਆ ਗਿਆ ਹੈ। ਅਜਿਹੇ ਵਿਆਹ ਨੂੰ ਧਰੇਲ ਕਿਹਾ ਜਾਂਦਾ ਹੈ। ਧਰੇਲ ਰੰਨ ਵਿਸ਼ਵਾਸ ਦਾ ਪਾਤ੍ਰ ਨਹੀਂ ਮੰਨੀ ਜਾਂਦੀ। ਕਹਾਵਤ ਹੈ :

ਧਰੇਲ ਰੰਨ ਖਰੀ ਬੁਰੀ,
ਦਾਣੇ ਮੁਕੇ ਉਠ ਤੁਰੀ।

(ਧ-32) **ਧਰੇਵਾ** :

ਕਿਸੇ ਪਛੜੀ ਜਾਤ ਵਿਚੋਂ ਟੱਕੇ ਭਰ ਕੇ, ਖਰੀਦੀ ਗਈ ਤੀਵੀਂ ਨਾਲ, ਚਾਦਰ ਪਾਉਣ ਦੀ ਰਸਮ (ਵੇਖੋ : ਕਰੇਵਾ)।

(ਧ-33) **ਧੜੀ** :

1. ਤੀਵੀਆਂ ਦਾ ਇਕ ਗਹਿਣਾ, ਜੋ ਕੰਨਾਂ ਵਿਚ ਪਾਇਆ ਜਾਂਦਾ ਹੈ।

2. ਕੇਸਾਂ ਦਾ ਚੀਰ ਜਿਸ ਵਿਚ ਸੁਹਾਗਣ ਤੀਵੀਆਂ ਸੰਧੂਰ ਭਰਦੀਆਂ ਹਨ।

3. ਸਿਰ ਦੇ ਵਾਲਾਂ ਨੂੰ ਸ਼ਿੰਗਾਰਨ ਦੀ ਇਕ ਸ਼ੈਲੀ; ਅਗਲੇ ਵਾਲਾਂ ਦੀਆਂ ਪਟੀਆਂ ਢਾਲ ਕੇ ਤੇ ਪਿਛਲੇ ਵਾਲਾਂ ਨੂੰ ਗੁੱਤ ਵਿਚ ਬੰਨ੍ਹਣ ਦਾ ਤਰੀਕਾ।

(ਧ-34) **ਧਾਗਾ** :

ਧਾਗੇ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ, ਮਨੌਤਾਂ ਤੇ ਭਰਮ ਵਹਿਮ ਜੁੜੇ ਹੋਏ ਹਨ। ਇਸ ਤੋਂ ਇਲਾਵਾ ਧਾਗੇ ਨਾਲ ਕੁਝ ਸਮਾਜਕ ਤੇ ਧਾਰਮਕ ਰੀਤਾਂ ਤੇ ਸੰਸਕਾਰ ਵੀ ਸੰਬੰਧਿਤ ਹਨ। ਧਾਗੇ ਨੂੰ ਜਾਦੂ ਟੂਣੇ ਲਈ ਵੀ ਵਰਤਿਆ ਜਾਂਦਾ ਹੈ। ਹਿੰਦੂਆਂ ਦਾ ਇਕ ਮਹੱਤਵਪੂਰਣ ਸੰਸਕਾਰ 'ਜਨੇਊ ਪਹਿਨਣਾ' ਧਾਗੇ ਨਾਲ ਜੁੜਿਆ ਹੋਇਆ ਹੈ। ਉਹ ਗਲ ਵਿਚ ਇਕ ਧਾਗਾ ਪਹਿਨਦੇ ਹਨ, ਜਿਸ ਨੂੰ 'ਜੰਞੂ' ਕਹਿੰਦੇ ਹਨ। ਪਹਿਲੇ ਜ਼ਮਾਨੇ ਵਿਚ ਦੱਭ ਜਾਂ ਕੁੱਸਾ ਘਾਹ ਨੂੰ ਵਟ ਕੇ ਜੰਞੂ ਬਣਾਇਆ ਜਾਂਦਾ ਸੀ। ਕਸ਼ਤਰੀਆਂ ਵਿਚ ਤਾਂ ਕਮਾਨ ਦੀ ਤੰਦੀ ਦਾ ਜਨੇਊ ਗਲ ਵਿਚ ਪਹਿਨਣ ਦੀ ਪ੍ਰਥਾ

ਦਾ ਬਣਿਆ ਹੁੰਦਾ ਹੈ, ਜਿਸ ਨੂੰ ਤਿੰਨ ਵਟ ਚਾੜ੍ਹੇ ਜਾਂਦੇ ਹਨ। ਇਸ ਨੂੰ ਉਹ ਗਲ ਵਿਚ ਪਾਉਂਦੇ ਹਨ। ਜੋਗੀ ਇਕ ਧਾਗਾ ਜਿਸ ਨੂੰ ਉਹ 'ਮੇਖਲਾ' ਕਹਿੰਦੇ ਹਨ, ਕਮਰ ਦੁਆਲੇ ਵਲ੍ਹੇਟਦੇ ਹਨ। ਮੇਖਲਾ ਮੁੰਜ ਦੀ ਬਣੀ ਇਕ ਤਰ੍ਹਾਂ ਦੀ ਰੱਸੀ ਹੁੰਦੀ ਹੈ, ਜਿਸ ਨਾਲ 'ਸਿੰਗੀ' ਤੇ 'ਪਵਿਤਰੀ' ਬੰਨ੍ਹੀ ਹੁੰਦੀ ਹੈ। ਜੋਗੀਆਂ ਦਾ ਨਿਸਚਾ ਹੈ ਕਿ ਜਦੋਂ ਉਹ ਸਮਾਧੀ ਲਗਾ ਕੇ ਬੈਠੇ ਹੁੰਦੇ ਹਨ ਤਾਂ 'ਮੇਖਲਾ' ਚੰਦਰੀਆਂ ਰੂਹਾਂ ਨੂੰ ਦੂਰ ਰਖਦਾ ਹੈ।

ਪਾਰਸੀਆਂ ਦਾ ਧਾਗਾ 'ਕੁਸਤੀ' ਅਖਵਾਉਂਦਾ ਹੈ, ਜੋ ਉੱਨ ਦੀਆਂ 72 ਤੰਦਾਂ (ਧਾਗਿਆਂ) ਦਾ ਬਣਿਆ ਹੁੰਦਾ ਹੈ ਅਤੇ ਹਰੇਕ ਤੰਦ ਪਾਰਸੀਆਂ ਦੇ ਧਰਮ ਗ੍ਰੰਥ ਦੇ ਹਰ ਕਾਂਡ ਦੀ ਸੂਚਕ ਹੈ। ਇਸ ਧਾਗੇ ਨੂੰ ਉਹ ਲੱਕ ਦੁਆਲੇ, ਤਿੰਨ ਚੱਕਰ ਦੇ ਕੇ ਵਲ੍ਹੇਟਦੇ ਹਨ ਅਤੇ ਇਸ ਉਤੇ ਚਾਰ ਗੰਢਾਂ ਦਿਤੀਆਂ ਹੁੰਦੀਆਂ ਹਨ, ਦੋ ਗੰਢਾਂ ਅਗੇ ਵਲ ਤੇ ਦੋ ਪਿਛੇ ਵਲ।

ਕਈ ਸਮਾਜਕ ਰੀਤਾਂ ਵਿਚ ਵੀ ਧਾਗੇ ਦਾ ਖ਼ਾਸ ਮਹੱਤਵ ਹੈ। ਰਾਜਪੂਤਾਂ ਵਿਚ ਪ੍ਰਥਾ ਰਹੀ ਹੈ ਕਿ ਪਿਉ ਆਪਣੇ ਨਵੇਂ ਜੰਮੇ ਬਾਲ ਦੇ ਕਿਸੇ ਅੰਗ ਉਤੇ ਦੁੱਬ ਘਾਹ ਦੀ ਰੱਸੀ ਬੰਨ੍ਹ ਦੇਂਦਾ ਹੈ ਤਾਂ ਜੋ ਪ੍ਰੇਤ ਰੂਹਾਂ ਉਸਦੇ ਨੇੜੇ ਨਾ ਜਾਣ।

ਰੱਖੜੀ ਦੇ ਤਿਉਹਾਰ ਉਤੇ, ਭੈਣਾਂ ਭਰਾਵਾਂ ਦੀ ਵੀਣੀ ਉਤੇ ਧਾਗਾ ਬੰਨ੍ਹਦੀਆਂ ਹਨ। ਅੱਜ ਕਲ੍ਹ ਰੱਖੜੀਆਂ ਭਿੰਨ ਸੁਭਿੰਨ ਰੰਗਾਂ ਦੀਆਂ ਮਿਲਦੀਆਂ ਹਨ, ਪਰ ਪਹਿਲਿਆਂ ਵਿਚ ਰੱਖੜੀ ਕੁੱਸਾ ਜਾਂ ਦੁੱਭ ਘਾਹ ਦੀ ਬੰਨ੍ਹੀ ਜਾਂਦੀ ਸੀ। ਰੱਖੜੀ ਦਾ ਮਨੋਰਥ ਚੰਦਰੀਆਂ ਰੂਹਾਂ ਤੋਂ ਵੀਰ ਦੀ ਰਖਿਆ ਕਰਨੀ ਸੀ। ਪਿਛੋਂ ਰੱਖੜੀ ਨਾਲ ਕਈ ਹੋਰ ਵਿਚਾਰ ਸੰਕਲਪ ਜੋੜ ਲਏ ਗਏ।

ਮੱਘਰ ਦੇ ਮਹੀਨੇ ਹਿੰਦੂ ਤੀਵੀਆਂ 'ਧਾਗਾ ਖੋਲ੍ਹਣ' ਦੀ ਇਕ ਰੀਤ ਕਰਦੀਆਂ ਸਨ। ਇਹ ਰੀਤ ਅੱਜ ਕਲ੍ਹ ਪ੍ਰਚਲਤ ਨਹੀਂ। ਧਾਗਾ ਖੋਲ੍ਹਣ ਤਕ ਵਰਤ ਰਖਿਆ ਜਾਂਦਾ ਸੀ ਤੇ ਰੀਤ ਮਗਰੋਂ ਜਵਾਰ ਦੀ ਚੂਰੀ ਵਿਚ ਗੁੜ ਤੇ ਘਿਉ ਰਲਾ ਕੇ ਖਾਧਾ ਜਾਂਦਾ ਸੀ।

ਵਿਆਹ ਸ਼ਾਦੀ ਵੇਲੇ ਲਾੜ੍ਹਾ ਤੇ ਲਾੜ੍ਹੀ ਦੀ ਵੀਣੀ ਉਤੇ ਲਗਨ ਤੋਂ ਇਕ ਦਿਨ ਪਹਿਲਾਂ ਧਾਗਾ ਬੰਨ੍ਹਣ ਦੀ ਰੀਤ ਹੈ। ਮੌਲੀ ਦੇ ਧਾਗੇ ਨਾਲ ਕੌਡੀ, ਤਾਂਬੇ ਦਾ ਪੈਸਾ, ਚਾਵਲ ਤੇ ਕੁਝ ਹੋਰ ਚੀਜ਼ਾਂ ਬੰਨ੍ਹੀਆਂ ਜਾਂਦੀਆਂ ਹਨ ਤੇ ਇਸ ਧਾਗੇ ਨੂੰ 'ਗਾਨਾ' ਕਿਹਾ ਜਾਂਦਾ ਹੈ। ਗਾਨਾ, ਲਾੜ੍ਹਾ

ਧਾਗੇ ਵਿਚ ਅਲੌਕਿਕ ਸ਼ਕਤੀ ਵੀ ਮੰਨੀ ਗਈ ਹੈ। ਜੇ ਸਰੀਰ ਦੇ ਕਿਸੇ ਹਿੱਸੇ ਵਿਚ ਮੋਚ ਪੈ ਜਾਵੇ ਤਾਂ ਉਸ ਅੰਗ ਦੇ ਜੋੜ ਤੇ ਗੰਢਾਂ ਵਾਲਾ ਮੌਲੀ ਦਾ ਧਾਗਾ ਬੰਨ੍ਹ ਦੇਣ ਨਾਲ ਸੰਤਾਪ ਦੂਰ ਹੋ ਜਾਂਦਾ ਮੰਨਿਆ ਗਿਆ ਹੈ। ਜੇ ਵੀਣੀ ਢਿੱਲਕ ਜਾਣ ਕਰਕੇ ਦਰਦ ਕਰਦੀ ਹੋਵੇ ਤਾਂ ਵੀਣੀ ਉਤੇ ਭੈਣ ਕੋਲੋਂ ਧਾਗਾ ਅਥਵਾ ਗਾਨਾ ਬੰਨ੍ਹਵਾਣ ਨਾਲ ਦਰਦ ਦੂਰ ਹੋ ਜਾਂਦਾ ਹੈ। ਜੇ ਬੱਚੇ ਨੂੰ ਖੰਘ ਹੋਵੇ ਤਾਂ ਬੱਚੇ ਦੇ ਗਲ ਵਿਚ ਗੰਢਾਂ ਵਾਲਾ ਮੰਤ੍ਰਿਆ ਧਾਗਾ ਬੰਨ੍ਹ ਦਿਤਾ ਜਾਵੇ ਤਾਂ ਖੰਘ ਦੂਰ ਹੋ ਜਾਂਦੀ ਹੈ।

ਕਈ 'ਸਿਆਣੇ' ਜਾਂ ਚੇਲੇ ਧਾਗੇ ਉਤੇ ਮੰਤ੍ਰ ਫੂਕ ਕੇ ਦੇਂਦੇ ਹਨ। ਮੰਤ੍ਰੇ ਹੋਏ ਧਾਗੇ ਨੂੰ ਕਿਸੇ ਦੁਖਦੇ ਅੰਗ ਦੀ ਅਰੋਗਤਾ ਲਈ ਜਾਂ ਬਦਨਜ਼ਰ ਤੇ ਚੰਦਰੀਆਂ ਰੂਹਾਂ ਤੋਂ ਰਖਿਆ ਖ਼ਾਤਰ ਉਪਾਅ ਵਜੋਂ ਵਰਤਿਆ ਜਾਂਦਾ ਹੈ। ਧਾਗੇ ਨਾਲ ਜੇ ਕੋਈ ਤਵੀਤ ਬੱਝਾ ਹੋਵੇ, ਤਾਂ ਇਸ ਨੂੰ 'ਧਾਗਾ ਤਵੀਤ' ਕਹਿੰਦੇ ਹਨ।

ਵਾਰੀ ਦੇ ਬੁਖ਼ਾਰ ਤੋਂ ਅਰੋਗ ਹੋਣ ਦੇ ਉਪਾਅ ਵਜੋਂ ਦਰਖ਼ਤ ਨੂੰ ਮੰਤ੍ਰਿਆ ਧਾਗਾ ਬੰਨ੍ਹਿਆ ਜਾਂਦਾ ਹੈ।

## (ਧ-35) **ਧਾਗਾ ਕਰਵਾਣਾ** :

ਭੂਤ ਪ੍ਰੇਤ, ਮੰਦ ਸ਼ਕਤੀਆਂ, ਬਦ-ਨਜ਼ਰ ਅਥਵਾ ਕਾਲੇ ਟੂਣੇ ਤੋਂ ਬਚਣ ਲਈ, ਕਈ ਲੋਕ, ਜੋ ਇਨ੍ਹਾਂ ਗੱਲਾਂ ਉਤੇ ਵਿਸ਼ਵਾਸ਼ ਕਰਦੇ ਹਨ, ਕਿਸੇ ਸੌਰੀਏ/ਚੇਲੇ ਤੋਂ ਧਾਗਾ ਕਰਵਾ ਕੇ ਬਾਹਰਲੇ ਬੂਹੇ ਅੱਗੇ ਬੰਨ੍ਹ ਦੇਂਦੇ ਹਨ। ਇਹ ਧਾਗਾ ਘਰ ਤੇ ਘਰ ਦੇ ਸਭ ਜੀਆਂ ਦੀ ਰਖਿਆ ਕਰਦਾ ਮੰਨਿਆ ਗਿਆ ਹੈ।

## (ਧ-36) **ਧਾਗੇ ਦੀ ਰੀਤ** :

ਕਈ ਭਾਈਚਾਰਿਆਂ ਵਿਚ ਵਿਆਹ ਸੁਧਾਣ ਵੇਲੇ ਗੁੜ ਦੀ ਰੋੜੀ ਨੂੰ ਮੌਲੀ ਦੇ ਧਾਗੇ ਵਿਚ ਵਲ੍ਹੇਟ ਕੇ ਸਾਹੇ ਚਿੱਠੀ ਵਾਂਙ ਭੇਜਦੇ ਹਨ। ਇਸ ਨੂੰ 'ਧਾਗੇ ਦੀ ਰੀਤ' ਕਹਿੰਦੇ ਹਨ।

## (ਧ-37) **ਧਾਨੁਕ** :

ਕੰਮੀ-ਕਮੀਣਾਂ ਦਾ ਕੰਮ ਕਰਨ ਵਾਲਾ ਇਕ ਕਬੀਲਾ। ਧਾਨੁਕ ਖੇਤ ਵਿਚ ਰਖਵਾਲੇ ਦੇ ਤੌਰ ਤੇ ਰਖੇ ਜਾਂਦੇ ਹਨ। ਇਹ ਧਨਸ਼ਧਾਰੀ ਤੇ ਚਿੜੀਮਾਰ ਵੀ ਅਖਵਾਉਂਦੇ ਹਨ।

ਧਾਨੁਕ ਵਿਚੋਂ ਹੀ ਅਹੇਰੀ ਹੋਏ, ਜੋ ਚਿੜੀਮਾਰ ਪੇਸ਼ਾ ਕਰਦੇ ਹਨ। ਧਾਨੁਕ ਮ੍ਰਿਤਕ ਪਸ਼ੂ ਦਾ ਮਾਸ ਲੈਂਦੇ ਹਨ, ਪਰ ਅਹੇਰੀ ਨਹੀਂ।

ਧਾਨੁਕ ਦੀਆਂ ਸੱਤ ਗੋਤਾਂ ਹਨ। ਇਹ ਗੋਤਾਂ ਨਾ ਆਪੋ ਵਿਚ ਵਿਆਹ ਕਰਦੀਆਂ ਹਨ ਤੇ ਨਾ ਹੀ ਹੁੱਕਾ ਪਾ ਸਾਂਝਾ ਕਰਦੀਆਂ ਹਨ। ਧਾਨੁਕ ਇਕ ਦੂਜੀ ਗੋਤ ਕਿ ਬਹੁਤ ਘਟ ਮਿਲਦੇ ਹਨ।

## (ਧ-38) **ਧਾਮ** :

ਮੁਸਲਮਾਨਾਂ ਦੀ ਵਿਆਹ ਦੀ ਇਕ ਰੀਤ, ਜੋ ਮੰ ਦੇ ਇਲਾਕੇ ਵਿਚ ਪ੍ਰਚਲਤ ਹੈ। ਇਹ ਰੀਤ ਵਿਆਹ ਮਗ ਤੀਜੇ ਦਿਨ ਕੀਤੀ ਜਾਂਦੀ ਹੈ। ਕੰਨਿਆਂ ਪੱਖ ਦੇ ਕੁਝ ਜੋੜੇ ਨੂੰ ਨਾਲ ਲੈ ਕੇ ਵਰ ਪੱਖ ਦੇ ਘਰ ਜਾਂਦੇ ਹਨ। ਪੱਖ ਦੀਆਂ ਤੀਵੀਆਂ ਵਿਆਹੇ ਜੋੜੇ ਨੂੰ ਕਿਸੇ ਨਿਵੇਕ ਕੋਠੇ ਵਿਚ ਲੈ ਜਾਂਦੀਆਂ ਹਨ ਤੇ ਦੁਲ੍ਹਨ ਨੂੰ ਦੁੱਧ ਪ ਲਈ ਦੇਂਦੀਆਂ ਹਨ। ਵਰ ਪੱਖ ਵਾਲੇ ਕੰਨਿਆਂ ਪੱਖ ਭੋਜਨ ਖਵਾਉਂਦੇ ਹਨ, ਜਿਸ ਵਿਚ ਚਾਵਲ ਤੇ ਬਕਰੇ ਮਾਸ ਬਣਾਇਆ ਜਾਂਦਾ ਹੈ। ਇਸ ਰੋਟੀ ਨੂੰ 'ਅਰੰ ਕਿਹਾ ਜਾਂਦਾ ਹੈ ਤੇ ਰਸਮ ਨੂੰ 'ਧਾਮ'।

## (ਧ-39) **ਧਾਲੀਵਾਲ** :

ਇਕ ਜੱਟ ਕਬੀਲਾ; ਧਾਲੀਵਾਲਾਂ ਦੀਆਂ ਰਵਾ ਅਨੁਸਾਰ ਉਹ ਦੱਖਣ ਵਲੋਂ ਧਾਰਾ ਨਗਰੀ ਤੋਂ ਪੰ ਵਿਚ ਆਏ। ਧਾਲੀਵਾਲ ਭੱਟੀ ਕਬੀਲੇ ਦੀ ਹੀ ਸ਼ਾਖ ਹਨ। ਇਹ ਮੋਗਾ ਤਹਿਸੀਲ ਦੀ ਦੱਖਣ ਪੂਰਬੀ ਵਿਚ ਕਾਫ਼ੀ ਵਸੋਂ ਵਿਚ ਹਨ ਤੇ ਇਸ ਖੇਤਰ ਨੂੰ 'ਧਾਲੀ ਟੱਪਾ' ਵੀ ਕਿਹਾ ਜਾਂਦਾ ਹੈ। ਧਾਲੀਵਾਲ ਦੋ ਸ਼ਾਖਾਂ ਵੰਡੇ ਹੋਏ ਹਨ : ਉਦੀ ਤੇ ਮਾਣੀ।

ਕੰਗੜ ਪਟਿਆਲੇ ਦਾ ਅੰਗ ਰਿਹਾ ਹੈ ਤੇ ਮੋ ਦੱਖਣ ਵਲ ਸਥਿਤ ਹੈ। ਧਾਲੀਵਾਲ ਕਬੀਲੇ ਦਾ ਅਸਥਾਨ ਰਿਹਾ ਹੈ। ਇਥੋਂ ਦੇ ਇਕ ਵਿ ਮਿਹਰ ਮਿੱਠਾ ਦੀ ਲੜਕੀ ਨਾਲ ਅਕਬਰ ਸਮਰਾਟ ਨੇ ਕੀਤੀ ਸੀ।

ਕੰਗੜ ਦੇ ਪਹਿਲੇ ਮੁਕਾਮ ਦੀ ਗੱਲ ਅੱਜ ਤਕ ਵਿ ਦੀਆਂ ਰੀਤੀਆਂ ਵੇਲੇ ਦੁਹਰਾਈ ਜਾਂਦੀ ਹੈ। ਲਾ ਪਿਓ ਅਵਾਜ਼ ਲਗਾਂਦਾ ਹੈ :

(ਧ-40) **ਧਿਆਣਾ** :

ਉਹ ਭਾਜੀ, ਸੁਗਾਤ ਤੇ ਦਿੱਤ, ਜੋ ਲਾੜ੍ਹੇ ਦਾ ਪਿਉ, ਲਾੜ੍ਹੀ ਦੇ ਪਿੰਡ ਜਾ ਕੇ ਉਸਦੇ ਆਪਣੇ ਪਿੰਡ ਵਿਆਹੀ ਗਈ, ਆਪਣੇ ਪਿੰਡ ਦੀ ਕਿਸੇ ਧੀ-ਧਿਆਣ ਨੂੰ, ਉਸ ਦਾ ਆਦਰ ਮਾਣ ਰੱਖਣ ਲਈ ਦੇਂਦਾ ਹੈ। ਪਿੰਡਾਂ ਵਿਚ ਇਕ ਘਰ ਦੀ ਧੀ ਸਾਰੇ ਪਿੰਡ ਦੀ ਧੀ ਧਿਆਣ ਸਮਝੀ ਜਾਂਦੀ ਹੈ। ਜਦੋਂ ਕਿਸੇ ਕੁੜੀ ਦੇ ਪਿੰਡ, ਪੇਕੇ ਪਿੰਡ ਦੀ ਕੋਈ ਬਰਾਤ ਆਉਂਦੀ ਹੈ ਤਾਂ ਲਾੜ੍ਹੇ ਦਾ ਪਿਉ ਉਸ ਲਈ ਕੁਝ ਨਕਦ ਰੁਪਏ ਅਥਵਾ ਰੋਟੀ ਦਾ ਥਾਲ ਭੇਜਦਾ ਹੈ। ਜਿਸਨੂੰ ਧਿਆਣਾ ਕਹਿੰਦੇ ਹਨ। ਇਹ ਰੀਤ ਪੱਛਮੀ ਪੰਜਾਬ ਦੇ ਮੁਸਲਮਾਨਾਂ ਵਿਚ ਹੁਣ ਤਕ ਪ੍ਰਚਲਤ ਹੈ। ਉਧਰੋਂ ਆਏ ਸਿੱਖਾਂ-ਹਿੰਦੂਆਂ ਵਿਚ ਹੁਣ ਇਹ ਰੀਤ ਨਹੀਂ ਰਹੀ, ਕਿਉਂ ਜੋ ਲੋਕਾਂ ਦੇ ਮੂਲ ਘਰ ਘਾਟ ਨਹੀਂ ਰਹੇ।

(ਧ-41) **ਧਿਆਣੀ** :

ਹਿੰਦੂਆਂ ਵਿਚ ਰਵਾਜ ਹੈ ਕਿ ਨੁਰਾਤਿਆਂ ਵਿਚ ਛੋਟੀਆਂ ਕੁੜੀਆਂ ਨੂੰ ਖੀਰ ਪੂੜੀਆਂ ਖਵਾਈਆਂ ਜਾਂਦੀਆਂ ਹਨ। ਉਂਜ ਵੀ ਕਿਸੇ ਤਿਉਹਾਰ ਵਾਲੇ ਦਿਨ ਛੋਟੀਆਂ ਕੁੜੀਆਂ ਨੂੰ ਖੀਰ ਪੂੜੇ ਖਵਾਣ ਦਾ ਰਵਾਜ ਹੈ। ਇਨ੍ਹਾਂ ਕੁੜੀਆਂ ਨੂੰ 'ਧਿਆਣੀ' ਕਹਿੰਦੇ ਹਨ (ਵੇਖੋ : ਕੰਜਕਾਂ)।

(ਧ-42) **ਧ੍ਰਿਤਰਾਸ਼ਟਰ** :

(ੳ) ਇਕ ਚੰਦਰਵੰਸ਼ੀ ਰਾਜਾ; ਧ੍ਰਿਤਰਾਸ਼ਟਰ ਕੌਰਵਾਂ ਦਾ ਪਿਤਾ ਤੇ ਪਾਂਡੂ ਦਾ ਭਰਾ ਸੀ। ਧ੍ਰਿਤਰਾਸ਼ਟਰ ਵਿਚਿਤ੍ਰ ਵੀਰਯ ਦੀ ਵਿਧਵਾ ਇਸਤ੍ਰੀ ਅੰਬਿਕਾ ਤੋਂ ਵਿਆਸ ਦਾ ਨਿਯੋਗ ਰੀਤੀ ਦੁਆਰਾ ਪੈਦਾ ਹੋਇਆ ਬੇਟਾ ਸੀ। ਇਸ ਦਾ ਵਿਆਹ ਗੰਧਾਰ ਦੇ ਰਾਜੇ ਸੁਬਲ ਦੀ ਰਾਜਕੁਮਾਰੀ ਗਾਂਧਾਰੀ ਨਾਲ ਹੋਇਆ ਅਤੇ ਵਿਆਸ ਦੇ ਵਰਦਾਨ ਕਾਰਨ ਗਾਂਧਾਰੀ ਦੀ ਕੁਖੋਂ ਇਕ ਸੌ ਪੁੱਤਰ ਤੇ ਇਕ ਕੰਨਿਆਂ ਪੈਦਾ ਹੋਈ। ਦੁਰਯੋਧਨ ਧ੍ਰਿਤਰਾਸ਼ਟਰ ਦਾ ਸਭ ਤੋਂ ਵੱਡਾ ਲੜਕਾ ਸੀ।

ਧ੍ਰਿਤਰਾਸ਼ਟਰ ਅੰਨ੍ਹਾ ਸੀ, ਇਸ ਲਈ ਰਾਜਗੱਦੀ ਉਤੇ ਇਸ ਦੀ ਥਾਂ ਪਾਂਡੂ ਬੈਠਾ। ਪਾਂਡੂ ਨੂੰ ਵੀ ਮਗਰੋਂ ਕੋਹੜ ਹੋ ਗਿਆ ਤੇ ਉਸ ਨੇ ਰਾਜ ਗੱਦੀ ਤਿਆਗ ਦਿਤੀ।

ਮਹਾਂਭਾਰਤ ਵਿਚ ਜਿਸ ਮਹਾਂਯੁੱਧ ਦਾ ਵਰਨਣ ਮਿਲਦਾ ਨਾਲ ਹੋਈ। ਇਸਦੀ ਪਤਨੀ ਗਾਂਧਾਰੀ ਵੀ ਇਸ ਦੇ ਨਾਲ ਹੀ ਸੜ ਕੇ ਮਰ ਗਈ।

(ਅ) ਜਨਮੇਜਯ ਦੇ ਇਕ ਪੁੱਤਰ ਦਾ ਨਾਉਂ ਵੀ ਧ੍ਰਿਤਰਾਸ਼ਟਰ ਸੀ।

(ੲ) ਧ੍ਰਿਤਰਾਸ਼ਟਰ ਨਾਂ ਦਾ ਨਾਗਾਂ ਦਾ ਇਕ ਸਰਦਾਰ, ਜਿਸ ਦੇ ਕਈ ਸਿਰ ਸਨ।

(ਧ-43) **ਧਿਲ੍ਹਗੀ** :

ਵਿਆਹ ਨਾਲ ਸਬੰਧਿਤ ਇਕ ਰੀਤ; ਲਗਨ ਵਾਲੇ ਦਿਨ ਜਾਂ ਇਕ ਦਿਨ ਪਹਿਲਾਂ ਕੰਨਿਆਂ ਨੂੰ ਇਸ਼ਨਾਨ ਕਰਵਾਉਣ ਲਈ, ਉਸ ਦੀਆਂ ਸਹੇਲੀਆਂ ਅਤੇ ਸਾਕ-ਸਬੰਧਣਾਂ ਕਿਸੇ ਨੇੜੇ ਦੇ ਖੂਹ ਜਾਂ ਨਦੀ ਨਾਲੇ ਤੋਂ ਸ਼ਗਨਾਂ ਨਾਲ ਪਾਣੀ ਭਰ ਕੇ ਲਿਆਉਂਦੀਆਂ ਹਨ (ਵੇਖੋ : ਘੜੋਲੀ ਭਰਨੀ)।

(ਧ-44) **ਧੀਂਗੀ ਦੇਣੀ** :

ਵਿਚਕਾਰਲੀ ਉਂਗਲੀ ਨੂੰ ਹਿਲਾ ਕੇ ਦੂਜੇ ਨੂੰ ਚਿੜ੍ਹਾਉਣ ਦਾ ਸੰਕੇਤ ਕਰਨਾ।

(ਧ-45) **ਧੁੱਪ ਛਾਉਂ** :

ਛੋਟਿਆਂ ਬੱਚਿਆਂ ਦੀ ਇਕ ਖੇਡ, ਜੋ ਗਰਮੀਆਂ ਵਿਚ ਚਾਨਣੀਆਂ ਰਾਤਾਂ ਵਿਚ ਅਤੇ ਸਰਦੀਆਂ ਵਿਚ ਦਿਨੇ ਧੁੱਪ ਵੇਲੇ ਖੇਡੀ ਜਾਂਦੀ ਹੈ। ਖੇਡ ਵਿਚ ਹਿੱਸਾ ਲੈਣ ਵਾਲੇ ਬੱਚੇ ਪਹਿਲਾਂ ਪੁੱਗਦੇ ਹਨ। ਜਿਹੜਾ ਬੱਚਾ ਅਖੀਰ ਵਿਚ ਰਹਿ ਜਾਂਦਾ ਹੈ, ਉਸ 'ਤੇ ਮੀਟੀ ਆ ਪੈਂਦੀ ਹੈ। ਮੀਟੀ ਵਾਲਾ ਬੱਚਾ ਧੁੱਪ/ਚਾਨਣ ਵਿਚ ਖੜਾ ਹੋ ਜਾਂਦਾ ਹੈ ਤੇ ਬਾਕੀ ਬੱਚੇ ਛਾਉਂ ਵਿਚ। ਧੁੱਪ ਵਾਲੀ ਥਾਂ ਉਪਰ ਮੀਟੀ ਦੇਣ ਵਾਲੇ ਖਿਡਾਰੀ ਦਾ ਅਧਿਕਾਰ ਹੁੰਦਾ ਹੈ। ਬੱਚੇ ਦਾਓ ਲਗਾ ਕੇ, ਧੁੱਪ ਵਿਚ ਆ ਕੇ ਬੈਠਦੇ ਹੋਏ ਟੱਪਾ ਪੜ੍ਹਦੇ ਹਨ ਜਿਵੇਂ :

ਤੇਰੀ ਧੁੱਪਾਂ ਤੇ ਪੜਪੜ ਹੋ ਗਿਆ।

ਮੀਟੀ ਦੇਣ ਵਾਲਾ ਉਨ੍ਹਾਂ ਬੱਚਿਆਂ ਨੂੰ ਛੂਹਣ ਦਾ ਯਤਨ ਕਰਦਾ ਹੈ। ਬੱਚੇ ਦੌੜ ਕੇ ਛਾਉਂ ਵਿਚ ਚਲੇ ਜਾਂਦੇ ਹਨ। ਮੀਟੀ ਵਾਲਾ ਛਾਉਂ ਵਿਚ ਕਿਸੇ ਨੂੰ ਨਹੀਂ ਛੂਹੰਦਾ। ਜੇ ਕੋਈ ਬੱਚਾ ਧੁੱਪ ਵਾਲੇ ਪਾਸੇ ਵਿਚ ਛੁਹਿਆ ਜਾਵੇ ਤਾਂ ਉਸ ਬੱਚੇ ਦੇ ਸਿਰ ਮੀਟੀ ਆ ਜਾਂਦੀ ਹੈ ਤੇ ਖੇਡ ਨਵੇਂ

**(ਧ-47) ਧੂਣੀ :**

(ੳ) ਕੱਖਾਂ ਕਾਨਿਆਂ ਤੇ ਸੁਕੇ ਗੋਹਿਆਂ ਦੀ ਬਲਦੀ ਨਿੰਮ੍ਹੀ ਨਿੰਮ੍ਹੀ ਅੱਗ ਜੋ ਸਾਧੂ,ਜੋਗੀ ਤੇ ਫਕੀਰ ਆਪਣੀ ਕੁਟੀਆ ਅੱਗੇ ਬਾਲੀ ਰਖਦੇ ਹਨ । ਜੋਗੀ ਜਾਂ ਫਕੀਰ ਧੂਣੀ ਕੋਲ ਬੈਠ ਕੇ ਤੱਪ ਤੇ ਜੋਹਦ ਕਰਦੇ ਹਨ । ਜੋਗੀਆਂ ਦਾ ਵਿਸ਼ਵਾਸ ਹੈ ਕਿ ਧੂਣੀ ਅਗਨੀ ਦੇਵਤੇ ਦੀ ਪ੍ਰਤੀਕ ਹੈ ਤੇ ਇਸ ਦੇ ਨੇੜੇ ਬਦ ਰੂਹਾਂ ਤੇ ਭੂਤ ਪ੍ਰੇਤ ਨਹੀਂ ਢੁਕਦੇ । ਧੂਣੀ ਤਪਦੀ ਹੋਵੇ ਤਾਂ ਕੋਈ ਉਨ੍ਹਾਂ ਦੇ ਤਪ ਦਾ ਬਲ ਖੀਣ ਨਹੀਂ ਕਰ ਸਕਦਾ । ਮੁਸਲਮਾਨ ਫ਼ਕੀਰਾਂ ਦਾ ਵੀ ਨਿਸਚਾ ਹੈ ਕਿ ਧੂਣੀ ਦੇ ਨੇੜੇ ਭੂਤ ਪ੍ਰੇਤ ਤੇ ਚੰਦਰੀਆਂ ਰੂਹਾਂ ਨਹੀਂ ਢੁਕਦੀਆਂ ।

ਧੂਣੀ ਬਦਨਜ਼ਰ ਨੂੰ ਵੀ ਦੂਰ ਰਖਦੀ ਹੈ । ਜੇ ਕਿਸੇ ਬੱਚੇ ਨੂੰ ਨਜ਼ਰ ਲਗ ਜਾਵੇ ਤਾਂ ਹਰਮਲ ਦੀ ਧੂਣੀ ਧੁਖਾ ਕੇ, ਬੱਚੇ ਦੇ ਸਿਰ ਦੁਆਲੇ ਫੇਰੀ ਜਾਂਦੀ ਹੈ । ਜੇ ਕਿਸੇ ਰੋਗੀ ਦੇ ਮੰਜੇ ਦੁਆਲੇ ਹਰਮਲ ਧੁਖਾ ਕੇ ਪੰਜ ਜਾਂ ਸਤ ਪ੍ਰਕਰਮਾ ਲਈਆਂ ਜਾਣ ਤਾਂ 'ਸਤ ਬਲਾਵਾਂ' ਦੂਰ ਹੋ ਜਾਂਦੀਆਂ ਹਨ । ਬੱਚੇ ਨੂੰ ਨਜ਼ਰ ਲਗੀ ਹੋਵੇ ਤਾਂ ਉਸ ਤੋਂ ਸਤ ਮਿਰਚਾਂ ਵਾਰ ਕੇ ਧੁਖਦੀ ਧੂਣੀ ਵਿਚ ਸੁਟ ਦਿਤੀਆਂ ਜਾਂਦੀਆਂ ਹਨ । ਜੇ ਬੱਚੇ ਨੂੰ ਨਜ਼ਰ ਲਗੀ ਹੋਵੇ ਤਾਂ ਮਿਰਚਾਂ ਦਾ ਧੂੰਆਂ ਕੌੜਾ ਨਹੀਂ ਰਹਿੰਦਾ । ਇਹ ਕੌੜਾ ਧੂੰਆਂ ਰਹੱਸਮਈ ਰੂਪ ਵਿਚ ਉਸ ਸ਼ਖਸ ਦੀਆਂ ਨਾਸਾਂ ਵਿਚ ਜਾ ਕੇ ਲਗਦਾ ਹੈ, ਜਿਸ ਦੀ ਨਜ਼ਰ ਲਗੀ ਹੁੰਦੀ ਹੈ ।

ਚੇਲੇ ਤੇ ਸਿਆਣੇ ਕਿਸੇ ਸ਼ਖਸ ਦਾ ਸਾਇਆ ਉਤਾਰਨ ਵਾਸਤੇ, ਉਸ ਨੂੰ ਧੂਣੀ ਕੋਲ ਬਿਠਾਂਦੇ ਹਨ । ਅੱਗ ਵਿਚ ਕਈ ਤਰ੍ਹਾਂ ਦੀਆਂ ਸੁਗੰਧੀਆਂ—ਹਰਮਲ ਤੇ ਗੁੱਗਲ ਆਦਿ ਧੁਖਾ ਕੇ ਉਹ ਪਕੜ ਵਾਲੇ ਸ਼ਖਸ ਦੀਆਂ ਨਾਸਾਂ ਵਿਚ ਧੂੰਆਂ ਦੇਂਦੇ ਹਨ । ਧਾਰਨਾ ਹੈ ਕਿ ਚੰਦਰੀਆਂ ਰੂਹਾਂ ਤੇ ਭੂਤ-ਪ੍ਰੇਤ ਧੂੰਆਂ ਨਹੀਂ ਸਹਾਰ ਸਕਦੇ, ਸੁਗੰਧੀ ਵਾਲੇ ਧੂੰਏ ਤੋਂ ਤਾਂ ਉਹ ਬਹੁਤ ਹੀ ਡਰਦੇ ਹਨ ਅਤੇ ਸਰੀਰ ਨੂੰ ਛੱਡ ਜਾਂਦੇ ਹਨ । ਘਰ ਵਿਚ ਹਰਮਲ ਆਦਿ ਦੀ ਧੂਣੀ ਧੁਖਾਣ ਪਿਛੇ ਵੀ ਇਹੋ ਭਾਵ ਛੁਪਿਆ ਪਿਆ ਹੈ । (ਵੇਖੋ : ਭੂਤ ਉਤਾਰਨਾ) ।

(ਅ) ਫ਼ਸਲਾਂ ਨੂੰ ਰੋਗਾਂ ਤੋਂ ਬਚਾਣ ਲਈ ਧੂਣੀ ਧੁਖਾਈ ਜਾਂਦੀ ਹੈ । ਫ਼ਿਰੋਜ਼ਪੁਰ ਜ਼ਿਲੇ ਵਿਚ ਖ਼ਰਬੂਜ਼ਿਆਂ ਦੇ ਖੇਤਾਂ ਵਿਚ ਨੀਲੀਆਂ ਲੀਰਾਂ ਦੀ ਧੂਣੀ ਦਿਤੀ ਜਾਂਦੀ ਹੈ । ਇਸ ਤਰ੍ਹਾਂ ਖ਼ਰਬੂਜ਼ਿਆਂ ਦਾ ਰਸ ਸੁਕਦਾ ਨਹੀਂ । ਖੇਤਾਂ ਵਿਚ ਉੱਨ ਦੀਆਂ ਹੱਡੀਆਂ ਦੀ ਧੂਣੀ ਬਾਲੀ ਜਾਵੇ ਤਾਂ [illegible] ਖੇਤ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਂਦੀਆਂ ।

ਸਿੱਖ ਗੁਰਦਵਾਰੇ ਵਿਚ ਤੇ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਵਿਚ ਧੂਪ ਜਲਾਉਂਦੇ ਹਨ । ਧੂਪ ਇਕ ਤਰ੍ਹਾਂ ਦੀ ਸੁਗੰਧਤ ਵਸਤੂ ਹੈ, ਜਿਸ ਦੇ ਧੁਖਾਣ ਨਾਲ ਸੁਗੰਧੀ ਫੈਲਦੀ ਹੈ । ਮਨ ਟਿਕਾਉ ਵਿਚ ਆਉਂਦਾ ਹੈ ।

**(ਧ-49) ਧੂਮ੍ਰਕੇਸ :**

ਇਕ ਦੈਂਤ, ਜਿਸ ਦੇ ਕੇਸਾਂ ਦਾ ਰੰਗ ਧੂੰਏ ਵਰਗਾ ਸੀ । ਜਲੰਧਰ ਦੈਂਤ ਨਾਲ ਇਸੇ ਦੀ ਲੜਕੀ ਵਿੰਦ੍ਰਾ ਵਿਆਹੀ ਹੋਈ ਸੀ (ਵੇਖੋ : ਜਲੰਧਰ) ।

**(ਧ-50) ਧੂਮ੍ਰਕੇਤ :**

ਬੋਦੀ ਵਾਲਾ ਤਾਰਾ, ਜੋ ਅਸ਼ੁਭ ਮੰਨਿਆ ਗਿਆ ਹੈ । ਧਾਰਨਾ ਹੈ ਕਿ ਜਦੋਂ ਇਹ ਤਾਰਾ ਆਕਾਸ਼ ਵਿਚ ਵਿਖਾਈ ਦੇਵੇ ਤਾਂ ਦੇਸ਼ ਵਿਚ ਕੋਈ ਬੀਮਾਰੀ ਅਥਵਾ ਕਾਲ ਪੈਣ ਦਾ ਡਰ ਹੁੰਦਾ ਹੈ ਜਾਂ ਫਿਰ ਬਦਅਮਨੀ ਫੈਲਦੀ ਤੇ ਖ਼ੂਨ ਖ਼ਰਾਬਾ ਹੁੰਦਾ ਹੈ । ਇਤਿਹਾਸ ਇਸ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ । ਪੰਜਾਬ ਵਿਚ ਜਹਾਂਗੀਰ ਦੇ ਸਮੇਂ 1618 ਈ: ਵਿਚ ਬੋਦੀ ਵਾਲਾ ਤਾਰਾ ਵਿਖਾਈ ਦਿਤਾ ਸੀ ਤੇ ਉਸ ਸਾਲ ਪੰਜਾਬ ਵਿਚ ਪਲੇਗ ਫੈਲੀ ਜਿਸ ਨਾਲ ਅਨੇਕਾਂ ਲੋਕ ਮਰ ਗਏ । 1665 ਈ: ਵਿਚ ਔਰੰਗਜ਼ੇਬ ਦੇ ਰਾਜ ਸਮੇਂ, ਫਿਰ ਬੋਦੀ ਵਾਲਾ ਤਾਰਾ ਵਿਖਾਈ ਦਿਤਾ । ਔਰੰਗਜ਼ੇਬ ਨੇ ਖ਼ੁਦਾ ਦੇ ਕਹਿਰ ਤੋਂ ਡਰਦਿਆਂ, 'ਅਲਪ ਅਹਾਰ' ਸ਼ੁਰੂ ਕਰ ਦਿਤਾ ਸੀ ਅਤੇ ਉਹ ਬਾਜਰੇ ਦੀ ਢੋਡੀ ਦਾ ਇਕ ਇਕ ਚੱਪਾ ਦੋਵੇਂ ਡੰਗ ਖਾਂਦਾ ਸੀ ਅਤੇ ਪਾਣੀ ਪੀ ਪੀ ਕੇ ਪੇਟ ਭਰਦਾ ਰਿਹਾ । ਉਨ੍ਹੀਂ ਦਿਨੀਂ ਉਹ ਧਰਤੀ ਉਤੇ ਸ਼ੇਰ ਦੀ ਖੱਲ ਵਿਛਾ ਕੇ ਸੁੱਤਾ ਕਰਦਾ ਸੀ । ਮੁੜ ਉਸਦੀ ਸਿਹਤ ਮੌਲੀ ਨਹੀਂ ।

1705 ਈ: ਵਿਚ ਫਿਰ ਦੁਬਾਰਾ ਬੋਦੀ ਵਾਲਾ ਤਾਰਾ ਵਿਖਾਈ ਦਿਤਾ ਅਤੇ 15 ਦਿਨ ਚੜ੍ਹਿਆ ਰਿਹਾ । ਉਦੋਂ ਜੋਤਿਸ਼ੀਆਂ ਤੇ ਬ੍ਰਾਹਮਣਾਂ ਨੇ ਔਰੰਗਜ਼ੇਬ ਦੀ ਮ੍ਰਿਤੂ ਦੀ ਪੇਸ਼ੀਨਗੋਈ ਕੀਤੀ । ਇਸ ਤਾਰੇ ਦੇ ਚੜ੍ਹਣ ਪਿਛੋਂ ਮੁਗ਼ਲ ਘਰਾਣੇ ਦਾ ਪਤਨ ਸ਼ੁਰੂ ਹੋ ਗਿਆ ਸੀ ।

**(ਧ-51) ਧੂਮ੍ਰਲੋਚਨ :**

ਇਕ ਦੈਂਤ ਜਿਸ ਦੀਆਂ ਅੱਖੀਆਂ ਧੂੰਏਂ ਰੰਗੀਆਂ ਸਨ । ਇਹ ਦੈਂਤ ਰਾਜਾ ਸੁੰਭ ਦੇ ਲਸ਼ਕਰ ਦਾ ਜਰਨੈਲ ਸੀ । ਇਸ ਨੂੰ ਦੁਰਗਾ ਦੇਵੀ ਨੇ ਮਾਰਿਆ (ਵੇਖੋ : ਚੰਡੀ) ।

ਇਹ ਯਾਦਵ ਵੰਸ਼ ਦੇ ਮੋਢੀ ਯਦੂ ਦਾ ਸਹੁਰਾ ਸੀ। ਯਦੂ ਇਕ ਵਾਰ ਸਮੁੰਦਰ ਦੇ ਕੰਢੇ ਕੰਢੇ ਇਕੱਲਾ ਘੁੰਮ ਰਿਹਾ ਸੀ, ਧੂਮ੍ਰਵਰਣ ਇਸ ਨੂੰ ਉਧਾਲ ਕੇ ਆਪਣੀ ਰਾਜਧਾਨੀ ਵਿਚ ਲੈ ਆਇਆ ਤੇ ਆਪਣੀਆਂ ਪੰਜਾਂ ਧੀਆਂ ਦਾ ਵਿਆਹ ਯਦੂ ਨਾਲ ਕਰ ਦਿਤਾ। ਇਨ੍ਹਾਂ ਪੰਜਾਂ ਧੀਆਂ ਤੋਂ ਜੋ ਵੰਸ਼ ਹੋਈ, ਉਸ ਤੋਂ ਪੰਜ ਘਰਾਣਿਆਂ ਦਾ ਮੁੱਢ ਬਝਿਆ।

(ਧ-53) **ਧੇਤੇ ਪੁਤਰੇਤੇ :**

ਵਿਆਹ ਦੀਆਂ ਰੀਤਾਂ ਰਸਮਾਂ ਸਮੇਂ ਕੰਨਿਆਂ ਪੱਖ ਦੇ ਰਿਸ਼ਤੇਦਾਰ ਧੇਤੇ ਅਤੇ ਵਰ ਪੱਖ ਦੇ ਸੰਬੰਧੀ ਪੁਤਰੇਤੇ ਅਖਵਾਉਂਦੇ ਹਨ। ਧੇਤੇ ਪੁਤਰੇਤਿਆਂ ਨੂੰ ਆਦਰ ਮਾਣ ਦੇਂਦੇ ਤੇ ਉਨ੍ਹਾਂ ਦੇ ਸੁਖ ਅਰਾਮ ਦਾ ਪੂਰਾ ਖਿਆਲ ਰਖਦੇ ਹਨ। ਸਿਠਣੀਆਂ ਵੀ ਧੇਤਿਆਂ ਵਲੋਂ ਦਿਤੀਆਂ ਜਾਂਦੀਆਂ ਹਨ।

(ਧ-54) **ਧੇਨਕ :**

ਇਕ ਪੁਰਾਣਿਕ ਦੈਂਤ, ਜੋ ਕਈ ਤਰ੍ਹਾਂ ਦੇ ਰੂਪ ਧਾਰ ਲੈਂਦਾ ਸੀ। ਇਸ ਦੀ ਮੌਤ ਬਲਰਾਮ ਦੇ ਹਥੋਂ ਹੋਈ। ਇਕ ਵਾਰ ਬਾਲ ਅਵਸਥਾ ਵਿਚ ਕ੍ਰਿਸ਼ਨ ਤੇ ਬਲਰਾਮ ਖੇਡਦੇ ਖੇਡਦੇ ਧੇਨਕ ਦੇ ਬਗੀਚੇ ਵਿਚ ਜਾ ਪੁਜੇ ਤੇ ਫੁਲਾਂ ਨਾਲ ਖੇਡਣ ਲਗੇ। ਧੇਨਕ ਨੇ ਖੋਤੇ ਦਾ ਰੂਪ ਧਾਰ ਕੇ ਬਲਰਾਮ ਉਤੇ ਹੱਲਾ ਬੋਲ ਦਿਤਾ। ਪਰ ਉਸ ਨੇ ਅਗੋਂ ਖੋਤੇ ਨੂੰ ਖੁਰਾਂ ਤੋਂ ਫੜ ਕੇ ਇੰਨੀ ਜ਼ੋਰ ਨਾਲ ਘੁਮਾਇਆ ਕਿ ਉਹ ਖਜੂਰ ਦੇ ਰੁੱਖ ਨਾਲ ਜਾ ਲਟਕਿਆ ਤੇ ਪ੍ਰਾਣ ਤਿਆਗ ਦਿਤੇ। ਉਸ ਦੇ ਬਾਕੀ ਸਾਥੀਆਂ ਦੀ ਵੀ ਇਸੇ ਤਰ੍ਹਾਂ ਦੀ ਦੁਰਗਤੀ ਹੋਈ।

(ਧ-55) **ਧ੍ਰੇਕ :**

ਇਕ ਦਰਖ਼ਤ; ਇਸ ਦੀ ਲਕੜੀ ਛੱਤ ਲਈ ਵਰਤੀ ਜਾਂਦੀ ਹੈ। ਇਸ ਦੇ ਪੱਤੇ ਜੋ ਰਤਾ ਕੌੜੇ ਹੁੰਦੇ ਹਨ, ਫੋੜਿਆਂ ਉਤੇ ਬੰਨ੍ਹੇ ਜਾਂਦੇ ਹਨ। ਇਸ ਦੇ ਫਲ ਨੂੰ ਧ੍ਰੇਕਾਣੂੰ ਕਹਿੰਦੇ ਹਨ। ਧਾਰਨਾ ਹੈ ਕਿ ਨਵਾਂ ਚੰਨ ਵੇਖ ਕੇ ਜੇ ਧ੍ਰੇਕ ਦੇ ਸੱਤ ਪੱਤੇ, ਕਿਸੇ ਬੱਚੇ ਦੇ ਸਿਰ ਤੋਂ ਸੱਤ ਵਾਰੀ ਵਾਰ ਦਿਤੇ ਜਾਣ ਤਾਂ ਉਸ ਚੰਦ੍ਰ ਮਾਸ ਬੱਚੇ ਨੂੰ ਬਦ-ਨਜ਼ਰ ਨਹੀਂ ਲਗਦੀ। ਧ੍ਰੇਕ ਦਾ ਪੰਜਾਬ ਵਿਚ ਦਵਾ ਦਾਰੂ ਦੇ ਰੂਪ ਵਿਚ ਵਿਸ਼ੇਸ਼ ਮਹੱਤਵ ਹੈ।

(ਧ-56) **ਧੌਲ :**

ਪੁਰਾਣਾਂ ਅਨੁਸਾਰ ਇਕ ਚਿੱਟੇ ਰੰਗ ਦਾ ਬਲਦ, ਜਿਸਨੇ ਆਪਣੇ ਸਿੰਙਾਂ ਤੇ ਸਾਰੀ ਧਰਤੀ ਥੰਮੀ ਹੋਈ ਹੈ। ਜਦੋਂ ਇਸ ਬਲਦ ਦਾ ਇਕ ਸਿੰਙ ਥੱਕ ਜਾਂਦਾ ਹੈ ਤਾਂ ਉਹ ਦੂਜੇ ਸਿੰਙ ਉਤੇ ਧਰਤੀ ਦਾ ਭਾਰ ਬਦਲਦਾ ਹੈ ਜਿਸ ਕਰਕੇ ਭੂਚਾਲ ਆਉਂਦੇ ਹਨ। ਚਿੱਟੇ ਰੰਗ ਦਾ ਬਲਦ ਹੋਣ ਕਰਕੇ ਇਸ ਨੂੰ 'ਧੌਲਾ' ਕਿਹਾ ਜਾਣ ਲਗਾ।

(ਧ-57) **ਧੌਲ ਰਾਜਾ :**

ਲੋਕ-ਗੀਤਾਂ ਵਿਚ ਧੀ ਵਲੋਂ, ਆਪਣੇ ਬਾਬਲ ਲਈ ਵਰਤੀ ਜਾਂਦੀ ਇਕ ਉਪਾਧੀ; ਧੀਆਂ ਸਨਮਾਨ ਨਾਲ ਆਪਣੇ ਪਿਉ ਨੂੰ ਧੌਲ ਰਾਜਾ ਕਹਿੰਦੀਆਂ ਹਨ। ਧੌਲ ਹਿੰਦੂਮਤ ਅਨੁਸਾਰ ਉਹ ਬਲਦ ਹੈ, ਜਿਸ ਦੇ ਆਸਰੇ ਧਰਤੀ ਖਲੋਤੀ ਹੋਈ ਹੈ ਤੇ ਧੌਲ ਧਰਮ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸੋ ਧੌਲ ਰਾਜਾ ਤੋਂ ਭਾਵ ਧਰਮੀ ਰਾਜਾ ਹੋਇਆ। ਇਹ ਉਪਾਧੀ ਧੀਆਂ ਪਿਤਾ ਲਈ ਵਰਤਦੀਆਂ ਹਨ (ਵੇਖੋ : **ਬਾਬਲ**)।

# ਨ

## (ਨ-1) ਨੱਅਤ :

ਗੀਤ ਤੇ ਕਵਾਲੀਆਂ, ਜੋ ਹਜ਼ਰਤ ਮੁਹੰਮਦ ਸਾਹਿਬ ਦੀ ਸਿਫ਼ਤ ਵਿਚ ਗਾਈਆਂ ਜਾਂਦੀਆਂ ਹਨ। ਇਹ ਗੀਤ ਮੁਸਲਮਾਨਾਂ ਵਿਚ ਹਜ਼ਰਤ ਮੁਹੰਮਦ ਦੇ ਜਨਮ ਦਿਵਸ ਅਥਵਾ ਜੁਮੇਰਾਤ ਤੇ ਜੁੰਮੇ ਵਾਲੇ ਦਿਨ ਗਾਏ ਜਾਂਦੇ ਹਨ। ਹੇਠਾਂ ਮਾਹੀਏ ਦੀ ਤਰਜ਼ ਦੀ ਇਕ ਨੱਅਤ ਪੇਸ਼ ਹੈ।

ਬਾਗੇ ਵਿਚ ਆਰੀ ਆ<br>
ਅਗੇ ਰਸੂਲ ਅੱਲਾਹ<br>
ਪਿਛੇ ਉੱਮਤ ਸਾਰੀ ਆ।

ਇਸ ਰਚਨਾ ਨੂੰ 'ਨਾਤੀਆ ਮਾਹੀਆ' ਵੀ ਕਿਹਾ ਜਾਂਦਾ ਹੈ (ਵੇਖੋ : ਨਾਤੀਆ ਮਾਹੀਆ)। ਪੰਜਾਬੀ ਵਿਚ ਨਾਤੀਆ ਕਾਫ਼ੀਆਂ ਤੇ ਕਵਾਲੀਆਂ ਵੀ ਮਿਲਦੀਆਂ ਹਨ। ਨਾਤੀਆ ਕਾਫ਼ੀਆਂ ਵਧੇਰੇ ਕਰਕੇ ਲਹਿੰਦੇ ਵਿਚ ਪ੍ਰਚਲਤ ਹਨ।

ਨੱਅਤ ਗਾਉਣ ਵਾਲੇ ਗਾਇਕਾਂ ਅਥਵਾ ਕਵਾਲਾਂ ਨੂੰ 'ਨਅਤੀਆ' ਕਹਿੰਦੇ ਹਨ।

## (ਨ-2) ਨਈਵੇਦ :

ਉਹ ਪਦਾਰਥ, ਜੋ ਪੂਜਾ ਅਰਚਾ, ਤੇ ਆਰਤੀ ਵੇਲੇ ਦੇਵਤੇ ਨੂੰ ਅਰਪਿਤ ਕੀਤੇ ਜਾਂਦੇ ਹਨ। ਨਈਵੇਦ ਸ਼ਬਦ ਦਾ ਮੂਲ ਸੰਸਕ੍ਰਿਤ ਦਾ ਨੈਵੇਦਯ ਹੈ, ਜਿਸ ਦਾ ਭਾਵ ਹੈ : ਉਹ ਪਦਾਰਥ ਜੋ ਨਿਵੇਦਨ ਕਰਨ ਸਮੇਂ ਅਰਪਣ ਕੀਤੇ ਜਾਣ। ਧਾਰਨਾ ਅਨੁਸਾਰ ਦੇਵਤੇ, ਫੁੱਲ, ਫਲ, ਧੂਪ, ਦੀਵਾ ਤੇ ਭੋਜਨ ਆਦਿ ਅਰਪਨ ਕਰਨ ਨਾਲ ਪ੍ਰਸੰਨ ਹੁੰਦੇ ਹਨ। ਦੇਵ ਦੀ ਪੂਜਾ ਸੱਖਣੇ ਹੱਥ ਕਰਨੀ ਉਨ੍ਹਾਂ ਦੀ ਨਿਰਾਦਰੀ ਕਰਨਾ ਹੈ। ਜੇ ਹੋਰ ਕੁਝ ਨਹੀਂ ਤਾਂ ਘਟੋ ਘਟ ਫੁੱਲ ਹੀ ਮੂਰਤੀ ਨੂੰ ਭੇਟ ਕਰ ਦਿਤੇ ਜਾਣ। ਭੇਟਾ ਕਰਨ ਦਾ ਰਿਵਾਜ ਪੂਰਬ ਇਤਿਹਾਸਕ ਕਾਲ ਤੋਂ ਚਲਿਆ ਆ ਰਿਹਾ ਹੈ।

## (ਨ-3) ਨਸ਼ੇ :

ਪੰਜਾਬ ਵਿਚ ਵੀ ਪ੍ਰਾਚੀਨ ਕਾਲ ਤੋਂ ਹੁੰਦਾ ਆ ਰਿਹਾ ਹੈ। ਪੌਰਾਣਿਕ ਕਾਲ ਵਿਚ, ਦੇਵਤਿਆਂ ਨੇ, ਸੁਮੇਰ ਪਰਬਤ ਨੂੰ, ਮਧਾਣਾ ਬਣਾ ਕੇ ਅਤੇ ਉਸ ਨਾਲ ਸਾਗਰ ਨੂੰ ਮੱਥ ਕੇ ਜੋ ਅੰਮ੍ਰਿਤ ਕਢਿਆ ਸੀ, ਉਹ ਇਕ ਤਰ੍ਹਾਂ ਦੀ ਸੁਰਾ ਹੀ ਸੀ, ਜਿਸ ਨੂੰ ਪੀਣ ਨਾਲ ਪ੍ਰਾਣੀ ਅਮਰ ਹੋ ਜਾਂਦਾ ਸੀ। ਆਰੀਆ ਜਾਤੀ ਵਿਚ ਸੋਮ ਰਸ ਪੀਣ ਦਾ ਰਵਾਜ ਸੀ, ਜਿਸ ਦਾ ਜ਼ਿਕਰ ਪ੍ਰਾਚੀਨ ਗ੍ਰੰਥਾਂ ਵਿਚ ਆਮ ਮਿਲਦਾ ਹੈ। ਸੋਮ ਰਸ ਇਕ ਖ਼ਾਸ ਕਿਸਮ ਦੀ ਸ਼ਰਾਬ ਸੀ, ਜਿਸ ਨੂੰ ਦੇਵਤੇ ਵੀ ਪੀਤਾ ਕਰਦੇ ਸਨ।

ਭਾਰਤ ਵਿਚ, ਨਸ਼ਿਆਂ ਦੇ ਸੇਵਨ ਵਿਰੁਧ ਪਹਿਲੀ ਅਵਾਜ਼ ਬੁੱਧ ਧਰਮ ਨੇ ਉਠਾਈ। ਬੁੱਧ ਧਰਮ ਦੇ ਵਿਕਾਸ ਨਾਲ, ਨਸ਼ਿਆਂ ਦੀ ਵਰਤੋਂ ਸਦਾਚਾਰ ਦੇ ਵਿਰੁਧ ਸਮਝੀ ਜਾਣ ਲਗੀ। ਮਨੋ-ਸਿਮਰਤੀ ਵਿਚ ਪਰਹੇਜ਼ਗਾਰੀ ਵਲ ਸੰਕੇਤ ਹੈ : 'ਉੱਚੀਆਂ ਸ਼੍ਰੇਣੀਆਂ, ਨਸ਼ੇ ਦੇ ਸੇਵਨ ਤੋਂ ਪਰਹੇਜ਼ ਕਰਨ, ਸ਼ੂਦਰ ਜੋ ਚਾਹੁਣ ਪਏ ਪੀਣ।' ਸੋ ਸਮੇਂ ਦੇ ਨਾਲ ਪਰਹੇਜ਼ਗਾਰੀ ਉੱਚੀ ਆਤਮਿਕ ਅਵਸਥਾ ਦੀ ਬੋਧਿਕ ਹੋ ਗਈ।

ਬੁੱਧ ਮਤ ਤੋਂ ਮਗਰੋਂ ਸਾਕਤ ਮਤ ਦੇ ਵਿਕਾਸ ਨੇ, ਨਸ਼ਿਆਂ ਦੀ ਵਰਤੋਂ ਦਾ ਰਵਾਜ ਵਧਾਇਆ। ਸਾਕਤ ਮਤ ਦੇ ਪੈਰੋਕਾਰ ਸੁਰਾ, ਮਾਸ ਆਦਿ ਦੀ ਵਰਤੋਂ ਧਾਰਮਕ ਭਾਵਨਾ ਨਾਲ ਕਰਦੇ ਹਨ ਤੇ ਸ਼ਰਾਬ ਉਨ੍ਹਾਂ ਦੀਆਂ ਰਹੁ-ਰੀਤੀਆਂ ਦਾ ਅੰਗ ਰਹੀ ਹੈ। ਸਾਕਤ ਮਤ ਦੇ ਪ੍ਰਭਾਵ ਹੇਠ ਹੀ ਹੇਠਲੀਆਂ ਸ਼੍ਰੇਣੀਆਂ ਵਿਚ ਸ਼ਰਾਬ ਆਦਿ ਦੀ ਵਧੇਰੇ ਵਰਤੋਂ ਹੋਈ।

ਮੁਸਲਮਾਨੀ ਸ਼ਰ੍ਹਾ ਸ਼ਰਾਬ ਦੇ ਵਿਰੁਧ ਹੈ, ਪਰ ਮੁਸਲਮਾਨਾਂ ਵਿਚ ਸ਼ਰਾਬ ਦੀ ਵਰਤੋਂ ਕਾਫ਼ੀ ਮਾਤਰਾ ਵਿਚ ਹੈ। ਅਲਾਹਦੀਨ ਬਾਦਸ਼ਾਹ ਨੇ ਮੁਲਾਣਿਆਂ ਦੀ ਪ੍ਰੇਰਨਾ ਉਤੇ ਨਸ਼ੇ ਦੇ ਸੇਵਨ ਦੀ ਕਾਨੂੰਨੀ ਤੌਰ ਤੇ ਮਨਾਹੀ ਕੀਤੀ, ਪਰ ਸਫਲਤਾ ਨਾ ਮਿਲੀ। ਬਾਬਰ ਨੇ 'ਬਾਬਰਨਾਮੇ' ਵਿਚ

ਜਹਾਂਗੀਰ ਨੇ ਵੀ ਮੌਲਾਣਿਆਂ ਦੇ ਜ਼ੋਰ ਦੇਣ ਉੱਤੇ ਨਸ਼ਿਆਂ ਉੱਤੇ ਬੰਦਸ਼ ਲਗਾ ਦਿੱਤੀ ਪਰ ਇਹ ਬੰਦਸ਼ ਬਹੁਤ ਦੇਰ ਨਾ ਲਗ ਸਕੀ। ਜਹਾਂਗੀਰ ਦੀ ਹਾਲਤ ਇਹ ਸੀ ਕਿ ਉਸ ਨੇ ਇਕ ਅਜਿਹਾ ਸਿੱਕਾ ਵੀ ਜਾਰੀ ਕੀਤਾ, ਜਿਸ ਦੀ ਮੂਰਤ ਵਿਚ ਜਹਾਂਗੀਰ ਨੇ ਹੱਥ ਵਿਚ ਸ਼ਰਾਬ ਦਾ ਪਿਆਲਾ ਫੜਿਆ ਹੋਇਆ ਸੀ।

(ਨ-4) **ਨਕਸ਼** :

ਮੁਸਲਮਾਨ ਪੀਰ-ਫ਼ਕੀਰ ਝਾੜਾ ਕਰਨ ਲਗਿਆਂ ਜੋ ਮੰਤਰ ਪੜ੍ਹਦੇ ਹਨ ਉਨ੍ਹਾਂ ਨੂੰ 'ਨਕਸ਼' ਕਿਹਾ ਜਾਂਦਾ ਹੈ। ਜਦੋਂ ਕੋਈ ਰੋਗੀ ਪੀਰ ਦੇ ਕੋਲ ਆਉਂਦਾ ਹੈ ਤਾਂ ਉਹ ਉਸ ਨੂੰ ਸਾਹਮਣੇ ਬਿਠਾ ਕੇ ਨਿੰਮ ਦੀ ਜਾਂ ਕਿਸੇ ਹੋਰ ਰੁੱਖ ਦੀ ਟਹਿਣੀ ਨੂੰ, ਆਪਣੇ ਸੱਜੇ ਹੱਥ ਵਿਚ ਫੜ ਕੇ ਮੰਤਰ ਪੜ੍ਹਦਿਆਂ ਟਹਿਣੀ ਨੂੰ ਰੋਗ ਵਾਲੀ ਥਾਂ ਉਤੇ ਫੇਰਦਾ ਹੈ। ਟਹਿਣੀ ਕੁਦਰਤ ਦੀ ਨਰੋਈ ਸ਼ਕਤੀ ਦੀ ਪ੍ਰਤੀਕ ਹੈ। ਕਈ ਵਾਰ ਜੇ ਹੋਰ ਕੋਈ ਚੀਜ਼ ਨਾ ਮਿਲੇ ਤਾਂ ਪੀਰ, ਆਪਣੀ ਪੱਗੜੀ ਦੇ ਪੱਲੇ ਨਾਲ ਹੀ ਝਾੜਾ ਕਰਦਾ ਹੈ। ਝਾੜਾ ਕਰਦਿਆਂ ਉਹ ਮੱਧਮ ਅਵਾਜ਼ ਵਿਚ ਨਕਸ਼ ਪੜ੍ਹਦਾ ਹੈ। ਤਿੰਨ ਵਾਰ ਝਾੜਾ ਕੀਤਾ ਜਾਂਦਾ ਹੈ, ਤਿੰਨ ਵਾਰ ਹੀ ਨਕਸ਼ ਪੜ੍ਹ ਕੇ ਫੂਕਾਂ ਮਾਰੀਆਂ ਜਾਂਦੀਆਂ ਹਨ। ਇਹ ਨਕਸ਼ ਆਮ ਤੌਰ ਉੱਤੇ ਗੁਪਤ ਰਖਿਆ ਜਾਂਦਾ ਹੈ, ਕਿਉਂ ਜੋ ਵਿਸ਼ਵਾਸ ਹੈ ਕਿ ਨਕਸ਼ ਦੇ ਪ੍ਰਗਟ ਹੋਣ ਨਾਲ, ਉਸਦਾ ਅਸਰ ਘੱਟ ਜਾਂਦਾ ਹੈ। ਨਕਸ਼ ਆਮ ਤੌਰ ਤੇ ਰਮਜ਼ਾਨ ਮਹੀਨੇ ਦੀ 27ਵੀਂ ਤਿੱਥ ਨੂੰ ਸਿੱਖੇ ਤੇ ਸਿਖਾਏ ਜਾਂਦੇ ਹਨ। ਨਿਰੇ ਨਕਸ਼ ਪੜ੍ਹ ਦੇਣ ਨਾਲ ਰੋਗ ਦੂਰ ਨਹੀਂ ਹੋ ਜਾਂਦਾ। ਨਕਸ਼ ਪੜ੍ਹਨ ਵਾਲੇ ਵਿਚ ਅਲੌਕਿਕ ਸ਼ਕਤੀ ਹੋਵੇ ਤਾਂ ਉਸ ਦਾ ਪੜ੍ਹਿਆ ਨਕਸ਼ ਵਧੇਰੇ ਕਲਿਆਨੀ ਹੁੰਦਾ ਹੈ। ਇਸ ਲਈ ਕਈ ਪੀਰ ਫ਼ਕੀਰ ਕਈ ਕਈ ਦਿਨ ਚਿਲ੍ਹੇ ਕਟ ਕੇ, ਆਪਣੀ ਗੁਪਤ ਸ਼ਕਤੀ ਨੂੰ ਵਧਾਉਂਦੇ ਹਨ।

(ਨ-5) **ਨੱਕ-ਕੰਨ ਕੱਟਣੇ** :

ਮੱਧ ਕਾਲ ਵਿਚ, ਚੋਰੀ, ਯਾਰੀ ਤੇ ਸਮਾਜਿਕ ਅਪਰਾਧ ਕਰਨ ਵਾਲੇ ਦੇ ਨੱਕ ਤੇ ਕੰਨ ਵੱਢ ਦਿੱਤੇ ਜਾਂਦੇ ਸਨ। ਮੁਸਲਮਾਨੀ ਸ਼ਰ੍ਹਾ ਵਿਚ ਵੀ ਚੋਰੀ ਯਾਰੀ ਕਰਨ ਵਾਲੇ ਦੇ, ਨੱਕ ਕੰਨ ਵੱਢਣ ਦਾ ਆਦੇਸ਼ ਹੈ। ਹਜ਼ਰਤ ਲੁਕਮਾਨ ਨੇ ਨੱਕ ਵੱਢਣ ਦੀ ਸਜ਼ਾ ਦਾ ਮੁੱਢ ਬੰਨ੍ਹਿਆ ਸੀ। ਦਮੋਦਰ ਦੀ ਹੀਰ ਵਿਚ ਜਦੋਂ ਕਾਜ਼ੀ ਹੀਰ ਨੂੰ ਨੱਕ ਕੰਨ ਵੱਢਣ

ਦੂਜਾ ਨੱਕ ਤਿਨ੍ਹਾਂ ਦਾ ਵੱਢੀਏ,
ਜੋ ਹੱਕ ਪਰਾਇਆ ਲੋੜੇ
ਤੀਜਾ ਨੱਕ ਤਿਨ੍ਹਾਂ ਦਾ ਵੱਢੀਏ,
ਜੋ ਕੋ ਵੱਢੀ ਖਾਂਦੇ
ਆਖ ਦਮੋਦਰ ਜਿਨ੍ਹਾਂ ਸਚ-ਮਿਦਾਰਾ,
ਸੋ ਬਹਿਸ਼ਤੀ ਜਾਂਦੇ।

(ਨ-6) **ਨੱਕ ਦੇ ਗਹਿਣੇ** :

ਨੱਕ ਮੂੰਹ ਦਾ ਸੁਹਜ ਹੋਣ ਕਰਕੇ ਨੱਕ ਦੇ ਕਈ ਗਹਿਣੇ ਪ੍ਰਚਲਤ ਹਨ। ਕੁਝ ਜਾਤਾਂ-ਗੋਤਾਂ ਵਿਚ ਤਾਂ ਨੱਥ ਸੁਹਾਗ ਦਾ ਚਿੰਨ੍ਹ ਮੰਨੀ ਜਾਂਦੀ ਹੈ ਅਤੇ ਕੇਵਲ ਕੁਆਰੀਆਂ ਜਾਂ ਵਿਧਵਾ ਇਸਤ੍ਰੀਆਂ ਹੀ ਨੱਥ ਨਹੀਂ ਪਾਉਂਦੀਆਂ। ਪੰਜਾਬ ਵਿਚ ਪ੍ਰਾਚੀਨ ਕਾਲ ਵਿਚ ਨੱਕ ਦੇ ਗਹਿਣਿਆਂ ਦਾ ਰਵਾਜ ਨਹੀਂ ਸੀ, ਇਹ ਰਵਾਜ ਮੱਧ-ਕਾਲ ਵਿਚ ਬਾਹਰੋਂ ਆਏ ਕਬੀਲਿਆਂ ਦੇ ਰਹਿਣ ਸਹਿਣ ਦੇ ਪ੍ਰਭਾਵ ਹੇਠ ਪਿਆ। ਪੁਰਾਣੀਆਂ ਮੂਰਤੀਆਂ ਵਿਚ ਕੰਨਾਂ, ਹੱਥਾਂ ਤੇ ਗਲੇ ਵਾਸਤੇ ਤਾਂ ਗਹਿਣੇ ਹਨ, ਪਰ ਨੱਕ ਲਈ ਨਹੀਂ।

ਨੱਕ ਵਿਚ ਗਹਿਣੇ ਪਹਿਨਣ ਲਈ ਛੇਕ ਕੀਤੇ ਜਾਂਦੇ ਹਨ। ਨੱਕ ਦੀ ਸੱਜੀ ਨਥਨੀ ਵਿਚ ਛੇਕ ਦਾ ਰਵਾਜ ਤਾਂ ਸ਼ਹਿਰਾਂ ਵਿਚ ਵੀ ਪ੍ਰਚਲਤ ਹੈ, ਪਰ ਨੱਕ ਦੀਆਂ ਦੋਹਾਂ ਨਥਨੀਆਂ ਤੇ ਵਿਚਕਾਰ ਦੀ ਕੁੰਡੀ ਵਿਚ ਛੇਕ ਦਾ ਰਵਾਜ, ਪਿੰਡਾਂ ਤਕ ਹੀ ਸੀਮਤ ਹੈ। ਨੱਕ ਵਿਚ ਸ਼ਿੰਗਾਰ ਲਈ ਜੋ ਗਹਿਣੇ ਪਹਿਨੇ ਜਾਂਦੇ ਹਨ, ਉਨ੍ਹਾਂ ਵਿਚੋਂ ਵਧੇਰੇ ਪ੍ਰਸਿਧ ਹਨ : ਕੋਕਾ, ਤੀਲੀ, ਮੱਛਲੀ, ਨੱਥ, ਲੌਂਗ, ਬੁਲਾਕ ਤੇ ਨੁਕਰਾ।

ਕੋਕਾ ਕਿੱਲ ਦੀ ਸ਼ਕਲ ਦਾ ਹੁੰਦਾ ਹੈ। ਪੋਠੋਹਾਰ ਵਿਚ ਕਿੱਲ ਨੂੰ ਕੋਕਾ ਕਹਿੰਦੇ ਹਨ ਤੇ ਕੋਕਾ ਲੌਂਗ ਵਾਂਗ ਹੀ ਨੱਕ ਦੇ ਖੱਬੇ ਪਾਸੇ ਕੁਆਰੀਆਂ ਪਹਿਨਦੀਆਂ ਹਨ। 'ਤੀਲੀ' ਤੀਲੇ ਦੀ ਸ਼ਕਲ ਦਾ ਗਹਿਣਾ ਹੈ, ਜੋ ਸੱਜੇ ਨਥਨੇ ਵਿਚ ਪਹਿਨਦੇ ਹਨ। ਨੱਥ ਛੱਲੇ ਦੀ ਸ਼ਕਲ ਦੀ ਹੁੰਦੀ ਹੈ। ਮੱਛਲੀ ਦੋਹਾਂ ਨਾਸਾਂ ਵਿਚਲੀ ਹੱਡੀ ਵਿਚ ਛੇਕ ਕਰ ਕੇ ਪਹਿਨੀ ਜਾਂਦੀ ਹੈ ਅਤੇ ਇਸ ਦਾ ਹੇਠਲਾ ਹਿੱਸਾ ਬੁੱਲ੍ਹਾਂ ਉੱਤੇ ਲਟਕਦਾ ਹੈ। ਨੁਕਰਾ ਚਾਂਦੀ ਦਾ ਛੋਟਾ ਜਿਹਾ ਛੱਲਾ ਹੁੰਦਾ ਹੈ, ਜੋ ਕੁਆਰੀਆਂ ਕੁੜੀਆਂ ਪਹਿਨਦੀਆਂ ਹਨ।

ਲੋਕ ਗੀਤਾਂ ਵਿਚ ਨੱਕ ਦੇ ਗਹਿਣਿਆਂ ਦਾ ਜ਼ਿਕਰ ਆਮ ਹੈ :

[illegible]

(ਨ-7) **ਨਕਲਾਂ** :

ਨਕਲ ਇਕ ਵਿਸ਼ੇਸ਼ ਕਲਾ ਹੈ। ਨਕਲ ਨੂੰ ਕਲਾਤਮਿਕ ਢੰਗ ਨਾਲ, ਨਾਟਕੀ ਅੰਸ਼ਾਂ ਨੂੰ ਉਭਾਰ ਕੇ, ਪੇਸ਼ ਕਰਨ ਲਈ ਡੂੰਘੇ ਅਨੁਭਵ ਤੇ ਸੂਝ ਦੀ ਲੋੜ ਹੈ। ਨਕਾਲ ਇਸ ਕਲਾ ਵਿਚ, ਬੜੀ ਨਿਪੁੰਨਤਾ ਰਖਦੇ ਹਨ। ਸ਼ਹਿਰੀ ਪੰਜਾਬੀਆਂ ਨੇ, ਇਸ ਕਲਾ ਨੂੰ ਗੰਵਾਰੂ ਤੇ ਹਲਕੀ ਪੱਧਰ ਦੀ ਸਮਝ ਕੇ, ਇਸ ਵਲੋਂ ਅਣਗਹਿਲੀ ਵਿਖਾਈ ਹੈ। ਪਰ ਨਕਲਾਂ, ਪਿੰਡਾਂ ਵਿਚ ਮਨੋਰੰਜਨ ਦਾ ਇਕ ਲੋਕਪ੍ਰਿਯ ਸਾਧਨ ਹਨ। ਪਿੰਡਾਂ ਵਿਚ ਵਿਆਹ ਸ਼ਾਦੀਆਂ ਤੇ ਮੰਗਲ ਕਾਰਜਾਂ ਉਤੇ ਨਕਾਲ, ਨਕਲਾਂ ਤੇ ਚੁਟਕਲਿਆਂ ਰਾਹੀਂ ਦਰਸ਼ਕਾਂ ਨੂੰ ਹਸਾ ਹਸਾ ਕੇ, ਢਿੱਡੀਂ ਪੀੜ ਪਾ ਦਿੰਦੇ ਹਨ। ਨਕਾਲ ਧਰਮ ਵਲੋਂ ਬਹੁਤੇ ਮੁਸਲਮਾਨ ਹੀ ਸਨ। ਦੇਸ਼ ਦੀ ਵੰਡ ਪਿਛੋਂ ਇਹ ਭਾਰਤੀ ਪੰਜਾਬ ਵਿਚੋਂ ਹਮੇਸ਼ਾ ਲਈ ਪਾਕਿਸਤਾਨੀ ਪੰਜਾਬ ਵਿਚ ਚਲੇ ਗਏ। ਹੁਣ ਕੋਈ ਟਾਵਾਂ ਟਾਵਾਂ ਨਕਾਲ ਹੀ ਪੰਜਾਬ ਵਿਚ ਮਿਲਦਾ ਹੈ। ਇਨ੍ਹਾਂ ਨਕਾਲਾਂ ਦੇ ਆਪਣੇ ਅੱਡੇ ਹਨ, ਜੋ ਅਖਾੜੇ ਅਖਵਾਉਂਦੇ ਹਨ। ਇਨ੍ਹਾਂ ਦੀਆਂ ਮੰਡਲੀਆਂ ਵਿਚ ਸਾਜਿੰਦੇ, ਨਚਾਰ, ਮਸਖ਼ਰੇ ਤੇ ਗਵਈਏ ਹੁੰਦੇ ਹਨ। ਟੋਲੀ ਦਾ ਮੁਖੀਆ 'ਉਸਤਾਦ' ਅਖਵਾਉਂਦਾ ਹੈ। ਪੰਜਾਬ ਵਿਚ ਜਲੰਧਰ ਤੇ ਫਗਵਾੜੇ ਵਿਚ ਨਕਾਲਾਂ ਦੇ ਅਖਾੜੇ ਮੌਜੂਦ ਹਨ, ਜਿਨ੍ਹਾਂ ਵਿਚੋਂ 'ਰੁਲੀਏ ਨਕਾਲ ਦਾ ਅਖਾੜਾ' ਬੜਾ ਪ੍ਰਸਿਧ ਹੈ।

ਨਕਲਾਂ ਵਿਚ ਸਵਾਂਗ, ਸੰਵਾਦ, ਨਿਰਤ ਤੇ ਸੰਕੇਤਾਂ ਰਾਹੀਂ ਨਾਟਕ ਰਚਿਆ ਜਾਂਦਾ ਹੈ। ਇਸ ਵਿਚ ਸਵਾਂਗ ਨਹੀਂ ਭਰਿਆ ਜਾਂਦਾ, ਪਰ ਸਵਾਂਗ ਦਾ ਭੁਲੇਖਾ ਜ਼ਰੂਰ ਬਣਾਇਆ ਜਾਂਦਾ ਹੈ, ਜਿਵੇਂ ਕੁੜੀ ਦਾ ਸਵਾਂਗ ਭਰਨ ਦੀ ਥਾਂ, ਨਕਾਲ ਕੇਵਲ ਇਕ ਚੁੰਨੀ ਸਿਰ ਉਤੇ ਲੈ ਲੈਂਦਾ ਹੈ ਤੇ ਦਰਸ਼ਕ ਇਸ ਭੁਲੇਖੇ ਨੂੰ ਕਬੂਲ ਕਰਦੇ ਹੋਏ, ਉਸ ਨੂੰ ਘੜੀ ਪਲ ਲਈ ਕੁੜੀ ਮੰਨ ਲੈਂਦੇ ਹਨ। ਨਕਾਲਾਂ ਵਿਚ ਆਮ ਕਰ ਕੇ ਇਕ ਮਸਖ਼ਰਾ ਹੁੰਦਾ ਹੈ, ਜੋ ਪਟਾਕ ਪਟਾਕ ਗੱਲਾਂ ਕਰਦਾ ਹੈ। ਉਸ ਦੀਆਂ ਗੱਲਾਂ ਦਾ ਢੰਗ ਅਜਿਹਾ ਹੁੰਦਾ ਹੈ ਕਿ ਉਹ ਦਰਸ਼ਕਾਂ ਵਿਚ ਉਤਸੁਕਤਾ ਪੈਦਾ ਕਰਦਾ ਹੈ ਤੇ ਜਦੋਂ ਉਤਸੁਕਤਾ ਸਿਖਰ ਉਤੇ ਪਹੁੰਚਦੀ ਹੈ ਤਾਂ ਉਹ ਕੋਈ ਅਜਿਹੀ ਗੱਲ ਕਹਿ ਦੇਂਦਾ ਹੈ ਜਿਸ ਨਾਲ ਦਰਸ਼ਕਾਂ ਵਿਚ ਹਾਸੇ ਠੱਠੇ ਦੀ ਲਹਿਰ ਦੌੜ ਜਾਂਦੀ ਹੈ ਤੇ ਲੋਕ ਹੱਸ ਹੱਸ ਕੇ ਦੂਹਰੇ-ਚੌਹਰੇ ਹੁੰਦੇ ਹਨ।

(ਨ-8) **ਨਕਾਲ** :

ਮਨ ਪਰਚਾਂਦੇ ਰਹੇ ਹਨ। ਨਕਲਾਂ ਉਤਾਰਨ ਵਾਲਿਆਂ ਨੂੰ ਨਕਾਲ ਕਿਹਾ ਜਾਂਦਾ ਹੈ। ਨਕਾਲ ਪੰਜਾਬੀ ਸੰਸਕ੍ਰਿਤੀ ਦੇ ਭੰਡ ਦਾ ਹੀ ਅਗਲੀ ਸਮਰੂਪ ਹੈ। ਨਕਾਲਾਂ ਦਾ ਮਿਰਾਸੀ ਜਾਂ ਭੰਡ ਜਾਤਾਂ ਵਿਚੋਂ ਹੀ ਨਿਕਾਸ ਹੋਇਆ ਅਤੇ ਮੁਸਲਮਾਨੀ ਰਾਜ ਸਮੇਂ ਇਨ੍ਹਾਂ ਨੇ ਇਸਲਾਮ ਮਤ ਧਾਰਨ ਕਰ ਲਿਆ। ਦੇਸ਼ ਵੰਡ ਤੋਂ ਪਹਿਲਾਂ ਭਾਰਤੀ ਪੰਜਾਬ ਦੇ ਹਰ ਵੱਡੇ ਪਿੰਡ ਵਿਚ ਭੰਡ ਤੇ ਨਕਾਲ ਆਮ ਮਿਲਦੇ ਸਨ, ਪਰ ਦੇਸ਼ ਵੰਡ ਸਮੇਂ, ਨਕਾਲ ਮੁਸਲਮਾਨ ਹੋਣ ਕਰ ਕੇ, ਪਾਕਿਸਤਾਨ ਚਲੇ ਗਏ ਤੇ ਕੋਈ ਟਾਵਾਂ ਟਾਵਾਂ ਨਕਾਲ ਹੀ ਇਧਰ ਰਹਿ ਗਿਆ। ਦੇਸ਼ ਵੰਡ ਤੋਂ ਪਿਛੋਂ ਪਛੜੀਆਂ ਜਾਤੀਆਂ ਵਿਚੋਂ ਨਵੇਂ ਨਕਾਲ ਉਭਰੇ ਜਿਨ੍ਹਾਂ ਦੇ ਅੱਡੇ ਜਲੰਧਰ, ਫਗਵਾੜਾ ਆਦਿ ਬਣੇ। ਡਾ: ਬਲਬੀਰ ਸਿੰਘ ਨੇ ਆਪਣੇ ਸ਼ੋਧ-ਨਿਬੰਧ 'ਪੰਜਾਬੀ ਲੋਕ ਨਾਟ—ਇਕ ਅਧਿਐਨ' ਵਿਚ ਚਲ ਢੱਕੇ ਦੇ ਮਲੰਗੀ ਰਾਮ, ਹਦੀਆਬਾਦ ਦੇ ਸ਼ਾਹਦੀਨ, ਪੰਡੋਰੀ ਦੇ ਨਥੇ ਤੇ ਗਰੋਏ ਪਿੰਡ ਦੇ ਸਰਵਰੀਏ ਆਦਿ ਨਕਾਲਾਂ ਦਾ ਜ਼ਿਕਰ ਕੀਤਾ ਹੈ, ਜੋ ਇਸ ਇਲਾਕੇ ਵਿਚ ਕਦੇ ਬੜੇ ਪ੍ਰਸਿਧ ਸਨ।

ਗਲਾਸਰੀ ਅਨੁਸਾਰ ਲਾਹੌਰ ਵਿਚ ਨਕਾਲਾਂ ਨੂੰ ਬਾਸ਼ੋਈ ਵੀ ਕਹਿੰਦੇ ਹਨ ਤੇ ਇਨ੍ਹਾਂ ਦੀ ਆਦਤ ਸੀ ਕਿ ਜਦੋਂ ਵੀ ਇਨ੍ਹਾਂ ਨੂੰ ਕੋਈ ਉੱਚੀ ਪਦਵੀ ਵਾਲਾ ਸ਼ਖ਼ਸ ਮਿਲਦਾ, ਇਹ ਉਸ ਉਤੇ ਉਦੋਂ ਤਕ ਕਟਾਖਸ਼ ਕਰਦੇ ਰਹਿੰਦੇ, ਜਦੋਂ ਤਕ ਉਹ ਨਕਾਲਾਂ ਨੂੰ ਕੁਝ ਦਾਨ ਨਾ ਕਰਦਾ।

ਕੁਝ ਨਕਾਲ ਮਿਰਾਸੀ ਹਨ। ਲੁਧਿਆਣੇ ਵਿਚ ਦੇਸ਼ ਵੰਡ ਤੋਂ ਪਹਿਲਾਂ ਨਕਾਲ ਮਿਰਾਸੀ ਹੱਥ ਵਿਚ ਚਮੋਟਾ (ਚਮੜੇ ਦਾ ਸੋਟਾ) ਲੈ ਕੇ ਗਲੀਆਂ ਵਿਚ ਘੁੰਮਦੇ ਤੇ ਕਈ ਤਰ੍ਹਾਂ ਦੀਆਂ ਨਕਲਾਂ ਉਤਾਰਦੇ ਸਨ, ਖ਼ਾਸ ਤੌਰ ਤੇ ਜੁਲਾਹਿਆਂ ਦੀਆਂ ਨਕਲਾਂ।

ਕਿਸੇ ਸਮੇਂ ਗੁੜਗਾਵਾਂ ਦੇ ਨਕਾਲਾਂ ਦੀ ਬੜੀ ਸ਼ਾਨ ਹੁੰਦੀ ਸੀ, ਇਹ ਚੰਗੇ ਰਜੇ ਪੁੰਜੇ ਲੋਕ ਸਨ ਅਤੇ ਘੋੜੇ ਤੇ ਬਲਦ ਰਖਿਆ ਕਰਦੇ ਤੇ ਉਨ੍ਹਾਂ ਉਤੇ ਸਵਾਰੀ ਕਰਕੇ ਮਹੀਨੇ ਵਿਚ ਇਕ ਵਾਰ ਆਲੇ ਦੁਆਲੇ ਦੇ ਪਿੰਡਾਂ ਵਿਚ ਫੇਰੀ ਲਗਾਉਂਦੇ ਤੇ ਨਕਲਾਂ ਕਰ ਕੇ ਲੋਕਾਂ ਨੂੰ ਹਸਾਉਂਦੇ ਪਰਚਾਂਦੇ। ਇਨ੍ਹਾਂ ਦੇ ਬੰਧੇਜ ਬੰਨੇ ਹੋਏ ਸਨ। ਪਿਛੋਂ ਉਨ੍ਹਾਂ ਨੇ ਇਹ ਤਰੀਕਾ ਛਡ ਦਿਤਾ ਅਤੇ ਘੋੜੇ ਤੇ ਦਾਣੇ ਦੀ ਥਾਂ ਨਗਾਰਾ ਰਖਣ ਲਗੇ ਜੋ ਕੇਵਲ ਮੰਗਲ ਕਾਰਜਾਂ ਸਮੇਂ ਵਜਾ ਕੇ ਬੰਧੇਜ ਲੈਂਦੇ ਸਨ।

(ਨ-9) **ਨੱਕੀ ਪੂਰ** :

ਵੀ ਸਮਾਨ ਪੈਂਦੇ ਹਨ, ਪਰ ਜਿਨ੍ਹਾਂ ਦੀ ਸਮਝ ਨੇ ਸਕਦੇ ਹਨ। ਇਕ ਸਮਾਨ ਕੌਡਾਂ, ਰੋੜਿਆਂ ਜਾਂ ਆਮਰੋਟਾਂ ਦੀ ਮੁੱਠ ਭਰ ਕੇ ਉਸ ਨੂੰ ਪੂਰੀ ਤਰ੍ਹਾਂ ਬੰਦ ਕੀਤਾ ਜਾਂਦਾ ਹੈ ਤੇ ਦੂਜੇ ਤੋਂ ਪੁੱਛਿਆ ਹੈ—'ਨੱਕੀ ਕਿ ਪੂਰ'? ਜੇ ਮੁੱਠੀ ਵਿਚ ਬੰਦ ਵਸਤੂ ਦੀ ਗਿਣਤੀ ਦੋ ਉਤੇ ਪੂਰੀ ਉਤਰੇ ਤਾਂ ਪੂਰ, ਨਹੀਂ ਤਾਂ ਨੱਕੀ। ਦੂਜਾ ਖਿਡਾਰੀ ਅੰਦਾਜ਼ੇ ਨਾਲ ਹੀ ਨੱਕੀ ਜਾਂ ਪੂਰ ਕਹਿ ਦਿੰਦਾ ਹੈ। ਜੇ ਉਹ ਖਿਡਾਰੀ ਠੀਕ ਬੁੱਝ ਲਵੇ ਤਾਂ ਉਹ ਦਾਅ ਜਿੱਤ ਜਾਂਦਾ ਹੈ। ਜਿੱਤਣ ਵਾਲਾ ਜਿੱਤ ਜਾਣ ਉਹੋ ਹੀ ਆਪਣੀ ਵਾਰ ਮੁੱਠ ਮੀਟਦਾ ਤੇ ਦੂਜਾ ਖਿਡਾਰੀ ਬੁੱਝਦਾ ਹੈ। ਆਮ ਤੌਰ ਤੇ ਬੱਚੇ ਜਿਸ ਚੀਜ਼ ਨਾਲ ਖੇਡ ਰਹੇ ਹੋਣ, ਉਸੇ ਦਾ ਦਾਅ ਲਗਾਉਂਦੇ ਹਨ। ਜਿਵੇਂ ਜੇ ਕੌਡਾਂ ਨਾਲ ਖੇਡ ਰਹੇ ਹੋਣ ਤਾਂ ਦਾਅ ਕਉਡੀ ਇਕ ਕੌਡੀ। ਜੇ ਆਮਰੋਟਾਂ ਨਾਲ ਖੇਡ ਰਹੇ ਹਨ ਤਾਂ ਦਾਅ ਆਮਰੋਟਾਂ ਦਾ। ਬਜ਼ੁਰਗ ਖੇਡ ਪੈਸੇ ਲਗਾ ਕੇ ਵੀ ਖੇਡਦੇ ਹਨ।

ਦੀਵਾਲੀ ਵਾਲੀ ਰਾਤ ਜਾਂ ਇਸ ਤੋਂ ਦਿਨ ਪਹਿਲਾਂ, ਪਿੱਛੋਂ ਵਿਚ, ਜੂਆ ਖੇਡਣ ਦਾ ਰਿਵਾਜ ਹੈ। ਉਦੋਂ ਨੱਕੀ ਪੂਰ ਆਮ ਖੇਡਿਆ ਜਾਂਦਾ ਹੈ ਤੇ ਆਮ ਕਰਕੇ ਆਮਰੋਟਾਂ ਨੂੰ ਵਰਤਿਆ ਜਾਂਦਾ ਹੈ। ਅਜਿਹਾਂ ਵਿਚ ਨੱਕੀ ਪੂਰ ਦਾ ਰਵਾਜ ਘਟ ਗਿਆ ਹੈ। ਨੱਕੀ ਪੂਰ ਦੀ ਖੇਡ ਜੂਏ ਦੀ ਸਰੂਪ ਲੈ ਲੈਂਦੀ ਹੈ।

ਨੱਕੀ ਪੂਰ ਨੂੰ ਤਾਕ ਜਿਸਤ ਵੀ ਕਹਿੰਦੇ ਹਨ। ਜੇ ਗਿਣਤੀ ਦੋ ਉਤੇ ਪੂਰੀ ਉਤਰੇ ਤਾਂ ਜਿਸਤ, ਨਹੀਂ ਤਾਂ ਤਾਕ (ਵੇਖੋ : ਜਿਸਤ-ਤਾਕ)।

## (ਨ-10) ਨਕੀਰ :

ਮੁਸਲਮਾਨੀ ਰਵਾਇਤਾਂ ਅਨੁਸਾਰ ਇਕ ਫ਼ਰਿਸ਼ਤਾ, ਜੋ ਮਨੁੱਖ ਦੇ ਮੰਦੇ ਕਰਮਾਂ ਦਾ ਹਿਸਾਬ ਰਖਦਾ ਹੈ। ਧਾਰਨਾ ਹੈ ਕਿ ਮੁਨਕਰ ਤੇ ਨਕੀਰ, ਦੋਵੇਂ ਫ਼ਰਿਸ਼ਤੇ ਮਨੁੱਖ ਦੇ ਮੋਢਿਆਂ ਉਤੇ ਨਿਵਾਸ ਕਰਦੇ ਹਨ। ਮੁਨਕਰ ਸ਼ੁਭ ਕਰਮਾਂ ਦਾ ਲੇਖਾ ਦਰਜ ਕਰਦਾ ਰਹਿੰਦਾ ਹੈ ਤੇ ਨਕੀਰ ਮੰਦੇ ਕਰਮਾਂ ਦਾ। ਮਰਨ ਮਗਰੋਂ ਕਬਰ ਵਿਚ 'ਮੁਨਕਰ' 'ਨਕੀਰ' ਪਹਿਲੀ ਰਾਤ ਪ੍ਰਗਟ ਹੋ ਕੇ ਪ੍ਰਾਣੀ ਤੋਂ ਹਿਸਾਬ ਕਿਤਾਬ ਮੰਗਦੇ ਹਨ।

## (ਨ-11) ਨਛੱਤ੍ਰ :

ਆਕਾਸ਼ ਵਿਚ ਤਾਰਿਆਂ ਦਾ ਉਹ ਸਮੂਹ, ਜੋ ਚੰਦ੍ਰਮਾ

ਉੱਤਰਾ ਫਾਲਗੁਨੀ, ਹਸਤ, ਚਿਤ੍ਰਾ, ਸਵਾਤੀ, ਵਿਸ਼ਾਖਾ, ਅਨੁਰਾਧਾ, ਜੇਸ਼ਟਾ, ਮੂਲ, ਪੂਰਵਾ ਖਾੜਾ, ਉੱਤਰਾ ਖਾੜਾ, ਸ੍ਰਵਣ, ਧਨਿਸ਼ਟਾ, ਸ਼ਤਭਿਖਾ, ਪੂਰਵਾ ਭਾਦ੍ਰਪਦ, ਉੱਤਰਾ ਭਾਦ੍ਰਪਦ ਤੇ ਰੇਵਤੀ। ਕਈ ਜੋਤਸ਼ੀ ਵਿਦਵਾਨ ਅਭਿਜਿਤ ਨੂੰ ਵਧਵਾਂ ਨਛੱਤ੍ਰ ਮੰਨ ਕੇ ਅਠਾਈ ਨਛੱਤ੍ਰ ਗਿਣਦੇ ਹਨ, ਪਰ ਕਈ ਅਭਿਜਿਤ ਨੂੰ ਇਕ ਵਕਫ਼ਾ ਹੀ ਮੰਨਦੇ ਹਨ (ਵੇਖੋ : ਅਭਿਜਿਤ)।

ਦੇਸੀ ਮਹੀਨਿਆਂ ਦੇ ਨਾਂ ਨਛੱਤ੍ਰਾਂ ਦੇ ਨਾਂਵਾਂ ਉਤੇ ਹੀ ਰੱਖੇ ਗਏ ਹਨ। ਜਿਸ ਮਹੀਨੇ ਦੀ ਪੂਰਨਮਾਸ਼ੀ ਜਿਸ ਨਛੱਤ੍ਰ ਵਿਚ ਹੁੰਦੀ ਹੈ, ਉਸੇ ਨਛੱਤ੍ਰ ਤੋਂ ਮਹੀਨੇ ਦਾ ਨਾਂ ਰਖਿਆ ਗਿਆ ਹੈ। ਵਿਸਾਖ ਦੇ ਵਿਸਾਖਾ ਨਛੱਤ੍ਰ ਤੋਂ ਅਤੇ ਜੇਠ ਦੇ ਜਯੇਸ਼ਠਾ ਨਛੱਤ੍ਰ ਤੋਂ ਨਾਉਂ ਪਏ ਗਏ ਹਨ।

ਨਛੱਤ੍ਰਾਂ ਨਾਲ ਕਈ ਕਥਾਂ ਦੇ ਕਥਾ ਕਹਾਣੀ, ਮਨੌਤਾਂ ਤੇ ਸੰਬੰਧਿਤ ਕਥਾਵਾਂ ਜੁੜੀਆਂ ਹੋਈਆਂ ਹਨ। ਪੁਰਾਣਾਂ ਅਨੁਸਾਰ ਸਤਾਈ ਨਛੱਤ੍ਰ ਦਕਸ਼ ਦੀਆਂ ਸਤਾਈ ਧੀਆਂ ਹਨ, ਜਿਨ੍ਹਾਂ ਦਾ ਵਿਆਹ ਦਕਸ਼ ਨੇ ਚੰਦ੍ਰਮਾ ਨਾਲ ਕੀਤਾ (ਵੇਖੋ : ਚੰਦ੍ਰਮਾ)।

ਨਛੱਤ੍ਰਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ : ਰੇਵਤੀ, ਅਸ਼ਵਿਨੀ, ਭਰਣੀ, ਕ੍ਰਿਤਕਾ, ਰੋਹਿਣੀ, ਮ੍ਰਿਗਸ਼ਿਰਾ ਪੁਰਸ਼ ਭਾਗ ਦੇ ਨਛੱਤ੍ਰ ਹਨ। ਇਨ੍ਹਾਂ ਨਛੱਤ੍ਰਾਂ ਹੇਠ ਜੰਮਿਆ ਬਾਲਕ ਬੜਾ ਗੁਣਵਾਨ, ਪ੍ਰਤਿਭਾਸ਼ਾਲੀ ਤੇ ਵਿਦਵਾਨ ਹੁੰਦਾ ਹੈ। ਆਰਦ੍ਰਾ ਤੋਂ ਲੈ ਕੇ ਅਨੁਰਾਧਾ ਤਕ ਦੇ 12 ਨਛੱਤ੍ਰਾਂ ਨੂੰ ਮੱਧ ਭਾਗ ਆਖਦੇ ਹਨ ਤੇ ਇਨ੍ਹਾਂ ਹੇਠ ਜੰਮੀ ਧੀਇਆ ਬੜੀ ਸੁਸ਼ੀਲ, ਗੁਣਵੰਤੀ ਤੇ ਸਤੀ ਸੁਭਾਅ ਦੀ ਹੁੰਦੀ ਹੈ। ਜਯੇਸ਼ਠਾ ਤੋਂ ਉੱਤਰਾ ਭਾਦ੍ਰਪਦਾ ਤਕ ਦੇ 10 ਨਛੱਤ੍ਰਾਂ ਨੂੰ ਪਰ ਭਾਗ ਕਹਿੰਦੇ ਹਨ। ਜੇ ਪਰ ਭਾਗ ਵਿਚ ਜੰਮੇ ਮੁੰਡੇ ਕੁੜੀ ਦਾ ਆਪ ਵਿਚ ਵਿਆਹ ਹੋ ਜਾਵੇ ਤਾਂ ਦੰਪਤੀ ਜੋੜੇ ਦਾ ਆਪ ਵਿਚ ਬੜਾ ਪਿਆਰ ਹੁੰਦਾ ਹੈ।

ਜਯੇਸ਼ਠਾ, ਮੂਲ ਤੇ ਸੁਲੇਖਾ ਨਛੱਤ੍ਰ ਵਿਚ ਜੰਮਿਆ ਬੱਚਾ ਆਪਣੇ ਪਰਿਵਾਰ/ਕੁਲ ਉਤੇ ਭਾਰਾ ਹੁੰਦਾ ਹੈ। ਜੇ ਕੋਈ ਬਾਲ ਜਯੇਸ਼ਠਾ ਨਛੱਤ੍ਰ ਦੀਆਂ ਪਹਿਲੀਆਂ 6 ਘੜੀਆਂ ਵਿਚ ਜੰਮੇ ਤਾਂ ਨਾਨੇ ਉਤੇ, ਦੂਜੀਆਂ 6 ਘੜੀਆਂ ਵਿਚ ਜੰਮੇ ਤਾਂ ਨਾਨੀ ਉਤੇ ਅਤੇ ਅਗਲੀਆਂ 6 ਘੜੀਆਂ ਵਿਚ ਜੰਮੇ ਤਾਂ ਮਾਮੇ ਉਤੇ ਭਾਰਾ ਹੁੰਦਾ ਹੈ। ਚੌਥੀਆਂ 6 ਘੜੀਆਂ ਵਿਚ ਜੰਮੇ ਤਾਂ ਬਾਲ ਮਾਂ ਲਈ ਦੁਖਦਾਈ ਹੁੰਦਾ ਹੈ ਤੇ ਪੰਜਵੀਆਂ 6 ਘੜੀਆਂ ਵਾਲਾ ਆਪਣੇ ਆਪ ਉਤੇ ਭਾਰਾ ਮੰਨਿਆ

ਭਰਾ 'ਤੇ ਭਾਰਾ ਹੁੰਦਾ ਹੈ। ਨਾਂਵੀਆਂ 6 ਘੜੀਆਂ ਵਿਚ ਜੰਮਿਆ ਬਾਲ ਸਹੁਰੇ ਪਰਿਵਾਰ ਲਈ ਸੰਕਟ ਲਿਆਂਦਾ ਹੈ; ਦਸਵੀਆਂ 6 ਘੜੀਆਂ ਵਿਚ ਜੰਮਿਆ ਬਾਲਕ ਸਾਰੇ ਪਰਿਵਾਰ ਤੇ ਕੁਲ ਗੋਤ ਲਈ ਭਾਰਾ ਮੰਨਿਆ ਗਿਆ ਹੈ।

ਇਸੇ ਤਰ੍ਹਾਂ 'ਮੂਲ' ਨਛੱਤ੍ਰ ਵਿਚ ਪੈਦਾ ਹੋਇਆ ਬਾਲ ਵੀ ਆਪਣੇ ਜਨਮ ਦੀਆਂ ਘੜੀਆਂ ਅਨੁਸਾਰ ਪਿਉ, ਮਾਂ, ਭਰਾ ਉਤੇ ਭਾਰਾ ਮੰਨਿਆ ਜਾਂਦਾ ਹੈ। ਜਾਂ ਫਿਰ ਧਨ ਦਾ ਨਾਸ ਕਰਦਾ ਹੈ। 'ਮੂਲ' ਨਛੱਤ੍ਰ ਸਭ ਤੋਂ ਵਧ ਅਸ਼ੁਭ ਨਛੱਤ੍ਰ ਮੰਨਿਆ ਗਿਆ ਹੈ। ਇਹ ਅਠੂਏਂ ਦੀ ਸ਼ਕਲ ਦਾ ਹੈ ਤੇ ਅਠੂਏਂ ਵਾਂਗ ਹੀ ਇਸਦਾ ਡੰਗ ਜ਼ਹਿਰੀਲਾ ਹੁੰਦਾ ਹੈ। ਲੋਕਾਂ ਦਾ ਨਿਸਚਾ ਹੈ ਕਿ ਇਸ ਨਛੱਤ੍ਰ ਵਿਚ ਜੰਮੇ ਬੱਚੇ ਦੇ ਖਹਿੜੇ ਉਨ੍ਹਾਂ ਵਡੇ ਵਡੇਰਿਆਂ ਦੀਆਂ ਚੰਦਰੀਆਂ ਰੂਹਾਂ ਪਈਆਂ ਰਹਿੰਦੀਆਂ ਹਨ, ਜੋ ਦੁਰਘਟਨਾ ਕਾਰਨ ਮਰੇ ਤੇ ਪ੍ਰੇਤ ਬਣ ਕੇ ਇਸ ਸੰਸਾਰ 'ਚ ਵਿਚਰ ਰਹੇ ਹਨ। ਕਈ ਪੰਜਾਬੀ ਹਿੰਦੂ ਤਾਂ ਅਜਿਹੇ ਬੱਚੇ ਨੂੰ ਘਰੋਂ ਕਢ ਦੇਂਦੇ ਹਨ ਤੇ ਉਦੋਂ ਤਕ ਘਰ ਨਹੀਂ ਲਿਆਉਂਦੇ ਜਦੋਂ ਤਕ ਉਹ ਕਿਸ਼ੋਰ ਅਵਸਥਾ ਤਕ ਪਹੁੰਚ ਨਾ ਜਾਏ। ਪੂਰਨ ਭਗਤ ਮੂਲ ਨਛੱਤ੍ਰ ਵਿਚ ਹੀ ਪੈਦਾ ਹੋਇਆ ਸੀ ਤੇ ਉਸ ਨੂੰ 12 ਵਰ੍ਹੇ ਤਕ ਮਾਂ ਪਿਉ ਦੇ ਮੂੰਹ ਨਹੀਂ ਸਨ ਲਗਣ ਦਿਤਾ ਗਿਆ। ਗਿਣਤੀ ਵਿਚ ਗਲਤੀ ਲਗ ਜਾਣ ਕਾਰਨ 12 ਵਰ੍ਹਿਆਂ ਤੋਂ ਇਕ ਦਿਨ ਪਹਿਲਾ ਉਹ ਮਾਂ ਪਿਉ ਦੇ ਮੱਥੇ ਲਗ ਗਿਆ, ਜਿਸ ਕਰਕੇ ਪੂਰਨ, ਇੱਛਰਾਂ, ਸਲਵਾਨ ਤੇ ਲੂਣਾ ਆਦਿ ਨੂੰ ਇਤਨੇ ਕਸ਼ਟ ਭਾਗਣੇ ਪਏ। ਅਜਿਹੇ ਬੱਚੇ ਨੂੰ ਕਈ ਲੋਕ ਮੰਦਰਾਂ ਵਿਚ ਭੇਟ ਚਾੜ੍ਹ ਦੇਂਦੇ ਹਨ (ਵੇਖੋ : ਮੂਲ ਨਛੱਤ੍ਰ)।

ਸੁਲੇਖਾ ਨਛੱਤ੍ਰ ਚੰਗਾ ਵੀ ਹੈ ਤੇ ਮੰਦਾ ਵੀ। ਜੇ ਬਾਲ, ਸੁਲੇਖਾ ਨਛੱਤ੍ਰ ਦੀਆਂ ਪਹਿਲੀਆਂ ਛੇ ਘੜੀਆਂ ਵਿਚ ਜੰਮੇ ਤਾਂ ਉਹ ਵਡਾ ਹੋ ਕੇ ਉੱਚ ਅਧਿਕਾਰੀ ਬਣਦਾ ਹੈ ਪਰ ਜੇ ਦੂਜੇ ਹਿੱਸੇ ਦੀਆਂ ਸੱਤਾਂ ਘੜੀਆਂ ਵਿਚ ਜੰਮੇ ਤਾਂ ਪਿਤਾ ਉਤੇ ਭਾਰਾ ਹੁੰਦਾ ਹੈ।

ਨਛੱਤ੍ਰਾਂ ਦੇ ਮੰਦੇ ਪ੍ਰਭਾਵ ਤੋਂ ਬਚਣ ਲਈ, ਕਈ ਤਰ੍ਹਾਂ ਦੇ ਉਪਾਅ ਵੀ ਕੀਤੇ ਜਾਂਦੇ ਹਨ। ਜਿਵੇਂ 12 ਸਾਲ ਬੱਚੇ ਦੇ ਮੂੰਹ ਨਾ ਲਗਣਾ, ਜਾਂ ਬੱਚੇ ਦੇ ਮੂੰਹ ਲਗਣ ਤੋਂ ਪਹਿਲਾਂ ਉਸ ਦੇ ਚਿਹਰੇ ਦਾ ਅਕਸ ਤੇਲ ਵਿਚ ਵੇਖਣਾ ਜਾਂ ਬੱਚੇ ਨੂੰ ਮੁਹਾਠ ਪੁਟ ਕੇ ਉਸ ਦੇ ਹੇਠੋਂ ਲੰਘਾਣਾ। ਜਾਂ ਬੱਚੇ ਨੂੰ ਗਊ ਦੇ ਹੇਠੋਂ ਝੂਲੇ ਵਾਂਗ ਝੂਲਾ ਕੇ ਲੰਘਾਣਾ ਆਦਿ।

ਸੀ ਤੇ ਉਹ ਆਪਣੀ ਧੀ ਦੇ ਰੂਪ ਉਤੇ ਮੋਹਿਤ ਹੋ ਗਿਆ ਸੀ। ਬ੍ਰਹਮਾ ਨੇ ਇਸ ਨਛੱਤ੍ਰ ਨੂੰ ਸਰਾਪ ਦੇ ਦਿਤਾ ਕਿ ਇਸ ਨਛੱਤ੍ਰ ਵਿਚ ਵਿਆਹ ਨਹੀਂ ਹੋਇਆ ਕਰਨਗੇ। ਹਿੰਦੂ ਪੁੱਖਯ ਨਛੱਤ੍ਰ (ਪੋਹ ਦੇ ਮਹੀਨੇ) ਵਿਆਹ ਨਹੀਂ ਕਰਦੇ।

ਪੁੱਖਯ, ਹਸਤ, ਰੇਵਤੀ, ਅਸ਼ਵਿਨੀ, ਸ਼ਰਵਨ ਤੇ ਮ੍ਰਿਗਸ਼ਿਰਾ ਨਛੱਤ੍ਰਾਂ ਵਿਚ ਕਿਸੇ ਵੀ ਦਿਸ਼ਾ ਵਲ ਸਫ਼ਰ ਕੀਤਾ ਸਫਲ ਰਹਿੰਦਾ ਹੈ। ਅਨੁਰਾਧਾ ਨਛੱਤ੍ਰ ਵਿਚ ਯਾਤ੍ਰਾ ਅਤੇ ਮੰਗਲ ਕਰਮ ਕਰਨੇ ਸ਼ੁਭ ਹਨ। ਸਵਾਂਤੀ ਨਛੱਤ੍ਰ ਦੀ ਵਰਖਾ ਬੜੀ ਉੱਤਮ ਮੰਨੀ ਜਾਂਦੀ ਹੈ। ਇਸ ਵਰਖਾ ਨਾਲ ਪਪੀਹਾ ਆਪਣੀ ਪਿਆਸ ਬੁਝਾਂਦਾ ਹੈ। ਸਿੱਪੀ ਵਿਚ ਮੋਤੀ, ਕੇਲੇ ਵਿਚ ਕਪੂਰ ਤੇ ਬਾਂਸੇ ਵਿਚ ਤਬਾਸ਼ੀਰ ਬਣਦੀ ਹੈ (ਵੇਖੋ : ਸਵਾਂਤੀ)।

ਮ੍ਰਿਗਸ਼ਿਰਾ ਨਛੱਤ੍ਰ ਬਾਰੇ ਕਥਾ ਪ੍ਰਚਲਤ ਹੈ ਕਿ ਬ੍ਰਹਮਾ ਨੇ ਮ੍ਰਿਗ ਦਾ ਰੂਪ ਧਾਰ ਕੇ ਆਪਣੀ ਲੜਕੀ ਨਾਲ ਭੋਗ ਕਰਨਾ ਚਾਹਿਆ, ਪਰ ਕਰੋਧ ਵਿਚ ਸ਼ਿਵ ਨੇ ਬ੍ਰਹਮਾ ਦਾ ਸਿਰ ਵੱਢ ਦਿਤਾ। ਇਹੋ ਸਿਰ ਮ੍ਰਿਗਸ਼ਿਰਾ ਨਛੱਤ੍ਰ ਬਣਿਆ। ਰੋਹਿਣੀ ਨਛੱਤ੍ਰ ਹੇਠ ਜੰਮੀ ਕੰਨਿਆ ਨਾਲ, ਉਸ ਦਾ ਪਤੀ ਬਹੁਤ ਪਿਆਰ ਕਰਦਾ ਹੈ। ਇਸ ਖ਼ਿਆਲ ਦਾ ਆਧਾਰ ਇਹ ਹੈ ਕਿ ਚੰਦ੍ਰਮਾ ਆਪਣੀਆਂ 27 ਪਤਨੀਆਂ ਵਿਚੋਂ ਸਭ ਤੋਂ ਵਧ ਪਿਆਰ ਰੋਹਿਣੀ ਨਾਲ ਕਰਦਾ ਸੀ।

ਹਰੇਕ ਨਛੱਤ੍ਰ ਦਾ ਕੋਈ ਨਾ ਕੋਈ ਦੇਵਤਾ ਮੰਨਿਆ ਗਿਆ ਹੈ। ਅਸ਼ਵਿਨੀ ਨਛੱਤ੍ਰ ਦਾ ਦੇਵਤਾ ਅਸ਼ਵਿਨੀ ਕੁਮਾਰ ਹੈ, ਭਰਣੀ ਦਾ ਯਮਰਾਜ, ਕ੍ਰਿਤਿਕਾ ਦਾ ਅਗਨੀ, ਰੋਹਿਣੀ ਦਾ ਬ੍ਰਹਮਾ, ਮ੍ਰਿਗਸ਼ਿਰਾ ਦਾ ਚੰਦ੍ਰਮਾ, ਆਰਦਰਾ ਦਾ ਸ਼ਿਵ, ਪੁਨਰਵਸੁ ਦਾ ਆਦਿਤੀ, ਪੁੱਖਯ ਦਾ ਬ੍ਰਿਹਸਪਤੀ, ਸੁਲੇਖਾ ਦਾ ਸੱਪ, ਮੱਘ ਦਾ ਪਿਤਾ, ਪੂਰਵਾ ਫਾਲਗੁਣੀ ਦਾ ਭੱਗ, ਉੱਤਰਾ ਫਾਲਗੁਣੀ ਦਾ ਅਰਯਾਮਾ, ਹਸਤ ਦਾ ਸੂਰਜ, ਚਿਤ੍ਰਾ ਦਾ ਤਵਸ਼ਟਾ, ਸਵਾਂਤੀ ਦਾ ਪਵਨ, ਵਿਸਾਖਾ ਦਾ ਇੰਦਰਾਹਾਗਨਿ, ਅਨੁਰਾਧਾ ਦਾ ਮਿਤ੍ਰ, ਜਯੇਸ਼ਠਾ ਦਾ ਇੰਦ੍ਰ, ਮੂਲਾ ਦਾ ਰਾਕਸ਼, ਪੂਰਬਾ ਖਾੜਾ ਦਾ ਜਲ, ਉੱਤਰਾ ਖਾੜਾ ਦਾ ਵਿਸ਼ੇਦੇਵ, ਸ਼ਰਵਣ ਦਾ ਵਿਸ਼ਨੂੰ, ਧਨਿਸ਼ਟ ਦਾ ਵਸੁ, ਸਤਭਿਖਾ ਦਾ ਵਰੁਣ, ਪੂਰਬਾ ਭਾਦ੍ਰਪਦਾ ਦਾ ਅਜਪਾਦ, ਉੱਤਰਾ ਭਾਦ੍ਰਪਦਾ ਦਾ ਅਹਿਬਨਧਿਆ, ਰੇਵਤੀ ਦਾ ਪੂਖਾ ਦੇਵਤਾ ਹੈ।

ਜਿਵੇਂ ਹਰ ਨਛੱਤ੍ਰ ਦਾ ਕੋਈ ਨਾ ਕੋਈ ਦੇਵਤਾ ਹੈ,

ਮੂੰਹ ਵਰਗਾ, ਆਰਦਰਾ ਮਣੀ ਵਰਗਾ, ਪੁਨਰਵਸੂ ਘਰ ਵਰਗਾ, ਪੁੱਖਯ ਤੀਰ ਵਰਗਾ, ਸੁਲੇਖਾ ਚਕਰ ਵਰਗਾ, ਮੱਘਾ ਕਿਸੇ ਸਾਲਾ ਵਰਗਾ, ਹਸਤ ਮਨੁੱਖ ਦੇ ਹੱਥ ਵਰਗਾ, ਚਿਤਰਾ ਮੋਤੀ ਵਰਗਾ, ਸਵਾਂਤੀ ਮੂੰਗੇ ਵਰਗਾ, ਵਿਸਾਖਾ ਬੰਦਨਵਾਰ (ਇਕ ਹਾਰ ਜੋ ਵਿਆਹ ਸਮੇਂ ਦਰਵਾਜ਼ੇ ਉਪਰ ਲਟਕਾਇਆ ਜਾਂਦਾ ਹੈ) ਵਰਗਾ। ਜਯੇਸ਼ਠਾ ਕੁੰਡਲ ਦੀ ਸ਼ਕਲ ਵਰਗਾ, ਮੂਲ ਸ਼ੇਰ ਦੀ ਪੂਛ ਵਰਗਾ, ਪੂਰਬਾ ਖਾੜਾ ਛੜੇ ਦੀ ਸ਼ਕਲ ਵਰਗਾ, ਉਤਰਾ ਖਾੜਾ ਨਛੱਤ੍ਰ ਹਾਥੀ ਦੇ ਦੰਦ ਜਿਹਾ, ਸ਼ਰਵਣ ਤਿੰਨ ਪੈਰਾਂ ਵਰਗਾ, ਧਨਿਸ਼ਟਾ ਮਿਰਦੰਗ ਵਰਗਾ, ਸਤਭਿਖਾ ਗੋਲ ਸ਼ਕਲ ਦਾ, ਪੂਰਬਾ ਭਾਦਰਪਦਾ ਮੰਜੇ ਵਰਗਾ, ਉਤਰਾ ਭਾਦਰਪਦਾ ਛੱਜਾ ਵਰਗਾ ਤੇ ਰੇਵਤੀ ਮਿਰਦੰਗ ਵਰਗਾ ਹੁੰਦਾ ਹੈ।

ਵਿਆਹ ਤੇ ਹੋਰ ਮੰਗਲ ਕਾਰਜ ਲਈ ਅਸ਼ਵਿਨੀ, ਮ੍ਰਿਗਸ਼ਿਰਾ, ਆਰਦਰਾ, ਰੋਹਿਣੀ, ਉੱਤਰਾ ਫਾਲਗੁਣੀ, ਹਸਤਾ, ਅਨੁਰਾਧਾ, ਉੱਤਰਾ ਭਾਦਰਪਦਾ ਨਛੱਤ੍ਰ ਬੜੇ ਸ਼ੁਭ ਮੰਨੇ ਗਏ ਹਨ। ਘਰ, ਮੰਦਰ, ਖੂਹ, ਸਰੋਵਰ ਬਣਾਉਣ ਲਈ ਰੋਹਿਣੀ, ਮ੍ਰਿਗਸ਼ਿਰਾ, ਪੁਨਰਵਸੁ, ਉੱਤਰਾ ਫਾਲਗੁਣੀ, ਹਸਤ, ਚਿਤਰਾ, ਸ਼ਰਵਣ, ਧਨਿਸ਼ਟਾ, ਸਤਭਿਖਾ, ਉੱਤਰਾ ਭਾਦਰਪਦਾ ਅਤੇ ਰੇਵਤੀ ਸ਼ੁਭ ਹੁੰਦੇ ਹਨ।

ਵਿਆਹ ਦੇ ਕਾਰਜ ਨੂੰ ਛਡ ਕੇ ਬਾਕੀ ਸਭ ਸ਼ੁਭ ਕੰਮ ਪੁੱਖਯ ਨਛੱਤ੍ਰ ਵਿਚ ਕਰਨੇ ਯੋਗ ਹਨ। ਸਰਾਧ, ਤਰਪਣ ਤੇ ਪਿਤਰਾਂ ਨਾਲ ਸਬੰਧਿਤ ਕੰਮ ਮੱਘਾ ਨਛੱਤ੍ਰ ਵਿਚ ਕਰਨੇ ਯੋਗ ਹਨ। ਭਰਣੀ, ਕ੍ਰਿਤਕਾ, ਮੱਘਾ, ਸੁਲੇਖਾ ਨਛੱਤ੍ਰ ਜੋ ਉਗ੍ਰ ਸੁਭਾਵ ਦੇ ਹਨ ਤੇ ਇਨ੍ਹਾਂ ਵਿਚ ਕੁਕਰਮ ਛੇਤੀ ਸਿਰੇ ਚੜ੍ਹਦੇ ਹਨ। ਰੋਹਿਣੀ, ਅਸ਼ਵਿਨੀ, ਮ੍ਰਿਗਸ਼ਿਰਾ, ਪੁੱਖਯ, ਹਸਤ, ਚਿਤਰਾ, ਉੱਤਰਾ ਫਾਲਗੁਣੀ, ਉੱਤਰਾ ਖਾੜਾ, ਉੱਤਰਾ ਭਾਦਰਪਦਾ, ਰੇਵਤੀ, ਸ਼ਰਵਣ, ਧਨਿਸ਼ਟਾ, ਪੁਨਰਵਸੁ, ਅਨੁਰਾਧਾ ਅਤੇ ਸਵਾਤੀ ਸ਼ੁਭ ਨਛੱਤ੍ਰ ਹਨ। ਪੂਰਬਾ ਫਾਲਗੁਣੀ, ਪੂਰਬਾ ਖਾੜਾ, ਪੂਰਬਾ ਭਾਦਰਪਦਾ, ਵਿਸ਼ਾਖਾ, ਜਯੇਸ਼ਠਾ, ਆਰਦਰਾ, ਮੂਲ ਤੇ ਸਤਭਿਖਾ ਦਰਮਿਆਨੇ ਨਛੱਤ੍ਰ ਹਨ।

ਹਰ ਨਛੱਤ੍ਰ ਦੇ ਚਾਰ ਚਰਣ ਹੁੰਦੇ ਹਨ ਜਿਵੇਂ ਅਸ਼ਵਿਨੀ ਦੇ ਚੂ, ਚੇ, ਚੋ, ਲਾ ਹਨ, ਭਰਣੀ ਦੇ ਲੀ, ਲੂ, ਲੇ, ਲੋ ਹਨ, ਕ੍ਰਿਤਕਾ ਦੇ ਆ, ਈ, ਉ, ਏ ਤੇ ਰੋਹਿਣੀ ਦੇ ਓ, ਵਾ, ਵੀ, ਵੂ ਆਦਿ। ਇਕ ਨਛੱਤ੍ਰ ਦੇ ਘੜੀਆਂ ਪਲਾਂ ਦੇ ਚਾਰ ਭਾਗਾਂ ਨਾਲ ਇਕ ਚਰਣ ਬਣਦਾ ਹੈ। ਨਛੱਤ੍ਰ ਦਾ ਜੋ ਚਰਣ ਕਿਸੇ ਬਾਲ ਦਾ ਜੰਮਣ ਵੇਲਾ ਹੋਵੇ, ਉਸੇ ਦਾ ਅਸਰ ਉਸ 'ਤੇ ਸਾਰੀ ਉਮਰ ਰਹੇਗਾ। ਸਨਾਤਨੀ ਪਰੰਪਰਾ ਅਨੁਸਾਰ ਬੱਚੇ ਦਾ ਦਾ ਪਹਿਲਾ ਅੱਖਰ ਚੂ ਹੋਣਾ ਚਾਹੀਦਾ ਹੈ, ਜੇ ਦੂਜੇ ਵਿਚ ਜੰਮੇ ਤਾਂ ਚੇ, ਆਦਿ।

## (ਨ-12) ਨਜ਼ਰ :

ਇਹ ਵਿਸ਼ਵਾਸ਼ ਆਮ ਹੈ ਕਿ ਚੰਦਰੀ ਨਜ਼ਰ ਲਗਣ ਦਾ ਅਸਰ ਬੜਾ ਦੁਖਦਾਈ ਤੇ ਘਾਤਕ ਹੁੰਦਾ ਹੈ। ਨਜ਼ਰ ਤੋਂ ਭਾਵ ਉਹ ਕਰੜਾ ਤੇ ਵਿਨਾਸ਼ਕਾਰੀ ਪ੍ਰਭਾਵ ਹੈ, ਜੋ ਕਿਸੇ ਸ਼ਖਸ ਦੀਆਂ ਤਕਣੀਆਂ ਵਿਚੋਂ ਉਪਜਦਾ ਹੈ। ਖਾਸ ਤੌਰ ਤੇ ਪਛੜੀਆਂ ਜਾਤਾਂ ਦੇ ਲੋਕਾਂ ਦੀ ਨਜ਼ਰ ਨਾਲ ਇਹ ਸੰਕਲਪ ਜੁੜਿਆ ਹੋਇਆ ਹੈ।

ਨਜ਼ਰ ਦਾ ਆਧਾਰ ਈਰਖਾ ਜਾਂ ਹੱਵਸ ਮੰਨੀ ਜਾਂਦੀ ਹੈ। ਜਿਵੇਂ ਜੇ ਕਿਸੇ ਦੇ ਸਰੀਰ ਦਾ ਕੋਈ ਅੰਗ ਭੰਗ ਹੋਵੇ ਤਾਂ ਉਹ ਦੂਜੇ ਸੰਪੂਰਨ ਅੰਗਾਂ ਵਾਲਿਆਂ ਵਲ ਈਰਖਾ ਨਾਲ ਵੇਖੇਗਾ ਤੇ ਨਜ਼ਰ ਦਾ ਪ੍ਰਭਾਵ ਪਏਗਾ।

ਕੁਝ ਲੋਕਾਂ ਵਿਚ ਸੁਭਾਵਕ ਹੀ ਅਜਿਹੀ ਸ਼ਕਤੀ ਮੰਨੀ ਜਾਂਦੀ ਹੈ ਕਿ ਜਦੋਂ ਉਹ ਕਿਸੇ ਚੀਜ਼ ਜਾਂ ਸ਼ਖਸ ਵਲ ਵੇਖਦੇ ਹਨ ਤਾਂ ਉਨ੍ਹਾਂ ਦੀਆਂ ਤੱਕਣੀਆਂ ਵਿਚੋਂ ਦੁਖਦਾਈ ਪ੍ਰਭਾਵ ਸਿੰਮਦਾ ਹੈ। ਹਿੰਦੂਆਂ ਵਿਚ ਇਹ ਵਿਸ਼ਵਾਸ਼ ਪ੍ਰਚਲਤ ਹੈ ਕਿ ਗਰਭ ਦੇ ਦਿਨੀਂ ਤੀਵੀਂ ਦੇ ਦਿਲ ਵਿਚ ਕਈ ਚੀਜ਼ਾਂ ਫਲ-ਫੁੱਲ ਖਾਣ, ਚੰਗਾ ਪਹਿਨਣ ਲਗਾਣ ਆਦਿ ਦੀ ਲਾਲਸਾ ਪੈਦਾ ਹੁੰਦੀ ਹੈ ਅਤੇ ਜੇ ਇਹ ਲਾਲਸਾ ਪੂਰੀ ਨਾ ਹੋਵੇ ਤਾਂ ਜਿਸ ਬੱਚੇ ਨੂੰ ਉਹ ਮਾਂ ਜਨਮ ਦੇਂਦੀ ਹੈ, ਉਹ ਕਮਜ਼ੋਰ ਤੇ ਜਮਤੀਲ ਪੈਦਾ ਹੁੰਦਾ ਹੈ। ਉਸਦੀ ਨਜ਼ਰ ਭੁਖੀ ਰਹਿੰਦੀ ਹੈ। ਅਜਿਹੇ ਬੱਚੇ ਦੀ ਨਜ਼ਰ ਬਾਅਦ ਵਿਚ 'ਬਦ-ਨਜ਼ਰ' ਦਾ ਰੂਪ ਧਾਰਦੀ ਹੈ। ਜੇ ਐਸਾ ਬੱਚਾ ਕਿਸੇ ਨੂੰ ਕੋਈ ਅਜਿਹੀ ਵਸਤੂ ਖਾਂਦਾ ਵੇਖੇ, ਜਿਸ ਲਈ ਉਸ ਦੇ ਆਪਣੇ ਮਨ ਵਿਚ ਲਾਲਸਾ ਹੋਵੇ ਤਾਂ ਉਹ ਵਸਤੂ ਖਾਣ ਵਾਲੇ ਨੂੰ ਉਥਕ ਆਉਣ ਲਗਦੀ ਹੈ। ਜੇ ਉਹ ਕਿਸੇ ਦੇ ਘਰ ਦੁੱਧ ਨੂੰ ਕੜ੍ਹਦਾ ਵੇਖੇ ਤਾਂ ਦੁੱਧ ਫਿੱਟ ਜਾਂਦਾ ਹੈ। ਜੇ ਉਹ ਕਿਸੇ ਬੱਚੇ ਨੂੰ ਹੱਸਦਾ ਵੇਖੇ ਤਾਂ ਉਸ ਬੱਚੇ ਦੀ ਮੁਸਕਰਾਹਟ ਖਤਮ ਹੋ ਜਾਂਦੀ ਹੈ।

'ਬਦ-ਨਜ਼ਰ' ਤੋਂ ਬਚਣ ਲਈ ਕਈ ਵਿਧੀਆਂ ਵਰਤੀਆਂ ਜਾਂਦੀਆਂ ਹਨ, ਕੁਝ ਵਿਧੀਆਂ ਤਾਂ ਨਿਸ਼ਾਨ ਲਗਾ ਕੇ ਖ਼ੂਬਸੂਰਤੀ ਨੂੰ ਭੰਗ ਕਰਨ ਦੀਆਂ ਹਨ ਜਿਵੇਂ ਕਿਸੇ ਛੋਟੇ ਲੜਕੇ ਨੂੰ ਸੰਵਾਰ ਸ਼ਿੰਗਾਰ ਕੇ, ਉਸ ਦੇ ਮੱਥੇ ਉਤੇ ਕਾਲਾ ਜਿਹਾ ਤਿਰਛਾ ਨਿਸ਼ਾਨ ਲਗਾ ਦੇਣਾ। ਦੁੱਧ ਦੀ ਕੜਾਹੀ ਜਾਂ ਦਹੀਂ ਦੇ ਕਾੜ੍ਹੇ ਵਿਚ ਕੋਲੇ ਦਾ ਟੁਕੜਾ

ਤੇ ਡਰਾਉਣੇ ਜਿਹੇ ਨਕਸ਼ ਬਣਾ ਦਿਤੇ ਜਾਂਦੇ ਹਨ। ਕੁੰਨੀ ਦੇ ਹੇਠਲੇ ਹਿੱਸੇ ਵਿਚੋਂ ਨਿੱਕੀ ਜਿਹੀ ਮੋਰੀ ਕਰਕੇ, ਇਕ ਲਕੜੀ ਦੀ ਛੋਟੀ ਜਿਹੀ ਫੱਟੀ, ਜੋ ਲਾਲ ਰੰਗ ਵਿਚ ਰੰਗ ਕੇ ਲਟਕਾ ਦਿਤੀ ਜਾਂਦੀ ਹੈ ਤੇ ਕੁੰਨੀ ਲਾਲ ਜੀਭ ਕੱਢੀ, ਕਾਲਕਾ ਮਾਈ ਦਾ ਬਿੰਬ ਬਣੀ ਹੁੰਦੀ ਹੈ। ਜੋ ਨਜ਼ਰ ਨਹੀਂ ਲਗਣ ਦਿੰਦੀ।

ਧਾਰਨਾ ਹੈ ਕਿ ਬੱਚਿਆਂ ਨੂੰ ਨਜ਼ਰ ਬਹੁਤ ਛੇਤੀ ਲਗਦੀ ਹੈ। ਇਸ ਲਈ ਨਜ਼ਰ ਤੋਂ ਬਚਾਉ ਲਈ ਖ਼ਾਸ ਲੋਕ-ਵਿਧੀਆਂ ਵਰਤੀਆ ਜਾਂਦੀਆਂ ਹਨ। ਕਈ ਮਾਵਾਂ ਜਿਨ੍ਹਾਂ ਦਾ ਮੁੰਡਾ ਬੜਾ ਸਹਿਕਵਾਂ ਤੇ ਸੁੱਖਾਂ ਸਦਕਾ ਹੁੰਦਾ ਹੈ, ਮੁੰਡੇ ਨੂੰ ਕੁੜੀਆਂ ਵਾਲੇ ਕਪੜੇ ਪਹਿਨਾ ਦੇਂਦੀਆਂ ਹਨ। ਉਸ ਨੂੰ ਰੁਲਿਆ ਖੁਲ੍ਹਿਆ ਰਖਦੀਆਂ ਹਨ, ਜਾਂ ਉਸ ਦਾ ਮੂੰਹ ਹੱਥ ਨਹੀਂ ਧੋਂਦੀਆਂ।

ਕਈ ਯੁਵਕ ਬਦ-ਨਜ਼ਰ ਤੋਂ ਬਚਣ ਲਈ ਆਪਣੀ ਖੱਬੀ ਬਾਂਹ ਨਾਲ ਕੋਈ ਲੀਰ ਬੰਨ੍ਹ ਲੈਂਦੇ ਹਨ।

ਪਸ਼ੂਆਂ ਨੂੰ ਵੀ ਨਜ਼ਰ ਲਗਣ ਦਾ ਡਰ ਰਹਿੰਦਾ ਹੈ। ਪਸ਼ੂਆ ਦੇ ਬਚਾਉ ਲਈ ਉਨ੍ਹਾਂ ਦੇ ਗਲ ਵਿਚ, ਧਾਗੇ ਵਿਚ ਮਣਕੇ ਪਰੋ ਕੇ, ਪਾ ਦਿਤੇ ਜਾਂਦੇ ਹਨ। ਕਈ ਲੋਕ ਤਾਂ ਗਊ ਜਾਂ ਬਲਦ ਦੇ ਸਿੰਙ ਸੰਧੂਰ ਨਾਲ ਰੰਗ ਦੇਂਦੇ ਹਨ, ਕਈ ਪਸ਼ੂਆਂ ਦੇ ਗਲ ਵਿਚ ਘੋੜੇ ਦੇ ਵਾਲ ਤੇ ਕੌਡੀਆਂ ਇਕ ਲੀਰ ਨਾਲ ਬੰਨ੍ਹ ਕੇ ਲਟਕਾ ਦੇਂਦੇ ਹਨ। ਕੌਡੀ ਉਤੇ ਜਦੋਂ ਬਦ-ਨਜ਼ਰ ਪੈਂਦੀ ਹੈ ਤਾਂ ਵਿਸ਼ਵਾਸ਼ ਹੈ ਕਿ ਇਹ ਤਿੜਕ ਜਾਂਦੀ ਹੈ।

ਜੇ ਕਿਸੇ ਨੂੰ ਨਜ਼ਰ ਲਗ ਜਾਵੇ ਤਾਂ ਉਸ ਦੇ ਅਸਰ ਨੂੰ ਉਤਾਰਨ ਲਈ ਕੁਝ ਖ਼ਾਸ ਲੋਕ-ਵਿਧੀਆਂ ਵਰਤੀਆਂ ਜਾਂਦੀਆਂ ਹਨ। ਜਿਵੇਂ ਸੱਤ ਮਿਰਚਾਂ ਲੈ ਕੇ ਉਸ ਬੱਚੇ ਜਾਂ ਪ੍ਰਾਣੀ ਤੋਂ ਸੱਤ ਵਾਰੀ, ਵਾਰ ਕੇ ਮਿਰਚਾਂ ਨੂੰ ਅੱਗ ਵਿਚ ਸੁਟ ਦਿਤਾ ਜਾਂਦਾ ਹੈ। ਨਜ਼ਰ ਲਗੀ ਹੋਵੇ ਤਾਂ ਮਿਰਚਾਂ ਦਾ ਧੂੰਆਂ ਕੌੜਾ ਨਹੀਂ ਹੁੰਦਾ। ਦੂਜੀ ਵਿਧੀ ਇਹ ਹੈ ਕਿ ਜਿਸ ਆਦਮੀ ਜਾਂ ਤੀਵੀਂ ਦੀ ਨਜ਼ਰ ਲਗੀ ਹੋਵੇ, ਉਸ ਦੇ ਪੈਰਾਂ ਦੀ ਮਿੱਟੀ ਲੈ ਕੇ ਨਜ਼ਰ ਲਗਣ ਵਾਲੇ ਤੋਂ ਵਾਰੀ ਜਾਂਦੀ ਹੈ। ਇਸ ਤਰ੍ਹਾਂ ਨਜ਼ਰ ਦੂਰ ਹੋ ਜਾਂਦੀ ਹੈ। ਜੇ ਇਹ ਜਾਣਨਾ ਹੋਵੇ ਕਿ ਕਿਸ ਸ਼ਖ਼ਸ ਦੀ ਨਜ਼ਰ ਲਗੀ ਹੈ ਤਾਂ ਨਜ਼ਰ ਲਗਣ ਵਾਲੇ ਦੇ ਸਿਰ ਉਤੋਂ ਫਟਕੜੀ ਨੂੰ ਸੱਤ ਵਾਰੀ ਵਾਰ ਕੇ ਅੱਗ ਵਿਚ ਸੁਟ ਦਿਤੀ ਜਾਂਦੀ ਹੈ। ਫਟਕੜੀ ਫੁਲ ਹੋਣ ਉਤੇ ਅੱਗ ਵਿਚੋਂ ਕਢ ਲਈ ਜਾਂਦੀ ਹੈ ਤੇ ਉਸ ਫਟਕੜੀ ਉਤੇ ਜੋ [illegible] ਉਘੜਦੇ ਹਨ ਉਹ ਨਜ਼ਰ ਲਗਾਣ ਵਾਲੇ

ਹੀ ਕੋਈ ਜੋਗ ਮੰਤ੍ਰ ਉਚਾਰਿਆ ਜਾਂਦਾ ਹੈ। ਜਾਂ ਕਈ ਵਾਰ ਹੌਲੇ ਇਕ ਰੋਟੀ ਪਕਾਂਦੇ ਹਨ ਅਤੇ ਜਿਸ ਨੂੰ ਨਜ਼ਰ ਲਗੀ ਹੁੰਦੀ ਹੈ ਉਸ ਦੇ ਸਿਰ 'ਤੇ ਰਖਦੇ ਹਨ। ਘਿਉ ਦਾ ਦੀਵਾ ਬਾਲਦੇ ਹਨ ਤੇ ਕੁਝ ਮੰਤ੍ਰ ਉਚਾਰਦੇ ਹਨ, ਰੋਟੀ ਨੂੰ ਉਸਦੇ ਸਿਰ ਦੇ ਦੁਆਲੇ ਵਾਰਦੇ ਹਨ ਤੇ ਇਕ ਚੂਚੇ ਦਾ ਸਿਰ ਬਲੀ ਲਈ ਵਢਦੇ ਹਨ ਤੇ ਲਹੂ ਸਿਰ ਤੋਂ ਵਾਰਦੇ ਹਨ ਤੇ ਅਖੀਰ, ਘੱਤੀ, ਦੀਵਾ, ਲਹੂ ਵਾਲਾ ਭਾਂਡਾ ਤੇ ਚੂਚੇ ਦਾ ਸਿਰ ਕਿਸੇ ਚੌਰਾਹੇ ਵਿਚ ਰਾਤ ਵੇਲੇ ਰਖ ਦੇਂਦੇ ਹਨ (ਵੇਖੋ : ਰੋਸ ਗਲਾਸਰੀ, 211)।

ਘੋੜੇ ਦੀ ਲੋਹੇ ਦੀ ਬਣੀ ਨਾਲ ਵੀ ਨਜ਼ਰ ਤੋਂ ਰਖਿਆ ਕਰਦੀ ਹੈ। ਇਸ ਨੂੰ ਘਰ ਦੇ ਵਡੇ ਦਰਵਾਜ਼ੇ ਅਗੇ ਟੰਗ ਦਿਤਾ ਜਾਂਦਾ ਹੈ।

ਮੁਸਲਮਾਨੀ ਪ੍ਰਭਾਵ ਹੇਠ ਨਜ਼ਰ ਦਾ ਵਹਿਮ ਹੋਰ ਪੱਕਾ ਹੋ ਗਿਆ। ਮੁਹੰਮਦ ਸਾਹਿਬ ਦਾ ਕਥਨ ਹੈ ਕਿ ਨਜ਼ਰ ਦਾ ਬੜਾ ਜ਼ੋਰਦਾਰ ਪ੍ਰਭਾਵ ਹੁੰਦਾ ਹੈ ਕਿਉਂ ਜੋ, ਜੇ ਕੋਈ ਚੀਜ਼ ਕਿਸਮਤ ਜਾਂ ਮੁਕੱਦਰ ਉਤੇ ਭਾਰੂ ਹੋ ਸਕਦੀ ਹੈ ਤਾਂ ਉਹ ਅਵੱਸ਼ ਬਦ-ਨਜ਼ਰ ਹੀ ਹੋਵੇਗੀ, ਇਸ ਲਈ ਮੁਹੰਮਦ ਸਾਹਿਬ ਨੇ ਨਜ਼ਰ ਦੇ ਪ੍ਰਭਾਵ ਵਿਰੁਧ ਤਵੀਤ ਵਰਤਣ ਦੀ ਆਗਿਆ ਦੇ ਦਿਤੀ ਸੀ।

### (ਨ-13) ਨਜ਼ਰ ਬੱਟੂ :

ਚੰਦਰੀ ਨਜ਼ਰ ਤੋਂ ਬਚਣ ਲਈ, ਬੱਚੇ ਦੇ ਗਲ ਵਿਚ ਨਜ਼ਰ ਬੱਟੂ ਜਾਂ ਸੂਰ ਦਾ ਦੰਦ ਤਾਂਬੇ ਵਿਚ ਮੜ੍ਹ ਕੇ ਪ... ਦਿਤਾ ਜਾਂਦਾ ਹੈ।

### (ਨ-14) ਨੱਟ :

ਇਕ ਖ਼ਾਨਾਬਦੋਸ਼ ਜਾਤੀ; ਨੱਟ ਦੇ ਸ਼ਾਬਦਿਕ ਅਰ... ਹਨ—ਨੱਚਣ ਵਾਲਾ। ਇਹ ਲੋਕ ਆਪਣੇ ਪਰਵਾਰ ਸਮੇਤ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਰਹਿੰਦੇ ਹਨ।

ਇਹ ਕਲਾਬਾਜ਼ੀ ਸਬੰਧੀ ਚਮਤਕਾਰ ਵਿਖਾਣ ਤੋਂ ... ਮਦਾਰੀ ਵਾਲੇ ਤਮਾਸ਼ੇ ਵਿਖਾਣ ਤੋਂ ਇਲਾਵਾ ਸਿਰਕੀ, ਘਾ... ਤੇ ਤੀਲੀਆਂ ਦੀਆਂ ਬਣੀਆਂ ਚੀਜ਼ਾਂ ਵਸਤੂਆਂ ਬਣਾ ... ਵੇਚਦੇ ਹਨ। ਕੁਝ ਨੱਟ ਭੰਡਾਂ ਵਾਂਙ ਹੀ ਬਹੁਰੂਪੀਆ ... ਸਵਾਂਗੀ ਵੀ ਹਨ, ਪਰ ਮੂਲ ਵਿਚ ਇਹ ਕੰਮ ਮਿਰਾਸੀਆਂ ਤੇ ਭੰਡਾਂ ਦਾ ਹੈ, ਨੱਟਾਂ ਦਾ ਨਹੀਂ। ਨੱਟ ਆਪਣੀ ਕਲਾਬਾਜ਼ੀ ਜਾਂ ਤਮਾਸ਼ੇ ਵਿਖਾਣ ਲਗਿਆਂ ਢੋਲਕੀ ਦੀ ਵਰਤੋਂ

ਇਹ ਵਿਆਹ ਫੇਰਿਆਂ ਨਾਲ ਕਰਦੇ ਅਤੇ ਆਪਣੇ ਮੁਰਦਿਆਂ ਦਾ ਹਿੰਦੂ ਰੀਤੀ ਨਾਲ ਦਾਹ-ਸੰਸਕਾਰ ਕਰਦੇ ਹਨ। ਹਿੰਦੂ ਨੱਟ ਮਾਤਾ ਦੇਵੀ ਦੇ ਪੁਜਾਰੀ ਹਨ, ਕੁਝ ਨੱਟ ਗੁਰੂ ਤੇਗ ਬਹਾਦਰ ਨੂੰ ਮੰਨਦੇ ਹਨ ਅਤੇ ਕੁਝ ਹਨੂਮਾਨ ਦੇ ਪੁਜਾਰੀ ਵੀ ਹਨ।

ਨੱਟ ਕੁੱਤੇ ਵੀ ਪਾਲਦੇ ਹਨ ਅਤੇ ਕੁੱਤੇ ਨਾਲ ਜੰਗਲ ਵਿਚੋਂ ਕਈ ਨਿੱਕੇ ਨਿੱਕੇ ਪਸ਼ੂਆਂ ਦਾ ਸ਼ਿਕਾਰ ਫੜਦੇ ਹਨ।

ਨੱਟ ਸਾਰੇ ਪੰਜਾਬ ਵਿਚ ਮਿਲਦੇ ਹਨ। ਪਰ ਇਹ ਆਪਣਾ ਮੁੱਢ ਮਾਰਵਾੜ ਤੋਂ ਦਸਦੇ ਹਨ। ਇਹ ਕਈ ਕਬੀਲਿਆਂ ਵਿਚ ਵੰਡੇ ਹੋਏ ਹਨ। ਹਰੇਕ ਕਬੀਲੇ ਦਾ ਇਕ ਵਡਿਕਾ ਹੁੰਦਾ ਹੈ, ਜਿਸ ਦਾ ਆਦੇਸ਼ ਇਹ ਪਾਲਦੇ ਹਨ।

ਨੱਟ ਦੇ ਮੁੱਢ ਬਾਰੇ ਨਿਰਣੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਅੰਮ੍ਰਿਤਸਰ ਵਿਚ ਪ੍ਰਚਲਤ ਰਵਾਇਤਾਂ ਅਨੁਸਾਰ ਨੱਟ ਮੂਲ ਵਿਚ, ਮਾਰਵਾੜ ਦੇ ਬ੍ਰਾਹਮਣ ਸਨ ਜਿਨ੍ਹਾਂ ਦਾ ਕਰਤੱਵ ਦਾਹ-ਸੰਸਕਾਰ ਸਮੇਂ ਲਕੜੀ ਦਾ ਪ੍ਰਬੰਧ ਕਰਨਾ ਸੀ। ਇਕ ਵਾਰ ਉਨ੍ਹਾਂ ਦੀ ਆਪਣੀ ਬਰਾਦਰੀ ਵਿਚ ਕੋਈ ਸ਼ਾਦੀ ਸੀ, ਜਿਸ ਵਿਚ ਉਨ੍ਹਾਂ ਸਾਰਿਆਂ ਨੇ ਰੁਝ ਜਾਣਾ ਸੀ। ਉਹ ਲਕੜੀਆਂ ਦਾ ਇਕ ਭਾਰ ਆਪਣੇ ਜਜਮਾਨਾਂ ਕੋਲ ਲੈ ਗਏ ਕਿ ਜੇ ਉਨ੍ਹਾਂ ਦਾ ਕੋਈ ਮਰ ਗਿਆ ਤਾਂ ਉਹ ਇਹ ਲਕੜੀਆਂ ਵਰਤ ਲੈਣ। ਉਨ੍ਹਾਂ ਦੇ ਜਜਮਾਨ ਇਸ ਗੱਲ ਨੂੰ ਬਦਸ਼ਗਨੀ ਸਮਝ ਕੇ ਕਰੋਧ ਵਿਚ ਆ ਗਏ ਅਤੇ ਉਨ੍ਹਾਂ ਨੂੰ ਪ੍ਰੋਹਤ ਦੇ ਕੰਮ ਤੋਂ ਛੁਟੀ ਦੇ ਦਿਤੀ ਤਾਂ ਨੱਟ ਇਕ ਫ਼ਕੀਰ ਕੋਲ ਸਹਾਇਤਾ ਵਜੋਂ ਗਏ। ਫ਼ਕੀਰ ਦੇ ਕੋਲ ਇਕ ਬੰਦਰ ਸੀ ਉਸ ਨੇ ਇਨ੍ਹਾਂ ਨੂੰ ਕਲਾਬਾਜ਼ੀਆਂ ਸਿਖਾਈਆਂ।

ਮੁਸਲਮਾਨ ਨੱਟਾਂ ਬਾਰੇ ਧਾਰਨਾ ਹੈ ਕਿ ਉਹ ਆਪਣੀਆਂ ਕੰਵਾਰੀਆਂ ਕੁੜੀਆਂ ਤੋਂ ਪੇਸ਼ਾ ਕਰਵਾਂਦੇ ਹਨ, ਪਰ ਵਿਆਹੀਆਂ ਤੋਂ ਨਹੀਂ। ਜਦੋਂ ਕੋਈ ਨੱਟਣੀ ਵਿਆਹੀ ਜਾਂਦੀ ਹੈ ਤਾਂ ਉਸਦਾ ਪਹਿਲਾ ਬੱਚਾ ਨਾਨੀ ਨੂੰ ਮੁਆਵਜ਼ੇ ਵਜੋਂ ਦਿਤਾ ਜਾਂਦਾ ਹੈ, ਕਿਉਂ ਜੋ ਉਸ ਨੂੰ ਲੜਕੀ ਦਾ ਪੇਸ਼ਾ ਕਰਵਾਣ ਕਰਕੇ ਕੁਝ ਪੈਸੇ ਆਉਂਦੇ ਸਨ ਜੋ ਕੁੜੀ ਵਿਆਹੁਣ ਕਰਕੇ ਹੁਣ ਬੰਦ ਹੋ ਗਏ ਹਨ। ਕਈ ਘਰਾਂ ਵਿਚ ਮੁਆਵਜ਼ੇ ਵਜੋਂ ਕੁਝ ਰੁਪਏ ਦਿਤੇ ਜਾਂਦੇ ਹਨ, ਪਰ ਇਹ ਰਵਾਜ ਸਭ ਨੱਟਾਂ ਵਿਚ ਨਹੀਂ। ਇਹ ਵੀ ਕਿਹਾ ਜਾਂਦਾ ਹੈ ਕਿ ਮੁਸਲਮਾਨ ਨੱਟ ਪਹਿਲਾ ਵਿਆਹ, ਜਾਤੀ ਦੀ ਕਿਸੇ ਤੀਵੀਂ ਨਾਲ ਕਰਦਾ ਹੈ ਤੇ ਉਸ ਨੂੰ ਪਰਦੇ ਵਿਚ

ਮੰਨੇ ਜਾਂਦੇ ਹਨ, ਪਰ ਕਈਆਂ ਦਾ ਖਿਆਲ ਹੈ ਕਿ ਬਾਜ਼ੀਗਰ ਤਮਾਸ਼ੇ ਵਿਖਾਂਦਾ ਹੈ, ਪਰ ਨੱਟ ਬਾਂਸਾਂ ਤੇ ਰੱਸੀਆਂ ਉਤੇ ਨਾਚ ਕਰਦੇ ਹਨ। ਕਈਆਂ ਦਾ ਖ਼ਿਆਲ ਹੈ ਨੱਟ ਕੇਵਲ ਖ਼ੁਦ ਹੀ ਕੰਮ ਕਰਦੇ ਹਨ, ਪਰ ਬਾਜ਼ੀਗਰ ਆਪਣੇ ਨਾਲ ਆਪਣੀਆਂ ਤੀਵੀਆਂ ਤੋਂ ਵੀ ਤਮਾਸ਼ੇ ਕਰਵਾਂਦੇ ਹਨ।

### (ਨ-15) ਨੰਤ (ਅਨੰਤ) :

ਇਕ ਗਹਿਣਾ, ਜੋ ਸੋਨੇ ਦਾ ਹੁੰਦਾ ਹੈ ਤੇ ਜਿਸ ਨੂੰ ਤੀਵੀਆਂ ਸੱਜੀ ਬਾਂਹ ਦੇ ਡੌਲੇ ਉਤੇ ਪਾਉਂਦੀਆਂ ਹਨ। ਸੱਜੀ ਬਾਂਹ ਉਤੇ ਰਖਿਆ ਲਈ ਜੋ ਤਵੀਤ ਬੰਨ੍ਹਿਆ ਜਾਂਦਾ ਹੈ ਉਸ ਨੂੰ ਵੀ 'ਨੰਤ ਹੀ ਕਿਹਾ ਜਾਂਦਾ ਹੈ।

### (ਨ-16) ਨੰਤੀ :

ਮੁਰਕੀ ਦੀ ਸ਼ਕਲ ਦਾ ਇਕ ਗਹਿਣਾ ਜੋ ਪਹਿਲਿਆਂ ਵਿਚ ਮਰਦ ਕੰਨਾਂ ਵਿਚ ਪਹਿਨਦੇ ਸਨ। ਲਹਿੰਦੇ ਦੇ ਹਿੰਦੂ ਖੱਤ੍ਰੀਆਂ ਵਿਚ ਦੇਸ਼ ਵੰਡ ਤਕ ਨੰਤੀਆਂ ਪਾਉਣ ਦਾ ਰਿਵਾਜ ਰਿਹਾ ਹੈ। ਅਖਾਣ ਹੈ :

ਮਾਮੇ ਦੇ ਕੰਨ ਨੰਤੀਆਂ,
ਭਣੇਵਾਂ ਆਕੜ ਆਕੜ ਫਿਰੇ।

### (ਨ-17) ਨੱਥ :

ਇਸਤ੍ਰੀਆਂ ਦਾ ਨੱਕ ਵਿਚ ਪਹਿਨਣ ਵਾਲਾ ਇਕ ਗਹਿਣਾ; ਇਸ ਨੂੰ ਸੁਹਾਗ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ ਅਤੇ ਕਈ ਜ਼ਾਤੀਆਂ ਵਿਚ ਸੁਹਾਗਣ ਇਸਤ੍ਰੀਆਂ ਨੱਥ ਨੂੰ ਕਦੇ ਨਹੀਂ ਉਤਾਰਦੀਆਂ।

ਨੱਥ ਸਾਦੀ ਵੀ ਹੁੰਦੀ ਹੈ ਤੇ ਮੋਤੀਆਂ ਜੜ੍ਹੀ ਵੀ। ਇਸ ਦਾ ਚੱਕਰ ਸੂਰਜ ਦਾ ਪ੍ਰਤੀਕ ਹੁੰਦਾ ਹੈ ਅਤੇ ਵਾਲੀ ਦੇ ਅੰਦਰ ਜੋ ਨਿੱਕਾ ਜਿਹਾ ਖੰਡ ਬਣਿਆ ਹੁੰਦਾ ਹੈ, ਉਹ ਚੰਨ ਦਾ ਪ੍ਰਤੀਕ। ਨੱਥ ਵਿਚ, ਜੋ ਲਾਲ ਜਾਂ ਚਿੱਟੇ ਮੋਤੀ ਜੜੇ ਹੁੰਦੇ ਹਨ, ਉਹ ਵੀ ਤਰਤੀਬਵਾਰ ਸੂਰਜ ਜਾਂ ਚੰਨ ਦੇ ਬੋਧਿਕ ਹਨ। ਇਸ ਲਈ ਨੱਥ ਸੂਰਜ ਦੇ ਤੇਜ ਤੇ ਚੰਦਰਮਾ ਦੀ ਉਪਜਾਇਕਤਾ ਨੂੰ ਗ੍ਰਹਿਣ ਕਰਨ ਲਈ ਪਹਿਨੀ ਜਾਣ ਲੱਗੀ, ਜੋ ਪਿਛੋਂ ਗਹਿਣੇ ਦਾ ਰੂਪ ਧਾਰਨ ਕਰ ਗਈ।

ਨੱਥ ਦੇ ਗਹਿਣੇ ਦੇ ਮੁੱਢ ਬਾਰੇ ਇਕ ਹੋਰ ਸੰਕਲਪ ਵੀ ਪ੍ਰਚਲਤ ਹੈ। ਪਹਿਲਿਆਂ ਵਿਚ ਲੋਕਾਂ ਦਾ ਨਿਸ਼ਚਾ ਸੀ ਕਿ ਪ੍ਰਾਣੀ ਦੀ ਜਿੰਦ ਨੱਕ ਵਿਚੋਂ ਨਿਕਲਦੀ ਹੈ। ਜਦੋਂ ਕੋਈ ਸਖਸ ਸਖਤ ਬੀਮਾਰ ਹੁੰਦਾ ਸੀ ਤੇ ਉਸ ਦੀ ਬਚਣ ਦੀ

ਨੱਥ ਸੋਨੇ ਦੀ ਪਤਲੀ ਤਾਰ ਨਾਲ ਬਣਾਈ ਜਾਂਦੀ ਹੈ ਤੇ ਕਈ ਵਾਰ ਤਾਰ ਅੰਦਰੋਂ ਖੋਖਲੀ ਹੁੰਦੀ ਹੈ। ਤਾਰ ਵਿਚ ਮੋਤੀ ਜਾਂ ਮੂੰਗੇ ਪਏ ਰਹਿੰਦੇ ਹਨ। ਹਿੰਦੂਆਂ ਵਿਚ ਨੱਥ ਪਹਿਨਣ ਦਾ ਰਿਵਾਜ ਨਹੀਂ ਸੀ। ਮੁਸਲਮਾਨੀ ਸਭਿਆਚਾਰ ਦੇ ਪ੍ਰਭਾਵ ਹੇਠ ਨੱਥ ਦਾ ਰਿਵਾਜ ਪਿਆ ਅਤੇ ਕਈ ਜਾਤੀਆਂ ਵਿਚ ਵਿਆਹ ਦੇ ਅਵਸਰ ਉਤੇ ਨੱਕ ਵਿਚ ਨੱਥ ਸ਼ਗਨ ਵਜੋਂ ਪਹਿਨੀ ਜਾਂਦੀ ਹੈ। ਕਈ ਨੱਥਾਂ ਭਾਰੀਆਂ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਡੋਰੇ ਜਾਂ ਮੋਤੀਆਂ ਦੀ ਲੜੀ ਨਾਲ ਬੰਨ੍ਹ ਕੇ ਸਿਰ ਦੇ ਵਾਲਾਂ ਨਾਲ ਬੰਨ੍ਹ ਦਿਤਾ ਜਾਂਦਾ ਹੈ।

ਪਠਾਣਾਂ ਦੇ ਰਾਜ ਤੋਂ ਪਹਿਲਾਂ ਭਾਰਤ ਵਿਚ ਨੱਥ ਦੀ ਪ੍ਰਥਾ ਨਹੀਂ ਸੀ।

## (ਨ-18) ਨੱਥ ਸੁਰਾ :

ਬਹਾਵਲਪੁਰ ਅਤੇ ਉਥੋਂ ਦੇ ਇਲਾਕੇ ਦੇ ਮੁਸਲਮਾਨਾਂ ਵਿਚ ਪ੍ਰਚਲਤ ਇਕ ਰਸਮ; ਮੰਗੇਵੇਂ ਤੋਂ ਮਗਰੋਂ ਕੰਨਿਆ ਨੂੰ ਪਹਿਲਾਂ ਚੂੜੀਆਂ ਚਾੜ੍ਹੀਆਂ ਜਾਂਦੀਆਂ ਹਨ ਤੇ ਫਿਰ ਉਸ ਦੇ ਨੱਕ ਵਿਚ ਸੁਰਾਖ਼ ਕੀਤਾ ਜਾਂਦਾ ਹੈ ਤੇ ਉਸ ਦੀ ਝੋਲੀ ਵਿਚ ਸਵਾ ਛਟਾਂਕ ਜਾਂ ਸਵਾ ਪਾ ਮਿਸ਼ਰੀ ਪਾਈ ਜਾਂਦੀ ਹੈ। ਵਧਾਈ ਦੇਣ ਆਏ ਭਾਈਚਾਰੇ ਨੂੰ ਚੌਂਬਾ ਅਥਵਾ ਚਾਵਲ ਜਾਂ ਰੋਟੀ, ਘਿਉ ਸ਼ਕਰ ਖਾਣ ਲਈ ਦਿਤੀ ਜਾਂਦੀ ਹੈ। ਇਸ ਮੌਕੇ ਉਤੇ ਕੋਈ ਵੀ ਅਜਿਹੀ ਚੀਜ਼ ਖਾਣ ਲਈ ਨਹੀਂ ਦਿਤੀ ਜਾਂਦੀ, ਜੋ ਚਾਕੂ ਨਾਲ ਕੱਟੀ ਹੋਵੇ ਜਿਵੇਂ ਮਾਸ ਜਾਂ ਕਟਿਆ ਹੋਇਆ ਫਲ।

## (ਨ-19) ਨੱਥ ਪਾਉਣੀ :

ਫ਼ਿਰੋਜ਼ਪੁਰ ਦੇ ਬਾਗੜੀ ਜੱਟਾਂ ਵਿਚ ਵਿਧਵਾ ਦੇ ਪੁਨਰ ਵਿਆਹ ਨੂੰ 'ਨੱਥ' ਅਥਵਾ 'ਨੱਥ ਪਾਉਣੀ' ਕਹਿੰਦੇ ਹਨ। ਇਸ ਨੂੰ 'ਚਾਦਰ ਅੰਦਾਜ਼ੀ' ਵੀ ਕਿਹਾ ਜਾਂਦਾ ਹੈ। ਵਿਧਵਾ ਦਾ ਪੁਨਰ ਵਿਆਹ, ਨੱਥ ਪਹਿਨਣ ਦੀ ਰੀਤ ਨਾਲ ਕੀਤਾ ਜਾਂਦਾ ਹੈ। ਕਿਸੇ ਸ਼ੁਭ ਤਿੱਥ ਨੂੰ ਬਰਾਦਰੀ ਨੂੰ ਸੱਦਿਆ ਜਾਂਦਾ ਹੈ। ਮਰਦ ਬਰਾਦਰੀ ਦੇ ਸਾਹਮਣੇ, ਤੀਵੀਂ ਦੇ ਸਿਰ ਉਤੇ ਚਿੱਟੀ ਚਾਦਰ, ਜਿਸ ਦੇ ਕੋਨੇ ਲਾਲ ਜਾਂ ਪੀਲੇ ਰੰਗ ਵਿਚ ਰੰਗੇ ਹੁੰਦੇ ਹਨ ਜਾਂ ਫਿਰ ਲਾਲ ਰੰਗ ਦੀ ਓੜ੍ਹਨੀ ਤੀਵੀਂ ਉਪਰ ਪਾ ਦੇਂਦਾ ਹੈ ਤੇ ਨਾਲ ਹੀ ਉਸ ਦੀ ਬਾਂਹ ਵਿਚ ਲਾਲ ਰੰਗ ਦੀ ਚੂੜੀ ਪਹਿਨਾਂਦਾ ਹੈ। ਵਿਧਵਾ ਤੀਵੀਂ ਵੰਗਾਂ ਨਹੀਂ ਪਹਿਨਦੀ। ਸੋ ਚੂੜੀ ਪਹਿਨਣ ਦਾ ਭਾਵ ਮੁੜ ... ਗਿਆ ਸਕੇ ਰਿਸ਼ਤੇਦਾਰ ਤੋਂ ਦਿਲਾਂਦਾ, ਕਿਸੇ ਦੂਜੇ ਨਾਲ ਹੋਵੇ, ਤਾਂ ਉਸ ਦਾ ਨਵਾਂ ਪਤੀ ਉਸ ਦੇ ਪਹਿਲੇ ਪਤੀ ਦੇ ਪਰਵਾਰ ਨੂੰ, ਕੁਝ ਨਕਦ ਰੁਪਏ ਦੇਂਦਾ ਹੈ।

## (ਨ-20) ਨੰਦ :

ਯਸ਼ੋਧਾ ਦਾ ਪਤੀ, ਜਿਸ ਦੇ ਘਰ ਹੀ ਕ੍ਰਿਸ਼ਨ ਦੀ ਪਾਲਨਾ ਹੋਈ ਸੀ। ਮਹਾਂਭਾਰਤ ਅਨੁਸਾਰ ਇਹ ਪਰਜਨਯ ਦਾ ਪੁੱਤ੍ਰ ਸੀ, ਜੋ ਵਰੀਯਸੀ ਦੀ ਕੁਖ ਤੋਂ ਪੈਦਾ ਹੋਇਆ। ਨੰਦ ਗੋਕਲ ਵਿਚ ਵਸਦੇ ਗਵਾਲਿਆਂ (ਗੋਪਾਂ) ਦਾ ਮੁਖੀਆ ਸੀ ਤੇ ਇਸ ਨੇ ਕ੍ਰਿਸ਼ਨ ਨੂੰ, ਕੰਸ ਦੇ ਅਤਿਆਚਾਰਾਂ ਤੋਂ ਬਚਾਣ ਲਈ ਰਾਤੋ ਰਾਤ ਉਸ ਨੂੰ ਮਥਰਾ ਤੋਂ ਗੋਕਲ ਲੈ ਆਂਦਾ। ਨੰਦ ਦੀ ਧੀ ਨੂੰ ਹੀ, ਕੰਸ ਨੇ ਦੇਵਕੀ ਦੀ ਧੀ ਸਮਝ ਕੇ, ਪੱਥਰ ਨਾਲ ਪਟਕਾ ਕੇ ਸੁਟਿਆ ਸੀ। ਮਿਥਕ ਧਾਰਨਾ ਅਨੁਸਾਰ ਇਹ ਕੰਨਿਆਂ ਅਕਾਸ਼ ਵਿਚ ਬਿਜਲੀ ਬਣ ਕੇ ਅਮਰ ਹੋ ਗਈ।

## (ਨ-21) ਨੰਦਨ :

ਇੰਦਰ ਦਾ ਬਾਗ਼ ਜੋ ਦੇਵ ਲੋਕ ਵਿਚ ਹੈ। ਇਸ ਬਾਗ਼ ਨੂੰ ਮੇਰੂ ਦੇ ਉੱਤਰ ਵਲ ਸਥਿਤ ਮੰਨਿਆ ਜਾਂਦਾ ਹੈ। ਪੁਰਾਣਾਂ ਵਿਚ ਇਸ ਬਾਗ਼ ਦੀ ਸੁੰਦਰਤਾ ਤੇ ਮਹਿਕ ਦਾ ਵਰਨਣ ਬੜਾ ਦਿਲ-ਖਿਚਵਾਂ ਹੈ। ਇਹ ਬਾਗ਼ ਦੇਵਤਿਆਂ ਦੇ ਚੂਹਾਂ ਬਾਗ਼ਾਂ ਵਿਚੋਂ ਵਧੇਰੇ ਰਮਣੀਕ ਹੈ। ਬਾਕੀ ਤਿੰਨ ਬਾਗ਼ ਚੈਤ੍ਰਰਥਯ, ਵੈਭਾਜ ਤੇ ਸਰਵਤੋਭਦ੍ਰ ਹਨ।

## (ਨ-22) ਨੰਦਨੀ :

ਪੁਰਾਣਧਾਰਾ ਅਨੁਸਾਰ ਇਕ ਗਊ ਜੋ ਮਨ ਦੀ ਹਰ ਕਾਮਨਾ ਪੂਰੀ ਕਰਦੀ ਹੈ। ਇਹ ਗਊ ਸੁਰਭੀ ਦੀ ਕੁਖੋਂ ਜੰਮੀ, ਜੋ ਸਾਗਰ ਮੰਥਣ ਵੇਲੇ ਨਿਕਲੀ ਸੀ। ਇਕ ਵਿਚਾਰ ਅਨੁਸਾਰ ਨੰਦਨੀ ਵਸ਼ਿਸ਼ਠ ਰਿਸ਼ੀ ਕੋਲ ਰਹਿੰਦੀ ਸੀ, ਪਰ ਕਈ ਪੁਰਾਣਾਂ ਵਿਚ ਲਿਖਿਆ ਹੈ ਕਿ ਨੰਦਨੀ ਜਮਦਗਨੀ ਦੀ ਗਊ ਸੀ।

## (ਨ-23) ਨੰਦੀ (ਬਲਦ) :

(ੳ) ਸ਼ਿਵ ਜੀ ਦਾ ਬਲਦ, ਜੋ ਧੌਲੇ ਰੰਗ ਦਾ ਹੈ ਅਤੇ ਸ਼ਿਵ ਦੇ ਗਣਾਂ ਦਾ ਮੁਖੀਆ ਹੈ। ਨੰਦੀ ਸ਼ਿਵ ਦਾ ਵਾਹਣ ਵੀ ਹੈ। ਜਦੋਂ ਸ਼ਿਵ ਤਾਂਡਵ ਨਾਚ ਨਚਦਾ ਹੈ ਤਾਂ ਨੰਦੀ ਵੀ ਉਸ ਨਾਲ ਇਕਮੁਠ ਹੋ ਕੇ ਨਚਣ ਲਗਦਾ ਹੈ, ਜਿਸ ਤੋਂ

ਵਾਯੂ ਪੁਰਾਣ ਅਨੁਸਾਰ ਨੰਦੀ ਕਸ਼ਯਪ ਦੇ ਵੀਰਜ ਤੋਂ ਸੁਰਭੀ ਦੀ ਕੁਖੋਂ ਪੈਦਾ ਹੋਇਆ। ਸੁਰਭੀ ਸਾਗਰ ਮੰਥਣ ਵੇਲੇ ਨਿਕਲੀ ਕਾਮਧੇਨ ਗਊ ਦੀ ਧੀ ਸੀ। ਇਸ ਤਰ੍ਹਾਂ ਨੰਦੀ, ਮਨ ਦੀਆਂ ਇੱਛਾਂ ਪੂਰੀ ਕਰਨ ਵਾਲੀ ਗਊ ਨੰਦਨੀ ਦਾ ਭਰਾ ਹੋਇਆ।

(ਅ) ਉਹ ਬੈਲ ਜੋ ਸ਼ਿਵ ਦੇ ਉਪਾਸਕ ਸ਼ਿਵ ਦੇ ਨਾਂ ਉਤੇ ਖੁਲ੍ਹਾ ਛੱਡ ਦੇਂਦੇ ਹਨ। ਇਸ ਦੀ ਪਿੱਠ ਉਤੇ ਸ਼ਿਵ ਜੀ ਦੇ ਚਿੰਨ੍ਹ 'ਤ੍ਰਿਸੂਲ' ਨੂੰ ਅੱਗ ਵਿਚ ਤਪਾ ਕੇ ਅੰਕ ਦਿਤਾ ਜਾਂਦਾ ਹੈ। ਤਾਂ ਜੋ ਲੋਕਾਂ ਨੂੰ ਗਿਆਤ ਰਹੇ ਕਿ ਇਹ ਨੰਦੀ ਬੈਲ ਹੈ। ਸ਼ਿਵ ਭਗਤ ਇਸ ਬੈਲ ਨੂੰ ਸ਼ਿਵ ਦੇ ਪ੍ਰਤਿਰੂਪ ਮੰਨ ਕੇ ਇਸ ਨੂੰ ਆਟੇ ਦੇ ਪੇੜੇ ਤੇ ਹੋਰ ਪਦਾਰਥ ਖਵਾਂਦੇ ਹਨ। ਇਸ ਬੈਲ ਨੂੰ ਨਾ ਤਾਂ ਕਦੇ ਮਾਰਨ ਲਈ ਡੰਡਾ ਵਿਖਾਇਆ ਜਾਂਦਾ ਹੈ ਤੇ ਨਾ ਹੀ ਇਸ ਤੋਂ ਕੋਈ ਕੰਮ ਲਿਆ ਜਾਂਦਾ ਹੈ। ਨਿਸਚਾ ਹੈ ਕਿ ਇਸ ਤਰ੍ਹਾਂ ਸ਼ਿਵ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।

(ਨ-24) **ਨੰਦੀ ਜੋਤਿਸ਼** :

ਜੋਤਿਸ਼ ਦੀ ਇਕ ਕਿਸਮ, ਜੋ ਨੰਦੀ ਬੈਲ ਤੋਂ ਪ੍ਰਸ਼ਨ ਪੁੱਛ ਕੇ, ਉਸ ਦੇ ਸੰਕੇਤਾਂ ਦੁਆਰਾ ਦਿਤੇ ਉੱਤਰਾਂ ਤੋਂ ਅੰਦਾਜ਼ਾ ਲਗਾਇਆ ਜਾਂਦਾ ਹੈ। ਨੰਦੀ ਸ਼ਿਵ ਦਾ ਵਾਹਣ ਹੈ ਅਤੇ ਸਭ ਬੈਲ ਉਸੇ ਦੀ ਵੰਸ ਮੰਨੇ ਜਾਂਦੇ ਹਨ। ਸ਼ਿਵ ਦੇ ਅਨੁਯਾਈਆਂ ਦਾ ਵਿਸ਼ਵਾਸ ਹੈ ਕਿ ਨੰਦੀ ਸ਼ਿਵ ਦਾ ਵਾਹਣ ਹੋਣ ਕਰਕੇ ਤ੍ਰੈਕਾਲਦਰਸ਼ੀ ਹੈ। ਜੋਤਿਸ਼ੀ ਕਿਸੇ ਪਵਿਤ੍ਰ ਬੈਲ ਨੂੰ, ਜਿਸਨੂੰ ਘੁੰਗਿਆਂ, ਕੌਡੀਆਂ ਤੇ ਸੰਖਾਂ ਦੀਆਂ ਮਾਲਾਵਾਂ ਨਾਲ ਸ਼ਿੰਗਾਰਿਆ ਹੁੰਦਾ ਹੈ, ਪ੍ਰਸ਼ਨ ਪੁਛਦਾ ਹੈ। ਜੇ ਬੈਲ ਨਾਹ ਵਿਚ ਸਿਰ ਮਾਰੇ ਤਾਂ ਕੰਮ ਨਹੀਂ ਹੁੰਦਾ, ਜੇ ਹਾਂ 'ਚ ਸਿਰ ਹਿਲਾਵੇ, ਤਾਂ ਕੰਮ ਹੋ ਜਾਂਦਾ ਹੈ।

ਕਦੇ ਕਦੇ ਗਲੀ ਮਹੱਲੇ ਵਿਚ ਅਜਿਹੇ ਮਜਮੇ ਵਿਖਾਈ ਦੇਂਦੇ ਹਨ, ਜਦੋਂ ਕੋਈ ਭਗਵੇ ਕਪੜੇ ਵਾਲਾ ਸਾਧੂ, ਨੰਦੀ ਬੈਲ ਦੁਆਰਾ ਲੋਕਾਂ ਦੇ ਭਵਿੱਖ ਬਾਰੇ ਪ੍ਰਸ਼ਨਾਂ ਦੇ ਉੱਤਰ ਦੇ ਰਿਹਾ ਹੁੰਦਾ ਹੈ। ਲੋਕਾਂ ਦਾ ਵਿਸ਼ਵਾਸ ਜਿਤਣ ਲਈ ਮਜਮੇ ਵਿਚ ਖੜੇ ਲੋਕਾਂ ਵਿਚੋਂ, ਕਿਸੇ ਇਕ ਦਾ, ਉਹਲੇ ਹੋ ਕੇ ਨਾਂ ਪੁਛਦਾ ਹੈ ਤੇ ਫਿਰ ਨਾਂ ਲੈ ਕੇ ਨੰਦੀ ਨੂੰ ਉਸ ਸ਼ਖਸ ਨੂੰ ਪਛਾਣਨ ਲਈ ਕਹਿੰਦਾ ਹੈ। ਨੰਦੀ ਉਸ ਆਦਮੀ ਦੇ ਕੋਲ ਜਾ ਖੜਾ ਹੁੰਦਾ ਹੈ। ਲੋਕੀ ਪ੍ਰਸ਼ਨ ਪੁਛਦੇ ਤੇ ਨੰਦੀ ਨੂੰ ਦਾਨ ਦੇਂਦੇ ਹਨ।

(ਨ-26) **ਨੰਦੀ-ਮੁਖਾ ਸਰਾਧ** :

ਹਿੰਦੂਆਂ ਵਿਚ ਪ੍ਰਚਲਤ ਇਕ ਸਰਾਧ ਜੋ ਬੱਚੇ ਦੇ ਜਨਮ, ਵਿਆਹ ਤੇ ਗ੍ਰਹਿ ਪ੍ਰਵੇਸ਼ ਦੇ ਮੰਗਲ ਕਾਰਜਾਂ ਵੇਲੇ ਪਿਤਰਾਂ ਨਮਿਤ ਕੀਤਾ ਜਾਂਦਾ ਹੈ। ਇਸ ਸਰਾਧ ਸਮੇਂ ਨੌਂ ਪਿੰਡ ਬਣਾਏ ਜਾਂਦੇ ਹਨ ਅਤੇ ਨੌਂ ਵਡਿਕਿਆਂ—ਮਾਂ ਪਿਉ, ਦਾਦਾ ਦਾਦੀ, ਪੜਦਾਦਾ ਪੜਦਾਦੀ ਤੇ ਨਾਨਾ ਨਾਨੀ ਆਦਿ ਨਮਿਤ ਭੇਟ ਕੀਤੇ ਜਾਂਦੇ ਹਨ। ਮੰਗਲ ਅਥਵਾ ਅਨੰਦ ਦੇ ਮੌਕੇ ਉਤੇ ਇਹ ਸਰਾਧ ਕੀਤਾ ਜਾਣ ਕਰ ਕੇ, ਇਸ ਨੂੰ 'ਨੰਦੀ-ਮੁਖਾ ਸਰਾਧ' ਕਿਹਾ ਜਾਣ ਲਗਾ। ਇਸ ਦਾ ਮੂਲ ਨਾਉਂ 'ਵ੍ਰਿੱਧੀ ਸਰਾਧ' ਹੈ, ਜੋ ਕੁੱਲ ਦੇ ਵਾਧੇ ਵੇਲੇ ਕੀਤਾ ਜਾਂਦਾ ਹੈ।

(ਨ-27) **ਨਦੌਣ** :

ਕਾਂਗੜੇ ਜਿਲੇ ਦਾ ਇਕ ਖ਼ੂਬਸੂਰਤ ਨਗਰ, ਜੋ ਕਾਂਗੜੇ ਤੋਂ ਦੱਖਣ ਪੂਰਬ ਵਲ ਵੀਹ ਮੀਲ ਦੂਰ, ਬਿਆਸ ਦੇ ਖੱਬੇ ਕੰਢੇ ਉਤੇ ਸਥਿਤ ਹੈ। ਇਹ ਨਗਰ ਕਟੋਚ ਰਾਜਪੂਤਾਂ ਦੀ ਰਾਜਧਾਨੀ ਰਿਹਾ ਹੈ ਅਤੇ ਰਾਜਾ ਸੰਸਾਰ ਚੰਦ ਨੇ ਇਥੇ ਦਰਿਆ ਦੇ ਕੰਢੇ ਇਕ ਮਹਿਲ ਬਣਵਾਇਆ ਸੀ।

ਇਸ ਨਗਰ ਦੀ ਪ੍ਰਾਕ੍ਰਿਤਕ ਦਿੱਠ ਇਤਨੀ ਲੁਭਾਵਣੀ ਹੈ ਕਿ ਇਥੇ ਇਕ ਵਾਰ ਜਾ ਕੇ ਮੁੜਣ ਤੇ ਦਿਲ ਨਹੀਂ ਕਰਦਾ। ਇਸ ਨਗਰ ਬਾਰੇ ਕਹਾਵਤ ਹੈ :

ਜਾਏਗਾ ਨਦੌਣ, ਆਏਗਾ ਕੌਣ।

(ਨ-28) **ਨੱਫਲ** :

ਮੁਸਲਮਾਨਾਂ ਵਿਚ ਪ੍ਰਚਲਤ ਇਕ ਸਾਮੂਹਿਕ ਇਬਾਦਤ, ਜੋ ਸੰਕਟ ਦੇ ਵਕਤ ਕੀਤੀ ਜਾਂਦੀ ਹੈ। ਅੱਟਕ ਦੇ ਇਲਾਕੇ ਵਿਚ ਨੱਫਲ ਦੀ ਇਕ ਖ਼ਾਸ ਵਿਧੀ ਪ੍ਰਚਲਤ ਹੈ। ਜੇ ਮੀਂਹ ਨਾ ਪਏ, ਤਾਂ ਮੁੱਲਾ ਕੁਝ ਮੁਸਲਮਾਨਾਂ ਨੂੰ ਨਾਲ ਲੈ ਕੇ, ਮਸਜਦ ਵਿਚ ਜਾਂਦਾ ਹੈ ਤੇ ਮਸਜਦ ਦੇ ਹਰ ਕੋਨੇ ਵਿਚ ਸੱਤ ਵਾਰ ਬਾਂਗ ਦੇਂਦਾ ਹੈ। ਪਿੰਡ ਦੇ ਹੋਰ ਮੁਸਲਮਾਨ ਇਕੱਠੇ ਹੋ ਕੇ ਉਸ ਇਬਾਦਤ ਨੂੰ ਦੁਹਰਾਂਦੇ ਹਨ। ਇਸ ਪ੍ਰਕਿਰਿਆ ਨੂੰ ਨੱਫਲ ਕਿਹਾ ਜਾਂਦਾ ਹੈ। ਅੱਟਕ ਵਿਚ ਸਾਂਝੀ ਭੀੜਾ, ਹੜ੍ਹ ਜਾਂ ਬੀਮਾਰੀ ਵੇਲੇ ਅਜਿਹੀ ਸਾਂਝੀ ਇਬਾਦਤ ਕਰਨ ਦਾ ਰਵਾਜ ਹੈ (ਅੱਟਕ ਗਜ਼ਟੀਅਰ, ਪੰਨਾ 132)।

(ਨ-29) **ਨਮਾਜ਼** :

ਦੀਆਂ ਕੁਝ ਆਇਤਾਂ ਪੜ੍ਹੀਆਂ ਜਾਂਦੀਆਂ ਹਨ, ਝੁਕ ਕੇ ਸਿਜਦਾ ਕੀਤਾ ਜਾਂਦਾ ਅਤੇ ਹੱਥ ਪਸਾਰ ਕੇ ਪ੍ਰਾਰਥਨਾ ਕੀਤੀ ਜਾਂਦੀ ਹੈ। ਹਰੇਕ ਨਮਾਜ਼ ਵਿਚ ਕਈ ਰਕਾਤਾਂ ਹੁੰਦੀਆਂ ਹਨ। ਇਕ ਵਾਰ ਸੰਕਲਪ ਕਰਕੇ ਖੜੇ ਹੋਣਾ, ਫਿਰ ਝੁਕਣਾ ਤੇ ਫਿਰ ਸਿਜਦਾ ਕਰਨਾ ਇਕ ਰਕਾਤ ਹੈ। ਹਰ ਰਕਾਤ ਵਿਚ ਦੋ ਸਿਜਦੇ (ਮੱਥਾ ਟੇਕਣਾ) ਅਤੇ ਇਕ ਰੁਕੂਅ (ਝੁਕਣ ਦੀ ਅਵਸਥਾ) ਹੁੰਦੀ ਹੈ।

ਹਦੀਸਾਂ ਅਨੁਸਾਰ ਹਰ ਮੁਸਲਮਾਨ ਲਈ ਪੰਜ ਨਮਾਜ਼ਾਂ ਪੜ੍ਹਨੀਆਂ ਜ਼ਰੂਰੀ ਹਨ। ਇਹ ਪੰਜ ਨਮਾਜ਼ਾਂ ਦਿਨ ਦੇ ਵਖੋ ਵਖ ਵੇਲੇ ਪੜ੍ਹੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਦੇ ਅਡ ਅਡਰੇ ਨਾਉਂ ਹਨ।

1. ਫ਼ਜਰ ਦੀ ਨਮਾਜ਼ (ਸਲਾਤੁਲ ਫ਼ਜਰ) : ਇਹ ਨਮਾਜ਼ ਸਰਘੀ ਵੇਲੇ, ਸੂਰਜ ਚੜ੍ਹਨ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ।

2. ਜ਼ੁਹਰ ਦੀ ਨਮਾਜ਼ (ਸਲਾਤੁਲ ਜ਼ੁਹਰ) : ਦੁਪਹਿਰ ਵੇਲੇ ਦੀ ਨਮਾਜ਼, ਜੋ ਸੂਰਜ ਢਲਣ ਵੇਲੇ ਪੜ੍ਹੀ ਜਾਂਦੀ ਹੈ। ਲਹਿੰਦੇ ਵਿਚ ਇਸ ਨੂੰ ਪੇਸ਼ੀ ਦੀ ਨਮਾਜ਼ ਕਹਿੰਦੇ ਹਨ।

3 ਅਸਰ ਦੀ ਨਮਾਜ਼ (ਸਲਾਤੁਲ ਅਸਰ) : ਪਿਛਲੇ ਪਹਿਰ ਦੀ ਨਮਾਜ਼, ਜਿਸਨੂੰ ਲਹਿੰਦੇ ਵਿਚ 'ਦੀਗਰ' ਦੀ ਨਮਾਜ਼ ਕਿਹਾ ਜਾਂਦਾ ਹੈ।

4. ਮਗਰਿਬ ਦੀ ਨਮਾਜ਼ (ਸਲਾਤੁਲ ਮਗਰਿਬ) : ਇਹ ਨਮਾਜ਼ ਸੂਰਜ ਡੁੱਬਣ ਦੀ ਲਾਲੀ ਦੇ ਮਿਟਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ, ਇਸਨੂੰ 'ਮਗਰਿਬ ਦੀ ਨਿਮਾਜ਼' ਇਸ ਲਈ ਕਿਹਾ ਜਾਂਦਾ ਹੈ ਕਿਉਂ ਜੋ ਨਮਾਜ਼ ਦੇ ਵੇਲੇ ਸੂਰਜ ਮਗਰਿਬ ਵਲ ਛੁਪ ਰਿਹਾ ਹੁੰਦਾ ਹੈ।

5. ਇਸ਼ਾ ਦੀ ਨਮਾਜ਼ (ਸਲਾਤੁਲ ਇਸ਼ਾ) : ਇਹ ਸੌਣ ਵੇਲੇ ਦੀ ਨਮਾਜ਼ ਹੈ, ਇਸਨੂੰ 'ਨਮਾਜ਼ੇ ਖ਼ੁਫ਼ਤਨ' ਵੀ ਕਹਿੰਦੇ ਹਨ।

ਇਨ੍ਹਾਂ ਪੰਜਾਂ ਨਮਾਜ਼ਾਂ ਤੋਂ ਛੁਟ ਤਿੰਨ ਹੋਰ ਨਮਾਜ਼ਾਂ ਹਨ, ਜੋ ਇਖ਼ਤਿਆਰੀ ਹਨ ਤੇ ਨਿਮਾਜ਼ੀ ਦੀ ਸਵੈ-ਇੱਛਾ ਉਤੇ ਨਿਰਭਰ ਕਰਦੀਆਂ ਹਨ :

(ੳ) ਇਸ਼ਰਾਕ ਦੀ ਨਮਾਜ਼ (ਸਲਾਤੁਲ ਇਸ਼ਰਾਕ) : ਸੂਰਜ ਚੜ੍ਹਨ ਮਗਰੋਂ ਦੀ ਨਮਾਜ਼।

(ਅ) ਜ਼ੁਹਾ ਦੀ ਨਮਾਜ਼ (ਸਲਾਤੁਲ ਜ਼ੁਹਾ) : ਇਹ ਸੂਰਜ ਦੇ ਸਿਖਰ ਤੇ ਪਹੁੰਚਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ, ਇਸਨੂੰ 'ਨਮਾਜ਼ੇ ਚਾਸ਼ਤ' ਵੀ ਕਹਿੰਦੇ ਹਨ।

ਪਹਿਲਾਂ ਪੜ੍ਹੀ ਜਾਂਦੀ ਹੈ। ਇਸ ਨਮਾਜ਼ ਦਾ ਬੜਾ ਸੁਆਬ ਮੰਨਿਆ ਗਿਆ ਹੈ।

ਰਮਜ਼ਾਨ ਦੇ ਮਹੀਨੇ, ਰਾਤ ਵੇਲੇ, ਜੋ ਨਮਾਜ਼ ਪੜ੍ਹੀ ਜਾਂਦੀ ਹੈ ਅਤੇ ਜਿਸ ਵਿਚ ਪੂਰੇ ਕੁਰਾਨ ਦਾ ਪਾਠ ਕੀਤਾ ਜਾਂਦਾ ਹੈ, 'ਤਰਾਵੀਹ' ਅਖਵਾਉਂਦੀ ਹੈ। ਕਈ ਇਸ ਨੂੰ ਵੀਹ ਰਕਾਤਾਂ ਦੀ ਨਮਾਜ਼ ਮੰਨਦੇ ਹਨ। 'ਤਰਾਵੀਹ' ਦੇ ਅਰਥ ਹਨ : ਬਿਸਰਾਮ ਕਰਨਾ। ਇਸ ਨਮਾਜ਼ ਵਿਚ ਹਰ ਦੂਜੇ ਤੇ ਚੌਥੇ ਸਲਾਮ ਪਿਛੋਂ ਬਿਸਰਾਮ ਕੀਤਾ ਜਾਂਦਾ ਹੈ।

ਜੇ ਨਮਾਜ਼ ਨਿਸਚਿਤ ਸਮੇਂ ਵਿਚ ਨਾ ਕੀਤੀ ਜਾਵੇ ਤਾਂ ਉਸ ਦਾ ਸੁਆਬ ਨਹੀਂ ਮਿਲਦਾ। ਇਸ ਕਿਰਿਆ ਨੂੰ ਨਮਾਜ਼ 'ਕਜ਼ਾ ਹੋਣਾ' ਕਿਹਾ ਜਾਂਦਾ ਹੈ। ਇਸ ਪ੍ਰਸੰਗ ਵਿਚ ਪੰਜਾਬ ਦਾ ਇਕ ਅਖਾਣ ਹੈ :

ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ।

ਰਵਾਇਤ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਜਦੋਂ ਸਤਵੇਂ ਅਕਾਸ਼ ਗਏ ਸਨ ਤਾਂ ਅੱਲਾ ਨੇ ਹੁਕਮ ਦਿਤਾ ਕਿ ਉਸ ਦੀ ਉਮਤ 50 ਨਮਾਜ਼ਾਂ ਰੋਜ਼ ਪੜ੍ਹੇ। ਜਦੋਂ ਇਹ ਹੁਕਮ ਲੈ ਕੇ ਹਜ਼ਰਤ ਮੁਹੰਮਦ ਸਾਹਿਬ ਵਾਪਸ ਆ ਰਹੇ ਸਨ ਤਾਂ ਛੇਵੇਂ ਅਕਾਸ਼ ਵਿਚ, ਮੁਹੰਮਦ ਸਾਹਿਬ ਨੂੰ ਹਜ਼ਰਤ ਮੂਸਾ ਮਿਲੇ, ਜਿਨ੍ਹਾਂ ਨੂੰ ਮੁਹੰਮਦ ਸਾਹਿਬ ਨੇ 50 ਨਮਾਜ਼ਾਂ ਵਾਲੀ ਗੱਲ ਦਸੀ। ਤਾਂ ਮੂਸਾ ਨੇ ਕਿਹਾ ਕਿ ਤੇਰੀ ਉਮਤ ਇਸ ਤੇ ਕਦੇ ਤਾਮੀਲ ਨਹੀਂ ਕਰੇਗੀ। ਇਹ ਸੁਣ ਕੇ ਹਜ਼ਰਤ ਮੁਹੰਮਦ ਵਾਪਸ ਸਤਵੇਂ ਅਕਾਸ਼ ਗਏ ਤੇ ਅੱਲਾ ਨੂੰ ਕੁਝ ਨਮਾਜ਼ਾਂ ਘਟਾਣ ਲਈ ਕਿਹਾ। ਅੱਲਾ ਨੇ ਘਟਾ ਕੇ ਪੰਜ ਨਮਾਜ਼ਾਂ ਮੁਕੱਰਰ ਕੀਤੀਆਂ, ਪਰ ਨਾਲ ਹੀ ਚਾਲੀ ਰੋਜ਼ੇ ਰੱਖਣ ਦਾ ਆਦੇਸ਼ ਵੀ ਦਿਤਾ। ਇਸੇ ਕਥਾ ਦੇ ਪ੍ਰਸੰਗ ਵਿਚ ਪੰਜਾਬੀ ਵਿਚ ਇਹ ਅਖਾਣ ਪ੍ਰਚਲਤ ਹੈ :

ਨਮਾਜ਼ਾਂ ਬਖਸ਼ਾਣ ਗਏ, ਰੋਜ਼ੇ ਗਲ ਪੈ ਗਏ।

## (ਨ-30) ਨਮੋ ਨਾਰਾਇਣ :

ਨਾਰਾਇਣ ਨੂੰ ਨਮਸਕਾਰ; ਸੰਨਿਆਸੀ ਇਕ ਦੂਜੇ ਨੂੰ ਪ੍ਰਣਾਮ ਕਰਨ ਵੇਲੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕਰਦੇ ਹਨ।

## (ਨ-31) ਨਰਸਿੰਘ ਅਵਤਾਰ :

ਵਿਸ਼ਨੂੰ ਦਾ ਇਕ ਅਵਤਾਰ, ਜੋ ਉਨ੍ਹਾਂ ਨੇ ਹਰਨਾਖ਼ਸ਼ (ਹਿਰਣਾਕਸ਼ਿਪ) ਦੈਂਤ ਤੋਂ ਸ੍ਰਿਸ਼ਟੀ ਦੀ ਰਖਿਆ ਕਰਨ ਲਈ ਧਾਰਨ ਕੀਤਾ। ਨਰਸਿੰਘ ਵਿਸ਼ਨੂੰ ਦਾ ਚੌਥਾ ਅਵਤਾਰ

ਵਧ ਕੀਤੀ ਜਾਂਦੀ ਹੈ। ਜਿਨ੍ਹਾਂ ਤੀਵੀਆਂ ਨੂੰ ਔਲਾਦ ਨਹੀਂ ਹੁੰਦੀ, ਉਹ ਨਰਸਿੰਘ ਅਗੇ ਸੁੱਖਣਾ ਸੁੱਖਦੀਆਂ ਹਨ ਤੇ ਦੇਵਤਾ ਉਨ੍ਹਾਂ ਦੀਆਂ ਆਸਾਂ ਪੂਰੀਆਂ ਕਰ ਦੇਂਦਾ ਹੈ।

ਹਰ ਐਤਵਾਰ, ਖਾਸ ਤੌਰ ਉਤੇ ਦੇਸੀ ਮਹੀਨੇ ਦੇ ਪਹਿਲੇ ਐਤਵਾਰ ਨੂੰ, ਨਰਸਿੰਘ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ। ਸ਼ਰਧਾਲੂ ਇਕ ਨਾਰੀਅਲ ਨੂੰ ਪਿੱਤਲ ਦੀ ਥਾਲੀ ਵਿਚ ਰੱਖ ਕੇ, ਉਸ ਦੇ ਉਤੇ ਚੰਦਨ ਦਾ ਟਿੱਕਾ ਲਗਾਂਦੇ ਹਨ। ਫਿਰ ਕੁਝ ਚਾਵਲ ਧੋ ਕੇ ਸੱਜੇ ਹੱਥ ਦੀਆਂ ਤਿੰਨ ਉਂਗਲਾਂ (ਅੰਗੂਠਾ ਤੇ ਉਸ ਦੇ ਨਾਲ ਦੀਆਂ ਦੋ ਉਂਗਲਾਂ) ਉਤੇ ਟਿਕ ਜਾਣ ਵਾਲੀ ਥਾਲੀ ਵਿਚ ਰਖ ਲਏ ਜਾਂਦੇ ਹਨ। ਨਰੇਲ ਨੂੰ ਫੁੱਲਾਂ ਨਾਲ ਸਜਾ ਕੇ, ਧੂਪ ਧੁਖਾਈ ਜਾਂਦੀ ਹੈ। ਫਿਰ ਧੂਪ, ਮੁਸ਼ਕ ਕਪੂਰ, ਚੰਦਨ, ਬਦਾਮ ਤੇ ਕੁਝ ਹੋਰ ਸਮਗਰੀ ਦੇ ਧੂੜੇ ਦੀ ਬੱਤੀ ਬਣਾ ਕੇ, ਧੁਖਾਈ ਜਾਂਦੀ ਹੈ। ਇਸ ਪਿਛੋਂ ਨਾਰੀਅਲ ਦੀ ਨਰਸਿੰਘ ਦੇ ਤੌਰ ਉਤੇ ਪੂਜਾ ਕੀਤੀ ਜਾਂਦੀ ਤੇ ਮਠਿਆਈ ਭੇਟ ਕੀਤੀ ਜਾਂਦੀ ਹੈ, ਜੋ ਮਗਰੋਂ ਘਰ ਦੇ ਬੰਦਿਆਂ ਤੇ ਗੁਆਂਢੀਆਂ ਵਿਚ ਵੰਡ ਦਿਤੀ ਜਾਂਦੀ ਹੈ।

ਨਰਸਿੰਘ ਦੇ ਪੁਜਾਰੀ, ਇਕ ਖ਼ਾਸ ਤਰ੍ਹਾਂ ਦਾ ਤਾਅਵੀਜ਼, ਜਿਸ ਉਤੇ ਨਰਸਿੰਘ ਦੀ ਤਸਵੀਰ ਹੁੰਦੀ ਹੈ, ਪਹਿਨਦੇ ਹਨ। ਇਹ ਤਾਅਵੀਜ਼ ਚਾਂਦੀ ਦਾ ਹੁੰਦਾ ਹੈ ਤੇ ਨਾਰੀਅਲ ਵਾਂਙ ਪੂਜਿਆ ਜਾਂਦਾ ਹੈ। ਇਸੇ ਤਰ੍ਹਾਂ ਇਕ ਛੱਲਾ ਜੋ ਚਾਂਦੀ ਦਾ ਬਣਿਆ ਹੁੰਦਾ ਹੈ, ਨਰਸਿੰਘ ਨਮਿਤ, ਚੀਚੀ ਉਂਗਲੀ ਵਿਚ ਪਾਇਆ ਤੇ ਪੂਜਿਆ ਜਾਂਦਾ ਹੈ। ਪੂਜਾ ਦੇ ਦੌਰਾਨ, ਖ਼ਾਸ ਤਰ੍ਹਾਂ ਦੇ ਕਪੜੇ, ਜੋ ਉਚੇਚੇ ਪੂਜਾ ਵਾਸਤੇ ਹੁੰਦੇ ਹਨ, ਪਹਿਨੇ ਜਾਂਦੇ ਹਨ।

ਬਾਂਝ ਇਸਤ੍ਰੀਆਂ ਔਲਾਦ ਲਈ ਨਰਸਿੰਘ ਦੀ ਪੂਜਾ ਕਰਦੀਆਂ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਨਰਸਿੰਘ ਰਾਤ ਵੇਲੇ, ਸੁਪਨੇ ਵਿਚ ਬ੍ਰਾਹਮਣ ਗਭਰੂ ਦੇ ਭੇਸ ਵਿਚ, ਚਿੱਟੇ ਕਪੜੇ ਪਹਿਨੀ ਆਉਂਦਾ ਹੈ ਤੇ ਇਸਤ੍ਰੀਆਂ ਨਾਲ ਭੋਗ ਕਰਦਾ ਹੈ।

ਜਦੋਂ ਕੋਈ ਤੀਵੀਂ ਨਰਸਿੰਘ ਦੀ ਪੂਜਾ ਕਰ ਰਹੀ ਹੋਵੇ ਤਾਂ ਉਸ ਦੀ ਧੀ/ਨੂੰਹ ਵੀ ਨਾਲੋ ਨਾਲ ਉਸੇ ਤਰ੍ਹਾਂ ਦੀ ਪੂਜਾ ਕਰਦੀ ਹੈ।

ਜਦੋਂ ਕੋਈ ਤੀਵੀਂ ਬੀਮਾਰ ਹੁੰਦੀ ਹੈ ਤਾਂ ਪਹਿਲੇ ਉਹ ਚੇਲੇ ਨੂੰ ਆਪਣੀ ਬੀਮਾਰੀ ਬਾਰੇ ਵੇਰਵੇ ਨਾਲ ਦਸਦੀ ਹੈ। ਜੇ ਚੇਲਾ ਦਸੇ ਕਿ ਬੀਮਾਰੀ ਨਰਸਿੰਘ ਦੀ ਨਰਾਜ਼ਗੀ ਕਰਕੇ ਹੋਈ ਹੈ ਤਾਂ ਚੇਲੇ ਦੇ ਕਹਿਣ ਉਤੇ ਬੈਠਕ ਬੁਲਾਈ ਜਾਂਦੀ ਹੈ। ਬੈਠਕ ਤੋਂ ਪਹਿਲਾਂ ਇਹ ਵੇਖ ਲਿਆ ਜਾਂਦਾ ਹੈ

ਇਹ ਬੈਠਕ ਐਤਵਾਰ ਵਾਲੇ ਦਿਨ ਸਜਦੀ ਹੈ। ਚੇਲਾ ਬੈਤਰੀ (ਭਜਨ ਗਾਣ ਵਾਲਾ) ਨਾਲ ਆਉਂਦਾ ਹੈ। ਬੈਤਰੀ ਦੱਪਤਰੇ ਨੂੰ ਵਜਾਂਦਾ ਹੈ ਤੇ ਦੱਪਤਰੇ ਨਾ ਭਜਨ ਗਾਉਂਦਾ ਹੈ ਅਤੇ ਚੇਲਾ ਕੁਝ ਮੰਤਰ ਪੜ੍ਹਦਾ ਹੈ। ਫਿਰ ਨਰਸਿੰਘ ਆ ਕੇ ਉਸ ਤੀਵੀਂ ਜਾਂ ਚੇਲੇ ਦੇ ਸਰੀਰ ਹਿਲਾਂਦਾ ਹੈ। ਉਸਨੂੰ ਇਹ 'ਹਾਲ' ਲਗਪਗ ਦੋ ਢਾਈ ਘੰ ਲਈ ਪਿਆ ਰਹਿੰਦਾ ਹੈ ਅਤੇ ਬੈਠਕ ਵਿਚ ਹਾਜ਼ਰ ਲੋ ਉਸ ਤੋਂ ਆਪਣੀ ਕਿਸਮਤ ਬਾਰੇ ਸਵਾਲ ਪੁਛਦੇ ਹਨ ਉਹ ਤੀਵੀਂ ਜਾਂ ਚੇਲਾ, ਜਿਸ ਨੂੰ ਹਾਲ ਪਿਆ ਹੋਵੇ, ਅੰਦ ਪ੍ਰਵੇਸ਼ ਕਰ ਗਏ ਨਰਸਿੰਘ ਕਾਰਨ ਕੰਬਦਾ ਰਹਿੰਦਾ ਹੈ ਬੈਤਰੀ ਦੱਪਤਰੇ ਨਾਲ ਹੇਠਲਾ ਮੰਤ੍ਰ ਪੜ੍ਹਦਾ ਰਹਿੰਦਾ ਹੈ :

ਮੇਰੇ ਨਰਸਿੰਘਾ, ਨਰਿੰਜਨੀਆ ਬੀਰਾ !
ਬੀਰੇਂ ਮੋਹੀ ਬੋਲੀਯਾਂ, ਬੀਰੇਂ ਮੋਹੀ ਬੋਲੀਯਾਂ
ਬੀਰੇਂ ਮੋਹੀ ਬੋਲੀਯਾਂ ਜਗ ਸਾਰਾ।
ਮੇਰੇ ਨਰਸਿੰਘਾ ਹੇ ! ਨਰਿੰਜਨੀਆ ਜੀ
ਭਾਈਗੜ ਮਥਰਾ ਬਿਚ ਜੰਮੇ,
ਗੋਕਲ ਲੀਆ ਸੀ ਅਤਾਰਾ
ਭਾਈ ਬਾਸੁਦੇਵ ਦਿਆ ਬਾਲਕਿਆ,
ਜਸੋਦਾ ਦਿਆ ਜਾਯਾ
ਜਿਥੁ ਕਵਾਰੀਆਂ ਕਨੀਯਾਂ, ਉਥੁ ਬਾਸਾ ਤੇਰਾ
ਅੰਬੇ, ਅੰਬੋਟੇ, ਬੋਇੰ, ਪਹਿਨਦੇ ਦਾ ਬਾਸਾ ਤੇਰਾ।
ਪਿਪਲਾਂ ਪਲੋਟਿਆ, ਮੋਤਿਆ ਬਾਸਾ ਤੇਰਾ
ਸੂਹੀ ਸੂਹੀ ਪਗੜੀ, ਕੂੰਜਾਂ ਦੀ ਕਹਾਣੀ,
ਗਲ ਵਿਚ ਨਰਮੇ ਦਾ ਜਾਮਾਂ।

## (ਨ-32) **ਨਰਸਿੰਹ ਚਤੁਰਦਸ਼ੀ** :

ਵਿਸਾਖ ਸੁਕਲ ਪੱਖ ਦੀ ਚਤੁਰਦਸ਼ੀ ਨੂੰ ਨਰਸਿੰ ਚਤੁਰਦਸ਼ੀ ਕਿਹਾ ਜਾਂਦਾ ਹੈ। ਪੁਰਾਣਾਂ ਵਿਚ ਲਿਖਿਆ ਹੈ ਕਿ ਇਸ ਪਵਿਤਰ ਤਿਥੀ ਨੂੰ ਭਗਵਾਨ ਵਿਸ਼ਨੂੰ ਦਾ ਨਰਸਿੰ ਅਵਤਾਰ ਇਸ ਧਰਤੀ ਉਤੇ ਹੋਇਆ ਸੀ।

ਵਿਸ਼ਨੂੰ ਮੱਤ ਦੇ ਅਨੁਯਾਈਆਂ ਲਈ, ਇਹ ਤਿੱਥ ਬੜੀ ਪਵਿਤਰ ਹੈ ਤੇ ਇਸ ਦਿਨ ਉਹ ਵਰਤ ਰਖਦੇ ਹਨ ਅਤੇ ਨਰਸਿੰਹ ਤੇ ਪ੍ਰਹਿਲਾਦ ਦੀ ਕਥਾ ਸੁਣਦੇ ਹਨ।

## (ਨ-33) **ਨਰਕ** :

ਪੁਰਾਣਾਂ ਅਨੁਸਾਰ ਉਹ ਖੰਡ ਜਿਥੇ ਪਾਪੀ ਜੀਵਾਂ ਨੂੰ

ਮਰਨ ਮਗਰੋਂ ਅਗਲੇ ਲੋਕ ਵਿਚ ਭੋਗਦਾ ਹੈ। ਜਮਦੂਤ ਪ੍ਰਾਣੀ ਨੂੰ ਮਰਨ ਮਗਰੋਂ ਧਰਮਰਾਜ ਅਥਵਾ ਯਮ ਕੋਲ ਲੈ ਜਾਂਦਾ ਹੈ। ਉਥੇ 'ਚਿਤਰਗੁਪਤ' ਹਰੇਕ ਜੀਵ ਦੇ ਕਰਮਾਂ ਦਾ ਲੇਖਾ ਜੋਖਾ ਕਰਦਾ ਹੈ। ਜੇ ਚੰਗੇ ਕਰਮ ਜਿਆਦਾ ਕੀਤੇ ਹੋਣ ਤਾਂ ਪ੍ਰਾਣੀ ਸਵਰਗ ਨੂੰ ਭੇਜਿਆ ਜਾਂਦਾ ਹੈ। ਜੇ ਕੁਕਰਮ ਜ਼ਿਆਦਾ ਹੋਣ ਤਾਂ ਨਰਕ ਵਿਚ। ਇਹ ਵੀ ਧਾਰਨਾ ਹੈ ਕਿ ਪ੍ਰਾਣੀ ਆਪਣੇ ਹਰ ਚੰਗੇ ਕਰਮ ਦਾ ਫਲ ਸਵਰਗ ਵਿਚ ਤੇ ਮੰਦੇ ਕਰਮ ਦਾ ਫਲ ਨਰਕ ਵਿਚ ਭੋਗਦਾ ਹੈ।

ਨਰਕਾਂ ਦਾ ਸੰਕਲਪ ਪੁਰਾਣਿਕ ਹੈ। ਪੁਰਾਣਾਂ ਵਿਚ ਨਰਕਾਂ ਦੀ ਗਿਣਤੀ ਤੇ ਵਿਸਥਾਰ ਇਕਸਾਰ ਨਹੀਂ। ਕੁਝ ਪੁਰਾਣਾਂ ਵਿਚ ਨਰਕ ਸੱਤ ਦਸੇ ਗਏ ਹਨ। ਕਈਆਂ ਵਿਚ ਇਨ੍ਹਾਂ ਦੀ ਗਿਣਤੀ ਅਠਾਰਾਂ ਹੈ ਤੇ ਕਈਆਂ ਵਿਚ ਇਸ ਤੋਂ ਵੀ ਵਧ। ਮਨੂ ਅਨੁਸਾਰ ਨਰਕਾਂ ਦੀ ਗਿਣਤੀ ਇੱਕੀ ਹੈ, ਜਿਨ੍ਹਾਂ ਦੇ ਨਾਂ ਹਨ :

ਤਾਮਿਸ੍ਰ, ਅੰਧਤਾਮਿਸ੍ਰ, ਮਹਾਰੌਰਵ, ਰੌਰਵ, ਮਹਾਨਰਕ, ਨਰਕ, ਕਾਲਸੂਤ੍ਰ, ਸੰਜੀਵਨ, ਮਹਾਵੀਚੀ, ਸੰਪ੍ਰਤਾਪਨ, ਸੰਹਿਤਾ, ਤਪਕ, ਕੁਡਮਲ, ਰਿਜੀਸ਼, ਸੰਕਾ ਕੋਲ, ਪੂਤਿ-ਮੂਰਤਿਕ, ਲੋਹਦਾਰਕ, ਲੋਹ ਸੰਕੂ, ਪੰਥਾਨ, ਸ਼ਾਲਮਲੀ, ਅਸ਼ਿਮਤ੍ਰਵਨ।

ਕਈ ਥਾਈਂ 'ਪੰਥਾਨ' ਦੀ ਥਾਂ 'ਵੈਤਰਣੀ' ਦਾ ਨਾਉਂ ਲਿਖਿਆ ਮਿਲਦਾ ਹੈ।

ਬ੍ਰਹਮਵੈਵਰਤ ਵਿਚ 86 ਨਰਕਾਂ ਦਾ ਵੇਰਵਾ ਦਿਤਾ ਹੋਇਆ ਹੈ। ਵਿਸ਼ਨੂੰ ਤੇ ਭਾਗਵਤ ਪੁਰਾਣ ਵਿਚ ਨਰਕ ਅਠਾਈ ਦਸੇ ਗਏ ਹਨ, ਪਰ ਦੋਹਾਂ ਵਿਚ ਦਿਤੇ ਨਾਂ ਮੇਲ ਨਹੀਂ ਖਾਂਦੇ। ਭਾਗਵਤ ਵਿਚ ਵਰਨਣ ਵਿਸਥਾਰ ਪੂਰਵਕ ਹੈ। ਇਹ ਸਭ ਨਰਕ ਪਤਾਲ ਲੋਕ ਵਿਚ ਹਨ ਤੇ ਧਰਮਰਾਜ ਅਥਵਾ ਯਮ ਦੀ ਨਿਗਰਾਨੀ ਵਿਚ ਹਨ।

ਹਰੇਕ ਕੁਕਰਮੀ ਲਈ ਵਖੋ ਵਖਰੇ ਨਰਕ ਹਨ। ਇਥੇ ਕੁਝ ਨਰਕਾਂ ਦਾ ਵਰਨਣ ਦਿਤਾ ਜਾਂਦਾ ਹੈ :

ਤਾਮਿਸ੍ਰ : ਇਸ ਨਰਕ ਵਿਚ ਸਦਾ ਹਨੇਰ ਗੁਬਾਰ ਰਹਿੰਦਾ ਹੈ। ਇਥੇ ਚੋਰਾਂ, ਡਾਕੂਆਂ ਤੇ ਵਿਭਚਾਰੀਆਂ ਨੂੰ ਸੁਟਿਆ ਜਾਂਦਾ ਹੈ।

ਅੰਧਤਾਮਿਸ੍ਰ : ਇਥੇ ਤਾਮਿਸ੍ਰ ਨਾਲੋਂ ਵੀ ਭਿਆਨਕ ਹਨੇਰਾ ਰਹਿੰਦਾ ਹੈ। ਇਥੇ ਸਵਾਰਥੀ ਤੇ ਹੰਕਾਰੀਆਂ ਨੂੰ ਰਖਿਆ ਜਾਂਦਾ ਹੈ।

... ਇਸ ਨਰਕ ਵਿਚ ਹਤਿਆਰਿਆਂ ਤੇ ਦੋਸ਼ੀਆਂ

ਸੂਕਰਮੁਖ : ਇਸ ਨਰਕ ਵਿਚ ਉਨ੍ਹਾਂ ਦੋਸ਼ੀ ਰਾਜਿਆਂ ਤੇ ਬਾਦਸ਼ਾਹਾਂ ਨੂੰ ਸੁਟਿਆ ਜਾਂਦਾ ਹੈ, ਜਿਨ੍ਹਾਂ ਨੇ ਪਰਜਾ ਉਤੇ ਜ਼ੁਲਮ ਤੇ ਅਨਿਆਂ ਕੀਤਾ ਹੋਵੇ। ਇਥੇ ਚੱਕੀ ਦੇ ਵਡੇ ਵਡੇ ਪੁੜ ਹਨ, ਜਿਨ੍ਹਾਂ ਵਿਚ ਨਿਰਦਈ ਰਾਜਿਆਂ ਨੂੰ ਪੀਠਾ ਜਾਂਦਾ ਹੈ। ਉਹ ਬੋਟੀ ਬੋਟੀ ਹੋ ਕੇ ਤੜਪਦੇ ਹਨ ਪਰ ਮਰਦੇ ਨਹੀਂ।

ਅਸ਼ਿਪਤ੍ਰਵਨ : ਉਹ ਨਰਕ, ਜਿਸ ਵਿਚ ਨਾਸਤਕਾਂ ਤੇ ਧਰਮ ਤੋਂ ਭ੍ਰਿਸ਼ਟੇ ਲੋਕਾਂ ਨੂੰ ਸੁਟਿਆ ਜਾਂਦਾ ਹੈ। ਇਥੇ ਬੜੇ ਸੰਘਣੇ ਵਣ ਹਨ, ਜਿਨ੍ਹਾਂ ਦੇ ਬ੍ਰਿਛਾਂ ਦੇ ਪੱਤੇ ਆਰੇ ਦੇ ਦੰਦੇ ਵਾਂਗ ਤਿਖੇ ਹਨ, ਇਹ ਪੱਤੇ ਪ੍ਰਾਣੀਆਂ ਉਤੇ ਡਿਗਦੇ ਰਹਿੰਦੇ ਹਨ ਤੇ ਸੂਈਆਂ ਵਾਂਗ ਉਨ੍ਹਾਂ ਦੇ ਸਰੀਰ ਨੂੰ ਚੁਭਦੇ ਤੇ ਆਰੇ ਵਾਂਗ ਚੀਰਦੇ ਹਨ।

ਅੰਧ-ਕੂਪ : ਇਹ ਨਰਕ ਅੰਨ੍ਹੇ ਖੂਹ ਦੀ ਸ਼ਕਲ ਦਾ ਹੈ। ਖੂਹ ਵਿਚ ਘੋਰ ਹਨੇਰਾ ਰਹਿੰਦਾ ਹੈ। ਇਥੇ ਉਨ੍ਹਾਂ ਲੋਕਾਂ ਨੂੰ ਰਖਿਆ ਜਾਂਦਾ ਹੈ, ਜੋ ਮੱਛਰ, ਜੂੰਆਂ, ਮੱਖੀਆਂ ਤੇ ਹੋਰ ਲਹੂ ਪੀਣੇ ਕਿਰਮਾਂ ਨੂੰ ਮਾਰਦੇ ਹਨ। ਇਸ ਨਰਕ ਵਿਚ ਪ੍ਰਾਣੀਆਂ ਨੂੰ ਊਨੀਂਦਰੇ ਵਿਚ ਰਖਿਆ ਜਾਂਦਾ ਹੈ ਤੇ ਤਸੀਹੇ ਦਿਤੇ ਜਾਂਦੇ ਹਨ।

ਵੈਤਰਣੀ : ਇਹ ਮਲ-ਮੂਤਰ ਤੇ ਗੰਦਗੀ ਦਾ ਪ੍ਰਵਾਹ ਹੈ, ਜੋ ਸਭ ਨਰਕਾਂ ਦੇ ਦੁਆਲੇ ਵਗਦਾ ਰਹਿੰਦਾ ਹੈ। ਇਸ ਵਿਚ ਕਈ ਧਾਰਾਂ ਵਗਦੀਆਂ ਹਨ, ਜੋ ਲਹੂ, ਪਾਕ, ਮਿੱਝ, ਮਲ-ਮੂਤਰ, ਨਹੁੰ, ਹੱਡੀਆਂ, ਚਰਬੀ ਆਦਿ ਨਾਲ ਭਰੀਆਂ ਵਗ ਰਹੀਆਂ ਹੁੰਦੀਆਂ ਹਨ, ਇਨ੍ਹਾਂ ਨਦੀਆਂ ਵਿਚ ਪਾਪੀਆਂ ਨੂੰ ਉਬਾਲਿਆ ਜਾਂਦਾ ਹੈ। ਇਸ ਨਰਕ ਵਿਚ ਉਨ੍ਹਾਂ ਰਾਜਿਆਂ ਤੇ ਮੰਤਰੀਆਂ ਨੂੰ ਸੁਟਿਆ ਜਾਂਦਾ ਹੈ, ਜੋ ਧਾਰਮਿਕ ਉਪਦੇਸ਼ਕਾਂ ਵਿਚ ਦੁਫੇੜ ਪਾਉਂਦੇ ਹਨ।

ਤਪਤਸੁਰਮੀ : ਨਰਕ; ਜਿਸ ਵਿਚ ਉਨ੍ਹਾਂ ਪਰੋਹਿਤਾਂ ਤੇ ਪੰਡਤਾਂ ਆਦਿ ਨੂੰ ਸੁਟਿਆ ਜਾਂਦਾ ਹੈ, ਜਿਨ੍ਹਾਂ ਆਪਣੀ ਸਥਿਤੀ ਦਾ ਅਯੋਗ ਲਾਭ ਉਠਾਇਆ ਹੋਵੇ ਜਾਂ ਧਰਮ ਦੇ ਨਾਂ ਉਤੇ ਸੌਦੇਬਾਜ਼ੀ ਕੀਤੀ ਹੋਵੇ। ਇਥੇ ਤਪਦੇ ਜੰਬੂਰਾਂ ਨਾਲ ਪਾਪੀਆਂ ਦੀ ਚਮੜੀ ਉਧੇੜੀ ਜਾਂਦੀ ਹੈ।

ਕਿਰਮ ਭੋਜਨ : ਨਰਕ; ਜਿਥੇ ਸਵਾਰਥੀਆਂ, ਨਿਰਦਈਆਂ ਤੇ ਲੋਭੀਆਂ ਨੂੰ ਕਿਰਮਾਂ ਦੇ ਰੂਪ ਵਿਚ ਸੁਟਿਆ ਜਾਂਦਾ ਹੈ। ਇਹ ਨਰਕ ਕਿਰਮਾਂ ਨਾਲ ਓਤ ਪੋਤ ਹੈ ਤੇ ਕਿਰਮ ਇਕ ਦੂਜੇ ਨੂੰ ਖਾ ਕੇ ਗੁਜ਼ਾਰਾ ਕਰਦੇ ਹਨ।

ਕਾਲ ਸੂਤ੍ਰ : ਨਰਕ; ਜਿਥੇ ਬ੍ਰਾਹਮਣਾਂ ਤੇ ਘਾਤਕਾਂ ਨੂੰ ਸੁਟਿਆ ਜਾਂਦਾ ਹੈ। ਇਸ ਨਰਕ ਵਿਚ, ਬਲਦੀ ਅੱਗ ਉਤੇ

ਕੁੰਭੀ ਪਕ । ਉਹ ਨਰਕ, ਜਿਥੇ ਤੇਲ ਦੇ ਕੁੰਭ ਅਥਵਾ ਕੜਾਹ ਤਪਦੇ ਰਹਿੰਦੇ ਹਨ ਤੇ ਕੁਕਰਮੀਆ ਨੂੰ ਇਨ੍ਹਾਂ ਕੜਾਹੀਆਂ ਵਿਚ ਤਲਿਆ ਜਾਂਦਾ ਹੈ। ਇਥੇ ਜ਼ਾਲਮਾਂ ਤੇ ਹੈਂਸਿਆਰਿਆਂ ਨੂੰ ਸੁਟਿਆ ਜਾਂਦਾ ਹੈ।

ਅਵਿਚੀਮਤ : ਝੂਠ ਬੋਲਣ ਵਾਲਿਆਂ ਜੀਵਾਂ ਨੂੰ, ਇਸ ਨਰਕ ਵਿਚ ਸੁਟਿਆ ਜਾਂਦਾ ਹੈ। ਇਥੇ ਬੜੀਆਂ ਉੱਚੀਆਂ, ਭਿਆਨਕ ਤੇ ਵਿਕਰਾਲ ਪਹਾੜੀਆਂ ਹਨ। ਕੁਕਰਮੀਆਂ ਨੂੰ ਉਪਰੋਂ ਹੇਠਾਂ ਰੋੜ੍ਹਿਆ ਜਾਂਦਾ ਹੈ। ਹੇਠਾਂ ਡਿਗਦੇ ਸਾਰ ਉਹ ਫਿਰ ਸੁਤੇ-ਸਿਧ ਪਹਾੜ ਦੀ ਚੋਟੀ ਉਤੇ ਜਾ ਪਹੁੰਚਦੇ ਹਨ ਤੇ ਇਉਂ ਬਾਰ ਬਾਰ ਰਿੜ੍ਹਦੇ ਰਹਿੰਦੇ ਹਨ। ਇਸ ਤਰ੍ਹਾਂ ਲੰਮੇ ਸਮੇਂ ਤਕ ਹੁੰਦਾ ਰਹਿੰਦਾ ਹੈ।

ਸਚੀਮੁਖ : ਇਸ ਨਰਕ ਵਿਚ ਕੰਜੂਸਾਂ ਨੂੰ ਸੁਟਿਆ ਜਾਂਦਾ ਹੈ, ਇਥੇ ਲੋਹੇ ਦੀਆਂ ਤੇਜ਼ ਸਲਾਖਾਂ, ਪ੍ਰਾਣੀਆਂ ਦੁਆਲੇ ਘੇਰੇ ਵਾਂਙ, ਵਲ ਦਿਤੀਆਂ ਜਾਂਦੀਆਂ ਹਨ ਤੇ ਪ੍ਰਾਣੀ ਘੁਟੇ ਘੁਟੇ ਮਹਿਸੂਸ ਕਰਦੇ ਹਨ।

### (ਨ-34) ਨਰਕਾਸੁਰ :

ਨਰਕ ਨਾਂ ਦਾ ਇਕ ਅਸੁਰ, ਜੋ ਬੜਾ ਅਤਿਆਚਾਰੀ ਤੇ ਨਿਰਦਈ ਸੀ। ਪ੍ਰਿਥਵੀ (ਭੂਮੀ) ਤੋਂ ਉਪਜਿਆ ਹੋਣ ਕਰ ਕੇ, ਇਸ ਅਸੁਰ ਨੂੰ 'ਭੋਮਾਸੁਰ' ਵੀ ਕਿਹਾ ਜਾਂਦਾ ਹੈ। ਵਿਸ਼ਨੂੰ ਪੁਰਾਣ ਅਨੁਸਾਰ ਜਦੋਂ ਵਿਸ਼ਨੂੰ ਨੇ ਵਰਾਹ ਅਥਵਾ ਸੂਰ ਦਾ ਰੂਪ ਧਾਰਨ ਕੀਤਾ ਤਾਂ ਉਸ ਨੇ ਇਸੇ ਰੂਪ ਵਿਚ ਪ੍ਰਿਥਵੀ ਨਾਲ ਭੋਗ ਕੀਤਾ, ਜਿਸ ਤੋਂ ਨਰਕ ਨਾਂ ਦਾ ਅਸੁਰ ਪੈਦਾ ਹੋਇਆ। ਵਿਸ਼ਨੂੰ ਪੁਰਾਣ ਦੀ ਇਕ ਹੋਰ ਕਥਾ ਅਨੁਸਾਰ ਨਰਕਾਸੁਰ ਅਦਿਤੀ ਦੀਆਂ ਕੰਨਾਂ ਦੀਆਂ ਵਾਲੀਆਂ ਖੋਹ ਕੇ ਆਪਣੀ ਰਾਜਧਾਨੀ ਵਿਚ ਪ੍ਰਾਗ-ਜੋਤਿਸ਼ ਦੇ ਕਿਲ੍ਹੇ ਵਿਚ ਲੈ ਗਿਆ। ਇਹ ਕਿਲ੍ਹਾ ਦੇਵਤਿਆਂ ਤੋਂ ਜਿਤਿਆ ਨਾ ਗਿਆ ਤੇ ਉਨ੍ਹਾਂ ਨੇ ਕ੍ਰਿਸ਼ਨ ਤੋਂ ਸਹਾਇਤਾ ਮੰਗੀ। ਕ੍ਰਿਸ਼ਨ ਨੇ ਨਰਕ ਨੂੰ ਮਾਰ ਕੇ ਵਾਲੀਆਂ ਵਾਪਸ ਲੈ ਆਉਂਦੀਆਂ।

'ਹਰੀ ਵੰਸ਼' ਵਿਚ ਇਹ ਕਥਾ ਹੋਰ ਤਰ੍ਹਾਂ ਦਰਜ ਹੈ। ਹਰੀ ਵੰਸ਼ ਅਨੁਸਾਰ ਨਰਕਾਸੁਰ ਪ੍ਰਾਗ ਜਯੋਤਿਸ਼ ਪੁਰ (ਅਜੋਕਾ ਗੁਹਾਟੀ) ਦਾ ਰਾਜਾ ਸੀ। ਇਸ ਦੀ ਦੇਵਤਿਆਂ ਨਾਲ ਖੁਣਸ ਸੀ। ਇਸ ਨੇ ਹਾਥੀ ਦਾ ਰੂਪ ਧਾਰ ਕੇ, ਵਿਸ਼ਵਕਰਮਾ ਦੀ ਧੀ ਨੂੰ ਉਧਾਲ ਲਿਆਂਦਾ। ਇਸ ਨੇ ਕਈ ਹੋਰ ਦੇਵਤਿਆਂ, ਗੰਧਰਵਾਂ ਤੇ ਰਾਜਿਆਂ ਦੀਆਂ ਵਿਆਹੀਆਂ ਤੇ ਕੰਵਾਰੀਆਂ ਕੰਨਿਆਵਾਂ ਨੂੰ, ਆਪਣੇ ਕਿਲ੍ਹੇ ਅੰਦਰ ਕੈਦ ਰਖਿਆ ਹੋਇਆ ਸੀ, ਜਿਨ੍ਹਾਂ ਰਾਜਿਆਂ ਉਤੇ

ਬੜਾ ਰੰਗੀਲਾ ਸੀ, ਉਹ ਬੜੇ ਸੁੰਦਰ ਤੇ ਕੀਮਤੀ ਵਸਤਰ ਪਹਿਨਦਾ ਸੀ। ਇਸ ਨੇ ਆਪਣੇ ਰਹਿਣ ਲਈ ਸੁੰਦਰ ਮਹਿਲ ਬਣਾਇਆ ਹੋਇਆ ਸੀ। ਕ੍ਰਿਸ਼ਨ ਨੇ ਇਸ ਨਾਲ ਯੁੱਧ ਕਰ ਕੇ ਇਸ ਉਤੇ ਵਿਜੈ ਪ੍ਰਾਪਤ ਕੀਤੀ। ਜਿਸ ਦਿਨ ਨਰਕਾਸੁਰ ਦਾ ਬੱਧ ਹੋਇਆ, ਉਸੇ ਦਿਨ ਧਰਤੀ ਦੇ ਲੋਕਾਂ ਤੇ ਦੇਵਤਿਆਂ ਨੇ ਦੀਵੇ ਬਾਲੇ, ਇਸ ਤਿੱਥ ਨੂੰ ਛੋਟੀ ਦੀਵਾਲੀ ਦਾ ਪੁਰਬ ਵੀ ਮਨਾਇਆ ਜਾਂਦਾ ਹੈ (ਵੇਖੋ:ਨਰਕਾਸੁਰ ਚੌਦਸ)।

### (ਨ-35) ਨਰਕਾਸੁਰ ਚੌਦਸ :

ਕੱਤਕ ਵਦੀ. ਚੌਦਸ ਨੂੰ ਹਿੰਦੂ 'ਨਰਕ ਚੌਦਸ' ਦਾ ਪੁਰਬ ਮਨਾਉਂਦੇ ਹਨ। ਇਹ ਤਿੱਥ ਧਨ ਤੇਰਸ ਤੋਂ ਅਗਲੇ ਦਿਨ ਪੈਂਦੀ ਹੈ। ਇਸ ਦਿਨ ਕ੍ਰਿਸ਼ਨ ਨੇ ਨਰਕਾਸੁਰ ਦੈਂਤ ਦਾ ਬੱਧ ਕੀਤਾ ਸੀ। ਨਰਕ ਦੈਂਤ ਬੜਾ ਹੀ ਅਤਿਆਚਾਰੀ, ਨਿਰਦਈ ਤੇ ਵਿਭਚਾਰੀ ਸੀ। ਉਸ ਨੇ ਆਪਣੀ ਰਾਜਧਾਨੀ ਪ੍ਰਾਗ-ਜਯੋਤਿਸ਼ਪੁਰ ਵਿਚ ਆਪਣੇ ਕਿਲ੍ਹੇ ਵਿਚ ਸੋਲਾਂ ਹਜ਼ਾਰ ਰਾਜਕੁਮਾਰੀਆਂ ਬੰਦੀ ਬਣਾ ਕੇ ਰਖੀਆਂ ਹੋਈਆਂ ਸਨ। ਜਦੋਂ ਦੇਵਤਿਆਂ ਦੀ ਨਰਕਾਸੁਰ ਅਗੇ ਕੋਈ ਪੇਸ਼ ਨਾ ਗਈ ਤਾਂ ਕ੍ਰਿਸ਼ਨ ਨੇ ਨਰਕਾਸੁਰ ਉਤੇ ਵਿਜੈ ਪਾ ਕੇ ਉਸਦਾ ਬੱਧ ਕਰ ਦਿਤਾ। ਲੋਕਾਂ ਨੇ ਅਸੁਰ ਦੇ ਅਤਿਆਚਾਰਾਂ ਤੋਂ ਛੁਟਕਾਰਾ ਪਾਉਣ ਦੀ ਖ਼ੁਸ਼ੀ ਵਿਚ ਦੀਪ ਜਗਾਏ। ਇਸੇ ਤੋਂ ਹੀ ਇਸ ਤਿੱਥ ਨੂੰ 'ਛੋਟੀ ਦੀਵਾਲੀ' ਵੀ ਕਹਿੰਦੇ ਹਨ।

ਨਰਕ ਚੌਦਸ ਦਾ ਸਬੰਧ ਯਮਰਾਜ ਨਾਲ ਵੀ ਦਸਿਆ ਜਾਂਦਾ ਹੈ। ਪੌਰਾਣਿਕ ਕਥਾ ਅਨੁਸਾਰ ਜਦੋਂ ਵਿਸ਼ਨੂੰ ਨੇ ਵਾਮਨ ਅਵਤਾਰ ਧਾਰ ਕੇ, ਬਲ ਰਾਜੇ ਤੋਂ ਢਾਈ ਕਦਮ ਪ੍ਰਿਥਵੀ ਦਾਨ ਮੰਗੀ ਅਤੇ ਦੋ ਕਦਮਾਂ ਨਾਲ ਧਰਤੀ ਤੇ ਆਕਾਸ਼ ਮਾਪ ਕੇ, ਬਾਕੀ ਅੱਧੇ ਕਦਮ ਲਈ, ਉਸ ਨੇ ਬਲ ਨੂੰ ਪਾਤਾਲ ਲੋਕ ਵਿਚ ਧੱਕ ਦਿਤਾ ਸੀ ਅਤੇ ਤਿੰਨਾਂ ਲੋਕਾਂ ਉਤੇ ਅਧਿਕਾਰ ਪ੍ਰਾਪਤ ਕਰਨ ਮਗਰੋਂ ਵਾਮਨ ਅਵਤਾਰ ਨੇ ਬਲ ਰਾਜੇ ਨੂੰ ਕੋਈ ਵਰਦਾਨ ਮੰਗਣ ਲਈ ਕਿਹਾ ਤਾਂ ਬਲ ਰਾਜੇ ਨੇ ਮਾਨਵ ਜਾਤੀ ਦੇ ਹਿੱਤ ਲਈ ਇਹ ਵਰਦਾਨ ਮੰਗਿਆ ਕਿ ਜਿਨ੍ਹਾਂ ਤਿੰਨਾਂ ਦਿਨਾਂ ਵਿਚ ਅਥਵਾ ਕੱਤਕ ਵਦੀ ਤੇਰਸ, ਚੌਦਸ ਤੇ ਅਮਾਵਸ ਨੂੰ ਬਲ ਰਾਜੇ ਤੋਂ ਪ੍ਰਿਥਵੀ ਪ੍ਰਾਪਤ ਕੀਤੀ ਗਈ, ਉਨ੍ਹਾਂ ਤਿੱਥਾਂ ਉਤੇ ਜੋ ਕੋਈ ਪ੍ਰਾਣੀ ਮੌਤ ਦੇ ਦੇਵਤੇ ਯਮਰਾਜ ਲਈ ਦੀਪ ਦਾਨ ਕਰੇ, ਤਾਂ ਉਸ ਪ੍ਰਾਣੀ ਨੂੰ ਕੋਈ ਕਸ਼ਟ ਨਹੀਂ ਪਹੁੰਚੇਗਾ। ਉਨ੍ਹਾਂ ਲਈ ਮੌਤ ਡਰਾਉਣੀ ਨਾ ਰਹੇ ਅਤੇ ਉਨ੍ਹਾਂ ਦੇ ਘਰ ਵਲ

ਦੀਪ ਦਾਨ ਕਰਨ ਮਗਰੋਂ ਘਰ ਵਿਚ ਦੀਵਾ ਬਾਲਦੇ ਹਨ।

ਨਰਕ ਚੌਦਸ ਦੀ ਤਿੱਥ ਨੂੰ ਹੀ ਹਨੂਮਾਨ ਦਾ ਜਨਮ ਵੀ ਹੋਇਆ ਸੀ। ਇਸ ਲਈ ਹਨੂਮਾਨ ਦੇ ਭਗਤ ਇਸ ਤਿੱਥ ਨੂੰ ਉਨ੍ਹਾਂ ਦਾ ਜਨਮ ਦਿਨ ਮਨਾਉਂਦੇ ਹਨ ਤੇ ਇਸ ਨੂੰ 'ਹਨੂਮਾਨ ਚੌਦਸ' ਵੀ ਕਹਿੰਦੇ ਹਨ। ਕਈ ਇਸ ਤਿੱਥ ਨੂੰ 'ਰੂਪ ਚੌਦਸ' ਵੀ ਕਹਿੰਦੇ ਹਨ।

## (ਨ-36) ਨਰ ਦਰਿਆ :

ਪੰਜਾਬੀ ਲੋਕਧਾਰਾ ਵਿਚ ਦਰਿਆਵਾਂ ਨੂੰ ਨਰ ਤੇ ਮਾਦਾ ਦਰਿਆ ਮੰਨਿਆ ਗਿਆ ਹੈ। ਮੁਲਤਾਨ ਦੇ ਜ਼ਿਲੇ ਦੇ ਦੱਖਣ ਪੱਛਮੀ ਭਾਗ ਦੇ ਕਿਸਾਨ, ਜਿਨ੍ਹਾਂ ਦੀਆਂ ਜ਼ਮੀਨਾਂ ਨੂੰ ਸਤਲੁਜ ਤੇ ਝਨਾਂ ਦੋਹਾਂ ਦਰਿਆਵਾਂ ਦਾ ਪਾਣੀ ਲੱਗਦਾ ਹੈ, ਉਹ ਸਤਲੁਜ ਨੂੰ ਨਰ ਤੇ ਝਨਾਂ ਨੂੰ ਮਾਦਾ ਮੰਨਦੇ ਹਨ। ਉਨ੍ਹਾਂ ਲੋਕਾਂ ਦਾ ਵਿਚਾਰ ਹੈ ਕਿ ਝਨਾਂ ਦਾ ਪਾਣੀ ਸਤਲੁਜ ਦੇ ਪਾਣੀ ਨਾਲੋਂ ਵਧੇਰੇ ਉਪਜਾਊ ਸ਼ਕਤੀ ਰਖਦਾ ਹੈ।

## (ਨ-37) ਨਰ ਬਲੀ :

ਦੇਵਤਿਆਂ ਦੀ ਪ੍ਰਸੰਨਤਾ ਲਈ ਨਰ ਦੀ ਬਲੀ ਦੇਣ ਦਾ ਰਿਵਾਜ ਬੜਾ ਹੀ ਪੁਰਾਣਾ ਹੈ ਤੇ ਹੁਣ ਤਕ, ਕਈ ਥਾਈਂ ਪ੍ਰਚਲਤ ਹੈ। ਰਿਗ-ਵੇਦ ਦੀਆਂ ਸੰਹਿਤਾ ਵਿਚ ਮਨੁੱਖ ਦੀ ਬਲੀ ਦੇਣ ਦਾ ਜ਼ਿਕਰ ਹੈ। ਇਕ ਸ਼ਖ਼ਸ ਵਰੁਣ ਦੇਵਤੇ ਦੀ ਪ੍ਰਸੰਨਤਾ ਲਈ ਆਪਣੇ ਲੜਕੇ ਦੀ ਬਲੀ ਦੇਣ ਦਾ ਪ੍ਰਣ ਕਰਦਾ ਹੈ ਤੇ ਦੇਵ ਨੇ ਦਖ਼ਲ ਦੇ ਕੇ ਅਲੌਕਿਕ ਹਾਲਾਤ ਵਿਚ, ਉਸ ਬੱਚੇ ਨੂੰ ਬਚਾ ਲਿਆ। ਇਹੋ ਪ੍ਰਥਾ ਪਿਛੋਂ ਜਲ ਦੇਵਤੇ ਨੂੰ ਪਤਿਆਣ ਲਈ ਬਣੀ ਰਹੀ।

ਯੁਜਰਵੇਦ ਵਿਚ 'ਪੁਰਸ਼ ਮੇਧ' ਦੀ ਰੀਤ ਦਾ ਜ਼ਿਕਰ ਹੈ। ਮੱਧ ਕਾਲ ਵਿਚ ਵੀ ਨਰ ਬਲੀ ਦਾ ਰਿਵਾਜ ਰਿਹਾ। ਕਾਂਗੜੇ ਦੇ ਇਕ ਲੋਕ-ਗੀਤ ਵਿਚ ਜ਼ਿਕਰ ਆਉਂਦਾ ਹੈ ਕਿ ਕਿਵੇਂ ਔੜ ਸਮੇਂ ਪਾਣੀ ਲਈ ਭੋਇੰ ਦੀ ਖੁਦਾਈ ਕਰਨ ਸਮੇਂ ਇਕ ਰਾਣੀ ਦੀ ਬਲੀ ਦਿਤੀ ਗਈ। ਪੁਰਾਣੇ ਸਮਿਆਂ ਵਿਚ ਧਰਤੀ ਨੂੰ ਪ੍ਰਸੰਨ ਕਰਨ ਲਈ ਜਾਂ ਕਿਸੇ ਨਵੇਂ ਮਹਿਲ ਦੀ ਨੀਂਹ ਰਖਣ ਲਗਿਆਂ ਬਲੀ ਦਿਤੀ ਜਾਂਦੀ ਸੀ, ਜੋ ਹੁਣ ਵੀ ਚਿੰਨ੍ਹ ਰੂਪ ਵਿਚ ਕਾਇਮ ਹੈ। ਮਕਾਨ ਦੀ ਨੀਂਹ ਰਖਣ ਵੇਲੇ ਇਕ ਨਾਰੀਅਲ ਨੀਂਹ ਵਿਚ ਰਖਿਆ ਜਾਂਦਾ ਹੈ। ਨਾਰੀਅਲ ਮਨੁੱਖੀ ਸੀਸ ਦਾ ਪ੍ਰਤੀਕ ਹੈ। ਕਿਲ੍ਹਿਆਂ ਦੇ ਬੁਰਜਾਂ ਦੀ ਉਸਾਰੀ ਸਮੇਂ ਵੀ ਨਰ ਬਲੀ ਦੀ ਪ੍ਰਥਾ

ਸਮੇਂ ਬਕਰੀ ਦਾ ਕੰਨ ਕੱਟ ਕੇ ਲਹੂ ਦੀਆਂ ਕੁਝ ਬੂੰਦਾਂ ਧਰਤੀ ਉਤੇ ਪਾਈਆਂ ਜਾਂਦੀਆਂ ਹਨ, ਇਹ ਨਰ ਬਲੀ ਦਾ ਇਕ ਪ੍ਰਤੀਕ ਹੈ।

ਬਲੀ (ਲਹੂ) ਬਾਂਝਪਨ ਦਾ ਇਲਾਜ ਹੈ। ਇਸੇ ਲਈ ਕਈ ਬਾਂਝ ਇਸਤ੍ਰੀਆਂ ਪੁੱਤਰ ਦੀ ਦਾਤ ਲਈ ਦੂਜੇ ਦੇ ਬੱਚਿਆਂ ਦੀ ਬਲੀ ਦੇਂਦੀਆਂ ਹਨ।

## (ਨ-38) ਨਰਾਇਣ ਬਲੀ :

ਇਕ ਰੀਤ, ਜੋ ਪਿੱਤਰਾਂ ਨਮਿਤ ਕੀਤੀ ਜਾਂਦੀ ਹੈ। ਲੋਕ-ਧਾਰਨਾ ਹੈ ਕਿ ਜੇ ਕੋਈ ਸ਼ਖ਼ਸ ਅਚਨਚੇਤੀ ਮਰ ਜਾਵੇ ਅਤੇ ਮਰਨ ਤੋਂ ਪਹਿਲਾਂ ਉਸ ਦੀ 'ਦੀਵਾ ਬਾਤੀ' ਦੀ ਰਸਮ ਨਾ ਹੋਈ ਹੋਵੇ ਤਾਂ ਉਹ ਮਰਨ ਮਗਰੋਂ ਭੂਤ-ਪ੍ਰੇਤ ਬਣਦਾ ਹੈ। ਇਸ ਤੋਂ ਬਚਾਓ ਲਈ ਇਕ ਉਪਾਅ ਹੈ। ਜੇ ਉਸ ਦਾ ਕੋਈ ਵਡਿਕਾ, ਪਤਨੀ ਜਾਂ ਪੁੱਤਰ, ਗੰਗਾ ਜਾ ਕੇ 'ਨਰਾਇਣ ਬਲੀ' ਦੀ ਰੀਤ ਕਰੇ ਤਾਂ ਉਹ ਪ੍ਰੇਤ ਦੀ ਜੂਨ ਨਹੀਂ ਪੈਂਦਾ। ਇਹ ਰਸਮ ਇਸ ਪ੍ਰਕਾਰ ਕੀਤੀ ਜਾਂਦੀ ਹੈ : ਪੰਜ ਤਾਂਬੇ ਦੀਆਂ ਘੜੋਲੀਆਂ ਵਿਚ ਪੰਜ ਪ੍ਰਮੁਖ ਦੇਵਤਿਆਂ ਦੀਆਂ ਮੂਰਤੀਆਂ ਸਜਾਈਆਂ ਜਾਂਦੀਆਂ ਹਨ ਤੇ ਮੋਏ ਪ੍ਰਾਣੀ ਨਮਿਤ ਮੰਤਰਾਂ ਦਾ ਉੱਚਾਰਨ ਕਰਦਿਆਂ, ਉਨ੍ਹਾਂ ਦੀ ਪੂਜਾ-ਅਰਚਾ ਕੀਤੀ ਜਾਂਦੀ ਹੈ ਤੇ ਧੂਪ ਦੀਪ ਜਲਾਇਆ ਜਾਂਦਾ ਹੈ।

## (ਨ-39) ਨਰੂਲਾ :

ਅਰੋੜਿਆਂ ਦੀ ਇਕ ਉਪ-ਜਾਤੀ; ਨਰੂਲਾ ਸ਼ਬਦ ਨਿਰਾਲਾ ਦਾ ਵਿਗਾੜ ਹੈ। ਇਨ੍ਹਾਂ ਵਿਚ ਦੁੱਧ ਨੂੰ ਨਾ ਰਿੜਕਣ ਦੀ ਨਿਰਾਲੀ ਰੀਤ ਪ੍ਰਚਲਤ ਰਹੀ। ਰਵਾਇਤ ਹੈ ਕਿ ਇਕ ਵਾਰ ਇਸ ਕੁੱਲ ਦੀ ਇਕ ਤੀਵੀਂ ਦੁੱਧ ਰਿੜਕ ਰਹੀ ਸੀ, ਜਦੋਂ ਕਿ ਬੇਧਿਆਨੀ ਵਿਚ ਇਕ ਸੱਪ ਨਾਲ ਹੀ ਰਿੜਕਿਆ ਗਿਆ। ਉਦੋਂ ਤੋਂ ਇਨ੍ਹਾਂ ਦੇ ਘਰਾਂ ਵਿਚ ਦੁੱਧ ਰਿੜਕਣਾ ਨਿਸ਼ੇਧ ਹੋ ਗਿਆ। ਮਗਰੋਂ ਇਨ੍ਹਾਂ ਦੀਆਂ ਤੀਵੀਆਂ ਦੁੱਧ ਰਿੜਕਣ ਲਗ ਪਈਆਂ, ਪਰ ਮਰਦਾਂ ਲਈ ਨਿਸ਼ੇਧ ਰਿਹਾ। ਇਕ ਸੱਪ ਦੇ ਦਹੀਂ ਵਿਚ ਰਿੜਕੇ ਜਾਣ ਦੀ ਕਥਾ ਕਈ ਹੋਰਨਾਂ ਗੋਤਾਂ ਵਿਚ ਵੀ ਪ੍ਰਚਲਤ ਹੈ।

## (ਨ-40) ਨਰੇਲ ਅਕਬਰ ਸ਼ਾਹ :

ਇਕ ਰਸਮ ਜੋ ਮੁਲਤਾਨ ਦੇ ਅਰੋੜਿਆਂ ਤੇ ਬਹਾਵਲਪੁਰ

ਦੋਹਾਂ ਧਿਰਾਂ ਨੂੰ, ਅਕਬਰ ਵਲੋਂ ਦੋ ਨਰੇਲ ਭੇਟਾ ਕੀਤਾ ਕਰਦਾ ਸੀ, ਇਕ ਨਰੇਲ ਅਕਬਰ ਦੇ ਨਾਂ ਦਾ ਹੁੰਦਾ ਸੀ ਤੇ ਇਕ ਕਿਸੇ ਹੋਰ ਦਾ। ਇਸ ਭੇਟਾ ਸਮੇਂ ਭੱਟ ਉੱਚੀ ਸੁਰ ਵਿਚ ਇਹ ਵੇਲ ਪੜ੍ਹਿਆ ਕਰਦੇ ਸਨ :

ਅਕਬਰ ਸਾਹ ਬਾਦਸ਼ਾਹ ਦੇ ਘਰ ਦਾ ਨਰੇਲ
ਰਾਜਾ ਟੋਡਰਮਲ ਦੇ ਘਰ ਦਾ ਨਰੇਲ
ਮਿਸਰ ਛਬੀਲ ਦਾਸ ਬ੍ਰਾਹਮਣ ਦੇ ਘਰ ਦਾ ਨਰੇਲ
ਕਿਸਨੇ ਮੰਗਲੇ ਦੇ ਘਰ ਦਾ ਨਰੇਲ।

'ਪੰਜਾਬ ਹਿਸਟੋਰੀਕਲ ਸੁਸਾਇਟੀ ਜਰਨਲ' (ਜਿਲਦ 10ਵੀਂ ਪੰਨਾ 1-3) ਅਨੁਸਾਰ ਇਹ ਰਿਵਾਜ ਮੁਲਤਾਨ ਦੇ ਅਰੋੜਿਆਂ ਵਿਚ ਅੰਗਰੇਜ਼ਾਂ ਦੇ ਰਾਜ ਸਮੇਂ ਤਕ ਪ੍ਰਚਲਤ ਰਿਹਾ। 'ਬਹਾਵਲਪੁਰ ਗਜ਼ਟੀਅਰ' ਅਨੁਸਾਰ ਬਹਾਵਲਪੁਰ ਦੇ ਖੱਤ੍ਰੀਆਂ ਵਿਚ ਵੀ ਇਹ ਵੇਲ ਪੜ੍ਹਨ ਦਾ ਰਿਵਾਜ ਸੀ, ਪਰ 1922 ਵਿਚ ਹਿੰਦੂ-ਮੁਸਲਮਾਨਾਂ ਦੇ ਫ਼ਿਰਕੂ ਦੰਗਿਆਂ ਮਗਰੋਂ, ਕੇਵਲ ਇਕੋ ਵਾਕ 'ਅਕਬਰ ਸਾਹ ਬਾਦਸਾਹ ਦੇ ਘਰ ਦਾ ਨਰੇਲ' ਪੜ੍ਹਿਆ ਜਾਣ ਲਗਾ।

## (ਨ-41) ਨਰੋਏ :

ਗਰਭ ਠਹਿਰਨ ਦੇ ਮੁਢਲੇ ਦੋ-ਤਿੰਨ ਮਹੀਨਿਆਂ ਵਿਚ ਗਰਭਵਤੀ ਦੇ ਮਨ ਵਿਚ ਖਾਸ ਪ੍ਰਕਾਰ ਦੀਆਂ ਚੀਜ਼ਾਂ ਖਾਣ ਦੀ ਲਾਲਸਾ ਅਥਵਾ ਭਟਕੀ ਜਿਹੀ ਪੈਂਦਾ ਹੋ ਜਾਂਦੀ ਹੈ। ਇਸ ਭਟਕੀ ਨੂੰ ਸੰਸਕ੍ਰਿਤ ਵਿਚ 'ਦੋਹਦ' ਤੇ ਪੰਜਾਬੀ ਵਿਚ 'ਨਰੋਏ' ਆਖਦੇ ਹਨ। ਕਈ ਤੀਵੀਆਂ ਇਨ੍ਹਾਂ ਦਿਨਾਂ ਵਿਚ ਖੱਟੀਆਂ ਚੀਜ਼ਾਂ ਜਿਹਾ ਕਿ ਅਚਾਰ, ਨਿੰਬੂ, ਖੱਟੀਆਂ ਅੰਬੀਆਂ ਆਦਿ ਖਾਂਦੀਆਂ ਹਨ। ਕੁਝ ਲੋਕ-ਗੀਤਾਂ ਵਿਚ ਇਨ੍ਹਾਂ ਵਲ ਇਸ਼ਾਰਾ ਹੈ :

ਰਸੀਆ ਨਿੰਬੂ ਲਿਆ ਦੇ ਵੇ।
ਮੇਰੇ ਉਠੀ ਕਲੇਜੇ ਪੀੜ,
ਵੇ ਰਸੀਆ ਨਿੰਬੂ ਮੰਗਾਈ ਦੇ ਵੇ।

ਇਕ ਹੋਰ ਲੋਕ-ਗੀਤ ਵਿਚ ਅੰਬੀਆਂ ਚੱਖਣ ਵਲ ਸੰਕੇਤ ਹੈ :

ਦੇਵਰ ਮੇਰਾ ਭੈੜਾ ਕਢਦਾ ਏ ਦੰਦੀਆਂ
ਮਾਂ ਨੂੰ ਸਦ ਲਿਆਇਆ ਜਾਂ ਚੱਖੀਆਂ ਮੈਂ ਅੰਬੀਆਂ।

ਕਈ ਤੀਵੀਆਂ ਨੂੰ ਮਿੱਟੀ, ਗਾਚੀ ਜਾਂ ਕੋਲੇ ਖਾਣ ਦੀ ਭਟਕੀ ਲਗੀ ਰਹਿੰਦੀ ਹੈ। ਕਈ ਗਰਭਵਤੀਆਂ ਗਾਚੀ ਨੂੰ ਦੁੱਧ ਵਿਚ ਭਿਉਂ ਕੇ, ਤਵੇ ਉਤੇ ਪਕਾ ਕੇ ਖਾਂਦੀਆਂ ਹਨ।

ਲੋਕਾਂ ਦਾ ਨਿਸ਼ਚਾ ਹੈ ਕਿ ਨਰੋਏ ਦੇ ਦਿਨੀਂ, ਜੇ ਗਰਭਵਤੀ ਨੂੰ ਖੱਟੀਆਂ ਚੀਜ਼ਾਂ ਦੀ ਭਟਕੀ ਲਗੇ ਤਾਂ ਕੁੜੀ ਜੰਮਦੀ ਹੈ ਤੇ ਜੇ ਮਿੱਠੇ ਪਦਾਰਥਾਂ ਦੀ ਭਟਕੀ ਲਗੇ ਤਾਂ ਮੁੰਡਾ ਜੰਮਦਾ ਹੈ। ਇਸ ਵਿਸ਼ਵਾਸ ਦਾ ਅਧਾਰ ਇਹ ਜਾਪਦਾ ਹੈ ਕਿ ਕੁੜੀਆਂ ਖੱਟੀਆਂ ਚੀਜ਼ਾਂ ਵਧੇਰੇ ਪਸੰਦ ਕਰਦੀਆਂ ਹਨ ਤੇ ਮੁੰਡੇ ਮਿੱਠੀਆਂ।

## (ਨ-42) ਨੱਲ ਤੇ ਦਮਯੰਤੀ :

ਮਹਾਂਭਾਰਤ ਦੀ ਇਕ ਪ੍ਰਸਿਧ ਲੋਕ-ਕਥਾ; ਸੁਘੜ, ਸਿਆਣੀ ਤੇ ਸੁਹਣੀ ਦਮਯੰਤੀ, ਰਾਜਾ ਭੀਮ ਦੀ ਕੰਨਿਆ ਸੀ। ਰਾਜਾ ਭੀਮ ਉਸ ਦਾ ਵਿਆਹ ਕਿਸੇ ਸੁੰਦਰ ਤੇ ਬਲਵਾਨ ਰਾਜੇ ਨਾਲ ਕਰਨਾ ਚਾਹੁੰਦਾ ਸੀ। ਉਸ ਵਕਤ ਨੱਲ ਤੇ ਦਮਯੰਤੀ ਦੋਹਾਂ ਨੇ ਇਕ ਦੂਜੇ ਦੀ ਸੁਘੜਤਾ ਬਾਰੇ ਕਾਫ਼ੀ ਕੁਝ ਸੁਣਿਆ ਹੋਇਆ ਸੀ ਤੇ ਦੋਹਾਂ ਵਿਚ ਅਨਜਾਣੇ ਹੀ ਇਕ ਦੂਜੇ ਲਈ ਪ੍ਰੇਮ ਉਤਪੰਨ ਹੋ ਗਿਆ।

ਦਮਯੰਤੀ ਦੇ ਸੁਅੰਬਰ ਵੇਲੇ, ਰਾਜਾ ਭੀਮ ਨੇ ਸਭ ਰਾਜਿਆਂ ਨੂੰ ਸੱਦਾ-ਪੱਤਰ ਭੇਜੇ। ਦਮਯੰਤੀ ਨੂੰ ਦੇਵਤੇ ਵੀ ਵਿਆਹੁਣਾ ਚਾਹੁੰਦੇ ਸਨ। ਇਸ ਲਈ ਇੰਦਰ, ਅਗਨੀ, ਯਮ ਤੇ ਵਰੁਣ ਦੇਵਤੇ ਵੀ ਇਸ ਸਵੰਬਰ ਵਿਚ ਸ਼ਾਮਲ ਹੋਏ। ਜਦੋਂ ਦਮਯੰਤੀ ਨੱਲ ਦੇ ਗਲੇ ਵਿਚ ਹਾਰ ਪਾਉਣ ਲਈ ਉਠੀ ਤਾਂ ਚਾਰੋ ਦੇਵਤਿਆਂ ਨੇ ਦਮਯੰਤੀ ਨੂੰ ਧੋਖਾ ਦੇਣ ਲਈ, ਨੱਲ ਦਾ ਰੂਪ ਧਾਰਨ ਕਰ ਲਿਆ। ਦਮਯੰਤੀ ਨੇ ਦੇਵਤਿਆਂ ਅਗੇ ਪ੍ਰਾਰਥਨਾ ਕੀਤੀ ਕਿ ਉਹ ਆਪਣੇ ਅਸਲੀ ਰੂਪ ਵਿਚ ਆ ਜਾਣ ਤਾਂ ਜੋ ਉਹ ਨੱਲ ਦੇ ਗਲੇ ਵਿਚ ਮਾਲਾ ਪਾ ਸਕੇ। ਅਖੀਰ, ਦਮਯੰਤੀ ਨੇ ਨੱਲ ਦੇ ਗਲ ਵਿਚ ਮਾਲਾ ਪਾ ਦਿਤੀ। ਨੱਲ ਤੇ ਦਮਯੰਤੀ ਦਾ ਵਿਆਹ ਹੋ ਗਿਆ।

ਜਦੋਂ ਸਵੰਬਰ ਤੋਂ ਚਾਰੇ ਦੇਵਤੇ ਵਾਪਸ ਜਾ ਰਹੇ ਸਨ ਤਾਂ ਉਨ੍ਹਾਂ ਦਾ ਮੇਲ ਜੂਏ ਦੇ ਦੋ ਦੈਂਤਾਂ ਕਾਲੀ ਤੇ ਦਵਾਪਰ ਨਾਲ ਹੋਇਆ। ਇਨ੍ਹਾਂ ਦੋਹਾਂ ਨੇ ਜਦੋਂ ਸੁਣਿਆ ਕਿ ਦਮਯੰਤੀ ਨੇ ਦੇਵਤਿਆਂ ਨੂੰ ਛੱਡ ਕੇ ਨੱਲ ਨੂੰ ਚੁਣਿਆ ਹੈ ਤਾਂ ਉਨ੍ਹਾਂ ਨੇ ਨੱਲ ਤੇ ਦਮਯੰਤੀ ਤੋਂ ਬਦਲਾ ਲੈਣ ਦਾ ਨਿਸ਼ਚਾ ਕੀਤਾ।

ਵਕਤ ਲੰਘਦਾ ਗਿਆ। ਇਕ ਰਾਤ ਜਦੋਂ ਨੱਲ ਬਿਨਾਂ ਪ੍ਰਾਰਥਨਾ ਕੀਤੇ ਸੌਂ ਗਿਆ ਤਾਂ ਕਾਲੀ ਨੱਲ ਦੇ ਜਿਸਮ ਵਿਚ ਪ੍ਰਵੇਸ਼ ਕਰ ਗਿਆ ਤੇ ਦਵਾਪਰ ਨੱਲ ਦੇ ਛੋਟੇ ਭਰਾ ਵਿਚ। ਇਸ ਪਿਛੋਂ ਨੱਲ ਜੋ ਚੀਜ਼ ਵੀ ਵੇਖਦਾ, ਉਸ ਵਿਚ ਉਸ ਦੀ ਪ੍ਰਾਪਤੀ ਲਈ ਲਾਲਸਾ ਜਾਗ ਉਠਦੀ। ਤੇ

ਨੱਲ ਤੇ ਦਮਯੰਤੀ ਰਾਜ ਭਾਗ ਤਿਆਗ ਕੇ ਘਰੋਂ ਤੁਰ ਪਏ। ਜੰਗਲ ਵਿਚ ਉਹ ਦਰਖਤਾਂ ਦੇ ਪੱਤੇ ਤੇ ਜੜ੍ਹਾਂ ਖਾ ਕੇ ਗੁਜ਼ਾਰਾ ਕਰਦੇ ਤੇ ਘਾਹ ਉਤੇ ਸੌਂ ਰਹਿੰਦੇ। ਇਕ ਰਾਤ ਨੱਲ ਕਾਲਿ ਦੀ ਪ੍ਰੇਰਨਾ ਹੇਠ ਦਮਯੰਤੀ ਨੂੰ ਸੁਤੀ ਛੱਡ, ਉਸਦਾ ਅੱਧਾ ਕਪੜਾ ਲੈ ਕੇ ਉਥੋਂ ਚਲਾ ਗਿਆ। ਪਿਛੋਂ ਇਕ ਸ਼ਿਕਾਰੀ ਨੇ ਦਮਯੰਤੀ ਦਾ ਧਰਮ ਭ੍ਰਿਸ਼ਟ ਕਰਨਾ ਚਾਹਿਆ ਪਰ ਦਮਯੰਤੀ ਨੇ ਆਪਣੇ ਸੱਤ ਦੇ ਬਲ ਨਾਲ ਉਸ ਨੂੰ ਸਰਾਪ ਦਿਤਾ ਤੇ ਉਹਦੀ ਮੌਤ ਹੋ ਗਈ।

ਨੱਲ ਨੇ ਇਕ ਮਣੀ ਵਾਲੇ ਸੱਪ ਦੀ ਰਖਿਆ ਕੀਤੀ। ਸੱਪ ਨੇ ਨੱਲ ਨੂੰ ਡੱਸ ਕੇ ਉਸਦਾ ਰੰਗ ਰੂਪ ਕਾਲਾ ਤੇ ਵਿਕਰਾਲ ਬਣਾ ਦਿਤਾ। ਫਿਰ ਸੱਪ ਨੇ ਨੱਲ ਨੂੰ ਇਕ ਕਪੜਾ ਦਿਤਾ, ਜਿਸ ਦੇ ਪਹਿਨਣ ਨਾਲ ਉਹ ਮੁੜ ਪਹਿਲੀ ਸ਼ਕਲ ਵਿਚ ਆ ਸਕਦਾ ਸੀ।

ਦਮਯੰਤੀ ਆਪਣੇ ਪਿਤਾ ਭੀਮ ਕੋਲ ਆ ਕੇ ਰਹਿਣ ਲਗੀ। ਨੱਲ ਰਾਜਾ ਕੁਸਾਲਾ ਕੋਲ ਉਸ ਦਾ ਰਥਵਾਨ ਤੇ ਰਸੋਈਆ ਬਣ ਕੇ ਨੌਕਰੀ ਕਰਨ ਲਗਾ। ਤਾਂ ਦਮਯੰਤੀ ਨੂੰ ਸੰਦੇਹ ਸੀ ਕਿ ਇਹ ਨੱਲ ਹੀ ਹੋਵੇਗਾ ਕਿਉਂ ਜੋ ਰਸੋਈ ਕਰਨੀ ਤੇ ਰਥ ਚਲਾਣ ਦੇ ਦੋਹਾਂ ਗੁਣਾਂ ਵਿਚ ਨੱਲ ਹੀ ਨਿਪੁੰਨਤਾ ਰਖਦਾ ਸੀ।

ਨੱਲ ਨੂੰ ਮਿਲਣ ਲਈ ਦਮਯੰਤੀ ਨੇ ਇਕ ਹੋਰ ਸਵੰਬਰ ਰਚਿਆ। ਰਾਜਾ ਕੁਸਾਲਾ ਆਪਣੇ ਰਥਵਾਨ, ਜੋ ਨੱਲ ਸੀ, ਨਾਲ ਆਇਆ। ਨੱਲ ਰਥ ਚਲਾਣ ਵਿਚ ਮੁਹਾਰਤ ਰਖਦਾ ਸੀ ਅਤੇ ਕੁਸਾਲਾ ਜੂਏ ਵਿਚ। ਰਾਜਾ ਕੁਸਾਲਾ ਨੱਲ ਦੀ ਰਥ ਚਲਾਣ ਦੀ ਕੁਸ਼ਲਤਾ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਉਸ ਨੇ ਉਸਦਾ ਇਹ ਗੁਣ ਆਪਣੇ ਜੂਏ ਦੇ ਗੁਣ ਨਾਲ ਬਦਲ ਲਿਆ ਤੇ ਕਾਲੀ ਨੱਲ ਦਾ ਸਰੀਰ ਛੱਡ ਗਿਆ।

ਭੀਮ ਦੇ ਮਹਿਲਾਂ ਵਿਚ ਪਹੁੰਚ ਕੇ ਦਮਯੰਤੀ ਨੇ ਨੱਲ ਦੀ ਰਸੋਈ ਤੋਂ ਅਨੁਮਾਨ ਲਾ ਲਿਆ ਕਿ ਇਹ ਨੱਲ ਹੈ ਤੇ ਨੱਲ ਵੀ ਆਪਣੀ ਪਤਨੀ ਦਾ ਪ੍ਰੇਮ ਵੇਖ ਕੇ, ਸੱਪ ਵਲੋਂ ਦਿਤਾ ਕਪੜਾ ਪਹਿਨ ਕੇ ਅਸਲੀ ਰੂਪ ਵਿਚ ਆ ਗਿਆ। ਨੱਲ ਦਮਯੰਤੀ ਨੂੰ ਨਾਲ ਲੈ ਕੇ ਆਪਣੇ ਦੇਸ ਵਿਚ ਆ ਗਿਆ। ਉਸ ਨੇ ਸਾਰਾ ਰਾਜ ਭਾਗ ਮੁੜ ਭਰਾ ਤੋਂ ਜੂਏ ਵਿਚ ਜਿੱਤ ਲਿਆ।

## (ਨ-43) **ਨਲਾ ਕੱਢਣਾ** :

ਇਕ ਵਿਧੀ ਜਿਸ ਨਾਲ ਇਹ ਜਾਣਿਆ ਜਾਂਦਾ ਹੈ ਕਿ ਅਮੁਕੇ ਸ਼ਖ਼ਸ ਉਤੇ ਕਿਸ ਭੂਤ-ਪ੍ਰੇਤ ਦੀ ਛਾਇਆ ਹੈ। ਇਹ ਨਾ ਜਾਣ ਲਿਆ ਜਾਵੇ ਕਿ ਅਮੁਕੇ ਸ਼ਖ਼ਸ ਨੂੰ ਕਿਸ ਪ੍ਰੇਤ-ਆਤਮਾ ਕਾਰਨ ਦੁੱਖ-ਰੋਗ ਪਹੁੰਚਿਆ ਹੈ, ਉਦੋਂ ਤਕ ਸਹੀ ਇਲਾਜ ਨਹੀਂ ਹੋ ਸਕਦਾ। ਕਿਉਂ ਜੋ ਹਰ ਪ੍ਰੇਤ-ਆਤਮਾ ਲਈ ਵਖੋ ਵਖਰੇ ਉਪਾਅ ਹਨ। ਕੋਈ ਪ੍ਰੇਤ-ਆਤਮਾ ਅੰਨ ਤੇ ਪਸੀਜਦੀ ਹੈ, ਕੋਈ ਫਲ ਤੇ, ਅਤੇ ਕੋਈ ਦੁੱਧ ਤੇ। ਸੋ ਪੀਰ ਜਾਂ ਚੇਲਾ ਇਕ ਤਕੜੀ ਹੱਥ ਵਿਚ ਲੈ ਕੇ ਉਸਦੇ ਇਕ ਪਲੜੇ ਉਤੇ ਅੰਨ ਦੇ ਦਾਣੇ ਇਕ ਇਕ ਕਰਕੇ ਪਾਈ ਜਾਂਦਾ ਹੈ। ਅੰਨ (ਜੌਂ ਜਾਂ ਕਣਕ) ਦਾ ਦਾਣਾ ਪਾਣ ਲਗਿਆਂ ਹਰ ਵਾਰ ਇਕ ਪ੍ਰੇਤ-ਆਤਮਾ ਦਾ ਨਾਉਂ ਲਿਆ ਜਾਂਦਾ ਹੈ। ਜਿਸ ਨਾਉਂ ਉਤੇ ਪਲੜਾ ਝੁਕ ਜਾਵੇ ਉਸੇ ਪ੍ਰੇਤ-ਆਤਮਾ ਦਾ ਸਾਇਆ ਮੰਨਿਆ ਜਾਂਦਾ ਹੈ। ਦਾਣੇ ਤਕੜੀ ਵਿਚ ਪਾਉਣ ਤੋਂ ਪਹਿਲਾਂ ਰੋਗੀ ਦੇ ਸਿਰ ਤੋਂ ਵਾਰ ਲਏ ਜਾਂਦੇ ਹਨ। ਇਸ ਵਿਧੀ ਨੂੰ 'ਨਲਾ ਨਿਕਾਲਣਾ' ਕਿਹਾ ਜਾਂਦਾ ਹੈ। ਹਰਿਆਣੇ ਦੀ ਮਿਉ ਜਾਤੀ ਵਿਚ, ਇਸ ਵਿਧੀ ਦਾ ਕਦੇ ਖ਼ਾਸ ਰਿਵਾਜ ਸੀ।

## (ਨ-44) **ਨਵ-ਖੰਡ** :

ਪ੍ਰਾਚੀਨ ਕਾਲ ਵਿਚ ਵਿਦਵਾਨਾਂ ਨੇ, ਭਾਰਤ ਨੂੰ, ਨੌਂ ਖੰਡਾਂ ਵਿਚ ਵੰਡਿਆ ਹੋਇਆ ਸੀ। ਇਹ ਵੰਡ ਨੌਂ ਗ੍ਰਹਿਆਂ ਦੇ ਅਨੁਰੂਪ ਕੀਤੀ ਗਈ ਜਾਪਦੀ ਹੈ। ਮਨੁੱਖੀ ਸਰੀਰ ਵਿਚ ਵੀ ਨੌਂ ਦਵਾਰ ਅਥਵਾ ਘਰ ਹਨ, ਨੌਂ ਦੀ ਇਸ ਮਹੱਤਵਪੂਰਣ ਅੰਕ-ਰੂੜ੍ਹੀ ਦੇ ਆਧਾਰ ਉਤੇ, ਭਾਰਤ ਦੇ ਵੀ ਨੌਂ ਖੰਡ ਮਿਥੇ ਗਏ। ਇਕ ਧਾਰਨਾ ਅਨੁਸਾਰ ਭਾਰਤ ਵਿਚ ਕੰਵਲ ਫੁੱਲ ਨੂੰ ਪਵਿਤ੍ਰ ਮੰਨਿਆ ਜਾਂਦਾ ਹੈ। ਕੰਵਲ ਫੁੱਲ ਵਿਚੋਂ ਬ੍ਰਹਮਾ ਦੀ ਉਤਪਤੀ ਹੋਈ। ਕੰਵਲ ਫੁੱਲ ਦੀ ਸਾਦ੍ਰਿਸ਼ਤਾ ਉਤੇ ਹੀ ਭਾਰਤ ਦੇ ਨੌਂ ਖੰਡ ਮਿਥ ਲਏ ਗਏ। ਮੱਧ ਵਿਚ ਮੱਧਯ ਭਾਰਤ ਭੌਰੀ ਵਾਂਗ ਤੇ ਆਲੇ ਦੁਆਲੇ ਦੇ ਅੱਠ ਖੰਡ ਕੰਵਲ ਦੀ ਅੱਠ ਪੱਤੀਆਂ ਵਾਂਗ ਦਰਸਾਏ ਗਏ।

ਨੌਂ ਖੰਡ ਦੀ ਵੰਡ ਮਹਾਂਭਾਰਤ ਦੇ ਹੋਰ ਪ੍ਰਾਚੀਨ ਗ੍ਰੰਥਾਂ ਵਿਚ ਮਿਲਦੀ ਹੈ। ਕਈ ਪੁਰਾਣਾਂ ਵਿਚ ਵੀ ਨਵ-ਖੰਡਾਂ ਦੀ ਵੰਡ ਪ੍ਰਾਪਤ ਹੈ। ਪ੍ਰਸਿਧ ਤਾਰਾ-ਵਿਗਿਆਨੀ ਵਰਾਹਮੀਰ ਦੇ ਗ੍ਰੰਥਾਂ ਵਿਚ ਵੀ ਇਸ ਦਾ ਵਰਨਣ ਮਿਲਦਾ ਹੈ। ਇਸ ਵੰਡ ਅਨੁਸਾਰ ਭਾਰਤ ਦੇ ਹੇਠ ਦਿਤੇ ਨੌਂ ਖੰਡ ਹਨ।

ਭਰਤ, ਪੰਚਾਲ, ਮਗਧ, ਕਾਲਿੰਗਾ, ਅਵੰਤਾ, ਅਨਾਰਤਾ, ਸਿੰਧੂ ਸੌਵੀਰਾ, ਤਰਾਹੋਰਾ, ਮਦਰ ਤੇ ਕੁਨਿੰਦਾ।

ਵਰਾਹਮੀਰ ਦੇ ਗ੍ਰੰਥ 'ਬ੍ਰਹਤ ਸੰਹਿਤਾ' ਵਿਚ ਇਹੋ ਨਾਉਂ ਦਰਜ ਹਨ। ਭਾਰਤ ਦੇ ਕੇਂਦਰ ਵਿਚ ਪੰਜਾਲਾ

ਵਿਚ ਮਦਰ ਤੇ ਉੱਤਰ-ਪੂਰਬ ਵਿਚ ਕੁੰਨਿੰਦਾ ਮੁਖੀ ਖੰਡ ਮੰਨੇ ਗਏ ਹਨ। ਸਿੰਧੂ ਸੌਵੀਰਾ ਤੇ ਅਨਾਰਤਾ ਦੋਵੇਂ ਖੰਡ ਦੱਖਣ ਪੱਛਮ ਵਿਚ ਹਨ। ਮਾਰਕੰਡੇ ਪੁਰਾਣ ਵਿਚ ਇਹੋ ਲਿਖਿਆ ਹੋਇਆ ਹੈ, ਪਰ ਵਰਾਹਮੀਰ ਨੇ ਸਿੰਧੂ ਸੌਵੀਰਾ ਨੂੰ ਪੱਛਮ ਵਿਚ ਦਸਿਆ ਹੈ। ਨਵ ਖੰਡਾਂ ਦਾ ਜੋ ਵਿਸਥਾਰ ਵਰਾਹਮੀਰ ਦੇ ਉਪਰੋਕਤ ਗ੍ਰੰਥ ਵਿਚ ਸਥਿਤ ਹੈ, ਲਗਪਗ ਉਸ ਨਾਲ ਮਿਲਦਾ ਜੁਲਦਾ ਵਿਸਥਾਰ ਮਾਰਕੰਡੇ, ਵਿਸ਼ਨੂੰ, ਵਾਯੂ ਤੇ ਮਤੱਸਯ ਪੁਰਾਣਾਂ ਵਿਚ ਹੈ।

ਮਹਾਂਭਾਰਤ ਵਿਚ ਨਵ ਖੰਡਾਂ ਦੇ ਜੋ ਨਾਉਂ ਦਿਤੇ ਹੋਏ ਹਨ, ਉਹ ਵਰਾਹਮੀਰ ਨਾਲੋਂ ਬਿਲਕੁਲ ਵਖਰੇ ਹਨ, ਪਰ ਉਹ ਪ੍ਰਸਿਧ ਜੋਤਿਸ਼ ਵਿਗਿਆਨੀ ਭਾਸਕਰਾਚਾਰੀਆ ਦੇ ਗ੍ਰੰਥ ਸਿਧਾਂਤ ਸ਼ਿਰੋਮਣੀ ਵਿਚ ਦਿਤੇ ਨਾਵਾਂ ਨਾਲ ਮੇਲ ਖਾਂਦੇ ਹਨ, ਤਰਤੀਬ ਵੀ ਇਕੋ ਹੈ।

ਇੰਦਰ, ਕਸੇਰੁਮਤ, ਤਾਮਰਪਰਨ, ਗਭਸਤੀਮਤ, ਕੁਮਾਰਿਕਾ, ਨਾਗਾ, ਸੌਮਿਆ, ਵਰਨ, ਗੰਧਰਵ।

ਗੁਰਬਾਣੀ ਵਿਚ ਨੌਂ ਖੰਡਾਂ ਦਾ ਜ਼ਿਕਰ ਅਨੇਕ ਥਾਈਂ ਮਿਲਦਾ ਹੈ:

ਨਉ ਖੰਡ ਜੀਤੇ ਸਭਿ ਥਾਨ ਥਨੰਤਰ (ਆਸਾ ਮਹਲਾ ੫)
ਨਵਾ ਖੰਡਾ ਵਿਚਿ ਜਾਣੀਐ
ਨਾਲਿ ਚਲੈ ਸਭੁ ਕੋਇ (ਜਪੁ)

ਗੁਰਬਾਣੀ ਵਿਚ ਨਵ-ਖੰਡ ਵਧੇਰੇ ਕਰ ਕੇ ਸਭ ਸ੍ਰਿਸ਼ਟੀ ਦੇ ਅਰਥਾਂ ਵਿਚ ਵਰਤਿਆ ਗਿਆ ਹੈ ਨਾ ਕਿ ਭਾਰਤ ਦੇ ਨੌਂ ਖੰਡਾਂ ਦੇ ਅਰਥਾਂ ਵਿਚ। ਭਾਈ ਕਾਹਨ ਸਿੰਘ ਨੇ ਨੌਂ ਖੰਡਾਂ ਦੇ ਜੋ ਨਾਉਂ ਦਿਤੇ ਹਨ, ਉਹ ਉਪਰੋਕਤ ਨਾਵਾਂ ਨਾਲੋਂ ਵਖਰੇ ਹਨ:

ਭਰਤ, ਇਲਾਵ੍ਰਿਤ, ਕਿੰਪੁਰੁਸ਼, ਭਦ੍ਰ, ਕੇ ਤੁਮਾਲ, ਹਰਿ, ਹਿਰਣਯ, ਰਮਯ ਅਤੇ ਕੁਸ਼।

ਇਹੋ ਨਾਉਂ ਸੰਖਿਆ ਕੋਸ਼ ਵਿਚ ਕੁਝ ਬਦਲੀ ਹੋਈ ਤਰਤੀਬ ਵਿਚ ਮਿਲਦੇ ਹਨ।

## (ਨ-45) ਨਵਾਂ ਅੰਨ :

ਜਦੋਂ ਫਸਲ ਪੱਕ ਕੇ ਤਿਆਰ ਹੋ ਜਾਂਦੀ ਹੈ ਤਾਂ ਕਿਸੇ ਸ਼ੁਭ ਵਾਰ ਤੇ ਘੜੀ ਅੰਨ ਦਾ ਇਕ ਪੂਲਾ ਸ਼ਗਨਾਂ ਨਾਲ ਕਟਿਆ ਜਾਂਦਾ ਹੈ। ਕਈ ਪਹਿਲਾਂ ਉਸ ਪੌਦੇ ਉਤੇ ਸੰਧੂਰ ਧੂੜ ਲੈਂਦੇ ਹਨ। ਫਿਰ ਪੂਲਾ ਘਰ ਲਿਆ ਕੇ ਸਿਟਿਆਂ ਵਿਚੋਂ, ਖ਼ੁਦ ਦਾਣੇ ਕਢਦੇ ਹਨ ਅਤੇ ਦੁੱਧ ਖੰਡ ਰਲਾ ਕੇ

## (ਨ-46) ਨਵਾਂ ਸਾਲ :

ਪੰਜਾਬ ਵਿਚ ਹਿੰਦੂਆਂ ਦਾ ਨਵਾਂ ਸਾਲ ਚੇਤਰ ਸੁਦੀ ਪਹਿਲੀ ਨੂੰ ਸ਼ੁਰੂ ਹੁੰਦਾ ਹੈ। ਇਸੇ ਦਿਨ ਦੇਵੀ ਦਾ ਪਹਿਲਾ ਨੌਰਾਤਾ ਪੈਂਦਾ ਹੈ। ਬ੍ਰਹਮ ਪੁਰਾਣ ਅਨੁਸਾਰ ਬ੍ਰਹਮਾ ਨੇ ਚੇਤਰ ਸੁਦੀ ਪਹਿਲੀ ਨੂੰ ਹੀ ਸ੍ਰਿਸ਼ਟੀ ਦੀ ਰਚਨਾ ਆਰੰਭ ਕੀਤੀ।

ਪ੍ਰਾਚੀਨ ਕਾਲ ਤੋਂ ਹੀ ਕਾਲ ਦਾ ਹਿਸਾਬ ਚੇਤਰ ਸੁਦੀ ਏਕਮ ਤੋਂ ਕੀਤਾ ਜਾਂਦਾ ਰਿਹਾ ਹੈ ਅਤੇ ਰੁੱਤਾਂ ਮਹੀਨਿਆਂ ਤੇ ਗ੍ਰਹਿਆਂ ਦੀ ਸਥਿਤੀ ਤੇ ਯੋਗ ਦਾ ਸਾਰਾ ਲੇਖਾ ਜੋਖਾ ਇਸੇ ਤਿੱਥ ਤੋਂ ਕੀਤਾ ਜਾਂਦਾ ਹੈ। ਜਿਸ ਵਾਰ ਤੋਂ ਨਵਾਂ ਸਾਲ ਆਰੰਭ ਹੁੰਦਾ ਹੈ, ਉਸ ਵਾਰ ਗ੍ਰਹਿ ਦਾ ਸਾਰੇ ਵਰਸ਼ ਉਤੇ ਅਧਿਕਾਰ ਮੰਨਿਆ ਜਾਂਦਾ ਹੈ। ਜਿਵੇਂ ਚੇਤਰ ਸੁਦੀ ਏਕਮ ਜੇ ਮੰਗਲਵਾਰ ਨੂੰ ਪਏ ਤਾਂ ਸਾਰੇ ਵਰਸ਼ ਉਤੇ ਮੰਗਲ ਦੇਵਤੇ ਦਾ ਵਸੀਕਾਰ ਰਹੇਗਾ।

ਇਸ ਤਿੱਥ ਤੋਂ ਨੌਰਾਤੇ ਸ਼ੁਰੂ ਹੋਣ ਕਰਕੇ, ਕਈ ਹਿੰਦੂ ਦੇਵੀ ਦਾ ਵਰਤ ਰਖਦੇ ਹਨ ਤੇ ਆਦਿ ਸ਼ਕਤੀ ਦੁਰਗਾ ਦੇਵੀ ਦੀ ਪੂਜਾ ਕਰਦੇ ਹਨ। ਕਈ ਹਿੰਦੂ ਇਸ ਦਿਨ ਕੁੱਲ ਦੇਵਤਾ, ਗਰਾਮ ਦੇਵਤਾ ਤੇ ਹੋਰ ਦੇਵਤਿਆਂ ਦੀ ਪੂਜਾ ਕਰਦੇ ਹਨ। ਇਸ ਦਿਨ ਦਿਤੇ ਦਾਨ ਦਾ ਖ਼ਾਸ ਮਹਾਤਮ ਹੈ। ਇਸ ਦਿਨ ਮਿੱਟੀ ਦਾ ਘੜਾ ਜਾਂ ਸੁਰਾਹੀ ਦਾਨ ਕਰਨ ਨਾਲ, ਅਗਲੇ ਲੋਕ ਵਿਚ ਪ੍ਰਾਣੀ ਨੂੰ ਜਲ ਪ੍ਰਾਪਤ ਹੁੰਦਾ ਹੈ।

ਨਵੇਂ ਸੰਮਤ ਨੂੰ ਮਨਾਣ ਦੀ ਪਰੰਪਰਾ ਅਥਰਵੇਦ, ਸ਼ਤਪ੍ਰਥ ਬ੍ਰਾਹਮਣ ਤੇ ਕਈ ਹੋਰ ਪੁਰਾਣਾਂ ਵਿਚ ਮਿਲਦੀ ਹੈ। ਧਾਰਨਾ ਹੈ ਕਿ ਇਸ ਤਿੱਥ ਨੂੰ ਸ੍ਰੀ ਰਾਮ ਚੰਦਰ ਨੇ ਦੱਖਣੀ ਭਾਰਤ ਨੂੰ ਬਾਲੀ ਦੇ ਅਤਿਆਚਾਰਾਂ ਤੋਂ ਮੁਕਤ ਕਰਵਾਇਆ ਸੀ।

ਸਿੱਖਾਂ ਵਿਚ ਨਵਾਂ ਸਾਲ ਪਹਿਲੀ ਵਿਸਾਖ ਨੂੰ ਸ਼ੁਰੂ ਹੁੰਦਾ ਹੈ।

## (ਨ-47) ਨਵਾਂ ਖੂਹ :

ਨਵਾਂ ਖੂਹ ਪੁਟਣ ਲਗਿਆਂ, ਹਿੰਦੂ, ਪ੍ਰੋਹਿਤ ਨੂੰ ਸੱਦ ਕੇ ਪਹਿਲਾਂ ਕੁੰਭ ਪੂਜਦੇ ਹਨ। ਜਿਸ ਥਾਂ ਖੂਹ ਪੁਟਣਾ ਹੋਵੇ, ਉਥੇ ਪਹਿਲਾਂ ਜਲ ਦਾ ਛੱਟਾ ਦੇ ਕੇ, ਗੁੜ ਦੀ ਭੇਲੀ ਤੇ ਕੁੰਭ ਪੂਰ ਕੇ ਰਖ ਦਿਤਾ ਜਾਂਦਾ ਹੈ। ਫਿਰ ਕਿਸੇ ਬਜ਼ੁਰਗ ਤੋਂ ਕਹੀ ਨਾਲ ਥਾਂ ਪੁਟਾਈ ਜਾਂਦੀ ਹੈ, ਇਸ ਨੂੰ 'ਟੱਕ

ਨਵਾਂ ਖੂਹ ਖੋਦਣ ਵੇਲੇ ਕਈ ਹਿੰਦੂ ਖ਼ਵਾਜਾ ਖਿਜਰ ਦੀ ਪੂਜਾ ਕਰਦੇ ਤੇ ਮਿੱਟੀ ਦਾ ਇਕ ਢੇਲਾ ਰਾਖਵਾਂ ਰਖ ਕੇ, ਇਸ ਉਤੇ ਰੋਜ਼ ਦੀਵਾ ਬਾਲਦੇ ਹਨ । ਇਸ ਢੇਲੇ ਨੂੰ ਸਭ ਤੋਂ ਅਖੀਰ ਵਿਚ ਪੁਟਿਆ ਜਾਂਦਾ ਹੈ ।

ਨਵੇਂ ਖੂਹ ਲਈ ਧਰਤੀ, ਉਨ੍ਹਾਂ ਦਿਨਾਂ ਵਿਚ ਨਹੀਂ ਪੁੱਟੀ ਜਾਂਦੀ, ਜਦੋਂ ਧਰਤੀ ਸੌਂ ਰਹੀ ਹੋਵੇ । ਲੋਕ ਨਿਸਚੇ ਅਨੁਸਾਰ ਮਹੀਨੇ ਵਿਚ ਕੁਝ ਦਿਨ ਧਰਤੀ ਸੌਂਦੀ ਹੈ ਤੇ ਇਨ੍ਹਾਂ ਦਿਨਾਂ ਵਿਚ ਖੂਹ ਦੀ ਖੁਦਾਈ ਸ਼ੁਰੂ ਕਰਨ ਨਾਲ ਧਰਤੀ ਵਿਚੋਂ ਜਾਂ ਤਾਂ ਪਾਣੀ ਨਿਕਲਦਾ ਹੀ ਨਹੀਂ ਜਾਂ ਖਾਰਾ ਨਿਕਲਦਾ ਹੈ ।

ਖੂਹ ਵਿਚੋਂ ਨਿਕਲੇ, ਪਹਿਲੇ ਪਾਣੀ ਨੂੰ, ਬੜਾ ਪਵਿਤ੍ਰ ਤੇ ਸ਼ੁਭ ਮੰਨਿਆ ਜਾਂਦਾ ਹੈ । ਇਹ ਪਾਣੀ ਜੇ ਬਾਂਝ ਇਸਤ੍ਰੀ ਪੀਵੇ ਤਾਂ ਉਸ ਦੇ ਘਰ ਸੰਤਾਨ ਖੇਡਣ ਲਗਦੀ ਹੈ । ਇਸ ਪਾਣੀ ਨੂੰ ਅੰਮ੍ਰਿਤ ਵਾਂਗ ਸੰਭਾਲ ਕੇ ਰਖਿਆ ਜਾਂਦਾ ਹੈ । ਕਈ ਲੋਕ ਇਹ ਜਲ ਬੋਤਲਾਂ ਵਿਚ ਪਾ ਕੇ ਰਖ ਲੈਂਦੇ ਹਨ । ਕਈ ਇਸ ਜਲ ਨੂੰ 'ਕੰਵਾਰਾ ਜਲ' ਕਹਿੰਦੇ ਹਨ ।

ਖੂਹ ਵਿਚ ਚੱਕ ਸੁਟਣ ਲਗਿਆਂ, ਉਸ ਨਾਲ ਨਾਰੀਅਲ, ਕੌਡੀਆਂ ਤੇ ਮੌਲੀ ਦੇ ਧਾਗੇ ਬੰਨ੍ਹੇ ਜਾਂਦੇ ਹਨ । ਚੱਕ ਉਤੇ ਪਹਿਲਾਂ ਸੰਧੂਰ ਧੂੜਿਆ ਜਾਂਦਾ ਤੇ ਜੋਤ ਜਗਾਈ ਜਾਂਦੀ ਹੈ । ਚੱਕ ਨੂੰ ਖੂਹ ਵਿਚ ਟਿਕਾਣ ਸਮੇਂ ਲੱਡੂ/ਗੁੜ ਵੰਡਿਆ ਜਾਂਦਾ ਹੈ ।

ਪਹਿਲਿਆਂ ਵਿਚ ਨਵਾਂ ਖੂਹ ਖੁਦਣ ਤੋਂ ਪਹਿਲਾਂ, ਖੂਹ ਦੇ ਵਿਆਹ ਦੀ ਰਸਮ ਵੀ ਕੀਤੀ ਜਾਂਦੀ ਸੀ । ਖੂਹ ਦੀ ਮੂਰਤੀ ਬਣਾ ਕੇ ਉਸ ਦਾ ਇੰਦਰ ਜਾਂ ਖ਼ਵਾਜਾ ਖਿਜਰ ਨਾਲ ਵਿਆਹ ਰਚਾਇਆ ਜਾਂਦਾ । ਇਹ ਇਕ ਤਰ੍ਹਾਂ ਦੀ ਉਤਪਾਦਨ ਵਧਾਣ ਦੀ ਰੀਤ ਸੀ, ਮਨੋਰਥ ਇਹ ਕਿ ਖੂਹ ਵਿਚ ਪਾਣੀ ਕਦੇ ਨਾ ਨਿਖੁਟੇ ।

ਪਹਿਲਿਆਂ ਵਿਚ ਖੂਹ ਖੁਦਣ ਵੇਲੇ ਬਲੀ ਦੇਣ ਦਾ ਵੀ ਰਿਵਾਜ ਸੀ । ਚੰਬੇ ਦੇ ਰਾਜੇ ਨੇ ਖੂਹ ਖੁਦਵਾਣ ਲਗਿਆਂ ਚੰਬੇ ਦੀ ਰਾਣੀ ਦੀ ਬਲੀ ਦਿਤੀ ਸੀ, ਜਿਸ ਦਾ ਜ਼ਿਕਰ ਲੋਕ-ਗੀਤਾਂ ਵਿਚ ਆਉਂਦਾ ਹੈ ।

(ਨ-48) **ਨਵਾਂ ਚੰਨ :**

ਨਵੇਂ ਚੰਨ ਨਾਲ ਕਈ ਤਰ੍ਹਾਂ ਦੇ ਵਿਚਾਰ ਤੇ ਮਨੌਤਾਂ ਜੁੜੀਆਂ ਹੋਈਆਂ ਹਨ । ਨਵਾਂ ਚੰਨ ਹਰ ਚੰਦਰਮਾਸ ਦਾ ਮੁੱਢ ਹੈ । ਜੇ ਨਵੇਂ ਚੰਨ ਨੂੰ ਹੱਸਦਿਆਂ ਖੇਡਦਿਆਂ ਵੇਖਿਆ ਜਾਵੇ ਤਾਂ ਸਾਰਾ ਮਹੀਨਾ ਸੌਖਾ ਗੁਜ਼ਰਦਾ ਹੈ, ਪਰ ਜੇ

ਕਰਦੇ ਹੋਏ ਕਹਿੰਦੇ ਹਨ :

ਚੰਨਾ ਭਾਗੀਂ ਭਰਿਆ
ਸੁਖ ਦਾ ਚੜ੍ਹੀਂ
ਅਨੰਦ ਦਾ ਚੜ੍ਹੀਂ
ਸੁਖ ਵਰਤਾਈਂ
ਤੇ ਅੰਦਰ ਬਾਹਰ ਭਰੀਂ ।

ਨਵਾਂ ਚੰਨ ਚੜ੍ਹਿਆ ਵੇਖ ਕੇ, ਛੋਟੇ ਵਡਿਆਂ ਨੂੰ 'ਰਾਮ ਰਾਮ' ਕਰਦੇ ਤੇ ਇਕ ਦੂਜੇ ਨੂੰ ਵਧਾਈ ਦੇਂਦੇ ਹਨ । ਨੂੰਹਾਂ ਸੱਸਾਂ-ਸਹੁਰਿਆਂ ਨੂੰ ਮੱਥਾ ਟੇਕਦੀਆਂ ਹਨ । ਨਵੀਂ ਵਿਆਹੀ ਵਰੀ ਕੁੜੀ, ਜਦੋਂ ਸਹੁਰੇ ਘਰ ਪਹਿਲੀ ਵਾਰ ਨਵਾਂ ਚੰਨ ਵੇਖਦੀ ਹੈ ਤਾਂ ਸੱਸ ਸਹੁਰਾ ਉਸ ਨੂੰ ਸੁਗਾਤਾਂ ਦੇਂਦੇ ਤੇ ਝੋਲੀ ਭਰਦੇ ਹਨ । ਧਾਰਨਾ ਹੈ ਕਿ ਜੇ ਕੋਈ ਨਵੀਂ ਵਿਆਹੀ ਵਹੁਟੀ ਗਿਆਰਾਂ ਮਹੀਨੇ ਲਗਾਤਾਰ ਨਵਾਂ ਚੰਨ ਵੇਖ ਕੇ ਪੂਜੇ ਤਾਂ ਉਸ ਦੇ ਘਰ ਚੰਨ ਵਰਗਾ ਲੜਕਾ ਜੰਮਦਾ ਹੈ ।

ਕਈ ਹਿੰਦੂ, ਨਵੇਂ ਚੰਨ ਨੂੰ ਵੇਖਦਿਆਂ ਸਾਰ, ਆਪਣੀ ਪੱਗੜੀ ਦੇ ਲੜ ਵਿਚੋਂ ਸੱਤ ਤੰਦਾਂ ਕਢ ਕੇ, ਚੰਨ ਨੂੰ ਭੇਟ ਕਰਦੇ ਹਨ ਭਾਵ ਉਸ ਵਲ ਸੁਟਦੇ ਹਨ । ਕਈ ਮੁਸਲਮਾਨਾਂ ਵਿਚ ਵੀ ਇਹ ਰੀਤ ਪ੍ਰਚਲਤ ਹੈ, ਪਰ ਉਹ ਧਾਗੇ ਸੱਜੇ ਪਾਸੇ ਵਲ ਸੁਟਦੇ ਹਨ । ਕਈ ਮੁਸਲਮਾਨ ਚੰਨ ਨੂੰ ਵੇਖ ਕੇ ਕੋਈ ਸਿੱਕਾ ਅਸਮਾਨ ਵਲ ਸੁਟਦੇ ਹਨ ।

ਨਵਾਂ ਚੰਨ ਹਮੇਸ਼ਾ ਦੂਜ ਜਾਂ ਤੀਜ ਨੂੰ ਵੇਖਣਾ ਚਾਹੀਦਾ ਹੈ । ਏਕਮ ਦਾ ਤਾਂ ਵਿਖਾਈ ਹੀ ਨਹੀਂ ਦੇਂਦਾ । ਚੌਥ ਦਾ ਚੰਨ ਵੇਖਣਾ ਅਸ਼ੁਭ ਮੰਨਿਆ ਜਾਂਦਾ ਹੈ, ਖ਼ਾਸ ਤੌਰ ਤੇ ਭਾਦਰੋਂ ਦੇ ਮਹੀਨੇ ਦੀ ਸੁਦੀ ਚੌਥ ਦਾ, ਜਿਸ ਨੂੰ 'ਪੱਥਰ ਚੌਥ', 'ਢੇਲਾ ਚੌਥ' ਜਾਂ 'ਗਣੇਸ਼ ਚੌਥ' ਆਦਿ ਕਹਿੰਦੇ ਹਨ । ਇਸ ਤਿੱਥ ਨੂੰ ਨਵਾਂ ਚੰਨ ਵੇਖਣ ਨਾਲ ਕੋਈ ਸੰਕਟ ਪੈਂਦਾ ਜਾਂ ਝੂਠੀ ਬਦਨਾਮੀ ਮੱਥੇ ਲਗਦੀ ਹੈ । ਕ੍ਰਿਸ਼ਨ ਨੇ ਵੀ ਭਾਦਰੋਂ ਦਾ ਨਵਾਂ ਚੰਨ ਚੌਥ ਨੂੰ ਵੇਖਿਆ ਸੀ ਤੇ ਉਸਦੇ ਮੱਥੇ ਸਯਾਮੰਤਕ ਮਣੀ ਚੁਰਾਣ ਦਾ ਝੂਠਾ ਦੋਸ਼ ਲੱਗਾ ਸੀ (ਵੇਖੋ : ਸਯਾਮੰਤਕ) । ਜੇ ਚੌਥ ਨੂੰ ਗ਼ਲਤੀ ਨਾਲ ਨਵਾਂ ਚੰਨ ਵੇਖ ਲਿਆ ਜਾਵੇ ਤਾਂ ਵੇਖਣ ਵਾਲੇ ਨੂੰ ਚਾਹੀਦਾ ਹੈ ਕਿ ਉਹ ਗੁਆਂਢੀਆਂ ਦੇ ਘਰ ਪੱਥਰ ਸੁਟ ਕੇ ਉਨ੍ਹਾਂ ਤੋਂ ਗਾਲ੍ਹਾਂ ਖਾਵੇ । ਜੇ ਉਹ ਗਾਲ੍ਹੀਆਂ ਦੇਣ ਤਾਂ ਚੌਥ ਦੀ ਅਪਸ਼ਗਨਤਾ ਉਨ੍ਹਾਂ ਨੂੰ ਸੰਕਟ ਵਿਚ ਪਾਵੇਗੀ ।

(ਨ-49) **ਨਵਾਫਲ :**

(ਨ-50) **ਨਵਾਂ ਭਾਂਡਾ** :

ਘਰ ਵਿਚ ਨਵਾਂ ਭਾਂਡਾ ਖਰੀਦ ਕੇ ਲਿਆਇਆ ਜਾਵੇ, ਤਾਂ ਵਰਤਣ ਤੋਂ ਪਹਿਲਾ ਘੋੜੇ ਨੂੰ ਸੁੰਘਾ ਲਿਆ ਜਾਂਦਾ ਹੈ, ਇਸ ਤਰ੍ਹਾਂ ਭਾਂਡੇ ਦੀ ਬਰਕਤ ਵਧਦੀ ਹੈ।

(ਨ-51) **ਨ੍ਹਾਈ ਧੋਈ** :

ਫੇਰਿਆਂ ਤੋਂ ਪਹਿਲਾਂ, ਵਿਆਹੇ ਜਾਣ ਵਾਲੇ ਮੁੰਡੇ ਤੇ ਕੁੜੀ ਨੂੰ, ਇਸ਼ਨਾਨ ਕਰਵਾਣਾ ਜ਼ਰੂਰੀ ਸਮਝਿਆ ਜਾਂਦਾ ਹੈ। ਇਹ ਇਸ਼ਨਾਨ, ਜਿਸ ਨੂੰ ਕਈ ਥਾਈਂ 'ਨ੍ਹਾਈ ਧੋਈ' ਕਹਿੰਦੇ ਹਨ, ਰਸਮੀ ਢੰਗ ਨਾਲ ਕੀਤਾ ਜਾਂਦਾ ਹੈ। ਵਿਆਂਹਦੜ ਮੁੰਡੇ/ਕੁੜੀ ਨੂੰ ਆਪੋ ਆਪਣੇ ਘਰ, ਚੌਂਕੀ ਉਤੇ ਬਿਠਾ ਕੇ, ਸਗਣਾਂ ਨਾਲ ਲਿਆਂਦੇ ਪਾਣੀ ਨਾਲ, ਇਸ਼ਨਾਨ ਕਰਵਾਇਆ ਜਾਂਦਾ ਹੈ। ਇਸ਼ਨਾਨ ਲਈ, ਪਾਣੀ ਲਿਆਉਣ ਲਈ, ਘੜੋਲੀ ਭਰਨ ਦੀ ਰੀਤ ਕੀਤੀ ਜਾਂਦੀ ਹੈ। ਮੁੰਡੇ ਕੁੜੀ ਨੂੰ ਇਸ ਪਾਣੀ ਵਿਚ, ਹੋਰ ਪਾਣੀ ਮਿਲਾ ਕੇ, ਤੇ ਵੱਟਣਾ ਮਲ ਕੇ ਇਸ਼ਨਾਨ ਕਰਵਾਇਆ ਜਾਂਦਾ ਹੈ। ਇਸ਼ਨਾਨ ਮਗਰੋਂ ਵਿਆਂਹਦੜ ਕੁੜੀ ਨੂੰ ਮਾਮਾ ਚੂੜਾ ਪਹਿਨਾਂਦਾ ਹੈ।

(ਨ-52) **ਨਾਈਪਾਲ** :

ਜੱਟਾਂ ਦਾ ਇਕ ਕਬੀਲਾ; ਪਰ ਕਈ ਨਾਈਪਾਲ ਆਪਣੇ ਆਪ ਨੂੰ ਜੱਟਾਂ ਦੀ ਥਾਂ ਰਾਜਪੂਤ ਦਸਦੇ ਹਨ। ਇਕ ਰਵਾਇਤ ਅਨੁਸਾਰ ਇਨ੍ਹਾਂ ਦਾ ਵਡਿਕਾ ਨਾਈਪਾਲ ਭੱਟੀ ਕਬੀਲੇ ਵਿਚੋਂ ਸੀ। 'ਫ਼ਿਰੋਜ਼ਪੁਰ ਗਜ਼ਟੀਅਰ' ਅਨੁਸਾਰ ਨਾਈਪਾਲ ਸਿਰਸਾ ਤੋਂ ਪਾਕਪਟਨ ਜਾ ਵਸੇ। ਉਥੋਂ ਕਸੂਰ ਵਲ ਨਿਕਲ ਗਏ ਅਤੇ ਮਗਰੋਂ ਅਦੀਨਾ ਬੇਗ ਦੀ ਮਦਦ ਨਾਲ ਫ਼ਿਰੋਜ਼ਪੁਰ ਵਿਚ ਆ ਵਸੇ। 'ਗਲਾਸਰੀ' ਅਨੁਸਾਰ ਅਠਾਰਵੀਂ ਸਦੀ ਦੇ ਮੱਧ ਵਿਚ ਨਾਈਪਾਲ ਮਾਖੂ ਦੇ ਇਲਾਕੇ ਵਿਚ ਆ ਵਸੇ, ਜੋ ਉਦੋਂ ਬਿਲਕੁਲ ਬੰਜਰ ਸੀ। ਇਸ ਇਲਾਕੇ ਦਾ ਨਾਂ ਇਕ ਮੁਸਲਮਾਨ ਫ਼ਕੀਰ ਨੇ, ਜੋ ਉਥੇ ਰਹਿੰਦਾ ਸੀ 'ਮੱਕਾ' ਰਖਿਆ, ਜੋ ਮਗਰੋਂ ਵਿਗੜ ਕੇ ਮਾਖੂ ਪੈ ਗਿਆ।

ਨਾਈਪਾਲ ਫ਼ਿਰੋਜ਼ਪੁਰ ਦੇ ਜ਼ਿਲੇ ਵਿਚ ਆਬਾਦ ਹੋਣ ਤਕ ਪਹਿਲਾਂ ਹਿੰਦੂ ਹੀ ਸਨ, ਪਰ ਮਗਰੋਂ ਮੁਸਲਮਾਨ ਹੋ ਗਏ। ਇਨ੍ਹਾਂ ਵਿਚ ਆਪਣੀ ਹੀ ਗੋਤ ਵਿਚ ਵਿਆਹ ਕਰਨ 'ਤੇ ਕੋਈ ਬੰਦਸ਼ ਨਹੀਂ। ਇਨ੍ਹਾਂ ਵਿਚ ਕਰੇਵੇ ਤੇ ਗੌਤ-ਕਨਾਲ

(ਨ-53) **ਨਾਸਾਂ** :

ਨਾਸਾਂ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਕਦੇ ਲੋਕਾਂ ਦਾ ਵਿਸ਼ਵਾਸ਼ ਸੀ ਕਿ ਜਿੰਦ ਨਾਸਾਂ ਦੁਆਰਾ ਬਾਹਰ ਨਿਕਲਦੀ ਹੈ। ਇਸ ਲਈ ਜਦੋਂ ਕੋਈ ਪ੍ਰਾਣੀ ਬੀਮਾਰ ਹੁੰਦਾ ਤਾਂ ਉਸਦੇ ਨਥਨੇ ਵਿਚ ਮੋਰੀ ਕਰਕੇ ਧਾਗਾ ਜਾਂ ਤਾਰ ਬੰਨ੍ਹ ਦਿਤੀ ਜਾਂਦੀ, ਇਸ ਤਰ੍ਹਾਂ ਨਿਸਚਾ ਸੀ ਕਿ ਜਿੰਦ ਨੂੰ ਕੋਈ ਖ਼ਤਰਾ ਨਹੀਂ ਰਹਿੰਦਾ। ਧਾਗੇ ਨੇ ਮਗਰੋਂ ਲੌਂਗ ਦਾ ਰੂਪ ਧਾਰਨ ਕਰ ਲਿਆ।

ਨਾਸ ਵਿਚ ਮੋਰੀ ਕਰਨ ਨਾਲ ਨਿਸਚਾ ਹੈ ਕਿ ਚੰਦਰੀ ਰੂਹ ਨੇੜੇ ਨਹੀਂ ਢੁਕਦੀ। ਇਕ ਵਿਚਾਰ ਅਨੁਸਾਰ ਚੰਦਰੀ ਰੂਹ ਮੂੰਹ ਦੁਆਰਾ ਸਰੀਰ ਵਿਚ ਦਾਖ਼ਲ ਹੁੰਦੀ ਹੈ। ਖ਼ਾਸ ਤੌਰ ਤੇ ਉਦੋਂ ਜਦੋਂ ਆਦਮੀ ਉਬਾਸੀ ਲੈਂਦਾ ਹੈ ਤੇ ਨਾਸ ਦੁਆਰਾ ਬਾਹਰ ਨਿਕਲਦੀ ਹੈ। ਇਸ ਲਈ ਜਦੋਂ ਕਿਸੇ ਸ਼ਖ਼ਸ ਨੂੰ ਪਕੜ/ਸਾਇਆ ਹੋ ਜਾਵੇ ਤਾਂ ਚੇਲੇ ਉਸ ਦੀਆਂ ਨਾਸਾਂ ਵਿਚ ਧੂੰ ਦੇਂਦੇ ਹਨ ਤਾਂ ਜੋ ਪ੍ਰੇਤ ਰੂਹ ਬਾਹਰ ਨਿਕਲ ਜਾਵੇ।

ਨਾਸ ਮਾਰਨਾ ਅਸ਼ੁਭ ਸਮਝਿਆ ਜਾਂਦਾ ਹੈ। ਨਾਸ ਮਾਰਨ ਵਾਲੇ ਦੇ ਘਰ ਰਿਜ਼ਕ ਦਾ ਘਾਟਾ ਹੁੰਦਾ ਹੈ।

(ਨ-54) **ਨਾਹਰ** :

1. ਜੱਟਾਂ ਦਾ ਇਕ ਕਬੀਲਾ, ਜੋ ਆਮ ਤੌਰ ਤੇ ਵਾਹੀ ਖੇਤੀ ਕਰਦਾ ਹੈ। ਇਸ ਕਬੀਲੇ ਦੇ ਲੋਕ ਝੰਗ ਤੇ ਮੁਲਤਾਨ ਦੇ ਇਲਾਕੇ ਵਿਚ ਆਮ ਮਿਲਦੇ ਹਨ। ਹੀਰ ਦਮੋਦਰ ਅਨੁਸਾਰ ਜਦੋਂ ਰਾਂਝਾ ਜੋਗੀ ਦੇ ਭੇਸ ਵਿਚ ਹੀਰ ਨੂੰ ਕੱਢ ਕੇ ਲੈ ਗਿਆ ਤਾਂ ਖੇੜਿਆਂ ਦੀ ਵਾਹਰ ਨੇ ਉਨ੍ਹਾਂ ਦਾ ਪਿੱਛਾ ਕੀਤਾ। ਉਦੋਂ ਹੀਰ ਤੇ ਰਾਂਝੇ ਨੇ ਨਾਹਰਾਂ ਦੀ ਸਰਨ ਲਈ, ਜੋ ਆਪਣੀਆਂ ਪੈਲੀਆਂ ਵਿਚ, ਮਾਂਹ ਵੱਢ ਰਹੇ ਸਨ। ਨਾਹਰਾਂ ਨੇ ਹੀਰ ਤੇ ਰਾਂਝੇ ਨੂੰ, ਘੋੜਿਆਂ ਉਤੇ ਚਾੜ੍ਹ ਕੇ, ਆਪਣੇ ਪਿੰਡ ਭੇਜ ਦਿਤਾ। ਇਸ 'ਤੇ ਨਾਹਰਾਂ ਤੇ ਖੇੜਿਆਂ ਦੀ ਲੜਾਈ ਹੋਈ। ਦੋਹਾਂ ਧਿਰਾਂ ਦੇ ਕੁਝ ਆਦਮੀ ਮਾਰੇ ਵੀ ਗਏ। ਰਜੋਏ ਸ਼ਰੀਫ਼ ਦੇ ਸੱਯਦ ਪੀਰ ਨੇ ਵਿਚ ਪੈ ਕੇ ਦੋਹਾਂ ਦਾ ਸਮਝੌਤਾ ਕਰਵਾਇਆ ਤੇ ਉਹ ਕੋਟ ਕਪੂਰੇ ਦੇ ਕਾਜ਼ੀ ਕੋਲ ਫ਼ੈਸਲੇ ਲਈ ਚਲੇ ਗਏ।

2. ਲੋਧੀ ਪਠਾਣਾਂ ਦੀ ਇਕ ਜਾਤੀ, ਜੋ ਬੜੀ ਜਾਬਰ ਤੇ ਹਿੰਸਕ ਹੋਣ ਕਰਕੇ, ਨਾਹਰ ਪ੍ਰਸਿਧ ਹੋਈ। ਨਾਹਰ

ਇਸਲਾਮ ਖਾਨ ਦੀ ਸਰਦਾਰੀ ਹੇਠ, ਮੁਲਤਾ ਦੇ ਦੱਖਣੀ ਹਿੱਸੇ ਵਿਚ ਰਾਜ ਕਰਦੀ ਰਹੀ (ਗਲਾਸਰੀ 3,140)।

(ਨ-55) **ਨਾਗ** :

1. ਕੱਚ ਦੇ ਉਦਰ ਤੋਂ ਕਸ਼ਯਪ ਦੀ ਸੰਤਾਨ; ਪੁਰਾਣਾਂ ਅਨੁਸਾਰ ਇਨ੍ਹਾਂ ਦਾ ਮੂੰਹ ਮਨੁਖਾਂ ਵਰਗਾ, ਗਰਦਨ ਫਨੀਅਰ ਵਾਂਗ ਅਗੇ ਵਲ ਵਧੀ ਹੋਈ ਤੇ ਪੂਛ ਸੱਪ ਦੀ ਤਰ੍ਹਾਂ ਸੀ। ਵਿਸ਼ਨੂੰ ਪੁਰਾਣ ਵਿਚ ਨਾਗਾਂ ਦੀ ਗਿਣਤੀ ਬਾਰਾਂ ਦੱਸੀ ਗਈ ਹੈ, ਪਰ ਵਾਯੂ ਪੁਰਾਣ ਵਿਚ ਚਾਲ੍ਹੀ। ਇਨ੍ਹਾਂ ਨਾਗਾਂ ਨੂੰ ਆਪਣੀ ਮਾਂ ਦੇ ਨਾਂ ਦੇ ਆਧਾਰ ਤੇ ਕਾਦ੍ਰਵੇਯ ਵੀ ਕਹਿੰਦੇ ਹਨ। ਇਨ੍ਹਾਂ ਦਾ ਵਾਸਾ ਪਾਤਾਲ ਲੋਕ ਵਿਚ ਸੀ। ਅਰਜਨ ਦੇ ਪੜਪੋਤਰੇ ਜਨਮੇਜਯ ਨੇ ਆਪਣੇ ਪਿਉ ਪਰੀਕਸ਼ਤ ਦੀ ਮੌਤ ਦਾ ਬਦਲਾ ਲੈਣ ਲਈ ਸਰਪਦਮਨ ਯੱਗ ਕਰਕੇ, ਇਸ ਵੰਸ਼ ਦਾ ਨਾਸ ਕੀਤਾ।

2. ਨਾਗ ਕੋਈ ਕਲਪਿਤ ਜਾਤੀ ਨਹੀਂ, ਇਤਿਹਾਸਕ ਜਾਤੀ ਹੈ, ਜਿਨ੍ਹਾਂ ਦਾ ਕੁੱਲ-ਚਿੰਨ੍ਹ (ਟੋਟਮ) ਨਾਗ ਸੀ। ਜਿਸ ਤੋਂ ਇਨ੍ਹਾਂ ਦਾ ਕਬੀਲਾ 'ਨਾਗ' ਪ੍ਰਸਿਧ ਹੋਇਆ। ਪੱਛਮੀ ਪੰਜਾਬ (ਪਾਕਿਸਤਾਨ) ਦਾ ਪ੍ਰਸਿਧ ਇਤਿਹਾਸਕ ਨਗਰ, ਤਕਸ਼ਿਲਾ ਨਾਗਿਆਂ ਦੀ ਤਕਸ਼ਕ ਵੰਸ਼ ਦਾ ਹੀ ਵਸਾਇਆ ਹੋਇਆ ਸੀ। ਸਕੰਦਰ ਦੇ ਹੱਲੇ ਸਮੇਂ, ਤਕਸ਼ਿਲਾ ਉੱਤੇ ਨਾਗਾਂ ਦੀ ਵੰਸ਼ ਦਾ ਹੀ ਰਾਜ ਸੀ।

ਪੁਰਾਣਾਂ ਵਿਚ ਦਰਜ ਜਨਮੇਜਯ ਦੀ ਕਥਾ ਅਨੁਸਾਰ ਨਾਗ ਇਕ ਜਾਤੀ ਸੀ, ਜਿਨ੍ਹਾਂ ਦਾ ਆਰੀਆ ਕੁਲਾਂ ਨਾਲ ਵੈਰ ਚਲਿਆ ਆ ਰਿਹਾ ਸੀ। ਜਨਮੇਜਯ ਦੇ ਪਿਤਾ ਪਰੀਕਸ਼ਤ ਦੀ ਹੱਤਿਆ, ਨਾਗਾਂ ਨੇ ਕੀਤੀ। ਜਨਮੇਜਯ ਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ, ਨਾਗਾਂ ਦੀਆਂ ਕਈ ਕੁੱਲਾਂ ਨਸ਼ਟ ਕਰ ਦਿਤੀਆਂ।

ਨਾਗਾਂ ਨਾਲ ਆਰੀਆਂ ਦੇ ਅੰਤਰ-ਵਿਆਹ ਵੀ ਹੁੰਦੇ ਰਹੇ। ਅਰਜਨ ਨੇ ਨਾਗਾਂ ਦੇ ਰਾਜੇ ਕੌਰਵਯ ਦੀ ਧੀ ਉਲੂਪੀ ਨਾਲ ਵਿਆਹ ਕੀਤਾ ਸੀ। ਵਿਸ਼ਨੂੰ ਪੁਰਾਣ ਅਨੁਸਾਰ ਉਲੂਪੀ ਦੀ ਕੁਖੋਂ ਅਰਜਨ ਦਾ ਇਰਾਵਤ ਨਾਂ ਦਾ ਪੁੱਤਰ ਜੰਮਿਆ।

ਨਾਗਾਂ ਦੀਆਂ ਨੌਂ ਕੁੱਲਾਂ ਖ਼ਾਸ ਪ੍ਰਸਿਧ ਹੋਈਆਂ ਹਨ। ਪੁਰਾਣਾਂ ਵਿਚ ਅੱਠ ਕੁੱਲਾਂ ਦੇ ਮੁਖੀ ਨਾਗਾ ਦੇ ਨਾਂ ਇਹ ਦਿਤੇ ਹਨ : ਅਨੰਤ, ਬਾਸ਼ਕ, ਕੰਬਲ, ਕਰਕੋਟ, ਪਦਮ, ਮਹਾਪਦਮ, ਸ਼ੰਖ, ਕੁਲਿਅਕ। ਨਾਵੀਂ ਕੁੱਲ ਤਕਸ਼ਕ ਹੀ ਹੈ।

(ਨ-56) **ਨਾਗ ਕੁੱਲਾਂ** :

ਨਾਗਾਂ ਦੇ ਪ੍ਰਸਿਧ ਵੰਸ ਕੁਝ ਗ੍ਰੰਥਾਂ ਵਿਚ ਅੱਠ ਤੇ ਕੁਝ ਵਿਚ ਨੌਂ ਮੰਨੇ ਗਏ ਹਨ। ਨਾਗ ਪੰਚਮੀ ਵਾਲੇ ਦਿਨ ਨਾਗਾਂ ਦੀਆਂ 12 ਕੁੱਲਾਂ ਦੀ ਪੂਜਾ ਕੀਤੀ ਜਾਂਦੀ ਹੈ, ਜਿਨ੍ਹਾਂ ਦੇ ਨਾਂ ਹਨ : ਅਨੰਤ, ਬਾਸਕ, ਕੰਬਲ, ਕਰਕੋਟ, ਪਦਮ, ਮਹਾਪਦਮ, ਸ਼ੰਖ, ਕੁਲਿਅਕ, ਤਕਸ਼ਕ, ਧ੍ਰਿਤਰਾਸ਼ਟਰ, ਕਾਲੀਆ ਤੇ ਪਿੰਗਲ (ਵੇਖੋ : ਨਾਗ ਪੰਚਮੀ)।

(ਨ-57) **ਨਾਗ ਗੋਤ** :

ਬ੍ਰਾਹਮਣਾਂ ਦੇ ਪੁੰਡਰੀਕ, ਖੜਪਾ ਤੇ ਘੋਸਲੂ ਗੋਤਾਂ ਦੇ ਨਾਵਾਂ ਦੇ ਮੁੱਢ ਬਾਰੇ ਇਕ ਦੰਦ-ਕਥਾ (ਕਾਂਗੜਾ ਜਿਲਾ ਗਜ਼ਟੀਅਰ, ਪੰਨਾ 67) ਪ੍ਰਚਲਤ ਹੈ। ਸੰਮਤ 1500 ਬਿਕ੍ਰਮੀ ਵਿਚ ਕਾਂਗੜੇ ਦੇ ਇਕ ਰਾਜੇ, ਧਰਮ ਚੰਦ ਨੇ, ਇਸ ਮਨਸ਼ਾ ਨਾਲ ਜੱਗ ਕੀਤਾ ਕਿ ਬ੍ਰਾਹਮਣ ਉਸਦੇ ਹਥੋਂ ਦਾਨ ਲੈਣ। ਇਸ ਜੱਗ ਵਿਚ ਬ੍ਰਾਹਮਣਾਂ ਨੂੰ ਦਾਨ ਲੈਣ ਲਈ ਕਿਹਾ ਗਿਆ। ਇਕ ਬ੍ਰਾਹਮਣ ਰਾਜੇ ਦੀ ਬੇਨਤੀ ਮੰਨ ਕੇ, ਉਸਦੇ ਹਥੋਂ ਦਾਨ ਲੈਣ ਲਈ ਤਿਆਰ ਹੋ ਗਿਆ। ਰਾਜਾ ਇਸ ਬ੍ਰਾਹਮਣ ਉੱਤੇ ਬੜਾ ਪ੍ਰਸੰਨ ਹੋਇਆ ਤੇ ਉਸਨੂੰ ਪੁੰਡਰੀਕ ਦੀ ਉਪਾਧੀ ਦਿਤੀ। ਪੁੰਡਰੀਕ ਬਾਸਕ ਨਾਗ ਦਾ ਵੱਡਾ ਲੜਕਾ ਸੀ। ਇਸ ਤਰ੍ਹਾਂ ਪੁੰਡਰੀਕ ਬ੍ਰਾਹਮਣਾਂ ਵਿਚ ਸਭ ਤੋਂ ਵੱਡੀ ਜਾਤੀ ਮੰਨੀ ਗਈ।

ਦੂਜਾ ਬ੍ਰਾਹਮਣ, ਜਿਸ ਦਾਨ ਲੈਣ ਤੋਂ ਇਨਕਾਰ ਕਰ ਦਿਤਾ, ਉਸਨੂੰ ਘੋਸਲੂ ਕਿਹਾ ਗਿਆ, ਕਿਉਂ ਜੋ ਘੋਸਲੂ ਬੜੀ ਨੀਵੀਂ ਜਾਤੀ ਦਾ ਸਰਪ ਹੈ, ਜੋ ਹਾਨੀਕਾਰਕ ਨਹੀਂ। ਤੀਜਾ ਬ੍ਰਾਹਮਣ, ਜਿਸ ਦਾਨ ਲੈਣਾ ਪ੍ਰਵਾਨ ਨਾ ਕੀਤਾ ਅਤੇ ਪਹਿਲੇ ਬ੍ਰਾਹਮਣ ਨੂੰ ਦਾਨ ਲੈਂਦਾ ਵੇਖ ਕਰੋਧ ਵਿਚ ਆ ਗਿਆ, ਖੜਪਾ ਅਖਵਾਇਆ, ਕਿਉਂ ਜੋ ਖੜਪਾ ਸੱਪ ਬੜਾ ਜ਼ਹਿਰੀਲਾ ਤੇ ਫੁਹਲਾ ਹੁੰਦਾ ਹੈ।

ਇਨ੍ਹਾਂ ਤਿੰਨਾ ਬ੍ਰਾਹਮਣਾਂ ਦੀ ਵੰਸ ਨਾਗ ਗੋਤ ਦੇ ਬ੍ਰਾਹਮਣ ਅਖਵਾਈ। ਪੁੰਡਰੀਕ, ਘੋਸਲੂ ਤੇ ਖੜਪਾ ਤਿੰਨੇ ਜਾਤਾਂ ਤਰਤੀਬਵਾਰ ਪੁੰਡਰੀਕ, ਘੋਸਲੂ ਤੇ ਖੜਪਾ ਸੱਪ ਦੀ ਪੂਜਾ ਕਰਦੀਆਂ ਹਨ ਤੇ ਇਨ੍ਹਾਂ ਸੱਪਾਂ ਨੂੰ ਮਾਰਦੀਆਂ ਨਹੀਂ।

(ਨ-58) **ਨਾਗ ਦੌਣ** :

ਇਕ ਬੂਟੀ ਜਿਸ ਤੋਂ ਨਾਗ ਦੂਰ ਰਹਿੰਦਾ ਹੈ। ਧਾਰਨਾ

**(ਨ-59) ਨਾਗਨੀਆ** :

ਲੋਕ ਧਾਰਨਾ ਹੈ ਕਿ ਜੇ ਘੋੜੇ ਦੀ ਗਰਦਨ ਦੇ ਵਾਲ ਅਗੇ ਵਲ ਝੁਕੇ ਹੋਣ ਤਾਂ ਘੋੜਾ ਮਾਲਕ ਲਈ ਚੰਗਾ ਸਿਧ ਹੁੰਦਾ ਹੈ, ਜੇ ਪਿਛੇ ਵਲ ਹੋਣ ਤਾਂ ਮਾਲਕ ਨੂੰ ਘਾਟਾ ਪੈਂਦਾ ਰਹਿੰਦਾ ਹੈ।

**(ਨ-60) ਨਾਗ ਪੰਚਮੀ** :

ਸੱਪਾਂ ਦੀ ਪੂਜਾ ਨਾਲ ਸਬੰਧਿਤ ਇਕ ਪੁਰਬ, ਜੋ ਸਾਵਣ ਦੇ ਚਾਨਣ ਪੱਖ ਦੀ ਪੰਜਵੀਂ ਤਿੱਥ ਨੂੰ, ਪੰਜਾਬ ਤੇ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਇਹ ਪੁਰਬ ਭਾਰਤ ਦੇ ਪੁਰਾਣੇ ਪੁਰਬਾਂ ਵਿਚੋਂ ਹੈ ਅਤੇ ਪੂਰਬ-ਇਤਿਹਾਸਕ ਕਾਲ ਤੋਂ ਚਲਿਆ ਆ ਰਿਹਾ ਹੈ। ਮਨੁੱਖ ਹਮੇਸ਼ਾ ਸੱਪ ਤੋਂ ਭੈਅ ਖਾਂਦਾ ਰਿਹਾ ਹੈ ਤੇ ਨਾਗ ਪੰਚਮੀ ਨੂੰ ਸਰਪ ਦੀ ਪੂਜਾ ਦਾ ਆਧਾਰ ਇਹੋ ਭੈਅ ਹੈ। ਲੋਕੀ ਪੂਜਾ ਦੁਆਰਾ ਸੱਪਾਂ ਦੇ ਦਿਲਾਂ ਵਿਚ, ਮਨੁੱਖਾਂ ਲਈ ਦਇਆ ਦੀ ਭਾਵਨਾ ਉਤਪੰਨ ਕਰਨਾ ਚਾਹੁੰਦੇ ਹਨ। ਪੁਰਾਣੇ ਵੇਲਿਆਂ ਵਿਚ ਥਾਂ ਥਾਂ ਜੰਗਲ ਝਾੜ ਸਨ ਤੇ ਜ਼ਹਿਰੀਲੇ ਸੱਪਾਂ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਸੀ। ਇਸ ਲਈ ਇਨ੍ਹਾਂ ਦੀ ਪੂਜਾ ਇਕ ਸੁਭਾਵਿਕ ਕਰਮ ਸੀ। ਸਾਵਣ ਦੀ ਰੁਤ ਵਿਚ ਖੁੱਡਾਂ ਵਿਚ ਪਾਣੀ ਭਰ ਜਾਣ ਕਰਕੇ ਸੱਪ ਝਾੜੀਆਂ ਤੇ ਬੂਟਿਆਂ ਦੇ ਉਹਲੇ ਛੁਪੇ ਰਹਿੰਦੇ ਹਨ, ਜਿਸ ਲਈ ਉਨ੍ਹਾਂ ਦੇ ਡੱਸਣ ਦਾ ਡਰ ਵਧੇਰੇ ਹੁੰਦਾ ਹੈ। ਇਸ ਲਈ ਇਹੋ ਮਹੀਨਾ ਪੂਜਾ ਲਈ ਵਧੇਰੇ ਯੋਗ ਹੈ।

ਹਿੰਦੂ ਇਸ ਦਿਨ ਘਰ ਦੀ ਕਿਸੇ ਗੁੱਠ ਵਿਚ ਗੋਹੇ ਦਾ ਪੋਚਾ ਦੇ ਕੇ ਚੰਦਨ ਦੇ ਬੂਰੇ ਤੇ ਹਲਦੀ ਜਾਂ ਗੋਹੇ ਨਾਲ ਹੀ ਪੰਜ, ਸੱਤ ਜਾਂ ਨੌਂ ਸੱਪ ਬਣਾ ਕੇ, ਉਸ ਨੂੰ ਪੂਜਦੇ ਹਨ। ਸੱਪਾਂ ਦੇ ਸਾਹਮਣੇ ਧੂਪ ਬਾਲਦੇ ਤੇ ਦੀਵੇ ਨਾਲ ਆਰਤੀ ਉਤਾਰਦੇ ਹਨ। ਫਿਰ ਇਨ੍ਹਾਂ ਸੱਪਾਂ ਅਗੇ ਖੀਰ, ਦੁੱਧ, ਫਲ, ਕੰਵਲ ਦੇ ਫੁੱਲ, ਪੰਚਾਮ੍ਰਿਤ ਆਦਿ ਜੋ ਸੱਪਾਂ ਨੂੰ ਚੰਗੇ ਲਗਦੇ ਹਨ, ਭੇਟਾ ਚਾੜ੍ਹਦੇ ਹਨ। ਫਿਰ 12 ਸੱਪਾਂ ਦੇ ਨਾਂ ਲੈ ਕੇ ਪੂਜਾ ਕੀਤੀ ਜਾਂਦੀ ਹੈ। 12 ਨਾਗਾਂ ਦੇ ਨਾਂ ਹਨ : ਅਨੰਤ, ਬਾਸ਼ਕ, ਸ਼ੇਸ਼, ਪਦਮ, ਕੰਬਲ, ਕਰਕੋਟਕ, ਅਸਵਤਰ, ਧ੍ਰਿਤਰਾਸ਼ਟਰ, ਸੰਖਪਾਲ, ਕਾਲੀਆ, ਤਖਸ਼ ਤੇ ਪਿੰਗਲ। ਨਾਗਾਂ ਦੀ ਪੂਜਾ ਮਗਰੋਂ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ। ਪਹਿਲਿਆਂ ਵਿਚ ਪੂਜਾ, ਮਗਰੋਂ ਗਊ ਜਾਂ ਸੋਨਾ ਦਾਨ ਕੀਤਾ ਜਾਂਦਾ ਸੀ।

ਪਿਲਾਇਆ ਜਾਂਦਾ ਹੈ। ਨਾਗ ਪੰਚਮੀ ਵਾਲੇ ਦਿਨ ਸੱਪ ਵੇਖਣਾ ਸ਼ੁਭ ਹੁੰਦਾ ਹੈ। ਇਸ ਲਈ ਸਪੇਰੇ ਸੱਪਾਂ ਨੂੰ ਚੁਕੀ ਘਰ ਘਰ ਫਿਰਦੇ ਤੇ ਦਾਨ ਇਕੱਠਾ ਕਰਦੇ ਹਨ।

ਨਾਗ ਪੰਚਮੀ ਵਾਲੇ ਦਿਨ ਵਰਤ ਵੀ ਰਖਿਆ ਜਾਂਦਾ ਹੈ। ਇਕ ਦਿਨ ਪੂਰਬ, ਭਾਵ ਚਤੁਰਥੀ ਤਿੱਥ ਨੂੰ, ਕੇਵਲ ਇਕ ਵਾਰ ਭੋਜਨ ਕੀਤਾ ਜਾਂਦਾ ਹੈ ਅਤੇ ਪੰਚਵੀਂ ਨੂੰ, ਸਾਰਾ ਦਿਨ ਵਰਤ ਰਖ ਕੇ, ਸ਼ਾਮ ਨੂੰ ਵਰਤ ਖੋਲ੍ਹਿਆ ਜਾਂਦਾ ਹੈ।

ਨਾਗ ਪੂਜਾ ਤੇ ਨਾਗਾਂ ਬਾਰੇ ਪੁਰਾਣਾਂ ਵਿਚ ਕਈ ਕਥਾਵਾਂ ਮਿਲਦੀਆਂ ਹਨ। ਮੂਲ ਵਿਚ ਨਾਗ ਸਾਡੇ ਦੇਸ਼ ਦੀ ਇਕ ਪੁਰਾਣੀ ਜਾਤੀ ਸੀ, ਜਿਨ੍ਹਾਂ ਦੇ ਕੁੱਲ-ਚਿੰਨ੍ਹ ਨਾਗ ਸਨ। ਇਨ੍ਹਾਂ ਦਾ ਆਰੀਆ ਜਾਤੀ ਨਾਲ ਕਾਫ਼ੀ ਸਮੇਂ ਤਕ ਸੰਘਰਸ਼ ਚਲਦਾ ਰਿਹਾ। ਜਨਮੇਜਯ ਨੇ ਇਸ ਜਾਤੀ ਨੂੰ ਨਸ਼ਟ ਕਰਨ ਲਈ ਸਪੋਦੇਂ ਵਿਚ ਇਕ ਸਰਪ ਦਮਨ ਯੱਗ ਕੀਤਾ ਤੇ ਨਾਗਾਂ ਦੇ ਕਈ ਕਬੀਲੇ ਨਸ਼ਟ ਕਰ ਦਿਤੇ। ਮਹਾਂਭਾਰਤ ਅਨੁਸਾਰ ਆਸਤਿਕ ਰਿਸ਼ੀ ਨੇ ਆਰੀਆ ਤੇ ਨਾਗਿਆਂ ਵਿਚ ਸਦਭਾਵਨਾ ਪੈਦਾ ਕੀਤੀ ਤੇ ਦੋਹਾਂ ਜਾਤਾਂ ਵਿਚ ਰੋਟੀ ਬੇਟੀ ਦੀ ਸਾਂਝ ਕਾਇਮ ਕੀਤੀ। ਆਸਤਿਕ ਰਿਸ਼ੀ ਦੇ ਪਿਤਾ ਤਾਂ ਆਰੀਆ ਜਾਤੀ ਦੇ ਸਨ, ਪਰ ਮਾਤਾ ਨਾਗ ਜਾਤੀ ਦੀ ਸੀ। ਨਾਗ ਜਾਤੀ ਵਾਲੇ ਸੱਪਾਂ ਦੀ ਪੂਜਾ ਕਰਦੇ ਸਨ, ਉਨ੍ਹਾਂ ਤੋਂ ਹੀ ਇਹ ਪੂਜਾ ਆਰੀਆ ਜਾਤੀ ਵਿਚ ਪ੍ਰਚਲਤ ਹੋ ਗਈ।

ਨਾਗ ਪੰਚਮੀ ਦੀ ਮਹੱਤਤਾ ਬਾਰੇ ਇਕ ਲੋਕ ਕਥਾ ਪ੍ਰਚਲਤ ਹੈ : ਇਕ ਵਾਰ ਇਕ ਕਿਸਾਨ ਖੇਤ ਵਿਚ ਹੱਲ ਵਾਹ ਰਿਹਾ ਸੀ। ਹੱਲ ਦਾ ਫਾਲਾ ਇਕ ਸੱਪਣੀ ਦੀ ਖੁੱਡ ਵਿਚ ਜਾ ਲਗਾ ਤੇ ਸੱਪਣੀ ਦੇ ਸਾਰੇ ਬੱਚੇ ਮਾਰੇ ਗਏ। ਸੱਪਣੀ ਬਚ ਕੇ ਨੱਸ ਗਈ। ਸੱਪਣੀ ਨੇ ਕਿਸਾਨ ਤੋਂ ਬਦਲਾ ਲੈਣ ਲਈ ਰਾਤੀਂ ਉਸਦੇ ਪ੍ਰਵਾਰ ਦੇ ਸੱਤ ਜੀਆਂ ਨੂੰ, ਸਿਵਾਏ ਇਕ ਕੰਨਿਆਂ ਦੇ, ਜੋ ਉਦੋਂ ਘਰ ਨਹੀਂ ਸੀ, ਡੰਗ ਕੇ ਮਾਰ ਦਿਤਾ। ਸੱਪਣੀ ਨੂੰ ਜਦੋਂ ਪਤਾ ਲਗਾ ਕਿ ਇਸ ਪ੍ਰਵਾਰ ਦੀ ਇਕ ਕੰਨਿਆਂ ਬਚ ਗਈ ਹੈ ਤਾਂ ਉਹ ਅਗਲੀ ਰਾਤ ਉਸ ਨੂੰ ਡੰਗਣ ਲਈ ਪਹੁੰਚੀ। ਕੰਨਿਆਂ ਮਾਂ ਪਿਉ, ਤੇ ਭੈਣ ਭਰਾਵਾਂ ਦੀਆਂ ਲਾਸ਼ਾਂ ਕੋਲ ਬੈਠੀ ਰੋ ਰਹੀ ਸੀ। ਕੰਨਿਆਂ ਸੱਪਣੀ ਨੂੰ ਵੇਖ ਕੇ ਡਰ ਗਈ ਤੇ ਉਸ ਅਗੇ ਪ੍ਰਾਰਥਨਾ ਕਰਨ ਲਗੀ। ਫਿਰ ਦੁੱਧ ਦਾ ਕਟੋਰਾ ਭਰ ਕੇ ਉਸ ਅਗੇ ਰਖਿਆ। ਉਸ ਦਿਨ [illegible]

'ਵਰਾਹ ਪੁਰਾਣ' ਅਨੁਸਾਰ ਬ੍ਰਹਮਾ ਨੇ ਨਾਗਾਂ ਨੂੰ ਇਸ ਤਿਥ ਨੂੰ ਵਰ ਦਿਤਾ ਸੀ।

(ਨ-61) **ਨਾਗਪਾਲ** :

(ੳ) ਅਰੋੜਿਆ ਦੀ ਇਕ ਗੋਤ,

(ਅ) ਅਰਾਈਆਂ ਦੀ ਇਕ ਗੋਤ।

(ਨ-62) **ਨਾਗ ਮਣੀ** :

ਇਕ ਮਣੀ, ਜੋ ਸੱਪ ਦੇ ਸਿਰ ਵਿਚੋਂ ਨਿਕਲਦੀ ਹੈ। ਧਾਰਨਾ ਹੈ ਕਿ ਜਿਥੇ ਇਹ ਮਣੀ ਹੋਵੇ ਉਥੇ ਸੱਪ ਨੇੜੇ ਨਹੀਂ ਢੁਕਦਾ। ਇਹ ਮਣੀ ਕੋਲ ਰਖਣ ਨਾਲ ਰਿਜ਼ਕ ਵਿਚ ਵਾਧਾ ਹੁੰਦਾ ਹੈ।

(ਨ-63) **ਨਾਗ ਮਾਹਾ** :

ਆਦਿਮ ਮਨੁੱਖ ਦਾ ਵਿਸ਼ਵਾਸ਼ ਸੀ ਕਿ ਨਾਗ ਧਰਤੀ ਦੇ ਅੰਦਰ ਰਹਿਣ ਵਾਲਾ ਉਪਜਾਇਕਤਾ ਦਾ ਦੇਵਤਾ ਹੈ। ਨਾਗਾਂ ਦੇ ਵਡਿਕੇ ਸ਼ੇਸ਼ਨਾਗ ਦੇ ਇਕ ਹੱਥ ਵਿਚ ਹੱਲ ਅਤੇ ਦੂਜੇ ਵਿਚ ਮੂਸਲ ਫੜਿਆ ਹੋਣਾ, ਇਸ ਨੂੰ ਕਿਸਾਨੀ ਜੀਵਨ ਨਾਲ ਜੋੜਦਾ ਹੈ। ਪਹਿਲਿਆਂ ਵਿਚ, ਕਿਸਾਨ ਪੈਲੀ ਨੂੰ ਵਾਹੁਣ, ਬੀਜਣ ਤੇ ਵੇਚਣ ਤੋਂ ਪਹਿਲਾਂ ਨਾਗ ਪੂਜਿਆ ਕਰਦਾ ਅਤੇ ਇਨ੍ਹੀਂ ਦਿਨੀਂ ਖੇਤਾਂ ਦੇ ਨੇੜੇ ਮੇਲੇ ਵੀ ਲਗਿਆ ਕਰਦੇ, ਜਿਨ੍ਹਾਂ ਵਿਚ ਨਾਗ ਦਿਉਤੇ ਦੀ ਉਚੇਚੀ ਪੂਜਾ ਕੀਤੀ ਜਾਂਦੀ। ਇਨ੍ਹਾਂ ਮੇਲਿਆਂ ਨੂੰ 'ਨਾਗ ਮਾਹਾ' ਕਿਹਾ ਜਾਂਦਾ।

(ਨ-64) **ਨਾਗਰ** :

ਬ੍ਰਾਹਮਣਾਂ ਦੀ ਇਕ ਗੋਤ; ਇਸ ਗੋਤ ਦੇ ਵਡਿਕੇ ਉੱਤੇ ਸੱਪ ਨੇ ਛਾਂ ਕੀਤੀ ਸੀ, ਜਿਸ ਕਰਕੇ ਉਸ ਦਾ ਨਾਂ ਨਾਗਰ ਪੈ ਗਿਆ। ਰਵਾਇਤ ਹੈ ਕਿ ਮਹਿਮੂਦ ਗ਼ਜ਼ਨਵੀ ਨੇ ਜਦੋਂ ਪੰਜਾਬ ਤੇ ਉਪਰ-ਥਲੀ ਕਈ ਹੱਲੇ ਕੀਤੇ ਤਾਂ ਲੋਕੀ ਆਪਣੇ ਘਰਾਂ ਨੂੰ ਛੱਡ ਕੇ ਜੰਗਲ ਵਿਚ ਜਾ ਵਸੇ। ਧਾੜੇ ਦੇ ਦਿਨਾਂ ਵਿਚ, ਇਕ ਪ੍ਰਵਾਰ ਆਪਣਾ ਪਿੰਡ ਛੱਡ ਕੇ, ਜੰਗਲ ਵਲ ਜਾ ਰਿਹਾ ਸੀ। ਰਾਹ ਵਿਚ ਉਨ੍ਹਾਂ ਦੇ ਇਕ ਲੜਕਾ ਜੰਮਿਆ, ਜੋ ਉਹ ਆਪਣੀ ਜਾਨ ਤੇ ਬਣੀ ਹੋਣ ਕਰਕੇ, ਇਕ ਦਰਖ਼ਤ ਹੇਠਾਂ ਛੱਡ ਕੇ, ਅਗੇ ਤੁਰ ਗਏ। ਦਰਖ਼ਤ ਦੇ ਖੋਲ ਵਿਚ ਇਕ ਫੰਜਲੀ ਸੱਪ ਰਹਿੰਦਾ ਸੀ।

"ਇਹ ਬੱਚਾ ਜ਼ਰੂਰ ਭਾਗਾਂ ਵਾਲਾ ਹੋਵੇਗਾ, ਜਿਸ ਨੂੰ ਸੱ ਵੀ ਛਾਇਆ ਕਰਦਾ ਹੈ।" ਇਕ ਸਿਪਾਹੀ ਨੇ ਬੱਚਾ ਚੁਕ ਲਿਆ ਤੇ ਉਸ ਦਾ ਨਾ 'ਨਾਗਰ' ਰਖਿਆ। ਇਸ ਬੱਚੇ ਦੀ ਵੰਸ਼ ਮਗਰੋਂ 'ਨਾਗਰ' ਪ੍ਰਸਿਧ ਹੋਈ।

(ਨ-65) **ਨਾਗ ਰਾਜ** :

ਸਰਪਾਂ ਦਾ ਰਾਜਾ (ਵੇਖੋ : ਸ਼ੇਸ਼ਨਾਗ)।

(ਨ-66) **ਨਾਗ ਲੋਕ** :

ਪਤਾਲ ਜਿਥੇ ਨਾਗ ਵਸਦੇ ਹਨ।

(ਨ-67) **ਨਾਂਗੀ (ਨਾਨਕੀ) ਪੰਥ** :

ਇਕ ਸੰਪਰਦਾਇ, ਜਿਸ ਦੇ ਪੈਰੋਕਾਰ ਕਦੇ ਗੁੜਗਾਵਾਂ ਰੋਹਤਕ ਤੇ ਹਿਸਾਰ ਜ਼ਿਲੇ ਵਿਚ ਆਮ ਮਿਲਦੇ ਸਨ। ਹੁ ਇਹ ਸੰਪਰਦਾਇ ਆਪਣੀ ਉਮਰ ਭੋਗ ਚੁਕੀ ਹੈ। ਇ ਸੰਪਰਦਾਇ 1865 ਈਸਵੀ ਵਿਚ ਚੜ੍ਹਦੀ ਕਲਾ ਵਿ ਸੀ। ਇਸਦਾ ਮੁੱਢ ਇਕ ਤੀਵੀਂ ਨਾਂਗੀ (ਨਾਨਕੀ) ਬੰਨ੍ਹਿਆ ਜੋ ਨਾਰਨੌਲ ਦੇ ਧਰਮਦਾਸ ਦੀ ਪਤਨੀ ਸੀ ਨਾਂਗੀ ਇਕ ਬ੍ਰਾਹਮਣ ਡੇਢ ਰਾਜ ਨਾਲ ਉਧਲ ਗਈ ਦੋਵੇਂ ਕੁਝ ਚਿਰ ਬੰਗਾਲ ਦੇਸ ਵਿਚ ਰਹੇ, ਜਿਥੇ ਉਨ੍ਹਾਂ ਇਕ ਨਵੀਂ ਸੰਪਰਦਾਇ ਸ਼ੁਰੂ ਕਰਨ ਦਾ ਫੁਰਨਾ ਫੁਰਿਆ ਉਨ੍ਹਾਂ ਨੇ ਕਨੌਂਦ ਵਾਪਸ ਆ ਕੇ 1850 ਈ: ਵਿਚ ਆਪ ਪੈਰੋਕਾਰ ਬਨਾਉਣੇ ਸ਼ੁਰੂ ਕੀਤੇ। ਇਸ ਪੰਥ ਦਾ ਮੁ ਅਸਥਾਨ ਖੇਤਰੀ ਲਾਗੇ ਇਕ ਪਿੰਡ ਚੂਸੇਨਾ ਹੈ ਜਿਥੇ ਇ ਮੰਦਰ ਵਿਚ ਨਹਿਕਲੰਕ ਦੀ ਧਾਤ ਦੀ ਮੂਰਤੀ ਰ ਹੋਈ ਹੈ। ਡੇਢ ਰਾਜ ਨੇ ਆਪਣੇ ਆਪ ਨੂੰ ਨਹਿਕਲੰ ਅਵਤਾਰ ਪ੍ਰਗਟ ਕੀਤਾ ਅਤੇ ਉਸ ਨੇ ਆਪਣੇ ਮਤ ਵਿਆਖਿਆ ਵਿਚ ਤਿੰਨ ਗ੍ਰੰਥ ਲਿਖੇ। ਇਹ ਪੰਥ ਜਾਤ ਪ ਦੀ ਭਿੰਨ ਭੇਦਤਾ ਦੇ ਵਿਰੁਧ ਹੈ। ਵਿਆਹ ਬਿਨਾਂ ਜਾਤ ਪ ਜਾਂ ਸਮਾਜਿਕ ਸਥਿਤੀ ਨੂੰ ਮੁਖ ਰਖ ਕੇ ਕਰਦੇ ਹਨ। ਇ ਵਿਚ ਕਾਮ ਭੋਗ ਦੀ ਖੁਲ੍ਹ ਹੈ।

ਜਦੋਂ ਕਿਸੇ ਨੂੰ ਆਪਣੇ ਮਤ ਵਿਚ ਲਿਆਉਣਾ ਹੁੰ ਤਾਂ ਡੇਢ ਰਾਜ ਉਸ ਨੂੰ ਕਿਸੇ ਮਿੱਠੀ ਵਸਤੂ ਦਾ ਭੋ ਲਗਵਾਂਦਾ, ਜਿਸ ਦੇ ਖਾਣ ਨਾਲ, ਕਹਿੰਦੇ ਹਨ ਉਸ ਅੰਦਰੋਂ ਧਾਰਮਿਕ ਭਾਵਨਾਵਾਂ ਜਾਗ ਉਠਦੀਆਂ। ਦੀਖਿ ਮਗਰੋਂ ਉਸ ਨੂੰ ਕਪਾਹ ਜਾਂ ਉੱਨ ਦੀ ਮਾਲਾ ਦਿਤੀ ਜਾਂਦ ਇਸ ਪੰਥ ਦੇ ਪੈਰੋਕਾਰ ਪੂਜਾ ਸਮੇਂ ਇਕ ਪੰਗਤੀ

ਕਰ ਦੇਂਦੇ। ਭੇਦ ਦਾਸ ਦੀ ਮ੍ਰਿਤੂ 1865 ਵਿਚ ਹੋਈ। ਇਸ ਮਗਰੋਂ ਉਸ ਦਾ ਭਰਾ ਭਗੀਰਥ ਦਾਸ ਪੰਥ ਦਾ ਮੁਖੀਆ ਬਣਿਆ। ਪਰ ਉਸ ਤੋਂ ਇਹ ਪੰਥ ਚਲ ਨਾ ਸਕਿਆ।

(ਨ-68) **ਨਾਂਗੇ** :

ਹਿੰਦੂ ਸਾਧੂਆਂ ਦੀ ਇਕ ਸੰਪਰਦਾਇ ਜੋ ਸਰੀਰ ਉਤੇ ਕੋਈ ਵਸਤ੍ਰ ਨਹੀਂ ਪਹਿਨਦੇ। ਨਾਂਗੇ ਸਾਧੂਆਂ ਦੀ ਧਾਰਨਾ ਹੈ ਕਿ ਸਰੀਰ ਨਾਲ ਵਸਤ੍ਰ ਛੂਹ ਜਾਣ ਤਾਂ ਸਰੀਰ ਅਪਵਿਤ੍ਰ ਹੋ ਜਾਂਦਾ ਹੈ, ਕਿਉਂ ਜੋ ਜਿਹੜੇ ਲੋਕ ਕਪਾਹ ਚੁਗਦੇ, ਸੂਤਰ ਕੱਤਦੇ ਤੇ ਕਪੜਾ ਬੁਣਦੇ ਹਨ, ਉਨ੍ਹਾਂ ਦੇ ਮਨ ਮਾਇਆ ਵਿਚ ਲੀਨ ਹੋਣ ਕਰਕੇ ਮਲੀਨ ਹੁੰਦੇ ਹਨ ਤੇ ਕਪੜਾ ਮਨ ਵਿਚ ਵਿਕਾਰ ਤੇ ਮਾਇਆ ਪ੍ਰਤੀ ਲੋਭ ਪੈਦਾ ਕਰਦਾ ਹੈ। ਨਾਂਗੇ ਸਾਧੂ ਸਰੀਰ ਉਤੇ ਸਿਰਫ਼ ਧੂਣੀ ਦੀ ਸੁਆਹ ਮਲਦੇ ਹਨ। ਉਹ ਸਾਰੀ ਉਮਰ ਬ੍ਰਹਮਚਾਰੀ ਰਹਿੰਦੇ ਹਨ।

ਕੁੰਭ ਵਾਲੇ ਦਿਨ, ਹਰਦੁਆਰ ਤੇ ਪਰਾਗ ਆਦਿ ਥਾਵਾਂ ਉਤੇ, ਜੋ ਜਲੂਸ ਕਢਿਆ ਜਾਂਦਾ ਹੈ, ਉਸ ਵਿਚ ਨਾਂਗੇ ਸਾਧੂ ਸਭ ਤੋਂ ਅਗਲੀਆਂ ਪੰਕਤੀਆਂ ਵਿਚ ਚਲਦੇ ਹਨ। ਕੁੰਭ ਦੀ ਘੜੀ ਗੰਗਾ ਜਾਂ ਤ੍ਰਿਵੇਣੀ ਵਿਚ ਇਸ਼ਨਾਨ ਕਰਨ ਦਾ ਸਭ ਤੋਂ ਪਹਿਲਾ ਅਧਿਕਾਰ ਨਾਂਗੇ ਸਾਧੂਆਂ ਨੂੰ ਪ੍ਰਾਪਤ ਹੈ। ਜਦੋਂ ਤਕ ਨਾਂਗੇ ਸਾਧੂ ਇਸ਼ਨਾਨ ਨਹੀਂ ਕਰ ਲੈਂਦੇ, ਦਰਿਆ ਵਿਚ ਕੋਈ ਇਸ਼ਨਾਨ ਨਹੀਂ ਕਰਦਾ।

ਪੱਛਮੀ ਪੰਜਾਬ ਵਿਚ ਕਟਾਸ (ਪਾਕਿਸਤਾਨ) ਵਿਚ ਜੋ ਮੇਲਾ ਲਗਦਾ ਸੀ, ਉਸ ਵਿਚ ਨਾਂਗੇ ਸਾਧੂਆਂ ਦਾ ਵਡਾ ਜਲੂਸ ਨਿਕਲਦਾ, ਜਿਸ ਵਿਚ ਦੂਰੋਂ ਦੂਰੋਂ ਨਾਂਗੇ ਸਾਧੂ ਆ ਕੇ ਸ਼ਾਮਿਲ ਹੁੰਦੇ।

ਹਿੰਦੂਆਂ ਦੇ ਦਿਲਾਂ ਵਿਚ ਨਾਂਗੇ ਸਾਧੂਆਂ ਪ੍ਰਤੀ ਬੜੀ ਸ਼ਰਧਾ ਹੈ। ਕਹਿੰਦੇ ਹਨ ਨਾਂਗੇ ਸਾਧੂਆਂ ਦਾ ਬਚਨ ਵਿਅਰਥ ਨਹੀਂ ਜਾਂਦਾ।

(ਨ-69) **ਨਾਥ** :

(ਵੇਖ : ਲੋਕ ਨਾਚ)।

(ਨ-70) **ਨਾਚੀ** :

ਨੱਚਣ ਵਾਲੀ ਤੀਵੀਂ; ਪੰਜਾਬ ਵਿਚ ਕੰਜਰ ਜਾਤੀ ਤੇ

ਵੀ ਚੁਕ ਲਿਆਂਦੇ ਹਨ ਤੇ ਉਨ੍ਹਾਂ ਨੂੰ ਪਾਲ ਕੇ
ਕਰਦੇ ਤੇ ਉਨ੍ਹਾਂ ਤੋਂ ਪੇਸ਼ਾ ਕਰਵਾਂਦੇ ਹਨ।

(ਨ-71) **ਨਜਾਤੁਲ ਮੋਮਨੀਨ** :

ਪੰਜਾਬੀ ਦਾ ਇਕ ਕਿੱਸਾ ਜੋ ਕਵੀ ਅਬਦੁਲ
ਘਾਸੀ ਨੇ ਸਰ੍ਹਾਂ ਫ਼ਿਕਾ ਬਾਰੇ ਲਿਖਿਆ। ਅਬਦੁਲ
ਘਾਸੀ ਝੰਗ ਮਘਿਆਣੇ ਦਾ ਰਹਿਣ ਵਾਲਾ ਸੀ ਅਤੇ
ਇਹ ਕਿੱਸਾ 1086 ਹਿਜਰੀ ਵਿਚ ਔਰੰਗਜ਼ੇਬ ਦੇ
ਲਿਖਿਆ।

(ਨ-72) **ਨਾਟ** :

(ਵੇਖੋ : ਲੋਕ ਨਾਟ)।

(ਨ-73) **ਨਾਤਾ** :

ਧੀ-ਭੈਣ ਦਾ ਰਿਸ਼ਤਾ ਜੋੜਨਾ; ਹਿੰਦੂਆਂ ਵਿਚ
ਢੰਗ ਨਾਲ ਰਿਸ਼ਤੇ ਕੀਤੇ ਜਾਂਦੇ ਹਨ :

1. ਧਰਮ ਦਾ ਨਾਤਾ : ਇਸ ਨਾਤੇ ਨੂੰ ਧਨੀ ਪੋ
ਵਿਚ 'ਪੁੰਨ' ਦਾ ਨਾਤਾ ਵੀ ਕਹਿੰਦੇ ਹਨ। ਇਸ
ਵਿਚ ਕੰਨਿਆਂ ਨੂੰ ਬਿਨਾਂ ਵੱਟੇ ਵਿਚ ਕੋਈ ਇਵ
ਲਏ ਵਿਆਹਿਆ ਜਾਂਦਾ ਹੈ। ਇਸ ਨੂੰ 'ਸੁੱਚਾ ਰਿਸ਼ਤ
ਕਹਿੰਦੇ ਹਨ।

2. ਵੱਟਾ ਸੱਟਾ : ਇਸ ਨਾਤੇ ਵਿਚ, ਆਪਣੇ ਪ
ਦੀ ਕੋਈ ਇਕ ਕੰਨਿਆਂ, ਇਸ ਬੰਧਨ ਵਿਚ ਦਿਤੀ
ਹੈ ਕਿ ਮੁੰਡੇ ਦੇ ਪਰਵਾਰ ਵਾਲੇ ਵੱਟੇ ਵਿਚ ਆਪਣੇ ਪ
ਦੀ ਕੋਈ ਕੰਨਿਆਂ ਇਸ ਪਰਵਾਰ ਦੇ ਕਿਸੇ ਮੁੰ
ਦੇਣਗੇ। ਇਸ ਰਿਸ਼ਤੇ ਨੂੰ ਧਨੀ ਪੋਠੋਹਾਰ ਵਿਚ 'ਦੂ
ਕਿਹਾ ਜਾਂਦਾ ਹੈ।

ਵੱਟਾ ਸੱਟਾ ਕਈ ਢੰਗਾਂ ਦਾ ਹੁੰਦਾ ਹੈ। ਮੁਜ਼ਫ
ਦੇ ਜ਼ਿਲੇ ਵਿਚ ਤਿੰਨ ਤਰ੍ਹਾਂ ਦਾ ਵੱਟਾ ਸੱਟਾ ਪ੍ਰਚਲਤ ਸੀ

(ੳ) ਆਹਮੋ ਸਾਹਮਣਾ : ਦੋਵੇਂ ਧਿਰਾਂ ਆਪੋ ਆ
ਕੰਨਿਆਂ ਦਾ ਨਾਤਾ ਦੂਜੀ ਧਿਰ ਦੇ ਮੁੰਡੇ ਨੂੰ ਦੇਂਦੀਆਂ
ਇਸ ਨੂੰ ਦੂਹਰਾ ਰਿਸ਼ਤਾ ਵੀ ਕਹਿੰਦੇ ਹਨ।

(ਅ) ਤ੍ਰੈਭੰਜ : ਜਿਥੇ ਤਿੰਨ ਧਿਰਾਂ ਵਿਹਾਰ ਸ
ਹੋਵੇ ਤੇ ਇਕ ਧਿਰ ਦੂਜੀ ਨੂੰ, ਦੂਜੀ ਧਿਰ, ਤੀਜੀ
ਤੀਜੀ ਧਿਰ ਪਹਿਲੀ ਦੇ ਮੁੰਡੇ ਨੂੰ ਆਪਣੀ ਕੰਨਿਆਂ ਦੇਵੇ

(ੲ) ਚੌਭੰਜ : ਜਿਥੇ ਚਾਰ ਧਿਰਾਂ ਵਿਚ ਸ

**3. ਟੱਕੇ ਦਾ ਨਾਤਾ** : ਇਸ ਨਾਤੇ ਵਿਚ ਕੰਨਿਆਂ ਵਾਲੇ, ਆਪਣੀ ਧੀ-ਭੈਣ ਦਾ ਮੁੰਡੇ ਵਾਲਿਆਂ ਤੋਂ ਪੈਸਾ ਲੈਂਦੇ ਹਨ। ਜਿਥੇ ਆਪਸੀ ਇਤਬਾਰ ਹੋਵੇ, ਉਥੇ ਅੰਦਰੋ ਅੰਦਰੀ ਪੈਸੇ ਦੀ ਲੈ ਦੇ ਕਰ ਲਈ ਜਾਂਦੀ ਹੈ ਤੇ ਬਾਹਰ ਇਹੋ ਕਿਹਾ ਜਾਂਦਾ ਹੈ ਕਿ ਨਾਤਾ ਧਰਮ ਦਾ ਹੈ। ਪਰ ਜਿਥੇ ਕਿਥੇ ਆਪਸੀ ਵਿਸ਼ਵਾਸ਼ ਘਟ ਹੋਵੇ, ਉਥੇ ਖੁਲ੍ਹੇ ਤੌਰ ਤੇ ਟੱਕੇ ਚੁਕਾ ਲਏ ਜਾਂਦੇ ਹਨ। ਅੱਧੇ ਟੱਕੇ ਕੁੜਮਾਈ ਵੇਲੇ ਦਿਤੇ ਜਾਂਦੇ ਹਨ ਤੇ ਬਾਕੀ ਅੱਧੇ ਵਿਆਹ ਸਮੇਂ।

(ਨ-74) **ਨਾਤੀਆ ਮਾਹੀਆ** :

ਮਾਹੀਏ ਦੀ ਇਕ ਸ਼ੈਲੀ, ਜਿਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ, ਕੀਰਤੀ ਗਾਈ ਹੈ। ਇਸ ਵੰਨਗੀ ਦਾ ਮਾਹੀਆ ਵਧੇਰੇ ਕਰ ਕੇ ਪੱਛਮੀ ਪੰਜਾਬ ਦੇ ਮੁਸਲਮਾਨਾਂ ਵਿਚ ਪ੍ਰਚਲਤ ਹੈ, ਜੋ ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣਾ ਮਾਹੀ ਮੰਨ ਕੇ, ਉਨ੍ਹਾਂ ਪ੍ਰਤੀ ਆਪਣੀ ਸ਼ਰਧਾ ਤੇ ਪ੍ਰੇਮ ਭਾਵਨਾਵਾਂ ਪ੍ਰਗਟ ਕਰਦੇ ਹਨ। ਮੁਸਲਮਾਨਾਂ ਵਿਚ ਹਜ਼ਰਤ ਸਾਹਿਬ ਦੀਆਂ ਨਾਅਤਾਂ ਗਾਉਣ ਦੀ ਪ੍ਰਥਾ ਹੈ ਤੇ ਉਨ੍ਹਾਂ ਨੇ ਮਾਹੀਏ ਦੇ ਕਾਵਿ-ਰੂਪ ਨੂੰ ਮਾਧਿਅਮ ਬਣਾਇਆ। 'ਨਾਤੀਆ ਮਾਹੀਆ' ਲੋਕ ਭਾਵਨਾ ਤੋਂ ਧਰਮ ਭਾਵਨਾ ਵਲ ਦੀ ਯਾਤਰਾ ਦਾ ਇਕ ਨਮੂਨਾ ਹੈ। ਵੰਨਗੀ ਲਈ ਇਕ ਟੱਪਾ ਦਿਤਾ ਜਾਂਦਾ ਹੈ :

ਬਾਗੇ ਵਿਚ ਆਰੀ ਆ
ਅਗੇ ਰਸੂਲ ਅਲਾਹ
ਪਿਛੇ ਉਮਤ ਸਾਰੀ ਆ।

(ਨ-75) **ਨਾਥ ਸੇਵਕ** :

ਹਿੰਦੂ ਨਾਥਾਂ ਦੀ ਇਕ ਸੰਪਰਦਾਇ; ਦੇਸ਼ ਵੰਡ ਤੋਂ ਪਹਿਲਾਂ ਇਹ ਲੋਕ ਬਹਾਵਲਪੁਰ ਰਿਆਸਤ, ਅਹਿਮਦਪੁਰ ਪੂਰਬ, ਅਹਿਮਦਪੁਰ ਲੰਮਾ, ਖਾਨਬੇਲਾ ਤੇ ਇਸਦੇ ਨਾਲ ਲਗਦੇ ਇਲਾਕਿਆਂ ਵਿਚ ਆਮ ਮਿਲਦੇ ਸਨ। ਇਹ ਮੜ੍ਹੀਆਂ ਦੇ ਨੇੜੇ ਰਿਹਾ ਕਰਦੇ ਅਤੇ ਮੜ੍ਹੀ-ਪੂਜ ਸਨ। ਇਨ੍ਹਾਂ ਦੇ ਦੋ ਵੱਡੇ ਉਤਸਵ ਦੇਵੀ ਦੇ ਨੌਰਾਤੇ ਸਨ ਜੋ ਇਹ ਅਸੂ ਸੁਦੀ ਅਸ਼ਟਮੀ ਤੇ ਚੇਤ ਸੁਦੀ ਅਸ਼ਟਮੀ ਨੂੰ ਮਨਾਉਂਦੇ ਸਨ। ਇਨ੍ਹਾਂ ਪੁਰਬਾਂ ਉਤੇ ਨਾਥ ਸੇਵਕ ਸੰਪਰਦਾਇ ਦੇ ਮਰਦ ਤੇ ਇਸਤ੍ਰੀਆਂ ਮੜ੍ਹੀਆਂ ਵਿਚ ਇਕੱਠੇ ਹੁੰਦੇ ਅਤੇ ਕਈ ਵਿਲਾਸੀ ਵਿਧੀਆਂ ਨਾਲ ਉਪਾਸਨਾ ਕਰਦੇ ਸਨ। [illegible] ਠੰਡੀ ਹੋਣ ਇਕ ਸੋਟੀ ਜਿਸ ਨੂੰ ਬੈਰਾਗਨ ਕਹਿੰਦੇ ਸਨ, ਰਖੀ ਜਾਂਦੀ ਸੀ। ਕਈ ਨਾਥ ਸੇਵਕ ਆਪਣੇ ਮੁਰਦੇ ਜਲ-ਪ੍ਰਵਾਹ ਕਰਦੇ ਸਨ (ਬਹਾਵਲਪੁਰ ਗਜ਼ਟੀਅਰ, ਪੰਨਾ 182)।

ਦੇਸ਼ ਵੰਡ ਤੋਂ ਮਗਰੋਂ ਨਾਥ ਸੇਵਕ ਪੂਰਬੀ ਪੰਜਾਬ ਵਿਚ ਆ ਵਸੇ, ਪਰ ਇਨ੍ਹਾਂ ਦੀ ਨਵੇਕਲੀ ਹੋਂਦ ਕਾਇਮ ਨਾ ਰਹਿ ਸਕੀ।

(ਨ-76) **ਨਾਥਾਂ ਦੇ ਪੰਥ** :

ਨਾਥ ਮਤ ਦੇ ਅਨੁਯਾਈਆਂ ਵਿਚ ਸਮੇਂ ਦੇ ਗੇੜ ਨਾਲ, 12 ਸੰਪਰਦਾਵਾਂ ਵਧੇਰੇ ਪ੍ਰਸਿਧ ਹੋ ਗਈਆਂ। ਇਨ੍ਹਾਂ ਨੂੰ 'ਬਾਰਾ ਪੰਥ' ਕਿਹਾ ਜਾਂਦਾ ਹੈ ਤੇ ਇਹ ਸਾਰੇ ਪੰਥ ਗੋਰਖ ਨਾਥ ਨੂੰ ਹੀ ਆਪਣਾ ਪ੍ਰਮੁਖ ਗੁਰੂ ਮੰਨਦੇ ਹਨ। ਇਨ੍ਹਾਂ ਪੰਥਾਂ ਵਿਚ ਬਹੁਤਾ ਅੰਤਰ ਨਹੀਂ। ਕਿਸੇ ਪੰਥ ਵਿਚ ਜੋਗ ਨਾਲ ਸਬੰਧਿਤ ਇਕ ਖਾਸ ਗੱਲ ਉਤੇ ਵਧੇਰੇ ਬਲ ਦਿਤਾ ਗਿਆ ਹੈ ਤੇ ਦੂਜੇ ਪੰਥ ਵਿਚ ਦੂਜੀ ਗੱਲ ਉਤੇ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਨਾਥਾਂ ਦੀਆਂ ਬਾਰਾਂ ਸੰਪਰਦਾਵਾਂ ਵਲ ਕਈ ਥਾਈਂ ਸੰਕੇਤ ਮਿਲਦਾ ਹੈ :

ਬਾਰਹ ਮਹਿ ਰਾਵਲ ਖਪ ਜਾਵਹਿ,
ਚਹੁ ਛੇ ਮਹਿ ਸੰਨਿਆਸੀ।

ਇਸ ਤੋਂ ਸਿਧ ਹੁੰਦਾ ਹੈ ਕਿ ਗੁਰੂ ਕਾਲ ਦੇ ਸਮੇਂ ਨਾਥਾਂ ਦੇ ਬਾਰਾਂ ਪੰਥ ਕਾਫ਼ੀ ਪ੍ਰਸਿਧ ਸਨ। ਭਾਈ ਗੁਰਦਾਸ ਨੇ ਵੀ ਪਹਿਲੀ ਵਾਰ (੧੯ਵੀਂ ਪਉੜੀ) ਵਿਚ ਯੋਗ ਦੇ ਬਾਰਾਂ ਪੰਥਾਂ ਦਾ ਜ਼ਿਕਰ ਕੀਤਾ ਹੈ।

ਨਾਥ ਦੇ ਬਾਰਾਂ ਪੰਥਾਂ ਬਾਰੇ ਸਭ ਵਿਦਵਾਨ ਇਕ ਮਤ ਨਹੀਂ। ਡਾ. ਰਤਨ ਸਿੰਘ ਜੱਗੀ ਨੇ 'ਵਾਰਾਂ ਭਾਈ ਗੁਰਦਾਸ ਸਬਦ ਅਨੁਕ੍ਰਮਣਿਕਾ ਅਤੇ ਕੋਸ਼' ਵਿਚ ਲਿਖਿਆ ਹੈ : ਹੇਤੁ, ਪਾਵ, ਆਈ, ਗਮਯ, ਪਾਗਲ, ਗੋਪਾਲ, ਕੰਥੜੀ, ਬਨ, ਧਵਜ, ਚੋਲੀ, ਚਾਵਲ ਤੇ ਦਾਸ ਪੰਥ। ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਪੰਨਾ 640 ਵਿਚ ਨਾਥਾਂ ਦੇ ਇਹੋ ਬਾਰਾਂ ਪੰਥ ਗਿਣਾਏ ਹਨ।

ਪਰ ਡਾਕਟਰ ਕੇਸ਼ਨੀ ਪ੍ਰਸਾਦ ਨੇ ਉਤਰੀ ਭਾਰਤ ਦੀ ਸੰਤ ਪਰੰਪਰਾ ਵਿਚ (ਪੰਨਾ 58-59) ਜੋਗੀਆਂ ਦੇ ਜੋ ਨਾਂ ਦਿਤੇ ਹਨ, ਉਹ ਇਨ੍ਹਾਂ ਨਾਂਵਾਂ ਨਾਲੋਂ ਬਿਲਕੁਲ ਵੱਖਰੇ ਹਨ। ਇਨ੍ਹਾਂ ਦੋਹਾਂ ਸੂਚੀਆਂ ਵਿਚ ਆਈ, ਧਵਜ, ਪਾਗਲ ਤੇ ਰਾਵਲ ਪੰਥ ਹੀ ਸਾਂਝੇ ਹਨ। ਡਾਕਟਰ ਕੇਸ਼ਨੀ ਅਨੁਸਾਰ ਨਾਥਾਂ ਦੇ ਪੰਥ ਇਹ ਹਨ :

1. ਸਤਯ ਨਾਥ ਪੰਥ : ਇਸ ਦੇ ਮੋਢੀ ਸਤਯਨਾਥ ਹਨ

3. ਕਪਿਲਾਨੀ ਪੰਥ : ਮੁਖ ਅਸਥਾਨ ਗੰਗਾ ਸਾਗਰ ਦੇ ਨੇੜੇ, ਦਮਦਮਾ ਤੇ ਗੋਰਖੀ ਵੰਸ਼ੀ ਹੈ।

4. ਰਾਮ ਨਾਥ ਪੰਥ : ਇਸ ਦੇ ਮੋਢੀ ਸੰਤੋਖ ਨਾਥ ਮੰਨੇ ਜਾਂਦੇ ਹਨ, ਮੁਖ ਅਸਥਾਨ ਗੋਰਖਪੁਰ ਹੈ।

5. ਲਕਸ਼ਮਨ ਨਾਥ ਪੰਥ : ਇਸ ਨੂੰ ਨਟੇਸ਼ਵਰ ਪੰਥ ਵੀ ਕਹਿੰਦੇ ਹਨ, ਮੁਖ ਅਸਥਾਨ ਜਿਹਲਮ ਜ਼ਿਲੇ ਵਿਚ ਗੋਰਖਨਾਥ ਦਾ ਟਿੱਲਾ ਹੈ, ਜਿਥੇ ਰਾਂਝਾ ਜੋਗ ਪ੍ਰਾਪਤ ਕਰਨ ਗਿਆ ਸੀ।

6. ਵੈਰਾਗ ਪੰਥ : ਇਸ ਦੇ ਮੋਢੀ ਭਰਥਰੀ ਨਾਥ ਮੰਨੇ ਜਾਂਦੇ ਹਨ। ਮੁਖ ਅਸਥਾਨ ਪੁਸ਼ਕਰ ਤੋਂ 6 ਕੁ ਮੀਲ ਪੱਛਮ ਵਲ ਰਾਤਾ ਡੂੰਗਾ ਹੈ।

(ਨ-77) **ਨਾਦਰ ਸ਼ਾਹ** :

(ਵੇਖੋ : ਨਾਦਰ ਕੁਲੀ)।

(ਨ-78) **ਨਾਦਰ ਕੁਲੀ :**

ਨਾਦਰ ਕੁਲੀ ਪੰਜਾਬ ਦੇ ਅਖਾਣਾਂ ਤੇ ਲੋਕ ਗੀਤ ਦਾ ਵਿਸ਼ਾ ਰਿਹਾ ਹੈ। ਨਾਦਰ ਸ਼ਾਹ ਬਾਰੇ ਇਕ ਅਖਾਣ ਇਉਂ ਪ੍ਰਚਲਤ ਹੈ ਜੋ ਨਾਦਰ ਸ਼ਾਹ ਦੀ ਲੁਟ ਖਸੁਟ ਵਲ ਸੰਕੇਤ ਕਰਦਾ ਹੈ :

ਖਾਧਾ ਪੀਤਾ ਲਾਹੇ ਦਾ
ਰਹਿੰਦਾ ਨਾਦਰ ਸ਼ਾਹੇ ਦਾ।

ਇਕ ਪੰਜਾਬੀ ਗੀਤ ਵਿਚ ਨਾਦਰ ਸ਼ਾਹ ਦੇ ਧਾੜੇ ਦਾ ਵਰਨਣ ਬੜਾ ਮਾਰਮਿਕ ਹੈ :

ਆਇਆ ਨਾਦਰ ਕੁਲ ਕੁੜੇ
ਕਪਾਹੀਂ ਪੈਂਦੇ ਫੁਲ ਕੁੜੇ
ਰੰਨਾਂ ਚੜ੍ਹ ਪਹਾੜੀ ਗਈਆਂ
ਮਰਦਾਂ ਮਲੀ ਚੁਲ੍ਹ ਕੁੜੇ
ਮੁੜਿਆ ਨਾਦਰ ਕੁਲ ਕੁੜੇ
ਸਰ੍ਹੋਂ ਸੜਿੰਦੇ ਫੁਲ ਕੁੜੇ
ਦਿਲੀ ਰੰਡ ਕਰ ਆਇਆ
ਸਾਡੀ ਠੰਢੀ ਚੁਲ੍ਹ ਕੁੜੇ।

ਨਾਦਰ ਸ਼ਾਹ ਵਾਪਸ ਜਾਂਦਿਆਂ ਧਨ ਦੌਲਤ ਦੇ ਨਾਲ, ਅਨੇਕਾਂ ਮੁਟਿਆਰਾਂ ਨਾਲ ਲੈ ਗਿਆ। ਨਾਦਰ ਦੇ ਹੱਲੇ ਸਮੇਂ ਕੁੜੀਆਂ ਦੀ ਜੋ ਬੇਪਤੀ ਹੋਈ, ਉਸ ਦਾ ਜ਼ਿਕਰ ਇਕ ਲੋਕ-ਗੀਤ ਵਿਚ ਇਉਂ ਮਿਲਦਾ ਹੈ :

ਆਇਆ ਨਾਦਰ
ਫਟੀ ਚਾਦਰ,
ਬਾਹੋਂ ਚੂੜਾ ਲਹਿਆ ਕੁੜੇ,
ਕੋ ਅਸਾਡਾ ਰਹਿਆ ਕੁੜੇ।
ਆਇਆ ਨਾਦਰ
ਲੀਕਾਂ ਚਾਦਰ,
ਪੈਰੀਂ ਪਈ ਬਿਆਈ ਕੁੜੇ,
ਵਿਚ ਗਲੀਆਂ ਪੱਤ ਗਵਾਈ ਕੁੜੇ।
ਆਇਆ ਨਾਦਰ
ਢਹਿ ਪਈ ਚਾਦਰ,
ਬਾਬਲ ਨੀਵੀਂ ਧੌਣ ਕੁੜੇ,
ਗਲੀਆਂ ਦੇ ਕੱਖ ਰੋਣ ਕੁੜੇ।

ਨਾਦਰ ਕੁਲੀ ਜੋ ਮਗਰੋਂ ਨਾਦਰ ਸ਼ਾਹ ਪ੍ਰਸਿਧ ਹੋਇਆ ... ਇਮਾਮ ਕੁਲੀ ਦੇ ਘਰ ਦਸੰਬਰ 1688 ਨੂੰ ਦਸਤਗੜ੍ਹ ... ਕਿਲ੍ਹੇ ਵਿਚ ਜੰਮਿਆ, ਜੋ ਖੁਰਾਸਾਨ ਦੀ ਰਾਜਧਾਨੀ ਮਸ਼ ... ਮਸ਼ਹਦ ਤੋਂ 50 ਕੁ ਮੀਲਾਂ ਦੀ ਦੂਰੀ ਤੇ ਹੈ। ਨਾਦਰ ਕੁ... ਦਾ ਪਿਤਾ ਅਫ਼ਸਰ ਕਬੀਲੇ ਦਾ ਸਰਦਾਰ ਸੀ ... ਦਸਮਗੜ੍ਹ ਕਿਲ੍ਹੇ ਦਾ ਵਡਾ ਅਧਿਕਾਰੀ ਸੀ। ਛੋਟੀ ਉ... ਵਿਚ ਹੀ ਪਿਤਾ ਦਾ ਦੇਹਾਂਤ ਹੋ ਜਾਣ ਕਾਰਨ, ਇਸ ਨੂੰ ਕ... ਮੁਸੀਬਤਾਂ ਝਾਗਣੀਆਂ ਪਈਆਂ। ਪਰ ਛੇਤੀ ਹੀ ... ਆਪਣੀ ਸੂਝ ਤੇ ਪ੍ਰਾਕ੍ਰਮ ਨਾਲ ਪਹਿਲਾਂ ਫ਼ਾਰਸ ਦਾ ... ਮਗਰੋਂ ਕਾਬਲ ਕੰਧਾਰ ਦਾ ਬਾਦਸ਼ਾਹ ਬਣ ਗਿਆ। ਇਸ... 1739 ਈ. ਵਿਚ ਭਾਰਤ 'ਤੇ ਧਾਵਾ ਬੋਲਿਆ ਅਤੇ ਲੁਟ... ਕਰਦਾ ਦਿੱਲੀ ਪਹੁੰਚਿਆ। ਦਿੱਲੀ ਦੇ ਮੁਗ਼ਲ ਬਾਦਸ਼... ਮੁਹੰਮਦ ਸ਼ਾਹ ਨੇ ਇਸ ਦੀ ਈਨ ਮੰਨ ਲਈ। ਪਰ ... ਨੇ ਦਿੱਲੀ ਵਿਚ ਅਫ਼ਵਾਹ ਉਡਾ ਦਿਤੀ ਕਿ ਨਾਦਰ ... ਕਤਲ ਹੋ ਗਿਆ ਹੈ, ਜਿਸ ਤੇ ਦਿੱਲੀ ਵਾਸੀਆਂ ... ਨਾਦਰ ਸ਼ਾਹ ਦੇ ਕੁਝ ਸਿਪਾਹੀ ਮਾਰ ਸੁਟੇ। ਜ... ਨਾਦਰ ਸ਼ਾਹ ਨੂੰ ਇਸ ਗੱਲ ਦੀ ਖ਼ਬਰ ਮਿਲੀ, ਤਾਂ ... ਦਿੱਲੀ ਵਿਚ ਕਤਲਾਮ ਦਾ ਹੁਕਮ ਦਿਤਾ। ਨੌਂ ... ਕਤਲਾਮ ਰਿਹਾ ਜਿਸ ਵਿਚ ਹਜ਼ਾਰਾਂ ਆਦਮੀ ਵੱਢੇ ਗਏ।

ਦਿੱਲੀ ਤੋਂ ਵਾਪਸ ਜਾਂਦਿਆਂ ਨਾਦਰ ਸ਼ਾਹ ਤ... ਤਾਊਸ, ਕੋਹਨੂਰ ਹੀਰਾ ਤੇ ਕਈ ਹੋਰ ਕੀਮਤੀ ਚੀਜ਼ਾਂ ... ਲੈ ਗਿਆ। ਕਹਿੰਦੇ ਹਨ, ਨਾਦਰ ਸ਼ਾਹ ਨੇ ਕੋਹਨੂਰ ... ਦੀ ਬੜੀ ਖੋਜ ਕੀਤੀ, ਪਰ ਉਸ ਨੂੰ ਕਿਧਰੋਂ ਵੀ ਨਾ ਲੱਭ... ਨਾਦਰ ਸ਼ਾਹ ਨੂੰ ਸੂਹਿਆਂ ਨੇ ਦਸਿਆ ਕਿ ਇਹ ਹੀਰਾ ਮੁਹ...

ਕੀਤੀ। ਮੁਹੰਮਦ ਸ਼ਾਹ ਉਜ਼ਰ ਨਾ ਕਰ ਸਕਿਆ ਤੇ ਇਸ ਤਰ੍ਹਾਂ ਕੋਹਨੂਰ ਹੀਰਾ ਨਾਦਰ ਸ਼ਾਹ ਦੇ ਹੱਥ ਆ ਗਿਆ।

ਲੌਂਗ ਵਰਥ ਡੇਮਜ਼ ਨੇ ਨਾਦਰ ਸ਼ਾਹ ਬਾਰੇ ਇਕ ਦਿਲਚਸਪ ਕਥਾ ਫੋਕਲੋਰ (1897) ਜਿਲਦ 8, ਪੰਨਾ 78-79 ਉੱਤੇ ਦਿਤੀ ਹੈ ਜੋ ਉਸ ਬਲੋਚਾਂ ਤੋਂ ਸੁਣੀ। ਇਸ ਕਥਾ ਅਨੁਸਾਰ ਨਾਦਰ ਸ਼ਾਹ ਦਾ ਸਾਹ ਇਤਨਾ ਜ਼ਹਿਰੀਲਾ ਸੀ ਕਿ ਜਿਨ੍ਹਾਂ ਦੋ ਮੁਟਿਆਰਾਂ ਨੇ, ਉਸ ਦੇ ਦੰਦ ਸਾਫ਼ ਕੀਤੇ ਸਨ, ਉਨ੍ਹਾਂ ਵਿਚੋਂ ਇਕ ਤਾਂ ਥਾਂ ਸਿਰ ਹੀ ਮਰ ਗਈ ਤੇ ਦੂਜੀ ਮੋਈ ਮੋਈ ਬਚੀ।

ਨਾਦਰ ਸ਼ਾਹ 20 ਜੂਨ ਸੰਨ 1747 ਨੂੰ ਕੂਚਾਨ ਦੇ ਨੇੜੇ ਇਕ ਕੈਂਪ ਵਿਚ ਸੁਤਿਆਂ ਪਿਆਂ ਕਤਲ ਕਰ ਦਿਤਾ ਗਿਆ। ਉਸ ਦੀ ਕਬਰ ਮਸ਼ਹਦ ਵਿਚ ਹੈ।

ਨਾਦਰ ਸ਼ਾਹ ਵਰਗੀ ਲੁਟ ਖਸੁਟ ਤੇ ਜਬਰ; ਨਾਦਰ ਸ਼ਾਹ ਨੇ ਭਾਰਤ ਦੇ ਲੋਕਾਂ ਉੱਤੇ ਜੋ ਅਤਿਆਚਾਰ ਢਾਹੇ, ਉਸਦੀ ਯਾਦ ਵਿਚ ਵਾਕੰਸ਼ ਵਿਚ ਹੁਣ ਤਕ ਸੰਭਾਲੀ ਹੋਈ ਹੈ: ਨਾਦਰਸ਼ਾਹੀ ਲੁਟ।

(ਨ-79) **ਨਾਨਕ ਸਰ :**

ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਤਾਲ ਕਈ ਥਾਂ ਮਿਲਦੇ ਹਨ, ਜੋ ਨਾਨਕ ਸਰ ਦੇ ਨਾਂ ਨਾਲ ਪ੍ਰਸਿਧ ਹਨ। ਇਨ੍ਹਾਂ ਤਾਲਾਂ ਦਾ ਜਲ ਬੜਾ ਪਵਿਤ੍ਰ ਮੰਨਿਆ ਗਿਆ ਹੈ। ਭਾਰਤੀ ਪੰਜਾਬ ਵਿਚ ਅਨੇਕਾਂ ਨਾਨਕ ਸਰ ਮਿਲਦੇ ਹਨ :

1. ਡੇਹਰਾ ਬਾਬਾ ਨਾਨਕ ਵਿਚ ਗੁਰਦਵਾਰਾ ਸ੍ਰੀ ਦਰਬਾਰ ਸਾਹਿਬ ਦੀ ਉੱਤਰ ਪੂਰਬੀ ਗੁੱਠ ਵਿਚ, ਇਕ ਸਰੋਵਰ ਹੈ, ਜੋ 25 ਕੁ ਫੁਟ ਵਰਗ ਹੈ। ਇਸ ਸਰੋਵਰ ਵਿਚ ਪਾਣੀ ਅਜਿਤੇ ਰੰਧਾਵੇ ਦੇ ਖੂਹ ਵਿਚੋਂ ਮੋਟਰ ਦੁਆਰਾ ਪਾਇਆ ਜਾਂਦਾ ਹੈ। ਇਸ ਸਰ ਦਾ ਜਲ ਬੜਾ ਪਾਵਨ ਮੰਨਿਆ ਗਿਆ ਹੈ।

2. ਵੇਰਕਾ (ਅੰਮ੍ਰਿਤਸਰ) ਤੋਂ ਲਹਿੰਦੇ ਵਲ ਇਕ ਗੁਰੂ ਨਾਨਕ ਦੇਵ ਜੀ ਦਾ ਗੁਰਦਵਾਰਾ ਹੈ, ਜਿਸ ਦੇ ਨਾਲ ਇਕ ਨਿੱਕਾ ਜਿਹਾ ਸਰੋਵਰ ਵੀ ਹੈ। ਗੁਰੂ ਨਾਨਕ ਦੇਵ ਜੀ ਬਟਾਲੇ ਵਲ ਜਾਂਦੇ ਇਥੇ ਠਹਿਰੇ ਸਨ।

3. ਬੰਗੇ ਦੇ ਇਕ ਪਿੰਡ ਹਕੀਮਪੁਰ ਵਿਚ ਗੁਰੂ ਹਰਿਰਾਇ ਸਾਹਿਬ ਦੇ ਗੁਰਦਵਾਰੇ ਕੋਲ ਇਕ ਸੁੰਦਰ ਤਲਾਬ ਹੈ। ਇਥੇ ਗੁਰੂ ਨਾਨਕ ਦੇਵ ਜੀ ਨੇ ਪਾਵਨ ਚਰਨ ਪਾਏ ਸਨ।

4. ਨਿਹਾਲ ਸਿੰਘ ਵਾਲੇ ਦੇ ਇਕ ਪਿੰਡ ਤਖਤਪੁਰਾ

ਕੁਝ ਨਾਨਕ ਸਰ ਪਾਕਿਸਤਾਨੀ ਪੰਜਾਬ ਵਿਚ ਹਨ :

1. ਨਨਕਾਣੇ ਦਾ ਤਾਲ ਜੋ ਰਾਇ ਬੁਲਾਰ ਨੇ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਖੁਦਵਾਇਆ ਸੀ। ਇਥੇ ਛੇਵੇਂ ਗੁਰੂ ਨਨਕਾਣੇ ਦੀ ਯਾਤ੍ਰਾ ਸਮੇਂ ਠਹਿਰੇ ਸਨ।

2. ਖਾਰੀਆਂ (ਜ਼ਿਲਾ ਗੁਜਰਾਤ) ਦੇ ਡਿੰਗੇ ਪਿੰਡ ਵਿਚ, ਇਕ ਗੁਰੂ ਨਾਨਕ ਦੇਵ ਜੀ ਦਾ ਅਸਥਾਨ, ਜਿਸ ਨਾਲ ਤਾਲ ਹੈ।

3. ਹੜੱਪਾ ਤੋਂ ਪੌਣਾ ਮੀਲ ਦੱਖਣ ਵਲ ਗੁਰੂ ਨਾਨਕ ਦੇਵ ਜੀ ਦਾ ਇਕ ਅਸਥਾਨ। ਦੇਸ ਵੰਡ ਤੋਂ ਪਹਿਲਾਂ ਇਸ ਥਾਂ ਚੇਤਰ ਦੀ 1, 2, 3 ਨੂੰ ਭਾਰੀ ਮੇਲਾ ਲਗਦਾ ਸੀ।

4. ਸਾਹੋਵਾਲ (ਸਿਆਲਕੋਟ) ਵਿਚ, ਜੋ ਉਥੋਂ ਕੀ ਰੇਲਵੇ ਸਟੇਸ਼ਨ ਤੋਂ ਤਿੰਨ ਮੀਲ ਦੱਖਣ-ਪੱਛਮ ਵਲ, ਇਕ ਗੁਰਦਵਾਰਾ ਹੈ, ਜਿਥੇ ਸਿਆਲਕੋਟ ਤੋਂ ਆਉਂਦੇ ਹੋਏ ਗੁਰੂ ਨਾਨਕ ਦੇਵ ਜੀ ਸੱਤ ਦਿਨ ਠਹਿਰੇ ਸਨ, ਇਥੇ ਉਸ ਸਮੇਂ ਇਕ ਤਾਲ 25 ਘੁਮਾਉਂ ਵਿਚ ਸੀ।

(ਨ-80) **ਨਾਨਕ ਚੱਕ** :

ਇਕ ਨਗਰ, ਜੋ ਬਟਾਲੇ ਤੋਂ ਫ਼ਤਹਗੜ੍ਹ ਚੂੜੀਆਂ ਵਲ ਜਾਂਦੀ ਸੜਕ ਉੱਤੇ ਸਥਿਤ ਹੈ ਅਤੇ ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਨੇ ਵਸਾਇਆ। ਜਹਾਂਗੀਰ ਦੇ ਸੱਦੇ ਤੇ ਜਦੋਂ ਬਾਬਾ ਸ੍ਰੀ ਚੰਦ ਦਿੱਲੀ ਗਏ ਤਾਂ ਉਥੇ ਉਨ੍ਹਾਂ ਨੇ ਕਈ ਮੋਅਜਜ਼ੇ ਵਿਖਾਏ। ਜਿਸ ਤੋਂ ਜਹਾਂਗੀਰ ਨੂੰ, ਉਨ੍ਹਾਂ ਦੇ 'ਕਰਣੀ ਵਾਲੇ ਫ਼ਕੀਰ' ਹੋਣ ਦਾ ਗਿਆਨ ਹੋ ਗਿਆ। ਜਹਾਂਗੀਰ ਨੇ ਪ੍ਰਸੰਨ ਹੋ ਕੇ ਬਾਬਾ ਸ੍ਰੀ ਚੰਦ ਨੂੰ ਕੁਝ ਭੇਂਟ ਦਿਤੀ, ਜਿਸ ਤੇ ਬਾਬਾ ਸ੍ਰੀ ਚੰਦ ਨੇ 'ਨਾਨਕ ਚੱਕ' ਨਾਂ ਦਾ ਨਗਰ ਵਸਾਇਆ।

ਨਾਨਕ ਚੱਕ ਦੇ ਇਸ ਗੁਰਦਵਾਰੇ ਵਿਚ ਸ੍ਰੀ ਚੰਦ ਦੀ ਸੰਗਮਰਮਰ ਦੀ ਮੂਰਤੀ ਹੈ। ਇਸ ਗੁਰਦਵਾਰੇ ਵਿਚ ਇਕ ਪੁਰਾਣਾ ਬੋਹੜ ਹੈ, ਜੋ ਬੜਾ ਪਾਵਨ ਮੰਨਿਆ ਜਾਂਦਾ ਹੈ। ਇਹ ਬੋਹੜ ਬਾਹਰ ਵਲ ਵਧਦਾ ਜਾ ਰਿਹਾ ਹੈ। ਇਥੋਂ ਤਿੰਨ ਫ਼ਰਲਾਂਗ ਉੱਤੇ ਵਸਦੇ ਪਿੰਡ ਜਾ ਕਲਾ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਬੋਹੜ ਕਿਸੇ ਦਿਨ ਉਨ੍ਹਾਂ ਦੇ ਪਿੰਡ ਤਕ ਪਹੁੰਚ ਜਾਵੇਗਾ।

(ਨ-81) **ਨਾਨਕ ਵਾਲੀ (ਨਾਨਕੀ ਛੱਕ) :**

ਵਿਆਹ ਦੇ ਮੌਕੇ 'ਤੇ ਲਾੜੀ ਦੇ ਨਾਨਕੇ ਲਾੜੀ ਨੂੰ

'ਨਾਨਕੀ ਛੱਕ' ਵੀ ਕਹਿੰਦੇ ਹਨ।

ਨਾਨਕੀ ਛੱਕ ਵਿਚ ਸੁਹਾਗ ਦਾ ਚੂੜਾ ਵੀ ਹੁੰਦਾ ਹੈ, ਜੋ ਮਾਮੇ ਕੰਨਿਆਂ ਦੀਆਂ ਬਾਹਵਾਂ ਵਿਚ ਚਾੜ੍ਹਦੇ ਹਨ। ਨਾਨਕੀ ਛੱਕ ਵਿਚ ਕੰਨਿਆਂ ਦੀ ਮਾਂ ਲਈ ਤ੍ਰੇਵਰ ਵੀ ਹੁੰਦਾ ਹੈ, ਜੋ ਉਹ ਵਿਆਹ ਅਥਵਾ ਫੇਰਿਆਂ ਸਮੇਂ ਪਹਿਨਦੀ ਹੈ। ਇਹ ਸਭ ਵਸਤੂਆਂ ਅਸਲ ਵਿਚ ਨਾਨਕਿਆਂ ਵਲੋਂ ਕੰਨਿਆ ਦੇ ਦਾਜ ਵਿਚ ਪਾਇਆ ਆਪਣਾ ਹਿੱਸਾ ਹੁੰਦਾ ਹੈ।

ਪਹਿਲਿਆਂ ਵਿਚ ਨਾਨਕੀ ਛੱਕ ਦੀ ਬੜੀ ਵਿਸ਼ੇਸ਼ਤਾ ਹੁੰਦੀ ਸੀ। ਜਦੋਂ ਨਾਨਕੀ ਛੱਕ ਆਉਂਦੀ ਤਾਂ ਸਾਰੀ ਬਰਾਦਰੀ ਵੇਖਣ ਲਈ ਇਕੱਠੀ ਹੁੰਦੀ। ਨਾਨਕੀ ਛੱਕ ਅੱਧਾ ਦਾਜ ਹੁੰਦਾ ਸੀ।

ਨਾਨਕੀ ਛੱਕ ਬਾਰੇ ਕਈ ਲੋਕ-ਗੀਤ ਵੀ ਮਿਲਦੇ ਹਨ। ਇਕ ਗੀਤ ਅਨੁਸਾਰ ਨਾਨਾ ਨਾਨੀ ਤਾਂ ਚੋਖਾ ਕੁਝ ਦੇਣਾ ਚਾਹੁੰਦੇ ਹਨ, ਪਰ ਮਾਮੀਆਂ ਬਹੁਤੀ ਵੱਡੀ ਛੱਕ ਦੇ ਕੇ ਖ਼ੁਸ਼ ਨਹੀਂ ਹੁੰਦੀਆਂ।

ਨਾਨੀ ਸਤਪੁਤਰੀ ਕਤਿਆ
ਨਾਨੇ ਠੋਕ ਉਣਾਇਆ
ਦੇਵਣ ਦਾ ਵੇਲਾ ਆਇਆ
ਤਾਂ ਮਾਮੀ ਝਗੜਾ ਪਾਇਆ।

(ਨ-82) **ਨਾਨਕੀ ਵਿਰਸਾ** :

ਉਹ ਭੋਇੰ ਤੇ ਧਨ ਜੋ ਕਿਸੇ ਨੂੰ ਨਾਨਕਿਆਂ ਤੋਂ ਮਿਲਿਆ ਹੋਵੇ। ਪਾਕਿਸਤਾਨੀ ਪੰਜਾਬ ਵਿਚ 'ਨਾਨਕੀ ਵਿਰਸਾ' ਨਾਨਕਿਆਂ ਤੋਂ ਮਿਲੀ ਭੋਇੰ ਨੂੰ ਕਹਿੰਦੇ ਹਨ। ਜਦੋਂ ਕੋਈ ਜ਼ਿਮੀਂਦਾਰ ਬਿਨਾ ਨਰ ਸੰਤਾਨ ਦੇ ਮਰ ਜਾਂਦਾ ਹੈ ਤਾਂ ਉਸ ਦੀ ਭੋਇੰ ਦੀ ਵਾਰਸ ਉਸ ਦੀਆਂ ਲੜਕੀਆਂ ਬਣਦੀਆਂ ਹਨ। ਪੱਛਮੀ ਪੰਜਾਬ ਵਿਚ ਜੇ ਅਗੋਂ ਉਹ ਲੜਕੀ ਨਿਰਸੰਤਾਨ ਮਰ ਜਾਵੇ ਤਾਂ ਉਸ ਦੇ ਚਾਚੇ, ਚਾਚਿਆਂ ਦੇ ਲੜਕੇ ਜਾਂ ਦਾਦੇ ਦੇ ਭਰਾਵਾਂ ਦੇ ਪੁੱਤਰ, ਉਸ ਭੋਇੰ ਉਤੇ ਆਪਣਾ ਹੱਕ ਜਮਾਂਦੇ ਹਨ, ਪਰ ਜੇ ਵਿਰਸਾ ਪ੍ਰਾਪਤ ਕਰਨ ਵਾਲੀ ਲੜਕੀ ਦੀ ਸੰਤਾਨ ਹੋਵੇ ਤਾਂ ਉਸ ਨੂੰ ਇਹ ਭੋਇੰ ਮਿਲ ਜਾਂਦੀ ਹੈ।

(ਨ-83) **ਨਾਭ ਕੰਵਲ** :

ਪੁਰਾਣਾਂ ਅਨੁਸਾਰ ਉਹ ਕੰਵਲ, ਜੋ ਵਿਸ਼ਨੂੰ ਦੀ ਧੁੰਨੀ

ਜੀਵਨ ਭਰ ਤੇ ਮਰਨ ਮਗਰੋਂ ਵੀ ਪੜ੍ਹਿਆ ਜਾਂਦਾ ਹੈ। ਇਸ ਲਈ ਹਿੰਦੂਆਂ ਵਿਚ ਇਸ ਸੰਸਕਾਰ ਦਾ ਬੜਾ ਮਹੱਤ ਹੈ। ਹਿੰਦੂਮਤ ਅਨੁਸਾਰ ਬੱਚੇ ਦੇ ਜਨਮ ਮਗਰੋਂ ਗਿਆਰ੍ਹਵੇ ਬਾਰ੍ਹਵੇਂ ਜਾਂ ਤੇਰ੍ਹਵੇਂ ਦਿਨ ਪਿਤਾ ਆਪਣੇ ਬੱਚੇ ਦਾ ਰਖਦਾ ਹੈ। ਇਸ ਅਵਸਰ 'ਤੇ ਕੁੱਲ ਪ੍ਰੋਹਿਤ ਸੱਦਿਆ ਜਾਂ ਹੈ, ਜੋ ਸ਼ੁਭ ਲਗਨ ਵੇਖਕੇ, ਨਛੱਤ੍ਰਾਂ ਦੇ ਹਿਸਾਬ ਨੂੰ ਮੁਖ ਰਖ ਦੇਵਨਾਗਰੀ ਦੇ ਬਾਵਨ ਅੱਖਰਾਂ ਵਿਚੋਂ ਕੋਈ ਅੱਖਰ ਉਚਾਰ ਹੈ ਅਤੇ ਪਿਤਾ ਜਾਂ ਕੋਈ ਹੋਰ ਬਜ਼ੁਰਗ ਉਸ ਅੱਖਰ ਨਾ ਸ਼ੁਰੂ ਹੋਣ ਵਾਲੇ ਨਾਵਾਂ ਵਿਚੋਂ ਕੋਈ ਇਕ ਨਾਂ ਚੁਣ ਰਖਦਾ ਹੈ, ਜਿਵੇਂ ਜੇ ਕੁੱਲ ਪ੍ਰੋਹਿਤ 'ਪ' ਅੱਖਰ ਉਚ ਤਾਂ ਬਾਲਕ ਦਾ ਨਾਂ ਪੂਰਨ, ਪਰਤਾਪ, ਪ੍ਰੀਤਮ ਆ ਰਖਿਆ ਜਾਂਦਾ ਹੈ। ਕੰਨਿਆ ਦਾ ਨਾਂ ਰੱਖਣ ਲਗਿ ਹਿੰਦੂ ਕੁੱਲ ਪ੍ਰੋਹਿਤ ਨੂੰ ਨਹੀਂ ਬੁਲਾਂਦੇ ਤੇ ਆਪਣੀ ਮਰ ਨਾਲ ਹੀ ਨਾਂ ਰਖ ਲੈਂਦੇ ਹਨ। ਹਿੰਦੂਆਂ ਦੇ ਨਾਂਵਾਂ ਅੰਤ ਵਿਚ ਕੋਈ ਇਕਸਾਰ ਸੰਗਿਆ ਨਹੀਂ ਵਰਤੀ ਜਾਂ ਦਾਸ, ਨਾਥ, ਹਰੀ, ਚੰਦ, ਲਾਲ, ਕੁਮਾਰ, ਰਾਮ, ਕ੍ਰਿ ਆਦਿ ਵਿਚੋਂ ਕੋਈ ਇਕ ਸੰਗਿਆ ਮੁੰਡਿਆਂ ਦੇ ਨਾਂ ਪਿ ਵਰਤ ਲਈ ਜਾਂਦੀ ਹੈ ਅਤੇ ਦੇਵੀ, ਕੁਮਾਰੀ ਆਦਿ ਕੁੜੀ ਦੇ ਨਾਂ ਪਿਛੇ। ਕਈ ਵਾਰ ਕੁੜੀਆਂ ਦੇ ਨਾਂਵਾਂ ਪਿਛੇ ਕੋ ਸੰਗਿਆ ਨਹੀਂ ਵਰਤੀ ਹੁੰਦੀ।

ਨਾਮ ਸੰਸਕਾਰ ਸਮੇਂ ਸਰਦੇ ਪੁਜਦੇ ਹਿੰਦੂ ਹਵਨ ਕਰ ਪ੍ਰੋਹਿਤ ਵੇਦ ਮੰਤ੍ਰਾਂ ਦਾ ਉਚਾਰਨ ਕਰਦਾ ਹੈ ਤੇ ਨਾਂ ਰਖ ਮਗਰੋਂ ਬ੍ਰਾਹਮਣਾਂ ਨੂੰ ਭੋਜ ਦਿਤਾ ਜਾਂਦਾ ਹੈ।

ਸਿੱਖਾਂ ਵਿਚ, ਨਵ-ਜੰਮੇ ਬੱਚੇ ਦਾ ਚਲੀਹੇ ਦੇ ਅੰ ਅੰਦਰ, ਕਿਸੇ ਦਿਨ ਵੀ ਨਾਂ ਰਖ ਲਿਆ ਜਾਂਦਾ ਹੈ ਬੱਚੇ ਨੂੰ ਗੁਰਦਵਾਰੇ ਲਿਜਾਇਆ ਜਾਂਦਾ ਹੈ, ਜਿ ਕੀਰਤਨ ਤੇ ਅਰਦਾਸ ਮਗਰੋਂ ਗੁਰੂ ਗ੍ਰੰਥ ਸਾਹਿਬ ਵਾਕ ਲਿਆ ਜਾਂਦਾ ਹੈ ਤੇ ਵਾਕ ਦਾ ਪਹਿਲਾ ਅੱਖਰ ਦੇ ਮੁੱਢ ਵਿਚ ਲਗਾਇਆ ਜਾਂਦਾ ਹੈ। ਭਾਵ ਜੇ ਵਾਕ ਪਹਿਲਾ ਅੱਖਰ 'ਗ' ਹੋਵੇ ਤਾਂ ਬਾਲ ਦਾ ਨਾਂ ਗੁਰਮੁ ਗੁਰਨਾਮ, ਗੁਰਜੀਤ, ਗੁਰਸ਼ਰਨ ਆਦਿ ਰਖਿਆ ਜਾਵੇਗਾ ਲੜਕਿਆਂ ਦੇ ਨਾਂ ਦੇ ਅੰਤ ਵਿਚ ਸਿੰਘ ਦੀ ਸੰਗਿਆ ਲਗਾ ਜਾਂਦੀ ਹੈ ਤੇ ਕੁੜੀਆਂ ਦੇ ਅੰਤ ਵਿਚ ਕੌਰ। ਜੋ ਨਾਮ ਪ੍ਰਵ ਹੁੰਦਾ, ਉਸ ਦਾ ਜੈਕਾਰਾ ਗੁਰਦਵਾਰੇ ਹੀ ਬੁਲਾ ਦਿਤਾ ਜਾਂ ਹੈ ਤਾਂ ਜੋ ਬਾਰ ਬਾਰ ਬਦਲਿਆ ਨਾ ਜਾਵੇ।

ਨਾਮਕਰਣ ਬਾਰੇ ਪੁਰਾਣੇ ਗ੍ਰੰਥਾਂ, ਗ੍ਰਿਹ ਸੂਤਰਾਂ ਤੇ ਸ਼ਾਸਤਰਾਂ ਵਿਚ ਕਈ ਤਰ੍ਹਾਂ ਦੇ ਵਿਚਾਰ ਮਿਲਦੇ ਹਨ। ਰਿਗ ਵੇਦ ਵਿਚ ਗੁਪਤ ਨਾਂ ਰੱਖਣ ਵਲ ਸੰਕੇਤ ਮਿਲਦਾ ਹੈ। ਏਤਰੀਯ ਤੇ ਸਤਪਥ ਬ੍ਰਾਹਮਣ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਮਿਲਦੀ ਹੈ। ਆਦਿਮ ਜਾਤੀਆਂ ਵਿਚ ਵੀ ਨਾਮ ਨੂੰ ਗੁਪਤ ਰੱਖਣ ਦੀ ਪ੍ਰਥਾ ਸੀ। ਕਿਉਂ ਜੋ ਨਾਮ ਵਿਚ ਨਾਮੀ ਵਸਦਾ ਹੈ। ਇਸ ਲਈ ਲੋਕਾਂ ਦਾ ਨਿਸਚਾ ਸੀ ਕਿ ਨਾਮ ਦੁਆਰਾ ਨਾਮੀ ਨੂੰ ਜਾਦੂ ਟੂਣੇ ਨਾਲ, ਹਾਨੀ ਪਹੁੰਚਾਈ ਜਾ ਸਕਦੀ ਹੈ। ਸੂਤਰਾਂ ਅਨੁਸਾਰ ਇਹ ਗੁਪਤ ਨਾਂ ਨਛੱਤ੍ਰਾਂ ਦੇ ਨਾਂਵਾਂ ਉਤੇ ਹੋਣਾ ਚਾਹੀਦਾ ਹੈ।

ਨਾਂ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਇਸ ਬਾਰੇ ਗ੍ਰਿਹ ਸੂਤਰਾਂ ਵਿਚ ਕਈ ਵਿਚਾਰ ਮਿਲਦੇ ਹਨ। ਪਾਰਸਕਾਰ ਗ੍ਰਿਹਸੂਤਰ (1,17,1) ਅਨੁਸਾਰ ਨਾਂ ਦੋ ਮਾਤਰਾਂ ਜਾਂ ਚਾਰ ਮਾਤਰਾਂ ਦਾ ਹੋਣਾ ਚਾਹੀਦਾ ਹੈ। ਇਸ ਦਾ ਪਹਿਲਾ ਅੱਖਰ ਧਵਨੀ ਪੂਰਨ ਅਥਵਾ ਨਾਦ ਵਿਅੰਜਨ ਬ, ਜ, ਦ, ਡ, ਣ ਆਦਿ ਹੋਣਾ ਚਾਹੀਦਾ ਹੈ, ਨਾਂ ਵਿਚ ਅਰਧ-ਸਵਰ ਵੀ ਹੋਵੇ ਤੇ ਅਖੀਰ ਵਿਚ ਦੀਰਘ ਸਵਰ ਜਾਂ ਵਿਸਰਗ ਹੋਵੇ। ਪਿਛੇਤਰ 'ਕਰਿਤ' ਹੋਵੇ ਪਰ 'ਤਧਿਤ' ਨਾ ਹੋਵੇ। ਪਰ ਕੁਝ ਹੋਰ ਸ਼ਾਸਤ੍ਰਾਂ ਅਨੁਸਾਰ ਮਾਤਰਾਂ ਦਾ ਕੋਈ ਬੰਧੇਜ ਨਹੀਂ। ਵਸ਼ਿਸ਼ਠ ਧਰਮ ਸੂਤਰ ਅਨੁਸਾਰ ਨਾਂ ਦੋ ਜਾਂ ਚਾਰ ਮਾਤਰਾਂ ਵਿਚ ਹੀ ਨਹੀਂ ਹੋਣਾ ਚਾਹੀਦਾ ਹੈ ਅਤੇ ਇਹ 'ਲ' ਤੇ 'ਰ' ਅੰਤ ਵਾਲਾ ਨਹੀਂ ਹੋਣਾ ਚਾਹੀਦਾ। ਅਸਵਾਲਯ ਗ੍ਰਿਹਸੂਤਰ ਅਨੁਸਾਰ ਮਾਤਰਾ ਦੀ ਗਿਣਤੀ ਨਾਲ ਬੱਚੇ ਦਾ ਭਵਿਖਤ ਜੁੜਿਆ ਪਿਆ ਹੈ—ਦੋ ਮਾਤ੍ਰੀ ਨਾਂ ਸੰਸਾਰਕ ਸ਼ੋਭਾ ਦੀ ਪ੍ਰਾਪਤੀ ਦੇ ਮਾਧਿਅਮ ਤੇ ਚਾਰ ਮਾਤ੍ਰੀ ਨਾਂ ਅਧਿਆਤਮਕ ਸ਼ੋਭਾ ਦੇ ਲੜਕਿਆਂ ਲਈ। ਮਾਤਰਾਂ ਦੀ ਗਿਣਤੀ ਜਿਸਤ ਹੋਣੀ ਚਾਹੀਦੀ ਹੈ ਪਰ ਲੜਕੀ ਲਈ ਤਾਕ। ਬੈ ਜਵਾਬ ਅਨੁਸਾਰ ਕੁੜੀ ਦੇ ਨਾਂ ਦੀਆਂ ਤਿੰਨ ਮਾਤਰਾਂ ਹੋਣੀਆਂ ਚਾਹੀਦੀਆਂ ਹਨ ਤੇ ਅੰਤ ਵਿਚ 'ਈ'।

ਮਨੂੰ ਸਿਮਰਤੀ (11, 33) ਅਨੁਸਾਰ ਲੜਕੀਆਂ ਦੇ ਨਾਂ ਸੂਖਮ, ਸਹਲ, ਮਨੋਹਰ, ਮੰਗਲਮਈ, ਦੀਰਘ ਸਵਰ ਅੰਤ ਵਾਲੇ ਹੋਣੇ ਚਾਹੀਦੇ ਹਨ। ਲੜਕੀ ਦਾ ਨਾਂ ਕਿਸੇ ਨਛੱਤ੍ਰ, ਰੁੱਖ, ਨਦੀ, ਪਹਾੜ, ਪੰਛੀ, ਸਰਪ ਆਦਿ ਦੇ ਨਾਂ ਤੇ ਨਹੀਂ ਹੋਣਾ ਚਾਹੀਦਾ। ਮਨੂੰ ਉਸ ਲੜਕੀ ਨਾਲ ਵਿਆਹ ਕਰਨ ਤੋਂ ਵਰਜਦਾ ਹੈ, ਜਿਸ ਦੇ ਨਾਂ ਉਪ੍ਰੋਕਤ ਵਿਚਾਰਾਂ ਨੂੰ ਮੁਖ ਰਖ ਕੇ ਨਾ ਧਰਿਆ ਗਿਆ ਹੋਵੇ। ਮਨੂੰ ਅਨੁਸਾਰ

ਨਛੱਤ੍ਰ 27 ਹਨ ਤੇ ਹਰ ਨਛੱਤ੍ਰ ਦਾ ਕੋਈ ਨਾ ਕੋਈ ਦੇਵਤਾ ਹੈ। ਜਿਸ ਨਛੱਤ੍ਰ ਵਿਚ ਬੱਚਾ ਜੰਮਿਆ ਹੋਵੇ, ਉਸ ਨਛੱਤ੍ਰ ਜਾਂ ਉਸ ਨਛੱਤ੍ਰ ਦੇ ਦੇਵਤੇ ਦੇ ਨਾਂ ਉਤੇ ਨਾਉਂ ਰਖਿਆ ਜਾਂਦਾ ਹੈ। ਜਿਵੇਂ ਜੇ ਬੱਚਾ ਅਸਵਨੀ ਨਛੱਤ੍ਰ ਵਿਚ ਜੰਮੇ ਤਾਂ ਉਸ ਦਾ ਨਾਂ ਅਸਵਨੀ ਜਾਂ ਅਸਵੀ ਰਖਿਆ ਜਾਂਦਾ ਹੈ। ਅਸ਼ਵੀ ਅਸ਼ਵਨੀ ਨਛੱਤ੍ਰ ਦਾ ਦੇਵਤਾ ਹੈ। ਨਛੱਤ੍ਰਾਂ ਨੂੰ ਆਧਾਰ ਬਣਾ ਕੇ ਨਾਂ ਰਖਣ ਦੀ ਇਕ ਵਿਧੀ ਹੋਰ ਵੀ ਹੈ। ਸੰਸਕ੍ਰਿਤ ਦੇ 52 ਅੱਖਰਾਂ ਵਿਚੋਂ, ਹਰ ਅੱਖਰ ਕਿਸੇ ਨਾ ਕਿਸੇ ਨਛੱਤ੍ਰ ਨਾਲ ਸਬੰਧਿਤ ਹੈ। ਜੇ ਕੋਈ ਅਸ਼ਵਨੀ ਨਛੱਤ੍ਰ ਹੇਠ ਜੰਮੇ ਤਾਂ ਬੱਚੇ ਦਾ ਨਾਂ ਚੂ, ਚੇ, ਚੋ ਅੱਖਰ ਦੇ ਮੁੱਢ ਵਾਲਾ ਨਾਂ ਰਖਿਆ ਜਾਂਦਾ ਹੈ।

ਬੁਧਯਾਨਾ ਅਨੁਸਾਰ ਨਛੱਤ੍ਰਾਂ ਤੋਂ ਰਖਿਆ ਨਾਂ ਪ੍ਰਾਣੀ ਦੇ ਜੀਵਨ ਨਾਲ ਡੂੰਘਾ ਸਬੰਧ ਰਖਦਾ ਹੈ ਤੇ ਇਸ ਕਰਕੇ ਇਸ ਨਾਂ ਨੂੰ ਦੁਸ਼ਮਣਾਂ ਤੋਂ ਗੁਪਤ ਰਖਣਾ ਜ਼ਰੂਰੀ ਹੈ।

ਕੁਝ ਵਿਦਵਾਨਾਂ ਦਾ ਵਿਸ਼ਵਾਸ਼ ਹੈ ਕਿ ਨਾਂ ਕਿਸੇ ਦੇਵੀ ਦੇਵਤੇ ਦੇ ਨਾਲ ਜੁੜੇ ਹੋਣ ਜਾਂ ਫਿਰ ਉਸ ਦੇ ਕੋਈ ਅਧਿਆਤਮਕ ਅਰਥ ਹੋਣ ਜਿਵੇਂ ਸਤਿੰਦਰ, ਹਰਜਸ ਆਦਿ।

**(ਨ-85) ਨਾਮ ਤੇ ਨਾਮੀ :**

ਲੋਕਧਾਰਾ ਦੀ ਦੁਨੀਆਂ ਵਿਚ ਨਾਂ ਦੀ ਬੜੀ ਮਹੱਤਤਾ ਸਮਝੀ ਜਾਂਦੀ ਹੈ। ਨਾਂ ਵਿਚ ਬਹੁਤ ਕੁਝ ਪਿਆ ਹੈ ਕਿਉਂ ਜੋ ਇਹ ਨਾਮੀ ਨਾਲੋਂ ਵਖਰਾ ਨਹੀਂ ਸਮਝਿਆ ਜਾਂਦਾ। ਪ੍ਰਾਚੀਨ ਯੁਗ ਵਿਚ ਜਦੋਂ ਮਨੁੱਖ ਆਦਿਮ ਅਵਸਥਾ ਵਿਚੋਂ ਲੰਘ ਰਿਹਾ ਸੀ, ਨਾਂ ਨੂੰ ਇਕ ਬੜੀ ਮਹੱਤਵਪੂਰਣ ਚੀਜ਼ ਸ਼ਬਦ ਸਮਝ ਕੇ ਛੁਪਾ ਕੇ ਰਖਿਆ ਜਾਂਦਾ ਸੀ। ਉਦੋਂ ਦੀਆਂ ਕਈ ਮਨੌਤਾਂ ਤੇ ਵਿਸ਼ਵਾਸ਼ ਸਦੀਆਂ ਬੀਤ ਜਾਣ ਉਪਰੰਤ ਵੀ ਉਸੇ ਤਰ੍ਹਾਂ ਪ੍ਰਚਲਤ ਹਨ।

ਸਿਮਰਨ ਦਾ ਸਾਰਾ ਸਿਧਾਂਤ ਹੀ ਇਸ ਮਨੌਤ ਉਤੇ ਆਧਾਰਤ ਹੈ ਕਿ ਨਾਮ ਤੇ ਨਾਮੀ ਵਿਚ ਅਭੇਦਤਾ ਹੁੰਦੀ ਹੈ। ਪ੍ਰਮਾਤਮਾ ਦਾ ਨਾਮ ਸਿਮਰਨ ਨਾਲ ਅਸੀਂ ਨਾਮੀ ਨਾਲ ਇਕਰਸ ਹੋ ਜਾਂਦੇ ਹਾਂ।

ਪੰਜਾਬ ਵਿਚ ਕੋਈ ਤੀਵੀਂ ਆਪਣੇ ਪਤੀ ਦਾ ਨਾਂ ਨਹੀਂ ਲੈਂਦੀ, ਭਾਵੇਂ ਹੁਣ ਪੱਛਮੀ ਸਭਿਅਤਾ ਦੇ ਅਸਰ ਹੇਠ ਸ਼ਹਿਰਾਂ ਵਿਚ ਕੁਝ ਫ਼ਰਕ ਪੈ ਗਿਆ ਹੈ, ਪਰ ਇਕ ਆਮ ਪੇਂਡੂ ਆਪਣੇ ਪਤੀ ਦਾ ਨਾਂ ਲੈਣ ਤੋਂ ਝਿਜਕਦੀ ਹੈ। ਸਿਰਫ ਆਪਣੇ ਪਤੀ ਦਾ ਹੀ ਨਹੀਂ ਸਗੋਂ ਆਪਣੇ ਸਹੁਰੇ ਪਰਵਾਰ ਵਿਚੋਂ ਕਿਸੇ ਵੀ ਬਜ਼ੁਰਗ—ਸਹੁਰਾ, ਜੇਠ ਆਦਿ

ਕਦੇ ਮਜਬੂਰੀ ਵਸ ਉਸ ਨੂੰ ਆਪਣੇ ਪਤੀ ਦਾ ਨਾਂ ਕਿਧਰੇ ਦਸਣਾ ਪੈ ਜਾਵੇ ਤਾਂ ਉਹ ਉਸ ਨਾਲ ਮਿਲਦੀਆਂ ਜੁਲਦੀਆਂ ਚੀਜ਼ਾਂ ਵਲ ਇਸ਼ਾਰਾ ਕਰ ਕੇ ਅਗਲੇ ਨੂੰ ਪਤੀ ਦੇ ਨਾਂ ਦਾ ਸੁਝਾਉ ਦੇਵੇਗੀ, ਪਰ ਖੁਦ ਨਾਂ ਨਹੀਂ ਉਚਾਰੇਗੀ। ਇਸ ਸਬੰਧੀ ਕਈ ਦਿਲਚਸਪ ਪ੍ਰਸੰਗ ਵੀ ਪ੍ਰਚਲਤ ਹਨ।

ਪਤੀ ਤੇ ਉਸ ਦੇ ਬਜ਼ੁਰਗਾਂ ਦਾ ਨਾਂ ਨਾ ਲੈਣ ਦਾ ਰਵਾਜ ਸੰਸਾਰ ਦੀਆਂ ਕਈ ਹੋਰ ਜਾਤੀਆਂ ਵਿਚ ਵੀ ਪ੍ਰਚਲਤ ਹੈ। ਦੱਖਣੀ ਅਫ਼ਰੀਕਾ ਦੀਆਂ ਕਈ ਜਾਤੀਆਂ ਵਿਚ ਇਹ ਰਵਾਜ ਇਤਨਾ ਪ੍ਰਚਲਤ ਹੈ ਕਿ ਉਥੇ ਕਈ ਨਿਤ ਵਰਤੋਂ ਦੀਆਂ ਚੀਜ਼ਾਂ, ਜਿਨ੍ਹਾਂ ਦੇ ਨਾਂ ਪਤੀ ਜਾਂ ਸੋਹਰੇ ਰਿਸ਼ਤੇਦਾਰਾਂ ਨਾਲ ਮਿਲਦੇ ਹਨ, ਨਵੇਂ ਰਖ ਲਏ ਜਾਂਦੇ ਹਨ ਤੇ ਤੀਵੀਆਂ ਦੀ ਇਕ ਵਖਰੀ ਭਾਸ਼ਾ ਪ੍ਰਚਲਤ ਹੋ ਗਈ ਹੈ।

ਪ੍ਰਾਚੀਨ ਇਤਿਹਾਸ ਨੂੰ ਜੇ ਫੋਲ ਕੇ ਵੇਖਿਆ ਜਾਵੇ ਤਾਂ ਲਗਪਗ ਬਹੁਤਿਆਂ ਇਤਿਹਾਸਕ ਵਿਅਕਤੀਆਂ ਦੇ ਨਾਂ ਤੋਂ ਬਿਨਾਂ ਕੋਈ ਉਪਨਾਮ ਵੀ ਹੋਏਗਾ। ਰਾਜੇ ਮਹਾਰਾਜੇ ਤੇ ਲਿਖਾਰੀ ਆਦਿ ਅਜਿਹੇ ਵਿਅਕਤੀ ਹਨ, ਜਿਨ੍ਹਾਂ ਦਾ ਨਾਂ ਆਮ ਲੋਕਾਂ ਦੇ ਮੂੰਹ ਉਤੇ ਹੁੰਦਾ ਹੈ ਤੇ ਛੁਪਿਆ ਨਹੀਂ ਰਹਿ ਸਕਦਾ। ਅਸਲੀ ਨਾਂ ਨੂੰ ਲੋਕਾਂ ਤੋਂ ਛੁਪਾਈ ਰਖਣ ਜਾਂ ਇਸ ਨੂੰ ਬਹੁਤਾ ਪ੍ਰਚਲਤ ਕਰਨ ਤੋਂ ਰੋਕਣ ਦੀ ਪ੍ਰਾਚੀਨ ਪਰੰਪਰਾ ਨੇ, ਉਪਨਾਮਾਂ ਦਾ ਰਵਾਜ ਚਾਲੂ ਕੀਤਾ। ਉਪਨਾਮ ਕਿਉਂ ਜੋ ਅਸਲੀ ਨਾਂ ਨਹੀਂ ਹੁੰਦਾ, ਇਸ ਲਈ ਇਸ ਦਾ ਕਿਸੇ ਸ਼ਖ਼ਸ ਦੀ ਆਤਮਾ ਜਾਂ ਪ੍ਰਾਣਾਂ ਨਾਲ ਕੋਈ ਸਬੰਧ ਨਹੀਂ ਹੁੰਦਾ। ਇਸ ਲਈ ਕੋਈ ਓਪਰਾ ਇਸ ਨਾਂ ਦੁਆਰਾ ਨੁਕਸਾਨ ਨਹੀਂ ਪਹੁੰਚਾ ਸਕਦਾ। ਵਿਅਕਤੀ ਦੇ ਮਰਨ ਤੋਂ ਬਾਅਦ ਵੀ ਜੇ ਉਪਨਾਮ ਦਾ ਉੱਚਾਰਨ ਕੀਤਾ ਜਾਵੇ ਤਾਂ ਵਿਅਕਤੀ ਦੇ ਪ੍ਰੇਤ ਦਾ ਪਿੱਛਾ ਕਰਨ ਦਾ ਵੀ ਕੋਈ ਡਰ ਨਹੀਂ ਹੁੰਦਾ, ਕਿਉਂ ਜੋ ਇਸ ਨਾਂ ਨਾਲ ਉਸ ਵਿਅਕਤੀ ਦਾ ਕੋਈ ਸਿਧਾ ਜਾਤੀ ਸਬੰਧ ਨਹੀਂ ਬਣਿਆ ਹੁੰਦਾ।

ਮਰ ਗਏ ਪ੍ਰਾਣੀ ਦਾ ਨਾਂ ਲੈਣਾ ਵੀ ਚੰਗਾ ਨਹੀਂ ਸਮਝਿਆ ਜਾਂਦਾ, ਇਸ ਲਈ ਜਦੋਂ ਕਿਧਰੇ ਉਸ ਪ੍ਰਾਣੀ ਦਾ ਅਚੇਤ ਜਾਂ ਸੁਚੇਤ ਰੂਪ ਵਿਚ ਨਾਂ ਲੈਣਾ ਪੈ ਜਾਵੇ ਤਾਂ ਪਹਿਲਾਂ ਇਹ ਵਾਕ ਅੰਸ਼ 'ਸਵਰਗਾਂ ਵਿਚ ਵਾਸਾ ਹੋਵੇ' ਵਰਤ ਲਿਆ ਜਾਂਦਾ ਹੈ। ਮਰ ਗਿਆਂ ਦੇ ਨਾਂ ਇਸ ਲਈ ਲੈਣ ਤੋਂ ਝਿਜਕ ਪ੍ਰਗਟ ਕੀਤੀ ਜਾਂਦੀ ਹੈ ਕਿ ਉਸਦਾ ਪ੍ਰੇਤ ਸੁਣ ਕੇ ਕਿਧਰੇ ਇਧਰ ਨਾ ਖਿਚਿਆ ਆਵੇ ਤੇ ਕੋਈ

ਨਹੀਂ, ਇਕ ਸੰਗੀਨ ਅਪਰਾਧ ਵੀ ਸਮਝਿਆ ਜਾਂਦਾ ਹੈ ਤੇ
ਇਸ ਦਾ ਪਸ਼ਚਾਤਾਪ ਕਰਨ ਲਈ ਉਤਨੀ ਹੀ ਰਕ
ਤਾਰਨੀ ਪੈਂਦੀ ਹੈ, ਜਿਤਨੀ ਕਿਸੇ ਦੇ ਜਾਣ ਬੁਝ ਕੇ ਕਤਲ
ਕਰਨ ਪਿਛੋਂ, ਉਸਦੇ ਘਰ ਵਾਲਿਆਂ ਨੂੰ ਸੰਤੁਸ਼ਟ ਕਰਨ ਲਈ
ਕਾਫ਼ੀ ਹੋਵੇ। ਜੇ ਉਹ ਰਕਮ ਨਾ ਤਾਰੇ, ਤਾਂ ਘਰ ਦੇ ਬੰਦੇ
ਅਵਿਗਿਆ ਕਰਨ ਵਾਲੇ ਦੇ ਲਹੂ ਦੇ ਪਿਆਸੇ ਬਣ ਜਾਂਦੇ ਹਨ

ਪੁਰਾਣੇ ਸਮੇਂ ਭਾਰਤ ਵਿਚ ਮਰ ਚੁਕੇ ਬਜ਼ੁਰਗਾਂ ਦ
ਨਾਂ ਲੈਣ ਦਾ ਭੈ ਇਤਨਾ ਵਧੇਰੇ ਬੈਠਾ ਹੋਇਆ ਸੀ ਕਿ
ਭਾਰਤੀਆਂ ਨੇ ਇਤਿਹਾਸ ਲਿਖਣ ਵਲੋਂ ਵੀ ਅਣਗਹਿਲ
ਕੀਤੀ। ਜੇ ਕਿਸੇ ਇਤਿਹਾਸਕ ਵਿਅਕਤੀ ਮਹਾਤਮਾ ਬੁੱ
ਜਾਂ ਕਿਸੇ ਹੋਰ ਬਾਰੇ ਕਿਧਰੇ ਕੁਝ ਲਿਖਿਆ ਵੀ ਗਿਆ, ਤ
ਉਸ ਨੂੰ ਅਜਿਹਾ ਮਿਥਿਹਾਸਕ ਰੂਪ ਦਿਤਾ ਕਿ ਉਸ ਦ
ਵਾਸਤਵਿਕ ਹੋਂਦ ਬਾਰੇ ਸੰਦੇਹ ਹੋਣ ਲੱਗ ਪਿਆ
'ਬੁੱਧ-ਜਾਤਕਾਂ' ਵਿਚ ਅਜਿਹੇ ਢੰਗ ਨਾਲ ਹੀ ਮਹਾਤਮਾ ਬੁੱ
ਦਾ ਜੀਵਨ ਦਿਤਾ ਗਿਆ ਹੈ। ਗੁਰੂਆਂ ਸੰਤਾਂ ਦੀ ਗੱਦ
ਉਤੇ ਜਦੋਂ ਕੋਈ ਪ੍ਰਾਣੀ ਬੈਠਦਾ, ਤਾਂ ਉਸ ਦਾ ਨਾਂ ਵ
ਬਦਲ ਦਿਤਾ ਜਾਂਦਾ।

ਭਾਰਤ ਦੇ ਨਿਕੋਬਾਰ ਟਾਪੂਆਂ ਵਿਚ ਇਸੇ ਤਰ੍ਹਾਂ ਦ
ਇਕ ਪਰੰਪਰਾ ਹੁਣ ਤਕ ਚਲੀ ਆ ਰਹੀ ਹੈ। ਕਿਸੇ ਵ
ਬੰਦੇ ਦੇ ਨਾਂ ਦਾ ਉਸ ਦੀ ਮੌਤ ਤੋਂ ਬਾਅਦ ਜਿਕਰ ਨਹੀ
ਕੀਤਾ ਜਾਂਦਾ ਤੇ ਇਸ ਨੇਮ ਦੀ ਪਾਲਨਾ ਇਤਨੀ ਕਰੜਾਈ
ਨਾਲ ਕੀਤੀ ਜਾਂਦੀ ਹੈ ਕਿ ਇਤਿਹਾਸ ਦੀ ਲਿਖਾਈ ਵਿ
ਵੀ ਇਹ ਵਹਿਮ ਬਾਧਕ ਬਣਿਆ ਪਿਆ ਹੈ। ਕਈ ਵਾਰ ਤ
ਮਰ ਗਏ ਬੰਦੇ ਨੂੰ, ਜਿਹੜੀਆਂ ਸਾਧਾਰਨ ਵਸਤੂਆਂ ਜਿਹਾ ਕਿ
ਮੁਰਗਾ, ਭੇਡ, ਮਾਸ ਆਦਿ ਤੋਂ ਖ਼ੁਸ਼ੀ ਹੁੰਦੀ ਹੋਵੇ, ਉਨ੍ਹਾਂ ਦ
ਵਰਤੋਂ ਘਰ ਵਿਚ ਬੰਦ ਕਰ ਦਿਤੀ ਜਾਂਦੀ ਹੈ। ਇਸ ਤਰ੍ਹ
ਪੁਰਾਣੇ ਸ਼ਬਦ ਮਰਦੇ ਰਹਿੰਦੇ ਹਨ ਤੇ ਨਵੇਂ ਸ਼ਬਦ ਜਨ
ਲੈਂਦੇ ਰਹਿੰਦੇ ਹਨ। ਨਾਮ ਤੇ ਨਾਮੀ ਦੀ ਅਭੇਦਤਾ ਤੇ ਇ
ਨਾਲ ਸਬੰਧਿਤ ਵਹਿਮਾਂ ਨੇ ਕਈ ਜਾਤੀਆਂ ਦੀ ਸ਼ਬਦਾਵਲ
ਵਿਚ ਪਰਿਵਰਤਨ ਤੇ ਵਿਕਾਸ ਲਿਆਣ ਵਿਚ ਬੜੀ ਸਹਾਇਤ
ਕੀਤੀ ਹੈ। ਕਈ ਛੋਟੀਆਂ ਬੋਲੀਆਂ ਨੂੰ ਤਾਂ ਇਸ ਵਹਿਮ ਨੇ
ਅਸਥਿਰਤਾ ਦੇ ਕੇ ਬੜੀ ਹਾਨੀ ਪਹੁੰਚਾਈ।

ਪਸ਼ੂਆਂ ਦੇ ਨਾਵਾਂ ਬਾਰੇ ਵੀ ਕਈ ਤਰ੍ਹਾਂ ਦੇ ਵਹਿਮ
ਪ੍ਰਚਲਤ ਹਨ। ਧਨ-ਪੋਠੋਹਾਰ ਦੇ ਕਈ ਪਿੰਡਾਂ ਵਿਚ ਬਿੱਲ
ਦਾ ਨਾਂ ਨਾ ਲੈ ਕੇ 'ਮਿਸ਼ਰਾਣੀ' ਕਿਹਾ ਜਾਂਦਾ ਹੈ, ਰਿੱਛ ਨੂੰ
'ਬੁੱਢਾ'। ਸੱਪ ਨੂੰ ਵੇਖ ਕੇ ਉਸਦਾ ਨਾਂ ਲੈਣਾ ਠੀਕ ਨਹੀਂ

(ਨ-86) **ਨਾਰੰਗ** :

ਅਰੋੜਿਆਂ ਦੀ ਇਕ ਉਪ-ਜਾਤੀ; ਨਾਰੰਗ ਦਾਅਵਾ ਕਰਦੇ ਹਨ ਕਿ ਉਹ ਮੂਲ ਵਿਚ ਰਘੂਬੰਸੀ ਕੁੱਲ ਦੇ ਹਨ। ਜਦੋਂ ਪਰਸ ਰਾਮ ਖੱਤ੍ਰੀਆਂ ਦੀਆਂ ਕੁੱਲਾਂ ਦਾ ਨਾਸ਼ ਕਰ ਰਿਹਾ ਸੀ ਤਾਂ ਇਨ੍ਹਾਂ ਨੇ ਬਚਾਉ ਲਈ 'ਨਾ ਰਗ' ਕਿਹਾ ਭਾਵ ਉਹ ਰਘੂ ਬੰਸੀ ਨਹੀਂ। ਉਦੋਂ ਤੋਂ ਖੱਤ੍ਰੀ ਉਨ੍ਹਾਂ ਨੂੰ 'ਨਾ ਰਗ' ਕਹਿਣ ਲਗੇ, ਮਗਰੋਂ ਇਹ ਸ਼ਬਦ 'ਨਾਰੰਗ' ਬਣ ਗਿਆ।

(ਨ-87) **ਨਾਰਦ** :

ਇਕ ਪ੍ਰਸਿਧ ਰਿਸ਼ੀ, ਜਿਸ ਦਾ ਜ਼ਿਕਰ ਰਿਗ ਵੇਦ ਤੇ ਪੁਰਾਣਾਂ ਵਿਚ ਆਮ ਆਉਂਦਾ ਹੈ। ਇਹ ਸੰਤਾਂ, ਮਹਾਂਰਿਸ਼ੀਆਂ ਵਿਚੋਂ ਇਕ ਹੈ ਅਤੇ ਇਸ ਦੀ ਗਿਣਤੀ ਪਰਜਾਪਤੀਆਂ ਵਿਚ ਵੀ ਕੀਤੀ ਜਾਂਦੀ ਹੈ। ਰਿਗ ਵੇਦ ਦੇ ਕਈ ਮੰਤ੍ਰ ਨਾਰਦ ਦੇ ਹੀ ਰਚੇ ਮੰਨੇ ਜਾਂਦੇ ਹਨ।

ਨਾਰਦ ਬਾਰੇ ਵੇਦਾਂ ਤੇ ਪੁਰਾਣਾਂ ਵਿਚ ਜੋ ਸਾਮਗਰੀ ਮਿਲਦੀ ਹੈ, ਉਹ ਸਵੈ-ਵਿਰੋਧੀ ਹੈ। ਰਿਗ ਵੇਦ ਅਨੁਸਾਰ ਇਹ ਕੰਨਵ ਦੀ ਵੰਸ਼ ਵਿਚੋਂ ਸੀ। ਇਕ ਹੋਰ ਥਾਂ ਲਿਖਿਆ ਹੈ ਕਿ ਇਸ ਦੀ ਉਤਪਤੀ ਬ੍ਰਹਮਾ ਦੇ ਮੱਥੇ ਵਿਚੋਂ ਹੋਈ। ਕੁਝ ਪੁਰਾਣਾਂ ਵਿਚ ਇਸ ਨੂੰ ਬ੍ਰਹਮਾ ਦਾ ਪੁੱਤਰ ਦਸਿਆ ਗਿਆ ਹੈ। ਵਿਸ਼ਨੂੰ ਪੁਰਾਣ ਅਨੁਸਾਰ ਇਹ ਕਸ਼ਯਪ ਦਾ ਪੁੱਤਰ ਸੀ ਤੇ ਇਹ ਦਖਸ਼ ਦੀ ਇਕ ਲੜਕੀ ਦੇ ਉਦਰ ਤੋਂ ਜੰਮਿਆ। ਮਹਾਂਭਾਰਤ ਵਿਚ, ਨਾਰਦ ਨੂੰ, ਬ੍ਰਹਮਾ ਦਾ ਪੁੱਤਰ ਮੰਨਿਆ ਗਿਆ ਹੈ। ਮਹਾਂਭਾਰਤ ਅਨੁਸਾਰ ਜਦੋਂ ਦਖਸ਼ ਸ੍ਰਿਸ਼ਟੀ ਦੀ ਰਚਨਾ ਕਰ ਰਿਹਾ ਸੀ ਤਾਂ ਨਾਰਦ ਦੇ ਵਿਘਨ ਪਾਉਣ ਕਰ ਕੇ ਦਖਸ਼ ਨੇ ਨਾਰਦ ਨੂੰ ਦੁਬਾਰਾ ਗਰਭ ਵਿਚ ਪੈਣ ਦਾ ਸਰਾਪ ਦਿਤਾ। ਬ੍ਰਹਮਾ ਨੇ ਦਖਸ਼ ਨੂੰ ਸਰਾਪ ਵਾਪਸ ਲੈਣ ਲਈ ਬੇਨਤੀ ਕੀਤੀ, ਦਖਸ਼ ਨੇ ਸਰਾਪ ਵਾਪਸ ਤਾਂ ਨਾ ਲਿਆ ਪਰ ਇਹ ਮੰਨ ਗਿਆ ਕਿ ਨਾਰਦ ਦਖਸ਼ ਦੀ ਲੜਕੀ ਦੇ ਉਦਰ ਵਿਚੋਂ ਬ੍ਰਹਮਾ ਦੇ ਸੰਜੋਗ ਨਾਲ ਪੈਦਾ ਹੋਵੇਗਾ। ਇਸੇ ਲਈ ਨਾਰਦ ਨੂੰ ਬ੍ਰਹਮ ਤੇ ਦੇਵ ਬ੍ਰਹਮਾ ਵੀ ਕਹਿੰਦੇ ਹਨ।

'ਨਾਰਦ ਪੰਚਰਾਤ੍ਰ' ਵਿਚ ਲਿਖਿਆ ਹੈ ਕਿ ਬ੍ਰਹਮਾ ਨੇ ਜਦੋਂ ਨਾਰਦ ਨੂੰ ਵਿਆਹ ਕਰਨ ਲਈ ਕਿਹਾ ਤਾਂ ਨਾਰਦ ਨੇ ਅਗੋਂ ਬ੍ਰਹਮਾ ਦੀ ਨਿੰਦਿਆ ਕੀਤੀ ਤੇ ਉਸ ਨੂੰ ਝੂਠਾ ਗੁਰੂ ਦਸਿਆ। ਇਸ ਤੇ ਬ੍ਰਹਮਾ ਨੇ ਕਰੋਧ ਵਿਚ ਆ ਕੇ ਨਾਰਦ ਨੂੰ ਸਰਾਪ ਦਿਤਾ ਕਿ ਉਹ ਇਸਤ੍ਰੀਆਂ ਲਈ ਤਾਂਘਦਾ [illegible] ਪੂਜਣਗੇ ਨਹੀਂ'।

ਪੁਰਾਣਾਂ ਅਨੁਸਾਰ ਨਾਰਦ ਗੰਧਰਵਾਂ ਦਾ ਮੁਖੀ ਸੀ। ਵੀਣਾ ਦੀ ਕਾਢ ਇਸੇ ਨੇ ਕਢੀ। ਇਹ ਵੀਣਾ ਨੂੰ ਹੱਥ ਵਿਚ ਲੈ ਕੇ ਹਮੇਸ਼ਾ ਸੰਸਾਰ ਦਾ ਚੱਕਰ ਕਟਦਾ ਰਹਿੰਦਾ ਹੈ। ਨਾਰਦ ਦਾ ਧਰਮ ਸਾਸਤ੍ਰ ਵੀ ਇਨ੍ਹਾਂ ਦਾ ਰਚਿਆ ਮੰਨਿਆ ਜਾਂਦਾ ਹੈ।

ਮਗਰਲੇ ਸਮੇਂ ਵਿਚ, ਨਾਰਦ ਦਾ ਸਬੰਧ ਕ੍ਰਿਸ਼ਨ ਨਾਲ ਵੀ ਜੋੜਿਆ ਗਿਆ। ਨਾਰਦ ਨੇ ਹੀ ਕੰਸ ਨੂੰ ਦਸਿਆ ਸੀ ਕਿ ਵਿਸ਼ਨੂੰ ਕ੍ਰਿਸ਼ਨ ਦੇ ਰੂਪ ਵਿਚ, ਦੇਵਕੀ ਦੇ ਉਦਰ ਤੋਂ ਅਵਤਾਰ ਧਾਰ ਕੇ ਤੇਰਾ ਨਾਸ ਕਰੇਗਾ। ਇਸ 'ਤੇ ਕੰਸ ਨੇ ਦੇਵਕੀ ਨੂੰ ਬੰਦੀ ਵਿਚ ਸੁਟ ਦਿਤਾ ਤੇ ਉਸਦੀ ਕੁਖੋਂ ਜੰਮੇ ਬਾਲਕ ਮਰਵਾਂਦਾ ਰਿਹਾ। ਪਰ ਮਗਰੋਂ ਨਾਰਦ, ਕ੍ਰਿਸ਼ਨ ਦਾ ਮਿਤ੍ਰ ਵੀ ਰਿਹਾ।

ਪਿਛਲੇਰੇ ਸਮਿਆਂ ਵਿਚ, ਨਾਰਦ ਨੂੰ ਸਭ ਝਗੜਿਆਂ ਦੀ ਜੜ੍ਹ ਸਮਝਿਆ ਜਾਣ ਲਗਾ। ਇਹ ਇਧਰ ਦੀ ਉਧਰ ਲੂਤੀ ਲਗਾ ਕੇ ਝਗੜੇ ਖੜੇ ਕਰ ਦੇਂਦਾ। ਪੰਜਾਬੀ ਵਾਰਾਂ ਵਿਚ ਕੌਲ ਤੇ ਨਾਰਦ ਦਾ ਜ਼ਿਕਰ ਇਕ ਨਵ ਸਰੂਪ ਵਿਚ ਆਉਂਦਾ ਹੈ। ਨਜਾਬਤ ਨੇ ਤਾਂ ਇਨ੍ਹਾਂ ਦੋਹਾਂ ਨੂੰ ਪਤੀ ਪਤਨੀ ਦੇ ਰੂਪ ਵਿਚ ਪੇਸ਼ ਕੀਤਾ ਹੈ ਤੇ ਇਨ੍ਹਾਂ ਦੀ ਅਜੋੜਤਾ ਨੂੰ ਹੀ ਲੜਾਈ ਦੀ ਜੜ੍ਹ ਦਸਿਆ ਹੈ।

(ਨ-88) **ਨਾਰਾਇਣ** :

ਪ੍ਰਮਾਤਮਾ ਦਾ ਇਕ ਨਾਂ ਨਾਰਾਇਣ ਹੈ। ਨਾਰਾਇਣ ਕਈ ਹਿੰਦੂ ਦੇਵੀ ਦੇਵਤਿਆਂ ਦੀ ਉਪਾਧੀ ਹੈ। ਖਾਸ ਤੌਰ ਤੇ ਬ੍ਰਹਮਾ ਤੇ ਵਿਸ਼ਨੂੰ ਦੀ। ਨਾਰਾਇਣ ਦੋ ਸ਼ਬਦਾਂ ਦਾ ਸਮੂਹ ਹੈ—ਨਾਰਾ (ਜਲ) ਤੇ ਆਇਣ (ਘਰ) ਭਾਵ 'ਜਲ ਦਾ ਘਰ'। ਮਨੂ ਅਨੁਸਾਰ ਬ੍ਰਹਮਾ ਨੂੰ ਨਾਰਾਇਣ ਇਸ ਲਈ ਕਿਹਾ ਜਾਂਦਾ ਹੈ ਕਿ ਬ੍ਰਹਮਾ ਪਹਿਲਾਂ ਜਲ ਵਿਚ ਰਹਿੰਦਾ ਸੀ।

ਅੱਜ ਕਲ ਨਾਰਾਇਣ ਸ਼ਬਦ ਵਧੇਰੇ ਵਿਸ਼ਨੂੰ ਦੇਵਤੇ ਲਈ ਵਰਤਿਆ ਜਾਂਦਾ ਹੈ। ਵਿਸ਼ਨੂੰ ਦੇ ਸਬੰਧ ਵਿਚ ਨਾਰਾਇਣ ਦੇ ਅਰਥ ਲੋਕਪਾਲਕ ਦੇ ਰੂਪ ਵਿਚ ਲਏ ਜਾਂਦੇ ਹਨ।

(ਨ-89) **ਨਾਰੀਅਲ** :

ਨਾਰੀਅਲ ਨਾਲ ਬਹੁਤ ਸਾਰੇ ਵਿਚਾਰ, ਮਨੌਤਾਂ ਤੇ ਧਾਰਨਾਵਾਂ ਜੁੜੀਆਂ ਹੋਈਆਂ ਹਨ। ਨਾਰੀਅਲ ਦੀ ਸ਼ਕਲ

ਮਨੁੱਖ ਦੀ ਬਲੀ ਦੀ ਥਾਂ ਨਾਰੀਅਲ ਦੀ ਬਲੀ ਦਿਤੀ ਜਾਣ ਲਗੀ। ਜਦੋਂ ਕਦੇ ਨਵੇਂ ਮਕਾਨ ਜਾਂ ਨਵੇਂ ਖੂਹ, ਸਰੋਵਰ ਆਦਿ ਲਈ ਜ਼ਿਮੀਂ ਪੁਟੀ ਜਾਂਦੀ ਤਾਂ ਨੀਂਹ ਧਰਨ ਲਗਿਆਂ ਨਾਰੀਅਲ ਉੱਤੇ ਸੰਧੂਰ ਧੂੜ ਕੇ ਤੇ ਮੌਲੀ ਦੇ ਧਾਗੇ ਬੰਨ੍ਹ ਕੇ ਇਸ ਨੂੰ ਜ਼ਿਮੀਂ ਵਿਚ ਦੱਬ ਦਿਤਾ ਜਾਂਦਾ ਹੈ।

ਗ੍ਰਹਿ ਪ੍ਰਵੇਸ਼ ਤੇ ਸ਼ਾਦੀ ਆਦਿ ਦੇ ਕਈ ਸ਼ੁਭ ਮੌਕਿਆਂ ਸਮੇਂ, ਕੁੰਭ ਪੂਰਨ ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਵਿਚ ਕੋਰੇ ਘੜੇ ਵਿਚ, ਪਾਣੀ ਭਰ ਕੇ, ਉਪਰ ਕੁਝ ਪੱਤੇ, ਇਕ ਸੰਧੂਰ ਧੂੜਿਆ ਨਾਰੀਅਲ ਜਿਸ ਉੱਤੇ, ਸੰਧੂਰ ਨਾਲ ਨੱਕ ਅੱਖਾਂ ਕੰਨ ਮੂੰਹ ਆਦਿ ਬਣਾ ਦੇਂਦੇ ਹਨ।

ਨਾਰੀਅਲ ਦੀ ਸੁੱਕੀ ਗਿਰੀ ਜਿਸ ਨੂੰ ਖੋਪੇ ਦੀ ਠੂਠੀ ਕਹਿੰਦੇ ਹਨ; ਬੜੀ ਸ਼ਗਨਾਂ ਵਾਲੀ ਚੀਜ਼ ਮੰਨੀ ਗਈ ਹੈ। ਨਵੇਂ ਜੰਮੇ ਬੱਚੇ ਨੂੰ ਨਾਨਕੇ ਜੋ ਸ਼ਗਨ ਵਜੋਂ ਭੇਟਾ ਦੇਂਦੇ, ਉਨ੍ਹਾਂ ਵਿਚ ਖੋਪੇ ਦੀ ਠੂਠੀ ਜ਼ਰੂਰੀ ਹੈ। ਖੱਤ੍ਰੀਆਂ ਵਿਚ ਸ਼ਗਨ ਸਮੇਂ ਠੂਠੀ ਤੇ ਮਿਸ਼ਰੀ ਦਾ ਇਕ ਪੂਰਾ ਡਾਲ ਦਿਤਾ ਜਾਂਦਾ ਹੈ। ਵਿਆਹ ਤੋਂ ਇਕ ਦਿਨ ਪਹਿਲਾਂ ਕੰਨਿਆਂ ਨੂੰ, ਜੋ 'ਬਿਦ' ਅਥਵਾ 'ਕੁਵਾਰ ਧੋਤੀ' ਭੇਜੀ ਜਾਂਦੀ ਹੈ, ਉਸ ਵਿਚ ਖੋਪੇ ਦਾ ਹੋਣਾ ਲਾਜ਼ਮੀ ਹੈ। ਵਿਆਹ ਮਗਰੋਂ ਨਵੇਂ ਵਿਆਹੇ ਜੋੜੇ ਨੂੰ ਬਰਾਦਰੀ ਦੇ ਲੋਕ ਰੋਟੀ ਖੁਆਣ ਸਮੇਂ ਜੋ ਸ਼ਗਨ ਪਾਉਂਦੇ ਹਨ, ਉਨ੍ਹਾਂ ਵਿਚ ਖੋਪਾ ਜ਼ਰੂਰ ਹੁੰਦਾ ਹੈ। ਅੱਜ ਕਲ ਰੁਪਿਆਂ ਜਾਂ ਫੁੱਲਾਂ ਦਾ ਹਾਰ ਜੋੜੀ ਦੇ ਗਲ ਵਿਚ ਪਾਇਆ ਜਾਂਦਾ ਹੈ, ਪਰ ਪਹਿਲਾਂ ਨਾਰੀਅਲ ਦੇ ਖੋਪੇ ਦੀ ਗਿਰੀ ਦਾ।

ਨਾਰੀਅਲ ਵਿਚ ਉਪਜਾਇਕਤਾ ਦੀ ਵੀ ਸ਼ਕਤੀ ਹੈ। ਜਿਸ ਨਾਰੀਅਲ ਵਿਚੋਂ ਫੁੱਲ ਨਿਕਲੇ ਉਸ ਦਾ ਪਾਣੀ ਪੀਣ ਨਾਲ ਨਿਰਸੰਤਾਨ ਤੀਵੀਂ ਦੇ ਘਰ ਬਾਲ ਪੈਦਾ ਹੁੰਦਾ ਹੈ।

## (ਨ-90) ਨਾਰੂ

ਨਾਰੂ ਜਾਤੀ ਦਾ ਪਿਤਾਮਾ, ਜਿਸ ਨੇ ਨਾਰੋਵਾਲ ਨਗਰ ਦੀ ਨੀਂਹ ਰਖੀ। ਰਵਾਇਤਾਂ ਅਨੁਸਾਰ ਨਾਰੂ ਬਾਜਵਾ ਜਾਤੀ ਦਾ ਜੱਟ ਸੀ, ਉਸਦੀ ਸੰਤਾਨ ਬਾਲ ਵਰੇਸ ਵਿਚ ਹੀ ਮਰ ਜਾਂਦੀ ਸੀ। ਜੋਤਸ਼ੀਆਂ ਨੇ ਦਸਿਆ ਕਿ ਉਸ ਦਾ ਕੇਵਲ ਉਹੋ ਬੱਚਾ ਦੀਰਘ ਆਯੂ ਭੋਗ ਕੇ ਮਰੇਗਾ, ਜਿਹੜਾ ਫਿੱਫਰੇ ਦੀ ਛਾਂ ਹੇਠ ਜੰਮੇਗਾ। ਜੋਤਸ਼ੀਆਂ ਦੀ ਗੱਲ 'ਤੇ ਅਮਲ ਕਰਦਿਆਂ ਨਾਰੂ ਆਪਣੀ ਗਰਭਵਤੀ ਤੀਵੀਂ ਨੂੰ ਜੰਗਲ ਵਿਚ ਲੈ ਗਿਆ ਤੇ ਫਿੱਫਰੇ ਦੇ ਦਰਖ਼ਤ ਹੇਠਾਂ ਰਹਿਣ ਲੱਗਾ।

ਉਥੇ ਸੁਟ ਗਈ ਸੀ। ਇਸ ਨੇ ਉਸਨੂੰ ਵੀ ਚੁਕ ਲਿਆਂਦਾ ਤੇ ਉਹ ਦੋਹਾਂ ਨੂੰ ਪਾਲਣ ਪੋਸਣ ਲੱਗਾ।

ਨਾਰੂ ਦੇ ਆਪਣੇ ਪੁੱਤਰ ਦੀ ਔਲਾਦ ਨਾਰੋਵਾਲ ਵਿਚ ਰਹਿਣ ਲਗੀ, ਜਿਥੇ ਬਾਈ ਪਿੰਡ ਉਨ੍ਹਾਂ ਦੀ ਗੋਤ ਦੇ ਸਨ। ਉਸ ਦੇ ਦੂਜੇ ਬੱਚੇ, ਜਿਸ ਨੂੰ ਉਸ ਨੇ ਫਿੱਫਰੇ ਹੇਠੋਂ ਲਭਿਆ ਸੀ, ਉਹਦੀ ਵੰਸ਼ ਝਰੀ ਨਾਲੇ ਦੇ ਸੱਜੇ ਕੰਢੇ ਉੱਤੇ ਜਾ ਵਸੀ। ਹੌਲੇ ਹੌਲੇ ਉਥੇ ਉਨ੍ਹਾਂ ਦੇ ਪੰਤਾਲੀ ਪਿੰਡ ਆਪਣੇ ਹੋ ਗਏ। ਨਾਰੂ ਦੇ ਇਨ੍ਹਾਂ ਦੋਹਾਂ ਪੁੱਤਰਾਂ ਦੀ ਵੰਸ਼ ਹੁਣ ਤਕ ਤਰਤੀਬਵਾਰ 'ਬਾਈਸਵਾਲਾ' ਤੇ 'ਪੰਜਤਾਲੀਸਵਾਲਾ' ਨਾਉਂ ਨਾਲ ਪ੍ਰਸਿਧ ਰਹੀ। ਪਿਛਲਿਆਂ ਨੂੰ 'ਫਿਫਰਿਆਲ' ਵੀ ਕਹਿੰਦੇ ਹਨ।

## (ਨ-91) ਨਾਰੋਵਾਲ :

ਸਿਆਲਕੋਟ ਜ਼ਿਲੇ ਵਿਚ ਰਾਯਾ ਤਹਿਸੀਲ ਦਾ ਇਕ ਨਗਰ, ਜੋ ਰਾਯਾ ਤੋਂ ਉਤਰ ਵਲ ਦਸ ਮੀਲਾਂ ਦੀ ਵਿੱਥ ਉੱਤੇ ਹੈ। ਇਸ ਨਗਰ ਬਾਰੇ ਇਕ ਤੁਕ ਇਉਂ ਪ੍ਰਚਲਤ ਹੈ :

ਗੱਡੀ ਆਈ ਗੱਡੀ ਆਈ ਨਾਰੋਵਾਲ ਦੀ,
ਬੁੱਢੜੇ ਦੀ ਦਾੜ੍ਹੀ ਵਿਚ ਅੱਗ ਬਾਲਦੀ।

ਇਕ ਹੋਰ ਰਵਾਇਤ ਅਨੁਸਾਰ ਇਸ ਨਗਰ ਨੂੰ 'ਨਾਰੂ' ਨੇ ਵਸਾਇਆ, ਜੋ ਬਾਜਵਾ ਜੱਟ ਸੀ। ਨਾਰੂ ਦੇ ਬੱਚੇ ਛੋਟੀ ਉਮਰ ਵਿਚ ਹੀ ਮਰ ਜਾਇਆ ਕਰਦੇ ਸਨ। ਇਕ ਜੋਤਸ਼ੀ ਨੇ ਇਸ ਨੂੰ ਦਸਿਆ ਕਿ ਉਸ ਦਾ ਉਹਾ ਬੱਚਾ ਹੀ ਦੀਰਘ ਆਯੂ ਭੋਗੇਗਾ, ਜੋ ਫਿੱਫਰੇ ਹੇਠ ਜੰਮੇਗਾ। ਨਾਰੂ ਆਪਣੀ ਗਰਭਵਤੀ ਤੀਵੀਂ ਨੂੰ ਬੱਚਾ ਜੰਮਣੇ ਵੇਲੇ ਫਿੱਫਰੇ ਹੇਠ ਲੈ ਗਿਆ। ਨਾਰੂ ਦੇ ਘਰ ਲੜਕਾ ਜੰਮਿਆ। ਕੁਝ ਦਿਨਾਂ ਮਗਰੋਂ, ਸਬੱਬ ਨਾਲ, ਨਾਰੂ ਨੂੰ ਫਿੱਫਰੇ ਹੇਠ ਇਕ ਬੱਚਾ ਪਿਆ ਮਿਲਿਆ, ਜਿਸ ਨੂੰ ਨਾਰੂ ਨੇ ਅਪਣਾ ਲਿਆ। ਨਾਰੂ ਦੀ ਆਪਣੀ ਔਲਾਦ ਜਿਸ ਇਲਾਕੇ ਵਿਚ ਰਹਿਣ ਲੱਗੀ, ਉਹ ਨਾਰੋਵਾਲ ਪ੍ਰਸਿਧ ਹੋਇਆ। ਇਥੇ ਇਨ੍ਹਾਂ ਦੇ ਬਾਈ ਪਿੰਡ ਹਨ। ਨਾਰੂ ਦੇ ਲੇਪਾਲਕ ਲੜਕੇ ਦੀ ਔਲਾਦ ਝੇਝਰੀ ਨਾਲੇ ਦੇ ਸੱਜੇ ਕੰਢੇ ਉੱਤੇ ਰਹਿਣ ਲੱਗੀ। ਇਨ੍ਹਾਂ ਦੇ ਪੰਜਤਾਲੀ ਪਿੰਡ ਸਨ। ਇਹ ਦੋਵੇਂ ਸ਼ਾਖ਼ਾਂ ਤਰਤੀਬਵਾਰ 'ਬਾਈਸਵਾਲ' ਤੇ 'ਪੈਂਤਾਲੀਸਵਾਲ' ਪ੍ਰਸਿਧ ਹੋਏ। ਪੈਂਤਾਲੀਸਵਾਲ ਨੂੰ ਫਿਫਰਿਆਲੇ ਵੀ ਕਿਹਾ ਜਾਂਦਾ ਹੈ।

## (ਨ-92) ਨਾਭੂਆ ਕੱਟਣਾ :

ਪਿੜੇ ਰਹੇ ਨਾੜੂਏ ਨਾਲ, ਜੇ ਮੁੰਡਾ ਹੋਵੇ, ਤਾਂ ਹਿੰਦੂ ਜਨੇਊ ਨਾਲੋਂ ਧਾਗਾ ਤੋੜ ਕੇ ਬੰਨ੍ਹ ਦਿੰਦੇ ਹਨ । ਜਦੋਂ ਨਾੜੂਆ ਸੁਕ ਜਾਂਦਾ ਹੈ, ਤਾਂ ਇਸ ਨੂੰ ਬੋਹੜ, ਪਿੱਪਲ ਜਾਂ ਬੇਰੀ ਦੇ ਰੁੱਖ ਉਪਰ ਸੁੱਟ ਦਿਤਾ ਜਾਂਦਾ ਹੈ ।

(ਨ-93) **ਨਿਉਂਦਾ :**

ਉਹ ਰਕਮ, ਜੋ ਵਿਆਹ ਦੇ ਮੌਕੇ 'ਤੇ ਅੰਗ ਸਾਕ ਤੇ ਮਿਤ੍ਰ ਸ਼ਗਨ ਵਜੋਂ ਦੇਂਦੇ ਹਨ । ਵਰ ਪੱਖ ਦੇ ਘਰ, ਵਰ ਨੂੰ ਘੋੜੀ ਚਾੜ੍ਹਨ ਤੋਂ ਪਹਿਲਾ ਬਰਾਦਰੀ ਦੇ ਸਾਰੇ ਲੋਕ, ਇਕ ਥਾਂ ਇਕੱਠੇ ਹੁੰਦੇ ਹਨ ਅਤੇ ਵਿਚਕਾਰ ਇਕ ਥਾਲ, ਜਿਸ ਵਿਚ ਇਕ ਸੰਧੂਰਿਆ ਹੋਇਆ ਨਾਰੀਅਲ, ਜਿਸ ਨਾਲ ਮੌਲੀ ਦੇ ਧਾਗੇ ਬੰਨ੍ਹੇ ਹੁੰਦੇ ਹਨ, ਰਖਿਆ ਜਾਂਦਾ ਹੈ । ਲਾੜੇ ਦਾ ਪਿਉ ਜਾਂ ਕੋਈ ਬਜ਼ੁਰਗ ਇਕ ਕਾਪੀ ਜਾਂ ਵਹੀ ਉਤੇ ਉਹ ਰਕਮ ਲਿਖਦਾ ਜਾਂਦਾ ਹੈ, ਜੋ ਅੰਗ-ਸਾਕ ਦੇਂਦੇ ਹਨ । ਇਸ ਤਰ੍ਹਾਂ ਕੰਨਿਆ ਪੱਖ ਦੇ ਘਰ, ਜੂੜਾ ਚਾੜ੍ਹੇ ਜਾਣ ਸਮੇਂ ਬਰਾਦਰੀ ਨਿਉਂਦਾ ਦੇਂਦੀ ਹੈ । ਇਹ ਨਿਉਂਦਾ ਇਕ ਤਰ੍ਹਾਂ ਦੀ 'ਵਰਤਨ ਭਾਜੀ' ਹੈ, ਜੋ ਰਿਸ਼ਤੇਦਾਰਾਂ ਤੇ ਮਿਤ੍ਰਾਂ ਦੇ ਬੱਚਿਆਂ ਦੇ ਵਿਆਹ ਉਤੇ ਵਧਾ ਕੇ ਮੋੜੀ ਜਾਂਦੀ ਹੈ ।

(ਨ-94) **ਨਿਉਰੀ :**

ਵਿਆਹ ਨਾਲ ਸਬੰਧਿਤ ਇਕ ਰੀਤ, ਜੋ ਲਹਿੰਦੇ ਦੇ ਕਈ ਇਲਾਕਿਆਂ ਤੇ ਖਾਸ ਤੌਰ ਤੇ ਬਹਾਵਲਪੁਰ ਵਿਚ ਪ੍ਰਚਲਤ ਹੈ । ਇਹ ਰੀਤ 'ਲਸੀ ਪੀਰ' ਦੀ ਰੀਤ ਤੋਂ ਰਤਾ ਕੁ ਪਹਿਲਾਂ ਜਾਂ ਮਗਰੋਂ ਲਾੜ੍ਹੇ ਦੇ ਨਾਲ ਆਏ ਸਬਾਲੇ ਤੋਂ ਕਰਾਈ ਜਾਂਦੀ ਹੈ । ਇਸ ਇਲਾਕੇ ਵਿਚ ਸਬਾਲਾ ਲਾੜ੍ਹੇ ਦਾ ਭਣਵਈਆ ਜਾਂ ਭਣੇਆ ਬਣਦਾ ਹੈ । ਜੇ ਇਹ ਦੋਵੇਂ ਨਾ ਹੋਣ ਤਾਂ ਉਸੇ ਕੁਲ ਦਾ ਕੋਈ ਲੜਕਾ ਸਬਾਲਾ ਬਣਦਾ ਹੈ, ਜਿਸ ਦੇ ਘਰ ਲਾੜ੍ਹੇ ਦੇ ਕੁਲ ਦੀ ਕੋਈ ਕੁੜੀ ਵਿਆਹੀ ਹੋਵੇ । ਨਿਉਰੀ ਜਾਂ ਨਿਉਲੀ ਦੇ ਅਰਥ 'ਵਟ ਵਾਲੀ ਰੱਸੀ' ਦੇ ਹਨ ।

ਇਹ ਰੀਤ ਇਸ ਪ੍ਰਕਾਰ ਕੀਤੀ ਜਾਂਦੀ ਹੈ : ਇਕ ਰੱਸੇ ਦੇ ਟੁਕੜੇ ਨੂੰ ਮੁਖੀ ਦਵਾਰ ਦੀ ਉਪਰਲੀ ਸਰਦਲ ਨਾਲ ਬੰਨ੍ਹ ਕੇ ਲਟਕਾ ਦਿਤਾ ਜਾਂਦਾ ਹੈ । ਸਬਾਲਾ ਇਸ ਨੂੰ ਤਲਵਾਰ ਜਾਂ ਛੁਰੀ ਨਾਲ ਕਟਦਾ ਹੈ । ਰੱਸੀ ਨੂੰ ਕੱਟਣ ਮਗਰੋਂ ਉਹ ਛੁਰੀ ਜਾਂ ਤਲਵਾਰ ਲਾੜ੍ਹੇ ਦੀ ਸੱਸ ਜਾਂ ਸਾਲੀ ਦੇ ਹਵਾਲੇ ਕਰ ਦੇਂਦਾ ਹੈ । ਇਹ ਪ੍ਰਗਟ ਕਰਨ ਲਈ ਕਿ ਇਸ ਦੇ ਆਪਣੇ ਹਥਿਆਰ ਫੜ ਲਏ ਹਨ । ਤੇ ਜਿਸ ਕਰਕੇ ਸਬਾਲੇ ਦੇ ਰੱਸੀ ਕੱਟਣ ਦੇ ਸਾਰੇ ਯਤਨ ਨਿਸਫਲ ਹੋ ਜਾਂਦੇ ਹਨ । ਕੁੜੀਆਂ ਉਸ ਦੇ ਕਮਜ਼ੋਰ ਹੋਣ ਦਾ ਠੱਠਾ ਉਡਾਂਦੀਆਂ ਤੇ ਸਿੱਠਣੀਆਂ ਦੇਂਦੀਆਂ ਹਨ । ਖ਼ੂਬ ਹਾਸਾ ਠੱਠਾ ਮਚਦਾ ਹੈ ।

(ਨ-95) **ਨਿਉਲੀ ਕਰਮ** :

ਯੋਗ ਦੀ ਇਕ ਕਿਰਿਆ; ਯੋਗਮਤ ਵਿਚ ਆਤਮਿਕ ਸੁਧੀ ਤੇ ਕਲਿਆਨ ਲਈ ਸਰੀਰਕ ਸੁਧੀ ਜ਼ਰੂਰੀ ਸਮਝੀ ਜਾਂਦੀ ਹੈ । ਪੇਟ ਦੀਆਂ ਆਂਦਰਾਂ ਨੂੰ ਇਕ ਖਾਸ ਵਿਧੀ ਨਾਲ, ਪਾਣੀ ਨਾਲ ਸਾਫ਼ ਕਰਨ ਤੇ ਪ੍ਰਾਣਾਂ ਦੇ ਬਲ ਨਾਲ ਪੇਟ ਦੀ ਕਸਰਤ ਕਰਨ ਦੀ ਕਿਰਿਆ ਨਿਉਲੀ ਕਰਮ ਅਖਵਾਉਂਦੀ ਹੈ । ਮਹਾਨ ਕੋਸ਼ (525) ਅਨੁਸਾਰ ਨਿਉਲੀ ਕਰਮ ਦੀ ਵਿਧੀ ਇਹ ਹੈ : ਦੋਵੇਂ ਗੋਡੇ ਨੀਵੇਂ ਕਰਕੇ ਪਿੱਠ ਦਾ ਵਲ ਕੱਢ ਕੇ ਸਿਧਾ ਬੈਠਣਾ, ਅਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ, ਖੱਬੇ, ਹੇਠ ਉਪਰ ਇਸ ਤਰ੍ਹਾਂ ਚਲਾਉਣਾ ਜਿਵੇਂ ਮਟਕੇ ਵਿਚ ਮਧਾਣੀ ਨਾਲ ਦਹੀਂ ਰਿੜਕੀਂਦਾ ਹੈ । ਆਦਿ-ਗ੍ਰੰਥ ਵਿਚ ਜੋਗੀਆਂ ਦੀ ਇਸ ਕਿਰਿਆ ਦੀ ਨਿੰਦਾ ਕੀਤੀ ਗਈ :

'ਨਿਉਲੀ ਕਰਮ ਕਰੈ ਬਹੁ ਆਸਨ'—ਸੁਖਮਨੀ

(ਨ-96) **ਨਿਆਈ** :

(ੳ) ਪਿੰਡ ਦੇ ਨਾਲ ਲਗਦੀ ਉਹ ਖੁਲ੍ਹੀ ਥਾਂ, ਜਿਥੇ ਸਾਰਾ ਵੱਗ ਇਕੱਠਾ ਹੁੰਦਾ ਹੈ :

'ਅੱਗ ਲਗੀ ਤਾਂ ਕੁੱਤਾ ਨਿਆਈਂ'—ਅਖਾਣ

(ਅ) ਉਹ ਨੀਵੀਂ ਥਾਂ ਵਾਲੀ ਜ਼ਿਮੀਂ ਜਿਸ ਦੀ ਸਿੰਜਾਈ ਆਲੇ ਦੁਆਲੇ ਦੀ ਜ਼ਿਮੀਂ ਦੇ ਬਾਰਸ਼ੀ ਪਾਣੀ ਤੋਂ ਹੁੰਦੀ ਹੈ । ਇਹ ਜ਼ਿਮੀਂ ਚੰਗੀ ਸਮਝੀ ਜਾਂਦੀ ਹੈ । ਅਖਾਣ ਹੈ :

ਨਿਆਈਂ ਗਸਰਾ ਜਾਤ ਸਿਆਣੀ
ਟਿੱਬਾ ਰੱਕੜ ਬਹੁਤ ਨਿਮਾਣੀ
ਕਾਲੀ ਕੱਲਰ ਖਸਮਾਂ ਖਾਣੀ
ਰੋਹੀ ਰੇਤਲੀ ਆਪ ਗੰਵਾਣੀ ।

(ਨ-97) **ਨਿਆਜ਼** :

(ੳ) ਉਹ ਰੋਟੀਆਂ ਜੋ ਜੁਮੇਰਾਤ ਵਾਲੇ ਦਿਨ ਮੁੱਲਾਂ ਨੂੰ ਭੇਟ ਕਰਦੇ ਹਨ ।

(ਅ) ਕਿਸੇ ਪੀਰ ਫ਼ਕੀਰ ਦੀ ਭੇਟਾ ਚਾੜ੍ਹਨੀ ।

(ਨ-98) **ਨਿਆਰੀਆ** :

ਇਕ ਜਾਤੀ, ਜਿਸ ਦੇ ਲੋਕ, ਸੁਨਿਆਰੇ ਦੀ ਸੁਆਹ ਨੂੰ ਧੋ ਕੇ, ਸੋਨਾ ਚਾਂਦੀ ਕਢਦੇ ਹਨ। ਇਸ ਜਾਤੀ ਦੇ ਲੋਕ ਦਰਿਆ ਦੀ ਰੇਤ ਧੋ ਕੇ, ਉਸ ਵਿਚੋਂ ਸੋਨੇ ਚਾਂਦੀ ਦੇ ਕਣ ਲੱਭਦੇ ਹਨ। ਇਹੋ ਇਨ੍ਹਾਂ ਦਾ ਕਿੱਤਾ ਹੈ।

(ਨ-99) **ਨਿਸਕਰਮਣ** :

ਜਨਮ ਨਾਲ ਸਬੰਧਿਤ ਇਕ ਸੰਸਕਾਰ; ਇਹ ਨਵੇਂ ਜੰਮੇ ਬੱਚੇ ਦੇ ਪਹਿਲੀ ਵਾਰ ਘਰੋਂ ਬਾਹਰ ਨਿਕਲਣ ਸਮੇਂ ਕੀਤਾ ਜਾਂਦਾ ਹੈ। ਮਨੂੰ-ਸਿਮਰਤੀ ਅਨੁਸਾਰ ਇਹ ਸੰਸਕਾਰ ਬੱਚੇ ਦੇ ਜਨਮ ਤੋਂ ਮਗਰੋਂ 12ਵੇਂ ਦਿਨ ਤੋਂ ਲੈ ਕੇ ਚੌਥੇ ਮਹੀਨੇ ਤਕ, ਕਿਸੇ ਦਿਨ ਵੀ ਕੀਤਾ ਜਾ ਸਕਦਾ ਹੈ। 'ਭਵਿਸ਼ ਪੁਰਾਣ' ਤੇ 'ਬ੍ਰਹਸਪਤੀ ਸਿਮਰਤੀ' ਅਨੁਸਾਰ ਇਹ ਸੰਸਕਾਰ ਜਨਮ ਮਗਰੋਂ 12ਵੇਂ ਦਿਨ ਕੀਤਾ ਜਾਣਾ ਚਾਹੀਦਾ ਹੈ। ਪਰ 'ਗ੍ਰਿਹ ਸੂਤਰਾਂ' ਤੇ 'ਸਿਮਰਤੀਆਂ' ਅਨੁਸਾਰ ਜਨਮ ਮਗਰੋਂ ਤੀਜੇ ਮਹੀਨੇ ਸੂਰਜ ਦਰਸ਼ਨ ਤੇ ਚੌਥੇ ਮਹੀਨੇ ਚੰਦ੍ਰਮਾ ਦੇ ਦਰਸ਼ਨ ਕਰਨੇ ਚਾਹੀਦੇ ਹਨ। ਇਸ ਸੰਸਕਾਰ ਸਮੇਂ ਬਹੁਤੀ ਬਰਾਦਰੀ ਨਹੀਂ ਸੱਦੀ ਜਾਂਦੀ।

ਇਸ ਸੰਸਕਾਰ ਵੇਲੇ, ਵਿਹੜੇ ਵਿਚ ਕੋਈ ਚੌਰਸ ਥਾਂ, ਜਿਥੋਂ ਸੂਰਜ ਵਿਖਾਈ ਦੇਂਦਾ ਹੋਵੇ, ਮਿੱਟੀ ਨਾਲ ਪੋਚਾ ਫੇਰ ਕੇ ਸਾਫ਼ ਕਰ ਲਈ ਜਾਂਦੀ ਹੈ। ਪਹਿਲਾਂ ਉਸ 'ਤੇ ਸਵਾਸਤਿਕ ਦਾ ਨਿਸ਼ਾਨ ਬਣਾਇਆ ਜਾਂਦਾ ਹੈ। ਫਿਰ ਬੱਚੇ ਦੀ ਮਾਂ ਇਸ ਉਤੇ ਚਾਵਲਾਂ ਦੇ ਦਾਣੇ ਬਿਖੇਰਦੀ ਹੈ। ਪਿਉ ਬੱਚੇ ਨੂੰ ਉਪਰ ਵਲ ਚੁਕ ਕੇ ਸੂਰਜ ਦੇ ਦਰਸ਼ਨ ਕਰਵਾਉਂਦਾ ਹੈ। ਇਸ ਮੌਕੇ ਤੇ ਕੁੱਲ ਦੇਵਤੇ ਦੀ ਪੂਜਾ ਵੀ ਕੀਤੀ ਜਾਂਦੀ ਹੈ ਤੇ ਅੱਠ ਦਿਸ਼ਾਵਾਂ ਦੇ ਰਖਿਅਕ, ਸੂਰਜ ਚੰਨ, ਵਾਸੂਦੇਵ ਤੇ ਆਕਾਸ਼ ਪੂਜੇ ਜਾਂਦੇ ਹਨ। ਵੇਦੀ ਦੀਆਂ ਰਿੱਚਾਂ ਪੜ੍ਹੀਆਂ ਜਾਂਦੀਆਂ ਤੇ ਸੰਖ ਵਜਾਏ ਜਾਂਦੇ ਹਨ। ਬੱਚੇ ਨੂੰ ਮੰਦਰ ਲਿਜਾਇਆ ਜਾਂਦਾ ਹੈ। ਇਸ ਦਿਨ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ।

(ਨ-100) **ਨਿਸਰਨਾ** :

ਗੰਨੇ ਨੂੰ ਫੁੱਲ ਆ ਜਾਣੇ; ਨਿਸਰਨਾ ਗੰਨੇ ਲਈ ਚੰਗਾ ਨਹੀਂ ਹੁੰਦਾ ਤੇ ਇਸ ਨੂੰ ਫ਼ਸਲ ਲਈ ਅਪਸ਼ਗਨ ਸਮਝਿਆ ਜਾਂਦਾ ਹੈ। ਖੇਤ ਵਿਚੋਂ ਅਜਿਹੇ ਗੰਨੇ ਪੁਟ ਕੇ ਦਾਨ ਕਰ ਦਿਤੇ ਜਾਂਦੇ ਹਨ।

ਹੁੰਦਾ ਹੈ। ਇਸ ਦਾ ਮੂੰਹ ਚਮੜੇ ਨਾਲ ਮੜ੍ਹਿਆ ਹੁੰਦਾ ਹੈ। ਇਸ ਦੀ ਵਰਤੋਂ ਯੁੱਧ ਵਿਚ, ਸੂਰਮਿਆਂ ਵਿਚ ਉਤਸ਼ਾਹ ਜਗਾਣ ਲਈ ਕੀਤੀ ਜਾਂਦੀ ਹੈ।

(ਨ-102) **ਨਿਸ਼ਾਨ ਸਾਹਿਬ** :

ਸਿੱਖਾਂ ਦਾ ਧਾਰਮਿਕ ਝੰਡਾ ਜਿਸ ਉਤੇ ਖੰਡੇ ਦਾ ਨਿਸ਼ਾਨ ਹੁੰਦਾ ਹੈ। ਫਰਹਰਾ ਬਸੰਤੀ ਰੰਗ ਵਿਚ ਰੰਗਿਆ ਹੁੰਦਾ ਹੈ ਤੇ ਖੰਡਾ ਕਾਲੇ ਰੰਗ ਦਾ ਹੁੰਦਾ ਹੈ। ਇਸ ਨੂੰ ਗੁਰਦਵਾਰੇ ਦੇ ਅਹਾਤੇ ਵਿਚ, ਲੰਮੇ ਸਾਰੇ ਬਾਂਸ ਨਾਲ ਬੰਨ੍ਹ ਕੇ ਜਾਂ ਗੁਰਦਵਾਰੇ ਦੀ ਉਪਰਲੀ ਛੱਤ ਤੇ ਝੁਲਾਇਆ ਜਾਂਦਾ ਹੈ। ਜਦੋਂ ਸਿੱਖ ਜਲੂਸ ਕਢਦੇ ਹਨ ਤਾਂ ਪੰਜ ਪਿਆਰੇ ਜਲੂਸ ਦੇ ਅਗੇ ਨਿਸ਼ਾਨ ਸਾਹਿਬ ਲੈ ਕੇ ਚਲਦੇ ਹਨ। ਝੰਡੇ ਦੇ ਥੜੇ ਦੀ ਮਿੱਟੀ ਵਿਚ ਦੈਵੀ ਬਖਸ਼ਿਸ਼ ਮੰਨੀ ਜਾਂਦੀ ਹੈ ਤੇ ਸ਼ਰਧਾਲੂ ਮੱਥੇ ਤੇ ਲਗਾਂਦੇ ਹਨ।

(ਨ-103) **ਨਿਸੁੰਭ** :

ਇਕ ਦਾਨਵ, ਜੋ ਕਸ਼ਯਪ ਦੇ ਸੰਜੋਗ ਤੋਂ, ਦਨੂ ਦੇ ਉਦਰ ਤੋਂ ਪੈਦਾ ਹੋਇਆ। ਇਹ ਸੁੰਭ ਦਾ ਛੋਟਾ ਭਰਾ ਸੀ। ਦੁਰਗਾ ਨੇ ਸੁੰਭ ਤੇ ਨਿਸੁੰਭ ਦੋਹਾਂ ਨੂੰ ਯੁੱਧ ਵਿਚ ਮਾਰ ਦਿਤਾ ਸੀ। ਇਸ ਯੁੱਧ ਦਾ ਜ਼ਿਕਰ ਚੰਡੀ ਦੀ ਵਾਰ ਵਿਚ ਆਉਂਦਾ ਹੈ। ਮਾਰਕੰਡੇ ਪੁਰਾਣ ਅਨੁਸਾਰ ਸੁੰਭ ਤੇ ਨਿਸੁੰਭ ਦੋਹਾਂ ਨੇ ਅਮਰਤਾ ਪ੍ਰਾਪਤ ਕਰਨ ਲਈ, ਪੰਜ ਹਜ਼ਾਰ ਸਾਲ ਤਕ, ਸ਼ਿਵ ਦੀ ਘੋਰ ਤਪਸਿਆ ਕੀਤੀ। ਇਨ੍ਹਾਂ ਦੈਂਤਾਂ ਦੀ ਸ਼ਕਤੀ ਇਤਨੀ ਵਧ ਗਈ ਕਿ ਦੇਵਤੇ ਇਨ੍ਹਾਂ ਤੋਂ ਡਰਨ ਲਗੇ। ਸ਼ਿਵ ਜੀ ਤੋਂ ਇਨ੍ਹਾਂ ਨੂੰ, ਅਮਰਤਾ ਦਾ ਵਰ ਨਾ ਮਿਲਿਆ। ਫਿਰ ਉਨ੍ਹਾਂ ਹੋਰ ਤਪਸਿਆ ਕੀਤੀ। ਇੰਦਰ ਨੇ ਇਨ੍ਹਾਂ ਦਾ ਤੱਪ ਭੰਗ ਕਰਨ ਲਈ ਰੰਭਾ ਤੇ ਤਿਲੋਤਮਾ ਨਾਂ ਦੀਆਂ ਦੋ ਅਪੱਛਰਾਂ ਭੇਜੀਆਂ, ਜੋ ਇਨ੍ਹਾਂ ਦਾ ਮਨ ਮੋਹਣ ਵਿਚ ਸਫ਼ਲ ਹੋ ਗਈਆਂ। ਦੋਵੇਂ ਭਰਾ ਪੰਜ ਹਜ਼ਾਰ ਸਾਲ ਅਪੱਛਰਾਵਾਂ ਨਾਲ, ਬਿਲਾਸੀ ਜੀਵਨ ਵਿਚ ਲੀਨ ਰਹੇ ਤੇ ਫਿਰ ਅਪੱਛਰਾਵਾਂ ਤੋਂ ਦੋਹਾਂ ਦਾ ਦਿਲ ਭਰ ਗਿਆ। ਉਹ ਫਿਰ ਘੋਰ ਤਪਸਿਆ ਕਰਨ ਲਗੇ। ਇਕ ਹਜ਼ਾਰ ਸਾਲ ਤਪਸਿਆ ਕਰਨ ਮਗਰੋਂ ਸ਼ਿਵ ਨੇ ਇਨ੍ਹਾਂ ਨੂੰ ਵਰ ਦਿਤਾ ਕਿ ਤੁਹਾਡੇ ਵਿਚ ਦੇਵਤਿਆਂ ਨਾਲੋਂ ਜ਼ਿਆਦਾ ਬਲ ਤੇ ਸਮਰਥਾ ਹੋਵੇਗੀ। ਵਰ ਨੂੰ ਪ੍ਰਾਪਤ ਕਰ ਕੇ ਇਨ੍ਹਾਂ ਨੇ

**(ਨ-104) ਨਿਹਕਲੰਕ :**

ਹਿੰਦੂ ਮਤ ਅਨੁਸਾਰ 24 ਅਵਤਾਰਾਂ ਵਿਚ ਅੰਤਿਮ ਅਵਤਾਰ, ਜਿਸ ਨੇ ਅਜੇ ਪ੍ਰਗਟ ਹੋਣਾ ਹੈ। ਇਸ ਨੂੰ ਕਲਕੀ ਅਵਤਾਰ ਵੀ ਕਹਿੰਦੇ ਹਨ। ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਕਲਜੁਗ ਵਿਚ ਮੁਰਾਦਾਬਾਦ ਜਿਲੇ ਦੇ ਇਕ ਨਗਰ 'ਸੰਭ' ਵਿਚ, ਵਿਸ਼ਨੂੰਯਸ਼ ਨਾਂ ਦੇ ਬ੍ਰਾਹਮਣ ਦੇ ਘਰ ਕਲਕੀ ਅਵਤਾਰ ਪ੍ਰਗਟ ਹੋਵੇਗਾ। ਜੋ ਚਿੱਟੇ ਘੋੜੇ ਤੇ ਸਵਾਰ ਹੋ ਕੇ, ਸਭ ਕੁਕਰਮੀਆਂ ਦਾ ਨਾਸ ਕਰੇਗਾ (ਵੇਖੋ : ਕਲਕੀ)।

**(ਨ-105) ਨਿਕਾਹ :**

ਮੁਸਲਮਾਨਾਂ ਵਿਚ ਵਿਆਹ, ਨਿਕਾਹ ਦੀ ਰਸਮ ਨਾਲ ਕੀਤਾ ਜਾਂਦਾ ਹੈ। ਕਈ ਮੁਸਲਮਾਨ ਪਿੰਡ ਦੀ ਮਸੀਤ ਵਿਚ ਵਰ ਤੇ ਕੰਨਿਆਂ ਨੂੰ ਲਿਜਾ ਕੇ, ਉਥੇ ਨਿਕਾਹ ਕਰਦੇ ਹਨ ਤੇ ਕਈ ਘਰ ਵਿਚ ਹੀ, ਕਿਸੇ ਕਮਰੇ ਵਿਚ। ਦੂਲ੍ਹਾ ਕਾਅਬੇ ਵਲ ਮੂੰਹ ਕਰ ਕੇ ਬੈਠ ਜਾਂਦਾ ਹੈ ਤੇ ਉਸ ਦੇ ਪਿਛੇ ਦੁਲ੍ਹਨ ਨੂੰ ਬਿਠਾ ਦਿਤਾ ਜਾਂਦਾ ਹੈ। ਮੁੱਲਾ ਇਨ੍ਹਾਂ ਦੋਹਾਂ ਦੇ ਸਾਹਮਣੇ ਬੈਠ ਕੇ, ਕੁਰਾਨ ਦੀਆ ਕੁਝ ਆਇਤਾਂ ਪੜ੍ਹਦਾ ਤੇ ਫਿਰ ਦੂਲ੍ਹੇ ਨੂੰ ਪੁੱਛਦਾ ਹੈ ਕਿ ਉਹ ਕੰਨਿਆਂ ਨੂੰ ਇਸਲਾਮੀ ਸਿਧਾਂਤ ਅਨੁਸਾਰ ਪਤਨੀ ਕਬੂਲ ਕਰਦਾ ਹੈ। ਇਹੋ ਗੱਲ ਫਿਰ ਦੁਲ੍ਹਨ ਤੋਂ ਪੁਛੀ ਜਾਂਦੀ ਹੈ। ਇਹ ਰਸਮ ਗਵਾਹਾ ਦੇ ਸਾਹਮਣੇ ਕੀਤੀ ਜਾਂਦੀ ਹੈ ਤੇ ਦੂਲ੍ਹਾ ਦੁਲ੍ਹਨ ਦੋਹਾਂ ਦੇ 'ਹਾਂ' ਕਰਨ ਮਗਰੋਂ, ਕਾਜ਼ੀ ਨਿਕਾਹ ਸੰਪੂਰਨ ਹੋਣ ਦਾ ਐਲਾਨ ਕਰਦਾ ਹੈ। ਨਿਕਾਹ ਦੇ ਮਗਰੋਂ ਦੂਲ੍ਹਾ ਸਭ ਨੂੰ ਸਲਾਮ ਕਰਦਾ ਹੈ। ਦੁਲ੍ਹਨ ਦਾ ਪਿਉ, ਦੂਲ੍ਹੇ ਨੂੰ ਤੇ ਕਾਜ਼ੀ ਨੂੰ ਨਕਦ ਰੁਪਏ ਦੇਂਦਾ ਹੈ।

ਹਰਿਆਣੇ ਦੀ ਮਿਉ ਜਾਤੀ ਵਿਚ ਨਿਕਾਹ ਦੀ ਵਿਧੀ ਇਸ ਪ੍ਰਕਾਰ ਹੈ : ਲਾੜ੍ਹੇ ਨੂੰ ਮੱਕੇ ਵਲ ਮੂੰਹ ਕਰ ਕੇ ਬਿਠਾ ਦਿਤਾ ਜਾਂਦਾ ਹੈ। ਉਸ ਦੇ ਸਾਹਮਣੇ ਮੁੱਲਾ ਬੈਠ ਜਾਂਦਾ ਹੈ। ਬਰਾਤੀ ਅਤੇ ਦੁਲ੍ਹਨ ਦੇ ਕੁਝ ਨੇੜਲੇ ਰਿਸ਼ਤੇਦਾਰ ਦੂਲ੍ਹੇ ਦੇ ਪਿਛੇ ਬੈਠ ਜਾਂਦੇ ਹਨ। ਮੁੱਲਾ ਕੁਰਾਨ ਤੋਂ ਆਇਤਾਂ ਪੜ੍ਹਦਾ ਹੈ ਅਤੇ ਦੂਲ੍ਹਾ ਦੁਲ੍ਹਨ ਨੂੰ ਪਤਨੀ ਦੇ ਰੂਪ ਵਿਚ ਇਸਲਾਮੀ ਸ਼ਰ੍ਹਾ ਦੇ ਅਨੁਸਾਰ ਕਬੂਲ ਕਰਦਾ ਹੈ। ਨਿਕਾਹ ਮਗਰੋਂ ਦੂਲ੍ਹਾ ਖੜਾ ਹੋ ਕੇ ਸਭ ਹਾਜ਼ਰ ਲੋਕਾਂ ਨੂੰ ਸਲਾਮ ਕਰਦਾ ਹੈ। ਦੁਲ੍ਹਨ ਦਾ ਪਿਉ ਦੂਲ੍ਹੇ ਤੇ ਮੁੱਲਾ ਨੂੰ ਕੁਝ ਰਕਮ ਦੇਂਦਾ ਹੈ। ਬਰਾਤੀਆਂ ਵਿਚ ਛੁਹਾਰੇ ਤੇ ਬਕਲੀਆਂ ਵੰਡੀਆਂ ਜਾਂਦੀਆਂ ਹਨ। ਫਿਰ ਮੁੱਲਾ ਦੁਲ੍ਹਨ ਦੇ ਘਰ ਜਾਂਦਾ ਹੈ। ਇਸ ਦੇ ਨਾਲ ਹੀ ਮਿਹਰ ਦੀ ਰਕਮ ਨਿਸ਼ਚਤ ਕੀਤੀ ਜਾਂਦੀ ਹੈ। ਇਸ ਰਸਮ ਨੂੰ 'ਇਜਾਬ ਕਬੂਲ' ਕਹਿੰਦੇ ਹਨ। ਬਾਕੀ ਰਸਮਾਂ ਤਾਂ ਸ਼ਗਨ ਵਜੋਂ ਕੀਤੀਆਂ ਜਾਂਦੀਆਂ ਹਨ। ਮੁਸਲਮਾਨਾਂ ਵਿਚ ਜੰਞ ਆਮ ਤੌਰ ਤੇ ਸ਼ਾਮ ਨੂੰ ਕੰਨਿਆਂ ਪੱਖ ਦੇ ਘਰ ਪਹੁੰਚਦੀ ਹੈ। ਨਿਕਾਹ ਰਾਤ ਵੇਲੇ ਹੁੰਦਾ ਹੈ ਤੇ ਕਈ ਵਾਰ ਅਗਲੀ ਸਵੇਰ ਨੂੰ, ਜਿਸ ਦੇ ਪਿਛੋਂ ਲਾੜ੍ਹੀ ਲਾੜ੍ਹੇ ਦੇ ਮਾਂ ਪਿਉ ਵਲੋਂ ਦਿਤੇ ਕਪੜੇ ਪਹਿਨਦੀ ਹੈ ਅਤੇ ਲਾੜ੍ਹਾ ਲਾੜ੍ਹੀ ਦੇ ਮਾਂ ਪਿਉ ਵਲੋਂ ਦਿਤੇ ਕਪੜਿਆਂ ਨਾਲ ਸਜਦਾ ਹੈ। ਫਿਰ ਤਿੱਲ ਤੇ ਗੁੜ ਵੰਡਿਆ ਜਾਂਦਾ ਹੈ। ਸਵੇਰੇ ਲਾੜ੍ਹੀ ਨੂੰ ਨਾਲ ਲੈ ਕੇ ਜੰਞ ਮੁੜ ਜਾਂਦੀ ਹੈ।

ਵਿਆਹ ਦੀਆਂ ਰੀਤਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਧਾਰਮਿਕ ਤੇ ਦੂਜਾ ਸਮਾਜਕ। ਧਾਰਮਿਕ ਰੀਤਾਂ ਵਿਚ ਨਿਕਾਹ ਆ ਜਾਂਦਾ ਹੈ ਜੋ ਮੁਸਲਮਾਨੀ ਸ਼ਰ੍ਹਾ ਅਨੁਸਾਰ ਕੀਤਾ ਜਾਂਦਾ ਹੈ ਅਤੇ ਸਮਾਜਕ ਵਿਚ ਵਿਆਹ ਨਾਲ ਸਬੰਧਿਤ ਸ਼ਗਨ ਆਦਿ, ਜੋ ਬੜੇ ਰੋਚਕ ਤੇ ਭਿੰਨ ਜਾਤੀਆਂ ਵਿਚ ਵਖੋ-ਵਖਰੇ ਹਨ। ਮੁਸਲਮਾਨਾਂ ਦੇ ਕਈ ਸ਼ਗਨ ਤਾਂ ਹਿੰਦੂਆਂ ਤੋਂ ਹੀ ਅਪਣਾ ਲਏ ਗਏ ਹਨ।

ਮੁਜ਼ਫਰਗੜ੍ਹ ਦੇ ਜ਼ਿਲੇ ਵਿਚ, ਵਿਆਹ ਵਿਚ ਕੇਵਲ ਨਿਕਾਹ ਹੀ ਹੁੰਦਾ ਹੈ ਤੇ ਕੋਈ ਸ਼ਗਨ ਨਹੀਂ ਕੀਤਾ ਜਾਂਦਾ। ਇਸ ਨੂੰ 'ਢੰਗੋਰਾ' ਕਿਹਾ ਜਾਂਦਾ ਹੈ। ਢੰਗੋਰਾ ਢੰਗੇ ਤੋਂ ਬਣਿਆ ਹੈ, ਜੋ ਗਾਵਾਂ ਦਾ ਦੁੱਧ ਦੁਹਣ ਲਈ ਲੱਤਾਂ ਨੂੰ ਪਾਇਆ ਜਾਂਦਾ ਹੈ।

ਵਿਆਹ ਤੋਂ ਕੁਝ ਦਿਨ ਪਹਿਲਾਂ ਕੰਨਿਆਂ ਦੀ ਮੇਢੀ ਖੁਲ੍ਹਣ ਦੀ ਪਾਵਨ ਰਸਮ ਕੀਤੀ ਜਾਂਦੀ ਹੈ ਤੇ ਇਹ ਦੋਹਾਂ ਧਿਰਾਂ ਦੀਆਂ ਬੜੀਆਂ ਸਨਮਾਨੀਆਂ ਜਾਂਦੀਆਂ, ਇਸਤ੍ਰੀਆਂ ਤੋਂ ਕਰਵਾਈ ਜਾਂਦੀ ਹੈ। ਕੰਨਿਆਂ ਦੇ ਜਿਸਮ ਉਤੇ ਚੀਕੂ (ਵੱਟਣਾ) ਮਲਿਆ ਜਾਂਦਾ ਹੈ, ਜੋ ਹਲਦੀ, ਜੌਂ ਦੇ ਆਟੇ ਤੇ ਮਿੱਠੇ ਤੇਲ ਦਾ ਹੁੰਦਾ ਹੈ ਤੇ ਸੁੰਦਰਤਾ ਵਧਾਣ ਲਈ ਕੀਤਾ ਜਾਂਦਾ ਹੈ।

ਲਾੜ੍ਹੀ ਨੂੰ ਛੁਰੀ ਦਿਤੀ ਜਾਂਦੀ ਹੈ ਤੇ ਉਸਨੂੰ ਕਿਧਰੇ ਵੀ ਇਕੱਲਿਆਂ ਨਹੀਂ ਜਾਣ ਦਿਤਾ ਜਾਂਦਾ।

ਇਸੇਤਰ੍ਹਾਂ ਦੋ ਦਿਨ ਵਿਆਹ ਤੋਂ ਪਹਿਲਾਂ ਤੇ ਵਿਆਹ ਦੇ ਦੌਰਾਨ ਲੜਕੇ ਨੂੰ ਵੀ ਛੁਰੀ ਜਾਂ ਤਲਵਾਰ ਦਿਤੀ ਜਾਂਦੀ ਹੈ ਤੇ ਉਸਨੂੰ ਕਦੇ ਵੀ ਇਕੱਲਾ ਨਹੀਂ ਰਹਿਣ ਦਿਤਾ ਜਾਂਦਾ। ਇਸ ਸਾਥੀ ਨੂੰ ਸਬਾਲਾ ਕਹਿੰਦੇ ਹਨ। ਮੁਜ਼ਫਰਗੜ੍ਹ ਗਜ਼ਟੀਅਰ ਸਫ਼ਾ 58 ਅਨੁਸਾਰ ਨਿਸ਼ਚਤ ਤਾਰੀਖ ਨੂੰ ਜੰਞ ਲਾੜ੍ਹੀ ਦੇ ਘਰ

ਮੁਹਾਠ ਉਤੇ ਪੁਠੀ ਛੂਣੀ ਧਰੀ ਹੁੰਦੀ ਹੈ ਜਿਸ ਦੇ ਹੇਠਾਂ ਇਕ ਰੁਪਿਆ, ਅਠਾਨੀ ਜਾਂ ਚਵੰਨੀ ਹੁੰਦੀ ਹੈ। ਮੁਹਾਠ ਟੱਪਣ ਤੋਂ ਪਹਿਲਾਂ ਲਾੜਾ ਛੂਣੀ ਨੂੰ ਆਪਣੇ ਪੈਰਾਂ ਨਾਲ ਠੋਕਰ ਮਾਰ ਕੇ ਭੰਨਦਾ ਹੈ। ਜੇ ਉਹ ਨਾ ਭੰਨ ਸਕੇ ਤਾਂ ਆਸ ਪਾਸ ਖਲੋਤੀਆਂ ਤੀਵੀਆਂ ਮਖੌਲ ਉਡਾਂਦੀਆਂ ਹਨ। ਛੂਣੀ ਹੇਠਲੇ ਪੈਸੇ ਘੁਮਿਆਰ ਨੂੰ ਮਿਲਦੇ ਹਨ। ਇਸ ਰਸਮ ਦੀ ਬੜੀ ਮਹੱਤਾ ਹੈ। ਇਸ ਰੀਤ ਦਾ ਮਤਲਬ ਆਪਣੇ ਪਹਿਲੇ ਕੰਵਾਰੇ ਜੀਵਨ ਨਾਲੋਂ ਰਿਸ਼ਤਾ ਤੋੜਨਾ ਹੈ। ਪਿਛਲੇ ਸਭ ਕਰਮ ਮਾਫ਼ ਸਮਝੇ ਜਾਂਦੇ ਹਨ।

ਇਸ ਪਿਛੋਂ ਲਾੜਾ ਲਾੜੀ ਦੇ ਕਮਰੇ ਵਿਚ ਜਾਂਦਾ ਹੈ ਤੇ ਲਾੜੀ ਅਜੇ ਵੀ ਜਿਵੇਂ ਅੜੀ ਹੁੰਦੀ ਹੈ। ਸੋ ਲਾੜਾ ਪਹਿਲਾਂ ਉਸ ਨੂੰ ਜ਼ਬਰਦਸਤੀ ਉਸ ਪੀੜ੍ਹੀ ਤੋਂ ਚੁਕਦਾ ਹੈ, ਜਿਥੇ ਉਹ ਬੈਠੀ ਹੁੰਦੀ ਹੈ ਤੇ ਦੂਜੀ ਪੀੜ੍ਹੀ ਉਤੇ ਜਾ ਬਿਠਾਂਦਾ ਹੈ। ਫਿਰ ਲਾੜੀ ਬੰਦ ਮੁੱਠੀ ਅਗੇ ਕਰਦੀ ਹੈ, ਜਿਸ ਵਿਚ ਗੁੜ ਦੀ ਰੋੜੀ ਹੁੰਦੀ ਹੈ। ਲਾੜਾ ਜ਼ਰਾ ਕੁ ਖੋਹ-ਖਿੰਜ ਕਰਕੇ ਉਸ ਤੋਂ ਗੁੜ ਦੀ ਰੋੜੀ ਖੋਹ ਲੈਂਦਾ ਹੈ।

ਇਸ ਪਿਛੋਂ ਸਿਰ ਮੇਲ ਦੀ ਰਸਮ ਹੁੰਦੀ ਹੈ ਤੇ ਇਸ ਸ਼ਗਨ ਤੋਂ ਬਿਨਾਂ ਵਿਆਹ ਸੰਪੂਰਨ ਨਹੀਂ ਮੰਨਿਆ ਜਾਂਦਾ। ਪਰ ਇਹ ਰਸਮ ਮੂਲ ਵਿਚ ਉਦੋਂ ਹੀ ਕੀਤੀ ਜਾਂਦੀ ਹੈ ਜਦੋਂ ਲਾੜੀ ਪਹਿਲੀ ਵਾਰ ਸਹੁਰੇ ਘਰ ਜਾਂਦੀ ਹੈ। ਇਹ ਰਸਮ ਲਾੜੇ ਦੇ ਪ੍ਰਵਾਰ ਦੀਆਂ ਬਜ਼ੁਰਗ ਤੇ ਸਨਮਾਨਯੋਗ ਇਸਤ੍ਰੀਆਂ ਵਲੋਂ ਕੀਤੀ ਜਾਂਦੀ ਹੈ, ਜੋ ਲਾੜੇ ਤੇ ਲਾੜੀ ਦਾ ਸਿਰ ਜੋੜ ਦੇਂਦੀਆਂ ਹਨ (ਵੇਖੋ : ਸਿਰ ਮੇਲ)।

ਇਸ ਪਿਛੋਂ ਕੁਝ ਅਜਿਹੀਆਂ ਰਸਮਾਂ ਵੀ ਹੁੰਦੀਆਂ ਹਨ, ਜੋ ਮੁਸਲਮਾਨਾਂ ਨੇ ਹਿੰਦੂਆਂ ਤੋਂ ਲਈਆਂ ਹਨ। ਜਿਵੇਂ ਲਾੜੇ ਤੇ ਲਾੜੀ ਨੂੰ ਇਕ ਖਾਰੇ ਉਤੇ ਬੈਠਾਣਾ। ਦੋਹਾਂ ਦੇ ਪੱਲੇ ਨੂੰ ਗੰਢ ਮਾਰ ਦੇਣੀ ਤੇ ਮਿਰਾਸਣ ਨੇ ਸੱਤ ਵਾਰ, ਗੰਢ ਨੂੰ ਦੋਹਾਂ ਦੇ ਸਿਰਾਂ ਉਤੇ ਰਖਣਾ, ਨਾਲ ਹੀ ਮੌਕੇ ਅਨੁਸਾਰ ਗੀਤ ਵੀ ਗਾਏ ਜਾਂਦੇ ਹਨ। ਇਸ ਰਸਮ ਨੂੰ ਸਥਾਨਕ ਸ਼ਬਦਾਵਲੀ ਵਿਚ 'ਲਾਵਾਂ' ਕਹਿੰਦੇ ਹਨ।

ਇਸ ਪਿਛੋਂ 'ਫੁੱਲ ਚੁਨਣ' ਦੀ ਰਸਮ ਕੀਤੀ ਜਾਂਦੀ ਹੈ। ਮਿਰਾਸਣ ਲਾੜੇ ਦੇ ਸਿਰ ਉਤੇ ਕਪਾਹ ਦੀ ਫੁਟੀ ਰਖਦੀ ਹੈ, ਲਾੜਾ ਸੱਤ ਵਾਰ ਫੂਕਾਂ ਮਾਰ ਕੇ ਉਡਾਂਦਾ ਹੈ। ਫਿਰ 'ਤਿਲ ਵੇਤਰਾ' ਦੀ ਰਸਮ ਕੀਤੀ ਜਾਂਦੀ ਹੈ। ਲਾੜਾ ਬੁਕ ਵਿਚ ਤੇਲ, ਆਟਾ, ਜੌਂ ਤੇ ਲੂਣ ਭਰ ਕੇ ਲਾੜੀ ਦੀ ਬੁਕ ਵਿਚ ਕੇਰਦਾ ਹੈ ਤੇ ਲਾੜੀ ਲਾੜੇ ਦੇ। ਇਹ ਸੱਤ ਵਾਰ

**(ਨ-106) ਨਿਕਾਹਨਾਮਾ :**

ਮੁਸਲਮਾਨਾਂ ਵਿਚ ਨਿਕਾਹ ਸਮੇਂ ਇਕ ਕਾਗ਼ਜ਼ ਉਤੇ ਨਿਕਾਹ ਨਾਲ ਸਬੰਧਿਤ ਸ਼ਰਤਾਂ ਤੇ ਮਿਹਰ ਦੀ ਰਕਮ ਲਿਖੀ ਜਾਂਦੀ ਹੈ, ਜਿਸ ਨੂੰ 'ਨਿਕਾਹਨਾਮਾ' ਕਹਿੰਦੇ ਹਨ। ਤਲਾਕ ਦੇਣ ਵੇਲੇ ਇਸ ਦੀ ਲੋੜ ਪੈਂਦੀ ਹੈ।

**(ਨ-107) ਨਿਕੁੰਭ :**

(ੳ) ਇਕ ਰਾਖਸ਼ ਜੋ ਕੁੰਭਕਰਣ ਦਾ ਪੁੱਤਰ ਸੀ, ਜਿਸ ਨੂੰ ਯੁੱਧ ਵਿਚ ਹਨੂਮਾਨ ਨੇ ਮਾਰਿਆ ਸੀ।

(ਅ) ਹਰੀਵੰਸ਼ ਅਨੁਸਾਰ ਇਕ ਅਸੁਰ ਜਿਸ ਨੇ ਬ੍ਰਹਮਾ ਤੋਂ ਇਹ ਵਰ ਪ੍ਰਾਪਤ ਕੀਤਾ ਸੀ ਕਿ ਉਹ ਵਿਸ਼ਨੂੰ ਤੋਂ ਬਿਨਾਂ ਕਿਸੇ ਹੋਰ ਦੇ ਹੱਥੋਂ ਨਹੀਂ ਮਰੇਗਾ। ਨਿਕੁੰਭ ਸ਼ਤਪੁਰ ਦਾ ਰਾਜਾ ਸੀ ਤੇ ਜਾਦੂ ਵਿਚ ਮਾਹਿਰ ਹੋਣ ਕਰਕੇ, ਇਹ ਕਈ ਤਰ੍ਹਾਂ ਦੀਆਂ ਸ਼ਕਲਾਂ ਧਾਰਨ ਕਰ ਲੈਂਦਾ। ਨਿਕੁੰਭ ਕ੍ਰਿਸ਼ਨ ਦੇ ਮਿਤ੍ਰ ਬ੍ਰਹਮਦੱਤ ਦੀ ਕੰਨਿਆਂ ਭਾਨੁਮਤੀ ਨੂੰ ਚੁਕ ਕੇ ਲੈ ਗਿਆ। ਬ੍ਰਹਮਦੱਤ ਨੇ ਹਮਲਾ ਕਰ ਦਿਤਾ ਅਤੇ ਨਿਕੁੰਭ ਨੂੰ ਕਈ ਵਾਰ ਮਾਰਿਆ, ਪਰ ਹਰ ਵਾਰ ਉਹ ਨਵੀਂ ਸ਼ਕਲ ਧਾਰ ਕੇ ਉਸ ਦੇ ਸਾਹਮਣੇ ਆ ਜਾਂਦਾ। ਅਖੀਰ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਨੇ, ਇਸਦਾ ਬੱਧ ਕੀਤਾ ਤੇ ਸ਼ਤਪੁਰ ਦਾ ਰਾਜ ਬ੍ਰਹਮਦੱਤ ਨੂੰ ਦੇ ਦਿਤਾ।

**(ਨ-108) ਨਿਗਾਹਾ ਪੀਰ :**

ਸਖੀ ਸਰਵਰ ਦਾ ਇਕ ਪ੍ਰਸਿਧ ਸਥਾਨ ਨਿਗਾਹਾ ਵਿਚ ਹੈ, ਜਿਸ ਕਰ ਕੇ ਸਖੀ ਸਰਵਰ ਨੂੰ ਨਿਗਾਹਾ ਪੀਰ ਵੀ ਕਹਿੰਦੇ ਹਨ (ਵੇਖੋ : ਸਖੀ ਸਰਵਰ)।

**(ਨ-109) ਨਿੱਛ :**

ਨਿੱਛ ਬਾਰੇ ਬਹੁਤ ਕੁਝ ਭਰਮ ਵਹਿਮ ਤੇ ਮਨੌਤਾਂ ਪ੍ਰਚਲਤ ਹਨ। ਇਕ ਵਿਚਾਰ ਅਨੁਸਾਰ ਜਦੋਂ ਕੋਈ ਬਦਰੂਹ, ਕਿਸੇ ਮਨੁੱਖ ਦੇ ਅੰਦਰ ਦਾਖ਼ਲ ਹੋਣ ਲਗਦੀ ਹੈ ਤਾਂ ਨਿੱਛ ਆਉਂਦੀ ਹੈ। ਨਿੱਛ ਦੇ ਆਉਣ ਨਾਲ ਬਦਰੂਹ ਸਰੀਰ ਵਿਚ ਨਹੀਂ ਜਾ ਸਕਦੀ। ਇਸੇ ਲਈ ਜਦੋਂ ਨਿੱਛ ਆਉਂਦੀ ਹੈ ਤਾਂ ਬੁਢੀਆਂ ਕਹਿੰਦੀਆਂ ਹਨ—"ਖੈਰ ਹੋਵੇ, ਸੁਖ ਹੋਂਦਾਈ ਹੋਵੇ।"

ਨਿੱਛ ਜਿਸ ਨੂੰ ਆਵੇ ਉਸ ਲਈ ਸ਼ੁਭ ਸਮਝੀ ਜਾਂਦੀ ਹੈ। ਉਸ ਦੀ ਉਮਰ ਵਧ ਜਾਂਦੀ ਹੈ। ਇਕ ਵਿਚਾਰ

ਕੰਮ ਨਿਰਵਿਘਨ ਸਮਾਪਤ ਨਹੀਂ ਹੁੰਦਾ । ਇਸ ਲਈ ਉਹ ਕੰਮ ਕੁਝ ਚਿਰ ਲਈ ਪਿਛੇ ਪਾ ਦੇਣਾ ਹੀ ਚੰਗਾ ਹੈ । ਜੇ ਕਿਸੇ ਸ਼ੁਭ ਕੰਮ ਦੇ ਸ਼ੁਰੂ ਵਿਚ, ਕਿਸੇ ਨੂੰ ਨਿੱਛ ਆਵੇ ਤਾਂ, ਜਾਂ ਤਾਂ ਉਸ ਨੂੰ ਦੂਰ ਜਾ ਕੇ ਨਿੱਛ ਮਾਰਨੀ ਚਾਹੀਦੀ ਹੈ ਜਾਂ ਨੱਕ ਨੂੰ ਮਰੋੜ ਕੇ ਨਿੱਛ ਘੁਟਣੀ ਚਾਹੀਦੀ ਹੈ, ਜੇ ਨਿੱਛ ਵਜ ਜਾਵੇ ਤਾਂ ਬਦਸ਼ਗਨੀ ਹੁੰਦੀ ਹੈ । ਜੇ ਇਕ ਦੀ ਥਾਂ ਦੋ ਨਿੱਛਾਂ ਆ ਜਾਣ ਫਿਰ ਬਦਸ਼ਗਨੀ ਨਹੀਂ ਰਹਿੰਦੀ ।

ਨਿੱਛ ਮਗਰੋਂ ਕਿਸੇ ਦੇ ਘਰ ਜਾਣਾ ਚੰਗਾ ਨਹੀਂ ਹੁੰਦਾ, ਝਗੜੇ ਦਾ ਡਰ ਰਹਿੰਦਾ ਹੈ :

ਨਿੱਛ ਪਾਈਏ ਨਿੱਛ ਹੰਢਾਈਏ,
ਨਿੱਛ ਪਰ ਘਰ ਨਾ ਜਾਈਏ ।

ਨਿੱਛ ਦਾ ਕਿਸੇ ਦੀ ਯਾਦ ਨਾਲ ਵੀ ਸਬੰਧ ਜੋੜਿਆ ਜਾਂਦਾ ਹੈ । ਇਸੇ ਲਈ ਜਦੋਂ ਕਿਸੇ ਨੂੰ ਨਿੱਛ ਆਉਂਦੀ ਹੈ ਤਾਂ ਕਿਹਾ ਜਾਂਦਾ ਹੈ : "ਕਿਸੇ ਯਾਦ ਕੀਤਾ ਹੋਣੈ !"

ਸੁਪਨੇ ਵਿਚ ਨਿੱਛ ਆਈ ਚੰਗੀ ਮੰਨੀ ਜਾਂਦੀ ਹੈ, ਕੋਈ ਦਬਿਆ ਖਜ਼ਾਨਾ ਮਿਲਦਾ ਹੈ ।

ਜੇ ਕਿਸੇ ਸ਼ਗਨ ਸਮੇਂ ਨਿੱਛ ਪੈ ਜਾਵੇ ਤੇ ਕੰਮ ਰੋਕਣਾ ਨਾ ਹੋਵੇ ਤਾਂ ਨਿੱਛ ਮਾਰਨ ਵਾਲਾ, ਸ਼ਗਨ ਵਾਲੇ ਦੇ ਸਿਰ ਤੋਂ ਗੁੜ ਦੀ ਰੋੜੀ ਵਾਰ ਕੇ ਖਾਂਦਾ ਹੈ । ਇਸ ਤਰ੍ਹਾਂ ਨਿੱਛ ਦੀ ਬਦਸ਼ਗਨੀ ਦੂਰ ਹੋ ਜਾਂਦੀ ਹੈ ।

### (ਨ-110) ਨਿਧੀ :

ਕੁਬੇਰ ਦੇਵਤੇ ਦੇ ਨੌਂ ਖ਼ਜ਼ਾਨੇ, ਜਿਨ੍ਹਾਂ ਨੂੰ ਨੌਂ ਨਿਧਾਂ ਵੀ ਕਿਹਾ ਜਾਂਦਾ ਹੈ । ਇਨ੍ਹਾਂ ਦੇ ਨਾਂ ਹਨ—ਕੱਛਪ, ਮੁਕੰਦ, ਨੰਦ, ਖਰਬ, ਮਕਰ, ਨੀਲ, ਸੰਖ, ਪਦਮ, ਮਹਾਂਪਦਮ । ਇਨ੍ਹਾਂ ਨਿਧੀਆਂ ਦੇ ਨਾਉਂ ਗ੍ਰੰਥਾਂ ਵਿਚ ਇਕਸਾਰ ਨਹੀਂ ਮਿਲਦੇ । ਕਈਆਂ ਵਿਚ ਨੰਦ ਦੀ ਥਾਂ ਵਖਰਾ ਨਾਂ ਦਰਜ ਮਿਲਦਾ ਹੈ । ਮਾਰਕੰਡੇ ਪੁਰਾਣ ਅਨੁਸਾਰ ਇਹ ਨਿਧੀਆਂ ਪਦਮਨੀ ਨਾਮ ਦੀ ਵਿਦਿਆ ਦੇਵੀ ਦੇ ਆਸਰੇ ਰਹਿੰਦੀਆਂ ਹਨ । ਤਾਂਤ੍ਰਿਕਾ ਵਿਚ ਇਨ੍ਹਾਂ ਨਿਧੀਆਂ ਦੀ ਪੂਜਾ ਵੀ ਹੁੰਦੀ ਹੈ ।

### (ਨ-111) ਨਿੰਬਾਰਕ :

ਵੈਸ਼ਨਵ ਮਤ ਦੀ ਇਕ ਸ਼ਾਖ; ਨਿੰਬਾਰਕ ਮਤ ਨੂੰ ਨਿੰਬਾ ਦਿਤਯ ਨੇ ਚਲਾਇਆ । ਇਨ੍ਹਾਂ ਦਾ ਨਾਂ ਨਿੰਬਾ ਦਿਤਯ ਇਸ ਲਈ ਪਿਆ ਕਿ ਇਕ ਵਾਰ ਇਨ੍ਹਾਂ ਨਾਲ ਇਕ ਮਹਾਤਮਾ ਚਰਚਾ ਕਰ ਰਹੇ ਸਨ, ਜੋ ਦਿਨ ਛਿਪਣ ਮਗਰੋਂ

ਨਿੰਬਾਦਿਤਯ ਦੇ ਪਿਤਾ ਦਾ ਨਾਂ ਜਗਨਨਾਥ ਸੀ ਤੇ ਉਹ ਬ੍ਰਿੰਦਾਵਨ ਦੇ ਨੇੜੇ ਧ੍ਰੁਵ ਨਾਂ ਦੀ ਪਹਾੜੀ ਤੇ ਰਹਿੰਦੇ ਸਨ ਜਿਥੇ ਉਨ੍ਹਾਂ ਦੀ ਗੱਦੀ ਚਲੀ ਆ ਰਹੀ ਹੈ । ਵੈਸ਼ਨਵ ਇਨ੍ਹਾਂ ਨੂੰ ਰਾਧਾ ਦੇ ਕੜੇ ਦਾ ਅਵਤਾਰ ਮੰਨਦੇ ਹਨ ।

ਨਿੰਬਾਦਿਤਯ ਦੀ ਸ਼ਾਖ ਦਾ ਨਾਂ ਨਿੰਬਾਰਕ ਪਿਆ । ਨਿੰਬਾਰਕ ਨਿੰਮ ਬ੍ਰਿਛ ਦੀ ਪੂਜਾ ਕਰਦੇ ਹਨ, ਕਿਉਂਕਿ ਉਨ੍ਹਾਂ ਦਾ ਦੇਵਤਾ ਇਸ ਬ੍ਰਿਛ 'ਤੇ ਵਸਦਾ ਹੈ ।

### (ਨ-112) ਨਿੰਬੂ :

ਨਿੰਬੂ ਦਾ ਜ਼ਿਕਰ ਲੋਕ-ਗੀਤਾਂ ਤੇ ਅਖਾਣਾਂ ਵਿਚ ਆਉਂਦਾ ਹੈ । ਲੋਕ ਗੀਤਾਂ ਵਿਚ ਨਿੰਬੂ ਜਵਾਨੀ ਵਿਚ ਪੈਰ ਧਰਦੀ ਅਥਵਾ ਭਰ ਜਵਾਨ ਕੁੜੀ ਦਾ ਪ੍ਰਤੀਕ ਹੈ । ਨਿੰਬੂ ਖੱਟਾ ਹੋਣ ਕਰਕੇ ਗਰਭ ਦੇ ਦਿਨਾਂ ਵਿਚ ਕਈ ਤੀਵੀਆਂ ਚੱਟਦੀਆਂ ਰਹਿੰਦੀਆਂ ਹਨ, ਇਕ ਗੀਤ ਹੈ :

ਰਸੀਆ ਨਿੰਬੂ ਲਿਆਈ ਦੇ ਵੇ,
ਮੇਰੀ ਉਠੇ ਕਲੇਜੇ ਪੀੜ ।

### (ਨ-113) ਨਿੰਮ :

ਧਾਰਨਾ ਹੈ ਕਿ ਨਿੰਮ ਦਾ ਬ੍ਰਿਛ ਸੰਸਾਰ ਦੀ ਸੁਧੀ ਲਈ, ਦੇਵਤਿਆਂ ਨੇ ਆਪਣੇ ਹੱਥਾਂ ਨਾਲ ਧਰਤੀ 'ਤੇ ਬੀਜਿਆ । ਨਿੰਮ ਦੇ ਪੱਤੇ ਸੁਧੀ ਦੀਆਂ ਰੀਤਾਂ ਸਮੇਂ ਵਰਤੇ ਜਾਂਦੇ ਹਨ । ਹਿੰਦੂਆਂ ਵਿਚ ਘਰੋਂ ਸੂਤਕ ਕਢਣ ਲਈ, ਨਿੰਮ ਦੇ ਪੱਤਿਆਂ ਦੇ ਪਾਣੀ ਨਾਲ ਇਸ਼ਨਾਨ ਕੀਤਾ ਜਾਂਦਾ ਹੈ ।

ਨਿੰਮ ਦੇ ਪੱਤੇ ਚੰਦਰੀਆਂ ਰੂਹਾਂ ਨੂੰ ਦੂਰ ਰਖਦੇ ਹਨ । ਬੱਚੇ ਦੇ ਜਨਮ ਸਮੇਂ ਘਰ ਦੇ ਬੂਹੇ ਅੱਗੇ ਨਿੰਮ ਦੇ ਪੱਤਿਆਂ ਦਾ ਸਿਹਰਾ ਬੰਨ੍ਹਿਆ ਜਾਂਦਾ ਹੈ । ਇਸ ਤਰ੍ਹਾਂ ਘਰ ਵਿਚ ਕੋਈ ਬਦਰੂਹ ਪੈਰ ਨਹੀਂ ਪਾਉਂਦੀ ।

ਪਹਿਲਿਆਂ ਵਿਚ ਦਾਹ ਸੰਸਕਾਰ ਮਗਰੋਂ ਅਰਥੀ ਨਾਲ ਆਏ ਲੋਕ ਘਰ ਨੂੰ ਵਾਪਸ ਜਾਂਦਿਆਂ, ਰਾਹ ਵਿਚ ਨਿੰਮ ਦੇ ਪੱਤੇ ਚਬਾਂਦੇ ਅਤੇ ਥੁਕ ਦੇਂਦੇ ਸਨ । ਇਹ ਰੀਤ ਪਾਤਕ ਤੋਂ ਸੁਧੀ ਪ੍ਰਾਪਤ ਕਰਨ ਅਤੇ ਮ੍ਰਿਤਕ ਨਾਲ ਨਾਤਾ ਟੁੱਟਣ ਦੀ ਵਾਚਕ ਸੀ ।

ਡੂਮ ਨਿੰਮ ਦੇ ਬ੍ਰਿਛ ਨੂੰ ਸੀਤਲਾ ਲਈ ਪਵਿਤ੍ਰ ਸਮਝ ਕੇ, ਮਾਤਾ ਨਿਕਲਣ ਸਮੇਂ, ਇਸ ਬ੍ਰਿਛ ਦੀ ਪੂਜਾ ਕਰਦੇ ਹਨ ਤੇ ਇਸ ਦੇ ਹੇਠ ਮਾਤਾ ਦੇਵੀ ਦੀ ਮੂਰਤੀ ਬਣਾ ਕੇ ਰਖਦੇ ਹਨ ।

ਜਾਪਦਾ ਹੈ ਕਿ ਕਿਸੇ ਵੇਲੇ ਨਿੰਮ ਇਨ੍ਹਾਂ ਕਬੀਲਿਆਂ ਦਾ ਟੋਟਮ ਹੋਣੈ।

**(ਨ-114) ਨਿਮਕ।**

ਜਦੋਂ ਤਕ ਮਨੁੱਖ, ਸ਼ਿਕਾਰ ਕਰ ਕੇ ਜਾਂ ਪਸ਼ੂ ਪਾਲ ਕੇ ਪੇਟ ਭਰਦਾ ਰਿਹਾ, ਉਸ ਨੂੰ ਲੂਣ ਦੀ ਲੋੜ ਨਹੀਂ ਸੀ ਪਈ, ਪਰ ਜਦੋਂ ਉਹ ਵਾਹੀ ਖੇਤੀ ਕਰਨ ਲਗਾ ਤਾਂ ਉਸਨੂੰ ਨਿਮਕ ਦੀ ਲੋੜ ਮਹਿਸੂਸ ਹੋਈ। ਸੋ ਨਿਮਕ ਦੀ ਵਰਤੋਂ ਇਸ ਗੱਲ ਦੀ ਸੂਚਕ ਸੀ ਕਿ ਕਬੀਲੇ ਦੇ ਜੀਵਨ ਵਿਚ ਪਰਿਵਰਤਨ ਆ ਗਏ ਹਨ।

ਆਰੀਆ ਜਦੋਂ ਭਾਰਤ ਵਿਚ ਆਏ ਤਾਂ ਲੂਣ ਨਹੀਂ ਵਰਤਦੇ ਸਨ, ਪਰ ਪੰਜਾਬ ਦੇ ਨਿਮਕ ਦੇ ਪਹਾੜਾਂ ਵਿਚ ਰਹਿੰਦਿਆਂ ਉਨ੍ਹਾਂ ਨੇ ਨਿਮਕ ਦੀ ਵਰਤੋਂ ਸ਼ੁਰੂ ਕੀਤੀ। ਲਵਣ ਜਾਂ ਲੂਣ ਦਾ ਸਭ ਤੋਂ ਪਹਿਲਾਂ ਜ਼ਿਕਰ ਅਥਰਵੇਦ ਵਿਚ ਮਿਲਦਾ ਹੈ, ਰਿਗਵੇਦ ਵਿਚ ਨਹੀਂ।

ਸੰਸਾਰ ਦੇ ਕਈ ਆਦਿਮ ਕਬੀਲੇ ਅਜੇ ਵੀ ਲੂਣ ਨਹੀਂ ਵਰਤਦੇ ਜਿਵੇਂ ਪੰਜਾਬ ਵਿਚ ਪੱਥਰੀ ਲੂਣ ਨੂੰ ਪਾਵਨ ਸਮਝਿਆ ਜਾਂਦਾ ਹੈ, ਪਰ ਪਹਿਲਿਆਂ ਵਿਚ ਕਈ ਰੀਤਾਂ ਸਮੇਂ ਦੇਵਤਿਆਂ ਲਈ ਸੂਰਜ ਦੀ ਗਰਮੀ ਨਾਲ ਖਾਰੀਆਂ ਝੀਲਾਂ ਦੇ ਪਾਣੀ ਤੋਂ ਬਣਾਇਆ ਲੂਣ ਵਧੇਰੇ ਵਰਤਦੇ ਸਨ।

ਲੂਣ ਨਾਲ ਇਕ ਲੋਕ-ਵਿਸ਼ਵਾਸ ਜੁੜਿਆ ਹੋਇਆ ਹੈ : ਕਿਸੇ ਦਾ ਲੂਣ ਖਾ ਕੇ ਹਰਾਮ ਨਹੀਂ ਕਰਨਾ ਚਾਹੀਦਾ। ਲੂਣ ਵਫ਼ਾਦਾਰੀ ਦਾ ਚਿੰਨ੍ਹ ਹੈ। ਇਕ ਸਾਖੀ ਵਿਚ ਗੁਰੂ ਜੀ ਨੇ ਭੂਮੀਆ ਚੋਰ ਨੂੰ ਉਪਦੇਸ਼ ਦਿਤਾ ਸੀ ਕਿ ਜਿਸ ਦਾ ਉਹ ਲੂਣ ਖਾਵੇ ਉਸ ਦੀ ਚੋਰੀ ਨਾ ਕਰੇ (ਵੇਖੋ : ਭੂਮੀਆ ਚੋਰ)।

ਲੂਣ ਵਿਚ ਰਹੱਸਵਾਦੀ ਸ਼ਕਤੀ ਹੈ। ਜੇ ਕਿਸੇ ਪ੍ਰਤੀ ਚੰਗੀਆਂ ਭਾਵਨਾਵਾਂ ਨਾ ਹੋਣ ਤਾਂ ਉਸ ਦਾ ਲੂਣ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਪੰਜਾਬ ਵਿਚ ਦੋਸਤੀ ਦਾ ਪ੍ਰਣ ਨਿਭਾਣ ਸਮੇਂ ਦੋ ਮਿਤ੍ਰ ਮਿੱਟੀ ਦੇ ਭਾਂਡੇ ਵਿਚ ਪਾਣੀ ਪਾ ਕੇ, ਲੂਣ ਪਾਉਂਦੇ ਹਨ ਕਿ ਜੇ ਮੈਂ ਦੋਸਤੀ ਵਿਚ ਪੂਰਾ ਨਾ ਉਤਰਾਂ ਤਾਂ ਲੂਣ ਵਾਂਗ ਖੁਰ ਜਾਵਾਂ। ਭੂਤ ਪ੍ਰੇਤ ਲੂਣ ਨਹੀਂ ਖਾਂਦੇ। ਇਸੇ ਲਈ ਪ੍ਰੇਤ ਨੂੰ ਦੂਰ ਰਖਣ ਲਈ ਵਿਆਹ ਦੀਆਂ ਰਸਮਾਂ ਸਮੇਂ ਜਾਂ ਨਵੇਂ ਜੰਮੇ ਬੱਚੇ ਦੇ ਸਿਰ ਤੋਂ ਲੂਣ ਵਾਰਿਆ ਜਾਂਦਾ ਹੈ।

**(ਨ-115) ਨਿਮਾਣੀ ਇਕਾਦਸ਼ੀ :**

ਸੀ। ਵਿਸ਼ਨੂੰ ਪੁਰਾਣ ਅਨੁਸਾਰ ਨਿਮੀ ਨੇ ਇਕ ਵਾਰ ਵਸਿਸ਼ਠ ਰਿਸ਼ੀ ਨੂੰ ਯੱਗ ਕਰਾਉਣ ਦਾ ਨਿਉਤਾ ਦਿਤਾ, ਪਰ ਵਸਿਸ਼ਠ ਪਹਿਲਾਂ ਤੋਂ ਹੀ ਇੰਦ੍ਰ ਦਾ ਯੱਗ ਕਰਾਉਣ ਦਾ ਸੱਦਾ ਪ੍ਰਵਾਨ ਕਰ ਚੁਕਾ ਸੀ। ਨਿਮੀ ਨੇ ਗੌਤਮ ਰਿਸ਼ੀ ਤੋਂ ਯੱਗ ਕਰਵਾ ਲਿਆ। ਜਦੋਂ ਵਸਿਸ਼ਠ ਇੰਦਰ ਦੇ ਯੱਗ ਤੋਂ ਵਾਪਸ ਆਇਆ ਤਾਂ ਇਹ ਵੇਖ ਕੇ ਕਿ ਨਿਮੀ ਤਾਂ ਗੌਤਮ ਤੋਂ ਯੱਗ ਕਰਵਾ ਰਿਹਾ ਹੈ। ਉਹ ਕਰੋਧ ਵਿਚ ਆ ਗਿਆ ਤੇ ਨਿਮੀ ਨੂੰ ਦੇਹ ਤਿਆਗਣ ਦਾ ਸਰਾਪ ਦੇ ਦਿਤਾ। ਨਿਮੀ ਨੇ ਵੀ ਅਗੋਂ ਵਸਿਸ਼ਠ ਨੂੰ ਸਰੀਰ ਤਿਆਗਣ ਦਾ ਸਰਾਪ ਦੇ ਦਿਤਾ। ਫਲਸਰੂਪ ਦੋਹਾਂ ਨੇ ਸਰੀਰ ਤਿਆਗ ਦਿਤੇ। ਵਸਿਸ਼ਠ ਰਿਸ਼ੀ ਨੇ ਮੁੜ ਵਰੁਣ ਦੇ ਘਰ ਜਨਮ ਲਿਆ ਪਰ ਨਿਮੀ ਦੇ ਪੁੱਤਰਾਂ ਨੇ ਨਿਮੀ ਦਾ ਸਰੀਰ ਸੁਗੰਧਤ ਤੇਲਾਂ ਤੇ ਰੋਗਨਾਂ ਨਾਲ ਸੁਰੱਖਿਅਤ ਰਖਿਆ। ਦੇਵਤਿਆਂ ਨੇ ਨਿਮੀ ਨੂੰ ਮੁੜ ਉਸੇ ਦੇਹ ਵਿਚ ਸੁਰਜੀਤ ਕਰਨਾ ਚਾਹਿਆ, ਪਰ ਨਿਮੀ ਬਾਰ ਬਾਰ ਜਨਮ ਮਰਨ ਦੇ ਚੱਕਰ ਵਿਚ ਨਹੀਂ ਸੀ ਪੈਣਾ ਚਾਹੁੰਦਾ। ਦੇਵਤੇ ਨਿਮੀ ਤੇ ਬੜੇ ਪ੍ਰਸੰਨ ਸਨ। ਉਨ੍ਹਾਂ ਨਿਮੀ ਨੂੰ ਸਭ ਪ੍ਰਾਣੀਆਂ ਦੀਆਂ ਪਲਕਾਂ ਵਿਚ ਨਿਵਾਸ ਦਿਤਾ। ਇਸੇ ਲਈ ਪ੍ਰਾਣੀਆਂ ਦੀਆਂ ਪਲਕਾਂ ਝਪਕਦੀਆਂ ਰਹਿੰਦੀਆਂ ਹਨ।

**(ਨ-117) ਨਿਯੋਗ :**

ਇਕ ਹਿੰਦੂ ਪ੍ਰਥਾ, ਜਿਸ ਵਲ ਇਕ ਪੰਜਾਬੀ ਅਖਾਣ ਵਿਚ ਸੰਕੇਤ ਹੈ :

ਜੇ ਨਾ ਹੋਇ ਸੰਜੋਗ ਵਿਚ,
ਕਰਸੀ ਕੀ ਨਿਯੋਗ।

ਨਿਯੋਗ ਬੱਚਾ ਪੈਦਾ ਕਰਨ ਦੀ ਭਾਵਨਾ ਨਾਲ, ਕਿਸੇ ਇਸਤ੍ਰੀ ਦਾ ਪਰਾਏ ਮਰਦ ਨਾਲ ਕੀਤਾ ਸੰਭੋਗ ਹੈ। ਜਦੋਂ ਕਿਸੇ ਤੀਵੀਂ ਦਾ ਪਤੀ ਨਿਰਸੰਤਾਨ ਮਰ ਜਾਏ ਤਾਂ ਉਹ ਤੀਵੀਂ ਔਲਾਦ ਦੇ ਆਸ਼ੇ ਨਾਲ, ਆਪਣੇ ਕਿਸੇ ਸਪਿੰਡੇ, ਸਗੋਤਰੇ ਜਾਂ ਕੁੱਲ ਜਾਤ ਵਿਚੋਂ ਤਿੰਨ ਪੀੜ੍ਹੀਆਂ ਉਪਰ ਤਕ ਦੇ ਕਿਸੇ ਸ਼ਖ਼ਸ ਨਾਲ ਸੰਭੋਗ ਕਰ ਕੇ ਬੱਚੇ ਨੂੰ ਜੰਮਦੀ ਹੈ। ਬੱਚੇ ਦੇ ਪੇਟ ਪੈ ਜਾਣ ਪਿਛੋਂ ਫਿਰ ਉਹ ਤੀਵੀਂ ਉਸ ਪੁਰਸ਼ ਨਾਲ ਹਮੇਸ਼ਾ ਲਈ ਲਿੰਗਕ ਸਬੰਧ ਤੋੜ ਲੈਂਦੀ ਹੈ। ਨਿਯੋਗ ਸਦਾਚਾਰ ਤੇ ਧਰਮ ਕਰਮ ਦੇ ਅੰਤਰਗਤ ਹੀ ਗਿਣਿਆ ਜਾਂਦਾ ਸੀ।

ਵੇਦਾਂ ਤੇ ਗ੍ਰਿਹ ਸੂਤਰਾਂ ਵਿਚ ਇਸ ਪ੍ਰਥਾ ਦਾ ਜ਼ਿਕਰ

ਅਨੁਸਾਰ ਜਿਸ ਤੀਵੀਂ ਦਾ ਪਤੀ ਮਰ ਚੁਕਾ ਹੋਵੇ ਉਹ ਬੱਚਾ ਪੈਦਾ ਕਰਨ ਲਈ ਆਪਣੇ ਦੇਵਰ ਜੇਠ ਜਾਤ ਗੋਤ ਦੇ ਸਪਿੰਡ ਦੇ ਕਿਸੇ ਸ਼ਖਸ ਨਾਲ ਸੰਭੋਗ ਕਰ ਸਕਦੀ ਹੈ। ਇਸ ਤਰ੍ਹਾਂ ਕੇਵਲ ਦੋ ਬੱਚਿਆਂ ਦੀ ਉਤਪਤੀ ਕੀਤੀ ਜਾ ਸਕਦੀ ਹੈ। ਵਸ਼ਿਸ਼ਠ ਤੇ ਬੌਧਿਆਨਾਂ ਨੇ ਵੀ ਆਪਣੇ ਧਰਮ ਸੂਤਰਾਂ ਵਿਚ ਨਿਯੋਗ ਨਾਲ ਸਬੰਧਿਤ ਨੇਮਾਂ ਦਾ ਵਰਨਣ ਕੀਤਾ ਹੈ, ਭਾਵੇਂ ਉਹ ਇਸ ਸੰਸਥਾ ਦੇ ਵਿਰੁਧ ਹਨ। ਮਨੂ ਸੰਹਿਤਾ ਵਿਚ ਵੀ ਨਿਯੋਗ ਦੇ ਨੇਮਾਂ ਦਾ ਵਰਨਣ ਹੈ। ਮਨੂ ਅਨੁਸਾਰ ਨਿਯੋਗ ਦੁਆਰਾ ਪੈਦਾ ਕੀਤੇ ਹੋਏ ਬੱਚੇ ਉੱਤੇ ਤੀਵੀਂ ਦਾ ਹੱਕ ਹੈ। ਸ੍ਰ: ਜੀ.ਬੀ. ਸਿੰਘ ਅਨੁਸਾਰ ਕੁਝ ਨੀਵੀਆਂ ਜਾਤਾਂ ਵਿਚ ਦੇਵਰ ਜਾਂ ਜੇਠ ਦਾ ਭਰਜਾਈ ਪੁਰ ਖ਼ਾਸ ਹੱਕ ਹੈ ਅਤੇ ਸਭ ਤਰ੍ਹਾਂ ਦੇ ਲੋਕਾਂ ਵਿਚ ਦੇਵਰ ਤੇ ਭਰਜਾਈ ਨਾਲ ਖੁਲ੍ਹੇ ਡੁਲ੍ਹੇ ਮਖ਼ੌਲ ਇਸੇ ਰਸਮ ਦੇ ਰਹਿੰਦ ਹੁਣ ਤਕ ਮੌਜੂਦ ਹਨ (ਸੋਚ ਵਿਚਾਰ ਪੰਨਾ 22)।

ਮਾਨਵ-ਵਿਗਿਆਨੀਆਂ ਦਾ ਵਿਚਾਰ ਹੈ ਕਿ ਨਿਯੋਗ ਦੀ ਸੰਸਥਾ ਮੂਲ ਰੂਪ ਵਿਚ ਆਰਿਆਈ ਨਹੀਂ ਅਤੇ ਇਸਦਾ ਮੁੱਢ ਕਿਸੇ ਗ਼ੈਰ-ਆਰਿਆਈ ਸੋਮੇ ਤੋਂ ਹੋਇਆ।

ਨਿਯੋਗ ਦੀ ਰੀਤ ਬਹੁਤ ਪੁਰਾਣੇ ਸਮੇਂ ਤੋਂ ਪ੍ਰਚਲਤ ਹੈ। ਭਾਰਤ ਦੇ ਪੁਰਾਤਨ ਮਹਾਂ ਕਾਵਿ 'ਮਹਾਂਭਾਰਤ' ਵਿਚ ਨਿਯੋਗ ਦੇ ਪ੍ਰਯੋਗ ਦੇ ਕਈ ਦ੍ਰਿਸ਼ਟਾਂਤ ਮਿਲਦੇ ਹਨ। ਮਨੂ ਇਸ ਬਾਰੇ ਇਉਂ ਲਿਖਦਾ ਹੈ "ਜੇ ਪਤੀ ਤੋਂ ਕਿਸੇ ਪਤਨੀ ਨੂੰ ਔਲਾਦ ਨਾ ਹੁੰਦੀ ਹੋਵੇ, ਤਾਂ ਉਹ ਯੋਗ ਵਿਧੀ ਅਨੁਸਾਰ ਆਪਣੇ ਦੇਵਰ ਜਾਂ ਪਤੀ ਦੇ ਕਿਸੇ ਹੋਰ ਸਪਿੰਡ ਨਾਲ ਭੋਗ ਕਰ ਕੇ ਔਲਾਦ ਉਤਪੰਨ ਕਰ ਸਕਦੀ ਹੈ।" (89) ਜਿਹੜਾ ਮਰਦ ਇਸ ਤਰ੍ਹਾਂ ਭੋਗ ਕਰਨ ਲਈ ਨੀਯਤ ਕੀਤਾ ਜਾਵੇ, ਉਹ ਉਸ ਤੀਵੀਂ ਕੋਲ ਰਾਤ ਵੇਲੇ ਪਹੁੰਚੇ ਅਤੇ ਜੇ ਉਹ ਚਾਹਵੇ ਤਾਂ ਇਕ ਪੁੱਤਰ ਆਪਣੇ ਲਈ ਵੀ ਪੈਦਾ ਕਰਵਾ ਸਕਦਾ ਹੈ, ਪਰ ਇਹ ਦੂਜਾ ਹੀ ਹੋ ਸਕਦਾ ਹੈ (60)। ਪਰ ਜਦੋਂ ਵਿਧਵਾ ਨਾਲ ਭੋਗ ਕਰਨ ਦਾ ਮੰਤਵ ਕਾਨੂੰਨ ਅਨੁਸਾਰ ਪੂਰਾ ਹੋ ਜਾਂਦਾ ਤਾਂ ਇਹ ਦੋਵੇਂ ਇਕ ਦੂਜੇ ਨੂੰ ਪਿਉ ਅਤੇ ਨੂੰਹ ਦੀ ਦ੍ਰਿਸ਼ਟੀ ਨਾਲ ਦੇਖਣ। ਅਤੇ ਜੇ ਇਹ ਦੋਵੇਂ ਕਾਮ ਵਾਸਨਾ ਪੂਰੀ ਕਰਨ ਦੀ ਇੱਛਾ ਨਾਲ, ਇਸ ਕਾਨੂੰਨ ਨੂੰ ਤੋੜਦੇ ਹੋਏ ਫਿਰ ਵੀ ਸਬੰਧ ਰਖਣ ਤਾਂ ਇਨ੍ਹਾਂ ਨੂੰ ਉਸੇ ਤਰ੍ਹਾਂ ਛੇਕ ਦੇਣਾ ਚਾਹੀਦਾ ਹੈ ਜਿਵੇਂ ਕੋਈ ਆਪਣੀ ਨੂੰਹ ਜਾਂ ਗੁਰੂ ਦੀ ਸੇਜ ਨੂੰ ਗੰਦਾ ਕਰੇ। (63)

ਨਿਯੋਗ ਦੀ ਰੀਤ ਸਿਰਫ਼ ਵਿਧਵਾ ਇਸਤ੍ਰੀ ਨੂੰ ਹੀ ... ਪੁੱਤਰ ਉਤਪੰਨ ਕੀਤਾ ਜਾ ਸਕਦਾ ਹੈ, ਸਗੋਂ ਭੋਗ ਕਰਨ ਵਾਲੇ ਵਿਅਕਤੀ ਲਈ ਵੀ ਇਕ ਪੁੱਤਰ ਉਤਪੰਨ ਕਰਨ ਦੀ ਆਗਿਆ ਹੈ, ਪਰ ਉਹ ਕੇਵਲ ਦੂਜਾ ਪੁੱਤਰ ਹੀ ਲੈਣ ਦਾ ਹੱਕਦਾਰ ਹੁੰਦਾ ਹੈ।

ਆਰੀਆ ਸਮਾਜ ਦੇ ਮੋਢੀ ਸਵਾਮੀ ਦਿਆਨੰਦ ਨੇ ਸਤਿਆਰਥ ਪ੍ਰਕਾਸ਼ ਵਿਚ ਨਿਯੋਗ ਨੂੰ ਜਾਇਜ਼ ਦਸਿਆ ਹੈ ਤੇ ਵਰਤਮਾਨ ਹਿੰਦੂ ਜਾਤੀ ਨੂੰ ਇਹ ਰੀਤ ਅਪਨਾਣ ਲਈ ਕਿਹਾ ਹੈ। ਦਿਆਨੰਦ ਅਨੁਸਾਰ ਕੋਈ ਵਿਧਵਾ ਹਿੰਦੂ ਇਸਤ੍ਰੀ ਕਿਸੇ ਰੰਡੇ ਨਾਲ ਜੋ ਉਸ ਦੀ ਜਾਤੀ ਜਾਂ ਉਸ ਤੋਂ ਉੱਚੀ ਜਾਤ ਬਰਾਦਰੀ ਦਾ ਹੋਵੇ, ਨਿਯੋਗ ਕਰਕੇ ਦੋ ਬੱਚੇ ਉਤਪੰਨ ਕਰ ਸਕਦੀ ਹੈ। ਇਹ ਦੋਵੇਂ ਬੱਚੇ ਉਸ ਦੇ ਪਤੀ ਦੇ ਗਿਣੇ ਜਾਣਗੇ। ਜੇ ਕਿਸੇ ਹੋਰ ਨੂੰ ਬੱਚਿਆਂ ਦੀ ਲੋੜ ਹੋਵੇ ਤਾਂ ਉਸ ਲਈ ਵੀ ਉਹ ਨਿਯੋਗ ਰਾਹੀਂ ਦੋ ਬੱਚੇ ਉਤਪੰਨ ਕਰ ਸਕਦੀ ਹੈ। ਇਸ ਤਰ੍ਹਾਂ ਉਹ ਵਿਧਵਾ ਇਸਤ੍ਰੀ ਦੋ ਬੱਚੇ ਆਪਣੇ ਲਈ ਤੇ ਦੋ ਦੋ ਚਾਰ ਹੋਰ ਸਜਣਾਂ ਲਈ ਉਤਪੰਨ ਕਰਨ ਦੀ ਅਧਿਕਾਰੀ ਹੈ। ਇਸੇ ਤਰ੍ਹਾਂ ਰੰਡਾ ਦੋ ਬੱਚੇ ਆਪਣੇ ਲਈ ਅਤੇ ਦੋ ਦੋ ਚਾਰ ਵਿਧਵਾ ਇਸਤ੍ਰੀਆਂ ਲਈ ਉਤਪੰਨ ਕਰਨ ਲਈ ਭੋਗ ਬਿਲਾਸ ਦੇ ਸਬੰਧ ਸਥਾਪਤ ਕਰ ਸਕਦਾ ਹੈ। ਇਕ ਵਿਆਹੀ ਇਸਤ੍ਰੀ ਆਪਣੇ ਪਤੀ ਦੀ ਆਗਿਆ ਨਾਲ, ਜੇ ਉਹ ਪੁੱਤਰ ਉਤਪੰਨ ਕਰਨ ਤੋਂ ਅਸਮਰਥ ਹੋਵੇ, ਨਿਯੋਗ ਰਾਹੀਂ ਉਸੇ ਤਰ੍ਹਾਂ ਬੱਚੇ ਉਤਪੰਨ ਕਰ ਸਕਦੀ ਹੈ ਜਿਵੇਂ ਕਿ ਵਿਧਵਾ।

ਨਿਯੋਗ ਦੀ ਰਸਮ ਨੂੰ ਹੁਣ ਸਮਾਜਿਕ ਮਾਨਤਾ ਪ੍ਰਾਪਤ ਨਹੀਂ ਰਹੀ।

(ਨ-118) **ਨਿਰਜਲ ਇਕਾਦਸ਼ੀ** :

ਜੇਠ ਸੁਦੀ ਗਿਆਰ੍ਹਵੀਂ; ਹਿੰਦੂ ਇਸ ਦਿਨ ਨਿਰਜਲ ਵਰਤ ਰਖਦੇ ਹਨ। ਅਗਲੇ ਦਿਨ ਦੁਆਦਸ਼ੀ ਨੂੰ ਅੰਮ੍ਰਿਤ ਵੇਲੇ ਜਲ ਪੀ ਕੇ ਵਰਤ ਖੋਲ੍ਹਣ ਦਾ ਵਿਧਾਨ ਹੈ। ਪਰ ਆਮ ਤੌਰ ਤੇ ਇਕਾਦਸ਼ੀ ਦੀ ਰਾਤ ਨੂੰ ਹੀ ਵਰਤ ਖੋਲ੍ਹ ਦਿਤਾ ਜਾਂਦਾ ਹੈ। ਇਸ ਦਿਨ ਵਰਤ ਰਖਣ ਨਾਲ ਦੇਹ ਅਰੋਗ ਤੇ ਆਯੂ ਦੀਰਘ ਹੁੰਦੀ ਹੈ। ਹਿੰਦੂ ਗ੍ਰੰਥਾਂ ਅਨੁਸਾਰ ਇਸ ਦਿਨ ਦਾ ਵਰਤ ਸਭ ਇਕਾਦਸ਼ੀਆਂ ਦੇ ਵਰਤ ਨਾਲੋਂ ਵਧ ਕਰੜਾ ਹੋਣ ਕਰਕੇ, ਖ਼ਾਸ ਮਹੱਤਾ ਰਖਦਾ ਹੈ। ਸ਼ਾਸਤ੍ਰਾਂ ਅਨੁਸਾਰ ਜੇ ਨਿਰਜਲ ਇਕਾਦਸ਼ੀ ਨੂੰ ਵਿਧਾਨ ਅਨੁਸਾਰ ਵਰਤ ਰਖਿਆ ਜਾਵੇ ਤਾਂ ਸਭ ਇਕਾਦਸ਼ੀਆਂ ਦੇ ਵਰਤ ਦਾ ਪੁੰਨ-ਫਲ ਪ੍ਰਾਪਤ ਹੁੰਦਾ ਹੈ। ਪਰ ਇਹ ਵਰਤ ਬੜਾ ਕਠਨ

ਕਹਿੰਦੇ ਹਨ । ਇਕ ਵਾਰ ਪਾਂਡੋ ਭੀਮਸੈਨ ਨੇ ਵਿਆਸ ਰਿਸ਼ੀ ਨੂੰ ਕਿਹਾ ਕਿ ਉਸ ਨੂੰ ਅਜਿਹਾ ਵਰਤ ਦਸੋ, ਜਿਸ ਨੂੰ ਰਖਣ ਨਾਲ ਉਸ ਦੇ ਸਾਰੇ ਪਾਪ ਨਸ਼ਟ ਹੋ ਜਾਣ । ਵਿਆਸ ਜੀ ਨੇ ਨਿਰਜਲ ਇਕਾਦਸੀ ਵਰਤ ਰਖਣ ਲਈ ਕਿਹਾ, ਇਸ ਵਰਤ ਦੇ ਰਖਣ ਨਾਲ ਸਭ ਇਕਾਦਸੀਆਂ ਦੇ ਵਰਤਾਂ ਦਾ ਫਲ ਮਿਲਦਾ ਹੈ । ਇਕ ਹੋਰ ਕਥਾ ਅਨੁਸਾਰ ਇਸ ਤਿਥ ਨੂੰ ਭੀਮਸੈਨ ਨੇ ਵਰਤ ਰਖਣ ਦਾ ਸੰਕਲਪ ਕੀਤਾ, ਪਰ ਦੁਪਹਿਰ ਢਲਣ ਮਗਰੋਂ ਭੁੱਖ ਤੇ ਪਿਆਸ ਨਾਲ ਉਹ ਨਿਢਾਲ ਹੋ ਕੇ ਬੇਹੋਸ਼ ਹੋ ਗਿਆ । ਉਸ ਦੇ ਸਬੰਧੀਆਂ ਨੇ ਉਸ ਨੂੰ ਹੋਸ਼ ਵਿਚ ਲਿਆਉਣ ਲਈ ਗੰਗਾ ਨਦੀ ਵਿਚ ਡੁਬਕੀਆਂ ਦਿਤੀਆਂ ਤੇ ਉਹ ਹੋਸ਼ ਵਿਚ ਆਇਆ । ਇਸ ਘਟਨਾ ਕਰ ਕੇ ਇਸ ਇਕਾਦਸੀ ਦਾ ਨਾਂ 'ਭੀਮਸੈਨੀ ਇਕਾਦਸੀ' ਪੈ ਗਿਆ ।

ਪੰਜਾਬ ਵਿਚ ਇਸ ਦਿਨ, ਮਾਵਾਂ, ਵਿਆਹੀਆਂ ਧੀਆਂ ਨੂੰ ਫਲ ਤੇ ਬਰਤਨ ਦੇਂਦੀਆਂ ਹਨ । ਇਸ ਦਿਨ ਥਾਂ ਥਾਂ ਕੱਚੀ ਲੱਸੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ, ਜਿਸ ਦਾ ਵਡਾ ਮਹਾਤਮ ਹੈ ।

## (ਨ-119) ਨਿਰਮਲੇ :

ਸਿੱਖਾਂ ਦੀ ਇਕ ਸੰਪਰਦਾਇ; ਨਿਰਮਲ ਦਾ ਭਾਵ ਹੈ ਮੈਲ ਤੋਂ ਰਹਿਤ, ਸੋ ਨਿਰਮਲੇ ਉਹ ਸਿੰਘ ਹੋਏ, ਜਿਨ੍ਹਾਂ ਦੀ ਰਹਿਣੀ ਬਹਿਣੀ ਉਜਲੀ, ਮਨ ਨਿਰਵਿਕਲਪ ਤੇ ਬੁੱਧੀ ਅਵਿਦਿਆ ਤੋਂ ਰਹਿਤ ਹੋਵੇ । ਨਿਰਮਲਿਆਂ ਦਾ ਮੁੱਢ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਝਿਆ । ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖਾਂ—ਭਾਈ ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਤੇ ਸੋਭਾ ਸਿੰਘ ਨੂੰ ਸੰਸਕ੍ਰਿਤ ਦੀ ਉੱਚੀ ਵਿਦਿਆ ਪ੍ਰਾਪਤ ਕਰਨ ਲਈ ਤੇ ਸਾਸਤ੍ਰਾਂ ਦਾ ਗਿਆਤਾ ਹੋਣ ਲਈ, ਬਨਾਰਸ (ਕਾਸ਼ੀ) ਭੇਜਿਆ । ਜਦੋਂ ਇਹ ਵਿਦਿਆ ਹਾਸਲ ਕਰ ਕੇ ਆਏ ਤਾਂ ਇਨ੍ਹਾਂ ਨੂੰ 'ਨਿਰਮਲ' ਦੀ ਉਪਾਧੀ ਬਖ਼ਸ਼ੀ ਗਈ । ਇਨ੍ਹਾਂ ਨੇ ਅੰਮ੍ਰਿਤ ਛੱਕ ਕੇ ਚਿੱਟੇ ਕਪੜੇ ਪਹਿਨੇ । ਇਨ੍ਹਾਂ ਪੰਜਾਂ ਤੋਂ ਜਿਨ੍ਹਾਂ ਨੇ ਸਿਖਸ਼ਾ ਲਈ ਅਤੇ ਜੋ ਇਨ੍ਹਾਂ ਦੇ ਪੂਰਨਿਆਂ 'ਤੇ ਚਲੇ, ਉਹ ਵੀ ਨਿਰਮਲੇ ਪ੍ਰਸਿਧ ਹੋਏ ।

ਨਿਰਮਲੇ ਵਿਦਿਆ ਦੇ ਪ੍ਰੇਮੀ ਰਹੇ ਹਨ; ਇਨ੍ਹਾਂ ਨੇ ਸਿੱਖ ਧਰਮ ਦਾ ਕਾਫ਼ੀ ਪ੍ਰਚਾਰ ਕੀਤਾ ਅਤੇ ਇਨ੍ਹਾਂ ਨੇ ਗੁਰਮਤਿ ਦੀ ਵਿਆਖਿਆ ਵਿਚ ਕਈ ਪੁਸਤਕਾਂ ਲਿਖੀਆਂ । ਕੁਝ

ਨਾਮਵਰ ਹੋ ਗਏ । ਗਿਆਨੀ ਗਿਆਨ ਸਿੰਘ ਤੇ ਪੰਡਤ ਤਾਰਾ ਸਿੰਘ ਵਰਗੇ ਵਿਦਵਾਨ ਇਸੇ ਸੰਪਰਦਾਇ ਨਾਲ ਸਬੰਧਿਤ ਹਨ ।

ਨਿਰਮਲੇ ਸਿੱਖਾਂ ਦਾ ਸਿੱਖ ਧਰਮ ਵਿਚ ਵਡਾ ਆਦਰ ਮਾਣ ਹੈ । ਇਹ ਜਤੀ ਸਤੀ ਰਹਿੰਦੇ ਹਨ ਤੇ ਇਨ੍ਹ ਆਚਰਣ ਤੇ ਵਿਵਹਾਰ ਦੇ ਬੜੇ ਸੁੱਚੇ ਹੁੰਦੇ ਹਨ ।

ਨਿਰਮਲੇ ਸਾਧੂਆਂ ਦੇ ਅਖਾੜੇ ਹਰਦੁਆਰ, ਅੰਮ੍ਰਿਤਸਰ ਤੇ ਪਟਿਆਲੇ ਵਿਚ ਮਿਲਦੇ ਹਨ । ਪਟਿਆਲੇ ਵਿਚ 12 ਅਗਸਤ 1862 ਈ. ਵਿਚ ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ ਕੀਤੀ ਗਈ, ਇਸ ਅਖਾੜੇ ਨੂੰ ਧਰਮ ਧੁਜਾ ਵੀ ਕਹਿੰਦੇ ਹਨ ।

## (ਨ-120) ਨਿਰਾਹਾਰ ਵਰਤ :

ਉਹ ਵਰਤ, ਜਿਸ ਵਿਚ ਕੋਈ ਵਸਤੂ ਵੀ ਨਾ ਖਾਧੀ ਜਾਵੇ । ਹਿੰਦੂਆਂ ਦੇ ਕੁਝ ਵਰਤਾਂ ਵਿਚ ਇਕ ਵੇਲੇ ਖਾਣਾ ਖਾਣ ਜਾਂ ਫਲ ਆਦਿ ਖਾਣ ਦੀ ਆਗਿਆ ਹੁੰਦੀ ਹੈ, ਪਰ ਕੁਝ ਵਰਤਾਂ ਵਿਚ ਕੋਈ ਵਸਤੂ ਵੀ ਮੂੰਹ ਲਗਾਣੀ ਵਰਜਿਤ ਹੈ । ਅਜਿਹੇ ਵਰਤ ਨੂੰ ਨਿਰਾਹਾਰ ਵਰਤ ਕਹਿੰਦੇ ਹਨ (ਵੇਖੋ : ਵਰਤ) ।

## (ਨ-121) ਨਿਵਲ ਦਈ :

ਨਿਵਲ ਦਈ ਇਕ ਰਾਜਕੁਮਾਰੀ ਸੀ, ਜੋ ਪੁਰਾਣਿਕ ਰਾਜੇ ਬਾਸ਼ਕ ਦੀ ਬੇਟੀ ਸੀ । ਰਾਜਾ ਬਾਸ਼ਕ ਦੁਆਪਰ ਜੁਗ ਵਿਚ ਹੋਇਆ ਤੇ ਉਹ ਪੰਜਾਬ ਦੇ ਨਾਗਿਆਂ ਦਾ ਰਾਜਾ ਸੀ । ਉਸਨੇ ਨਿਵਲ ਦਈ ਦੀ ਮੰਗਣੀ ਆਰੀਆ ਕੁਲ ਦੇ ਇਕ ਰਾਜਕੁਮਾਰ ਨਾਲ ਕਰ ਦਿਤੀ । ਪਰ ਮਗਰੋਂ ਕੁਝ ਕਾਰਨ ਕਰਕੇ ਇਹ ਮੰਗਣੀ ਤੋੜ ਦਿਤੀ ਗਈ । ਬਾਅਦ ਵਿਚ ਆਰੀਆ ਕੁਲ ਦੇ ਰਾਜਕੁਮਾਰ ਨੇ ਸਪੇਦਾ (ਸਰਪ ਦਮਨ), ਜੋ ਜੀਂਦ ਦੇ ਨੇੜੇ ਇਕ ਕਸਬਾ ਹੈ, ਨਿਵਲ ਦਈ ਨੂੰ ਉਧਾਲ ਲਿਆ, ਜਦੋਂ ਨਿਵਲ ਦਈ ਇਥੋਂ ਦੇ ਇਕ ਖੂਹ ਤੋਂ ਪਿਊ ਦਾ ਕੋਹੜ ਦੂਰ ਕਰਨ ਲਈ ਅੰਮ੍ਰਿਤ ਜਲ ਲੈਣ ਆਈ ਸੀ (ਵੇਖੋ : ਸਪੇਦਾ) ।

ਇਹ ਕਥਾ ਮਹਾਭਾਰਤ ਦੇ ਆਦਿ-ਪੁਰਵ ਤੇ ਭਗਵਤ ਪੁਰਾਣ ਵਿਚ ਵੀ ਮਿਲਦੀ ਹੈ । ਪੰਜਾਬ ਵਿਚ ਨਿਵਲ ਦਈ ਦੀ ਜੋ ਦੇਵ-ਕਥਾ ਪ੍ਰਾਪਤ ਹੈ, ਉਸ ਦਾ ਮਹੱਤ ਬਾਰੇ ਉਪਰੋਕਤ ਗ੍ਰੰਥ ਹੀ ਹਨ, ਪਰ ਇਸ ਕਥਾ ਨੂੰ ਲੋਕ-ਮਾਨਸ ਨੇ

ਦੂਰ ਹੋਰ ਪਹੁੰਚਿਆ ਗਿਆ। ਮਗਰੋਂ ਪਰੀਕਸ਼ਤ ਦੇ ਪੁੱਤਰ ਜਨਮੇਜਾ ਨੇ, ਇਕ ਸਰਪਮੇਧ ਯੱਗ ਕਰਕੇ ਨਾਗਾਂ ਨੂੰ ਨਸ਼ਟ ਕਰ ਦਿੱਤਾ ਅਤੇ ਤਕਸ਼ਿਲਾ ਦੀ ਨਾਗਭੂਮੀ ਉੱਤੇ ਜਿੱਤ ਪ੍ਰਾਪਤ ਕੀਤੀ।

ਸਰ ਰਿਚਰਡ ਟੈਂਪਲ ਦਾ ਵਿਚਾਰ ਹੈ ਕਿ ਇਹ ਕਥਾ ਨਿਰਸੰਦੇਹ ਆਰੀਆ ਜਾਤੀ ਵਲੋਂ, ਪੰਜਾਬ ਵਿਚ, ਰਹਿੰਦੇ ਨਾਗਾਂ ਦਾ ਸਰਵਨਾਸ਼ ਕਰਨ ਲਈ ਕੀਤੀ ਲੜਾਈ ਵਲ ਸੰਕੇਤ ਕਰਦੀ ਹੈ ਅਤੇ ਇਹ ਕਥਾ ਬੜੀ ਇਤਿਹਾਸਕ ਮਹੱਤਾ ਰਖਦੀ ਹੈ।

ਸਰ ਰਿਚਰਡ ਟੈਂਪਲ ਨੇ 'ਦੀ ਲਿਜੈਂਡਜ਼ ਆਫ਼ ਦੀ ਪੰਜਾਬ' ਵਿਚ ਨਿਵਲ ਦਈ ਬਾਰੇ ਇਕ ਕਾਵਿ-ਕਥਾ ਦਿਤੀ ਹੈ, ਜੋ ਉਸਨੇ ਅੰਬਾਲੇ ਲਾਗੇ ਦੇ ਇਕ ਪਿੰਡ ਬਿਬਯਾਲ ਦੇ ਦੋ ਬੁੱਢਿਆਂ ਤੋਂ ਸੁਣੀ। ਇਸ ਵਿਚ ਨਿਵਲ ਦਈ ਦੇ ਉਦਾਲ ਤੋਂ ਲੈ ਕੇ ਜਨਮੇਜਾ ਦੇ ਨਾਗ ਕੁਲ ਦਾ ਸਰਵਨਾਸ਼ ਕਰਨ ਦੀਆਂ ਸਭ ਘਟਨਾਵਾਂ ਦਾ ਵਰਨਣ ਹੈ। ਮਹਾਂਭਾਰਤ ਦੀ ਕਥਾ ਵਿਚ ਬਹੁਤ ਜ਼ੋਰ ਪਰੀਕਸ਼ਤ ਦੀ ਮੌਤ ਅਤੇ ਜਨਮੇਜਾ ਦੀ ਸੁਰਗਗਤੀ ਉਤੇ ਦਿਤਾ ਗਿਆ ਹੈ, ਜਦੋਂ ਕਿ ਇਸ ਕਾਵਿ-ਕਥਾ ਵਿਚ ਬਹੁਤ ਕੁਝ ਅਜਿਹਾ ਮਿਲਦਾ ਹੈ, ਜਿਸ ਦਾ ਆਧਾਰ ਲੋਕ-ਮਾਨਸ ਹੈ।

## (ਨ-122) ਨੀਲਕ :

ਇਕ ਪ੍ਰਕਾਰ ਦੀ ਫੁਲਕਾਰੀ, ਜੋ ਨੀਲੇ ਰੰਗ ਦੇ ਖੱਦਰ ਉਤੇ ਲਾਲ ਤੇ ਪੀਲੇ ਰੰਗ ਦੇ ਰੇਸ਼ਮੀ ਧਾਗਿਆਂ ਨਾਲ ਕੱਢੀ ਜਾਂਦੀ ਹੈ। ਕਈ ਵਾਰ ਨੀਲਕ ਨੂੰ ਕਾਲੇ ਖੱਦਰ ਉੱਤੇ ਵੀ ਕੱਢ ਲਿਆ ਜਾਂਦਾ ਹੈ। ਇਹ ਫੁਲਕਾਰੀ ਹੇਠਲੇ ਵਰਗ ਦੇ ਲੋਕਾਂ ਵਿਚ ਕਾਫ਼ੀ ਪ੍ਰਚਲਤ ਹੈ। 'ਪੰਜਾਬ' ਅਨੁਸਾਰ 'ਨੀਲਕ ਫੁਲਕਾਰੀ' ਕਿਸਾਨ ਇਸਤ੍ਰੀਆਂ ਵਿਚ ਬੜੀ ਹਰਮਨ ਪਿਆਰੀ ਹੈ......ਗੂੜ੍ਹੇ ਨੀਲੇ ਰੰਗ ਨੂੰ ਸਿਆਹੀ-ਮਾਇਲ ਬਣਾਉਣ ਲਈ ਇਸ ਵਿਚ ਕੁਝ ਲੋਹਾ ਮਿਲਾ ਕੇ ਇਸ ਦਾ ਰੰਗ ਤਿਆਰ ਕੀਤਾ ਜਾਂਦਾ ਹੈ।

## (ਨ-123) ਨੀਲ ਕੰਠ :

(ੳ) ਸ਼ਿਵ ਦੀ ਇਕ ਉਪਾਧੀ; ਮਹਾਂਭਾਰਤ ਅਨੁਸਾਰ ਜਦੋਂ ਸਮੁੰਦਰ ਰਿੜਕਣ ਵੇਲੇ, ਪਾਣੀ ਉਤੇ ਜ਼ਹਿਰੀਲੀ ਝੱਗ ਫੈਲ ਗਈ, ਜਿਸ ਦੇ ਅਸਰ ਨਾਲ ਸਾਰਾ ਵਾਯੂਮੰਡਲ ਜ਼ਹਿਰੀਲਾ ਹੋ ਗਿਆ, ਤਿੰਨਾਂ ਲੋਕਾਂ ਦੇ ਪ੍ਰਾਣੀ ਵਿਆਕੁਲ ਹੋਣ ਲਗੇ। ਤਾਂ ਬ੍ਰਹਮਾ ਦੇ ਆਦੇਸ਼ ਨਾਲ, ਸ਼ਿਵ ਨੇ ਸਾਰਾ

ਕਹਿੰਦੇ ਹਨ ਸ਼ਿਵਰਾਤ੍ਰੀ ਨੂੰ ਸ਼ਿਵ ਨੀਲ ਕੰਠ ਵਿਚੋਂ ਕੁਝ ਜ਼ਹਿਰ ਬਾਹਰ ਉਗਲਦੇ ਹਨ ਤੇ ਇਸ ਦਿਨ ਤੋਂ ਮਗਰੋਂ ਜ਼ਹਿਰੀਲੇ ਕੀੜੇ ਡੰਗ ਮਾਰਨ ਲਗਦੇ ਹਨ।

(ਅ) ਇਕ ਪੰਛੀ, ਜਿਸ ਦਾ ਗਲਾ ਨੀਲੇ ਰੰਗ ਦਾ ਹੁੰਦਾ ਹੈ। ਇਸ ਨੂੰ ਸੰਕਰ ਦਾ ਪ੍ਰਤੀਕ ਮੰਨ ਕੇ ਸੰਕਰ ਦੇ ਪੁਜਾਰੀ ਪੂਜਦੇ ਤੇ ਪ੍ਰਨਾਮ ਕਰਦੇ ਹਨ।

## (ਨ-124) ਨੀਲ ਦਾ ਪੌਦਾ :

ਨੀਲ ਦਾ ਪੌਦਾ ਜਾਤ ਦਾ ਮੇਹਤਰ (ਚੂਹੜਾ) ਮੰਨਿਆ ਜਾਂਦਾ ਹੈ। ਇਸ ਲਈ ਸਨਾਤਨੀ ਹਿੰਦੂ ਨਾ ਤਾਂ ਨੀਲ ਦਾ ਪੌਦਾ ਘਰ ਵਿਚ ਉਗਾਂਦੇ ਹਨ ਤੇ ਨਾ ਹੀ ਨੀਲੇ ਕਪੜੇ ਪਹਿਨਦੇ ਹਨ। ਪੁਰਾਣੇ ਵੇਲਿਆਂ ਵਿਚ ਜਦੋਂ ਕਿਸੇ ਨੂੰ ਸਖ਼ਤ ਸਜ਼ਾ ਦੇਣੀ ਹੁੰਦੀ ਤਾਂ ਉਸਦੇ ਮੂੰਹ ਉਤੇ ਨੀਲ ਦਾ ਰੰਗ ਥਪ ਦਿਤਾ ਜਾਂਦਾ।

## (ਨ-125) ਨੀਲਮ ਪਰੀ :

ਬਹਿਸ਼ਤ ਦੀ ਇਕ ਪਰੀ, ਜੋ ਨੀਲਮ ਵਾਂਗ ਚਮਕਾਂ ਮਾਰਦੀ ਹੈ।

## (ਨ-126) ਨੀਲਾ ਘੋੜਾ :

ਨੀਲਾ ਘੋੜਾ ਚਿੱਟੇ ਬਾਜ ਵਾਂਗ ਹੀ ਪਵਿਤ੍ਰਤਾ, ਦ੍ਰਿੜ੍ਹਤਾ ਤੇ ਸ਼ਕਤੀ ਦਾ ਪ੍ਰਤੀਕ ਹੈ। ਸਿੱਖ ਭਾਵਨਾ ਨਾਲ ਇਹ ਚਿੰਨ੍ਹ ਇਤਨਾ ਇਕਸੁਰ ਹੋ ਗਿਆ ਹੈ ਕਿ ਨੀਲੇ ਘੋੜੇ ਦਾ ਨਾਉਂ ਲੈਂਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਨੀਲੇ ਘੋੜੇ ਉਤੇ ਅਸਵਾਰੀ ਦਾ ਬਿੰਬ ਉਭਰ ਆਉਂਦਾ ਹੈ। ਛਾਪੇਖ਼ਾਨੇ ਦੇ ਪ੍ਰਚਲਤ ਹੋਣ ਤੋਂ ਬਾਅਦ ਸ਼ੁਰੂ ਸ਼ੁਰੂ ਵਿਚ, ਚਿਤ੍ਰਕਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋ ਚਿਤ੍ਰ ਬਣਾਏ, ਉਨ੍ਹਾਂ ਵਿਚ ਪ੍ਰਮੁਖ ਚਿਤ੍ਰਾਂ ਵਿਚ ਇਹ ਸੰਕਲਪ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਇਹੋ ਲੋਕ-ਪ੍ਰਿਅ ਚਿਤ੍ਰ ਕੁਝ ਗੀਤਾਂ ਵਿਚ ਵੀ ਸੁਰਜੀਤ ਮਿਲਦਾ ਹੈ :

ਚਲੋ ਸਿੰਘੋ ਚਲੋ ਦਰਸ਼ਨ ਕਰੀਏ
ਗੁਰੂ ਗੋਬਿੰਦ ਸਿੰਘ ਆਏ ਨੇ
ਨੀਲਾ ਘੋੜਾ ਬਾਂਕਾ ਜੋੜਾ
ਹੱਥ ਪਰ ਬਾਜ ਸੁਹਾਏ ਨੇ।

ਨੀਲੇ ਘੋੜੇ ਦਾ ਚਿੰਨ੍ਹ ਚਿੱਟੇ ਬਾਜ ਵਾਂਗ ਆਤਮਿਕ ਪ੍ਰਭੁਤਾ ਦਾ ਬੋਧਿਕ ਹੈ। ਨੀਲਾ ਰੰਗ ਆਕਾਸ਼ ਦਾ ਹੈ ਤੇ ਇਹ ਅਗਮ ਅਥਵਾ ਅਨੰਤ ਦਾ ਸੂਚਕ ਰਿਹਾ ਹੈ। ਇਹ ਰੰਗ

ਸਰੂਪ ਹੈ। ਘੋੜਾ ਭੌਤਕ ਅਥਵਾ ਸ਼ਕਤੀ ਦਾ ਚਿੰਨ੍ਹ ਹੈ। ਸੋ ਨੀਲਾ ਘੋੜਾ ਉਸ ਸ਼ਕਤੀ ਦਾ ਸਰੂਪ ਹੈ ਜੋ ਲੋਕਤਾ ਦੇ ਭਲੇ ਲਈ ਪ੍ਰਭੂ ਨੂੰ ਧਿਆਨ ਵਿਚ ਰਖ ਕੇ ਵਰਤੀ ਗਈ ਹੋਵੇ। ਇਹ ਦੀਨਾਂ ਤੇ ਦੁਖੀਆਂ ਦੀ ਸਹਾਇਤਾ ਦਾ ਪ੍ਰਤੀਕ ਹੈ।

ਡਾ. ਤਾਰਨ ਸਿੰਘ ਅਨੁਸਾਰ ਤਾਂ ਚਿੱਟਾ ਬਾਜ਼ ਤੇ ਨੀਲਾ ਘੋੜਾ 'ਰਾਜਜੋਗ' ਦਾ ਬੋਧਿਕ ਹੈ। ਇਹ ਨੀਲੇ ਘੋੜੇ, ਚਿੱਟੇ ਬਾਜ਼ ਵਾਲਾ ਦਰਸ਼ਨ ਗੁਰੂ ਘਰ ਦੇ ਉਸ ਫ਼ਲਸਫ਼ੇ ਦਾ ਪ੍ਰਗਟ ਰੂਪ ਹੈ, ਜਿਸ ਨੂੰ ਭੱਟਾਂ ਨੇ 'ਰਾਜਜੋਗ' ਕਿਹਾ ਹੈ। ਜਿਹੜਾ ਕਈ ਰੂਪਾਂ ਵਿਚ ਲੰਘਦਾ ਸੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ 'ਮੀਰੀ ਪੀਰੀ' ਦਾ ਰੂਪ ਧਾਰਨ ਕਰ ਗਿਆ ਅਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮੀਰੀ ਤੇ ਪੀਰੀ ਨੇ ਮਿਟ ਕੇ ਖੰਡੇ ਦਾ ਰੂਪ ਧਾਰ ਲਿਆ। ਨੀਲਾ ਘੋੜਾ ਅਤੇ ਚਿੱਟਾ ਬਾਜ਼ 'ਰਾਜ ਜੋਗੀ', 'ਮੀਰੀ ਪੀਰੀ' ਤੇ 'ਸੰਤ ਸਿਪਾਹੀ' ਦੇ ਫ਼ਲਸਫ਼ੇ ਦਾ ਚਿੰਨ੍ਹਾਤਮਕ ਰੂਪ ਹੈ।

(ਨ-127) **ਨੀਲਾ ਧਾਗਾ** :

ਬੁਰੀ ਨਜ਼ਰ ਤੋਂ ਬਚਣ ਲਈ ਕਈ ਲੋਕ ਵੀਣੀ ਜਾਂ ਬਾਂਹ ਦੇ ਡੌਲੇ ਉਤੇ ਨੀਲੇ ਰੰਗ ਦਾ ਧਾਗਾ ਬੰਨ੍ਹਦੇ ਹਨ। ਨੀਲਾ ਰੰਗ ਜ਼ਾਤ ਦਾ ਚੂਹੜਾ ਮੰਨਿਆ ਜਾਂਦਾ ਹੈ ਅਤੇ ਜਿਥੇ ਕਿਧਰੇ ਇਸ ਨੂੰ ਬੰਨ੍ਹਿਆ ਜਾਵੇ ਉਥੇ ਚੰਦਰੀ ਨਜ਼ਰ ਅਸਰ ਨਹੀਂ ਕਰਦੀ।

(ਨ-128) **ਨੀਲੀ** :

(ੳ) ਮਿਰਜ਼ੇ ਦੀ ਘੋੜੀ ਦਾ ਨਾਂ, ਜਿਸ ਉਤੇ ਉਹ ਸਾਹਿਬਾਂ ਨੂੰ ਕੱਢ ਕੇ ਲੈ ਗਿਆ ਸੀ।

(ਅ) ਸਤਲੁਜ ਦਰਿਆ ਦਾ ਇਕ ਨਾਂ, ਜਦੋਂ ਸਤਲੁਜ ਸ਼ਾਹਪੁਰ ਦੇ ਨੇੜਿਓਂ ਲੰਘਦਾ ਹੈ ਤਾਂ ਇਸ ਨੂੰ ਸਥਾਨਕ ਤੌਰ ਤੇ ਨੀਲੀ ਕਹਿੰਦੇ ਹਨ। ਲੋਕ-ਗੀਤਾਂ ਵਿਚ ਇਸ ਦਾ ਨਾਂ ਨੀਲੀ ਆਉਂਦਾ ਹੈ (ਵੇਖੋ : ਨੀਲੀ ਤੇ ਰਾਵੀ)।

ਮੁਲਤਾਨ ਦੇ ਜ਼ਿਲੇ ਵਿਚ ਨੀਲੀ ਨੂੰ 'ਘਾਰਾ' ਕਹਿੰਦੇ ਹਨ।

(ਨ-129) **ਨੀਲੇ ਘੋੜੇ ਵਾਲਾ** :

ਘੋੜਿਆਂ ਵਿਚੋਂ ਪੰਜਾਬੀਆਂ ਨੂੰ ਨੀਲਾ ਘੋੜਾ ਵਧੇਰੇ ਦਿਲ-ਪਸੰਦ ਹੈ। ਸ਼ਾਇਦ ਇਸ ਲਈ ਕਿ ਇਸ ਉਤੇ ਕਦੇ ...

ਵਿਚ ਅਤਾਂ ਦਾ ਪਿਆਰ ਹੈ। ਨੀਲੇ ਘੋੜੇ ਵਾਲਾ ਇਹ ਗੀਤ ਬੜਾ ਪ੍ਰਸਿਧ ਹੈ :

ਜੇ ਤੂੰ ਚਲਿਉਂ ਚਾਕਰੀ
ਵੇ ਨੀਲੇ ਘੋੜੇ ਵਾਲਿਆ
ਸਾਨੂੰ ਬੰਝੇ ਪਾ।
ਜਿਥੇ ਤੇ ਆਵੇ ਰਾਤੜੀ
ਵੇ ਨੀਲੇ ਘੋੜੇ ਵਾਲਿਆ
ਸਾਨੂੰ ਕਢ ਕਲੇਜੇ ਲਾ।

ਪੰਜਾਬਣ ਆਪਣੇ ਢੋਲ ਸਿਪਾਹੀ ਨਾਲ ਲੜਾਈ ਵਿਚ ਤੁਰ ਪੈਣ ਨੂੰ ਤਿਆਰ ਹੈ। ਉਹ ਵੀਰਾਂਗਣਾ ਹੈ ਤੇ ਪਤੀ ਨਾਲ ਕੁਰਬਾਨ ਹੋ ਜਾਣ ਤੋਂ ਵੀ ਨਹੀਂ ਝਿਜਕਦੀ।

(ਨ-130) **ਨੁਕਲ** :

(ੳ) ਪੰਜਾਂ ਪਾਂਡਵਾਂ ਵਿਚੋਂ ਇਕ,

(ਅ) ਫਲ ਗਿਰੀ ਖੋਪਾ ਆਦਿ ਜੋ ਰੋਟੀ ਤੋਂ ਬਾਅਦ ਖਾਧੇ ਜਾਂਦੇ ਹਨ।

(ਨ-131) **ਨੂਹ** :

ਇਕ ਪੈਗੰਬਰ, ਜੋ ਆਦਮ ਤੋਂ ਦਸਵੀਂ ਪੀੜ੍ਹੀ 'ਤੇ ਸੀ। ਇਸ ਦਾ ਜ਼ਿਕਰ ਬਾਈਬਲ ਤੇ ਕੁਰਾਨ ਵਿਚ ਕਈ ਥਾਈਂ ਮਿਲਦਾ ਹੈ। ਬਾਈਬਲ ਅਨੁਸਾਰ ਜਦੋਂ ਸੰਸਾਰ ਉਤੇ ਜਲ ਪਰਲੋ ਆਈ ਤਾਂ ਹਜ਼ਰਤ ਨੂਹ ਨੇ ਬੇੜਾ ਬਣਾ ਕੇ, ਸੰਸਾਰ ਦੀਆਂ ਸਭ ਜਿਨਸਾਂ ਦਾ ਇਕ ਇਕ ਜੋੜਾ, ਬੇੜੇ ਵਿਚ ਸੰਭਾਲ ਕੇ, ਸੰਸਾਰ ਨੂੰ ਨਸ਼ਟ ਹੋਣ ਤੋਂ ਬਚਾ ਲਿਆ।

ਹਜ਼ਰਤ ਨੂਹ ਲਮੇਚ ਦਾ ਪੁੱਤਰ ਸੀ। ਜਦੋਂ ਇਹ ਜੰਮਿਆ ਤਾਂ ਇਸ ਦੇ ਚਿਹਰੇ ਦੁਆਲੇ ਇਕ ਨੂਰਾਨੀ ਆਭਾ ਸੀ, ਜੋ ਮਹਾਂਪੁਰਖਾਂ ਦੇ ਹੁੰਦੀ ਹੈ। ਇਸ ਦੇ ਦਾਦੇ ਮੇਥੁਸਲਾਹ ਨੇ ਨੂਹ ਦੇ ਪਿਉ ਲਮੇਚ ਨੂੰ ਚੇਤਾਵਨੀ ਦਿਤੀ ਕਿ ਉਹ ਨੂਹ ਦਾ ਅਸਲੀ ਨਾਂ ਛੁਪਾ ਕੇ ਰਖੇ ਤਾਂ ਜੋ ਕੋਈ ਜਾਦੂਗਰ, ਟੂਣੇ ਨਾਲ ਉਸ ਨੂੰ ਕੋਈ ਹਾਨੀ ਨਾ ਪਹੁੰਚਾ ਸਕੇ। ਉਦੋਂ ਲੋਕਾਂ ਵਿਚ ਟੂਣੇ-ਟੱਪੇ ਦਾ ਬੜਾ ਰਵਾਜ ਸੀ। ਸੋ, ਨੂਹ ਦਾ ਜਲ-ਪਰਲੋ ਤੋਂ ਪਹਿਲਾਂ ਦਾ ਨਾਂ ਮੇਨਾਚਮ ਸੀ।

ਜਲ-ਪਰਲੋ ਬਾਰੇ ਚੇਤਾਵਨੀ ਨੂਹ ਨੂੰ ਕਈ ਵਰ੍ਹੇ ਪਹਿਲਾਂ ਹੀ ਮਿਲ ਗਈ ਸੀ। ਨੂਹ ਨੇ ਸਾਲ ਦਾ ਇਕ ਬ੍ਰਿਛ ਬੀਜਿਆ, ਜਦੋਂ ਵੀਹਾਂ ਸਾਲਾਂ ਮਗਰੋਂ ਉਹ ਤਿਆਰ ਹੋਇਆ ਤਾਂ ਨੂਹ ਨੇ ਇਸ ਦੇ ਦੋ ਸ਼ਤੀਰ ਕਟ ਕੇ, ਬੇੜਾ ਬਣਵਾਇਆ। ਜਦੋਂ ਬੇੜਾ ਤਿਆਰ ਹੋ ਗਿਆ ਤਾਂ ਨੂਹ ਸੰਸਾਰ ਦੀਆਂ

ਜਲ-ਪਰਲੋ ਸਮੇਂ ਆਕਾਸ਼ ਤੋਂ ਮੂਸਲਾਧਾਰ ਮੀਂਹ ਵਸਿਆ। ਪ੍ਰਮਾਤਮਾ ਨੇ ਆਸਮਾਨ ਵਿਚੋਂ ਦੋ ਤਾਰੇ ਚੁਕੇ ਤਾਂ ਹੇਠਾਂ ਮੀਂਹ ਵਸਣ ਲਗਾ। ਸਾਰੀ ਧਰਤੀ ਜਲ ਥਲ ਹੋ ਗਈ। 40 ਦਿਨ ਲਗਾਤਾਰ ਮੀਂਹ ਵਸਦਾ ਰਿਹਾ ਤੇ ਪਹਾੜ ਦੀ ਚੋਟੀ ਤੋਂ ਪਾਣੀ 15 ਹੱਥ ਉੱਚਾ ਚੜ੍ਹ ਗਿਆ। ਸਿਵਾਏ ਹਜ਼ਰਤ ਨੂਹ ਦੇ ਬੇੜੇ ਵਿਚਲੇ ਜੀਵਾਂ ਦੇ, ਧਰਤੀ ਉਤੇ ਕੋਈ ਜੀਵ-ਜੰਤੂ ਜਿਉਂਦਾ ਨਾ ਰਿਹਾ।

ਹਜ਼ਰਤ ਨੂਹ ਦੇ ਬੇੜੇ ਵਿਚ ਕੁਝ ਅਦਭੁਤ ਘਟਨਾਵਾਂ ਵਾਪਰੀਆਂ। ਇਕ ਤਾਂ ਪਸ਼ੂਆਂ ਦੀ ਗੰਦਗੀ ਨਾਲ ਬੇੜਾ ਭਰ ਗਿਆ, ਦੂਜਾ ਚੂਹਿਆਂ ਨੇ ਬੜਾ ਤੰਗ ਕੀਤਾ ਹੋਇਆ ਸੀ। ਹਜ਼ਰਤ ਨੂਹ ਨੇ ਆਪਣੀ ਸ਼ਕਤੀ ਨਾਲ ਦੋ ਨਵੇਂ ਜੀਵ ਪੈਦਾ ਕੀਤੇ। ਉਸ ਨੇ ਹਾਥੀ ਦੀ ਪਿੱਠ ਉਤੇ ਹੱਥ ਫੇਰ ਕੇ ਸੂਰ ਦੀ ਉਤਪਤੀ ਕੀਤੀ, ਜੋ ਸਾਰੀ ਗੰਦਗੀ ਹੜੱਪ ਕਰ ਗਿਆ ਤੇ ਸ਼ੇਰ ਦੀ ਪਿੱਠ ਨੂੰ ਮਲ ਕੇ ਬਿੱਲੀ ਪੈਦਾ ਕੀਤੀ, ਜੋ ਚੂਹੇ ਖਾਣ ਲਗੀ।

ਬਾਰਾਂ ਮਹੀਨੇ ਬਾਅਦ ਧਰਤੀ ਦਾ ਪਾਣੀ ਖੁਸ਼ਕ ਹੋਇਆ ਤਾਂ ਨੂਹ ਨੇ ਕਾਂ ਨੂੰ ਭੇਜਿਆ, ਤਾਂ ਜੋ ਉਹ ਵੇਖ ਆਏ ਕਿ ਕਿਧਰੇ ਸੁੱਕੀ ਧਰਤੀ ਬਚੀ ਵੀ ਹੈ ਜਾਂ ਨਹੀਂ। ਪਰ ਕਾਂ ਨੇ ਇਕ ਲਾਸ਼ ਤਰਦੀ ਵੇਖੀ ਤੇ ਉਥੇ ਹੀ ਲਾਸ਼ ਖਾਣ ਬੈਠ ਗਿਆ। ਫਿਰ ਹਜ਼ਰਤ ਨੂਹ ਨੇ ਘੁੱਗੀ ਨੂੰ ਭੇਜਿਆ, ਜੋ ਹਰੀ ਟਹਿਣੀ ਲੈ ਕੇ ਪਰਤ ਆਈ। ਨੂਹ ਨੇ ਆਪਣਾ ਬੇੜਾ ਕਾਕਸਸ ਵਿਚ ਅਰਾਰਤ ਪਹਾੜ ਦੇ ਕਿਨਾਰੇ ਲਗਾਇਆ ਅਤੇ ਨੂਹ ਸਭ ਜੀਵਾਂ-ਜੰਤੂਆਂ ਨਾਲ ਬੇੜੇ ਵਿਚੋਂ ਬਾਹਰ ਨਿਕਲਿਆ। ਇਨ੍ਹਾਂ ਜੀਵਾਂ ਦੀ ਨਸਲ ਹੀ ਸੰਸਾਰ ਵਿਚ ਵਧੀ ਫੁਲੀ।

ਨੂਹ ਨੌਂ ਸੌ ਵਰ੍ਹੇ ਤਕ ਸੰਸਾਰ ਵਿਚ ਜੀਵਿਆ ਅਤੇ ਉਸ ਨੇ ਦਾਰੂ, ਰੰਗਾਂ ਤੇ ਹੋਰ ਵਾਹੀ ਖੇਤੀ ਦੇ ਸੰਦਾਂ ਦੀ ਕਾਢ ਕਢੀ।

ਭਾਰਤ ਵਿਚ ਨੂਹ ਦੀ ਜਲ-ਪਰਲੋ ਨਾਲ ਮਿਲਦੀ ਜੁਲਦੀ ਕਥਾ ਮਨੂ ਨਾਲ ਸਬੰਧਿਤ ਹੈ। ਨੂਹ ਤੇ ਮਨੂ ਇਕੋ ਵਿਅਕਤੀ ਜਾਪਦੇ ਹਨ (ਵੇਖੋ : ਮਨੂ)।

## (ਨ-132) ਨੂਹ ਦਾ ਬੇੜਾ :

ਉਹ ਬੇੜਾ ਜਿਸ 'ਚ ਨੂਹ ਨੇ ਜਲ-ਪਰਲੋ ਸਮੇਂ ਆਪਣੇ ਪ੍ਰਵਾਰ ਅਤੇ ਧਰਤੀ ਦੀ ਹਰ ਜਿਨਸ ਦੇ ਜੋੜੇ ਨੂੰ ਸੁਰੱਖਿਅਤ ਰਖਿਆ ਸੀ। ਇਹ ਬੇੜਾ ਜਲ-ਪਰਲੋ ਤੋਂ ਸਾਲ ਮਗਰੋਂ [illegible] ਕਾਕਸਸ ਵਿਚ ਅਰਾਰਤ

## (ਨ-133) ਨੂਣ ਮਿਹਾਣੀ :

ਬੱਚਿਆਂ ਦੀ ਇਕ ਖੇਡ; ਕਿਸੇ ਖੁਲ੍ਹੀ ਥਾਂ ਇਕ ਵਡਾ ਸਾਰਾ ਮੁਰੱਬਾ ਵਾਹ ਲਿਆ ਜਾਂਦਾ ਹੈ। ਮੁਰੱਬੇ ਦੇ ਅੰਦਰਵਾਰ ਚਾਰ ਹੋਰ ਮੁਰੱਬੇ, ਜਿਨ੍ਹਾਂ ਨੂੰ ਕੋਠੜੀਆਂ ਕਹਿੰਦੇ ਹਨ, ਬਣਾ ਲਈਆਂ ਜਾਂਦੀਆਂ ਹਨ। ਇਹ ਕੋਠੜੀਆਂ ਇਸ ਤਰ੍ਹਾਂ ਬਣਾਈਆਂ ਜਾਂਦੀਆਂ ਹਨ ਕਿ ਕਿਸੇ ਇਕ ਦੀ ਲਕੀਰ ਦੂਜੀ ਨਾਲ ਨਾ ਛੋਹੇ ਤੇ ਹਰ ਦੋ ਲਕੀਰਾਂ ਵਿਚ ਦੋ ਤਿੰਨ ਕਦਮਾਂ ਦੀ ਵਿਥ ਹੋਵੇ। ਵੱਡੇ ਮੁਰੱਬੇ ਦੇ ਬਾਹਰ ਵਲ, ਅੱਧ-ਵਿਚਕਾਰ ਨਾਲ ਲਗਦਾ ਇਕ ਛੋਟਾ ਮੁਰੱਬਾ ਵਾਹ ਲਿਆ ਜਾਂਦਾ ਹੈ, ਜਿਸ ਨੂੰ ਛੱਜ ਕਹਿੰਦੇ ਹਨ। ਵੱਡੇ ਮੁਰੱਬੇ ਵਿਚਕਾਰ ਮਿੱਟੀ ਦੀ ਇਕ ਢੇਰੀ ਲਗਾ ਲਈ ਜਾਂਦੀ ਹੈ ਜਿਸ ਨੂੰ ਲੂਣ ਦੀ ਢੇਰੀ ਕਹਿੰਦੇ ਹਨ।

ਪਹਿਲਾਂ ਸਭ ਮੁੰਡੇ ਪੁੱਗਦੇ ਹਨ, ਜਿਸ ਸਿਰ ਮੀਟੀ ਆਉਂਦੀ ਹੈ ਉਹ ਲੂਣ (ਮਿੱਟੀ) ਦੀ ਢੇਰੀ ਉਤੇ ਖੜਾ ਹੋ ਜਾਂਦਾ ਹੈ। ਬਾਕੀ ਮੁੰਡੇ ਮੁਰੱਬਿਆਂ ਦੀਆਂ ਲਕੀਰਾਂ ਵਿਚ, ਪਰ ਕੋਠੜੀਆਂ ਤੋਂ ਬਾਹਰ ਖੜੇ ਹੋ ਜਾਂਦੇ ਹਨ। ਢੇਰੀ ਉਤੇ ਖਲੋਤਾ ਮੀਟੀ ਵਾਲਾ ਮੁੰਡਾ ਸਭਨਾਂ ਨੂੰ ਛੂਹਣ ਦਾ ਯਤਨ ਕਰਦਾ ਹੈ, ਮੁੰਡੇ ਅਗੇ ਅਗੇ ਦੌੜਦੇ ਹਨ। ਦੌੜਦਿਆਂ ਕਿਸੇ ਮੁੰਡੇ ਦਾ ਪੈਰ ਲਕੀਰ ਉਤੇ ਨਹੀਂ ਆਉਣਾ ਚਾਹੀਦਾ। ਜੇ ਆ ਜਾਵੇ ਤਾਂ ਉਸ ਦੇ ਸਿਰ ਮੀਟੀ ਆ ਜਾਂਦੀ ਹੈ। ਫਿਰ ਨਵੇਂ ਸਿਰੇ ਤੋਂ ਖੇਡ ਸ਼ੁਰੂ ਹੋ ਜਾਂਦੀ ਹੈ। ਇਸ ਖੇਡ ਵਿਚ ਮੁੰਡਿਆਂ ਨੇ ਢੇਰੀ ਤੋਂ ਲੂਣ (ਮਿੱਟੀ) ਚੁਕ ਕੇ ਛੱਜ ਵਾਲੇ ਮੁਰੱਬੇ ਨੂੰ ਛਾਲ ਮਾਰ ਕੇ ਪਾਰ ਕਰਨਾ ਹੁੰਦਾ ਹੈ, ਹਰ ਖਿਡਾਰੀ ਮੌਕੇ ਦੀ ਤਾੜ ਵਿਚ ਰਹਿੰਦਾ ਹੈ। ਜਿਹੜੇ ਛੱਜ ਪਾਰ ਕਰ ਲੈਂਦੇ ਹਨ ਉਨ੍ਹਾਂ ਨੂੰ ਫਿਰ ਛੂਹਿਆ ਨਹੀਂ ਜਾਂਦਾ। ਜਿਹੜੇ ਖਿਡਾਰੀ ਛੋਹੇ ਜਾਂਦੇ ਹਨ, ਉਹ ਹਾਰਿਆਂ ਦੀ ਟੋਲੀ ਵਿਚ ਬੈਠ ਜਾਂਦੇ ਹਨ। ਜੇ ਮੀਟੀ ਵਾਲਾ ਬੱਚਾ ਅੱਧੇ ਤੋਂ ਵਧ ਖਿਡਾਰੀ ਛੂਹ ਲਏ ਤਾਂ ਉਹ ਜੇਤੂ ਧਿਰ ਵਿਚ ਸ਼ਾਮਲ ਹੋ ਜਾਂਦਾ ਹੈ ਨਹੀਂ ਤਾਂ ਹਾਰੀ ਹੋਈ ਧਿਰ ਵਿਚ। ਹਾਰੇ ਜਾਂ ਛੂਹੇ ਹੋਏ ਬੱਚਿਆਂ ਨੂੰ 'ਗਧੀਆਂ' ਕਿਹਾ ਜਾਂਦਾ ਹੈ।

ਗਧੀਆਂ, ਖੇਡ ਵਾਲੀ ਥਾਂ ਤੋਂ ਥੋੜ੍ਹੀ ਦੂਰ ਬੈਠ ਕੇ ਖੋਤਿਆਂ ਵਾਂਗ ਹਿਣਕਦੀਆਂ ਹਨ। ਜੇਤੂ ਮੁੰਡੇ ਛੱਜ ਕੋਲ ਖੜੇ ਹੁੰਦੇ ਹਨ। ਜੇਤੂ ਗਧੀਆਂ ਨੂੰ ਫੜਦੇ ਹਨ। ਜਿਥੇ ਗਧੀ ਫੜੀ ਜਾਵੇ ਉਥੋਂ ਜੇਤੂ ਗਧੀ ਉਤੇ ਛੱਜ ਤਕ ਸਵਾਰੀ ਕਰਦਾ ਹੈ।

ਕੋਇਲ ਬਾਗਾਂ ਦੇ ਵਿਚ ਗਾਵਣ ਮੋਰੇ,
ਪੈਰੀਂ ਨੂਪਰਾਂ ਦਾਂ ਛਣਕਾਰ ਸਾਈਂ।
(ਰੂਪ ਬਸੰਤ, ਦੌਲਤ ਰਾਮ)

(ਨ-135) **ਨੂਰ ਖ਼ਾਨ ਚੰਧੜ** :

ਹੀਰ ਰਾਂਝੇ ਦੇ ਕਿੱਸੇ ਦਾ ਇਕ ਪਾਤਰ, ਚੰਧੜ ਕਬੀਲੇ ਦਾ ਮੁਖੀਆ। ਇਸ ਦਾ ਪਿੰਡ ਝੰਗ ਤੋਂ ਤਿੰਨ ਮੰਜ਼ਲਾਂ ਉੱਤਰ ਵਲ ਦਰਿਆ ਝਨਾਂ ਦੇ ਕੰਢੇ ਸੀ। ਹੀਰ ਦਾ ਮਲਾਹ ਲੁੱਡਣ, ਪਹਿਲਾਂ ਨੂਰ ਖ਼ਾਨ ਚੰਧੜ ਕੋਲ ਹੀ ਕੰਮ ਕਰਦਾ ਸੀ।

ਨੂਰ ਖ਼ਾਨ ਚੰਧੜ ਦੀ ਬੇੜੀ ਝਨਾਂ ਵਿਚ ਰੁੜ੍ਹਦੀ ਹੋਈ, ਝੰਗ ਦੇ ਨੇੜੇ ਆ ਰੁਕੀ ਤੇ ਹੀਰ ਨੇ ਆਪਣੇ ਪੱਤਣ ਉੱਤੇ ਬੰਨ੍ਹ ਲਈ। ਨੂਰ ਖ਼ਾਨ ਦੇ ਬੰਦੇ ਬੇੜੀ ਵਾਪਸ ਮੰਗਣ ਆਏ, ਪਰ ਹੀਰ ਨੇ ਬੇੜੀ ਨੂੰ ਮੋੜਣ ਤੋਂ ਨਾਂਹ ਕਰ ਦਿਤੀ, ਸਗੋਂ ਨੂਰ ਖ਼ਾਨ ਦੇ ਆਦਮੀਆਂ ਨੂੰ ਅਪਮਾਨਿਤ ਕਰ ਕੇ, ਵਾਪਸ ਭੇਜ ਦਿਤਾ। ਇਹ ਹੀਰ ਦੇ ਅਖੜ, ਪਰ ਚੰਚਲ, ਕਲੇਸ਼ ਸੁਭਾਅ ਦਾ ਪ੍ਰਤੀਕ ਹੈ।

ਨੂਰ ਖ਼ਾਨ 360 ਘੋੜ-ਸਵਾਰ ਨਾਲ ਲੈ ਕੇ ਜਬਰਦਸਤੀ ਪੱਤਣ ਤੋਂ ਬੇੜੀ ਖੋਹਣ ਲਈ ਆ ਗਿਆ ਤੇ ਹੀਰ ਨੇ ਆਪਣੀਆਂ ਸਹੇਲੀਆਂ ਨਾਲ ਨੂਰ ਖ਼ਾਨ ਦਾ ਮੁਕਾਬਲਾ ਕੀਤਾ, ਜਿਸ ਦਾ ਵਰਨਣ ਦਮੋਦਰ ਨੇ ਬੜੇ ਵੇਰਵੇ ਨਾਲ ਕੀਤਾ ਹੈ। ਅੰਤ ਨੂਰ ਖ਼ਾਨ ਚੰਧੜ ਹੀਰ ਹਥੋਂ ਘਾਇਲ ਹੋ ਕੇ ਨੱਸ ਗਿਆ। ਇਸ ਲੜਾਈ ਵਿਚ ਨੂਰ ਖ਼ਾਨ ਚੰਧੜ ਦੇ ਕਈ ਸਾਥੀ ਤੇ ਹੀਰ ਦੀਆਂ ਕਈ ਸਹੇਲੀਆਂ ਜ਼ਖ਼ਮੀ ਹੋਈਆਂ ਤੇ ਮਾਰੀਆਂ ਗਈਆਂ।

(ਨ-136) **ਨੂਰਪੁਰ** :

ਕਾਂਗੜੇ ਦਾ ਇਕ ਕਸਬਾ; ਇਸ ਦਾ ਪੁਰਾਣਾ ਨਾਂ ਧਰਮੇਤ੍ਰੀ ਸੀ। ਧਰਮੇਤ੍ਰੀ ਇਕ ਦਰਖ਼ਤ ਦਾ ਨਾਂ ਸੀ ਜਿਸਨੂੰ ਅਜ ਕਲ੍ਹ ਗੁਲਰ ਕਹਿੰਦੇ ਹਨ। ਇਸ ਇਲਾਕੇ ਵਿਚ ਧਰਮੇਤ੍ਰੀ (ਗੁਲਰ) ਦੇ ਰੁੱਖ ਬਹੁਤ ਹੁੰਦੇ ਹਨ, ਜਿਸ ਤੋਂ ਇਲਾਕੇ ਦਾ ਨਾਂ ਧਰਮੇਤ੍ਰੀ ਪੈ ਗਿਆ।

ਜਗਤ ਸਿੰਘ ਦੇ ਰਾਜ ਸਮੇਂ, ਜਹਾਂਗੀਰ ਆਪਣੀ ਬੇਗਮ ਨੂਰ ਜਹਾਨ ਨਾਲ ਇਥੇ ਆਇਆ ਸੀ। ਜਿਸ ਤੋਂ ਇਸ ਜਗ੍ਹਾ ਦਾ ਨਾਂ ਨੂਰ ਪੁਰ ਪੈ ਗਿਆ। ਨੂਰ ਜਹਾਨ ਨੂੰ ਇਹ ਥਾਂ ਇਤਨੀ ਪਸੰਦ ਆਈ ਕਿ ਉਸ ਨੇ ਜਹਾਂਗੀਰ ਨੂੰ ਇਥੇ ਇਕ ਕਿ ਮਜ਼ਦੂਰ ਮਰਦਾਂ ਤੇ ਇਸਤ੍ਰੀਆਂ ਵਿਚੋਂ ਬਹੁਤਿਆਂ ਦੇ ਗਲੇ ਉੱਤੇ ਗਿਲ੍ਹੜ ਸਨ। ਨੂਰ ਜਹਾਨ ਦੇ ਕਾਰਨ ਪੁੱਛਣ 'ਤੇ ਜਗਤ ਸਿੰਘ ਨੇ ਦਸਿਆ ਕਿ ਨੂਰ ਪੁਰ ਦਾ ਪੌਣ ਪਾਣੀ ਹੀ ਕੁਝ ਅਜਿਹਾ ਹੈ ਕਿ ਇਥੇ ਲੋਕਾਂ ਨੂੰ ਇਹ ਬੀਮਾਰੀ ਆਮ ਹੋ ਜਾਂਦੀ ਹੈ। ਇਹ ਗੱਲ ਸੁਣ ਕੇ ਨੂਰ ਜਹਾਨ ਨੇ, ਨੂਰ ਪੁਰ ਵਿਚ ਮਹਿਲ ਬਨਵਾਉਣ ਦਾ ਵਿਚਾਰ ਛੱਡ ਦਿਤਾ। ਕਹਿੰਦੇ ਹਨ ਕਿ ਰਾਜਾ ਜਗਤ ਸਿੰਘ ਨੂੰ, ਇਹ ਗੱਲ ਪਸੰਦ ਨਹੀਂ ਸੀ ਕਿ ਨੂਰ ਪੁਰ ਵਿਚ ਜਹਾਂਗੀਰ ਆਪਣਾ ਮਹਿਲ ਬਣਾਏ ਅਤੇ ਜਗਤ ਸਿੰਘ ਸਦਾ ਉਸ ਦੀ ਛਾਂ ਹੇਠ ਰਹੇ, ਇਸ ਲਈ ਜਾਣ ਬੁਝ ਕੇ ਗਿਲ੍ਹੜ ਵਾਲੇ ਮਜ਼ਦੂਰ ਮਜ਼ਦੂਰਨੀਆਂ ਕੰਮ ਕਰਨ ਲਈ ਚੁਣੇ ਗਏ।

ਇਸ ਮਹਿਲ ਦੇ ਖੰਡਰ ਅੱਜ ਵੀ ਨੂਰ ਪੁਰ ਵਿਚ ਖੱਡ ਦੇ ਪਾਰ ਮਿਲਦੇ ਹਨ। ਨੂਰ ਜਹਾਨ ਦੇ ਧਰਮੇਤ੍ਰੀ ਵਿਚ ਪੈਰ ਪਾਉਣ ਤੇ ਮਹਿਲ ਦੀ ਉਸਾਰੀ ਸ਼ੁਰੂ ਕਰਨ ਦੇ ਸਮੇਂ ਤੋਂ, ਇਸ ਥਾਂ ਦਾ ਨਾਂ ਧਰਮੇਤ੍ਰੀ ਤੋਂ ਨੂਰ ਪੁਰ ਹੋ ਗਿਆ।

ਨੂਰਪੁਰ ਵਿਚ ਇਕ ਪੁਰਾਣਾ ਕਿਲ੍ਹਾ ਹੈ, ਜਿਸਨੂੰ ਰਾਜਾ ਬਾਬੂ ਨੇ 1580 ਤੋਂ ਲੈ ਕੇ 1613 ਈ: ਤਕ 33 ਸਾਲਾਂ ਵਿਚ ਇਕ ਪਥਰੀਲੀ ਚੱਟਾਨ ਉੱਤੇ ਬਣਵਾਇਆ। ਨੂਰਪੁਰ ਦਾ ਸਭ ਤੋਂ ਪ੍ਰਸਿਧ ਰਾਜਾ ਜਗਤ ਸਿੰਘ ਹੋਇਆ, ਜੋ ਜਹਾਂਗੀਰ ਤੇ ਸ਼ਾਹਜਹਾਨ ਦਾ ਸਮਕਾਲੀ ਸੀ। ਜਗਤ ਸਿੰਘ 1619 ਈ: ਵਿਚ ਤਖ਼ਤ ਉੱਤੇ ਬੈਠਾ। 1623 ਈ: ਵਿਚ ਉਸ ਨੇ ਚੰਬੇ ਨੂੰ ਆਪਣੀ ਰਿਆਸਤ ਵਿਚ ਮਿਲਾਇਆ। 1634 ਈ: ਵਿਚ ਸ਼ਾਹਜਹਾਨ ਨੇ ਇਸ ਨੂੰ ਮਨਸਬਦਾਰ ਦੀ ਪਦਵੀ ਦਿਤੀ। 1640 ਈ: ਵਿਚ ਇਸਨੇ ਸ਼ਾਹਜਹਾਨ ਵਿਰੁਧ ਬਗ਼ਾਵਤ ਕੀਤੀ ਪਰ ਅਖ਼ੀਰ ਮਾਫ਼ੀ ਮੰਗ ਲਈ। 1645 ਈ: ਵਿਚ ਜਗਤ ਸਿੰਘ ਨੂੰ ਬਦਖਸ਼ਾਂ ਵਿਚ ਉਜ਼ਬੇਕਾਂ ਵਿਰੁਧ ਇਕ ਮੁਹਿੰਮ ਵਿਚ ਭੇਜਿਆ ਗਿਆ, ਜਿਥੇ ਇਸ ਨੇ ਚੰਗੀ ਬਹਾਦਰੀ ਵਿਖਾਈ। ਬੀਰ ਸਿੰਘ (1789-1846 ਈ:) ਨੂਰਪੁਰ ਦਾ ਆਖ਼ਰੀ ਰਾਜਾ ਸੀ, ਜਿਸ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਅਧਿਕਾਰ ਖੋਹ ਲਿਆ।

(ਨ-137) **ਨੂਰਾ** :

ਮੁਲਤਾਨ ਵਿਚ ਪ੍ਰਚਲਤ ਚਾਂਦੀ ਦਾ ਇਕ ਗਹਿਣਾ, ਜੋ ਪੈਰਾਂ ਵਿਚ ਪਾਇਆ ਜਾਂਦਾ ਹੈ। ਇਹ ਛੱਲੇ ਦੀ ਸ਼ਕਲ

ਤੇ ਰਤਨਾਹ ਟੋਹਣਵਾਲ ਦੇ ਇਲਾਕੇ ਵਿਚ ਬੜੀ ਪ੍ਰਸਿਧ ਹੈ। ਇਸ ਕਥਾ ਨਾਲ ਸਬੰਧਿਤ ਕਈ ਲੋਕ-ਗੀਤ ਇਲਾਕੇ ਵਿਚ ਪ੍ਰਚਲਤ ਮਿਲਦੇ ਹਨ।

ਨੂਰਾ ਇਕ ਮਾਲਦਾਰ ਗੁੱਜਰ ਸੀ, ਜਿਸ ਕੋਲ ਹਜ਼ਾਰਾਂ ਮੱਝਾਂ ਦਾ ਵੱਗ ਸੀ, ਜੋ ਪਿੰਡ ਦੇ ਰਾਠੀਆਂ ਦੀਆਂ ਫਸਲਾਂ ਨੂੰ ਬਰਬਾਦ ਕਰ ਦਿਤਾ ਕਰਦਾ ਸੀ। ਇਕ ਵਾਰ ਰਾਠੀ ਨੂਰੇ ਨੂੰ ਮਾਰਨ ਲਈ ਇਕੱਠੇ ਹੋ ਕੇ, ਉਸ ਦੇ ਘਰ ਆਏ। ਪਹਿਲਾਂ ਉਨ੍ਹਾਂ ਨੇ ਨੂਰੇ ਦੀ ਧੀ ਮੀਰਾਂ ਖ਼ਾਨੋਂ ਦੀ ਬੇਪਤੀ ਕੀਤੀ। ਫਿਰ ਨੂਰੇ ਨਾਲ ਲੜਨ ਨੂੰ ਪਏ। ਨੂਰਾ ਘਰ ਵਿਚ ਇਕੱਲਾ ਸੀ। ਫਿਰ ਘਰ ਵਿਚ ਹਥਿਆਰ ਵੀ ਕੋਈ ਨਹੀਂ ਸੀ। ਜਿਹੜੀ ਘਰ ਵਿਚ ਤਲਵਾਰ ਰਖੀ ਹੋਈ ਸੀ, ਉਹ ਨੂਰੇ ਦਾ ਜਵਾਈ ਮਿੱਠਾ ਮਾਂਝੀ ਲੈ ਗਿਆ ਸੀ। ਤੇ ਉਹ ਵੀ ਦੁਸ਼ਮਣਾਂ ਨਾਲ ਜਾ ਰਲਿਆ ਸੀ। ਨੂਰੇ ਨੇ ਜਾਨ ਬਖ਼ਸ਼ੀ ਲਈ ਤਰਲੇ ਕੀਤੇ ਪਰ ਦੁਸ਼ਮਣਾਂ ਨੇ ਇਕ ਨਾ ਸੁਣੀ।

ਅਖ਼ੀਰ ਨੂਰੇ ਵੰਝਲੀ ਵਜਾਈ, ਜਿਸ ਦੀ ਮਧੁਰ ਆਵਾਜ਼ ਨਾਲ ਦੇ ਪਿੰਡ ਬੈਠੇ ਉਸ ਦੇ ਭਰਾ ਭਰਜਾਈਆਂ ਤਕ ਪਹੁੰਚੀ। ਭਰਾਵਾਂ ਨੇ ਵੇਖਿਆ ਨੂਰਾ ਜਿਹੜਾ ਪਾਣੀ ਦਾ ਭਰਿਆ ਕਟੋਰਾ 'ਪ੍ਰਾਣ ਪਟੇ' ਵਜੋਂ ਛੱਡ ਗਿਆ ਹੈ, ਉਹ ਲਹੂ ਲੁਹਾਨ ਹੋ ਗਿਆ ਹੈ। ਸੋ, ਭਰਾਵਾਂ ਨੂੰ ਅਨੁਭਵ ਹੋ ਗਿਆ ਕਿ ਨੂਰੇ ਸਿਰ ਕੋਈ ਬਿਪਤਾ ਆ ਪਈ ਹੈ। ਭਰਾ ਉਸੇ ਵੇਲੇ ਹਥਿਆਰ ਚੁਕ ਕੇ ਨੂਰੇ ਦੀ ਮਦਦ ਲਈ ਨਿਕਲ ਤੁਰੇ। ਪਰ ਨੂਰਾ ਮਾਰਿਆ ਜਾ ਚੁਕਾ ਸੀ। ਭਰਾਵਾਂ ਨੇ ਰਾਠੀਆਂ ਨਾਲ ਲੜਾਈ ਕਰ ਕੇ, ਉਨ੍ਹਾਂ ਦੇ ਅਨੇਕਾਂ ਬੰਦੇ ਮੌਤ ਦੇ ਘਾਟ ਉਤਾਰ ਦਿਤੇ।

ਇਸ ਲੋਕ-ਕਥਾ ਦੇ ਕੁਝ ਬੰਦ ਨਮੂਨੇ ਵਜੋਂ ਦਿਤੇ ਜਾਂਦੇ ਹਨ—

ਨੂਰੇ ਦੇ ਘਰ ਜਦੋਂ ਰਾਠੀ ਆਏ ਤਾਂ ਨੂਰੇ ਦੀ ਮਾਂ ਕਹਿੰਦੀ ਹੈ :

ਉਈ ਫਿਕੋ ਨੂਰਾ ਉਈ ਨੂਰੇ ਕੀ ਸਰਕਾਰ
ਕੁੱਤਾ ਜਿਹਾ ਰਾਠੀ ਸਾਡਾ ਢੁਕਾ ਨਾ ਜੁਠਿਆਰ
ਕੁੱਤਾ ਜਿਹਾ ਰਾਠੀ ਮੈਂ ਹਸਾਂ ਕੇ ਕਿਟਾ ਪਰ ਨ ਮਾਰ
ਹਿਕ ਹੀ ਦੁੱਧ ਰਿੜਕਾਂ ਸਤਾਂ ਖਚਰਾਂ ਦਾ ਭਾਰ।

ਜਦੋਂ ਰਾਠੀ ਇਕੱਠੇ ਹੋ ਕੇ ਨੂਰੇ ਨੂੰ ਮਾਰਨ ਆਉਂਦੇ ਹਨ ਤਾਂ ਨੂਰੇ ਦੀ ਧੀ ਕਹਿੰਦੀ ਹੈ :

ਢੱਡੇ ਆਏ ਬਾਬਲ ਪਿਆਦੇ

ਫਿਰ ਜਦੋਂ ਉਹ ਖਾਨੋਂ ਦੀ ਬੇਪਤੀ ਕਰਨ ਲਗੇ ਤਾਂ ਨੂਰੇ ਕਿਹਾ :

ਸਵਾਲ ਖੁਦਾ ਦਾ ਗਾਹੀ ਨਾ ਬੋਲਿਉ ਮੇਰੀ ਖਾਨੋਂ ਨਾਲ,
ਜਿਤਨੀ ਤੋਂ ਧੀ ਭਾਰੀ ਉਤਨਾ ਸੋਨਾ ਰੁਪਾ ਦੇਨਾਂ ਨਾਲ।

### (ਨ-139) ਨੇਚੀ :

ਮ੍ਰਿਤਕ ਸੰਸਕਾਰ ਨਾਲ ਸਬੰਧਿਤ ਇਕ ਰਸਮ, ਜੋ ਪ੍ਰਾਣੀ ਦੀ ਮੌਤ ਮਗਰੋਂ ਸਤਾਰਵੇਂ ਨੂੰ ਕੀਤੀ ਜਾਂਦੀ ਹੈ। ਕਈ ਭਾਈਚਾਰੇ ਇਹ ਰਸਮ ਦਸਾਹੀ ਜਾਂ ਤੇਹਰਵੇਂ ਦਿਨ ਦੀ ਕਰ ਲੈਂਦੇ ਹਨ। ਇਸ ਦਿਨ ਮ੍ਰਿਤਕ ਪ੍ਰਾਣੀ ਦੇ ਨਮਿਤ ਖਾਣ ਪੀਣ ਦੇ ਪਦਾਰਥ ਤੇ ਨਿਤ ਵਰਤੋਂ ਦੀ ਸਾਮਗਰੀ, ਇਤਨੀ ਮਾਤਰਾ ਵਿਚ, ਬ੍ਰਾਹਮਣਾਂ ਨੂੰ ਦਾਨ ਕੀਤੀ ਜਾਂਦੀ ਹੈ ਕਿ ਜਿਸ ਨਾਲ ਕਿਸੇ ਸ਼ਖ਼ਸ ਦਾ ਸਾਲ ਭਰ ਦਾ ਗੁਜ਼ਾਰਾ ਚਲ ਸਕੇ। ਧਾਰਨਾ ਹੈ, ਬ੍ਰਾਹਮਣਾਂ ਨੂੰ ਦਿਤੀ ਇਹ ਨੇਚੀ ਅਗਲੇ ਲੋਕ ਵਿਚ ਮ੍ਰਿਤਕ ਪ੍ਰਾਣੀ ਲਈ, ਸਾਲ ਭਰ ਦਾ ਤੋਸ਼ਾ ਬਣਦੀ ਹੈ। ਸਿਆਲਕੋਟ ਵਿਚ ਦੇਸ਼ ਵੰਡ ਤੋਂ ਪਹਿਲਾਂ ਹਿੰਦੂਆਂ ਵਿਚ ਨੇਚੀ ਦੀ ਰਸਮ ਨੂੰ ਖ਼ਾਸ ਮਹੱਤਾ ਦਿਤੀ ਜਾਂਦੀ ਸੀ।

### (ਨ-140) ਨੈਣਾਂ ਦਾ ਮੇਲਾ :

ਪਟਿਆਲੇ ਤੋਂ ਕੁਝ ਕੁ ਮੀਲਾਂ ਦੀ ਵਾਟ ਤੇ, ਪਟਿਆਲਾ ਕੁਨਰਹੇੜੀ ਸੜਕ ਤੋਂ ਜ਼ਰਾ ਹਟਵਾਂ, ਦੋ ਕੁ ਮੀਲਾਂ ਦੀ ਵਿੱਥ ਉਤੇ ਇਕ ਪਿੰਡ ਨੈਣਾਂ ਵਿਚ ਗੁੱਗੇ ਦੀ ਮਾੜ੍ਹੀ ਹੈ। ਜਿਥੇ ਹਰ ਸਾਲ ਭਾਦਰੋਂ ਵਦੀ ਨੌਮੀ (ਗੁੱਗਾ ਨੌਮੀ) ਨੂੰ ਇਕ ਭਾਰੀ ਮੇਲਾ ਲਗਦਾ ਹੈ। ਜਿਸ ਵਿਚ ਆਲੇ ਦੁਆਲੇ ਦੇ ਲੋਕ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ।

ਗੁੱਗੇ ਦੀ ਇਸ ਮਾੜ੍ਹੀ ਦੀ ਸਥਾਪਨਾ ਅਜੋਕੇ ਪੁਜਾਰੀ ਠਾਕਰ ਦਾਸ ਦੇ ਇਕ ਵਡਿਕੇ ਨੇ ਰਖੀ, ਜਿਸ ਨੇ ਬਾਗੜ ਦੀ ਗੁੱਗੇ ਦੀ ਮਾੜ੍ਹੀ ਤੋਂ ਨੰਗੇ ਪੈਰੀਂ, ਦੋ ਇੱਟਾਂ ਲਿਆਂਦੀਆਂ ਸਨ। ਗੁੱਗੇ ਦੀਆਂ ਸਭ ਮਾੜ੍ਹੀਆਂ ਇਸੇ ਤਰ੍ਹਾਂ ਸਥਾਪਿਤ ਹੋਈਆਂ ਹਨ।

ਇਸੇ ਮਾੜ੍ਹੀ ਦੇ ਕੋਲ ਹੀ ਗੋਰਖ ਟਿੱਲਾ ਬਣਿਆ ਹੋਇਆ ਹੈ। ਗੁੱਗਾ ਪੀਰ ਗੋਰਖ ਨਾਥ ਦਾ ਚੇਲਾ ਸੀ, ਇਸੇ ਲਈ ਕਈ ਥਾਈਂ ਗੁੱਗੇ ਦੀ ਮਾੜ੍ਹੀ ਦੇ ਨਾਲ ਹੀ, ਗੋਰਖ ਨਾਥ ਦਾ ਟਿੱਲਾ ਵੀ ਬਣਿਆ ਹੁੰਦਾ ਹੈ।

ਗੁੱਗੇ ਦੀ ਮਾੜ੍ਹੀ ਉਤੇ ਸੱਪ ਦੇ ਕੱਟੇ ਦਾ ਇਲਾਜ ਹੁੰਦਾ ਹੈ। ਨੈਣਾਂ ਵਿਚ ਗੁੱਗੇ ਦੀ ਜੋ ਮਾੜ੍ਹੀ ਹੈ, ਉਸ ਬਾਰੇ

ਇਥੋਂ ਤਕ ਮੰਨਦੇ ਹਨ ਕਿ ਜੇ ਕਿਸੇ ਸ਼ਖਸ ਨੂੰ ਸੱਪ ਲੜ ਜਾਵੇ ਅਤੇ ਉਹ ਉਸੇ ਵੇਲੇ ਨੈਣਾਂ ਦੀ ਮਾੜ੍ਹੀ ਵਲ ਚਲ ਪਏ ਤਾਂ ਵੀ ਉਸ ਦਾ ਦੁਖ ਕਟਿਆ ਜਾਂਦਾ ਹੈ। ਰਵਾਇਤ ਹੈ ਕਿ ਇਥੇ ਇਕ ਵਾਰ ਗੁੱਗੇ ਦੇ ਇਕ ਭਗਤ ਨੇ ਯੱਗ ਕੀਤਾ ਅਤੇ ਗੁੱਗੇ ਤੋਂ ਇਹ ਵਰ ਮੰਗਿਆ ਕਿ ਸੱਪ ਦਾ ਕਟਿਆ ਜਿਹੜਾ ਰੋਗੀ ਇਥੇ ਆਵੇਗਾ ਉਹ ਰਾਜ਼ੀ ਹੋ ਕੇ ਜਾਵੇਗਾ। ਜਿਹੜੇ ਲੋਕ ਰਾਜ਼ੀ ਹੋ ਜਾਂਦੇ ਹਨ ਉਹ ਅਗਲੇ ਮੇਲੇ ਅਥਵਾ ਗੁੱਗਾ ਨੌਮੀ ਨੂੰ ਇਥੇ ਆ ਕੇ ਚੌਕੀ ਭਰਦੇ ਹਨ, ਅਥਵਾ ਰਾਤ ਨੂੰ ਭੁੰਜੇ ਸੌਂਦੇ ਹਨ।

ਇਸ ਮੇਲੇ ਵਿਚ ਜੱਟ ਭੰਗੜੇ ਪਾਉਂਦੇ, ਪਹਿਲਵਾਨ ਛਿੰਜਾਂ ਜੋੜਦੇ ਤੇ ਕਵੀਸ਼ਰ ਬੈਂਤਾਂ ਤੇ ਦੋਹੜਿਆਂ ਦੁਆਰਾ ਲੋਕਾਂ ਦਾ ਮਨੋਰੰਜਨ ਕਰਦੇ ਹਨ।

(ਨ-141) **ਨੈਣਾਂ ਦੇਵੀ** :

ਚੰਬੇ ਦੀ ਇਕ ਪ੍ਰਸਿਧ ਦੇਵੀ; ਸੱਤਵੀਂ ਸਦੀ ਈਸਵੀ ਵਿਚ ਚੰਬੇ ਵਿਚ ਵਰਮਨ ਜਾਤੀ ਦੇ ਰਾਜਿਆਂ ਦਾ ਰਾਜ ਸੀ ਅਤੇ ਇਨ੍ਹਾਂ ਦੀ ਰਾਜਧਾਨੀ ਰਾਵੀ ਦੀ ਉਪਰਲੀ ਘਾਟੀ ਵਿਚ, ਭਰਮੌਰ ਵਿਖੇ ਹੁੰਦੀ ਸੀ। ਰਾਜਾ ਸਾਹਿਲ ਵਰਮਨ ਦੀ ਲੜਕੀ ਦਾ ਨਾਂ ਚੰਪਾਵਤੀ ਸੀ, ਜਿਸ ਦਾ ਇਸ਼ਕ ਇਕ ਰਮਤੇ ਜੋਗੀ ਨਾਲ ਹੋ ਗਿਆ, ਜੋ ਪੰਜਾਬ ਵਿਚੋਂ ਫਿਰਦਾ ਹੋਇਆ ਇਸ ਇਲਾਕੇ ਵਿਚ ਕੁਝ ਦਿਨਾਂ ਲਈ ਆਇਆ ਤੇ ਜਿਥੇ ਹੁਣ ਚੰਬਾ ਸ਼ਹਿਰ ਵਸਦਾ ਹੈ, ਉਥੇ ਉਸ ਥਾਂ ਆਪਣੀ ਧੂਣੀ ਜਮਾਈ। ਚੰਪਾਵਤੀ ਜੋਗੀ ਨੂੰ ਚੋਰੀ ਮਿਲਦੀ ਤੇ ਰਾਜੇ ਨੂੰ ਇਸ ਜੋੜ ਦਾ ਪਤਾ ਲਗ ਗਿਆ। ਚੰਪਾਵਤੀ ਘਰੋਂ ਨਿਕਲ ਕੇ ਜੋਗੀ ਦੀ ਕੁਟੀਆ ਵਿਚ ਹੀ ਜਾ ਰਹੀ। ਜੋਗੀ ਤਾਂ ਰਾਜੇ ਤੋਂ ਡਰਦਾ ਨੱਸ ਗਿਆ, ਪਰ ਚੰਪਾਵਤੀ ਉਸੇ ਥਾਂ ਰਹਿਣ ਲਗੀ ਤੇ ਜੋਗੀ ਦੀ ਧੂਣੀ ਤੋਂ ਸਵਾਹ ਮਲ ਕੇ ਜੋਗਣ ਬਣ ਗਈ। ਚੰਪਾਵਤੀ ਦੇ ਰਹਿਣ ਉਤੇ ਰਾਜੇ ਨੇ ਇਸ ਸਥਾਨ ਨੂੰ ਆਪਣੀ ਰਾਜਧਾਨੀ ਬਣਾਉਣਾ ਮੰਨ ਲਿਆ। ਪਹਿਲਾਂ ਇਥੇ ਮੰਦਰ ਉਸਾਰਿਆ, ਜਿਸ ਨੂੰ ਲਕਸ਼ਮੀ ਨਰੈਣ ਮੰਦਰ ਕਹਿੰਦੇ ਹਨ, ਤੇ ਚੰਪਾ ਇਸ ਮੰਦਰ ਵਿਚ ਤੱਪ ਤੇ ਸਾਧਨਾ ਕਰਨ ਲਗੀ।

ਜਦੋਂ ਇਥੇ ਨਗਰ ਵਸਾਇਆ ਜਾਣ ਲਗਾ ਤਾਂ ਰਵਾਜ ਅਨੁਸਾਰ ਜੋਤਿਸ਼ੀਆਂ ਨੂੰ ਸਦਿਆ ਗਿਆ। ਹਵਨ ਕੀਤੇ ਗਏ, ਬਲੀਆਂ ਦਿਤੀਆਂ ਗਈਆਂ, ਪਰ ਪਾਣੀ ਕਿਧਰੋਂ ਨਾ ਉਠੀਆਂ। ਇਥੇ ਹੁਣ ਨੈਣਾਂ ਦੇਵੀ ਦੀ ਸਮਾਧ ਹੈ। ਜਿਥੇ ਹਰ ਸਾਲ ਚੇਤਰ ਵਿਚ 'ਸੂਹੀ ਦਾ ਮੇਲਾ' ਲਗਦਾ ਹੈ (ਵੇਖੋ : ਸੂਹੀ ਦਾ ਮੇਲਾ) ਤੇ ਹਰ ਨਵੀਂ ਵਿਆਹੀ ਜੋੜੀ ਨੈਣਾਂ ਦੇਵੀ ਦੀ ਸਮਾਧ ਉਤੇ ਆ ਕੇ ਵਰ ਮੰਗਦੀ ਹੈ।

(ਨ-142) **ਨੌਂ** :

ਨੌਂ ਦੀ ਸੰਖਿਆ ਰੂੜ੍ਹੀ ਪੰਜਾਬੀ ਲੋਕਧਾਰਾ ਵਿਚ ਕਾਫ਼ੀ ਪ੍ਰਚਲਤ ਰਹੀ ਹੈ। ਇਹ ਰੂੜ੍ਹੀ ਪੂਰਨਤਾ ਦੀ ਬੋਧਿਕ ਹੈ ਤੇ ਕਿਧਰੇ ਕਿਧਰੇ ਇਹ ਅਥਾਹ ਦੇ ਭਾਵ ਵਿਚ ਵੀ ਵਰਤੀ ਜਾਂਦੀ ਹੈ। ਇਸ ਰੂੜ੍ਹੀ ਦਾ ਉਦਭਵ ਸਰੀਰ ਦੇ ਨੌਂ ਦਰਵਾਜ਼ਿਆਂ ਅਥਵਾ ਦੋ ਨਾਸਾਂ, ਦੋ ਅੱਖਾਂ, ਦੋ ਕੰਨ, ਇਕ ਮੂੰਹ, ਇਕ ਗੁਦਾ ਤੇ ਇਕ ਲਿੰਗ ਤੋਂ ਹੋਇਆ।

ਭਾਰਤੀ ਦਰਸ਼ਨ ਦੀ ਇਕ ਸ਼ਾਖਾ ਅਨੁਸਾਰ, ਜੋ 'ਬ੍ਰਹਿਮੰਡੇ ਸੋਈ ਪਿੰਡੇ' ਹੈ, ਇਸੇ ਤੋਂ ਨੌਂ ਗ੍ਰਹਿ ਮੰਨੇ ਗਏ ਹਨ। ਯੂਰਪ ਦੇ ਜੋਤਿਸ਼ ਵਿਦਿਆ ਦੇ ਆਚਾਰੀ ਕੇਵਲ ਸੱਤ ਗ੍ਰਹਿ ਮੰਨਦੇ ਹਨ, ਪਰ ਭਾਰਤੀ ਵਿਚਾਰਧਾਰਾ ਅਨੁਸਾਰ ਰਾਹੂ ਤੇ ਕੇਤੂ ਦੋ ਹੋਰ ਗ੍ਰਹਿ ਹਨ, ਜੋ ਆਕਾਸ਼ ਵਿਚ ਵਿਚਰਦੇ ਹਨ, ਪਰ ਦਿਸਦੇ ਨਹੀਂ। ਸਰੀਰ ਦੇ ਨੌਂ ਦਰਵਾਜ਼ਿਆਂ ਦੀ ਅਨੁਰੂਪਤਾ ਉਤੇ ਹੀ ਪੁਰਾਤਨ ਵਿਦਵਾਨਾਂ ਨੇ ਨੌ-ਖੰਡ ਮੰਨੇ ਹਨ, ਜਿਨ੍ਹਾਂ ਦੇ ਨਾਂ ਸੰਸਕ੍ਰਿਤ ਦੇ ਗ੍ਰੰਥਾਂ ਵਿਚ ਮਿਲਦੇ ਹਨ।

ਭਗਤੀ ਨੂੰ ਵੀ, ਨੌਂ ਰੰਗਾਂ ਵਾਲੀ ਹੋਣ ਕਰ ਕੇ ਨਵਧਾ ਭਗਤੀ ਕਿਹਾ ਜਾਂਦਾ ਰਿਹਾ। ਕਾਵਿ ਗ੍ਰੰਥਾਂ ਦੇ ਆਚਾਰੀਆਂ ਨੇ ਸਾਹਿਤ ਦੇ ਨੌਂ ਰਸ ਕਲਪੇ ਹਨ। ਰਤਨ ਨੌਂ ਪ੍ਰਕਾਰ ਦੇ ਮੰਨੇ ਜਾਂਦੇ ਹਨ। ਨਾਥ ਸੰਪ੍ਰਦਾਇ ਅਨੁਸਾਰ ਨੌਂ ਪ੍ਰਸਿਧ ਨਾਥ ਹੋਏ ਹਨ।

ਆਦਿ ਗ੍ਰੰਥ ਵਿਚ ਵਾਰਾਂ ਦੇ ਗਾਉਣ ਦੀ ਧਾਰਨਾ ਸਬੰਧੀ, ਜੋ ਧੁਨੀਆਂ ਚੜ੍ਹੀਆਂ ਮਿਲਦੀਆਂ ਹਨ, ਉਨ੍ਹਾਂ ਦੀ ਗਿਣਤੀ ਵੀ ਨੌਂ ਹੈ।

ਨੌਂ ਦੀ ਰੂੜ੍ਹੀ ਦਾ ਕਿਧਰੇ ਕਿਧਰੇ ਵਿਸਤਾਰ ਵੀ ਕਰ ਲਿਆ ਹੈ। ਜਿਵੇਂ ਨੌਂ ਸੌ ਨੜਿੰਨਵੇਂ। ਧਾਰਨਾ ਅਨੁਸਾਰ ਭਾਰਤ ਵਿਚ ਪਾਵਨ ਨਦੀਆਂ ਦੀ ਗਿਣਤੀ ਨੌਂ ਸੌ ਨੜਿੰਨਵੇਂ ਹੈ।

'ਨਉਸੈ ਨਦੀ ਨੜਿੰਨਵੇ ਅਠਸਠ ਤੀਰਥ ਗੰਗ ਸਮਾਈ'

—ਭਾ: ਗੁਰਦਾਸ

ਹਨ : ਬ੍ਰਹਮਣੀ, ਧੋਬਣ, ਨੈਣਾਂ, ਸੂਦਰਨੀ, ਗਵਾਲਣ, ਮਾਲਣ, ਨਟਣੀ, ਕਾਪਾਲਕੀ, ਵੇਸਿਆ।

(ਅ) ਨੌਂ ਦੇਵੀਆਂ, ਜਿਨ੍ਹਾਂ ਦੀ ਪੂਜਾ ਨਰਾਤਿਆਂ ਦੇ ਦਿਨਾਂ ਵਿਚ ਚੇਤ ਸੁਦੀ 1 ਤੋਂ 9 ਤਕ ਹਿੰਦੂ ਕਰਦੇ ਹਨ। ਇਨ੍ਹਾਂ ਦੇਵੀਆਂ ਨੂੰ ਕੁਮਾਰੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਨਾਂ ਇਹ ਹਨ : ਕੁਮਾਰਿਕਾ, ਤ੍ਰਿਮੂਰਤੀ, ਕਲਯਾਣੀ, ਰੋਹਿਣੀ, ਚੰਡਿਕਾ, ਸ਼ਾਂਭਵੀ, ਦੁਰਗਾ ਅਤੇ ਸੁਭਦ੍ਰਾ।

## (ਨ-144) ਨੌਂ ਗ੍ਰਹਿ :

ਭਾਰਤੀ ਜੋਤਿਸ਼ ਵਿਦਿਆ ਅਨੁਸਾਰ ਗ੍ਰਹਿ ਨੌਂ ਹਨ। ਪੱਛਮੀ ਵਿਦਵਾਨ ਸੱਤ ਗ੍ਰਹਿ ਮੰਨਦੇ ਹਨ, ਉਨ੍ਹਾਂ ਅਨੁਸਾਰ ਰਾਹੂ ਤੇ ਕੇਤੂ ਦੋਵੇਂ ਗ੍ਰਹਿ ਨਹੀਂ ਹਨ। ਨੌਂ ਗ੍ਰਹਿਆਂ ਦੇ ਨਾਂ ਇਹ ਹਨ : ਸੂਰਜ, ਸੋਮ (ਚੰਦਰ), ਮੰਗਲ, ਬੁਧ, ਬ੍ਰਿਹਸਪਤ, ਸ਼ੁਕਰ, ਸ਼ਨੀ, ਰਾਹੂ ਤੇ ਕੇਤੂ। ਗ੍ਰਹਿਆਂ ਵਿਚੋਂ ਸਭ ਤੋਂ ਵਧ ਅਸ਼ੁਭ ਗ੍ਰਹਿ ਸ਼ਨੀ ਮੰਨਿਆ ਗਿਆ ਹੈ। ਇਸ ਗ੍ਰਹਿ ਨੂੰ ਪ੍ਰਸੰਨ ਕਰਨ ਲਈ, ਹਰ ਸ਼ਨਿਚਰਵਾਰ ਪੂਜਾ ਕਰਨੀ, ਭਾਟੜਿਆਂ ਨੂੰ ਤੇਲ ਅਤੇ ਤਾਂਬੇ ਦਾ ਪੈਸਾ ਦਾਨ ਕਰਨਾ ਅਤੇ ਭਾਟੜਿਆਂ ਦੇ ਕਟੋਰੇ ਵਿਚ ਪਏ ਤੇਲ ਤੇ ਸ਼ਨੀ ਦੀ ਮੂਰਤੀ ਵਿਚ ਆਪਣੀ ਛਾਇਆ ਵੇਖਣੀ। ਸ਼ਨੀਚਰ ਇਕ ਘਰ ਵਿਚ ਢਾਈ ਵਰ੍ਹੇ ਰਹਿੰਦਾ ਹੈ ਇਸ ਲਈ ਸ਼ਨੀਚਰ ਗ੍ਰਹਿ ਦਾ ਅਸਰ ਢਾਈ ਸਾਲ ਤਕ ਰਹਿੰਦਾ ਹੈ।

ਮੰਗਲ ਗ੍ਰਹਿ ਵੀ ਅਸ਼ੁਭ ਮੰਨਿਆ ਜਾਂਦਾ ਹੈ। ਇਸ ਗ੍ਰਹਿ ਦੇ ਪ੍ਰਭਾਵ ਹੇਠ ਜੰਮਿਆ ਬੱਚਾ ਮੰਗਲੀਕ ਅਖਵਾਉਂਦਾ ਹੈ। ਮੰਗਲੀਕ ਬੱਚੇ ਦਾ ਵਿਆਹ ਕੇਵਲ ਮੰਗਲੀਕ ਕੰਨਿਆ ਨਾਲ ਹੀ ਕੀਤਾ ਜਾਂਦਾ ਹੈ, ਨਹੀਂ ਤਾਂ ਮੰਗਲ ਗ੍ਰਹਿ ਦੋਹਾਂ ਨੂੰ ਕਸ਼ਟ ਦੇਂਦਾ ਤੇ ਕਈ ਤਰ੍ਹਾਂ ਦੀ ਹਾਨੀ ਪਹੁੰਚਾਉਂਦਾ ਹੈ। ਜੇ ਦੋਵੇਂ ਮੰਗਲੀਕ ਨਾ ਹੋਣ ਤਾਂ ਦੋਹਾਂ ਦੀ ਜੋੜੀ ਚਿਰੰਜੀਵ ਨਹੀਂ ਹੁੰਦੀ।

ਸ਼ੁਕਰ ਗ੍ਰਹਿ ਵੈਸੇ ਤਾਂ ਸ਼ੁਭ ਹੈ, ਪਰ ਜਦੋਂ ਇਸਦਾ ਯੋਗ ਸੂਰਜ ਨਾਲ ਮਿਲ ਜਾਵੇ ਭਾਵ ਜਿਸ ਰਾਸ਼ੀ ਵਿਚ ਸੂਰਜ ਉਦੇ ਹੋਵੇ, ਤੇ ਉਸੇ ਰਾਸ਼ੀ ਵਿਚ ਸ਼ੁਕਰ ਵੀ ਚੜ੍ਹੇ ਅਤੇ ਦੋਹਾਂ ਦੇ ਅੰਸ਼ ਬਰਾਬਰ ਰਹਿਣ ਭਾਵ ਸ਼ੁਕਰ ਸੂਰਜ ਦੇ ਨਾਲ ਹੀ ਚੜ੍ਹੇ ਤੇ ਸੂਰਜ ਦੇ ਨਾਲ ਹੀ ਉਤਰੇ, ਤਾਂ ਇਸ ਨੂੰ ਤਾਰਾ ਡੁਬਣਾ ਜਾਂ 'ਸ਼ੁਕਰਾਸਤ' ਕਹਿੰਦੇ ਹਨ। ਇਹ ਦਿਨ ਅਸ਼ੁਭ ਹੁੰਦੇ ਹਨ ਤੇ ਇਨ੍ਹਾਂ ਦਿਨਾਂ ਵਿਚ ਕੋਈ ਸ਼ੁਭ ਕਾਰਜ, ਵਿਆਹ ਆਦਿ ਨਹੀਂ ਕੀਤੇ ਜਾਂਦੇ। ਰਿੱਧਾ ਪੱਕਾ ਹੁੰਦਾ ਹੈ, ਉਹ ਸੁੱਟ ਜਾਂਦਾ ਹੈ ਤੇ ਦਾਨ ਕਰ ਦਿਤਾ ਜਾਂਦਾ ਹੈ। ਗ੍ਰਹਿਣ ਮਗਰੋਂ ਘਰ ਦੇ ਸਾਰੇ ਭਾਂਡੇ ਮਾਂਜੇ ਜਾਂਦੇ ਤੇ ਨਵੇਂ ਘੜੇ ਲਗਾਏ ਜਾਂਦੇ ਹਨ।

ਬਾਕੀ ਦੇ ਗ੍ਰਹਿ ਸੂਰਜ, ਸੋਮ, ਬੁਧ ਤੇ ਬ੍ਰਿਹਸਪਤ ਕਲਿਆਣੀ ਹਨ। ਚੰਦਰ ਜਦੋਂ ਚਾਨਣ ਪੱਖ ਵਿਚ ਹੋਵੇ ਤਾਂ ਇਹ ਸ਼ੁਭ ਗਿਣਿਆ ਜਾਂਦਾ ਹੈ ਤੇ ਇਸ ਸਮੇਂ ਮੰਗਲ ਕਾਰਜ ਕੀਤੇ ਜਾਂਦੇ ਹਨ। ਜਦੋਂ ਇਹ ਹਨੇਰੇ ਪੱਖ ਵਲ ਵਧ ਰਿਹਾ ਹੋਵੇ ਤਾਂ ਅਸ਼ੁਭ ਮੰਨਿਆ ਜਾਂਦਾ ਹੈ।

ਹਿੰਦੂਆਂ ਵਿਚ ਨੌਂ ਗ੍ਰਹਿਆਂ ਦੀ ਪੂਜਾ ਵੀ ਕੀਤੀ ਜਾਂਦੀ ਹੈ। ਵਿਆਹ ਸ਼ਾਦੀ ਜਾਂ ਹੋਰ ਮੌਕਿਆਂ ਉਤੇ, ਚੌਕ ਪੂਰਿਆ ਜਾਂਦਾ ਹੈ, ਜਿਸ ਵਿਚ ਨੌਂ ਗ੍ਰਹਿਆਂ ਦੇ ਚਿੰਨ੍ਹ ਬਣਾ ਕੇ ਪੂਜੇ ਜਾਂਦੇ ਹਨ। ਨੌਂ ਗ੍ਰਹਿਆਂ ਦੇ ਚਿੰਨ੍ਹ ਵਖੋ ਵਖਰੇ ਹਨ : ਸੂਰਜ ਦਾ ਬੀਜ, ਸ਼ਨੀ ਦਾ ਲੋਹੇ ਦੀ ਕਟਾਰੀ, ਸ਼ੁਕਰ ਦਾ ਚਤੁਰਕੋਣ, ਬ੍ਰਿਹਸਪਤ ਦਾ ਕੰਵਲ ਫੁੱਲ, ਬੁਧ ਦਾ ਧਨੁਸ਼, ਮੰਗਲ ਦਾ ਤ੍ਰਿਕੋਨ, ਚੰਦਰ ਦਾ ਅਰਧਚੰਨ, ਕੇਤੂ ਦਾ ਸਰਪ ਅਤੇ ਰਾਹੂ ਦਾ ਘੜਿਆਲ ਹੈ।

ਹਰ ਗ੍ਰਹਿ ਦਾ ਕੋਈ ਨਾ ਕੋਈ ਪ੍ਰਤੀਕ ਮੰਨਿਆ ਗਿਆ ਹੈ। ਵਿਆਹ ਸ਼ਾਦੀ ਸਮੇਂ, ਜੋ ਨੌਂ ਗ੍ਰਹਿ ਬਣਾਏ ਜਾਂਦੇ ਹਨ ਤੇ ਗ੍ਰਹਿ ਪੂਜਾ ਕੀਤੀ ਜਾਂਦੀ ਹੈ, ਉਦੋਂ ਇਹੋ ਪ੍ਰਤੀਕ ਵਰਤ ਲਏ ਜਾਂਦੇ ਹਨ।

## (ਨ-145) ਨੌਗਜ਼ਾ :

ਪੰਜਾਬ ਵਿਚ ਕੁਝ ਅਸਾਧਾਰਨ ਲੰਬਾਈ ਦੀਆਂ ਕਬਰਾਂ ਮਿਲਦੀਆਂ ਹਨ। ਜਿਨ੍ਹਾਂ ਦੀ ਲੰਬਾਈ ਆਮ ਕਬਰਾਂ ਦੀ ਲੰਬਾਈ ਨਾਲੋਂ ਕਾਫ਼ੀ ਵਧ ਹੈ ਤੇ ਲਗਭਗ ਨੌਂ ਗਜ਼, ਜਿਸ ਕਰਕੇ, ਇਹ ਕਬਰਾਂ 'ਨੌਗਜ਼ਾ' ਅਖਵਾਉਂਦੀਆਂ ਹਨ। ਇਨ੍ਹਾਂ ਕਬਰਾਂ ਬਾਰੇ ਕਈ ਪ੍ਰਕਾਰ ਦੀ ਲੋਕਧਾਰਾ, ਮਨੌਤਾਂ ਤੇ ਵਿਚਾਰ ਲੋਕਾਂ ਵਿਚ ਪ੍ਰਚਲਤ ਹਨ। ਕਈ ਲੋਕ ਕਹਿੰਦੇ ਹਨ, ਕਿ ਇਨ੍ਹਾਂ ਵਿਚ ਨੌਗਜ਼ੇ ਰਾਖਸ਼ ਦੱਬੇ ਪਏ ਨੇ। ਕਈ ਇਨ੍ਹਾਂ ਕਬਰਾਂ ਨੂੰ ਮੁਸਲਮਾਨ ਪੀਰ ਫ਼ਕੀਰਾਂ ਦੀਆਂ ਦਸਦੇ ਹਨ। ਕੁਝ ਮੁਸਲਮਾਨਾਂ ਦਾ ਨਿਸ਼ਚਾ ਹੈ ਕਿ ਕਬਰਾਂ ਉਨ੍ਹਾਂ ਗਾਜ਼ੀਆਂ ਦੀਆਂ ਹਨ ਜੋ ਕਾਫ਼ਰਾਂ ਨਾਲ ਯੁੱਧ ਕਰਦੇ ਵਕਤ ਸ਼ਹੀਦ ਹੋ ਗਏ ਤੇ ਉਨ੍ਹਾਂ ਦੀਆਂ ਕਬਰਾਂ ਸਤਿਕਾਰ ਵਜੋਂ ਆਮ ਨਾਲੋਂ ਵੱਡੀਆਂ ਬਣਾਈਆਂ ਗਈਆਂ। ਇਕ ਵਿਚਾਰ ਇਹ ਵੀ ਹੈ ਕਿ ਪੁਰਾਣੇ ਜ਼ਮਾਨੇ ਵਿਚ ਰਵਾਜ ਸੀ ਕਿ ਜਿਹੜੇ ਲੋਕ, ਦੇਸ਼ ਤੇ ਕੌਮ ਲਈ ਸ਼ਹੀਦ ਹੁੰਦੇ, ਉਨ੍ਹਾਂ

ਲੋਟਵੇਂ ਦਾਅ ਦੇ ਬੁੱਤ, ਜੋ ਉਨ੍ਹਾਂ ਦੀ ਨਿਰਵਾਨ ਅਵਸਥਾ ਦੇ ਬੋਧਿਕ ਸਨ, ਦੀਆਂ ਰਹਿੰਦ ਮਾਤਰ ਹਨ। ਕਨਿੰਘਮ ਦਸਦਾ ਹੈ ਕਿ ਇਸ ਤਰ੍ਹਾਂ ਦੇ ਵੱਡੇ ਬੁੱਤ ਇਸੇ ਨਾਲ ਮਿਲਦੀ ਮਿੱਟੀ ਤੇ ਇੱਟਾਂ ਨਾਲ ਬਰਮਾ ਵਿਚ ਬਣਾਉਣ ਦਾ ਰਵਾਜ ਰਿਹਾ ਹੈ। ਇਹ ਜਦੋਂ ਪੁਰਾਣੇ ਹੋ ਕੇ ਟੁੱਟ ਭੱਜ ਜਾਂਦੇ ਤਾਂ ਨੌਂਗਜ਼ਾ ਕਬਰਾਂ ਵਾਂਗ ਹੀ ਲਗਦੇ ਹਨ।

ਬੋਧੀਆਂ ਦੇ ਨਿਸ਼ਚੇ ਅਨੁਸਾਰ ਮਹਾਤਮਾ ਬੁੱਧ, ਪੂਰਬ ਦਿਸ਼ਾ ਵਲ ਮੂੰਹ ਕਰਕੇ ਪਰਲੋਕ ਸਿਧਾਰੇ ਸਨ, ਇਸ ਲਈ ਸਾਰੇ 'ਨਿਰਵਾਨ ਬੁਤਾਂ' ਨੂੰ ਉਤਰ ਤੋਂ ਦੱਖਣ ਵਲ ਦੀ ਦਿਸ਼ਾ ਵਲ ਟਿਕਾਇਆ ਜਾਂਦਾ ਸੀ। ਮੁਸਲਮਾਨਾਂ ਦੀਆਂ ਕਬਰਾਂ ਵੀ ਇਸੇ ਦਿਸ਼ਾ ਵਲ ਹੁੰਦੀਆਂ ਹਨ। ਇਸ ਲਈ ਕਨਿੰਘਮ ਅਨੁਸਾਰ ਮੁਸਲਮਾਨਾਂ ਨੇ ਇਨ੍ਹਾਂ ਬੋਧੀ ਬੁਤਾਂ ਨੂੰ, ਉਨ੍ਹਾਂ ਸ਼ਹੀਦ ਗਾਜ਼ੀਆਂ ਨਾਲ ਸਬੰਧਿਤ ਕਰ ਲਿਆ ਜਿਹੜੇ ਕਾਫ਼ਰਾਂ ਨਾਲ ਲੜਦੇ ਯੁੱਧ ਵਿਚ ਸ਼ਹੀਦ ਹੋਏ ਸਨ। ਆਰ. ਸੀ. ਟੈਂਪਲ ਵੀ ਇਨ੍ਹਾਂ ਨੂੰ ਬੋਧੀ ਦਸਦਾ ਹੈ, ਉਹ ਲਿਖਦਾ ਹੈ :

ਕਈ ਹਿੰਦੂ ਤੇ ਮੁਸਲਮਾਨ ਨੌਂਗਜ਼ਾ ਕਬਰਾਂ ਨੂੰ ਪੂਜਦੇ ਹਨ ਤੇ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਸ਼ੁਕਰਵਾਰ ਨੂੰ ਸੁੱਖਣਾ ਸੁੱਖਦੇ ਤੇ ਦੀਵਾ ਬਾਲਦੇ ਹਨ। (ਰੋਜ਼ ਗਲਾਸਰੀ ਜਿਲਦ 1,209) ਅਨੁਸਾਰ ਇਕ ਮੁਸਲਮਾਨ ਪੀਰ ਦੀ ਅਜਿਹੀ ਕਬਰ ਉੱਤੇ ਇਸ਼ਨਾਨ ਕਰਨ ਨਾਲ, ਬਾਂਝਪੁਣਾ ਦੂਰ ਹੋ ਜਾਂਦਾ ਦਸਿਆ ਗਿਆ ਹੈ।

ਮੁਲਤਾਨ ਵਿਚ ਵੀ ਕੁਝ ਪੀਰਾਂ ਫ਼ਕੀਰਾਂ ਦੀਆਂ ਕਬਰਾਂ ਮਿਲਦੀਆਂ ਹਨ। ਜੋ ਨੌਂ ਗਜ਼ ਜਾਂ ਵਧ ਘਟ ਲੰਮੀਆਂ ਹਨ। ਕਨਿੰਘਮ ਜਦੋਂ ਮੁਲਤਾਨ ਵਿਚ ਗਿਆ ਤਾਂ ਉਥੇ ਉਸਨੇ 15 ਨੌਂਗਜ਼ੇ ਵੇਖੇ। ਇਨ੍ਹਾਂ ਵਿਚੋਂ ਕੁਝ ਕਬਰਾਂ ਬੜੀਆਂ ਪੁਰਾਣੀਆਂ ਸਨ ਜਿਵੇਂ ਦਿੱਲੀ ਗੇਟ ਦੇ ਬਾਹਰ ਵਲ ਪੀਰ ਗੋਰ ਸੁਲਤਾਨ ਦੀ ਕਬਰ। ਇਹ ਕਬਰ ਸਾਢੇ ਪੈਂਤੀ ਫੁਟ ਲੰਮੀ ਹੈ। ਇਸ ਦੇ ਕੋਲ ਹੀ ਇਕ 27 ਇੰਚ ਦੇ ਘੇਰੇ ਵਾਲਾ 8 ਇੰਚ ਮੋਟਾ ਗੋਲ ਪੱਥਰ ਸੀ, ਜਿਸ ਵਿਚ 9 ਇੰਚ ਘੇਰੇ ਦਾ ਸੁਰਾਖ਼ ਸੀ। ਚਾਕਲੇਟ ਰੰਗੇ ਇਸ ਪੱਥਰ ਨੂੰ ਮਣਕਾ ਕਹਿੰਦੇ ਹਨ ਤੇ ਇਸ ਉਤੇ ਕਿਧਰੇ ਕਿਧਰੇ ਹਲਕੇ ਖੱਟੇ ਰੰਗ ਦੇ ਨਿਸ਼ਾਨ ਵੀ ਸਨ। ਮਨੌਤਾਂ ਅਨੁਸਾਰ ਇਸ ਮਣਕੇ ਨੂੰ ਨੌਂਗਜ਼ਾ ਪੀਰ ਆਪਣੇ ਗਲ ਵਿਚ ਪਹਿਨਦਾ ਸੀ। ਕਈ ਕਹਿੰਦੇ ਹਨ, ਇਹ ਉਨ੍ਹਾਂ ਦੇ ਅੰਗੂਠੇ ਦਾ ਛੱਲਾ ਸੀ। ਇਹ ਕਬਰ ਚੌਦਾਂ ਸੌ ਸਾਲ ਪੁਰਾਣੀ ਮੰਨੀ ਜਾਂਦੀ ਹੈ। ਇਹ ਤੇ ਅਜਿਹੀਆਂ ਹੋਰ ਕਬਰਾਂ ਦਾ ਵੇਰਵਾ ਮੁਲਤਾਨ ਗਜ਼ਟੀਅਰ ਪੰਨਾ 347-48 ਵਿਚ ਦਿਤਾ ਗਿਆ ਹੈ।

ਇਕ ਸਾਖੀ (69) ਆਉਂਦੀ ਹੈ : ਗੁਰੂ ਜੀ ਨੇ ਜਦੋਂ ਗੁਪਤਸਰ (ਸਰਸਾ ਜ਼ਿਲਾ) ਵਿਚ ਤੰਬੂ ਗੱਡੇ ਹੋਏ ਸਨ ਤਾਂ ਉਨ੍ਹਾਂ ਕੋਲ ਇਕ ਵਾਹਬੀ ਫ਼ਿਰਕੇ ਦਾ ਮੁਸਲਮਾਨ ਫ਼ਕੀਰ ਆਇਆ ਜਿਸ ਨੇ ਜਿਉਂਦਿਆਂ ਹੀ ਆਪਣਾ ਨੌਂਗਜ਼ ਲੰਮਾ, ਪੱਕੀਆਂ ਇੱਟਾਂ ਦਾ ਚੂਨੇ ਗਚ ਮਕਬਰਾ ਬਣਾਇਆ। ਇਸ ਮਕਬਰੇ ਦੇ ਇਕ ਪਾਸੇ ਉਸ ਨੇ ਰਾਹ ਰਖਿਆ ਹੋਇਆ ਸੀ, ਜਿਥੋਂ ਮਰਨ ਮਗਰੋਂ ਉਸਦੀ ਦੇਹ ਮਕਬਰੇ ਦੀ ਕਬਰ ਵਿਚ ਲਟਾਈ ਜਾਣੀ ਸੀ। ਗੁਰੂ ਜੀ ਦਾ ਇਹ ਇਤਨਾ ਸ਼ਰਧਾਲੂ ਬਣ ਗਿਆ ਕਿ ਗੁਰੂ ਜੀ ਨੇ ਇਸ ਨੂੰ ਸਿੱਖ ਸਜਾ ਕੇ ਇਸ ਦਾ ਨਾਂ ਅਜਮੇਰ ਸਿੰਘ ਰਖਿਆ। ਇਸ ਸਾਖੀ ਤੋਂ ਪ੍ਰਗਟ ਹੁੰਦਾ ਹੈ ਕਿ ਕਈ ਮੁਸਲਮਾਨ ਫ਼ਕੀਰਾਂ ਦੀਆਂ ਕਬਰਾਂ ਜਾਣ ਬੁਝ ਕੇ ਨੌਂਗਜ਼ ਰਖੀਆ ਜਾਂਦੀਆਂ ਸਨ।

(ਨ-146) **ਨੌਟੰਕੀ** :

(ੳ) ਪੰਜਾਬ ਤੇ ਰਾਜਸਥਾਨ ਵਿਚ ਪ੍ਰਚਲਤ ਇਕ ਪ੍ਰਕਾਰ ਦਾ ਲੋਕ-ਨਾਟਕ। ਇਸਨੂੰ ਭੱਟ ਖੇਡਦੇ ਹਨ। ਨੌਟੰਕੀ ਖੇਡਣ ਵਾਲਿਆਂ ਨੂੰ ਪੰਜਾਬ ਵਿਚ ਰਾਸਧਾਰੀਏ ਕਿਹਾ ਜਾਂਦਾ ਹੈ।

ਨੌਟੰਕੀ ਇਕ ਤਰ੍ਹਾਂ ਦਾ ਗੀਤ-ਨਾਟ ਹੀ ਹੁੰਦਾ ਹੈ। ਇਸ ਵਿਚ ਵਾਰਤਾਲਾਪ ਘੱਟ ਹੁੰਦੀ ਹੈ ਤੇ ਗੀਤ ਵਧੇਰੇ। ਗੀਤਾਂ ਵਿਚ ਨਾਟਕੀ ਰੰਗ ਕਾਫ਼ੀ ਹੁੰਦਾ ਹੈ ਤੇ ਉਨ੍ਹਾਂ ਨੂੰ ਲੋਕ-ਗੀਤਾਂ ਦੀਆਂ ਤਰਜ਼ਾਂ ਵਿਚ ਗਾਇਆ ਜਾਂਦਾ ਹੈ।

ਨੌਟੰਕੀ ਖੇਡਣ ਵਾਲਿਆਂ ਦੀਆਂ ਮੰਡਲੀਆਂ ਪੰਜਾਬ ਵਿਚ ਆਮ ਮਿਲਦੀਆਂ ਹਨ। ਆਮ ਤੌਰ ਉਤੇ ਸੂਰਜ ਡੁਬਣ ਤੋਂ ਪਿਛੋਂ ਹਨੇਰੇ ਵਿਚ ਕਿਸੇ ਖੁਲ੍ਹੀ ਥਾਂ ਤਖ਼ਤਪੋਸ਼ ਜੋੜ ਕੇ, ਰੰਗਮੰਚ ਬਣਾ ਕੇ ਉਸ ਉਤੇ ਨੌਟੰਕੀ ਖੇਡੀ ਜਾਂਦੀ ਹੈ। ਤਖ਼ਤਪੋਸ਼ ਦੇ ਪਿਛਲੇ ਪਾਸੇ ਕੁਝ ਓਹਲਾ ਜਿਹਾ ਬਣਾ ਲਿਆ ਜਾਂਦਾ ਹੈ ਜਿਥੇ ਰਾਸਧਾਰੀਏ ਕਪੜੇ ਬਦਲਦੇ ਤੇ ਸ਼ਿੰਗਾਰ ਕਰਦੇ ਹਨ। ਮੰਚ ਦੇ ਬਾਕੀ ਤਿੰਨ ਪਾਸੇ ਦਰਸ਼ਕ ਜੁੜ ਕੇ ਬੈਠ ਜਾਂਦੇ ਹਨ। ਪਰਦੇ ਦੀ ਲੋੜ ਨਹੀਂ ਪੈਂਦੀ।

ਰਾਸਧਾਰੀਆਂ ਨਾਲ ਕਈ ਸਾਜ਼ ਵਜਾਣ ਵਾਲੇ ਵੀ ਹੁੰਦੇ ਹਨ, ਜੋ ਰੰਗਮੰਚ ਦੇ ਇਕ ਪਾਸੇ ਆਪਣੇ ਸਾਜ਼ ਲੈ ਕੇ ਬੈਠ ਜਾਂਦੇ ਹਨ।

ਨੌਟੰਕੀ ਦੀ ਕਹਾਣੀ ਕਿਸੇ ਇਤਿਹਾਸਕ ਯੋਧੇ ਲੋਕ-ਨਾਇਕ ਜਾਂ ਪ੍ਰੇਮੀ ਦੁਆਲੇ ਘੁੰਮਦੀ ਹੈ। ਜਿਵੇਂ ਸੁੱਚਾ ਸਿੰਘ ਸੂਰਮਾ, ਮਾਰੂ ਢੋਲਾ ਆਦਿ।

ਤੀਵੀਆਂ ਦਾ ਪਾਰਟ ਵੀ ਕਚਕਰੇ ਮੁੰਡਿਆਂ ਤੋਂ ਲਿਆ ਜਾਂਦਾ ਹੈ। ਰਾਸਧਾਰੀਏ ਨੌਟੰਕੀ ਖੇਡਣ ਦੇ ਦੌਰਾਨ ਵ

ਰਾਸਧਾਰੀਆਂ ਦੇ ਮੁਖੀ ਦਾ ਬੜਾ ਮਹੱਤਵਪੂਰਣ ਕਰਦਾਰ ਹੈ। ਕਈ ਵਾਰ ਉੱਚ ਕਥਾ ਦੀਆਂ ਉਹ ਲੜੀਆਂ, ਜੋ ਗੀਤਾਂ ਵਿਚ ਜਾਂ ਵਾਰਤਾਲਾਪ ਵਿਚ ਪ੍ਰਗਟ ਨਹੀਂ ਹੁੰਦੀਆਂ, ਦਰਸ਼ਕਾਂ ਨੂੰ ਸੁਣਾ ਕੇ ਵਾਰਤਾਲਾਪ, ਗੀਤ ਤੇ ਸੰਗੀਤ ਵਿਚ ਜੋੜ ਕਾਇਮ ਰਖਦਾ ਹੈ। ਇਨ੍ਹਾ ਰਾਸਧਾਰੀਆਂ ਵਿਚ ਇਕ ਮਖੌਲੀਆ ਪਾਤਰ ਵੀ ਹੁੰਦਾ ਹੈ, ਜੋ ਆਪਣੀਆਂ ਟਿਚਕਰਾਂ ਨਾਲ ਹਸਾਂਦਾ ਤੇ ਕਈ ਵਾਰ ਸਵਾਂਗ ਵੀ ਭਰਦਾ ਹੈ। ਮੇਲਿਆਂ ਵਿਚ ਅਜਿਹੀਆਂ ਮੰਡਲੀਆਂ ਆਮ ਵਿਖਾਈ ਦੇਂਦੀਆਂ ਹਨ।

(ਅ) ਸਵਾਂਗ ਦਾ ਇਕ ਵਿਸ਼ੇਸ਼ ਰੂਪ ਨੌਟੰਕੀ ਹੈ। ਇਸ ਦਾ ਮੁੱਢ ਨੌਟੰਕੀ ਨਾਂ ਦੀ ਸ਼ਹਿਜ਼ਾਦੀ ਦੀ ਪ੍ਰੇਮ-ਗਾਥਾ ਦੇ ਗੀਤ-ਨਾਟ ਤੋਂ ਬਝਿਆ। ਨੌਟੰਕੀ ਦੀ ਕਥਾ ਬੜੀ ਅਦਭੁਤ, ਰੋਚਕ ਤੇ ਨਾਟਕੀ ਘਟਨਾਵਾਂ ਨਾਲ ਭਰਪੂਰ ਹੈ। ਇਸ ਕਥਾ ਉਤੇ ਆਧਾਰਿਤ ਸਵਾਂਗ ਇਤਨਾ ਸਫਲ ਤੇ ਮਕਬੂਲ ਹੋਇਆ ਕਿ ਪਿਛੋਂ ਜੋ ਹੋਰ ਸਵਾਂਗ, ਇਸੇ ਸ਼ੈਲੀ ਵਿਚ ਖੇਡੇ ਗਏ ਉਹ ਵੀ 'ਨੌਟੰਕੀ' ਅਖਵਾਏ।

ਮੁਲਤਾਨ ਦੀ ਰਾਜਕੁਮਾਰੀ ਨੌਟੰਕੀ ਬੜੀ ਸੁੰਦਰ ਤੇ ਛਬੀਲੀ ਮੁਟਿਆਰ ਸੀ। ਇਕ ਸ਼ਿਕਾਰੀ ਦੇ ਲੜਕੇ ਫੂਲ ਸਿੰਘ ਦੇ ਦਿਲ ਵਿਚ, ਉਸ ਨੂੰ ਵੇਖਣ ਦੀ ਰੀਝ ਮਚਲ ਉਠੀ ਤੇ ਉਹ ਨੌਟੰਕੀ ਦੇ ਚਿਹਰੇ ਦੀ ਇਕ ਝਲਕ ਲੈਣ ਲਈ, ਮੁਲਤਾਨ ਪਹੁੰਚਿਆ। ਉਥੇ ਉਹ ਸ਼ਾਹੀ ਬਾਗ਼ ਦੀ ਮਾਲਣ ਦੀ ਝੁੱਗੀ ਵਿਚ ਰਹਿਣ ਲਗਾ। ਇਹ ਮਾਲਣ, ਹਰ ਰੋਜ਼, ਨੇਮ ਨਾਲ ਨੌਟੰਕੀ ਨੂੰ ਫੁੱਲਾਂ ਦੇ ਗਜਰੇ ਗੁੰਦ ਕੇ ਭੇਂਟ ਕੀਤਾ ਕਰਦੀ ਸੀ। ਇਕ ਦਿਨ ਮਾਲਣ ਰਤਾ ਕੁ ਢਿੱਲੀ ਸੀ ਤੇ ਫੂਲ ਸਿੰਘ ਨੇ ਉਸਦੀ ਮਦਦ ਲਈ, ਖ਼ੁਦ ਬੜੀ ਰੀਝ ਨਾਲ ਕੁਝ ਸੁੰਦਰ ਗਜਰੇ ਗੁੰਦੇ। ਰਾਜਕੁਮਾਰੀ ਇਨ੍ਹਾਂ ਗਜਰਿਆਂ ਨੂੰ ਵੇਖਦਿਆਂ ਹੀ ਸਮਝ ਗਈ ਕਿ ਇਹ ਮਾਲਣ ਦੇ ਆਪਣੇ ਗੁੰਦੇ ਹੋਏ ਗਜਰੇ ਨਹੀਂ। ਉਸ ਨੇ ਜਾਣਨਾ ਚਾਹਿਆ ਕਿ ਇਹ ਗਜਰੇ ਕਿਸ ਗੁੰਦੇ ਹਨ। ਮਾਲਣ ਨੇ ਗੱਲ ਟਾਲਣ ਲਈ ਕਿਹਾ ਕਿ ਇਹ ਗਜਰੇ ਉਸਦੀ ਭੈਣ ਨੇ ਗੁੰਦੇ ਹਨ। ਰਾਜਕੁਮਾਰੀ ਦੀ ਉਸ ਕੁੜੀ ਵਿਚ ਦਿਲਚਸਪੀ ਜਾਗ ਪਈ। ਤੇ ਉਹ ਮਾਲਣ ਨੂੰ ਕਹਿਣ ਲਗੀ ਕਿ ਉਹ ਆਪਣੀ ਭੈਣ ਨੂੰ ਕਲ੍ਹ ਆਪਣੇ ਨਾਲ ਹੀ ਲੈ ਆਵੇ। ਉਹ ਦੋ ਇਕ ਗਜਰੇ ਮੇਰੇ ਸਾਹਮਣੇ ਗੁੰਦੇ, ਮੈਨੂੰ ਉਸ ਦੀ ਕਲਾ ਪਸੰਦ ਆਈ ਹੈ। ਮਾਲਣ ਘਬਰਾਈ ਹੋਈ ਘਰ ਆਈ ਤੇ ਉਸ ਨੇ ਸਾਰੀ ਗੱਲ ਫੂਲ ਸਿੰਘ ਨੂੰ ਦੱਸੀ। ਫੂਲ ਸਿੰਘ ਨੇ ਮਾਲਣ ਨੂੰ ਹੌਂਸਲਾ ਦਿਤਾ ਤੇ ਕਿਹਾ ਕੋਈ ਲੋੜ ਨਹੀਂ। ਅਗਲੇ ਦਿਨ ਫੂਲ ਸਿੰਘ ਮੁਟਿਆਰ ਦੇ ਵੇਸ ਵਿਚ, ਹਾਰ ਸ਼ਿੰਗਾਰ ਕਰ ਕੇ ਮਾਲਣ ਨਾਲ ਨੌਟੰਕੀ ਦੇ ਮਹਿਲ ਵਿਚ ਗਿਆ ਅਤੇ ਨੌਟੰਕੀ ਦੇ ਸਾਹਮਣੇ ਬੈਠ ਕੇ, ਪਹਿਲੇ ਨਾਲੋਂ ਵੀ ਸੁੰਦਰ ਗਜਰਾ ਗੁੰਦਿਆ। ਰਾਜਕੁਮਾਰੀ ਨੇ ਭਾਵਨਾ ਵਿਚ ਆ ਕੇ ਉਸ ਦਾ ਹੱਥ ਚੁੰਮ ਲਿਆ। ਫੂਲ ਸਿੰਘ ਬੜਾ ਸੁਨੱਖਾ ਗਭਰੂ ਸੀ। ਜ਼ਨਾਨੇ ਭੇਸ ਤੇ ਸ਼ਿੰਗਾਰ ਵਿਚ ਉਹ ਬੜਾ ਰਸਿਕ ਲਗ ਰਿਹਾ ਸੀ, ਰਾਜਕੁਮਾਰੀ ਨੇ ਉਸ ਨੂੰ ਆਪਣੀ ਸਹੇਲੀ ਬਣਾ ਲਿਆ ਤੇ ਉਹ ਜ਼ਨਾਨੇ ਭੇਸ ਵਿਚ ਦੂਜੇ ਤੀਜੇ ਦਿਨ, ਮਹਿਲਾਂ ਵਿਚ ਫੇਰੇ ਪਾਉਣ ਲਗਾ। ਦੋਹਾਂ ਵਿਚ ਚੋਖੀ ਸਾਂਝ ਬਣ ਗਈ। ਇਕ ਦਿਨ ਨੌਟੰਕੀ ਨੇ ਫੂਲ ਸਿੰਘ ਨੂੰ ਰਾਤ ਮਹਿਲਾਂ ਵਿਚ ਹੀ ਕੱਟਣ ਲਈ ਕਿਹਾ। ਦੋਵੇਂ ਅੱਧੀ ਰਾਤ ਤਕ ਮਿੱਠੀਆਂ ਨਿੱਘੀਆਂ ਗੱਲਾਂ ਕਰਦੇ ਰਹੇ। ਨੌਟੰਕੀ ਨੇ ਭਾਵਨਾ ਦੇ ਵੇਗ ਵਿਚ ਫੂਲ ਸਿੰਘ ਨੂੰ ਕਿਹਾ ਕਿ ਜੇ ਸਾਡੇ ਵਿਚੋਂ ਇਕ ਮਰਦ ਹੁੰਦਾ ਤਾਂ ਗੱਲ ਵਿਆਹ ਉਤੇ ਪੁਗਦੀ। ਫੂਲ ਸਿੰਘ ਨੇ ਇਸ ਗੱਲ ਨੂੰ ਫੜ ਲਿਆ ਤੇ ਕਹਿਣ ਲਗਾ ਕਿ ਅੱਜ ਪੂਰਨਮਾਸ਼ੀ ਦੀ ਰਾਤ ਹੈ। ਜੇ ਉਹ ਸੱਚੇ ਦਿਲੋਂ ਭਵਾਨੀ ਦੇਵੀ ਅੱਗੇ ਪ੍ਰਾਰਥਨਾ ਕਰੇ ਤਾਂ ਹੋ ਸਕਦਾ ਹੈ ਦੇਵੀ ਉਸ ਦੀ ਬੇਨਤੀ ਮੰਨ ਕੇ ਦੋਹਾਂ ਵਿਚੋਂ ਇਕ ਨੂੰ ਮਰਦ ਬਣਾ ਦੇਵੇ। ਨੌਟੰਕੀ ਨੇ ਅੱਖਾਂ ਮੀਟ ਕੇ ਦੇਵੀ ਦੀ ਮੂਰਤੀ ਅਗੇ ਅਰਾਧਨਾ ਕੀਤੀ। ਇਤਨੇ ਚਿਰ ਵਿਚ ਫੂਲ ਸਿੰਘ ਨੇ ਜ਼ਨਾਨਾ ਭੇਸ ਉਤਾਰ ਦਿਤਾ। ਜਦੋਂ ਨੌਟੰਕੀ ਨੇ ਅੱਖ ਖੋਲ੍ਹੀ ਤਾਂ ਉਸ ਦੇ ਸਾਹਮਣੇ ਇਕ ਸੁੰਦਰ ਛਬੀਲਾ ਗਭਰੂ ਖੜਾ ਸੀ। ਨੌਟੰਕੀ ਦਾ ਮਨ ਖਿੜ ਗਿਆ ਤੇ ਉਸ ਨੇ ਖ਼ੁਸ਼ੀ ਨਾਲ ਫੂਲ ਸਿੰਘ ਨੂੰ ਗਲਵਕੜੀ ਵਿਚ ਜਕੜ ਲਿਆ। ਇਕ ਗੋਲੀ ਸਭ ਕੁਝ ਵੇਖ ਰਹੀ ਸੀ, ਉਸਨੇ ਰਾਜੇ ਨੂੰ ਜਾ ਖ਼ਬਰ ਦਿਤੀ। ਰਾਜੇ ਨੇ ਫੂਲ ਸਿੰਘ ਨੂੰ ਸ਼ਾਹੀ ਮਹਿਲਾਂ ਵਿਚ ਜ਼ਨਾਨੇ ਭੇਸ ਵਿਚ ਦਾਖ਼ਲ ਹੋਣ ਦੇ ਅਪਰਾਧ ਵਿਚ ਕੈਦ ਕਰ ਕੇ, ਮੌਤ ਦਾ ਹੁਕਮ ਦੇ ਦਿਤਾ। ਨੌਟੰਕੀ ਨੇ ਪਿਉ ਅਗੇ ਬੜੇ ਤਰਲੇ ਲਏ ਤੇ ਆਪਣਾ ਪ੍ਰੇਮ ਨਿਰਛਲ ਤੇ ਸੱਚਾ ਸੁੱਚਾ ਸਿਧ ਕੀਤਾ, ਪਰ ਪਿਉ ਦੇ ਕੰਨ ਉਤੇ ਜੂੰ ਨਾ ਸਰਕੀ। ਉਧਰ ਫੂਲ ਸਿੰਘ ਫਾਂਸੀ ਤੇ ਚਾੜ੍ਹਿਆ ਗਿਆ ਤੇ ਇਧਰ ਨੌਟੰਕੀ ਨੇ ਹੀਰਾ ਚੱਟ ਕੇ ਜਾਨ ਦੇ ਦਿਤੀ।

ਇਸ ਰੋਚਕ ਕਥਾ ਦੇ, ਨਾਟਕੀ ਅੰਸ਼ਾਂ ਨੂੰ ਤੇ ਦੁਖਾਂਤ ਨੂੰ ਉਭਾਰ ਕੇ ਗੀਤ ਨਾਟ ਰਚੇ ਤੇ ਖੇਡੇ ਗਏ। ਇਹ ਕਥਾ ਬੜੀ ਰਸੀਲੀ, ਅਦਭੁਤ ਦੇ ਲਟਕਾਉ ਭਰਪੂਰ ਹੋਣ

ਦੰਦ-ਕਥਾਵਾਂ ਤੇ ਪੌਰਾਣਿਕ ਕਥਾਵਾਂ ਨੂੰ ਗੀਤ-ਨਾਟਾਂ ਰਾਹੀਂ ਪੇਸ਼ ਕੀਤਾ ਜਾਣ ਲਗਾ ਤੇ ਇਨ੍ਹਾਂ ਸਭਨਾਂ ਨੂੰ ਨਟਕੀ ਹੀ ਆਖਿਆ ਜਾਣ ਲਗਾ। ਨੌਟੰਕੀ ਵਿਚ, ਭਗਤੀ ਤੇ ਵੈਰਾਗ ਨਾਲੋਂ ਸ਼ਿੰਗਾਰ ਤੇ ਬੀਰ ਰਸ ਵਧੇਰੇ ਪ੍ਰਧਾਨ ਰਿਹਾ ਹੈ।

ਨੌਟੰਕੀ ਵਿਚ ਸੰਗੀਤ ਦਾ ਖ਼ਾਸ ਮਹੱਤਵ ਹੈ। ਪਾਤਰਾਂ ਦੇ ਸੰਬਾਦ ਕਾਵਿ ਵਿਚ ਹੁੰਦੇ ਹਨ ਜੋ ਪ੍ਰਸਿਧ ਲੋਕ ਧੁਨਾਂ ਵਿਚ ਗਾਏ ਜਾਣ ਕਰਕੇ ਲੋਕਾਂ ਨੂੰ ਬੜਾ ਟੁੰਬਦੇ ਹਨ। ਨੌਟੰਕੀ ਦਾ ਰੰਗਮੰਚ ਕੋਈ ਉੱਚਾ ਥੜਾ ਜਾਂ ਤਖ਼ਤਪੋਸ਼ ਹੁੰਦਾ ਹੈ, ਜਿਸ ਦੇ ਸਾਹਮਣੇ ਸੱਜੇ ਖੱਬੇ ਦਰਸ਼ਕ ਬੈਠ ਜਾਂਦੇ ਹਨ। ਪਿਛਲੇ ਪਾਸੇ ਸਾਜ਼ਿੰਦੇ ਬੈਠੇ ਹੁੰਦੇ ਹਨ। ਨੌਟੰਕੀ ਤੇ ਸਵਾਂਗ ਦਾ ਵਡਾ ਫ਼ਰਕ ਇਹ ਹੈ ਕਿ ਨੌਟੰਕੀ ਵਿਚ ਸੰਗੀਤ ਤੇ ਨਾਚ ਨੂੰ ਪ੍ਰਮੁਖਤਾ ਪ੍ਰਾਪਤ ਹੁੰਦੀ ਹੈ, ਪਰ ਸਵਾਂਗ ਵਿਚ ਪਾਤਰ ਦੇ ਸਵਾਂਗ ਤੇ ਅਭਿਨਯ ਨੂੰ। ਸਵਾਂਗ ਦਾ ਵਾਤਾਵਰਨ ਗੰਭੀਰ ਹੁੰਦਾ ਹੈ, ਪਰ ਨੌਟੰਕੀ ਵਿਚ ਹਾਸੇ ਠੱਠੇ ਲਈ ਇਕ ਵਿਸ਼ੇਸ਼ ਮਖੌਲੀਆ ਪਾਤਰ ਵੀ ਹੁੰਦਾ ਹੈ, ਜੋ ਥੋੜ੍ਹੀ ਥੋੜ੍ਹੀ ਦੇਰ ਪਿਛੋਂ ਰੰਗਮੰਚ ਉਤੇ ਆ ਕੇ ਟਿਚਕਰਬਾਜ਼ੀ ਕਰਦਾ ਹੈ ਅਤੇ ਪਿੰਡ ਵਿਚ ਅਮੀਰ ਜਾਂ ਅਧਿਕਾਰੀ ਸ਼੍ਰੇਣੀ ਵਲੋਂ, ਹੇਠਲੇ ਵਰਗ ਨਾਲ ਹੋ ਰਹੀਆਂ ਬੇ-ਇਨਸਾਫ਼ੀਆਂ ਦਾ ਮਖੌਲ ਉਡਾਂਦਾ ਹੈ। ਪੰਜਾਬ ਵਿਚ, ਹੀਰ ਰਾਂਝਾ, ਸੁੱਚਾ ਸਿੰਘ ਸੂਰਮਾ ਤੇ ਨੱਲ-ਦਮਯੰਤੀ ਦੀਆਂ ਨੌਟੰਕੀਆਂ ਬੜੀਆਂ ਪ੍ਰਸਿਧ ਰਹੀਆਂ।

## (ਨ-147) **ਨੌਂ ਨਾਥ :**

ਜੋਗੀਆਂ ਦੇ ਨੌਂ ਪ੍ਰਮੁਖ ਜੋਗੀ; ਨੌਂ ਨਾਥਾਂ ਦੇ ਨਾਂ ਇਕ ਸਾਰ ਨਹੀਂ ਮਿਲਦੇ। ਇਕ ਸੰਪਰਦਾ ਅਨੁਸਾਰ ਨੌਂ ਨਾਂ ਇਹ ਹਨ : ਆਦਿ ਨਾਥ, ਸ਼ੈਲ ਨਾਥ, ਸੰਤੋਖ ਨਾਥ, ਅਚੰਭ ਨਾਥ, ਗਜਕੰਠ ਨਾਥ, ਪ੍ਰਜਾ ਨਾਥ, ਮਛੰਦ੍ਰ ਨਾਥ, ਗੋਰਖ ਨਾਥ ਅਤੇ ਗਯਾਨ ਸਰਪੀ ਨਾਥ। ਪਰ ਇਕ ਹੋਰ ਮੱਤ ਅਨੁਸਾਰ ਨੌਂ ਨਾਥਾਂ ਦੇ ਨਾਂ ਇਹ ਹਨ : ਆਦਿ ਨਾਥ, ਮਛੰਦ੍ਰ ਨਾਥ, ਉਦਯ ਨਾਥ, ਸੰਤੋਖ ਨਾਥ, ਕੰਥੜ ਨਾਥ, ਸਤਯ ਨਾਥ, ਅਚੰਭ ਨਾਥ, ਚੌਰੰਗੀ ਨਾਥ ਅਤੇ ਗੋਰਖ ਨਾਥ। ਨੌਂ ਨਾਥ ਵਧੇਰੇ ਪ੍ਰਸਿਧ ਹੋਏ ਹਨ ਅਤੇ ਚੁਰਾਸੀ ਸਿਧਾਂ ਵਾਂਗ ਨੌਂ ਨਾਥ ਨਾਥਾਂ ਵਿਚ ਵਾਕੰਸ਼ ਵਾਂਗ ਵਰਤਿਆ ਜਾਂਦਾ ਹੈ। ਚੌਰਾਸੀ ਸਿਧਾਂ ਵਾਂਗ ਨੌਂ ਨਾਥਾਂ ਬਾਰੇ, ਜੋ ਸੂਚੀਆਂ ਮਿਲਦੀਆਂ ਹਨ, ਉਨ੍ਹਾਂ ਦੇ ਨਾਂਵਾਂ ਵਿਚ ਇਕਸਾਰਤਾ ਨਹੀਂ। ਜਿਸ ਦਾ ਇਕ ਕਾਰਨ ਇਹ ਹੈ ਕਿ ਇਕੋ ਨਾਥ, ਕਈ ਕਈ ਨਾਵਾਂ ਦਾ ਨਾਂਉਂ ਈਸ਼ਰ ਨਾਥ ਹੀ ਲਿਖਿਆ ਹੈ, ਜਿਵੇਂ :

ਸੋ ਗਿਰਹੀ ਜੋ ਨਿਗ੍ਰਹੁ ਕਰੈ
ਜਪੁ ਤਪੁ ਸੰਜਮੁ ਭੀਖਿਆ ਕਰੈ
ਪੁੰਨ ਦਾਨ ਕਾ ਕਰੈ ਸਰੀਰੁ
ਸੋ ਗਿਰਹੀ ਗੰਗਾ ਕਾ ਨੀਰੁ
ਬੋਲੈ ਈਸਰੁ ਸਤਿ ਸਰੂਪੁ
ਪਰਮ ਤੰਤ ਮਹਿ ਰੇਖ ਨਾ ਰੂਪੁ।

ਮਹਾਨ ਕੋਸ਼ (ਪੰਨਾ 514) ਵਿਚ ਨੌਂ ਨਾਥਾਂ ਦੇ ਨਾਂਉਂ ਇਸ ਪ੍ਰਕਾਰ ਦਰਜ ਹਨ : ਆਦਿ ਨਾਥ, ਮਛੰਦਰ ਨਾਥ, ਉਦਯ ਨਾਥ, ਸੰਤੋਖ ਨਾਥ, ਕੰਥੜ ਨਾਥ, ਸਤਯ ਨਾਥ, ਅਚੰਭਾ ਨਾਥ, ਚੌਰੰਗੀ ਨਾਥ ਤੇ ਗੋਰਖ ਨਾਥ।

ਯੋਗੀ ਸੰਪਰਦਾਇ ਅਵਿਸ਼ਕ੍ਰਿਤੀ ਵਿਚ ਨੌਂ ਨਾਥਾਂ ਦੇ ਨਾਂ ਇਹ ਲਿਖੇ ਮਿਲਦੇ ਹਨ : ਮਤਿਸਿਏਂਦਰ ਨਾਥ, ਗਹਿਨੀਨਾਥ, ਜਲੰਧਰ ਨਾਥ, ਕਰਣਿਪਾ ਨਾਥ, ਨਾਦ ਨਾਥ, ਚਰਪਟ ਨਾਥ, ਰੇਵਾ ਨਾਥ, ਭਰਥਰੀ ਨਾਥ ਅਤੇ ਗੋਪੀ ਚੰਦਰ ਨਾਥ।

ਨਾਥਾਂ ਦੀ ਪੰਜਾਬੀ ਪਰੰਪਰਾ ਵਿਚ ਗੋਰਖ ਨਾਥ, ਮਛੰਦਰ ਨਾਥ, ਚਰਪਟ ਨਾਥ, ਭਰਥਰੀ ਨਾਥ ਤੇ ਪੂਰਨ ਨਾਥ ਹੀ ਵਧੇਰੇ ਪ੍ਰਸਿਧ ਹਨ।

## (ਨ-148) **ਨੌਬਾਤ ਚੁਕਣਾ :**

ਮੁਸਲਮਾਨਾਂ ਦੀ ਵਿਆਹ ਨਾਲ ਸਬੰਧਿਤ ਇਕ ਰੀਤ; ਨੌਬਾਤ ਅਥਵਾ ਨਬਾਤ ਤੋਂ ਭਾਵ ਮਿਸ਼ਰੀ ਦੀ ਡਲੀ ਤੋਂ ਹੈ। ਇਸ ਰੀਤ ਵੇਲੇ ਮਿਸ਼ਰੀ ਦੀਆਂ ਡਲੀਆਂ ਦੁਲ੍ਹਨ ਦੇ ਦੋਹਾਂ ਮੋਢਿਆਂ, ਕੋਹਨੀਆਂ, ਪਿੱਠ ਤੇ ਹੱਥਾਂ ਦੀਆਂ ਤਲੀਆਂ ਉਤੇ ਰਖੀਆਂ ਜਾਂਦੀਆਂ ਹਨ। ਦੁਲ੍ਹਾ ਇਨ੍ਹਾਂ ਡਲੀਆਂ ਨੂੰ ਮੂੰਹ ਨਾਲ ਇਕ ਇਕ ਕਰ ਕੇ ਚੁਕਦਾ ਹੈ। ਦੁਲ੍ਹਾ ਹੱਥ ਜਾਂ ਕਿਸੇ ਅੰਗ ਦੀ ਸਹਾਇਤਾ ਨਹੀਂ ਲੈ ਸਕਦਾ। ਇਸ ਰੀਤ ਪਿਛੇ ਇਹ ਭਾਵਨਾ ਹੈ ਕਿ ਦੁਲ੍ਹਾ ਜੀਵਨ ਭਰ ਦੁਲ੍ਹਨ ਦੀ ਸੇਵਾ ਕਰੇ। ਇਹ ਰੀਤ ਸਹਾਨੁਭੂਤੀ ਟੂਣੇ ਉਤੇ ਅਧਾਰਤ ਹੈ ਅਤੇ ਇਕ ਤਰ੍ਹਾਂ ਨਾਲ ਦੁਲ੍ਹੇ ਨੂੰ ਵਸ ਕਰਨ ਦਾ ਕਾਮਣ ਹੈ।

## (ਨ-149) **ਨੌਲਖਾ ਹਾਰ :**

ਇਕ ਵਡਮੁੱਲਾ ਹਾਰ, ਜਿਸ ਦਾ ਮੁੱਲ ਨੌ-ਲਖ ਰੁਪਏ ਮੰਨਿਆ ਜਾਂਦਾ ਹੈ। ਇਸ ਹਾਰ ਦਾ ਜ਼ਿਕਰ ਕਈ ਲੋਕ-ਕਹਾਣੀਆਂ ਵਿਚ ਮਿਲਦਾ ਹੈ। 'ਕਥਾ ਸਰਿਤ ਸਾਗਰ' ਦੀਆਂ

# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

੬